ੴ ਸਤਿਗੁਰ ਪ੍ਰਸਾਦਿ।

ਸ੍ਰੀ ਕਲਗੀਧਰ ਚਮਤਕਾਰ

[ਉਤਕਾਵ]

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ

Sri Kalgidhar Chamatkar-II

2004

© Bhai Vir Singh Sahitya Sadan



Price: Rs.225/-

Printed at:
Bhai Vir Singh Press
Bhai Vir Singh Sahitya Sadan
New Delhi - 110 001.

ਸੂਚੀ ਪੱਤ੍ਰ ਸ੍ਰੀ ਕਲਗੀਧਰ ਚਮਤਕਾਰ (ਉਤ੍ਕਾਰਥ)

ਗਿਣਤੀ	ਪ੍ਰਸੰਗ	ਪੰਨਾ
੫੭	ਪਦਮਾ।	੧
੫੮	ਹਰਿਗੁਪਾਲ–ਬਿਸ਼ੰਭਰ ਦਾਸ।	੨੮
੫੯	ਭਾਈ ਭੂਪ ਸਿੰਘ (ਕਵਿਤਾ)	੪੪
੬੦	ਵਿਯੋਗੀ ਭਾਈ ਪ੍ਰੀਤਮ ਸਿੰਘ ਜੀ (ਕਵਿਤਾ)।	੪੬
੬੧	ਦਸਮ ਗੁਰੂ ਦਰਸ਼ਨ (ਕਵਿਤਾ)	੪੭
੬੨	ਭਾਈ ਜਜੋਤੀ ਸਿੰਘ ਜੀ।	੪੮
੬੩	ਕੁਰੁਛੇਤ੍ਰ ਫੇਰੀ।	੪੯
੬੪	ਸੈਦਾ ਬੇਗ ਸ਼ਰਨਾਗਤ।	੬੨
੬੫	ਮੀਰ ਸ਼ਿਕਾਰ (ਕਵਿਤਾ)	੬੫
੬੬	ਗਈ ਬਹੋੜ।	੭੨
੬੭	ਸਿਰ ਸੱਦਕ (ਕਵਿਤਾ)	੭੪
੬੮	ਨੀਲਾ ਤੇ ਗੁਰੂ ਕੀ ਆਣ।	੭੫
੬੯	ਭਾਈ ਕਨ੍ਹਯਾ(ਕਵਿਤਾ)	੮੫
੭੦	ਚਮਕੌਰ ਜੁੱਧ।	੮੭
੭੧	ਪ੍ਰਸੰਗ ਬੀਬੀ ਸ਼ਰਨ ਕੌਰ।	੧੦੧
੭੨	ਮਾਛੀਵਾੜੇ ਦੇ ਕੌਤਕ।	੧੦੩
੭੩	ਸਰਹਿੰਦ ਦਾ ਸਾਕਾ।	੧੧੦
੭੪	ਜ਼ੈਨਾਂ ਦਾ ਵਿਰਲਾਪ (ਕਵਿਤਾ)	੧੨੦
੭੫	ਰਾਇ ਕੱਲਾ।	੧੩੭
੭੬	ਰਾਣੀ ਝਾਲਾ ਕੌਰ (ਕਵਿਤਾ)	੧੪੦
੭੭	ਬਸੰਤ ਲਤਾ।	੧੪੪
੭੮	ਸ੍ਰੀ ਕਲਗੀਧਰ ਜੀ ਦੀਨੇ।	੧੪੬
੭੯	ਚੌਧਰੀ ਸਮੀਰ।	੧੬੦
੮੦	ਜ਼ਫਰਨਾਮਾ।	੧੭੧
੮੧	ਮੁਕਤਸਰ ਦਾ ਯੁੱਧ।	੧੮੦
੮੨	ਭਾਈ ਮਹਾਂ ਸਿੰਘ (ਕਵਿਤਾ)	੧੯੭
੮੩	ਮਾਈ ਭਾਗੋ।	੨੦੦
੮੪	ਇਬ੍ਰਾਹੀਮ–ਅਜਮੇਰ ਸਿੰਘ।	੨੦੨
੮੫	ਬੀਬੀ ਦੇਸਾਂ।	੨੨੪
੮੬	ਕਰਾਮਾਤ, ਡੱਲਾ ਤੇ ਅੰਮ੍ਰਿਤ।	੨੪੫
੮੭	ਖੁੱਲ੍ਹਾਂ ਦਾ ਦਾਤਾ।	੨੬੨
੮੮	ਨਸੀਰਾਂ ਯਾ ਨਸੀਰ ਬੇਗਮ।	੨੭੬
੮੯	ਦਾਤਾ ਜੀ ਦਾਦੂ ਦੁਆਰੇ।	੨੯੮
੯੦	ਪੁਸ਼ਕਰ–ਚੇਤਨ ਬ੍ਰਹਮਨ ਤੇ ਭਾਈ ਪ੍ਰਿਥੀ।	੩੧੪
੯੧	ਭਾਈ ਰਾਮ ਕੌਰ ਜੀ।	੩੧੬
੯੨	ਬਹਾਦਰ ਸ਼ਾਹ ਤੇ ਗੁਰੂ ਜੀ।	੩੩੪
੯੩	ਯੋਗੀ ਜੀਵਣ ਦਾਸ।	੩੩੫
੯੪	ਬੰਦਾ ਮਿਲਾਪ ਤੇ ਵਿਦੈਗੀ।	੩੪੧
੯੫	ਅਰਸ਼ੀ ਪ੍ਰੀਤਮ।	੩੫੮
	(ਅ)	
੯੬	ਕਲਗੀਆਂ ਵਾਲੇ ਦੇ ਕਮਾਲ।	੩੮੨
੯੭	ਪ੍ਰੀਤ ਤਾਰ ਪ੍ਰੋਤੇ ਗੁਰੂ ਸਿਖ।	੪੦੧
੯੮	ਪ੍ਰੀਤਮ ਆਦਰਸ਼।	੪੦੮
੯੯	ਅੱਖੀਂ ਦੇਖਣ ਵਾਲੇ ਪ੍ਰੇਮੀਆਂ ਦੇ ਸੁਨੇਹੇ	੪੩੫
੧੦੦	ਵਿਦਜਾ ਦਰਬਾਰ।	੪੪੨
੧੦੧	ਕੀਰਤ ਮੂਰਤੀ।	੪੮੬
੧੦੨	ਉੱਚ ਜੀਵਨ।	੪੯੬
੧੦੩	ਇਲਾਹੀ ਦਰਬਾਰ।	੪੯੮
੧੦੪	ਅਝਵੀਂ ਵਜਕਤੀ।	੫੦੧

ਗੀਤਾਂ ਦੀ ਸੂਚੀ

ਗੀਤ	ਰਥਨਾਂ ਦਾ ਗੁਰ ਨਾਨਕ ਸੰਮਤ	ਪੰਨਾ
ਨਰਗਸ ਨੇ ਨੈਣ ਵਿਛਾਏ।	੪੬੭	੪੩
ਠੁਮਰੀ–ਤ੍ਰੁਠੀਓ ਜੀ।	੪੬੪	੬੨
ਸ੍ਵਾਗਤ ਵਿੱਚ ਗੈਂਦੇ ਦਾ ਫੁਲ।	੪੬੫	੬੮
ਬਸੰਤ ਤੋਂ ਪਹਿਲੇ ਬਸੰਤ।	੪੬੫	੬੮
ਪਾਉਂਟੇ ਸਾਹਿਬ ਦੇ ਪਾਣੀਆਂ ਉਤੇ।	੪੬੫	੮੪
ਭਾਰਤ ਭੂਮੀ ਦਾ ਵਿਰਲਾਪ।	੪੨੭	੧੧੬
ਸਿਰ ਭੇਟਾ ਚਾ ਧਰੀਏ।	੪੬੬	੧੫੯
ਦਰਸ਼ਨ–ਸਿਕ।	੪੬੭	੧੭੧
ਐ ਸਬਾ ਚਮਕੌਰ ਜਾ।	੪੭੦	੧੮੯
ਦਰਸ਼ਨ ਜੋਦੜੀ।	੪੫੮	੨੭੮
ਸੁਹਣਿਆਂ ਦੇ ਸੁਲਤਾਨ ਸ਼ਾਹ ਜੀ।	੪੪੯	੨੬੮
ਗੁਦਾਵਰੀ ਵਿਚ ਚਰਨ ਕਮਲ।	੪੫੩	੩੪੧
ਗੁਰਜਜੋਤਿ ਕਲਗੀਧਰ ਕਿਥੇ ਗਏ?	੪੬੦	੩੮੦
ਜਯ ਹੋ ਕਲਗੀਆਂ ਵਾਲੇ ਤੈਨੂੰ	੪੭੩	੫੧੩
ਪੰਜਾਂ ਪਜਾਰਿਆਂ ਦੀ ਅਰਜ਼ੋਈ।	੪੬੫	੫੧੪
ਸੰਗਤ ਦਾ ਸੰਦੇਸ਼।	੪੬੩	੫੧੪
ਪਜਾਰੇ ਦੇ ਅੰਕ ਸਮਾਵੇਂ।	੪੭੧	੫੧੪

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਕਲਗੀਧਰ ਚਮਤਕਾਰ

– ਉਤਾਰਧ –

ਸੂਚਨਾ–ਬਿਲਾਸਪੁਰ ਰੀਏ ਨੇ ਹੁਣ ਫੇਰ ਮਿੱਤ੍ਰਤਾ ਪਾ ਲਈ ਤੇ ਇਸ ਦਾ ਇਕ ਵਕੀਲ 'ਪਦਮਾ' ਗੁਰੂ ਦਰਬਾਰ ਆ ਰਿਹਾ ਤੇ ਫੇਰ ਇਸ ਨੇ ਗੋਂਦ ਗੁੰਦੀ ਕਿ ਸਾਰੇ ਰਾਜਿਆਂ ਤੇ ਗੁਰੂ ਜੀ ਦਾ ਮੇਲ ਹੋਵੇ। ਇਹ ਰਾਜਸੀ ਸਮਾਚਾਰ ਅਤੇ ਆਤਮ ਦਾਤਾਂ ਦੇ ਛੁੱਟੇ ਅਗਲੇ ਪ੍ਰਸੰਗ ਵਿਚ ਕੁਛ ਵੰਨਗੀ ਮਾਤ੍ਰ ਦਿਤੇ ਹਨ:–

੫੭. ਪਦਮਾ*।

੧.

ਰਾਜ ਭਵਨ ਚੰਬਾ ਵਿਚ ਇਕ ਮੁਟਿਆਰ ਸ਼ਾਹਜ਼ਾਦੀ ਆਪਣੇ ਚੁਬਾਰੇ ਵਿਚ ਬੈਠੀ ਦਲ੍ਹੀਜਾਂ ਵੱਲ ਤੱਕ ਰਹੀ ਹੈ। ਲਿਬਾਸ ਰੇਸ਼ਮੀ ਤੇ ਜ਼ਰੀ ਦਾ ਹੈ, ਹੱਥ ਵਿਚ ਇਕ ਪੋਥੀ ਹੈ, ਜੋ ਵਿਚ ਉਂਗਲ ਦੇਕੇ ਅੱਧੀ ਮੀਟ ਰੱਖੀ ਹੈ। ਚਿਹਰਾ ਸਡੌਲ, ਰੰਗ ਗੋਰਾ, ਕ੍ਰਾਂਤਿ ਪ੍ਰਤਾਪ ਝਲਕ, ਮੱਥਾ ਟਿਕਾਊ ਵਾਲਾ, ਭਰਿਲ ਲੰਮੇਰੀ ਪਤਲੀ ਤੇ ਸ਼ਰੀਰ ਦੀ ਵਣਤ ਵਲੋਂ ਸੁਥਰ ਤੇ ਸੁਹਣਾ ਹੈ। ਦਲ੍ਹੀਜਾਂ ਵੱਲ ਤੱਕਦੀ ਥੜੀ ਕੁ ਵਿਚ ਜਾਪਦੀ ਹੈ ਕਿ ਅਚਾਨਕ ਖੜਾਕ ਆਇਆ। ਇਸ ਦਾ ਭੀ ਰੰਗ ਬਦਲਿਆ, ਪਲ ਅਗਹੋਂ ਦੁਲਾਰੀ ਦੇ ਪਿਤਾ ਸ਼੍ਰੀ ਮਹਾਰਾਜ ਜੀ ਦਲ੍ਹੀਜਾਂ ਵੜਦੇ ਦਿੱਸੇ। ਦੁਲਾਰੀ ਨੇ ਉਠ ਕੇ ਸਤਿਕਾਰ ਕੀਤਾ, ਮਹਾਰਾਜ ਨੇ ਸਿਰ ਗਲੇ ਲਾਕੇ ਪਿਆਰ ਦਿੱਤਾ।

ਰਾਜ ਦੁਲਾਰੀ–ਪਿਤਾ ਜੀ! ਅੱਜ ਤਾਂ ਪਹਿਲਾ ਪਹਿਰ ਈ ਵੱਜ ਚੁੱਕਾ ਹੈ, ਆਪ ਨੇ ਬੜੀ ਹੀ ਦੇਰ ਲਾ ਦਿੱਤੀ, ਸੁਖ ਤਾਂ ਸੀ? ਮੈਂ ਤਾਂ ਬੜੀਆਂ ਚਿੰਤਾਂ ਵਿਚ ਪੈ ਰਹੀ ਸਾਂ।

ਰਾਜਾ–ਬੇਟੀ! ਕੀ ਦੱਸਾਂ ਤੇ ਕਿਸਨੂੰ ਦੋਸ਼ ਦਿਆਂ? ਸਾਡੇ ਪਹਾੜੀਏ ਰਾਜੇ ਕੁਝ ਸਮਝਦੇ ਨਹੀਂ।

ਰਾਜ ਦੁਲਾਰੀ–ਕਿਉਂ ਪਿਤਾ ਜੀ! ਫੇਰ ਗੁਰੂ ਜੀ ਨਾਲ ਕੋਈ ਫਸਾਦ ਛਾਧਾ ਨੇ?

ਰਾਜਾ–ਨਾ ਹੰਨੇ ਹੁੰਦੇ ਹਨ, ਨਾ ਬੰਨੇ। ਨਾ ਲੜਦੇ ਹਨ, ਨਾ ਮਿਲਦੇ ਹਨ। ਭੀਮਚੰਦ ਦੇ ਮਰਨ ਮਗਰੋਂ ਤੁਸਾਨੂੰ ਪਤਾ ਹੈ ਕਿ ਅਜਮੇਰ ਚੰਦ ਗੱਦੀ ਬੈਠਾ ਸੀ, ਇਸ ਨੇ ਫਸਾਦ ਪਾਯਾ ਸੀ, ਹੁਣ ਸੁਲਹ ਕਰ ਲਈਹੋ।

ਰਾਜ ਦੁਲਾਰੀ–ਚੰਗਾ ਹੋਇਆ, ਨਿੱਤ ਦੀ ਰਾਰ ਮਿਟੀ।

ਰਾਜਾ–ਪਰ ਮੈਨੂੰ ਪਤਾ ਹੈ ਕਿ ਇਹ ਸੁਲਹ ਨਹੀਂ ਕਪਟ ਹੈ। ਪਦਮੰਤੀ! ਬੇਟਾ! ਕਪਟ ਅੰਤ ਖੁੱਲ੍ਹ ਜਾਂਦਾ ਹੈ।

ਪਦਮੰਤੀ–ਕੀ ਕਪਟ ਛੋਡਿਆ ਨੇ?

ਰਾਜਾ–ਅਜਮੇਰ ਚੰਦ ਨੇ ਸੁਲ੍ਹਾ ਕਰ ਲਈ ਹੈ। ਉਨ੍ਹਾਂ ਨੂੰ ਧਰਮਾਗੂ ਰਾਜਾ ਮੰਨ ਲਿਆ ਹੈ ਤੇ ਆਖਿਆ ਹੈ ਕਿ ਅਨੰਦ ਪੁਰ ਆਪ ਰਾਜ ਕਰੋ ਤੇ ਅਸੀਂ ਆਪ ਨੂੰ ਸੁਤੰਤ੍ਰ ਮਾਲਕ ਮੰਨਦੇ ਹਾਂ ਤੇ ਰਾਜਿਆਂ ਦੇ ਦਸਤੂਰ ਮੁਜਬ ਆਪਣਾ ਵਕੀਲ ਆਪ ਪਾਸ ਭੇਜਦੇ ਹਾਂ, ਜੋ ਰਿਆਸਤਾਂ ਦੇ ਮਾਮਲੇ ਸਾਡੇ ਤੇ ਆਪ ਦੇ ਉਸ ਦੀ ਰਾਹੀਂ ਸਾਫ ਰਹਿਣ, ਟੁਲ੍ਹਾ ਸਾਲਸੀ ਨਾਲ ਨਜਿੱਠੀਂ ਦੇ ਰਹਿਣ, ਤੇ ਕਿਸੇ ਤ੍ਰਿਆਕਲ ਨੂੰ ਸਾਡੇ ਤੇ ਆਪ ਦੇ ਵਿਚਕਾਰ ਕੋਈ ਬਿਸਮਝੀ ਯਾ ਉਲਟੀ ਪੁਲਟੀ ਗੱਲ ਬਾਤ ਚਲਾਉਣ ਦਾ ਮੌਕਿਆ ਨਾ ਮਿਲੇ।

ਪਦਮੰਤੀ–ਵਕੀਲ ਕਿਸਨੂੰ ਕਰਕੇ ਘੱਲਿਆ ਸੂ?

ਰਾਜਾ–ਉਸੇ ਪਰਮੇ ਜੂਠ ਨੂੰ।

ਪਦਮੰਤੀ–ਕਿਹੜਾ ਪਰਮਾ? ਜੀਉ!

ਰਾਜਾ–ਪੁੱਤ੍ਰ! ਉਹ ਜੂਠ ਜਿਹੜਾ ਇਥੇ ਬੀ ਰਹਿ ਗਿਆ ਹੈ, ਜਿਸ ਨੂੰ ਸਾਰੇ ਪੰਮਾਂ ਆਖਦੇ ਹੁੰਦੇ ਸਨ।

ਪਦਮੰਤੀ–ਅੱਛਾ, ਮੈਂ ਸਮਝੀ, ਉਹ ਲਾਉ ਮਚਕਾਉ, ਠੀਕ, ...ਜੂਠ।

ਆਦਮੀ ਚੰਗਾ ਘੱਲਣਾ ਚਾਹੀਦਾ ਸੀ, ਫੇਰ ਸੁਲ੍ਹਾ ਹੋ ਜਾਂਦੀ ਤੇ ਪੱਕੀ ਬਣ ਜਾਂਦੀ।

ਰਾਜਾ–ਜੇ ਨੀਤ ਸੁਲਹ ਦੀ ਹੁੰਦੀ ਤਾਂ ਚੰਗਾ ਆਦਮੀ ਘੱਲਦਾ ਨਾ, ਨੀਤ ਤਾਂ ਸੀ ਖੋਟੀ।

ਪਦਮੰਤੀ–ਖੋਟ ਨੂੰ ਖੋਟਾ ਹੀ ਫਲ ਲੱਗੂ।

ਰਾਜਾ–ਲੱਗ ਪਿਆ ਹੈ।

ਪਦਮੰਤੀ–ਕੀਕੂੰ, ਜੀਉ ਪਿਤਾ ਜੀ ਕੀਕੂੰ?

---

*ਇਹ ਪ੍ਰਸੰਗ ਟ੍ਰੈਕਟ ਦੀ ਸੂਰਤ ਵਿਖੇ ਗੁਰਪੁਰਬ ਸਪਤਮੀ ਸੰ: ਗੁ: ਨਾ: ੪੫੦ (੧੯੧੬ ਈ:) ਵਿਖੇ ਪ੍ਰਕਾਸ਼ਿਆ ਸੀ।

†ਨਾਮ ਸੀ ਪਦਮਾਵਤੀ, ਲਾਡ ਨਾਲ ਪਿਤਾ ਕਹੇ ਪਦਮੰਤੀ, ਕਹੇ ਪਦਮਾ ਸਦਿਆ ਕਰਦੇ ਸਨ।

ਰਾਜਾ--ਪਰਮੇ ਨੇ ਗੁਰੂ ਜੀ ਨਾਲ ਸਫਾਈ ਕਰਕੇ ਉੱਚੇ ਐਸਾ ਸੂਹੀਆਂਪਣੇ ਦਾ ਜਾਲ ਵਿਛਾ ਛੱਡਿਆ ਹੈ ਕਿ ਦੋ ਤਾਜ਼ੀ ਘੋੜੇ ਗੁਰੂ ਜੀ ਦੇ ਤਬੇਲਿਆਂ ਤੋਂ ਚੋਰੀ ਕਰਵਾਕੇ ਅਜਮੇਰ ਚੰਦ ਪਾਸ ਪੁਚਾ ਦਿੱਤੇ ਹਨ। ਇਕ ਵੇਰ ਖਜ਼ਾਨਾ ਬੀ ਭੰਨਵਾਇਆ ਹੈ।

ਪਦਮੰਤੀ (ਨੱਕ ਵੱਟਕੇ)--ਇਹ ਰਾਜਾ ਦੇ ਕਰਮ ਹਨ ! ਦੁਨੀਆਂ ਕਿਉਂ ਨਾ ਹਸੇ ? ਪਰ ਰਾਜੇ ਕੀ ਕਰਨ ? ਸਲਾਹੀਆਂ ਨੇ ਰਾਜ ਡੋਬੇ। ਜੈਹੇ ਮੁਸ਼ੀਰ (ਸਲਾਹਕਾਰ) ਤੈਹੇ ਰਾਜੇ ਦੇ ਕਰਮ। ਲੜਨਾ, ਮਰਨਾ, ਮਾਰਨਾ, ਰਾਜਨੀਤੀ, ਇਹ ਤਾਂ ਰਾਜਿਆਂ ਦੇ ਕਰਮ ਹੋਏ, ਪਰ ਚੋਰੀ ਕਿਵੇਂ ਫਬਦੀ ਹੈ ?

ਰਾਜਾ--ਮੇਰੇ ਤਾਂ ਸੁਣਕੇ ਮੁੜ੍ਹਕਾ ਆ ਗਿਆ ਕਿ ਅਜਮੇਰ ਚੰਦ ਕੁਲ ਦਾ ਨਾਮ ਡੋਬਣ ਲੱਗਾ ਹੈ ਤੇ ਰਾਜਪੂਤ ਜਾਤੀ ਕਲੰਕਤ ਕਰਨ ਲੱਗਾ ਹੈ।

ਪਦਮੰਤੀ--ਕੁਛ ਮੰਦੇਹ ਨਹੀਂ।.....ਪਰ ਪਿਤਾ ਜੀ ! ਮੈਂ ਸੁਣਦੀ ਹਾਂ ਕਿ ਗੁਰੂ ਜੀ ਰਾਜ ਰਿਖੀ ਹਨ, ਸਭੋਂ ਕਈ ਬ੍ਰਾਹਮਣ ਆਖਦੇ ਹਨ ਕਿ ਕਲਜੁਗ ਵਿਚ ਇਕ ਅਵਤਾਰ ਨੇ ਦਸ ਰੂਪਾਂ ਵਿਚ ਆਉਣਾ ਹੈ, ਉਹ ਏਹੀ ਹਨ। ਅਵਤਾਰ ਤਾਂ ਅੰਤਰਯਾਮੀ ਹੁੰਦਾ ਹੈ, ਉਹ ਪਰਮੇ ਦਾ ਭੁਲੇਖਾ ਕਿਵੇਂ ਖਾ ਗਏ ?

ਰਾਜਾ--ਮੈਨੂੰ ਧਰਮ ਦੀ ਤਾਂ ਸਮਝ ਨਹੀਂ, ਪਰ ਪਿਛਲੇ ਜਨਮਾਂ ਤੇ ਗੁਰੂ ਜੀ ਦੇ ਆਮ ਵਤੀਰਿਆਂ ਤੋਂ ਇਹ ਸਮਝਦਾ ਹਾਂ ਕਿ ਉਹ ਕਿਸੇ ਭੁਲੇਖੇ ਵਿਚ ਆਉਣ ਵਾਲੇ ਨਹੀਂ। ਉਹ ਬੜੇ ਲੰਮੇ ਚੌੜੇ ਤੇ ਖੁੱਲੇ ਦਿਲ ਵਾਲੇ ਹਨ। ਉਹਨਾਂ ਨੂੰ ਕੋਈ ਠੱਗੇ ਤਾਂ ਠੱਗੀ ਤਾੜ ਲੈਂਦੇ ਹਨ ਤੇ ਫੇਰ ਠਗੀਂਦੇ ਹਨ। ਅਗਲਾ ਸਮਝਦਾ ਹੈ ਕਿ ਮੈਂ ਠੱਗ ਲਿਆ ਹੈ, ਤੇ ਉਹ ਠਗੀ ਕੇ, ਪਰ ਸਭ ਕੁਝ ਸਮਝਦੇ ਹੋਏ ਅਨਭੋਲ ਰਹਿੰਦੇ ਹਨ ਤੇ ਮਾਫ਼ੀ ਦੇ ਘਰ ਵੱਸਦੇ ਹਨ।

ਪਦਮੰਤੀ--ਇਸ ਤਰ੍ਹਾਂ ਰਾਜ ਪ੍ਰਬੰਧ ਤਾਂ ਨਹੀਂ ਨਿਭਦਾ।

ਰਾਜਾ--ਸਭੋਂ.....ਭਲਾ, ਨਾਲੇ ਬੇਟਾ ! ਉਹ ਰਾਜੇ ਨਹੀਂ ਨਾ; ਉਹ ਧਰਮ ਦੇ ਆਗੂ ਹੋਏ। ਕੁਝ ਤੋਂ ਵਧੀਕ ਆਦਮੀ ਉਹਨਾਂ ਨੂੰ ਅਵਤਾਰ ਮੰਨਦੇ ਹੋਏ। ਉਹਨਾਂ ਵਿਚ ਅਵਤਾਰ, ਰਾਜਾ, ਜੋਧਾ, ਨੀਤੀਵੇਤਾ, ਸਾਰੇ ਗੁਣ ਹੋਏ ਨਾ।

ਪਦਮਾ--ਅੱਜ ਆਪ ਉਹਨਾਂ ਦੀਆਂ ਤਾਰੀਫਾਂ ਕਰ ਰਹੇ ਹੋ ?

ਰਾਜਾ--ਬੇਟਾ, ਲੜਾਈ ਹੋਰ ਗੱਲ ਹੈ, ਪਰ ਸੱਚ ਸੱਚ ਹੈ। ਮੈਂ ਉਹਨਾਂ ਦੇ ਨੰਗ ਕਰਨੇ ਚੰਗੇ ਨਹੀਂ ਸਮਝਦਾ, ਇਸ ਕਰਕੇ ਨਹੀਂ ਕਿ ਉਹਨਾਂ ਦਾ ਆਦਰਸ਼ ਗ਼ਲਤ ਹੈ, ਪਰ ਇਸ ਕਰਕੇ ਕਿ ਉਹਨਾਂ ਦਾ ਤੇ ਸਾਡਾ ਵਿਤ ਲੜਨ ਦਾ ਨਹੀਂ ਹੈ।

ਪਦਮਾ--ਨਿਸ਼ਾਨਾ ਕਿਵੇਂ ਠੀਕ ਹੈ ?

ਰਾਜਾ--ਪੁੱਤਰੀ ! ਉਹਨਾਂ ਦਾ ਆਦਰਸ਼ ਹੈ ਕਿ ਦੇਸ਼ ਵਿਚੋਂ ਜ਼ੁਲਮ ਦੂਰ ਹੋਵੇ।

ਪਦਮਾ--ਉਹਨਾਂ ਨੂੰ ਕੀਹ ?

ਰਾਜਾ--ਪਾਤਸ਼ਾਹ ਧਰਮ ਵਿਚ ਦਖ਼ਲ ਦੇ ਰਹੇ ਹਨ। ਲੋਕਾਂ ਨੂੰ ਮੱਲੋ ਮਲੀ ਆਪਣੇ ਦੀਨ ਵਿਚ ਲੈ ਜਾ ਰਹੇ ਹਨ। ਗੁਰੂ ਜੀ ਦੇ ਪਿਤਾ ਗੁਰੂ ਨੇ ਪਾਤਸ਼ਾਹ ਨੂੰ ਪੱਤ੍ਰਕਾ ਲਿਖਕੇ ਫੇਰ ਜ਼ਬਾਨੀ ਮਿਲ ਕੇ ਸਮਝਾਇਆ ਸੀ ਕਿ ਆਪ ਧਰਮ ਵਿਚ ਧੱਕਾ ਨਾ ਵਰਤੋ। ਉਸ ਨੇ ਗੁਰੂ ਜੀ ਨੂੰ ਕਤਲ ਕਰਵਾ ਦਿਤਾ। ਹੁਣ ਗੁਰੂ ਗੋਬਿੰਦ ਸਿੰਘ ਜੀ ਦਾ ਯਤਨ ਇਹ ਹੈ ਕਿ ਅਸੀਂ ਸਾਰੇ ਰਾਜੇ ਕੱਠੇ ਹੋ ਕੇ ਤੇ ਪਰਜਾ ਮਿਲ ਕੇ ਪਾਤਸ਼ਾਹ ਨੂੰ ਮਨਾ ਲਈਏ ਜਾਂ ਉਨ੍ਹਾਂ ਦੇ ਰਾਜ ਦੀ ਸਮਾਪਤੀ ਕਰ ਦੇਈਏ।

ਪਦਮਾ (ਅਚਰਜ ਹੋਕੇ)--ਇਹ ਤਾਂ ਬੜਾ ਉੱਤਮ ਖਿਆਲ ਹੈ। ਐਸੇ ਮਹਾਂ ਪੁਰਖ ਨਾਲ ਤਾਂ ਵੈਰ ਨਹੀਂ ਚਾਹੀਦਾ।

ਰਾਜਾ--ਠੀਕ ਹੈ, ਪਰ ਮੇਰਾ ਖਿਆਲ ਵੈਰ ਦਾ ਨਹੀਂ। ਮੇਰਾ ਖਿਆਲ ਕੇਵਲ ਇਹ ਹੈ ਕਿ ਅਸੀਂ ਨਿਰਬਲ ਹੋ ਚੁਕੇ ਹਾਂ, ਨਾ ਬਾਹਾਂ ਵਿਚ ਬਲ ਹੈ, ਨਾ ਦਿਲਾਂ ਵਿਚ ਆਪਾ ਵਾਰਨ ਦਾ ਸਾਹਸ ਹੈ। ਅਸਾਂ ਆਪਣੇ ਰਾਜ ਬਰਬਾਦ ਕਰਾ ਲੈਣੇ ਹਨ ਤੇ ਏਨਾ ਕੁਛ ਨਹੀਂ, ਤੇ ਗੁਰੂ ਜੀ ਨੂੰ ਆਪਣੇ ਧਰਮ ਧੁਰੰਧਰ ਹੋਣ ਦਾ ਖਿਆਲ ਹੈ ਯਾ ਖ਼ਬਰੇ ਮਾਣ ਹੈ, ਮੈਂ ਕਹਿ ਨਹੀਂ ਸਕਦਾ, ਓਹ ਸੁਣਿਆਂ ਹੈ ਕਹਿੰਦੇ ਹਨ: ਚਿੜੀਆਂ ਕੋਲੋਂ ਬਾਜ ਤੁੜਾਵਾਂਗੇ।

ਪਦਮਾ--ਫੇਰ ਸਾਡੇ ਰਾਜੇ ਗੁਰੂ ਜੀ ਨਾਲ ਵੈਰ ਛੱਡ ਦੇਣ ਤੇ ਮਦਦ ਬੀ ਨਾ ਦੇਣ, ਉਹ ਜੋ ਚੰਗਾ ਸਮਝਣ ਕਰੀ ਜਾਣ। ਇਹ ਕਿਉਂ ਕਰਦੇ ਹਨ ਕਿ ਇਕ ਭਲਾ ਸੋਚਣ ਵਾਲੇ ਦਿਮਾਗ਼ ਦੇ ਰਸਤੇ ਵਿਚ ਧੂੰਆਂ ਖਲੇਰਦੇ ਹਨ ?

ਰਾਜਾ—ਇਹੋ ਤਾਂ ਗੱਲ ਹੈ ਨਾਂ ਲੜਨ ਭਿੜਨ ਦੀ ਉੱਪਰੋਂ ਉੱਪਰੋਂ। ਅਸਲ ਵਿਚ ਉਨ੍ਹਾਂ ਨੂੰ ਉੱਤੋਂ ਉਸ਼ਕਲ* ਮਿਲਦੀ ਹੈ (ਸ਼ਹਿਨਸ਼ਾਹ ਵਲੋਂ) ਕਿ ਵਾਂਸ ਆਪੋ ਵਿਚ ਰਗੜਾਂ ਖਾਣ, ਤੇ ਸਾਡੇ ਭਰਾ ਸਮਝਦੇ ਨਹੀਂ, ਪਏ ਐਵੇਂ ਦੋਵੇ ਦਿਨ ਗੁਰੂ ਜੀ ਨਾਲ ਛੇੜ ਛਾੜ ਕਰਕੇ ਲੜਦੇ ਹਨ ਤੇ ਆਉਂਦੇ ਹਨ ਮੂੰਹ ਦੀ ਖਾ ਕੇ। ਗੁਰੂ ਜੀ ਨੇ ਧਰਮ ਦੇ ਨੇਸ਼ ਤੇ ਪਿਆਰ ਵਾਲੇ ਜੋਧੇ ਪੈਦਾ ਕੀਤੇ ਹਨ, ਜੋ ਸਿਰ ਤਲੀ ਤੇ ਧਰਕੇ ਲੜਦੇ ਹਨ, ਉਨ੍ਹਾਂ ਦਾ ਟਾਕਰਾ ਖੇਲ ਨਹੀਂ। ਮੈਂ ਤਾਂ ਅੱਖੀਂ ਵੇਖ ਚੁਕਾ ਹਾਂ।

ਪਦਮਾ—ਫੇਰ ਬੀਬੇ ਪਿਤਾ ਜੀ! ਤੁਸੀਂ ਜਦ ਸਮਝ ਗਏ ਹੋ ਕਿ ਗੁਰੂ ਜੀ ਦਾ ਮੰਤਵ ਪਰਉਪਕਾਰ ਹੈ, ਤਦ ਤੁਸੀਂ ਤਾਂ ਦੂਣ ਨਾ ਲੜਨਾ

ਰਾਜਾ—ਮੈਨੂੰ ਪਹਿਲਾਂ ਸ਼ੱਕ ਸੀ ਕਿ ਗੁਰੂ ਜੀ ਆਪਣਾ ਰਾਜ ਬੈਠਣਗੇ, ਪਰ ਹੁਣ ਮੈਨੂੰ ਤਸੱਲੀ ਹੈ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਤ੍ਰਿਸ਼ਨਾ ਨਹੀਂ ਹੈ। ਉਹ ਇਕ ਧਰਮ ਜੋਸ਼ ਵਿਚ—ਮੈਂ ਕਹਾਂਗਾ ਕਿ—ਹਨ ਅਰ ਦੱਸਦੇ ਹਨ ਕਿ: "ਮੈਂ ਪਰਮੇਸ਼ੁਰ ਵਲੋਂ ਆਇਆ ਹਾਂ ਤੇ ਸ੍ਰਿਸ਼ਟੀ ਦਾ ਉਧਾਰ ਕਰਾਂਗਾ", ਇਸ ਕਰਕੇ ਮੈਂ ਵੈਰ ਛੱਡ ਦਿੱਤਾ ਹੈ।

ਪਦਮਾ—ਫੇਰ ਤੁਸੀਂ ਲੜਸੋ ਕਿ ਨਾ?

ਰਾਜਾ—ਮੈਂ ਤਾਂ ਨਹੀਂ ਲੜਨ ਲੱਗਾ, ਪਰ ਜੇ ਭਾਈਚਾਰੇ ਜਾਂ ਪਾਤਸ਼ਾਹ ਨੇ ਅੰਗੂਠ ਗਲ ਦਿੱਤਾ ਤਾਂ ਬੁੱਤ ਬਣਕੇ ਚਲਾ ਜਾਇਆ ਕਰਾਂਗਾ।

ਪਦਮਾ—ਇਹ ਵੀ ਕਿਉਂ? ਪਿਤਾ ਜੀਉ! ਜੇ ਪਤਾ ਲੱਗ ਗਿਆ ਕਿ ਜਾਣਾ ਧਰਮ ਨਹੀਂ, ਤਾਂ ਕਿਉਂ?

ਰਾਜਾ—ਠੀਕ ਹੈ ਬੇਟਾ! ਮੇਰੀ ਪੰਡਿਤਾ ਪੁੱਤਰੀ! ਠੀਕ ਹੈ, ਪਰ ਰਾਜਨੀਤੀ ਕਈ ਗੱਲਾਂ ਵਿਚ ਬੈਠ ਕੇ ਸੱਟ ਦਿੰਦੀ ਹੈ। ਮੈਂ ਬੜਾ ਯਤਨ ਕਰਾਂਗਾ ਕਿ ਮੇਰੀ ਤਲਵਾਰ ਗੁਰੂ ਜੀ ਦੇ ਵਿਰੁੱਧ ਨਾ ਚਮਕੇ।

ਪਦਮਾ—ਸੱਚੀਂ ਹੁਣ ਤਾਂ ਨਾਲੇ ਤੁਸਾਂ ਦੱਸਿਆ ਹੈ ਕਿ ਅਜਮੇਰ ਚੰਦ ਨੇ ਸੁਲ੍ਹਾ ਕਰ ਲਈ ਹੈ।

ਰਾਜਾ—ਸੁਲ੍ਹਾ ਤਾਂ ਮੈਂ ਦੱਸੀ ਹੈ ਨਾ ਕਿ ਦਿਖਾਵਾ ਹੈ ਤੇ ਦੂਣ ਹੋਰ ਵੱਡਾ ਦਿਖਾਵਾ ਹੋ ਰਿਹਾ ਹੈ ਕਿ ਕਿਵੇਂ ਸਾਰੇ ਰਾਜੇ ਤੇ ਗੁਰੂ ਜੀ ਇਕੱਠੇ ਹੋ ਜਾਣ ਤੇ ਸਭ ਨਾਲ ਸੁਲ੍ਹਾ ਦਾ ਦਿਖਾਵਾ ਪੂਰਾ ਹੋ ਜਾਵੇ। ਇਸ ਗੱਲ ਲਈ ਰਾਜੇ ਗੁਰੂ ਦੁਆਰੇ ਜਾਣ ਲਈ ਤਿਆਰ ਨਹੀਂ ਤੇ ਗੁਰੂ ਜੀ ਕਿਸੇ ਰਾਜ ਗ੍ਰਿਹ ਕਿਸੇ ਮਤਲਬ ਲਈ ਤੁਰਕੇ ਆਉਣ ਨੂੰ ਤਿਆਰ ਨਹੀਂ। ਸੋ ਪਰਮਾ ਜਤਨ ਕਰ ਰਿਹਾ ਹੈ, ਕਰ ਰਿਹਾ ਕੀ, ਕਰ ਲਿਆ ਸੂ ਕਿ ਗੁਰੂ ਜੀ ਰਵਾਲਸਰ ਆਉਣਗੇ, ਇਧਰੋਂ ਸਾਰੇ ਰਾਜੇ ਤੀਰਥ ਇਸ਼ਨਾਨ ਦੇ ਬਹਾਨੇ ਜਾਣਗੇ, ਸੁਤੇ ਇਕੱਠ ਹੋ ਜਾਏਗਾ ਤੇ ਪਰਸਪਰ ਮੇਲ ਦਾ ਸਮਾਂ ਬਣ ਜਾਏਗਾ।

ਪਦਮਾ (ਅਸਚਰਜ ਹੋਕੇ)—ਗੁਰੂ ਜੀ ਤੀਰਥ ਪਰ ਆਉਣਗੇ? ਉਹ ਤਾਂ ਸੁਣਿਆ ਹੈ ਕਿ ਤੀਰਥਾਂ ਦੀ ਫੋਕੀ ਯਾਤ੍ਰਾ ਨੂੰ ਮੁਕਤੀ ਦਾਤਾ ਨਹੀਂ ਮੰਨਦੇ?

ਰਾਜਾ—ਪਰਮਾ ਜੂ ਉੱਥੇ ਹੈ, ਉਸ ਨੇ ਮਨਾ ਲਿਆ ਹੈ। ਤੁਹਾਨੂੰ ਪਤਾ ਹੈ ਕਿ ਰਵਾਲਸਰ ਪੱਥਰ ਪਾਣੀ ਪੂਰ ਤਰਦੇ ਹਨ, ਇਹ ਦੱਸਕੇ ਪਰਮੇ ਨੇ ਸਿੱਖਾਂ ਵਿਚ ਦੇਖਣ ਦੀ ਹੈਰਾਨੀ ਉਤਪਤ ਕਰ ਦਿੱਤੀ ਹੈ।ਗੁਰੂ ਜੀ ਨੂੰ ਰਾਜਿਆਂ ਪ੍ਰਤੀ ਉਪਦੇਸ਼ ਤੇ ਜਾਤ੍ਰੂਆਂ ਨੂੰ ਸੱਤ ਮਾਰਗ ਲਾਉਣ ਦਾ ਅਵਸਰ ਦੱਸ ਕੇ ਪੈਰਿਆ ਹੈ।

ਪਦਮਾ—ਕੀ ਗੁਰੂ ਜੀ ਪਰਮੇ ਦੇ ਮਨੋਰਥ ਨੂੰ ਸਮਝਦੇ ਨਹੀਂ ਹੋਣਗੇ?

ਰਾਜਾ—ਮੈਂ ਕੀ ਕਹਿ ਸਕਾਂ, ਪਰ ਜੋ ਕੁਛ ਮੈਂ ਡਿੱਠਾ ਤੇ ਸੁਣਿਆ ਹੈ ਜ਼ਰੂਰ ਗੁਰੂ ਜੀ ਸਮਝਦੇ ਹੋਣਗੇ, ਸਗੋਂ ਮੈਨੂੰ ਤਾਂ ਕਿਸੇ ਦੱਸਿਆ ਹੈ ਕਿ ਉਨ੍ਹਾਂ ਦੇ ਤਬੇਲੇ ਦੇ ਸਰਦਾਰ ਨੇ ਪਰਮੇ ਦੀ ਚਾਲ ਦੱਸ ਦਿੱਤੀ ਹੈ ਤੇ ਇਹ ਵਾਕ ਜੋ ਉਸ ਨੇ ਆਖਿਆ ਹੈ ਸਿੱਖਾਂ ਦੇ ਮੂੰਹ ਚੜ੍ਹਿਆ ਹੋਇਆ ਹੈ:—

ਜੋ ਕਰੇਗਾ ਸੋ ਭਰੇਗਾ। ਗੁਰੂ ਜੀ ਦਾ ਕੀ ਹਰੇਗਾ। ਸੇਵਕਤੋਂ ਕਾਰਜ ਸਰੇਗਾ। ਦੁਸ਼ਮਨ ਦੇਖੀ ਮਰੇਗਾ*।

ਤੇ ਗੁਰੂ ਜੀ ਦਾ ਉੱਤਰ ਭੀ ਸੁਣਿਆ ਹੈ:—

ਘੋੜੇ ਦੀ ਸੇਵਾ ਕਰ। ਜੋ ਹੋਵੇਗੀ ਸੋ ਜਰ। ਰਹੇਗਾ ਗੁਰੂ ਆਪਣਾ ਘਰ*।

ਪਦਮਾ—ਇਸ ਤੋਂ ਜਾਪਦਾ ਹੈ ਕਿ ਉਹ ਪੂਰੀ ਤਿਆਰੀ ਕਰਕੇ ਆਉਣਗੇ।

ਰਾਜਾ—ਠੀਕ ਹੈ ਬੇਟਾ! ਤੁਸਾਂ ਠੀਕ ਸਮਝਿਆ ਹੈ। ਉਹ ਆਉਣਗੇ, ਪਰ ਇਸਤਰ੍ਹਾਂ ਤਿਆਰ ਆਉਣਗੇ ਕਿ ਕਿਸੇ ਜਾਲ ਵਿਚ, ਧੋਖੇ ਵਿਚ ਆਕੇ ਸੱਟ ਨਹੀਂ

*ਉਹਲੇ ਰਹਿਕੇ ਜੋ ਪੈਰਨਾ ਕੀਤੀ ਜਾਏ ਕਿਸੇ ਨਾਲ ਸ਼ਰਾਰਤ ਕਥਨ ਦੀ।

*ਸੋ ਸਾਖੀ ਹੈ ਗੁ: ਪ੍ਰ: ਸੂਰਜ।

ਖਾਣਗੇ। ਮਿਲਣਗੇ ਤੇ ਪਿਆਰ ਨਾਲ ਮਿਲਣਗੇ, ਆਤਮ ਦਾਨ ਕਰਨਗੇ, ਰਾਜਨੀਤਕ ਮੱਤਾਂ ਬੀ ਦੇਣਗੇ।

ਪਦਮਾ—ਫੇਰ ਪਿਤਾ ਜੀ! ਤੁਸੀਂ ਉਨ੍ਹਾਂ ਨੂੰ ਹੋਰ ਨਹੀਂ ਤਾਂ ਭਲੇ ਤੇ ਉਪਕਾਰੀ ਤਾਂ ਜ਼ਰੂਰ ਮੰਨਦੇ ਹੋ!

ਰਾਜਾ—ਸੱਚ ਤਾਂ ਇਹੋ ਹੈ।

ਪਦਮਾ—ਕੀ ਰਵਾਲਸਰ ਸਾਰੇ ਰਾਜੇ ਆਉਣਗੇ?

ਰਾਜਾ—ਸਾਰੇ।

ਪਦਮਾ—ਆਪ ਬੀ ਚੱਲੋਗੇ?

ਰਾਜਾ—ਜ਼ਰੂਰ।

ਪਦਮਾ—ਮੈਨੂੰ ਬੀ ਲੈ ਚੱਲੋਗੇ?

ਰਾਜਾ—ਤੇਰੀ ਮਾਤਾ ਤੇ ਤੈਨੂੰ ਦੋਹਾਂ ਨੂੰ ਲੈ ਚੱਲਾਂਗੇ। ਪਰ ਤੂੰ ਵਿਦਵਾਨ ਬਹੁਤ ਹੈਂ, ਉਧਰ ਗੁਰੂ ਜੀ ਭਾਰੇ ਪੰਡਿਤ ਸੁਣੀਂਦੇ ਹਨ, ਕਿਤੇ ਸਿਖੀ ਨਾ ਧਰ ਆਵੀਂ।

ਪਦਮਾ—ਮੈਂ ਇਸ ਵੇਲੇ ਤਕਪੜ ਮੁਣਕੇ 'ਅਗਯ'* ਹਾਂ, ਮੈਂ ਨਹੀਂ ਜਾਣਦੀ ਕਿ 'ਸੱਤਯ' ਕੀ ਹੈ। ਮੈਂ ਨਾਸਤਕ ਨਹੀਂ, ਪਰ ਮੈਂ ਜਾਣਦੀ ਬੀ ਨਹੀਂ। ਜਿਸ ਬੁਢੇ ਵਿਦ੍ਵਾਨ ਨੇ ਮੈਨੂੰ ਪੜ੍ਹਾਇਆ ਕਹਿੰਦਾ ਹੁੰਦਾ ਸੀ ਸਭ ਵਾਕ੍ਯ ਰਦਨਾ ਹੈ। ਜੋ ਕੁਛ ਭੀ ਕਿਤੇ ਚੰਗਾ ਭਾਸਦਾ ਹੈ, ਉਹ ਦੇਜ ਕਰਨ ਨਾਲ ਉੱਚ 'ਵਾਕ੍ਯ ਰਚਨਾ' ਦੀ ਪ੍ਰਬਲਤਾ ਨਿਕਲਦੀ ਹੈ, ਯਥਾਰਥ ਵਿਚ ਕੋਈ ਪ੍ਰਬਲਤਾ ਨਜ਼ਰ ਨਹੀਂ ਪੈਂਦੀ। ਸੋ ਉਸ ਦੀ ਇਹ ਸਿਖ੍ਯਾ ਸਿਖਾਈ ਹੋਈ ਆਸ ਨਹੀਂ ਕਿ ਮੈਂ ਕਿਤੇ ਫਾਂਤੀ ਖਾਵਾਂ, ਪਰ ਕਹੀ ਨਹੀਂ ਜਾਂਦੀ। ਮੈਂ ਆਪੂੰ ਖੋਜ ਕਰਨੀ ਹੈ ਅਜੇ। ਮੈਂ ਇਹ ਲਾਲਸਾ ਬੜੀ ਹੈ ਕਿ ਦਰਸ਼ਨ ਕਰਾਂ, ਕਿਉਂਕਿ ਕੱਲਾਂ ਅਚਰਜ ਭੇਂ ਅਚਰਜ ਸੁਣੀਂਦੀਆਂ ਹਨ। ਮੁਸਲਮਾਨ ਪੀਰ, ਹਿੰਦੂ ਪੰਡਿਤ ਤੇ ਆਚਾਰਜ, ਕਵੀ ਤੇ ਸ਼ਾਇਰ, ਸਭ ਆਪ ਦੇ ਮਗਰ ਭੌਰੇ ਹੋ ਰਹੇ ਹਨ, ਤੇ ਵਧੇਰੇ ਮੈਨੂੰ ਉਨ੍ਹਾਂ ਦਾ ਇਹ ਉਮਾਹ ਹੈਰਾਨ ਕਰਦਾ ਹੈ ਕਿ ਸੰਸਕ੍ਰਿਤ ਤੇ ਫਾਰਸੀ ਅਰਬੀ ਪੁਸਤਕਾਂ ਦੇ ਟੀਕੇ ਹੋ ਰਹੇ ਹਨ, ਪੰਡਿਤ ਕਵੀ ਤੇ ਆਲਮਾਂ ਦੀ ਸਭਾ ਲਗਦੀ ਹੈ। ਧਰਮ ਧੁਰੰਧਰ ਦੇ ਨਾਲ ਵਿਦ੍ਯਾ ਧੁਰੰਧਰ ਬੀ ਹੈਨ। ਇਸ ਧਰਮ ਤੇ ਵਿਦ੍ਯਾ ਦੇ ਨਾਲ ਫੇਰ ਸਲਤਨਤ ਮੁਗਲੀਆ ਦੀ ਸਮਾਪਤੀ ਦਾ ਸੁਪਨਾ ਲੈ ਰਹੇ ਹਨ ਤੇ ਹੈਨ ਫਕੀਰ,-ਅਕਾਸ਼ੀ ਇਰਤ ਆਈ ਚਲਾਈ। ਉਹ ਦਿਮਾਗ਼ ਕੀ ਹੋਵੇਗਾ, ਜਿਸ ਵਿਚ ਇਸ ਪ੍ਰਬਲ ਰਾਜ ਦੇ ਪ੍ਰਾਜਯ ਕਰ ਦੇਣ ਦਾ ਖਿਆਲ ਵੱਸਦਾ ਹੈ। ਖਿਆਲ ਹੀ ਨਹੀਂ, ਜਿਸਤੋਂ ਠਾਹ ਠਾਹ ਹੋ ਰਹੀ ਹੈ ਤੇ ਅੱਜ ਆਪ ਨੇ ਦੱਸਿਆ ਹੈ ਕਿ ਉਨ੍ਹਾਂ ਵਿਚ ਡਿੱਠਨਾ ਨਹੀਂ, ਉਪਕਾਰ ਦਾ ਇੰਦੀਆ ਹੈ। "ਪਰ ਹਾਂ, ਮੇਰੇ ਜਾਣ ਵੱਲੋਂ ਆਪ ਵਿਚਾਰ ਲਓ, ਜੇ ਕੁਛ ਡਰ ਹੋਵੇ ਤਾਂ ਮੈਂ ਨਹੀਂ ਜਾਂਦੀ।

ਰਾਜਾ—ਨਹੀਂ, ਡਰ ਕਾਹਦਾ ਹੈ, ਉਹ ਧਰਮ ਧੁਰੰਧਰ ਹਨ। ਇਤਨੇ ਜੰਗ ਆਪ ਨੇ ਕੀਤੇ ਹਨ ਪਰ ਕਦੇ ਧਰਮ ਤੇ ਧਰਮ ਜੰਨਤ ਨੀਤੀ ਨੂੰ ਆਪਣੇ ਹੱਥੋਂ ਨਹੀਂ ਛਡਿਆ। ਮੈਂ ਤਾਂ ਕੇਵਲ ਉਨ੍ਹਾਂ ਦੇ ਇਰਾਦੇ ਦੀ ਸਫਲਤਾ ਹੁੰਦੀ ਨਹੀਂ ਵੇਖਦਾ ਤੇ ਇਸ ਕਰਕੇ ਪਰੇ ਰਹਿੰਦਾ ਹਾਂ। ਬੇਟਾ! ਤੇਰੀ ਮਾਤਾ ਕਿੱਥੇ ਹੈ?

ਪਦਮਾ—ਪਿਤਾ ਜੀ! ਅੱਜ ਸਿਰ ਪੀੜ ਫੇਰ ਹੋ ਗਈ ਨੇ ਤੇ ਵੈਦ ਜੀ ਨੇ ਕੋਈ ਕਰਵਾ ਕੇ ਕੋਈ ਔਸ਼ਧੀ ਪਿਲਾ ਕੇ ਸੁਆ ਦਿੱਤਾ ਹੈ।

ਰਾਜਾ—ਅੱਛਾ ਬੇਟਾ! ਭੋਜਨ ਆਵੇ, ਤੁਸੀਂ ਬੀ ਭੁੱਖੇ ਬੈਠੇ ਹੋ!

ਇਹ ਕਹਿਕੇ ਰਾਜਾ ਜੀ ਆਪਣੇ ਅਸ਼ਨਾਨ ਦੇ ਕਮਰੇ ਵਿਚ ਗਏ, ਤੇ ਪਦਮਾ ਜੀ ਲਾਂਗਰੀਆਂ ਨੂੰ ਭੋਜਨ ਦਾ ਹੁਕਮ ਦੇਣ ਚਲੇ ਗਏ।

੨.

ਅੰਮ੍ਰਿਤ ਵੇਲਾ, ਚੁਪ ਚਾਨ, ਅਡੋਲ ਟਿਕਾਉ, ਚੰਦ ਦੀ ਮਧਮ ਚਾਂਦਨੀ ਹੈ। ਪਦਮਾ ਦੇ ਬੂਹੇ ਤੇ ਹੌਲੇ ਹੌਲੇ ਤੇ ਟਕੋਰਾਂ ਵੱਜੀਆਂ, ਪਦਮਾ ਉਠੀ, ਬੂਹਾ ਖੋਲ੍ਹਿਆ, ਸਨਿੱਕੋ ਅੰਦਰ ਆਈ।

ਸਨਿੱਕੋ (ਹੌਲੇ ਜਿਹੇ)—ਹੈ ਹੋ ਸ੍ਰੀ ਰਾਜ ਰਾਜੇਸ਼ੁਰੀ! ਵੇਲਾ ਹੋ ਗਿਆ ਨੇ।

ਪਦਮਾ—ਕੀਹ ਵੇਲਾ ਹੈ?

ਸਨਿੱਕੋ—ਤ੍ਰੈਪਹਿਰਾ ਵਜੇ ਨੂੰ ਚਿਰ ਹੋ ਗਿਆ ਹੈ।

ਪਦਮਾ—ਸਭ ਸਮਿਆਨ ਠੀਕ ਹੈ?

ਸਨਿੱਕੋ—ਜੀ ਹਾਂ।

ਪਦਮਾ—ਸਨਿੱਕੋ! ਕੀ ਓਹ ਏਥੇ ਮੂਲੋਂ ਨਹੀਂ ਆ ਸਕਦੇ? ਮੇਰਾ ਜੀ ਕੁਛ ਡਰਦਾ ਹੈ। ਦੇਖੋ ਨੇ ਬਾਹਰ ਮੱਧਮ ਚਾਂਦਨੀ ਦੇ ਰੇਠਾਂ ਬੂਟਿਆਂ ਦੇ ਪਰਛਾਵੇਂ, ਮਾਨੋਂ ਸਹਿਮ ਦੇ ਬੁਤ ਖੜੇ ਹਨ।

ਸਨਿੱਕੋ—ਕੋਈ ਡਰ ਨਹੀਂ, ਆਪਣੇ ਹੀ ਮਨ ਦਾ ਭਰਮ ਹੈ ਕਿ ਹੋਰ ਕੀ ਹੈ?

ਪਦਮਾ—ਮਨ ਦਾ ਭਰਮ ਤਾਂ ਫਿਰ ਇਹ ਬੀ ਹੈ ਕਿ ਮਤਾਂ ਗੱਲ ਖੁਲ੍ਹ ਜਾਏ, ਤੇ ਮੇਰੀ ਪਤ ਅਬਰੋ"।

ਸਨਿੱਕੋ—ਸੁਆਮਣੀ ਜੀ! ਡਰਾ ਨਹੀਂ ਹੋਣਾ, ਮੇਰੀ ਜਾਚੇ ਬਹੁਤਾ ਪੜ੍ਹਕੇ ਹੈ ਅਤੇ ਭਰਮ ਵਧ ਜਾਂਦਾ ਹੈ,

*ਅਨਜਾਣ।

ਪਦਮਾ (ਮੁਸਕ੍ਰਾਕੇ)–ਕੁਛ ਹੈ ਤਾਂ ਠੀਕ, ਆਖਦੇ ਹਨ ਫੌਜਾਂ ਵਿਚ ਪੰਡਤਾਂ ਦੇ ਤੰਬੂ ਜ਼ਨਾਨੀਆਂ ਦੇ ਡੇਰਿਆਂ ਕੋਲ ਲਗਦੇ ਹਨ।

ਸਨਿੱਕੋ–ਖੈਰ, ਪਰ ਏਨੀਂ ਗੱਲ ਤਾਂ ਜ਼ਰੂਰ ਹੈ ਕਿ ਪੜ੍ਹਕੇ 'ਛਾਲ ਮਾਰਵਾਂ ਹੀਆ' ਤੇ 'ਉੱਦਮ' ਸਿੱਲ੍ਹ ਜਾਂਦੇ ਹਨ।

ਪਦਮਾ (ਮੰਚਕੇ)–ਐਉਂ ਨਹੀਂ, ਵਿਚਾਰ ਸ਼ਕਤੀ ਵਧ ਜਾਂਦੀ ਹੈ, ਤੇ ਉਹ ਹਰ ਗਲ ਦੇ ਨਫੇ ਘਾਟੇ ਵਿਚਾਰ ਕੇ ਜੋਖਣ ਲਗ ਪੈਂਦੀ ਹੈ, ਐਉਂ ਜੋਖਦਿਆਂ ਤੇ ਸਿੱਟੇ ਕਢਦਿਆਂ ਢਿੱਲ ਪੈਂਦੀ ਹੈ, ਤੇ ਕਈ ਵੇਰ ਸਿੱਟਾ ਕੱਢਣਾ ਕਠਨ ਹੋ ਜਾਂਦਾ ਹੈ। ਲੋਕੀਂ ਖਿਆਲ ਕਰਦੇ ਹਨ ਕਿ ਪੜ੍ਹੇ ਹੋਏ ਢਿੱਲੇ ਹੋ ਜਾਂਦੇ ਹਨ।

ਸਨਿੱਕੋ–ਮੈਂ ਭੀ ਤਾਂ ਇਹੋ ਆਖਿਆ ਹੈ ਕਿ ਛਾਲ-ਮਾਰਵਾਂ ਹੀਆ ਘਟ ਜਾਂਦਾ ਹੈ!

ਪਦਮਾ–ਪਰ ਇਸ ਦਾ ਅਰਥ ਇਹ ਹੈ ਕਿ ਅੰਦਰ ਮੋਚ ਦਾ ਮੰਡਲ ਵਧ ਜਾਂਦਾ ਹੈ, ਨਾਂ ਕਿ ਨਿਤਾਣ ਪੁਣਾ?

ਸਨਿੱਕੋ–ਨਿਰੀ ਵਿਚਾਰ ਸ਼ਕਤੀ ਹੀ ਨਹੀਂ ਨਾ ਵਧਦੀ, ਜੀਕੂੰ ਜਿਉਂ ਜਿਉਂ ਤੁਸੀਂ ਲੰਮੇ ਹੋਏ ਤਿਉਂ ਤਿਉਂ ਤੁਸਾਡਾ ਪਰਛਾਵਾਂ ਵੀ ਲੰਮਾ ਹੁੰਦਾ ਗਿਆ, ਇਸੇ ਤਰ੍ਹਾਂ ਜਿਉਂ ਜਿਉਂ ਵਿਚਾਰ ਸ਼ਕਤੀ ਵਧਦੀ ਹੈ ਤਿਉਂ ਤਿਉਂ ਨਾਲ 'ਸ਼ੱਕ ਦਾ ਮਾਦਾ' ਭੀ ਵਧਦਾ ਜਾਂਦਾ ਹੈ। ਵਿਚਾਰ ਸ਼ਕਤੀ ਵਿਚ ਨਿਤਾਣਪੁਣਾ ਨਹੀਂ ਹੈ, ਪਰ 'ਸ਼ੱਕ ਦੇ ਪਰਛਾਵੇਂ' ਵਿਚ ਤਾਂ ਕਮਜ਼ੋਰੀ ਦਾ ਵਾਸ ਹੈ ਨਾ?

ਪਦਮਾ (ਘੂਰ ਕੇ ਤੱਕ ਕੇ)–ਸਨਿੱਕੋ! ਮੈਂ ਸੁਣਿਆਂ ਤੂੰ ਅਨਪੜ੍ਹ ਹੈਂ ਤੇ ਇਹ ਗੱਲਾਂ ਤਾਂ ਅਨਜਾਣ ਪੁਣੇ ਦੀਆਂ ਨਹੀਂ ਹਨ।'''ਹਾਂ ਪਰ ਇਕ ਗੱਲ ਚੇਤੇ ਰਖੀਂ,-ਸੰਸੇ ਛਿੜੀ ਆਵੇ ਤਾਂ ਬੁੱਧੀ ਉਸ ਪਰ ਵਿਵੇਚਨਾ ਕਰਕੇ ਨਿਸ਼ਚੇ ਦੇ ਘਰ ਜਾਵੇ। ਹੈਂ!

ਸਨਿੱਕੋ–ਠੀਕ ਕਿਹਾ ਜੇ! ਹਾਂ ਸਚੀਂ ਮੈਂ ਸੰਸਕ੍ਰਿਤ, ਬ੍ਰਿਜ ਭਾਸ਼ਾ, ਫਾਰਸੀ ਤਾਂ ਪੜ੍ਹੀ ਕੋਈ ਨਾ, ਸੋ ਸਮੇਂ ਮੂਜਬ ਅਨਪੜ੍ਹ ਹੀ ਰਹੀ ਨਾ। (ਬਾਰੀ ਵੱਲੋਂ ਬਾਹਰ ਤੱਕ ਕੇ) ਰਾਜ ਦੁਲਾਰੀ ਜੀਉ! ਫਿਰ ਸਮਾਂ ਤਾਂ ਨੱਠਾ ਜਾ ਰਿਹਾ ਹੈ, ਜੇ ਸੰਕਲਪ ਹੈ ਤਾਂ ਚੱਲੋ, ਨਹੀਂ ਤਾਂ ਫੇਰ ਵੇਲਾ ਨਹੀਂ ਰਹਿਣਾ।

ਪਦਮਾ–ਚੱਲ ਹੀ ਪਵਾਂ?

ਸਨਿੱਕੋ–ਇਹ ਆਪ ਦੀ ਇੱਛਾ ਹੈ, ਮੇਰੀ ਪ੍ਰੇਰਨਾ ਨਹੀਂ, ਮੈਂ ਇੱਛਾ ਪੂਰਨ ਵਿਚ ਸੇਵਾਦਾਰ ਹਾਂ।

ਪਦਮਾ–ਇਕ ਪਾਸੇ ਰੁਚੀ ਤੀਬਰ ਹੈ, ਦੂਏ ਪਾਸੇ ਜੱਕੋ ਤੱਕੇ ਹਨ, ਕੀ ਤੁਸਾਨੂੰ ਸੰਸਾ ਨਹੀਂ ਕਿ ਮਤਾਂ ਕਿਤੇ ਗੱਲ ਨਿਕਲ ਜਾਵੇ?

ਸਨਿੱਕੋ–ਨਹੀਂ?

ਪਦਮਾ–ਕਿਉਂ ਨਹੀਂ?

ਸਨਿੱਕੋ–ਮੈਨੂੰ ਨੇਕੀ ਤੇ ਭਰੋਸਾ ਹੈ ਅਸੀਂ ਭਲ ਨੂੰ ਚੱਲੇ ਹਾਂ, ਪਰਮੇਸ਼ੁਰ ਸਾਡਾ ਰਾਖਾ ਹੈ। ਤੁਹਾਡੇ ਅੰਦਰ ਸੰਸਾ ਹੀ ਏਂਵੇਂ ਪਾ ਰਿਹਾ ਹੈ।

ਪਦਮਾ–ਭੋਲਾ ਨਹੀਂ, ਮੈਂ ਸੋਚ ਰਹੀ ਹਾਂ ਕਿ ਜੇ ਗੱਲ ਨਿਕਲ ਭੀ ਜਾਵੇ ਤਾਂ ਕੋਈ ਐਸੀ ਸੁੱਝ ਪਵੇ ਕਿ ਉਸ ਦੇ ਆਖਿਆਂ ਪਰਦਾ ਬਣ ਪਵੇ ਤੇ ਮਹਾਰਾਜ ਖਫਾ ਨਾ ਹੋਣ, ਰਾਜਿਆਂ ਦੇ ਗੁੱਸੇ ਬੁਰੇ ਹੁੰਦੇ ਹਨ।

ਸਨਿੱਕੋ–ਪਰ ਕੀਹ ਸੱਚ ਕਿਹਾ ਕੁਛ ਭੋਖਲਾ ਹੈ? ਸਾਫ ਕਹਿ ਦਿੱਤਾ ਕਿ ਫਲਾਣੇ ਥਾਂ ਗਏ ਸਾਂ, ਤੁਸੀਂ ਪਤਾ ਕਰ ਲਓ ਜੇ ਖ਼ੁਨਾਮੀ ਹੈ ਤਾਂ। ਤੇ ਮੈਂ ਤਾ ਤੁਸਾਂ ਜੋਗ ਕਿਹਾ ਹੀ ਸੀ ਕਿ ਪਹਿਲਾਂ ਦੱਸ ਕੇ ਆਗਗਾ ਲੈ ਲਓ।

ਪਦਮਾ–ਪਹਿਲਾਂ ਕਹਿਣ ਵਿਚ 'ਨਾਂਹ' ਹੋ ਜਾਣ ਦਾ ਡੰਰ ਹੈ। ਪਿਛੋਂ ਕਹਿਣ ਵਿਚ ਤੇ ਸੱਚ ਕਹਿਣ ਵਿਚ ਗੁੱਸੇ ਦਾ ਡਰ ਹੈ, ਹੋਰ ਦੱਸ ਨਹੀਂ ਤਾਂ ਇਹ ਤਾਂ ਹੱਥੂ ਨਾ ਕਿ ਰਾਜਿਆਂ ਦੇ ਵੈਰੀਆਂ ਦੇ ਗਈ ਸੀ।

ਸਨਿੱਕੋ–ਫੇਰ ਸੰਕਲਪ ਛੱਡ ਦਿਓ, ਪਰ ਹਾਂ ਸੱਚੀ, ਹੁਣ ਤਾਂ ਵੈਰ ਨਹੀਂ ਰਿਹਾ।

ਪਦਮਾ (ਤ੍ਰਭੁਕ ਕੇ)–ਸਨਿੱਕੋ ਤੈਨੂੰ ਸਾਰੀਆਂ ਖ਼ਬਰਾਂ ਲੱਗ ਜਾਂਦੀਆਂ ਹਨ! ਵੈਰ ਭਾਵ ਉੱਪਰੋਂ ਤਾਂ ਨਹੀਂ ਰਿਹਾ, ਤੇ ਮੈਨੂੰ ਰਾਤ ਹੀ ਪਤਾ ਲਗਾ ਹੈ ਕਿ ਪਿਤਾ ਜੀ ਦੇ ਦਿਲੋਂ ਭੀ ਘੱਟ ਹੈ, ਪਰ:–

ਪਾਸ ਨ ਸ਼ਾਹਾਂ ਵੱਸ। ਜੇ ਵੱਸੇਂ ਤਾਂ ਮੁੱਸ।

(ਚੰਦ ਵਲ ਤੱਕ ਕੇ) ਤੇਰੀ ਕੀਹ ਸਲਾਹ ਤੇ ਕੀ ਵਿਚਾਰ ਹੈ?

ਸਨਿੱਕੋ–ਮੈਂ ਨਿਰਭੈ ਹਾਂ, ਜਿਸ ਸੱਚੇ ਸ਼ਹਿਨਸ਼ਾਹ ਦੇ ਪਿਆਰ ਵਿਚ ਜਾਣਾ ਹੈ, ਉਹ ਰਾਖਾ ਹੈ, ਮੈਂ ਉਸ ਦੀ ਟੇਕ ਵਿਚ ਨਿਰਸੰਸੇ ਤੇ ਨਿਰਭੈ ਹਾਂ, ਪਰ ਉਂਵ ਮੈਂ ਤੁਸਾਨੂੰ ਪ੍ਰੇਰਦੀ ਨਹੀਂ ਕਿ ਚੱਲੋ। ਚੱਲੋ ਤਾਂ ਮੈਂ ਹਾਜ਼ਰ ਹਾਂ।

ਪਦਮਾ—ਕਾਸ਼ ! ਅਜਿਹਾ ਮੇਰਾ ਬੀ ਹੌਸਲਾ ਹੋਵੇ।

ਸਨਿੱਕੋ—ਇਸ ਵਿਚ ਮੇਰੀ ਕੀ ਵਡਿਆਈ ਹੈ ? ਪਾਣੀ ਵਿਚ ਛਮਕਾਂ ਮਾਰਨੀਆਂ ਛੱਡ ਦਿਤੀਆਂ, ਪਾਣੀ ਟਿਕ ਗਿਆ ਤੇ ਚਮਕ ਪਿਆ। ਕੌਈ ਪਾੜ ਪੈ ਜਾਂਦੇ ਹਨ, ਜੋ ਦਰਜ਼ੀਆਂ ਆਕੇ ਸੀਉਣੇ ਹਨ, ਕਿ ਰੰਢ ਲਾਉਣੇ ਹਨ ?

ਪਦਮਾ—ਹੱਛਾ ਚਲਾਂ ? ਫੇਰ ਚੱਲ ਹੀ ਪਵਾਂ ? ਜੋ ਹੋਊ ਸੋ ਦੇਖੀ ਜਾਊ। ਇੱਧਰ ਸ਼ੌਂਕ ਨਹੀਂ ਰੁਕਦਾ, ਉਧਰ ਡਰ ਖਹਿੜਾ ਨਹੀਂ ਛਡਦਾ। ਕੀ ਕਰਾਂ ? ਚੱਲਾਂ ਹੀ ਚੱਲਾਂ ?

ਸਨਿੱਕੋ—ਪਿਆਰੀ ਦੁਲਾਰੀ ! ਡੋਲਨੀ ਬੇੜੀ ਨਾ ਚੜ੍ਹ ਜੋ ਪੱਤਣ ਤੋਂ ਹੀ ਡੋਲਦੀ ਤੁਰੀ ਉਹ ਕੱਪਰਾਂ ਤੇ ਘੋਰਾਂ ਵਿਚ ਕੀ ਕਰੂ ? ਘਰੋਂ ਤਾਂ ਟਿਕ ਕੇ ਟੁਰੋ। ਆਪਣੇ ਮਨ ਦੀ ਟੇਕ ਜੇ ਨਹੀਂ ਤਾਂ ਕਿਸੇ ਮਨ ਦੇ ਸਾਲਕ ਦੀ ਟੇਕ ਲੈ ਲਓ।

ਪਦਮਾ (ਤੱਕ ਕੇ, ਮੱਖਣੀ ਮੁਸਕ੍ਰਾਹਟ ਮੁਸਕ੍ਰਾ ਕੇ)—ਹੱਛਾ ਸਨਿੱਕੋ ! ਹੋਊ ਤਾਂ ਕਦੇ ਲੱਭ ਪਊ, ਲੈ ਅੜੀਏ ! ਚੱਲ ਫੇਰ ਅੱਗਾ ਤੇਰਾ ਤੇ ਪਿੱਛਾ ਮੇਰਾ।

ਦੋਵੇਂ ਟੁਰ ਪਈਆਂ।

੩.

ਇਕ ਖੁੱਲ੍ਹਾ ਕੋਠਾ ਹੈ, ਜਿਸ ਵਿਚ ਮੋਮ ਵੱਤੀ ਜਗ ਰਹੀ ਦਾ ਛਿਕਾ ਤੇ ਉੱਦਲਾ ਢਾਨਣਾ ਪੈ ਰਿਹਾ ਹੈ, ਖਿੜਕੀਆਂ ਵਿਚੋਂ ਚੰਦ ਦੀ ਚਾਂਦਨੀ ਆ ਰਹੀ ਹੈ। ਇਕ ਸੱਜਣ ਬੈਠੇ ਹਨ। ਚਿਹਰਾ ਟਿਕਾਉ, ਠਹਿਰਾਉ ਤੇ ਇਕ ਤੇਜ ਦੀ ਦਮਕ ਵਾਲਾ ਹੈ। ਮੱਥੇ ਤੇ ਖੁੱਲ੍ਹਾ ਖੋਫ਼ਾ ਹੈ। ਇਸ ਵੇਲੇ ਤੰਬੂਰਾ ਲਈ ਬੈਠੇ ਕੁਛ ਗਾਉਂ ਰਹੇ ਹਨ। ਪਦਮਾ ਤੇ ਸਨਿੱਕੋ ਅੰਦਰ ਲੰਘ ਗਈਆਂ। ਬੂਹੇ ਤੇ—ਜੋ ਢੋਇਆ ਸੀ—ਇਕ ਬੁੱਢਾ ਬੈਠਾ ਸੀ, ਪਰ ਉਸ ਨੇ ਸਨਿੱਕੋ ਨੂੰ ਪਛਾਣ ਕੇ ਕੋਈ ਰੋਕ ਨਹੀਂ ਕੀਤੀ। ਅੰਦਰ ਦੂਰ ਦੂਰ ਵਿੱਥ ਤੇ ਦੋ ਤੇ ਮੂਰਤਾਂ ਹੋਰ ਬੈਠੀਆਂ ਸਨ, ਇਹ ਦੋਵੇਂ ਵੀ ਇਕ ਦੂਜੇ ਛਪ ਕੇ ਬਹਿ ਗਈਆਂ। ਇਸ ਵੇਲੇ ਕੁਛ ਗਾਵਿਆ ਜਾ ਰਿਹਾ ਸੀ, ਜਿਸ ਦਾ ਭਾਵ ਇੰਞ ਹੈ—

ਹੁਣ ਮੈਂ ਪਿਯ ਵਿਚ ਰਹੀ ਸਮਾਇ, ਮੈਂ ਵਿਚ ਪੀਆ ਵਾਸ। ਪਿਯ ਵਿਚ ਮੈਂ ਹਾਂ, ਮੈਂ ਵਿਚ ਪੀਆ, ਖਿੜੀ ਪ੍ਰੇਮ ਦੀ ਵਾਸ। ਚੰਦਨ ਲਪਟ ਪੀਆ ਵਿਚ ਮੁਸ਼ਕੀ ਮਲਿਆਗਰ ਦੇ ਸ੍ਵਾਸ। ਕਉਲ ਖਿੜੇ ਸਭ ਪਿਯ ਮੇਰੇ ਵਿਚ ਝੂੰਮਣ ਭਉਰੇ ਦਾਸ। ਏ ਜੋ ਚੰਨ ਸੂਰ ਤੇ ਤਾਰੇ, ਪਿਯ ਤੋਂ ਲੈਣ ਪ੍ਰਕਾਸ਼। ਪਿਯ ਮੇਰੇ ਵਿਚ ਸਾਗਰ ਲਹਿਰੇ, ਬਿਜਲੀ ਮਾਰੇ ਲਾਸ। ਮਾਹ ਤੋਂ ਲੈ ਮਾਹੀ ਤਕ* ਸਭ ਦਾ, ਮਾਹੀਂ ਵਿਚ ਨਿਵਾਸ। ਖੰਡ ਮੰਡਲ ਮਾਹੀ ਵਿਚ ਤਰਦੇ, ਮਾਤ‡ ਪਤਾਲ, ਅਕਾਸ਼। ਫਿਰ ਮਾਹੀ ਸਭਨਾਂ ਵਿਚ ਵਸਦਾ, ਅੰਦਰ ਬਾਹਰ ਨਿਵਾਸ। ਹਰ ਹਰ ਦਾ ਵਿਚ ਪਿਯ ਦੇ ਡੇਰਾ, ਹਰ ਹਰ ਵਿਚ ਪਿਯ ਵਾਸ। ਏਨ ਬੇਲੇ ਬਾਗ਼ਾਂ ਦੇ ਖੇੜੇ, ਹਰਿਆਵਲ ਮਉਲਾਸ§, ਪਹਾੜੇ ਵਿਚ ਸੁਹੰਦੜੇ ਦਿੱਸਣ, ਧਰਤੀ ਅਤੇ ਅਕਾਸ਼। ਜਿਉਂ ਬੱਦਲ ਤਰਦੇ ਵਾ-ਮੰਡਲ, ਪਉਣ ਸੁਗੰਧਿ ਨਿਵਾਸ, ਜਿਉਂ ਹਿਰਦੇ ਮੇਰੇ ਵਿਚ ਲਹਿਰੇ, 'ਪੀਯ ਪ੍ਰੇਮ' ਦੀ ਆਸ, ਮੱਥੇ ਤੇ ਜਿਉਂ ਖ਼ੁਸ਼ੀ ਵਸੇ ਆ, ਨੈਣੀਂ ਪ੍ਰੇਮ ਪ੍ਰਕਾਸ਼। ਗੱਲ੍ਹਾਂ ਤੇ ਜਿਉਂ ਭਖੇ ਉਮਾਹ ਹੈ, ਬੁਲ੍ਹਾਂ ਤੇ ਜਿਉਂ ਹਾਸ; ਮੋਤੀ ਵਿਚ ਜਿਉਂ ਆਬ() ਵਸੇ ਹੈ, ਹੀਰੇ ਪਾਣੀ ਵਾਸ, ਅੱਗ ਵਿਚ ਜਿਉਂ ਚਾਨਣ ਵਸਦਾ ਬਿਜਲੀ ਵਿਚ ਚਪਲਾਸ[], ਤਿਉਂ ਸਾਰੇ ਪੀਆ ਪਿਆ ਵਸਦਾ ਦਿਸਦਾ ਪਾਸੋ ਪਾਸ। ਪਿਯ-ਮੋਹੀ ਮੈਂ ਉਸ ਵਿਚ ਤੱਕਾਂ, ਉਹ ਤੇ ਉਹਦਾ ਪ੍ਰਕਾਸ਼। ਹਰ ਦਿਸਦੇ ਵਿਚ ਪੀਆ ਲਸਦਾ, ਕਾਦਰ ਕੁਦਰਤ ਵਾਸ। ਸਾਗਰ 'ਬੂੰਦ ਬੁਦਬੁਦੇ ਅੰਦਰ' ਪਿਯ ਦੀ ਲਿਸ਼ਕੇ ਲਾਸ। ਪਿਯ 'ਨੁਕਤਾ' ਪਿਯ 'ਘੇਰਾ' ਮੇਰਾ, ਘੇਰੇ ਨੂੰ ਘੇਰਣਹਾਰ। ਲੁਕ ਬਹਿਣਾ, ਲੁਕ ਜ਼ਾਹਰ ਹੋਣਾ, ਦੋਜ ਪੀਆ ਦਾ ਖਾਸ ! ਹਰ ਰੰਗੇ ਹਰ ਜਾਈ ਖਿੜਨਾ, 'ਵੱਖ' ਤੇ 'ਵਿੱਚ' ਵਿਗਾਸ, ਵਿਗਸਣਾ ਅੰਦਰ ਬਾਹਰ ਪਹਾਰਾ ਚਮਨ ਜਿਵੇਂ ਖਿੜਿਆਸ। 'ਅੰਦਰ' 'ਬਾਹਰ' ਰਵ ਰਿਹਾ ਮੇਰੇ ਦਿਲ ਤੇ ਨੈਣ ਨਿਵਾਸ। ਨੈਣ ਰਹੇ ਰੰਗ ਲਾ ਇਸ ਦਰਸ਼ਨ, ਹਿਰਦਾ ਏਸ ਹੁਲਾਸ। ਕਦੀ ਨ ਉਹਲੇ ਹੋਵੇ ਦਰਸ਼ਨ ਰਾਤ ਦਿਨੇ ਅਰਦਾਸ। (ਕਲਾਨਿਧ ਛੰਦ)

ਸ਼ਾਂਤ ਸਮਾਂ, ਟਿਕਾਉ ਤੇ ਇਕਾਂਤ, ਅਚਰਜ ਰਾਗ, ਮਿੱਠਾ ਪਿਆਰਾ ਗਲਾ ਤੇ ਪ੍ਰੇਮ ਭਰਿਆ ਭਾਵ ਰਾਜ-ਦੁਲਾਰੀ ਨੂੰ ਅਚਰਜ ਭਾਵ ਵਿਚ ਗ਼ਰਕ ਕਰ ਗਿਆ। ਕੁਝ ਸਮਾਂ ਬੀਤ ਜਾਣ ਮਗਰੋਂ ਸਨਿੱਕੋ ਨੇ ਟੁੰਬਿਆ ਤੇ ਕੰਨ ਵਿਚ ਕਿਹਾ—

ਹੁਣ ਵੇਲਾ ਹੈ, ਫਿਰ ਘਰ ਮੁੜਨਾ ਹੈ, ਆਪ ਤੁਸਾਂ ਲਈ ਵਿਹਲੇ ਹਨ।

---

*ਮਾਹ—ਚੰਦ। ਮਾਹੀ—ਮੱਛੀ। ਚੰਦ ਤੋਂ ਮੱਛੀ ਤਕ ਦਾ ਭਾਵ ਅਕਾਸ਼ਾਂ ਤੋਂ ਪਤਾਲਾਂ ਤੱਕ ਹੈ। †ਪਿਆਰਾ। ‡ਆਤਲੋਕ। §ਮਉਲਣਾ। ()ਪਾਣੀ, ਚਮਕ। []ਵੰਚਲਤਾ।

ਪਦਮਾ (ਤ੍ਰਬ੍ਹਕ ਕੇ)–ਆਹ ਸਨਿੱਕੋ ! ਕਿਸ ਸੁਆਦ ਤੋਂ ਵਿਛੋੜਿਆ ਈ !

ਸਨਿੱਕੋ (ਉਦਾਸ ਹੋਕੇ)- ਮੈਥੋਂ ਭੁੱਲ ਹੋਈ, ਪਰ ਕੀ ਕਰਾਂ ? ਤੁਸਾਂ ਨੂੰ ਹੀ ਕਾਹਲੀ ਸੀ।

ਪਦਮਾ (ਅੱਖਾਂ ਤੇ ਉਂਗਲ ਰੱਖ ਕੇ)–ਅੱਛਾ; ਵਾਹ ਵਾਹ, ਇਹ ਕੀ ਸੀ ? ਚੰਗਾ (ਉਬਾਸੀ ਲੈਕੇ) ਹਾਂ, ਕਿੱਥੇ ? ਸਨਿੱਕੋ ! ਕੀ ਕਿਹਾ ਜੇ ?

ਸਨਿੱਕੋ–ਆਓ ਹੁਣ ਵੇਲਾ ਹੈ।

ਪਦਮਾ (ਸੁਚੇਤ ਹੋਕੇ) ਚੰਗਾ (ਕਹਿਕੇ ਮਗਰ ਟੁਰ ਪਈ ਤੇ ਅਗੇ ਜਾ ਕੇ ਉਸ ਸੂਰਤ ਅੱਗੇ ਸੀਸ ਝੁਕਾ ਕੇ ਬਹਿ ਗਈ)–ਆਪ ਦਾ ਯਸ ਸੁਣਕੇ ਆਈ ਹਾਂ।

ਸੂਰਤ*–ਜਸ ਪਰਮੇਸ਼ਰ ਜੀ ਦਾ, ਜਿਨ੍ਹਾਂ ਰੰਗ ਲਾਇਆ ਹੈ।

ਪਦਮਾ (ਸ਼ਰਮਾ ਕੇ)–ਆਪ ਦੀ ਵਡਿਆਈ ਹੈ, ਪਾ ਕੇ ਨਿਵੇਂ ਹੋ।

ਸੂਰਤ–ਸਭ ਹੁਕਮ ਹੈ, ਕਾਠ ਦੀ ਪੁਤ੍ਰੀ ਕੀਹ, ਖਿਲਾਵਨ ਹਾਰ ਜਾਣੇ।

ਪਦਮਾ (ਬਿਥਲ ਕੇ)–ਚਿਤ ਨਹੀਂ ਟਿਕਦਾ।

ਸੂਰਤ–ਟਿਕਣ ਵਾਲੀ ਸ਼ੈ ਨਹੀਂ।

ਪਦਮਾ–ਸੁਖ ਕਿਵੇਂ ਹੈ?

ਸੂਰਤ–ਟਿਕਿਆਂ।

ਪਦਮਾ–ਟਿਕਦਾ (ਸ਼ਰਮਾ ਕੇ) ਫੁਰਮਾਇਆ ਨੇ ਹੈ ਨਹੀਂ।

ਸੂਰਤ–ਹਾਂ, ਠੀਕ ਹੈ।

ਪਦਮਾ–ਫੇਰ ਟਿਕਦਾ ਕਿਵੇਂ ਹੈ ?

ਸੂਰਤ–ਜਿਵੇਂ ਚੰਦ ਸੂਰਜ।

ਪਦਮਾ (ਸਿਰ ਨਿਵਾ ਤੇ ਹੋਰ ਸੰਗ ਕੇ)–ਖਿਮਾਂ ਕਰਨੀ, ਮੈਂ ਸਮਝੀ ਨਹੀਂ।

ਸੂਰਤ–ਟਿਕਦੇ ਅਸਲੋਂ ਤਾਂ ਪੱਥਰ ਹਨ, ਮਨ ਪੱਥਰ ਨਹੀਂ ਹੈ।

ਪਦਮਾ (ਬਹੁਤ ਚਿਰ ਸੋਚੀਂ ਪੈਕੇ)–ਫੇਰ ਚੰਦ ਸੂਰ ਤਾਂ ਚਾਲ ਵਿਚ ਹਨ ?

ਸੂਰਤ–ਕਿਸੇ ਨੇਮ ਵਿਚ ਟੋਰੇ ਗਏ ਹਨ, ਉਸ ਵਿਚ 'ਟਿਕੇ' ਟੁਰ ਰਹੇ ਹਨ*।

ਪਦਮਾ–ਮਨ ਕਿਸ ਨੇਮ ਵਿਚ ਟੋਰਿਆ ਗਿਆ ਸੀ?

ਸੂਰਤ–ਜਿਸ ਤਰ੍ਹਾਂ ਦੇ ਨੇਮ ਵਿਚ ਚੰਦ ਸੂਰਜ ਟੋਰੇ ਗਏ ਸਨ।

ਪਦਮਾ–ਕ੍ਰਿਪਾ ਕਰਕੇ ਇਹ ਬੀ ਦੱਸੋ, ਮੇਰਾ ਖਿਆਲ ਕੰਮ ਨਹੀਂ ਕਰਦਾ ?

ਸੂਰਤ–ਕਿਸੇ ਕੇਂਦ੍ਰ ਦੇ ਉਦਾਲੇ ਸੂਰਜ, ਕਿਸੇ ਕੇਂਦ੍ਰ ਨਾਲ ਚੰਦ ਭੌਣ ਲਈ ਬੱਧੇ ਗਏ ਸਨ। ਉਸੇ ਕੇਂਦ੍ਰ ਦੇ ਉਦਾਲੇ ਨੇਮ ਬੱਧੇ ਟਿਕਾਉ ਵਿਚ ਟੁਰ ਰਹੇ ਹਨ, 'ਕੇਂਦ੍ਰ-ਹੀਨ' ਹੋਕੇ ਨਹੀਂ ਭਟਕਦੇ।

ਪਦਮਾ–ਮੇਰਾ ਕੇਂਦ੍ਰ ਕੋਈ ਨਹੀਂ।

ਸੂਰਤ–ਜਿਸ ਕੁਦਰਤ ਨੇ ਬ੍ਰਹਮੰਡ ਵਿਚ ਹਰ ਖੰਡ ਨੂੰ ਕੇਂਦ੍ਰ ਵਿਚ ਬੰਨ੍ਹਕੇ ਸੂਤ ਥਾਪਿਆ ਹੈ, ਉਹ ਕਦੇ ਹੋ ਸਕਦਾ ਹੈ ਕਿ ਜਾਗਦੇ ਮਨ ਲਈ–ਜਾਨਦਾਰ ਖੰਡ ਲਈ–ਕੇਂਦ੍ਰ ਨਾ ਬਣਾਵੇ ?

ਪਦਮਾ–ਤਾਂ ਮੈਂ–ਕਿਵੇਂ, ਕਦੇ, ਕਿਸੇ ਤਰ੍ਹਾਂ–ਭੁੱਲ ਗਈ ਹਾਂ, ਮੈਨੂੰ ਕੇਂਦ੍ਰ ਦਾ ਪਤਾ ਨਹੀਂ।

ਸੂਰਤ–ਭਾਲ ਨਹੀਂ ਕੀਤੀ ?

ਪਦਮਾ–ਪਿਤਾ ਦੀ ਮਿਹਰ ਨਾਲ ਵਿਦ੍ਯਾ ਪਾਈ ਹੈ, ਸੰਸਕ੍ਰਿਤ, ਪ੍ਰਾਕ੍ਰਿਤ, ਬ੍ਰਿਜ ਭਾਸ਼ਾ ਤੇ ਕੁਛ ਫਾਰਸੀ ਪੜ੍ਹੀ ਹੈ, ਅਕਲ ਚਮਕੀ ਹੈ, ਪਰ ਸੁਖ ਨਹੀਂ।

ਸੂਰਤ–ਵਿਦ੍ਯਾ ਦੇ ਚਾਨਣ ਨੇ ਆਪਣਾ–ਆਪ ਦਾ–ਕੇਂਦ੍ਰ ਨਹੀਂ ਦਿਖਾਇਆ ?

ਪਦਮਾ–ਨਹੀਂ।

ਸੂਰਤ–ਤਾਂ ਵਿਦ੍ਯਾ ਨੇ ਇਹ ਹਾਲਤ ਰੱਖੀ ਹੈ ਕਿ ਜਿਸ ਪੋਥੀ ਨੂੰ ਅੱਜ ਵਾਚਿਆ ਉਸ ਦੇ ਖਿਆਲ ਅਪਣੇ ਖਿਆਲ ਬਣ ਗਏ ਤੇ ਮਨ ਉਨ੍ਹਾਂ ਵਿਚ ਘੁੰਮਦਾ ਰਿਹਾ, ਜਦੋਂ ਹੋਰ ਪੜ੍ਹੀ ਤਾਂ ਮਨ ਉਨ੍ਹਾਂ ਖਿਆਲਾਂ ਦੀ ਰੰਗਣ ਵਿਚ ਆ ਗਿਆ। ਇਸ ਤਰ੍ਹਾਂ ਰੰਗ ਪਲਟਦੇ ਰਹੇ, ਹਰੇਕ ਪੁਸਤਕ ਦਾ ਕੁਛ ਕੁਛ ਅਸਰ ਰਹਿ ਗਿਆ, ਕੁਛ ਕੱਟ ਗਿਆ, ਕੁਛ ਦੂਸਰਿਆਂ ਦੀ ਰੰਗਣ ਨਾਲ ਤੀਸਰਾ ਰੰਗ ਰੂਪ ਧਾਰ ਗਿਆ।

ਪਦਮਾ–ਕੁਛ ਨ੍ਹੰਦਾ ਤਾਂ ਏਸੇ ਹੀ ਤਰ੍ਹਾਂ ਰਿਹਾ ਹੈ, ਨਿਰਾ ਪੁਰਾ ਨਹੀਂ, ਕਿਉਂਕਿ ਕਦੇ ਕਿਸੇ ਪੋਥੀ ਦੀਆਂ ਭੁੱਲਾਂ ਤੇ ਉਕਾਈਆਂ ਵੀ ਭਾਸਦੀਆਂ ਰਹੀਆਂ ਹਨ।

---

*ਇਹ ਸੂਰਤ ਉਹੋ ਹੈ ਜੋ ਪ੍ਰੀਤਮ ਜੀ ਦੇ ਪ੍ਰਸੰਗ ਵਿਚ ਝਨਾਂ ਦੇ ਬੇਲਿਆਂ ਵਿਚ 'ਰਾਜਾ ਜੀ ਦੇ ਸਿਪਾਹੀਂ' ਦੇ ਨਾਮ ਹੇਠਾਂ ਵਿਚਰਦੀ ਸੀ, ਅੱਜ ਕੱਲ ਪਹਾੜ ਵਿਚ ਰੰਗ ਲਾ ਰਹੀ ਸੀ।

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ [ਵਾਰ ਆਸਾ ਮ: ੧

ਸੂਰਤ—ਪਰ ਅਪਣੇ ਅੰਦਰ ਕੋਈ ਐਸਾ ਨੁਕਤਾ ਥੀ ਲੱਭਾ, ਜਿਸ ਤੇ ਖੜੋਕੇ ਸਭ ਦੇ ਖਿਆਲਾਂ ਦੇ ਵਿਸਥਾਰ ਨੂੰ ਐਉਂ ਦੇਖ ਸਕੋ ਜਿੱਕੂੰ ਮੁਨਾਰੇ ਤੇ ਖੜੋਕੇ ਮੈਦਾਨ ਦੇ ਪਦਾਰਥ ਵੇਖੀਦੇ ਹਨ ?

ਪਦਮਾ—ਨਹੀਂ, ਜੋ ਜੋ ਚਾਨਣਾ ਮਿਲ ਗਿਆ, ਉਸੇ ਨਾਲ ਹੋਰ ਖਿਆਲ ਦਾ ਮੈਦਾਨ ਤੇ ਅਕਲ ਦੀ ਚੜੱਤਨ ਦਿਸਦੀ ਗਈ।

ਸੂਰਤ—ਅੰਤ ਕਿਸੇ ਸਿਧਾਂਤ ਤੇ ਅੱਪੜੇ ?

ਪਦਮਾ—ਖਾਸ ਕਿਸੇ ਤੇ ਨਹੀਂ। ਹਾਂ, ਇਕ ਵਡੀ ਉਮਰ ਦੇ ਪੜ੍ਹੇ ਹੋਏ ਤੋਂ ਇਹ ਸੁਣਿਆ ਕਿ ਸਭ 'ਵਾਕ ਰਚਨਾ' ਹੈ, ਅਸਲੀਅਤ ਕੁਛ ਨਹੀਂ।

ਸੂਰਤ—ਮੈਂ ਪਾਜ ਖੁੱਲ੍ਹ ਗਿਆ, ਪਤਾ ਲੱਗ ਗਿਆ ਕਿ ਭਾਨ ਮਤੀ ਦਾ ਤਮਾਸ਼ਾ ਹੈ, ਮਦਾਰੀ ਦੀ ਖੇਲ ਹੈ, ਫੇਰ ਕਿਉਂ ਅਜੇ ਢੂੰਡ ਤੇ ਤਲਾਸ਼ ਹੈ ?

ਪਦਮਾ—ਇਹ ਗਲ ਠੀਕ ਸੀ ਯਾ ਗ਼ਲਤ ਪਰ ਚੁਟਕਲੀ ਦੇਣ ਕਰਕੇ ਯਾਦ ਹੋ ਗਈ। ਤਲਾਸ਼ ਅਜੇ ਇਸ ਕਰਕੇ ਹੈ ਕਿ ਮੈਂ ਸੁਖੀ ਨਹੀਂ, ਅੰਦਰ ਸੱਖਣਾ ਹੈ, ਇਕ ਅਕਾਂਖਿਆ ਹੈ, ਅਭਿਲਾਖ ਹੈ, ਅਪੂਰਨਤਾਈ ਹੈ, ਭੁੱਖ ਹੈ, ਕਾਹਦੀ ? ਕਾਸ ਲਈ? ਕਿਉਂ ? ਇਹ ਮੈਨੂੰ ਪਤਾ ਨਹੀਂ ਹੈ।

ਸੂਰਤ—ਤਾਂ ਇਹ 'ਅਪੂਰਨਤਾਈ' ਤੇ ਅਭਿਲਾਖ' ਹੀ ਭੇਤ ਹੈ। ਇਹੋ ਦੱਸਦੀ ਹੈ ਕਿ ਸਭ 'ਵਾਕ ਰਚਨਾ' ਤੇ ਨੇਸਤੀ ਨਹੀਂ, ਕੁਛ ਹੈ।ਉਹ 'ਹੈ' ਕਿਤੇ ਹੈ,ਉਹ 'ਹੈ' ਪੂਰਨਤਾਈ ਹੈ, ਜਿਸ ਦੇ ਨਾ ਦੇਣ ਕਰਕੇ ਅੰਦਰ 'ਅਪੂਰਨਤਾਈ' ਹੈ।ਫਿਰ ਸੋਚ ਕਰ ਲਓ ਕਿ ਅਪੂਰਨਤਾਈ ਵਿਚਨਿਰਾਸਾ ਤੇਸਮਾਪਤੀ ਨਹੀਂ, 'ਅਭਿਲਾਖ' ਹੈ, ਚਾਹੇ ਪਤਾ ਨਹੀਂ ਕਿ ਕਾਸ ਦੀ ਹੈ। ਪਤਾ ਲਗ ਗਿਆ ਕਿ 'ਵਾਕ ਰਚਨਾ ਹੈ, ਹੋਰ ਕੁਛ ਨਹੀਂ' ਫੇਰ ਅੰਦਰ ਹਸਰਤ ਹੈ। ਹਸਰਤ ਪਤਾ ਦੇਂਦੀ ਹੈ ਕਿਸੇ 'ਆਸ' ਦਾ,'ਨੇਸਤੀ'ਪਤਾ ਦੇਂਦੀ ਹੈ ਕਿਸੇ 'ਹੈ'ਦਾ।ਇਹ 'ਹੈ' ਕੋਂਦ੍ਰ ਹੈ*, ਜਿਸ ਦੇ ਉਦਾਲੇ ਮਨ ਘੁੰਮਣ ਲਈ ਤੇ ਉਸਦੀ ਖਿੱਚ ਵਿਚ ਘੁੰਮਣ ਲਈ ਕੁਦਰਤ ਵਲੋਂ ਛੱਡਿਆ ਗਿਆ ਸੀ ਕਿ ਮਨ ਦ੍ਰਿਸ਼ਟਮਾਨੀ ਕੰਮ ਕਰਦਾ ਹੋਇਆ ਦ੍ਰਿਸ਼ਟਮਾਨ ਵਿਚ ਨਾ ਗੁਆਚ ਜਾਵੇ, ਦ੍ਰਿਸ਼ਟਾ ਨਾਲ ਲੱਗਾ ਟਿਕਾਣੇ ਸਿਰ ਰਹੇ।

ਪਦਮਾ—ਆਪ ਦੇ ਵਾਕ ਦਿਲ ਲਗਦੇ ਹਨ, ਪਰ ਅਜੇ ਮੇਰੇ ਲਈ ਬੁਝਾਰਤ ਹਨ !

ਸੂਰਤ—ਬੁਝਾਰਤ ਖੁੱਲ੍ਹ ਜਾਏਗੀ। ਪਹਿਲਾਂ ਅਸੀਂ ਅਸੂਲ ਕਾਇਮ ਕਰ ਲਈਏ ਕਿ ਠੀਕ ਹੈ !

ਪਦਮਾ—ਠੀਕ ਹੈ, ਪਰ ਇਸ ਅਸੂਲ ਦੀ ਮਿੱਠੀ ਉਸ ਵੇਲੇ ਹੈ ਕਿ ਜਿਸ ਵੇਲੇ ਕੋਂਦ੍ਰ ਮਿਲੇ ਤੇ ਉਸ ਦੇ ਉਦਾਲੇ ਮਨ ਘੁੰਮੇ ਤੇ ਉਸ ਖਿਚ ਵਿਚ ਆਕੇ ਸੁਖ ਪ੍ਰਤੀਤੀ ਦੇਵੇ, ਤਦ ਤਕ ਇਹ ਥੀ, ਖਿਮਾਂ ਕਰਨਾ, (ਮੁਸਕ੍ਰਾਕੇ) ਸ਼ਾਇਦ 'ਵਾਕ-ਰਚਨਾ' ਮਾਤ ਹੀ ਹੋਵੇ।

ਸੂਰਤ—ਕਹਿਣ ਸੁਣਨ ਤਕ ਤਾਂ 'ਵਾਕ-ਰਚਨਾ' ਹੀ ਹੈ, ਪਰ 'ਵਾਕ-ਰਚਨਾਂ' ਲਿਬਾਸ ਹੈ ਜੋ ਖਿਆਲਾਂ ਨੂੰ ਪਹਿਰਾਇਆ ਜਾਂਦਾ ਹੈ, ਤੇ ਖਿਆਲ ਭਾਵ ਹਨ ਜੋ ਕਿਸੇ ਨੁਕਤੇ ਤੋਂ, ਕਿਸੇ ਕੋਂਦ੍ਰ ਤੋਂ ਕਿਸੇ ਮਰਕਜ਼ ਤੋਂ ਅੰਦਰੋਂ ਪੈਦਾ ਹੁੰਦੇ ਹਨ। ਜਿਸ ਨੁਕਤੇ ਤੋਂ ਇਹ ਭਾਵ ਉਠਦੇ ਹਨ ਅਸਲ ਉਹੀ ਕੋਂਦ੍ਰ ਹੈ, ਉਹ ਕੋਂਦ੍ਰ ਮਾਨੋਂ ਇਕ ਨਿਕਾ ਦਾਇਰਾ ਹੈ ਜਿਸ ਦਾ ਇਕ ਹੋਰ ਕੋਂਦ੍ਰ ਹੈ,ਉਹ ਕੋਂਦ੍ਰ ਵਾਕ ਰਚਨਾ ਨਹੀਂ, ਅਸਲ ਹੈ"

ਪਦਮਾ—ਭਾਵ ਜਿਸਤੋਂ ਉਠਦੇ ਹਨ, ਉਥੇ ਤਕ ਤਾਂ ਮੈਂ ਸਮਝੀ-ਮਨ ਯਾ ਦਿਲ। 'ਦਿਲ ਥੀ ਕੋਂਦ੍ਰ ਨਹੀਂ,ਉਸ ਦਾ ਹੋਰ ਕੋਂਦ੍ਰ ਹੈ'ਇਹ ਪਤਾ ਨਹੀਂ' ਲੱਗਾ।

ਸੂਰਤ (ਮਾਨੋਂ ਅਪਣੀ ਪਹਿਲੀ ਗੱਲ ਕਹੇ ਜਾ ਰਹੇ ਹਨ)—ਵਾਕ-ਰਚਨਾਂ ਥੀ 'ਨੇਸਤੀ' ਨਹੀਂ। ਇਹ ਬਾਤਨੀ (ਅੰਦਰਲੇ) ਭਾਵਾਂ ਦਾ ਜ਼ਾਹਰੀ ਲਿਬਾਸ ਹੈ। ਭਾਵ ਜਿਸ ਵਿਚੋਂ ਉਠਦੇ ਹਨ, ਉਹ ਆਪ ਕੋਈ ਉਡਾਰੂ-ਨੇਸਤੀ ਨਹੀਂ।

ਪਦਮਾ—ਲੱਭੇ ਕੀਕੂੰਣ ?

ਸੂਰਤ (ਆਪਣੀ ਗਲ ਵਿਚ ਟੁਰੇ ਜਾ ਰਹੇ ਹਨ)—ਇਹ ਭਾਵ-ਉਤਪਤੀ ਹਿਲਾਉ ਹੈ, ਇਸੇ ਭਾਵ ਉਤਪਤੀ ਦਾ ਟਿਕਾਉ ਉਸਦੀ ਪ੍ਰਤੀਤੀ* ਦਾ ਕਾਰਨ ਹੈ।

ਪਦਮਾ—ਟਿਕੇ ਕਿਸ ਤਰ੍ਹਾਂ ?

ਸੂਰਤ—ਕਿਸੇ ਕੋਂਦ੍ਰ ਨਾਲ ਬੱਝਕੇ।

ਪਦਮਾ—ਕੋਂਦ੍ਰ ਟਿਕੇ ਬਿਨਾਂ ਲੱਝਣਾ ਨਾ, ਟਿਕਣਾ ਕੋਂਦ੍ਰ ਲੱਝੇ ਬਿਨਾਂ ਨਾ,ਪ੍ਰਾਪਤੀ ਵੇਲੇ ਵਿਚ ਪੈ ਗਈ।

ਸੂਰਤ—'ਖਿੰਡਿਆ ਹੋਇਆ' ਦ੍ਰਿਸ਼ਟਮਾਨ ਵਿਚ ਹੈ, ਦ੍ਰਿਸ਼ਟਮਾਨ ਵਿਚ ਕੋਈ ਕੋਂਦ੍ਰ ਬੰਨ੍ਹੇ, ਜਿਸ ਤਰ੍ਹਾਂ ਮਿਣਤੀ ਵੇਲੇ ਕੋਈ ਇਕ ਨੁਕਤਾ ਲੱਕੇ ਗਜ਼ ਇਸ ਤੋਂ ਮਿੱਟੀਦਾ ਹੈ। ਅਨੇਕ ਨੁਕਤਿਆਂ ਤੇ ਟੱਪਣਾ

*ਹੈ = ਸਤ੍ਹਾ।

*ਮਲੂਮ ਪੈਣਾ। ਪਤੀਤ ਦੇ ਆਉਣ ਦੀ ਹਾਲਤ।

ਇਹ ਹਿਲਾਉ ਹੈ, ਕਿਸੇ ਇਕ ਤੇ ਖਲੋਣਾ ਪਹਿਲਾ ਟਿਕਾਉ ਹੈ। ਇਸ ਨੁਕਤੇ ਤੋਂ ਅੰਦਰਲੇ ਵਿਚ ਪਰਤ ਡਿਗਣਾ ਤੇ ਟਿਕਣਾ ਅੰਦਰਲਾ ਟਿਕਾਉ ਹੈ। ਇਹ ਟਿਕਾਉ ਟਿਕਦਾ ਟਿਕਦਾ 'ਕੇਂਦ੍ਰ ਦੇ ਕੇਂਦ੍ਰ' ਦਾ ਟਿਕਾਉ ਹੋ ਜਾਂਦਾ ਹੈ।

ਪਦਮਾ—ਸਮਝੀ, ਪਰ ਬੁਝਾਰਤ ਬਣੀ ਰਹੀ, ਵਾਪਰੇ ਤਾਂ ਖੁੱਲ੍ਹੇ।

ਸਰਤ—ਵਿਦਯਾ 'ਸਮਝ' ਦਿੰਦੀ ਹੈ, ਪ੍ਰਾਪਤੀ 'ਕੀਤਿਆਂ' ਹੁੰਦੀ ਹੈ।

ਪਦਮਾ—ਫੇਰ ਕਿਸੇ ਰਸਤੇ ਪਾਓ ?

ਸੁਰਤ—ਸਮਰੱਥ ਸਿਰ ਹੱਥ ਧਰੇਗਾ ਤਾਂ ਰਾਹੇ ਪਾਵੇਗਾ।

ਸਨਿੱਕੋ—ਧੰਨ ਦਾਤਾ, ਧੰਨ ਦਾਤਾ, ਚਲੋ ਬੀਬੀਜੀ!

ਪਦਮਾ (ਤ੍ਰਬੁਕ ਕੇ)—ਦਿਨ ਚੜ੍ਹ ਗਿਆ ਹੈ ?

ਸਨਿੱਕੋ-ਨਹੀਂ, ਆਪ ਦਾ ਕਾਰਜ ਰਾਸ ਹੋ ਗਿਆ ਹੈ।

ਪਦਮਾ—ਠਹਿਰ ਜਾਓ, ਸੁਆਦ ਆ ਰਿਹਾ ਹੈ, ਕੁਛ ਲੈ ਲੈਣ ਦਿਓ।

ਸਨਿੱਕੋ—ਮਿਲ ਗਿਆ ਹੈ, ਹੁਣ ਚੱਲੋ।

ਪਦਮਾ—ਮੈਨੂੰ ਨਹੀਂ ਪਤਾ ਲੱਗਾ।

ਸਨਿੱਕੋ—ਬੱਸ, ਇਸ ਤੋਂ ਵੱਧ ਹੁਣ ਹੋਰ ਨਹੀਂ, ਵੇਲਾ ਹੋ ਗਿਆ ਹੈ ਤੇ ਬਹੁ ਠੀਕ ਹੋ ਗਿਆ ਹੈ, ਚੱਲੋ।

ਪਦਮਾ ਦੀ ਸਮਝ ਵਿਚ ਨਹੀਂ ਆਉਂਦੀ ਸਨਿੱਕੋ ਦੀ ਗੱਲ। ਰਸ ਆਇਆ ਅਧਵਾਟੇ ਟੁੱਟਾ ਹੈ, ਮਨ ਲਪਟਦਾ ਹੈ ਹੋਰ ਨੂੰ, ਪਰ ਸਨਿੱਕੋ ਬਾਂਹ ਫੜਕੇ ਆਖਦੀ ਹੈ:—

"ਚਲੋ ਜੀਉ ਜੀ"।

ਪਦਮਾ—ਚੰਗਾ ! ਸ਼ੁਮ ਸਾਬਣੇ !

ਨਮਸਕਾਰ ਕਰਕੇ ਸਖੀ ਦੇ ਮਗਰ ਹੋ ਟੁਰੀ।

੪.

ਦੁਇ ਜਣੀਆਂ ਉਥੋਂ ਨਿਕਲਕੇ ਘਰ ਪਹੁੰਚੀਆਂ, ਰਸਤੇ ਵਿਚ ਗੱਲਾਂ ਬਾਤਾ ਹੁੰਦੀਆਂ ਗਈਆਂ। ਸਨਿੱਕੋ ਨੇ ਰਾਜਕੁਮਾਰੀ ਨੂੰ ਉਸ ਦੀ ਨਾ ਸਮਝੀ ਗਲ ਸਮਝਾਈ। ਰਾਜ ਦੁਲਾਰੀ ਸੋਚਦੀ ਹੈ ਕਿ ਪੱਕੀ ਪੜਾਈ ਤਾਂ ਮਿਲੀ ਨਹੀਂ, ਪਰ ਸੁਆਦ ਆ ਗਿਆ ਹੈ, ਉਹ ਸੁਆਦ ਜੋ ਹੋਰ ਕਿਸੇ ਤਰਾਂ ਅੱਜ ਤਕ ਨਹੀਂ ਸੀ ਆਇਆ। ਭਰਮ ਤੇ ਪੱਕਾ ਭਰਮ ਪੈਂਦਾ ਹੈ ਕਿ ਨਿਰੀ 'ਵਾਕ-ਰਚਨਾ' ਨਹੀਂ, ਪਿੱਠ ਪਿਛੇ ਕੁਛ ਹੈ ਅਰ ਇਹ ਸਾਡੀ 'ਮਨ-ਤ੍ਰੰਗ' ਦੀ ਤ੍ਰੰਗਣੀ ਖੋਡ ਓਸਦੀ ਪਤੀਤੀ ਨਹੀਂ ਪੱਕਣ ਦੇਂਦੀ।

ਭਾਵੇਂ ਹੁਣ ਮਨ-ਤ੍ਰੰਗ ਟਿਕਦਾ ਨਹੀਂ ਸੀ, ਨਾ ਪ੍ਰਤੀਤੀ ਸੁਆਦ ਦੀ ਪ੍ਰਤੀਤੀ ਦੇਂਦੀ ਸੀ, ਹਾਂ, ਉਥੇ ਆਏ ਸੁਆਦ ਦੀ ਯਾਦ ਆਪਣੇ ਵਿਚ ਬੰਨ੍ਹ ਬੰਨ੍ਹ ਲੈਂਦੀ ਹੈ। ਸਨਿੱਕੋ ਨਾਲ ਕਈ ਵੇਰ ਗੱਲਾਂ ਹੁੰਦੀਆਂ ਹਨ ਤਾਂ ਭੀ ਸਆਦ ਆ ਹੀ ਜਾਂਦਾ ਹੈ। ਚਾਹੇ ਸਨਿੱਕੋ ਪੜ੍ਹੀ ਨਹੀਂ, ਪਰ ਹੈ ਕਿਸੇ ਸੁਖ ਵਿਚ ਤੇ ਦਿਲ ਉਸ ਦਾ ਮਾਨੋਂ ਧਨ ਸ਼ਕਤੀ (ਲਾਹੇ ਵਾਲੇ ਰੁਖ) ਵਿਚ ਵੱਸਦਾ ਹੈ।

ਦਿਨ ਬੀਤਦੇ ਗਏ, ਛੇਕੜ ਰਵਾਲਸਰ ਜਾਣ ਦਾ ਦਿਨ ਆ ਗਿਆ। ਰਾਜਾ, ਰਾਣੀ, ਰਾਜ ਦੁਲਾਰੀ, ਸਨਿੱਕੋ ਤੇ ਹੋਰ ਸ਼ਰੂਰੀ ਅਹਿਲਕਾਰ ਸਭ ਘੋੜੇ ਪੀਨਸਾਂ ਤੇ ਟੁਰ ਪਏ ਤੇ ਓਥੇ ਪਹੁੰਚ ਗਏ। ਹੋਰ ਰਾਜੇ ਅਗੇ ਪਹੁੰਚੇ ਹੋਏ ਸਨ। ਸਤਿਗੁਰਾਂ ਦੇ ਡੇਰੇ ਭੀ ਲਗੇ ਹੋਏ ਸਨ। ਰਾਜੇ ਇਕ ਵੇਰ ਸਤਿਗੁਰੂ ਜੀ ਦੀ ਯਾਤ੍ਰਾ ਕਰ ਵੀ ਆਏ ਸਨ। ਸਾਰੀਆਂ ਰਾਣੀਆਂ ਭੀ ਮੱਥੇ ਟੇਕ ਆਈਆਂ ਸਨ। ਚੌਬਿਆਲੀਏ ਪਛੇਤੇ ਪੁਜੇ, ਇਸ ਕਰਕੇ ਪਹਿਲੀ ਮੁਲਾਕਾਤ ਵਿਚ ਸ਼ਾਮਲ ਨਹੀਂ ਹੋ ਸਕੇ। ਪਦਮਾ ਦੀ ਵਿਦਯਾ ਤੇ ਗੁਣਾਂ ਦੀ ਸਭ ਪਹਾੜੀ ਰਾਣੀਆਂ ਵਿਚ ਧਾਕ ਸੀ, ਸਭੇ ਇਸ ਉਡੀਕ ਵਿਚ ਸਨ ਕਿ ਕਦੋਂ ਆਉਂਦੀ ਹੈ। ਹੁਣ ਜਦ ਸੁਣਿਆਂ ਕਿ ਪਦਮਾ ਆਈ ਹੈ, ਤਾਂ ਸਭੇ ਇਸਨੂੰ ਮਿਲਣ ਵਾਸਤੇ ਆਈਆਂ। ਇਸਨੇ ਆਦਰ ਵੇਕ ਬਹਾਲਿਆ ਤੇ ਗੱਲਾਂ ਬਾਤਾਂ ਹੁੰਦਿਆਂ ਇਉਂ ਵਾਰਤਾਲਾਪ ਛਿੜੀ:—

ਪਦਮਾ-ਸੁਣਾਓ ਬਾਈ ਧਾਰ ਦੇ ਸ਼ੱਤ੍ਰੂ ਨਾਲ ਸੁਲਹ ਸਫਾਈ ਹੋ ਗਈ ?

ਰਾਣੀ ਗਲਰਨ—ਇਉਂ ਨਾ ਕਹੋ ਦੁਲਾਰੀ ਜੀ ! ਉਹ ਤਾਂ ਪਿਆਰ ਦਾ ਅਵਤਾਰ ਹਨ, ਡਿੱਠੇ ਸੁਣੇ ਦਾ ਫਰਕ ਹੈ।

ਰਾਣੀ ਡਢਵਾਲਨ—ਸਾਰੇ ਰਾਜਿਆਂ ਦੀ ਮੱਤ ਮਾਰੀ ਹੋਈ ਸੀ, ਜੁ ਇਸ ਮੋਹਣੀ ਮੂਰਤ ਨਾਲ, ਜਿਸਦੇਚਰਨ ਚੁੰਮਣੇਚਾਹੀਦੇ ਸਨ, ਮੱਥੇ ਲਾਈਰਖੇਨੇ।

ਰਾਣੀ ਸ੍ਰੀ ਨਗਰਨ—ਸੰਭਾਲਕੇ ਬੋਲ, ਘਰ ਵਾਲੇ ਦੇ ਘਰ ਨਹੀਓਂ ਵੱਸਣਾ, ਜੇ ਕਿਤੇ ਪਤਾ ਲੱਗ ਗਿਆ ਤਾਂ ਧੱਕਾ ਨਾ ਮਿਲ ਜਾਈ।

ਰਾਣੀ ਡਢਵਾਲਨ—ਕਿਸੇ ਦੀ ਮਜਾਲ ਹੈ ! ਖਸਮ ਨੂੰ ਨੱਕ ਨਾਲ ਬੰਨ੍ਹ ਕੇ ਰੱਖੀਦਾ ਹੈ।

ਰਾਣੀ ਕਿਓਂਥਲਨੀ—ਰਾਮ ਰਾਮ ! ਪਤੀਬ੍ਰਤਾ ਧਰਮ ਤੇਰਾ ਏਹੀ ਹੈ ?

ਰਾਣੀ ਡਢਵਾਲਨ—ਡਿੱਠਾ ਨੀ ਤੁਹਾਡਾ ਪਤੀ-ਬ੍ਰਤ ਧਰਮ, ਸੌ ਜਾਦੂ ਤੇ ਲੱਖ ਟੂਣਾ। ਖਸਮ ਮੁੱਜੂ ਬਣਾ ਕੇ ਵੱਸ ਕਰਨ ਦੇ ਕਾਮਟ ਦਿਨ ਰਾਤ ਢੂੰਡਣੇ! ਇਹੋ ਪਤੀਬ੍ਰਤ ਧਰਮ ਹੈ, ਨਾਲੇ ਨਿਖਸਮੇ ਖਸਮ ਇਸਤ੍ਰੀ ਬ੍ਰਤ ਧਰਮ ਲਈ ਬੈਠੇ ਹਨ।

ਰਾਣੀ ਨੂਰਪੁਰਨ—ਸੱਚ ਕਿਹਾ ਈ, ਬਛੇਰੀ ਸੇਵਾ ਕੀਤੀ, ਆਪਾ ਮਾਰ ਕੇ ਸਦਕੇ ਹੋਈ, ਦਿਨ ਰਾਤ ਇਕ ਕੀਤੇ, ਛੇਕੜ ਖਸਮਾਂ ਖਾਣਾਂ ਚੰਬੇ ਦੀ ਇਕ ਡਿੱਟਣ ਤੇ ਰੀਝ ਪਿਆ। ਲੈ ਹੁਣ ਉਹ ਰਾਣੀ ਤੇ ਮੈਂ ਰੋਂਲੀ। ਤਾਪ ਸੜੀ ਘਰ ਰਹਿ ਗਈ, ਨਹੀਂ ਤਾਂ ਮੈਨੂੰ ਕਿਨ੍ਹੇ ਇੱਬੇ ਲਿਆਉਣਾ ਸੀ। ਇਨ੍ਹਾਂ

ਮਰਦਾਂ ਦਾ ਕੋਈ ਵਸਾਹ ਏ ?

ਰਾਣੀ ਜੁੱਬਲ ਹੈ ਤਾਂ ਸੱਚ, ਪਰ ਸਾਨੂੰ ਕੀਹ ? ਕਰੇਗਾ ਸੋ ਭਰੇਗਾ, ਅਸੀਂ ਆਪਣੀ ਨਿਬਾਹੀਏ। ਸਾਡਾ ਪਤੀਬ੍ਰਤ ਧਰਮ ਸੀਤਾ ਵਰਗਾ ਨਿਭੇਗਾ। ਰਾਮ ਦੀ ਰਾਮ ਜਾਣੇ ਅੱਗ ਵਿਚ ਪਾਏ ਕਿ ਬਨ ਨੂੰ ਤੋਰੇ।

ਪਦਮਾ (ਮੁਸਕ੍ਰਾ ਕੇ ਆਪਣੇ ਆਪ ਵਿਚ;—ਪੜ੍ਹੇ ਹੋਏ ਓ ਚੰਗੇ।

ਰਾਣੀ ਨਾਹਨ-ਭੈਣੇ ! ਜੋਹੀ ਬਣੀ ਤੇਹੀ ਸਾਰ ਲਈ। ਸਦਾ ਪਰਛਾਵੇਂ ਟਿਕੇ ਹਨ ਕਿ ਕਦੇ ਸੂਰਜ ਦੀ ਟਿੱਕੀ ਸਦਾ ਸ਼ਿਖਰੇ ਬਿਰ ਰਹੀ ਹੈ ? ਸਭ ਕੁਝ ਢਲਨਹਾਰ ਹੈ। ਰੋਸ ਕਿਉਂ ਤੇ ਦੋਸ਼ ਕਾਸ ਨੂੰ। ਆਪਣੀ ਨਿਬਾਹੀ।

ਰਾਣੀ ਡਢਵਾਲਨ—ਸਾਰੇ ਤੁਹਾਡੇ ਗਿਆਨ ਮੈਂ ਜਾਣਦੀ ਹਾਂ। ਉੱਤੋਂ ਮੂੰਹ ਚੋਪੜੀਆਂ ਤੇ ਵਿਚੋਂ ਮੂੰਹ ਮੀਟੀਆਂ ਪਰਾਕੜੀਆਂ। ਜਿਨ੍ਹਾਂ ਤੇ ਪੈ ਗਈਆਂ ਸੋਂਕਣਾਂ ਤੇ ਸੋਂਕਣਾਂ ਦੀਆਂ ਚੜ੍ਹ ਪਈਆਂ ਗੁੱਡੀਆਂ ਓਹ ਤਾਂ ਸਭ ਬ੍ਰਹਮ ਗਿਆਨਣਾਂ ਹੋ ਗਈਆਂ, ਤੇ ਜਿਨ੍ਹਾਂ ਦੀ ਚੜ੍ਹ ਰਹੀ ਹੈ ਆਪਣੀ ਗੁੱਡੀ, ਉਹ ਬਣ ਬੈਠੀਆਂ ਪਤੀਬ੍ਰਤਾ। ਇਹੋ ਕੁਛ ਹੈ ਕਿ ਹੋਰ ? (ਸਾਰੀਆਂ ਹੱਸ ਪਈਆਂ)।

ਰਾਣੀ ਕਹਿਲੂਰਨ—ਖਰੀਆਂ ਪਈ ਕਹਿਨੀ ਏਂ ਡਰਨੀਏ ਨਹੀਂ। ਜੇ ਰਾਜੇ ਕੰਨੀ ਪਹੁੰਚ ਪਈਆਂ ਤਾਂ ਤੇਰੀ ਚੜ੍ਹੀ ਰੁੱਡੀ ਨਾ ਕੱਟੀ ਜਾਏ ?

ਰਾਣੀ ਡਢਵਾਲਨ—ਕੱਟੀ ਜਾਏ ਤਾਂ ਜਾਏ ਕੱਟੀ, ਮਾਰੀ ਜੁੱਤੀ ਤੋਂ। ਖਾਣਾ ਹੈ ਖੱਟਿਆ ਕਰਮ ਦਾ। ਜਦ ਤੋੜੀ ਹੈ ਯਾਵਰੀ ਕਰਮ ਵਿਚ, ਲਿਖਾਂਗੀ ਨੌਕ ਤੇ ਖਸਮ ਕਿ ਰਾਜਾ। ਜਦੋਂ ਦਿੱਤੀ ਹਾਰ ਕਰਮ ਨੇ, ਬਾਹੁੜੀ ਕਰਨੀ ਨਾ ਰੂਪ ਨੇ, ਨਾ ਅਕਲ ਨੇ, ਨਾ ਮਿਣਮਿਣ ਨੇ ਤੇ ਨਾ ਇਨ੍ਹਾਂ ਗਿਆਨਾਂ ਧਿਆਨਾਂ ਨੇ।

ਰਾਣੀ ਸੁਕੇਤਣ—ਭੈਣੇ ! ਡਰੀਏ ਕਰਮ ਦੀ ਗਤੀ ਦਾ ਕੀ ਪਤਾ ? ਸੀਤਾ ਨਾ ਬਚੀ, ਰਾਧਾਂ ਐਡੇ ਕਰਮਾਂ ਵਾਲੀ ਸੁਕਦੀ ਸੁੱਕ ਗਈ, ਹੋਰ ਕਿਸੇ ਦੀ ਕੀ ਰੱਲ ਹੈ?

ਰਾਣੀ ਡਢਵਾਲਨ—ਫੇਰ ਤੇਰੀ ਕੀ ਮਰਜ਼ੀ ਹੈ, ਅੱਗੋਂ ਹੀ ਪਏ ਡਰ ਡਰ ਮਰੀਏ ? ਜਦੋਂ ਕਰਮ ਦੀ ਗੁੱਡੀ ਚੜ੍ਹੀ ਹੋਵੇ ਓਦੋਂ ਭੈ ਨਾਲ ਮਰੀਏ, ਜਦੋਂ ਕਟੀ ਜਾਵੇ ਓਦੋਂ ਦੁੱਖਾਂ ਵਿਚ ਸੜੀਏ, ਕੋਈ ਘੜੀ ਉਤਲੇ ਸਾਹ ਦੀ ਨਾ ਆਵੇ ?

ਰਾਣੀ ਸੁਕੇਤਣ—ਨਹੀਂ, ਮੈਂ ਇਹ ਤਾਂ ਨਹੀਂ ਕਹਿੰਦੀ। ਮੈਂ ਤਾਂ ਫਿਹਾ ਹੈ ਕਰਮ ਦਾ ਭੀ ਕਾਹਦਾ ਮਾਣਾ ? ਕਰਮ ਦੋਈ ਪੱਕਾ ਥੋੜ੍ਹਾ ਹੈ ?

ਰਾਣੀ ਡਢਵਾਲਨ—ਜਦ ਤਕ ਸਹੀ, ਤਦ ਤਕ ਸਹੀ। ਚੁਫੇਰੇ ਦੁਖ ਦਿਸਦਾ ਹੈ। ਸ਼ਾਸਤ੍ਰ ਪੜ੍ਹਿਆਂ ਨੂੰ ਪੁਛੋ ਤਾਂ ਜਗਤ ਨੂੰ ਸਾਰੇ ਦੁਖ ਰੂਪ ਦੱਸਦੇ ਹਨ, ਸੋ ਇਸ ਸਰਬਥਾ ਦੁਖ ਰੂਪ ਵਿਚ ਜੋ ਘੜੀ ਸੁਖ ਦੀ ਮਿਲ ਗਈ ਸੋਈ ਸਹੀ, ਉਸ ਨੂੰ ਕਿਉਂ ਖਰਾਬ ਕਰੀਏ?

ਰਾਣੀ ਕਹਿਲੂਰਨ—ਗੱਲ ਕਰਦਿਆਂ ਕੰਧ ਤੋਂ ਡਰੀਏ, ਮਤਾਂ ਕੋਈ ਕੰਧ ਉਹਲੇ ਹੋ ਨਾ ਸੁਣਦਾ ਹੋਵੇ ਤੇ ਤੂੰ ਜੀਉਂਦੇ ਕੰਨਾਂ ਤੋਂ ਨਹੀਂ ਡਰਨੀਏਂ, ਕਿੰਨੇ ਪਏ ਸੁਣਦੇ ਹਨ। ਜੇ ਕੰਨੀਂ ਜਾ ਚੜ੍ਹੀਆਂ ਤਾਂ ਰਵਾਲ-ਸਰ ਵਿਚ ਹੀ ਡੇਰਾ ਨਾ ਲੱਗ ਜਾਏ ?

ਰਾਣੀ ਡਢਵਾਲਣ—ਮੇਰਾ ਕਿ ਖਸਮ ਦਾ ?

ਸਾਰੀਆਂ—ਰਾਮ ! ਰਾਮ !

ਰਾਣੀ ਸ੍ਰੀ ਨਗਰਨ—ਤੇਰੀ ਕੈਂਚੀ ਜੀਭ ਸੜੇ, ਘਰ ਵਾਲੇ ਨੂੰ ?

ਰਾਣੀ ਡਢਵਾਲਣ—ਡਿੱਠਾ ਨੀ ਘਰ ਵਾਲਾ, ਐਡਾ, ਡੋਬਣ ਵਾਲਾ। ਚਾਰ ਹੋਠ ਤੇ ਪੰਜ ਉੱਤੇ ਧਰਕੇ ਰਖੀਆਂ, ਨੱਕ ਵਿਚ ਪਾਈ ਨਕੇਲ ਤੇ ਕਿਹਾ: ਨੱਚੋ ਜੀ ਮਹਾਰਾਜ। (ਚੁਫੇਰੇ ਤੱਕ ਕੇ) ਨੱਕ ਭਰ-ਵੱਟੇ ਨਾ ਵੱਟੇ ਅੜੀਓ ! ਤੇ ਨਾ ਟੁਕੇ ਬੁੱਲ੍ਹ, ਖਰੀਆਂ ਖਰੀਆਂ ਲਓ ਸੁਣ, ਅੰਦਰੋਂ ਸਾਰੀਆਂ ਮੈਥੋਂ ਵੱਧ ਹੋ, ਉੱਤੋਂ ਪਈਆਂ ਮੋਮਣੀਆਂ ਣਣੋਂ। ਮੈਂ ਕਹਿੰਦੀ ਹਾਂ ਖਰੀ ਗੱਲ ਤੇ ਕਹਾਂਗੀ ਖਸਮ ਦੇ ਮੂੰਹ ਤੇ। ਮੈਨੂੰ ਤਾਂ ਜਦੋਂ ਕਹਿੰਦਾ ਹੈ ਨਾ ਕਿ ਮੇਰਾ ਉਹ ਪਿਆਰ ਹੈ ਜੋ ਰਾਮ ਜੀ ਦਾ ਸੀਤਾ ਨਾਲ ਸੀ, ਤਾਂ ਮੈਂ ਚੱਬਾ ਨਹੀਂ ਰਖਦੀ, ਮੂੰਹ ਤੇ ਮਾਰਨੀ ਹਾਂ ਸੱਚੀ: ਡਿੱਠਾ ਜੀ ਤੁਹਾਡਾ ਪਿਆਰ, ਮੈਥੋਂ ਪਹਿਲਾਂ ਚਾਰ ਵਿਆਹ ਕਰ ਚੁਕੇ ਹੋ, ਚਾਰੇ ਰਾਜਿਆਂ ਦੀਆਂ ਧੀਆਂ, ਇਕ ਤੋਂ ਇਕ ਚੜ੍ਹਦੀਆਂ, ਗੁਣਾਂ ਵਾਲੀਆਂ, ਮੈਂ ਤਾਂ ਕਿਸੇ ਦੇ ਪੈਰਾਂ ਦੀ ਤਲੀ ਜੇਹੀ ਭੀ ਨਹੀਂ। ਉਹ ਤੁਸਾਂ ਤ੍ਰਾਹ ਸੁੱਟੀਆਂ ਤੇ ਮੇਰੇ ਨਾਲ ਕਦ ਨਿਭਣ ਲੱਗੇ ਹੋ। ਤੁਸਾਨੂੰ ਮਰਦਾਂ ਨੂੰ ਕਿਸੇ ਨਾਲ ਪਿਆਰ ਨਹੀਂ, ਨਵੇਂ-ਪਨ ਨਾਲ ਮੋਹ ਹੈ। ਜਿਸ ਤਰ੍ਹਾਂ ਬਾਲ ਉਸ ਤਰ੍ਹਾਂ ਮਰਦ। ਨਿੱਤ ਨਵੇਂ ਖਡੌਣੇ ਨਾਲ ਪਿਆਰ। ਪੁਰਾਣੇ ਭੰਨੇ, ਨਵੇਂ ਹੋਰ।

ਰਾਣੀ ਸ੍ਰੀ ਨਗਰਨ–ਫੇਰ ਗੁਸੇ ਨਹੀਂ ਹੋ ਜਾਂਦੇ ?

ਰਾਣੀ ਡਢਵਾਲਣ–ਹੋ ਪੈਣ ਤਾਂ ਹੋ ਪੈਣ, ਮੈਂ ਤਾਂ ਸਿਰ ਤਲੀ ਤੇ ਧਰੀ ਬੈਠੀ ਹਾਂ। ਚਾਰ ਚਿਖਾਂ ਜੋ ਸਾਮ੍ਹਣੇ ਬਲਦੀਆਂ ਦੇਖਦੀ ਹਾਂ, ਪੰਜਵੀਂ ਆਪਣੀ ਸਮਝਦੀ ਹਾਂ ਬੀੜੀ ਜਾ ਰਹੀ ਹੈ, ਪਰ ਜਦੋਂ ਪਊਂ ਓਦੋਂ ਸਡ਼ੂੰ। ਮੈਂ ਕਹਿੰਦੀ ਹਾਂ: ਮੈਂ ਅਗੋਂ ਹੀ ਕਿਉਂ ਚੁੜ ਚੁੜ ਮਰਾਂ ? ਜਦ ਤਕ ਸੁਖ ਹੈ ਤਦ ਤਕ ਸਹੀ। ਏਹੋ ਮੈਂ ਖਸਮ ਦੇ ਮੂੰਹ ਤੇ ਮਾਰਨੀ ਹਾਂ, ਸਾਫ ਆਖਦੀ ਹਾਂ 'ਕਰਮਾਂ ਦੀ ਯਾਵਰੀ ਹੈ, ਤੁਹਾਡੀ ਮੁਹੱਬਤ ਪਰਛਾਵਾਂ ਹੈ।'

ਰਾਣੀ ਸੁਕੇਤਣ–ਧੰਨ ਤੂੰ ਹੈਂ, ਸਾਡੀ ਤਾਂ ਸਹਿਮਾਂ ਨਾਲ ਜਾਨ ਸੁੱਕੀ ਰਹਿੰਦੀ ਹੈ।

ਰਾਣੀ ਮੰਡੀਨੀ–ਵੇਖਣਾਂ ਕਿਤੇ ਏਸ ਦੀ ਰੀਸ ਨਾ ਕਰ ਬਹਿਣੀ। ਕੁੱਬੇ ਨੂੰ ਲੱਤ ਕਾਰ ਆ ਗਈ ਹੋਵੇ ਤਾਂ ਨਾਜ਼ਕ ਲੱਕ ਵਾਲੇ ਨੂੰ ਪੁੱਠੀ ਪਵੇਗੀ। ਭੈਣੇਂ ! ਆਪੋ ਆਪਣੇ ਥਾਂ ਸਮਝਕੇ ਵਰਤਣਾ, ਇਸ ਮੂੰਹ-ਪਾਟੀ ਦੀ ਕਦੇ ਰੀਸ ਨਾ ਕਰਨੀ।

ਰਾਣੀ ਡਢਵਾਲਣ–ਸੁਣ ਲਓ ਕਥਾ ਪੰਡਤਾਣੀ ਦੀ। ਖੂਬ ਡਰਿਆ ਕਰੋ, ਸਡ਼ਿਆ ਕਰੋ, ਕੁਡ਼ਿਆ ਕਰੋ, ਮਿਣਮਿਣ ਕਰਿਆ ਕਰੋ। ਇਹ ਜੋ ਸਤ ਧਰਮ, ਇਹੋ ਜੋ ਪਤੀਬਰਤ ਧਰਮ, ਉਤੋਂ ਠੰਢੇ ਆਵੇ ਦੀ ਅੱਗ ਵਾਂਙੂ, ਠੀਕ ਹੈ ਨਾਂ ?

ਰਾਣੀ ਕੁੱਲੂ ਵਾਲੀ–ਡਢਵਾਲਣੇ ! ਮੈਂ ਆਖਾਂ ਸੱਚੀ, ਮੇਰੇ ਗਲ ਨਾਂ ਅਡ਼ੀਏ ਪੈ ਜਾਈਂ, ਕਹਿੰਦੀ ਤਾਂ ਤੂੰ ਖਰੀਆਂ ਹੈਂ, ਪਰ ਯੋਗ ਨਹੀਂਓ ਕਹਿਣੀਆਂ। ਅਸਲ ਗੱਲ ਇਹ ਹੈ ਕਿ ਜਿਥੇ ਸਾਉਕਾ ਹੋਊ ਉਥੇ ਯਾ ਸਾਡਾ ਯਾ ਤੇਰੇ ਵਾਙੂੰ ਜਿੰਦ ਤਲੀ ਉਤੇ ਤੇ ਜੀਭ ਮੱਥੇ ਉਤੇ, ਦੁਖ ਜੁ ਹੈ ਤਾਂ ਸਾਉਕੇ ਦਾ। ਏਹਨਾਂ ਬਾਹਮਣਾਂ ਨੂੰ ਕੁਛ ਦੇਈਏ ਦਿਵਾਈਏ ਜੋ ਇਹ ਵੇਦ ਵਾਕ ਪਾ ਦਣ ਕਿ ਦੂਜਾ ਵਿਆਹ ਪਾਪ ਹੈ; ਫਿਰ ਭਾਵੇਂ ਪਤੀ ਬੀ ਨਿਭ ਜਾਣ ਤੇ ਸਾਡੇ ਅੰਦਰੀਂ ਬੀ ਸਾਡੇ ਜਾਂ ਏਆਦਬੀ ਦੇ ਭਾਵ ਨਾ ਆਉਣ।

ਰਾਣੀ ਡਢਵਾਲਣ–ਆਖੀ ਤਾਂ ਸੱਚੀ ਹੈ, ਤੇਰੇ ਕਹੇ ਨੂੰ ਸਿਰ ਮੱਥੇ ਤੇ ਰਖਨੀ ਹਾਂ, ਪਰ ਕਰ ਵੇਖ ਜੇ ਪੇਸ਼ ਚਲਦੀ ਊ ਤਾਂ। ਭੈਣੇਂ ! ਸਾਥੋਂ ਗ਼ੀਬ ਚੰਗੇ। ਚਾਰ ਆਨੇ ਲਿਆ ਕੇ ਹਾਤ ਨੂੰ ਵਹੁਟੀ ਰੱਭਰੂ ਪਿਆਰ ਨਾਲ ਤਾਂ ਵੰਡ ਖਾਂਦੇ ਹਨ ਨਾ ! ਨਾ ਸਹੀ ਸੰਸਾਰ ਦੇ ਸੁਖ; ਆਪੋ ਵਿਚ ਮੋਹ ਤੇ ਇਤਬਾਰ ਦਾ ਸੁਖ ਸਿਰ ਸੁਖਾਂ ਦੇ ਸੁਖ ਹੈ। ਮੈਂ ਖਸਮ ਨੂੰ ਹੁਕਮ ਵਿਚ ਟੋਰਦੀ ਹਾਂ, ਸੁਖੀ ਹਾਂ, ਮੈਂ ਡਰਦੀ ਨਹੀਂ, ਮੂੰਹ ਤੇ ਸੁਣਾਉਂਦੀ ਹਾਂ, ਜੋ ਮੈਂ ਤੁਹਾਡੇ ਸਾਹਮਣੇ ਕਹੀਆਂ, ਓਹੋ ਉਹਦੇ ਮੂੰਹ ਤੇ ਆਖਦੀ ਹਾਂ, ਪਰ ਫੇਰ ਮੈਂ ਦੁਹਾਈ ਦੇ ਕੇ ਆਖਦੀ ਹਾਂ ਕਿ ਜੇ ਮੈਂ ਮਜ਼ੂਰ ਦੀ ਵਹੁਟੀ ਹੁੰਦੀ, ਇਕ ਡੰਗ ਲੱਭਦਾ, ਇਕ ਨਾ ਲੱਭਦਾ, ਆਪ ਭਰਦੀ, ਆਪ ਪੀਂਹਦੀ, ਆਪ ਪਕਾਉਂਦੀ, ਥੱਕੇ ਪਤੀ ਦੇ ਅਗੇ ਧਰਦੀ, ਉਹ ਖਾਂਦਾ ਤੇ ਸਜਰੇ ਪਾਣੀ ਦਾ ਘੁੱਟ ਪੀ ਕੇ ਮੇਰੇ ਵਲ ਪਿਆਰ ਨਾਲ ਤੱਕਦਾ, ਤਾਂ ਮੈਂ ਜੀਉ ਜੀਉ ਪੈਂਦੀ। ਉਹ ਸੱਚੇ ਪਿਆਰ ਦੀ ਚਿਤਵਨ, ਉਹ ਅੰਦਰਲੇ ਨੇਹੁੰ ਦੀ ਦ੍ਰਿਸ਼ਟਿ, ਜਗਤ ਉਸ ਤੋਂ ਵਾਰ ਸੁਟਾਂ, ਉਸ ਇਕ ਨਜ਼ਰ ਉਤੋਂ ਸਾਰੀ ਸਦਕੇ ਹੋ ਜਾਵਾਂ, ਮੇਰਾ ਦਿਲ, ਮੇਰੇ ਸੁਆਮੀ ਦਾ ਦਿਲ, ਇਕ ਝਰਨਾਟ ਵਿਚ ਝਰਨਦੇ; ਫਰ ਦੁੱਖ ਕੀਹ ਤੇ ਭੁੱਖ ਕੀਹ ? ਗ਼ੀਬੀ ਕੀਹ ਤੇ ਬਿਦੇਸ਼ ਕੀ ? ਅਸਲ ਗੱਲ ਇਹ ਹੈ ਕਿ ਅਮੀਰੀ ਮਨ ਦੇ ਸੁਖ ਦੀ ਵੈਰਨ ਹੈ। ਬਹੁਤੇ ਵਿਆਹ ਅਮੀਰੀ ਕਰਾਉਂਦੀ ਹੈ ਤੇ ਬਹੁਤੇ ਵਿਆਹ 'ਪਿਆਰ' ਵਿਚ ਵਿਨਾਹ ਹੁੰਦੇ ਹਨ।

ਪਦਮਾ–ਮੇਰੀਓ ਵੱਡੀਓ ਤੇ ਸਤਿਕਾਰ ਯੋਗ ਵੱਡੀਓ ! ਤੁਸੀਂ ਲੱਗ ਪਈਆਂ ਜੇ ਅਪਣੀ ਗੱਲੀਂ ਤੇ ਮੈਂ ਕਰਨੀਆਂ ਸਨ ਹੋਰ ਗੱਲਾਂ, ਆਖੋ ਤਾਂ ਛੇੜਾਂ ?

ਰਾਣੀ ਡਢਵਾਲਨ–ਆਹੋ ਨੀ ਆਹੋ ਭੜਾਕੂਏ ! ਕਰਨੀਆਂ ਸੂ ਗੱਲਾਂ। ਤੇਰੀ ਗੱਲ੍ਹੀਂ ਚੱਲ ਜੁ ਹੋਏ, ਨਾਂ ਸਹੇੜੇ ਨਾ ਹੱਡ ਪਏ। ਸੁਖੀ ਵੱਸਨੀ ਏਂ, ਛਡੀ ਛਾਂਟ। ਨਾ ਲਾਲਚ ਕੀਤਾ ਤੇ ਨਾ ਪਏ ਮਾਮਲੇ। ਤੈਨੂੰ ਤਾਂ ਹੋਰ ਹੋਰ ਗੱਲਾਂ ਭਾਉਣੀਆਂ ਹੋਈਆਂ ਨਾ।

ਪਦਮਾ ਦੀ ਮਾਂ–ਡਢਵਾਲਣੇ ! ਧੀਆਂ ਨਾਲ ਬੀ ਮਖੌਲ, ਆਪੋ ਵਿਚ ਤਾਂ ਭਲਾ ਹੋਇਆ ਨਾ।

ਰਾਣੀ ਡਢਵਾਲਣ–ਉਹ ਹੋ, ਚੰਬਿਆਲਣੇ ! ਮੈਨੂੰ ਚੇਤਾਹੀ ਭੁੱਲ ਗਿਆ ਜੋ ਪਦਮਾ ਧੀ ਹੈ। ਮਾਫ ਕਰਨਾ, ਗੁੱਸੇ ਨਹੀਂ ਹੋਣਾ, ਪਰ ਮੈਨੂੰ ਤਾਂ ਏਸ ਧੀ ਨਾਲ ਬੀ ਸਾਡਾ ਹੈ ਜਿਨ ਪੋਥੀਆਂ ਨਾਲ ਵਿਆਹ ਕੀਤਾ ਹੈ, ਤੇ ਸੁਖ ਦੀ ਨੀਂਦਰੇ ਸੌਂਦੀ ਹੈ, ਤੇਰੇ ਵਰਗੀ ਮਿਲੀ ਹੈ ਮਾਂ ਤੇ ਬਹਾਰਾਂ ਕਰਦੀ ਹੈ, ਤੇਰੇ ਸਿਰ ਤੇ। ਖਿਮਾਂ ਕਰਨੀ ਮੈਂ ਮੂੰਹ ਪਾਟਾ ਢੇਲ ਜੁ ਦੋਈ।

ਪਦਮਾ—ਤੁਸੀਂ ਸਾਰੀਆਂ ਵੱਡੀਆਂ ਮੇਰੀਆਂ ਮਾਵਾਂ ਹੋ। ਮੈਨੂੰ ਏਹ ਦੱਸੋ ਤੁਰੂ ਕਿਹੋ ਜਿਹਾ ਡਿੱਠਾ ਨੇ ?

ਰਾਣੀ ਡਢਵਾਲਣ—ਸਭ ਤੋਂ ਪਹਿਲਾਂ ਮੈਂ ਦੱਸਾਂਗੀ, ਲੈ ਸੁਣ:-

ਮੋਹਿਨੀ ਮੂਰਤ, ਸੋਹਣੀ ਸੂਰਤ, ਸਾਖ੍ਯਾਤ ਆਪ, ਅਰਸ਼ਾਂ ਤੇ ਕੋਈ ਨਾ, ਕੁਰਸ਼ਾਂ ਤੇ ਕੋਈ ਨਾ, ਦੁਹਮ ਲੋਕ ਸ਼ਿਵ ਲੋਕ ਸੁੰਵੇ ਤੇ ਸੁਰਗ ਲੋਕ ਸੱਖਣੇ, ਜੋ ਹੈ ਸੋ ਇਹ ਹੈ। ਜੇ ਉੱਥੇ ਬੈਕੁੰਠਾਂ ਵਿਚ ਕੋਈ ਸੀ ਤਾਂ ਏਨਾਂ ਉੱਤਰ ਆਇਆ ਜੇ, ਤੇ ਓਹ ਘਰ ਹੁਣ ਖਾਲੀ ਪਏ ਜੇ, ਬੱਸ ਇਹ ਤਾਂ ਹਈ ਸੱਚ ਤੇ ਬਾਕੀ ਮਿਣ ਮਿਣ ਤੇ ਗਿਣ ਗਿਣ ਕੁੜੀਏ ! ਸੁਣ ਲੈ ਇਨ੍ਹਾਂ ਸਾਰੀਆਂ ਪਤੀਵਰਤਾਂ ਕੋਲੋਂ !

ਰਾਣੀ ਚੰਬਡਾਲਨ--ਡਢਵਾਲਣੇ ! ਮੈਂ ਜੁ ਕਿਹਾ ਸੀ ਧੀਆਂ ਨਾਲ ਮਖੌਲ ਨਹੀਂ ਫਬਦੇ।

ਰਾਣੀ ਡਢਵਾਲਣ (ਚੁਟਕੀ ਮਾਰਕੇ)-ਤੁਲਾਹੇ ਦੀ ਮਸ਼ਕਰੀ ਮਾਂ ਭੈਣ ਨਾਲ ?

ਪਦਮਾ—ਮੈਂ ਤੁਸਾਡੀ ਬੱਚੀ ਹਾਂ, ਤੁਸੀਂ ਪਿਆਰ ਕਰਦੇ ਹੋ ! ਹਾਂ ਜੀ, ਗੁਰੂ ਜੀ ਕੇਹੋ ਜੇਹੇ ਦੇਖੇ ?

ਰਾਣੀ ਡਢਵਾਲਣ—ਦੱਸੇ ਨੀ ਮੂੰਹ ਮੀਟੀਓ, ਪਰ ਸਚੋ ਸੱਚ ਦੱਸਣਾ।

ਰਾਣੀ ਸ੍ਰੀ ਨਗਰਨ—ਮੇਰੀ ਜਾਚ ਵਿਚ ਤਾਂ ਇਹ ਆਇਆ ਹੈ ਕਿ ਹਰ ਜੁਗ ਦਾ ਅਵਤਾਰ ਹੈ ਆਪੋ ਆਪਣਾ, ਸਾਡੇ ਜੁਗ ਵਿਚ ਅਵਤਾਰ ਏਹ ਹਨ।

ਰਾਣੀ ਨਾਹਨ—ਮੇਰਾ ਖਿਆਲ ਬੀ ਇਹੋ ਹੈ ਕਿ ਵਿਸ਼ਨੂੰ ਜੀ ਦਾ ਸੋਲਾਂ ਕਲਾਂ ਅਵਤਾਰ ਹਨ।

ਰਾਣੀ ਮੰਡੀਨੀ—ਮੇਰੀਆਂ ਅੱਖਾਂ ਵਿਚ ਤੇ ਮੇਰੇ ਪਤੀ ਦੀਆਂ ਅੱਖਾਂ ਵਿਚ ਤਾਂ ਧਿਆਨ ਵੱਸ ਗਿਆ ਹੈ। ਇਥੋਂ ਹੋਕੇ ਅਸਾਂ ਆਪਣੇ ਨਗਰ ਲੈ ਜਾਣਾ ਹੈ ਤੇ ਦਾਸ ਹੋ ਕੇ ਸੇਵ ਕਮਾਉਣੀ ਹੈ। ਬੱਸ ਮੈਥੋਂ ਹੋਰ ਕੀ ਪੁੱਛਦੇ ਹੋ ? ਮੇਰੇ ਤਾਂ ਸੁਰਤ-ਆਧਾਰ ਹੋ ਗਏ। ਦੱਸਾਂ ਕੀ ? (ਇਹ ਕਹਿਕੇ ਨੈਣ ਭਰ ਗਏ)।

ਰਾਣੀ ਡਢਵਾਲਣ-ਵਾਹ ਵਾਹ ! ਵਾਹ ਵਾਹ !

ਰਾਣੀ ਸੁਕੇਤਣ—ਮੈਂ ਤਾਂ ਘਰੋਂ ਇਹ ਧਾਰ ਕੇ ਗਈ ਸਾਂ ਕਿ ਜੇ ਅਵਤਾਰ ਹਨ ਤਾਂ ਮੈਨੂੰ ਰਾਮ ਰੂਪ ਦਿਸਣ। ਸੋ ਜਦ ਮੈਂ ਗਈ ਮੈਨੂੰ ਸਾਂਵਲੀ ਸੂਰਤ, ਮੋਹਿਨੀ ਮੂਰਤ, ਧਨੁਖ ਧਾਰੀ ਮ੍ਰਿਗ ਨੂੰ ਤੀਰ ਮਾਰ ਰਹੇ ਦਿੱਸੇ। ਮੈਂ ਰਾਮ ਰੂਪ ਸਮਝਦੀ ਹਾਂ।

ਰਾਣੀ ਨੂਰਪੁਰਨ—ਮੇਰੇ ਨਗਰ ਦੀਆਂ ਰੁਣ ਠੰਢੀਆਂ ਛਾਵਾਂ, ਬਣਟਿਆਂ ਦੇ ਹੇਠ ਡਾਹਵਾਂ ਪਲੰਘ ਸਤਿਗੁਰ ਦੇ ਅਗੇ ਲਿਆ ਕੇ ਧਰਾਂ ਚਿਟੜੇ ਚਾਵਲ ਤੇ ਦੁੱਧ ਮਾਝਾ, ਤੇ ਇਨ੍ਹਾਂ ਪਹਾੜੀ ਰਾਜਿਆਂ ਨੂੰ ਕਿ ਸਿੱਖਾਂ ਨੂੰ ਲੁੰ ਨਾ ਪੱਟ ਕੇ ਵਿਖਾਵਾਂ ਸੁਹਣੇ ਸਤਿਗੁਰ ਦਾ। ਹਾਇ ਕਟਕ ਪਵੇ, ਇਕ ਏਸ ਇਲਾਹੀ ਜਤ ਨਾਲ ਮਥੇ ਲਾਉਂਦੇ, ਲੜਦੇ ਤੇ ਦੂਇਆਂ ਨੂੰ ਲੜਾਉਂਦੇ ਹਨ। ਬੱਚੀਏ ! ਮੇਰੀਆਂ ਅੱਖਾਂ ਵਿਚ ਤਾਂ ਹੰਸ ਅਵਤਾਰ ਦਿੱਸਦੇ ਹਨ।

ਰਾਣੀ ਡਢਵਾਲਣ—ਪਿਆਰੇ ਕਿੰਨੇ ਲਗੇ ਨੀ ?

ਰਾਣੀ ਨੂਰਪੁਰਨ—ਜਿਵੇਂ ਸੁਦਾਮਾਂ ਜੀ ਨੂੰ ਕ੍ਰਿਸ਼ਨ, ਭਬੀਖਨ ਜੀ ਨੂੰ ਰਾਮ, ਧ੍ਰੂਹ ਜੀ ਨੂੰ ਵਿਸ਼ਨੂੰ।

ਰਾਣੀ ਡਢਵਾਲਣ ਫੇਰ ਮਰ ਜਾਓ ! ਤੁਹਾਨੂੰ ਕਟਕ ਪਵ। ਖਸਮਾਂ ਨੂੰ ਦੋ ਦੋ ਲਾ ਕੇ ਸ਼ਰਨ ਕਿਉਂ ਨਹੀਂ ਜੇ ਪਟਕਦੀਆਂ ਤੇ ਪਾਹੁਲ ਲੈ ਕੇ ਗੁਰਮੁਖ ਕਿਉਂ ਨਹੀਂ ਹੁੰਦੀਆਂ ਚਰਨੀਂ ਕਮਲੀਂ।

ਰਾਣੀ ਨੂਰਪੁਰਨ—ਤੇਰੇ ਵਰਗੀਆਂ ਭੋਜ ਸੁਪਤਨੀਆਂ ਅਸੀਂ ਨਹੀਂ।

ਪਦਮਾ—ਹਾਂ ਭੁੱਟਨਾ ਜੀਓ !

ਰਾਣੀ ਭੁੱਟਨਾ—ਮੈਂ ਤਾਂ ਜੰਗਲੀ ਤ੍ਰੀਮਤ ਹਾਂ, ਮੈਨੂੰ ਕੀ ਸਾਰ ਹੈ ? ਇੰਨਾਂ ਪਤਾ ਹੈ ਕਿ ਜਦ ਦਰਸ਼ਨ ਕੀਤਾ ਮੇਰੇ ਲੁੰ ਜੀਭ ਵਾਂਙੂ ਹੋ ਗਏ ਤੇ ਔਉਂ ਸੁਣੀਵੇ ਕਿ 'ਵਾਹਿਗੁਰੂ, ਵਾਹਿਗੁਰੂ' ਕਰਦੇ ਹਨ। ਫੇਰ ਮੈਂ ਤਾਂ ਇਸੇ ਵਿਚ ਰਹਿ ਗਈ, ਹੋਰ ਮੈਨੂੰ ਕੁਛ ਨਹੀਂ ਜੇ ਆਉਂਦਾ।

ਰਾਣੀ ਕਿਓਂਬਲਨੀ—ਵਿਸ਼ਨੂੰ ਰੂਪ, ਸੰਖ, ਚਕ੍ਰ, ਗਦਾ, ਪਦਮ :

ਰਾਣੀ ਡਢਵਾਲਣ- ਵਿਸ਼ਨੂੰ ਦੇ ਦਸ ਅਵਤਾਰ। ਤੈਨੂੰ ਕੇਹੜੇ ਦਿੱਸੇ, ਕ੍ਰਿਸ਼ਨ ਰੂਪ ?

ਰਾਣੀ ਕਿਓਂਬਲਨੀ—ਸਾਖ੍ਯਾਤ ਚਤੁਰਭੁਜ ਰੂਪ, ਅਵਤਾਰੀ ਮਨੁੱਖ ਰੂਪ ਨਹੀਂ।

ਰਾਣੀ ਹੰਡੂਰਨ—ਮੈਨੂੰ ਤਾਂ ਉਸ ਵੇਲੇ ਇਹ ਦਿਸਿਆ ਕਿ ਹੁਣੇ ਕਾਲੀ ਨੱਥ ਕੇ ਆਏ ਆਪਣੇ ਤੇਜ ਪ੍ਰਤਾਪ ਵਿਚ ਦਰਬਾਰ ਲਾ ਬੈਠੇ ਹਨ ਤੇ ਸਭ ਰਾਜੇ ਸ਼ਰਨ ਆ ਗਏ ਹਨ।

ਰਾਣੀ ਗੁਲੇਰਨ—ਦਰਸ਼ਨ ਕਰਕੇ ਚਿੱਤ ਕੀਤਾ ਹਾਰ ਸ਼ਿੰਗਾਰ ਲਾਹਵਾਂ, ਕੱਪੜੇ ਫੂਕਾਂ ਤੇ ਅੰਗ ਭਬੂਤ

ਰਮਾਵਾਂ, ਭਗਵ ਪਹਿਨਾਂ, ਲਿਟਾਂ ਛੋੜ ਦਿਆਂ, ਕਿੰਗ ਲੈ ਲਵਾਂ ਤੇ ਦਰ ਦਰ ਫਿਰਾਂ ਤੇ ਕੂਕਾਂ–

"ਆਪ ਆਏ ਜਗ ਤਾਰਨ ਕਾਰਨ
ਕਿਉਂ ਸੁਤੈਂ ਸੰਸਾਰ। ਨਣਾਂ ਦੇ ਦਰ
ਸੂਰ ਖੜੋਤਾ ਮਿਲ ਵੇ ਨੈਣ ਉਘਾੜ।"

ਰਾਣੀ ਡਢਵਾਲਣ–ਫੇਰ ਭੈੜੀਏ ! ਉਡੀਕਦੀ ਕੀ ਏਂ ? ਮਾਰ ਛਾਲ, ਅਸੀਂ ਬੀ ਤੇਰੀ ਚਤਨ ਧੂੜ ਮੱਥੇ ਲਾ ਕੇ ਟੁਰੀਏ। ਪੀਪੇ ਦੀ ਸੌ ਰਾਣੀਆਂ ਵਿਚੋਂ ਸੀਤਾ ਤਰੀ, ਸਾਡੇ ਬਾਈ ਧਾਰ ਵਿਚੋਂ ਗੁਲੇਰਨ ਤਰੀ। ਨਿੱਤਰ ਭੈੜੀਏ ! ਸ਼ੁਭ ਵਾਸ਼ਨਾਂ ਵਿਚ 'ਨਹਿੰ ਬਿਲੰਬ ਧਰਮੰ' ਚਾਹੀਏ।

ਰਾਣੀ ਗੁਲੇਰਨ (ਠੰਢਾ ਸਾਹ ਭਰਕੇ)–ਪਤੀ ਆਗਯਾ ?

ਰਾਣੀ ਡਢਵਾਲਨ–ਖਾਂਦਾ ਏ ਖਸਮਾਂ ਨੂੰ।

ਰਾਣੀ ਚੰਬਿਆਲਨ–ਤੇਰੀ ਜੀਭ ਕੁਛ ਭੇਡ ਦੀ ਵਧ ਗਈ ਉੱਨ ਵਾਂਙੂ ਕਤਰਨੀ ਦੀ ਮੁਥਾਜ ਹੈ। ਮਨ ਵਧਿਆ ਦੰਗਾ ਨਹੀਂ, ਜੀਭ ਵਗ ਟੁਰੀ ਦੰਗੀ ਨਹੀਂ। ਉਹ ਕਥਾ ਨਹੀਓਂ ਸੁਣੀ ?

ਰਾਣੀ ਸ੍ਰੀ ਨਗਰਨ–ਹਾਰ ਵਾਲੀ ?

ਰਾਣੀ ਡਢਵਾਲਨ–ਸੁਣਾ ਦੇਹ ਜੇ ਮੇਰੇ ਮਨ ਦੰਦੇ ਨੂੰ ਬੀ ਕੋਈ ਲੱਗੇ। ਇਹ ਤਾਂ ਆਖਦਾ ਹੈ ਜਦ ਤਕ ਗੁਡੀ ਚੜ੍ਹੀ ਹੈ, ਦੇਹ ਡੇਰ, ਉੱਡ ਉਤਲੇ ਘਰੀਂ। ਸੁਣਾ ਨਾ ਫੇਰ ਕਥਾ।

ਰਾਣੀ ਚੰਬਿਆਲਨ–ਇਕ ਰਾਜੇ ਨੇ ਆਪਣੀ ਪਰਮੇਸ਼ੁਰ ਭਗਤ ਤ੍ਰੀਮਤ ਉੱਤੇ ਇਕ ਹੋਰ ਵਿਆਹ ਕਰ ਲਿਆ ਤੇ ਨਵੀਂ ਵਹੁਟੀ ਦੇ ਘਰ ਡੇਰਾ ਪਾ ਲਿਆ। ੧੨ ਵਰ੍ਹੇ ਪਹਿਲੀ ਦੇ ਮਹਿਲ ਹੀ ਨਾ ਗਿਆ। ਇਕ ਦਿਨ ਇਸ ਨਵੀਂ ਨੇ ਕਿਹਾ, ਮਹਾਰਾਜ ! ਤੁਸੀਂ ਇਕ ਰਾਤ ਮੇਰੀ ਸੌਂਕਣ ਦੇ ਘਰ ਹੋ ਆਓ, ੧੨ ਵਰ੍ਹੇ ਉਸ ਨੂੰ ਨਹੀਂ ਮਿਲੇ ਹੋ, ਅੰਤ ਉਸ ਦਾ ਦਿਲ ਮੇਰੇ ਹੀ ਵਰਗਾ ਹੈ ਨਾ। ਰਾਜਾ ਮੰਨੇ ਨਾ, ਪਰ ਉਸ ਦੇ ਬਹੁਤ ਜ਼ੋਰ ਦੇਣ ਤੇ ਮੰਨ ਕੇ ਚਲਾ ਗਿਆ। ਜਦ ਰੋਟੀ ਖਾ ਕੇ ਰਾਤ ਪੁਰਾਣੀ ਰਾਣੀ ਦੇ–ਜੋ ਪਰਮੇਸ਼ੁਰ ਦੀ ਭਗਤ ਸੀ–ਪਾਸ ਬੈਠਾ, ਤਦ ਉਹ ਪੱਖਾ ਕਰਨ ਲੱਗੀ, ਤਾਂ ਆਪ ਨੇ ਪੁਛਿਆ ਕਿ ਕਿਉਂ ਤੇਰੀ ਸੌਂਕਣ ਨੇ ਅੱਜ ਮੈਨੂੰ ਤੇਰੇ ਪਾਸ ਘੱਲਿਆ ਹੈ ?

ਰਾਣੀ ਬੋਲੀ–ਉਸ ਦੀ ਕ੍ਰਿਪਾ ਹੈ।

ਰਾਜਾ ਨੇ ਕਿਹਾ–ਤੂੰ ਬਾਰਾਂ ਵਰ੍ਹੇ ਕਿਸ ਤਰ੍ਹਾਂ ਬਿਤਾਏ ?

ਰਾਣੀਉਤਰ ਦਿਤਾ–ਪਰਮੇਸ਼ੁਰ ਦੇ ਸਿਮਰਨ ਵਿਚ।

ਰਾਜਾ–ਤੇ ਮੈਨੂੰ ਯਾਦ ਕਦੇ ਨਹੀਂ ਕੀਤਾ, ਕਦੇ ਕਿਸੇ ਸੇਵਾ ਦਾ ਖਿਆਲ ਨਾ ਆਇਆ ?

ਰਾਣੀ–ਮਹਾਰਾਜ ! ਆਪ ਦੀ ਯਾਦ ਕੀ ਆਖਾਂ (ਨੈਣ ਭਰ ਆਏ)।

ਰਾਜਾ–ਮੇਰੀ ਸੇਵਾ।

ਰਾਣੀ–ਜੀ ਹੋਰ ਤਾਂ ਕੁਛ ਸਰਿਆ ਨਹੀਂ, ਪਰ ਦੋ ਵੇਲੇ ਸੌਂਕਣ ਦੇ ਘਰ ਰੋਂਲੀਆਂ ਦਾ ਭੇਖ ਕਰਕੇ ਜਾਂਦੀ ਹੁੰਦੀ ਸਾਂ ਤੇ ਨੌਕਰਾਂ ਨੂੰ ਇਨਾਮ ਦੇਕੇ ਖੁਸ਼ ਕਹਕੇ ਇਹ ਕਰਦੀ ਸਾਂ ਕਿ ਓਹ ਆਪ ਦਾ ਜੂਠਾ ਬਾਲ ਲਿਆ ਦਿੰਦੇ ਸਨ ਤੇ ਮੈਂ ਪ੍ਰੀਤ ਨਾਲ ਮਾਂਜ ਆਉਂਦੀ ਸਾਂ। ਇਸ ਤੋਂ ਵਧੀਕ ਕੋਈ ਸੇਵਾ ਕਿਸ ਤਰ੍ਹਾਂ ਕਰਦੀ ? ਇਹ ਸੁਣਕੇ ਰਾਜੇ ਦਾ ਦਿਲ ਭਰ ਆਇਆ ਤੇ ਉਸ ਦੇ ਸ਼ੁਭ ਗੁਣਾਂ ਦਾ ਜਾਣੂੰ ਹੋ ਕੇ ਕਹਿਣ ਲੱਗਾ: "ਤੂੰ ਸੌਂਕਣ ਨੂੰ ਬੀ ਮਿਲੀ ?"

ਰਾਣੀ–ਜੀ ਕਈ ਵੇਰ ਮਿਲੀ ਤੇ ਇਹ ਬੇਨਤੀ ਕੀਤੀ ਕਿ ਇਕ ਵਾਰ ਰਾਜਾ ਮੈਨੂੰ ਮੇਲ।

ਰਾਜਾ–ਕਿਉਂ ?

ਰਾਣੀ–ਮੈਂ ਆਪ ਤੋਂ ਖਿਮਾ ਲੈਣੀ ਸੀ। ਇਹ ਕਹਿਣਾ ਸੀ ਕਿ: 'ਪਾਤਸ਼ਾਹ ! ਆਪ ਨੇ ਜੋ ਹੋਰ ਵਿਆਹ ਕੀਤਾ, ਮੇਰੇ ਵਿਚ ਕੋਈ ਔਗੁਣ ਸੀ, ਪਰ ਮੈਨੂੰ ਉਸ ਔਗੁਣ ਦੀ ਸਾਰ ਨਹੀਂ, ਇਸ ਕਰਕੇ ਮੇਰਾ ਉਹ ਔਗੁਣ ਮਾਫ ਕਰ ਦਿਓ ਜੋ ਮੈਂ ਹਲਕੇ ਚਿਤ ਸੰਸਾਰ ਤੋਂ ਮਰਾਂ, ਬੱਸ ਇਸ ਖਿਮਾ ਲਈ ਤਰਲੇ ਲੈਂਦੀ ਰਹੀ।

ਰਾਜਾ (ਹੋਰ ਨਰਮ ਹੋਕੇ ਪੁਛਣਲੱਗਾ)–ਕੀਸੌਂਕਣ ਨੇ ਮਿਹਰ ਕਰਕੇ ਮੈਨੂੰ ਤੇਰੇ ਘਰ ਘੱਲਿਆ ਹੈ ?

ਰਾਣੀ–ਜੀ ਹਾਂ।

ਰਾਜਾ–ਤੈਥੋਂ ਕੋਈ ਸੇਵਾ ਨਹੀਂ ਲਈ ? ਕੋਈ ਵਦੀ ਨਹੀਂ ਮੰਗੀ ?

ਰਾਣੀ–ਸੇਵਾ ? ਮੈਂ ਨਿਕਾਰੀ ਤੋਂ ਉਸ ਨੇ ਕੀਹ ਸੇਵਾ ਲੈਣੀ ਸੀ ?

ਰਾਜਾ–ਤੂੰ ਅੱਜ ਤਕ ਉਸ ਨੂੰ ਕੋਈ ਥਾਂ, ਮਕਾਨ, ਮਾਲ, ਪਦਾਰਥ ਨਹੀਂ ਦਿੱਤਾ ?

ਰਾਣੀ—ਇਨ੍ਹਾਂ ਨਿਕਾਰੀਆਂ ਗੱਲਾਂ ਦਾ ਕੀ ਖਿਆਲ ਹੋਇਆ। ਮੈਂ ਗਰੀਬ ਦੀ ਕੀ ਪਾਇਆਂ ?

ਰਾਜਾ—ਨਹੀਂ ਮੈਨੂੰ ਠੀਕ ਦੱਸ ਦਿਓ ?

ਰਾਣੀ—ਜੇ ਕੋਈ ਅਣਹੋਈ ਵਡੀ ਗੱਲ ਹੋਵੇ ਤਾਂ ਦੱਸਾਂ, ਤੁੱਛ ਗੱਲ ਦਾ ਕੀ ਦੱਸਾਂ ?

ਰਾਜਾ—ਤੁੱਛ ਬੀ ਦੱਸ ਦੇਹ, ਮੇਰੀ ਖੁਸ਼ੀ ਤੇ ਹੁਕਮ ਏਹੋ ਹੈ।

ਰਾਣੀ—ਉਹ ਜੋ ਨੌਲੱਖਾ ਹਾਰ ਨਿਕਾਰਾ ਪੋਕਿਓਂ ਦਾਜ ਵਿਚ ਪਿਆ ਸੀ, ਉਹ ਸੋਂਕਣ ਨੇ ਮੰਗਿਆ ਸੀ ਕਿ ਜੇ ਇਹ ਦੇ ਦੇਵੇਂ ਤਾਂ ਇਕ ਰਾਤ ਰਾਜਾ ਜੀ ਨੂੰ ਤੇਰੇ ਘਰ ਘੱਲ ਦਿਆਂਗੀ, ਸੋ ਮਹਾਰਾਜ ! ਉਸ ਨੇ ਮਿਹਰ ਕਰ ਦਿੱਤੀ ਹੈ। ਹੁਣ ਆਪ ਮੇਰਾ ਅਵਗੁਣ ਦੱਸ ਦਿਓ ਤੇ ਬਖਸ਼ ਦਿਓ ?

ਰਾਜਾ ਹੁਣ ਲਾਲੋ ਲਾਲ ਹੋ ਗਿਆ ਤੇ ਕਹਿਣ ਲੱਗਾ: "ਅੱਛਾ ਉਸ ਨੇ ਹਮਾਰੀ ਕੀਮਤ ਨੌਂ ਲਾਖ ਡਾਲੀ ਹੈ ? ਨੌਂ ਲੱਖ ? ਹਮ ਤੁਸਰੇ ਸਿਰਫ ਨੌਂ ਲਾਖ ਕੇ ਹੈਂ ?" ਬੱਸ, ਇਸੇ ਗੁੱਸੇ ਵਿਚ ਕਿ ਮੈਂ ਉਸ ਤੋਂ ਆਪਾ ਤੇ ਰਾਜ ਭਾਗ ਵਾਰਿਆ ਉਸ ਨੇ ਮੇਰਾ ਮੁੱਲ ਨੌਂ ਲੱਖ ਹੀ ਪਾਇਆ ਹੈ, ਉਸ ਤੋਂ ਉਪ੍ਰਾਮ ਹੋ ਗਿਆ ਤੇ ਉਹ 'ਵਧੇ ਮਨ ਵਾਲੀ' ਰਾਣੀ ਸਦਾ ਲਈ ਛੁਟੜ ਹੋ ਗਈ। ਹੁਣ ਉਹ ਛੁਟੜ ਰਾਣੀ ਨੁਲੱਖੇ ਹਾਰ ਨੂੰ ਕਿੱਲੀ ਤੇ ਲਟਕਦਾ ਦੇਖ ਕੇ ਸਾਰੀ ਉਮਰ ਹਾਵੇ ਭਰਦੀ ਰਹੀ*।

ਸੋ ਡਢਵਾਲਨੇ ! ਮਨ ਵਧੇ ਤੋਂ ਡਰਿਆ ਕਰ। ਫਕੀਰ ਰੱਬੀ ਖੁਸ਼ੀ ਵਲ ਮਨ ਨੂੰ ਵਧਣੋਂ ਰੋਕਦੇ ਹਨ, ਦੁਨੀਆਂਦਾਰ ਜਗਤ ਖੁਸ਼ੀ ਵੇਲੇ ਖੁਸ਼ੀ ਨੂੰ ਜਰਦੇ ਹਨ, ਤੂੰ ਦੇਖਦੀ ਹੈਂ, ਵੇਖੀਂ ਕਿਤੇ ਕੁਪਾਹ ਹਾਸਾ ਨਾ ਹੱਸੀਂ ਜੋ ਪਈ ਝੰਖੀਵੇਂ ਤੇ ਛਟੀਵੇਂ ?

ਰਾਣੀ ਡਢਵਾਲਣ—ਵਾਹ ਪੰਡਿਤਾ ਜੀ ਦੀ ਮਾਤਾ ! ਆਖੀ ਤਾਂ ਕਲੇਜਾ ਸਹਿਮ ਨਾਲ ਠੰਢਾ ਯਖ ਕਰ ਦੇਣ ਵਾਲੀ ਹਈ, ਪਰ ਜ੍ਵਾਲਾ ਮੁਖੀ ਦੀਆਂ ਲਾਟਾਂ ਨੂੰ ਕੌਣ ਬੁਝਾਵੇ। ਇਹ ਤਾਂ, ਖਬਰੇ ਜੇ ਖਸਮ ਨੇ ਤ੍ਰਾਹ ਵੀ ਦਿੱਤਾ ਤੇ ਦੁਖਾਂ ਦੀਆਂ ਬਰਫਾਂ ਲਹਿ ਵੀ ਪਈਆਂ ਤਾਂ ਬੀ ਲਟ ਲਟ ਕਰਦੀਆਂ ਹੀ ਰਹਿਣਗੀਆਂ। ਭਗਵਾਨ ਮੇਰੇ ਉਚੇ ਬੋਲਾਂ ਨੂੰ ਨੀਵਾਂ ਨਾ ਕਰੇ ਆਪ ਜੁ ਉੱਚਾ ਹੈ, ਉੱਚਾ ਰੱਖਣਾ ਉਸ ਦਾ ਬਿਰਦ ਹੈ। ਹੈ ਨਾਂ?(ਤਾੜੀ ਮਾਰਕੇ ਹੱਸ ਪਈ); ਪਰ ਹੁਣ ਦੀ ਘੜੀ ਕੌਣ ਦਿਲਗੀਰੀ ਕਰੇ ?

ਸਨਿੱਕੋ (ਹੌਲੇ ਜਿਹੇ)—ਕਾਸ਼ ! 'ਹੁਣ' ਸੰਭਾਲਣ ਦੀ ਜਾਚ ਅੰਤਰ-ਮੁਖ-ਸੁਖ ਦੀ ਆ ਜਾਵੇ, ਤਾਂ ਤੇਰਾ ਪਾਰ ਉਤਾਰਾ ਹੋ ਜਾਵੇ।

ਰਾਣੀ ਡਢਵਾਲਨ (ਸੁਣ ਕੇ)—ਇਹ ਪਾਰ ਉਤਾਰਨ ਵਾਲੀ ਕੌਣ ਕੁਸਕੀ ਹੈ ? (ਤੱਕਕੇ) ਅੱਛਾ ! ਇਹੋ ਭਾਵੇਂ ਪੰਡਤਾਣੀ ਦੀ ਸਖੀ ਤੇ ਅੰਤ੍ਰਿੰਗ ਸਹੇਲੀ ਹੈ। ਕਿਉਂ ਨਾ ਹੋਵੇ, ਕੀ ਆਖਿਆ ਈ ਅੰਤਰ ਮੁਖ ਹੋ ਕੇ 'ਹੁਣ ਵਿੱਚ' ਸੁਖੀ ਜੀਵਾਂ ? ਓ ਭੋਲਾਏ ! ਅੰਤਰ ਮੁਖ ਅਗਲੇ ਜਨਮ, ਇਹ ਜਨਮ ਸਫਲ ਹੋ ਗਿਆ ਈ। 'ਦਰਸ਼ਨ ਹੋ ਗਏ' ਏਸ ਇਹ ਨਸ਼ਾ ਇਸ ਜਨਮ ਲਈ ਬਤੇਰਾ ਹੈ। ਸੇਵਾ, ਭਗਤੀ, ਪਿਆਰ, ਕਲਗੀਆਂ ਵਾਲੇ ਦਾ ਅਗਲੇ ਜਨਮ ਕਮਾਵਾਂਗੇ। ਇਸ ਜਨਮ ਤਾਂ ਇਹ ਨਸ਼ਾ ਹੀ ਨਹੀਂ ਉਤਰਨਾ ਕਿ ਮੇਰੇ ਜੇਹਾ ਕੌਣ ਹੈ ਜਿਸ ਨੂੰ ਸਾਖਯਾਤ ਬ੍ਰਹਮ ਦੇ ਦਰਸ਼ਨ ਹੋ ਗਏ ? ਜਿਸ ਲਈ ਰਿਸ਼ੀ ਧਿਆਨ ਧਰਦੇ ਤੇ ਤਪੀ ਤਪ ਸਾਧਦੇ ਹਨ, ਉਹ ਨੈਣੀਂ ਵੇਖ ਲਿਆ, ਕਿਸ ਨੇ ? ਮੇਰੇ ਵਰਗੀ ਬੜ-ਬੋਲਣ, ਬੇਅਕਲ, ਗੁਸਤਾਖ ਨੇ, ਪਤੀ ਅਵੱਗਿਆ ਕਰਨ ਵਾਲੀ ਨੇ, ਹਾਂ ਦਰਸ਼ਨ ਪਾ ਲਿਆ ਪਾਪੀਆਂ ਨੂੰ ਵੀ ਦਰਸ਼ਨ ਦੇਂਦਾ ਹੈ। ਮੇਰੇ ਵਰਗੀ ਨੂੰ ਭੀ ਦਿੱਸ ਪਿਆ ਏ। ਏਹ ਨਸ਼ਾ ਕਲ ਦਾ ਚੜ੍ਹਿਆ 'ਕਿ ਮੈਂ ਦਰਸ਼ਨ ਪਾਇਆ ਹੈ' ਇਸ ਜਨਮ ਨਹੀਂ ਲਹਿਣ ਲੱਗਾ ਸਨਿੱਕੋ ? ਅਗਲੇ ਜਨਮ, ਹਾਂ, ਅਗਲੇ ਜਨਮ, ਤਪ ਕਰਾਂਗੇ, ਘਾਲਾਂ ਘਾਲਾਂਗੇ। ਏਸ ਜਨਮ ਖੁਸ਼ੀਆਂ, ਰੱਬ ਨੇ ਧਨ ਦਿੱਤਾ, ਧਾਮ ਦਿੱਤਾ, ਪਤੀ ਦਿੱਤਾ ਤੇ ਪਤੀ ਮੇਰੇ ਵੱਸ ਪਤੀ ਦਿੱਤਾ, ਫੇਰ ਰੁਮਾਨ ਭਰੀ, ਅਭਿਮਾਨ ਭਰੀ, ਮਾਨਮਤੀ ਦੀ ਰਿੱਚੀ ਦੇ ਮਣਕੇ (ਤਾਲੀ ਮਾਰਕੇ ਹੱਸ ਪਈ) ਨਹੀਂ ਤੋੜੇ ਸੂ। ਆਪਣਾ ਦਰਸ਼ਨ ਦਿੱਤਾ ਸੂ, ਮੈਨੂੰ ਬਰੀਕ ਪੀਹਕੇ ਆਪਣੀ ਬਰੀਕੀ ਨਹੀਂ ਸੂ ਦ੍ਰਿਖਾਈ, ਮੇਰੇ ਮੋਟੇ ਹਰਨਾਂ ਵਰਗੇ ਤੇ ਕੰਵਲਾਂ ਵਰਗੇ ਨੈਣ-ਕਟੋਰੀਆਂ

*ਬਹੁਤ ਸਮੇਂ ਮਗਰੋਂ ਚੂਹੜ ਨਾਮੇ ਫਕੀਰ ਨੇ ਇਹ ਕਥਾ ਸੁਣਕੇ ਇਕ ਛੰਦ ਰਚਿਆ:—
ਜ਼ਾਲਾ ਹਾਰ ਟੁੱਟੇ ਅਧ ਵਿਚੋਂ ਤੇਰੇ ਬੀਵਣ ਲਾਲ ਅਜਾਈਂ।
ਜੇ ਜਾਣਾਂ ਹਾਰੀ ਨੂੰ ਹਾਰ ਹਰੇਂਦਾ ਤਾਂ ਹਾਰੇ ਹਥ ਨ ਲਾਈਂ।
ਇਕ ਭੁਹਾਗ ਬਿਆ ਜਗ ਦੀ ਜ਼ੁਹਰਤ ਮੈਂ ਕਿਸਥੇ ਆਖ ਸੁਣਾਈਂ?
ਚੂਹੜ ਮਨ ਵਧੇ ਦੀਆਂ ਮਾਰਾਂ, ਮੈਂ ਮੁੱਠੀਆਂ ਬੇ ਪਰਵਾਹੀਂ।

ਨੂੰ ਦਰਸ਼ਨ—ਹਾਂ ਦਿੱਸਦੇ ਚਮਕਦੇ ਸੂਰਜ ਦਰਸ਼ਨਾਂ, ਜ਼ਾਹਰ ਪਰਤੱਖ ਦਰਸ਼ਨਾਂ—ਦੀ ਦਾਤ ਨਾਲ ਭਰ ਦਿੱਤਾ ਸੂ। ਕਿਉਂ ਸਨਿੱਕੋ ! ਏਸ ਮਿਹਰ ਦਾ ਸ਼ੁਕਰ ਇਕ ਜਨਮ ਵਿਚ ਪੂਰਾ ਹੋ ਸਕਦਾ ਹੈ ? ਦੱਸ ਅੰਤਰ ਮੁਖੇ ! ਅੱਖਾਂ ਕਿਉਂ ਨੂਟ ਬੈਠੀ ਏਂ ? ਮੀਟੇ ਛੱਪਰਾਂ ਵਿਚੋਂ ਮੋਤੀ ਨਾ ਕੇਰ, ਮੈਂ ਜੌਹਰੀ ਨਹੀਂ, ਮੈਨੂੰ ਮੇਰੇ ਕੰਨਾਂ ਦੇ ਸੁਣਨ ਗੋਚਰੇ ਅੱਖਰਾਂ ਵਿਚ ਕਹੁ ਖਾਂ, ਕੀ ਇਕ ਜਨਮ ਵਿਚ ਏਸ ਮਿਹਰ ਦਾ ਸ਼ੁਕਰ, ਇਕ ਪਾਪੀ, ਜਿਸ ਦੇ ਲੂੰ ਭੀ ਜੀਭਾਂ ਹੋ ਜਾਣ ਤੇ ਕਰਦਾ ਬੀ ਸ਼ੁਕਰ ਦਿਨੇ ਰਾਤ ਰਹੇ, ਕਦੇ ਸ਼ੁਕਰ ਪੂਰਾ ਕਰ ਸਕਦਾ ਹੈ ? ਹੋਵੇ ਆਪ ਪਵਿੱਤ੍ਰਤਾ ਦਾ ਬਲਦਾ ਭਾਂਬੜ ਤੇ ਦਰਸ਼ਨ ਦੇਵੇ ਮੇਰੇ ਵਰਗੇ ਅਭਿਮਾਨੀਆਂ ਨੂੰ। ਸਨਿੱਕੋ ! ਇਸ ਮਿਹਰ ਦਾ ਸ਼ੁਕਰ,ਇਸ ਮਿਹਰ ਦਾ ਨਸ਼ਾ ਨੀ ਆਹੋ ਨੀ ਗਿਆਨਣੇ ! ਇਸ ਮਿਹਰ ਦਾ ਅਘੁਮਾਨ ਨੀ, ਅਘੁਮਾਨ, ਨੀ ਨੀ ਮੈਂ ਭੁੱਲੀ, ਅਭਮਾਨ ਨੀ ਅਭਮਾਨ, ਕਾਫੀ ਹੈ, ਬੱਸ ਹੈ। ਅਗਲੇ ਜਨਮ ਤੇਰੀਆਂ ਮੇਰੀਆਂ ਗੱਲਾਂ, ਵੇਰ ਕਰਾਂਗੇ ਤੇਰੇ ਨਾਲ ਰਲਕੇ, 'ਅੰਤਰ ਮੁਖ ਧਿਆਨ' ਤੇ 'ਹੁਣ' ਨੂੰ ਸੰਭਾਲਾਂਗੇ ਕਿਸੇ ਹੋਰ ਸੁਖ ਵਿਚ, ਜਿਸ ਵਿਚ ਮੈਂ ਮਹੀਨ ਹੋ ਗਈ ਹੋਵਾਂਗੀ, ਹਾਲੇ ਤਾਂ ਮੈਂ ਮੈਂਗਲ ਹਾਂ, ਮੋਟੀ ਮੋਟੀ, ਫੁੱਲੀ ਫੁੱਲੀ, ਨੁੱਲੀ ਨੁੱਲੀ। ਮੇਰੇ ਲਈ ਸ਼ੁਕਰ ਸ਼ੁਕਰ ਬਸ ਹੈ ਕਿ ਮੈਨੂੰ ਦਿਤੇ ਸੂ ਆਪਣੇ ਦਰਸ਼ਨ।

ਪਦਮਾ (ਗੱਲ ਟੁੱਕਕੇ)—ਖਿਮਾਂ ਕਰਨੀ, ਤੁਹਾਡੇ ਕਟਾਖਜ਼ ਗੁਹਜ ਹਨ।

ਰਾਣੀ ਡਢਵਾਲਣ—ਮੂੰਹ ਫੱਟੇ ਅਭਮਾਨੀ ਹਾਂ ਤੇ ਜਾਣਦੇ ਹਾਂ ਕਿ ਜਗਤ ਮਿਰਖਾਦਾ ਇਹ ਨਹੀਂ, ਪਰ ਪੇਸ਼ ਨਹੀਂ ਜਾਂਦੀ ਆਪਣੇ ਇਸ ਅਭਿਮਾਨ ਨਾਲ, ਉਤੋਂ ਅੱਜ ਹੋਰ ਨਸ਼ਾ ਚੜ੍ਹ ਗਿਆ ਹੈ। ਇਕ ਸੀ ਕਮਲੀ ਉਤੋਂ ਪੀ ਲਈ ਭੰਗ।

ਰਾਣੀ ਸ੍ਰੀ ਨਗਰਨ—ਮੇਰੀ ਵੀ ਸੁਣੋਂ ! ਮੇਰਾ ਜੀ ਇਹ ਕੀਤਾ ਹੈ ਤੇ ਮੈਂ ਰਾਜੇ ਨੂੰ ਕਿਹਾ ਹੈ ਕਿ ਦੇਸ਼ ਭਾਰ ਹੇਠ ਹੈ, ਰਾਜ ਉਪੱਦ੍ਰਵ ਹੋ ਰਿਹਾ ਹੈ, ਇਹ 'ਧਰਾ-ਭਾਰ ਹਰਨ ਆਏ' ਪ੍ਰਤੱਖ ਦਿੱਸਦੇ ਹਨ। ਤੁਸੀਂ ਹੁਣ ਸੁਲ੍ਹਾ ਕਰਨ ਆਏ ਹੋ, ਸੁਲ੍ਹਾ ਹੀ ਨਾ ਕਰੋ ਸ਼ਰਨ ਲੈਕੇ ਇਕ ਭਾਰੀ ਦਲ ਸਿੱਖਾਂ ਤੇ ਰਾਜ-ਪੂਤਾਂ ਦਾ ਕੱਠਾ ਕਰਕੇ ਭਾਰਤ ਦਾ ਭਾਰ ਹਰ ਦਿਓ। ਸੋ ਭੈਣੇ ! ਮੈਨੂੰ ਤਾਂ 'ਧਰਾ-ਭਾਰ-ਹਰਨ' ਦਿੱਸਦੇ ਹਨ।

ਰਾਣੀ ਬਿਲਾਸਣ—ਮੈਨੂੰ ਕੁਛ ਨਹੀਂ ਦਿੱਸਿਆ ਇਕ ਚਾਨਣਾ ਸੀ ਤੇ ਚਾਨਣੇ ਵਿਚ ਹੋਰ ਚਾਨਣਾ ਸੀ ਤੇ ਚਾਨਣ ਦੇ ਫੁੱਲ ਚਾਨਣੇ ਅਕਾਸ਼ ਤੋਂ ਵਹਿ ਰਹੇ ਸਨ ਤੇ ਕੋਈ ਕਹਿ ਰਿਹਾ ਸੀ, ਖਾਕੀ ਜਾਮੇ ਤੇ ਨਹੀਂ ਭੁੱਲਣਾ। ਮੇਰੇ ਖਿਆਲ ਵਿਚ ਸਾਖਯਾਤ ਗੁਰੂ ਹਨ ਤੇ ਗੁਰੂਆਂ ਦੇ ਗੁਰੂ ਹਨ, ਸ਼ਬਦ ਦੇ ਦਾਤੇ ਹਨ। ਮੈਂ ਅੱਗੇ ਮੰਤ੍ਰ ਲੀਤਾ ਹੋਇਆ ਹੈ: 'ਅਯੰ ਆਤਮਾ ਬ੍ਰਹਮ' ਤੇ ਨਿੱਤ ਜਪਦੀ ਹਾਂ, ਪਰ ਹਜ਼ੂਰ ਵਿਚ ਜਾ ਕੇ ਇਹ ਭੁੱਲ ਗਿਆ ਤੇ ਜੀਭ ਤੇ ਚੜ੍ਹ ਗਿਆ 'ਵਾਹਿਗੁਰੂ'। ਇਸ ਤੋਂ ਮੈਂ ਜਾਤਾ ਕਿ ਜੁਗ ਜੁਗ ਦਾ ਗੁਰੂ, ਗੁਰੂਆਂ ਦਾ ਗੁਰੂ ਇਹੋ ਹੈ।

ਰਾਣੀ ਡਢਵਾਲਣ—ਸਭੇ ਝਿਲਮਿਲ ਝਿਲਮਿਲ, ਜੋ ਸਾਡੀ ਰਾਇ ਸੋ ਠੀਕ।

ਪਦਮਾ—ਮੇਰੀ ਇਕ ਮਾਵਾਂ ਤੋਂ ਵੱਡੀਆਂ ਅਰੋ ਬੇਨਤੀ ਹੈ, ਉਹ ਇਹ ਹੈ ਕਿ ਕੀ ਤੁਸਾਂ ਕੋਈ ਪ੍ਰੀਖਿਆ ਭੀ ਕੀਤੀ ਹੈ ?

ਸਾਰੀਆਂ—ਨਹੀਂ ਜੀ !

ਰਾਣੀ ਡਢਵਾਲਣ—ਸੁਣ ਨੀ ਪੜ੍ਹੀਏ ਗੁੜ੍ਹੀਏ ! ਟਕੇ ਸੇਰੀ ਗੱਲ। ਦੋ ਤਰ੍ਹਾਂ ਦੇ ਹੁੰਦੇ ਨੀ ਪਰਵਾਨੇ, ਪਰਵਾਨੇ ਜਾਣਨੀਂ ਹੈਂ ਨਾ ? ਭੰਬਟ ! ਇਕ ਤਾਂ ਲਾਟ ਵੇਖਦਿਆਂ ਲਾਟ ਨੂੰ ਜੱਫੀ ਪਾਕੇ ਲਾਟ ਵਿਚ ਸਮਾ ਜਾਂਦੇ ਹਨ, ਦੂਜੇ ਨੇੜੇ ਹੋ ਹੋ ਪਰਖਦੇ ਹਨ ਕਿ ਉਹੋ ਹੈ ਕਿ ਕੋਈ ਹੋਰ। ਉਹ ਪਰਖਦੇ ਪਰਖਦੇ ਖੰਭ ਸੜਵਾ ਡਿੱਗ ਪੈਂਦੇ ਹਨ, ਫੇਰ ਕੋਲ ਪੁਜਣ ਜੋਗੇ ਨਹੀਂ ਰਹਿੰਦੇ, ਤੇ ਪ੍ਰੀਖਿਆ ਹੋ ਗਈ ਕਰਕੇ ਸਿੱਕ ਵਧ ਜਾਂਦੀ ਹੈ, ਸੋ ਵਧਦੀ ਸਿੱਕ ਵਿਚ ਕਿ ਕਿਵੇਂ ਮਿਲੀਏ, ਤੜਫਦੇ ਹਨ। ਕਦੇ ਡਿੱਠੇ ਨੀ ਕਿ ਨਹੀਂ ਦੀਵੇ ਦ ਹੇਠਾਂ ਡਿਗੇ ਹੋਏ ਖੰਭ ਸੜੇ ਭੰਬਟ, ਤੜਫਦੇ ਤੇ ਸਹਿਕਦੇ ਤੇ ਲਾਟ ਤੋਂ ਦੂਰ ਹੀ ਦੂਰ ਸਿੱਕਦੇ ਤੇ ਸਿਸਕਦੇ।

ਪਦਮਾ—ਤੇ ਕੋਈ ਐਸੇ ਨਹੀਂ ਹੁੰਦੇ ਜੋ ਪਰਖਦੇ ਹਨ ਤੇ ਪਰਖਕੇ ਪਰਖਦੇ ਸਾਰ ਲਾਟ ਵਿਚ ਪਰਵੇਸ਼ ਕਰ ਜਾਂਦੇ ਹਨ ?

ਰਾਣੀ ਡਢਵਾਲਣ—ਹਾਂ ਨੀ ਕੁੜੀਏ ਆਹੋ ਨੀ, ਸੱਚੀਂ ਨੀ, ਐਹੋ ਜੇਹੇ ਬੀ ਹੁੰਦੇ ਨੀ, ਨੀ ਤੂੰ ਤਾਂ ਕੁਛ ਸਿਆਣੀ ਹੈਂ ਨੀ ਧੀਏ ! ਲੈ ਹੁਣ ਪਰਖ, ਪਰ ਫੇਰ

ਕੁਛ ਸਾਨੂੰ ਬੀ ਦੱਸੇਂਗੀ ਕਿ ਉਥੇ ਹੀ ਰਹਿ ਜਾਏਂਗੀ। ਪਰ ਅਸਾਂ ਪਰਤਾਵੇ ਦੀ ਸੁਣਕੇ ਕੀਹ ਲੈਣਾ ਹੈ? ਸਾਨੂੰ ਤਾਂ ਚੜ੍ਹ ਗਿਆ ਹੈ ਨਸ਼ਾ। 'ਖੁਸ਼ੀਆਂ ਨਿੱਤ ਨਵੀਆਂ ਮੇਰੇ ਸਤਿਗੁਰ ਦੇ ਦਰਬਾਰ' ਸਿੱਖ ਗਾਉਂਦੇ ਸੁਣੀਂਦੇ ਸਨ, ਸੋ ਲੈ ਲਈਆਂ ਖੁਸ਼ੀਆਂ, ਸਾਖਯਾਤ ਹੈ ਸਾਖਯਾਤ।

ਪਦਮਾ—ਮੇਰੀ ਬੇਨਤੀ ਇਹ ਹੈ ਕਿ ਜੇ ਮੇਰੀਪਰਖ ਵੀ ਤੁਸਾਡੇ ਖਿਆਲਾਂ ਨਾਲ ਮਿਲ ਜਾਵੇ ਤਾਂ ਮੈਂ ਪਿਤਾ ਜੀ ਨੂੰ ਬਿਨੈ ਕਰਾਂਗੀ ਤੇ ਤਸੀਂ ਬੀ ਆਪਣੇ ਆਪਣੇ ਸਿਰਤਾਜਾਂ ਤੇ ਜ਼ੋਰ ਪਾਓ ਕਿ ਇਹ ਜੰਗ ਬੰਦ ਹੋਣ ਤੇ ਇਕ ਭਾਰੀ ਤਾਕਤ ਤੁਰਕ ਰਾਜ ਦੇ ਵਿਰੁੱਧ ਬਣ ਜਾਵੇ।

ਰਾਣੀ ਛਢਵਾਲਣ—ਆਖਣਾ ਕੀ ਏ ? ਏਹ ਪਹਾੜੀਏ ਮਾਹਣੂੰ ਖਿਨ ਤੋਲਾ ਖਿਨ ਮਾਸਾ, ਤਵੇ ਦੀ ਛਿੱਟ, ਪਲ ਭਰ ਸੂੰ ਸੂੰ, ਫੇਰ ਤੱਤੇ ਦਾ ਤੱਤਾ। ਕੱਲ੍ਹ ਦੇ ਸਾਰੇ ਲੱਟੂ ਹੋ ਗਏ ਹਨ, ਮੇਰਾ ਮੁਣਸ ਤਾਂ ਅੰਮ੍ਰਿਤ ਛਕਕੇ ਤਿਆਰ ਬਰ ਤਿਆਰ ਹੋਣ ਨੂੰ ਤਿਆਰ ਹੈ, ਪਰ ਕਲ ਕੀ ਵਰਤੂ? ਕੌਣ ਜਾਣੇ। ਗੱਲ ਤਾਂ ਕਾਕੀ! ਤੇਰੀਸ਼ੁਭ ਹੋ ਤੇ ਹੋ ਬੀ ਜਾਊ, ਪਰ ਜਦੋਂ ਤੁਰਕਾਂ ਮਾਰੀ ਭਬਕੀ, ਆਇਆ ਅੰਦਰਖਾਨੇ ਇਸ਼ਾਰਾ ਦਿੱਲੀਓਂ, ਤਦ ਸਭ ਨੇ ਡੱਡੂਆਂ ਦੀ ਪਸੇਰੀ ਬਣ ਜਾਣਾਹੈ। ਫਸਾਦ ਤਾਂ ਸਾਰੇ ਨੁਰੰਗੇ ਦੇ ਇਸ਼ਾਰਿਆਂ ਦੇ ਹਨ ਜੋ ਆਪੋ ਵਿਚ ਲੜਾ ਮਰਾ ਰਿਹਾ ਹੈ, ਉਂਜ ਕਰੋ ਜਤਨ।

ਪਦਮਾ—ਫੇਰ ਜੋ ਅਗੋਂ ਭਗਵਾਨ ਕਰੇ, ਪਰ ਇਕ ਵੇਰੀ ਸ਼ਭ ਜਤਨ ਹੋ ਜਾਏ।

ਛਢਵਾਲਨ—ਪ੍ਰੀਖਿਆ ਸੰਭਾਲਕੇ ਕਰੀਂ, ਜੋ ਪਰਖ ਵਿਚ ਪੂਰਾ ਉਤਰੇ ਉਸਅਗੇ ਕੁਛ ਅਰਪਣਾ ਪੈਂਦਾਹੈ ਜੋ 'ਆਪਿਓਂ' ਘੱਟ ਨਹੀਂ ਹੁੰਦਾ। ਸੁਣਿਆ ਈ ਬੱਚੀਏ। ਪ੍ਰੀਖਿਆ ਕਰਨੀ ਆਪਾ ਹੋਮ ਕਰਨਾ ਹੁੰਦਾ ਹੈ।

ਸਾਰੀਆਂ—ਜ਼ਰੂਰ ਹੋ ਜਾਏ।

ਬਹੁਤ ਸਾਰੀਆਂ ਗਲਾਂ ਬਾਤਾਂ ਕਰਕੇ ਰਾਣੀਆਂ ਵਿਦਾ ਹੋ ਆਪੋ ਆਪਣੇ ਡੇਰੇ ਚਲੀਆਂ ਗਈਆਂ।

ਪ.

ਪਦਮਾ ਆਪਣੇ ਤੰਬੂ ਵਿਚ ਬੈਠੀ ਹੈ ਕਿ ਰਾਜਾ ਜੀ ਆ ਗਏ।

ਪਦਮਾ—ਪਿਤਾ ਜੀਉ! ਅੱਜ ਅਸਾਂ ਸਭ ਰਾਣੀਆਂ ਤੋਂ ਗੁਰੂ ਜੀ ਦੇ ਦਰਸ਼ਨਾਂ ਦੇ ਹਾਲ ਸੁਣ ਹਨ, ਸਭ ਉਨ੍ਹਾਂ ਨੂੰ ਅਵਤਾਰ ਮੰਨਦੀਆਂ ਹਨ।

ਰਾਜਾ—ਕੱਲ ਰਾਜਿਆਂ ਦੀ ਮੁਲਾਕਾਤ ਦਾ ਬੀ ਇਹੋ ਅਸਰ ਹੈ। ਸਾਰੇ ਉਥੇ ਗਏ ਸਨ, ਸਾਰੇ ਅਫਸੋਸ ਕਰਦੇ ਹਨ ਕਿ ਇਨ੍ਹਾਂ ਨਾਲ ਲੜੇ ਕਿਉਂ, ਇਹ ਤਾਂ ਨਿਰਚਾਹ ਪੂਰਨ ਤਿਆਗ ਵਿਚ ਬਿਰਤੀ ਰਖਦੇ ਹਨ ਤੇ ਕੇਵਲ ਸ੍ਰਿਸ਼ਟੀ ਦਾ ਭਾਰ ਹਰਨਾ ਲੋਚਦੇ ਹਨ। ਭੋਂ ਕਿ ਮਾਲ ਕਿਸੇ ਦੇ ਭੁੱਖੇ ਨਹੀਂ ਹਨ।

ਪਦਮਾ—ਫੇਰ ਪਿਤਾ ਜੀ! ਐਸੇ ਬੀਤ-ਰਾਗ ਮਹਾਂ ਪੁਰਸ਼ਾਂ ਨਾਲ ਜੰਗ ਬੰਦ ਹੋ ਜਾਏ।

ਰਾਜਾ—ਇਸ ਵੇਲੇ ਤਾਂ ਬੰਦ ਹੋਣ ਦੀ ਥਾਂ ਮੁੱਖ ਹੋਣ ਨੂੰ ਬੀ ਕਈ ਤਿਆਰ ਹਨ। ਐਸਾ ਸਤਿਗੁਰ ਦੇ ਦਰਸ਼ਨ ਤੇ ਵਾਕਾਂ ਨੇ ਮੋਹਿਆ ਹੈ।

ਪਦਮਾ—ਫੇਰ ਕੀ ਕਸਰ ਹੈ ?

ਰਾਜਾ-ਪਦਮਾ ਕੁਛ ਨਹੀਂ ਕਰਨ ਦਿੰਦਾ, ਉਹ ਚਾਹੁੰਦਾ ਹੈ ਕਿ ਓਪਰੀ ਓਪਰੀ ਸੁਲ੍ਹਾ ਹੋ ਜਾਵੇ, ਮੈਂ ਵਿਚ ਚੌਧਰੀ ਬਣਿਆ ਰਹਾਂ। ਇੰਨਾਂ ਮੇਲ ਰਾਜਿਆਂ ਦਾ ਨਾਂ ਹੋਵੇ ਕਿ ਮੇਰੀ ਲੰਡ ਉੱਠ ਜਾਵੇ।

ਪਦਮਾ—ਫੇਰ ਰਾਜੇ ਆਪ ਸਮਝ ਲੈਣ, ਇਕ ਨੌਕਰ ਦੇ ਵੱਸ ਨਾ ਪੈਣ।

ਰਾਜਾ—ਉਹ ਬੜਾ ਨਟ ਖਟ ਹੈ, ਸੱਪ ਹੈ ਲਿਫਣਾ, ਤਿਲਕਣਾ ਤੇ ਕੁੱਝ ਡੰਗ ਮਾਰਨਾ।

ਪਦਮਾ-ਪਰ ਜਦ ਮਾਲਕ ਸੁਚੇਤ ਰਹੇ ਤਾਂ ਫੇਰ?

ਰਾਜਾ—ਠੀਕ ਹੈ ਬੇਟਾ! ਹੁਣ ਆਸ ਤਾਂ ਹੈ ਕਿ ਸ਼ਾਂਤੀ ਰਹੇਗੀ, ਪਰ.....।

ਪਦਮਾ—'ਪਰ' ਕਹਿ ਕੇ ਚੁੱਪ ਹੋ ਗਏ ਹੋ ਪਿਤਾ ਪਿਆਰੇ ਜੀਉ ਜੀ ?

ਰਾਜਾ—ਕੋਈ ਸੁਣਦਾ ਨਾ ਹੋਵੇ ?

ਪਦਮਾ (ਉੱਠ ਕੇ ਤੰਬੂ ਦੇ ਬਾਹਰ ਗਈ, ਕੋਈ ਨੇੜੇ ਨਹੀਂ ਸੀ, ਸਨਿੱਕੇ ਸੀ, ਸੋ ਦੂਰ ਖੜੀ ਸੀ ਤੇ ਹੋਰ ਗੋਲੀਆਂ ਉਸ ਤੋਂ ਬੀ ਪਰੇ ਸਨ, ਸੋ ਮੁੜ ਆਈ)—ਪਿਤਾ ਜੀਉ! ਲਾਗੇ ਨੇੜੇ ਕੋਈ ਨਹੀਂ।

ਰਾਜਾ—(ਹੌਲੇ ਜਿਹੇ)—ਅਸੀਂ ਰਾਜੇ ਤਾਂ ਸ਼ਤਰੰਜ ਦੇ ਮੋਹਰੇ ਹਾਂ। ਜਿਸ ਵੇਲੇ ਉਤੋਂ ਕੰਨ-ਮਰੋੜੀ ਹੋ ਗਈ, ਅਸਾਂ ਇਸ਼ਾਰੇ ਦੀ ਚਾਲ ਟੁਰ ਪੈਣਾ। ਕੌਣ ਰਾਜ ਭਾਗ ਗੁਆਏ ਤੇ ਘਾਣ ਬੱਚਾ ਪਿੜਵਾਏ? ਇੱਸੇ ਕਰਕੇ ਮੈਂ ਸੋਚ ਵਿਚ ਹਾਂ ਕਿ ਅੰਮ੍ਰਿਤ ਰਾਜੇ ਨਾ ਛਕਣ, ਸਿੱਖ ਨਾ ਬਣਨ, ਕਿਉਂਕਿ ਸਿੱਖ ਬਣ ਕੇ ਜਦੋਂ ਦਿੱਲੀ ਦਾ ਇਸ਼ਾਰਾ ਆਇਆ ਤਾਂ ਅਸੀਂ ਜੇ ਨਾ ਮੰਨਿਆ ਤਾਂ ਰਾਜ ਗਏ ਤੇ ਜੇ ਮੰਨਿਆ ਤਾਂ ਭਾਗ ਗਿਆ, ਗੁਰੂ ਤੋਂ ਬੇਮੁਖ ਹੋਏ ਨੂੰ ਨਰਕੀਂ ਠੌਰ ਨਹੀਂ ਹੈ।

ਕਾਕੀ ! ਮੈਂ ਇਨ੍ਹਾਂ ਸਚਾਂ ਵਿਚ ਪੈ ਰਿਹਾ ਹਾਂ। ਹੋਰ ਗੁਰੂ ਜੀ ਸੱਚ ਮੁੱਚ ਮਹਾਂ ਪੁਰਖ ਹਨ, ਰਾਜਿਆਂ ਤੇ ਰਾਣੀਆਂ ਸਭ ਪਰ ਉਨ੍ਹਾਂ ਦਾ ਅਸਰ ਪਿਆ ਹੈ। ਇਕ ਪਰਮਾ ਅਜਮੇਰ ਚੰਦ ਨੂੰ ਅਜੇ ਵੀ ਭੁਤਲਾ ਰਿਹਾ ਹੈ।

ਪਦਮਾ—ਪਿਤਾ ਜੀ ! ਆਪ ਦੀ ਸੋਚ ਠੀਕ ਹੈ, ਜੇ ਕਦੇ ਉਹ ਈਸ਼ੂਰ ਵਲੋਂ ਹਨ, ਜੈਸੇ ਲੋਕ ਕਹਿੰਦੇ ਹਨ ਯਾ ਬੀਤ-ਰਾਗ ਪਟ-ਸੁਆਰਥੀ ਹਨ, ਜੈਸੇ ਆਪ ਕਹਿੰਦ ਹੋ ਤਾਂ ਕੀ ਉਨ੍ਹਾਂ ਨਾਲ ਲੱਗਕੇ ਸ਼ਹੀਦ ਹੋ ਜਾਣਾ ਬੀਰਤਾ ਨਹੀਂ ?

ਰਾਜਾ—ਹੈਤਾਂ ਸਹੀ, ਦਿਲ ਸਦੀਆਂ ਤੋਂ ਧੌਣਾਂਭਨਾ ਭਨਾ ਕੇ ਹਾਰ ਗਏ ਹਨ, ਹੀਆ ਨਹੀਂ ਪੈਂਦਾ, ਅੰਤ ਸਾਡੀ ਨਾਕਾਮਯਾਬੀ ਦਿਸਦੀ ਹੈ, ਇਸ ਕਰਕੇ ਸੋਚਦੈ।

ਪਦਮਾ—ਤੁਸੀਂ ਗੁਰੂ ਜੀ ਨੂੰ ਮਿਲ ਆਏ ਹੋ ?

ਰਾਜਾ—ਹਾਂ, ਬੜੇ ਹੀ ਅੱਛੇ ਹਨ।

ਪਦਮਾ—ਮੈਂ ਜਾਵਾਂ ਤੇ ਦੇਖਾਂ। ਜੇ ਕਰਾਮਾਤੀ ਹੋਣ, ਜੇ ਕਰਾਮਾਤ ਹੋਈ ਸ਼ੈ ਹੈ ਤਾਂ, ਸ਼ਾਇਦ ਉਨ੍ਹਾਂ ਦੀ ਕਰਾਮਾਤ ਰੱਖਿਆ ਕਰੇ ਤੇ ਕਾਮਯਾਬੀ ਹੋ ਜਾਵੇ।

ਰਾਜਾ—ਤੁਸੀਂ ਬੇਟਾ ! ਜਾਓ ਮਿਲੋ, ਤੁਹਾਡਾ ਮਿਲਨਾ ਸਤਿਸੰਗ ਹੈ, ਰਾਜਸੀ ਮਾਮਲੇ ਹੋਰ ਹਨ।

ਪਦਮਾ—ਮੈਂ ਪਹਿਲੇ ਪੱਤ੍ਰ ਭੇਜਣਾ ਚਾਹੁੰਦੀ ਹਾਂ।

ਰਾਜਾ—ਹਰਜ ਨਹੀਂ, ਭੇਜੋ।

ਇਹ ਕਹਿਕੇ ਰਾਜਾ ਜੀ ਆਪਣੇ ਤੰਬੂ ਨੂੰ ਚਲੇ ਗਏ ਤੇ ਸਨਿੱਕੋ ਆ ਗਈ।

ਪਦਮਾ—ਸਨਿੱਕੋਜੀ! ਮੈਂ ਆਗਯਾ ਲੈ ਲਈ ਹੈ।

ਸਨਿੱਕੋ—ਹੁਣ ਮੈਨੂੰ ਸਨਿੱਕੋ ਨਾ ਸੱਦਿਆ ਕਰੋ।

ਪਦਮਾ—ਜੋ ਕਹੋ ਸੋ ਸੱਦਾਂ, ਪਰ ਕਿਉਂ ?

ਸਨਿੱਕੋ—ਮੈਂ ਅੰਮ੍ਰਿਤ ਛਕ ਕੇ ਮਾਨ ਕੌਰ ਬਣ ਗਈ ਹਾਂ।

ਪਦਮਾ—ਭੈੜੀਏ ! ਕੱਲੀ ਕੱਲੀ।

ਸਨਿੱਕੋ—ਤੁਸੀਂ ਹੋ ਪੜ੍ਹੇ ਤੇ ਅਜੇ ਤੁਸਾਂ ਸੋ ਗਜ਼ ਤੇ ਸੌ ਤਰਾਜ਼ੂ ਲਾਉਣੇ ਹਨ ਤੇ ਮੈਂ ਹਾਂ ਸਿੱਧੀ, ਮੈਨੂੰ ਸੱਚ ਜਚ ਗਿਆ। ਵੈਬੇ ਹੀ ਮੈਂ ਤਾਂ ਭਾਈ ਸ਼ਾਮ ਸਿੰਘ ਜੀ* ਉਸ ਸਦਾ ਖਿੜੇ, ਸਦਾ ਅਨੰਦ ਦਾਤਾ ਜੀ ਦੀ ਸੰਗਤ ਤੋਂ ਹੀ ਪਤੀਜ ਗਈ ਸਾਂ।

ਪਦਮਾ—ਉਹ ਭਲੇ ਪੁਰਖ ਜਿਨ੍ਹਾਂ ਦੇ ਮੈਨੂੰ ਅੰਮ੍ਰਿਤ ਵੇਲੇ ਦਰਸ਼ਨ ਕਰਾਏ ਸਾਨੀ ?

ਸਨਿੱਕੋ—ਹਾਂ, ਉਹ ਦਾਤਾ ਨਾਨਕ।

ਪਦਮਾ—ਉਨ੍ਹਾਂ ਦੇ ਵਾਕਾਂ ਦਾ ਅਸਰ ਤੇ ਉਸ ਵੇਲੇ ਦੇ ਸ਼ਾਂਤਿ ਰਸ ਦਾ ਪਰਭਾਉ ਮੈਨੂੰ ਭੁੱਲਦਾ ਨਹੀਂ।

ਸਨਿੱਕੋ—ਤੇ ਮੈਨੂੰ ਭਰੋਸਾ ਹੈ ਕਿ ਤੁਸਾਂ ਜ਼ਰੂਰ ਤਰਨਾ ਹੈ, ਕਿਉਂਕਿ—

'ਪ੍ਰਭ ਜੀ ਬਸਹਿ ਸਾਧ ਕੀ ਰਸਨਾ' [ਸੁਖਮਨੀ

ਹੁਕਮ ਹੈ, ਤੇ ਸਾਧੂ ਜੀਭ ਨੇ ਉਸ ਵੇਲੇ ਕਿਹਾ ਸੀ 'ਸਮਰੱਥ ਸਿਰ ਹੱਥ ਧਰੇਗਾ।' ਇਹ ਵਾਕ ਪੂਰਾ ਹੋਵੇਗਾ। ਜੀਓ ਜੀ ! ਓਹ ਬੜੇ ਉੱਚੇ ਗੁਰੂ ਕੇ ਲਾਡਲੇ ਬੱਚੇ ਹਨ।

ਪਦਮਾ (ਮੁਸਕ੍ਰਾਕੇ)—ਚੱਛਾ ਸਨਿੱਕੋ !

ਮਾਨ ਕੌਰ—ਫਿਰ ਸਨਿੱਕੋ ? ਮੈਨੂੰ ਇਹ ਨਾਮ ਬਖਸ਼ ਦਿਓ?

ਪਦਮਾ—ਭੁੱਲ ਗਈ, ਮਾਨ ਕੌਰ ਜੀ ! ਦੱਸੋ ਹੁਣ ਦਰਸ਼ਨ ਸ੍ਰੀ ਗੁਰੂ ਜੀ ਦੇ ਨੂੰ ਕਦੋਂ ਚੱਲੀਏ ?

ਮਾਨ ਕੌਰ—ਜਦੋਂ ਆਖੋ, ਹੁਣੇ ਚੱਲੋ।

ਪਦਮਾ—ਮੇਰਾ ਚਿੱਤ ਪਹਿਲੇ ਚਿੱਠੀ ਭੇਜਣ ਤੇ ਹੈ।

ਮਾਨ ਕੌਰ—ਆਗਯਾ ਮੰਗਣੀ ਹੈ ਕਿ ਸਮਾਂ ਵਿਹਲ ਦਾ ਪੁਛਣਾ ਹੈ ?

ਪਦਮਾ—ਨਹੀਂ (ਝਿਜਕ ਕੇ) ਕੁਛ ਪਰਤਾਵਾ ਕਰਨਾ ਹੈ।

ਮਾਨ ਕੌਰ—ਡਰ ਪਿਆਰੀਏ ! ਪਰਤਾਵੇ ਲੈਣ ਕਿ ਉਹ ਦੇਣ ? ਤਦੇ ਮੈਂ ਕਿਹਾ ਸੀ ਕਿ ਤੇਰੇ ਪੜ੍ਹੇ ਤੇ ਡਿੰਗੇ ਮਗਜ਼ ਨੇ ਅਜੇ ਕਈ ਵਲ ਫੇਰ ਖਾਣੇ ਹਨ ! ਚੰਗਾ, ਉਥੇ ਕੇਹੜੀ ਕਸਰ ਹੈ !

ਪਦਮਾ—ਇਹ ਲੈ ਚਿੱਠੀ, ਇਸਦਾ ਲਿਆਜਵਾਬ।

ਮਾਨ—ਮੈਂ ਪੜ੍ਹ ਸਕਦੀ ਹਾਂ ?

ਪਦਮਾ—ਪੜ੍ਹ ਲੈ।

ਮਾਨ—ਉੱਚੀ ਵਾਚ ਕੇ—

ਸਾਰਾ ? ਪੌਣਾ ? ਦੂਜਾ ਗਉਣਾ ?
ਨਰ ਨਾਰੀ ਬੇ ਦੋਨੋਂ ਭਉਣਾ ?
ਕੁਛ ਖਾਧਾ ਕੁਛ ਲੈਕੇ ਸਉਣਾ ?
ਉੱਤਰ ਦਿਓ ਗੁਰੂ ਜੀ ਕਉਣਾ ?

ਖੂਬ ਪ੍ਰਸ਼ਨ ਕੀਤੇ ਜੇ।

*'ਪ੍ਰੀਤਮ ਜੀ' ਵਿਚ ਜੋ 'ਰਾਜਾ ਜੀ ਦੇ ਸਿਪਾਹੀ' ਕਰਕੇ ਆਏ ਹਨ।

ਇਹ ਕਹਿਕੇ ਖਤ ਅਤਲਸੀ (ਖਰੀਤੇ) ਲਫਾਫ ਵਿਚ ਪਾ ਕੇ ਨੌਕਰਾਣੀ ਦੇ ਹੱਥ ਦਿੱਤਾ ਕਿ ਜਾਓ ਗੁਰੂ ਜੀ ਤੋਂ ਜਵਾਬ ਲੈਕੇ ਆਓ।

ਨੌਕਰਾਣੀ 'ਸੱਤ ਬਚਨ' ਕਹਿਕੇ ਚਲੀ ਗਈ ਤੇ ਕੁਛ ਚਿਰ ਬਾਦ ਜਵਾਬ ਲੈਕੇ ਆ ਗਈ। ਜੋ ਮਾਨਕੌਰ ਨੇ ਦੇਹਲਿਆ ਤੇ ਪੜ੍ਹ

ਸੁਣਾਇਆਃ–

"ਜਾਣੈਂ ਸਾਰਾ ਦੇਵ ਦੇਹ, ਪੌਣਾ ਮਾਨਸ ਦੇਹ।
ਦੁਬਿਧਾ ਦੂਜੀ ਗਵਨ ਕਰ, ਨਰ ਨਾਰੀ ਹੁਏ ਖੇਹ।
ਉਭੈਲੋਕ ਭਉਂਦਾ ਫਿਰੇ,ਖੁਛ ਖਾਧਾ ਖਰਚ ਜਿ ਮਾਲ,
ਪ੍ਰਲੈ ਭਈ ਸਉਣਾ ਹੂਆ, ਉੱਤਰ ਤੁਮਰਾ ਬਾਲ।"

ਸਮਝੇ ? ਪਦਮਾ–ਹਾਂ।

ਮਾਨ–ਮੈਨੂੰ ਬੀ ਸਮਝਾਓ।

ਪਦਮਾ–ਮੈਂ ਪੁਛਿਆ ਸੀ ਸਾਰਾ ਕੌਣ ਹੈ ਤੇ ਪਉਣਾ ਕੌਣ ਹੈ, ਤੇ ਦੂਜਾ ਤੇ ਗਉਣਾ (ਟੁਰ ਪੈਣਾ) ਕੀ ਹੈ ? ਦੋ ਭੈਣ (ਘਰ) ਨਰ ਨਾਰ ਦੇ ਕਿਹੜੇ ਹਨ ? ਕੁਛ ਖਾਕੇ ਕੁਛ ਨਾਲ ਲੈਕੇ ਉਹ ਸੌਂ ਗਏ, ਦੱਸੋ ਇਹ ਕੀ ਹੈ ? ਉੱਤਰ ਦੇਂਦੇ ਹਨ ਕਿ 'ਦੇਵ ਤਨ'ਤਾਂ ਸਾਰਾ ਹੈ, ਤੇ 'ਮਨੁੱਖ ਤਨ'ਪੌਣਾ ਹੈ,ਦੂਣ ਵਿਚਾਰਇਹ ਹੈ ਕਿ ਸਾਰਾ ਭਟਕਦਾ ਨਹੀਂ ਤੇ ਪਉਣਾ ਭਟਕਦਾਹੈ, ਇਸ ਕਰਕੇ ਕਿ ਪਉਣਾ ਦੁਬਿਧਾ ਵਿਚ ਚਲਾ ਜਾਂਦਾ ਹੈ ਸੋ ਦੂਜਾ ਕੌਣ ਹੋਇਆ ? ਦੂਜਾ ਦੁਬਿਧਾ ਹੈ, ਜਿਸ ਵਿਚ ਗਮਨ ਕਰਕੇ ਨਰ ਤੇ ਨਾਰੀ ਖੇਹ ਹੋ ਜਾਂਦੇ ਹਨ। ਇਸ ਲੋਕ ਵਿਚ ਕੁਝ ਮਾਲ ਖਾ ਖਰਚਕੇ (ਦੁਬਿਧਾ ਕਾਰਨ) ਸਭ ਕੋਈ ਦੋਹਾਂ ਜਹਾਨਾਂ ਵਿਚ ਭਟਕਦਾ ਫਿਰਦਾ ਹੈ। ਇਨ੍ਹਾਂ ਦਾ ਸਉਣਾ ਪ੍ਰਲੈ ਵਿਚ ਹੋ ਸਕਦਾ ਹੈ, ਨਹੀਂ ਤਾਂ ਭਟਕ ਹੀ ਭਟਕ ਹੈ।

ਮਾਨ–ਕੋਈ ਹੋਰ ਡੂੰਘੀ ਵਿਚਾਰ ?

ਪਦਮਾ (ਡੂੰਘੀ ਸੋਚ ਵਿਚ ਲਹਿ ਗਈ ਤੇ ਕੁਝ ਚਿਰ ਪਿਛੋਂ ਹੁੰਗਾਰਾ ਭਰ ਕੇ)–ਹਾਂ, ਇਕ ਹੋਰ ਖਿਆਲ ਬੀ ਫਰਦਾ ਹੈ ਤੇ ਗੁਰੂ ਜੀ ਦੇ ਉੱਤਰ ਦਾ ਇਹ ਭਾਵ ਬੀ ਜਾਪਦਾ ਹੈ:–

"ਦੇਹੀ ਵਿਚ ਜੋ 'ਹੰਵੇ' ਰੂਪ ਹੈ ਉਹ ਸਾਰਾ (ਮੁਕੰਮਲ) ਹੈ (ਅਤੇ) ਦੇਹ ਵਿਚ ਜੋ 'ਮਨਸ' (ਮਨ ਯਾ ਲਿੰਗ ਸ਼ਰੀਰ) ਹੈ ਸੋ ਪਉਣਾ ਹੈ (ਕਿਉਂਕਿ ਦੇਵ ਦੀ ਸੱਤਾ ਦਾ ਮੁਥਾਜ ਹੈ)। ਦੂਜਾ (ਅਰਥਾਤ ਪਉਣਾ ਜੋ ਹੈ ਸੋ) ਦੁਬਿਧਾ ਵਿਚ ਪੈਕੇ ਨਰ ਨਾਰੀ (ਰੂਪ ਧਾਰਦਾ ਹੈ), ਇਹ ਦੋਇ ਰੂਪ (ਨਰ ਤੇ ਨਾਰੀ ਅੰਤ) ਖੇਹ ਹੋ ਜਾਂਦੇ ਹਨ (ਅਰ ਜੋ ਮਨਸ ਹੈ ਉਹ) ਦੋਹਾਂ ਲੋਕਾਂ ਵਿਚ ਭਉਂਦਾ ਫਿਰਦਾ ਜਨਾ ਮਾਲ ਨੂੰ ਅਰਥਾਤ ਕੀਤੇ ਕਰਮਾਂ ਦੇ ਫਲ ਨੂੰ ਖਾਂਦਾ ਖਰਚਦਾ (ਭਟਕਦਾ ਹੀ ਰਹਿੰਦਾ ਹੈ, ਜਦੋਂ) ਪ੍ਰਲੈ ਹੋਈ ਤਦੋਂ ਸੰਚਿਤ ਕਰਮਾਂ ਨੂੰ ਲੈਕੇ ਸੌਂ ਜਾਂਦਾ ਹੈ"।

ਮਾਨ–ਹੋਈ ਤਸੱਲੀ ?

ਪਦਮਾ–ਉੱਤਰ ਤਾਂ ਠੀਕ ਹੈ, ਪਰ ਵਿਚ ਜੋ ਮੁਇੰਮਾ* ਸੀ, ਮੈਂ ਜਾਤਾ ਆਪੇ ਦੱਸ ਦੇਣਗੇ।

*ਉਹ ਗਲ ਜੋ ਸਪਸ਼ਟ ਨਾ ਹੋਵੇ, ਗੁੰਝਲਦਾਰ ਹੋਵੇ ਤੇ ਖੁਹਲਣੀ ਪਵੇ।

ਉਨ੍ਹਾਂ ਮੇਰੀ ਪੁੱਛ ਦਾ ਤੋਲਵਾਂ ਉੱਤਰ ਦਿੱਤਾ ਹੈ।

ਮਾਨ–ਫੇਰ ?

ਪਦਮਾ–ਇਕ ਖਤ ਹੋਰ ਘੱਲਸਾਂ।

ਮਾਨ–ਘੱਲੋ।

ਕਲਮ ਦਵਾਤ ਲੈਕੇ ਲਿਖ ਦਿਤਾ–

ਨਕਸ਼ੇ ਖਿੱਚਣਹਾਰਿਆ ਕਿਹਾ ਨਕਸ਼ਾ ਵਾਹਿਆ ਈ ? ਪੁਠੀਆਂ ਸਿੱਧੀਆਂ ਮਾਰਕੇ ਰੰਗ ਡੋਲ੍ਹ ਵਿਖਾਇਆ ਈ, ਭਰ ਕਾਗਤ ਚੀਚਗਲੋਲਿਆਂ ਬਹੁ ਕਿਤੇ ਨ ਲਾਇਆ ਈ, ਇਸ ਵਿੰਗ ਤੜਿੰਗੇ ਨਕਸ਼ ਵਿਚ ਕਿਉਂ ਸਾਨੂੰ ਪਾਇਆ ਈ?

ਗੋਲੀ ਲੈਕੇ ਚਲੀ ਗਈ ਤੇ ਜਵਾਬ ਲੈਕੇ ਆਈ ਜੋ ਪਦਮਾ ਨੇ ਉਚੀ ਪੜ੍ਹਿਆ–

ਨਕਸ਼ੇ ਖਿੱਚਣਹਾਰ ਨੇ ਕਿਹਾ ਨਕਸ਼ਾ ਵਾਹਿਆ ਹੈ, ਹਰ ਬਿੰਦੀ ਘੁੰਡੀ ਲੀਕ ਵਿਚ ਰੰਗ ਅਪਣਾ ਲਾਇਆ ਹੈ; ਇਕ ਚੀਚ ਗਲੋਲਾ ਪ੍ਰੇਮ ਦਾ ਇਸ ਨਕਸ਼ੇ ਵਾਹਿਆ ਹੈ, ਰਖ ਕੁੰਜੀ ਉਹਲੇ ਏਸ ਦੇ ਵਿਚ ਹੈਰਤ* ਪਾਇਆ ਹੈ।

ਮਾਨ ਕੌਰ–ਹੁਣ ਦੱਸੋ ?

ਪਦਮਾ–ਉੱਤਰ ਪੂਰਾ ਹੈ।

ਮਾਨ–ਹੁਣ ਸਲਾਹ ਕੀ ਹੈ ?

ਪਦਮਾ–ਦਿਲ ਮੇਰੇ ਕੁਛ ਹੁੰਦਾ ਸਖੀਏ ! ਕਲਵਲ ਕਲਵਲ ਉੱਠਣ, ਗਗਨ ਦਮਾਮੇ ਅੰਦਰ ਵਾਲੇ ਲਹਿਰ ਉਠੀ ਕੁਠ ਸੁੱਟਣ, ਕੀਹ ਆਖਾਂ ਕੀ ਕਰਾਂ ਕਿ ਨਾਹੀਂ ਧੁਨ ਵਾਂਙੂ ਮੈਂ ਕੰਬਾਂ, ਕਿਰਨਾਂ ਵਾਂਙ ਲਹਿਰ ਹਾਂ ਹੋਈ ਬਿਨ ਆਂਗੋਂ ਪਈ ਲੁੱਠਣ।

ਮਾਨ–ਫੇਰ ?

ਪਦਮਾ–ਫੇਰ ਓਹੋ ਅਕਲ ਤੇ ਵਿਦਯਾ। ਇਕ ਵੇਰ ਪਹਿਲਾਂ ਦੂਰੋਂ ਦਿਖਾ ਦੇਹ, ਜੇ ਨੈਣ ਬੀ ਸੰਤੋਖੇ ਤਾਂ ਸਾਮਰਤੱਖ ਜਾਵਾਂਗੀ।

ਮਾਨ–ਚੰਗੀ ਗੱਲ। ਕੱਲ ਉਸ ਨੂਰ ਦੇ ਬੁੱਕੇ ਨੇ ਮਾਲਵੀਹ ਪਹਾੜ ਤੇ ਸ਼ਿਕਾਰ ਜਾਣਾ ਹੈ, ਪਿਤਾ ਜੀ ਤੋਂ ਪੁਛ ਲਓ, ਆਗਜ਼ਾ ਮਿਲੇ ਤਾਂ ਉਥੇ ਰੁੱਖਾਂ ਦੀ ਆੜੇ ਚੱਲ ਬਹਾਂਗੇ ਤੇ ਤੈਨੂੰ ਦਿਖਾ ਦਿਆਂਗੇ। ਮੈਨੂੰ ਇਕ ਸੁਹਣੇ ਰੁੱਖਾਂ ਦੇ ਝੁੰਡ ਦਾ ਪਤਾ ਹੈ, ਜਿਥੋਂ ਅਸੀਂ ਦੇਖਾਂਗੇ, ਪਰ ਸਾਨੂੰ ਕੋਈ ਨਾ ਦੇਖੇਗਾ।

ਪਦਮਾ–ਜੀਉਂਦੀ ਰਹੁ ਸਹੀਏ !

*ਅਸਚਰਜਤਾ।

੬.

ਅਗਲੇ ਦਿਨ ਗੁਰੂ ਜੀ ਸ਼ਿਕਾਰ ਚੜ੍ਹੇ ਤੇ ਉਸ ਪਰਬਤ ਪਰ ਗਏ, ਪਰ ਅੱਜ ਆਦਮੀਆਂ ਦਾ ਸ਼ਿਕਾਰ ਸ਼ੁਰੂ ਹੋਇਆ। ਆਪ ਇਕ ਸੁਹਣੇ ਬ੍ਰਿਛਾਂ ਦੀ ਝੰਗੀ ਲਾਗੇ ਪਹੁੰਦੇ, ਜਿੱਥੇ ਬੜਾ ਅਜੀਬ ਨਜ਼ਾਰਾ ਸੀ ਤੇ ਬੈਠਣ ਨੂੰ ਸੁਹਣਾ ਥਾਂ ਸੀ। ਇੱਥੇ ਗਏ ਤੇ ਉਸ ਨਜ਼ਾਰੇ ਨੂੰ ਤਾੜਨ ਲਗੇ ਜੋ ਦੇਖਣ ਵਾਲੇ ਨੈਣਾਂ ਤੋਂ ਸਦਕੇ ਹੋਣ ਦੀ ਸਦੀਆਂ ਤੋਂ ਉਡੀਕ ਵਿਚ ਸੀ। ਠੀਕ ਇਸ ਜਗ੍ਹਾ ਦੇ ਲਾਗੇ ਜੋ ਝੁੰਡ ਸੀ, ਉਸ ਵਿਚ ਮਾਨ ਕੌਰ ਤੇ ਪਦਮਾ ਛਿਪ ਰਹੀਆਂ ਸਨ।

ਮਾਨ—ਦੇਖ ਲਿਆ ਜੇ?

ਪਦਮਾ (ਅੱਖਾਂ ਅਹਿੱਲ ਗੱਡੀਆਂ ਹਨ)—ਹੂੰ।

ਮਾਨ—ਕਿਉਂ?

ਪਦਮਾ—(ਨੈਣ ਨਹੀਂ ਹਿਲਦੇ ਤੇ ਚੁੱਪ)।

ਮਾਨ—ਬੋਲੋ ਤਾਂ ਸਹੀ?

ਪਦਮਾ—(ਚੁੱਪ)। ਮਾਨ—ਕਿਉਂ?

ਪਦਮਾ—(ਚੁੱਪ)।

ਮਾਨ—(ਝੰਜੋੜ ਕੇ) ਬੋਲੋ ਨਾ?

ਪਦਮਾ—ਜੀਭ ਮੇਰੇ ਨਾਲ ਨਹੀਂ ਆਈ, ਘਰੇ ਰਹਿ ਪਈ ਸੀ।...

ਮਾਨ—ਤੇ ਬੋਲੇ ਕੀਕੂੰ ਹੋ?

ਪਦਮਾ—ਹੁਣੇ ਆਈ ਸੀ ਮੁੜ ਚੱਲੀ ਏ।

ਮਾਨ (ਠਹਿਰ ਕੇ)—ਹੁਣ ਤਾਂ ਦੱਸੋ?

ਪਦਮਾ—ਨੈਣਾਂ ਨੂੰ ਜੀਭ ਨਹੀਂ ਜੀਭ ਨੂੰ ਨੈਣ ਨਹੀਂ।

ਮਾਨ—ਮਨ ਮੰਨਿਆਂ?

ਪਦਮਾ—ਊਈ, ਡਰ ਲਗਦਾ ਹੈ। (ਮਾਨ ਦੀ ਬਾਂਹ ਘੁਟਕੇ)।

ਮਾਨ—ਕਿਉਂ? ਪਦਮਾ—ਪਤਾ ਨਹੀਂ।

ਮਾਨ—ਮੈਂ ਹੁਣ ਕੁਛ ਨਾਂ ਬੋਲਾਂ? (ਬਹੁਤ ਚਿਰ ਚੁੱਪ ਰਹਿਕੇ) ਡਿੱਠਾ ਜੇ ਔਹ ਕੌਣ ਆ ਰਿਹਾ ਹੈ?

ਪਦਮਾ—ਕੋਈ ਗਧੀਲਾ ਜੈਸਾ ਹੈ।

ਮਾਨ—ਅਸੀਂ ਰਤਾ ਅਗੇ ਹੋ ਜਾਈਏ ਤੇ ਸੁਣੀਏਂ। ਨੈਣਾਂ ਸ਼ਰਬਤ ਪੀ ਲਿਆ ਹੈ, ਪਰ ਕੰਨ ਤਿਹਾਏ ਹਨ।

ਦੋਵੇਂ ਮਲਕੜੇ ਅਗੇ ਹੋ ਗਈਆਂ ਤੇ ਕੰਨ ਲਾ ਦਿੱਤੇ।

ਗਧੀਲਾ (ਚਰਨੀਂ ਢੈਕੇ)—ਹੇ ਤ੍ਰਾਣ ਕਰਤਾ! ਤਾਰ ਲੈ।

ਸਤਿਗੁਰ ਜੀ—ਤੂੰ ਕੌਣ ਹੈਂ?

ਗਧੀਲਾ—ਮੈਂ ਰੇਵਾ ਕਾ ਨੰਦਨ ਪਹਾਰੋ।
ਜਗ 'ਰੇਵਾਲ' ਨਾਮ ਮੁਝ ਡਾਰੋ। [ਗੁ:ਪ੍ਰ:ਸੂ:]

ਸਤਿਗੁਰ ਜੀ—ਆਪਣੀ ਵਿਥਿਆ ਸੁਣਾਓ।

ਰੇਵਾਲ—ਮੇਰੀ ਮਾਤਾ ਨੇ ਮੈਨੂੰ ਤਪ ਕਰਨ ਨੂੰ ਕਿਹਾ। ਤਪ ਮੈਂ ਰਾਜ ਵਾਸ਼ਨਾ ਧਾਰਕੇ ਕੀਤਾ, ਸੋ ਮੈਂ ਰਾਜਾ ਹੋਇਆ, ਇਥੇ ਮੈਂ ਰਾਜ ਕੀਤਾ। ਮੰਡੀ ਨਗਰ ਵਸਾਇਆ, ਪਰ ਫੇਰ ਜੱਖ ਨਾਮੇ ਇਕ ਕੌਮ ਨੇ ਮੈਨੂੰ ਜੰਗ ਕਰਕੇ ਹਰਾ ਦਿਤਾ ਤੇ ਰਾਜ ਭਾਗ ਖੋਹ ਲਿਆ। ਮੈਂ ਫੇਰ ਇਸ ਟਿਕਾਣੇ ਤਪ ਤਪਿਆ। ਇਹ ਤੀਰਥ ਰਵਾਲਸਰ ਇਥੇ ਬਣਿਆਂ, ਜਲ ਵਿਚ ਪੱਥਰ ਤਰ ਰਹੇ ਹਨ, ਪਰ ਮੈਂ ਭਵ-ਸਾਗਰ ਨਾ ਤਰਿਆ।

ਸਤਿਗੁਰ ਜੀ—ਪਹਿਲਾ ਤਪ ਤੂੰ ਮਨ ਦੇ ਸੁਖ ਵਾਸਤੇ ਨਾ ਕੀਤਾ, ਰਾਜ ਪਾਇਆ ਜੋ ਸਮੇਂ ਸਿਰ ਖੁੱਸ ਗਿਆ। ਦੂਜਾ ਤਪ ਕੀਤਾ, ਮਨ ਦੇ ਸੁਖ ਵਾਸਤੇ ਨਾ ਕੀਤਾ, ਮਨ ਵਿਚ ਸ਼ੱਤ੍ਰੂਆਂ ਨਾਲ ਵੈਰ ਰਿਹਾ ਤੇ ਰਿੱਧੀਆਂ ਸਿੱਧੀਆਂ ਵਿਚ ਧਿਆਨ ਰਿਹਾ, ਉਮਰ ਵਧਾਉਣ ਤੇ ਪ੍ਰਾਣਾਯਾਮ ਕਰ ਕਰ ਨਾਟਕਾਂ ਚੇਟਕਾਂ ਤੇ ਹੋਰ ਹੋਰ ਕੰਮਾਂ ਵਿਚ ਲੱਗਾ ਰਿਹਾ। ਤ੍ਰਾਣ ਕਿਸ ਤਰ੍ਹਾਂ ਹੋਵੇ? ਹਿਰਦੇ ਵਿਚ ਆਪੇ ਦੇ ਸੁਖ ਦੀ ਲਾਲਸਾ ਫੁਰਦੀ, ਅੰਤਰ-ਆਤਮੇ ਪਰਮੇਸ਼ੁਰ ਜੀ ਨਾਲ ਉਤਾਹਾਂ ਦੇ ਮਿਲਾਪ ਦੇ ਸੁਖ ਦੀ ਲਗਨ ਲੱਗਦੀ, ਤਦ ਕਲਿਆਨ ਹੁੰਦੀ, ਪਰਮਪਦ—ਅਭੈ-ਪਦ—ਮਿਲਦਾ। ਹੁਣ ਉਮਰ ਵਧਾ ਲਈ ਤਾਂ ਕੀ, ਕਾਲਜੇ ਰੜਕਦੀ ਹੈ ਕਸਕ ਦੁਖਾਂ ਨਾਲ ਵੈਰ ਦੀ ਤੇ ਪ੍ਰਾਪਤੀ ਹੋਈ ਹੈ ਨਾਟਕ ਚੇਟਕ ਦੀ।

ਰੇਵਾਲ—ਸੱਤ, ਆਪ ਨੇ ਸੱਤ ਆਖਿਆ ਹੈ। ਮੇਰੇ ਅੰਦਰ ਇਹ ਮੈਲ ਹੈ, ਪਰ ਮੈਂ ਇਹ ਕੱਢ ਨਹੀਂ ਸਕਿਆ। ਆਪ ਦਾ ਜਸ ਸੁਣਦਾ ਤੇ ਅਰਾਧਨਾ ਕਰਦਾ ਰਿਹਾ ਹਾਂ, ਮੈਨੂੰ ਤਾਰ ਲਓ।

ਇਸ ਵੇਲੇ ਇਕਾਂਤ ਸੀ, ਡਾਢੀ ਉਜਾੜ ਸੀ ਤੇ ਟਿਕਾਉ ਸੀ ਸੁਹਣੇ ਸਤਿਗੁਰ ਜੀ ਦੇ ਇਲਾਹੀ ਗਲੇ ਤੋਂ ਉਠਿਆ ਨਾਦ, ਧੁਨਿ ਲੈ ਲਈ ਇਸ ਨੇ ਮਾਰੂ ਦੀ। ਇਕ ਅਚਰਜ ਵੈਰਾਗ ਦਾ ਸਮਾ ਛਾ ਗਿਆ ਤੇ ਇਹ ਸ਼ਬਦ ਹੋਇਆ:—

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥ ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥ ੨ ॥ ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥ ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥ ੩ ॥ ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥ ਮੋਹ ਮਗਨ ਮਨੁ ਵਿਆਪਿਆ ਚਿੰਦਾ ॥ ਗੁਰਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥ ੪ ॥ ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥ ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ॥੫॥ ਛੋਡਿ ਬਹੈ ਤਉ ਛੂਟੈ ਨਾਹੀ ॥ ਜਓ ਸਿੰਚੈ ਤਉ ਭਓ ਮਨ ਮਾਹੀ॥ ਇਸਹੀ

ਮਹਿ ਜਿਸਕੀ ਪਤਿ ਰਾਖੈ ਤਿਸ ਸਾਧੂ ਚਉਰੁ ਢਾਲੀਐ॥੬॥ਜੋ ਸੂਰਾ ਤਿਸਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥ ਜੋ ਵਰਤਾਏ ਸੋਈ ਭਲ ਮਾਨੈ ਝੁਝਿ ਹੁਕਮੇ ਦੁਰਮਤਿ ਜਾਲੀਐ॥੭॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਣਾ ॥ ਕਰਿ ਕਰਿ ਵੇਖੈ ਅਪਣੇ ਜਚਨਾ ॥ ਨਾਨਕ ਕੇ ਪੂਰਨ ਸੁਖ ਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥ ੮ ॥ [ਮਾਰੂ ਮਹੱਲਾ ਪ ਅੰਜੁਲੀਆਂ

ਇਸ ਸ਼ਬਦ ਤੋਂ ਸੰਸਾਰ ਦੀਆਂ ਗ੍ਰਿਹਸਤ, ਮੰਨਿਆਂ, ਉਦਾਸ, ਘਰ, ਕਰਮ, ਅਕਰਮ, ਦੋਵੇਂ ਹਦਾਂ ਦੇ ਨਕਸ਼ੇ ਮਿਟ ਕੇ ਇਕ ਰਜ਼ਾ ਪਰ ਅਡੋਲ ਟਿਕਣ ਦਾ ਸਮਾਂ ਬੱਝ ਗਿਆ।

ਸਤਿਗੁਰ—ਰੇਵਾਲ ! ਰਾਜਵਿਚ ਆਫਰ ਜਾਈਦਾ ਹੈ, ਘਰਾਂ ਵਿਚ ਗ੍ਰਿਹਸਤ ਦੇ ਹੰਕਾਰ ਵਿਚ ਨਰਕ ਤਿਅ ਰ ਕਰ ਲਈਦਾ ਹੈ। ਉਦਾਸੀ ਹੋਕੇ ਤੈਂ ਵਾਂਗ ਕ੍ਰੋਧ ਵਧ ਜਾਂਦਾ ਹੈ । ਜੋ ਸਾਧ ਸੰਗਤ ਕਰਦਾ, ਗੁਰਮੁਖ ਹੁੰਦਾ, ਨਾਮ ਜਪਦਾ ਹੈ ਤੇ ਰਜ਼ਾ ਪਰ ਦ੍ਰਿੜ ਹੁੰਦਾ ਹੈ, ਜੋ ਮਿਹਰ ਤਕਾਉਂਦਾ ਤੇ ਸ਼ਰਨ ਸਮ੍ਹਾਲਦਾ ਹੈ, (ਜੋ ਕੁਛ ਕਰੈ ਸੋਈ ਸੁਖ ਮਾਨੁ)ਉਸਦੀ ਦੁਰਮਤਿ ਸੜਦੀ ਹੈ, ਉਹ ਬਾਲਕ ਵਾਂਙੂ ਪਾਲਿਆ ਜਾਂਦਾ ਹੈ, ਉਸ ਦਾ ਰਾਖਾ ਕੋਈ ਹੋਰ ਹੋ ਜਾਂਦਾ ਹੈ ਤੇ ਉਹ ਕਲਿਆਨ ਪ੍ਰਾਪਤ ਕਰਦਾ ਹੈ।

ਇਸ ਵੇਲੇ ਰੇਵਾਲ ਮਗਨ ਹੋ ਰਿਹਾ ਸੀ, ਅਚਾਨਕ ਸਤਿਗੁਰ ਦ ਚਰਨੀਂ ਢੱਠਾ। ਆਪ ਨੇ ਪਿਠ ਤੇ ਥਾਪੜਾ ਦੇਕੇ ਕਿਹਾ: "ਨਿਹਾਲ ! ਸਿਧ ਜੀ ! ਨਿਹਾਲ"। ਇਹ ਕਹਿੰਦਿਆਂ ਉਸ ਦੀ ਸੁਰਤ ਮੋਹ, ਮਾਇਆ ਕ੍ਰੋਧ ਉਦਾਸੀ ਤੋਂ ਨਿਕਲੀ, ਸਾਫ ਮੰਡਲੀਂ ਚੜ੍ਹ ਗਈ। ਆਪਾ ਅਰੋਗ ਹੋ ਚਿੱਸਿਆ, ਠੰਢ ਵਰਤ ਗਈ ਤੇ ਬੋਲਿਆ:—

"ਧੰਨ ਤੂੰ ! ਧੰਨ ਤੂੰ ! ਹੇ ਦਾਤੇ ਧੰਨ ! ਆਹ ਅੱਜ ਇਕ ਨਵੀਂ ਗੱਲ ਅੰਦਰ ਆ ਪ੍ਰਤੀਤ ਹੋਈ ਹੈ, ਇਹ ਠੰਢ ਜਹੀ ਕੀ ਹੈ? ਇਹ ਠੰਢ ਜਨਮਾਂ ਦੇ ਤਪਾਂ ਵਿਚ ਨਹੀਂ ਦੇਖੀ ਸੀ। ਉਮਰ ਲੰਮੀ ਕਰ ਲਈ, ਪਰ ਇਹ ਠੰਢ ਜੇਹੀ ਨਹੀਂ ਸੀ ਮਾਣੀ, ਸਿੱਧੀਆਂ ਪਾਈਆਂ ਪਰ ਇਹ ਠੰਢ ਜੇਹੀ ਨਹੀਂ ਸੀ ਪਾਈ।

ਤੂੰ ਧੰਨ ! ਤੂੰ ਧੰਨ !"

ਸਤਿਗੁਰ—ਉਦੈ ਸਿੰਘ, ਦਇਆ ਸਿੰਘ, ਆਲਮ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ ਪੰਜੇ ਹੋ ਕੋਈ ਹੋਰ ਭੀ ਹੈ ?

ਉਦੇ ਸਿੰਘ—ਪੰਜੇ ਮਹਾਰਾਜ !

ਸਤਿਗੁਰ—ਕਿਸੇ ਹੋਰ ਦਾ ਭੁਲੇਵਾਂ ਪੈਂਦਾ ਹੈ, ਸ਼ਿਖਰ ਆਉਣ ਵੇਲੇ ਅਸਾਂ ਵਰਜਿਆ ਸੀ ਕਿ ਹੋਰ ਕੋਈ ਨਾਲ ਨਾ ਆਵੇ। ਕੋਈ ਆਇਆ ਤਾਂ ਨਹੀਂ।

ਉਦੇ ਸਿੰਘ—ਸੱਚੇ ਪਾਤਸ਼ਾਹ ! ਸਾਰੇ ਹੇਠੋਂ ਹੀ ਮੋੜ ਦਿਤੇ ਸਨ, ਘੋੜੇ ਭੀ ਘੱਲ ਦਿਤੇ ਸਨ, ਆਪ ਦੇ ਨਾਲ ਪੈਦਲ ਅਸੀਂ ਹੀ ਆਏ ਸਾਂ, ਆ ਗਿਆ ਦੇਵੇ ਤਾਂ ਵੇਖੀਏ, ਕੋਈ ਮਤਾਂ ਲੁਕ ਕੇ ਆਇਆ ਹੋਵੇ, ਕਿਸੇ ਰਾਜਾ ਦਾ ਕੋਈ ਧੋਹ ਨਾ ਹੋਵੇ।

ਸਤਿਗੁਰ ਜੀ—ਨਹੀਂ, ਖੁਸ਼ਬੋ ਮਿੱਤ੍ਰਦੀ ਹੈ, ਦਇਆ ਸਿੰਘ ਜੀ ਆਨੰਦ ਸਾਹਿਬ ਜੀ ਦਾ ਪਾਠ ਕਰੋ।

ਦਇਆ ਸਿੰਘ ਜੀ ਨੇ ਮਧੁਰ ਧੁਨੀ ਨਾਲ ਪਾਠ ਕੀਤਾ।

ਪਦਮਾ (ਹੌਲੇ ਜਿਹੇ)—ਮਾਨ ਜੀ ! ਸਤਿਗੁਰੂ ਪਾਤਸ਼ਾਹ ਹਨ, ਝੱਕ ਨਹੀਂ, ਸਾਰੇ ਰਾਜੇ ਅਗੇ ਪਿਛੇ ਭੰਨੇ ਪਏ ਫਿਰਦੇ ਹਨ ਤੇ ਲੋਹਾ ਮੰਨਦੇ ਹਨ। ਸਤਿਗੁਰ ਵਿਦਵਾਨ ਹਨ, ਮੇਰੇ ਪੱਤਰਾਂ ਦੇ ਜੁਵਾਬ ਸਾਬਤ ਕਰਦੇ ਹਨ, ਸਤਿਗੁਰ ਵਿਚ ਈਸ਼ੂਰੀ ਤੇਜ ਹੈ, ਜਿਸ ਨੂੰ ਫਾਰਸੀ ਵਿਚ ਇਲਾਹੀ ਜਲਵਾ ਆਖਦੇ ਹਨ। ਸਾਰੇ ਦਰਸ਼ਨ ਕਰਨ ਹਾਰੇ ਮੇਰੇ ਪਿਤਾ ਸਮੇਤ ਮੰਨਦੇ ਹਨ, ਮੁਕਤੀ ਦਾਤਾ ਹਨ, ਇਹ ਰਵਾਲ ਸਿਧ ਦੀ ਕਲਜਾਨ ਹੁੰਦੀ ਅੱਖੀਂ ਡਿੱਠੀ ਹੈ । ਆਪ ਅੰਤ੍ਰਯਾਮਤਾ ਰਖਦੇ ਹਨ, ਦੇਖੋ ਸਾਡੇ ਹੋਣ ਨੂੰ ਚਾਹੋ ਅਸੀਂ ਕਿੰਨੇ ਛਿਪੇ ਹਾਂ, ਲਖ ਗਏ ਹਨ ਅਰ ਇਹ ਭੀ ਪਛਾਣ ਗਏ ਹਨ ਕਿ ਮਿੱਤਰ ਹਾਂ।

ਮਾਨ—ਅਜੇ ਭੀ ਤਸੱਲੀ ਦੀ ਲੋੜ ਹੈ ?

ਪਦਮਾ—ਲੋੜ ਤਾਂ ਹੋਰ ਨਹੀਂ। ਇਹ ਕਾਂਬਾ ਜੇਹਾ ਕੇਹਾ ਹੈ। ਪਰ (ਬੁੱਲ੍ਹ ਟੁੱਕਕੇ) ਪਰ ਹਾਂ ਕਲ ਚਰਨ ਪਰਸਾਂਗੇ।

ਮਾਨ—ਮੱਤ ਬਚਨ, ਕਿਹੜੀ ਕਾਹਲ ਹੈ। ਜਦ ਤਕ ਮਨ ਨਾ ਮੰਨੇ ਤਦ ਤਕ ਅਮੰਨਾਂ ਆਇਆ ਬੀ ਈਮਾਨ ਵਿਚ ਸ਼ੁਮਾਰ ਨਹੀਂ। ਅਸੀਂ ਫਿਰ ਚੱਲੀਏ?

ਪਦਮਾ—ਨਹੀਂ, ਰਤਾ ਕੁ ਹੋਰ, ਹਾਂ ਪਹਿਲਾਂ 'ਅਕਹਿ' ਜੀ ਮਹਾਰਾਜ ਜਾ ਲੈਣ।

ਉਧਰ ਸਤਿਗੁਰ ਜੀ ਟੁਰ ਪਏ, ਇਧਰੋਂ ਅਗਰੋਂ ਇਹ ਮਲਕੜੇ ਟੁਰ ਪਈਆਂ ਤੇ ਆਪਣੇ ਡੇਰੇ ਜਾ ਪੁਜੀਆਂ।

੭.

ਪਰਮਾ ਆਪਣੇ ਤੰਬੂ ਵਿਚ ਪਿਆ ਹੈ, ਨੌਕਰ ਚਾਕਰ ਕੰਮੀਂ ਲਗੇ ਹਨ। ਤੇ ਇਹਨਾਂ ਦਾ ਮਨੋਰਾਜ ਆਪਣੇ ਆਪ ਨਾਲ ਟਰ ਰਿਹਾ ਹੈ। ਜਿਸ ਔਜ਼ਵਰਜ ਤੇ ਅੱਪੜਨ ਦੇ ਫਿਕਰ ਵਿਚ ਸਨ, ਉਹ ਨੇੜੇ ਨੇੜੇ ਹੈ ਤੇ ਇਹ ਖੁਸ਼ੀ ਨਾਲ ਆਪਣੇ ਆਪ ਨੂੰ ਕਹਿ ਰਹੇ ਹਨ:—

ਓਇ ਮਾਂ ਦਿਆ ਪਰਮਿਆਂ ਤੇ ਲੋਕਾਂ ਵਿਆ ਪਰਮਾ ਨੰਦਾ ! ਹੁਣ ਤਾਂ ਸਿਖਰੇ ਆ ਗਿਆ। ਬਾਈ-ਧਾਰ ਰਾਜੇ ਸਮਝਦੇ ਹਨ ਕਿ ਤੂੰ ਅਕਲ ਦਾ ਕੋਟ ਤੇ ਭਾਰੀ ਨੀਤੱਗਯ ਹੈਂ। ਮੁਲ੍ਹਾ ਕਰਾ ਦਿਤੀ, ਸ਼ਾਂਤੀ ਹੋ ਗਈ, ਫੇਰ ਕਿਸੇ ਰਾਜੇ ਨੂੰ ਟੁਰ ਕੇ ਅਨੰਦ ਪੁਰ ਨਹੀਂ

ਜਾਣਾਂ ਪਿਆ। ਇਹ ਸਾਡੀਆਂ ਅਕਲਾਂ। ਗੁਰੂ ਘਰ ਵਿਚ ਓਹ ਕਮਾਲ ਹੈ ਕਿ ਜੋ ਚਾਹਾਂ ਸੋ ਹੋਵੇ। ਲੜਨ ਸਿਖ, ਮਰਨ ਸਿਖ, ਸੇਵਾ ਕਰਨ ਸਿਖ, ਖਜ਼ਾਨੇ ਭਰਨ ਸਿਖ ਤੇ ਤੋਰਾ ਤੁਰੇ ਸਾਡਾ, ਜੋ ਕਹੀਏ ਸੋ ਗੁਰੂ ਕਰੇ, ਜਿਸ ਰਾਹੇ ਟੋਰੀਏ ਟੁਰੇ ਉਸੇ ਰਾਹੇ ਗੁਰੂ। ਇਨ੍ਹਾਂ ਵਡਿਆਂਲੋਕਾਂ ਦਾ ਕੀ ਹੈ! ਰਤਾ ਮਾਹਮਾਂ ਕਰ ਛੱਡੀ, ਜਿਸ ਰੁਖ ਦੇ ਹੋਏ ਉਸ ਰੁਖ ਵਿਚ ਹਾਂ ਕਰ ਦਿਤੀ, ਜਿਸ ਗੱਲ ਦੇ ਸ਼ੌਕੀ ਹੋਏ ਉਸ ਵਿਚ ਕੋਈ ਮਦਦ ਕਰ ਛੱਡੀ, ਫੇਰ ਪਏ ਕੰਮ ਲਓ। ਸਿਖਾਂ ਵਿਚ ਸ਼ਰਧਾ, ਸੇਵਾ ਤੇ ਪਿਆਰ, ਸਾਡੇ ਵਿਚ ਚਤੁਰਾਈ, ਸਭ ਤੋਂ ਅਗੇ ਸੋਹਰੀ, ਪਰ ਮਨਾਂ! ਦੇਸ਼ ਕਰ, ਦੁਸ਼ ਨਾ ਹੋ। ਅਕਲ ਦੇ ਸਾਜੇ ਕੋਟ ਸਦਾ ਅਕਲ ਤੇ ਨੀਤੀ ਦੀਆਂ ਨੀਹਾਂ ਤੇ ਟਿਕਦੇ ਹਨ। ਸਾਵਧਾਨਤਾ, ਦੇਖਸ਼ਤਾਈ! ਹਾਂ ਖਬਰਦਾਰ! ਗਾਫਲੀ ਨਹੀਂ। ਪਰਮਿਆਂ ਇਸ ਵੇਲੇ ਗੁਰੂ ਘਰ ਵਿਚ ਤੂੰ ਚੌਧਰੀ, ਰਾਜ ਘਰਾਂ ਵਿਚ ਤੂੰ ਚੌਧਰੀ, ਪਰ ਜੇ ਕਿਤੇ ਰਾਜਿਆਂ ਤੇ ਗੁਰੂ ਦੀ ਸੁਲ੍ਹਾ ਅੰਦਰਲੇ ਭਾਵ ਨਾਲ ਹੋ ਗਈ, ਫੇਰ ਤੈਨੂੰ ਕਿਨ੍ਹੇ ਪੁਛਣਾ ਨਹੀਂ। 'ਕੁੜਮ ਕੁੜਮ ਰਲੇ ਤੇ ਵਿਦੇਲੇ ਰਹੇ ਖਲੇ' ਵਾਲੀ ਗੱਲ ਹੋ ਜਾਏਗੀ। ਸੁਲ੍ਹਾ ਤਾਂ ਹੋ ਗਈ ਐਨੀ ਕਿ ਕਈ ਰਾਜੇ ਸ਼ਰਧਾ ਭਰਪੂਰ ਹੋ ਗਏ, ਕਈ ਰਾਣੀਆਂ ਸ਼ਰਧਾ ਭਰਪੂਰ ਹੋ ਗਈਆਂ ਇਹ ਨਹੀਂ ਉ ਚੰਗਾ। ਹੁਣ ਸੰਭਾਲਾ ਕਰ ਲੈ। ਪਿਛੋਂ ਪੇਸ਼ ਨਹੀਂ ਜਾਣੀ।

ਪਰ ਹਾਂ, ਪਹਾੜੀਆਂ ਨੂੰ ਭੁਤਲਾਂ ਦਿਆਂ ਕਿਹੜਾ ਚਿਰ ਲਗਦਾ ਹੈ। ਇਨ੍ਹਾਂ ਨੂੰ ਅੱਜ ਚਾਹਾਂ ਤਾਂ ਅੱਜ ਇਥ ਹੀ ਲੜਾ ਦਿਆਂ, ਪਰ ਜੇ ਲੜਾ ਦਿਆਂ ਤਾਂ ਗੁਰੂ ਆਣਾ ਨਹੀਂ, ਆਇਆ ਮੇਲੇ ਤੇ ਹੈ ਤੇ ਨਾਲ ਸਾਡੇ ਜੋਧੇ ਆਏ ਹਨ। ਪਤਾ ਕਿਸੇ ਨੂੰ ਨਹੀਂ ਲਗਾ, ਪਰ ਗੋਲੀ ਬਰੂਦ ਬੀ ਨਾਲ ਚੋਖਾ ਆਇਆ ਹੈ। ਛਿੜ ਪਈ ਤਾਂ ਗੁਰੂ ਉਤੋਂ ਦੀ ਗੋਤ ਮਾਰੇਗਾ, ਸੱਟ ਨਹੀਂ ਖਾਵੇਗਾ। ਵੇਲਾ ਤਾਂ ਚੰਗਾ ਸੀ, ਕਿ ਇਥੇ ਹੀ ਕੰਮ ਪਾਰ ਕਰਦੇ। ਪਰ ਹੈਂ! ਸੋਚ ਲੈ, ਇਕ ਤਾਂ ਗੁਰੂ ਤਿਆਰ ਬਰ ਤਿਆਰ ਹੈ, ਦੂਜੇ ਜੇ ਗੁਰੂ ਨਾ ਰਹੇ ਤਾਂ ਤੇਰੀ ਚੌਧਰ ਕਿਵੇਂ ਰਹੇ? ਗੁਰੂ ਰਹੇ ਤਾਂ ਰਾਜੇ ਤੈਨੂੰ ਵਿਚ ਪਾਉਂਦੇ ਰਹਿਣ, ਸੋ ਜੀਉਣ ਦੇਵੇਂ, ਪਰ ਰਹਿਣ ਵਿਚ ਤੇ, ਰਹਿਣ ਉਪਰੋਂ ਮਿਲੇ ਅੰਦਰੋਂ ਵੱਖ। ਬਸ ਹੁਣ ਇਹ ਗੱਲ ਖਿਆਲ ਕਰ ਕਿ ਜੋ ਸੁਲ੍ਹਾ ਦੀ ਗੰਢ ਤੂੰ ਪਾਈ ਹੈ, ਪੋਲੀ ਪੋਲੀ ਰਹੇ, ਪੀਡੀ ਨਾ ਹੋ ਜਾਏ, ਮਤਾਂ ਲੋੜ ਵੇਲੇ ਤੂੰਹੋਂ ਨਾ ਖੋਲ੍ਹ ਸਕੇਂ।

ਹਾਂ, ਪਰਮਾ ਨੰਦਾ! ਹਾਂ ਸੱਚੀਂ, ਐਸ਼ਗਰਜ ਸਿਖਰੇ ਹੈ, ਤੇਰਾ ਐਸ ਵੇਲੇ। ਇਰਥਾ ਸੁਪਨੇ। ਪਦਮਾ ਆਈ ਹੋਈ ਹੈ ਏਥੇ। ਪੰਡਿਤਾ ਹੈ.....ਖਟ ਖਟ ਖਟ ਖਟ। (ਕੰਨ ਲਾਕੇ, ਮਨ ਵਿਚ) ਇਹ ਕੀ ਹੈ? (ਉਚੀ) ਕੌਣ ਹੈ?

ਜੀਤੂ—ਹਉਂ ਹਾਂ ਜੀਤੂ, ਜੀ! ਘਰੇ ਤੇ ਆਯਾ ਹਾਂ।

ਪਰਮਾ—ਕਿਉਂ ਸੁਖ ਹੈ?

ਜੀਤੂ—ਪੱਤ੍ਰਕਾ ਲਿਆਯਾ ਹਾਂ, ਐਹ ਲਓ।

ਪਰਮੇ ਨੇ ਪੱਤਰ ਲਿਆ ਤੇ ਪੜ੍ਹਿਆ। ਇਕ ਰੰਗ ਸਾਵਾ ਤੇ ਇਕ ਪੀਲਾ, ਫਿਰ ਚਿਟਾ ਬਗਾ ਚਿਹਰੇ ਦਾ ਹੋ ਗਿਆ ਕੀ। ਹੋਇਆ ਹੈ? ਸ਼੍ਰੀ ਪਰਮਾਨੰਦ ਜੀ ਮਹਾਰਾਜ ਨੂੰ ਕੀ ਹੋਇਆ ਹੈ? ਅੱਖਾਂ ਭਰ ਆਈਆਂ। ਦਡਕੋਰੇ ਆਉਣ ਲਗ ਪਏ। ਓ ਜਗਤ ਦੇ ਜੁਗਤੀਆ ਤੇ ਜੋਜ ਤੋੜੀਆ! ਕੀ ਵਰਤ ਗਿਆ? ਆਹ! ਇਨਸਾਨ ਦਾ ਦਿਲ, ਜਿਥੇ ਅਕਲ ਨੇ ਦੂਹ ਦੀਆਂ ਖੂੰਡਾਂ ਵਰਗੀ ਵਲਦਾਰ ਪੋਲ ਭਰ ਦਿਤੇ ਹਨ ਉਥੇ ਬੀ ਸਟ ਵਜਦੀ ਹੈ। ਪਰਮੇ ਜੀ ਦਾ ਇਕੋ ਪੁਤ ਸਖਤ ਬੀਮਾਰ ਪਿਆ ਹੈ, ਬਿਲਾਸਪੁਰ ਵਿਚ ਦਾਰੂ ਹੋ ਰਿਹਾ ਹੈ, ਪਰ ਆਸ ਨਹੀਂ ਕਿ ਬਚੇ। ਹਾਇ! ਅੱਖਾਂ ਦਾ ਤਾਰਾ, ਮਿੱਕ ਦੀ ਉਲਾਦ, ਇਕੋ ਇਕਲੌਤਾ! ਪਰਮੇ ਲਈ ਜ਼ਿਮੀਂ ਅਸਮਾਨ ਕਾਲੇ ਹੋ ਗਏ, ਜਗਤ ਸੂਨ ਹੋ ਗਿਆ। ਚਕਰ ਤੇ ਚਕਰ ਆ ਰਹੇ ਹਨ, ਨਿਰਾਸਤਾ ਕਲੇਜਾ ਤੋੜ ਰਹੀ ਹੈ, ਸਰੀਰ ਵਿਚ ਬਲ ਨਹੀਂ ਰਿਹਾ, ਅੱਖਾਂ ਵਿਚ ਚਾਨਣ ਨਹੀਂ ਰਿਹਾ। ਕਿੰਨਾ ਚਿਰ ਇਸ ਤਰ੍ਹਾਂ ਰਹਿਕੇ ਫੇਰ ਪਰਮੇ ਹੁਰੀਂ ਹੋਸ਼ ਵਿਚ ਆਏ ਤੇ ਬੋਲੇ:—

ਪਰਮਾ—ਓਇ ਜੀਤੂ! ਕਾਕੇ ਦਾ ਕੀ ਹਾਲ ਹੈ?

ਜੀਤੂ—ਮਹਾਰਾਜ! ਕੇ ਗਲਾਨੇ ਓ, ਕੁਜ਼ਰ ਗਿਆ ਹੋਸੁ। ਵੜਾ ਲਾਚਾਰ ਸੇ।

ਪਰਮਾ (ਤਕੜਾ ਹੋਕੇ)-ਦਾਰੂ?

ਜੀਤੂ—ਹੇ ਮਹਾਰਾਜ! ਦਾਰੂ ਦੀ ਕੇ ਰਹੀ ਪ੍ਰਵਾਹ ਤੇਰੇ ਘਰ? ਮੈ ਵੈਦ, ਹਜ਼ਾਰ ਹਕੀਮ।

ਪਰਮਾ—ਜਾਓ। (ਆਪਣੇ ਆਪ ਨਾਲ) ਹੇ ਮਨ ਦੂਣ ਕੀ ਆਸ ਹੈ? ਇਕ ਭਗਵੰਤ ਦੀ। ਭਗਵੰਤ ਨੇ ਬੀਮਾਰ ਕੀਤਾ ਉਸ ਵਲੋਂ ਆਸ ਤਾਂ ਦਿਸਦੀ ਪਈ ਹੈ। ਕੀ ਕੋਈ ਪੇਸ਼ ਭਗਵੰਤ ਨਾਲ? ਕੋਈ ਪੂਜਾ, ਜਪ, ਉਜਾਪਣ, ਹਵਨ, ਮਿੰਨਤ, ਤਰਲਾ? ਮੈਂ ਮਿੰਨਤ ਕਰਾਂ? ਹਾਇ, ਕਿਸ ਨੱਕ ਨਾਲ? ਸੁਣੇਂਗਾ? ਨਹੀਂ, ਭਗਵੰਤ ਕਰੇਗਾ ਹੁਣ ਅ ਪਣੀ ਲੋੜ ਨੂੰ ਆਇਆ ਹੈਂ, ਮਤਲਬੀ? ਪ੍ਰਾਰਥਨਾ ਕਰਾਂ? ਕਿੰਵ? ਕੀ ਮੂੰਹ ਲੈਕੇ? ਪਾਪ ਤੇ ਪਾਪਾਂ ਦੀ ਪਾਈ ਸੰਗ। ਆਪਣੇ ਪਾਪ ਸ਼ਰਮਿੰਦਿਆਂ ਕਰਦੇ ਹਨ।

ਲੋਕੀਂ ਆਖਦੇ ਹਨ ਗੁਰੂ ਕਰਾਮਾਤੀ ਹੈ। ਕਈ

ਗੱਲਾਂ ਡਿੱਠੀਆਂ ਬੀ ਹਨ। ਚੱਲੋ ਗੁਰੂ ਨੂੰ ਕਹੀਏ, ਕੋਈ ਰੇਖ ਵਿਚ ਮੇਖ ਮਾਰੇਗਾ। ਪਰ ਗੁਰੂ ਆਦਮੀ ਹੈ, ਕਰਾਮਾਤ ਅਸੰਭਵ ਹੈ। ਮੂਰਖਾਂ ਦਾ ਪਰਚਾਵਾ ਹੈ। (ਸੋਚਕੇ) ਨਹੀਂ ਓਇ ਜੋਗ ਦਰਸ਼ਨ ਵਿਭੂਤੀ ਪਾਦ ਵਿਚ ਤਾਂ ਅਕਲ ਗੋਚਰਾ ਕਰ ਦੱਸਿਆ ਹੈ ਕਿ ਜਿਥੇ ਇਕਾਗਰ ਚਿਤ ਆਪਣਾ ਧਿਆਨ ਜੋੜੇ ਉਥੇ ਹੀ ਸਿਧੀ ਹੈ। ਗੁਰੂ ਯੋਗੀ ਤਾਂ ਹੈ ਤ੍ਰਿਪਹਿਰੇ ਉਠਕੇ ਬਹਿ ਜਾਂਦਾ ਹੈ, ਅਰ ਰਹਿੰਦਾ ਅਲੱਪ ਹੀ ਹੈ,ਯੋਗੀ ਹੈ?"'ਹੈ ਤਾਂ ਯੋਗੀ।ਚੱਲੋ ਕਹੋ ਅਰਜ਼। ਤੇਰੇ ਨਾਲ ਪਿਆਰ ਬੀ ਹੈ। ਪਰ ਕੀ ਤੇਰੇ ਦੰਦਾਂ ਨੂੰ ਨਹੀਂ ਜਾਣਦਾ ? ਨਹੀਂ, ਜਾਣਦਾ ਤਾਂ ਮਾਰ ਪਛਾੜਦਾ, ਨਹੀਂ ਜਾਣਦਾ ਹੋਊ। ਨੀਭੱਜ ਪੁਰਖ ਜਾਣਕੇ ਬੀ ਫੇਰ ਨਹੀਂ ਜਿਤਾਇਆ ਕਰਦੇ ਤੇ ਏਹ ਸਿਖ ਫਕੀਰ ਤਾਂ ਦੇਖਕੇ ਅਣਡਿੱਠ ਕਰਦੇ ਹਨ, ਠਗੀਂਦੇ ਹਨ, ਪਰ ਜਿਤਾਉਂਦੇ ਨਹੀਂ। ਓਹ ਹੋ ! ਨਿਰਾਸ਼ਾ ! ਕੋਈ ਹਾਲਤ ਹੋਵੇ, ਤੇਰੇ ਪਾਸ ਕੋਈ ਹੀਲਾ ਤੇ ਦਾਰੂ ਪੁਤ ਬਚਾਉਣ ਦਾ ਨੰਹੀਂ, ਡੁਬਦੇ ਨੂੰ ਤੀਲੇ ਦਾ ਸਹਾਰਾ । ਇਹੋ ਇਕੋ ਆਸ ਹੈ। ਸੋ ਚਲ ਦੇਖ, ਜੇ ਤੀਰ ਤੁਕਾ ਕੋਈ ਲਗ ਜਾਏ।

ਇਹੋ ਜਿਹੀਆਂ ਸੋਚਦਾ ਵਿੰਗੇ ਤੁਰਦੇ ਮਨ ਨੂੰ ਕੁਲ ਤੇ ਲਿਆਉਂਦਾ ਗੁਰ ਜੀ ਦੇ ਹਜ਼ੂਰ ਪ੍ਰਸਾਦ ਲੈਕੇ ਪਹੁੰਚਾ। ਅਗੇ ਰਾਗੀ ਸਿੰਘ ਇਹ ਸ਼ਬਦ ਗਾਉਂ ਰਹੇ ਸਨ:-

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥ ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥ ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥ ਤਭ ਤੇਰੀ ਓਕ ਕੋਈ ਪਾਨੀਓ ਨ ਪਾਵੈ ॥੨॥ ਕਹਤੁ ਕਬੀਰੁ ਕੋਈ ਨਹੀ ਤੇਰਾ ॥ ਹਿਰਦੈ ਹਮੁ ਕੀ ਨ ਜਪਹਿ ਸਵੇਰਾ ॥ ੩ ॥ ੯ ॥ [ਸੋ: ਕਬੀਰ

ਭੋਗ ਪਏ ਤੇ ਸਤਿਗੁਰ ਨੇ ਆਦਰ ਨਾਲ ਕਿਹਾ ਆਉ ਪਰਮਾ ਨੰਦ ਜੀ ! ਅੱਜ ਪੀਲੇ ਢੂਕ ਹੋ ਰਹੇ ਹੋ ? ਜਗਤ ਸਥਿਰ ਜਾਣਕੇ ਜੋ ਦੇਣ ਉਸਾਰਦੇ ਸੀ ਕੋਈ ਇਟ ਖਿਸਕ ਗਈ ?

ਪਰਮਾ—ਜੀ ਖਿਸਕਣ ਲੱਗੀ ਹੈ, ਕੋਈ ਮਿਹਰ ਕਰੋ, ਨਾ ਖਿਸਕੇ।

ਗੁਰੂ ਜੀ-ਕਰਮ ਗਤ ਟਾਲੀ ਕਿਉਂ ਟਲੇ ? (ਮੁਸਕ੍ਰਾ ਪਏ)।

ਪਰਮਾ—ਆਪ ਹੀ ਕਰਮਗਤੀ ਦੇ ਫਲ ਪ੍ਰਦਾਤਾ ਅਸਮਾਨਾਂ ਤੇ ਹੋ; ਆਪ ਹੀ ਇਥੇ ਹੋ ?

(ਸਤਿਗੁਰ ਨੈਣ ਮੀਟ ਗਏ)।

ਉਧਰ ਸੰਗਤ ਵਿਚ ਹੌਲੇ ਹੌਲੇ ਗੱਲਾਂ ਛਿੜ ਪਈਆਂ।

ਉਦੇ ਸਿੰਘ—ਅੱਜ ਇਹ ਬਿੱਲੀ ਬੜੀ ਛਹਿਕੇ ਨਿਮਾਜ਼ਾਂ ਪੜ੍ਹਦੀ ਆਈ ਹੈ !

ਧਿਆਨ ਸਿੰਘ-ਕੋਈ ਮੱਟ ਪਈ ਹੂ। ਪੁੜੀ ਸੂ ਕਲੇਜੇ। ਐਵੇਂ ਕਦੇਂ ਪਸੀਜਦੇ ਹਨ ਪੁਰਾਣੇ ਪਾਪੀ।

ਦਇਆਸਿੰਘ—ਲੱਗਾ ਸੂ ਦੋਈ ਬਾਣ, ਵੇਖੇ ਨਾ ਅੱਥਰੂ ਰੁਕਦੇ ਨਹੀਂ ਸੂ, ਬੁਲ੍ਹ ਬਿੜਕਦ ਹੂ।

ਦੌਲਤ ਸਿੰਘ—ਪੀਰਾਂ ਨਾਲ ਪੰਜ ਕਰਦਾ ਸੀ, ਅੰਤਰਯਾਮੀ ਨੂੰ ਟਪਲੇ ਲਾਉਂਦਾ ਸੀ;ਪੈ ਗਈ ਨਾ ?

ਮਹਿਤਾਬ ਸਿੰਘ—ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥

ਸਤਿਗੁਰ ਜੀ—(ਨੈਣ ਖੁਹਲ ਕੇ ਤੇ ਪੰਮੇ ਵੱਲ ਤੱਕਕੇ) ਪਰਮਾ ਨੰਦਾ !

"ਦੁਕ੍ਰਿਤੁ ਸੁਕ੍ਰਿਤੁ ਬਾਰੋ ਕਰਮੁ ਕੀ ॥"

ਪਰਮਾ—ਸੱਚ ਹੈ, ਪਾਤਸ਼ਾਹ ! ਪਰ ਕਰ ਨਾ ਪੁਠੀਆਂ ਮਿੱਧੀਆਂ, ਫੇਰ ਪਾ ਘਰ ਦੇ ਕੁੱਤੇ ਨੂੰ।

ਸਤਿਗੁਰ—ਪਰਮਿਆਂ, ਕੀ ਮੰਗਦਾ ਹੈਂ, ਨਾਸ਼ਵੰਤ ਚੀਜ਼ਾਂ, ਮੰਗ ਪਰਮੇਸ਼ੁਰ ਦਾ ਨਾਮ ਜੋ ਜੀਵੇਂ ?

ਪਰਮਾ—ਪਾਤਸ਼ਾਹ ! ਓਹ ਭੀ ਦੇਹ ਜੋ ਤੈਨੂੰ ਭਾਵੇ, ਤੇ ਉਹ ਭੀ ਦੇਹ ਜੋ ਮੈਂ ਮੂਰਖ ਮੰਗਾਂ ! (ਮੰਗਤ ਵਿਚੋਂ ਕਿਸੇ ਨੇ ਹੌਲੇ ਜਿਹੇ ਕਿਹਾ) ਨਾਲੇ ਦੋ ਦੋ ਨਾਲੇ ਚੋਪੜੀਆਂ, ਕਪਟੀ !

ਗੁਰੂ ਜੀ—ਤੇਰੇ ਧਰਮ ਵਿਚ ਹਿਸਾਬ ਹੈ, ਸੋ ਜ਼ਿੰਦ ਦੇ ਬਦਲੇ ਜ਼ਿੰਦ।

ਪਰਮਾ—ਪਰ ਤੇਰੇ ਘਰ ਮਿਹਰ ਹੈ ਬਖਸ਼ਿਸ਼ ਹੈ; ਕਰ ਛੋਟ, ਸਦਕੇ ਅਜੀਤ ਸਿੰਘ ਦੇ, ਫੇਰ ਪਾ ਮੰਗਤੇ ਨੂੰ ਸਿਰ ਸਦਕੇ ਕੁਝਾਰ ਸਿੰਘ ਦੇ।

ਇਕ ਸਿੱਖ(ਉੱਠਕੇ)—ਹੇ ਪਾਤਸ਼ਾਹ!ਜੇ ਗੁਰੂਕਿਆਂ ਨੂੰ ਕਿਸੇ ਸਿਰ ਦੀ ਲੋੜ ਹੈ ਤਾਂ ਦਾਸ ਹਾਜ਼ਰ ਹੈ।

ਗੁਰੂ ਜੀ (ਉਠਕੇ ਤੇ ਗਲ ਲਾਕੇ) ਪਿਆਰਿਆ ਧੰਨ ਸਿੱਖੀ ! ਨਿਹਾਲ ! ਖਾਲਸਾ ਜੀ ! ਪਰਮੇ ਦਾ ਪੁੱਤ ਘੜੀਆਂ ਸਾਸਾਂ ਤੇ ਹੈ; ਇਹ ਮੰਗਦਾ ਹੈ ਜ਼ਿੰਦ ਤੇ ਜ਼ਿੰਦ ਦੇ ਬਦਲੇ ਜ਼ਿੰਦ ਹੁੰਦੀ ਹੈ।

ਸਿੱਖ—ਫਿਰ ਜੇ ਆਪ ਦੀ ਖੁਸ਼ੀ ਹੈ ਤਾਂ ਜ਼ਿੰਦ ਹਾਜ਼ਰ ਹੈ, ਚਾਹੇ ਕਿਸੇ ਬਦਲੇ ਲਾ ਲਓ।

ਗੁਰੂ ਜੀ—ਤੁਹਾਨੂੰ ਪਰਮਾਨੰਦ ਦਾ ਪਤਾ ਹੈ ?

ਸਿੱਖ—ਸਭ ਪਤਾ ਹੈ ਪਾਤਸ਼ਾਹ ! ਪਰ ਅਸੀਂ ਤਾਂ ਤੇਰੇ ਹੁਕਮ ਦੇ ਸਦਕੇ ਹਾਂ । ਸਾਨੂੰ ਤੇਰੇ ਵੇਜਾਂ ਨਾਲ

ਕੀਹ ਤੇ ਕਿਸੇ ਦੇ ਕਰਮਾਂ ਨਾਲ ਕੀਹ ?

ਇਹ ਹਾਲ ਦੇਖਕੇ ਪਰਮੇ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ, ਕਿ ਹੈਂ ! ਮੈਨੂੰ ਸਿਖ ਸਭ ਸਮਝਦੇ ਹਨ, ਫੇਰ ਮੇਰੇ ਲਈ ਜਾਨ ਦੇਣ ਲਈ ਤਿਆਰ ਹਨ, (ਹੁਣ ਸ਼ਰਮ ਨਾਲ ਮੁੜਕਾ ਆ ਗਿਆ) ਹਾਇ ਮੇਰੇ ਤੇ ! (ਗੁਰੂ ਜੀ ਵਲ ਹੱਥ ਜੋੜਕੇ) ਪਾਤਸ਼ਾਹ ! ਕਰ ਮਿਹਰ !

ਇਕ ਸਿੱਖ–ਅੰਦਰੋਂ ਕੱਢ ਪਾਪ ਪਰਮਿਆਂ ! ਗੁਰੂ ਨਾਨਕ ਦਾ ਦਰ ਬਖਸ਼ਿਸ਼ ਦਾ ਦਰ ਹੈ, ਪਰ ਸਰਲਾਂ ਵਾਸਤੇ। ਸਰਲ ਹੋ ਜਾਹ, ਭੋਲਿਆ ! ਪੁੱਛ ਵਿਚ ਤਾਂ ਸਿਧਾ ਹੋਏ ਬਿਨਾਂ ਸੱਪ ਵੀ ਨਹੀਂ ਵੜ ਸਕਦਾ, ਜੋ ਉਂਵ ਵਲ ਬਿਨਾਂ ਇਕ ਕਦਮ ਨਹੀਂ ਰਿੜ੍ਹ ਜਾਣਦਾ।

ਪਰਮਾ (ਪਰਮੇ ਦੇ ਦਿਲ ਲੱਗੀ ਕਿ ਮੇਰੇ ਅੰਦਰ ਕਪਟ ਹਨ, ਮੈਂ ਕੀਤੇ ਹਨ, ਫੇਰ ਮਿਹਰ ਮੰਗਦਾ ਹਾਂ, ਮਿਹਰ ਤਾਂ ਸ਼ਰਨਾਗਤ ਮੰਗ ਸਕਦਾ ਹੈ। ਹਾਇ ਮਮਤਾ ! ਜਿਸ ਨੂੰ ਮੈਂ ਸ਼ਤਰੰਜੀਏ ਦੇ ਵਲ ਭੰਨ ਦਿਤੇ, ਬਿਹਬਲ ਹੋਕੇ ਚਰਨ ਫੜ ਲਏ)–ਹੇ ਪਾਤਸ਼ਾਹ ! ਸੱਚੇ ਪਾਤਸ਼ਾਹ! ਬੱਚੇ ਦੀ ਜਿੰਦ ਬਖਸ਼ ਦਿਹ !

ਸਤਿਗੁਰ–ਤੇਰੇ ਘਰ ਜੀਉ ਕੇ ਪੁੱਤ ਤੇਰੀ ਮੱਤ ਦੇ ਤੇਰੀ ਵਿਦਯਾ ਪਾਏਗਾ। ਜਾਣ ਦੇਹ ਸੂ ਬੇਦਾਗ।

ਪਰਮਾ–ਪਾਤਸ਼ਾਹ ! ਮੈਂ ਛਡਿਆ ਤੇ ਸਭ ਕੁਛ ਛਡਿਆ। ਜੀਵਾਂਗਾ, ਮਾਲਾ ਫੇਰਾਂਗਾ, ਬੱਸ ਮਣਕੇ ਦੇ ਫੇਰ ਬਿਨਾਂ ਮੈਂ ਸਭ ਫੇਰ ਛਡੇ। ਮੇਰੇ ਕੀਤੇ ਬਖਸ਼, ਤੂੰ ਅੰਤਰਜਾਮੀ ਹੈਂ, ਤੂੰ ਪੁੱਤ ਦੀ ਜਾਨ ਬਖਸ਼।

ਸਤਿਗੁਰ–ਲੱਤ ਵੇਲੇ ਸੁਰਤਿ ਇੱਛਾ ਦੀ ਤੀਬਰਤਾ ਦੀ ਗਰਮੀ ਪਾਕੇ ਸਿੱਧੀ ਹੁੰਦੀ ਹੈ, ਸੱਚ ਨੂੰ ਵੇਖਦੀ ਹੈ, ਭਗਤੀ ਕਰਦੀ ਹੈ ਤਾਂ ਪੂਜਕੇ, ਮਗਰੋਂ ਫੇਰ ਵਿੰਗੀ ਕਰੜੀ ਹੋ ਜਾਂਦੀ ਹੈ।

ਪਰਮਾ–ਸੱਚ ਹੈ ਬਖਸ਼ਿੰਦ ਜੀ ! ਪਰ ਕਰ ਬਾਹੁੜੀ, ਮੈਂ ਵਟੀਜ ਗਿਆ ਹਾਂ।

ਸਤਿਗੁਰ–ਜੀਵੇਗਾ, ਪਰ ਸਾਧ ਸੰਗਤ ਦੀ ਭਾਗੀਂ, ਜਦੋਂ ਸਾਧ ਸੰਗਤ ਦੀ ਸੇਵਾ ਤੋਂ ਬੇਮੁਖ ਹੋਵੇਗਾ, ਟੁਰ ਜਾਵੇਗਾ।

ਪਰਮਾ–ਸੱਤ ਬਚਨ, ਪਾਤਸ਼ਾਹ ! ਤੇਰੇ ਘਰ ਦਾ ਰੋੱਲਾ ਹੋਵੇਗਾ।

ਸਤਿਗੁਰ–ਤੂੰ ਸਰਲ ਜੀਵਨ ਬਸਰ ਕਰੇਂਗਾ ?

ਪਰਮਾ–ਪਾਤਸ਼ਾਹ ! ਡਾਢਾ ਸੂਤ। ਅੱਜ ਮੇਰੀਆਂ ਅੱਖਾਂ ਤੋਂ ਜਗਤ ਪਿਆਰ ਦੇ ਛੋੜ ਢਹਿ ਪਏ ਹਨ। ਵੈਰਾਗ ਹੈ ਅਰ ਅਸਾਰਤਾ ਦਿੱਸ ਰਹੀ ਹੈ। ਹੁਣ ਜੀਵਾਂਗਾ ਤਾਂ ਆਪ ਨੂੰ ਅੰਦਰ ਵਸਾਵਾਂਗਾ ਤੇ ਸਿਮਰਨ ਕਰਾਂਗਾ, ਮੇਰੇ ਔਗੁਣ ਕੀਤੇ ਹੋਏ ਬਖਸ਼ !

ਸਤਿਗੁਰ–ਜਾਹ ਪਰਮਿਆਂ, ਘਰ ਆਦਮੀ ਭੇਜ ਜੋ ਗੁਰ ਨਾਨਕ ਦੇ ਦਰ ਪ੍ਰਸ਼ਾਦਿ ਕਰਕੇ ਅਰਦਾਸਾ ਕਰਣ ਤੇ 'ਧੰਨ ਗੁਰ ਨਾਨਕ' ਦੀ ਧੁਨਿ ਬੱਚੇ ਦੀ ਕੰਨੀਂ ਪਾਉਣ, ਜਾਹੁ।

ਪਰਮਾ ਮੱਥਾ ਟੇਕ ਕੇ ਉਠ ਗਿਆ।

ਜਮਨਾ ਸਿੰਘ (ਸਤਿਗੁਰ ਜੀ ਵੱਲ,–ਪਾਤਸ਼ਾਹ ! ਇਹ ਕਰੂੰਭੀਆ ਹੈ।

ਸਤਿਗੁਰ–ਨਾਰਾਇਣ ਵੰਤ ਭਾਨੇ ਡਾਇਣ।

ਜਮਨਾ ਸਿੰਘ–ਇਹ ਸਿੱਧਾ ਰਹੇਗਾ ਜੀਉ ! ਗੁਰ ਘਰ ਦੇ ਬੜੇ ਦੋਹ ਕਹਦਾ ਹੈ ?

ਸਤਿਗੁਰ–ਜੋ ਜਿਸਦਾ ਜੀ ਚਾਹੇ ਕਰੇ, ਗੁਰ ਨਾਨਕ ਦੇ ਦਰ ਬਖਸ਼ਿਸ਼ ਹੈ, ਜੋ ਕਹੇਗਾ ਭਰੇਗਾ; ਇਸ ਵੇਲੇ ਸਾਫ ਹੈ। ਮੰਸਾਤੋਮਾਂ ਨੂੰ ਭੈ ਸਿਧਾ ਕਰਦਾ ਹੈ, ਸੋ ਜੋ ਭੈ ਹੇਠਾਂ ਸਦਾ ਲਈ ਸਿੱਧਾ ਹੋਗਿਆ ਤਰ ਗਿਆ, ਨਹੀਂ ਤਾਂ ਵਿੰਗੇ ਨੇ ਭਾਰ ਪਏ ਤੇ ਟੁੱਟਣਾ ਹੀ ਟੁੱਟਣਾ ਹੈ ਨਾ।

ਇਸ ਵੇਲੇ ਸੰਗਤ ਨੇ ਬੜੇ ਪ੍ਰੇਮ ਨਾਲ ਗਾਇਆ–

ਜੋ ਸ਼ਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥ [ਬਿਹਾ: ਮ: ਪ

੮.

ਅੱਜ ਪਦਮਾ ਨੂੰ ਮਾਲਵੀਹ ਪਰਬਤ ਪੁਰ ਦਰਸ਼ਨ ਕਰ ਆਈ ਨੂੰ ਦੂਸਰੀ ਰਾਤ ਹੈ। ਉਹ ਜੋ ਕੁਛ ਦੇਖ ਤੇ ਸੁਣ ਆਈ ਸੀ, ਅੰਦਰ ਰਚ ਗਿਆ ਹੈ। ਨਿਰੀ ਅਕਲ ਦੇ ਗੋਰਖਧੰਦੇ ਤੇ ਵਲ ਛਿਕ ਇਕ ਕਰਕੇ ਖੁੱਲ੍ਹਦੇ ਤੇ ਫਿਲੇ ਹੁੰਦੇ ਗਏ ਹਨ, ਸਰਲਤਾ ਤੇ ਸੱਚ ਸਮਾਉਂਦੇ ਗਏ ਹਨ। ਇਕ ਸਮਝੇ ਵੱਖਰੀ ਗੱਲ ਧਾਉਂਦੀ ਗਈ ਹੈ। ਕੋਈ ਬੇਚੈਨੀ ਤੇ ਚੁਹ ਜਿਹੀ ਵੱਜਦੀ ਹੈ ਜੋ ਕਮਲਿਆਂ ਕਰ ਕਰ ਸੱਟਦੀ ਹੈ। ਪੜ੍ਹੇ ਸ਼ਾਸਤ੍ਰ ਤੇ ਫਿਲਸਫੇ ਜੋ ਪੁੰਧ ਮਚਾਈ ਬੈਠੇ ਸਨ, ਹੁਣ ਨੀਵੇਂ ਹੋ ਰਹੇ ਹਨ। ਸੋਚਾਂ ਉਠਦੀਆਂ ਹਨ, ਪਰ ਕੋਈ ਐਸਾ ਤਣੁੱਕਾ ਵੱਜਦਾ ਹੈ ਕਿ ਸਭ ਸੋਚਾਂ ਰੁੜ ਜਾਂਦੀਆਂ ਹਨ। ਪਹਿਲੀ ਰਾਤ ਤਾਂ ਕੁਛ ਸੋਚਾਂ ਵਿਚ, ਕੁਛ ਤਣੁੱਕਿਆਂ ਵਿਚ, ਕੁਛ ਨੀਂਦਰ ਵਿਚ ਲੰਘ ਗਈ ਸੀ, ਪਰ ਕੁਛ ਅਕਹਿ ਗੱਲ ਅੰਦਰ ਰਚਦੀ ਛੁੱਪੀ ਲਹਿੰਦੀ ਗਈ, ਅੱਜ ਸੌਣ ਹੀ ਨਹੀਂ ਦਿੰਦੀ ਤੇ ਮਨ ਨਾਲ ਮਨ ਗੱਲਾਂ ਕਰ ਰਿਹਾ ਹੈ !

ਪਦਮਾ (ਅਪਣੇ ਆਪ ਨਾਲ)–ਪਿਆਰੀ ! ਤੇਰੇ ਨਾਲ ਕੀ ਵਰਤੀ? ਸਉਂ, ਹੁਣ ਤਾਂ ਰਾਤ ਲੰਘ ਗਈ। ਤੇਰੇ ਭਾਣੇ ਸਭ 'ਵਾਕ-ਰਚਨਾ' ਸੀ; ਧਰਮ, ਫਿਲਸਫਾ ਕਾਵ੍ਯ, ਵਿਦਯਾ, ਵਿਗ੍ਯਾਨ, ਨੀਤੀ, ਸਾਕ,

ਮੁਹੱਬਤ ਸਭ ਕੇਵਲ 'ਵਾਕ-ਰਚਨਾ' ਸੀ। ਛਿੱਲੜ ਹੀ ਛਿੱਲੜ। ਪਿਆਜ਼ ਹੀ ਪਿਆਜ਼। ਤੈਨੂੰ ਕੀਹ ਵਰਗ ਗਈਆਂ?ਹਾਇ ਮਨਾਂ ! ਪ੍ਰੇਮ ਦਾ ਚੀਚ ਗਲੋਲਾ ਕੋਈ ਸ਼ੈ ਜ਼ਰੂਰ ਹੈ । ਇਹ ਜ਼ਰੂਰ 'ਵਾਕ-ਰਚਨਾ' ਨਹੀਂ, ਨਾ ਹੀ ਨਿਰਾ ਇਹ ਸ਼ਰੀਰ ਮਾਤ੍ਰ ਹੈ। ਇਹ ਸ਼ਰੀਰ ਵਾਲੇ ਪਦਾਰਥਾਂ ਦੀ ਸ਼ੈ ਨਹੀਂ, ਇਹ ਕੋਈ ਅਗੰਮ ਖੇਡ ਹੈ। ਇਹ ਅੰਦਰ ਨਹੀਂ ਸੀ ਤਾਂ 'ਵਾਕ-ਰਚਨਾ' ਹੀ 'ਵਾਕ-ਰਚਨਾ' ਸੀ, ਪਰ ਹੈਂ ਕੀ ਇਹ ਉਹੋ ਕੇਂਦ੍ਰ ਹੈ, ਇਹੋ 'ਹੈ' ਹੈ, ਜੋ ਚੰਬੇ ਉਸ ਖਿੜੇ ਚਮਨਾਂ ਦੇ ਦਾਤਾ ਲੋਕ ਨੇ ਕਹੀ ਸੀ। ਇਹੋ 'ਹੈ' ਕੇਂਦਰ ਉਦਾਲੇ ਭੌਣ ਦਾ ਗੂਹਪਥ* ਜੋ ਮੈਥੋਂ ਘੁੱਸ ਗਿਆ ਸੀ। ਪਰ ਹਾਇ ਇਹ ਡੋਬ ਕੇਹਾ ਪੈਂਦਾ ਹੈ। ਸਿਰ ਨੂੰ ਕੁਛ ਹੁੰਦਾ ਹੈ, ਮੈਂ ਗਈ ਵੇ ਸ਼ਾਈਆਂ। (ਫੇਰ ਬੇਸੁਧੀ ਜੇਹੀ ਤੋਂ ਉਠਕੇ) ਵਾਹ ਵਾਹ ! ਇਹ ਤਾਂ ਕੋਈ ਪੀੜ ਹੈ। ਕਲੇਜੇ ਵਿਚ ਕੋਈ ਨਸ਼ਤਰ-ਖੋਭ ਹੈ, ਚੀਸ ਪੈਂਦੀ, ਕਸਕ ਵਜਦੀ ਹੈ, ਪਰ ਹੈ ਮਿੱਠੀ ਪੀੜ ਤੇ ਫੇਰ ਮਿੱਠੀ; ਹਾਇ ! ਮੈਨੂੰ ਸਮਝ ਨਹੀਂ ਪੈਂਦੀ ਕਿ ਕੀ ਹੈ ? ਮੈਂ ਸਾਵਧਾਨ ਰਹਿ ਕੇ ਦਰਸ਼ਨ ਕੀਤੇ, ਸਾਵਧਾਨ ਰਹਿਕੇ ਵਾਕ ਸੁਣੇ, ਪਰ ਰੇਵਾਲ ਜੀ ਦਾ ਸੁਧਾਰ ਕਿਹਾ ਕੁ ਨਜ਼ਾਰਾ ਸੀ, ਕਿਹਾ ਕੁ ਅਚਰਜ ਕੌਤਕ ਸੀ ! ਹੈਂ ! ਮੇਰੀ ਕੰਨੀਂ ਸ਼ਬਦ ਹੋ ਰਿਹਾ ਹੈ 'ਛੋਡਿ ਬਹੈ ਤਉ ਛੂਟੈ ਨਾਹੀ' ਕਿਯੂੰ ਦੀ ਗੂੰਜ ਹੈ ! ਵਾਹਵਾ ! ਸਵਾਦ ਆ ਗਿਆ, ਰਾਣੀਆਂ ਦੇ ਦਰਸ਼ਨਾਂ ਦਾ ਤਜਰਬਾ ਮੈਂ ਸਾਵਧਾਨ ਹੋਕੇ ਸੁਣਿਆਂ, ਸਮਝਿਆ ਤੇ ਸਮਝ ਕੇ ਸੁਣਿਆਂ। ਰੁਸਤਾਖ ਤੇ ਸ਼ੋਖ, ਪਰ ਖਰੀਆਂ ਖਰੀਆਂ ਆਖਣ ਵਾਲੀ ਡਢਵਾਲਣ ਦੀ ਚੰਚਲ ਪਰ ਸਿਦਕ ਭਰੀ ਗਲ ਬਾਤ ਜੋਖ ਜੋਖ ਕੇ ਸੁਣੀ, ਗੁਲੇਰਨ ਦੇ ਵਾਕ ਤੋਲੇ, ਪਰ ਫੇਰ ਮੈਨੂੰ ਕੀ ਹੋ ਗਿਆ ! ਮੈਂ ਪਰਤਾਵੇ ਕਰਨੇ ਸਨ, ਦੁਣ ਕੌਣ ਕੁਛ ਕਰੇਗਾ ! ਮੈਂ ਸਮਝਦੀ ਸਾਂ ਕਿ ਚਤੁਰ ਪੁਰਖ ਕਾਮਯਾਬ ਹਨ ਕਿ ਉਹ ਸੁੰਦਰ 'ਵਾਕ-ਰਚਨਾਂ ਕਰ ਸਕਦੇ ਹਨ । ਕਵੀ ਕਾਮਯਾਬ ਹਨ ਕਿ ਓਹ ਸੁੰਦਰ 'ਵਾਕ ਰਚਨਾਂ' ਗੁੰਦ ਸਕਦੇ ਹਨ । ਸੰਗੀਤਕ ਕਾਮਯਾਬ ਹਨ ਕਿ ਓਹ 'ਵਾਕ-ਰਚਨਾਂ' ਸੁੰਦਰਤਾ ਨਾਲ ਗਾਉਂ ਸਕਦੇ ਹਨ। ਚਿਤ੍ਰਕਾਰ ਕਾਮਯਾਬ ਹਨ ਕਿ 'ਵਾਕ-ਰਚਨਾ' ਦੀ-ਖਤ ਖਾਲ ਨਕਸ਼ ਵਿਚ ਰੰਗਾਂ ਤੇ ਸ਼ਾਹੀ ਨਾਲ ਕਿ ਨਿਰੇ ਉਭਾਰ ਸਭਾਰ ਦੇਕੇ-ਟੀਕਾ ਕਰ ਸਕਦੇ ਹਨ। ਮੰਗ-ਤਰਾਸ਼ (ਬੁੱਤ ਸਾਜ਼) ਕਾਮਯਾਬ ਹੈ ਕਿ ਓਹ ਸੱਬਦੀ ਹਥੌੜੀ ਨਾਲ'ਵਾਕ-ਰਚਨਾ' ਦੀ ਸ਼ਰਾ ਪੱਥਰ ਪਰ ਖੋਲ੍ਹ ਸਕਦਾ ਹੈ, ਪਰ ਮੈਨੂੰ ਪਤਾ ਨਹੀਂ ਸੀ ਕਿ ਸਰੀਰ ਦੇ ਅੰਦਰ ਮੇਰੇ ਅੰਦਰਲੇ ਵਿਚ ਇਸ ਤੋਂ ਵੱਖਰਾ ਕੋਈ ਨੁਕਤਾ ਹੈ ਜੋ ਅਸਲ ਹੈ, ਵਾਕ ਰਚਨਾਂ ਤੋਂ ਉੱਚਾ ਹੈ, ਹਾਂ, ਕੋਈ ਟਿਕਾਣਾ ਹੈ ਜੋ ਅਜੇ ਕਿਸੇ ਦੀ ਨਜ਼ਰ ਨਹੀਂ ਸੀ ਚੜ੍ਹਿਆ, ਤੇ ਜੋ ਮੈਨੂੰ ਵੀ ਪਕੜਾਈ ਨਹੀਂ ਸੀ ਦੇਂਦਾ, ਉਹਲੇ ਉਹਲੇ ਅਛੇੜ ਪਿਆ ਸੀ। ਹਾਇ ! ਇਹ ਕੋਈ ਉੱਚੀ ਗੱਲ ਹੈ, ਇਹ ਕੋਈ ਅਸੂਲ ਦਾ ਨੁਕਤਾ ਹੈ। ਇਹ ਸਰੀਰ ਵਰਗੇ ਪਦਾਰਥ ਤੋਂ ਨਹੀਂ ਬਣਿਆਂ ਇਹ ਉਸ ਮਾਦੇ ਤੋਂ ਬੀ ਬਣਿਆਂ ਨਹੀਂ ਜਾਪਦਾ ਜਿਸ ਤੋਂ ਸਾਡੇ ਖਿਆਲ ਤੇ ਸੁਪਨ-ਦਰਸ਼ਨ ਬਣਦੇ ਹਨ, ਇਹ ਕੋਈ ਹੋਰ ਚਾਨਣ ਦੀ ਰੇਖਾ ਹੈ ਜੋ ਸਰੀਰ ਦੀ ਹਮ-ਵਤਨੀ ਨਹੀਂ, ਇਹ ਕੋਈ ਉਡਣ-ਪੰਛੇਰੂ, ਕੋਈ ਪ੍ਰਦੇਸੀ ਢੋਲਾ ਹੈ, ਜੋ ਇੱਥੇ ਰੈਣ ਬਸੇਰਾ ਕਰਦਾ ਹੈ। ਹਾਏ ! ਇਹ ਕੀ ਹੈ ! ਊਈ ! ਕਸਕ ਪਈ, ਮੈਂ ਗਈ ਵੇ ਲੋਕੋ ! (ਬੇਸੁਧ ਜੇਹੀ ਹੋ ਗਈ) (ਫਿਰ ਹੋਸ਼ ਕਰਕੇ) ਠੰਢ ਪੈ ਗਈ,ਪਰ ਬਲ ਕਿੱਧਰ ਗਿਆ ! ਕੇਹੀ ਮਿੱਠੀ ਕਮਜ਼ੋਰੀ ਹੈ, ਸੜ ਜਾਏ ਬਲ ਜੋ ਇਸ ਪੀੜ ਦਾ ਪਰਦਾ ਹੈ, ਸੜ ਜਾਏ ਅਕਲ ਜੋ ਇਸ ਮਰਮੀ ਦਾ ਚੁੰਧਯਾਊ-ਚਾਨਣਾ ਹੈ।'''ਆਹਾ ! ਵਾਹ ਵਾ ! ਰੱਬਾ ਹੇ ਰੱਬਾ !! ਅਜ 'ਰੱਬਾ' ਕੇਹੀ 'ਵਾਕ-ਰਚਨਾਂ' ਦੀ ਕੁੱਠੀਏ ! ਹੁਣ ਬਿਨਾਂ ਤੇਰੇ ਆਪਣੇ ਖਿਆਲਾਂ ਦੀਆਂ ਜੋੜਾਂ ਤੋੜਾਂ ਦੇ ਆਪੇ ਚਸ਼ਮੇ ਵਾਂਙੂ ਅਗੰਮੀਂ ਵਾਕ ਪਏ ਅੰਦਰੋਂ ਫੁੱਟਦੇ ਹਨ। ਹੈਂ ! ਊਈ ਰੱਬਾ ! ਦੱਸ ਮੈਨੂੰ ਤੇ ਰੱਖ ਮੈਨੂੰ। (ਉੱਠ ਕੇ ਟੁਰ ਪਈ, ਤੇ ਫੇਰ ਹਨੇਰੇ ਵਿਚ ਘੁੰਮ ਕੇ ਆ ਗਈ) ਭੱਠ ਰਾਜ ਤੇ ਅਮੀਰੀਆਂ ਪੈਰ ਟੁਰਨਾਂ ਨਹੀਂ ਜਾਣਦੇ, ਦਿਲ ਹੀਆ ਨਹੀਂ ਜਾਣਦਾ, ਨੈਣ ਰਾਹਾਂ ਦੇ ਜਾਣੂੰ ਨਹੀਂ ਰਹੇ। ਚੰਗਾ (ਮੁੱਠ ਕਾਲਜੇ ਦੀ ਭਰਕੇ) ਇਹ ਕੀ ਹੁੰਦਾ ਹੈ ! ਕੌਣ ਸਿਰ ਹਿਲਾਉਂਦਾ ਹੈ ! ਆਹ ! ਠੰਢ ਪੈ ਗਈ, ਸੁਆਦ ਆ ਗਿਆ। (ਸਿਥਲ ਹੋਕੇ ਲੇਟ ਗਈ) ਵਾਹ ਵਾਹ ਜੀਉ ! (ਸਿਰ ਫੇਰਕੇ) ਹਾਇ !

(ਇੰਨੇ ਨੂੰ ਮਾਨ ਕੌਰ ਆ ਗਈ)

*ਉਹ ਅਕਾਸ਼ੀ ਰਸਤਾ ਜਿਸ ਉਤੇ ਗੁਹ ਆਪਣੇ ਕੇਂਦਰਾਂ ਦੇ ਉਦਾਲੇ ਘੁੰਮਦੇ ਹਨ, ਭਾਵ–ਆਪਣੇ ਨਕਤੇ ਦੀ ਖਿੱਚ ਦੇ ਮੰਡਲ ਤੋਂ ਹੈ।

ਮਾਨ (ਪੜ੍ਹਦੀ ਆਉਂਦੀ ਹੈ)–ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ ਪ੍ਰਭ (ਅਖੁ ਦੂੰ), ਕੈ ਸਿਮਰਨਿ ਦੂਖ ਜਮ ਨਸੈ ॥' ਰਾਜ ਦੁਲਾਰੀ ਜੀ! ਜਾਗਦੇ ਹੋ!

ਪਦਮਾ–ਮਾਨ ਜੀ! ਜ ਗਦੀ ਹਾਂ।

ਮਾਨ–ਮੈਂ ਲੰਘ ਆਵਾਂ?

ਪਦਮਾ–ਇਨਾਂ ਪੁੱਛੇ।

ਮਾਨ (ਅੰਦਰ ਆਕੇ)–ਅਜੇ ਚਾਰ ਵਜੇ ਹਨ, ਤੁਸੀਂ ਜਾਗ ਪਏ ਹੋ!

ਪਦਮ –ਤੇ ਸੁੱਤਾ ਕੌਣ ਹੈ?

ਮਾਨ–ਸਾਰੀ ਰਾਤ?

ਪਦਮਾ–ਇਕ ਪਲ ਨਾ।

ਮਾਨ–ਸੁੱਖ ਹੈ (ਪਿੰਡਾ ਵੇਖਕੇ)ਪਿੰਡਾ ਤਾਂ ਚੰਗਾ ਹੈ!

ਪਦਮਾ–ਜ਼ਰਾ ਚਮੜੀ ਦੇਅੰਦਰ ਹੱਥ ਪਾਕੇ ਵੇਖਨਾ!

ਮਾਨ (ਹੱਸ ਕੇ)–ਹੱਛਾ! ਤੁੱਥੇ ਤਾਂ ਬਾਬਾ ਤੂੰ ਪਹੁੰਚੇਂ ਜਾਂ ਤੇਰਾ ਨੱਕਾਸ਼।

ਪਦਮਾ–ਮੈਨੂੰ ਸ਼ਰਮ ਆਉਂਦੀ ਹੈ ਕਿ ਆਪਣੇ ਨਿਤਾਣਪੁਣੇ ਦਾ ਇਕਰਾਰ ਕਰਾਂ, ਪਰ ਤੂੰ ਦੱਸ ਮੈਨੂੰ ਕੀਹ ਹੋ ਗਿਆ ਹੈ?

ਮਾਨ–ਤੇਰੀ ਮੂਰਛਾ ਖੁੱਲ੍ਹੀ ਹੈ, ਜਾਗ ਆਈ ਹੈ, ਆਪਾ ਮਹਿਕਦਾ ਹੈ।

ਪਦਮਾ–ਦਰਦ ਹੁੰਦੀ ਹੈ।

ਮਾਨ–ਟੁਟੀ ਹੱਡੀ ਜੁੜਨ ਵੇਲੇ ਦਰਦ ਕਰਦੀ ਹੈ। ਕਲੀ ਖੁਲ੍ਹਣ ਵੇਲੇ ਚਟਕ ਕਰਦੀ ਹੈ। ਚੇਤਨ ਜੜ੍ਹ ਤੋਂ ਦਰਦ ਨਾਲ ਹੀ ਨਿੰਵਰਦਾ ਹੈ।

ਪਦਮਾ–ਹਾਇ ਮੈਂ ਕੀ ਕਰਾਂ?

ਮਾਨ–ਉੱਠ ਨਾ, ਮੇਰੇ ਨਾਲ ਵੱਲ ਦੀਵਾਨ ਦੇ ਦਰਸ਼ਨ ਕਰ। ਪਦਮਾ–ਡਰ ਲਗਦਾ ਹੈ।

ਮਾਨ–ਫੇਰ ਨਾ ਚੱਲ,ਸਵੇਰੇਚੱਲ ਘਰਾਂਨੂੰ ਚਲੀਏ।

ਪਦਮਾ–ਮੈਂ ਕਿਹਾ ਮਾਲਵੀਹ ਪਰਬਤ ਤੇ ਲੈ ਚਲਦੀ ਏਂ?

ਮਾਨ–ਪਰਬਤਾਂ ਵਾਲਾ ਦਸਾਂ ਕਦਮਾਂ ਤੇ ਹੈ, ਹੁਣ ਚੜ੍ਹਾਈ ਉਤਰਾਈ ਦੀ ਕੀ ਲੋੜ ਹੈ।

ਪਦਮਾ–ਓ ਲਗਦਾ ਹੈ।

ਮਾਨ–ਫੇਰ ਛੱਡ ਪਹਿੜਾ।

ਪਦਮਾ–ਛਡਣ ਲਈ ਰਾਤ ਬੀਤੀ, ਛੁਟਦਾ ਨਹੀਂ, ਜਿਉਂ ਜਿਉਂ ਛੱਡੋ ਫੜੀਂਦਾ ਹੈ। ਨਾ ਛੱਡ ਹੁੰਦਾ ਹੈ, ਨਾ ਰਖ ਹੁੰਦਾ ਹੈ। ...ਦਰਦ ਹੈ!

ਮਾਨ–ਫਰਚਲੋ ਵੈਦਦੇ,ਦਰਦ ਦੀ ਦਵਾ ਲਈਏ।

ਪਦਮਾ–ਇਸ ਘੜੀ ਜਾਣਾ ਪਿਤਾ ਜੀ ਪਤਾ ਨਹੀਂ ਕੀ ਸਮਝਣਗੇ।

ਮਾਨ–ਉਹ ਆਪ ਇਸ਼ਨਾਨ ਕਰ ਚੁਕੇ ਹਨ ਤੇ ਚਲੇ ਹਨ।

ਪਦਮਾ–ਮਾਤਾ ਜੀ ਬੀ?

ਮਾਨ–ਨਹੀਂ ਉਹ ਸਿਰ ਪੀੜ ਨਾਲ ਪਏ ਹਨ। ਛਢਵਾਲਨ ਦੀਆਂ ਬਿਅਦਬੀਆਂ ਸੁਣ ਸੁਣਕੇ ਉਹ ਪਰਸੋਂ ਦੇ ਹੀ ਸਿਰ ਪੀੜ ਲੈ ਬੈਠੇ ਹਨ, ਪਰ ਰਾਤ ਬਹੁਤ ਤੰਗ ਰਹੇ ਹਨ।

ਪਦਮਾ–ਫੇਰ ਆਗਜ਼ਾ ਲੈ ਆਓ?

ਮਾਨ–ਆਗਜ਼ਾ ਤਾਂ ਮਿਲ...ਮਿਲ ਚੁਕੀ ਹੈ, ਪਰ ਫੇਰ ਭੀ ਡਰ ਹੈ?

ਇਹ ਕਹਿਕੇ ਮਾਨ ਜੀ 'ਪ੍ਰਭ ਕੈ ਸਿਮਰਨਿ' ਕਾਲ ਪੜਹਣੋਂ ਪੜ੍ਹਦੀ ਚਲੀ ਗਈ ਤੇ ਰਾਜਾ ਜੀ ਤੋਂ ਜਾ ਆਗਜ਼ਾ ਮੰਗੀ। ਆਪ ਅੱਗੇ ਦੀਵਾਨ ਨੂੰ ਜਾ ਰਹੇ ਸਨ, ਬੋਲੇ :–

ਮਾਨ ਜੀ! ਕਾਕੀ ਜਾਵੇ ਸਤਿਸੰਗ ਵਿਚ ਖੁਲ੍ਹੇ ਦਰਵਾਜ਼ੀਂ, ਪਰ ਬੱਚੀ! ਤੂੰ ਨਾਲ ਜਾਵੀਂ, ਉਹ ਅਨਜਾਣੂ ਹੈ। ਦੋ ਗੋਲੀਆਂ ਨਾਲ ਲੈ ਜਾਵੀਂ। ਪਿਆਦੇ ਬੀ ਸ਼ਾਮਿਆਨੇ ਤੱਕ ਨਾਲ ਜਾਣ ਜੋ ਬਾਹਰ ਠਹਿਰਨ, ਜਦੋਂ ਮੁੜੇ ਨਾਲ ਆਉਣ, ਮੇਲੇ ਦਾ ਕੰਮ ਹੈ ਤੇ ਭੀੜ ਹੈ।

ਮਾਨ ਕੌਰ–ਸੱਤ ਬਚਨ ਜੀਉ ਜੀ!

੯

ਇਕ ਭਾਰੀ ਸ਼ਾਮਿਆਨਾ ਹੈ, ਜਿਸ ਦੇ ਹੇਠ ਇਕ ਸਿੰਘਾਸਣ ਵਿਛਿਆ ਹੈ, ਇਸ ਪਰ ਸ੍ਰੀ ਕਲਗੀਧਰ ਜੀ ਬਿਰਾਜਮਾਨ ਹਨ। ਸੱਜੇ ਪਾਸੇ ਇਕ ਹੋਰ ਤਖਤਪੋਸ਼ ਹੈ, ਜਿਸ ਪਰ ਰਾਗੀ ਸਿੰਘ ਕੀਰਤਨ ਕਰ ਰਹੇ ਹਨ। ਗਿਰਦ ਚਬੂਤਰਾ ਹੈ, ਜਿਸ ਪਰ ਸੰਗਤ ਜੁੜ ਰਹੀ ਹੈ, ਰਾਗੀਆਂ ਦੇ ਸਾਹਮਣੇ ਪਾਸੇ ਬਾਈ ਧਾਰਾਂ ਦੇ ਰਾਜੇ ਬੈਠੇ ਹਨ। ਕਲਗੀਧਰ ਜੀ ਦੇ ਪਿਛਵਾੜੇ ਜਾਨ ਨਛਾਵਰੇ ਬਹਾਦੁਰ ਸਜ ਰਹੇ ਹਨ। ਇਨ੍ਹਾਂ ਤੇ ਰਾਗੀਆਂ ਦੇ ਵਿਚਕਾਰ ਮਾਈਆਂ ਸਜ ਰਹੀਆਂ ਹਨ। ਹਾਂ, ਸਦੀਆਂ ਦੀਆਂ ਦਾਸੀਆਂ ਸਤਿਗੁਰ ਦੇ ਦਰਬਾਰ ਵਿਲਾਹੀ ਮਿਹਰ ਦੀਆਂ ਹਿੱਸੇਦਾਰ ਹੋ ਰਹੀਆਂ ਹਨ। ਕੀਰਤਨ ਦਾ ਰੰਗ ਐਸਾ ਹੈ ਕਿ ਸਭ ਮਾਨੋਂ ਬੁੱਤ ਹੋ ਕੇ ਸੁਣ ਰਹੇ ਹਨ। ਕੋਈ ਸ਼ੋਰ ਨਹੀਂ, ਆਵਾਜ਼ ਨਹੀਂ, ਰਾਗ ਦੀ ਰੱਬੀ ਸਦ ਸਨੇਂ ਨੂੰ ਸ਼ਾਂਤ ਕਰ ਰਹੀ ਹੈ। ਇਸ ਰੰਗ ਵਿਚ ਦਿਨ ਹੋ ਆਇਆ, ਸੂਰਜ ਨੇ ਲਾਸ ਛੱਡੀ, ਆਸਾ ਦੀ ਵਾਰ ਦਾ ਰਾਗੀਆਂ ਭੋਗ ਪਾਇਆ, ਕੜਾਹ ਪ੍ਰਸ਼ਾਦ ਵਰਤਿਆ। ਇਕ ਸਿੰਘ ਦੂਲਾ ਸਿੰਘ ਫਰੁਖਾਬਾਦ ਦਾ ਲੁਹਾਰ ਆਇਆ, ਤਿੰਨ ਮੈ ਕਾਨੀ ਤੀਰ, ਦੋ ਕਮਾਨ, ਦੋ ਬਾਘ ਬਬੇ, ਦੋ ਤਮੰਚੇ ਤੇ ਦੋ ਦੁਨਾਲੀ ਬੰਦੂਕਾਂ ਪੇਸ਼ ਕੀਤੀਆਂ, ਜੋ ਉਸ ਨੇ ਆਪ ਬਣਾਈਆਂ ਸਨ। ਸਤਿਗੁਰ ਵੇਖਕੇ ਖੁਸ਼ ਹੋਏ, ਆਪ ਨੇ ਇਕ ਬੰਦੂਕ ਚਾਈ ਤੇ ਉਥੇ ਹੀ ਭੜੀ,

ਰਾਜੇ ਅਚਰਜ ਹੋ ਰਹੇ ਸਨ ਕਿ ਇੱਥੇ ਬੰਦੂਕ ਕਿਉਂ ਭਰੀ ਹੈ, ਕਿ ਆਪ ਬੋਲੇ :-

"ਨਿਸ਼ਾਨਾ ਫੁੰਡਣਾ ਹੈ, ਖਾਲਸਾ ਜੀ ! ਕੁਛ ਸਰੀਰ ਅੱਗੜ ਪਿੱਛੜ ਖੜੇ ਹੋ ਜਾਓ। ਵੇਖੀਏ ਕਿ ਦੋਵੇਂ ਗੋਲੀਆਂ ਕਿੰਨੇ ਸਰੀਰਾਂ ਵਿਚੋਂ ਨਿਕਲ ਜਾਂਦੀਆਂ ਹਨ"।

ਇਸ ਵੇਲੇ ਖੁਸ਼ੀ ਤੇ ਚਾ ਦੀ ਹੱਦ ਨਾ ਰਹੀ, ਚਾਲੀ ਪੰਜਾਹ ਸਿੱਖ ਇਕ ਦੂਜੇ ਦੇ ਅੱਗੇ ਪਿੱਛੇ ਕਤਾਰ ਬੰਨ੍ਹ ਕੇ ਖੜੇ ਗਏ।

ਸਤਿਗੁਰ ਜੀ—ਜ਼ਰਾ ਜ਼ਰਾ ਵਿੱਥ ਤੇ ਹੋ ਜਾਓ।

ਸਾਰੇ ਵਿੱਥ ਤੇ ਹੋ ਗਏ। ਠਾਹ ਕਰਕੇ ਬੰਦੂਕ ਚੱਲੀ, ਪਰ ਅਸਮਾਨ ਨੂੰ ਗਈ, ਕਿਸੇ ਨੂੰ ਨਹੀਂ ਵੱਜੀ, ਰਾਜੇ ਹੈਰਾਨ ਸਨ ਕਿ ਗੁਰੂ ਜੀ ਕੀਹ ਕਰਦੇ ਹੋਨ ਅਰ ਹੈਰਾਨ ਸਨ ਕਿ ਸਿੱਖ ਕਿਸ ਪਿਆਰ ਦੇ ਪੁਤਲੇ ਹਨ, ਕਿਸ ਚਰਾਗ਼ ਦੇ ਪਰਵਾਨੇ ਹਨ ਕਿ ਮੌਤ ਦਾ ਸ਼ਰਬਤ ਹੱਸ ਹੱਸ ਕੇ ਪੀਂਦੇ ਹਨ, ਪਰ ਹੁਣ ਹੋਰ ਅਸਚਰਜ ਹੋਏ ਕਿ ਸਤਿਗੁਰ ਕੇਵਲ ਪਿਆਰ ਦੇ ਪਭਤਾਵਨਹਾਰ ਸਨ; ਅਕਾਰਨ ਜਾਨ ਨਹੀਂ ਸਨ ਲੈਂਦੇ।

ਹੁਣ ਸਾਰੇ ਰਾਜੇ ਇੱਕ ਇਕ ਕਰਕੇ ਆਏ, ਭੇਟਾ ਅੱਗੇ ਰੱਖ ਮੱਥਾ ਟੇਕਿਆ ਤੇ ਵਿਦਾ ਹੋਏ। ਮੰਡੀ ਵਾਲੇ ਰਾਜੇ ਨੇ ਬਿਨੈ ਕੀਤੀ ਕਿ ਪਰਤਦੇ ਹੋਏ ਮਹਿਲੀਂ ਜ਼ਰੂਰ ਚਰਨ ਪਾਓ। ਸਤਿਗੁਰੂ ਜੀ ਨੇ ਪ੍ਰਵਾਨ ਕੀਤਾ। ਇਸ ਤੋਂ ਅਗਰੋਂ ਹੋਰ ਕਈ ਸੱਜਣ ਆਏ ਤੇ ਵਿਦਾ ਹੋਏ। ਜਾਂ ਸਤਿਗਰ ਜੀ ਵਿਹਲੇ ਹੋਏ। ਤਾਂ ਮਾਨ ਕੌਰ ਜੀ ਆਏ, ਬੋਲੇ:-

ਪਾਤਸ਼ਾਹ ! ਜਨਮ ਜਨਮ ਦੇ ਵਿਛੁੜੇ ਦਰ ਆਏ ਹਨ।

ਇਹ ਕਹਿ ਕੇ ਪਦਮਾ ਨੂੰ ਜਿਸ ਦ ਨੈਣਾਂ ਦੀ ਕਾਲੋਂ ਉਤਾਹਾਂ ਚੜ੍ਹ ਚੜ੍ਹ ਗੁੰਮ ਹੋ ਰਹੀ ਸੀ, ਚਰਨੀ ਪਾ ਦਿਤਾ, ਜਿਵੇਂ ਕੋਈ ਬਾਲ ਨੂੰ ਮਾਂ ਮੱਥਾ ਟਿਕਾਉਂਦੀ ਹੈ।

ਪਾਤਸ਼ਾਹ ! ਇਹ ਹੈ ਇਕ ਮੁਗਧ, ਵਿਦਵਾਨ ਮੁਗਧ; ਸੰਸਾਰ ਤੋਂ ਅਨਜਾਣ ਹੈ; ਜਾਂ ਵਿੱਦਯਾ ਦੀ ਜਾਣੂੰ ਹੈ, ਯਾ ਅੱਜ ਇਨਾਂ ਚਰਨਾਂ ਦੀ ਸਿਆਣੂੰ ਆ ਹੋਈ ਹੈ।

ਸਤਿਗੁਰ—ਵਾਕਬ ਹਾਂ, ਜਾਣੂੰ ਹਾਂ, ਓਪਰੀ ਨਹੀਂ, ਆਪਣੀ ਹੈ। (ਨਵੀਂ ਆਈ ਕਮਾਨ ਚਾ ਕੇ ਤੇ ਮੋਢੇ ਤੇ ਰਤਾਕੁ ਠਕੋਰਵੀਂ ਮਾਰ ਕੇ) ਉੱਠ ਬੇਟਾ ਜੀਉ !

ਪਰ ਪਦਮਾ ਪਈ ਹੈ ਮਾਨੋਂ ਚਰਨ ਪਈ ਸ਼ਰਨ ਸਮਾ ਗਈ ਹੈ ਤੇ ਹੁਣ ਨਹੀਂ ਵਿਛੁੜੇਗੀ।

ਤ੍ਰੈ ਵੇਰ ਸਤਿਗੁਰ ਨੇ ਠਕੋਰ ਦਿਤੀ, ਪਰ ਪਦਮਾ ਪਈ ਹੈ।

ਸਤਿਗੁਰ—ਨਿਹਾਲ ਕਾਕੀ ! ਉੱਠ ਤੇਰੀ ਕਲਿਆਨ। ਉੱਠ ਟਿਕ ਬੇਟਾ !

ਪਰ ਉਥੇ ਮਾਨੋ ਸੁੱਧ ਕੋਈ ਨਹੀਂ।

ਮਾਨਕੌਰ ਨੇ ਉਠਾ ਕੇ ਬੜੇ ਪਿਆਰ ਨਾਲ ਗੋਦੀ ਲੀਤਾ ਪਿਆਰ ਕੀਤਾ, ਤੇ ਕਿਹਾ: ਪਦਮਾ ਪਿਆਰੀ ! ਦਰਸ਼ਨ ਕਰ। (ਨੈਣ ਖੁੱਲੇ, ਪਦਮਾ ਨੇ ਸੂਰਜ ਤੱਕਿਆ, ਤੱਕਦਿਆਂ ਸਾਰ ਨੈਣ ਬੰਦ ਹੋ ਗਏ ਤੇ ਫੇਰ ਚਰਨੀ ਢਹਿ ਪਈ) ਪਦਮਾ ਪਿਆਰੀ ! ਉੱਠ ਅਰ ਆਪਾ ਦੇਕੇ ਆਪਾ ਲੈ। ਪਿਆਰੀ ਉੱਠ ! (ਫੇਰ ਪਦਮਾ ਉੱਠੀ, ਦਰਸ਼ਨ ਕੀਤੇ ਪਰ ਕੀਤੇ ਨਹੀਂ ਜਾਂਦੇ)।

ਹੁਣ ਸਤਿਗੁਰ ਨੇ ਇਕ ਮਿਹਰ ਨਾਲ ਭਕਿਆ ਤੇ ਤੀਰ ਦੀ ਨੋਕ ਉਸ ਦੇ ਸੀਸ ਤੇ ਰੱਖੀ। ਪਦਮਾ ਸੌਂ ਗਈ। ਅੱਧੀ ਘੜੀ ਬਾਦ ਸੁਰਤ ਪਰਤੀ। ਠੰਢ ਵਰਤ ਗਈ। ਹਉਲੀ ਹੋ ਗਈ। ਜਾਣੋਂ ਸਰੀਰ ਰਿਹਾ ਈ ਨਹੀਂ। ਜੇ ਹੈ ਤਾਂ ਸਰੀਰ ਦਾ ਤੋਲ ਨਹੀਂ ਰਿਹਾ। ਅੰਦਰ ਇਕ ਸੁੰਦਰਤਾ ਦਾ ਮੀਂਹ ਵਸ ਰਿਹਾ ਹੈ, ਲੂੰ ਲੂੰ ਵਿਚ ਫੁਹਾਰੇ ਛੁਟ ਰਹੇ ਹਨ। ਰਸ ਭਰਪੂਰ ਹੈ। ਪਰ ਠੰਢ ਹੈ, ਸ਼ਾਂਤ ਹੈ ਆਲੇ ਦੁਆਲੇ ਸਾਹਮਣੇ ਸਰਦ ਚਾਂਦਨੀ ਵਾਙੂੰ ਠੰਢਾ ਠਾਰ ਸੁਹਾਉ ਪਸਰ ਰਿਹਾ ਹੈ। ਪਦਮਾ ਹੁਣ ਰਸ ਆਪ ਹੈ; ਹੇਠਾਂ ਉਪਰ ਚੋਫੇਰ ਅੰਦਰ ਬਾਹਰ ਸ਼ਾਂਤੀ ਵਾਲਾ ਤੇ ਠੰਢਾ ਰਸ ਹੈ, ਸੁਹਜ ਸੁਹਾਉ ਹੈ, ਮਿੱਠਾ, ਤੁਲ ਭਿੰਨਾ ਸੁਹਾਉ ਹੈ। ਕਲਗੀਧਰ ਨਿਮਗਨ ਨੈਣ ਬੰਦ ਅਡੋਲ ਬਿਰਾਜ ਰਹੇ ਹਨ, ਪਤਾ ਨਹੀਂ ਆਪ ਕਿਸ ਦੇਸ਼ ਹਨ ਕਿ ਜਿਸ ਦੇਸ਼ ਹਨ ਉਥੋਂ ਦਾ ਜਲ ਪੌਣ ਇਥੇ ਆ ਵਸਿਆ ਹੈ। ਕਿੰਨਾ ਚਿਰ ਇਹ ਰੰਗ ਰਹਿਕੇ ਆਪ ਦੇ ਨੈਣ ਕਟੋਰੇ ਖੁੱਲ੍ਹੇ, ਖਲ੍ਹਦਿਆਂ ਵਿਚੋਂ ਅਗੰਮੀ ਸ਼ਰਬਤ ਦੀ ਮੋਹਲੇ ਧਾਰ ਬਰਖਾ ਹੋਈ, ਦੇਹਿ ਜੀਵ ਸਰਸ਼ਾਰ ਹੋਏ।

ਆਪ ਬੋਲੇ—ਪਦਮਾ ! ਸਭ 'ਵਾਕ-ਰਚਨਾ' ਹੈ ਕਿ ਕੋਈ ਚੰਦ ਹੈ ਤੇ ਵਾਕ ਰਚਨਾ ਉਸ ਦੀ ਚਾਂਦਨੀ ਹੈ ?

ਪਦਮਾ (ਹਉਲੇ ਜਿਹੇ)—ਸਭ ਤੂੰ ਹੈਂ।

ਫੇਰ ਆਪ ਬੋਲੇ—ਤੂੰ ਆਪਣੀ ਸਾਰੀ ਪਦਮਾ ਦਾ ਕੇਂਦ੍ਰ ਹੈਂ, ਪਸਾਰਾ ਸਾਰਾ ਇਸ ਦਾ ਹੈ, ਕੇਂਦ੍ਰ ਤੋਂ ਨਹੀਂ ਟਿੱਲਣਾ।

ਪਦਮਾ—ਸਭ ਤੂੰਈਂ ! ਤੂੰਈਂ ! (ਕਹਿੰਦੀ ਕਹਿੰਦੀ ਦੇ ਨੈਣ ਮੁੰਦ ਗਏ, ਦੋ ਮੋਤੀ ਕਿਰੇ ਤੇ ਫੇਰ ਡੁਬ ਡੁਬਾਏ, ਖੁਲ੍ਹੇ, ਤੇ ਕਹਿ ਰਹੀ ਸੀ)।

ਤੂੰਈਂ ! ਤੂੰਈਂ ! ਤੂੰਈਂ !

(ਤੇ ਉਸ ਦੇ ਲੂੰ ਕਹਿ ਰਹੇ ਸਨ:-)

ਤੂੰਈਂ ! ਤੂੰਈਂ ! ਤੂੰਈਂ !

(ਤੇ ਉਸ ਦੇ ਕੰਨ ਸੁਣ ਰਹੇ ਸਨ ਕਿ ਵਣ ਤ੍ਰਿਣ ਤੋਂ ਅਵਾਜ਼ ਆ ਰਹੀ ਸੀ-)

ਤੂੰਈਂ ! ਤੂੰਈਂ ! ਤੂੰਈਂ !

(ਤੇ ਇਸ ਧੁਨਿ ਵਿਚ ਸਤਿਗੁਰ ਨੈਣ ਮੁੰਦ ਗਏ ਤੇ ਮਿੱਠੀ ਗੁੰਜਾਰ ਹੋ ਰਹੀ ਸੀ-)

ਤੂੰਈਂ ! ਤੂੰਈਂ ! ਤੂੰਈਂ !

ਮਾਨ ਗੁੰਮ ਹੋ ਗਈ ਤੇ ਦੇਖ ਸੁਣ ਰਹੀ ਸੀ,

ਗੁੰਜਾਰ ਹੈ ਸਾਰੇ ਅੰਦਰ ਬਾਹਰ:–)

ਤੂੰਈਂ ! ਤੂੰਈਂ ! ਤੂੰਈਂ !

(ਜੀਭ ਲੱਗਗਈ ਹੈ ਬ੍ਰਹਮੰਡ ਨੂੰ,ਗੁੰਜਾਰ ਪੈ ਰਹੀ ਹੈ:)

ਤੂੰਈਂ ! ਤੂੰਈਂ ! ਤੂੰਈਂ !

(ਅਵਾਜ਼ ਅਰੰਮ ਦੀ ਹੋ ਰਹੀ ਹੈ:–)

ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ ॥

(ਨਾਦ ਹੋ ਰਿਹਾ ਹੈ, ਧੁਨਿ ਉੱਠ ਰਹੀ ਹੈ, ਹਾਂ ਧੁਨਿ-ਨਾਦ-ਗੁਨ ਅਨੰਦ ਬੇਦ ਉੱਠ ਰਹੀ ਹੈ:–)

ਤੂੰਈਂ ! ਤੂੰਈਂ ! ਤੂੰਈਂ !

(ਸੂਰਜ ਮਸਤ ਹੋ ਗਿਆ ਸੁਣਕੇ:–)

ਤੂੰਈਂ ! ਤੂੰਈਂ ! ਤੂੰਈਂ !

(ਜਦ ਤੂੰਈਂ ! ਤੂੰਈਂ ! ਦੀ ਗੁੰਜਾਰ ਤੋਂ ਨੈਣ ਖੁਲ੍ਹੇ ਤਾਂ ਦੁਪਹਿਰ ਹੋ ਚੁਕੀ ਸੀ; ਅਜੇ ਭੀ ਪ੍ਰਤੀਤ ਦੇਂਦਾ ਹੈ ਕਿ ਫੁਹਾਰ ਪੈ ਰਹੀ ਹੈ:–)

ਤੂੰਈਂ ! ਤੂੰਈਂ ! ਤੂੰਈਂ !

ਸਤਿਗੁਰ–ਪਦਮਾ ! ਪਦਮਾ ਵਿਚ ਪਦਮਾ ਬੋਲੇ 'ਮੈਂ', ਮੈਂ ਨੂੰ ਖੰਭ ਲਗ ਗਏ ਵਾਸ਼ਨਾ ਦੇ ਪਦਮਾ ਉਡੀ ਤੇ ਗਈ ਗੁਆਚ ਮੈਂ ਮੈਂ ਕਰਦੀ, ਪਰ ਆਪਣੀ 'ਮੈਂ' ਸਿਆਣਨ ਦੀ ਭੁੱਲ ਗਈ ਜਾਚ।

ਵੱਜੇ ਆਨ ਕ੍ਰਿਸ਼ਮਾ ਕੋਈ, ਤ੍ਰਿਸ਼ਨਾ ਦੇ ਟੁੱਟ ਜਾਣ ਪੰਖ, ਫੇਰ ਮੈਂ ਟਿਕੇ 'ਮੈਂ' ਵਿਚ, ਮੈਂ ਰਚੇ 'ਮੈਂ' ਵਿਚ, ਫੇਰ ਲਿਵ ਦੀ ਬੱਝੇ ਤਾਰ, ਜੱਫਾ ਪਵੇ 'ਮੈਂ' ਨੂੰ, ਮੈਂ ਨੂੰ ਬੰਨ੍ਹ ਲੈ ਜਾਏ ਧੁਰ ਅੰਦਰ। ਮੈਂ ਨੂੰ 'ਮੈਂ' ਦੇ ਕੇਂਦਰ ਦੇਵੇ ਲਾ, ਫੇਰ ਗੁਟਕੇ 'ਮੈਂ' ਤੇ ਆਖੇ:– ਤੂੰਈਂ'! ਤੂੰਈਂ'! ਤੂੰਈਂ'!ਤੇ ਵੇਖੇ ਤੂੰਈਂ ! ਤੂੰਈਂ'! ਤੂੰਈਂ'! ਤੇ ਸੁਣੇ ਤੂੰਈਂ ! ਤੂੰਈਂ ! ਤੂੰਈਂ !

ਤੇ ਸੰਗੀਤ–ਬ੍ਰਾਟ-ਨਾਦ ਧੁਨ ਕੰਨ ਪਵੇ:–

ਅਸਤਿਏਕ ਦਿਗਰਿ ਹੁਈ ॥ ਏਕ ਤੁਈ ਏਕ ਤੁਈ ॥

ਚੁੱਪ

ਪਦਮਾ (ਡੁਬੁਕ ਕੇ)–ਹੇ ਅਕਹਿ ਮਹਾਰਾਜ ! ਬਖਸ਼ੀਓ । ਬਖਸ਼ੀਓ ਕ੍ਰਿਪਾਲ ਲਾਲ। ਬਖਸ਼ੀਓ ਦਿਆਲ ਲਾਲ। ਮਾਨ ! ਮੈਂ ਗਈ।

ਸਤਿਗੁਰ–ਬੇਟਾ ਜੀਓ, ਕੀ ਹੈ ?

ਪਦਮਾ–ਮੇਰਾ ਚੰਦਰਾ ਤੌਖਲੇ ਦਾ ਸੁਭਾਵ।

ਹੇ ਦਾਤਾ ! ਰਾਜਿਆਂ ਦਾ ਫੇਰ ਜੁਧ ਆਪ ਨਾਲ ਨਾ ਹੋਵੇ, ਮੈਨੂੰ ਕੋਈ ਏਸ 'ਤੂੰਈਂ' ਤੋਂ ਨਾ ਹੋੜੇ। ਕਰ ਦੇਹ ਮਿਹਰ ? (ਰੋ ਪਈ)।

ਸਤਿਗੁਰ- ਦੁਲਾਰੀ ਜੀਓ ! ਤੇਰੇ ਨੈਣ ਉਹ ਦਿਨ ਨਹੀਂ ਦੇਖਣਗੇ।

ਪਦਮਾ–ਸ਼ੁਕਰ ! ਸ਼ੁਕਰ ! ਸ਼ੁਕਰ ! 'ਤੂੰਈ' ਏ ਲਗੀ ਰਹ, ਮੈਂ ਸਮਾਈ ਰਹਾਂ ਏਸ ਵਿਚ।

ਮਾਨਕੌਰ (ਹੌਲੇ ਜਿਹੇ)–ਬਖਸ਼ਿੰਦ ਜੀਉ। ਮੇਰੀ ਪਦਮਾ ਦੇ ਦਿਨ ਥੋੜੇ ਹਨ, ਕਿ ਰਾਜ ਦ੍ਰੋਹ ਦੂਰ ਯਾ ਸਮਾਪਤ ਹੈ ?

ਸਤਿਗੁਰ (ਮੁਸਕ੍ਰਾ ਕੇ ਕੰਨ ਵਿਚ)–ਮਾਨ ਕੌਰ ਬੇਟਾ ! ਪਦਮਾ ਦੇ ਤਿਲ ਥੋੜੇ ਹਨ।

ਮਾਨ ਕੌਰ–ਮੇਰੀ ਪਦਮਾ ! ਵਹਿ ਰਹੀ ਹੈ ਨਿਰਮਲ ਰੰਗਾ। ਭਰ ਲੈ ਰੱਜ ਰੱਜ ਕੇ ਬੁੱਕ। (ਹੁਣ ਬੇਵੱਸ ਚਰਨਾਂ ਨੂੰ ਲਿਪਟ ਗਈ, ਲੂੰ ਲੂੰ ਵਿਚ ਤੂੰਈਂ ! ਤੂੰਈਂ ! ਤੂੰਈਂ ! ਗੂੰਜ ਰਿਹਾ ਸੀ, ਸਤਿਗੁਰ ਨੇ ਆਪਣੇ ਪਾਵਨ ਕਰ ਕਮਲਾਂ ਨਾਲ ਥਾਪੀ ਦਿੱਤੀ)।

ਸਤਿਗੁਰ–ਨਿਹਾਲ ਪੁੱਤ੍ਰੀ ! ਨਾਮ ਨਿਵਾਸ ਪੁੱਤ੍ਰੀ ! ਕਲਿਆਨ ਪੁੱਤ੍ਰੀ !

ਮਾਨ ਕੌਰ–ਪਾਤਸ਼ਾਹ !

ਪ੍ਰਭ ਜਨਮ ਮਰਨ ਨਿਵਾਰਿ ॥

ਹਾਰਿ ਪਰਿਓ ਦੁਆਰਿ ॥

ਸਤਿਗੁਰ–ਗੁਰਮੁਖਿ ਆਵੈ ਜਾਇ ਨਿਸੰਗੁ।

ਮਾਨ ਕੌਰ–ਪਾਤਸ਼ਾਹ ! ਇਹ ਬੇਟੀ ਸੰਸਾਰ ਦੇ ਦੁਖ ਦੇਖਣ ਜੋਗੀ ਨਹੀਂ।

ਸਤਿਗੁਰ–ਹੁਣ ਕੋਈ ਨਾ ਦੇਖੇਗੀ। ਫੇਰ ਆਵੇਗੀ ਤਾਂ ਨਾਮ ਪੋਤੀ ਆਵੇਗੀ, ਨਾਮ ਵਾਲੇ ਨੂੰ ਦੂਰੀ ਕੋਈ ਨਹੀਂ, ਹੋਵੇ ਤਾਂ ਦਾਰੂ ਹੈ। ਮਾਨ ਕੌਰ ! ਸ਼ੇਰ ਹੋ 'ਗੁਰਮੁਖਿ ਆਵੈ ਜਾਇ ਨਸੰਗੁ'; ਗੁਰਮੁਖਿ ਹੋਈਏ, ਗੁਰਮੁਖਿ ਰਹੀਏ, ਗੁਰਮੁਖਿ ਆਈਏ, ਗੁਰਮੁਖ ਜਾਈਏ !

ਮਾਨ ਕੌਰ–ਧੰਨ ਦਾਤਾ।

ਪਦਮਾ–ਤੂੰਈਂ ! ਤੂੰਈਂ ! ਤੂੰਈਂ !

ਤੂੰਈਂ, ਤੂੰਈਂ, ਤੂੰਈਂ !

—o—

੫੯. ਹਰਿ ਗੁਪਾਲ-ਬਿਸ਼ੰਭਰ ਦਾਸ*।

੧

ਸਾਢੇ ਬਾਈ ਸੌ ਸਾਲ ਤੋਂ ਵਧੀਕ ਸਮਾਂ ਬੀਤਿਆ ਹੈ ਕਿ ਸਿਕੰਦਰ ਯੂਨਾਨੀ ਨੇ ਹਿੰਦ ਤੇ ਹਮਲਾ ਕੀਤਾ। ਇਸ ਪੰਜ ਪਾਣੀਆਂ ਦੀ ਧਰਤੀ ਦੇ ਬਹਾਦਰ ਰਾਜਾ ਪੁਰੂਰਵਸ ਨੇ ਉਹ ਮੁਕਾਬਲਾ ਕੀਤਾ ਤੇ ਬਹਾਦਰੀ ਦਿਖਾਈ ਕਿ ਸਿਕੰਦਰ ਅਸ਼ ਅਸ਼ ਕਰ ਉਠਿਆ। ਜਦ ਰਾਜਾ ਮੈਦਾਨ ਜੰਗ ਵਿਚ ਇਕੱਲਾ ਰਹਿਗਿਆ, ਪੁਤ੍ਰਾਂ ਸਮੇਤ ਸਭ ਸੈਨਾ ਤਹਿਤੇਗ ਹੋਗਈ ਤਾਂ ਉਹ ਹਾਥੀ ਤੋਂ ਉਤਰ ਘੋੜੇ ਤੇ ਚੜ੍ਹਨ ਲੱਗਾ ਸੀ ਕਿ ਸਿਕੰਦਰ ਆਪ ਆ ਪੁਜਾ ਤੇ ਕਹਿਣ ਲਗਾ—'ਪੋਰਸ! ਦੱਸ ਸਿਕੰਦਰ ਤੇਰੇ ਨਾਲ ਕੀਹ ਸਲੂਕ ਕਰੇ?' ਤਾਂ ਉਸ ਅਭੈ ਸੂਰਮੇ ਨੇ ਪੂਰੇ ਹੌਸਲੇ ਵਿਚ ਕਿਹਾ 'ਉਹ ਜੋ ਇਕ ਪਾਤਸ਼ਾਹ ਦਾ ਦੂਸਰੇ ਪਾਤਸ਼ਾਹ ਤੋਂ ਹੱਕ ਹੈ'। ਸਿਕੰਦਰ ਨੇ ਖ਼ੁਸ਼ ਹੋਕੇ ਉਸ ਨੂੰ ਜੱਫੀ ਪਾ ਲਈ ਤੇ ਉਸ ਦਾ ਮਿੱਤ੍ਰ ਬਣ ਗਿਆ। ਉਸ ਦਾ ਰਾਜ ਭਾਗ ਮੋੜ ਦਿੱਤੋਸੁ ਸਗੋਂ ਹੋਰ ਇਲਾਕਾ ਨਾਲ ਦੇ ਦਿੱਤੋਸੁ। ਫੇਰ ਸਿਕੰਦਰ ਸਤਲੁਜ ਦੇ ਕਿਨਾਰੇ ਤਕ ਵਧਿਆ, ਪਰ ਉਸ ਦੀਆਂ ਫੌਜਾਂ ਪੰਜਾਬੀਆਂ ਦੀ ਬਹਾਦਰੀ ਤੋਂ ਮੂੰਹ ਮੋੜ ਗਈਆਂ ਤੇ ਅਗੇ ਵਧਣੋਂ ਨਾਂਹ ਕੀਤੀਓ ਨੇ। ਸਿਕੰਦਰ ਤਦ ਪਿਛੇ ਮੁੜਿਆ ਤੇ ਕੁਛ ਚਿਰ ਬਾਦ ਦਰਯਾ ਦੇ ਰਸਤੇ ਦੱਖਣ ਰੁਖ ਸਮੁੰਦਰ ਵਲ ਨੂੰ ਟੁਰ ਪਿਆ। ਜਦੋਂ ਮੁਲਤਾਨ ਪੁਜਾ ਤਾਂ ਏਥੇ ਬੜੀ ਸਖਤ ਲੜਾਈ ਫੇਰ ਹੋਈ। ਇਹ ਰਾਜਧਾਨੀ ਸੀ ਇਕ ਪੰਜਾਬੀ ਬੀਰ ਕੌਮ ਦੀ, ਜਿਸ ਨੂੰ 'ਮਲੋਈ' ਆਖਦੇ ਸਨ। ਜਾਪਦਾ ਹੈ ਕਿ ਇਨ੍ਹਾਂ ਦੇ ਨਾਂ ਤੋਂ ਹੀ ਰਾਜਧਾਨੀ ਦਾ ਨਾਉਂ ਮੁਲਤਾਨ ਪਿਆ ਸੀ। ਇਹ ਲੋਕ 'ਰਾਜਾ' ਨਹੀਂ ਸਨ ਰੱਖਦੇ; ਪੰਚੈਤੀ ਰਾਜ ਕਰਦੇ ਸਨ। ਸਿਕੰਦਰ ਨਾਲ ਇਹ ਲੋਕ ਐਸੇ ਲੜੇ ਕਿ ਉਸ ਨੂੰ ਭੀ ਇਨ੍ਹਾਂ ਦੀ ਬਹਾਦਰੀ ਦਾ ਲੋਹਾ ਮੰਨਣਾ ਪਿਆ। ਇਸ ਜੁੱਧ ਵਿਚ ਸਿਕੰਦਰ ਆਪ ਜ਼ਖਮੀ ਹੋ ਗਿਆ ਸੀ, ਪਰ ਉਹ ਥੋੜੇ, ਇਹ ਬਹੁਤੇ, ਅੰਤ ਵਿਚਾਰੇ ਹਾਰ ਨੂੰ ਸਿਰ ਤੇ ਪੁੱਜੀ ਦੇਖਣ ਲਗ ਪਏ। ਤਦ ਮਲੋਈਆਂ ਦੇ ਇਕ ਹਿੱਸੇ ਨੇ ਸੁਲਹ ਕਰ ਲੈਣੀ ਮੰਨ ਲਈ, ਪਰ ਜੋ ਬਹੁਤ ਬੀਰ ਤੇ ਰਾਠ ਸਨ ਓਹ ਰਾਜਧਾਨੀ ਛੱਡ ਕੇ ਦੱਖਣ ਰੁਖ ਨਿਕਲ ਗਏ ਤੇ ਮੱਧ ਹਿੰਦ ਵਿਚ ਜਾ ਵੱਸੇ। ਉਸ ਇਲਾਕੇ ਦਾ ਨਾਉਂ, ਖਿਆਲ ਕੀਤਾ ਜਾਂਦਾ ਹੈ ਕਿ, ਇਨ੍ਹਾਂ ਦੇ ਨਾਮ ਤੋਂ ਮਾਲਵਾ ਪਿਆ। ਇਸ ਦੀ ਰਾਜਧਾਨੀ ਉਜੈਨ ਇਕ ਪ੍ਰਸਿੱਧ ਨਗਰ ਬਣਿਆ। ਇਹ ਸ਼ਹਿਰ ਹਿੰਦ ਦੀ ਮਾਨੋਂ ਰਾਜਧਾਨੀ ਹੋ ਗਿਆ ਸੀ ਜਦੋਂ ਕਿ ਰਾਜਾ ਬਿੱਕ੍ਰਮਾਦਿੱਤਯ ਰਾਜ ਕਰਦਾ ਤੇ ਹਿੰਦ ਦੇ ਵੈਰੀ 'ਸ਼ਾਕਾ' ਲੋਕਾਂ ਨੂੰ ਪ੍ਰਾਭੂ ਕਰਦਾ ਸੀ। ਸਮੇਂ ਬੀਤ ਗਏ, ਹਿੰਦ ਦੀ ਸੁਤੰਤ੍ਰਤਾ ਤੇ ਐਸ਼ਵਰਜ ਦਾ ਸੂਰਜ ਅਸਤ ਹੋ ਗਿਆ, ਪਰ ਬਿਕ੍ਰਮਾਦਿੱਤ ਦੀ ਉਹ ਨਗਰੀ 'ਉਜੈਨ' ਵਸਦੀ ਰਹੀ ਤੇ ਹੁਣ ਤਕ ਵਸਦੀ ਹੈ‡।

ਇਸ ਨਗਰ ਵਿਚ ਅੱਜ ਅਸੀਂ ਇਕ ਪਿਤਾ ਨੂੰ ਵੇਖ ਰਹੇ ਹਾਂ। ਪਿਤਾ ਇਕ ਤਖਤ ਪੋਸ਼ ਉਤੇ ਘਰ ਦੇ ਵਿਹੜੇ ਵਿਚ ਬੈਠਾ ਹੈ। ਪੁੱਤ੍ਰ ਬਾਹਰੋਂ ਆਇਆ ਹੈ। ਪੁੱਤ੍ਰ ਨੇ ਆ ਕੇ ਨਮਸਕਾਰ ਕੀਤੀ, ਪਰ ਪਿਤਾ ਨੇ ਉੱਤਰ ਨਹੀਂ ਦਿੱਤਾ, ਉਹ ਰਹਿਰਾਸ ਦਾ ਪਾਠ ਕਰ ਰਿਹਾ ਸੀ। ਪੁੱਤ੍ਰ ਪਟੜੀ ਲੈਕੇ ਬੈਠ ਗਿਆ ਤੇ ਪਾਠ ਸੁਣਦਾ ਰਿਹਾ। ਭੋਗ ਪਏ ਤੇ ਪਿਤਾ ਨੇ ਅਰਦਾਸ ਕੀਤੀ, ਪੁੱਤ੍ਰ ਨੇ ਸੁਣੀ, ਮੱਥਾ ਟੇਕਿਆ, ਫੇਰ ਬੈਠ ਗਏ ਤੇ ਵਾਰਤਲਾਪ ਛਿੜ ਪਈ।

ਪਿਤਾ (ਬਿਸ਼ੰਭਰਦਾਸ)—ਬੇਟਾ ਹੁਣ ਭੀ ਕਿਸੇ ਸਾਧੂ ਨੂੰ ਮਿਲਕੇ ਆਏ ਹੋ?

ਪੁੱਤ੍ਰ (ਹਰਗੋਪਾਲ)—ਹਾਂ ਪਿਤਾ ਜੀ! ਪਰ ਪੱਲੇ ਕੁਛ ਨਹੀਂ ਬੱਝਦਾ। ਛੋਕੜ ਉਸ ਵੈਸ਼ਨਵ ਦੀ ਕ੍ਰਿਯਾ ਕੁਛ ਦਿਲ ਨੂੰ ਭਾਉਂਦੀ ਹੈ।

ਪਿਤਾ—ਕਾਨੇ ਹਾਂ ਕਾਨੇ, ਗੰਨੇ ਦੁਰਲਭ, ਮਿਠਾਸ ਨਹੀਂ, ਰਸ ਨਹੀਂ। ਵੈਸ਼ਨਵ ਦੀ ਬੀ ਕ੍ਰਿਆ ਮਾਤ੍ਰ ਹੈ, ਜੀਵਨ ਕਣੀ ਨਹੀਂ। ਜੀਵਨ ਕਣੀ ਵਾਲਾ

---

*ਇਹ ਪ੍ਰਸੰਗ ਪੋਹ ਸੁਦੀ ਅਪਤਨੀ ਸੰਃ ਗੁਃ ਨਾਃ ਸਾਃ ੪੬੭, ਪੋਹ ਦੀ ੧੮ ਸੰਃ ੧੯੬੨ ਬਿਃ ੧ ਜਨਵਰੀ ੧੯੩੬ ਈਃ ਐਤਵਾਰ ਨੂੰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ। †ਇਸ ਦੀ ਯਾਦਗਾਰ ਵਿਚ ਬਿਕ੍ਰਮੀ ਸੰਮਤ ਚਲਦਾ ਹੈ।
‡ਇਹ ਨਗਰ ਅਜੇ ਭੀ ਰੋਣਕਦਾਰ ਹੈ। ਸਿਪਰਾ ਨਦੀ ਦੇ ਕਿਨਾਰੇ ਵਸਦਾ ਹੈ ਤੇ ਹੁਣ ਗਵਾਲੀਅਰ ਦੀ ਰਿਆਸਤ ਵਿਚ ਹੈ।

ਇਹੋ ਆਪਣਾ ਗੁਰੂ ਘਰ ਹੈ, ਸ਼੍ਰੀ ਗੁਰੂ ਨਾਨਕ ਦੇਵ ਦਾ ਘਰ, ਜਿਸ ਦੀ ਗੱਦੀ ਤੇ ਇਸ ਵੇਲੇ ਗੋਬਿੰਦ ਰੂਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਰਾਜ ਰਹੇ ਹਨ। ਓਹ ਹਨ ਜੀਉਂਦੇ ਜਾਗਦੇ, ਜੀਵਨਾਂ ਦੇ ਮਾਲਕ ਤੇ ਜੀਵਨਾਂ ਦੇ ਦਾਤੇ। ਜਿਨ੍ਹਾਂ ਪਾਸ ਇਸ ਦਾਤ ਦੇ ਭੰਡਾਰ ਭਰੇ ਪਏ ਹਨ। ਉਨ੍ਹਾਂ ਦੀ ਸ਼ਰਨ ਵਿਚ 'ਪਦਾਰਥ' ਲੱਭਦਾ ਹੈ। ਹੋਰਥੋਂ ਤਾਂ 'ਪਦ' ਪੱਲੇ ਪੈਂਦਾ ਹੈ ਪਰ ਜਿਸਨੂੰ ਪਦ ਜਣਾਉਂਦਾ ਹੈ ਉਹ ਸ਼ੈ ਸੱਚਮੁੱਚ ਹੈ, ਅਣਹੋਂਦ ਨਹੀਂ, ਵਜੂਦ ਰੱਖਦੀ ਹੈ। 'ਉਹ ਹੈ'—ਸਤ੍ਯ ਹੈ, ਉਸਨੂੰ ਮੈਂ ਕਹਿਦਾ ਹਾਂ—ਪਦਾਰਥ। ਪਦ ਯਾ ਉਸ ਦਾ ਅਰਥ ਮਾਤ੍ਰ (ਮਾਇਨੇ ਮਾਤ੍ਰ) ਨਾ, ਪਰ ਜਿਸ ਨੂੰ ਉਹ ਪਦ ਜਣਾਵੇ ਉਹ ਸਤ੍ਯ ਵਸਤੂ ਆਪ। 'ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ'। ਸੱਚਾ ਗੁਰੂ ਮੇਰਾ ਗੁਰੂ ਹੈ, ਜਿਸ ਪਾਸ ਪਦ ਹੈ, ਅਰਥ ਹੈ ਤ ਜਿਸਨੂੰ ਪਦ ਤੇ ਅਰਥ ਜਣਾਉਂਦੇ ਹਨ ਉਸ ਸੱਤਿ ਵਸਤੂ ਨੂੰ ਉਹ ਜਾਣਦਾ ਹੈ, ਉਸ ਸਤਿ ਵਸਤੂ ਨੂੰ ਉਹ ਪ੍ਰਾਪਤ ਹੈ, ਯਾ ਇਉਂ ਕਹੋ ਕਿ ਉਸ ਨੂੰ ਉਹ ਸੱਤਿ ਵਸਤੂ ਪ੍ਰਾਪਤ ਹੈ। ਫਿਰ ਉਸ ਤੋਂ ਉਹ ਅਪੜਾ ਸਕਦਾ ਹੈ ਤੇ ਉਸਦਾ ਗਯਾਨ ਦੇ ਸਕਦਾ ਹੈ।

ਪੁੱਤ੍ਰ! ਮੇਰੀ ਗਲ ਸੁਣਕੇ ਘਾਬਰੀਂ ਨਾਂ, ਮੈਂ ਕੋਈ ਪੰਡਿਤ ਨਹੀਂ। ਤੂੰ ਪੜ੍ਹਿਆਂ ਦੀ ਸੰਗਤ ਕਰਦਾ ਹੈਂ, ਖਟ ਸ਼ਾਸਤ੍ਰ ਦੇ ਪਦ ਪਦਾਰਥਾਂ ਨੂੰ ਸੁਣਦਾ ਹੈਂ, ਤੂੰ ਕਹੇਂਗਾ ਨਯਾਯਕਾਂ ਦੇ ਪਦਾਰਥ ਤਾਂ ੧੬ ਹਨ, ਵੈਸ਼ੇਸ਼ਿਕਾਂ ਦੇ ੭ ਹਨ, ਸਾਂਖ੍ਯ ਦੀ ਇਸ ਤਰ੍ਹਾਂ ਦੀ ਗੋਣਤੀ ੨੫ ਹੈ, ਪਤੰਜਲੀ ਦੀ ੨੬, ਵੇਦਾਂਤ ਦੀ ਦੋ। ਤੂੰ ਕਹੇਂਗਾ ਕਿ ਇਹ ਮੇਰਾ ਬਾਪੂ ਨਵੀਂ ਗਲ ਕੀਹ ਕਹਿ ਰਿਹਾ ਹੈ! ਨਾ ਸੁਣੀ ਨਾ ਪੜ੍ਹੀ। ਪਰ ਪੁੱਤ੍ਰ! ਮੇਰਾ ਭਾਵ ਹੋਰ ਹੈ। ਮੈਨੂੰ ਪਤਾ ਨਹੀਂ ਗੁਰੂ ਘਰ ਵਿਚ ਕਿੰਨੇ ਪਦਾਰਥ ਹੈਨ, ਪਰ ਮੇਰੀ ਨਜ਼ਰ ਵਿਚ ਨਾਮ ਪਦਾਰਥ ਹੈ। ਮੇਰੇ ਗੁਰੂ ਦੀ ਬਾਣੀ ਨਾਮ ਨੂੰ ਪਦਾਰਥ ਦੱਸਦੀ ਹੈ* । ਇਹ ਇਕ ਪਦ ਹੈ†, ਇਸ ਪਦ ਵਿਚ ਅਰਥ ਹੈ ਤੇ ਇਸ ਵਿਚ ਉਹ ਹੈ ਕਿ ਜਿਸ ਨੂੰ ਇਹ ਜਣਾਉਂਦਾ ਹੈ, ਤੇ ਉਹ ਸਾਡੇ ਜਾਣਨ ਯੋਗ ਤੇ ਪ੍ਰਾਪਤ ਕਰਨੇ ਯੋਗ ਹੈ। ਕਿਵੇਂ ਆਖਾਂ ਇਹ ਨਿਰੇ ਪੜ੍ਹਨ ਪੜ੍ਹਾਨ ਦੀ ਗਲ ਨਹੀਂ। ਇਹ ਤਾਂ ਕਮਾਈ ਹੈ, ਘਾਲ ਹੈ, ਜੀਵਨ ਹੈ, ਮਿਹਰ ਹੈ, ਜੀਅਦਾਨ ਹੈ, ਇਹ ਗਯਾਨ ਹੈ, ਪ੍ਰਾਪਤੀ ਹੈ, ਸਹਿਜ ਹੈ* । ਜਾਹ ਅਨੰਦਪੁਰ ਸਿਦਕ ਦੇ ਬੇੜੇ ਪਾਰ। ਜਾਹ ਓਹ ਪਦ ਬੀ ਦੇਣਗੇ, ਅਰਥ ਬੀ ਦੱਸਣਗੇ, ਤੇ ਜੋ ਪਦ ਤੇ ਅਰਥ ਦਾ ਲੱਖ੍ਯ ਹੈ ਉਹ ਬੀ ਦੇਣਗੇ, ਤੇ ਤੂੰ ਪਦਾਰਥ ਵਾਲਾ ਬੀ ਹੋ ਜਾਵੇਂਗਾ†।

ਹਰਿ ਰੂਪਾਲ—ਪਿਤਾ ਜੀ ਦੂਰ ਦੀ ਪੰਧ ਹੈ। ਬੜੀ ਹੀ ਦੂਰ ਹੈ। ਸੁਭਾਉ ਸੁਖ ਰਹਿਣਾ ਹੈ। ਹਾਲੇ ਵੈਸ਼ਨਵ ਨਾਲ ਦਿਲ ਪਰਚਿਆ ਹੋਇਆ ਹੈ।

ਪਿਤਾ (ਬਿਸ਼ੰਭਰ ਦਾਸ)—ਬੇਟਾ, ਗੱਲਾਂ ਬਾਤਾਂ, ਹਾਸ ਬਿਲਾਸ, ਕੰਨ ਰਸ, ਮਨ ਰਸ, ਘੜੀ ਦੇ ਪਰਚਾਵੇ, ਕੁਛ ਕੁਛ ਦਇਆ, ਸਰੀਰ ਦੀ ਸਫਾਈ ਮਾਤ੍ਰ ਹੈਨ। ਜੀਵਨ ਨਾ ਉਸ ਪਾਸ ਹੈ ਨਾ ਦੇ ਸਕਦਾ

---

*ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵਲਾਇ॥ ਨਾਮ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ॥

†ਪਦਾਰਥ = ਪਦ ਅਰਥ। ਪਦ = ਸ਼ਬਦ, ਲਫਜ਼। ਦਰਜਾ, ਪਦਵੀ। ਅਰਥ = ਮਾਇਨੇ, ਮੁਰਾਦ, ਇੰਦੀਆ, ਕਾਰਣ, ਲਾਭ, ਵਸਤੂ, ਇੰਦ੍ਰੇ ਗਯਾਨ ਨਾਲ ਜਾਣੀਆਂ ਜਾਣ [illegible] ਵਾਲੀਆਂ ਵਸਤਾਂ, ਧਨ, ਦੌਲਤ।

ਬਿਸ਼ੰਭਰ 'ਪਦਾਰਥ' ਤੋਂ ਮੁਰਾਦ ਲੈ ਰਿਹਾ ਹੈ, 'ਪਦ' 'ਉਸ ਦੇ ਮਾਇਨੇ' ਉਸ ਦੀ ਵੀਚਾਰ ਦਾ 'ਵਿਖ੍ਯ' ਜਿਸ ਨੂੰ ਇਹ ਜਣਾਉਣ ਉਹ ਵਸਤੂ ਆਪ ਬੀ। ਉਸ ਵਸਤੂ ਨੂੰ ਓਹ ਸੱਤਿ ਵਸਤੂ ਬੀ ਕਹਿ ਰਿਹਾ ਹੈ। ਮੁਰਾਦ ਹੈ 'ਨਾਮ', ਉਸ ਦਾ ਅਰਥ, ਅਰਥ ਵਿਚ ਭਾਵਨਾ, ਉਸ ਦੀ ਪ੍ਰਾਪਤੀ ਦਾ ਜਤਨ (ਅਰਥਾਤ ਜਪ, ਸਿਮਰਨ, ਲਿਵ) ਅਤੇ ਉਹ ਆਪ ਜਿਸ ਦੀ ਪ੍ਰਾਪਤੀ ਕਰਨੀ ਹੈ ਅਰਥਾਤ ਨਾਮੀ। 'ਨਾਮੀ ਦਾ ਗਯਾਨ' ਪ੍ਰਾਪਤੀ ਦੇ ਅੰਤਰਭੂਤ ਹੈ।

ਪਦਾਰਥ ਦਾ ਅਰਥ ਕੀਤ ਕੁਤ ਵਾਲੀ ਵਸਤੂ (ਧਨ ਦੌਲਤ) ਭੀ ਹੈ ਤੇ ਪਦਾਰਥ ਦਾ ਭਾਵ ਵਜੂਦ ਭੀ ਹੈ। ਬਿਸ਼ੰਭਰ ਜਦ ਨਾਮ ਨੂੰ ਪਦਾਰਥ ਕਹਿ ਰਿਹਾ ਹੈ ਤਾਂ ਸਾਰੇ ਭਾਵਾਂ ਨੂੰ ਇਕ ਥਾਂ ਲਿਆ ਰਿਹਾ ਹੈ ਤੇ ਉਸ ਦਾ ਮਤਲਬ ਹੈ ਕਿ ਨਾਮ ਨੂੰ ਨਿਰਾ ਲਫਜ਼ ਮਾਤ੍ਰ ਨਾ ਸਮਝ ਲਿਆ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਵਿਚ ਕਈ ਵੇਰ ਚਾਰ ਪਦਾਰਥਾਂ ਦੀ ਪ੍ਰਾਪਤੀ ਦੱਸੀ। ਓਹ ਧਰਮ, ਅਰਥ, ਕਾਮ, ਮੋਖ ਦੱਸੇ ਹਨ ਯਥਾ:—ਧਰਮ, ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥ ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ। [ਰਾਮ ਕ: ਮ: ੫

ਮਹਾਨਤਾਂ ਵਿਚ ਪਦਾਰਥ ਦਾ ਇਹ ਅਰਥ ਹੈ:—ਵੀਚਾਰ ਦਾ ਵਿਖ੍ਯ, ਜਿਸ ਦਾ ਕਿਸੇ ਦਰਸ਼ਨ (ਫਿਲਾਸਫੀ) ਵਿਚ ਪ੍ਰਤਿਪਾਦਨ ਹੋਵੇ ਤੇ ਇਹ ਮੰਨਿਆ ਜਾਂਦਾ ਹੋਵੇ ਕਿ ਇਨ੍ਹਾਂ ਦੇ ਜਾਣਨ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ।

*ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ॥ [ਸਿਰੀ ਰਾ: ਮ: ੩-੪-੧੯-ਪਨ

†ਨਾਮੁ ਪਦਾਰਥੁ ਨਉ ਨਿਧਿ ਸਿਧਿ॥ [ਆਸਾ ਮ: ੫, ੪, ੧੪, ੭੫

ਹੈ। ਤੂੰ ਸੁਣਦਾ ਹੈਂ ਸ਼ਾਸਤ੍ਰ ਉਕਤੀਆਂ ਜੋ ਸੰਸੇ ਨੂੰ ਘਾਲ ਰਹੀਆਂ ਹਨ। ਖੇਲਾਂ, ਪਰਚਾਵੇ, ਵਿੱਦਵਤਾ ਦੀ ਘੋਟਾ ਘਾਟੀ ਤਾਂ ਹਰ ਥਾਂ ਮਿਲ ਜਾਂਦੀ ਹੈ ਪਰ ਜੀਵਨ ? ਇਹ ਦੁਰਲੱਭ ਹੈ। ਮੈਂ ਵਿਦਯਾ ਤੇ ਸਫਾਈ ਦਾ ਵਿਰੋਧੀ ਨਹੀਂ । ਪਰ ਬੇਟਾ ! ਵਿਦਯਾ ਬੀ ਜੀਅਦਾਨ ਪ੍ਰਾਪਤਾਂ ਨੂੰ ਰਸਦਾਇਕ ਹੈ ਤੇ ਅਪ੍ਰਾਪਤਾਂ ਨੂੰ 'ਤੀਖਣ ਬੁੱਧੀ' ਤੇ 'ਦਿਮਾਗ਼ੀ ਵਾਕਬੀ' ਮਾਤ੍ਰ ਦੀ ਦਾਤੀ ਹੈ, ਅਕਸਰ ਤਾਂ ਇਹ ਜੈਸਾ ਸੁਭਾਵ ਹੋਵੇ ਉਸੇ ਨੂੰ ਹੀ ਤ੍ਰਿੱਖਾ ਕਰ ਦੇਂਦੀ ਹੈ।

ਪੁੱਤ੍ਰ—ਮੇਰੇ ਦਿਲ ਵਿਚ ਕੋਈ ਅਤ੍ਰਿਪਤੀ ਹੈ, ਜੋ ਤ੍ਰਿਪਤਦੀ ਨਹੀਂ। ਇਸ ਕਰਕੇ ਹਰ ਨਵੇਂ ਆਏ ਸਾਧੂ ਦੇ ਮਗਰ ਉੱਠ ਭੱਜਦਾ ਹਾਂ; ਹਾਂ ਇੱਨਾਂ ਹੋ ਗਿਆ ਹੈ ਕਿ ਸਾਧੂਆਂ ਦੇ ਉਚਾਰੇ ਸਾਸ਼ਤ੍ਰਾਂ ਦੇ ਪਦ ਪਦਾਰਥ ਸਮਝ ਲੈਂਦਾ ਹਾਂ ਤੇ ਦਿਮਾਗ਼ੀ ਸੁਆਦ ਕਈ ਵੇਰ ਆ ਜਾਂਦਾ ਹੈ।

ਪਿਤਾ—ਬੇਟਾ ! ਕੋਈ ਸੁਆਦ ਸ਼ਰੀਰ ਦੇ, ਕੋਈ ਮਨ ਦੇ, ਕੋਈ ਬੁੱਧੀ ਦੇ। ਆਪੇ ਦਾ ਰਸ ਤੇ ਰਾਮ ਰਸ ਵੱਖਰੇ ਰਸ ਹਨ*।"""""""(ਹਾਹੁਕਾ ਲੈਕੇ) ਦੂਰ ਕਾਂਹਦੀ; ਏਟਾ ਦੁਨੀਆਂ ਦੇ 'ਧਨ ਪਦਾਰਥ' ਨੂੰ ਕਿਸੇ ਛਿਨ ਜਾਣਾ ਤੇ ਕਿਸੇ ਛਿਨ ਟੁਰ ਜਾਣਾ ਹੈ†। ਫਿਰ ਜੀਵਨ ਨਿੱਤ ਨਹੀਂ, ਛਿਨ ਛਿਨ ਕਰਕੇ ਕਾਲ ਜਾ ਰਿਹਾ ਹੈ‡, ਜੀਵ ਛਿਨ ਛਿਨ ਭੁੱਲ ਵਿਚ ਹੈ§। ਛਿਨ ਛਿਨ ਕਰਕੇ ਉਮਰ ਵਿਹਾ ਰਹੀ ਹੈ‖। ਮੌਤ ਦੀ ਛਿਨ ਨੇ ਇਨ੍ਹਾਂ ਜੀਵਨ ਲੜੀ ਦੀਆਂ ਛਿਨਾਂ ਦੇ ਵਿਚ ਅਨਜਾਣੇ ਆ ਜਾਣਾ ਹੈ ਤੇ ਜੀਵ ਨੂੰ ਭਾਗਹੀਨ ਲੈ ਟੁਰਨਾ ਹੈ()। ਤਾਂ ਤੇ ਕੋਈ ਉਪਰਾਲਾ ਲੱਭ ਕਿ ਕਿਵੇਂ ਹਰ ਛਿਨ ਸੰਭਾਲੀ ਜਾਵੇ[]। ਜੇ ਹਰ ਛਿਨ ਸੰਭਲ ਕੇ ਲੰਘਣ ਲਗ ਜਾਵੇ ਤਾਂ ਇਨ੍ਹਾਂ ਸੰਭਲੀਆਂ ਛਿਨਾਂ ਦੇ ਵਿਚ ਹੀ ਕਿਸੇ ਵੇਲੇ ਓਸ ਛਿਨ ਨੇ ਆ ਜਾਣਾ ਹੈ ਕਿ ਜਿਸ ਨੇ ਕਾਲ ਫਾਸ ਕਟ ਦੇਣੀ ਹੈ*। ਛਿਨ ਕਾਲ ਦਾ ਨਿਕਾ ਜਿਹਾ ਹਿੱਸਾ ਹੈ ਪਰ ਛਿਨ ਛਿਨ ਸੰਭਾਲਿਆਂ ਤੇ ਕਾਲ ਸੰਭਾਲੇ ਜਾਂਦੇ ਹਨ। ਹਰ ਛਿਨ ਜਦ 'ਨਾਮ' ਨਾਲ ਪ੍ਰੋ ਹੋ ਜਾਂਦੀ ਹੈ, ਤਾਂ ਲਗਾਤਾਰ ਹੋ ਜਾਂਦੀ ਹੈ, ਰਸ ਪੈ ਜਾਂਦਾ ਹੈ, ਹਾਂ ਤਦ ਨਾਮ ਬਣ ਜਾਂਦਾ ਹੈ 'ਨਾਮ ਪਦਾਰਥ'।

ਪੁੱਤ—ਕਿਵੇਂ ਸਮਝਾਂ, ਕਿਵੇਂ ਕਰਾਂ ? ਕਿਸੇ ਤ੍ਰੀਕੇ ਪਾਓ ਮੇਰੇ ਅੰਦਰ।

ਪਿਤਾ—ਬੇਟਾ, ਕਿੰਨਾ ਸਮਝੂੰ, ਤਲਵਰੀਆ ਤਾਂ ਪਿੜ ਵਿਚ ਉਤਰੇ ਤੇ ਗੱਤਕੇ ਫੜੇ ਬਿਨਾਂ ਨਹੀਂ ਬਣ ਸਕੀਦਾ। ਕਰਨੀ ਦੇ ਮੈਦਾਨ ਵਿਚ ਉਤਰ, ਜਾਹ ਅਨੰਦ ਪੁਰ, ਸਿੱਖ ਜਾਚ।

ਪੁੱਤ੍ਰ—ਹੱਛਾ ਪਿਤਾ ਜੀ, ਤੁਹਾਡਾ ਹੁਕਮ ਤੇ ਅੰਦਰ ਭੁੱਖ, ਕਰ ਵਿਓ ਤਯਾਰੀ ਮੇਰੇ ਟੁਰਨ ਦੀ।

ਪਿਤਾ—ਬੇਟਾ ਧਰਮਸਾਲੇ ਸਾਧੂ ਤੇ ਕੁਛ ਗ੍ਰਿਹਸਤੀ ਕੱਠੇ ਹੋ ਰਹੇ ਹਨ। ਦੱਖਣ ਵੱਲੋਂ ਬੀ ਕਈ ਆਏ ਹਨ। ਸੁਹਣਾ ਸੰਗ ਹੈ। ਸਭਨਾਂ ਨੇ ਗੁਰੂ ਕੇ ਦੁਆਰੇ ਜਾਣਾ ਹੈ। ਸੰਗ ਦੇ ਨਾਲ ਤੂੰ ਬੀ ਰਲ ਜਾਹ, ਸੰਗ ਵਿਚ ਸਫਰ ਦਾ ਖਤਰਾ ਘਟ ਜਾਂਦਾ ਹੈ।

ਐਉਂ ਗੱਲਾਂ ਬਾਤਾਂ ਕਈ ਵਾਰ ਹੋਕੇ ਹਰ ਗੋਪਾਲ ਅਨੰਦ ਪੁਰ 'ਸਾਹਿਬਾਂ' ਦੇ ਦਰਸ਼ਨਾਂ ਲਈ ਤਿਆਰ ਹੋ ਗਿਆ ਤੇ ਇਕ ਦਿਨ ਟੁਰ ਹੀ ਪਿਆ। ਸੋ ਰੁਪੱਜਾ ਪਿਤਾ ਨੇ ਮੱਥਾ ਟੇਕਣ ਲਈ ਆਪਣੀ ਵੱਲੋਂ ਦਿੱਤਾ ਤੇ ਉਸ ਬੀ ਦੇਖੀ ਮਾਇਆ ਭੇਟ ਕਰਨ ਲਈ ਨਾਲ ਲੈ ਲਈ।

੨.

ਆ ਰਹੇ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘੋੜੇ ਤੇ ਚੜ੍ਹੇ ਬਨਾਂ ਤੋਂ ਸ਼ਿਕਾਰ ਖੇਲਕੇ। ਅਨੰਦ ਪੁਰ ਵਿਚ ਆਏ, ਆਪਣੇ ਦਰਬਾਰ ਦੇ ਬਾਹਰ ਘੋੜੇ ਤੋਂ ਉਤਰੇ। ਸੰਗਤ ਖੜੀ ਹੈ ਦਰਸ਼ਨ ਨੂੰ। ਕਿਤਨੇ ਬਨ ਦੇ ਜੰਤੂ ਤੇ ਪੰਛੀ ਸ਼ਿਕਾਰ ਹੋਏ ਨਾਲ ਆਏ ਹਨ। ਸਰੀਰ ਜੋਬ੍ਹੇ ਤੇ ਤੇਜ ਵਾਲਾ ਹੈ, ਨੈਣਾਂ ਤੋਂ ਪ੍ਰਤਾਪ ਬਰਸਦਾ ਹੈ। ਦਰਸ਼ਨ ਕਰਨ ਵਾਲਿਆਂ ਵਿਚ ਦੱਖਣ ਵਲੋਂ ਆਈ ਸੰਗਤ ਗ੍ਰਿਹਸਤੀ ਤੇ ਸਾਧੂ ਬੀ ਸਾਰੇ ਖੜੇ ਹਨ। ਹਰਿ ਗੋਪਾਲ ਬੀ ਖੜਾ

*ਰਾਮ ਰਸੁ ਪੀਆਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥ [ਗਉੜੀ ਕਬੀਰ ਜੀ]। †ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੈ ॥ [ਬਹਾ: ਮ: ੯]। ‡ਛਿਨੁ ਛਿਨੁ ਕਰਿ ਗਇਓ ਕਾਲੁ ॥ [ਜੈਜਾ: ਮ: ੯]। §ਲੇਖੈ ਕਤਹਿ ਨ ਛੁਟੀਐ ਖਿਨੁ ਖਿਨੁ ਭੂਲਨਹਾਰ ॥ [ਗਉੜੀ ਬਾ: ਮ: ੫: ੫]
ਛਿਨੁ ਛਿਨੁ ਅਉਧ ਬਿਹਾਤ ਹੈ ॥ [ਤਿਲੰ: ਮ: ੯
()ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗ ਹੀਨ ਮੁਏ ਮਰਿ ਜਾਵੈ ॥ [ਗੂ: ਮ: ੪-੪-੬
[]ਖਿਨ ਖਿਨ ਨਾਮ ਸਮਾਲੀਐ ॥ [ਸਿਰੀ: ਰਾ: ਮ: ੪

*ਏਕ ਚਿਤ ਜਹਿ ਇਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥ [ਦਸਮ ਗੁਰੂ ਜੀ

ਹੈ । ਉਹ ਮਨ ਵਿਚ ਧਿਆਨ ਬੰਨ੍ਹਦਾ ਆਇਆ ਸੀ ਕਿ ਗੁਰੂ ਉਸ ਨੂੰ ਕੋਈ ਕੰਦਰਾ ਵਿਚ ਬੈਠੀ ਤਪਾਂ ਨਾਲ ਸੁੱਕਕੇ ਪਿੰਜਰ ਸਮਾਨ ਹੋ ਗਈ ਤਪੋ ਮੂਰਤੀ ਦਿੱਸੇਗੀ, ਸ਼ਾਂਤੀ ਤੇ ਚੁੱਪ ਤੇ ਅਡੋਲ ਹਾਲਤ ਹੋਵੇਗੀ, ਨੈਣ ਬੰਦ ਹੋਣਗੇ ਤੇ ਪਾਸ ਬੈਠਿਆਂ ਲੰਮਾ ਸਾਹਲਿਆਂ ਬੀ ਉਸ ਦੀ ਸਮਾਧੀ ਨਹੀਂ ਖੁਲ੍ਹੇਗੀ, ਪਰ ਏਥੇ ਉਸ ਡਿੱਠਾ ਹੁਲਾਰਾ, ਤੇਜ ਤੇ ਜਲਾਲ ਵਾਲਾ, ਪਰ ਇਸ ਨੂੰ ਕੌਣ ਸਮਝ ਸਕੇ। ਹਰਿਗੋਪਾਲ ਡੋਲ ਗਿਆ।

ਜਾਤ ਬਾਣੀਆਂ ਗੁਰ ਜਬ ਦੇਖੇ।
ਕਲਪਜੋ ਰਿਦੇ ਕ੍ਰਿਯਾ ਅਵਰੇਖੇ।
ਇਹ ਕੈਸੋ ਗੁਰ ? ਜਿਨ ਹਿਤ ਆਏ।
ਕੈਸ ਹਜ਼ਾਰਹੁੰ ਮਗ ਉਲੰਘਾਏ।
ਕ੍ਰਿਆ ਜਿਨਹੁੰ ਕੀ ਮਹਾਂ ਕੁਢਾਲੀ।
ਹਿੰਸਾ ਕਰਤ ਦਇਆ ਉਰ ਖਾਲੀ*।
[ਸ੍ਰੀ: ਪ੍ਰ:

ਉਧਰ ਸਤਿਗੁਰਾਂ ਦੀ ਸਾਰੀ ਸੰਗਤ ਤੇ ਕ੍ਰਿਪਾ ਦੀ ਨਜ਼ਰ ਫਿਰਦੀ ਹਰ ਗੋਪਾਲ ਤੇ ਆ ਟਿਕੀ। ਅੰਦਰਲੀਆਂ ਸੰਸੇ ਦੀਆਂ ਲਹਿਰਾਂ ਦੇ ਨਿਸ਼ਾਨ ਚਿਹਰੇ ਤੇ ਫਿਰ ਰਹੇ ਸਨ, ਗੁਰੂ ਜੀ ਦੇਖਕੇ ਮੁਸਕ੍ਰਾਏ ਤੇ ਬੋਲੇ:—ਸਹੁੰ ਨਾ ਖਾਇਆ ਕਰੋ, ਨਾ ਸੱਚ ਦੀ ਨਾ ਟੁੜਦੀ, ਗੁਰੂ ਜਾਮਨ ਦੇ ਕੇ ਬੀ ਸਹੁੰ ਨਾ ਖਾਓ†। ਪਾਪੀ ਚੋਰ ਇਕ ਪਾਪ ਕਮਾਂਵਦਾ ਪਰ ਦਰਬ ਹਿਰਦਾ ਬੇ ਰਹਿਮੀ ਨਾਲ ਲੋਕਾਂ ਨੂੰ ਕੁੱਟਦਾ ਝੂਠੀ ਗੁਰੂ ਦੀ ਸਹੁੰ ਖਾ ਕੇ ਜੇ ਆਪਣੇ ਪਾਪ ਸੁਭਾਵ ਕਰ ਕੇ ਪੰਛੀ ਬਨ ਗਿਆ ਤੇ ਰਾਜਾ ਜਿਸ ਪਾਸ ਸਹੁੰ ਖਾਧੀ ਸੀ ਅਪਣੇ ਕਰਮਾਂ ਕਰਕੇ ਬਾਜ ਬਣ ਗਿਆ ਤੇ ਉਸ ਪੰਛੀ ਨੂੰ ਮਾਰ ਲਿਆ ਤਾਂ ਕਰਮ ਗਤ ਭੁਗਤੀ, ਗੁਰੂ ਦਾ ਵਿਚ ਕੀਹ। ਕਰਮਾਂ ਦੇ ਗੇੜ ਮਾਰਦੇ ਤੇ ਤਸੀਹੇ ਦੇਂਦੇ ਹਨ। ਨਾ ਪਾਪ ਕਰੋ, ਨਾ ਝੂਠੀਆਂ ਸੁਗੰਦਾਂ ਖਾਓ ਤਾਂ ਫਲ ਭੋਗਣੋਂ ਬੀ ਬਚੋਗੇ। ਇਹ ਕਹਿਕੇ ਗੁਰੂ ਜੀ ਅੰਦਰ ਲੰਘੇ ਤੇ ਇਕ ਸੁਹਣੇ ਥਾਂ ਜਾ ਬੈਠੇ । ਸੰਗਤ ਬੀ ਜੁੜ ਬੈਠੀ । ਅਜ ਸ਼ਿਕਾਰ ਵਿਚ ਆਪ ਨੂੰ ਬਹੁਤ ਸਫਰ ਪਿਆ ਸੀ, ਪ੍ਰਸ਼ਾਦਿ ਦਾ ਵੇਲਾ ਬੀ ਨੇੜੇ ਸੀ ਸੋ ਓਥੇ ਹੀ ਪ੍ਰਸ਼ਾਦਿ ਮੰਗਵਾ ਲਿਆ। ਜਦ ਥਾਲ ਅੱਗੇ ਧਰਿਆ ਗਿਆ ਤਾਂ ਹਰ ਗੋਪਾਲ ਫੇਰ ਘਬਰਾਇਆ ਕਿ ਕਿਤੇ ਇਸ ਥਾਲ ਵਿਚੋਂ ਪ੍ਰਸ਼ਾਦਿ ਕਰਕੇ ਕੁਛ ਮੈਨੂੰ ਨਾ ਦੇ ਦੇਣ। ਹੋਵੇ ਨਾ ਤਾਂ ਮੈਨੂੰ ਪ੍ਰਸ਼ਾਦਿ ਨਾ ਮਿਲੇ। ਗੁਰੂ ਜੀ ਰਸੋਈਏ ਵਲ, ਤੱਕ ਕੇ ਬੋਲੇ: ਭਾਈ ਅਹੁ ਜੋ ਉਜੈਨੀ ਸਿੱਖ ਹੈ, ਇਸ ਨੂੰ ਪ੍ਰਸ਼ਾਦਿ ਲੰਗਰ ਵਿਚ ਮਿਲੇ, ਜਿਧਰ ਵੱਡਾ ਲੰਗਰ ਹੈ ਤੇ ਮਹਾਂ ਪ੍ਰਸ਼ਾਦਿ ਨਹੀਂ ਬਣਦਾ। ਇਹ ਦਿਲ ਦੀ ਬੁੱਝੀ ਜਾਣ ਦੀ ਗਲ ਵੇਖ ਕੇ ਹਰ ਗੋਪਾਲ ਦੀ ਅੰਦਰਲੀ ਲਹਿਰ-ਗਤੀ ਕੁਛ ਖੜੋ ਗਈ, ਵਿਚਾਰਨ ਲੱਗਾ ਕਿ ਚਾਹੇ ਕ੍ਰਿਯਾ ਗੁਰੂ ਦੀ ਵੈਸ਼ਨਵੀ ਨਹੀਂ, ਪਰ ਅਤਯਾਮੀ ਹਨ । ਹੈਂ..., ਮਹਾਂ ਪੁਰਖ ਤਾਂ ਹਨ, ਮੇਰੀ ਸਮਝ ਇਨ੍ਹਾਂ ਨੂੰ ਸਮਝ ਤੇ ਪਰਖ ਨਹੀਂ ਸਕੀ। ਗਲ ਕੀਹ, ਸੰਗਤ ਸਾਰੀ ਪ੍ਰਸ਼ਾਦਿ ਲਈ ਉੱਠੀ, ਇਹ ਬੀ ਗਿਆ ਤੇ ਪ੍ਰਸ਼ਾਦਿ ਛਕਿਓ ਸੁ। ਰਾਤ ਪਈ, ਹੋਰ ਤਾਂ ਸਾਰੇ ਸੌਂ ਗਏ, ਪਰ ਹਰ ਗੋਪਾਲ ਫਿਰ ਸੰਸੇ ਦੀ ਨੈਂ ਰੁੜ੍ਹ ਰਿਹਾ ਹੈ। ਕਦੇ ਤਾਂ ਇਸ ਦਾ ਗੁਰੂ ਦੀ ਅੰਤਰਯਾਮਤਾ ਪਰ ਸਿਦਕ ਬੱਝਦਾ ਹੈ, ਕਦੇ ਤਰਕ ਫੁਰਦੀ ਹੈ ਕਿ ਮੇਰੇ ਪਿਤਾ ਨੇ ਇਸ ਗੁਰੂ ਵਿਚ ਕੀਹ ਡਿੱਠਾ ਸੀ, ਕਿਸ ਤਰ੍ਹਾਂ ਦਾ ਗੁਰੂ ਉਸ ਨੇ ਲੱਭਾ, ਆਖਦਾ ਸੀ 'ਜੀਅਦਾਨ ਦੇ ਦਾਤੇ ਹਨ', ਏਹ ਜੀਵਨ ਦੇਂਦੇ ਹਨ ਕਿ ਜੀਆਂ ਦਾ ਜੀਵਨ ਲੈਂਦੇ ਹਨ ! ਸਾਧੂ ਚਾਹੀਏ ਜੀਵ ਮਾਤ੍ਰ ਨਾ ਦੁਖਾਵੇ, ਦਇਆ ਵਿਚ ਵਿਚਰੇ, ਜੈਸੇ ਜੈਨੀ ਵਿਚਰਦੇ ਹਨ, ਕੀੜਿਆਂ ਤਕ ਨੂੰ ਭੀ ਪਾਲਦੇ ਹਨ। ਸਾਧੂ ਚਾਹੀਏ ਉਦਾਸ ਤੇ ਵੈਰਾਗ ਦੀ ਮੂਰਤ। ਮਨਾਂ ਮੁੜ ਚੱਲ ਘਰਾਂ ਨੂੰ, ਰੁਪਏ ਚੜ੍ਹਾਵਾਂ ਕਿ ਨਾਂ ? ਪੰਜ ਸੌ ਅਪਣੀ ਵਲੋਂ ਦੇਣ ਦਾ ਸੰਕਲਪ ਸੀ, ਦਿਆਂ ਕਿ ਨਾਂ ? ਹਾਂ ਮੈਂ ਦੇਂਦਾ, ਗੁਰੂ ਬਣਾਉਂਦਾ, ਪਰ ਕ੍ਰਿਯਾ ਪਸੰਦ ਨਹੀਂ ਆਈ। ਐਸ ਤਰ੍ਹਾਂ ਦੀ ਦੁਚਿਤਾਈ ਵਿਚ ਰਾਤ ਬੀਤ ਗਈ। ਤੜਕੇ ਹਰਿ ਗੋਪਾਲ ਉੱਠਿਆ, ਨ੍ਹਾਤਾ, ਤੁਰਨ ਦੀ ਸੋਚੀ । ਮਨ ਫੇਰ ਫਿਰ ਪਿਆ। ਮਨ ਮਨ ਨੂੰ ਆਖਦਾ ਹੈ, ਕਲ ਤੂੰ ਅੰਤਰਯਾਮਤਾ ਬੀ ਦੇਖੀ ਸੀ, ਖਬਰੇ ਕੁਛ ਹੋਵੇ ਹੀ। ਚੱਲ ਕੁਛ ਦਿਨ ਰਹੁ, ਦਰਸ਼ਨ ਕਰ, ਬਚਨ ਸੁਣ, ਕਾਹਲੀ ਕਰਕੇ ਮੁੜ ਗਿਓਂ ਤਾਂ ਪਿਤਾ ਝੂਠਿਆਂ ਕਰੇਗਾ।

*ਦੇਖਕੇ ਕ੍ਰਿਯਾ ਕਲਪਿਆ, ਭਾਵਨਾ ਫਿਰ ਗਈ, ਕੈਸੇ ਗੁਰੂ ਹੈਨ ? ਦਇਆ ਕਿਉਂ ਤਿਆਗੀ । [ਸੋ ਸਾਖੀ

†ਸਪਥ ਨਾ ਕਰ ਗੁਰ ਸਾਢ ਪਰ ਝੂਠਾ ਟਿਕੈ ਨ ਪਾਇ ॥
ਸਾਚਾ ਜੋਨੀ ਪਰਭੁਰੀ ਕੂਰੇ ਕੈਸਾ ਥਾਇ ॥ [ਸੋ ਸਾਖੀ

ਸਾਰੇ ਵੇਲੇ ਵੇਲੇ ਹੀ ਹਨ, ਕਾਲ ਦੀ ਗਤੀ ਹੈ, ਜੋ ਚੱਲ ਰਿਹਾ ਹੈ ਤੇ ਚਲਦਾ ਸਹੀ ਨਹੀਂ ਹੁੰਦਾ ਤੇ ਜਿਸ ਦੀ ਚਾਲ ਵਿਚ ਹੀ ਸੰਸਾਰ ਚਲ ਰਿਹਾ ਹੈ। ਪਰ ਵੇਲਿਆਂ ਵਿਚ ਫਰਕ ਬੀ ਹੈ। ਸੂਰਜ ਚੜ੍ਹੇ ਬ੍ਰਿਤੀ ਖਿੰਡਦੀ ਹੈ, ਦੁਪਹਿਰਾਂ ਗਰਮ ਹਨ, ਸੰਧਯਾ ਵੇਲੇ ਮਨ ਮੁੜਦਾ ਹੈ, ਰਾਤ ਨੂੰ ਠੰਢ ਉਤਰਦੀ ਹੈ। ਤਿਵੇਂ ਪਿਛਲੀ ਰਾਤ ਸੀਤਲ ਹੈ, ਮਾਨੋਂ ਝਿੰਮ ਝਿੰਮ ਅੰਮ੍ਰਿਤ ਵਰਸਦਾ ਹੈ, ਮਨੁਖ ਸੁੱਤੇ ਪਏ ਹਨ, ਪੰਛੀ ਆਰਾਮ ਵਿਚ ਹਨ, ਕੁਦਰਤ ਟਿਕੀ ਹੋਈ ਭਾਸਦੀ ਹੈ, ਗਰਮੀ ਦੀ ਥਾਂ ਸੀਤਲਤਾਈ ਲੈਂਦੀ ਹੈ। ਇਸ ਵੇਲੇ ਜੇ ਕੋਈ ਮਨ ਨੂੰ ਮਨ ਵਿਚ ਜੋੜੇ ਤਾਂ ਵੇਲਾ ਅੰਮ੍ਰਿਤ ਹੋ ਲਗਦਾ ਹੈ। ਮਨੁਖ ਰੋਟੀ ਖਾ ਕੇ ਰਾਤ ਨੂੰ ਸੌਂ ਜਾਂਦਾ ਹੈ। ਖਾਧਾ ਹਜ਼ਮ ਹੋਕੇ ਉਸ ਦੇ ਸੂਖਮ ਰਸ ਬਣਕੇ ਪਿਛਲੀ ਰਾਤ ਤਕ ਸਾਰੇ ਸਰੀਰ ਵਿਚ ਫਿਰ ਜਾਂਦੇ ਹਨ, ਉਸ ਵੇਲੇ ਸਰੀਰ ਆਪਣੇ ਸੁਤੇ ਹੀ ਪੂਰੇ ਬਲ ਵਿਚ ਹੁੰਦਾ ਹੈ। ਰਾਤ ਸੌਂ ਲੈਣ ਕਰਕੇ ਸਰੀਰ ਦਾ ਥਕਾਨ ਦੂਰ ਹੋ ਗਿਆ ਹੁੰਦਾ ਹੈ। ਮਨ ਜੋ ਦਿਨੇ ਲੱਤਾਂ, ਆਸ਼ਾ ਤ੍ਰਿਸ਼ਨਾ ਤੇ ਰਸਾਂ ਕਸਾਂ ਦੀ ਖਾਤਰ ਸੋਚਾਂ ਸੋਚਦਾ ਏ ਸਰੀਰ ਨੂੰ ਮਿਹਨਤ ਵਿਚ ਲਾਈ ਰਖਦਾ ਹੈ ਰਾਤ ਨੂੰ ਨੀਂਦ ਦੀ ਗੋਦੀ ਸੌਂ ਕੇ ਕੁਛ ਟਿਕਾਉ ਵਲ ਰੁਖ ਕਰ ਜਾਂਦਾ ਹੈ। ਚ ਹੋ ਸੁੱਤਾ ਬੀ ਸੁਪਨੇ ਦੇਖਦਾ ਹੈ ਤੇ ਚਾਹੇ ਨੀਂਦਰ ਤਸੋ ਗੁਣੀ ਸ਼ੈ ਮੰਨੀ ਹੈ, ਪਰ ਤਦ ਬੀ ਪੂਰੀ ਨੀਂਦਰ ਵਿਚ ਮਗਰੋਂ ਮਨ ਦਾ ਕੋਈ ਝੁਕਾਉ ਅੰਦਰ ਵਲ ਨੂੰ ਹੁੰਦਾ ਹੈ। ਏਹ ਤੈਏ ਸਾਮਾਨ ਕੁਦਰਤੀ ਸਹਾਯਕ ਹੁੰਦੇ ਹਨ ਅਭਯਾਸ ਦੇ। ਜੇ ਕੋਈ ਇਸ ਵੇਲੇ ਜਾਗੇ ਤੇ ਅੰਦਰਲੇ ਨੂੰ ਨਾਮ ਵਿਚ ਲਾਵੇ ਤਾਂ ਮਨ ਨਾਮ ਸਿਮਰਨ ਵਿਚ ਟੁਰ ਪੈਂਦਾ ਹੈ। ਇਸੇ ਕਰਕੇ ਇਹ ਵੇਲਾ ਅੰਮ੍ਰਿਤ ਦੇ ਪੀਣ ਦਾ ਹੈ। ਹਾਂ, ਜੇ ਇਸ ਵੇਲੇ ਕੀਰਤਨ ਦੀ ਮਧੁਰ ਧੁਨਿ ਕੰਨੀਂ ਪਵੇ ਤਾਂ ਚਿਤ ਹੋਰ ਸੁਖੀ ਹੁੰਦਾ ਹੈ ਤੇ ਨਾਮ ਵਿਚ ਲਗਨ ਹੋਰ ਖੁੱਭਵੀਂ ਲਗਦੀ ਹੈ। ਤਦੇ ਗੁਰੂ ਬਾਬੇ ਨੇ ਆਸਾ ਦੀ ਵਾਰ ਅੰਮ੍ਰਿਤ ਵੇਲੇ ਕੀਰਤਨ ਵਿਚ ਗਾਂਵੀਂ ਜਾਣ ਦੀ ਰੋ ਟੋਰੀ। ਤਾਂ ਹੀ ਫ਼ੁਰਮਾਇਆ ਸਾਨੇ "ਅੰਮ੍ਰਿਤ ਵੇਲਾ: ਸਚੁ ਨਾਉ ਵਡਿਆਈ ਵੀਚਾਰੁ"

ਅੰਮ੍ਰਿਤ ਵੇਲਾ ਹੈ। ਚੁਪਚਾਨ ਹੈ, ਟਿਕਾਉ ਹੈ, ਸੁਹਾਉ ਹੈ, ਸਾਹਿਬਾਂ ਦੇ ਦਰਬਾਰ ਆਸਾ ਦੀ ਵਾਰ ਲਗ ਰਹੀ ਹੈ, ਆ ਗਏ ਸਾਹਿਬ ਜੀ, ਬਿਰਾਜ ਗਏ ਆਪਣੇ ਤਖਤ ਉਤੇ। ਕੀਰਤਨ ਹੋ ਰਿਹਾ ਹੈ, ਮਾਨੋਂ ਰਸ ਰੰਗ ਭਰੀਆਂ ਸੁਰਾਂ ਦੇ ਮੇਲ ਤੋਂ ਬਣੀ ਇਕ ਸੁਰਤਾ ਦੀ ਬਰਫ ਦੇ ਰੁੰ-ਗੁਹੜੇ ਮਲਕੜੇ ਮਲਕੜੇ ਪੈ ਰਹੇ ਹਨ। ਟਿਕ ਰਿਹਾ ਹੈ ਸਾਰਾ ਜੀਵਾਨ ਰਸ ਵਿਚ। ਰਾਗੀ ਸਿੰਘ ਵਾਰ ਤੇ ਛੱਕੇ ਗਾਉਂਦੇ ਹੁਣ ਇਕ ਸ਼ਬਦ ਦੀ ਰੰਗਤ ਵਿਚ ਆਏ। ਉਸ ਨੂੰ ਕੀਰਤਨ ਵਿਚ ਪ੍ਰਕਾਸ਼ ਦੇਣ ਲਈ ਝੁਕ ਪਏ ਅਲਾਪ ਵਲ; ਛੇੜ ਦਿੱਤੇ ਨੇ ਮਿੱਠਾ ਮਿੱਠਾ ਅਲਾਪ ਭੈਰਵੀ ਦਾ,—ਏਕਾਗਰਤਾ ਦਾ ਰਸ ਬੰਨ੍ਹਣ ਵਿਚ ਅਲਾਪ ਦੀ ਤਾਸੀਰ ਸੁਹਣੀ ਪੈਂਦੀ ਹੈ। ਕੁਛ ਚਿਰ ਅਲਾਪ ਦਾ ਰੰਗ ਬੰਨ੍ਹਕੇ ਹੁਣ ਰਾਗੀ ਸਿੰਘ ਤਾਰ ਵਿਚ ਆ ਗਏ, ਲਗੇ ਭੈਰਵੀ ਨੂੰ ਤਾਰ ਵਿਚ ਵਜਾਉਣ, ਬੈਠਵੀਂ ਲੈ ਵਿਚ ਝੂੰਮਾਂ ਪੈਦਾ ਹੋ ਗਈਆਂ। ਕੁਛ ਚਿਰ ਮਗਰੋਂ ਪੁੱਲ੍ਹ ਪਏ ਗਲੇ, ਗੁਰਬਾਣੀ ਆਈ ਰਾਗ ਵਿਚ, ਕੀਰਤਨ ਹੋ ਗਿਆ ਇਕ ਗੁਰੂ ਉਚਾਰੇ ਸ਼ਬਦ ਦਾ, ਜਿਸ ਸ਼ਬਦ ਦਾ ਭਾਵ ਕਿ ਨਾਮ ਤਾਸੀਰ ਨੂੰ ਵਰਣਨ ਕਰਦਾ ਨਾਮ ਵਿਚ ਪ੍ਰੋ ਲੈਂਦਾ ਹੈ ਰਸੀਏ ਦੇ ਮਨ ਨੂੰ, ਤੇ ਨਾਮ ਨੂੰ ਮੂਰਤੀਮਾਨ ਕਰ ਦਿੰਦਾ ਹੈ ਦਿਲ ਨੈਣਾਂ ਦੇ ਅਗੇ। ਰਾਗੀ ਸਿੰਘਾਂ ਨੇ ਰਹਾਉ ਦੀ ਤੁਕ ਪਹਿਲੇਂ ਛੇੜੀ।

'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ'॥

ਇਹ ਪਹਿਲੀ ਤੁਕ ਪੜ੍ਹੀਓ ਨੇ ਬੈਠਵੀਂ ਲਯ ਤੇ ਠਹਿਰਾਉ ਵਾਲੇ ਉਚਾਰ ਨਾਲ ਕਿ ਸਤਿਨਾਮ ਇਕ ਰਸਮਯ ਰੰਗ ਬਣਕੇ ਬਰਕਦਾ ਵਿੱਚਾਂ ਪਾਉਂਦਾ ਮਾਨੋਂ ਦਿੱਸਣ ਲੱਗ ਪਿਆ। ਹਾਂ ਸ਼ਬਦ ਦਾ ਰਾਗ ਸੀ ਤਾਂ ਧਨਾਸਰੀ ਪਰ ਵੇਲਾ ਸਵੇਰਾਂ ਦਾ ਹੋਣ ਕਰਕੇ ਰਾਗੀ ਸਿੰਘਾਂ ਨੇ ਭੈਰਵੀ ਦੀ ਈਸ਼ੁਰ ਵਲ ਰਾਗ ਤੇ ਜਗਤ ਤੋਂ ਵੈਰਾਗ ਵਾਲੀ ਚੋਟ ਨਾਲ ਭਰੀ ਮੋਤੀਆਂ ਝਾਲ ਵਾਲੀ ਭੈਰਵੀ ਵਿਚ ਇਸ ਨੂੰ ਗਾਵਿਆਂ।

ਫੇਰ ਗਾਵੇਂ—'ਹਲਤਿ ਪਲਤਿ ਮੁਖ ਉਜਲ ਹੋਈਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ'॥ ਇਸ ਤੁਕ ਨਾਲ ਰਸ ਬੰਨ੍ਹਕੇ ਰਾਗੀ ਸਿੰਘ ਫੇਰ ਸਾਜ਼ਾਂ ਦੇ ਅਲਾਪ ਵਿਚ ਮਗਨ ਹੋ ਗਏ, ਸੰਗਤ ਬੀ

ਮਗਰੇ ਮਗਤ ਦੁਰਤ ਨੂੰ ਮਗਨ ਕਰ ਬੈਠੀ ਨਾਮ ਰਸ ਵਿਚ। ਹੁਣ ਫਿਰ ਕੋਇਲ ਕੂ ਉਠੀ, "ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥' ਵੇਰ ਰਹਾਉ ਦੀ ਤੁਕ।

ਇਨ੍ਹਾਂ ਤੁਕਾਂ ਦੇ ਉੱਚਾਰ ਨਾਲ ਵਾਹਿਗੁਰੂ ਦਾ ਵਜੂਦ ਸਾਮਰਤਖ ਮਾਨੋਂ ਦਿਖਾ ਕੇ ਫੇਰ ਆਏ 'ਜਪਿ ਮਨ ਸਤਿਨਾਮ ਸਦਾ ਸਤਿਨਾਮ', ਰਹਾਉ ਵਾਲੀ ਤੁਕ ਦੇ ਗਾਇਨ ਤੇ। ਫਿਰ ਹੁਣ ਅਲਾਪ ਵਿਚ ਟੁੱਭੀ ਲਾਕੇ ਰਾਗੀ ਸਿੰਘ ਨਵੀਂ ਤੁਕ ਸ਼ਬਦ ਦੀ ਲੈਕੇ ਆਏ ਹਨ:—

'ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ'॥ ਫਿਰ ਗਾਵੇਂ:—
'ਜਨ ਨਾਨਕ ਕਉ ਗੁਰਿ ਇਹਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥੩॥੬॥੧੨।'

ਇਸ ਸ਼ਬਦ ਦੇ ਕੀਰਤਨ ਨੇ ਉਹ ਰਸ ਰੰਗ ਬੱਧਾ ਕਿ ਹਰਿਗੋਪਾਲ ਇਕ ਵੇਰ ਤਾਂ ਝੂਮ ਉਠਿਆ, ਉਸ ਨੂੰ ਪਤਾ ਨਾਂ ਰਿਹਾ ਕਿ ਮੈਂ ਕਿੱਥੇ ਹਾਂ। ਸਾਰੇ ਸਰੀਰ ਵਿਚੋਂ ਠੰਢ ਠੰਢ ਲੰਘ ਗਈ ਤੇ ਸੁਆਦ ਸੁਆਦ ਆ ਗਿਆ। ਝੂੰਮ ਤਾਂ ਕੀਰਤਨ ਮਗਰੋਂ ਘਟ ਗਈ ਪਰ ਕੁਛ ਹਲਕਾ ਪਨ ਤੇ ਸੁਆਦ ਜਾਰੀ ਰਿਹਾ। ਆਸਾ ਦੀ ਵਾਰ ਦਾ ਭੋਗ ਪੈ ਗਿਆ, ਸੰਗਤਾਂ ਪੇਸ਼ ਹੋਈਆਂ, ਆਪੋ ਆਪਣੇ ਮਨੋਰਥ ਦੱਸ ਕੇ ਤੇ ਅਸੀਸਾਂ ਮਿਹਰਾਂ ਲੈਕੇ ਸੁਖੀ ਹੋਈਆਂ। ਹਰਿਗੋਪਾਲ ਦੀ ਅਰਜ ਕਰਨ ਦੀ ਵਾਰੀ ਆਈ ਸੀ ਕਿ ਸਤਿਗੁਰ ਏਲੇ 'ਸਿਖੋ ਸੁਆਦ ਸਾਰੇ ਮਨ ਦੇ ਕਿ ਹੋਰ ਦੇ?' ਤਾਂ ਇਕ ਸਿਖ ਬੋਲਿਆ 'ਸੁਆਦ, ਪਾਤਸ਼ਾਹ! ਜੀਭ ਦੇ'! ਦੂਸਰੇ ਨੇ ਕਿਹਾ 'ਸੁਆਦ ਕਰਮ ਦੇ,' ਕਿਸੇ ਨੇ ਕਿਹਾ 'ਸੁਆਦ ਜੀਵ ਦੇ', ਕਿਸੇ ਨੇ ਕਿਹਾ 'ਸੁਆਦ ਸੁਭਾਵ ਅਨੁਸਾਰ'। ਕਿਸੇ ਕਿਹਾ 'ਸੁਆਦ ਦੇਹੀ ਦਾ ਧਰਮ ਹੈ'। ਤਦ ਸਤਿਗੁਰਾਂ ਹਰਗੋਪਾਲ ਵੱਲ ਤੱਕਿਆ। ਹੁਣ ਹਰਿਗੋਪਾਲ ਸੁਆਦ ਵਿਚ ਸੀ, ਉਹ ਸਮਝ ਚੁਕਾ ਸੀ ਕਿ ਮੈਂ ਸੁਆਦ ਵਿਚ ਹਾਂ, ਪਰ ਇਹ ਸੁਆਦ ਜੀਭ ਦਾ ਨਹੀਂ, ਕਿਉਂਕਿ ਮੈਂ ਕੁਛ ਖਾਧਾ ਨਹੀਂ। 'ਇਹ ਕਰਮ ਦਾ ਬੀ ਨਹੀਂ ਕਿਉਂਕਿ ਮੈਂ ਤਾਂ ਚੁੱਪ ਅਹਿੱਲ ਅਡੋਲ ਹੋਇਆ ਬੈਠਾ ਹਾਂ। ਇਹ ਸੁਆਦ ਸੁਭਾਵ ਦਾ ਭੀ ਨਹੀਂ ਕਿਉਂਕਿ ਜੋ ਕੁਝ ਇਥੇ ਹੁਣ ਵਰਤਿਆ ਹੈ ਸੋ ਉਸ ਦਾ ਮੈਨੂੰ ਸੁਭਾਵ ਨਹੀਂ। ਮੇਰੀ ਦੇਹੀ ਦੇ ਪੰਜ ਇੰਦ੍ਰੇ ਹਨ, ਪੰਜਾਂ ਦੁਆਰਾ ਮਨ ਰਸ ਲੈਂਦਾ ਹੈ ਪਰ ਮੇਰੇ ਸਾਰ ਇੰਦ੍ਰੇ ਅਚਲ ਜਿਹੇ ਰਹੇ ਹਨ ਤੇ ਮਨ ਉਨ੍ਹਾਂ ਨੂੰ ਬਾਹਰ ਵਿਸ਼ਿਆਂ ਵਲ ਨਹੀਂ ਟੋਰਦਾ ਰਿਹਾ, ਸਗੋਂ ਕੰਨ ਇੰਦ੍ਰੇ ਦੁਆਰਾ ਆਏ ਅਸਰ ਨੂੰ ਲੈਕੇ ਮਨ ਆਪੇ ਅੰਦਰ ਜੁੜਦਾ ਰਿਹਾ ਹੈ, ਤਾਂ ਤੇ ਇਹ ਦੇਹੀ ਦਾ ਰਸ ਨਹੀਂ। ਭਲਾ ਕੰਨਾਂ ਦਾ ਰਸ ਕਿਹਾ ਜਾਏ ਤੇ ਇਉਂ ਦੇਹੀ ਦਾ ਮੰਨ ਲਿਆ ਜਾਏ, ਪਰ ਮੈਂ ਅਗੇ ਰਾਗ ਕਈ ਵੇਰ ਸੁਣਿਆਂ ਹੈ, ਨਾਚ ਡਿੱਠਾ ਹੈ, ਉਹ ਤਾਂ ਬਾਹਰ ਦੇ ਰਸਾਂ ਵਲ ਲੈ ਜਾਂਦਾ ਹੈ ਤੇ ਹੋਰ ਤਰ੍ਹਾਂ ਦੇ ਰਸ ਪੈਦਾ ਕਰਦਾ ਹੈ। ਇਹ ਕੀਰਤਨ ਆਇਆ ਤਾਂ ਕੰਨ ਇੰਦ੍ਰੇ ਦੇ ਰਸਤੇ ਹੈ ਪਰ ਅਸਰ ਹੋਇਆ ਹੈ ਅੰਤਰ ਮੁਖ ਹੋਣ ਦਾ, ਅੰਤਰ ਮੁਖ ਹੋਣ ਦੇ ਅਰਥ ਹਨ,—ਬਾਹਰ ਦੇ ਜਗਤ ਵਲੋਂ ਮਨ ਦਾ ਰੁਖ ਪਲਟਣਾ ਤੇ ਅੰਦਰ ਵਲ ਹੋਕੇ ਭੋਗ ਰਸ ਤੋਂ ਪਰੇ ਹੋਣਾ, ਸੋ ਇਹ ਮਨ ਦਾ ਰਸ ਨਾ ਹੋਇਆ; ਇਹ ਤਾਂ ਮਨ ਨੂੰ ਮਨ ਵਿਚ ਡੋਬਣ ਦਾ ਰਸ ਹੈ। ਜੇ ਕਹਾਂ ਕਿ ਜੀਵ ਰਸ ਹੈ ਤਾਂ ਜੀਵ ਦੀ ਸ਼ੁੱਧ ਅਵਸਥਾ ਦਾ ਮੈਂ ਅਜੇ ਜਾਣੂ ਹੀ ਨਹੀਂ ਹਾਂ, ਚਾਹੇ ਰੁਖ ਇਸ ਸੁਆਦ ਦਾ ਉਸ ਪਾਸੇ ਹੈ। ਪਰ ਮੈਨੂੰ ਸੁਆਦ ਤਾਂ ਆਇਆ ਹੈ ਕਿ ਮੇਰੇ ਮਨ ਨੇ ਡੋਲਣੀ ਬੇੜੀ ਛੱਡੀ ਤੇ ਮੇਰੇ ਅਜਾਣੇ ਸਿਦਕ ਦੇ ਘਰ ਚਲਾ ਗਿਆ, ਤਦੋਂ ਕੀਰਤਨ ਨੇ ਮੇਰੇ ਅੰਦਰ ਸੁਆਦ ਬੰਨ੍ਹ ਦਿੱਤਾ ਜਿਸ ਦਾ ਕਾਰਨ ਸਰੀਰਕ ਨਹੀਂ, ਇਹ ਰਸ ਕੋਈ ਹੋਰ ਸ਼ੈ ਤੇ ਕਾਰਨ ਸਿਦਕ ਹੈ। ਇਸ ਪ੍ਰਕਾਰ ਦੇ ਵੀਚਾਰ ਕਰ ਕਰਕੇ ਉਹ ਏਲਿਆ, 'ਸਤਿਗੁਰ ਜੀਉ! ਇਹ ਰਸ ਸਿਦਕ ਦਾ ਹੈ'।

ਤਿਸ ਤੇ ਗੁਰ ਸੁਨਿ, ਕਹਿ ਤਿਸ ਬੇਰਾ। 'ਪਿਤਾ ਬਿਸੰਭਰ ਦਾਸ ਜੁ ਤੇਰਾ। ਸੁਨ ਸਿੱਖਾ! ਸਿਖ ਸਿਦਕੀ ਸੋਇ। ਕਹੁ ਤਿਸ ਮੰਗ ਮਿਲਹਿ ਜਬਿ ਹੋਇ। ਦੋਹਰਾ—ਸ੍ਰੀ ਗੁਰ ਹੁਕਮ ਜੁ ਭਾਵ ਕਾ ਦਯੋ ਸੁ ਤੇਰੇ ਪਾਸ। ਤਿਸ ਤੇ ਲੀਨੋ ਹਮ ਅਬੈ ਕਰਹੁ ਨ ਕੈਸੇ ਆਸ ॥ ੭ ॥ [ਸੂ: ਪ੍ਰ:

ਤਦ ਹਰਿ ਗੋਪਾਲ ਨੇ ਕਿਹਾ ਪਾਤਸ਼ਾਹ! ਇਸ ਦਾ ਅਰਥ ਮੈਂ ਨਹੀਂ ਸਮਝਿਆ। ਮੈਂ ਭੀ ਆਪ ਦਾ

ਸਿੱਖ ਹਾਂ, ਕ੍ਰਿਪਾ ਕਰਕੇ ਮੈਨੂੰ ਬੀ ਸਮਝਾ ਦਿਓ। ਤਦ ਆਪ ਮੁਸਕ੍ਰਾਏ ਤੇ ਬੋਲੇ:—ਭਾਈ ਤੂੰ ਤਾਂ ਵੈਸ਼ਣੋ ਦਾ ਸੇਵਕ ਹੈਂ, ਸਾਡੀ ਸਿੱਖੀ ਤੂੰ ਕਦੋਂ ਪ੍ਰਾਪਤ ਕੀਤੀ ਸੀ ? ਤੈਨੂੰ ਤਾਂ ਕ੍ਰਿਆਵਾਨ* ਦੀ ਲੋੜ ਹੈ ਉਸ ਦਾ ਉਪਦੇਸ਼ ਧਾਰਨ ਕਰ। ਸਾਡੇ ਘਰ ਤਾਂ ਜੀਵਨ ਦੀ ਖੇਡ ਹੈ, ਅਸੀਂ ਤਾਂ ਜੀਵਾਲਦੇ ਹਾਂ, ਅਜਿੰਦ ਖੇਡਾਂ ਸਾਡੇ ਪਸਿੰਦ ਨਹੀਂ। ਅਸਾਂ ਜੋ ਤੈਨੂੰ ਸੁਨੇਹਾ ਦਿੱਤਾ ਹੈ, ਉਹ ਪਿਤਾ ਨੂੰ ਪਹੁੰਚਾ ਦੇਈਂ ਉਹ ਆਪੇ ਅਰਥ ਸਮਝ ਲਏਗਾ। ਹਰਿਗੁਪਾਲ ਦੇ ਮਨ ਤੋਂ ਅਜ ਸਵੇਰ ਦੇ ਸਤਿਸੰਗ ਸਰੋਵਰ ਦੇ ਇਸ਼ਨਾਨ ਨੇ ਮੈਲ ਲਾਹੀ ਸੀ, ਸ਼ਬਦ ਦਾ ਅਸਰ ਹੋਇਆ ਸੀ, ਮਨ ਸੁਆਦ ਤੇ ਸਿਦਕ ਵਿਚ ਸੀ।

ਹੁਣ ਸਤਿਗੁਰ ਦੇ ਵਾਕਾਂ ਨੇ ਚੋਭ ਦਿਤੀ ਚੰਗੇ ਭਾਵ ਵਾਲੀ, ਚਰਨਾਂ ਤੇ ਢਹਿ ਪਿਆ ਤੇ ਵਿਲਪਦੀ ਸੁਰ ਵਿਚ ਬੋਲਿਆ, ਪਾਤਸ਼ਾਹ ! ਰੱਖ ਲਓ, ਰੱਖ ਲਓ, ਮੂਰਖ ਨੂੰ ਚਰਨਾਂ ਵਿਚ ਰੱਖ ਲਓ, ਮੈਂ ਕੱਲ ਮਹਿਮਾ ਲਖ ਨਹੀਂ ਸਕਿਆ, ਦੂਣ ਮੈਂ ਦਾਸ ਹਾਂ, ਰੱਖ ਲਓ ਭੁੱਲੇ ਨੂੰ। ਹੁਣ ਸਤਿਗੁਰ ਨੇ ਪਿੱਠ ਤੇ ਥਾਪੜਾ ਦਿਤਾ ਤੇ ਵਾਕ ਉਚਾਰਿਆ:—

ਉੱਠ, ਭਾਈ ! ਬਖਸ਼ਿਆ।

੪

ਸਤਿਗੁਰ ਦੇ ਦਰ ਕਈ ਪ੍ਰਕਾਰ ਦੇ ਜਗਜਾਸੂ ਆਇਆ ਕਰਦੇ ਸਨ। ਇਕ ਤਾਂ ਉਹ ਹੁੰਦੇ ਸਨ ਜੋ ਦਰਸ਼ਨ ਮਾਤ੍ਰ ਨਾਲ ਨਿਹਾਲ ਹੋ ਕੇ ਨਾਮ ਰੰਗ ਵਿਚ ਰੰਗੇ ਜਾਂਦ ਸਨ। ਦੂਸਰੇ ਓਹ ਜੋ ਬਚਨ ਬਿਲਾਸ ਉਪਦੇਸ਼ ਸੁਣਕੇ ਪਤੀਜ ਜਾਂਦੇ ਤੇ ਨਾਮ ਵਿਚ ਲਗ ਜਾਂਦੇ ਸਨ। ਤੀਜੇ ਓਹ ਜਨ ਜੋ ਉਤੁ ਪ੍ਰਸ਼ਨ ਕਰਕੇ, ਨਿਸ਼ਾ ਖ਼ਾਤਰ ਹੋਕੇ ਸਿਦਕ ਦੇ ਘਰ ਆਉਂਦੇ ਤੇ ਨਾਮ ਵਿਚ ਰੱਤੇ ਜਾਂਦੇ ਸਨ। ਚੌਥੇ ਓਹ ਸਨ ਜੋ ਕਈ ਵੇਰ ਸੰਸੇ ਵਿਚ ਘੁੰਮ ਘੁੰਮ ਕੇ ਫੇਰ ਤਜਰਬੇ ਵਿਚ ਕੋਈ ਠੁਹਕਰ ਖਾਕੇ, ਮਾਇਆ ਦੀ ਸੂਖਮ ਨਿੰਦ੍ਰਾ ਤੋਂ ਜਾਗਕੇ ਅੰਤਰ ਮੁਖ ਰਸ ਵਿਚ ਪ੍ਰਵਿਰਤ ਹੁੰਦੇ ਸਨ। ਅਕਸਰ ਏਹ ਉੱਪਰ ਕਹੇ ਫਰਕ ਅੰਦਰਲੀ ਮਨ ਤੇ ਬੁੱਧੀ ਦੀਆਂ ਹਾਲਤਾਂ ਵਿਚ ਫਰਕ ਹੋਣ ਤੋਂ ਹੁੰਦੇ ਹਨ। ਨਾਲੇ ਪ੍ਰਾਪਤ ਕੀਤੀ ਵਿਦਯਾ ਤੇ ਸੰਗਤ ਬੀ ਮਨ ਵਿਚ ਆਪਣੇ ਅਸਰ ਪਾਉਂਦੀ ਹੈ ਤੇ ਇਸਤਰ੍ਹਾਂ ਦੇ ਫਰਕ ਪੈਦਾ ਹੁੰਦੇ ਹਨ।ਹਾਂ, ਕੁਛ ਏਥੋਂ ਦੇ ਤੇ ਕੁਛ ਪੂਰਬਲੇ ਸੰਸਕਾਰਾਂ ਦੀ ਖੇਡ ਬੀ ਹੈ। ਵਿਦਯਾ, ਸੰਗਤ, ਕਰਨੀ ਤੇ ਕਥਨੀ ਤੋਂ ਨਵੇਂ ਸੰਸਕਾਰ ਪੈਦਾ ਹੁੰਦੇ ਹਨ। ਜਾਪਦਾ ਹੈ ਕਿ ਹਰਿ ਗੋਪਾਲ ਕੁਛ ਇਸ ਤਰ੍ਹਾਂ ਦੇ ਮਨ ਵਾਲਾ ਸੀ ਜੋ ਸੰਸੇ ਕਰਕੇ ਬਹਤ ਮਲੀਨ ਸੀ, ਠੁਹਕਰ ਖਾਕੇ ਟਿਕਾਣੇ ਆਉਣ ਵਾਲੀ ਦੁੱਧੀ ਰਖਦਾ ਸੀ।

ਗੁਰੂ ਜੀ ਤੋਂ 'ਬਖਸ਼ੇ' ਦਾ ਵਾਕ ਪਾਕੇ ਹਰਿ ਗੋਪਾਲ ਮਹੀਨਾ ਕੁ ਹੋਰ ਅਨੰਦ ਪੁਰ ਰਿਹਾ। ਕੀਰਤਨ ਸੁਣਦਾ, ਗੁਰ ਸਿਖਾਂ ਨੂੰ ਮਿਲਦਾ, ਉੱਤਰ ਪ੍ਰਸ਼ਨ ਕਰਦਾ ਤੇ ਨਿਰਸੰਸੇ ਹੁੰਦਾ ਰਿਹਾ। ਪਰੰਤੂ ਉਸ ਦੇ ਅੰਦਰ ਦੀ ਮਾਯਾ ਦੀ ਪ੍ਰੀਤ ਤੇ ਵੈਸ਼ਨਵ ਦੇ ਸੰਗ ਦਾ ਅਸਰ ਅਰ ਆਪਣੀ ਮਤਿ ਦਾ ਬਾਹਰ ਮੁਖੀ ਵੇਗ ਮੁੜ ਮੁੜਕੇ ਉਸ ਨੂੰ ਉਸੇ ਘੁੰਮਣ ਘੇਰੀ ਵਿਚ ਪਾ ਦੇਂਦੇ ਸੀ ਕਿ ਜਿਸ ਵਿਚੋਂ ਉਹ ਮਸਾਂ ਮਸਾਂ ਨਿਕਲਦਾ ਸੀ। ਅਖੀਰ ਉਸ ਨੂੰ ਘਰ ਜਾਣ ਦਾ ਉੱਦਮ ਆਇਆ ਤੇ ਕਿਸੇ ਸੁਹਣੀ ਛਿਨ ਸਤਿਗਰ ਤੋਂ ਚੰਗੇ ਭਾਵ ਵਿਚ ਵਿਦਾ ਹੋਇਆ। ਵਿਦਾਹੋਣ ਤੋਂ ਪਹਿਲਾਂ ਜੋ ਮਾਯਾ ਪੰਜ ਸੌ ਦੀ ਆਪਣੀ ਵਲੋਂ ਲਿਆਇਆ ਸੀ ਤੇ ਪਿਤਾ ਵਾਲੀ ਮਾਯਾ ਗੁਰੂ ਅਰਪਨ ਕਰ ਦਿੱਤੀ। ਗੁਰੂ ਜੀ ਨੇ ਪ੍ਰਸੰਨ ਹੋਕੇ ਪ੍ਰਸ਼ਾਦਿ ਦਿੱਤਾ ਤੇ ਇਕ ਕੜਾ ਦਿਤਾ ਕਿ ਇਹ ਸਾਡੀ ਨਿਸ਼ਾਨੀ ਹੈ, ਅਦਬ ਰੱਖਣਾ ਤੇ ਜੋ ਤੁਸੀਂ ਕਾਮਨਾ ਕਰੋਗੇ ਇਸ ਅਦਬ ਤੋਂ ਪੂਰਨ ਹੋਵੇਗੀ। ਭਾਵ ਦਾ ਬਚਨ ਜੋ ਤੁਸਾਂ ਨੂੰ ਦਿੱਤਾ, ਪਿਤਾ ਨੂੰ ਦੇ ਦੇਣਾ। ਇਸ ਛਿਨ ਸਿੱਖੀ ਭਾਵਨਾ ਵਿਚ ਮੱਥਾ ਟੇਕ ਕੇ ਹਰਿਗੋਪਾਲ ਵਿਦਾ ਹੋਇਆ।

੫

ਜਦੋਂ ਹੀ ਕਿ ਹਰਿਗੁਪਾਲ ਅਨੰਦ ਪੁਰ ਤੋਂ ਵਿਦਾ ਹੋ ਗਿਆ ਤਾਂ ਮਨ ਵਿਚ ਸਤਿਸੰਗ ਦੇ ਪ੍ਰਭਾਵ ਵਿਚ ਰੰਗੀ ਹੋਈ ਹਉਮੈਂ ਨੇ ਸਿਰ ਫੜਕਾਇਆ। ਸੰਸੇ ਦੀ ਮੋਟੀ ਲੈਕੇ ਇਸ ਹਉਂ ਨੇ ਮਨ ਨੂੰ ਤਾੜਨਾ ਅਰੰਭਿਆ ਤੇ ਮਨੋਵਾਦ ਟੁਰ ਪਿਆ:—ਹੈਂ ! ਮੈਂ ਕੀਹ ਕੀਤਾ ? ਇਤਨੀ ਭਾਰੀ ਰਕਮ ਭੇਟਾ ਕੀਤੀ ਤੇ ਲੀਤਾ ਕੀਹ, ਐਹ ਲੋਹੇ ਦਾ ਕੜਾ ? ਇਹ ਕੜਾ ਕੀਹ

* ਕਰਮ ਕਾਂਡ।

ਸਾਰੇਗਾ ? ਇਹ ਕੀਕੂੰ ਮਨੋਕਾਮਨਾ ਪੂਰਨ ਕਰੇਗਾ ? ਫੇਰ ਕੀਹ ਪ੍ਰਸ਼ਾਦਿ ! ਇਹ ਕੀਹ ਹੋਇਆ; ਸਾਡੇ ਘਰ ਕੜਾਹ ਬਾਪੂ ਬਨਵਾਇਆ ਹੀ ਕਰਦਾ ਹੈ। ਤੀਜੀ ਗਲ ਕੀਹ ਲਈ ? ਬਚਨ ਸਿਦਕ ਦਾ*। ਕੱਚਾ ਸੋਦਾ ਕੀਤਾ ਸ਼ਿਕਾਰ ਖੇਡਣ ਵਾਲੇ ਗੁਰੂ ਨਾਲ, ਰਾਜਸੀ ਠਾਠ ਹੈ ਜਿਸ ਦਾ। ਗੁਰੂ ਚਾਹੀਏ ਸੀ ਚੁਪ ਚਾਪ, ਸੁੰਨ ਮੰਡਲ ਵਿਚ ਸੁੰਨ ਮਸੁੰਨ। ਹੈਂ !"""ਹੈਂ ! ਮੈਂ ਕੀਹ ਪਿਆ ਸੋਚਦਾ ਹਾਂ ? ਗੁਰੂ ਪਿਤਾ ਦਾ ਗੁਰੂ ਹੈ, ਗੁਰੂ ਅੰਤਰਜਾਮੀ ਹੈ, ਮੈਂ ਆਪ ਪਰਤਾਇਆ ਹੈ, ਗੁਰੂ ਵਿਚ ਤੇਜ ਹੈ,ਸਤੋਗੁਣੀ ਪ੍ਰਭਾਵ ਬੀ ਹੈ,ਮੈਂ ਡਿੱਠਾ ਹੈ, ਸਤਿਸੰਗ ਹੈ। ਕੀਰਤਨ ਹੈ ਗੁਰੂ ਕੇ ਦਆਰੇ। ਕੀਰਤਨ ਵਿਚ ਸੁਆਦ ਹੈ, ਜੋਗੀ ਜਤੀ ਤਪੀ ਆਕੇ ਇਸ ਗੁਰੂ ਅਗੇ ਝੁਕਦੇ ਹਨ, ਫਕੀਰ ਤੇ ਪੀਰ ਸਿਜਦੇ ਕਰਦੇ ਹਨ, ਮੈਂ ਠੀਕ ਗੁਰੂ ਲੱਧਾ ਹੈ। ਠੀਕ ਹੈ। ਹੈਂ"""ਪਰ ਦੇਖੋਜੀ ਕੜਾ ਕੀ ਹੋਇਆ ? ਭਾਣੇ ਦਾ ਬਚਨ ਕੀ ਹੋਇਆ?ਮੈਂ ਤਾਂ ਰੁੜ੍ਹਰਿਹਾ ਹਾਂ,ਮੈਂਸੋਤੋਂ ਪਾਰ ਨਹੀਂ ਪਿਆ। ਦਰਸ਼ਨ ਨਹੀਂ ਕੋਈ ਹੋਏ, ਜੋਤਾਂ ਨਹੀਂ ਡਿਠੀਆਂ, ਕੌਤਕ ਨਹੀਂ ਤੱਕੇ, ਸੁੰਨ ਨਹੀਂ ਕੋਈ ਵਾਪਰੀ, ਐਵੇਂ ਧਨ ਰੁਆ ਆਇਆ। ਵਾਹ ਵਾਹ ਮਨ ਦੀਆਂ ਮੂਰਖਤਾਈਆਂ, ਵੈਸ਼ਨਵ ਉਜੈਨ ਦਾ ਚੰਗਾ ਸੀ, ਗਿਆਂ ਖਾਤਰ ਕਰਦਾ ਸੀ। ਸਾਗ ਪਤ੍ਰ ਦਾ ਅਹਾਰੀ ਸੀ, ਖਰਚ ਕੁਛ ਨਹੀਂ ਸੀ ਰਾਸਾਂ ਲੀਲਾਂ, ਨਾਚ ਰੰਗ ਤੱਕੀਦੇ ਸਨ। ਪਰ ਮੈਂ ਪਤੀਜਿਆ ਓਥੇ ਬੀ ਨਹੀਂਸੀ। ਸੋ ਕੀਹ ਹੋਇਆ ਮੈਂ ! """ਹਾਇ ਪੰਜ ਸੌ ਨਾ ਮੱਥਾ ਟੇਕਦਾ ਧਨ ਤਾਂ ਨਿੱਗਰ ਚੀਜ਼ ਸੀ, ਵਪਾਰ ਨਾਲ ਵਧਦਾ ਸੀ, ਭਾਇ ਦੇ ਬਚਨ ਨੂੰ ਕਿਥੇ ਰਖਾਂਗਾ ? ਇਸ ਤੋਂ ਕੀਹ ਵਾਧਾ ਪਵੇਗਾ ? ਇਸ ਤਰ੍ਹਾਂ ਦੀ ਮਨੋਕਾਮਨਾ ਵਿਚ ਹਰਿ ਗੋਪਾਲ ਚਮਕੌਰ ਪਹੁੰਚਾ। ਏਥੇ ਇਕ ਸਿਦਕੀ ਸਿਖ ਰਹਿੰਦਾ ਸੀ, ਧਰਾਨ ਸਿੰਘ ਮਾਜਰੀਆ। ਉਹ ਇਸ ਨੂੰ ਮਿਲ ਪਿਆ। ਗੁਰੂ ਕਾ ਸਿਖ ਜਾਣਕੇ ਉਹ ਹਰਿਗੁਪਾਲ ਨੂੰ ਘਰ ਲੈ ਗਿਆ, ਸੇਵਾ ਕੀਤੀ ਤੇ ਪ੍ਰਸ਼ਾਦਿ ਛਕਾਇਆ। ਜਾਂ ਦੁਇ ਸਤਿਸੰਗ ਦੀ ਵਾਰਤਾਲਾਪ ਕਰਨ ਲਗੇ ਤਾਂ ਗੱਲੋ ਰੱਲ ਹਰਿ-

*'ਗੁਰੂ ਜੀ ਬਖਸ਼ਸ਼ ਦੀਆ ਕੜਾ ਅਤੇ ਬਚਨ ਭਾਇ ਦਾ'। [ਸੋ ਸਾਖੀ]। ਪੁਨਾ:-'ਹੋਰ ਤਾਂ ਗੁਰੂ ਕੇ ਕੁਛ ਨਹੀਂ ਦਿਤਾ, ਇਕ ਸਿਖੀ ਧਰਮ ਨਿਭਣੇ ਦਾ ਬਚਨ ਦਿਤਾ ਹੈ।' [ਭਵਾ: ਖਾ:

ਗੋਪਾਲ ਨੇ ਆਪਣੇ ਮਨ ਨੂੰ ਨੰਗਾ ਕਰ ਦਿੱਤਾ। ਉਸ ਦੀ ਬੇ ਸਿਦਕੀ ਵਾਲੀ ਗੱਲ ਬਾਤ ਸੁਣਕੇ ਧਰਾਨ ਸਿੰਘ ਨੇ ਸਮਝਾਇਆ ਕਿ ਭਾਈ ਤੂੰ ਪੂਰੇ ਗੁਰੂ ਨੂੰ ਮਿਲਿਆ ਹੈਂ, ਉਹ ਗੁਰੂ, 'ਗੁਰੂ ਜੋਤਿ' ਆਪ ਹੈ। ਜੋ ਬਚਨ ਹੋਇਆ ਹੈ ਸੋ ਅਮੋਲਕ ਦਾਤ ਹੈ, ਇਸ ਨਾਲ ਤਸਾਂ ਜੀ ਦਾ ਪ੍ਰੇਮ ਵਧੇਗਾ ਤੇ ਸਾਈਂ ਤਕ ਅੱਪੜੇਗੀ। ਕੜਾ ਸਤਿਗੁਰ ਦੀ ਦਾਤ ਹੈ, ਤੇ ਬਚਨ ਹੋਣ ਕਰਕੇ ਸਤਜੁਗ ਭਰਪੂਰ ਹੈ, ਸਿਦਕ ਦੇ ਘਰ ਰਹੋ। ਪਰ ਬਣੀਏ ਦੇ ਦਿਲ ਵਿਚ ਧਨ-ਪ੍ਰੀਤੀ ਉਮਗ ਰਹੀ ਸੀ ਤੇ ਧਨ ਦਾ ਵਿਛੋੜਾ ਕਸਕਾਂ ਮਾਰ ਰਿਹਾ ਸੀ, ਉਸ ਤੇ ਕੋਈ ਅਸਰ ਨਾ ਹੋਇਆ। ਤਦ ਧਰਾਨ ਸਿੰਘ ਨੇ ਵਹੁਟੀ ਨਾਲ ਜਾਕੇ ਸਲਾਹ ਕੀਤੀ ਕਿ ਅਰਸ਼ਾਂ ਕੁਰਸ਼ਾਂ ਦੇ ਸ੍ਵਾਮੀ ਦਾ ਬਚਨ ਇਸ ਮੂਰਖ ਨੂੰ ਪੰਜ ਸੌ ਤੋਂ ਮਹਿੰਗਾ ਜਚ ਰਿਹਾ ਹੈ। ਬਚਨ ਦੀ ਕੀਮਤ ਤਾਂ ਅਮੁੱਲ ਸੀ. ਇਹ ਬਣਿਕ ਬ੍ਰਿਤੀ ਦਾ ਆਦਮੀ ਅਮੋਲਕ ਦਾਤ ਨੂੰ ਰੁਪੱਯਾਂ ਨਾਲ ਹਾੜ ਰਿਹਾ ਹੈ। ਅਮੁਲਕ ਦਾ ਮੁੱਲ ਕੀਹ ? ਗੁਰੂ ਬਾਬੇ ਦਾ ਫੁਰਮਾਣ ਹੈ:-'ਅਮੁਲੁ ਕਰਮੁ ਅਮੁਲ ਫੁਰਮਾਣੁ' ਇਹ ਮੂਰਖ 'ਅਮੁਲ ਫੁਰਮਾਣੁ' ਦਾ ਮੁੱਲ ਪੰਜ ਛੇ ਸੌ ਬੀ ਨਹੀਂ ਪਾ ਰਿਹਾ, ਜੇ ਤੂੰ ਕੁਛ ਮਦਦ ਕਰੇਂ ਤਾਂ ਇਹ ਗੁਰੂ ਦਾ 'ਅਮੁਲੁ ਫੁਰਮਾਣ' -ਜਿਸਨੂੰ ਰਾਜਿਆਂ ਦੇ ਧਨ ਬੀ ਨਹੀਂ ਖ਼ਰੀਦ ਸਕਦੇ ਜੋ ਜਿੰਦ ਜਾਨ ਦੇਕੇ ਬੀ ਫਿਰ ਮਿਹਰ ਨਾਲ ਹੀ ਮਿਲੇ ਤਾਂ ਮਿਲੇ-ਇਸ ਦੇ ਆਪਣੇ ਪਾਏ ਮੁੱਲ ਤੋਂ ਅੱਜ ਖਰੀਦ ਲਈਏ। ਇਸ ਸਿਦਕੋਂ ਹਿੱਲੇ ਦੀ ਠੌਰ ਕੋਈ ਨਹੀਂ, ਪਰ ਅਸੀਂ ਇਸ ਦੀ ਧਨ ਨੁਕਸਾਨ ਕਰ ਬੈਠਣ ਦੀ ਦਿਲਗੀਰੀ ਦੂਰ ਕਰ ਦੇਈਏ। ਫਿਰ ਸਤਿਗੁਰ ਸ਼ਾਹਨ ਸ਼ਾਹ ਹੈ, ਉਸ ਦਰ ਦੌਲਤ ਕੀ ਸ਼ੈ ਹੈ ਤੇ ਪੰਜ ਸੌ ਕੀਹ ਹੈ। ਉਹ ਤਾਂ ਮਾਇਆ ਦਾ ਆਪ ਸੁਆਮੀ ਹੈ, ਇਹ ਮੂਰਖ ਉਸ ਨੂੰ ਪੰਜ ਸੌ ਦਾ ਲੈਣਹਾਰ ਸਮਝਦਾ ਹੈ। ਅਸੀਂ ਕਿਉਂ ਇਹ ਗਲ ਬੀ ਸਹਾਰੀਏ ਕਿ ਸਾਡੇ ਸਤਿਗੁਰ ਨੂੰ ਕੋਈ ਕਹੇ ਕਿ ਮੈਂ ਪੰਜ ਸੌ ਦੇ ਆਇਆ ਹਾਂ ਤੇ ਗੁਆ ਆਇਆ ਹਾਂ। ਉਹ ਗੁਰੂ ਦਾਤਾ ਹੈ, ਇਹ ਬਣੀਆਂ ਕੌਣ ਹੈ ਦੇਣਹਾਰ ?

ਬਾਣੀ ਦੀ ਪ੍ਰੇਮਣ ਤੇ ਨਾਮ ਦੀ ਰਸੀਆ ਤੇ ਗੁਰ ਚਰਨਾਂ ਤੋਂ ਬਲਿਹਾਰ ਸਿਦਕ ਵਾਲੀ ਬੀਬੀ ਈ

ਨੈਣ ਭਰ ਆਏ, ਆਖਣ ਲਗੀ, ਮਾਲਕ ਜੀਓ, ਜੇ ਸ਼ਰਬੰਸ ਮੰਗੇ ਤਾਂ ਦੇ ਦਿਓ, ਪਰ ਗੁਰੂ ਕਾ ਬਚਨ, ਸੱਚੇ ਪਾਤਸ਼ਾਹ ਦਾ 'ਅਮੁਲੁ ਫੁਰਮਾਣੁ' ਇਸ ਪਾਸ ਨਾ ਰਹਿਣ ਦਿਓ; ਇਸ ਬਣਿਕ ਬ੍ਰਿਤੀ ਵਾਲੇ ਦਾ 'ਪਦਾਰਥ-ਵਿਛੋੜਾ' ਦੂਰ ਕਰ ਦਿਓ। ਆਹ ਲਓ ਮੇਰੇ ਗਹਿਣੇ, ਗਹਿਣੇ ਪਾ ਦਿਓ ਤੇ ਪੰਜ ਛੇ ਸੌ ਜੋ ਮੰਗੇ ਦੇ ਦਿਓ। ਪਤੀ ਜੀਓ ! ਕਣਕ ਰੁਪੈ ਦੀ ਮਣ ਹੈ, ਇਹ ਹੈ ਇਸ ਦਾ ਸਾਧਾਰਣ ਮੁਲ। ਭਲਾ ਜੇ ਹੁਣ ਕਿਸੇ ਪ੍ਰੇਮੀ ਨੇ ਮਣ ਕਣਕ ਦੇ ਦਾਣੇ ਸਾਫ ਕਰਨ ਲਈ ਚੁਣੇ ਤੇ ਹਰ ਦਾਣੇ ਨੂੰ ਆਖਿਆ 'ਧੰਨ ਗੁਰ ਨਾਨਕ' ਤਾਂ ਬਣੀਏ ਨੇ ਤਾਂ ਇਸ ਮਣ ਕਣਕ ਦਾ ਮੁੱਲ ਬੀ ਇੱਕੋ ਰੁਪੱਯਾ ਹੀ ਪਾਉਣਾ ਹੈ। ਪਰ ਗੁਰੂ ਅੰਗਦ ਸਾਹਿਬ ਇਸ ਮਣ ਕਣਕ ਨੂੰ ੧) ਦੇ ਬਦਲੇ ਕਦੇ ਨਹੀਂ ਖ੍ਰੀਦਣਗੇ, ਓਹ ਇਸਦਾ ਮੁੱਲ ਪਾਉਣਗੇ ਆਪਣੀ ਸਿਹਰ ਜੋ ਹੈ ਹੀਰੇ ਜ਼ਹਰਾਤ ਤੋਂ ਮਹਿੰਗੀ ਤੇ ਅਮੋਲਕ। ਹਾਂ ਪਤੀ ਜੀਓ! ਰਾਜੇ ਦੇ ਘਰ ਸੇਵਾ ਦਾ ਮੁੱਲ ਹੈ ਤਨਖ਼ਾਹ, ਇਨਾਮ, ਜਗੀਰ। ਇਹ ਤੁਛ ਮੁੱਲ ਹੈਨ ਪਦਾਰਥਿਕ, ਪਰ ਗੁਰੂ ਨਾਨਕ ਦੇ ਦਰ ਗੁਰੂ ਅੰਗਦ ਦੇਵ ਜੀ ਦੀ ਸੇਵਾ ਦਾ ਮੁੱਲ ਹੈ ਗੁਰੂ ਅੰਗਦ ਜੀ ਦਾ ਗੁਰੂ ਨਾਨਕ ਹੋ ਜਾਣਾ। ਪਾਰਸ ਦੀ ਸੇਵਾ ਨਾਲ ਪਾਰਸ ਹੋ ਜਾਣਾ, ਇਹ ਹੈ ਨਦਰਾਂ ਵਾਲਿਆਂ ਦਾ ਮੁੱਲ। ਇਹ ਬਣੀਆ ਕੀਹ ਜਾਣੇ 'ਅਮੁਲ ਫੁਰਮਾਣੁ' ਦੇ ਅਰਥ। ਇਸ ਨੂੰ ਰੁਪੱਯੇ ਝੋਲੀ ਪਾਓ ਤੇ 'ਰਤਨ' ਲੈ ਲਓ। ਮੂਰਖ ਪਾਸ ਕਿ ਬਾਲਕ ਪਾਸ ਰਤਨ ਹੋਵੇ ਤਾਂ ਵੰਞਾ ਦੇਵੇਗਾ।

ਇਸ ਤਰ੍ਹਾਂ ਦੀ ਗੱਲ ਬਾਤ ਮਗਰੋਂ ਧਜਾਨ ਸਿੰਘ ਨੇ ਅਗਲੇ ਦਿਨ ਗਹਿਣੇ ਗਹਿਣੇ ਪਾਕੇ ਤੇ ਹੋਰ ਜੋੜ ਲਾਕੇ ਛੇ ਸੌ ਰੁਪੱਯਾ ਠਠਾ ਕਰ ਲਿਆ ਤੇ ਹਰਿ ਗੁਪਾਲ ਨੂੰ ਕਿਹਾ:–

ਸਿੱਖ ਸਿੱਖ ਕਾ ਸਤ ਵਣਜ ਸਿੱਖ ਸਿੱਖ ਕਾ ਭਾਉ।
ਦਗਾ ਸਿੱਖ ਸਮ ਨਾ ਕਰੈ ਪਾਨੀ ਅੰਨ ਭੁਗਾਉ।
ਜੇ ਪ੍ਰਤੀਤ ਗੁਰ ਵਾਕ ਪਰ ਤਾਂ ਤੂੰ ਲੈ ਘਰ ਜਾਇ।
ਜੇ ਦੁੱਖਾ ਤੂੰ ਦਾਮ ਕਾ ਤਾਂ ਲੈ ਘਰ ਅਪਨੇ ਪਾਇ*।

ਅਰਥ–ਜੇ ਤੈਨੂੰ ਸਿਦਕ ਹੈ ਗੁਰੂ ਵਾਕ ਪਰ ਤਾਂ ਇਹ ਅਮੋਲਕ ਵਸਤੁ ਹੈ ਇਹ ਸੰਭਾਲਕੇ ਲੈ ਜਾਹ। ਇਹ ਕਹਿਣਵਿਚ ਧਜਾਨ ਸਿੰਘ ਉਸਤੋਂ ਧੋਖੇ ਨਾਲ ਵਸਤੁ ਨਹੀਂ ਲੈਣਾ ਚਾਹੁੰਦਾ। ਪਰ ਜੇ ਪ੍ਰਤੀਤ ਨਹੀਂ ਤੇ ਧਨ ਪਿਆਰਾ ਹੈ ਤਾਂ ਧਨ ਲੈ ਜਾਹ। ਇਹ ਸੁਣਕੇ ਹਰਿਗੋਪਾਲ ਬੋਲਿਆ:–

ਹਮ ਪ੍ਰਤੀਤ ਹੈ ਦਾਮ ਕੀ ਜੋ ਹਮ ਕੋ ਦੇ ਦੇਇ।
'ਵਚਨ'ਦੀਆ, ਤੂੰ ਦਾਮ ਦੇਇ, ਸਾਚੇ ਪੰਜ ਦਿਵੇਇ*।

ਤਾਂ ਧਜਾਨ ਸਿੰਘ ਉਠ ਗਿਆ ਛੇ ਸੌ ਰੁਪੱਯਾ ਉਸ ਦੇ ਅਗੇ ਲਿਆ ਧਰਿਆ। ਪੰਜ ਰੁਪੱਯੇ ਉਪਰ ਹੋਰ ਧਰੇ† ਕਿ ਤੂੰ ਬਾਣੀਆਂ ਹੈਂ, ਵਜਾਜ ਸੁਧੀ ਤੇਰੀ ਰਕਮ ਤੈਨੂੰ ਪੁਜ ਗਈ। ਤੂੰ ਪੰਜਾਹ ਘਟ ਕਿਉਂ ਲਵੇਂ।

ਬਾਣੀਆਂ ਧਨ ਲੈਕੇ ਖਿੜ ਗਿਆ। ਉਸ ਜਾਤਾ ਧਿਆਨ ਸਿੰਘ ਮੂਰਖ ਹੈ, ਜੋ ਸ਼ੈ ਮੇਰੇ ਲਈ ਕਿਸੇ ਬੀ ਮੁੱਲ ਦੀ ਨਹੀਂ ਸੀ ਇਸ ਨੇ ਇਤਨਾ ਧਨ ਦੇਕੇ ਲੈ ਲਈ ਹੈ। ਪਰ ਅਪਣੀ ਬਣਿਕ ਬ੍ਰਿਤੀ ਨੂੰ ਨਹੀਂ ਸਮਝਦਾ ਕਿ ਜੋ ਹਰ ਸ਼ੈ ਦਾ ਮੁੱਲ ਰੁਪੱਯੇ ਵਿਚ ਗਿਣਦੀ ਹੈ, ਸੱਚੀ ਕੀਮਤ ਕੂਤ ਨੂੰ ਨਹੀਂ ਜਾਣਦੀ ਤੇ ਅਮੋਲਕ ਤੇ ਨਿਰਮੋਲਕ ਨੂੰ ਨਹੀਂ ਸਮਝਦੀ। ਕਿਥੇ ਹੋਵੇ ਸਾਲਸਰਾਇ ਕਿ ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਲਾਲ ਨੂੰ ਤੱਕਕੇ ਮੁੱਲ ਨਾ ਪਾਇਆ ਪਰ ਸੌ ਰੁਪੱਯਾ ਮੱਥਾ ਟੇਕਿਆ ਤੇ ਮਰਦਾਨੇ ਨੂੰ ਕਿਹਾ, ਇਸਦੀ ਦਰਸ਼ਨ ਭੇਟਾ ਇਹ ਹੈ, ਮੁੱਲ ਇਸ ਦਾ ਅਸੀਂ ਨਹੀਂ ਪਾ ਸਕਦੇ। ਹਾਂ ਅੱਜ ਦੂਸਰਾ ਜੌਹਰੀ ਆਇਆ ਹੈ–ਧਿਆਨ ਸਿੰਘ। ਗੁਰ ਨਾਨਕ ਦੇ ਰਤਨ ਦਾ ਮੁੱਲ ਪੈਂਦਾ ਵੇਖਕੇ ਜਿਸ ਨੂੰ ਪੀੜ ਹੋਈ ਹੈ ਤੇ ਜਿਸ ਨੇ ਮੁੱਲ ਪਾਉਣ ਵਾਲੇ ਤੋਂ ਉਸਦਾ ਪਾਯਾ ਮੁੱਲ ਦੇਕੇ ਲਾਲ ਲਿਆ ਹੈ। ਹਾਂ ਦੇਖੋ ਅਮੁੱਲ ਅੱਜ ਮੁੱਲ ਤੋਂ ਵਿਕ ਗਿਆ ਜੇ, ਪਰ ਵੇਚਣ ਵਾਲੇ ਨੇ ਆਪਣੇ ਭਾਣੇ ਵੇਚਿਆ ਹੈ, ਖ੍ਰੀਦਣ ਵਾਲੇ ਨੇ ਰਤਨ ਨਹੀਂ ਖ੍ਰੀਦਿਆ। ਉਸ ਦੀ ਕੀਹ ਪਾਇਆਂ ਹੈਸੀ ਕਿ ਰਤਨ ਨੂੰ ਖ੍ਰੀਦੇ. ਉਸ ਨੇ ਤਾਂ ਰਤਨ ਦੀ ਪ੍ਰਾਪਤੀ ਦੀ ਦਰਸ਼ਨ ਭੇਟਾ ਵਜੋਂ ਮੁੱਲ ਦਿੱਤਾ ਹੈ। ਉਹ ਸਤਿਗੁਰ ਦੇ 'ਅਮੁੱਲ ਫੁਰਮਾਣੁ' ਨੂੰ ਪਾਕੇ ਜੋ ਅਮੁੱਲ ਕਰਮ (ਮੇਹਰ) ਨਾਲ ਮਿਲਦਾ ਹੈ ਆਪ ਰਤਨ ਜਵਾਹਰ ਹੋ ਗਿਆ ਹੈ। ਹਾਂ ਇਸ ਨੂੰ ਮੁੱਝੀਸੀ 'ਮਤਿ ਵਿਚਿ ਰਤਨ ਜਵਾਹਰ ਮਾਣਿਕ' ਦੀ।

੬.

ਇਉਂ ਬਣਿਜ ਬ੍ਰਿਤੀ ਵਾਲਾ ਹਰਿਗੁਪਾਲ ਭੇ-

*ਸ਼ੈ ਸਾਖੀ।

*ਸ਼ੈ ਸਾਖੀ। †ਸ਼ੈ ਪੰ।

ਸਿਦਕੀ ਦੇ ਹੱਥ ਵਿਕ ਗਿਆ, ਪਰ ਅਪਣੇ ਜਾਣੇ ਖੁਸ਼ੀ ਹੋ ਹੋ ਕੇ ਟੁਰ ਪਿਆ ਦੇਸ਼ ਨੂੰ। ਰਸਤੇ ਵਿਚ ਇਕ ਵੱਡਾ ਨਗਰ ਆਯਾ, ਜਾਪਦਾ ਹੈ ਕਿ ਇਹ ਨਗਰ ਦਿੱਲੀ ਸੀ, ਜਿਥੇ ਸੋਨੇ ਤੇ ਜ਼ਾਹਰਾਤ ਦਾ ਵਪਾਰ ਉਸ ਸਮੇਂ ਬਹੁਤ ਸੀ। ਇਥੇ ਕੁਛ ਦਿਨ ਹਰਿਗੋਪਾਲ ਰਿਹਾ। ਉਹ ਛੇ ਮੌ ਤੇ ਹੋਰ ਧਨ ਜੋ ਪਾਸ ਸੀ ਉਸ ਦੇ ਉਸ ਨੇ ਉਥੋਂ ਰਤਨ ਖ੍ਰੀਦ ਕਰ ਲਏ ਤੇ ਫੇਰ ਅਗੇ ਨੂੰ ਟੁਰ ਪਿਆ। ਉੱਜੈਨ ਲਗਪਗ ਦਿੱਲੀ ਤੋਂ ਚਾਰ ਸੌ ਮੀਲ ਹੈ। ਸੋ ਉਸਨੂੰ ਕਈ ਦਿਨ ਸਫਰ ਵਿਚ ਲਗੇ। ਜਦੋਂ ਉੱਜੈਨ ਦੇ ਢਾਈ ਸੌ ਮੀਲ ਰਹਿ ਗਿਆ ਤਾਂ ਇਕ ਨਗਰ ਆਇਆ ਉਸ ਦਾ ਨਾਮ ਸੀ ਪਾਲੀ*, ਇਥੇ ਇਸ ਨੇ ਖ੍ਰੀਦੇ ਹੋਏ ਰਤਨ ਵੇਚ ਦਿੱਤੇ, ਤਿੰਨ ਹਜ਼ਾਰ ਨਫਾ ਕੀਤਾ ਯਾ ਵੱਟਕ ਹੋਈ। ਹੁਣ ਅਪਣੇ ਜਾਣੇ ਬਹੁਤ ਨਫੇਵੰਦਾ ਕੰਮ ਕਰਕੇ ਬਣੀਆਂ ਘਰਾਂ ਨੂੰ ਟੁਰ ਪਿਆ। ਲਿਖਿਆ ਹੈ ਕਿ ਜੋ ਪ੍ਰਸ਼ਾਦਿ ਗੁਰੂ ਕਾ ਇਹ ਲੈ ਟੁਰਿਆ ਸੀ, ਰਸਤੇ ਵਿਚ ਇਕ ਦਿਨ ਖੁਹਲਕੇ ਡਿੱਠੇਸੁ ਤਾਂ ਇਸਨੂੰ ਉਹ ਮਾਸ ਹੋ ਭਾਸਿਆ ਸੀ, ਜਿਸ ਤੋਂ ਗੁਰਾਂ ਵਲੋਂ ਹੋਰ ਉਦਾਸੀ ਵਧ ਗਈ ਸੀ। ਸਨੇ ਸਨੇ ਇਹ ਘਰ ਪੁਜ ਗਿਆ, ਪਰਵਾਰ ਨੂੰ ਮਿਲਿਆ। ਸਭ ਦੇ ਮਨ ਖੁਸ਼ੀ ਸੀ ਕਿ ਸਤਿਗੁਰਾਂ ਦੇ ਦਰਸ਼ਨ ਕਰਕੇ ਤੇ ਦੀਖਤ ਹੋਕੇ ਸਪੁੱਤ੍ਰ ਆ ਰਿਹਾ ਹੈ, ਸਤਿਸੰਗ ਦਾ ਸੁਆਦ ਘਰ ਵਿਚ ਵਧੇਗਾ। ਹਰਿਗੋਪਾਲ ਬੀ ਬੜੇ ਚਾਉ ਵਿਚ ਸੀ, ਪਰ ਉਸ ਨੂੰ ਚਾਉ ਸੀ ਧਨ ਦੇ ਨਫੇ ਦਾ ਤੇ ਪਰਿਵਾਰ ਨੇ ਜਾਤਾ ਇਸ ਨੂੰ ਚਾਉ ਹੈ ਸੱਚੇ ਧਨ ਦੀ ਪ੍ਰਾਪਤੀ ਦਾ।

ਬਿਸ਼ੰਭਰ ਦਾਸ ਸਿਦਕੀ ਸਿੱਖ ਸੀ, ਇਹ ਨਾਮ ਵਿਚ ਲੱਗਾ ਹੋਇਆ ਆਤਮ ਸੁਖ ਦਾ ਜਾਣੂੰ ਸੀ। ਇਹਦਾ ਹੱਥ ਦਾਨ ਵਲ ਸੁਤੇ ਹੀ ਪੈਂਦਾ ਸੀ। ਇਸਦੇ ਹਥੋਂ ਸਹਿਜ ਸੁਭਾਵ ਪੀੜਾ ਦੂਰ ਹੁੰਦੀਆਂ ਸਨ। ਇਸ ਨੂੰ ਨਾਮ ਦੇ ਸੁਖ ਦਾ ਪਤਾ ਸੀ, ਇਸ ਕਰਕੇ ਪੁੱਤ੍ਰ ਦੀ ਖੁਸ਼ੀ ਨੂੰ ਦੇਖ ਦੇਖਕੇ ਇਹ ਖੁਸ਼ ਹੁੰਦਾ ਸੀ ਪਰ ਨਾਲ ਹੀ ਪੁੱਤ੍ਰ ਦਾ ਪ੍ਰਭਾਵ ਸਹਾ ਨਾ ਤੱਕਕੇ ਕੁਛ ਸੋਚੀਂ ਪੈ ਜਾਂਦਾ ਸੀ। ਪੁੱਤ੍ਰ ਉਤਾਵਲਾ ਸੀ ਕਿ ਪਿਤਾ ਮੇਰੀ ਕਮਾਈ ਦੀ ਗੱਲ ਪੁਛੇ ਤੇ ਸੁਣੇ, ਪਿਤਾ ਉਤਾਵਲਾ ਸੀ ਸਤਿਗੁਰ ਦੇ ਸੁਨੇਹੇ ਤੇ ਹਾਲ ਸੁਣਨ ਤੇ ਦਾਤਾਂ ਲੈਣ ਨੂੰ। ਪਿਤਾ ਨੇ ਸਤਿਗੁਰਾਂ ਦੀ ਸੁਖ ਸਾਂਦ ਪੁਛੀ।ਪੁੱਤ੍ਰ ਨੇ ਦੱਸੀ ਪਰ ਸੁਰ ਕੁਛ ਨੀਵੀਂ ਜੇਹੀ ਸੀ। ਫਿਰ ਪਿਤਾ ਨੇ ਪ੍ਰਸ਼ਾਦ ਪੁਛਿਆ ਤਾਂ ਜ਼ਰਾ ਕੁ ਨੱਕ ਸੰਗੋੜਦਿਆਂ ਪੁਤ ਨੇ ਪ੍ਰਸ਼ਾਦਿ ਲਿਆ ਦਿਤਾ ਜਾਂ ਖੁਹਲਿਆ ਤਾਂ ਉਹ ਸੁੱਛ ਕੜਾਹ ਪ੍ਰਸ਼ਾਦਿ ਸੀ ਜੋ ਮੁਸ਼ਕਿਆ ਉੱਲਿਆ ਨਹੀਂ ਸੀ। ਪਿਤਾ ਨੇ ਪ੍ਰਸ਼ਾਦਿ ਵਰਤਾਇਆ ਤਾਂ ਜਿਉਂ ਕਾ ਤਿਉਂ ਅਨ-ਵਿਗੜਿਆ ਪ੍ਰਸ਼ਾਦਿ ਸਹੀ ਹੋਇਆ। ਟੁਣ ਪਹਿਲੀ ਵੇਰ ਪਈ ਮੁੜਕੇ ਮਨ ਦੇ ਸਿਦਕ ਵਾਲੇ ਪਾਸੇ ਠੱਸਾ ਖਾਣ ਦੀ। 'ਹੈਂ. ਇਹ ਤਾਂ ਮੈਂ ਮਾਸ ਡਿੱਠਾ ਸੀ, ਭਲਾ ਉਹ ਮੇਰੇ ਮਨ ਦਾ ਭੁਲੇਵਾ ਹੀ ਸਹੀ, ਇਹ ਔਂਨਾ ਚਿਰ ਕੀਕੂੰ ਨਾ ਵਿਗੜਿਆ ? ਕਰਾਮਤ. ਹਾਂ ਕਰਾਮਤ ਹੈ ਟੁਛ ਉਸ ਗੁਰੂ ਵਿਚ'। ਫੇਰ ਬਿਰਤੀ ਸ਼ੰਸ਼ੇ ਵਲ ਗਈ, 'ਪਰ ਚਲੋ ਆਸਾਂ ਕੀਹ ਲੈਣਾ ਹੈ, ਧਨ ਮੋੜ ਲਿਆ, ਵਧਾ ਲਿਆ, ਸਫਰ ਕੀਤਾ ਸਕਾਰਥ ਹੋਇਆ, ਬਣੀਆਂ ਪੁੱਤ੍ਰ ਹਾਂ ਡਿੱਗ ਪਿਆ ਤਾਂ ਬੀ ਕੁਛ ਵੇਖਕੇ ਹੀ ਡਿੱਗਾ ਜਾਣੇਂ।' ਇਸ ਤਰ੍ਹਾਂ ਦੇ ਮਨੋਵਾਦ ਵਿਚ ਸੀ ਕਿ ਪਿਤਾ ਨੇ ਹੋਰ ਹਾਲ ਪੁਛੇ, 'ਉਸ ਤੇ ਮਿਹਰ ਹੋਈ ਕਿ ਨਾਂ' ਇਹ ਗਲ ਪੁਛੀ ਤਾਂ ਹਰਿਗੁਪਾਲ ਨੂੰ ਸਾਰੇ ਹਾਲ ਦੱਸਣੇ ਪਏ। ਹੌਲੀ ਹੌਲੀ ਸਿਦਕ ਬੇ-ਸਿਦਕੀ, ਡੋਲਨ ਟਿਕਣ ਡੋਲਣ ਦੇ ਸਾਰੇ ਹਾਲ ਪਿਤਾ ਨੇ ਸੁਣੇ। ਤੁਰਨ ਵੇਲੇ ਪੁੱਤ੍ਰ ਦਾ ਸਿਦਕ ਵਿਚ ਟੁਰਨਾ ਸੁਣਕੇ ਖੁਸ਼ ਹੋਇਆ, ਪਰ ਜਦ ਉਸ ਨੇ ਆਪਣੀ ਅਕਲਵੰਦੀ ਸੁਣਾਈ ਕਿ ਮੈਂ ਚਮਕੌਰ ਅੱਪੜ ਕੇ ਆਪਣੀ ਕੀਤੀ ਮੂਰਖਤਾ ਦੀ ਸੋਝੀ ਪਾ ਲਈ ਤਾਂ ਮੈਂ ਗੁਰੂ ਕਾ 'ਬਚਨ', ਜਿਸ ਦਾ ਨਾ ਰੂਪ ਨਾਂ ਰੰਗ ਨਾਂ ਕੀਮਤ ਨਾਂ ਕੂਤ ਕੁਛ ਸੀ, ਇਕ ਮੂਰਖ ਪਾਸ ਵਦ ਦਿਤਾ ਤੇ ਆਪਣਾ ਪੰਜ ਸੌ ਤੇ ਆਪ ਦਾ ਸੌ ਬੀ ਮੋੜ ਲਿਆ ਤੇ ਪੰਜ ਰੁਪੈ ਵਿਆਜ ਦੇ ਭੀ ਲੈ ਲਏ ਤਾਂ ਬਿਸ਼ੰਭਰ ਨੇ ਠੰਢਾ ਸਾਹ ਲਿਆ ਤੇ ਹਾਹੁਕਾ ਭਰਕੇ ਬੋਲਿਆ:—'ਪੁੱਤ੍ਰ ਤੈਨੂੰ ਸੱਚ ਵਿਹਾਝਣ ਟੋਰਿਆ ਸੀ ਤੂੰ ਕੱਚ ਖ਼ਰੀਦ ਕਰ ਲਿਆਇਓਂ, ਅੱਖੀਂ ਤੂੰ ਪਰਚਾ ਬੀ ਡਿੱਠਾ ਫਿਰ ਬੀ ਤੇਰਾ ਹਿਰਦਾ ਡੋਲ ਗਿਆ। ਹਾਇ"""ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥ ਅੰਧੇ ਏਕ ਨ ਲਾਗਈ ਜਿਉਂ ਬਾਂਸੁ ਬਜਾਈਐ ਫੂਕ ॥ ਫਿਰ ਮਾਂ ਨੇ ਦੁਖ

*ਗੁਰ ਪ੍ਰਤਾਪ ਸੂਰਜ।

ਦਾ ਹਾਵਾ ਭਰਿਆ ।

ਸੁਨਿ ਕੁਕਰਮ ਤਿਹ ਮਾਤ ਦੁਖਾਰੀ । 'ਸੁਤ ਕਯੋਂ ਭਾ ਗੁਰ ਬਚ ਬਿਵਹਾਰੀ । ਕਯੋਂ ਨ ਪ੍ਰਤੀਤ ਭਈ ਉਰ ਤੇਰੇ । ਪੂਰਨ ਪੁਰਖ ਪਿਤਾ ਤੁਵ ਹੈਰੇ ।'

ਮਾਤਾ ਪਿਤਾ ਦੀ ਝਿੜਕ ਸੁਣਕੇ ਹਰਿਗੁਪਾਲ ਨੂੰ ਕੁਛ ਰਿਸ ਹੋ ਆਈ, ਆਖਣ ਲੱਗਾ: 'ਮੈਂ ਕੀ ਕਰਾਂ ਮੈਨੂੰ ਬਾਹਰਲੀ ਕ੍ਰਿਯਾ ਪਸੰਦ ਨਾ ਆਈ। ਮੇਰਾ ਸਿਦਕ ਡੋਲ ਗਿਆ, ਗੁਰੂ ਕੀਹ ਤੇ ਮਹਾਂ ਪ੍ਰਸ਼ਾਦਿ ਕੀ ? ਸੋ ਮੈਂ ਅਕਲ ਕੀਤੀ । ਦਿਤਾ ਧਨ ਮੋੜ ਲਿਆ ਤੇ ਤੁਸੀਂ ਖ਼ੁਸ਼ ਹੋਸੋ ਸੁਣਕੇ ਕਿ ਮੈਂ ਉਸੇ ਧਨ ਨਾਲ ਰਤਨਾਂ ਦਾ ਵਪਾਰ ਕੀਤਾ ਤੇ ਤਿੰਨ ਹਜ਼ਾਰ ਖੱਟ ਲਿਆਇਆ ਹਾਂ । ਆਹ ਲਓ ਥੈਲੀਆਂ, ਇਨ੍ਹਾਂ ਨਾਲ ਤਾਂ ਹਜ਼ਾਰ ਕੰਮ ਸਰੇਗਾ, ਬਚਨ ਨਾਲ ਕੀਹ ਸਰਨਾ ਸੀ ? ਇਹ ਸੁਣ ਕੇ ਪਿਤਾ ਨੇ ਕਿਹਾ:—

ਹੇ ਸੁਤ ਕੂਰੇ ਧਨ ਹੈ ਨਾਸ਼ । ਕਹਾਂ ਦਰਬ ਕੋ ਉਰ ਹੰਕਾਰ । ਜਿਸਕੋ ਬਿਨਸਤਿ ਲਗੇ ਨ ਬਾਰ । ਸਾਚਾ ਸਤਿਗੁਰ ਪੂਰਨ ਮੇਰਾ । ਤੈਂ ਦੁਰਾਸ ਧਰਿ ਉਰ ਮਹਿੰ ਹੇਰਾ । ਬੁਧਿ ਉਤਾਵਲੀ ਹੈ ਬਹੁ ਤੇਰੀ । ਮਤ ਨਿੰਦਾ ਕਰ ਸ੍ਰੀ ਪ੍ਰਭੂ ਕੇਰੀ ।' [ਸ੍ਰੀ ਪ੍ਰ:

ਇਸਤਰ੍ਹਾਂ ਦੇ ਬਚਨ ਕਹਿਕੇ ਬਹੁਤ ਸਮਝਾਇਆ ਪਰ ਮਾਇਆ ਪ੍ਰਾਪਤੀ ਤੇ ਅਕਲ ਦੀ ਹੈਂਕੜ ਨੇ ਉਸ ਨੂੰ ਕੁਛ ਨਾ ਮੰਨਣ ਦਿੱਤਾ, ਸਗੋਂ ਨੇਤ ਐਸੀ ਹੋਈ ਕਿ ਜਿਉਂ ਜਿਉਂ ਉਹ ਵਿਹਾਰ ਕਰੇ,ਧਨ ਵਧੇ । ਥੋੜੇ ਚਿਰ ਵਿਚ ਉਹ ਤ੍ਰੈ ਹਜ਼ਾਰ ਦਸ ਹਜ਼ਾਰ ਬਣ ਗਿਆ । ਹੁਣ ਇਹ ਕਾਮਯਾਬੀ ਉਸ ਨੂੰ ਹੋਰ ਹੈਂਕੜ ਵਿਚ ਪਾ ਗਈ । ਪਰੰਤੂ ਕੁਛ ਸਮਾ ਕਾਮਯਾਬੀ ਦਾ ਲੰਘਕੇ ਫੇਰ ਘਾਟੇ ਦੀ ਵਾਰੀ ਆ ਗਈ । ਹੌਲੇ ਹੌਲੇ ਪੈਰ ਪਿੱਛੇ ਪੈਣ ਲੱਗਾ, ਐਤਨਾ ਕਿ ਸਭ ਕੁਛ ਘਾਟਿਆਂ ਵਿਚ ਰੁੜ੍ਹ ਗਿਆ । ਉਹੋ ਅਕਲ ਜੋ ਖੱਟਦੀ ਸੀ ਤੇ ਸੋਚਦੀ ਸੀ ਕਿ ਸਭ ਮੇਰਾ ਪ੍ਰਤਾਪ ਹੈ, ਹੁਣ ਦੇਖਦੀ ਹੈ ਕਿ ਉਹੋ ਅਕਲ ਹੈ, ਓਹੋ ਮੈਂ ਹਾਂ, ਪਰ ਮੇਰੀ ਹਰ ਸੋਚ ਹਰ ਗਿਣਤੀ ਉਲਟੀ ਪੈਂਦੀ ਹੈ ਤੇ ਘਾਟੇ ਤੇ ਘਾਟੇ ਆ ਰਹੇ ਹਨ । ਜਦ ਦਰਿੱਦ੍ਰ ਨੇ ਮੂਲੋਂ ਹੀ ਆਣ ਨੱਪਿਆ ਤਾਂ ਇਕ ਦਿਨ ਹਰਿਗੋਪਾਲ ਪਿਤਾ ਨੂੰ ਕਹਿਣ ਲੱਗਾ: ਪਿਤਾ ਜੀ, ਹੁਣ ਤੁਸੀਂ ਕੋਈ ਬਾਹੁੜੀ ਕਰੋ, ਮੇਰੀ ਤਾਂ ਮੱਤ ਮਾਰੀ ਗਈ ਹੈ, ਜੋ ਵਾਧੇ ਨੂੰ ਕਰਦਾ ਹਾਂ ਓਹ ਘਾਟੇ ਦਾ ਹੋ ਚੁਕਦਾ ਹੈ । ਪੈਰ ਹਰ ਦਿਨ ਪਿੱਛੇ ਪੈ ਪੈਕੇ ਹੁਣ ਤਾਂ ਖੱਡ ਵਿਚ ਹੀ ਜਾ ਪਿਆ ਹਾਂ । ਕੋਈ ਰਸਤਾ ਦੱਸੋ ਜੋ ਟੁੱਕ ਜੋਗਾ ਹੋ ਜਾਵਾਂ । ਇਸਤ੍ਰੀ ਹੈ, ਬੱਚੇ ਹਨ, ਕੀਕੂੰ ਪਾਲਾਂ ?

ਪਿਤਾ—ਪੁੱਤ੍ਰ ! ਤੂੰ ਕਿਉਂ ਸਤਿਗੁਰਨਾਲ ਉਦਾਸੀ ਧਾਰੀ ਹੈ ? ਜੇ ਬੱਚਾ ! ਆਪਣੀ ਮਤ ਜੀਵ ਦੀ ਸੰਪੂਰਨ ਹੁੰਦੀ, ਆਰ ਪਾਰ ਦੇਖ ਸਕਦੀ, ਸਾਰਾ ਕੁਛ ਪੈਹਨ ਇਸ ਰਚਨਾਂ ਦਾ ਅਤੇ ਕੁਦਰਤ ਦੇ ਪਿਛਵਾਰ ਦਾ ਇਸ ਦੇ ਗਿਆਨ ਵਿਚ ਆ ਸਕਦਾ ਹੁੰਦਾ ਤਾਂ ਸਾਰੇ ਬੁੱਧੀਮਾਨ ਕਾਮਯਾਬ ਹੁੰਦੇ। ਜੀਵ ਦੀ ਅਕਲ ਹੈ,ਵੀਚਾਰ ਹੈ,ਹਿੰਮਤ ਹੈ, ਮਿਹਨਤ ਹੈ, ਸਭ ਕੁਛ ਹੈ, ਪਰ ਕੋਈ ਸ਼ੈ ਈਸ਼ੁਰ ਦੀ ਬੀ ਵਿਚ ਹੈ। ਉਹ ਈਸ਼ੁਰੀ ਅੰਸ਼ ਇਨਸਾਨ ਦੀ ਹਿੰਮਤ ਅਕਲ ਵਿਚ ਆਕੇ ਰਲਦੀ ਹੈ ਤਾਂ ਕਾਮਯਾਬੀ ਹੁੰਦੀ ਹੈ, ਓਹ ਨਾ ਆਵੇ ਤਾਂ ਕਾਮਯਾਬੀ ਨਹੀਂ ਹੁੰਦੀ, ਯਾ ਕਾਮਯਾਬੀਆਂ ਆ ਆ ਕੇ ਅੰਤ ਨਾਕਾਮਯਾਬੀਆਂ ਹੋ ਜਾਂਦੀਆਂ ਹਨ । ਮਨਮਤ ਦਾ ਤਿਆਗ ਕਰ, ਗੁਰਮਤ ਨੂੰ ਧਾਰਨ ਕਰ। ਗੁਰੂ ਹੈ ਪੂਰਾ ਸੂਰਾ, ਉਸ ਤੋਂ ਮਿਲੀ 'ਗੁਰੂ ਮਤਿ' ਚਾਨਣਾ ਹੈ, ਉਸ ਚਾਨਣ ਵਿਚ ਜੀਵ ਦੀ ਮਤ ਬੀ ਉੱਜਲ ਹੋ ਜਾਂਦੀ ਹੈ।

ਪੁੱਤ੍ਰ—ਮੈਂ ਕੀਹ ਕਰਾਂ, ਚੰਗਾ ਭਲਾ ਸਿਦਕ ਵਿਚ ਚਲਾ ਗਿਆ ਸੀ, ਮੈਨੂੰ ਉਹੋ ਰਾਜਸੀ ਠਾਠ ਬਾਠ ਵੇਖਕੇ, ਸ਼ਿਕਾਰ ਤੇ ਫੌਜਾਂ ਤੇ ਜੰਗ ਵੇਖ ਵੇਖਕੇ ਪ੍ਰਤੀਤ ਟੁੱਟਦੀ ਸੀ । ਮੈਂ ਕਿਵੇਂ ਕਹਾਂ ?

ਪਿਤਾ—ਪੁਤ੍ਰ ! ਤੈਨੂੰ ਕਰਨੀ ਰਹਿਤ ਸਾਧਾਂ ਤੇ ਵੈਸ਼ਨਵ ਸੰਤ ਦੀ ਸੁਹਬਤ ਨੇ ਬੀ ਕੋਈ ਠੌਰ ਨਾਂ ਦਿੱਤੀ, ਸਗੋਂ ਤੇਰੀ ਬੁੱਧੀ ਵਿਚ ਕੁਮਤੀ ਪੈ ਗਈ ਸੰਸਿਆਂ ਤੇ ਕੁਤਰਕਾਂ ਕਰਣ ਦੀ । ਜੇ ਤੂੰ ਪੁੱਤ੍ਰ ਵੈਸ਼ਨਵ ਕ੍ਰਿਆ ਨੂੰ ਹੀ ਠੀਕ ਸਮਝੇਂ ਤਾਂ ਮੈਂ ਵਿਸ਼ਨੂੰ ਜੀ ਦੇ ਉਪਾਸਕ ਹੀ ਕਹਿਣੇ ਚਾਹੀਏ, ਵੈਸ਼ਨਵ। ਵਿਸ਼ਨੂੰ ਜੀ ਨੂੰ ਸੰਖ, ਚਕ੍ਰ, ਗਦਾ, ਪਦਮ ਦੇ ਧਾਰਨ ਵਾਲੇ ਦੱਸਦੇ ਹਨ, ਚਕ੍ਰ ਤੇ ਗਦਾ ਦੋਵੇਂ ਮਾਰਨ ਦੇ ਸ਼ਸਤ੍ਰ ਨਹੀਂ ਤਾਂ ਕੀਹ ਹਨ ? ਜੇ ਉਹ ਮਾਰਦੇ ਨਹੀਂ ਤਾਂ ਧਾਰਦੇ ਕਿਉਂ ਹਨ । ਰਾਖਸ਼ਾਂ ਨਾਲ ਅਨੇਕਾਂ ਜੁੱਧ ਵਿਸ਼ਨੂੰ ਜੀ ਦੇ ਦੱਸੀਦੇ ਹਨ । ਉਸ ਸਾਧ ਨੇ ਤੈਨੂੰ ਜੇ ਅਹਿੰਸਾ ਦੱਸੀ ਸੀ ਤਾਂ ਵਿਸ਼ਨੂੰ ਜੀ ਦੀ ਰਾਜਸੀ ਗੱਦੀ, ਐਸ਼ਵਰਜ, ਭਾਗਵਾਨਤਾ, ਸ਼ੱਤਰੂਆਂ

ਦੀ ਵਿਨਾਸ਼ ਸ਼ਕਤੀ, ਰਾਖਸ਼ਾਂ ਦੈਂਤਾਂ ਦਾ ਪ੍ਰਹਾਰ ਇਹ ਹਾਲ ਕਿਉਂ ਨਾ ਦੱਸੇ। ਗਜ ਦੀ ਰਖਯਾ ਲਈ ਜਦ 'ਗ੍ਰਾਹ' ਨੂੰ ਵਿਸ਼ਨੂੰ ਜੀ ਨੇ ਸੁਦਰਸ਼ਨ ਚੱਕ੍ਰ ਨਾਲ ਮਾਰਿਆ ਤਾਂ ਤੈਨੂੰ ਉਹ ਹਿੰਸਾ ਕਿਉਂ ਨਹੀਂ ਭਾਸੀ ? ਜੇ ਤੂੰ ਗੁਰੂ ਜੀ ਨੂੰ ਡਿੱਠਾ ਹੈ ਕਿ ਉਹ ਜਰਵਾਣਿਆਂ ਦੇ ਹੱਥੋਂ ਸਾਧੂ, ਸੰਤ, ਪਰਜਾ, ਦੀਨਾਂ ਦੀ ਰਖਯਾ ਕਰ ਰਹੇ ਹਨ ਤੇ ਦੋਸ਼ੀਆਂ ਨੂੰ ਦੰਡ ਦੇ ਰਹੇ ਹਨ ਤਦ ਇਹ ਸੰਤ ਤੇ ਪ੍ਰਜਾ ਦੀ ਰੱਖਯਾ ਦੇ ਜਤਨ ਤੈਨੂੰ ਰਾਜ ਤੇ ਹਿੰਸਾ ਕਿਉਂ ਹੋ ਭਾਸੇ ਹਨ ? ਫੇਰ ਵੇਖ ਵਿਸ਼ਨੂੰ ਦਾ ਅਵਤਾਰ ਮੰਨੇ ਜਾਂਦੇ ਹਨ ਰਾਮਚੰਦ੍ਰ ਜੀ, ਉਨ੍ਹਾਂ ਦੇ ਸ਼ਿਕਾਰ ਖੇਲਨੇ, ਰਾਖਸ਼ ਮਾਰਣੇ, ਜੁੱਧ ਰਚਣੇ, ਰਾਵਣ ਬੱਧ ਤੇ ਹੋਰ ਰਾਜਸੀ ਕੰਮ ਕਿਉਂ ਨਹੀਂ ਤੈਨੂੰ ਦਿੱਸੇ ਹਿੰਸਾ ਕਰਮ ਹੋਕੇ। ਸ੍ਰੀ ਰਾਮਚੰਦ੍ਰ ਜੀ ਦਾ ਜੋ ਵੈਸ਼ਨਵਾਂ ਦੇ ਪੂਜਯ ਹਨ ਸ਼ਿਕਾਰ ਕਰਨਾ ਤੈਨੂੰ ਹਿੰਸਾ ਕਿਉਂ ਨਾ ਦਿੱਸਿਆ ? ਜੇਕਰ ਵੈਸ਼ਨਵ ਸਾਧੂ ਸਿਖਾਲਦਾ ਹੈ ਕਿ ਫਲ ਫੁਲ ਕੰਦ ਮੂਲ ਦਾਲ ਰੋਟੀ ਖਾਵੇ ਤਾਂ ਹੀ ਅਵਿਤਾਰ ਮੰਨੋ, ਤਦ ਦੱਸ ਕਿ ਹਰਨ ਮਾਰਕੇ ਮਾਸ ਖਾ ਲੈਣ ਵਾਲੇ ਸ੍ਰੀ ਰਾਮਚੰਦਰ ਜੀ ਨੂੰ ਤੂੰ ਅਵਤਾਰ ਕੀਕੂੰ ਮੰਨੇਗਾ ਤੇ ਕੀਕੂੰ ਪੂਜੇਂਗਾ*। ਫੇਰ ਸ੍ਰੀ ਕ੍ਰਿਸ਼ਨ ਜੀ ਬੀ ਵਿਸ਼ਨੂੰ ਦਾ ਅਵਤਾਰ ਮੰਨੇ ਜਾਂਦੇ ਹਨ। ਜੇਕਰ ਆਪ ਅਰਜਨ ਨੂੰ ਗੀਤਾ ਦਾ ਉਪਦੇਸ਼ ਨਾ ਦੇਂਦੇ ਤਾਂ ਮਹਾਂਭਾਰਥ ਦਾ ਭਯਾਨਕ ਜੁੱਧ ਨਾ ਮਚਦਾ। ਜੇ ਆਪ ਉਸ ਜੁੱਧ ਵਿਚ ਅਰਜਨ ਦੇ ਰਥਵਾਹੀ ਹੋਕੇ ਜੁੱਧ ਵਿਦਯਾ ਦੀ ਪ੍ਰਬੀਨਤਾ ਨਾ ਵਰਤਦੇ ਤਾਂ ਪਾਂਡਵ ਨਾ ਜਿੱਤਦੇ। ਫਿਰ ਆਪ ਦੇਖ ਲੈ ਕਿ ਦੁਆਰਕਾ ਜਾਕੇ ਆਪ ਨੇ ਆਪਣਾ ਰਾਜ ਬੱਧਾ। ਦੱਸ, ਰਾਜ, ਜੰਗ ਅਖਾੜੇ ਰਚੇ ਬਿਨਾਂ ਤੇ ਮਾਰੇ ਮਰੇ ਬਿਨਾਂ ਬੱਝ ਤੇ ਕਾਯਮ ਰਹਿ ਸਕਦਾ ਹੈ ? ਕੀਹ ਸ੍ਰੀ ਕ੍ਰਿਸ਼ਨ ਜੀ ਦਾ ਕਾਲੀ ਨੂੰ ਮਾਰਨਾ ਹਿੰਸਾ ਨਹੀਂ ਤੇ ਕਾਰਕ ਸਤਿਗੁਰੂ ਜੀ ਦਾ ਜਰਵਾਣਿਆਂ ਨੂੰ ਮਾਰਨਾ ਹਿੰਸਾ ਹੈ ? ਕੰਸ ਦਾ ਬਧ ਅਹਿੰਸਾ ਹੈ ਤੇ ਤੁਰਕ ਜ਼ਾਲਮਾਂ ਤੋਂ ਪਰਜਾ ਦੀ ਰਖਯਾ ਅਹਿੰਸਾ ਨਹੀਂ ? ਆਪਣੇ ਵੈਸ਼ਨਵ ਸੰਤ ਨੂੰ ਪੁੱਛ ਜਾਕੇ ਸ਼ਿਸ਼ਪਾਲ ਵਾਲੀ ਗਲ ਨੂੰ ਕੀਕੂੰ ਅਹਿੰਸਾ ਸਿੱਧ ਕਰਦਾ ਹੈ। ਵੈਸ਼ਨਵ ਨੇ ਤੇਰੇ ਕੰਨਾਂ ਵਿਚ ਅਹਿੰਸਾ ਤਾਂ ਫੂਕੀ ਪਰ ਅਹਿੰਸਾ ਦਾ ਲੰਮਾ ਚੜਾ ਤੇ ਡੁੰਘਾ ਬੀ ਦੱਸਿਆ ? ਮਾਸ ਖਾਓ ਤੇ ਨਾ ਖਾਓ ਦੇ ਝਗੜੇ ਖੜੇ ਕਰਕੇ ਪਰਮਾਰਥ ਤੋਂ ਉਰੇ ਹੀ ਬਹਿਸ ਤੇ ਵਾਦ ਵਿਚ ਪਾ ਦਿੱਤਾ। ਤੂੰ ਦੱਸ ਮੈਨੂੰ ਕਿ ਵੈਸ਼ਨਵਾਂ ਦੇ ਪੂਜਯ ਅਵਤਾਰ ਰਜੋ ਗੁਣੀ, ਜੰਗ ਰਚਣ ਵਾਲੇ ਹੈਨ ਕਿ ਨਹੀਂ ? ਜੇ ਹੁਣ ਸੂਰੇ ਤੇ ਪੂਰੇ ਅਵਿਤਾਰ ਗੁਰੂ ਨੇ, ਜੋ ਗੁਰੂ ਜਯੋਤੀ ਆਪ ਅਵਤਾਰ ਹਨ, ਕਾਰਕ ਹਨ, ਗੁਰ ਅਵਤਾਰ ਹੋਣ ਕਰਕੇ ਅਵਤਾਰ ਸ਼ਿਰੋਮਣ ਹਨ, ਜਗਤ ਨੂੰ ਓਪਰੇ ਤੇ ਨਿਰਦਈਆਂ ਦੇ ਰਾਜ ਵਿਚ ਪੀੜਤ ਵੇਖਕੇ ਸੂਰਬੀਰਤਾ ਆਂਦੀ ਹੈ ਤੇ ਦਬੇਲ ਪ੍ਰਜਾ ਨੂੰ ਉਚਯਾਂ ਕਰ ਰਹੇ ਹਨ ਤੇ ਪਾਪ ਰਾਜ ਨੂੰ ਨਾਸ਼ ਕਰਨਾ ਸਿਖਾਲਿਆ ਹੈਨੇ ਤਾਂ ਉਪਕਾਰ ਕੀਤਾ ਹੈਨੇ ਕਿ ਅਪਕਾਰ ?

---

*ਪ੍ਰਮਾਣ ਸ੍ਰੀ ਰਾਮ ਚੰਦ੍ਰ ਜੀ ਦੇ ਸ਼ਿਕਾਰ ਕਰਨ ਦੇ :—

*शुद्ध बाणहतांस्तत्र मेध्यान कृष्ण मृगान दश ।
राशी कृतान् शुष्यमाणानन्यान कांश्चनकांश्चन ॥२४॥

ਉਸ ਸਮੇਂ ਬਾਣ ਨਾਲ ਮਾਰੇ ਹੋਏ ਦਸ ਪਵਿਤ੍ਰ ਕਾਲੇ ਮ੍ਰਿਗ ਚੰਗੀ ਤਰ੍ਹਾਂ ਸੁਕਾਏ ਹੋਏ, ਅਗਨੀ ਵਿਚ ਪਕਾਏ ਹੋਏ ਲਛਮਨ ਜੀ ਨੇ ਤਿਆਰ ਕਰ ਰਖੇ ਸਨ, ਅਤੇ ਹੋਰ ਅਨੇਕਾਂ ਵਸਤਾਂ ਤਿਆਰ ਕਰ ਲਈਆਂ ਸਨ।

अग्रं प्रदाय मृतेभ्यः सीताथ वरवर्णिनी ।
तयोरुपाददद्धात्रोर्मधुमांसं च तद्भृशम् ॥ ३६ ॥

ਸੁੰਦਰ ਮਹਾਂਰਾਣੀ ਜਾਨਕੀ ਜੀ ਪਹਿਲਾਂ ਪਿਤਰਾਂ ਨਮਿਤ ਬਲੀ ਦੇਕੇ ਫਿਰ ਦੋਨਾਂ ਭਰਾਵਾਂ (ਸ੍ਰੀ ਰਾਮ ਚੰਦਰ ਤੇ ਲਛਮਣ ਜੀ) ਨੂੰ ਉਹ ਸ਼ਹਿਤ ਤੇ ਮਾਸ ਦਿੱਤਾ।

तयोस्तुष्टि मर्थोत्पाद्य वीरयोः कृतशौचयोः ।
विधिवज्जानकी पश्चाच्चक्रे सा प्राणधारणम् ॥ ३७ ॥

ਜਦ ਉਹ ਦੋਨੋਂ ਭਰਾ 'ਮਹਾਂਬੀਰ ਭੋਜਨ' ਕਰਕੇ ਚੁਲੀ ਆਦਿਕ ਕਰਕੇ ਪਵਿੱਤਰ ਹੋਏ, ਪਿੱਛੋਂ ਜਾਨਕੀ ਜੀ ਨੇ ਆਪ ਵੀ ਕੁਛ ਬੋੜਾ ਜਿਹਾ ਭੋਜਨ ਕੀਤਾ ॥ ੩੭ ॥

शिष्ट मांसं निकृष्टं यच्छोषणायावकल्पितम् ।
तद्रामवचनात्सीता काकेभ्यः पर्यरक्षत ॥ ३८ ॥

ਬਾਕੀ ਜਿਹੜਾ ਨਿਕ੍ਰਸ਼ਟ ਮਾਸ ਬਚ ਰਿਹਾ ਉਹ ਸੁਕਾਉਣ ਵਾਸਤੇ ਰੱਖ ਦਿਤਾ ਅਤੇ ਰਾਮ ਦੇ ਕਹਿਣ ਤੇ ਜਾਨਕੀ ਜੀ ਕਾਵਾਂ ਤੋਂ ਉਹਦੀ ਰੱਖਯਾ ਕਰਨ ਲਗੇ।

ऐणेयं मासमाहृत्य शालां यक्ष्यामहेवयम् ।
कर्त्तव्यं वास्तुशमनं सौमित्रेचिरजीविभिः ॥ २२ ॥

ਰਾਮਚੰਦਰ ਜੀ ਇਕ ਚਿਤ ਹੋ ਸੇਵਾ ਕਰਨ ਵਿਚ ਦਿਲ ਲਾਕੇ ਲਛਮਣ ਜੀ ਪ੍ਰਤਿ ਬੋਲੇ, ਹੇ ਸੁਮਿਤ੍ਰੇ! ਅਸੀਂ ਹਰਨ ਦਾ ਮਾਸ ਲਿਆਕੇ ਪ੍ਰਣ ਸ਼ਾਲਾਧਿਸ਼ਠਾਤ੍ਰੀ ਦੇਵਤਾ ਦੀ ਪੂਜਾ ਕਰਾਂਗੇ ॥੨੩॥

मृग हत्वानय क्षिप्रं लक्ष्मणेह शुभेक्षण ।
कर्त्तव्यः शास्त्र दृष्टोहि विधिर्धर्ममनुस्मर ॥ २३ ॥

ਕਿਉਂਕਿ ਜਿਹੜੇ ਲੋਕ ਬਹੁਤ ਜੀਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਕਿਸੇ ਗ੍ਰੈਹ ਦੀ ਪੂਜਾ ਕੀਤੇ ਬਿਨਾਂ ਉਸ ਵਿਚ ਨਾਂ ਰਹਿਣ। ਹੇ ਪ੍ਰਿਯਦਰਸ਼ਨ! ਹੁਣ ਤੂੰ ਜਲਦੀ ਨਾਲ ਹਿਰਨ ਮਾਰਕੇ ਇਥੇ ਲਿਆ ॥੨੩॥ [ਬਾਲਮੀਕੀ ਰਾ: ਅਯੁ: ਕਾਂਡ ਸ: ੫੬

ਕੀ ਤੂੰ ਯਾ ਤੇਰਾ ਮਿੱਤ੍ਰ ਯਾ ਤੁਸੀਂ ਦੋਏ ਔਰੰਗਜ਼ੇਬ ਦੇ ਵਰਤ ਰਹੇ ਜ਼ੁਲਮ ਨੂੰ ਦੂਰ ਕਰ ਸਕਦੇ ਹੋ ? ਜਿਸ ਬ੍ਰਿਤੀ ਨੂੰ ਤੂੰ ਦੇਵ-ਬ੍ਰਿਤੀ-ਸਮਝਦਾ ਹੈਂ ਉਹ ਕਾਇਰ ਬ੍ਰਿਤੀ ਹੈ । ਕਾਇਰ ਬ੍ਰਿਤੀ ਰੂਹ ਦੀ 'ਦੁਆਲੇ ਨਿਕਲੀ ਹੋਈ ਵਰਗੀ' ਹਾਲਤ ਹੈ ਮਾਨੋ ਸਰੀਰਕ ਬਲ, ਮਾਨਸਿਕ ਬਲ ਜਦ ਹਾਰ ਜਾਣ ਤਾਂ ਸਿਆਣੇ ਲੋਕੀਂ ਕਮਜ਼ੋਰੀ ਛਿਪਾਉਣ ਲਈ ਉਸ ਨੂੰ ਦਇਆ ਛਿਮਾਂ, ਦਰ ਗੁਜ਼ਰੀ, ਨਿੰਮ੍ਰਤਾ ਸਹਿਨਸ਼ੀਲਤਾ ਦੇ ਨਾਉਂ ਦੇ ਲੈਂਦੇ ਹਨ । ਤੂੰ ਉਥੇ ਚੰਗੀ ਤਰ੍ਹਾਂ ਟੱਕਣਾ ਸੀ ਕਿ ਕੀਹ ਗੁਰੂ ਜੀ ਨੂੰ ਰਾਜ ਦਾ ਲੋਭ ਹੈ ਆਪਣੇ ਲਈ ? ਕੀਹ ਓਹ ਦੂਸਰੇ ਦਾ ਹੱਕ ਖੋ ਰਹੇ ਹਨ ? ਓਹ ਤਾਂ ਧਰਮ ਯੁੱਧ ਰਚਾ ਰਹੇ ਹਨ ਕਿ ਗਊ, ਗ਼ਰੀਬ, ਬ੍ਰਾਹਮਣ, ਸਾਧੂ, ਸੰਤ, ਪ੍ਰਜਾ, ਸਭ ਪਰ ਅਤ੍ਯਾਚਾਰ ਹੋ ਰਿਹਾ ਹੈ, ਇਹ ਦੂਰ ਹੋਵੇ। ਪਹਿਲੇ ਸਤਿਗੁਰੂ ਜੀ ਪਿਆਰ ਨਾਲ, ਉਪਦੇਸ਼ ਨਾਲ, ਸ਼ਾਂਤੀ ਨਾਲ, ਜ਼ੁਲਮ ਸਹਾਰਕੇ, ਸੀਸ ਦੇ ਕੇ ਜ਼ਾਲਮ ਨੂੰ ਵਰਜ ਰਹੇ, ਪਰ ਨਾਂ ਉਹ ਰੁਕਿਆ ਤੇ ਨਾ ਪ੍ਰਜਾ ਵਿਚ ਸਾਹਸ ਆਇਆ ਹੈ। ਹੁਣ ਉਸੇ ਗੱਦੀ ਤੇ ਬਿਰਾਜੇ ਗੁਰੂ ਜੀ ਨੇ ਉਸੇ ਦਇਲ ਹੋ ਗਈ ਪਰਜਾ ਵਿਚ ਸ਼ਸਤ੍ਰ ਦਾ ਤਾਣ ਭਰ ਦਿੱਤਾ ਹੈ ਆਪਣੇ ਧਰਮ ਦੀ, ਆਪਣੀ ਸ਼ਰਮ ਦੀ, ਅਪਣੀ ਜਾਨ ਦੀ ਤੇ ਮਾਲ ਦੀ ਰੱਖ੍ਯਾ ਕਰਨ ਲਈ । ਨਾਲੇ ਓਹ ਗੁਰੂ ਗੁਰੂ ਹੈ, ਧਰਮ ਦਾ ਦਾਤਾ ਹੈ, ਜੋਤ ਨਿਰੰਜਨੀ ਹੈ, ਨਾਲੇ ਕਵੀ ਹੈ ਨਾਲੇ ਜੋਧਾ ਹੈ । ਨਾਲੇ ਕੋਮਲ ਹੈ ਨਾਲੇ ਬਲਵਾਨ ਹੈ । ਉਸ ਦੀ ਕਰਨੀ ਤੇ ਕਿੰਤੂ ਕਿਉਂ ਉਪਜੇ ਤੈਨੂੰ ? ਗੁਰੂ ਕੀ ਬਾਣੀ ਪੜ੍ਹ, ਆਦਿ ਸਤਿਗੁਰੂ ਨੇ ਮਾਸ ਦੇ ਝਗੜੇ ਵਿਚ ਪੈਣ ਵਾਲੇ ਨੂੰ ਮੂਰਖ ਕਿਹਾ ਹੈ । ਤੂੰ ਕਿਉਂ ਮਰਖਤਾ ਵਿਚ ਗਿਆ ? ਆਦਿ ਸਤਿਗੁਰਾਂ ਫੁਰਮਾਇਆ ਹੈ ਕਿ ਜਿਸ ਦੇ ਖਾਣ ਨਾਲ ਮਨ ਵਿਚ ਵਿਕਾਰ ਤੇ ਸਰੀਰ ਵਿਚ ਪੀੜਾ ਆਵੇ ਉਹ ਖਾਣਾ ਨਾ ਖਾਓ । ਸਮਰਥ ਗੁਰੂ ਦੀ ਸੁਰਤ ਜੇ ਕਦੇ ਝੰਵਦੀ ਨਹੀਂ, ਜੇ ਆਪਣੇ ਫੌਜ ਵਿਚ ਸ਼ਿਕਾਰ ਖੇਲ ਰਹੀ ਹੈ ਤਾਂ ਖੇਲੇ । ਤੂੰ ਜੇ ਮੱਛਰ ਮਰੇ ਤੇ ਅੱਖਾ ਹੁੰਦਾ ਹੈ, ਤਾਂ ਨਾਂ ਮਾਰ । ਜੇ ਅੱਧਾ ਪਿੰਡ ਖਾ ਚੁਕੇ ਆਦਮ ਖੋਰ ਸ਼ੇਰ ਦਾ ਸ਼ਿਕਾਰ ਹੋਇਆ ਵੇਖਕੇ ਤੈਨੂੰ ਹਿੰਸਾ ਫੁਰਦੀ ਹੈ ਤਾਂ ਤੂੰ ਸ਼ੇਰ ਦਾ ਸ਼ਿਕਾਰ ਨਾ ਕਰ, ਤੇ ਅੱਧੇ ਪਿੰਡ ਦੇ ਯਤੀਮਾਂ ਤੇ ਵਿਧਵਾਂ ਦੇ ਵਿਰਲਾਪ ਤੈਨੂੰ ਸੁਹਾਵਣੇ ਲਗਦੇ ਹਨ ਤਾਂ ਸੁਣ, ਪਰ ਜਲਾਲ ਵਾਲੀ ਸੁੰਦਰਤਾ ਨੂੰ ਤਰਕਾਂ ਕਰਨ ਵਾਲਾ ਤੂੰ ਕੌਣ ਹੈਂ, ਜੋ ਉਸ ਹਿੰਸਕ ਸ਼ੇਰ ਨੂੰ ਮਾਰਕੇ ਅੱਧਾ ਪਿੰਡ ਬਚਾ ਲੈਂਦੀ ਹੈ। ਫੇਰ ਜਿਨ੍ਹਾਂ ਦੇ ਹੱਥੋਂ ਮਰਿਆਂ ਦੀ ਸਦਗਤੀ ਹੋਣੀ ਹੈ, ਉਨ੍ਹਾਂ ਦੇ ਹੱਥਾਂ ਦੀ ਬਰਕਤ ਨੂੰ ਤੂੰ ਨਿਤਾਣੇ ਹੱਥਾਂ ਵਰਗੇ ਕਿਉਂ ਵੇਖਣੇ ਚਾਹੁੰਦਾ ਹੈਂ ਤੂੰ ਗੁਰਬਾਣੀ ਪੜ੍ਹ, ਵੇਖ ਤੀਸਰੇ ਪਾਤਸ਼ਾਹ ਫੁਰਮਾਉਂਦੇ ਹਨ :–

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥ [ਅਨੰ: ਮ: ੩

ਇਹ ਲੇਖੇ ਪੱਤੇ ਸ਼ਾਸਤ੍ਰਾਂ ਦੇ ਜੋ ਬਿਨਾ ਪੂਰਬ ਅਪਰ ਮੇਲੇ ਦੇ ਕੱਚੇ ਗੁਰੂ ਸਿਖਾਲਦੇ ਹਨ, ਏਹ ਪੁੰਨ ਪਾਪ ਦੀ ਵੀਚਾਰ ਤੇ ਭਰਮ ਵਿਚ ਪਾ ਦੇਂਦੇ ਹਨ, ਪਰ ਤੱਤ ਦੀ ਸਾਰ ਨਹੀਂ ਦੱਸਦੇ । ਤੂੰ ਬੀ ਝਗੜੇ ਵਿਚ ਪੈਕੇ ਤੱਤ ਤੋਂ ਵਾਂਜਿਆ ਗਿਆ । 'ਏਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ' ॥ ਇਹ ਵੀਚਾਰਾਂ ਜੇਉੜੀਆਂ ਤੇ ਸੰਗਲ ਹੋ ਢੁਕਦੀਆਂ ਹਨ, ਜਿਨ੍ਹਾਂ ਨਾਲ ਬੁੱਧੀ ਬੱਝਕੇ ਮਧਰੀ, ਨਿਤਾਣੀ ਤੇ ਗਮਣ੍ਠ ਜਿਹੀ ਹੋ ਜਾਂਦੀ ਹੈ । ਗੁਰਮਤ ਵਿਚ ਆ ਤੇ 'ਖੇੜੇ, ਵਿਕਾਸ' ਦਾ ਮਾਰਗ ਬੀ ਸਮਝ । ਪਾਪ ਪੁੰਨ ਦੀ ਵਿਚਾਰ ਇਸ ਰਸਤੇ ਬੀ ਹੁੰਦੀ ਹੈ ਪਰ ਉਹ ਆਤਮ ਉੱਨਤੀ ਦੀ ਸਹਾਯਕ ਬਣਦੀ ਹੈ, ਉਹ ਜੇਉੜੀ ਬਣਕੇ ਬੰਨ੍ਹ ਨਹੀਂ ਬਹਾਲਦੀ । ਰੂਹ ਦਾ ਹੁਲਾਰਾ, ਅੰਦਰ ਦਾ ਵਿਗਾਸ, ਸਾਈਂ ਦੇ ਪਿਆਰ ਦਾ ਉਤਸਾਹ, ਅੰਦਰ ਬਾਹਰ ਦੀ ਨਿਰਮਲਤਾ, ਇਸ ਮਾਰਗ ਦੇ ਬਿਰੰਗਮ ਉਡਾਰੇ ਹਨ ।

ਤੂੰ ਆਤਮ ਦਨੀਆਂ ਦੇ ਸ਼ਾਹਨਸ਼ਾਹ ਨੂੰ ਮਿਲਕੇ ਕਿਉਂ ਸੱਖਣਾ ਆਇਆ ? ਇਸ ਲਈ ਕਿ ਤੇਰੀ ਬੁੱਧੀ ਬਣਿਕ ਬ੍ਰਿਤੀ ਵਿਚ ਬੱਝ ਰਹੀ ਸੀ । ਇਕ ਵਿਹਾਰਾਂ ਦੀ ਬਣਿਕ ਬ੍ਰਿਤੀ ਹੈ, ਦੂਜੀ ਹੈ ਪਾਪ ਪੁੰਨ ਅਹਿੰਸਾ ਹਿੰਸਾ ਵਰਗੀਆਂ ਗਲਾਂ ਦੀ ਵਾਲ ਦੀ ਖਾਲ ਖਿਚਣ ਵਾਲੀ ਬਣਿਕ ਬ੍ਰਿਤੀ, ਜਿਸ ਨੇ ਰਿੜਨਾ ਤਾਂ ਵੇਖਿਆ ਹੈ ਪਰ ਟੁਰਨਾ ਨਹੀਂ ਵੇਖਿਆ । ਟੁਰਨਾ ਬੀ ਭਲਾ ਕਦੇ ਵੇਖਿਆ ਪਰ ਉੱਡਣਾ ਨਾ ਵੇਖਿਆ । ਮੁੰਡੀ ਕੀਹ ਜਾਣ ਸਕਦੀ

ਹੈ ਉਸ ਖੁਲ੍ਹ ਨੂੰ ਜੋ ਗਗਨਾਂ ਵਿਚ ਉਡਾਰੀਆਂ ਤੇ ਤਾਰੀਆਂ ਲੌਣ ਵਾਲੇ ਪੰਛੀ ਜਾਣਦੇ ਹਨ। ਸੁੰਡੀ ਧਰਤੀ ਦੇ ਨਾਲ ਨਾਲ ਗਰਦ ਗੁਬਾਰ ਦੀ ਜਾਣੂ ਹੈ, ਪੰਛੀ ਨੀਲੇ ਅਕਾਸ਼ਾਂ ਦੀ ਨਿਰਮਲਤਾਈ ਵਿਚ ਗੰਮਤਾ ਰਖਦੇ ਹਨ। ਜੇ ਪਾਠ ਕਰੋਂ ਆਦਿ ਗੁਰਬਾਣੀ ਦਾ, ਬਾਣੀ ਨੂੰ ਵੀਚਾਰੋਂ ਤੇ ਨਾਲ ਵੀਚਾਰੋਂ ਦਸਮੇਂ ਪਾਤਸ਼ਾਹ ਦੀ ਅਕਾਲੀ ਬਾਣੀ ਨੂੰ ਤਾਂ ਤੈਨੂੰ ਸੋਝੀ ਪਵੇ ਨਿਰਮਲ ਨੀਲੇ ਅੰਬਰਾਂ ਵਿਚ ਉਡ ਰਹੇ ਨੀਲਕੰਠ* ਦੀ।

ਪੁੱਤਰ—ਕੁਛ ਇਹੋ ਜਿਹੀਆਂ ਗਲਾਂ ਅਨੰਦ ਪੁਰ ਹੁੰਦੀਆਂ ਤਾਂ ਸਨ, ਪਰ ਮੈਂ ਗਉਲੀਆਂ ਨਹੀਂ। ਤਹਾਡੇ ਅਜ ਦੇ ਬਚਨ ਤਾਂ ਸੁੱਤੇ ਪਿਆਂ ਦੀ ਜਾਗ ਖੁਲ੍ਹਾਉਂਦੇ ਹਨ, ਪਰ ਪਿਤਾ ਜੀ! ਫੇਰ ਜਰਵਾਣੇ ਲੋਕਾਂ ਦੀ ਕਰਨੀ ਕਿਉਂ ਮਾੜੀ ਹੋਈ, ਉਹ ਬੀ ਇਹੋ ਉੱਚੀ ਗਤੀ ਨਹੀਂ ?

ਪਿਤਾ—ਜਰਵਾਣੇ ਅੰਧਕਾਰ ਵਿਚ ਹਨ, ਓਹ ਤ੍ਰਿਸ਼ਨਾ ਵਿਚ ਹਨ, ਓਹ ਆਪਣੇ ਸੁਖ ਲਈ ਦੂਸਰੇ ਦਾ ਬੁਰਾ ਕਰਦੇ ਹਨ। ਬੇਟਾ! ਉਹ ਹੰਕਾਰ ਵਿਚ ਹਨ ਤੇ ਉਨ੍ਹਾਂ ਦੇ ਕਰਮ ਕਰਤੱਬ ਸਭ ਹੰਕਾਰ ਵਿਚ ਹੁੰਦੇ ਹਨ। ਦੇਖ, ਔਰੰਗਜ਼ੇਬ ਨੇ ਪਿਤਾ ਕੈਦ ਕਰਕੇ ਭਰਾ ਨੂੰ ਧੋਖਾ ਦੇਕੇ ਮਦਦਗਾਰ ਬਣਾਕੇ ਮਾਰਿਆ। ਦੂਸਰੇ ਭਰਾਵਾਂ ਨੂੰ ਕਤਲ ਕੀਤਾ। ਕਈ ਦਜ਼ੇ ਕਮਾਏ ਤੇ ਕਈ ਫਕੀਰ ਸੰਤ ਮਾਰੇ। ਪਰਜਾ ਦਖੀ ਹੈ, ਸੰਤ ਦੁਖੀ ਹਨ, ਧਰਮ ਵਿਚ ਧੱਕਾ ਹੈ। ਇਸ ਤਰ੍ਹਾਂ ਦੀ ਬ੍ਰਿਤੀ ਨੂੰ ਤੂੰ ਰਲਾਉਂਦਾ ਹੈਂ ਨਿਸ਼ਕਾਮ, ਨਿਰਵੈਰ, ਸੁੱਛ ਦਿਲ ਵਾਲੀ ਬਿਰਤੀ ਨਾਲ, ਜੋ ਆਪਣੇ ਆਤਮ ਸੁਖਾਂ ਵਿਚੋਂ ਉੱਠ ਕੇ ਦੀਨਾਂ ਦੀ ਰਖੜਾ ਵਾਸਤੇ ਦਖਾਂ ਦੀ ਨੇਂ ਵਿਚ ਆ ਖੜੋਂਦੀ ਹੈ। ਜਿਸ ਬ੍ਰਿਤੀ ਵਿਚ ਗੁਰੂ ਜੀ ਕੰਮ ਕਰ ਰਹੇ ਹਨ ਉਹ ਹੈ ਤਯਾਗ ਦੀ ਨੀਂਹ ਤੇ ਉੱਸਰੀ ਉਤਸਾਹ ਬ੍ਰਿਤੀ, ਜਿਸ ਦਾ ਨਾਮ, ਉਨ੍ਹਾਂ ਨੇ 'ਚੜ੍ਹਦੀਆਂ ਕਲਾਂ' ਧਰਿਆ ਹੈ। ਮਤ ਬੇਟਾ! ਸਮਝੀਂ ਕਿ ਹੰਕਾਰੀਆਂ ਤੇ ਪਾਪ ਦੇ ਪਿਆਰਿਆਂ ਦੇ ਹੰਕਾਰ ਦਾ ਨਾਮ ਚੜ੍ਹਦੀਆਂ ਕਲਾਂ ਹੈ। ਤ੍ਰਿਸ਼ਨਾ ਰਹਿਤ ਪੁਰਖਾਂ ਦਾ ਕੇਵਲ ਨੇਕੀ ਲਈ ਜੋ ਕੰਮ ਕਰਨਾ ਹੈ, ਉਹ ਜਿਸ ਉਮਾਹ ਵਾਲੀ ਬ੍ਰਿਤੀ ਵਿਚ ਕਰਨਾ ਹੈ ਉਸਦਾ ਨਾਮ ਹੈ ਚੜ੍ਹਦੀਆਂ ਕਲਾਂ। ਅੰਮ੍ਰਿਤ ਵੇਲੇ ਨਾ ਜਾਗਣ ਵਾਲੇ, ਬਾਣੀ ਨਾ ਪੜ੍ਹਨ ਨਾਂ ਵੀਚਾਰਨ ਵਾਲੇ, ਪੰਜਾਂ ਵਿਚ ਖੁਲ੍ਹੇ ਵਿਚਰਨ ਵਾਲੇ, ਅੰਦਰ ਰਾਗ ਦ੍ਵੈਖ ਈਰਖਾ ਰੱਖਣ ਵਾਲੇ, ਨਾਮ ਦਾਨ ਇਸ਼ਨਾਨ ਵਿਚ ਢਿੱਲੇ ਤੇ ਹੰਕਾਰ ਕੁੱਠੇ ਲੋਕੀਂ ਆਪਣੇ ਬਢਾਉਣ ਦਾ ਨਾਮ ਜੇ ਚੜ੍ਹਦੀਆਂ ਕਲਾਂ ਰੱਖ ਲੈਣ ਤਾਂ ਇਹ ਉਹੋ ਜੇਹੀ ਭੁੱਲ ਹੈ ਜਿਹੋ ਜਿਹੀ ਕਿ ਢੱਠੀਆਂ ਸੁਰਤਾਂ ਵਾਲੇ ਆਪਣੇ ਨਿਤਾਣ ਪੁਣੇ ਨੂੰ ਸਹਿਣ ਸ਼ੀਲਤਾ ਕਹਿਣ ਵਿਚ ਕਰਦੇ ਹਨ।

ਪੁੱਤਰ- ਪਿਤਾ ਜੀ! ਹੁਣ ਸਤਿਗੁਰੂ ਤੋਂ ਬਖਸ਼ਾ ਦਿਓ। ਹੁਣ ਸਮਝ ਪੈ ਰਹੀ ਹੈ ਤੇ ਮਨ ਆਪਣੀ ਭੁੱਲ ਵੇਖ ਰਿਹਾ ਹੈ।

ਪਿਤਾ—ਸ਼ੁਕਰ ਹੈ! ਤੇਰੇ ਵਰਗੇ ਅੱਲੜ੍ਹਾਂ ਨੂੰ ਦੁੱਖ ਹੀ ਦਾਰੂ ਹੋ ਢੁਕਦਾ ਹੈ।" "ਇਹ ਖੀ ਦਾਤੇ ਦੀ ਮਿਹਰ ਹੈ। ਜਿਨ੍ਹਾਂ ਨੂੰ ਪਿਆਰ ਨਾਲ, ਉਪਦੇਸ਼ ਨਾਲ, ਪਰਚੇ ਨਾਲ ਸਮਝ ਨਾਂ ਪਵੇ ਉਨ੍ਹਾਂ ਦੀ ਮਾਯਕ ਨਿੰਦ੍ਰਾ ਖੋਲ੍ਹਣ ਵਾਸਤੇ ਵਾਹਿਗੁਰੂ ਉਨ੍ਹਾਂ ਨੂੰ ਦੁੱਖ ਦਾ ਝੰਝੂਣਾ ਦੇ ਦਿੰਦਾ ਹੈ।ਸ਼ੁਕਰ ਹੈ ਕਿ ਤੈਨੂੰ ਦਾਤੇ ਨੇ ਸੰਮ੍ਹਾਲਿਆ ਹੈ। ਸਮਝ ਕਿ ਇਹ ਮਿਹਰ ਹੋਈ ਹੈ, ਨਾਂ ਸਮਝ ਕਿ ਗੁਰੂ ਗੁੱਸੇ ਹੋ ਗਿਆ ਹੈ ਤੇ ਦੰਡ ਦੇ ਰਿਹਾ ਹੈ। ਨਹੀਂ, ਜੀਕੂੰ ਡੰਗਰ ਨੂੰ ਖੁੜੱਲ ਵਿਚ ਡਿਗ ਪੈਣ ਤੋਂ ਰੋਕਣ ਲਈ ਉਸ ਦਾ ਵਾਗੀ ਉਸ ਦੇ ਬੁਥਾੜ ਤੇ ਸੋਟਾ ਉਲਾਰਦਾ ਹੈ, ਜੋ ਉਸ ਦੇ ਭਲੇ ਲਈ ਹੈ; ਤਿਵੇਂ ਆਪਣਿਆਂ ਨੂੰ ਦਾਤਾ ਬੀ ਦੁੱਖ ਦਾ ਡੰਡਾ ਦਿਖਾ ਕੇ ਖੁੜੱਲਾਂ ਵਿਚ ਡਿੱਗਕੇ ਮਰ ਜਾਣੋਂ ਬਚਾ ਲੈਂਦਾ ਹੈ। ਤੇਰਾ ਦੁੱਖ ਦੇਖਕੇ ਮੈਂ ਦੁਖੀ ਨਹੀਂ, ਮੈਂ ਇਸਨੂੰ ਸਤਿਗੁਰ ਦਾ ਪਿਆਰ ਸਮਝਕੇ ਭੈ ਭਰੇ ਸ਼ੁਕਰ ਵਿਚ ਹਾਂ।

ਪੁੱਤ—ਫਿਰ ਬਖਸ਼ੋ ਤੇ ਬਖਸ਼ਵਾਓ, ਮੇਰੀ ਨੀਂਦਰ ਹੁਣ ਖੁੱਲ੍ਹ ਪਈ ਹੈ।

੭.

ਸਭਿ ਕੁਟੰਬ ਇਕਠੇ ਹੁਇ ਗਯੇ।
ਗੁਰ ਦਰਸ਼ਨ ਹਿਤ ਚਲਿਬੋ ਕਿਯੇ।
ਕ੍ਰਮ ਕ੍ਰਮ ਪੰਥ ਉਲੰਘਨਿ ਕੋ ਕਰਿ।
ਆਏ ਧਰਾਨ ਸਿੰਘ ਮਾਜਰੀਏ ਘਰ। [ਸ੍ਰੀ:ਪ:

ਬਿਸ਼ੰਭਰ ਦਾਸ ਸਾਰੇ ਪਰਿਵਾਰ ਨੂੰ ਨਾਲ ਲੈਕੇ ਚਮਕੌਰ ਪਹੁੰਚ ਪਿਆ ਤੇ ਧਰਾਨ ਸਿੰਘ ਦੇ ਘਰ

*ਆਮ ਲੋਕ ਨੀਲ ਕੰਠ ਨੂੰ ਹੀ ਗਰੁੜ ਕਹਿੰਦੇ ਹਨ, ਤਾਂਤੇ ਗਰੁੜ।

ਪਹੁੰਚ ਕੇ ਦੁਖ ਰੋਣੀ ਰੋਇਆ ਕਿ ਮੇਰਾ ਪੁੱਤਰ ਭੁੱਲ ਕਰ ਗਿਆ ਹੈ, ਤੂੰ ਮੇਰਾ ਗੁਰ ਭਾਈ ਹੈਂ, ਹੁਣ ਤੂੰ ਦਸ ਕਿ ਮੈਂ ਕਿਵੇਂ ਕਰਾਂ ? ਪੁੱਤਰ ਨੂੰ ਸਮਝਾਇਆ ਹੈ, ਹੁਣ ਇਸਦੀ ਮਤ ਉੱਜਲ ਹ ਆਈ ਹੈ; ਇਸ ਨੂੰ ਨਾਲ ਲੈਕੇ ਆਇਆ ਹਾਂ ਤੇ ਤੇਰੀ ਸ਼ਰਨ ਹਾਂ,ਸਾਡਾ ਨਿਸਤਾਰਾ ਹੁਣ ਤੇਰੇ ਹੱਥ ਹੈ। ਮੇਰੇ ਤੇ ਉਪਕਾਰ ਕਰ, ਜੀਕੂੰ ਗੁਰੂ ਸਿਖ ਸਦਾ ਕਰਦੇ ਰਹੇ ਹਨ । ਉਹ ਬਿਧਿ ਕਰ ਕਿ ਜੀਕੂੰ ਸਤਿਗੁਰ ਪ੍ਰਸੰਨ ਹੋ ਜਾਣ ਤੇ ਇਸ ਪੁੱਤ੍ਰ ਨੂੰ ਨਾਮ ਦੀ ਦੰਗਣ ਚੜ੍ਹ ਜਾਵੇ।

ਧਯਾਨ ਸਿੰਘ ਨੇ ਕਿਹਾ:–ਭ੍ਰਾਤਾ ਜੀਓ ! ਮੈਂ ਹਰ ਤਰ੍ਹਾਂ ਹਾਜ਼ਰ ਹਾਂ । ਸਤਿਗੁਰੂ ਦੇ ਦੁਆਰੇ ਚੱਲੋ ਤੇ ਮੈਂ ਬੀ ਚਲਦਾ ਹਾਂ । ਉਨ੍ਹਾਂ ਦਾ ਬਿਰਦ ਬਖ਼ਸ਼ਿੰਦ ਹੈ, ਉਹ ਤਾਂ ਪਿਤਾ ਹਨ, ਮਾਤਾ ਹਨ, ਸਨੇਹ ਰੂਪ ਹਨ, ਬਖ਼ਸ਼ ਦੇਣਗੇ ਤੇ ਨਾਮ ਦਾ ਦੰਗ ਲਾ ਦੇਣਗੇ।

ਗੱਲ ਕੀ ਸਾਰੇ ਆਨੰਦਪੁਰ ਆ ਪਹੁੰਚੇ । ਪਹਿਲਾਂ ਡੇਰਾ ਕੀਤਾ ਤੇ ਫੇਰ ਗੁਰ ਚਰਨਾਂ ਵਿਚ ਜਾ ਮੱਥਾ ਟਕਿਆ । ਸਤਿਗੁਰ ਦੇਖ ਕੇ ਮੁਸਕ੍ਰਾਏ ਤੇ ਕ੍ਰਿਪਾ ਭਰੇ ਨੈਣਾਂ ਨਾਲ ਤੱਕੇ । ਮੁੱਖ ਸਾਂਦ ਪੁੱਛੀ ਦੱਸੀ । ਇਸ ਤਰ੍ਹਾਂ ਤ੍ਰੈ ਦਿਨ ਬਿਨਾਂ ਕੋਈ ਗਲ ਛੇੜੇ ਦੇ ਸਾਰੇ ਦਰਸ਼ਨ ਮੇਲੇ ਕਰਦੇ ਰਹੇ ਅਤੇ ਪ੍ਰਸ਼ਾਦ ਦੇਗ ਤੋਂ ਛਕਦੇ ਰਹੇ । ਹਰਿਗੋਪਾਲ ਦੀ ਹੁਣ ਮਤਿ ਹੋਰ ਉੱਜਲ ਹੋ ਆਈ ।

ਇਕ ਦਿਨ ਸਤਿਗੁਰ ਨੂੰ ਜ਼ਰਾ ਵਿਹਲ ਵਿਚ ਵੇਖਦੇ ਬਿਸ਼ੰਭਰ ਦਾਸ ਪੁੱਤਰ ਸਮੇਤ ਸਾਹਿਬਾਂ ਦੇ ਹਜ਼ੂਰ ਹੱਥ ਜੋੜ ਕੇ ਖਲੋਗਿਆ ਤੇ ਅਰਦਾਸ ਕੀਤੀ–

ਹਮ ਮੂਰਖ ਖੋਟੇ ਮਨ ਕਾਮੀ । ਕ੍ਰਿਤਘਣ ਕਿਰਪਣ ਲੂਣ ਹਰਾਮੀ । ਨਾਮ ਗੁਲਾਮ ਨ ਕਰਹਿ ਗੁਲਾਮੀ । ਤਊ ਕ੍ਰਿਪਾਲ ਆਪ ਹਹ ਸ੍ਵਾਮੀ । ਬਿਰਦ ਗ਼ਰੀਬ ਨਿਵਾਜ ਤੁਮਾਰਾ । ਨਾਮ ਪਤਿਤ ਪਾਵਨ ਸੁਖਸਾਰਾ । ਅਧਮ ਉਧਾਰਨਿ ਸਦਾ ਸੁਭਾਊ । ਪਿਖਊ ਦਾਸ ਕੋ ਦੋਸ਼ ਨ ਕਾਊ । ਬਿੱਛ ਛਾਲ ਸੂਧਾ ਅਬਿ ਕਰੀਅਹਿ । ਮੋ ਪਰ ਕਰੁਨਾ ਦ੍ਰਿਸ਼ਟਿ ਨਿਹਰੀਅਹਿ ।

ਸਤਿਗੁਰ ਸੁਣ ਕੇ ਹੱਸੇ ਤੇ ਕਹਿਣ ਲਗੇ ਬਿਸ਼ੰਭਰ ਦਾਸ, ਤੇਰਾ ਸਾਡਾ ਪੁਰਾਤਨ ਨੇਹੁੰ ਹੈ, ਉਦਾਸ ਨਾ ਹੋ, ਤੇਰੇ ਪਿਤ ਮਾ ਦਾ ਨਾਮ ਨਾਨੂ ਸੀ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ । ਜਦੋਂ ਸਤਿਗੁਰ ਉਸਦੇ ਘਰ ਠਹਿਰੇ ਸਨ ਤਦੋਂ ਸਤਿਗੁਰ ਜੀ ਨੇ ਵਰ ਦਿੱਤਾ ਸੀ ਕਿ ਦਸਮੇ ਜਾਮੇ ਫੇਰ ਮੇਲਾ ਹੋਸੀ, ਸੋ ਤੇਰਾ ਮੇਲ ਤਦ ਤੋਂ ਬਣਿਆ ਸੀ । ਜੋ ਚਾਹੇ ਸੋ ਪੁੱਛੇ ।

ਬਿਸ਼ੰਭਰ ਇਹ ਵਾਕ ਸੁਣ ਕੇ ਚਰਨਾਂ ਤੇ ਢਹਿ ਪਿਆ ਤੇ ਬੋਲਿਆ 'ਹੇ ਗ਼ਰੀਬ ਨਿਵਾਜ ਮੇਰੇ ਤੇ ਜੋ ਕ੍ਰਿਪਾ ਹੋਈ ਹੈ ਕਹਿ ਨਹੀਂ ਸਕਦਾ, ਬਾਣੀ ਦਾ ਦਾਨ, ਨਾਮ ਦਾ ਦਾਨ ਐਸੇ ਦਾਨ ਹਨ ਕਿ ਕੀਹ ਕਹਾਂ, ਕੀਹ ਤੁੱਲਤਾ ਦੇਵਾਂ । ਪੁਤ੍ਰ ਹੋਰ ਸੰਗਤ ਵਿਚ ਬੈਠਣ ਲਗ ਪਿਆ ਸੀ ਤਾਂ ਮੈਂ ਇਸ ਨੂੰ ਆਪ ਦੀ ਸ਼ਰਣ ਵਿਚ ਘੱਲਿਆ ਸੀ । ਇਹ ਸ਼ਾਖਾ ਹੈ ਤਾਂ ਮੈਂ ਬ੍ਰਿਛ ਦੀ ਹੀ, ਪਰ ਸ਼ਾਖ ਵਿੰਗੇ ਪਾਸੇ ਨਿਕਲ ਗਈ ਹੈ, ਸਿੱਧੀ ਕਰ ਲਓ । ਅਸੀਂ ਕਲਯੁਗ ਦੇ ਜੀਵ ਭੁੱਲਣ ਹਾਰ ਹਾਂ । ਇਹ ਡੋਲਦਾ ਸੰਭਲਦਾ ਡੋਲਦਾ ਸੰਭਲਦਾ ਆਪ ਦੀ ਖੁਸ਼ੀ ਲੈਕੇ ਏਥੋਂ ਟੁਰਿਆ ਸੀ । ਰਾਹ ਵਿਚ ਫਿਰ ਡੋਲ ਗਿਆ । ਧਿਆਨ ਸਿੰਘ ਜੀ, ਜੋ ਮੇਰੇ ਉਪਕਾਰੀ ਹੈਨ, ਇਨ੍ਹਾਂ ਦੇ ਘਰ ਰਾਤ ਰਿਹਾ; ਇਨ੍ਹਾਂ ਨੇ ਫੇਰ ਯਤਨ ਕੀਤਾ ਕਿ ਕਿਵੇਂ ਇਸ ਦਾ ਸਿਦਕ ਖੜੋ ਜਾਵੇ, ਪਰ ਤਿਲਕਣ ਬਾਜ਼ੀ ਹੈ, ਇਹ ਨਾਂ ਸੰਭਲਿਆ । ਫੇਰ ਉਸ ਗੁਰੂ ਕੇ ਪਿਆਰੇ ਨੇ ਗੁਰੂ ਕੇ ਬਦਨ ਦਾ ਅਪਮਾਨ ਨਾ ਸਹਾਰ ਕੇ ਲੱਭੀ ਪੁੱਤ੍ਰ ਨੂੰ ਧਨ ਦੇਹੇ ਆਪ ਦਾ ਬਚਨ ਲੈ ਲਿਆ । ਆਪ ਦੇ ਬਚਨ ਅਮੋਘ ਬਾਣ ਹਨ । ਪੁੱਤ੍ਰ ਨੇ ਸਮਝਿਆ ਸੀ ਬਚਨ ਕੇਵਲ ਹਵਾ ਦੇ ਅਵੈਵਾਂ ਦਾ ਜੋੜ ਤੋੜ ਹੈ,ਪਰ ਧਿਆਨ ਸਿੰਘ ਜਾਣਦਾ ਸੀ ਕਿ ਇਹ ਜੀਵਤ ਸ਼ਕਤੀਹੈ ਇਹ'ਅਮੁਲ ਫੁਰਮਾਨੁ' ਹੈ । ਇਸ ਨੂੰ ਆਪ ਦੇ ਉਸ ਅਮੁਲ ਵਾਕ ਦੀ ਕਦਰ ਪਾਉਣ ਨੇ ਧਨ ਧਾਮ ਤੇ ਧਰਮ ਦੋਹਾਂ ਵਿਚ ਪਰਮ ਸੁਖੀ ਕਰ ਦਿਤਾ ਹੈ, ਜਿਸ ਦੀ ਮੈਨੂੰ ਖੁਸ਼ੀ ਹੈ । ਮੈਂ ਹੁਣ ਇਸ ਦੇ ਪਾਸ ਗਿਆ ਸੀ ਕਿ ਪੁੱਤ੍ਰ ਤੋਂ ਭੁੱਲ ਹੋਈ ਹੈ, ਹੁਣ ਭੁੱਲ ਮੰਨਦਾ ਹੈ, ਸਤਿਗੁਰ ਜੀ ਬਖਸ਼ਵਾ ਦੇਹ । ਇਹ ਪਿਆਰਾ ਮੇਰੇ ਨਾਲ ਆਇਆ ਹੈ ਕਿ ਹਜ਼ੂਰ ਜੀ ਦੀ ਸੇਵਾ ਵਿਚ ਮਰੀ ਸਿਫਾਰਸ਼ ਕਰੇ । ਪੁੱਤ੍ਰ ਮੇਰੇ ਨੇ ਪਹਿਲੇ ਮਾਇਆ ਦੇ ਉਛਾਲ ਵਿਚ ਵਣਜ ਕੀਤੋ, ਧਨ ਵਧਿਆ ਪਰ ਫੇਰ ਉਹੋ ਧਨ ਸਾਂਪ ਦੇ ਗਿਆ । ਹੁਣ ਇਹ ਕੰਗਾਲ ਹੈ,-ਮਾਯਾ ਵਲੋਂ, ਕੰਗਾਲ ਹੈ ਧਰਮ ਵਲੋਂ ਤੇ ਕੰਗਾਲ ਹੈ

ਸਿਦਕ ਵਲੋਂ। ਮਿਹਰ ਹੋ ਜਾਏ, ਬਖਸ਼ਿਆ ਜਾਏ; ਇਹ ਆਪਣੀ ਭੁੱਲ ਮੰਨਦਾ ਹੈ; ਦੁਖ ਨੇ ਇਸ ਦਾ ਅੰਦਰ ਧੋ ਦਿੱਤਾ ਹੈ, ਸ਼ਰਧਾ ਬੀ ਹੋ ਆਈ ਹੈ; ਆਪ ਮਿਹਰ ਕਰੋ ਜੋ ਨਾਮ ਦੀ ਬੂਟੀ ਇਸ ਦੇ ਅੰਦਰ ਜੜ੍ਹ ਫੜ ਜਾਵੇ ਤੇ ਵਧ ਖਲੋਵੇ।'

ਧਿਆਨ ਸਿੰਘ ਨੇ ਬੀ ਸਿਪਾਰਸ਼ ਕੀਤੀ।

ਸਤਿਗੁਰ ਨੇ ਫੁਰਮਾਇਆ--ਬਿਸ਼ੰਭਰ ! ਤੂੰ ਸ਼ਰਧਾਲੂ ਸਿੱਖ ਹੈਂ, ਤੇਰਾ ਪੁੱਤ੍ਰ ਸਿਦਕ ਹੀਨਤਾ ਵਿਚ ਰਿਹਾ ਹੈ, ਹੱਛਾ, ਪਰ ਜਿਵੇਂ ਤੂੰ ਕਿਹਾ ਹੈ ਕਰ ਦਿਆਂਗੇ। ਕੱਲ ਨੂੰ ਆਓ। ਅਗਲੇ ਦਿਨ ਬਿਸ਼ੰਭਰ ਜੀ ਪਰਿਵਾਰ ਸਮੇਤ ਤੇ ਉਪਕਾਰੀ ਧਿਆਨ ਸਿੰਘ ਜੀ ਸਭ ਹਜ਼ੂਰੀ ਵਿਚ ਹਾਜ਼ਰ ਹੋਏ, ਤਾਂ ਸਤਿਗੁਰਾਂ ਨੇ ਕਿਹਾ:—ਹੇ ਬਿਸ਼ੰਭਰ ਕੀ ਇੱਛਾ ਹੈ ?

ਬਿਸ਼ੰਭਰ-ਪ੍ਰਾਭੁ ਜੀ ਪਹਿਲੀ ਬਿਨੈ ਇਹ ਹੈ ਕਿ ਪੁੱਤ੍ਰ ਦੀ ਭੁੱਲ ਕਰਕੇ ਸੰਪਦਾ ਨਾਸ਼ ਹੋਈ ਹੈ, ਘਰ ਵਿਚ ਗ੍ਰੀਬੀ ਆ ਗਈ ਹੈ, ਗਜ਼ਰਾਨ ਔਖੀ ਹੋ ਰਹੀ ਹੈ, ਮਿਹਰ ਕਰੋ ਜੋ ਹੱਥ ਖੁੱਲ੍ਹੇ।

ਸਤਿਗੁਰੂ ਜੀ—ਸੰਪਦਾ ਵਧੇਗੀ। ਜਦੋਂ ਹੁਣ ਦਰਸ਼ਨ ਕਰਕੇ ਘਰ ਜਾਓਗੇ ਤਾਂ ਕੜਾਹ ਪ੍ਰਸ਼ਾਦਿ ਕਰਨਾ ਬਸਤ੍ਰ ਛਾਦਿਕੇ; ਆਨੰਦ ਜੀ ਦਾ ਪਾਠ ਕਰਨਾ, ਤ੍ਰੈ ਲਿਖ। ਫਿਰ ਜਪੁ ਸਾਹਿਬ ਪੜ੍ਹਨਾ। ਪੰਜਾਂ ਸਿੱਖਾਂ ਨੂੰ ਪ੍ਰਸ਼ਾਦ ਵਰਤਾਵਣਾ, ਇਸ ਸਮੇਂ ਜੋ ਅਰਦਾਸ ਕਰੋ ਸੰਪੂਰਨ ਹੋਇਗੀ।

ਆਖਦੇ ਹਨ ਕਿ ਇਸ ਸਮੇਂ ਗਰੂਜੀ ਨੇ ਸੌ ਅਰਦਾਸ ਕਰਨ ਦੀ ਜਾਚ ਇਸਸਿਦਕੀ ਸਿਖਨੂੰ ਦੱਸੀ*। ਨਾਂ ਕੇਵਲ ਗੁਰੂ ਜੀ ਨੇ ਆਪਣੇ ਪਿਆਰੇ ਸਿੱਖ ਬਿਸ਼ੰਭਰ ਨੂੰ ਧਨ ਸੰਪਦਾ ਬਖਸ਼ੀ, ਸਗੋਂ ਜਗਤ ਬਿਵਹਾਰਾਂ ਵਿਚ ਸਦਾ ਈਸ਼ੁਰੀਯ ਸਹਾਯਤਾ ਲਈ ਰਾਹ ਦੱਸਿਆ। ਐਉਂ ਹਰ ਸਮੇਂ ਅਰਦਾਸ ਕਰੀਦੀ ਹੈ ਤਾਂ ਵਾਹਿਗੁਰੂ ਸੁਣਦਾ ਹੈ ਤੇ ਮਿਹਰ ਬੀ ਹੋ ਜਾਂਦੀ ਹੈ। ਪਰ ਸਿਦਕ ਦੇ ਬੇੜੇ ਪਾਰ ਹਨ। ਹਰਿਗੁਪਾਲ ਬੀ ਬਖਸ਼ਿਆ ਗਿਆ ਤੇ ਹਰਿਗੁਪਾਲ ਦੇ ਸਾਰੇ ਪਰਿਵਾਰ ਤੇ ਖੁਸ਼ੀ ਹੋਈ ਨਾਮ ਪ੍ਰਾਪਤ ਹੋ ਗਿਆ*।

ਭਾਈ ਧਯਾਨ ਸਿੰਘ ਨੇ ਬਿਸ਼ੰਭਰ ਦੀ ਸਹਾਇਤਾ ਕਰਦਿਆਂ ਆਪਣਾ ਹਾਲ ਦੱਸਿਆ ਕਿ ਬਚਨ ਲੈਣ ਦੇ ਬਾਦ ਮੇਰੇ ਤੇ ਮੇਰੀ ਇਸਤ੍ਰੀ ਦੇ ਦਿਲ-ਨੈਣ ਆਪ ਦੇ ਪ੍ਰੇਮ ਨਾਲ ਰਸਮਈ ਹੋ ਗਏ। ਨਾਲੇ ਮੇਰੇ ਘਰ ਧਨ ਦਾ ਵਾਧਾ ਹੋਇਆ ਹੈ। ਹਲ ਵਾਹੁੰਦਿਆਂ ਕੁਛ ਦੱਬਿਆ ਧਨ ਪ੍ਰਾਪਤ ਹੋ ਗਿਆ, ਜਿਸ ਨਾਲ ਮੈਂ ਜੋ ਕੁਛ ਗਹਿਣੇ ਧਰਿਆ ਸੀ ਛੁਡਾ ਲਿਆ ਤੇ ਹੋਰ ਗੁਜ਼ਰਾਨ ਸੌਖੀ ਹੋ ਗਈ। ਹੁਣ ਮੇਰੇ ਨਾਮ ਵਿਚ ਰਸ ਪੈ ਗਿਆ ਹੈ ਤੇ ਹਰ ਤਰ੍ਹਾਂ ਸੁਖੀ ਹੋ ਗਿਆ ਹਾਂ। ਸਤਿਗੁਰੂ ਜੀ ਦੀ ਪੁਸ਼ੀ ਹੁਣ ਧਯਾਨ ਸਿੰਘ ਪਰ ਹੋਰ ਬਹੁਤ ਹੋਈ ਕਿ ਜਿਸ ਨੇ ਗੁਰੂ ਕੇ ਵਾਕ ਨੂੰ 'ਅਮੁੱਲ ਫੁਰਮਾਣ' ਸਮਝ ਕੇ ਇਕ ਸਿਦਕ ਹੀਨ ਪਾਸ ਰਹਿਣ ਦੇਣਾ ਬੇਅਦਬੀ ਸਮਝੀ ਤੇ ਐਤਨੀ ਕੁਰਬਾਨੀ ਕੀਤੀ ਕਿ ਇਸਤੀ ਦਾ ਗਹਿਣਾ ਤੇ ਘਰ ਕੋਠਾ ਗਹਿਣੇ ਪਾਕੇ ਬੀ ਵਾਕ ਨੂੰ ਪ੍ਰਾਪਤ ਕਰਲਿਆ ਤੇ ਸਿਦਕੋਂ ਗਿਰੇ ਦੀਬਣਿਕ ਬ੍ਰਿਤੀ ਸੰਤੁਸ਼ਟ ਕਰ ਦਿਤੀ। ਇਹ ਸਿਦਕ ਇਹ ਕੁਰਬਾਨੀ ਤੇ ਇਹ ਪ੍ਰੇਮ ਦੇਖਕੇ ਗਰੂਜੀ ਉਸ ਪਰ ਬਹੁਤ ਤ੍ਰੁੱਠੇ।

ਹਰਿਗੁਪਾਲ ਤੇ ਬੀ ਨਾਮ ਦੀ ਮਿਹਰਾਮਤ ਹੋ ਗਈ ਸੀ, ਉਸ ਦਾ ਸਿਦਕ ਖੜੋ ਗਿਆ ਸੀ, ਸੋ ਸਾਰਾ ਪਰਿਵਾਰ ਵਰ ਪ੍ਰਾਪਤ ਹੋਕੇ ਘਰਾਂ ਨੂੰ ਗਏ।

—o—

ਕਲਗੀਆਂ ਵਾਲੇ ਦੇ ਰਾਹਾਂ ਤੇ

ਨਰਗਸ ਨੇ ਨੈਣ ਵਿਛਾਏ।

ਸਰਦੀ ਦੇ ਹੱਥੋਂ ਜਦ ਛਹਿ ਛਹਿ ਫੁੱਲਾਂ ਮੂੰਹ ਲੁਕਾਏ,
ਪੁੰਮ ਪਈ 'ਗੁਰ ਕਲਗੀਆਂਵਾਲੇ ਅਜ ਆਏ,ਕੱਲ ਆਏ'।
ਤਦ ਨਰਗਸ ਨੇ ਨੈਣ ਰਸੀਲੇ ਹਿੱਤ ਅਲਸਾਏ ਖੁਹਲੇ,
ਚਿਰੀ ਵਿਛੁੰਨੇ, ਗੰਧ ਸੁਗੰਧੇ ਸਤਿਗੁਰ ਰਾਹ ਤੇ ਲਾਏ।

*ਸੌ ਸਾਖੀ ਵਿਚ ਤੇ ਗੁ: ਪ੍ਰ: ਸੂ: ਵਿਚ ਸੌ ਕੁ ਅਰਦਾਸਾਂ ਹਨ। ਅਰਦਾਸਾਂ ਸੌ ਨਹੀਂ ਇੱਤੀਆਂ ਨਾਂ ਕੋਈ ਸੌ ਅਰਦਾਸ ਦੀ ਇਬਾਰਤ ਹੈ। ਸੌ ਦੀ ਗਿਣਤੀ ਹੈ, ਸੌ ਮੋਕੇ ਦੱਸੇ ਹਨ ਤੇ ਵਿਚ ਵਿਚ ਕਿਤੇ ਕਿਤੇ ਕੁਈ ਸਤਰ ਐਸੀ ਬੀ ਆ ਜਾਂਦੀ ਹੈ ਜਿਸ ਵਿਚ ਅਰਦਾਸ ਦਾ ਮੁਖਤਸਰ ਜੇਹਾ ਮਜ਼ਮੂਨ ਹੁੰਦਾ ਹੈ।

*ਜੋ ਕੁਛ ਅਰਦਾਸਾਂ ਤੇ ਰਹਿਤ ਦੀ ਸ਼ਕਲ ਵਿਚ ਹੋਰ ਵਾਕ ਇਸ ਵੇਲੇ ਖੰਡੇ ਦੀ ਪਾਹੁਲ ਵਾਲਿਆਂ ਲਈ ਤੇ ਸਹਿਜ ਧਾਰੀਆਂ ਲਈ ਹੋਏ, ਸੋ ਸਾਖੀ ਦੇ ਆਖੇਪਕਾਰਾਂ ਨੇ ਏਥੇ ਕੁਛ ਪੱਲਿਓਂ ਭਵਿਖਤ ਵਾਕ ਪਾਕੇ ਯਾ ਅਗਲੇ ਵਿਗਾੜਕੇ, ਐਸੇ ਕਰ ਦਿਤੇ ਹਨ ਕਿ ਸਮਝ ਲਈ ਕਠਨਤਾ ਹੁੰਦੀ ਹੈ; ਇੰਨੀ ਗਲ ਸਹੀ ਹੁੰਦੀ ਹੈ। ਕਿ ਇਸ ਵੇਲੇ ਸਤਿਗੁਰਾਂ ਦੀ ਮਿਹਰ ਹੋਈ ਹੈ, ਸਿਖਜਾ ਦੇ ਸ਼ੁਭ ਵਾਕ ਹੋਏ ਹਨ, ਅਰਦਾਸਾਂ ਦੀ ਜਾਚ ਦੱਸੀ ਗਈ ਹੈ, ਸਿਦਕ ਦਾ ਉਪਦੇਸ਼ ਹੋਇਆ ਹੈ ਤੇ ਰਹਿਤ ਦੱਸੀ ਗਈ ਹੈ।

੫੯. ਭਾਈ ਭੂਪ ਸਿੰਘ*।

ਭਾਈ ਪਿਆਰੂ ਨਾਮ ਦੇ ਇਕ ਗੁਰ ਚਰਨਾਂ ਦੇ ਪ੍ਰੇਮੀ ਅਪਣਾ ਘਰ ਬਾਰ ਛੱਡ ਕੇ ਸ੍ਰੀ ਅਨੰਦ ਪੁਰ ਸਾਹਿਬ ਜੀ ਜਾ ਰਹੇ। ਇਕ ਆਪ ਸੈ, ਇਕ ਸੁਪਤਨੀ ਤੇ ਇਕ ਲੜਕੀ ਅੱਠ ਦਸ ਬਰਸ ਦੀ ਉਮਰ ਦੀ, ਸੇਵਾ ਵਿਚ ਰਹਿ ਕੇ ਜੀਵਨ ਸਫਲ ਕਰਨੇ ਦਾ ਚਾਉ ਸੀ। ਜੋ ਹੁਕਮ ਹੁੰਦਾ ਸੇਵਾ ਕਰਦੇ, ਆਪੂੰ ਕਦੇ ਕੋਈ ਬੇਨਤੀ ਨਾ ਕਰਦੇ। ਭਾਈ ਪਿਆਰੂ ਦੀ ਸੋਚ ਇਹ ਸੀ ਕਿ ਮਹਾਰਾਜ ਬੜੇ ਰੁੱਝੇ ਰਹਿੰਦੇ ਹਨ ਅਸੀਂ ਸੇਵਾ ਕਰੀਏ ਪਰ ਕਦੇ ਕੋਈ ਬੇਨਤੀ ਕਰਕੇ ਆਪਣੇ ਲਈ ਆਪ ਜੀ ਦਾ ਸਮਾ ਨਾ ਖਰਚ ਕਰਵਾਈਏ। ਜਿਤਨਾ ਸਮਾ ਅਸੀਂ ਕਿਸੇ ਅਰਜ਼ੋਈ ਵਾਸਤੇ ਲਵਾਂਗੇ ਓਨੇ ਵਿਚ ਸਾਹਿਬ ਕਿਸੇ ਹੋਰ ਦਾ ਭਲਾ ਕਰਨਗੇ। ਐਥੋਂ ਤਾਈਂ ਇਹ ਖਿਆਲ ਰਿਹਾ ਕਿ ਅੰਮ੍ਰਿਤ ਜਾਰੀ ਹੋ ਗਿਆ ਪਰ ਪਿਆਰੂ ਜੀ ਨੇ ਪਿਆਰੇ ਨੂੰ ਨਾ ਬਿਨੈ ਕੀਤੀ ਕਿ ਮੈਨੂੰ ਭੀ ਦਾਤਮਿਲੇ।

ਭਾਈ ਪਿਆਰੂ ਦੀ ਸਪੁੱਤ੍ਰੀ ਮਾਤਾ ਪਿਤਾ ਨਾਲ ਸੇਵਾ ਵਿਚ ਹਿੱਸਾ ਲੈਂਦੀ ਹੁੰਦੀ ਸੀ। ਸੰਗਤਾਂ ਨੂੰ ਅੰਮ੍ਰਿਤ ਛਕਕੇ ਦੇਖਕੇ ਇਸ ਨੂੰ ਬੜਾ ਚਾਉ ਲਗਾ ਕਿ ਮੈਂ ਭੀ ਕਿਵੇਂ ਅੰਮ੍ਰਿਤ ਛਕਾਂ ਤੇ ਗੁਰੂ ਜੀ ਦੀ ਪੁੱਤ੍ਰੀ ਬਣਾਂ। ਕਈ ਵੇਰੀ ਮਾਪਿਆਂ ਨੂੰ ਕਿਹਾ ਪਰ ਓਹ ਇਹੋ ਸਿਖ੍ਯਾ ਦੇਣ ਕਿ ਬੱਚੜੀ! ਗੁਰੂ ਆਗ੍ਯਾ ਨੂੰ ਉਡੀਕ, ਸੇਵਕ ਆਪੂੰ ਨਹੀਂ ਕੁਛ ਮੰਗਿਆ ਕਰਦੇ। ਕਾਕੀ ਇਹ ਗਲ ਮੰਨਦੀ, ਪਰ ਅੰਦਰ ਨੱਪੀ ਸਿੱਕ ਦਿਨੋਂ ਦਿਨ ਵਧਦੀ ਰਹੀ। ਜਦੋਂ ਸੰਗਤਾਂ ਅੰਮ੍ਰਿਤ ਛਕਦੀਆਂ ਤਾਂ ਇਹ ਕਿੰਨਾ ਕਿੰਨਾ ਚਿਰ ਪਾਸ ਖੜੀ ਪਯਾਰ ਤੇ ਸੱਧਰ ਨਾਲ ਵੇਖਦੀ ਰਹਿੰਦੀ। ਜਦ ਸਿੰਘ ਗੁਰੂ ਜੀ ਨੂੰ 'ਪਿਤਾ ਗੁਰੂ ਜੀ' ਕਹਿੰਦੇ ਤਦ ਇਸ ਦੇ ਕਲੇਜਿਓਂ ਜੋਸ਼ ਉਠਦਾ ਕਿ ਮੈਂ ਭੀ ਗੁਰੂ ਜੀ ਨੂੰ 'ਪਿਤਾ ਗੁਰੂ ਜੀ' ਕਦੇ ਕਹਾਂ।

ਇਕ ਦਿਨ ਸੱਚੇ ਪਾਤਸ਼ਾਹ ਸੰਝ ਵੇਲੇ ਸਤਲੁਜ ਦੇ ਕਿਨਾਰੇ ਬਿਰਾਜਮਾਨ ਸੇ। ਰਹਿਰਾਸ ਦੇ ਪਾਠ ਦਾ ਭੋਗ ਪੈ ਚੁਕਾ ਤਾਂ ਸਤਿਗੁਰ ਜੀ ਪਿਛੇ ਮੁੜੇ, ਮਿੱਠੀ ਠੰਢੀ ਪੌਣ ਵਗ ਰਹੀ ਸੀ ਨਿਕੇ ਨਿਕੇ ਬਦਲਾਂ ਦੇ ਵਿਚ ਵਿਚ ਤਾਰੇ ਨਿਕਲ ਰਹੇ ਸੇ। ਇਕ ਵਡੇ ਸਾਰੇ ਝਿੜ ਦੇ ਉਹਲਿਓਂ ਮਿੱਠੀ ਮਿੱਠੀ ਆਵਾਜ਼ ਇਕ ਅਰਦਾਸ ਦੀ ਆ ਰਹੀ ਸੀ। ਸਾਹਿਬਾਂ ਨੇ ਖੜੇ ਕੇ ਉਹ ਅਰਜ਼ੋਈ ਸੁਣੀ ਉਹ ਸਿਕ ਭਰੀ ਅਰਦਾਸ ਹੇਠ ਲਿਖੇ ਗੀਤਾਂ ਵਿਚ ਅੰਕਿਤ ਕੀਤੀ ਗਈ ਹੈ:—

ਮੈਂ ਬੇਟੀ
ਕਲਗੀਆਂ ਵਾਲੇ ਗੁਰੂ ਦੀ ਕਿਵੇਂ ਬਣਾਂ?
ਹੋਈ ਹਾਂ ਰੋ ਰੋ ਕੇ ਬੇਹਾਲ, ਅੰਮਾਂ ਨੂੰ ਕਹਿ ਹਾਰੀਆਂ—
ਨੀ ਅੰਮਾਂ!
'ਘੋਲੀ ਤੈਥੋਂ ਸਦ ਵਾਰੀਆਂ'।
ਵੇ ਬਾਬਲ!
ਬਿਨਤੀ ਕਰਾਂ ਹੱਥ ਜੋੜ,
ਆਖਾ ਵੇ ਨਾ ਮੋੜ, ਤੈਥੋਂ ਬਲਿਹਾਰੀਆਂ ॥ ੧ ॥
ਜੀ ਦੇਖੇ
ਅੰਮ੍ਰਿਤ ਨੇ 'ਦਾਸਾਂ' ਤੋਂ 'ਪੁੱਤ' ਬਨਾ ਲਏ;

*ਇਹ ਪ੍ਰਸੰਗ ਅਪ੍ਰੈਲ ੧੯੦੩ ਤੋਂ ਪਹਿਲਾਂ ਪਹਿਲੀ ਵੇਰ ਛਪਿਆ ਸੀ, ਗ਼ਾਲਬਨ ਓਸ ਸਾਲ ਦੇ ਗੁਰਪੁਰਬ ਸਪਤਮੀ ਤੇ ਪ੍ਰਕਾਸ਼ਤ ਹੋਇਆ ਸੀ, ਤੇ ਦੂਜੀ ਵੇਰ ਅਕਤੂਬਰ ੧੯੦੩ ਵਿਚ ਪ੍ਰਕਾਸ਼ਤ ਹੋਇਆ।

†ਰਾਗ ਭੂਪਾਲੀ ਕਲਿਆਨ, ਤਾਲ ੨ ਧਾਰਨਾ—ਚੰਦਨ ਦੇ ਉਹਲੇ ਉਹਲੇ ਕਿਉਂ ਖੜੀ।

ਸਾਥ ਵਿਚੋਂ ਆਪੇ ਕੱਢਣੇ ਲਈ ਚਿੱਤ੍ਰ—

ਧਾ	ਸਾ	ਰੇ	ਗਾ	ਰੇ	ਸਾ	ਰੈ	ਸਾ	ਸਾ	ਰੇ	ਗਾ	ਰੇ	ਮਾ	ਰੇ	ਗਾ	ਰੇ	ਸਾ
ਮੈਂ	ਵੇਟੀ	ਕਲਗੀ	ਆਂ ਵਾਲੇ	ਗੁਰ	ਦੀ	ਕਿਵੇਂ ਬ	ਣਾ	ਮੈਂ ਤਾਂ	ਹੋਈ	ਹਾਂ ਰੋ ਰੋ	ਕੇ	ਬੇ	ਹਾਲ	ਅੰਮਾਂ	ਨੂੰ	ਕਹਿ

	ਰੇ	ਸਾ	ਧਾ	ਸਾ	ਰੇ	ਗਾ	ਰੇ	ਸਾ	ਰੇ	ਗਾ	ਰੇ	ਸਾ	ਰੇ	ਗਾ	ਰੇ	ਸਾ	ਰੇ	ਸਾ
	ਹਾ	ਰੀਆਂ	ਵੇ	ਬਾਬਲ	ਬਿਨਤੀ	ਕਰਾਂ	ਹ	ਥ	ਜੋੜ	ਆਖਾ	ਵੇ	ਨਾ	ਮੋੜ	ਤੈਥੋਂ	ਬ	ਲਿ	ਹਾ	ਰੀਆਂ

ਮੈਂ ਬੀ
ਲੋਚਾਂ ਭਾਈਆਂ ਭੈਣਾਂ ਵਾਂਙ, ਅੰਮ੍ਰਿਤ ਛਕ ਜੀਵੀਏ,
ਤੇ ਬੇਟੇ
ਗੁਰੂ ਜੀ ਦੇ ਫਿਰ ਬੀਵੀਏ,
ਤੇ ਮੈਨੂੰ
ਚਿੰਤਾ ਲਿਆ ਹੁਣ ਘੇਰ; ਹੁੰਦੀ ਜਾਂਦੀ ਡੇਰ
ਅੰਮ੍ਰਿਤ ਕਿਕੂੰ ਪੀਵੀਏ ? ॥ ੨ ॥
ਦਾਤਾ ਹੈ
ਕਲਗੀਆਂ ਵਾਲਾ ਗੁਰ ਬੜਿਓਂ ਬੜਾ।
ਜੋਦ੍ਰਾ
ਮੰਗੇ ਮੂੰਹੋਂ ਸੋ ਪਾਵੇ ਹੈ ਮੁਰਾਦ,
ਗੁਰੂ ਤੁੱਠ ਦੇਂਵਦਾ, ਨਾ ਖਾਲੀ ਜਾਏ ਦਰ ਸੋਂਵਦਾ।
ਮੈਂ ਬਾਬਲ
ਭਾਣੇ ਵਿਖੇ ਸਾਵਧਾਨ,
ਮੰਨਦਾ ਏ ਫੁਰਮਾਨ ਆਪੋ ਨ ਕਰੇਂਵਦਾ ॥ ੩ ॥
ਹੇ ਸਾਈਆਂ !
ਕੋਹੀ ਔਕੜ ਅਚਰਜ ਹੁਣ ਆਇ ਬਣੀ ?
ਆਪੇ
ਤਾਂ ਸਕੀਏ ਨਾ ਅਰਜ਼ ਗੁਜ਼ਾਰ, ਮੈਂਵਕ ਨਹਿੰ ਬੋਲਦਾ।
ਮੈਂਵਕ ਸਾਈਂ ਰਜ਼ਾ ਨੂੰ ਹੈ ਟੋਲਦਾ।
ਸੋ ਲੀਤੀ
ਸਾਂਈਂ ਸਾਡੇ ਧਾਰ ਮੌਨ, ਕਾਰੀ ਕਰੇ ਗੁ ਕੌਨ ?
ਕੋਹੜਾ ਦੁਖ ਫੋਲਦਾ ? ॥ ੪ ॥
ਹਾਏ ਮੈਂ !
ਭੋਲੀ ਤੇ ਨਜ਼ਾਨੀ ਬਾਲ ਨਿਮਾਨੜੀ,
ਨਾ ਮੈਂ
ਪੜ੍ਹੀ ਨ ਸਿੱਖੀ ਕੋਈ ਹੈ ਜਾਚ,ਨਾਹੀਂ ਗੁਣ ਜਾਣਦੀ।
ਮੈਂ ਇਕੋ
ਜਾਚ ਜਾਣਾਂ ਪੀਣ ਖਾਣ ਦੀ।
ਸੋ ਮੈਂ ਤੇ
ਹੋਵੇ ਗੁਰੂ ਕਿਉਂ ਦਿਆਲ ?
ਘਾਲੀ ਨਾ ਕੋ ਘਾਲ ਸੇਵਾ ਨ ਸਿਆਣਦੀ ॥ ੫ ॥
ਜਾਣਾਂ ਨਾ
ਸੰਗਤ ਤੇ ਸਤਿਗੁਰ ਨੂੰ ਰੀਝਾਵਣਾ,
ਸਿੱਖੀ
ਨੇੜਿਆਂ ਖਾੜਨ ਦੀ ਨਾ ਜਾਚ,ਐਸੀ ਮੈਂ ਨਿਕਾਰੀਆਂ
ਲੋਚਾਂ
ਪੁੱਤ੍ਰੀ ਬਣਾਂ ਗੁਰ ਪਿਆਰੀ ਆਂ।
ਮੈਂ ਤਾਂ
ਖੰਭਾਂ ਪਰਾਂ ਤੋਂ ਬੀ ਹੀਨ
ਚਾਹਾਂ ਹੋ ਸੈਧੀਨ* ਲਾਵਾਂ ਮੈਂ ਉਡਾਰੀਆਂ ॥ ੬ ॥
ਹੇ ਸਾਈਂ !
ਕੋਈ ਭਾਗਾਂ ਵਾਲਾ ਵੇ ਦੇਹੁ ਆਵਸੀ,
ਸਕਾਂ ਮੈਂ ਸਤਿਗੁਰ ਨੂੰ 'ਪਿਤਾ ਗੁਰ ਜੀ' ਆਖ
ਆਖਾਂ 'ਬਾਪੂ ਮੇਰਿਆ'।
ਤੇ ਔਰੋਂ
ਪਿਤਾ ਕਹੇ 'ਪੁਤ ਮੇਰਿਆ'।
ਹੇ ਸਤਿਗੁਰ !
ਕਿਰਪਾ ਕਰੀਂ ਤੂੰ ਆਪ
ਨ ਤੱਕੀਂ ਸਾਡੇ ਪਾਪ ਅਸੀਂ ਤੇਰੇ ਤੇਰਿਆਂ ॥ ੭ ॥
ਤੇਰੇ ਹਾਂ
ਪਤਾਰੇ ਗੁਰ ਜੀ ਤੇਰੇ ਤੇਰੇ ਤੇਰਿਆਂ
ਤੂੰ ਤਾਂ
ਅੰਤ੍ਰਯਾਮੀ ਹੈਂ,ਗੁਰ ਜੀ ਆਪ ਦਿਲ ਦੀ ਸਭ ਜਾਣਦਾ
ਤੇ ਮੈਂ
ਬਾਲੀ ਨੂੰ ਬੀ ਹੈਂ ਪਛਾਣਦਾ।
ਹੁਣ ਤਾਂ
ਬਹੁੜੋ ਗੁਰੂ ਜੀ ਆਪ
ਠਾਰੋ ਮੇਰਾ ਤਾਪ ਨਿਮਾਣੇ ਤੂੰ ਮਾਣਦਾ ॥ ੮ ॥

ਇਹੋ ਜਿਹੀ ਬਾਲਕ ਸੱਧਰ ਦੀ ਅਰਜ਼ੋਈ ਸੁਣ ਕੇ ਅਗੇ ਵਧੇ ਬਾਲਾਂ ਨੂੰ ਪਿਆਰਨ ਵਾਲੇ ਤੇ ਬੋਲੇ:– 'ਹਾਂ ਬੇਟੀ ਛਕ ਅੰਮ੍ਰਿਤ' ਕੁਲ ਤਾਰਕ ਪੁਤ੍ਰੀ ਕੱਲ ਸਵੇਰੇ ਅੰਮ੍ਰਿਤ ਦੀ ਦਾਤ ਮਿਲਸੀ' । ਕਾਕੀ ਉਠਕੇ ਚਰਨਾਂ ਨੂੰ ਲਿਪਟ ਗਈ । ਅਗਲੇ ਦਿਨ ਪਰਿਵਾਰ ਨੂੰ ਅੰਮ੍ਰਿਤ ਦੀ ਦਾਤ ਮਿਲੀ।

ਪਿਤਾ ਦਾ ਨਾਮ ਭੂਪ ਸਿੰਘ, ਸਿੰਘਣੀ ਦਾ ਨਾਮ ਰੂਪ ਕੌਰ ਤੇ ਪੁੱਤ੍ਰੀ ਦਾ ਨਾਮ ਤਾਰਨ ਕੌਰ ਰਖਿਆ ਗਿਆ । ਤਿੰਨਾਂ ਦਾ ਸਿੱਖੀ ਸਿਦਕ ਅੰਤ ਤੱਕ ਨਿਭਿਆ ਅਰ ਤਿੰਨੇ ਸਰੀਰ ਅਨੰਦਪੁਰੋਂ ਨਿਕਲਣ ਵਾਲੀ ਰਾਤ ਗੁਰੂ ਜੀ ਦੇ ਬਚਾਉ ਦੇ ਯਤਨ ਵਿਚ ਸ਼ਹੀਦ ਹੋ ਗਏ !

—o—

*ਸੁਤੰਤਰ, ਆਪਣੇ ਆਪ ।

ਸੂਚਨਾ—ਇਕ ਵਿਛੁੜੇ ਸਿਖ ਦੀ ਦਿਲੀ ਤਸਵੀਰ ਅਗੇ ਹੈ:—

੬੦. ਵਿਯੋਗ ਭਾਈ ਪ੍ਰੀਤਮ ਸਿੰਘ ਜੀ*।

ਗੁਰੂ ਕਲਗੀਧਰ ਦਸਮੇਂ ਪਾਤਸ਼ਾਹ ਜੀ ਦੇ ਅੰਗ ਸੰਗ ਰਹਿਣੇ ਵਾਲੇ ਸਿਦਕ ਤੇ ਪ੍ਰੇਮ ਦੇ ਪੁਤਲੇ ਭਾਈ (ਗੌਹਰ ਅੰਮ੍ਰਿਤ ਤੋਂ ਮਗਰੋਂ)ਪ੍ਰੀਤਮਸਿੰਘ ਜੀ ਸਤਿਗੁਰਾਂ ਦੀ ਆਗਜ਼ਾ ਪਾਕੇ ਘੋੜੇ ਲੈਣ ਵਾਸਤੇ ਭਾਈ ਸੁਹੇਲ ਸਿੰਘ ਜੀ ਪਾਸ ਸੁਲਤਾਨ ਵਿੰਡ ਗਏ ਸੀ। ਘੋੜੇ ਤਾਂ ਆਪ ਨੇ ਭੇਜ ਦਿੱਤੇ ਤੇ ਸਤਿਗੁਰਾਂ ਦਾ ਹੁਕਮ ਹੋਇਆ ਕਿ ਜਦ ਤੱਕ ਸੱਦੀਏ ਨਾਂ ਉਥੇ ਹੀ ਠਹਿਰਨਾ। ਇੱਕੁਰ ਢੇਰ ਚਿਰ ਬੀਤ ਗਿਆ,ਦਰਸ਼ਨ ਨੂੰ ਸ਼ਾਂਤੀ ਬੂੰਦ ਵਾਂਙੂ ਤੜਫਦੇ, ਸੱਚ ਮੁਚ ਦੇ ਪ੍ਰੀਤਮ ਸਿੰਘ ਜੀ ਵਿਆਕੁਲ ਹੋ ਗਏ। ਉਨ੍ਹਾਂ ਦੀ ਪ੍ਰੇਮ ਦੇ ਹਾਵਿਆਂ ਵਿਚ ਇਕ ਰਾਤ ਵੈਰਾਗ ਵਿਚ ਅੱਖ ਲੱਗ ਗਈ, ਤਦ ਸਾਹਿਬਾਂ ਦਾ ਦਰਸ਼ਨ ਹੋ ਗਿਆ, ਪਰ ਪਲਕ ਮਗਰੋਂ ਕਣੀਆਂ ਪੈਣ ਲੱਗੀਆਂ, ਤਦ ਜਾਗ ਖੁੱਲ੍ਹ ਗਈ, ਫੇਰ ਹੋਰ ਪ੍ਰੇਮ, ਨਿੰਮ੍ਰਤਾ ਤੇ ਵੈਰਾਗ ਨੇ ਖਿੱਚ ਕੇ ਆਤੁਰ ਕੀਤਾ। ਦੂਏ ਦਿਨ ਮਹਾਰਾਜ ਜੀ ਦਾ ਸੱਦਾ ਆ ਗਿਆ। ਹੇਠਲਾ ਗੀਤ ਉਨ੍ਹਾਂ ਦੇ ਦਿਲ ਦੀ ਉਸ ਰਾਤ ਦੀ ਪ੍ਰੇਮ ਦੀ ਮੂਰਤੀ ਦੱਸਣ ਦਾ ਨਿੱਕਾ ਜਿਹਾ ਯਤਨ ਹੈ:—

ਆਵੀਂ ਕਲਗੀ ਵਾਲਿਆ !
ਮੈਂ ਨਿਮਾਣੀ ਦੀ ਸਾਰ ਲਈਂ†,
ਵੇ ਸਾਈਆਂ,
ਮੈਂ ਨਿਮਾਣੀ ਦੀ ਸਾਰ ਲਈਂ।
ਆਵੀਂ ਫੌਜਾਂ ਵਾਲਿਆ !
ਮੈਂ ਨਿਮਾਣੀ ਦੀ ਸਾਰ ਲਈਂ।
ਤੜਫਾਂ ਮੱਛੀ ਵਾਂਗ ਮੈਂ
ਮੇਰੀ ਰੋਂਦੀ ਦੀ ਰੈਣ ਗਈ।
ਪੱਲੂ ਭਿੱਜੇ ਰੋਂਦਿਆਂ
ਮੇਰੇ ਨੈਣਾਂ ਨੂੰ ਨੀਂਦ ਨਹੀਂ।
ਤੱਕੇ ਵਿਚ ਅਸਮਾਨ ਦੇ
ਮੇਰੀ ਸਿਕਦੀ ਏ ਨਜ਼ਰ ਰਹੀ।
ਨਦਰੀਂ ਨਾ ਦਿੱਸ ਆਇਓਂ
ਏ ਤਕ ਤਕ ਥੱਕ ਗਈ!
ਅੱਖੀਂ ਮਿਟੀਆਂ ਪਜ਼ਾਰਿਆ !
ਵਿਚ ਅੱਖੀਆਂ ਦੇ ਨੀਂਦ ਪਈ।
ਨੀਂਦ ਪਈ ਸਿਕ ਨਾ ਮਿਟੀ
ਤੇਰੀ ਸੂਰਤ ਨਜ਼ਰ ਪਈ।
ਬਾਂਕੀ ਸੂਰਤ ਮੋਹਿਣੀ
ਸਿਰ ਕਲਗੀ ਹੈ ਖ਼ੂਬ ਫਬੀ।
ਲਹਿਰੇ ਲੱਕ ਤਲਵਾਰ ਹੈ
ਜਿਉਂ ਬਿਜਲੀ ਹੈ ਲਿਸ਼ਕ ਪਈ।
ਧਨੁਖ ਵਿਰਾਜੇ ਕਰ ਵਿਖੇ
ਨਾਲ ਜਪਨੀ ਵੀ ਦਮਕ ਰਹੀ।
ਸ਼ੋਭਾ ਤੇਰੀ ਵੇਖ ਕੇ
ਸਭ ਸ਼ੋਭਾ ਨੇ ਸ਼ੋਭ ਲਈ।
ਦਰਸ਼ਨ ਐਸਾ ਦੇਖਕੇ
ਮੈਂ ਨਿਮਾਣੀ ਦੀ ਤਾਬ ਗਈ।
ਦਰਸ਼ਨ ਰਹਿਆ ਤੂੰ ਰਹਿਓਂ
ਤੇਰੇ ਦਰਸ ਦੀ ਮੌਜ ਰਹੀ।
'ਮੈਂ' ਨ ਰਹੀ 'ਮੇਰਾ' ਨਾ ਰਿਹਾ
ਮੇਰੀ ਹਉਮੈਂ ਦੀ ਫਉਜ ਗਈ।
ਬੱਦਲ ਆਏ ਪਲ ਵਿਖੇ
ਅਸਮਾਨੋਂ ਤਾਂ ਬੂੰਦ ਪਈ।
ਬੂੰਦ ਪਈ ਮੇਰੇ ਨੈਣ ਤੇ
ਮੇਰੀ ਉੱਘੜ ਨੀਂਦ ਗਈ।
ਅਚਰਜ ਖੇਲ ਰਚਾਇਆ
ਅੱਖ ਖੁੱਲ੍ਹੀ ਤਾਂ ਦਰਸ ਨਹੀਂ।
ਦਰਸ਼ਨ ਉਹਲੇ ਹੋ ਗਿਆ
ਮੇਰੀ ਮੂਲੋਂ ਨਾ ਪੇਸ਼ ਗਈ।
ਦੋਸ਼ ਨ ਤੈਨੂੰ ਸਤਿਗੁਰਾ !
ਮੈਂ ਹੀ ਦੋਸ਼ਣ ਹਾਂ ਹੋਇ ਰਹੀ।
ਕਿਰਪਾ ਕਰ ਤੂੰ ਬਖ਼ਸ਼ਿਆ
ਮੈਂ ਨਿਕਾਰੀ ਦੀ ਬਾਂਹ ਗਹੀ।

---

*ਇਹ ਪ੍ਰਸੰਗ ਅਪ੍ਰੈਲ ੧੯੦੭ ਤੋਂ ਪਹਿਲਾਂ ਪਹਿਲੀ ਵੇਰ ਛਪਿਆ ਸੀ, ਗ਼ਾਲਬਨ ਓਸ ਸਾਲ ਦੇ ਗੁਰਪੁਰਬ ਸਪਤਮੀ ਤੇ ਪ੍ਰਕਾਸ਼ਤ ਹੋਇਆ ਤੇ ਦੂਜੀ ਵੇਰ ਅਕਤੂਬਰ ੧੯੦੭ ਵਿਚ ਪ੍ਰਕਾਸ਼ਤ ਹੋਇਆ।

†ਹਰ ਤੁਕ ਦੇ ਬਾਦ ਛੋਕੜ ਦੇ ਪਦ ਅਰ 'ਵੇ ਸਾਈਆਂ' ਸੂਚਕ ਪਿਛਲੀ ਅੱਧੀ ਤੁਕ ਹੋਰ ਗਾਵੀਂਦੀ ਹੈ।

ਤੋਲ ਤੁਲਾਇਆ ਮੇਰੜਾ
ਮੈਂ ਤਾਂ ਕੱਸੀ ਨਿਕਲ ਪਈ।
ਕੱਸੀ ਨਿਕਲੀ ਤੋਲਿਆਂ
ਇਹ ਤਾਹੀਓਂ ਹੀ ਕਸਰ ਪਈ।
ਕਸਰਾਂ ਵਾਲੀ ਮੈਂ ਬੁਰੀ
ਮੈਨੂੰ ਫੇਰ ਵੀ ਬਖਸ਼ ਲਈਂ।
ਬਖਸ਼ੀਂ ਬਖਸ਼ੀਂ ਸਾਈਆਂ !
ਤੇਰੇ ਦੁਆਰੇ ਤੇ ਆਣ ਪਈ।
ਬਿਰਦ ਸੰਮ੍ਹਾਲੀਂ ਆਪਣਾ
ਮੈਨੂੰ ਆਪੇ ਹੀ ਬਖਸ਼ ਲਈਂ।

—o—

ਸੂਚਨਾ–ਹੁਣ ਜੀ ਦੇ ਇਲਾਹੀ ਦਰਸ਼ਨ ਅਗਲੀ ਕਵਿਤਾ ਵਿਚ ਹਨ–

੬੧. ਦਸਮ ਗੁਰੂ ਦਰਸ਼ਨ*।

ਇਕ ਦਿਨ ਗੁਰੂ ਗੁਬਿੰਦ ਸਿੰਘ ਸਾਹਿਬ
ਕਲਗੀਆਂ ਵਾਲੇ ਸ੍ਵਾਮੀ,
ਦਾਸਾਂ ਦੇ ਰਖਵਾਲ, ਸਿਖ ਪਾਲਕ
ਪਧਾਰਿਆਂ ਅੰਤਰ ਜਾਮੀ,
ਸਤਲੁਜ ਨਦੀ ਕਿਨਾਰੇ ਬੈਠੇ,
ਸੰਗਤ ਜੁੜੀ ਚੁਫੇਰੇ,
ਜਿਉਂ ਪੂੰਨਿਆਂ ਦਾ ਚੰਦ ਪ੍ਰਕਾਸ਼ੇ
ਵਿੱਚ ਤਾਰਿਆਂ ਘੇਰੇ।
ਕਲਗੀ ਜਿਗ੍ਹਾ ਬਿਰਾਜੇ ਮੱਥੇ,
ਲਕ ਤਲਵਾਰ ਸੁਹਾਵੇ,
ਭੱਥਾ ਤੂਣ ਤੀਰ ਦਾ ਭਰਿਆ,
ਧਨੁਖ ਲਹਿਰ ਦਿਖਲਾਵੇ।
ਮਸਤਕ ਚਮਕ ਅਨੋਖੀ ਦੇਵੇ,
ਦੁਹਰੀ ਝਲਕ ਪ੍ਰਕਾਸ਼ੇ,
ਨਾਲੇ ਚਮਕ ਬੀਰ ਰਸ ਦੰਦਾ,
ਰਸ ਸ਼ਾਂਤੀ† ਬੀ ਲਾਸੇ।
ਦੋਵੇਂ ਇਕ ਥਾਂ ਕੱਠੇ ਹੋਏ,
ਪਾਵਸ‡ ਮਾਨੋਂ ਆਈ।
ਸੂਰਜ ਤੇਜ ਦਿਪੇ ਹੈ, ਨਾਲੇ
ਬਰਖਾ ਛਹਿਬਰ ਲਾਈ।
ਨੇਤਰ ਦੋਵੇਂ ਭਰੇ ਖਲੋਤੇ
ਦਹਾਂ ਰਸਾਂ ਵਿਚ ਐਸੇ:
ਗਰਮੀ ਚਾਨਣ ਦੁਇ ਮਿਲ ਰਹਿੰਦੇ
ਇਕ ਸੂਰਜ ਵਿਚ ਜੈਸੇ।
ਕਵਲਾਂ ਵਰਗਾ ਸੁੰਦਰ ਮੁਖੜਾ
ਮੁਸਕਰਾਇ ਮਨ ਮੋਹੇ,
ਹੁਕਮ ਕਰੇ ਤੇ ਸ਼ਾਂਤੀ ਦੇਵੇ,
ਅਚਰਜ ਕਰ ਕਰ ਸੋਹੇ।
ਬੀਰ ਸ਼ਾਂਤ ਤੇ ਅਦਭੁਤ§ ਤਿੰਨੇ
ਇੱਥੇ ਰਲੇ ਪ੍ਰਕਾਸ਼ਣ,
ਮਾਨੋਂ ਬਰਖਾ ਧੁੱਪ ਚਮਕਦੀ,
ਧਨੁਖ ਅਕਾਸ਼ੀ¶ ਲਾਸਣ।
ਫਿਰ ਮੁੰਹੋਂ ਇਉਂ ਵਾਕ ਉਚਾਰਨ
ਮਿੱਠੇ ਪਧਾਰੇ ਸੁਹਣੇ
ਮਾਤ ਪਿਤਾ ਮਮਤਾ ਦੇ ਜੋੜੁ
ਪੁਤ ਨੂੰ ਕਹਿ ਮਨ ਮੋਹਣੇ
ਵਾਤਸੱਲ¶ ਇਹ ਚੌਥਾ ਰਸ ਬੀ,
ਨਾਲੇ ਆਕੇ ਰਲਿਆ।
ਰਸ ਸੰਗਮ$ ਗੁਰ ਮੁਖੜਾ ਬਣਿਆ,
ਕਵਲ ਦੁਪਹਿਰੀ ਖਿਲਿਆ।
ਧੁਪ, ਵਰਖਾ ਤੇ ਪੀਂਘ ਅਕਾਸ਼ੀ,
ਪੌਣ ਜੱਫੀਆਂ ਪਾਂਦੀ।
ਚਾਰੋਂ ਮਾਨੋਂ ਕੱਠੇ ਹੋਏ,
ਉਪਮਾ ਕਹੀ ਨ ਜਾਂਦੀ।

---

*ਇਹ ਪ੍ਰਸੰਗ ਅਪੈਲ ੧੯੦੭ ਤੋਂ ਪਹਿਲਾਂ ਪਹਿਲੀ ਵੇਰ ਛਪਿਆ ਸੀ, ਕਾਲਬਨ ਓਸ ਸਾਲ ਦੇ ਗੁਰਪੁਰਬ ਸਪਤਮੀ ਤੇ ਪ੍ਰਕਾਸ਼ਤ ਹੋਇਆ ਸੀ ਤੇ ਦੂਜੀ ਵੇਰ ਅਕਤੂਬਰ ੧੯੦੭ ਵਿਚ ਪ੍ਰਕਾਸ਼ਤ ਹੋਇਆ।

†ਭਗਤ ਜਿਸ ਆਤਮ ਰਸ ਨੂੰ ਮਾਣਦੇ ਹਨ ਉਹ ਸ਼ਾਂਤਿ ਰਸ ਹੈ। ‡ਵਰਸਾਤ।

§ਅਨੋਖੀ ਅਰ ਸੁੰਦਰ ਵਸਤੂ ਤੋਂ ਜੋ ਵਿਸਮਾਦ ਦਾ ਭਾਵ ਪੈਦਾ ਹੋਕੇ ਰਸਰੂਪ ਹੋ ਜਾਵੇ ਉਹ ਅਦਭੁਤ ਰਸ ਕਹੀਦਾ ਹੈ।

¶ਬਰਖਾ = ਸ਼ਾਂਤ। ਧੁੱਪ = ਬੀਰ। ਧਨੁਖ ਅਕਾਸ਼ੀ = ਅਦਭੁਤ। ਪੌਣ = ਵਾਤਸਲ।

ਮਾਤ ਪਿਤਾ ਤੇ ਉਲਾਦ ਦਾ ਪਰਸਪਰ ਪੋਮ। $ਰਸਾਂ ਦਾ ਇਕ ਥਾਂ ਇਕੱਠ।

ਬਾਂਕੀ ਦੇਹ ਲੰਮੇਰੀ ਡੀਲੋਂ
ਆਸਨ ਚੁਸਤ ਜਮਾਏ,
ਇਕ ਹੱਥ ਸਿਮਰਨਿ*, ਦੂਏ ਅਸਿਤਾ ਲੈ,
ਸਤਿਗੁਰ ਬੈਸ ਸੁਹਾਏ ।

ਐਸੇ ਤੇਜਵਾਨ ਗੁਰ ਸੁੰਦਰ
ਕਲਗੀਆਂ ਵਾਲੇ ਪਧਾਰੇ,
ਨਿੱਤ ਬਿਰਾਜਣ ਮਨ ਸਾਡੇ ਵਿਚ
ਸਿੱਖ ਜਾਣ ਬਲਿਹਾਰੇ ।

—o—

੬੨. ਪ੍ਰਸੰਗ ਭਾਈ ਜਜੋਤੀ ਸਿੰਘ ਜੀ‡ ।

ਬ੍ਰਹਮ ਪੁੱਤਾਂ ਨਦੀ ਦੇ ਕਿਨਾਰੇ, ਢਾਕੇ ਸ਼ਹਿਰ ਤੋਂ ਕੁਝ ਦੂਰ, ਅੱਜ ਤੋਂ ਕੋਈ ਦੋ ਕੁ ਸੌ ਵਰ੍ਹਾ ਪਿੱਛੇ ਇਕ ਅਚਰਜ ਤਮਾਸ਼ਾ ਹੋ ਰਿਹਾ ਹੈ। ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਕਮਲਾਂ ਦਾ ਭੈਰਾ ਭਾਈ ਜਜੋਤੀ ਸਿੰਘ ਚੌਕੜੀ ਮਾਰੇ ਬੈਠਾ ਆਪਣੇ ਅਨੰਦ ਵਿਚ ਮਗਨ ਸਾਯੰਕਾਲ ਦੇ ਸਮੇਂ ਪ੍ਰੇਮ ਦੇ ਸ਼ਬਦ ਗਾਉਂ ਰਿਹਾ ਹੈ। ਦਿਲ ਪ੍ਰੇਮ ਵਿਚ ਮਗਨ ਹੈ, ਸੁਰਤਿ ਪੂਰਨ ਏਕਾਗ੍ਰਤਾ ਵਿਚ ਖਚਿਤ ਹੈ, ਜ਼ੁਬਾਨ ਪੇਮ ਰਸ ਦੀ ਰੱਤੀ ਐਸੇ ਦਿਲ ਖਿੱਚਵੇਂ ਸ਼ਬਦ ਗਾ ਰਹੀ ਹੈ ਕਿ ਵਲਦੇ ਜਲ ਨੂੰ ਮਾਨੋਂ ਬੰਨ੍ਹਣ ਵਾਲੀ ਗਲ ਹੋ ਰਹੀ ਹੈ। ਅੱਖਾਂ ਤੋਂ ਕਿਸੇ ਕਿਸੇ ਵੇਲੇ ਜਲ ਦੇ ਟੋਪੇ ਕਿਰਦੇ ਹਨ, ਸਰੀਰ ਸਾਰੇ ਤੇ ਲੂੰ ਕੰਡੇ ਹੋ ਹੋ ਜਾਂਦੇ ਹਨ। ਤੇ ਜਲ ਦੇ ਤ੍ਰੰਗ ਮਨ ਦੇ ਪ੍ਰੇਮ ਦੀਆਂ ਲਹਿਰਾਂ ਨਾਲ ਇਕ ਸੁਰ ਹੋ ਰਹੇ ਹਨ। ਇਨ੍ਹਾਂ ਦੀ ਮਧੁਰ ਧੁਨਿ ਦਾ ਉਹ ਦਿਲ ਖਿਚਵਾਂ ਅਸਰ ਪੈ ਰਿਹਾ ਹੈ ਕਿ ਇਕ ਨਵਾਬ ਸਾਹਿਬ ਬੋੜੀ ਵਿੱਚ ਉੱਤੋਂ ਆਪਣੇ ਜਸ਼ਨ ਵਿਚ ਰੱਤੇ ਹੋਏ ਤ੍ਰਬੁਕ ਉਠੇ, ਸ਼ਰਾਬ ਦਾ ਪਿਆਲਾ ਹਥੋਂ ਰਹਿ ਗਿਆ, ਨਚਦੀ ਵੇਸ਼ਵਾ ਨੂੰ ਨੱਚਣ ਦਾ ਹੁਕਮ ਬੰਦ ਹੋ ਗਿਆ, ਹਾ ਹਾ ਹੀਹੀ ਦੀ ਥਾਂ ਚੁਪ ਵਰਤ ਗਈ। ਸੰਧਿਆ ਦੇ ਮੱਧਮ ਆ ਰਹੇ ਹਨੇਰੇ ਵਿਚ ਪਿਆਰੀ ਰੁਮਕਦੀ ਪੌਣ ਨੇ ਸ਼ਾਂਤੀ ਨਾਲ ਵਗਦੀ ਸੀਤਲ ਤੇ ਸੁਹਾਉਣੀ ਨਦੀ ਨੇ ਅਤੇ ਮਿੱਠੀ ਮਿੱਠੀ ਪਸਰਦੀ ਠੰਢਕ ਨੇ ਇਸ ਸ਼ਾਂਤ ਮਈ ਸੰਗੀਤ ਨਾਲ ਮਿਲਕੇ ਐਸਾ ਅਸਚਰਜ ਅਸਰ ਕੀਤਾ ਕਿ ਸਾਰਾ ਜਲਸਾ ਘੰਡਾ ਹੜੇ ਦ ਮਿਰਗ ਵਾਂਙੂ ਸੁਣਦਾ ਸੁਣਦਾ ਸਰੂਰ ਵਿਚ ਆ ਗਿਆ, ਜਿਸ ਵੇਲੇ ਸਿੰਘ ਹੁਰਾਂ ਚੁੱਪ ਕੀਤੀ, ਨਵਾਬ ਸਾਹਿਬ ਦੇ ਮੂੰਹੋਂ 'ਵਾਹ ਵਾਹ' ਨਿਕਲੀ, ਚਾਰ ਚੁਫੇਰੇ ਤੱਕੇ, ਫੇਰ ਹੁਕਮ ਦਿੱਤਾ ਕਿ ਜਾਓ ਦੇਖੋ ਕੌਣ ਹੈ ? ਹੁਕਮ ਪਾਕੇ ਪਿਆਦੇ ਗਏ ਅਰ ਆਕੇ ਖਬਰ ਦਿੱਤੀ ਕਿ ਕੋਈ ਕਾਫਰ ਮਲੂੰਮ ਹੁੰਦਾ ਹੈ ਜੋ ਗਾ ਰਿਹਾ ਸੀ। ਹੁਕਮ ਹੋਇਆ ਹਾਜ਼ਰ ਕਰੋ। ਉਸੇ ਵੇਲੇ ਪਿਆਦਿਆਂ ਜਾ ਲਲਕਾਰਿਆ। ਸਤੋਗੁਣੀ ਸਮੁੰਦਰ ਵਿਚ ਗ਼ਰਕ ਹੋਏ ਹੋਏ ਸਿੰਘ ਜੀ ਸ਼ਾਂਤੀ ਨਾਲ ਤੱਕ ਕੇ ਸਹਿਜ ਨਾਲ ਬੋਲੇ, 'ਕੀ ਆਗਯਾ ਹੈ ?' ਸਿਪਾਹੀਆਂ ਨੇ ਕਿਹਾ, 'ਨਵਾਬ ਸਾਹਿਬ ਯਾਦ ਕਰਦੇ ਹਨ'। ਆਪ ਨੇ ਕਿਹਾ, 'ਸਾਡੇ ਗ਼ਰੀਬਾਂ ਨਾਲ ਉਨ੍ਹਾਂ ਦਾ ਕੀ ਪ੍ਰਯੋਜਨ ਹੋ ਸਕਦਾ ਹੈ?' ਪਰ ਉਨ੍ਹਾਂ ਦੀ ਬਹੁਤ ਖਿੱਚ ਕਰਨੇ ਪਰ ਉੱਠਣਾ ਪਿਆ। ਜਾਂ ਉਥੇ ਜਾਕੇ ਪਹੁੰਚੇ ਤਦ ਸ਼ਰਾਬ ਦਾ ਸਮਾਗਮ ਦੇਖਕੇ ਸਿੰਘ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਇਕ ਨਿੱਕੀ ਜਿਹੀ ਬੇਨਤੀ ਕੀਤੀ ਕਿ 'ਦੀਨਾ ਬੰਧੂ ਵਾਹਰੂ ਹੋਵੇ, ਕੱਜਲ ਦੀ ਕੋਠੜੀ ਵਿਚੋਂ ਨਿਰੰਜਨ ਲੈ ਚਲੀਓ'। ਨਵਾਬ ਸਾਹਿਬ ਨੇ ਨੇੜੇ ਸੱਦ ਕੇ ਕਿਹਾ, 'ਵਾਹ ਖੂਬ ! ਸਾਨੂੰ ਬੜਾ ਅਨੰਦ ਦਿੱਤਾ, ਧੰਨ ਹੋ ਆਪ ! ਬਹੁਤ ਖੁਸ਼ ਕੀਤਾ ਹੈ ! ਕੁਛ ਹੋਰ ਸੁਣਾਓ। ਪਰ ਓਹ ਸਾਡੀ ਸਮਝ ਵਿਚ ਨਹੀਂ ਆਇਆ, ਕੁਝ ਫਾਰਸੀ ਬੋਲੀ ਵਿਚ ਸੁਣਾਓ'। ਸਿੰਘ ਹੁਰਾਂ ਨੇ ਬੜੇ ਅਦਬ ਨਾਲ ਉੱਤਰ ਦਿੱਤਾ ਕਿ 'ਮੈਂ ਪਰਮੇਸ਼ੁਰ ਦੇ ਸ਼ੁਕਰ ਦੇ ਗੀਤ ਗਾਉਂਦਾ ਹਾਂ, ਜੋ ਮੇਰੀ ਬੋਲੀ ਵਿਚ ਹਨ, ਫਾਰਸੀ ਬੋਲੀ ਮੈਂ ਜਾਣਦਾ ਨਹੀਂ, ਇਸ ਕਰਕੇ ਗਾਉਣੋਂ ਅਸਮਰਥ

---

*ਸਿਮਰਨੀ, ਮਾਲਾ । †ਤਲਵਾਰ । ‡ਇਹ ਪ੍ਰਸੰਗ ਖ਼ਾ: ਸ: ਵਿਖੇ ੯ ਪੋਹ ਸੰ: ਗੁ: ਨਾ: ਸਾ: ੪੩੫ (੨੩ ਦਸੰਬਰ ੧੯੦੩ ਈ:) ਦੇ ਗੁਰਪੁਰਬ ਸਪਤਮੀ ਪਰ ਪ੍ਰਕਾਸ਼ਤ ਹੋਇਆ ਸੀ।

ਹਾਂ ?' ਨਵਾਬ ਨੇ ਕਿਹਾ 'ਅੱਛਾ ਸੁਣਾਓ ਸਾਨੂੰ ਤਾਂ ਅਵਾਜ਼ ਹੀ ਮਹਵ ਕਰ ਰਹੀ ਹੈ।' ਸਿੰਘ ਦੂਰਾਂ ਨੇ ਕਿਹਾ 'ਪਰਮੇਸ਼ੁਰ ਦੇ ਭਜਨ ਸੁਣਨ ਵਾਸਤੇ ਆਪਣੇ ਆਪ ਨੂੰ ਤਿਆਰ ਕਰੋ, ਇਹ ਮਾੜਾ ਸਾਮਾਨ ਦੂਰ ਕਰੋ, ਅਦਬ ਵਿਚ ਆਓ'। ਇਹ ਸੁਣਕੇ ਨਵਾਬ ਨੂੰ ਗੁੱਸਾ ਆ ਗਿਆ; ਹੁਕਮ ਦਿਤਾ, 'ਡੇਰੇ ਲੈ ਚਲੋ, ਮੁਸਲਮਾਨ ਬਣਾਓ, ਫਾਰਸੀ ਪੜ੍ਹਾਓ,ਫਿਰ ਗਜ਼ਲਾਂ ਸੁਣਾਏਗਾ'। ਹੁਕਮ ਹੁੰਦੇ ਹੀ ਸਿੰਘ ਜੀ ਬਦੋ ਬਦੀ ਡੇਰੇ ਪਹੁੰਚਾਏ ਗਏ।

ਇਸੇ ਸ਼ਹਿਰ ਵਿਚ ਇਕ ਮਾਈ ਕ੍ਰਿਸ਼ਨ ਕੌਰ ਨਾਮੇ ਰਹਿੰਦੀ ਸੀ, ਪਤੀ ਇਸ ਦਾ ਪਹਿਲਾਂ ਫੌਜ ਵਿਚ ਨੌਕਰ ਹੁੰਦਾ ਸੀ, ਜੋ ਕੁਛ ਬਰਸ ਹੋਏ ਤਦ ਚਲ ਗਿਆ ਸੀ, ਇਸ ਨੇ ਉਥੇ ਹੀ ਵਸੇਬਾ ਕਰ ਲਿਆ ਸੀ। ਨਿਰਬਾਹ ਜੋਗਾ ਪਦਾਰਥ ਹੋਗਾ ਸੀ, ਸੋ ਇਸ ਨ ਜੋ ਪਹਿਲਾਂ ਸਿਖ ਨਹੀਂ ਸੀ, ਹੁਣ ਸਿੰਘ ਧਰਮ ਧਾਰਨ ਕਰ ਕੇ ਉਸ ਦੇ ਪ੍ਰਚਾਰ ਕਰਨ ਦਾ ਉਪਕਾਰ ਸਿਰ ਚੱਕ ਕੇ ਦੇਹ ਦੀ ਸਫਲਤਾ ਨੂੰ ਮੁਹਰੇ ਧਰ ਲਿਆ। ਇਹ ਬੀਬੀ ਪਿਛੋਂ ਸਰਹੱਦ ਦੇ ਪਾਸੇ ਦੀ ਸੀ ਤੇ ਫਾਰਸੀ ਬੋਲੀ ਪੜ੍ਹੀ ਹੋਈ ਸੀ। ਇਸ ਨੇ ਭਾਈ ਜਜੋਤੀ ਸਿੰਘ ਦੇ ਫੜੇ ਜਾਣ ਦੀ ਸਾਰੀ ਵਿਥਯਾ ਸੁਣ ਲਈ ਸੀ। ਭਲਾ ਐਸੇ ਧਰਮਾਤਮਾਂ ਸਿੰਘ ਦੀ ਮੁਸੀਬਤ ਸੁਣ ਕੇ ਕਿੱਥੋਂ ਰਿਹਾ ਜਾਏ ? ਪਿਛਲੀ ਰਾਤ ਹੀ ਭੇਸ ਵਟਾ ਕੇ ਮਰਦਾਵਾਂ ਤੇ ਮੁਸਲੱਕਾ ਦਰਵੇਸ਼ਾਂ ਵਾਲਾ ਵੇਸ ਕਰਕੇ ਨਵਾਬ ਦੇ ਮਹਿਲਾਂ ਦੇ ਪਿਛਵਾੜੇ ਚਲੀ ਗਈ ਅਰ ਫਾਰਸੀ ਬੋਲੀ ਵਿਚ ਮਾਰਫਤ ਦੀਆਂ ਗਜ਼ਲਾਂ ਬੜੀ ਮਨੋਹਰ ਧੁਨਾਂ ਵਿਚ ਗਾਉਣ ਲਗ ਪਈ। ਤੜਕ ਸਾਰ ਇਸ ਦੀ ਕੋਇਲ ਵਰਗੀ ਅਵਾਜ਼ ਕੰਨੀ ਜੁ ਪਈ ਤਦ ਰਾਗ ਦੇ ਪਿਆਰੇ ਨਵਾਬ ਨੇ ਸੱਦ ਭੇਜਿਆ। ਸਾਈਂ ਲੋਕ ਨੇ ਬੜੇ ਪ੍ਰੇਮ ਨਾਲ ਮਨਮੰਨੇ ਫਾਰਸੀ ਰੰਗ ਸੁਣਾਏ ਖੁਸ਼ ਹੋਕੇ ਨਵਾਬ ਸਾਹਿਬ ਨੇ ਕੁਛ ਪਦਾਰਥ ਇਨਾਮ ਦਿਤਾ। ਜੋ ਫਕੀਰ ਨੇ ਲਿਆ ਨਾ, ਕਿ ਰੱਬ ਦੇ ਆਸ਼ਕਾਂ ਨੂੰ ਧਨ ਦੀ ਕੋਈ ਲੋੜ ਨਹੀਂ ਹੁੰਦੀ। ਨਵਾਬ ਦੇ ਫਿਰ ਕਹਿਣ ਤੇ ਕਿ ਕੁਛ ਤਾਂ ਕਬੂਲ ਕਰੋ, ਸਾਈਂ ਲੋਕਾਂ ਨੇ ਕਿਹਾ ਕਿ ਜੇ ਲੀਏ ਹੈ ਤਾਂ ਦੁਪੱਜਾਂ ਦੀ ਬਾਂ ਸਾਨੂੰ ਓਹ ਆਦਮੀ ਇਨਾਮ ਦੇ ਦਿਓ ਜੋ ਤੁਸਾਂ ਰਾਤੀ ਰਾਗ ਗਾਉਂਦਾ ਬੰਨ੍ਹ ਆਂਦਾ ਹੈ। ਨਵਾਬ ਮੁਸਲਮਾਨ ਫਕੀਰਦੀ ਫੁਰਮਾਇਸ਼ਮੋੜ ਨਾਂਸਕਿਆ, ਜਜੋਤੀ ਸਿੰਘ ਨੂੰ ਉਸ ਦੇ ਹਵਾਲੇ ਕਰ ਦਿਤਾ, ਪਰ ਨਾਲ ਸਿਫਾਰਸ਼ ਕੀਤੀ ਕਿ ਤੁਸੀਂ ਕਦੀ ਕਦੀ ਆਕੇ ਗਜ਼ਲਾਂ ਸੁਣਾ ਜਾਇਆ ਕਰੋ। ਸਾਈਂ ਲੋਕਾਂ ਨੇ ਕਿਹਾ ਕਿ ਅੱਲਾ ਵਾਲੇ ਮੌਜ ਤੁੰਗੀ ਹੁੰਦੇ ਹਨ, ਜਿਵੇਂ ਮੌਲਾ ਦਾ ਹੁਕਮ ਹੋਸੀ। ਖੁਸ਼ ਰਹੋ। ਰਾਤ ਤ੍ਰਿਪਹਿਰੇ ਤੋਂ ਪਹਿਲਾਂ ਦੀ ਲੱਗੀ ਕ੍ਰਿਸ਼ਨ ਕੌਰ ਦਿਨ ਦੀ ਦੁਪਹਿਰ ਦੇ ਵੇਲੇ ਤੋਂ ਅਗੇ ਆਪਣੇ ਇਕ ਗੁਰਮੁਖ ਵੀਰ ਨੂੰ ਕੋਦੋਂ ਛੁਡਾਕੇ ਡੇਰੇ ਲੈ ਆਈ।

ਸਿੰਘ ਜੀ ਢਾਕੇ ਗੁਰਦੁਆਰੇ ਆਂਦੇ ਗਏ। ਦੀਵਾਨ ਵਿਚ ਹਾਜ਼ਰ ਹੋਏ ਤੇ ਇਥੋਂ ਵਟਾਵੇਂ ਭੇਸ ਵਿਚ ਅਨੰਦਪੁਰ ਟੋਰੇ ਗਏ। ਮਾਈ ਤਾਂ ਉਸੇ ਸ਼ਹਿਰ ਪੰਥ ਦੀ ਸੇਵਾ ਕਰਦੀ ਰਹੀ ਤੇ ਸਿੰਘ ਜੀ ਸਨੇ ਸਨੇ ਅਨੰਦਪੁਰ ਅੱਪੜੇ। ਸਤਿਗੁਰਾਂ ਨੂੰ ਵਿਥਿਆ ਸੁਣਾਈ। ਪ੍ਰਸੰਨ ਹੋਕੇ ਮਹਾਂਰਾਜ ਜੀ ਨੇ ਕਿਹਾ, 'ਜਿਸ ਬੀਬੀ ਨੇ ਮੇਰੇ ਸਿਖ ਦੀ ਦੱਦਖਲਾਸ ਕਰਾਈ ਹੈ, ਉਸ ਦੀ ਲੋਕ ਪ੍ਰਲੋਕ ਵਿਚ ਬੰਦ ਖਲਾਸ ਹੋਈ'।

—o—

੬੩. ਕੁਰੁਛੇਤ੍ਰ ਫੇਰੀ*।

੧.

ਧੰਨ ਸ੍ਰੀ ਗੁਰੂ ਨਾਨਕ ਦੇਵ !
ਜੀਉ ਜੀ ! ਸਦਕੇ ਇਸ ਨਾਮ ਦੇ, ਆਖੇ ਨਾਂ ਨੈਣ ਮੁੰਦਕੇ, ਮਨ ਜੋੜਕੇ, ਪਿਆਰ ਵਿਚ ਭਹਕੇ, ਹਾਂ ਡਾਢੇ ਪਿਆਰ ਵਿਚ ਭਰਕੇ ਆਏ:—

ਧੰਨ ਸ੍ਰੀ ਗੁਰੂ ਨਾਨਕ ਦੇਵ !

'ਧੰਨ ਸ੍ਰੀ ਗੁਰੂ ਨਾਨਕ ਦੇਵ ਜੀ' ਗਏ ਸਨ ਕੁਰੁਛੇਤ੍ਰ ਸੂਰਜ ਗ੍ਰਹਿਣ ਪਰ, ਅਜ ਉਹੀ ਚੋਜੀ ਸਤਿਗੁਰੂ

ਇਹ ਪ੍ਰਸੰਗ ਪੋਹ ਸੁਦੀ ਸਪਤਮੀ ਪਰ ਜੋ ੨੦ ਪੋਹ ਸੰਮਤ ੭੬੭੪ ਨਾਨਕਸ਼ਾਹੀ, ੧੯੯੬ ਬਿ:, ੩ ਜਨਵਰੀ ੧੯੩੭ ਈ:, ਮੰਗਲਵਾਰ ਨੂੰ ਦੈਨਿਕ ਖਾਲਸਾ ਸਮਾਚਾਰ ਦਾ ਸਿਰਲੇਖ ਹੋਕੇ ਛਪਿਆ ਤੇ ਉਦ ਬੀ ਛਪਕੇ ਕਈ ਹਜ਼ਾਰ ਵੰਡਿਆ ਗਿਆ ਸੀ।

ਆਪਣੇ ਦਸਮੇ ਜਾਮੇ ਫੇਰ ਗਏ ਜੇ ਕੁਰਛੇਤ੍ਰ। ਤਦੋਂ ਉਚੇ ਗ੍ਰਹਿਣ ਲਗੇ ਵਿਚ ਕਿਸੇ ਦਾ ਆਂਦਾ ਸ਼ਿਕਾਰ—ਹਿਰਣ ਦਾ ਮਹਾਂ ਪ੍ਰਸ਼ਾਦਿ—ਪੁੱਲ੍ਹੇ ਚੜ੍ਹਾਕੇ, ਅਲ੍ਹੋਕਾਰ ਦੀ ਗਲ ਕਰਕੇ, ਜਗਤ ਵਿੱਚ ਲਿਆ ਸੀ ਅਪਣੀ ਵੱਲ ਤੇ ਫੇਰ ਇਲਾਹੀ ਨਾਦ ਦੀ ਸਿੰਙੀ ਵਾਕੇ ਹਜ਼ਾਰਾਂ ਨੂੰ ਮੌਤ ਮੰਡਲ ਵਿਚੋਂ ਕੱਢਕੇ ਲੈ ਆਂਦਾ ਸੀ ਜੀਵਨ ਦੇ ਦੇਸ਼। ਅੱਜ ਫੇਰ ਗ੍ਰਹਿਣ ਦੇ ਹੀ ਮੌਕੇ ਤੇ ਜਾ ਬੈਠਾ ਜੇ ਉਹੋ ਨੂਰ ਦਾ ਬੁੱਕਾ, ਉਹੋ ਜੋਤਿ ਨਿਰੰਜਨੀ, ਆਪਣੇ ਦਸਮੇਂ ਰੂਪ ਵਿਚ ਉਸੇ ਕੁਰੁਛੇਤ੍ਰ। ਵਰਤਾਉਣਾ ਹੈ ਹੁਣ ਬੀ ਕੋਈ ਨੌਤਕ ਜਗਤ ਨਿਸਤਾਰਣ ਦਾ, ਹਾਂ ਜੀ ਜਗਤ ਜਲੰਦੇ ਨੂੰ ਰੱਖ ਲੈਣ ਦਾ ਉਪਰਾਲਾ ਕਰਨਾ ਹੈ।

ਨੈਣ ਮੁੰਦ ਲਓ, ਦਿਲ ਜੋੜ ਲਓ, ਸੰਕਲਪਾਂ ਵਿਕਲਪਾਂ ਦੀ ਨੈਂ ਨੂੰ ਰਤਾ ਕੁ ਠੱਲ ਲਓ, ਪਿਆਰ ਦੀ ਕਲਾ ਮਰੋੜ ਲਓ—ਹਾਂ, ਉਹ ਜੋ ਹਰ ਕਿਸੇ ਦੇ ਅੰਦਰ ਧੀ, ਪੁਤ੍ਰ, ਇਸਤ੍ਰੀ, ਪਦਾਰਥ, ਇੱਜ਼ਤ ਅਬਰੋ ਵਲ ਪਿਆਰ ਦੀ ਕਲਾ ਚਲ ਰਹੀ ਹੈ—ਜ਼ਰਾ ਮੋੜ ਲਓ ਤੇ ਉਸਦਾ ਰੁਖ ਅੰਤਰ ਮੁਖ ਕਰ ਲਓ। ਆਪੇ ਵਿਚ ਖੜਾ ਕਰ ਲਓ ਅੰਦਰਲਾ ਸਾਰਾ ਪਿਆਰ ਦਾ ਰਉਂ, ਉਹ ਬਣ ਜਾਏਗਾ ਪ੍ਰੇਮ ਦਾ ਭਾਵ, ਹੁਣ ਆਖੋ:

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ,

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ।

ਸਰੀਰਕ ਜਾਮੇ ਵਿਚ ਬੀ ਪ੍ਰੇਮੀਆਂ ਦੇ ਅੰਗ ਸੰਗ, ਚੋਲਾ ਛੱਡਕੇ ਬੀ ਪ੍ਰੇਮੀਆਂ ਦੇ ਅੰਗ ਸੰਗ, ਸਦਾ ਮੁ ਤ ਸਦਾ ਜੀਵੇ, ਸਭ ਥਾਂਈਂ ਹੋਹਿ ਸਹਾਇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ!

ਅਪਣ ਦਸਮੇਂ ਜਾਮੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਹੋਕੇ ਅਨੰਦ ਪੁਰੋਂ ਟੁਰੇ ਸਨ ਕੁਛ ਸੈਨਾ ਨਾਲ ਲੈਕੇ। ਪਰਿਵਾਰ ਨਾਲ ਨਹੀਂ ਸੀ ਆਇਆ *।

ਹਾਂ ਜੀ, ਆਪ ਪਹੁੰਚ ਗਏ ਹਨ ਕੁਰਛੇਤ੍ਰ, ਕੁਛ ਸਿੰਘ ਨਾਲ ਆਏ ਸਨ, ਕੁਛ ਰਸਤੇ ਮਿਲੇ ਸਨ, ਕੁਛ ਏਥੇ ਆਏ ਹੋਏ ਮਿਲ ਰਹੇ ਹਨ। ਸ਼ਹਿਰੋਂ ਦੱਖਣੀ ਦਿਸ਼ਾ ਵਲ ਡੇਰਾ ਲਗ ਗਿਆ*। ਲੰਗਰ ਚੱਲ ਪਿਆ। ਲਗੀਆਂ ਸੰਗਤਾਂ ਆਉਣ ਤੇ ਪ੍ਰਸ਼ਾਦੇ ਛਕਣ ਤੇ ਫੇਰ ਦਰਸ਼ਨ ਕਰਨ, ਕੀਰਤਨ ਸੁਣਨ, ਸਤਿਗੁਰ ਦੀਆਂ ਮਿਹਰਾਂ ਨਾਲ ਕ੍ਰਿਤਾਰਥ ਹੋਣ ਤੇ ਜੀਅ ਦਾਨ ਲੈਣ। ਸੰਗਤਾਂ ਦਾ ਝੁਕਾਉ ਇੰਨਾ ਉਲਟਿਆ ਕਿ ਲੰਗਰ ਦਿਨ ਰਾਤ ਟੁਰਦਾ ਰਹੇ। ਗੁਰੂ ਜੀ ਦੇ ਸੁੰਦਰ ਦਿਦਾਰੇ ਦੀ, ਮਹਾਨ ਉੱਤਮ ਉਪਦੇਸ਼ਾਂ ਦੀ, ਜੀਅ ਦਾਨ ਦੇਣ ਦੀ, ਦਿਆਲੂ ਕ੍ਰਿਪਾਲੂ ਹੋਣ ਦੀ ਤੇ ਲੰਗਰ ਅਟੁੱਟ ਦੀ ਕੀਰਤੀ ਟੁਰ ਪਈ। ਮੇਲੇ ਤੇ ਆਏ ਸਨ ਜੋਗੀ ਕਨਪਾਟੇ। ਜੋਗੀਆਂ ਦਾ ਇਕ ਵਡਾ ਸਿਰਕਰਦਾ ਚੰਦਨ ਨਾਥ ਸੀ ਜੋ ਤੀਰੰਦਾਜ਼ੀ ਵਿਚ ਮੰਨਿਆਂ ਪ੍ਰਮੰਨਿਆਂ ਉਸਤਾਦ ਸੀ ਤੇ ਨਾਲੇ ਆਇਆ ਹੋਇਆ ਸੀ ਕੇਸ਼ੀ ਮਦਨ ਨਾਥ। ਇਹ ਸੀ ਬਾਲਗੁੰਦਾਈ ਦੀਗੋਂਦੀ ਦਾ ਮਾਲਕ, ਪ੍ਰਸਿੱਧ ਜੋਗੀਆਂ ਦਾ ਵਡਕਾ। ਜਾਪਦਾ ਹੈ ਕਿ ਲੰਗਰ ਦੀ ਕੀਰਤੀ ਤੇ ਸੰਗਤਾਂ ਦਾ ਅਮਿੱਤ ਝੁਕਾਉ ਤੱਕਕੇ ਚੰਦਨ ਨਾਥ ਨੂੰ ਕੁਛ ਈਰਖਾ ਫੁਰ ਆਈ ਤੇ ਮਨ ਵਿਚ ਵਿਚਾਰਿਆ ਕਿ ਚੱਲੋ ਅਪਣੀ ਸਿੱਧੀ ਦੀ ਸ਼ਕਤੀ ਨਾਲ ਲੰਗਰ ਅਟੁੱਟ ਹੋਣ ਦੀ ਕੀਰਤੀ ਵਿਚ ਭੰਗ ਪਾਈਏ। ਇਹ ਗਲ ਉਸ ਨੇ ਮਦਨ ਨਾਥ ਨਾਲ ਕੀਤੀ। ਮਦਨ ਨਾਥ ਗੁਰੂ ਘਰ ਦਾ ਜਾਣੂ ਸੀ, ਗੁਰੂ ਨਾਨਕ ਉਪਦੇਸ਼, ਜੋ ਬਾਲਗੁੰਦਾਈ ਨੂੰ ਮਿਲਿਆ ਸੀ, ਉਸ ਨੂੰ ਪਤਾ ਸੀ ਅਰ ਤਦੋਂ ਦਾ ਇਹ ਅਸੂਲ ਉਨ੍ਹਾਂ ਵਿਚ ਘਰ ਕਰ ਗਿਆ ਹੋਇਆ ਸੀ ਕਿ ਸਭ ਕਰਮ ਧਰਮ, ਸਭ ਜਪ ਤਪ, ਹਠ ਨਿਗ੍ਰਹੁ, ਪ੍ਰਾਣਾਯਾਮ, ਧਯਾਨ ਆਦਿ ਸਾਧਨ'ਨਾਮ' ਬਿਨਾਂ ਸਫਲ ਨਹੀਂ ਹਨ। ਨਾਮ ਦੀ ਕੀਮਤ 'ਏਕਾ' ਹੈ ਤੇ ਹੋਰ ਸਭ ਨੇਕੀਆਂ, ਸਭ ਧਰਮ, ਸਭ ਕਰਮ, ਸਭ ਸਾਧਨ 'ਬਿੰਦੀਆਂ' ਹਨ, ਏਕੇ ਦੇ ਨਾਲ ਬਿੰਦੀਆਂ ਸਫਲ ਹਨ, ਕੀਮਤ ਵਾਲੀਆਂ ਹਨ, ਬਿੰਦੀਆਂ ਏਕੇ ਬਿਨਾਂ ਨਿਸ਼ਫਲ ਹਨ।

---

*ਸ੍ਰੀ ਗੁਜਰੀ ਮਾਤਾ ਜੀ ਆਦਿ। ਰੁਖ ਕੁਰਕੇ ਲਖਿ ਸਦਨ ਅਬਾਦ'। ਅਰਥਾਤ ਵਡੇ ਮਾਤਾ ਜੀ ਤੇ ਪਰਿਵਾਰ ਸਦਨ ਅਬਾਦ ਰਹੇ, ਭਾਵ ਘਰੇ ਰਹੇ, ਫੇਰ ਲਿਖਿਆ ਹੈ-'ਗਮਨੇ ਪ੍ਰਭੂ ਅਸਵਾਰੀ ਛਡੀ'। [ਗੁ: ਪ੍ਰ: ਨੁ: ਰੁਤ ੫ ਅੰਸੂ ੩੦।

*ਗੁਰ ਪ੍ਰ: ਸੂ: ਵਿਚ ਕੁਰਛੇਤ੍ਰ ਦੇ ਉਤਾਰੇ ਬਾਬਤ ਇੰਞ ਲਿਖਿਆ ਹੈ:-'ਦੱਖਣ ਦਿਸ਼ ਤੀਰਥ ਕੀ ਆਏ'। ਪੁਨਾ:-'ਏਕ ਅਟਾਰੀ ਅੱਟਣ ਸ਼ਾਹੁ। ਉਤਰੇ ਪ੍ਰਭੂ ਜਾਇ ਤਿਸ ਪਾਹੂ। ਪਸ਼ਚਮ ਦਿਸ਼ ਤੀਰਥ ਕੀ ਬਾਹੀ। ਨਿਸ ਮਹਿੰ ਬਾਸ ਕਰਤ ਭੇ ਤਾਹੀ।' ਗੁਰਦਵਾਰਾ ਦਸਮੇਸ਼ ਜੀ ਦਾ ਸ਼ਹਿਰੋਂ ਦੱਖਣ ਪੱਛਮ ਨੂੰ ਹੈ ਤੇ ਤਾਲ ਤੋਂ ਪਛਮੋਤ੍ਰ ਨੂੰ ਹੈ। ਸ਼ਹਿਰ ਦੇ ਅੰਦਰ ਬੀ ਦਸਮੇਸ਼ ਜੀ ਦਾ ਇਕ ਗੁਰਦਵਾਰਾ ਹੈ। †ਤਵਾ: ਖਾ:।

ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥ ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ ॥ ੫੦ ॥ [ਅਕਾਲ ਉਸਤਤ

ਸੋ ਮਦਨ ਨਾਥ ਨੇ ਵਿਚਾਰ ਕੇ ਕਿਹਾ:—ਮੈਂ ਤਾਂ ਉਨ੍ਹਾਂ ਦੇ ਸੰਗ ਨੂੰ ਦੂਰੋਂ ਹੀ ਆਪਣੇ ਡੇਰੇ ਅਗੋਂ ਲੰਘਦਿਆਂ ਵੇਲੇ ਸੀਸ ਨਿਵਾ ਲਿਆ ਸੀ। ਸਾਡੇ ਵੱਡੇ ਨੇ ਉਨ੍ਹਾਂ ਦੇ ਆਦਿ ਕਰਤਾ ਅਗੇ ਸਿਰ ਝੁਕਾਇਆ ਸੀ, ਮੈਂ ਪ੍ਰੀਖਜਾ ਹਿਤ ਨਹੀਂ, ਦਰਸ਼ਨ ਮੇਲੇ ਲਈ ਜਾਵਾਂਗਾ। ਉਹ ਜਨਮ ਤੋਂ ਬੜੇ ਸਿੱਧ ਹਨ, ਅਵਤਾਰ ਹਨ, ਸੂਰਮੇ ਹਨ ਤੇ ਪ੍ਰਜਾ ਦੀ ਰੱਖਿਆ ਲਈ ਤਨ ਮਨ ਧਨ ਵਾਰ ਰਹੇ ਹਨ।

ਪਰ ਫੇਰ ਬੀ ਚੰਦਨ ਨਾਥ ਦੀ ਪ੍ਰੇਰਨਾਂ ਤੇ ਹਠ ਕਰਕੇ ਮਦਨ ਨਾਥ ਤਰ ਪਿਆ। ਸਾਰੇ ਜੋਗੀ ਕਨਪਾਟਿਆਂ ਦੀ ਜਮਾਤ, ਜੋ ਗ੍ਰਹਿਣ ਪਰ ਹਾਜ਼ਰ ਸੀ ਤੇ ਉਨ੍ਹਾਂ ਦੇ ਮੇਲੀ ਗੇਲੀ ਚੇਲੇ ਸੇਵਕ ਜੋ ਇਸ ਸਮੇਂ ਆਏ ਹੋਏ ਸਨ, ਨਾਲ ਟੁਰ ਪਏ, ਅਤੇ ਗੁਰੂ ਕੇ ਦੁਆਰੇ ਸਿੱਧੇ ਲੰਗਰ ਵਿਚ ਗਏ ਤੇ ਪੰਗਤਾਂ ਬੰਨ੍ਹ ਕੇ ਬੈਠ ਗਏ। ਗੁਰੂਘਰ ਦਾ ਆਦਿ ਪਾਤਸ਼ਾਹੀ ਤੋਂ ਇਹੋ ਦਸਤੂਰ ਚਲਾ ਆ ਰਿਹਾ ਹੈ ਕਿ ਲੰਗਰ ਵਿਚ ਕਿਸੇ ਮਤ ਭੇਖ ਦਾ ਆ ਬੈਠੇ ਸਭ ਨੂੰ ਖਿੜੇਮੱਥੇ ਅੰਨ ਦਿੱਤਾ ਜਾਵੇ ਤੇ ਮਤ ਭੇਦ ਦਾ ਵਿਤਕਰਾ ਨਾ ਕੀਤਾ ਜਾਵੇ। ਗੁਰੂ ਕੇ ਸੇਵਕਾਂ ਨੇ ਜੀ ਆਇਆਂ ਨੂੰ ਕੀਤਾ, ਆਦਰ ਦਿੱਤਾ ਤੇ ਹੱਥ ਧੁਆਕੇ ਪ੍ਰਸ਼ਾਦਿ ਪੁੱਸਿਆ ਤੇ ਜੋਗੀ ਲੱਗੇ ਖਾਣ। ਜੋਗੀਆਂ ਨੇ ਆਪਣੀ ਜੋਗ ਕਲਾ ਨਾਲ, ਆਖਦੇ ਹਨ ਕਿ, ਅੰਨ ਮੁਕਾਉਣਾ ਸ਼ੁਰੂ ਕਰ ਦਿੱਤਾ। ਦੋਹਾਂ ਵਡੇਨਾਥਾਂ ਦੇ ਬਹਤਨਾਂ ਵਿਚ ਜੋ ਕੁਛ ਪਏ ਪਈ ਜਾਏ ਤੇ ਓਹ ਭਰਨ ਨਾ*। ਸੋ ਲੰਗਰ ਵਰਤੀਂਦਾ ਰਿਹਾ ਤੇ ਜੋਗੀ ਚਾਹੇ ਔਖਧੀਆਂ ਦੇ ਬਲ ਨਾਲ ਚਾਹੇ ਸਿੱਧੀ ਨਾਲ ਅੰਨ ਮੁਕਾਉਂਦੇ ਚਲੇ ਗਏ†। ਜਦੋਂ ਲਾਗਰੀਆਂ ਨੇ ਡਿੱਠਾ ਕਿ ਇਹ ਲੋਕ ਜੋ ਹੁਣ ਆ ਕੇ ਬੈਠੇ ਹਨ, ਕੀ ਭੁਖ ਵਲੋਂ ਤੇ ਕੀਹ ਗੈਣਤੀ ਵਲੋਂ ਇਸ ਤਰ੍ਹਾਂ ਦੇ ਤਕੜੇ ਹਨ ਕਿ ਲੰਗਰ ਮੁੱਕ ਜਾਏਗਾ, ਤਾਂ ਸੋਚੀਂ ਪਏ ਕਿ ਗੁਰੂ ਕਾ ਲੰਗਰ ਅਤੁੱਟ ਚਲਾ ਆਯਾ ਹੈ ਦਸਾਂ ਪੀਹੜੀਆਂ ਤੋਂ ਤੇ ਇਹ ਅੱਜ ਕੀਹ ਭਾਣਾਵਰਤਣ ਲੱਗਾ ਹੈ! ਇਉਂ ਸੋਚਕੇ ਓਹ ਘਬਰਾਏ। ਦੋ ਚਾਰ ਸਿੰਘ ਮਸ਼ਵਰਾ ਕਰਕੇ ਸਾਹਿਬਾਂ ਪਾਸ ਪੁਜੇ ਤੇ ਸਾਰੀ ਵਾਰਤਾ ਸੁਣਾਈ। ਸਾਹਿਬ ਜੀ ਸੁਣਕੇ ਹੱਸੇ ਤੇ ਆਖਣ ਲੱਗੇ—"ਭਾਈ ਖਾਲਸਾ ਜੀ! ਓਦਰੋ ਨਹੀਂ, ਗੁਰੂ ਨਾਨਕ ਦਾ ਲੰਗਰ ਅਟੁੱਟ ਹੈ। ਜੋਗ ਅੱਭਜਾਸ ਕਰਨ ਦਾ ਵੱਡਾ ਅਵਗੁਣ ਇਹੀ ਹੈ ਕਿ ਕੁਛ ਏਕਾਗ੍ਰਤਾ ਕਰਨ ਨਾਲ ਸਿੱਧੀ ਪੁਗਆਂਵਦੀ ਹੈ। ਅੱਭਜਾਸੀ ਫਿਰ ਉਸ ਸਿੱਧੀ ਦਾ ਖਹਿੜਾ ਛੱਡਕੇ ਮੁਕਤੀ ਦੀ ਸੜਕ ਪਰ ਨਹੀਂ ਟੁਰੀ ਜਾਂਦਾ, ਉਹ ਇਨ੍ਹਾਂ ਸਿੱਧੀਆਂ ਵਿਚ ਫਸ ਖੜੋਂਦਾ ਹੈ। ਪਰ ਸਿੱਧੀ ਨਾਲ ਲੋਕਾਂ ਵਿਚ ਮਾਨ ਹੋਣ ਲਗ ਪੈਂਦਾ ਹੈ। ਜਿਉਂ ਜਿਉਂ ਲੋਕ ਮਾਨ ਕਰਦੇ ਹਨ ਤਿਉਂ ਤਿਉਂ ਜੋਗੀਦਾ ਅਭਿਮਾਨ ਵਧਦਾ ਹੈ। ਮਾਨ ਤਾਂ ਲੋਕਾਂ ਵਲੋਂ ਬਾਹਰੋਂ ਆਉਂਦਾ ਹੈ ਪਰ ਮਾਨ ਪ੍ਰਾਪਤੀ ਨਾਲ ਅਭਿਮਾਨ ਅੰਦਰੋਂ ਮੱਲਦਾ ਹੈ। ਅਭਿਮਾਨ ਹੈ ਅਹੰਕਾਰ ਦਾ ਜੇਠਾ ਪੁੱਤ੍ਰ। ਅਹੰਕਾਰ ਹੈ ਹਉਂ ਦਾ ਪ੍ਰਗਟ ਸਰੂਪ। ਹਉਂ ਨੇ ਸਾਨੂੰ ਕਰਤਾਰ ਤੋਂ ਵਿਛੋੜਿਆ ਹੈ ਤੇ ਮਾਯਾ ਮੋਹ ਵਿਚ ਪਾਇਆ ਹੈ। ਹਉਂ ਦਾ ਬਾਹਰ ਮੁਖ ਪ੍ਰਕਾਸ਼ਦੀ ਹੈ ਤਾਂ 'ਮੈਂ' ਤੇ 'ਮੇਰੀ' ਦੇ ਰੂਪ ਧਾਰਨ ਕਰਦੀ ਹੈ, 'ਮੈਂ' ਤਾਂ ਅਹੰਕਾਰ ਬਣਕੇ ਅੰਦਰ ਖੜੋ ਜਾਂਦੀ ਹੈ ਤੇ ਸਾਈਂ ਜੀ ਨਾਲ ਵਿੱਥ ਵਧਾ ਲੈਂਦੀ ਹੈ ਤੇ ਦੂਜੇ ਪਾਸੇ 'ਮੇਰੀ' ਨੂੰ ਬਾਹਰ ਵਲ ਸੱਤਰਾ ਦੇਂਦੀ ਟੋਰਦੀ ਹੈ 'ਮੇਰੀ' ਬਾਹਰ ਦੇ ਪਸਾਰ ਨਾਲ ਪਕੜਾਂ ਪਾਉਂਦੀ, ਕਬਜ਼ੇ ਜਮਾਉਂਦੀ ਹੈ। ਫਿਰ ਇਹ ਵਾਂਛਤ ਵਸਤੂ ਨਾਲ ਮੋਹ ਤੇ ਅਵਾਂਛਤ ਵਸਤੂ ਨਾਲ ਦ੍ਵੈਖ ਵਧਾਉਂਦੀ ਹੈ। ਵਾਂਛਤ ਜੇ ਪ੍ਰਾਪਤ ਹੁੰਦੀ ਜਾਏ ਤਾਂ ਇਹ ਲੋਭ, 'ਲਓ ਲਈ ਅਡਿੱਪਤ ਮਾਇਆ।' ਨਾ ਮਿਲੇ ਤਾਂ ਕ੍ਰੋਧ। ਅਵਾਂਛਤ ਵਸਤੂ ਮਿਲੇ ਤਾਂ ਛਿਬਿਹਾਨ, ਜੇ ਹੋਰਨਾਂ ਨੂੰ ਵਾਂਛਤ ਵਸਤੂ ਮਿਲੇ ਤਾਂ ਈਰਖਾ। ਇਉਂ ਕਰਮ ਜਾਲ ਤਣੀਦਾ ਹੈ। ਇਸ ਕਰਮ ਜਾਲ ਵਿਚ ਫਸਿਆ ਜੀਵ ਫਿਰ ਮੁਕਤੀ ਦੇ ਰਸਤੇ ਪੁਰ ਟੁਰ ਨਹੀਂ ਸਕਦਾ। ਜਿਵੇਂ ਕਹਿੰਦੇ ਹਨ ਕਿ ਜਲ ਵਿਚ ਜੋ ਤਾਰੂ ਸ਼ੁਹ ਦਰਯਾ ਤਰਕੇ ਪਾਰ ਜਾ ਰਿਹਾ ਹੋਵੇ ਜੇ ਉਸਨੂੰ ਤੇਂਦੂਆ ਗ੍ਰਸ ਲਵੇ ਤਾਂ ਉਹ ਫੇਰ ਅਪਣੇ ਰਾਹੇ ਤੁਰ ਕੇ ਪਾਰ ਨਹੀਂ ਜਾਸਕਦਾ। ਸੋ ਇਕ ਤਾਂ ਹਉਂ ਵਿਛੋੜਨ ਵਾਲੀ ਉਤੋਂ ਸਿਧੀਆਂ ਨਾਲ ਮਿਲ ਪਿਆ ਮਾਨ। ਦੁਹਾਂ ਤੋਂ ਰਖਣ ਲਈ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਨ

*ਤੁਵਾ: ਖਾ:।

†ਜੋਗ ਸ਼ਾਸਤ੍ਰ ਵਿਚ ਸਿੱਧੀ ਔਖਧੀਆਂ ਨਾਲ ਵੀ ਮੰਨੀ ਹੈ।

ਆਪਣੇ ਸਿੱਖਾਂ ਨੂੰ ਸਿਖਾਇਆ ਕਿ ਸੱਤਿਨਾਮ ਦੇ ਸਿਮਰਨ ਵਿਚ ਸੁਰਤ ਦਾ ਸਦਾ ਲੱਗੇ ਰਹਿਣਾਂ ਸਭ ਤੋਂ ਵਡੀ ਸਿੱਧੀ ਤੇ ਕਰਾਮਾਤ ਹੈ!ਇਹ ਸਤਿਨਾਮ ਦੀ ਕਰਾਮਾਤ ਕਰਮ ਜਾਲ ਤੋਂ ਛੁਡਾਉਂਦੀ ਹੈ। ਹੋਰ ਕਰਾਮਾਤਾਂ ਨੂੰ ਚੰਗਾ ਨਾ ਜਾਣੋਂ ਜੇ ਮੁਕਤ ਮਾਰਗ–ਨਾਮ–ਤੋਂ ਰੋਕ ਲੈਂਦੀਆਂ ਹਨ। ਤੀਜੇ ਜਾਮੇ ਫੁਰਮਾਯਾ– ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿਆਇ।[ਵਾ:ਵਡ:ਮ:੩ ਤੇ ਫੇਰ ਫੁਰਮਾਯਾ– ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥ [ਵਾਰ ਸੋ: ਮ: ੩

ਫਿਰ ਖਾਲਸਾ ਜੀ ਤੱਕੋ ! ਇਨ੍ਹਾਂ ਸਿੱਧੀਆਂ ਕਰਾਮਾਤਾਂ ਨੇ ਜੋ ਜੋਗੀ ਪ੍ਰਾਪਤ ਕਰਕੇ ਫਸ ਜਾਂਦੇ ਹਨ, ਕਦੇ ਜ਼ਾਲਮ ਨਹੀਂ ਠਾਕੇ। ਕਿਸੇ ਸਿੱਧੀ ਨੇ ਮਹਿਮੂਦ ਦੇ ਹੱਲੇ ਨਾ ਰੋਕੇ, ਕਿਸੇ ਔਰੰਗਜ਼ੇਬ ਨੂੰ ਸਿੱਧਿਆਂ ਨਾ ਕੀਤਾ। ਕਰਾਮਾਤਾਂ ਦੇ ਚੇਟਕੀ ਸੈਦਪੁਰ ਸੰਡਜ਼ਾਲੀ ਵਿਚ ਹਾਕਮ ਨੂੰ ਤਸੱਲੀ ਦਿਵਾਉਂਦੇ ਰਹੇ ਕਿ ਸਾਡੀ ਸਿਧੀ ਬਾਬਰ ਦੀਆਂ ਤੋਪਾਂ ਦੇ ਮੂੰਹ ਮੁੰਦ ਦੇਵੇਗੀ, ਮੁਗ਼ਲ ਅੰਨ੍ਹੇ ਹੋ ਜਾਣਗੇ, ਪਰ ਕਿਸ ਦੀ ਸਿੱਧੀ ਕਿਸੇ ਦੀ ਕਰਾਮਾਤ ਨੇ ਉਸ ਵੇਲੇ ਕੋਈ ਸਹਾਇਤਾ ਨਾ ਕੀਤੀ*। ਬਾਬਰ ਨੇ ਸੈਦਪੁਰ ਸੰਡਜ਼ਾਲੀ ਦੀ ਕਤਲਾਮ ਕੀਤੀ। ਜੇ ਸੈਦਪੁਰ ਵਾਲੇ ਬਲੀ ਹੁੰਦੇ ਤਾਂ ਬਲ ਦੀ ਕਰਾਮਾਤ ਬਾਬਰ ਦਾ ਬੁਥਾੜ ਭੰਨ ਦੇਂਦੀ। ਇਸ ਲਈ ਜ਼ਾਲਮਾਂ ਨੂੰ ਸਿੱਧਾ ਕਰਨ ਲਈ ਕਰਾਮਾਤ ਤਲਵਾਰ ਹੈ, ਸ਼ਸਤ੍ਰ ਹੈ। ਸ਼ਸਤ੍ਰ ਸਿੱਖਾਂ ਦੇ ਹੱਥ ਜ਼ੁਲਮ ਦੇ ਦੂਰ ਕਰਨ ਲਈ ਤਾਹੀਓਂ ਦਿੱਤਾ ਗਿਆ ਹੈ। ਅੰਦਰ ਕਰਾਮਾਤ ਦਿਨ ਰਾਤ ਟੁਰੀ ਰਹੇ ਸੱਚੇ ਨਾਮ ਦੀ, ਬਾਹਰ ਕਰਾਮਾਤ ਟੁਰੇ ਪ੍ਰੇਮ ਦੀ। ਤੇ ਪ੍ਰੇਮ ਦ ਘਾਤਕਾਂ ਤੇ ਪ੍ਰਜਾ ਦੇ ਵੈਰੀਆਂ ਨਾਲ ਕਰਾਮਾਤ ਟੁਰੇ ਬਾਹੁਬਲ ਦੀ ਜੋ ਬਾਹੁਬਲ ਕਿ ਟੁਰੇ ਸ਼ੁਭ ਆਚਰਨ ਤੇ ਬੁੱਧੀਮਤਾ ਦੇ ਮੋਢਿਆਂ ਪਰ ਅਤੇ ਵਰਤੀਵੇ ਭਲੇ ਅਰਥ ਲਈ ਕੇਵਲ।

ਇੰਨੇ ਨੂੰ ਲੰਗਰ ਵਿਚੋਂ ਹੋਰ ਖ਼ਬਰ ਆਈ ਕਿ "ਪਾਤਸ਼ਾਹ ! ਰਿੱਧਾ ਪੱਕਾ ਤਾਂ ਹੁਣ ਫਤੇ ਗਜਾਉਣ ਲਗਾ ਹੈ ਤੇ ਫੇਰ ਦਾਲਾਂ ਦੇ ਦੇਗੇ ਤੇ ਭਾਜੇ ਤੋਣਾਂ ਰੋਟੀਆਂ ਐਡੀ ਛੇਤੀ ਤਿਆਰ ਨਹੀਂ ਹੋ ਸਕਦੇ ਕਿ ਨਗਾਲ ਨਾ ਟੁੱਟੇ, ਭਾਵੇਂ ਦੇਗੇ ਬੁੜਕ ਰਹੇ ਹਨ, ਆਟੇ ਗੁੰਧੇ ਜਾ ਰਹੇ ਹਨ,ਪਰ ਵਿਚਕਾਰ ਵਿੱਥ ਪੈ ਜਾਏਗੀ।" ਸਤਿਗੁਰਾਂ ਨ ਸੁਣ ਕੇ ਭਾਈ ਦਇਆ ਸਿੰਘ ਜੀ ਪਿਆਰੇ ਨੂੰ ਆਵਾਜ਼ ਦਿੱਤੀ ਤੇ ਆਖਿਆ: "ਸਿੰਘ ਜੀ ਲੰਗਰ ਵਿਚ ਜਾਓ ਤੇ ਵਰਤਾਵੇ ਦਾ ਕੰਮ ਕਰੋ। ਜੋਗੀਆਂ ਦੀ ਜਮਾਤ ਬੈਠੀ ਹੈ, ਸਭ ਦੇ ਅੱਗੇ ਇਕ ਇਕ ਪ੍ਰਸ਼ਾਦਾ ਅਪਣੇ ਹੱਥੀਂ ਰਖੋ। ਆਖੋ 'ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਵਿਸ਼ਵ ਨੂੰ ਭਰਨ ਵਾਲੇ। ਰੁੱਖਾਂ ਤੋਂ ਰੋਜ਼ੀ ਸੱਟਣ ਵਾਲੇ ਧੰਨ ਸਾਹਿਬ ਸ੍ਰੀ ਗੁਰੂ ਅੰਗਦ ਦੇਵ।' ਜਾਓ, ਇਹ ਕਹਿਕੇ ਅਤ੍ਰਿਪਤ ਜੋਗੀਆਂ ਨੂੰ ਤ੍ਰਿਪਤ ਕਰੋ, ਜਿਨ੍ਹਾਂ ਨੂੰ ਸਰੀਰ ਦੇ ਅੰਗਾਂ ਦੀਆਂ ਹਰਕਤਾਂ ਪਰ ਕਾਬੂ ਹੈ, ਜਿਨ੍ਹਾਂ ਨੂੰ ਸੰਸਾਰ ਦੀਆਂ ਦਿਸਦੀਆਂ ਚੀਜ਼ਾਂ ਪਰ ਵਸੀਕਾਰ ਦਾ ਮਾਣ ਹੈ, ਜਿਨ੍ਹਾਂ ਨੂੰ ਮਾਨਸਿਕ ਤਾਕਤਾਂ ਪਰ ਤਾਣ ਹੈ, ਪਰ ਜਿਨ੍ਹਾਂ ਨੂੰ ਮਨ ਦੀਆਂ ਵਾਗਾਂ ਪਰ–ਵਾਸ਼ਨਾਂ ਪਰ–ਵਸੀਕਾਰ ਘੱਟ ਹੈ, ਜਿਨ੍ਹਾਂ ਵਿਚ ਤ੍ਰਿਸ਼ਨਾਂ ਦੀ ਅਤ੍ਰਿਪਤੀ ਹੈ, ਜਾਓ ਗੁਰੂ ਨਾਨਕ ਦਾਤ ਨਾਲ ਤ੍ਰਿਪਤ ਕਰੋ ਉਨ੍ਹਾਂ ਨੂੰ।"

ਸਾਹਿਬਾਂ ਦਾ ਹੁਕਮ ਪਾਕੇ ਭਾਈ ਦਇਆ ਸਿੰਘ ਜੀ ਜੋ ਹਠ ਜੋਗ ਰਾਜ ਜੋਗ ਤੇ ਵੇਦਾਂਤ ਦੇ ਵੱਡੇ ਗ੍ਯਾਨੀ ਸੇ ਤੇ ਨਾਮ ਦੀ ਵਿਦਯਾ ਦੇ ਪੂਰੇ ਉਸਤਾਦ ਸੇ ਸਿਰ ਨਿਹੁੜਾਕੇ ਸਾਹਿਬਾਂ ਦੇ ਚਰਨਾਂ ਨਾਲ ਮੱਥਾ ਛੁਹਾ ਕੇ, ਥਾਪੜਾ ਲੈਕੇ ਟੁਰ ਪਏ। ਲੰਗਰ ਵਿਚ ਜਾਕੇ ਪ੍ਰਸ਼ਾਦੇ ਚੁਕਵਾਏ ਤੇ ਆਪ ਵਰਤਾਉਣ ਟੁਰ ਪਏ। ਲਾਂਗਰੀ ਦੇਖ ਰਹੇ ਸੇ ਕਿ ਹੁਣ ਟੋਟਾ ਆਇਆ ਕਿ ਆਇਆ, ਪਰ ਸ੍ਰੀ ਦਇਆ ਸਿੰਘ ਜੀ ਨੇ ਕੀਹ ਡਿੱਠਾ ਕਿ ਸਾਈਂ ਵਿਸ਼੍ਵੰਭਰ ਹੈ ਰਿਜ਼ਕ ਦਾ ਦਾਤਾ ਹੈ। 'ਜਿ ਜੀਉ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ ਸਭ ਘਟ ਭੀਤਰਿ ਹਾਟੁ ਚਲਾਵੈ'। [ਸ੍ਰੀ: ਬਃ ਰਵਿਃ ਜੀਉ

ਆਪ ਧੰਨ ਸ੍ਰੀ ਗੁਰ ਨਾਨਕ ਦੇਵ, ਧੰਨ ਸ੍ਰੀ ਗੁਰ ਅੰਗਦ ਦੇਵ ਉਚਾਰਦੇ ਪ੍ਰਸ਼ਾਦੇ ਵਰਤਾਉਣ ਲਗ ਪਏ। ਜਿਸ ਦੇ ਅੱਗੇ ਆਪ ਇਕ ਪ੍ਰਸ਼ਾਦਾ ਸੱਟ ਗਏ, ਉਸ ਨੇ ਫੇਰ ਹੋਰ ਨਹੀਂ ਮੰਗਿਆ। ਉਹ ਅਸ਼ਾਂਤੀ ਜੋ ਸਿੱਧੀਆਂ ਨਾਲ ਖਾਣ ਵਾਲੇ ਦਿਖਾ ਰਹੇ ਸੇ ਦੂਰ ਹੋ ਗਈ। ਇਥੋਂ ਭਾਈ ਕਿ ਚੰਦਨ ਨਾਥ ਦੀ ਅਪਣੀ ਬੀ ਦੂਰ ਹੋ ਗਈ। ਜਿਵੇਂ ਗੁਰੂ ਬਾਬੇ ਨੇ ਨਾਮ ਦੀ ਕਲਾ ਦਾਨ ਕਰਕੇ 'ਸ਼ਬਦ ਸ਼ਾਂਤਿ ਸਿੱਧਾਂ ਵਿਚ' ਵਰਤਾਈ ਸੀ ਤਿਵੇਂ ਭਾਈ ਦਇਆ ਸਿੰਘ ਨੇ ਸਰੀਰਕ ਭੁੱਖ ਦੀ ਤ੍ਰਿਪਤੀ ਸਾਰੀ ਜਮਾਤ ਨੂੰ ਵਰਤਾ

*ਭੱਜੀ ਮੁਗ਼ਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥

ਦਿੱਤੀ। ਇਕ ਇਕ ਪ੍ਰਸ਼ਾਦਾ ਇਸ ਕਰਨੀ ਵਾਲੇ ਗੁਰਮੁਖ ਦੇ ਹੱਥੋਂ ਕੀਹ ਵਰਤਿਆ, ਭੁਖਿਆਂ ਦੀ ਭੁੱਖ ਉਤਾਰਨ ਵਾਲਾ ਰੱਜ ਵਰਤ ਗਿਆ।

ਇਹ ਕਲਾ ਵੇਖਕੇ ਚੰਦਨ ਨਾਥ ਨੇ ਵਿਚਾਰਿਆ ਕਿ ਜਿਸ ਗੁਰੂ ਦੇ ਇਕ ਸਿੱਖ ਵਿਚ ਇਤਨੀ ਸੱਤਜਾ ਹੈ* ਉਹ ਆਪ ਪਤਾ ਨਹੀਂ ਕਿਨ੍ਹਾਂ ਰਿੱਧੀਆਂ ਸਿੱਧੀਆਂ ਦਾ ਮਾਲਕ ਹੋਵੇਗਾ! ਮੈਨੂੰ ਪਹਿਲੋਂ ਹੀ ਮਦਨ ਨਾਥ ਕਹਿੰਦਾ ਸੀ ਕਿ ਇਨ੍ਹਾਂ ਨਾਲ ਅੜਨਾ ਚੰਗਾ ਨਹੀਂ ਹੈ, ਸੋ ਹੁਣ ਜ਼ਿਦ ਛੱਡਕੇ ਉੱਠੀਏ ਤੇ ਦਰਸ਼ਨ ਮੇਲਿਆਂ ਦਾ ਲਾਹਾ ਲਵੀਏ। ਇਹ ਵਿਚਾਰ ਕੇ ਮਦਨ ਨਾਥ ਨੂੰ ਕਹਿਣ ਲੱਗਾ: 'ਸੁਣਾਓ ਨਾਥ ਜੀ! ਹੁਣ ਕੀਹ ਮਰਜ਼ੀ ਹੈ?'

ਮਦਨ ਨਾਥ–ਨਾਥ ਜੀ! ਪੁੱਗਣੀ ਨਹੀਂ। ਸਾਡੀਆਂ ਤਾਕਤਾਂ ਸਰੋਵਰਾਂ ਦੀ ਨਮਾਈਂ ਹਨ ਤੇ ਉਹ ਹੈ ਪੂਰੇ ਕਾਰਕ, ਅਵਤਾਰ, ਉਹ ਸਮੁੰਦਰ ਮੁੱਠ ਵਿਚ ਲਈ ਬੈਠਾ ਹੈ। ਆਖਰ ਨਾਥ ਜੀ! ਸਾਧਨ ਕਰਕੇ ਸਿੱਧ ਹੋਏ ਵਿਚ ਤੇ ਪੂਰੇ ਸਰੂਪ ਵਿਚੋਂ ਅਵਤਰੇ ਵਿਚ ਫਰਕ ਹੋਣਾ ਹੋਇਆ। ਸਾਡੇ ਵਡੇ ਸ੍ਰੀ ਬਾਲ ਗੁੰਦਾਈ ਜੀ ਕੈਸੇ ਪੂਰਨ ਹੋਏ ਹਨ! ਪਾਰਬਤੀ ਨੇ ਜਿਨ੍ਹਾਂ ਨੂੰ ਸ਼ਿਵਾਂ ਨਾਲ ਸ਼ਰਤ ਬੰਨ੍ਹਕੇ ਭੁਲਾਉਣਾ ਚਾਹਿਆ ਤਾਂ ਉਹ ਨਾਂ ਡੋਲੇ, ਤਦ ਉਨ੍ਹਾਂ ਨੂੰ ਮਾਈ ਨੇ ਅਸੀਸ ਦਿੱਤੀ। ਐਸਾ ਤਕੜਾ ਸੀ ਬਾਲ ਗੁੰਦਾਈ। ਅਸਾਂ ਵਡਿਆਂ ਤੋਂ ਸੁਣਿਆ ਹੈ ਕਿ ਬਾਲ ਗੁੰਦਾਈ ਝੱਖੜਾ ਤੇ ਸਾਗ ਖਾਕੇ ਗੁਜ਼ਾਰਾ ਕਰਦਾ ਸੀ ਤੇ ਸਾਰਾ ਆਇਆ ਪਦਾਰਥ ਵੰਡ ਦੇਂਦਾ ਸੀ। ਉਸ ਸਾਡੇ ਵੱਡੇ ਦੀ ਸੂਖਮ ਹਉਂ ਦਾ ਪਤਾ ਗੁਰ ਨਾਨਕ ਦੇਵ ਨੇ ਉਸਨੂੰ ਦਿੱਤਾ ਸੀ* ਤੇ ਮੈਂ ਕਿਸੇ ਉਦਾਸੀ ਨਾਲ ਨਹੀਂ ਸਗੋਂ ਫਖਰ ਨਾਲ ਦੱਸਦਾ ਹਾਂ ਕਿ ਸਾਡੇ ਵਡੇ ਨੇ ਗੁਰ ਨਾਨਕ ਦੇਵ ਜੀ ਦੇ ਚਰਨ ਚੁੰਮੇ ਤੇ ਅਗੋਂ ਨੂੰ ਆਪਣੀ ਪੱਧਤ ਵਿਚ ਹੁਕਮ ਦਿੱਤਾ ਕਿ ਆਪਣੇ ਸਾਧਨ ਤੇ ਕਰਮ ਕਰਦਿਆਂ ਟੇਕ ਨਾਮ ਤੇ ਰੱਖਣੀ ਹੈ। ਸਾਧਨ ਸਰੀਰ ਨੂੰ ਸਾਧਣ ਲਈ ਕਰਨੇ ਹਨ ਸਿੱਧੀਆਂ ਲਈ ਨਹੀਂ ਤੇ ਨਾਮ ਸਿਮਰਨ ਕਲਿਆਨ ਲਈ ਹੈ। ਜੋ ਮੇਰੀ ਗੱਦੀ ਤੇ ਟਿਕੇ ਐਸਾ ਕਰੇ। ਜਦੋਂ ਐਸਾ ਕਰਨੋਂ ਆਲਸ ਆਊ ਤਦੋਂ ਮਾਇਆ ਛਲ ਲੈਂਦੀ। ਸੋ ਅਸੀਂ ਤਾਂ ਇਸ ਘਰ ਦੇ ਸ਼ਰਧਾਲੂ ਹਾਂ, ਤੁਸਾਂ ਨੂੰ ਪਰਤਾਵੇ ਦਾ ਸ਼ੌਕ ਸੀ ਸੋ ਕਰਕੇ ਵੇਖ ਲਿਆ ਨੇ। ਏਹ ਜੋ ਮਗਰੋਂ ਅੰਨ ਵਰਤਾਉਣ ਆਇਆ ਸੀ ਸਮਝ ਵਲੋਂ ਗਜਾਤਰੋਜ ਹੈ ਤੇ ਕਰਨੀ ਵਲੋਂ ਪੂਰਾ ਹੈ, ਪਰ ਗੁਰੂ ਦੇ ਅੱਗੇ ਦਾਸਾਂ ਵਾਂਙੂ ਵਰਤਦਾ ਹੈ। ਐਸੇ ਐਸੇ ਮਹਾਨ ਪੁਰਖ ਸਤਿਗੁਰੂ ਦੇ ਨਾਲ ਜੋਧੇ ਤੇ ਸੇਵਕ ਹਨ ਤਦੇ ਹੀ ਤਾਂ ਪਾਤਸ਼ਾਹੀ ਨਾਲ ਟਾਕਰੇ ਜੋੜਕੇ ਨਿਰਭੈ ਵਰਤ ਰਿਹਾ ਹੈ। ਉਸ ਅਵਤਾਰ ਗੁਰੂ ਦੀ ਤਾਕਤ ਅਤੇ ਇਨ੍ਹਾਂ ਕਰਨੀ ਦੇ ਸੂਰੇ ਸਿੱਖਾਂ ਦੀ ਤਾਕਤ ਸਾਰੀ ਲਗ ਰਹੀ ਹੈ ਜ਼ਲਮ ਰਾਜ ਦੇ ਦੂਰ ਕਰਨ ਵਿਚ। ਆਓ, ਹੁਣ ਸੱਜਨਤਾ ਦੇ ਭਾਵ ਨਾਲ ਚੱਲੀਏ ਤੇ ਦਰਸ਼ਨ ਕਰੀਏ। ਤੁਸੀਂ ਮਿਲਕੇ ਸੰਤੁਸ਼ਟ ਹੋ ਜਾਸੋ ਕਿ ਜੋ ਕੁਛ ਸ੍ਰੀ ਬਾਲ ਗੁੰਦਾਈ ਜੀ ਨੇ ਡਿੱਠਾ ਸੀ ਸੋ ਕੁਛ ਸੱਚ ਹੈਸੀ।

ਇਉਂ ਵਾਰਤਾਲਾਪ ਕਰਦੇ ਨਾਥ ਨੇ 'ਅਲੱ' ਆਖੀ ਤੇ ਸਾਰੀ ਜਮਾਤ ਨੇ ਭੋਜਨ ਤੋਂ ਹੱਥ ਚਾ ਲਏ ਤੇ ਫੇਰ ਹੱਥ ਧੋਕੇ ਉੱਠ ਖਲੀ ਹੋਈ।

੨.

ਗ੍ਰਹਿਣ ਲੱਗੇ ਤੇ ਲੋਕੀ ਦਾਨ ਕਰਦੇ ਹਨ। ਇਸ ਦਾਨ ਦਾ ਮਤਲਬ ਇਹ ਹੁੰਦਾ ਹੈ ਕਿ ਦਾਨ ਦੇ ਬਲ ਨਾਲ ਸੂਰਜ ਯਾ ਚੰਦ, ਜਿਸ ਨੂੰ ਗ੍ਰਹਿਣ ਲਗਾ ਹੈ, ਉਸ ਦੀ ਕਲਿਆਣ ਟਿਵੇ। ਖਿਆਲ ਕਰਦੇ ਆਏ ਹਨ ਪੌਰਾਣਕ ਲੋਕ ਕਿ ਚੰਦ ਸੂਰ ਨੂੰ ਰਾਹੂ ਕੇਤੂ ਨਾਮੇ ਰਾਖਸ਼ ਫੜ ਲੈਂਦੇ ਹਨ ਤੇ ਗ੍ਰਹਿਣ ਵੇਲੇ ਸ੍ਰਿਸ਼ਟੀ

---

*ਗੁਰਬਾਣੀ ਵਿਚ ਰਿੱਧੀ ਸਿੱਧੀ ਨੂੰ ਛੁੱਛ ਪੜ੍ਹਕੇ ਕਈ ਲੋਕ ਜੋ ਕਰਨੀ ਦੇ ਰਸਤੇ ਨਹੀਂ ਟੁਰੇ ਖਯਾਲ ਕਰਦੇ ਹਨ ਕਿ ਨਾਮ ਅੱਭਯਾਸ ਵਿਚ ਕੋਈ ਸ਼ਕਤੀ ਨਹੀਂ ਹੁੰਦੀ। ਨਾਮ ਜਦ ਪੁੱਗਦਾ ਹੈ ਤਾਂ ਸਤਿਗੁਰੂ ਨੇ ਲਿਖਿਆ ਹੈ:– 'ਰਿਧ ਸਿਧ ਨਾਵੈ ਕੀ ਦਾਸੀ' ॥ ਪਨਾ:–'ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ ॥' [ਸਿਰੀ ਵਾਃ ਮਃ ੩

ਮਤਲਬ ਹੈ ਕਿ 'ਨਾਮ ਸਿੱਧ' ਪੁਰਖ ਵਿਚ ਸੁਭੇ ਸੱਤਜਾ ਉਪਜਦੀ ਹੈ, ਪਰ ਉਹ ਮੁਕਤ ਮਾਰਗ ਦਾ ਟੁਰਨ ਵਾਲਾ ਇਨ੍ਹਾਂ ਤਾਕਤਾਂ ਵਲ ਗਹੁ ਨਹੀਂ ਕਰਦਾ, ਕਿਉਂਕਿ ਉਹ ਜਾਣਦਾ ਹੈ ਕਿ ਇਹ ਵਾਹਿਗੁਰੂ ਜੀ ਦੇ ਮਿਲਾਪ ਦੇ ਮਾਰਗ ਵਿਚ ਰੋਕਾਂ ਹਨ। ਨਾਮ ਪੌਂਹੀ ਨੂੰ ਸਿੱਧੀ ਫੁਰੇ ਤਾਂ ਇਸ ਨੂੰ ਧਰੇ ਕਰਦਾ ਹੈ ਤੇ ਇਕੋ ਵਾਹਿਗੁਰੂ ਪ੍ਰੇਮ ਵਿਚ ਵਸਦਾ ਹੈ, ਤੇ ਟੁਰਦਾ ਹੁਕਮ ਵਿਚ ਹੈ।

*ਬਾਲ ਗੁੰਦਾਈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੇਟ ਦਾ ਹਾਲ ਪੜ੍ਹਨ ਲਈ ਦੇਖੋ ਸ੍ਰੀ ਗੁਰ ਨਾਨਕ ਚਮਤਕਾਰ ਉਤਾਰਖ ਪ੍ਰਸੰਗ ੬੪.

ਫਲੋਂ ਦਾਨ ਆਦਿ ਕਰਮਾਂ ਨਾਲ ਉਹ ਨਿਰਬਲ ਹੋਕੇ ਉਨ੍ਹਾਂ ਨੂੰ ਛੱਡ ਦੇਂਦੇ ਹਨ। ਇਸ ਵਹਿਮ ਤੋਂ ਛੁਡਾਉਣ ਲਈ ਕੌਤਕੀ ਸਤਿਗੁਰੂ ਜੀ ਨੇ ਇਕ ਕੌਤਕ ਰਚਿਆ ਜਿਵੇਂ ਕਿਸੇ ਐਸੇ ਸਮੇਂ ਕੁਰੁਛੇਤਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੌਤਕ ਰਚਕੇ ਜੀਵ ਉਧਾਰੇ ਸਨ। ਅੱਜ ਆਪ ਨੇ ਬੀ ਇਕ ਖੇਲ ਰਚਾਇਆ। ਇਕ ਖੋਤਾ ਮੰਗਾ ਕੇ ਉਸ ਨੂੰ ਨਵਾਂ ਸਾਜ਼ ਪਾਕੇ ਸ਼ਿੰਗਾਰਿਆ ਤੇ ਕੁਛ ਚਾਂਦੀ ਮੋਨੇ ਦਾ ਗਹਿਣਾ ਬੀ ਲਟਕਾ ਦਿੱਤਾ ਤੇ ਆਗਜ਼ਾ ਕੀਤੀ ਕਿ ਇਸ ਦਾ ਦਾਨ ਦੇਣਾ ਹੈ ਗ੍ਰਹਿਣ ਵਿਚ, ਕੋਈ ਬ੍ਰਾਹਮਣ ਇਹ ਦਾਨ ਆਕੇ ਲਵੇ। ਇਹ ਇਕ ਅਨੋਖੀ ਤੇ ਪ੍ਰਚਲਤ ਨਿਸ਼ਚਿਆਂ ਦੇ ਵਿਰੁੱਧ ਗਲ, ਤੇ ਨਾਲ ਹੀ ਹਾਸੇ ਭਰੀ ਗਲ ਸਾਰੇ ਮੇਲੇ ਦੇ ਲੋਕਾਂ ਵਿਚ ਫੈਲ ਗਈ। ਅਨੇਕਾਂ ਬ੍ਰਾਹਮਣਾਂ ਦਾ ਦਿਲ ਖੋਤੇ ਦੇ ਗਲ ਗਹਿਣਾ ਸੁਣਕੇ ਲੈਣ ਨੂੰ ਲਲਚੇ ਪਰ ਫੇਰ ਇਕ ਗ੍ਰਹਿਣ ਦਾ ਦਾਨ ਤੇ ਇਕ ਗਧਾ, ਸੋਚ ਸੋਚ ਤੇ ਚਾਹ ਚਾਹ ਕੇ ਰਹਿ ਰਹਿ ਜਾਣ। ਓਧਰ ਹਜ਼ਾਰਾਂ ਲੋਕੀ ਏਹ ਦੇਖਣ ਲਈ ਕਿ ਖੋਤਾ ਕੈਸਾ ਸ਼ੰਗਾਰਿਆ ਹੈ ਤੇ ਵਖੀਏ ਕੌਣ ਲੈਂਦਾ ਹੈ, ਝੁਰਮਟਾਂ ਪਾ ਪਾਕੇ ਆ ਜੁੜੇ। ਇਹ ਵੇਲਾ ਆਇਆ ਜਗਤ ਉਧਾਰਕ ਲਈ ਇਕੱਨੇ ਹੋਇਆਂ ਨੂੰ ਸਤਿਨਾਮ ਦਾ ਉਪਦੇਸ਼ ਦੇਣ ਦਾ ਤੇ ਭਰਮਾਂ ਵਿਚ ਫਾਥਿਆਂ ਨੂੰ ਵਾਹਿਗੁਰੂ ਦੇ ਰਸਤੇ ਲਾਉਣ ਦਾ। ਗੁਰੂ ਜੀ ਨੇ ਹੁਣ ਸ੍ਰਿਸ਼ਟੀ ਨੂੰ, ਜੋ ਵਹਿਮਾਂ ਵਿਚ ਫਸਕੇ ਰੁਲ ਰਹੀ ਸੀ, ਇਕ ਅਕਾਲ ਪੁਰਖ ਦਾ ਗਿਆਨ ਪ੍ਰਤਿਪਾਦਨ ਕੀਤਾ। ਉਸ ਦੀ ਪ੍ਰਾਪਤੀ ਨੂੰ ਮਨੁੱਖਾ ਜਨਮ ਦਾ ਪ੍ਰਯੋਜਨ ਦੱਸਿਆ। ਉਸ ਦੀ ਪ੍ਰਾਪਤੀ ਦਾ ਸਾਧਨ ਉਸ ਦੀ ਪ੍ਰੇਮਾ ਭਗਤੀ ਦੱਸੀ। ਪ੍ਰੇਮਾ ਭਗਤੀ ਦੀ ਪ੍ਰਾਪਤੀ ਉਸ ਦੇ ਨਾਮ ਸਿਮਰਨ ਤੋਂ ਸਿਖਾਈ। ਨਾਮ ਸਿਮਰਨ ਵਿਚ ਸ਼ਰਧਾ ਤੇ ਚਾਉ ਉਪਜਣ ਦਾ ਵਸੀਲਾ ਗੁਰ ਕੀ ਬਾਣੀ ਦਾ ਪਾਠ ਵੀਚਾਰ ਤੇ ਕੀਰਤਨ ਦੱਸਿਆ। ਗੁਰਬਾਣੀ ਦੇ ਦੱਸੇ ਹੁਕਮ ਤੇ ਟੁਰਨ ਵਿਚ ਤੇ ਗੁਰਬਾਣੀ ਦੀ ਪ੍ਰਤਿਪਾਦਨ ਕੀਤੀ ਰਹੁ ਰੀਤਿ ਧਾਰਨ ਕਰਨ ਵਿੱਚ ਮਨ ਦੀ ਮੈਲ ਅਟਕਾਰਾ ਦੱਸੀ ਤੇ ਇਸਦੇ ਦੂਰ ਕਰਨ ਦਾ ਪਹਿਲਾ ਉਪਾਉ ਸੇਵਾ ਦੱਸਿਆ। ਨਾਲ ਫਿਰ ਇਹ ਸਿਖਲਾਇਆ ਕਿ ਪਰਮੇਸ਼ੁਰ ਦੀ ਬੰਦਗੀ ਵਿਚ ਲਗ ਕੇ ਸੰਸਾਰ ਤੋਂ ਤ੍ਰੁੱਟ ਜਾਣਾ ਜ਼ਰੂਰੀ ਨਹੀਂ। ਐਸਾ ਕਰਨੇ ਨਾਲ ਸੁਰਤ ਨੂੰ ਪਰਤਾਵਿਆਂ ਦੇ ਸਾਹਮਣੇ ਫਤੇ ਹਾਸਲ ਕਰਨ ਦਾ ਮੌਕਾ ਨਹੀਂ ਮਿਲਦਾ। ਬਿਨਾ ਮੁਕਾਬਲਾ ਕੀਤੇ ਤਾਕਤ ਨਹੀਂ ਭਰਦੀ। ਬਿਨਾ ਤਾਕਤ ਭਰੇ ਦੇ ਸੁਰਤ ਪੰਜ ਮਹਾਂ ਬਲੀਆਂ ਤੇ ਹਾਵੀ ਨਹੀਂ ਪੈ ਸਕਦੀ, ਇਸ ਲਈ 'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ' ਦੇ ਮਾਰਗ ਪਰ ਟੁਰੋ। ਦੂਸਰਾ ਨੁਕਸ ਬਨਾਂ ਨੂੰ ਭੱਜ ਜਾਣ ਦਾ ਇਹ ਦੱਸਿਆ ਕਿ ਜਦ ਚੰਗੇ ਲੋਕ ਅਤੀਤ ਹੋ ਜਾਂਦੇ ਹਨ ਤੇ ਬਨੀਂ ਜਾ ਬੈਠਦੇ ਹਨ ਤਾਂ ਪਿੱਛੇ ਭਾਈਚਾਰਾ ਨਿਕੰਮੇ ਆਦਮੀਆਂ ਦਾ ਰਹਿ ਜਾਂਦਾ ਹੈ, ਇਨ੍ਹਾਂ ਨੂੰ ਵੀ ਤਜ਼ਾਗ ਚੰਗਾ ਲਗਦਾ ਹੈ, ਤਜ਼ਾਗ ਕਰ ਤਾਂ ਸਕਦੇ ਨਹੀਂ ਪਰ ਤਜ਼ਾਗ ਸੋਚਦੇ ਸੋਚਦੇ ਢਿੱਲੇ ਤੇ ਨਿਤਾਣੇ ਹੋ ਜਾਂਦੇ ਹਨ। ਫਿਰ ਦੇਸ਼ ਵਿਚ ਅਗਜ਼ਾਨ ਛਾ ਜਾਂਦਾ ਹੈ, ਆਪੋ ਵਿਚ ਮੇਲ ਨਹੀਂ ਰਹਿੰਦਾ, ਦੂਜੇ ਦੇਸ਼ਾਂ ਦੇ ਜ਼ਾਲਮ ਆਕੇ ਰਾਜ ਭਾਗ ਖੋਹਕੇ ਪਰਜਾ ਨੂੰ ਦੁੱਖ ਦੇਂਦੇ ਹਨ, ਜੈਸੇ ਕਿ ਅਰਬੀਆਂ ਦੇ ਹਮਲੇ ਵੇਲੇ ਸਿੰਧ ਦੇ ਕਿਸੇ ਰਾਜੇ ਦੀ ਵਾਰਤਾ ਕਰਦੇ ਹਨ ਕਿ ਕਿਲ੍ਹੇ ਦੀਆਂ ਕੁੰਜੀਆਂ ਬਿਨਾ ਲੜੇ ਦੇ ਯਵਨੀ ਹੱਲਾ ਕਰਨ ਵਾਲੇ ਨੂੰ ਦੇ ਦਿੱਤੀਆਂ ਕਿ ਮੇਰਾ ਧਰਮ ਜੁੱਧ ਨਹੀਂ ਸਿਖਾਲਦਾ। ਇਸ ਤਰ੍ਹਾਂ ਦੇਸ਼ ਦੀ ਦੁਰਗਤੀ ਇਸ ਹਾਲ ਨੂੰ ਪੁਜ ਗਈ ਹੈ ਕਿ ਜਿਸ ਤੋਂ ਘਰ ਘਰ ਰੌਲਾ ਹੈ। ਸੋ ਮੁਕਤ ਮਾਰਗ ਤੇ ਸ਼੍ਰੇਯ ਮਾਰਗ ਇਹ ਹੈ ਕਿ ਅਨੇਕ ਦੇਵਾਂ ਨੂੰ ਛੋੜ ਕੇ ਇਕ ਅਕਾਲ ਪੁਰਖ ਦੀ ਪੂਜਾ ਕਰੋ, ਪ੍ਰੇਮ ਤੇ ਕੇਵਲ ਪ੍ਰੇਮ ਉਸਦੇ ਮਿਲਨ ਦਾ ਵਸੀਲਾ ਬਣਾਓ ਤੇ ਪ੍ਰੇਮ ਪ੍ਰਾਪਤੀ ਲਈ ਨਾਮ ਸਿਮਰੋ। ਜੀਵਨ ਪਵਿਤ੍ਰ ਕਰੋ, ਆਚਰਨ ਉੱਚਾ ਰਖੋ, ਵਿਦਜ਼ਾ ਪਾਓ ਤੇ ਭਾਈਚਾਰੇ ਵਿਚ ਸਾਧੂ ਜੀਵਨ ਵਾਲੇ ਹੋਕੇ ਵੱਸੋ ਤੇ ਭਰਾਵਾਂ ਨੂੰ ਸੰਵਾਰੋ। ਜੀਵਨ ਕੁਰਬਾਨੀ ਵਾਲਾ ਬਣਾਓ, ਇਹ ਸੇਵਾ ਹੈ, ਸੇਵਾ ਹੀ ਹਉਂ ਨੂੰ ਕੱਟਦੀ ਹੈ। ਕੁਰਬਾਨੀ ਇਹ ਨਾ ਕਰੋ ਕਿ ਤਨ ਹੇਮੰ-ਚਲ ਜਾ ਕੇ ਗਾਲੇ ਤੇ ਪਦਾਰਥ ਸੁੱਟ ਦਿਓ। ਤਨ ਦੇ ਤਜ਼ਾਗ ਨੂੰ ਸੇਵਾ ਵਿਚ ਸਫਲਾਓ। ਇਸ ਵੇਲੇ ਸ਼ਸਤ੍ਰ ਵਿਦਜ਼ਾ ਸਿੱਖ ਕੇ ਦੇਸ਼ ਦੇ ਵੈਰੀਆਂ ਦੇ ਬਲ ਤੋੜੇ ਤੇ ਇਸ ਜਤਨ ਵਿਚ ਸਰੀਰ ਵਾਰਨਾ ਪਵੇ ਤਾਂ ਵਾਰ ਦਿਓ। ਪਦਾਰਥ ਬੀ ਇਸੇ ਕੰਮ ਤੇ ਲਾਓ। ਇਹ

ਆਪਣੇ ਲਾਲਚ ਲਈ ਨਾ ਕਰੋ, ਪਰ ਕੇਵਲ ਜ਼ੁਲਮ ਤੋਂ ਪਰਜਾ ਦੀ ਰਖਯਾ ਲਈ ਕਰੋ।

ਇਸ ਪ੍ਰਕਾਰ ਦੇ ਉੱਚੇ ਉਪਦੇਸ਼ ਨਾਲ ਜਿਸ ਨੂੰ ਵਰਣਨ ਕਰ ਸਕਣਾ ਕਠਨ ਹੈ ਉਸ ਰੱਬੀ ਗਲੇ ਨੇ ਉਸ ਸਾਈਂ ਵਾਲੇ ਦਿਮਾਗ ਨ ਹਜ਼ਾਰਾਂ ਜੀਵਾਂ ਦਾ ਕਲਿਆਨ ਕੀਤਾ, ਪਰ ਉਹ ਜੋ ਕੌਤਕ ਰਚਿਆ ਸੀ ਉਹ ਅਜੇ ਖੜਾ ਸੀ। ਕਿਸੇ ਨੇ ਆਕੇ ਹੀਆ ਕਰਕੇ ਦਾਨ ਨਾ ਮੰਗਿਆ। ਇਕ ਮਨੀਰਾਮ ਨਾਮੇ ਬ੍ਰਾਹਮਣ ਨੇ ਇਹ ਵਿਚਾਰਿਆ ਕਿ ਗਾਂ ਕੀਹ ਤੇ ਖੇਤਾ ਕੀਹ, ਧਨ ਕੀਹ ਤੇ ਨਾ ਕੀਹ, ਗਹਿਣ ਕੀਹ ਤੇ ਪੁਤ੍ਰੇਸ਼ਟੀ ਯੱਗ ਕੀਹ; ਜਿਸ ਸਮੇਂ ਤੇ ਜਦੋਂ ਜਗਤ ਰੱਖਯਕ ਅਵਤਾਰ ਦੇ ਹੱਥੋਂ ਜੋ ਕੁਝ ਮਿਲੇ ਉਸ ਵਿਚ ਕਲਿਆਨ ਹੈ। ਦਾਨ ਭਾਰਾ ਹੈ ਕਿ ਹਲਕਾ ਹੈ, ਦਾਨ ਕਿਸ ਸ਼ੈ ਦਾ ਹੈ ਕਿਸ ਦਾ ਨਹੀਂ, ਉਹ ਸ਼ਾਸਤ੍ਰ ਵਿਹਤ ਹੈ ਕਿ ਨਹੀਂ, ਉਸ ਵੇਲੇ ਸੋਚੀਦਾ ਹੈ ਕਿ ਜਿਸ ਵੇਲੇ ਦਾਨ ਕਰਨ ਵਾਲਾ ਰਾਜਾ ਹੋਵੇ ਕਿ ਸਾਧਾਰਣ ਗ੍ਰਿਹਸਤੀ ਹੋਵੇ ਜਿਸ ਨੇ ਦਾਨ ਦੇਕੇ ਅਪਣੇ ਗ੍ਰੈਹੁ ਟਾਲਣੇ ਹਨ ਤੇ ਆਪਣ ਕਰਮਾਂ ਦੇ ਭਾਰ ਬ੍ਰਹਮਣ ਨੂੰ ਦੇਣੇ ਹਨ। ਜਦੋਂ ਦਾਤਾ ਆਪ ਹੋਵੇ ਸਾਈਂ ਤ ਸਾਈਂ ਰੰਗ-ਰਤੜਾ ਭਗਤੀ ਦਾ ਅਵਤਾਰ ਤਦੋਂ ਦਾਨ ਵਿਚ ਉਸਦੀ ਖੁਸ਼ੀ ਉਸਦੇ ਚੋਜ ਵਿਚ ਉਸਦਾ ਚਾਉ ਮਿਲਦਾ ਹੈ। ਉਸਦੀ ਖੁਸ਼ੀ ਤੇ ਚਾਉ ਵਿਚ ਜੀਵ ਦੀ ਕਲਿਆਣ ਹੈ। ਇਸ ਵਾਸਤੇ ਜੇ ਮੈਂ ਦਾਨ ਲੈ ਲਵਾਂ ਤਾਂ ਮੇਰਾ ਭਲਾ ਹੋਵੇਗਾ। ਮੇਰੇ ਅੰਦਰ ਖੋਤੇ ਦੇ ਗਲ ਪਏ ਗਹਿਣੇ ਦਾ ਲੋਭ ਨਹੀਂ, ਮੇਰੇ ਅੰਦਰ ਦੇਣਹਾਰ ਦਾਤੇ ਦਾ ਪ੍ਰੇਮ ਹੈ। ਜੇ ਦਾਨ ਉਹ ਚੋਜ ਵਿਚ ਦੇਂਦਾ ਹੈ ਉਸ ਵਿੱਚ ਆਪਣਾ ਚਾਉ ਦੇਵੇਗਾ ਤੇ ਮੈਂ ਤਰ ਜਾਵਾਗਾਂ। ਦੂਜੇ ਪਾਸੇ ਸੋਚ ਫੁਰੀ ਕਿ ਮੈਨੂੰ ਬ੍ਰਾਹਮਣ ਤ੍ਰਿਸਕਾਰ ਕਰਨਗੇ, ਹੋ ਸਕਦਾ ਹੈ ਕਿ ਭਾਈਚਾਰੇ ਵਿਚੋਂ ਛੇਕ ਦੇਣ, ਪਰ ਹੋਵੇ ਜੋ ਕੁਝ ਹੋਣਾ ਹੈ, ਇੰਨੀ ਖੇਚਲ ਸਹਿਣੀ ਹੀ ਚਾਹੀਏ। ਉਂਵ ਮੁਕਤੀ ਵਾਸਤੇ ਜਪ ਤਪ ਹਠ ਸੰਜਮ ਸਾਧਨ ਕਰੀਦੇ ਹੀ ਹਨ, ਦੁਖ ਕਸ਼ਟ ਝੱਲੀ ਦੇ ਹੀ ਹਨ। ਜੇ ਮੈਨੂੰ ਸ਼੍ਰੇਯ ਲੈਣ ਵਾਸਤੇ ਲੋਕਲਾਜ ਤੋੜਨ ਦੇ ਕਾਰਨ ਦੁਖ ਝੱਲਣਾ ਪਿਆ ਤਾਂ ਪਵੇ, ਇਹ ਬੀ ਇਕ ਤਪ ਦੇ ਤੁੱਲ ਬਾਤ ਹੋਊ। ਹੋਵੇ ਨਾ ਤਾਂ ਇਸ ਵੇਲੇ ਇਹ ਅਵਸਰ ਹੱਥੋਂ ਨਾ ਗਵਾਵਾਂ। ਸਾਰੀਆਂ ਐਸ਼ੀਆਂ ਸੋਚਾਂ ਬ੍ਰਾਹਮਣ ਦਿਮਾਗ ਨੇ ਵਿਚਾਰੀਆਂ ਤੇ ਫੇਰ ਹੱਥ ਜੋੜ ਕੇ ਗੁਰੂ ਜੀ ਅੱਗੇ ਆ ਖੜੋਤਾ:— ਪਾਤਸ਼ਾਹ ਮੈਂ ਹਾਂ ਗਪੇ ਦੇ ਦਾਨ ਦਾ ਅਧਿਕਾਰੀ, ਇਸ ਦਾ ਸੰਕਲਪ ਮੈਨੂੰ ਪਾਓ। ਗੁਰੂ ਜੀ ਜਾਣਦੇ ਸਨ ਕਿ ਦਾਨ ਲੈਣ ਵਿੱਚ ਇਸ ਨੂੰ ਭਾਈਚਾਰੇ ਵਲੋਂ ਖੇਚਲ ਹੋਵੇਗੀ, ਆਪ ਨੇ ਕੁਛ ਸਮਝਾਇਆ, ਪਰ ਮਨੀ ਰਾਮ ਨੇ ਹਠ ਕੀਤਾ ਤੇ ਉਹ ਦਾਨ ਲੈ ਹੀ ਲਿਆ। ਦ ਤਾ ਜੀ ਨੇ ਉਹ ਦੇਕੇ ਨਾਲ ਖੁਸ਼ਾ ਦਾਨ ਦਿਤਾ, ਨਾਮ ਦਾਨ ਬਖਸ਼ਿਆ, ਜੋ ਉਸ ਦੀ ਕਲਿਆਨ ਹੋਵੇ, ਨਾਲ ਇਕ ਕਟਾਰ ਆਪਣੀ ਯਾਦਗਾਰ ਬਖਸ਼ੀ*।

੩.

ਇਕਵੇਰ ਅੱਖਾਂਮੀਟ ਲਓ, ਦਿਲਦੇ ਬੂਹੇ ਮਾਰ ਦਿਓ, ਯਾਦ ਦਾ ਨੂਰ ਅੰਦਰ ਰੌਸ਼ਨ ਕਰ ਲਓ, ਪਿਆਰ ਦਾ ਸੰਗੀਤ ਛੇੜ ਦਿਓ, ਇਸ ਭਗਤੀ ਭਾਵ ਨਾਲ ਭਰੀ ਮਨ ਦੀ ਉਨਮਨੀ ਜੇਹੀ ਦਸ਼ਾ ਵਿਚ ਆਖੋ:—ਧੰਨ ਗਰੂ ਗੋਬਿੰਦ ਸਿੰਘ ਜੀ, ਸਾਹਿਬ ਦੋ ਜਹਾਨ, ਵਾਲੀ ਲੋਕ ਪ੍ਰਲੋਕ। ਹਾਂ ਇਸ ਭਾਵ ਦੇ ਦਿਲ ਵਿੱਚ ਭਰੇ ਹੋਏ ਵਲਵਲੇ ਨਾਲ ਨੈਣ ਖੋਹਲ ਦਿਓ ਤਾਂ ਨੈਣਾਂ ਵਿਚ ਰਸ ਰੰਗ ਦੀ ਛਹਿਬਰ ਹੋਵੇਗੀ। ਹੁਣ ਤੱਕੋ ਦਿਸਦੇ ਵਸਦੇ ਵਿਚ ਖਿੜ ਰਹੀ ਕੁਦਰਤ ਨੂੰ ਤੇ ਲਖੋ ਉਹੋ ਪ੍ਰਭਾਵ ਕਲਗੀਆਂ ਵਾਲੇ ਪਾਤਸ਼ਾਹ ਦਾ ਛਾ ਰਿਹਾ ਚਾਰ ਚੁਫੇਰੇ ਤੇ ਫੇਰ ਆਖੋ ਸਾਹਿਬ ਗੁਰੂ ਗੋਬਿੰਦ ਸਿੰਘ ਧੰਨ ਤੂੰ, ਧੰਨ ਤੂੰ! ਹਾਂ ਜੀ—

ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥

ਉਸ ਭਗਵੰਤ ਦੇ ਭਗਵੰਤ ਰੂਪ† ਗੋਬਿੰਦ ਰੂਪ‡ ਗੁਰੂ ਗੋਬਿੰਦ ਸਿੰਘ ਦੇ ਪ੍ਰੇਮ ਦਾ ਪ੍ਰਭਾਵ ਛਾ ਰਿਹਾ ਹੈ ਅੰਦਰ ਬਾਹਰ, ਹਾਂ ਜੀ ਆਖੋ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ।

ਸਜ ਰਿਹਾ ਹੈ ਦੀਵਾਨ ਕੁਰਛੇਤ੍ਰ ਵਿਚ ਸਾਹਿਬ ਜੀ ਦਾ ਤੇ ਸਜ ਰਿਹਾ ਹੈ ਨਾਲ ਖਾਲਸਾ, ਸੰਗਤਾਂ ਦਾ ਠੱਟ ਬੱਝ ਰਿਹਾ ਹੈ। ਆ ਗਈ ਜਮਾਤ ਜੋਗੀਆਂ ਦੀ, ਚੰਦਨ ਨਾਥ ਮਦਨ ਨਾਥ ਸਿਰਕਰਦਿਆਂ ਸਣੇ,

---

*ਤਵਾਰੀਖ ਖਾਲਸਾ ਵਿਚ ਇਕ ਹੁਕਮਨਾਮਾ ਤੇ ਕਟਾਰ ਬਖਸ਼ਣੀ ਲਿਖੀ ਹੈ। †ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਵਰਯਾਮ ਇਕੇਲਾ। ‡ਗੁਰ ਨਾਨਕ ਦੇਵ ਗੋਵਿੰਦ ਰੂਪ ॥

ਜੀਕੂੰ ਆਉਂਦੇ ਰਹੇ ਜੋਗੀ ਹਰ ਜਾਮੇ ਸਤਿਗੁਰਾਂ ਨੂੰ ਮਿਲਨ, ਆਕੇ ਆਦੇਸ਼ ਕਰਕੇ ਬੈਠ ਗਏ। ਚੰਦਨ ਨਾਥ ਕਲਾ ਦੇਖ ਚੁਕਾ ਸੀ, ਉਹ ਕਲਾ ਜੋ ਜੋਗੀ ਮੰਨਦੇ ਸਨ ਕਿ ਹੋਵੇ ਤਾਂ ਸਤ ਪੁਰਖ ਮੰਨਾਂਗੇ ਤੇ ਉਹ ਕਲਾ ਜੋ ਮੁਸਲਮਾਨ ਤੇ ਈਸਾਈ ਕਹਿੰਦੇ ਹਨ ਕਿ ਹੋਵੇ ਤਾਂ ਪਿਕੰਬਰ ਮੰਨੀਦਾ ਹੈ। ਪਰ ਏਥੇ ਸਤਿਗੁਰ ਦੇ ਦਰਬਾਰ ਇਕ ਹੋਰ ਕਲਾ ਹੈ ਜਿਸ ਨੂੰ 'ਸਤਿਨਾਮ' ਕਹਿਕੇ ਪੁਕਾਰਦੇ ਹਨ, ਉਹ ਨਿਸ਼ਾਨੀ ਹੈ ਸਤਿਪੁਰਖ ਦੀ, ਜੋਗੀ ਦੀ, ਅਵਤਾਰ ਦੀ, ਜਿੰਨੀ ਵੱਧ ਓਨਾ ਵੱਡਾ । ਹਾਂ ਜੀ, ਅੰਤਰ ਆਤਮੇ ਨਿਰੰਤਰ ਲਿਵ, ਅਖੰਡਾਕਾਰ ਬ੍ਰਿਤੀ ਦਾ ਪ੍ਰਵਾਹ ਸਾਈਂ ਪ੍ਰੇਮ ਵਿਚ ਟੁਰਿਆ ਰਹੇ, ਜਿਸਨੂੰ ਕੋਈ ਵਿਖੇਪ ਤੋੜ ਨਾ ਸਕੇ, ਜਿਸ ਨੂੰ ਕੋਈ ਮੈਲ ਮੈਲਿਆਂ ਨਾ ਕਰ ਸੱਕੇ। ਇਹ ਹੈ ਕਰਾਮਾਤ, ਅਜ਼ਮਤ, ਸਿੱਧੀ, ਵਿਭੂਤੀ, ਮੁਕਤੀ, ਜੋਗ ਪ੍ਰਾਪਤੀ। ਇਸੇ ਨੂੰ 'ਨਾਮ' ਤੇ 'ਸੱਤਿਨਾਮ' ਤੇ 'ਲਿਵ' ਕਰਕੇ ਪੁਕਾਰਿਆ ਹੈ । ਲਿਵ ਹੈ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਕੇ ਬ੍ਰਿਤੀ ਵਿੱਚ ਉਸ ਮਿਲਾਪ ਦਾ ਨਿਰੰਤਰ ਲਗਾਉ। ਜੇ ਇਹ ਅੰਤਰ-ਆਤਮੇ ਨਾ ਹੋਵੇ ਤਾਂ ਕਾਹਦੀ ਸਿੱਧੀ ਤੇ ਕਾਹਦੀ ਕਰਾਮਾਤ, ਫੇਰ ਤਾਂ 'ਲਿਵ ਛੁਟਕੀ ਲਗੀ ਤ੍ਰਿਸਨਾ ਮਾਇਆ ਅਮਰ ਵਰਤਾਇਆ ।' ਇਸ —ਲਿਵ ਛੁਟਕੀ—ਹਾਲਤ ਵਿਚ ਜੋ ਕੁਝ ਕਰਨਾ ਹੈ ਸੋ ਤ੍ਰਿਸ਼ਨਾ ਦੀ ਹਾਲਤ ਵਿਚ ਕਰਨਾ ਹੈ ਤੇ ਮਾਇਆ ਦੇ ਹੁਕਮ ਹੇਠ ਕਰਨਾ ਹੈ, ਚਾਹੇ ਉਹ ਕਰਾਮਾਤ ਹੈ, ਸਿੱਧੀ ਹੈ, ਚਾਹੇ ਉਹ ਹੁਛ ਹੋਰ ਹੈ। ਹਾਂ ਜੀ ਜੋਗੀ ਇਸ ਆਪਣੀ ਜਾਣੀ ਸਿਆਣੀ 'ਸਿੱਧੀ' ਦੀ ਕਲਾ ਨੂੰ ਗੁਰੂ ਜੀ ਵਿਚ ਸਿਆਣ ਕੇ ਦੇਖ ਕੇ ਅਦਬ ਨਾਲ ਬੈਠ ਗਏ। ਪਰ ਮਾਨ ਬੜੀ ਦੂਰ ਤਕ ਨਾਲ ਰਹਿੰਦਾ ਹੈ। ਸੋ ਆਪਣੇ ਮਾਨ ਵਿਚ ਟਿਕ ਕੇ ਚੰਦਨ ਨਾਥ ਨੇ ਪ੍ਰਸ਼ਨ ਕੀਤੇ, ਪਹਿਲਾਂ ਬ੍ਰਹਮ ਵਿਦਯਾ ਦੇ । ਜਿਸ ਪਰ ਸਤਿਗੁਰੂ ਨੇ ਦਰਸਾਏ ਅਪਣੇ ਸਿੱਧਾਂਤ ਕਿ ਨਿਰਾ ਵਿਭੂਤੀ ਪ੍ਰਾਪਤ ਕਰਕੇ, ਯਾ ਰੂਹਾਨੀ ਤਾਕਤਾਂ ਜਗਾ ਕੇ —ਜੇ ਤ੍ਰਿਸ਼ਨਾ ਨਾਂ ਛੁੱਟੇ,ਲਿਵ ਨਾ ਲੱਗੇ ਤਾਂ—ਸਾਰਾ ਖੇਲ ਮਾਇਕ ਮੰਡਲ ਵਿਚ ਹੀ ਹੁੰਦਾ ਹੈ। ਜੇ ਕੋਈ ਇਸ ਤੋਂ ਉੱਚਾ ਉੱਠੇ, ਮੁਕਤ ਮਾਰਗ ਤੇ ਟੁਰ ਪਵੇ ਤੇ ਕੈਵਲ ਵਿੱਚ ਅੱਪੜੇ ਤੇ ਆਪਾ ਆਪੇ ਵਿੱਚ ਨਿਰੋਲ ਖੜੋ ਜਾਏ ਤਾਂ ਸਫਲਤਾ ਹੋਈ ਪਰ ਨਾਲ ਲੋੜ ਰਹੀ ਕਿ ਇਹ ਆਪਾ ਪਰਮ ਆਪੇ* ਨੂੰ ਕਿਵੇਂ ਮਿਲੇ। ਕਿਉਂਕਿ 'ਪਰਮ ਆਪਾ' ਸਦਾ ਮੁਕਤ ਹੈ ਤੇ ਜੀਵ ਦਾ ਆਪਾ ਤਾਂ ਜੋਗ ਮਾਰਗ ਅਨੁਸਾਰ ਜਤਨ ਨਾਲ ਬੰਧ ਵਿਚੋਂ ਨਿਕਲਦਾ ਹੈ, ਸੋ ਪਤਾ ਲੱਗਾ ਕਿ ਇਹ ਸਦਾ ਮੁਕਤ ਨਹੀਂ, ਯਤਨਾਂ ਨਾਲ ਬੰਧ ਟੁਟਦੇ ਤੇ ਕੈਵਲ ਹੁੰਦਾ ਹੈ। ਤਾਂਤੇ ਇਸ ਦੇ ਸਦਾ ਮੁਕਤ ਹੋਣ ਲਈ ਇਸ ਦਾ 'ਪਰਮ ਆਪੇ' ਦੇ ਨਾਲ ਜੋ ਸਦਾ ਮੁਕਤ ਹੈ, ਮਿਲ ਜਾਣਾ ਅਵੱਸ਼ਕ ਹੈ। ਸੋ ਗੁਰੂ ਬਾਬੇ ਨੇ ਫੁਰਮਾਇਆ ਹੈ ਜੋਗੀਆਂ ਨੂੰ ਕਿ ਇਸ ਜੀਵ ਤੱਤ ਨੂੰ ਪਰਮ ਤੱਤ ਨਾਲ ਮਿਲਾਓ ਤਾਂ ਪੂਰਨ ਮੁਕਤੀ ਹੈ । ਇਸ ਪ੍ਰਕਾਰ ਸੱਚੇ ਸ਼ਾਹ ਵਲੋਂ ਵਿਦਯਾ ਦੇ ਜ਼ਾਹਰਾਤ ਵਿਸਥਾਰ ਨਾਲ ਦਰਸਾਏ ਗਏ। ਫੇਰ ਸ਼ਸਤ੍ਰ ਵਿਦਯਾ ਤੇ ਵਿਚਾਰ ਚਲੇ। ਚੰਦਨ ਨਾਥ ਤੀਰੰਦਾਜ਼ ਸੀ, ਉਸ ਨੇ ਸ਼ਸਤ੍ਰ ਵਿਦਯਾ ਦੀ ਬੀ ਪ੍ਰੀਖਯਾ ਕਰਨੀ ਸੀ। ਜਦ ਇਸ ਵਿਸ਼ੇ ਤੇ ਬੀ ਵਿਚਾਰ ਹੋ ਚੁਕੀ, ਤਦ ਜੋਗੀ ਨੂੰ ਸ਼ਸਤ੍ਰ ਪ੍ਰੀਖਯਾ ਦੀ ਫੁਰੀ। ਗੁਰੂ ਜੀ ਦੇ ਪਾਸ ਬੜੇ ਕਰੜੇ ਧਨੁਖ ਪਏ ਸਨ, ਜਿਨ੍ਹਾਂ ਨੂੰ ਦੇਖਕੇ ਕੋਈ ਖਿਆਲ ਨਹੀਂ ਸੀ ਕਰ ਸਕਦਾ ਕਿ ਕਦੇ ਕੋਈ ਇਨਸਾਨ ਇਹਨਾਂ ਵਿਚੋਂ ਤੀਰ ਚਲਾ ਸਕੇ। ਇਹਨਾਂ ਧਨੁਖਾਂ ਨੇ ਜਦ ਜੋਗੀਆਂ ਦੀ ਨਜ਼ਰ ਖਿੱਚੀ ਤਾਂ ਸਾਹਿਬਾਂ ਤੇ ਪ੍ਰਸ਼ਨ ਹੋਇਆ ਕਿ 'ਏਹ ਧਨੁਖ ਆਰਾਇਸ਼ੀ ਹਨ ਕਿ ਚੱਲ ਬੀ ਸਕਦੇ ਹਨ ?' ਸਾਹਿਬ ਮੁਸਕ੍ਰਾਏ ਤੇ ਕਹਿਣ ਲਗੇ 'ਆਰਾਇਸ਼ੀ ਨਹੀਂ, ਇਹ ਕੰਮ ਦੇ ਸ਼ਸਤ੍ਰ ਹਨ ਤੇ ਚਲਦੇ ਹਨ।' ਫਿਰ ਇੱਛਾ ਪੂਰਣ ਹੋਈ ਕਿ ਚਲਾਕੇ ਦਿਖਾਓ ਤਾਂ ਮੀਰੀ ਪੀਰੀ ਦੇ ਸਰਦਾਰ ਨੇ ਧਨੁਖ ਚਾਇਆ ਤੇ ਢਿੱਲੇ ਵਿਚ ਤੀਰ ਜੋੜਿਆ ਤੇ ਤਾਣਕੇ ਛੱਡਿਆ। ਭੀਮ ਸ਼ਬਦ ਕਰਦਾ ਤੀਰ ਉਡ ਚਲਿਆ। ਕੋਸ ਭਰ ਇਕ ਗਜ਼ੀ ਕਿਸੇ ਤੁਟਕ ਦੀ ਸੀ, ਉਸ ਦੇ ਸ਼ਿਖਰੋਂ ਜਾ ਲੰਘਿਆ। ਜੋਗੀ ਦੇਖਕੇ ਅਚੰਭਾ ਹੋ ਗਏ । ਚੰਦਨ ਨਾਥ ਨੂੰ ਆਪਣੀ ਵਿਦਯਾ ਸਾਰੀ ਭੁੱਲ ਗਈ। ਲਿਖਿਆ ਹੈ ਕਿ ਇਸ ਵੇਲੇ ਹੋਰ ਕਈ ਰਾਣੇ ਰਾਜਪੂਤ ਬੀ ਬੈਠੇ ਸੇ। ਚੰਦਨ ਨਾਥ ਤੇ

*ਜੋਗੀ 'ਆਪੇ ਨੂੰ' ਪੁਰਖ ਤੇ 'ਪਰਮ ਆਪੇ' ਨੂੰ ਪੁਰਖ ਵਿਸ਼ੇਸ਼ ਕਹਿੰਦੇ ਹਨ। ਤੇ ਜਦ ਪੁਰਖ ਵਿਸ਼ੇਸ਼ ਦੀ 'ਪ੍ਰਤੀਯਾਨ' (ਭਗਤੀ) ਦੱਸਦੇ ਹਨ ਤਾਂ ਫਲ ਆਪੇ ਦਾ ਕੈਵਲ ਹੋਣਾ ਹੀ ਦੱਸਦੇ ਹਨ। ਗੁਰੂ ਜੀ ਇਸ ਕਰਕੇ 'ਆਪਾ' ਤੇ 'ਪਰਮ ਆਪਾ' (ਅਰਥਾਤ ਜੀਵ ਤਤ ਤੇ ਪਰਮ ਤਤ) ਪਦ ਵਰਤਕੇ ਆਪਣਾ ਸਿਧਾਂਤ ਦੱਸਦੇ ਹਨ।

ਰਾਣਿਆਂ ਨੇ ਜ਼ੋਰ ਲਾ ਲਾ ਕੇ ਸਰ ਸੇਧ ਪਰ ਜਿੰਨੀ ਦੂਰ ਸਤਿਗੁਰੂ ਜੀ ਦੇ ਤੀਰ ਅੱਪੜੇ ਸੇ ਕਿਸੇ ਹੋਰ ਦੇ ਨਾ ਅੱਪੜੇ। ਇਸ ਵੇਲੇ ਸਭ ਨੇ ਆਪ ਨੂੰ ਸਾਰੇ ਦੁਗਾਂ ਤੋਂ ਵਡਾ ਤੀਰੰਦਾਜ਼ ਮੰਨਿਆਂ ਤੇ ਕਈਆਂ ਵਿਦਯਾ ਦਾ ਇਹ ਕਮਾਲ ਸਿੱਖਣ ਲਈ ਗੁਰੂ ਜੀ ਅਗੇ ਪ੍ਰਸ਼ਾਦ ਧਰਕੇ ਉਨ੍ਹਾਂ ਦੇ ਨਾਲ ਅਨੰਦਪੁਰ ਨੂੰ ਟੁਰੇ*।

ਮਦਨ ਨਾਥ ਜੀ ਹਰ ਪਹਿਲੂ ਦੇ ਸਾਰੇ ਕਰਤਬ ਦੇਖ ਰਹੇ ਸਨ, ਓਹ ਸਤਿਗੁਰੂ ਵਿਚ ਐਤਨੇ ਕਮਾਲ ਦੇਖ ਦੇਖਕੇ ਹੈਰਾਨ ਹੋ ਰਹੇ ਸਨ। ਸੂਰਬੀਰਤਾ ਸੁਣਕੇ ਉਨ੍ਹਾਂ ਦਾ ਖਿਆਲ ਸੀ ਕਿ ਕਰਨੀ ਗੁਰੂ ਨਾਨਕ ਤੋਂ ਘੱਟ ਹੋਵੇਗੀ ਪਰ ਉਨ੍ਹਾਂ ਦੀ ਆਤਮ ਸੱਤਜ਼ਾ ਤੇ ਬੀਰ ਰਸ ਦੇਵੇਂ ਕਮਾਲ ਦੇ ਤੱਕ ਕੇ ਉਸ ਤੋਂ ਰਿਹਾ ਨ ਗਿਆ, ਸਾਰੀ ਰੇਖ ਦੀ ਲਾਜ ਛੱਡਕੇ ਅਗੇਵਧਿਆ ਤੇ ਸਾਹਿਬਾਂ ਦੇ ਚਰਨ ਫੜ ਲਏ। ਗੁਰੂ ਜੀ ਚੋਜ ਨਾਲ ਮੁਸਕ੍ਰਾਏ ਤੇ ਬੋਲੇ:—ਨਾਥ ਜੀ! ਤੁਸੀਂ ਅਤੀਤ ਹੋ, ਗ੍ਰਿਹਸਤੀਆਂ ਦੇ ਚਰਨ ਕਿਉਂ ਪਕੜ? ਮਦਨ ਨਾਥ ਨੇ ਆਪਣੇ ਬਜ਼ੁਰਗ ਬਾਲ ਨੰਦਾਈ ਵਾਂਙ ਹੀ ਨਿੰਮ੍ਰ ਹੋਕੇ ਕਿਹਾ: ਆਪ ਪੂਰਨ ਪੁਰਖ ਹੋ, ਗ੍ਰਿਹਸਥ ਅਰ ਮੰਨਜ਼ਾਸ ਤੋਂ ਉੱਚੇ ਹੋ, ਪੂਰੇ ਆਏ ਹੋ, ਸਾਰੇ ਧਰਮਾਂ ਦੀ ਰੱਖਜ਼ਾ ਕਰੋਗੇ, ਪ੍ਰਜਾ ਨੂੰ ਬਚਾਓਗੇ, ਆਪ ਦਾ ਪੰਥ ਸਾਰਿਆਂ ਦੀ ਪ੍ਰਤਿਪਾਲਾ ਕਰੇਗਾ।

ਗੁਰੂ ਜੀ—ਸਾਡਾ ਬਾਣਾ ਤਾਂ ਪ੍ਰਤੱਖ ਜੋਧਿਆਂ ਦਾ ਹੈ (ਕਹਿਕ ਮੁਸਕ੍ਰਾ ਪਏ)।

ਜੋਗੀ—ਸੱਤਿ ਹੈ। ਪਰ ਆਪ ਦਾ ਬੁਰਕਾ ਸ਼ੇਰ ਦਾ ਹੈ, ਕਰਨੀ ਆਪ ਦੀ ਸੰਤ ਕਰਨੀ ਹੈ, ਕੀਹ ਪਾਤਸ਼ਾਹ ਜੀਓ! ਮੈਂ ਠੀਕ ਹਾਂ? ?

ਗੁਰੂ ਜੀ—ਨਾਥ ਜੀ! ਇਸਵੇਲੇ ਦੇਸ਼ਵਿਚ ਤੁਰਕਾਂ ਦਾ ਬਹੁਤ ਜ਼ੋਰ ਹੈ ਤੇ ਉਹ ਜ਼ੁਲਮ ਕਰ ਰਹੇ ਹਨ। ਅੱਠ ਸਤਿਗੁਰਾਂ ਨੇ ਸਾਲਸਾ, ਪਜ਼ਾਰ ਤੇ ਕਸ਼ਟ ਸਹਿਕੇ ਸੁਲਹ ਸਿਖਾਈ। ਜ਼ਾਲਮ ਹੁਣ ਜ਼ੋਰਾਂ ਤੇ ਹੈ। ਇਸ ਕਰਕੇ ਹੁਣ ਦਿਸਦਾ ਹੈ ਕਿ ਜ਼ੁਲਮ ਜ਼ੋਰ ਬਿਨਾਂ ਨਹੀਂ ਟੁਟ ਸਕਦਾ। ਜ਼ੋਰ ਵਾਲੇ ਸਾਰੇ ਨਿਤਾਣੇ ਹੋਏ ਪਏ ਹਨ, ਇਸ ਵਾਸਤੇ ਜੇ ਸਿਧ ਪੁਰਖ ਸ਼ੇਰ ਦਾ ਜਾਮਾਂ ਪਹਿਨਣ ਤਾਂ ਹੀ ਜ਼ੁਲਮ ਨੂੰ ਆਪਣੇ ਬਾਹੂਬਲ ਨਾਲ ਤੋੜ ਸਕਦੇ ਹਨ*।

ਨਾਥ—ਆਪ ਨੇ ਸੱਚ ਫੁਰਮਾਇਆ ਹੈ। ਤੁਰਕ ਦੇ ਜ਼ੁਲਮ ਦੀ ਕਥਾ ਘਰ ਘਰ ਹੋ ਰਹੀ ਹੈ। ਆਪ ਦਾ ਮਨੋਰਥ ਸ਼ੁਭ ਹੈ, ਆਪ ਨੂੰ ਆਪ ਦੇ ਕਾਰਜ ਦੀ ਸਿੱਧੀ ਪੂਰੇ ਪ੍ਰਾਪਤ ਹੋਵੇ ਤੇ ਆਪਦੀ ਭਾਵਨਾ ਦਰ ਪਰਵਾਨ ਹੋਵੇ। ਹੇ ਗੁਰੂ ਨਾਨਕ ਦੇ ਘਰ ਦੇ ਫਕੀਰ ਆਪ ਦੀ ਰਹਿਣੀ ਪੂਰਨ ਸਿੱਧ ਪੁਰਖ ਦੀ ਰਹਿਣੀ ਹੈ, ਤੇ ਠੀਕ ਆਪ ਦਾ ਬਾਹਰਲਾ ਭੇਖ ਜੋ ਹੈ ਸੋ ਸ਼ੇਰਾਂ ਵਾਲਾ ਇਸ ਕਰਕੇ ਹੈ ਕਿ ਆਪ ਨੇ ਮਜ਼ਲੂਮਾਂ ਦੀ ਦਸਤਗੀਰੀ ਦਾ ਕਾਰਜ਼ ਕਰਨਾ ਹੈ, ਆਪ ਜ਼ਰੂਰ ਕਾਮਯਾਬ ਹੋਵੋਗੇ। ਜਿਸਦੇ ਦਿਲਵਿਚ ਨੇਕੀਹੈ ਉਸਦੇ ਚਿਹਰੇਤੇ ਜਮਾਲ (ਸੁੰਦਰਜ) ਹੁੰਦਾ ਹੈ, ਤਿਵੇਂ ਜਿਸ ਦੀ ਕਰਨੀ ਵਿਚ ਨੇਕੀ ਹੋਵੇ ਉਸ ਵਿਚ ਤਾਕਤ ਹੁੰਦੀ ਹੈ, ਉਸ ਦਾ ਖਯਾਲ ਕਮਾਲ ਦੇ ਅੱਪੜਦਾ ਹੈ†।

ਇਸ ਪ੍ਰਕਾਰ ਦੇ ਬਚਨ ਬਿਲਾਸ ਨਾਲ ਜੋਗੀ ਬੀ ਪ੍ਰਸੰਨ ਹੋਇਆ ਤੇ ਗੁਰੂ ਜੀ ਭੀ ਉਸ ਪਰ ਰੀਝੇ। ਫਿਰ ਜੋਗੀ ਨੇ ਇਨੈ ਕੀਤੀ:—ਪਾਤਸ਼ਾਹ! ਕੁਛ ਜੋਗੀ ਦੀ ਹਿਮਾਯਤ ਦੀ ਲੋੜ ਹੈ। ਆਪ ਦਾ ਪੰਥ ਬਲੀ ਹੋਵੇਗਾ, ਜੋਗੀਆਂ ਦੀ ਬੀ ਰੱਖਿਆ ਕਰੇ, ਜੋ ਆਪ ਦੀ ਮੁਲਾਕਾਤ ਸਾਨੂੰ ਸਕਾਰਥੀ ਹੋਵੇ। ਭਾਵ ਇਹ ਸੀ ਕਿ ਖਾਲਸਾ ਬਲਵਾਨ ਹੋਕੇ ਸਾਡੀ ਹਿਮਾਇਤ ਜ਼ਰੂਰ ਕਰੇ।

ਸੁਣਕੇ ਸਤਿਗੁਰੂ ਜੀ ਏਵੇਂ:—ਨਾਥ ਜੀਓ! ਮੇਰਾ ਖਾਲਸਾ ਨਿਆਂ ਤੇ ਟੁਰੇਗਾ, ਸਾਧੂ ਸੰਤ ਭਲਿਆਂ ਦੀ ਰਖਜ਼ਾ ਕਰੇਗਾ, ਦੀਨਾਂ ਦਾ ਨਾਥ ਹੋਵੇਗਾ। ਆਪ

*ਤੁਰਕ ਗੁਫਤਾਰ ਦੰਡ ਬਿਨਾਂ ਵੱਸ ਨਹੀਂ [ਸੰ ਸਾਃ]। ਪੁਨਾ:—ਤੁਰਕ ਗੁਫਤਾਰ ਅਧਿਕ ਜਗ ਮਾਂਹੀ। ਦੰਡ ਬਿਨਾਂ ਵਸ ਹੋਇ ਸੁ ਨਾਹੀਂ। [ਸੂਃ ਪੁਃ]।

†ਕਹਿ ਜੋਗੀ, 'ਚਰਚਾ ਸੁ ਚਵਾਇ। ਹੁਇ ਕਬੂਲ ਸਿੱਧੀ ਪਤਿਸ਼ਾਹਿ॥ ੨੯॥ ਗਹਣੀ ਸਿੱਧ ਨਾਨਕ ਕੇ ਫਕੀਰ। ਖੇਰਜ ਭੇਖ ਕਾਜ ਦਸਤਗੀਰ। ਜਿਉਂ ਦਿਲ ਨੇਕੀ ਹੋਇ ਜਵਾਲ। ਕਰਣੀ ਕੁਦਰਤਿ ਕੇਰ ਖਿਆਲ॥੩੦॥ [ਸੂਃ ਪੁਃ]

ਅਖਰੀ ਅਰਥ:—ਖੇਰਜ ਭੇਖ=ਬਾਹਰਲਾ ਵੇਸ। ਕਾਜ ਦਸਤਗੀਰੀ=ਦਸਤਗੀਰੀ ਦੇ ਕੰਮ ਵਾਸਤੇ। ਜਵਾਲ=ਜਮਾਲ, ਖੂਬਸੂਰਤੀ। ਕੁਦਰਤ=ਤਾਕਤ। ਛੋਕੜਲੀਆਂ ਦੋ ਤੁਕਾਂ ਦਾ ਅਰਥ ਅਉਂ ਭੀ ਲਗਦਾ ਹੈ:—ਜਦ ਕਿ ਆਪ ਦੇ ਦਿਲ ਵਿਚ ਨੇਕੀ ਹੈ ਤਾਂ ਤੁਰਕਾਂ ਦਾ ਜ਼ਵਾਲ ਹੋਵੇਗਾ, ਕਿਉਂਕਿ ਤੁਹਾਡੀ ਕਰਨੀ ਹੈ ਸੋ ਕੁਦਰਤ ਦੇ ਖਿਆਲ ਦੇ ਅਨਕੂਲ ਹੈ, ਭਾਵ ਕੁਦਰਤ ਜ਼ੁਲਮ ਦਾ ਵਿਨਾਸ਼ ਕਰਦੀ ਹੈ।

*ਤੁਰਕਾ: ਖਾ:।

†ਇਸ ਵੇਲੇ ਦੀ ਹੋਈ ਗੁਫਤਗੂ ਥੜੇ ਅੱਖੇ ਟੱਪਿਆ ਵਿਚ ਹੈ! ਸੁਖੱਲ ਲਈ ਅਸੀਂ ਮੂਲ ਵਿਚ ਸਪਸ਼ਟ ਭਾਵ ਦਿਆਂਗੇ ਤੇ ਉਹ ਵਾਕ ਇਥੇ ਦਿਆਂਗੇ। ਜਿਹਾ ਕੁ ਇਹ ਵਾਕ ਜੋਗੀ ਦਾ ਇਉਂ ਹੈ—ਬੁਰਕਾ ਸ਼ੇਰ ਦਾ ਕਰਨੀ ਸਿੱਧ ਕੀ? [ਮੈ ਸਾਖੀ

ਫਿਕਰ ਨਾਂ ਕਰੋ, ਚਾਹੇ ਮੇਰੇ ਸਿੱਖ ਕੇਸ਼ਾ ਧਾਰੀ ਹਨ ਤੇ ਆਪ ਦੇ ਅਨੁਯਾਈ ਕੇਸ਼ ਰਹਿਤ ਹਨ, ਪਰ ਖਾਲਸਾ ਮੇਰਾ ਬਲੀ ਹੋਕੇ ਦੋਹਾਂ ਦੇ ਸਿਰ ਤੇ ਰਖਵਾਰਾ ਹੋਵੇਗਾ*।

ਜੋਗੀ—ਮਿਹਰ ਹੈ ਆਪ ਦੀ।

ਬਿੱਦਯਾ ਧਨੁ ਜਿਹ ਹੋਇ ਕਮਾਈ। ਕੋਇ ਨ ਕਰ ਸਕ ਹੈ ਸਮਤਾਈ॥ ੩੫॥ ਤ੍ਰੇਤੇ ਮੈਂ ਰਘੁਬਰ ਕੀ ਸੁਨੀ। ਦੁਆਪੁਰ ਮਹਿ ਅਰਜੁਨ ਕੀ ਗੁਨੀ। ਮੋਹਿ ਭਇਓ ਅਬਿ ਦ੍ਰਿੜ੍ਹ ਨਿਸ਼ਚਾ ਸੁ। ਹੁਇ ਤੁਮ ਹਾਥ ਤੁਰਕ ਗਨ ਨਾਸ਼॥੩੬॥ [ਸੂ: ਪ:

ਗੁਰੂ ਜੀ—ਤੁਸਾਂ ਭਲੇ ਪੁਰਖਾਂ ਦੀ ਭਲੀ ਵਾਸ਼ਨਾ ਸਿਰੇ ਚੜ੍ਹੇ। ਜੋਗੀ ਜੀ! ਬਾਬੇ ਗੁਰੂ ਜੀ ਦੀ ਆਗਯਾ ਜੋ ਬਾਲ ਗੁੰਦਾਈ ਜੀ ਨੂੰ ਹੋਈ ਸੀ ਸੋ ਨਹੀਂ ਵਿਸਾਰਨੀ।

ਨਾਥ—ਸਤਿ, ਸਤਿ, ਸਤਿ ਬਚਨ ਜੀਓ। ਪਾਤਸ਼ਾਹ! ਕਦੇ ਪੰਜਾਬ ਆਓ ਤੇ ਬਾਲ ਗੁੰਦਾਈ ਦੇ ਆਸਨ ਤੇ ਦਰਸ਼ਨ ਦਿਓ। ਸ੍ਰੀ ਗੁਰੂ ਨਾਨਕ ਦੇਵ ਜੀਦੇ ਟਿਕਣ ਦਾ ਆਸਨ ਦੇਖੋ, ਸਾਨੂੰ ਕ੍ਰਿਤਾਰਥ ਕਰੋ, ਸਾਡੀ ਫਕੀਰੀ ਦੀ ਟੇਕ ਰੱਖੋ।

ਗੁਰੂ ਜੀ—ਵਾਹਿਗੁਰੂ ਸਰਬ ਸਮਰੱਥ ਦਾ ਹੁਕਮ ਉਸ ਪਾਸੇ ਜਾਣੇ ਦਾ ਸਾਨੂੰ ਨਹੀਂ ਹੈ। ਸਾਡਾ ਪੰਥ ਉਥੇ ਪਹੁੰਚੇਗਾ, ਤੇਰ੍ਹਵੀਂ ਸਦੀ ਤੁਰਕਾਂ ਦ ਜ਼ੁਲਮ ਦਾ ਨਾਸ਼ ਕਰੇਗਾ, ਤਦੋਂ ਖਾਲਸਾ ਸਭ ਦੀ ਰੱਖਿਆ ਕਰੇਗਾ, ਆਪ ਦੇ ਆਸਣ ਦੀ ਭੀ ਹਿਮਾਇਤ ਕਰੇਗਾ। ਅਸੀਂ ਏਥੋਂ ਗੋਦਾਵਰੀ ਜਾ ਖੇਲ ਰਚਾਂਵਾਂਗੇ।

ਇਉਂ ਦੀ ਵਾਰਤਾਲਾਪ ਹੋਕੇ ਮਦਨ ਨਾਥ ਨੇ ਅਪਣੀ ਕਲਿਆਨ ਤੇ ਅਪਣੀ ਸਹਾਇਤਾ ਦਾ ਵਰ ਲਿਆ, ਚੰਦਨ ਨਾਥ ਨੇ ਆਪਣੇ ਗਰਬ ਦਾ ਰੋਗ ਗਵਾਕੇ ਅਰੋਗਤਾ ਪਾਈ ਤੇ ਵਿਦੈਗੀ ਲੀਤੀ।

੪.

ਇਹ ਸਾਰੇ ਕੌਤਕ ਵਰਤਦੇ ਰਹੇ। ਸੰਗਤਾਂ ਗਦ ਗਦ ਹੁੰਦੀਆਂ ਰਹੀਆਂ। ਅਨੇਕਾਂ ਦੇ ਸੰਸੇ ਭਰਮ ਦੂਰ ਹੋਏ, ਅਨੇਕਾਂ ਦੇ ਉਰ ਸਿੱਖੀ ਭਾਵ ਜਾਗਿਆ! ਇਸ ਵੇਲੇ ਇਕ ਰਾਮਦੱਤ ਨਾਮੇ ਸੱਜਣ ਬੈਠਾ ਸਭ ਕੁਝ ਦੇਖਦਾ ਤੇ ਸੁਣਦਾ ਰਿਹਾ। ਇਸ ਦੇ ਨੈਣ ਕਟੋਰਿਆਂ ਨੇ ਇਲਾਹੀ ਜੋਤ ਦਾ ਸ਼ਰਬਤਿ-ਦੀਦਾਰ ਪੀਤਾ ਤੇ ਇਸ ਦੇ ਕੰਨ-ਕੌਲਾਂ ਨੇ ਇਲਾਹੀ ਨਾਮ ਦੇ ਅੰਮ੍ਰਿਤ ਵਾਕ ਭਰ ਭਰਕੇ ਛਕੇ। ਇਸ ਦਾ ਮਨ ਇਸ ਗਲ ਤੇ ਪੂਰਨ ਨਿਸ਼ਚੇ ਨਾਲ ਟਿਕ ਗਿਆ ਕਿ ਮੇਰੀ ਕਲਿਆਣ ਇਸ ਸਾਹਿਬ ਜੋਤੀ ਤੋਂ ਹੀ ਹੋ ਸਕਦੀ ਹੈ। ਸੋ ਇਸ ਨੇ ਨਾ ਕੋਈ ਪ੍ਰਸ਼ਨ ਕੀਤਾ ਤੇ ਨਾ ਕੁਛ ਪੁੱਛਿਆ, ਸੁਣਦਾ ਰਿਹਾ ਤੇ ਸਮਝਦਾ ਰਿਹਾ, ਅੰਦਰ ਆਪਣੇ ਝਾਤੀ ਮਾਰਦਾ ਰਿਹਾ ਤੇ ਖਿਆਲ ਕਰਦਾ ਰਿਹਾ ਕਿ ਬਿਨ ਯਾਚੇ ਮੇਰੀ ਕਲਿਆਨ ਕਰਨ।

ਇਸ ਰਾਮਦੱਤ ਨੂੰ ਕਿੰਗਰੀਆ ਰਾਮਦਤ ਕਿਹਾ ਕਰਦੇ ਸਨ, ਜਾਤ ਦਾ ਬ੍ਰਾਹਮਨ ਸੀ ਤੇ ਗੁਜ਼ਾਰਾ ਇਸ ਦਾ ਇਹੀ ਸੀ ਕਿ ਜੋ ਸੁਤੇ ਆ ਜਾਵੇ ਉਸ ਪੁਰ ਨਿਰਬਾਹ ਕਰ ਲੈਣਾ। ਇਸ ਵਲੇ ਉਹ ਪ੍ਰੇਮ ਭਰਿਆ ਅਰਦਾਸ ਰੂਪ ਹੋਇਆ ਬੈਠਾ ਸੀ। ਸਤਿਗੁਰ ਜੀ ਨੇ ਤੱਕਿਆ, ਸਮਝੇ ਤੇ ਹੱਸਕੇ ਬੋਲੇ:—'ਬ੍ਰਹਮਨ ਕੁਝ ਮੰਗ।'

ਰਾਮਦੱਤ—ਪਾਤਸ਼ਾਹ! ਇਸ ਵੇਲੇ ਮੰਗਤਾ ਬ੍ਰਾਹਮਣ, ਮਿਹਰ ਨਾਲ, ਅਮੰਗ ਹੋਇਆ ਬੈਠਾ ਹੈ। ਜੋ ਮੰਗਸਾਂ ਮੰਗਣਹਾਰ ਸਮੇਤ ਨਹੀਂ ਰਹਿਣਾ। ਮੇਹਰ ਕਰੋ ਉਹ ਕੁਛ ਦਿਓ ਜੁ ਮੂਲੋਂ ਅਮੰਗ ਹੋ ਜਾਵਾਂ।

ਗੁਰੂ ਜੀ—ਫਿਰ ਓਹੋ ਕੁਝ ਮੰਗ ਲੈ ਜੋ ਤੈਨੂੰ ਅਮੰਗ ਕਰ ਦੇਵੇ।

ਰਾਮਦੱਤ—ਪਾਤਸ਼ਾਹ! ਮੇਰੀ ਬਾਂਹ ਫੜ ਲਓ ...ਇਸ ਕੀਰ ਬ੍ਰਾਹਮਣ ਦੀ, ਇਸ ਦਰ ਦੇ ਸਦਾ ਸਵਾਲੀ ਦੀ ਬਾਂਹ ਫੜ ਲਓ।

ਕਰ ਪਕਰੋ ਨਹੀਂ ਛੋਰਹੁ ਮੇਰਾ॥ [ਸੂ: ਪ:

ਹਾਂ ਫੜੋ ਸਾਹਿਬ ਜੀ, ਮੈਂ ਭਾਰਾ ਹਾਂ, ਐਸਾ ਫੜੋ ਕਿ ਫਿਰ ਮੇਰਾ ਹਥ ਆਪਦੇ ਕਰ ਕਵਲਾਂ ਵਿਚੋਂ ਛੁੱਟੇ ਨਾਂ। ਦੀਨਾ ਨਾਥ! ਮੇਰਾ ਵੇਗ ਹੇਠਾਂ ਨੂੰ ਹੈ, ਮੇਰਾ ਬੋਝ ਰਸਾਤਲ ਦੀ ਖੈਂਚ ਰਖਦਾ ਹੈ, ਮੈਨੂੰ ਫੜੋ ਤੇ ਮੈਨੂੰ ਮੇਰੇ ਆਪਣੇ ਭਾਰ ਦੇ ਕਾਰਨ ਡਿਗਦੇ ਨੂੰ ਡਿੱਗਣ ਨਾ ਦਿਓ। ਮੇਰੀ ਬਾਂਹ ਫੜੋ ਤੇ ਲੈ ਚੱਲੋ ਉਪਰ ਨੂੰ, ਸਚੇ ਪਾਤਸ਼ਾਹ! 'ਕਰ ਪਕਰੋ, ਹਾਂ, ਮੇਰਾ ਕਰ ਪਕਰੋ'।

ਮੌਜ ਦੇ ਮਾਲਕ ਰੀਝੇ, ਬੋਲੇ—'ਹਾਂ ਰਾਮ ਦੱਤ!

*ਫਰਕਾ ਅਮੁੰਡ ਦ੍ਹੈ ਫਰਕਸ। ਖਾਲਸਾ ਬਲੀ ਸੁਕਸੇ ਤਰਕਸ। ਭਾਵ ਮੇਰਾ ਫਿਰਕਾ (ਅਮੁੰਡ =) ਕੇਸਾਧਾਰੀ ਹੈ। ਪਰ ਖਾਲਸਾ ਬਲੀ ਹੋ ਕੇ ਦੋਹਾਂ ਦੇ (ਫਰਕਸ =) ਸਿਰਾ ਪਰ ਰਖਵਾਲਾ ਹੋਣ ਲਈ ਤੀਰ ਫੜੇਗਾ। ਇਸ ਫਿਕਰੇ ਦੇ ਹੋਰ ਬੀ ਕਈ ਅਰਥ ਲਾਏ ਜਾ ਸਕਦੇ ਹਨ, ਪਰ ਭਾਵ ਇਹੋ ਹੀ ਸਹੀ ਜਾਪਦਾ ਹੈ।

ਪਰਵਾਰ ਸਮੇਤ ਤੇਰੀ ਬਾਂਹ ਫੜੀ। ਪਰਵਾਰ ਸਮੇਤ ਤੇਨੂੰ ਓਥੇ ਲੈ ਚੱਲਾਂਗੇ ਜਿਥੇ ਮਹਾਨ ਮਹਾਨ ਸੁਖ ਹੈ*'। ਇਹ ਕਹਿਕੇ ਬੋਲੇ 'ਰਾਮ ਦੱਤ ! ਹੁਣ ਮੰਗਣਾ ਬੀ ਨਾ ਪਵਗਾ ਕਦੇ, ਇਹ ਲੈ ਕਟਾਰ ਸਾਡੀ ਨਿਸ਼ਾਨੀ, ਇਹ ਲੈ ਘੋੜਾ ਤੇ ਆਹ ਲੈ ਅਸ਼ਰਫੀਆਂ। ਤੇਰਾ ਸਦਨ ਭਰਪੂਰ, ਮੰਗਣ ਦੀ ਕਨੌਡ ਦੂਰ !'

ਇਹ ਕਹਿਕੇ ਉਠੇ ਤੇ ਰਾਮਦੱਤ ਦੀ ਬਾਂਹ ਫੜ ਲਈ, ਆਪਣੀ ਵੀਣੀ ਵਿਚ ਲੈ ਲਈ ਤੇ ਤਾਲ ਦੇ ਕਿਨਾਰੇ ਕਿਨਾਰੇ ਸਹਿਜੇ ਸਹਿਜੇ ਟਹਿਲਦੇ ਟਰ ਪਏ। ਹਾਂ, ਰਾਮਦੱਤ ਨਾਲ ਆਤਮ ਗੱਲਾਂ ਕਰਦੇ ਤੇ ਮਿਹਰਾਂ ਦਾ ਮੀਂਹ ਵਰਸਾਉਂਦੇ ਜਾ ਰਹੇ ਹਨ। ਰਾਮਦੱਤ ਕ੍ਰਿਤ ਕ੍ਰਿਤ ਹੋ ਰਿਹਾ ਹੈ, ਮਨ ਮੰਗਿਆ ਪਾਕੇ ਖੀਵਾ ਹੋ ਰਿਹਾ ਹੈ। ਜੀਓ ! ਮਨ ਜੋੜੋ, ਨੈਣ ਜੋੜੋ, ਖਿਆਲ ਜੜੋ ਦੇਖੋ ਇਹ ਮਰਤੀ ਤਾਲ ਦੇ ਕਿਨਾਰੇ ਕਿਨਾਰੇ ਸੁਰਜ ਦੀ ਉਵੇਂ-ਟਿੱਕੀ ਵਾਂਙੂ ਲੱਸ ਲੱਸ ਕਰਦੀ ਜਾ ਰਹੀ ਹੈ ਤੇ ਚੰਦ ਦੀ ਟਿੱਕੀ ਨੂੰ ਬਾਂਹ ਨਾਲ ਲਾਈ ਮਿਹਰਾਂ ਪਾਉਂਦੀ, ਨੂਰ ਲਾਉਂਦੀ, ਨੂਰੋ ਨੂਰ ਕਰਦੀ ਨਾਲ ਨਾਲ ਲਿਜਾ ਰਹੀ ਹੈ। ਦੇਖੋ ਤੇ ਆਖੋ—

ਤਾਰ ਕਲਗ਼ੀ ਵਾਲਿਆ ਸੰਸਾਰ ਤਾਈਂ ਤਾਰ ਲੈ !
ਵਿਚ ਇਕ ਮੈਨੂੰ ਬੀ ਨਿਆਸਰੇ ਨੂੰ ਤਾਰ ਲੈ !
ਪਾਰ ਕਲਗ਼ੀ ਵਾਲਿਆ ਤੂੰ ਮੈਨੂੰ ਕਰ ਪਾਰ ਲੈ !
ਉਬਾਰ ਸੁਹਣੇ ਦਾਤਿਆ! ਇਸ ਕੀਰ ਨੂੰ ਉਬਾਰ ਲੈ !

ਪ.

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ
ਹਰਿ ਪ੍ਰਭ ਮੇਰਾ ਚੋਜੀ ਜੀਉ ॥

ਦਾਤਾ ਜੀ ਟਹਿਲ ਰਹੇ ਸਨ ਰਾਮਦੱਤ ਦੀ ਬਾਂਹ ਵਿਚ ਬਾਂਹ ਪਾਈ। ਇਕ ਪਾਸੇ ਆਪਣੇ ਵਾਹਿਗੁਰੂ ਦੇ ਨਿਰੰਤਰ ਮੇਲ ਵਿਚ ਰਸ ਮਗਨ, ਦੂਜੇ ਪਾਸੇ ਜਿਸ ਨੂੰ ਤਾਰਿਆ ਹੈ ਉਹਦੇ ਵਲੋਂ ਆ ਰਹੇ ਪ੍ਰੇਮ ਵਲਵਲਿਆਂ ਨਾਲ ਤਾਰਨਹਾਰ ਬਿਰਦ ਦੁਆਰਾ ਰਸ ਮਗਨ। ਚੰਦ ਸੂਰਜ ਦੇ ਚਾਨਣੇ ਨਾਲ ਚਮਕ ਰਿਹਾ ਹੈ ਪਰ ਏਥੇ ਸੂਰਜ ਚੰਦ ਤੋਂ ਉਲਟਕੇ ਆ ਰਹੇ ਚਾਨਣੇ ਦਾ ਰਸ ਵੀ ਮਾਣ ਰਿਹਾ ਹੈ। ਰਸ ਮਗਨ ਹੀ ਬੈਠ ਗਏ ਹਨ ਤੀਰਥ ਦੀ ਵਾਜਵੀ ਟੋਣ। ਦੇਖੋ ਕਿਥੇ ਇਹ ਰਸ ਮਗਨਤਾ ਦੇ ਆਤਮ ਟੰਗ ਲਗ ਰਹੇ ਤੇ ਕਿਥੇ ਇਕ ਘੋੜਿਆਂ ਦਾ ਸੁਦਾਗਰ ਆ ਗਿਆ ਤੇ ਉਸ ਨੇ ਅੱਗੇ ਵਧ ਕੇ ਕਿਹਾ:—ਹਜ਼ੂਰ ਜੀਓ ਦੀ ਖਿਦਮਤ ਵਿਚ ਦੁਆ ਸਲਾਮ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ। ਹੇ ਖ਼ੁਦਾਵੰਦ ! ਮੈਂ ਕੁਛ ਘੋੜੇ ਲੈਕੇ ਆਇਆ ਹਾਂ, ਵਿੱਚ ਇਕ ਨਗ ਅਨੋਖਾ ਹੈ। ਖਿਆਲ ਸੀ ਕਿ ਤੀਰਥ ਤੇ ਆਏ ਰਾਜੇ ਰਾਣੇ ਖਰੀਦਣਗੇ, ਪਰ ਅਜੇ ਤਾਈਂ ਕਿਸੇ ਨੇ ਕੋਈ ਲਿਆ ਨਹੀਂ। ਮਿਹਰ ਹੋ ਜਾਏ ਆਪ ਨਦਰ ਪਾਓ, ਜੇ ਜਚ ਜਾਏ ਤਾਂ ਮੇਰਾ ਆਰ ਬੁਖਾਰ ਭਰਿਆ ਜਾਵੇ, ਸੁਖੀ ਹੋ ਜਾਵਾਂ।

ਇਹ ਸੁਣਕੇ ਆਪ ਉਸ ਰਸ ਮਗਨ ਅਵਸਥਾ ਤੋਂ ਨੈਣ ਚਾਕੇ ਤੱਕੇ। ਅੰਦਰਲੀਆਂ ਸਰਬ ਸ਼ਕਤੀਆਂ ਉਤੇ ਹੁਕਮ ਰੱਖਣ ਵਾਲੇ, ਅੰਤਰ ਮੁਖ ਬਾਹਰ ਮੁਖ ਤੋਂ ਉਚੇ ਤੇ ਸਭ ਉਤੇ ਕਾਬੂ ਰਖਣ ਵਾਲੇ ਬੋਲੇ, 'ਜਾਓ ਲਿਆਓ।' ਹੁਕਮ ਪਾਕੇ ਸੁਦਾਗਰ ਗਿਆ। ਗੁਰੂ ਜੀ ਫਿਰ ਆਪਣੇ ਉਸੇ ਰਸ ਵਿਚ ਮਗਨ ਹੋ ਗਏ। ਘੋੜੇ ਆ ਗਏ ਤਾਂ ਆਪੇ ਤੇ ਕਾਦਰ ਗੁਰੂ ਜੀ ਉਠੇ, ਸ਼ਾਂਤ ਸਰੋਵਰ ਨੂੰ ਆਪਣੇ ਮਨ ਅੰਦਰ ਦੇ ਕਿਸੇ ਨੁਕਤੇ ਉਤੇ ਟਿਕਾਕੇ ਬੀਰ ਬਾਂਕੇ, ਸੂਰਮੇ ਉਠੇ, ਅਨੋਖੇ ਘੋੜੇ ਨੂੰ ਤੱਕਿਆ, ਬਾਪੀ ਦਿੱਤੀ, ਵਾਗ ਫੜੀ ਤੇ ਪਲਾਕੀ ਮਾਰਕੇ ਸਵਾਰ ਹੋ ਗਏ, ਅੱਡੀ ਲਾਈ ਤੇ ਦੇਖਦੇ ਦੇਖਦੇ ਹਵਾ ਹੋ ਗਏ। ਘੋੜੇ ਨੂੰ ਕਦਮ ਚਾਲ, ਦੁੜਕੀ, ਮੋਰ ਚਾਲ, ਪੋਈਏ ਪਾਕੇ ਦੇਖਿਆ, ਛਾਲਾਂ ਮਰਵਾਈਆਂ, ਡਰ ਵਾਲੀਆਂ ਵੀਚਾਂ ਪਾਸੋਂ ਲੰਘਾਇਆ, ਬੇ ਨੁਕਸ ਪਾਇਆ। ਫੇਰ ਟੋਰਕੇ ਵਾਪਸ ਆਏ। ਐਉਂ ਤ੍ਰੈ ਘੋੜੇ ਹੋਰ ਪਰਖੇ ਖ਼ਰੀਦੇ ਤੇ ਸੁਦਾਗਰਨੂੰ ਮਾਲਾਮਾਲਕਰ ਦਿੱਤਾ*।

ਉਧਰ ਸੁਦਾਗਰੀ ਘੋੜਿਆਂ ਦੀ ਹੁੰਦੀ ਰਹੀ ਇਧਰ ਉਸੇ ਟਿਕਾਣੇ ਜਿਥੇ ਬੈਠੇ ਸਨ ਦੀਵਾਨ ਸਜਿਆ ਰਿਹਾ, ਸੁਦਾਗਰੀ ਤੋਂ ਵਿਹਲੇ ਹੋਕੇ ਸੁਹਣੇ ਸੁਲਤਾਨ, ਫਕੀਰੀ ਪਾਤਸ਼ਾਹ ਤੇ ਸ਼ਾਂਤਿਰਸ ਦੇ ਦੇਵ ਦੀਵਾਨ ਵਿਚ ਆ ਬਿਰਾਜੇ, ਸਾਰਾ ਦਿਨ ਉਥੇ ਟਿਕੇ ਰਹੇ, ਸਾਰਾ ਦਿਨ ਸਾਈਂ ਦੀ ਸੁਦਾਗਰੀ

*ਇਹ ਗਲ ਜਾਪਦੀ ਹੈ ਕਿ ਮੱਲੇ ਪਰ ਆਪਣੇ ਅਸਤਬਲ ਲਈ ਘੋੜੇ ਖਰੀਦਣ ਦਾ ਬੀ ਇਕ ਪ੍ਰਯੋਜਨ ਹੋਵੇ ਤਾਂ ਅਚਰਜ ਨਹੀਂ। ਤੁਵਾ: ਖਾ: ਨੇ ਲਿਖਿਆ ਹੈ ਕਿ ਇਸ ਸਮੇਂ ਕਈ ਘੋੜੇ ਖਰੀਦ ਕੀਤੇ।

*ਸ੍ਰੀ ਗੁਰ ਕਹਜੇ 'ਸਹਿਤ ਪਰਵਾਰਾ ॥ ਭਜਾ ਬੁਲਾਈਐ ਜਹਿਂ ਸੁਖ ਭਾਰਾ ॥' [ਸ੍ਰੀ: ਪ:

ਹੁੰਦੀ ਰਹੀ ਅਤੇ ਸਾਰਾ ਦਿਨ ਪਰਮਾਰਥ ਦੇ ਜਗਿਆਸੂਆਂ ਨੂੰ ਤਾਰਦੇ ਰਹੇ।

ਵਾਹ ਵਾ ਇਕ ਹੱਥ ਅਰਥ ਤੇ ਦੂਏ ਪਰਮਾਰਥ ਹੈ ਤੇ ਫੇਰ ਅਰਥ ਪਰਮਾਰਥ ਦੋਏ ਪਰਮਾਰਥ ਹੋਕੇ ਸਿਰੇ ਚੜ੍ਹ ਰਹੇ ਹਨ।

੬.

ਜਦੋਂ ਅਰਥ ਪਰਮਾਰਥ ਦੂਏ ਹੋ ਗਏ ਤਾਂ ਸਾਹਿਬ ਜੀ ਕੁਰਛੇਤ੍ਰ ਵਾਪਸ ਟੁਰ ਪਏ। ਪਹਿਲਾਂ ਕੁਰਛੇਤ੍ਰ ਆਏ ਤੇ ਟਿਕੇ ਉਸ ਟਿਕਾਣੇ ਜਿਸ ਨੂੰ ਕਹਿੰਦੇ ਹਨ ਜੋਤੀ ਸਰ, ਏਥੇ ਦੱਸਦੇ ਹਨ ਕਿ ਤੀਸਰੇ ਸਾਹਿਬ ਭੀ ਠਹਿਰੇ ਸਨ। ਸਭ ਤੋਂ ਪੁਰਾਣਾ ਸਿੱਖ ਅਸਥਾਨ ਥਾਨੇਸਰ ਵਿਚ ਸਿੱਧਵਟੀ ਹੈ ਜੋ ਦੱਖਣ ਰੁਖ ਤਾਲ ਦੇ ਪਾਸ ਹੈ। ਏਸ ਥਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਹਿਣ ਸਮੇਂ ਕੱਠੇ ਹੋਏ ਲੋਕਾਂ ਨੂੰ ਸੁਮੱਤ ਬਖਸ਼ੀ ਸੀ। 'ਮਾਸੁ ਮਾਸੁ ਕਰਿ ਮੂਰਖੁ ਝਗੜੈ' ਇਸੇ ਥਾਂ ਤੇ ਉਚਾਰਨ ਹੋਇਆ ਸੀ। ਇਸੇ ਤਰ੍ਹਾਂ ਤੀਸਰੀ ਪਾਤਸ਼ਾਹੀ ਛੇਵੀਂ ਤੇ ਨਾਵੀਂ ਪਾਤਸ਼ਾਹੀ ਦੇ ਗੁਰਦੁਆਰੇ ਭੀ ਏਥੇ ਹਨ ਤੇ ਇਸ ਫੇਰੀ ਦੀ ਯਾਦ ਵਿਚ ਦਸਮੇਂ ਪਾਤਸ਼ਾਹ ਜੀ ਦੇ ਗੁਰਦੁਆਰੇ ਭੀ ਹਨ। ਸਭਨਾਂ ਥਾਂਵਾਂ ਦੀ ਯਾਤ੍ਰਾ ਕਰਕੇ ਸ੍ਰੀ ਗੁਰੂ ਜੀ ਚਾਰ ਪੰਜ ਕੋਹ ਉੱਤਰ ਪੱਛੋਂ ਨੂੰ ਜੋਤੀ ਸਰ ਜਾ ਠਹਿਰੇ। ਜਿਸ ਥਾਂ ਬਾਬਤ ਖਿਆਲ ਹੈ ਕਿ ਗੀਤਾ ਦਾ ਉਪਦੇਸ਼ ਅਰਜਨ ਪ੍ਰਤੀ ਏਥੇ ਹੋਇਆ ਸੀ। ਇਥੇ ਇਕ ਦਿਨ ਮੁਕਾਮ ਕਰਕੇ ਫੇਰ ਪਹੋਏ ਜਾ ਡੇਰਾ ਲਾਇਆ। ਸ੍ਰੀ ਗੁਰੂ ਜੀ ਦੇ ਇਥੇ ਠਹਿਰਨ ਦੇ ਨਿਸ਼ਾਨ ਭੀ ਹਨ। ਜਿਸ ਟਿਕਾਣੇ ਕਿ ਤ੍ਰੈ ਗੁਰੂ ਸਾਹਿਬ ਜੀ ਠਹਿਰੇ ਹਨ, ਸਤਵੇਂ ਤੇ ਨਾਵੇਂ ਤੇ ਦਸਮੇਂ ਸਤਿਗੁਰੂ ਜੀ। ਸ਼ੋਭਤ ਹੈ ਕਿ ਇਹ ਢਹਿ ਰਿਹਾ ਹੈ, ਪਰ ਬਾਵਲੀ ਆਦਿ ਤੇ ਹੋਰ ਖੋਲੇ ਹੋਏ ਨਿਸ਼ਾਨ ਅਜੇ ਮੌਜੂਦ ਹਨ। ਲੋੜ ਹੈ ਕਿ ਕੋਈ ਪ੍ਰੇਮੀ ਅਸਥਾਨ ਨੂੰ ਸੰਭਾਲੇ*। ਦੂਜਾ ਗੁਰਦੁਆਰਾ ਦਸਮੇਂ ਪਾਤਸ਼ਾਹ ਜੀ ਦਾ ਸਰਸ੍ਵਤੀ ਕਿਨਾਰੇ ਹੈ। ਇਥੇ ਪੰਡੇ ਦਰਸ਼ਨਾਂ ਨੂੰ ਆਏ। ਸਤਿਗੁਰ ਜੀ ਨੇ ਉਨ੍ਹਾਂ ਨੂੰ ਆਪਣੇ ਧਰਮ ਤੇ ਸੁਰਜੀਤ ਕੀਤਾ ਤੇ ਸਮਝਾਇਆ ਕਿ ਕੇਵਲ ਦਾਨ ਲਈ ਆਪਣੇ ਆਪ ਨੂੰ ਮੰਗਤੇ ਦੀ ਪਦਵੀ ਤੇ ਲੈ ਜਾਣਾਂ ਬ੍ਰਾਹਮਣ ਨੂੰ ਨਹੀਂ ਸੋਭਦਾ। ਤੁਸੀਂ ਨਾਮ ਜਪੋ, ਦਾਨ ਲਓ, ਨਿਰਬਾਹ ਮਾਤ੍ਰ, ਪਰ ਦਾਨ ਦਾ ਲੋਭ ਨਾ ਕਰੋ। ਉਸ ਵਿਚੋਂ ਭੀ ਦਸਵੰਧ ਦਿਓ। ਆਪ ਜਪੋ ਫੇਰ ਹੋਰਨਾਂ ਨੂੰ ਜਪਾਓ। ਇਹ ਧਰਮ ਦ੍ਰਿੜਾਕੇ ਸੱਚੇ ਪਾਤਸ਼ਾਹ ਉਥੋਂ ਵੀ ਟੁਰ ਪਏ। ਫੇਰ ਕਰੋਹ (ਕਰਾਹ) ਪਿੰਡ ਜਾ ਪਹੁੰਚੇ। ਏਥੇ ਸਤਿਨਾਮ ਦਾ ਉਪਦੇਸ਼ ਦ੍ਰਿੜਾਉਂਦੇ ਆਪ ਘੁੜਾਮ ਹੁੰਦੇ ਹੋਏ ਸਿਆਣੇ ਪਿੰਡ ਆ ਠਹਿਰੇ*। ਲਿਖਿਆ ਹੈ ਕਿ ਝੰਡੇ ਬਾਢੀ ਦੀ ਸੰਤਾਨ ਇਥੇ ਵਸਦੀ ਸੀ, ਉਨ੍ਹਾਂ ਨੇ ਸ੍ਰੀ ਗੁਰੂ ਜੀ ਦੀ ਬੜੀ ਆਗਤ ਭਾਗਤ ਕੀਤੀ। ਇਥੇ ਗੁਰੂ ਜੀ ਦੇ ਮੁਕਾਮ ਕਰਨ ਵਿਚ ਬਹੁਤ ਪ੍ਰਚਾਰ ਹੋਇਆ, ਬਹੁਤੇ ਸੱਜਣਾਂ ਨੇ ਅੰਮ੍ਰਿਤ ਛਕਿਆ ਤੇ ਤਿਆਰ ਬਰਤਿਆਰ ਸਿੰਘ ਸਜੇ।

੭.

ਸਿਆਣੇ ਵਿੱਚ, ਜਿਥੇ ਕਿ ਬਹੁਤ ਪ੍ਰਚਾਰ ਹੋਇਆ, ਗੁਰੂ ਜੀ ਕੁਛ ਮੁਕਾਮ ਕਰਕੇ ਅਗੇ ਟੁਰੇ, ਜਿਸ ਤੋਂ ਅਗੇ ਇਕ ਗਿਰਾਉਂ ਆਇਆ ਜਿਸ ਦਾ ਨਾਉਂ ਸੀ ਆਵਲਖੇੜੀ। ਇਥੇ ਵਸਦੀ ਸੀ ਇਕ ਬ੍ਰਿਧ ਮਾਈ ਜੋ ਮੁੱਦਤਾਂ ਤੋਂ ਭਜਨ ਕਰਦੀ ਸੀ ਤੇ ਸਤਿਗੁਰੂ ਦਰਸ਼ਨਾਂ ਨੂੰ ਸਿਕਦੀ ਸੀ। ਹਾਂ ਮਾਈ ਨਿਤ ਅਰਜ਼ੋਈਆਂ ਕਰਦੀ ਸੀ ਕਿ ਮੈਨੂੰ ਦਰਸ਼ਨ ਹੋਵੇ ਸੁਹਣ ਸੁਲਤਾਨ ਦਾ। ਅੱਜ ਅੰਦਰਲੀ ਖਿੱਚ ਮਾਈ ਨੂੰ ਧੂਹ ਲਿਆਈ ਘਰੋਂ, ਪ੍ਰੇਮ ਪ੍ਰਵੇਧੀ ਆ ਖੜੋਤੀ ਜੂਹ ਵਿਚ, ਸੜਕ ਦੇ ਕੰਢੇ। ਸਿਮਰ ਰਹੀ ਹੈ ਸਾਂਈ ਤੇ ਮਾਨੋ ਉਡੀਕ ਰਹੀ ਹੈ ਸਤਿਗੁਰੂ ਜੀ ਨੂੰ ਉਡੀਕ ਰੂਪ ਹੋਈ ਹੋਈ।

ਆਪ ਭੀ ਮੁੰਦ ਲਓ ਨੈਣ ਮਾਈ ਵਾਂਙੂ, ਰਸਨਾਂ ਤੇ ਬਿਠਾ ਲਓ ਵਾਹਿਗੁਰੂ ਨਾਮ, ਮਨ ਵਿਚੋਂ ਕਢ ਦਿਓ ਫੁਰਨੇ, ਬ੍ਰਿਤੀ ਦਾ ਪਰਵਾਹ ਇਕੱਠਾ ਕਰਕੇ ਪਾ ਦਿਓ ਪ੍ਰੇਮ ਦੀ ਧਾਰਾ ਵਿਚ, ਐਉਂ ਸੱਧਰਾਂ ਵਿਚ ਭਰਕੇ ਆਪਣੇ ਸਚੇ ਪਾਤਸ਼ਾਹ ਆਪਣੇ ਤ੍ਰਾਣ ਕਰਤਾ ਦੀ ਉਡੀਕ ਵਿਚ ਪ੍ਰੇਮ ਪੂਰਤ ਹੋ ਜਾਓ ਤੇ ਆਖੋ:—

ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ।

... ...

ਮਾਈ ਖੜੀਹੈ ਪ੍ਰੇਮ ਪ੍ਰੋਤੀ, ਮਗਨ ਹੈ ਲਿਵ ਵਿਚ,

*ਅਨੰਕਾ ਨਿਰਮਲ ਉਦਾਸੀ ਸੰਤ ਤੇ ਨਿਹੰਗ ਸਿੰਘ ਵਿਰਕਤ ਹਨ, ਕੋਈ ਏਥੇ ਡੇਰਾ ਲਾ ਲਵੇ ਤੇ ਗੁਰ ਅਸਥਾਨ ਆਬਾਦ ਕਰ ਲਵੇ ਤਾਂ ਜੀਵਨ ਸੁਫਲ ਹੋ ਜਾਏ। ਗੁਰਦਵਾਰਾ ਕਮੇਟੀ ਸੰਭਾਲ ਕਰੇ ਤਾਂ ਫਰਜ਼ ਸੰਭਾਲਣ ਦੀ ਸ਼ੋਭਾ ਲਵੇ।

*ਸਿਆਣੇ ਦੋ ਹਨ।

ਕਿ ਘੋੜੇ ਦੀ ਟਾਪ ਦੀ ਅਵਾਜ਼ ਆਈ,—ਕੋਈ ਇਕੱਲਾ ਘੋੜਾ ਆ ਰਿਹਾ ਹੈ। ਹਾਂ ਆ ਰਿਹਾ ਹੈ ਗਈ ਬਰੇੜਨ ਵਾਲਾ ਦਾਤਾ ਇਕੱਲਾ। ਸੰਗਤ ਪਿੱਛੇ ਰਹਿ ਗਈ ਹੈ। ਮਾਈ ਦੇ ਜੁੜੇ ਮਨ ਨੂੰ ਧੂਹ ਪਈ, ਨੈਣ ਖੁਹਲਣ ਲੱਗੀ, ਪਰ ਅੰਦਰੋਂ ਵਿਵੇਕ ਨੇ ਕਿਹਾ: ਟਿਕੀ ਰਹੁ ਇਸ ਸੁਆਦ ਵਿਚ, ਘੋੜਾ ਤੱਕ ਨੇ ਕੀ ਲੈਣਾ ਹਈ, ਪਰ ਕਿਸੇ ਹੋਰ ਅੰਦਰਲੀ ਬੁੱਧੀ ਤੋਂ ਉਚੇਰੀ ਅਵਾਜ਼ ਨੇ ਪ੍ਰੇਮ ਮੰਡਲ ਤੋਂ ਕਿਹਾ: ਖੁਹਲ ਦੇ ਨੈਣ; ਜੋ ਰਸ ਅੰਤਰ ਮੁਖ ਲੈ ਲਿਆ ਹਈ ਉਹ ਬਾਹਰ ਮੁਖ ਹੋਕੇ ਬੀ ਲੈ। ਮਾਈ ਦੇ ਨੈਣ ਖੁਲ੍ਹ ਗਏ, ਕੀ ਦੇਖਦੀ ਹੈ ਕਿ ਆ ਰਹੇ ਹਨ। ਮਨ ਨੇ ਨੈਣਾਂ ਦੀ ਬੰਨ੍ਹ ਦਿਤੀ ਇਕ ਟੱਕ। ਇਕ ਟਕ ਬੱਝੇ ਨੈਣਾਂ ਨੇ ਪਛਾਣ ਲਿਆ। ਹੁਣ ਘੋੜਾ ਬੀ ਜੋ ਨੇੜੇ ਆਗਿਆ ਸੀ, ਖੜੋ ਗਿਆ। ਸ਼ਾਬਾਸ਼ ਨੀਲਿਆ! ਤੈਨੂੰ ਬੀ ਗੁਰੂ ਸਿੱਖਾਂ ਨਾਲ ਪ੍ਰੇਮ ਹੈ, ਸ਼ਾਬਾਸ਼! ਬਓਰਾਨੀ ਮਾਈ ਨੇ ਵਾਗ ਫੜ ਲਈ*। ਸਾਹਿਬ ਖੜੇ ਗਏ, ਘੋੜੇ ਤੋਂ ਉਤਰੇ। ਮਾਈ ਮੱਥਾ ਟੇਕਿਆ, ਚਰਨਾਂ ਨੂੰ ਚੁੰਮਿਆ। ਸਦਕੇ ਬਲਹਾਰ ਹੋਈ! ਧੰਨ ਆਸ ਪੁਜਾਵਨਹਾਰ ਤੇਰਾ ਬਿਰਦ! ਦਾਤੇ ਨੇ ਸਿਰ ਤੇ ਹੱਥ ਧਰਿਆ, ਆਖਿਆ 'ਵਾਹਿਗੁਰੂ'।

ਧੰਨੀ ਹੋ ਗਈ ਮਾਈ, ਨਾਮ ਦਾ ਰਸ ਲੂੰ ਲੂੰ ਵਿਚ ਧਾਇਆ। ਬਹਿ ਗਏ ਭਗਤ ਵੱਛਲ, ਇਕ ਬ੍ਰਿਛਦੇ ਮੁੜਵੇਂ ਮੁਢ ਤੇ ਜੋ ਕੁਦਰਤੀ ਬਨ ਰਿਹਾ ਸੀ ਆਸਨ। ਮਾਈ ਵਾਗ ਫੜ ਕੇ ਬਹਿ ਗਈ ਦਰਸ਼ਨ ਮਗਨ, ਨੀਲਾ ਖੜਾ ਹੈ ਗੁਰ ਸਿੱਖਾਂ ਦੀ ਆਨ ਦਾ ਬੱਧਾ ਪਿਆਰ ਮਗਨ। ਹਾਂ, ਆਖੋ ਧੰਨ ਸਾਹਿਬ ਭਗਤ ਵਛਲ ਸਤਿਗੁਰੂ। ਪਹਿਰ ਕੁ ਬੀਤ ਗਿਆ ਹੋਊ ਇਸ ਅਰਸ਼ੀ ਰੰਗ ਵਿਚ। ਮਗਰਲੇ ਸਿੰਘਾਂ ਨੇ ਨੀਲੇ ਦੀ ਖੋਜ ਭਾਲੀ ਤੇ ਭਾਲਦੇ ਆ ਪਹੁੰਚੇ ਜਿੱਥੇ ਸਜ ਰਹੀ ਸੀ ਮੂਰਤ ਭਗਤ ਤੇ ਭਗਤ ਵੱਛਲ ਦੀ। ਹਾਂ, ਸਦਕੇ ਹੋ ਗਏ ਸਾਰੇ ਉਸ ਮੋਹਨ ਮੂਰਤੀ ਦੇ ਉਸ ਵੇਲੇ ਦੇ ਦਰਸ਼ਨ ਤੋਂ।

ਉਧਰ ਪਰਮਾਤਮ ਰਸ ਵਿਚ ਨਿਮਗਨ, ਇਧਰ ਭਗਤ ਨੂੰ ਦੇ ਰਹੇ ਅੰਤਰ ਆਤਮੇ ਆਤਮ ਦਾਨ, ਦੁਵੱਲੀ ਜੁੜੇ ਸਾਂਈਆਂ ਜੀ ਨੇ ਨੈਣ ਖੁਹਲੇ। ਖਾਲਸਾ ਪਹੁੰਚ ਪਿਆ। ਸਤਿਗੁਰ ਨੇ ਡਿਠਾ, ਦੇਖਕੇ ਬਿਹਸੇ ਤੇ ਪਿਆਰ ਨਾਲ ਬੋਲੇ 'ਹਾਂ, ਆਓ ਖਾਲਸਾ ਜੀਓ ਆਓ,'''ਚੱਲਾਏ'।

ਇੱਧਾ—ਹੇ ਬਖਸ਼ਿੰਦ ਦਾਤੇ! ਮਿਹਰ ਕਰ, ਇਸ ਜੂਹੋਂ ਸੁੱਚੇ ਮੂੰਹ ਨਾ ਲੰਘ ਜਾਓ! ਕੁਛ ਛਕਕੇ, ਕੁਛ ਰਸਨੀ ਲਾਕੇ ਟੁਰੋ।

ਦਾਤਾ ਜੀ—ਲਿਆ ਮਾਈ ਲਿਆ, ਜੋ ਜੀ ਕਰੇ। ਪਰ ਹੁਣ ਤਿਆਰ ਨਾ ਕਰ ਜੋ ਤਿਆਰ ਹੈ ਸੋ ਲੈਆ।

ਮਾਈ—ਪਾਤਸ਼ਾਹ ਤਿਆਰ ਤਾਂ ਦੁੱਧ ਹੈ।

ਦਾਤਾ ਜੀ—ਮਾਈਆਂ ਦੁੱਧ ਦੀਆਂ ਦਾਤੀਆਂ, ਦੁੱਧ ਲੈ ਆਓ! ਹਾਂ ਜੀ ਪ੍ਰੇਮ ਨਾਲ ਅੰਦਰੋਂ ਬਾਹਰੋਂ ਸੁੱਚੀ ਉੱਚੀ ਮਾਈ ਤ੍ਰਿੰਝੇ ਕਦਮੀਂ ਘਰ ਗਈ। ਦੁੱਧ ਘਰ ਬਹੁਤ ਸੀ, ਮਾਈ ਚਾਟੇ ਦੁਕਵਾ ਲਿਆਈ, ਮਿੱਠਾ ਨਾਲ ਲਿਆਈ, ਛੱਨੇ ਤੇ ਪੱਤੇ ਲਿਆਈ। ਸੜਦਾ ਸੜਦਾ ਦੁੱਧ ਪਾਸ ਲਿਆਕੇ ਛੰਨਿਆਂ ਵਿਚ ਪਾ ਪਾਕੇ ਠਾਰਿਆ, ਭਰਕੇ ਕਟੋਰਾ ਅੱਗੇ ਕੀਤਾ। ਨੈਣ ਨੂਰੀ ਚਿਹਰੇ ਤੇ ਟਿਕਾਏ। ਧੰਨ ਮਾਈ ਤੂੰ! ਨਾਮ-ਦੇਵ ਪੱਥਰ ਦੀ ਮੂਰਤ ਅੱਗੇ ਦੁੱਧ ਲੈਕੇ 'ਪੀਓ ਜੀ' ਦੀ ਸਿੱਕ ਭਰੀ ਅਰਜ਼ੋਈ ਕਰ ਰਿਹਾ ਸੀ, ਤੂੰ ਜੀਉਂਦੇ ਜਾਗਦੇ ਆਪ ਅਵਤਰੇ ਮਨੁੱਖੀ ਜਾਮੇ ਵਿਚ ਆਏ ਦੋਜੀ ਠਾਕੁਰ ਦੇ ਅੱਗੇ ਦੁਧ ਦਾ ਕਟੋਰਾ ਕਰਕੇ ਕਹਿ ਰਹੀ ਹੈਂ:—'ਪੀਓ ਜੀ, ਮੇਰੇ ਤਾਰਨਹਾਰ ਦਾਤਾ ਜੀਓ! ਪੀਓ'। ਹਾਂ, ਤੇਰੇ ਨਾਮ ਸਿਮਰਨ ਨਾਲ ਭਾਗੇ ਭਰੇ ਹੋਏ ਹੱਥਾਂ ਤੋਂ ਚਾ ਲਿਆ ਛੰਨਾ ਸ੍ਰਿਸ਼ਟੀ ਦੇ ਦਾਤੇ ਨੇ ਤੇ ਪੀ ਲਿਆ, ਹਾਂ ਜਿਨਾਂ ਕੁ ਰੁਚਿਆ ਪੀ ਲਿਆ। ਤੂੰ ਧੰਨ ਹੋ ਗਈ, ਅਪਣਾ ਨਿੱਕਾ ਜਿਹਾ ਆਦਰ ਕਰਕੇ। ਦਾਤੇ ਨੂੰ ਦੇਕੇ ਦੁੱਧ ਦਾ ਕਟੋਰਾ ਮਾਈ! ਤੂੰ ਧੰਨ ਹੋ ਗਈ। ਮਾਲੀ ਮਾਲਕ ਦੇ ਬਾਗ ਵਿਚੋਂ ਇਕ ਫਲ ਮਾਲਕ ਦੇ ਅੱਗੇ ਰੱਖਕੇ ਕ੍ਰਿਤ ਕ੍ਰਿਤ ਹੋ ਜਾਂਦਾ ਹੈ।

ਪਿੰਡ ਵਿਚ ਖ਼ਬਰ ਹੋ ਗਈ ਕਿ ਜੂਹ ਵਿਚ ਸਾਹਿਬ ਕਲਗੀਆਂ ਵਾਲੇ ਆ ਬਿਰਾਜੇ ਹਨ। ਬ੍ਰਿਧਾ ਮਾਈ ਦੁੱਧ ਪਿਲਾਉਣ ਲਈ ਲੈਕੇ ਗਈ ਹੈ, ਅਟਕੇ ਖੜੇ ਹਨ ਆਪ ਖੇਤਾਂ ਵਿਚ ਤੇ ਦੁੱਧ ਦੀ ਉਡੀਕ ਕਰ ਰਹੇ ਹਨ। ਇਹ ਸੁਣ ਕੇ ਕੌਣ ਸੀ ਜੋ ਗਿਰਾ ਵਿਚ ਅਟਕੇ। ਗੁਰ ਸਿੱਖਾਂ ਜਾਤਾ ਕਿ ਦਾਤਾ ਇਸ ਵੇਲੇ ਦੁੱਧ ਦੀ ਲੋੜ ਵਿਚ ਹੈ। ਕਿਸੇ ਨੂੰ ਕੀ ਪਤਾ ਕਿ ਕਿਸੇ ਜਨਮਾਂ ਦੇ ਭਗਤੀ ਭਾਵ ਵਾਲੇ ਪ੍ਰੇਮੀ ਨੂੰ

*ਤੁਰਦਾ ਖਾ:।

ਦੁੱਧ ਪਿਲਾਉਣ ਦੀ ਲੋੜ ਹੈ ਜਿਸ ਦਾ ਆਦਰ ਕਰਨ ਵਾਸਤੇ ਦਾਤਾ ਦੁੱਧ ਉਡੀਕ ਰਿਹਾ ਹੈ। ਆ ਗਈਆਂ ਸੰਗਤਾਂ, ਆ ਗਏ ਦੁੱਧ ਦੇ ਮਟਕੇ, ਆ ਗਈਆਂ ਸ਼ੱਕਰਾਂ, ਖੰਡਾਂ ਤੇ ਬੂਰੇ, ਝੁੱਲ ਪਏ ਪੱਖੇ ਛੰਨਿਆਂ ਉੱਤੇ। ਦਾਤਾ ਜੀ ਨੇ ਡਿੱਠਾ, ਹੱਸੇ:—ਵਾਹ ਵਾਹ ਸਿੱਖੀ, ਧੰਨ ਸਿੱਖੀ! ਇਕ ਪ੍ਰੇਮੀ ਦੁੱਧ ਦਾ ਛੰਨਾ ਦੇਂਦਾ ਹੈ, ਮੇਰਾ ਸਾਰਾ ਖਾਲਸਾ ਦੁੱਧ ਦੀਆਂ ਨਦੀਆਂ ਵਹਾ ਦੇਂਦਾ ਹੈ। ਸਦਾ ਜੀਓ ਮੇਰੇ ਖਾਲਸਾ, ਸਦਾ ਦਾਨ ਵਿਚ ਜੀਓ, ਸਦਾ ਨਾਮ ਵਿਚ ਜੀਓ, ਇਸ਼ਨਾਨ ਵਿਚ ਜੀਓ। ਹਾਂ ਜੀ ਫੇਰ ਹੋ ਗਿਆ ਇਸ਼ਾਰਾ ਪ੍ਰੇਮ ਨੂੰ ਆਦਰ ਦੇਣ ਦਾ, ਸਾਰੇ ਖਾਲਸੇ ਨੇ ਘੋੜਿਆਂ ਤੋਂ ਉਤਰ ਕੇ ਦੁੱਧ ਪੀਤੇ। ਪ੍ਰਸੰਨ ਹੋਏ। ਦਾਤੇ ਨੇ ਵਰ ਦਿੱਤਾ—ਪਿੰਡ ਦੁਧ ਘਿਉ ਭਾਉ ਭਗਤੀ ਨਾਲ ਭਰਿਆ ਰਹੇ*। ਮਾਈ ਤੇਰੀ ਕਲਗਾਨਾਂ!

ਦਾਤਾ ਜੀ ਮਿਹਰਾਂ ਵਸਾਕੇ ਫੇਰ ਸਵਾਰ ਹੋਏ, ਨੀਲੇ ਨੂੰ ਅੱਡੀ ਲਾਈ ਤੇ ਅਗਲੇ ਕੌਤਕ ਵਰਤਾਉਣ ਲਈ 'ਅਨੰਦਪੁਰ ਕਲੌੜ' ਹੁੰਦੇ ਹੋਏ ਚਮਕੌਰ ਵਲ ਨੂੰ ਵਾਗਾਂ ਮੋੜ ਗਏ।

ਮਾਈ ਖੜੀ ਹੈ, ਸੰਗਤ ਖੜੀ ਹੈ, ਨੈਣ ਗਡੇ ਹਨ ਜਾ ਰਹੇ ਦਾਤੇ ਉਤੇ। ਅਜ ਖੜੋ ਜਾਓ ਮਾਈ ਵਾਂਙੂ ਤੁਸੀਂ ਬੀ ਰਸਨਾਂ ਨੂੰ ਪਵਿੱਤ੍ਰ ਕਰ ਲਓ ਸਤਿਨਾਮ ਸ੍ਰੀ ਵਾਹਿਗੁਰੂ ਨਾਲ, ਮਨ ਨੂੰ ਪਾਵਨ ਕਰ ਲਓ ਇਸ ਵਿਚ ਜੋੜਕੇ। ਬਹੁਤੀ ਨਹੀਂ ਤਾਂ ਇਕ ਛਿਨ ਲਈ ਹੀ ਸਹੀ। ਹੋੜ ਦਿਓ ਫੁਰਨੇ ਬਾਹਰੇ ਦੇ ਬਾਹਰੇ, ਭਰ ਲਓ ਮਨ ਵਿਚ ਪਜਾਰੇ ਲਈ ਪਜਾਰ ਦਾ ਫੁਰਨਾ, ਦੇਖੋ ਨੈਣਾਂ ਦੇ ਸਾਹਮਣੇ ਹਨ ਸਾਹਿਬ ਸ੍ਰੀ ਗੁਰੂ ਗੋਬਿਦ ਸਿੰਘ, ਕਰ ਦਿਓ ਜੁਹਾਰ ਤੇ ਆਖੋ ਧੰਨ ਮੇਰੇ ਗੁਰੂ, ਮੇਰੇ ਆਪਣੇ ਗੁਰੂ।

ਇਕ ਛਿਨ ਹੀ ਕਰ ਲਓ ਇਹ ਪਿਆਰ ਦਾ ਵਪਾਰ, ਕੀ ਜਾਣੀਏ ਸੱਜਣ ਜੀਓ! ਇਹ ਇਕ ਛਿਨ ਹੀ ਸੁਭਾਗ ਹੋ ਜਾਵੇ।

ਖਵਰੇ ਉਹ ਇਕ ਛਿਨ ਉਹ ਛਿਨ ਹੋ ਜਾਵੇ ਜਿਸ ਬਾਬਤ ਉਸੇ ਕਲਗੀਆਂ ਵਾਲੇ ਸਾਹਿਬ ਦੇ ਜਹਾਨ ਦਾ ਮੁਖਵਾਕ ਹੈ—

ਏਕ ਚਿਤ ਜਿਹ ਇਕ ਛਿਨ ਧਿਆਇਓ।
ਕਾਲ ਫਾਸ ਕੇ ਬੀਚ ਨ ਆਇਓ।

ਠੁਮਰੀ!

ਕਲਗੀ ਵਾਲਿਆ, ਜੀਓ! ਤੁੱਠੀਓ ਤੱਠੀਓ ਜੀ!
ਜਿੰਦ ਗ੍ਰਸੀ ਆਕੇ ਬਿਰਹੋਂ ਨੇ ਮੇਰੀ, ਇਕੋ ਹੀ ਓਟੋ ਮੈਂ ਨਿਮਾਣੀ ਨੂੰ ਤੇਰੀ।
ਵਾਙ ਮੇਘਾਂ ਦੇ ਅਰਸ਼ਾਂ ਤੋਂ ਵੁੱਠੀਓ ਜੀ!

੬੪. ਸੈਦਾਬੇਗ ਸ਼ਰਨਾਗਤ‡।

੧.

ਆਵਲ ਖੰਡੀਓਂ ਟੁਰਕੇ, ਕਈ ਥਾਂ ਠਹਿਰਦੇ ਜਗਤ ਨਿਸਤਾਰਦੇ ਚਮਕੌਰ ਆ ਪਹੁੰਚੇ। ਕੁਛ ਵਹੀਰ ਅੱਗੇ ਪਹੁੰਚਕੇ ਤੰਬੂ ਤੇ ਡੇਰੇ ਲਗਾ ਚੁਕਾ ਸੀ, ਜਿਨ੍ਹਾਂ ਵਿਚ ਸਾਹਿਬਾਂ ਨੇ ਆਕੇ ਡੇਰਾ ਲਾ ਦਿੱਤਾ। ਕੁਛ ਵਹੀਰ ਮਗਰ ਸੀ ਜੋ ਸਨੇਸਨੇ ਆ ਰਿਹਾ ਸੀ। ਆਲੇ ਦੁਆਲੇ ਦੂਰ ਨੇੜੇ ਖਬਰਾਂ ਧੁੰਮ ਗਈਆਂ ਕਿ ਸਾਹਿਬ ਕੁਰਛੇਤ੍ਰ ਤੋਂ ਵਾਪਸ ਆਕੇ ਚਮਕੌਰ ਟਿਕ ਗਏ ਹਨ।

*ਤਵਾ: ਖਾ: ਵਿਚ ਲਿਖਿਆ ਹੈ ਕਿ ਇਸ ਪਿੰਡ ਭਾਉ ਭਗਤੀ ਤੇ ਦੁੱਧ ਘਿਉ ਬਹੁਤ ਹੈ।

†ਤਵਾ: ਖਾ ਵਿਚ ਕੇਵਲ ਮੁਕਤੀ ਦਾ ਦਾਨ ਮਾਈ ਨੂੰ ਮਿਲਿਆ ਲਿਖਿਆ ਹੈ। ਸੂ: ਪ੍ਰ: ਵਿਚ ਲਿਖਿਆ ਹੈ ਕਿ ਸਤਿਗੁਰ ਨੇ ਕਿਹਾ ਕਿ ਮਾਈ ਦਾ ਪੁਨਰ ਜਨਮ ਇਕ ਹੋਰ ਹੋਇਗਾ ਤਦੋਂ ਇਸ ਦੇ ਗ੍ਰਿਹ ਇਕ ਸਿੱਧ ਪੁਰਖ ਜਨਮੇਗਾ ਜੋ 'ਜੰਮਣ ਜਤੀ' ਸਦਾਏਗਾ। ਭਾਵੇਹ ਕਿ ਓਹ ਜਨਮ ਤੋਂ ਹੀ ਬੰਦਗੀ ਵਾਲਾ ਪਰਮੇਸ਼ੁਰ ਦਾ ਪਿਆਰਾ ਹੋਵੇਗਾ। ਇਸ ਵਡਭਾਗਣ ਨੂੰ ਭਗਤ ਪੁਤ੍ਰ ਦੀ ਮਾਂ ਹੋਣ ਦਾ ਸੁਭਾਗ ਮਿਲਕੇ ਫੇਰ ਸਦਗਤੀ ਪ੍ਰਾਪਤ ਹੋਵੇਗੀ।

‡ਇਹ ਪ੍ਰਸੰਗ ਗੁਰਪੁਰਬ ਪੋਹ ਸੁਦੀ ਸਪਤਮੀ (੧੬ ਜਨਵਰੀ ੧੯੪੦) ਮਾਘ ਦੀ ੩ ਸੰ: ਗੁ: ਨਾ: ਸ਼ਾ: ੪੭੧ ਤੇਬਿ: ੧੯੯੬ ਮੰਗਲਵਾਰ ਨੂੰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਤ ਹੋਇਆ ਸੀ।

ਅੰਮ੍ਰਿਤ ਵੇਲਾ ਹੋ ਗਿਆ, ਦੀਵਾਨ ਸਥਾਨ ਦੇ ਵੱਡੇ ਸ਼ਾਮਯਾਨੇ ਹੇਠਾਂ ਕੀਰਤਨ ਆਰੰਭ ਹੋ ਗਿਆ। ਨਾਲ ਦੇ ਸਿੰਘ ਨੇੜੇ ਤੇ ਵਹੀਰੀਏ ਦੀਵਾਨ ਵਿਚ ਆ ਜੁੜੇ, ਚਮਕੌਰ ਦੇ ਪ੍ਰੇਮੀ ਸਿੰਘ ਵੀ ਆ ਗਏ ਤੇ ਲਾਗ ਲਾਗ ਦੇ ਪਿੰਡਾਂ ਦੇ ਸਿੱਖ ਵੀ ਆ ਜੁੜੇ। ਦੀਵਾਨ ਭਰ ਗਿਆ ਤੇ ਰਸਮਯ ਕੀਰਤਨ ਦੀ ਝੜੀ ਲਗ ਪਈ। ਸਤਿਗੁਰੂ ਜੀ ਨੇ ਵੀ ਆ ਦਰਸ਼ਨ ਦਿੱਤੇ ਤੇ ਦਿਨ ਚੜ੍ਹ ਤਕ ਧਯਾਨ ਮਗਨ ਬੈਠੇ ਰਹੇ। ਭੋਗ ਪੈ ਗਿਆ, ਕੜਾਹ ਪ੍ਰਸ਼ਾਦ ਵਰਤ ਗਿਆ; ਸਿੱਖ ਸੰਗਤਾਂ ਦੇ ਅਰਦਾਸੇ ਦਰਸ਼ਨ ਮੇਲੇ ਹੋ ਗਏ। ਇਉਂ ਰੰਗ ਲੱਗ ਗਿਆ ਕਿ ਮਾਨੋ ਸਤਿਗੁਰੂ ਜੀ ਸਦਾ ਹੀ ਤੋਂ ਚਮਕੌਰ ਰਹਿੰਦੇ ਸਨ। ਦੂਰ ਦੂਰ ਦੀਆਂ ਸੰਗਤਾਂ ਜੋ ਆ ਰਹੀਆਂ ਸਨ ਸਤਿਗੁਰ ਦਾ ਚਮਕੌਰ ਟਿਕਾਣਾ ਸੁਣਕੇ ਇੱਥੇ ਹੀ ਆ ਮਿਲੀਆਂ। ਪੱਛਮ ਦੇ ਪਾਸੇ ਦੀਆਂ–ਪਸ਼ੌਰ, ਜਲਾਲਾਬਾਦ, ਕਾਬਲ, ਕੰਧਾਰ ਗ਼ਜ਼ਨੀ ਦੀਆਂ–ਸੰਗਤਾਂ ਅਤੇ ਬਲਖ ਬਖਾਰੇ ਤੱਕ ਦੇ ਪ੍ਰੇਮੀ ਜੋ ਅਨੰਦ ਪੁਰ ਜਾ ਰਹੇ ਸਨ ਇਥੇ ਹੀ ਮਿਲ ਪਏ। ਉਹ ਗਹਮਾ ਗਹਮ ਹੋਈ ਕਿ ਕਛ ਵਾਰਾਪਾਰ ਨਾ ਰਿਹਾ। ਸਤਿਗੁਰ ਜੀ ਦੀਵਾਨ ਵਿਚ ਚੰਦ ਵਾਂਙੂ ਬੈਠੇ ਪ੍ਰਕਾਸ਼ ਦੇਣ, ਸੰਗਤਾਂ ਦੁਆਲੇ ਪਰਿਵਾਰ ਪਾ ਬੈਠੀਆਂ, ਬਚਨ ਬਿਲਾਸ ਉੱਤਰ ਪ੍ਰਸ਼ਨ, ਉਪਦੇਸ਼, ਕੀਰਤਨ ਆਦਿ ਰੌਣਕਾਂ ਲਗ ਗਈਆਂ।

ਇਕ ਦਿਨ ਸਤਿਗੁਰੂ ਜੀ ਕਿਸੇ ਮੌਜ ਵਿਚ ਬੈਠੇ ਸੇ ਕਿ ਪੱਛਮੀ ਸੰਗਤ ਦੇ ਇਕ ਮੁਖੀਏ ਨੇ ਸੰਗਤ ਵਲੋਂ ਅਰਦਾਸ ਕੀਤੀ:–'ਦਾਤਾ ਗੁਰੂ ਜੀ! ਬੜੇ ਭਾਗਾਂ ਨਾਲ ਸ੍ਰੀ ਜੀ ਦੇ ਸੁਭਾਗ ਦਰਸ਼ਨ ਮਿਲੇ ਹਨ, ਸੰਗਤ ਦੀ ਅਰਜ਼ੋਈ ਹੈ ਕਿ ਕੁਛ ਦਾਨ ਮਿਲੇ'ਤਾਂ ਸਤਿਗੁਰ ਦਾਤੇ ਜੀ ਦਾ ਬਚਨ ਹੋਇਆ 'ਠਹਿਰੋ–ਧਨ ਦੇਵਾਂਗੇ, ਮਰਵਾਵਾਂਗੇ*'। ਇਹ ਵਾਕ ਸੁਣਕੇ ਸਿਖ ਸਹਿਮ ਗਏ ਤੇ ਚੁੱਪ ਹੋਕੇ ਬਝੱਕ ਰਹਿ ਗਏ ਕਿ ਇਹ ਕੀਹ ਹੋਇਆ, ਮੰਗਿਆ ਸੀ ਵਰ ਤੇ ਮਿਲ ਗਿਆ ਹੈ ਸ੍ਰਾਪ। ਕੁਛ ਚਿਰ ਸਾਰੇ ਮੌਨ ਛਾਈ ਰਹੀ, ਦਾਤਾ ਜੀ ਵੀ ਚੁਪ ਬੈਠੇ ਰਹੇ। ਫਿਰ ਇਕ ਸਿਆਣੇ ਮੁਖੀ ਸਿਖ ਨੇ ਹੱਥ ਬੰਨ੍ਹਕੇ ਅਰਜ਼ ਕੀਤੀ–'ਪਾਤਸ਼ਾਹ! ਪ੍ਰੇਮ ਧਾਰਕੇ ਹਜ਼ੂਰਦੇ ਦਰਸ਼ਨਾਂਨੂੰ ਦੂਰ ਦੂਰ ਤੋਂ ਹਾਜ਼ਰ ਹੋਏ ਹਾਂ, ਮਿਹਰ ਹੋਈ ਕਿ ਆਪ ਜੀ ਦਾ ਸਫਲ ਦਰਸ਼ਨ ਪ੍ਰਾਪਤ ਹੋਇਆ ਹੈ, ਅਰਦਾਸ ਹੈ ਕਿ ਸੰਗਤ ਪਰ ਖ਼ੁਸ਼ੀ ਬਖਸ਼ੋ, ਜੀਵਨ ਦੀ ਖੁਸ਼ੀ ਬਖਸ਼ੋ ਅਤੇ ਘਰ ਬਾਰ, ਧੰਦੇ, ਕੰਮ ਕਾਜ ਵਿਚ ਬਰਕਤਾਂ ਦੀ ਖੁਸ਼ੀ ਬਖਸ਼ੋ। ਇਹ ਸੁਣਕੇ ਆਪ ਮੁਸਕ੍ਰਾਏ ਤੇ ਬੋਲੇ:–

ਭਾਈ ਸਿਖੋ! ਵੀਚਾਰ ਕਰ, ਭਲਾ ਜੇ ਖੇਤ ਨੂੰ ਪ੍ਰਫੁੱਲਤ ਕਰਨੇ ਲਈ ਬੱਦਲ ਖੁਸ਼ੀ ਨਾਲ ਮੀਂਹ ਵਸਾਵੇ ਤੇ ਅਗੋਂ ਖੇਤ ਉਸ ਪਾਣੀ ਨੂੰ ਲਏ ਨਾ ਤਾਂ ਬੱਦਲ ਦਾ ਹਿਤ ਕੀਹ ਕਰੇ? ਜੇ ਮੇਘ ਸ੍ਰਾਂਤੀ ਬੂੰਦਾ ਸੱਟੇ ਤੇ ਅਗੋਂ ਚਾਤ੍ਰਿਕ ਮੂੰਹ ਮੀਟ ਲਵੇ ਤਾਂ ਮੇਘ ਦਾ ਹਿਤ ਕੀਹ ਕਰੇ?ਭਲਾਚੰਦਨ ਤਾਂ ਖੁਸ਼ਬੂ ਦੇ ਰਿਹਾ ਹੋਵੇ ਤੇ ਅਗੋਂ ਵਾਂਸ ਤਕੜਾ ਸਿਆਣਾ ਹੋਕੇ ਕਹੇ ਮੈਂ ਇਹ ਬੂਬਾਸ ਅਪਣੇ ਵਿਚ ਨਹੀਂ ਵਸਣ ਦੇਣੀ, ਤਾਂ ਸੋਚ ਲਓ ਕਿ ਚੰਦਨ ਵਲੋਂ ਮਿਹਰ ਕਿਵੇਂ ਨਾ ਹੋਈ। ਜੇ ਕੋਈ ਗੰਗਾ ਦੇ ਸ਼ਨਾਨ ਵਲੋਂ ਗਾਫਲੀ ਕਰੇ ਤਾਂ ਗੰਗਾ ਦੇ ਨਿਰਮਲ ਜਲ ਦਾ ਮੈਲ ਹਰਨ ਦਾ ਗੁਣ ਕੀ ਕਰੇ। ਇਸੇ ਤਰ੍ਹਾਂ ਗੁਰੂ ਕੀ ਕਰੇ ਜੇ ਸਿੱਖ ਇਸ ਸੰਸਾਰ ਦੇ ਧੰਧਾਲਾਂ ਵਿਚ ਹੀ ਫਸ ਰਹੇ। ਉਹ ਤਾਂ ਮੁਕਤ ਦਾਨ ਦੇਂਦਾ ਹੈ, ਸਭ ਤੋਂ ਉੱਚ ਬਖਸ਼ਿਸ਼ ਕਰਦਾ ਹੈ, ਪਰ ਧੰਦੇ ਗ੍ਰਸੇ ਸਿਖ ਲੈਂਦੇ ਨਹੀਂ। ਸੋਚੋ, ਇਕ ਮਾਂ ਖੜੀ ਹੈ ਖੰਡ ਲੈਕੇ ਪੁੱਤ੍ਰ ਵਾਸਤੇ, ਅਗੋਂ ਪੁੱਤ੍ਰ ਕਹਿੰਦਾ ਹੈ: ਨਹੀਂ ਨੀ ਮਾਂ, ਮੈਂ ਰੇਤ ਲੈਣੀ ਹੈ। ਭਲਾ ਅੜਾ ਤੇ ਲੱਜ ਲੈਕੇ ਖੂਹ ਦੀ ਮਣ ਤੇ ਖੜਾ ਰਹੇ ਦਈ ਪਿਆਸਾ ਤਾਂ ਕੀਹ ਤੁਸੀਂ ਕਹੋਗੇ ਕਿ ਖੂਹ ਨਹੀਂ ਪਿਆ ਪਾਣੀ ਦੇਂਦਾ। ਭਲਾ ਹੋਰ ਵੀਚਾਰ ਕਰੋ, ਇਕ ਬੱਚੇ ਨੂੰ ਪੀੜਾ ਹੋ ਰਹੀ ਹੈ, ਮਾਂ ਪਿਉ ਪੁਛਦੇ ਸਨ ਦੱਸ ਬੱਚਾ ਤੈਨੂੰ ਕਿਥੇ ਪੀੜ ਹੈ, ਬਾਲ ਅਗੋਂ ਪਤਾ ਨਾ ਦੇਵੇ ਤਾਂ ਕੀਹ ਮਾਂ ਬਾਪ ਦਾ ਕਸੂਰ ਹੋਵੇਗਾ ਕਿ ਅਪਣੇ ਪੁਤ ਦੀ ਪੀੜਾ ਨਹੀਂ ਹਰ ਰਹੇ। ਇਕ ਹੋਰ ਤਰ੍ਹਾਂ ਸਮਝ ਕਰੋ: ਕੰਧ ਬਣਾਈ ਰੇਤ ਦੀ, ਪਰ ਉਹ ਕਿਰ ਕਿਰ ਜਾਂਦੀ ਹੈ, ਹੁਣ ਕਿਆ ਉਸ ਦਾ ਕਿਰ ਕਿਰ ਪੈਣਾ ਕੰਧ ਲਿਪਣ ਵਾਲੇ ਦਾ ਦੋਸ਼ ਹੈ ਕਿ ਰੇਤ ਦਾ। ਜੇ ਘਰ ਵਿਚ ਪਾਣੀ ਸਾਂਭਕੇ ਰਖਣਾ ਹੋਵੇ ਤਾਂ ਘਰ ਵਿਚ ਘੜਾ ਲੋੜੀਏ, ਜੇ ਘੜਾ ਨਾ ਹੋਵੇ ਤਾਂ ਪਾਣੀ ਕਿਸ ਆਸਰੇ ਸਾਡੇ ਘਰ ਵਿਚ ਅਟਕ ਖਲੋਵੇ। ਧਨ ਤੋਂ ਵਡਿਆਈ ਤੇ ਸੁਖ ਮਿਲ ਸਕਦਾ ਹੈ, ਪਰ ਜੇ ਕੋਈ ਉਸ ਨੂੰ ਮਿੱਟੀ ਵਿਚ ਦੱਬ ਰਖੇ ਤਾਂ ਧਨ ਕੀਹ ਸੁਖ ਤੇ ਕੀਹ ਵਡਿਆਈ ਦੇਵੇ?

*ਨੋ ਸਾਖੀ।

ਜੇ ਕਈ ਭੱਠ ਵਿਚ ਝੁਲਕੇ ਤੇ ਝੁਲਕਾ (ਬਾਲਨ ਦਾ) ਦੇਈ ਹੀ ਜਾਵੇ ਤਾਂ ਭੱਠ ਵਿਚਾਰਾ ਠੰਢਾ ਕੀਕੂੰ ਹੋਵੇ। ਸੋ ਸੁਣੋਂ ਹੇ ਸਿਖੋ ! ਧੰਦਿਆਂ ਵਿਚ ਖਚਤ ਹੋ ਰਹੇ ਹੋਣ ਸਿਖ ਪਰਵਾਰਾਂ ਸਮੇਤ ਤਾਂ ਗੁਰੂ ਕੀ ਕਰੇ ? ਜੇ ਅਪਣੇ ਖੇਤ ਵਿਚ ਇਮਾਰਤੀ ਲਕੜੀ ਹੀ ਨਹੀਂ ਉੱਗੀ ਖੜੀ ਤਾਂ ਕਾਰੀਗਰ ਤ੍ਰਿਖਾਣ ਕੀਹ ਕਰੇਗਾ ? ਨਦੀ ਦਾ ਪਾਣੀ ਕਿਵੇਂ ਪੀਵੀਏ ਜੇ ਕੋਈ ਬੁੱਕ ਨਾ ਭਰ ਲਵੇ ਜਾਂ ਝੱਜਰ ਭਰ ਕੇ ਨਾ ਲੈ ਆਵੇ । ਭਲਾ ਸਿਖੇ ਜੇ ਘਰ ਅੱਗ ਨਾਂ ਹੋਵੇ ਤਾਂ ਰੋਟੀ ਕਿਵੇਂ ਪੱਕੇਗੀ। ਹਠ ਨਾਲ ਹਿਤ ਕੀਤਿਆਂ ਕੀਹ ਬਣੇਗਾ ਜੇ ਸਮੇਂ ਸਿਰ ਬੁਧੀ ਨਹੀਂ ਫੁਰਦੀ ਤਾਂ, ਬੁੱਧੀ ਇਨਾਂ ਨਿਰਾ ਹਠ ਕੀਹ ਸਾਰਦਾ ਹੈ ? ਜੇ ਮਨ ਹੀ ਘੁਮਾਰ ਦਾ ਚੱਕ੍ਰ ਬਣਿਆ ਰਹੇ ਤਾਂ ਕੀਹ ਭਾਂਡੇ ਘੜੇ ਜਾਣਗੇ ? ਮੂੰਹ ਦਾ ਆਖਣਾ ਤਾਂ ਰੀਸੋ ਰੀਸੀ ਬੀ ਹੋ ਸਕਦਾ ਹੈ, ਗੱਲ ਤਾਂ ਬਣਦੀ ਹੈ ਜੇ ਮਨ ਵਿਚ ਚਿੰਤਨ ਬੀ ਕਰੇ। ਨਿਰੀ ਰੀਸ ਕੀਹ ਸੁਵਾਰਦੀ ਹੈ ? ਸੋਚ ਲਓ, ਹੇ ਸੰਗਤ ! ਸੋਚ ਲਓ, ਪਹਿਲਾਂ ਤੁਸਾਂ ਮੰਗ ਮੰਗੀ, ਗੁਰੂ ਹਿਤ ਨਾਲ ਦੇਣ ਲਈ ਤਯਾਰ ਹੋਇਆ ਤੇ ਦੇਣ ਦਾ ਬਚਨ ਬੀ ਕਰ ਦਿੱਤਾ, ਪਰ ਮੰਗਣ ਵਾਲਿਆਂ ਦੇ ਕਰਮਾਂ ਨੇ ਆਪਣੇ ਮੂੰਹ ਤੇ ਚੁਪੇੜ ਮਾਰੀ ਤੇ ਮੂੰਹ ਬੱਗੇ ਹੋ ਗਏ। ਹਾਂ, ਮੈਂ ਉਸ ਸਿਖ ਤੋਂ ਵਾਰ ਵਾਰ ਬਲਿਹਾਰਹਾਂ, ਜਿਸ ਨੂੰ ਮੌਤ ਯਾਦ ਰਹਿੰਦੀ ਹੈ* ।

ਇਹ ਬਚਨ ਸੁਣਕੇ ਸਿੱਖ ਅਚਰਜ ਹੋਏ ਤੇ ਕੁਛ ਘਬਰਾਏ। ਵਿਚਾਰ ਰਹੇ ਸਨ ਕਿ ਕੀਹ ਵਾਕ ਹੁਣ ਮੂੰਹ ਥੀਂ ਆਖਣ ਕਿ ਸ੍ਰੀ ਗੁਰੂ ਜੀ ਆਪ ਫੇਰ ਬੋਲ ਪਏ ਤੇ ਕਹਿਣ ਲੱਗੇ:—'ਪਿਆਰਿਓ ! ਤੁਸਾਂ ਨੇ ਮੰਗ ਮੰਗੀ ਸੀ ਗੁਰੂ ਘਰ ਤੋਂ ਕੋਈ ਬਖਸ਼ਿਸ਼ ਮਿਲੇ, ਗੁਰੂ ਘਰ ਵਿਚ ਸਭ ਤੋਂ ਚੰਗੀ ਤੇ ਵੱਡੀ ਬਖਸ਼ਿਸ਼ ਹੈ ਮਨ ਦਾ ਟਿਕਾਉ, ਜਿਸ ਵਿਚ ਨਾਮ ਦਾ ਨਿਵਾਸ ਹੁੰਦਾ ਹੈ, ਜਿਸ ਦਾ ਫਲ ਮੁਕਤੀ ਰੂਪ ਧਨ ਹੁੰਦਾ ਹੈ ਤੇ ਜਿਸ ਮੁਕਤੀ ਦੇ ਆਇਆਂ ਜਨਮ ਮਰਨ ਮਿਟ ਜਾਂਦਾ ਹੈ, ਸੋ ਇਹੀ ਬਖਸ਼ਿਸ਼ ਅਸਾਂ ਕਹਿ ਦਿੱਤਾ ਸੀ ਕਿ ਦਿੱਤੀ। ਪਰ ਤੁਸਾਂ ਦੀ ਸਮਝੇ ਨਾ ਪਿਆ, ਕਿਉਂਕਿ ਮਨਾਂ ਦੇ ਰੁਖ ਅਜੇ ਸੰਸਾਰਾ-ਕਾਰ ਵਧੇਰੇ ਸਨ। ਅਸਾਂ ਕਿਹਾ ਸੀ 'ਠਹਿਰੋ' ਇਹ ਪਹਿਲੀ ਬਖਸ਼ਿਸ਼ ਸੀ, ਅਰਥ ਸੀ ਕਿ ਤੁਸੀਂ ਨਾਮ ਦੁਆਰਾ ਟਿਕ ਜਾਓ, ਮਨ ਤੁਸਾਂ ਦਾ ਟਿਕਾਉ ਪਕੜੇ, ਠਹਿਰੇ। ਦੂਸਰੀ ਬਖਸ਼ਿਸ਼ ਕੀਤੀ ਕਿ ਧਨ ਦੇਵਾਂਗੇ। ਸੋ ਅਸਾਂ ਧਨ ਦੇਣਾ ਸੀ 'ਮੁਕਤ ਪਦਾਰਥ'। ਤੀਜੀ ਬਖਸ਼ਿਸ਼ ਕਹੀ ਸੀ ਮਰਵਾਵਾਂਗੇ। ਭਾਵ ਇਹ ਸੀ ਕਿ ਹਉਂ ਵਲੋਂ ਮਾਰ ਕੇ ਜਨਮ ਮਰਨ ਮਿਟਾ ਦਿਆਂਗੇ, ਪਰ ਤੁਸਾਂ ਨੇ ਇਸ ਨੂੰ ਬਖਸ਼ਿਸ਼ ਨਾ ਸਮਝਿਆ, ਸਾਡਾ ਗੁੱਸਾ ਜਾਤਾ । ਫੇਰ ਤੁਸਾਂ ਮੰਗ ਕੀਤੀ ਘਰਾਂ ਦੇ ਧੰਦਿਆਂ ਦੀ ਤੇ ਜੀਵਨ ਦੀ ਖੁਸ਼ੀ ਸੋ ਤੁਸਾਂ ਦੇ ਸਾਧਨਾਂ ਵਿਚ ਕੁਛ ਹੋਰ ਘਾਲ ਦੀ ਲੋੜ ਹੈ ਕਰਮ ਸਾਰੇ ਦਗਧ ਨਹੀਂ ਹੋਏ। ਲੱਗੇ ਰਹੋ ਨਾਮ ਵਿਚ। ਇਹ ਗੁਰ ਨਾਨਕ ਦਾ ਘਰ ਹੈ, ਇੱਥੇ ਸਦਾ ਬਖਸ਼ਿਸ਼ ਹੈ, ਜਗਤ ਪਦਾਰਥ ਗੁਰੂ ਨੇ ਬਖਸ਼ੇ ਹੋਏ ਹਨ, ਮੁਕਤ ਪਦਾਰਥ ਗੁਰੂ ਲਈ ਖੜਾ ਹੈ। ਨਾਮ ਨਾਲ ਲੱਗੇ ਰਹੋ* ਨਾਮ ਦਾ ਵਿਸਾਹ ਨਹੀਂ ਕਰਨਾ। ਦੂਸਰੇ ਸਤਿਗੁਰ ਨੇ ਤੁਸਾਂ ਨੂੰ ਹਰੀ ਕੀਰ-

---

*ਇਹ ਬਾਤ ਚੀਤ ਸਤਿਗੁਰ ਜੀ ਨੇ ਕਿਨ੍ਹਾਂ ਵਾਕਾਂ ਵਿਚ ਕੀਤੀ ਸੀ ? ਪਰ ਸਾਖੀਆਂ ਲਿਖਣ ਵਾਲੇ ਸੂਰਜ ਪ੍ਰਕਾਸ਼ ਦੇ ਕਰਤਾ ਜੀ ਨੇ ਉਹ ਜਿਸ ਤਰ੍ਹਾਂ ਲਿਖੀ ਹੈ ਐਉਂ ਹੈ, ਉਪਰਲੀ ਗੱਲ ਬਾਤ ਇਸ ਦਾ ਖੁਲ੍ਹਾ ਅਨੁਵਾਦ ਹੈ:—

ਬਰਸੈ ਬਾਦਲ ਖੁਸੀ ਕਰ ਜਲ ਲੇਇ ਨ ਖੇਤ।
ਚਾਤ੍ਰਿਕ ਚੁਪਕਾ ਹੋਇ ਰਹਯੋ ਕਯਾ ਬਾਦਲ ਹੇਤ।
ਚੰਦਨ ਪਰਉਪਕਾਰ ਹਿਤ ਬਨ ਰਹੇ ਸੁਚੇਤ।
ਗੰਗਾ ਪਾਪਾਂ ਦੂਰ ਹਿਤ ਕਯਾ ਨ੍ਹਾਇ ਅਚੇਤ।
ਗੁਰੂ ਬਿਚਾਰਾ ਕਯਾ ਕਰੇ ਸਿਖ ਫਸਿਆ ਏਤ।
ਮੀਠਾ ਦੇਵੈ ਬਾਲ ਨੂੰ ਉਹ ਮਾਂਗੈ ਰੇਤ।
ਘੜਾ ਲਜ ਹਥ ਖਸਮ ਦੇ ਕਯਾ ਕੂਪ ਨ ਦੇਤ।
ਬਾਪ ਮਾਇ ਹਿਤ ਕਯਾ ਕਰੈ ਸੁਤ ਦੇਤ ਨ ਭੇਤ।
ਲੀਪਨ ਹਾਰੇ ਦੋਸ਼ ਕਯਾ ਭੀਤ ਗਿਰਦੀ ਰੇਤ।
ਅਟਕਾ ਜਲ ਤਾਂ ਬੰਧੀਏ ਜਾ ਬੰਧ ਨਿਕੇਤ।
ਧਨ ਵਡਿਆਈ ਦੇਇ ਕਿਸ ਖਰ ਧੂੜੀ ਲੇਤ।
ਭਾੜ ਵਿਚਾਰਾ ਸੀਤ ਕਿਉਂ ਜਾਂ ਝੁਲਕਾ ਦੇਤ।
ਧੰਦੇ ਅਟਕੇ ਸਿਖ ਸੁਣ ਪਰਵਾਰ ਸਮੇਤ।
ਕਾਰੀਗਰ ਖਾਤੀ ਕਯਾ ਕਰੇ ਕਾਸ਼ਟ ਨਹੀਂ ਖੇਤ।
ਨਦੀ ਬਾਰ ਕਿਉਂ ਪੀਵੀਏ ਕੁਣੀਆਂ ਨਾ ਲੇਤ।

*ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ [ਗਉਃ ਮਃ ੧

ਖਾਣਾ ਕੀਕੂੰ ਪੱਕਣਾ ਜੇ ਅੱਗ ਨ ਨਿਕੇਤ।
ਬਿਨਾਂ ਸਮੇਂ ਤੇ ਬੁਧਿ ਨਹਿਂ ਕਿਆ ਹਠ ਕਾ ਹੇਤ।
ਮਨ ਹੀ ਚਕ੍ਰ ਘੁਮਾਰ ਕਾ ਘੜ ਭਾਂਡੇ ਦੇਤਿ।
ਮੁਹ ਕਾ ਆਖਣ ਰੀਸ ਹੈ ਫਿਰ ਮਨ ਹੀ ਚੇਤ।
ਪਹਿਲਾਂ ਮੰਗੇ ਸੰਗਤੀ ਗੁਰ ਦੇਣਮ ਹੇਤ।
ਕਰਮ ਕੜਾਕਾ ਹਾਥ ਕਾ ਮੁਹ ਮਾਰੈ ਸੇਤ।
ਹਉਂ ਬਾਰ ਬਾਰ ਬਲਿਹਾਰਨੇ ਜਿਹ ਮਰ ਮਨ ਨੇਤ।
[ਗੁਃ ਪ੍ਰਃ ਸੂਰਜ ਰੁਤ ੫ ਅੰਸੂ ੩੦

ਤਨ ਦਾ ਆਹਰ ਬਖਸ਼ਿਆ ਹੋਇਆ ਹੈ, ਇਸ ਨੂੰ ਕਦੇ ਨਾ ਛੋੜਨਾ*। ਸਿਦਕ ਨਾਲ ਕਮਾਈ ਕਰਦੇ ਰਹੋ। ਸਿਦਕ ਧਾਰਕੇ ਕੀਤਾ ਕਮਾਈ ਤਾਰਦੀ ਹੈ, ਓਦਰਨਾਂ ਨਹੀਂ। ਕੁਛ ਦੇਰ ਹੈ, ਕਾਰਜ ਜੋ ਗੁਰੂ ਨੇ ਚਾਹਿਆ ਹੈ ਹੋਵੇਗਾ; ਸਾਵਧਾਨ ਰਹੋ, ਸੁਚੇਤ ਰਹੋ‡ ਤੇ ਲੱਗੇ ਰਹੋ, ਤੁਹਾਨੂੰ ਮੌਝੀ ਹੋ ਆਵੇਗੀ ਕਿ ਸਭ ਤੋਂ ਅਮੋਲਕ ਪਦਾਰਥ ਕਲਜਾਣ ਹੈ। ਸਤਿਗੁਰ ਦੇ ਇਸ ਤਰ੍ਹਾਂ ਦੇ ਪਿਆਰ ਤੇ ਬਖਸ਼ਿਸ਼ ਦੇ ਵਾਕਸੁਣ ਕੇ ਸੰਗਤ ਪ੍ਰਸੰਨ ਹੋ ਗਈ ਤੇ ਦਿਲ ਵਿਚ ਅਰਮਾਨ ਕਰਨ ਲੱਗੀ ਕਿ ਅਸਾਂ ਸਤਿਗੁਰ ਦਾ ਬਖਸ਼ਿਸ਼ ਦਾ ਵਾਕ ਫੇਰਕੇ ਘਰ ਦੇ ਧੰਦੇ ਤੇ ਖੁਸ਼ੀ ਮੰਗੀ ਤੇ ਦਾਤਾ ਸਤਿਗੁਰ ਸਾਨੂੰ ਸਦਗਤੀ ਤੇ ਕਲਿਆਨ ਦੇ ਰਿਹਾ ਸੀ ਜਿਸ ਦੀ ਰਮਜ਼ ਅਸਾਂ ਨਾ ਪਾਈ। ਕਹਿੰਦੇ ਹਨ ਫਕੀਰ ਰਮਜ਼ ਮਾਰਦਾ ਹੈ, ਪਰ ਰਾਜ਼ ਨਹੀਂ ਦੇਂਦਾ ਪਰ ਧੰਨ ਇਹ ਸੰਪੂਰਨ ਸਤਿਗੁਰ ਹੈ ਕਿ ਰਮਜ਼ ਬੀ ਮਾਰਦਾ ਹੈ ਤੇ (ਰਾਜ਼) ਭੇਤ ਬੀ ਖੁਹਲ ਕੇ ਰਖ ਦੇਂਦਾ ਹੈ।ਮੋੜ ਕਰੇ ਤਾਂ ਗੁੱਸੇ ਨਹੀਂ ਥੀਂਦਾ, ਸਗੋਂ ਪਯਾਰ ਕਰਦਾ ਹੈ ਤੇ ਰਾਹੇ ਪਾਉਂਦਾ ਹੈ।

ਇਸ ਪ੍ਰਕਾਰ ਕਈ ਦਿਨ ਚਮਕੌਰ ਰੌਣਕ ਲੱਗੀ ਰਹੀ। ਆਨੰਦਪੁਰ ਤੋਂ ਬੀ ਕੁਛ ਪ੍ਰੇਮੀ ਆ ਗਏ ਤੇ ਕੁਛ ਸਿੰਘਾਂ ਦੀ ਫੌਜ ਆ ਗਈ। ਸਤਿਸੰਗ ਦੇ ਦਰਬਾਰ ਸਜਦੇ ਰਹੇ। ਦੋ ਵੇਲੇ ਕੀਰਤਨ ਆਨੰਦ ਉਪਦੇਸ਼ ਜਗਤ ਉਧਾਰ ਦਾ ਕਾਰਜ ਹੁੰਦਾ ਰਿਹਾ।

੨.

ਪਹਾੜੀ ਰਾਜੇ ਹੁਣ ਕੁਛ ਦਿਲੋਂ ਏ ਕਈ ਉਪਰੋਂ ਮੇਲ ਗੇਲ ਰਖਦੇ ਸਨ, ਵਿਚੋਂ ਦ੍ਵੈਸ਼ ਵਿਚ ਵਸਦੇ ਸਨ। ਸ੍ਰੀ ਸਤਿਗੁਰੂ ਜੀ ਜਦੋਂ ਕੁਰਛੇਤ੍ਰ ਗਏ ਹੋਏ ਸਨ ਤਦ ਬਿਲਾਸਪੁਰ ਦਾ ਰਾਜਾ ਇਕ ਦਾਉ ਵਿਚਾਰ ਰਿਹਾ ਸੀ ਕਿ ਗਰੂ ਜੀ ਦੇ ਨਾਲ ਕੇਵਲ ਪੰਜਾਹ ਸੱਠ ਸੁਵਾਰ ਹੈਨ, ਵੱਧ ਤੋਂ ਵੱਧ ਸੌ ਕੁ ਹੋ ਜਾਸੀ, ਇਹ ਵੇਲਾ ਹੈ ਅਚਾਨਕ ਮਰਵਾ ਦੇਣ ਦਾ। ਪਰ ਇਹ ਵਿਚਾਰ ਸਿਰ ਨਹੀਂ ਸੀ ਚੜ੍ਹਦੀ, ਕਿਉਂਕਿ ਰਾਜਧਾਨੀ ਬਿਲਾਸਪੁਰ ਤੋਂ ਇਹ ਜਗ੍ਹਾ ਦੇਖੀ ਦੂਰ ਸੀ। ਜਦੋਂ ਸ੍ਰੀ ਗੁਰੂ ਜੀ ਵਾਪਸ ਚਲੇ ਆ ਰਹੇ ਸੀ ਤਾਂ ਉਸਨੂੰ ਖਬਰ ਮਿਲੀ ਕਿ ਲਾਹੌਰ ਤੋਂ ਕੁਛ ਤੁਰਕਾਨੀ ਫੌਜ ਦਿੱਲੀ ਨੂੰ ਜਾ ਰਹੀ ਹੈ, ਜਿਸ ਵਿਚ ਦੋ ਸਰਦਾਰ ਹੈਨ: ਵੱਡੇ ਦਾ ਨਾਉਂ ਅਲਫ ਖਾਨ ਹੈ ਤੇ ਛੋਟੇ ਦਾ ਨਾਉਂ ਸੈਦਾ ਬਗ ਹੈ। ਇਨ੍ਹਾਂ ਦੇ ਨਾਲ ਕਾਫੀ ਸਿਪਾਹ ਹੈ। ਜੇ ਕਦੇ ਰਸਤੇ ਜਾਂਦੇ ਇਹ ਗੁਰੂ ਜੀ ਨੂੰ ਆਪਣੀ ਘੇਰ ਵਿਚ ਲੈ ਲੈਣ ਤਾਂ ਬੜੇ ਸੁਖੱਲ ਨਾਲ ਗੁਰੂ ਜੀ ਗ੍ਰਿਫਤਾਰ ਹੋ ਕੇ ਦਿੱਲੀ ਪਹੁੰਚਾਏ ਜਾਣ, ਪਾਤਸ਼ਾਹ—ਜੋ ਇਨ੍ਹਾਂ ਦੀ ਘਾਤ ਵਿਚ ਸਦਾ ਰਹਿੰਦਾ ਹੈ—ਪ੍ਰਸੰਨ ਹੋ ਜਾਏ*, ਇਧਰ ਸਾਡੀ ਰਿਆਸਤ ਵਿਚੋਂ ਬਖੇੜਾ ਦੂਰ ਹੋ ਜਾਏ, ਜਗਤ ਲਈ ਇਹ ਬਹਾਨਾ ਬਣ ਜਾਊ ਕਿ ਗੁਰੂ ਕੇ ਖਾਲਸੇ ਰਾਹ ਜਾਂਦੇ ਤੁਰਕਾਂ ਨਾਲ ਅੜ ਬੈਠੇ ਹਨ ਇਸ ਕਰਕੇ ਉਨ੍ਹਾਂ ਨੇ ਲਪੇਟ ਲਏ। ਕਿਸੇ ਨੂੰ ਪਤਾ ਨਾ ਲਗੂ ਕਿ ਅਸਲ ਬਾਤ ਕੀਹ ਸੀ। ਸਾਡੇ ਤੇ ਸ਼ਕ ਪੈਣ ਹੀ ਨਹੀਂ ਲੱਗਾ, ਇਹ ਗਲ ਕਹਿਲੂਰੀਏ ਨੇ ਹੰਡੂਰੀਏ ਆਦਿਕ ਇਕ ਦੋ ਆਪਣੇ ਹਮਖ਼ਾਲੀ ਰਾਜਿਆਂ ਨਾਲ ਵੀ ਗੁਪਤ ਗੁਪਤ ਵੀਚਾਰ ਲਈ। ਇਕ ਖਾਸ ਰਕਮ ਏਸ ਕੰਮ ਲਈ ਨੀਯਤ ਕੀਤੀ ਗਈ ਤੇ ਦੂਤ ਘੱਲੇ ਗਏ। ਗੁਰੂ ਸਾਹਿਬ ਇਸ ਵਕਤ ਤਕ ਚਮਕੌਰ ਪਹੁੰਚ ਗਏ ਸਨ, ਪਰ ਰਾਜਿਆਂ ਨੂੰ ਵੀ ਪਤਾ ਪੁੱਜ ਪਿਆ ਸੀ ਕਿ ਗੁਰੂ ਜੀ ਚਮਕੌਰ ਟਿਕ ਗਏ ਹਨ। ਸੋ ਇਉਂ ਹੁਣ ਤੁਰਕ ਉਮਰਾਵਾਂ ਨੇ ਥੋੜਾ ਹੀ ਰਸਤਾ ਮੋੜਨਾ ਹੈ ਤੇ ਚਮਕੌਰ ਅੱਪੜ ਪੈਣਾ ਹੈ। ਜੇ ਮਾਛੀਵਾੜੇ ਦੇ ਪੱਤਣੋਂ ਬੀ ਪਾਰ ਆ ਗਏ ਤਾਂ ਚਮਕੌਰ ਇਕ ਦਾਈਏ ਵਾਲੇ ਹੱਲੇ ਨਾਲ ਅੱਪੜ ਜਾਣਗੇ ਐਉਂ ਗੁਰੂ ਜੀ ਅਚੇਤ ਹੀ ਨੱਪੜ ਲਏ ਜਾਣਗੇ। ਉਧਰ ਦੂਤ ਅੱਪੜ ਪਏ ਹੋਏ ਸਨ, ਉਮਰਾਵਾਂ ਨਾਲ ਗਲ ਬਾਤ ਹੋ ਗਈ ਸੀ, ਸਫਰ ਤਾਂ ਇਨ੍ਹਾਂ ਨੇ ਕਰਨਾ ਹੀ ਸੀ ਦਿੱਲੀ ਦਾ ਥੋੜਾ ਰਸਤਾ ਵਲ ਮਾਰਨਾ ਸੀ, ਸੋ ਧਨ ਦੇ ਲਾਲਚ ਤੇ ਹਜ਼ਰਤ ਦੀ ਖ਼ਸ਼ਨੂਦੀ ਮਿਲਨ ਦੇ ਖ਼ਯਾਲ ਨੇ ਦੋਹਾਂ ਨੂੰ ਮਰੋੜ ਲਿਆ। ਓਹ ਟੁਰ ਪਏ ਤੇ ਦਰਿਆ ਪਾਰ ਹੋ ਕੇ ਚਮਕੌਰ ਵਲ ਨੂੰ ਪੂਰਬ ਦੁਖ ਹੋ ਟੁਰੇ।

*ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ ॥ [ਗੁ: ਵਾ: ਮ: ੫

†ਜਿਨ ਕੇ ਮਨਿ ਸਾਚਾ ਬਿਸ੍ਵਾਸੁ ॥ ਪੇਖਿ ਪੇਖਿ ਸੁਆਮੀ ਕੀ ਸੋਭਾ ਆਨਦ ਸਦਾ ਉਲਾਸੁ ॥ [ਧਨਾਸਰੀ ਮਹਲਾ ੫

‡ਪੂਰਾ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥ [ਗਉ: ਸੁਖਮਨੀ ਮ: ੫

*ਹਜ਼ਰਤ ਕੇ ਮੰਗ ਸਦਾ ਬਖੇਰਾ ॥ ਖਸੀ ਹੋਇ ਸੁਨਿ ਕੇ ਤਿਸ ਬੇਰਾ ॥ [ਗੁ: ਪ੍ਰ: ਸੂ:

ਵੱਡੇ ਆਦਮੀ, ਕਿ ਰਾਜੇ, ਜਦ ਮਸਲਤਾਂ ਕਰਦ ਹਨ ਤਾਂ ਸਮਝਦੇ ਹਨ ਕਿ ਗੱਲ ਪਰਮ ਗੁਪਤ ਰਹੇਗੀ, ਪਰ ਗੱਲਾਂ ਗੁਪਤ ਘੱਟ ਹੀ ਰਹਿੰਦੀਆਂ ਹਨ। ਰਾਜਿਆਂ ਦਾ ਇਹ ਭੇਤ ਬੀ ਕਿਵੇਂ ਨਾ ਕਿਵੇਂ ਉਡਦੀ ਹਵਾਈ ਗਰਦ ਵਾਂਙੂ ਨਿਕਲ ਟੁਰਿਆ ਤੇ ਅਵਾਈ —ਅਨਿਸਚਿਤ ਅਵਾਈ—ਦੀ ਸ਼ਕਲ ਵਿਚ ਅਨੰਦ ਪੁਰ ਅੱਪੜ ਪਿਆ। ਅਨੰਦਪੁਰ ਦੇ ਗੁਰੂ ਸਾਹਿਬ ਜੀ ਦੇ ਸੈਨਾਪਤੀ ਨੇ ਵੀਚਾਰਿਆ ਕਿ ਗੁਰੂ ਕਿਆਂ ਨੂੰ ਸੱਤੇ ਬੈਰੀਂ ਹਨ ਪਰ ਜੇ ਕੁਛ ਸੈਨਾ ਚਮਕੌਰ ਜਾ ਪਹੁੰਚੇ ਤਾਂ ਕੀਹ ਘਾਟਾ ਹੈ। ਜੇ ਅਵਾਈ ਹਵਾ ਦਾ ਝੱਲਾ ਹੈ ਤਾਂ ਵਾਹ ਵਾ ਤੇ ਜੇ ਕਿਸੇ ਨੇ ਇਹ ਅਵਾਈ ਸੱਚ ਦੀ ਆ ਸੁਣਾਈ ਹੈ ਤਾਂ ਫੌਜ ਭੇਜੀ ਕੰਮ ਆਵੇਗੀ। ਸੋ ਉਸ ਨੇ ਚਾਰ ਪੰਜ ਸੌ ਜਵਾਨ ਚਮਕੌਰ ਘੱਲ ਦਿੱਤਾ ਤੇ ਨਾਲ ਅਵਾਈ ਬੀ ਦੱਸ ਘੱਲੀ। ਗੁਰੂ ਸਾਹਿਬ ਪਾਸ ਇਹ ਕੁਮਕ ਵੇਲੇ ਸਿਰ ਅੱਪੜੀ ਸੀ*, ਕਿਉਂ ਕਿ ਥੋੜੇ ਹੀ ਚਿਰ ਮਗਰੋਂ ਹੋਠਾੜ ਤੋਂ ਇਕ ਸਿੱਖ ਆ ਪਹੁੰਚਾ ਤੇ ਓਨ ਆ ਦੱਸਿਆ ਕਿ ਪਾਤਸ਼ਾਹ ਜੀਓ, ਇਕ ਤੁਰਕਾਨੀ ਦਲ ਜੋ ਮੈਂ ਗਿਣਿਆ ਤਾਂ ਨਹੀਂ, ਪਰ ਜਿਸ ਦੀ ਗੋਣਤੀ ਦੀ ਅਫਵਾਹ ਦੋ ਤੈ ਹਜ਼ਾਰ ਹੈ, ਇਧਰ ਨੂੰ ਆ ਰਿਹਾ ਹੈ ਤੇ ਮੈਂ ਸੁਣਿਆ ਹੈ ਕਿ ਆਪ ਪਰ ਬੇਖਬਰੇ ਪੈ ਕੇ ਪ੍ਰਾਜੈ ਕਰ ਲੈਣ ਦੇ ਭੈੜੇ ਮੰਕਲਪ ਨਾਲ ਆ ਰਿਹਾ ਹੈ। ਆਪ ਨਿਸਚਿੰਤ ਬੈਠੇ ਹੋ। ਸਤਿਗੁਰ ਜੀ ਮੁਸਕ੍ਰਾਏ ਤੇ ਕਹਿਣ ਲੱਗੇ— ਸ਼ਾਬਾਸ਼ ਸਿੰਘਾ ! ਤੂੰ ਭਲਾ ਕੀਤਾ ਹੈ ਜੋ ਵੇਲੇ ਸਿਰ ਮੂੰਹ ਲਿਆ ਦਿੱਤੀ ਹੈ। ਕਿੰਨੀ ਕੁ ਦੂਰ ਦਲ ਹੋਸੀ ? ਤਾਂ ਸਿੱਖ ਨੇ ਕਿਹਾ: ਪਾਤਸ਼ਾਹ ਉਹ ਤਾਂ ਪਹੁੰਚੇ ਜਾਣੋ। ਮੈਂ ਤਾਂ ਅੱਖੀਂ ਦੇਖ ਕੇ ਆਇਆ ਹਾਂ, ਉਹ ਆ ਰਹੇ ਹਨ, ਮੈਂ ਘੋੜਾ ਸਿਰਪੱਟ ਛੱਡ ਕੇ ਅੱਗੋਂ ਆ ਪਹੁੰਚਾ ਹਾਂ। ਸਤਿਗੁਰ ਜੀ ਨੇ ਉਸੇ ਵੇਲੇ ਦੀਵਾਨ ਸਮਾਪਤ ਕੀਤਾ ਤੇ ਅਪਣੇ ਨਾਲ ਦੀ ਪਹਿਲੀ ਫੌਜ ਨੂੰ ਤਿਆਰ ਬਰਤਿਆਰ ਹੋ ਜਾਣ ਦਾ ਹੁਕਮ ਦੇ ਦਿਤਾ। ਨਵੀਂ ਆਈ ਬੀ ਤਿਆਰ ਹੋ ਗਈ। ਇਸ ਫੌਜ ਵਿਚ ਸੂਹ ਤਾਂ ਹੈਸੀ, ਪਰ ਇੰਨੀ ਛੇਤੀ ਤੇ ਪੱਕੀ ਗੱਲ ਨਹੀਂ ਸੀ। ਪਰ ਛੇਤੀ ਦਾ ਹੁਕਮ ਸੁਣਦੇ ਸਾਰ ਤਿਆਰੀ ਹੋ ਗਈ।

*ਤੁਕਾ: ਆ:।

੩.

ਰਣਜੀਤ ਨਗਾਰਾ ਵੱਜ ਪਿਆ। ਸਿਖ ਸੈਨਾ ਜਿਤਨੀ ਸੀ ਤਿਆਰ ਬਰਤਿਆਰ ਹੋ ਗਈ, ਜੁੱਧ ਦੀ ਵੰਡ ਸਾਰੀ ਝਟ ਪਟ ਮਿਥ ਲੀਤੀ ਗਈ। ਖਾਲਸੇ ਦੇ ਦਿਲਾਂ ਵਿਚ ਜੰਗ ਦੀ ਉਮੰਗ ਭਰੀ ਰਹਿੰਦੀ ਸੀ, ਮੁਕਾਬਲੇ ਆ ਪਏ ਤੇ ਸੋਚ ਦੀ ਥਾਂ ਉਮਾਹ ਵਿਚ ਜਾਂਦੇ ਸੇ, ਬੀਰਰਸ ਕਾਂਗਾ ਭਰ ਉਮਲ ਪੈਂਦਾ ਸੀ। ਸੋ ਵੈਰੀ ਦਲ ਨੂੰ ਚਾਹੇ ਉਹ ਕਿੰਨਾ ਵਧੀਕ ਸੀ ਮਾਰ ਲੈਣ ਦੇ ਉਤਸਾਹ ਨਾਲ ਭਰਕੇ ਖਾਲਸਾ ਡਟ ਗਿਆ। ਦਲ ਤਾਂ ਚਾਹੁੰਦਾ ਸੀ ਕਿ ਅੱਗੇ ਚੁੱਕ ਕੇ ਹੱਲਾ ਕਰੇ, ਪਰ ਗੁਰੂ ਜੀ ਚਾਹੁੰਦੇ ਸੇ ਕਿ ਪਹਿਲਾਂ ਕੋਈ ਵਧੀਕੀ ਓਹ ਕਰ ਲੈਣ ਤਾਂ ਮੂੰਹ ਮੋੜਿਆ ਜਾਏ। ਵੈਰੀ ਦਲ ਦੇ ਨਗਾਰੇ ਨਹੀਂ ਸਨ ਵਜਦੇ, ਚੁਪ ਚਾਪ ਆ ਰਹੇ ਸਨ, ਪਰ ਖਾਲਸਾ ਦਲ ਇਕ ਸੁਹਣੇ ਮੈਦਾਨ ਵਿਚ ਖੜਾ ਸੀ, ਤਿਆਰ ਬਰ ਤਿਆਰ।ਅੰਤ ਧੂੜਾਂ ਦਿੱਸ ਪਈਆਂ, ਪਹਿਲੀ ਬੁਛਾੜ ਗੋਲੀਆਂ ਦੀ ਰੋਅਬ ਬਿਠਾਵਣ ਵਾਲੀ ਤੁਰਕ ਦਲ ਵਲੋਂ ਆਈ ਤਾਂ ਅੱਗੋਂ ਖਾਲਸੇ ਨੇ ਬੀ ਤੜਾ ਤਾੜ ਜੁਵਾਬ ਗੋਲੀਆਂ ਨਾਲ ਦਿੱਤਾ। ਹੁਣ ਚੁਵੱਲੀ ਮਾਰੂ ਵੱਜ ਪਏ। ਆਪ ਗੁਰੂ ਜੀ ਇਕ ਪਾਸੇ ਇਕ ਉੱਚੇ ਰਿੜੀਏ ਤੇ ਜੰਗ ਦਾ ਰੰਗ ਦੇਖਣ ਨੂੰ ਲੋੜ ਪਈ ਤੇ ਨਿਸ਼ਾਨੇ ਦੇ ਤੀਰ ਫੁੰਡਣ ਲਈ ਜਾ ਡਟ, ਪਰ ਪਹਿਲਾਂ ਆਪ ਕੇਵਲ ਜੰਗ ਵੇਖਦੇ ਤੇ ਹੁਕਮ ਹੀ ਦੇਂਦੇ ਡਟੇ ਰਹੇ। ਪਲ ਪਲੀ ਵਿਚ ਜੁੱਧ ਨੇ ਘੋਰ ਸੂਰਤ ਧਾਰ ਲਈ। ਅਲਫ ਖਾਂ ਦਾ ਖਿਆਲ ਜੋ ਰਾਜਿਆਂ ਦੇ ਸੰਦੇਸ ਤੋਂ ਬਣਿਆਂ ਸੀ, ਇਹ ਸੀ ਕਿ ਗੁਰੂ ਜੀ ਪਾਸ ਸੈਨਾ ਨਹੀਂ ਹੈ, ਅਸਾਂ ਤਾਂ ਐਵੇਂ ਹੀ ਜਾ ਕੇ ਮਾਰ ਲੈਣਾ ਹੈ। ਸੋ ਪੰਜਾਹ ਸਿਪਾਹੀ ਤੇ ਬਾਕੀ ਸੰਗਤ ਦੀ ਵਹੀਰ ਕੀਹ ਮੁਕਾਬਲਾ ਕਰ ਸਕਦੀ ਹੈ, ਪਰ ਏਥੇ ਉਸ ਨੂੰ ਕਾਫੀ ਸਨੱਧ ਬਧ ਫੌਜ ਨਜ਼ਰ ਆਈ। ਤਦ ਉਸ ਜਾਤਾ ਕਿ ਖੇਡ ਸੌਖੀ ਖੀਰ ਨਹੀਂ, ਪਰ ਸੀ ਬਹਾਦਰ ਤੇ ਜੋਧਾ, ਦਮ ਗਾਹੜੇ ਕਰ ਕੇ ਲੱਗਾ ਤੀਰ ਗੋਲੀ ਵਰਸਾਉਣ। ਇਧਰੋਂ ਬੀ ਲੱਗਾ ਮੀਂਹ ਵਰਸਣ, ਦੁਛ ਚਿਰ ਇਸ ਤਰ੍ਹਾਂ ਦਾ ਮਿਥਵਾਂ ਜੰਗ ਹੁੰਦਾ ਰਿਹਾ। ਖਾਲਸੇ ਦਾ ਉਮਾਹ ਸੀ ਹੱਲਾ ਕਰ ਕੇ ਜਾ ਪੈਣ ਦਾ, ਸੋ ਨੇੜੇ ਚੁੱਕਦੇ ਤਲਵਾਰ ਧੂਹ ਕੇ ਹੱਥੋ ਹੱਥੀ ਜਾ ਪਏ, ਬੰਦੂਕਾਂ ਨੂੰ

ਤੀਰ ਉਨ੍ਹਾਂ ਦੇ ਧਰੇ ਹੀ ਰਹਿ ਗਏ। ਸਤਿਗੁਰ ਜੀ ਵੀ ਇਸ ਵਲੇ ਇਕ ਦਸਤੇ ਨਾਲ ਸਰਦਾਰ ਸੈਦਾ ਬੇਗ ਵਲ ਅੱਗੇ ਵਧਦੇ ਧਾਏ। ਇਤਨੇ ਭਾਰੇ ਗੋਣਤੀ ਵਿਚ ਵਧਵੇਂ ਤੁਰਕੀ ਦਲ ਉੱਤ ਖਾਲਸੇ ਦਾ ਜਾ ਪੈਣਾ ਤੇ ਫੇਰ ਗੁਰੂ ਜੀ ਦਾ ਵਿਚ ਆ ਜਾਣਾ ਸੈਦਾ ਬੇਗ ਲਈ ਅਸ਼ ਅਸ਼ ਕਰਾ ਜਾਣ ਦਾ ਕਾਰਣ ਬਣਿਆ। ਇੰਨੇ ਨੂੰ ਸਾਹਿਬ ਉਸ ਦੀ ਨਜ਼ਰ ਦੇ ਹੋਰ ਨੇੜੇ ਜਾ ਢੁੱਕੇ, ਆਪ ਦਾ ਦਰਸ਼ਨ ਕਕਕੇ ਉਸ ਦਾ ਦਿਲ ਖਿੱਚ ਖਾ ਗਿਆ, ਹਾਂ ਉਸ ਦੇ ਜੀ ਵਿਚ ਕੋਈ ਅਗੰਮੀ ਧੂਹ ਪੈ ਗਈ ਤੇ ਚਿੱਤ ਚਾਹੇ ਸੁ ਕਿ ਕਿਵੇਂ ਜਾ ਦਾਮਨ ਪਕੜਾਂ ਤੇ ਸ਼ਰਨ ਲਵਾਂ। ਕੁਛ ਚਿਰ ਸੋਚਦਾ ਰਿਹਾ ਤੇ ਲੜਾਈ ਵਲੋਂ ਢਿੱਲਾ ਪੈਂਦਾ ਗਿਆ ਤੇ ਫੇਰ ਰੋਲੀ ਚਲਾਉਣੋਂ ਕਿ ਚਲਾਉਣ ਦਾ ਹੁਕਮ ਦੇਣੋਂ ਰੁਕਦਾ ਗਿਆ। ਅੰਤ ਆਪਣੇ ਪਰ੍ਹੇ ਦੇ ਜੁਆਨਾਂ ਨੂੰ ਹੁਕਮ ਦਿੱਤੋ ਸੁ ਕਿ ਵਾਰ ਬੰਦ ਕਰੋ ਤੇ ਮੇਰੇ ਮਗਰ ਆਓ। ਮੈਦਾਨ ਦੇ ਇਕ ਪਾਸੇ ਦਾ ਅਧਗੋਲਵਾਂ ਚੱਕਰ ਦੇਕੇ ਗੁਰੂ ਦੇ ਦਲ ਵਿਚ ਆ ਗਿਆ ਤੇ ਘੜੇ ਤੋਂ ਉਤਰ ਕੇ ਗੁਰੂ ਜੀ ਦੇ ਕਦਮਾਂ ਨੂੰ ਆ ਹੱਥ ਲਾਇਓ ਸੁ ਤੇ ਆਖਣ ਲੱਗਾ: ਮੈਂ ਆਪਦਾ ਮੁਰੀਦ ਹੋ ਗਿਆ ਹਾਂ, ਹੁਣ ਆਗਯਾ ਬਖ਼ਸ਼ੋ ਤਾਂ ਆਪ ਵਲੋਂ ਹੋਕੇ ਆਪ ਦੇ ਵੈਰੀਆਂ ਨਾਲ ਲੜਾਂ। ਸਤਿਗੁਰ ਮੁਸਕ੍ਰਾਏ ਤੇ ਕਹਿਣ ਲੱਗੇ, ਸੈਦਾ ਬੇਗ! ਜਿਵੇਂ ਉਤਸਾਹ ਹੈ, ਸੋ ਕਰੋ। ਸੈਦਾਬੇਗ ਨੇ ਕਿਹਾ, ਸਾਡਾ ਆਪ ਤੇ ਹਮਲਾ ਕਰਨਾ ਅਨਹੱਕਾ ਜ਼ੁਲਮ ਸੀ, ਰਾਹ ਜਾਂਦੇ ਅਸਾਂ ਲਾਲਚ ਵਿਚ ਆ ਕੇ ਆਪ ਤੇ ਟੁੱਟ ਪਏ। ਮੈਂ ਆਪਣੇ ਇਸ ਪਾਪ ਨੂੰ ਆਪ ਦੀ ਕੁਮਕ ਕਰਕੇ ਹਣ ਧੋਣਾ ਹੈ। ਐਉਂ ਆਖਦਾ ਅਲਫ ਖਾਂ ਦੀ ਫੌਜ ਤੇ ਟੁੱਟ ਪਿਆ ਤੇ ਉਸ ਦੀ ਆਪਣੀ ਫੌਜ, ਜੋ ਉਸਦੀ ਬਹੁਤ ਕਦਰ ਕਰਦੀ ਸੀ, ਹੁਕਮ ਦੇਂਦੇ ਸਾਰ ਉਸ ਦੇ ਨਾਲ ਵੈਰੀ ਦਲ ਤੇ ਟੁੱਟ ਕੇ ਜਾ ਪਈ। ਲਿਖਿਆ ਹੈ ਕਿ ਇਸ ਦੇ ਨਾਲ ਦੋ ਕੁ ਸੌ ਜੁਆਨ, ਜੋ ਇਸ ਦਾ ਕਿਹਾ ਮੰਨਕੇ ਨਾਲ ਆਏ ਸੇ, ਬਹੁਤ ਤਕੜੇ ਸਨ। ਏਹ ਡਾਢੇ ਬਲਕਾਰ ਨਾਲ ਸਿਖਾਂ ਤੋਂ ਬੀ ਅਗੇ ਵਧਕੇ ਤੁਰਕਾਨੀ ਦਲ ਉੱਤੇ ਜਾ ਪਿਆ। ਇਸ ਦੀ ਕਟਾ ਵੱਢ ਤੇ ਖਾਲਸੇ ਦੀ ਦਲੇਰੀ, ਜੋ ਹੁਣ ਹੋਰ ਵਧ ਗਈ ਸੀ, ਅਲਫ ਖਾਂ ਨੂੰ ਦੋ ਮਾਰਾਂ ਕਰ ਗਈ। ਇਕ ਤਾਂ ਦਿਲ ਟੁੱਟ ਗਿਆ ਸੀ ਕਿ ਸਾਥੀ ਸਾਥ ਹੀ ਨਹੀਂ ਛਡ ਗਿਆ, ਸਗੋਂ ਵੈਰੀ ਦਾ ਸਾਥ ਦੇਣ ਲਗ ਪਿਆ ਹੈ, ਦੂਜੇ ਗੁਰੂ ਦਲ ਵਧ ਗਿਆ ਹੈ ਤੇ ਮੇਰਾ ਘਟ ਗਿਆ ਹੈ। ਇਸ ਦੀ ਫੌਜ ਦਾ ਦਿਲ ਬੀ ਅਪਣਾ ਸਾਥ ਟੁੱਟ ਜਾਣ ਕਰਕੇ ਟੁੱਟ ਰਿਹਾ ਸੀ ਸੋ ਉਸ ਨੇ ਬਚਵੇਂ ਤ੍ਰੀਕੇ ਤੇ ਵਾਰ ਰੋਕਦੇ ਹੋਏ ਪੈਰ ਪਿੱਛੇ ਹਟਾਏ, ਪਰ ਇਹ ਦਾਉ ਹੁਣ ਸੁਖਦਾਈ ਨਹੀਂ ਸੀ ਪੈ ਸਕਦਾ, ਜਿਉਂ ਜਿਉਂ ਇਸ ਦਾ ਪੈਰ ਪਿੱਛੇ ਪੈਂਦਾ ਸੀ, ਸੈਦਾ ਬੇਗ ਭੁਏ ਹੁੰਦਾ ਸੀ ਤੇ ਖਾਲਸਾ ਟੁੱਟ ਟੁੱਟ ਕੇ ਪੈਂਦਾ ਸੀ। ਅਲਫ ਖਾਂ ਦੇ ਦਾਉ ਪੇਚ ਤੇ ਜੰਗੀ ਸਿਆਣਪਾਂ ਆਖਰ ਰਹਿ ਗਈਆਂ ਤੇ ਉਸ ਦੀ ਸੈਨਾ ਦੇ ਨੌਮਵੇਂ ਤੇ ਮੜਵੇਂ ਪੈਰ ਹਿੱਲ ਗਏ ਤੇ ਫੌਜ ਉਠ ਨੱਸੀ। ਵਧੇ ਦਿਲ ਵਾਲੇ ਦੁਹਾਂ ਦਲਾਂ ਨੇ ਹੋਰ ਹੱਲਾ ਬੋਲ ਦਿੱਤਾ। ਫਿਰ ਕੀਹ ਸੀ, ਤ੍ਰੈ ਚਾਰ ਕੋਹ ਤਕ ਉਹ ਭੱਜੀ ਗਏ ਤੇ ਇਹ ਭਜਾਈ ਗਏ। ਤ੍ਰੈ ਚਾਰ ਕੋਹ ਤਕ ਇਹੋ ਮਾਰ ਹੋਈ। ਗੁਰੂ ਜੀ ਭੱਜੇ ਜਾਂਦਿਆਂ ਦੇ ਮਗਰ ਲੋੜ ਤੋਂ ਵੱਧ ਪੈਣ ਨੂੰ ਰੋਕਿਆ ਕਰਦੇ ਸੇ, ਸੋ ਉਨ੍ਹਾਂ ਵਲੋਂ ਆਗਯਾ ਮੁੜਨੇ ਦੀ ਪਹੁੰਚ ਰਹੀ ਸੀ। ਬਹਲੋਲ ਪੁਰ ਲਾਗ, ਜੋ ਤ੍ਰੈ ਚਾਰ ਕੋਹ ਹੋਸੀ, ਇਹ ਪਿੱਛੇ ਹਟਵੀਂ ਤੇ ਭੱਜਵੀਂ ਲੜਾਈ ਹੁੰਦੀ ਗਈ, ਜਿੱਥੋਂ ਜਾ ਸੈਦਾ ਬੇਗ ਤੇ ਖਾਲਸਾ ਜੀ ਮੁੜ ਪਏ। ਉਧਰ ਅਲਫ ਖਾਂ ਹੁਣ ਮਸੇ ਮਸੇ ਜਿੰਦ ਬਚਾਕੇ ਤੇ ਟੁੱਟੀ ਭੱਜੀ ਬਾਕੀ ਰਹੀ ਸੈਨਾ ਲੈਕੇ ਸੁਖ ਦਾ ਸਾਹ ਲੈਣ ਲੱਗਾ।

੪.

ਜਿਥੇ ਗੁਰੂ ਜੀ ਉਸ ਵਲ ਟਿਕ ਨੇ ਖੜੇ ਹੁੱਧ ਦੀ ਆਗਯਾ ਦੇ ਰਹੇ ਸੇ ਉੱਥੇ ਹੀ ਹੁਣ ਖੜੇ ਸੇ। ਖਾਲਸਾ ਵਾਪਸ ਆਇਆ, ਪਰ ਖਾਲਸੇ ਤੋਂ ਮੁਹਰੇ ਸੈਦਾ ਬੇਗ ਸੀ, ਨੇੜੇ ਆਕੇ ਘੋੜੇ ਤੋਂ ਉਤਰ ਪਿਆ ਤੇ ਚਰਨਾਂ ਤੇ ਸੀਸ ਧਰ ਦਿੱਤਾ। ਸਤਿਗੁਰ ਜੀ ਨੇ ਅਸੀਸ ਦਿੱਤੀ ਤੇ ਪੂਰਬਲੀ ਵਾਕਫੀ ਦੀ ਗਯਾਤ ਦਿੱਤੀ, ਤਦ ਉਸ ਨੂੰ ਬੀ ਸੁਰਤ ਹੋ ਗਈ ਤੇ ਚਰਨਾਂ ਨੂੰ ਲਿਪਟ ਗਿਆ। ਹੁਣ ਸੈਦਾ ਬੇਗ ਇਤਨਾ ਪ੍ਰੇਮੀ ਹੋ ਗਿਆ ਕਿ ਉਸ ਨੇ ਅਪਣੇ ਸਾਥੀ ਜੋ ਹੁੱਧ ਵਿਚੋਂ ਬਚ ਰਹੇ ਸੇ ਵਿਦਾ ਕਰ ਦਿੱਤੇ। ਜੋ ਧਨ ਪਦਾਰਥ ਪਾਸ ਸੀ ਸੋ ਉਨ੍ਹਾਂ ਨੂੰ ਲੁਟਾ ਦਿੱਤਾ ਤੇ ਕਿਹਾ: ਜਾਓ, ਮੈਂ ਹੁਣ ਤੁਸਾਂ ਦੀ ਸਰਦਾਰੀ ਨਹੀਂ ਕਰ ਸਕਦਾ, ਮੈਨੂੰ ਅੱਲਾ ਨੇ

ਹੁਣ ਹੋਰ ਕੰਮੇ ਲਾ ਲਿਆ ਹੈ। ਸਾਥੀ ਉਸ ਦੇ ਦੂਰ ਗਏ ਤੇ ਉਹ ਗੁਰੂ ਕੇ ਚਰਨਾਂ ਵਿਚ ਰਹਿ ਪਿਆ। ਭਜਨ ਬੰਦਗੀ ਕਰਨੀ ਤੇ ਸਿੰਘਾਂ ਦੇ ਬੀਰ ਰਸੀ ਕਰਤਬਾਂ ਵਿਚ ਸਹਾਈ ਹੋਣਾ ਇਹ ਕਿੱਤਾ ਧਾਰਲਿਆ।

ਇਹ ਸੈਦਾਬੇਗ ਵਡੇ ਜੁੱਧ ਵਿਚ ਗੁਰੂ ਕੇ ਦਲਾਂ ਵਲੋਂ ਲੜਦਾ ਸ਼ਹੀਦ ਹੋਇਆ ਸੀ। ਵਡੇ ਜੁੱਧ ਵਿਚ ਇਕ ਸੈਦ ਖਾਨ ਦਾ ਜ਼ਿਕਰ ਹੈ, ਪਰ ਉਹ ਹੋਰ ਸੂਰਮਾ ਸੀ। ਸੈਦਾ ਬੇਗ ਤੇ ਸੈਦ ਖਾਨ ਦੋ ਸੂਰਮੇ ਮਦੇ ਜੰਗਾਂ ਵਿਚ ਗੁਰੂ ਕੇ ਸਿਖ ਬਣੇ ਸੇ।

ਤੁਰਕ ਸੈਨਾ ਬਚੀ ਖੁਚੀ ਅਲਫ ਖਾਂ ਦੇ ਨਾਲ ਪਹਿਲੋਂ ਹੀ ਜਾ ਚੁਕੀ ਸੀ। ਸੈਦਾ ਬੇਗ ਦੀ ਰਹੀ ਖਹੀ ਸੈਨਾ ਉਸ ਦਾ ਬਖਸ਼ਿਆ ਪਦਾਰਥ ਲੈਕੇ ਭੀ ਵਿਦਾ ਹੋ ਚੁਕੀ ਸੀ। ਸਤਿਗੁਰ ਜੀ ਆਪਣੇ ਡੇਰੇ ਆਏ। ਸਿੱਖਾਂ, ਜੋਧਿਆਂ ਤੇ ਸਰਦਾਰਾਂ ਨੇ ਥਾਉਂ ਥਾਈਂ ਡੇਰੇ ਕੀਤੇ। ਸੈਦਾਬੇਗ ਨੂੰ ਭੀ ਇਕ ਡੇਰਾ ਉਤਾਰੇ ਲਈ ਦਿੱਤਾ ਗਿਆ। ਰਾਤ ਸਭ ਨੇ ਆਰਾਮ ਕੀਤਾ, ਅਗਲੇ ਦਿਨ ਸਵੇਰੇ ਦੀਵਾਨ ਵਿਚ ਸ੍ਰੀ ਗੁਰੂ ਜੀ ਨੇ ਸੈਦਾ ਬੇਗ ਨੂੰ ਸਿੱਖੀ ਦਾ ਦਾਨ ਦਿੱਤਾ ਤੇ ਸ਼ਸਤ੍ਰ ਦੇਕੇ ਜੋਧਿਆਂ ਵਿਚ ਮੁਰਾਤਬਾ ਬਖਸ਼ਿਆ। ਹੁਣ ਉਹ ਸਿੰਘਾਂ ਦੇ ਨਾਲ ਅਨੰਦ ਪੁਰ ਨੂੰ ਸ੍ਰੀ ਗੁਰੂ ਜੀ ਦੀ ਤਾਬਿਆ ਤੁਰ ਪਿਆ। ਅਨੰਦ ਪੁਰ ਅਗੇ ਖਬਰਾਂ ਪੁਜ ਗਈਆਂ ਸਨ ਕਿ ਗੁਰੂ ਜੀ ਤੇ ਅਲਫ ਖਾਂ ਦਾ ਹੱਲਾ ਹੋ ਗਿਆ ਹੈ ਤੇ ਦੋਵ ਫੌਜ ਤਯਾਰ ਹੋਕੇ ਕੁਮਕ ਲਈ ਕੂਚ ਕਰ ਰਹੀ ਸੀ ਕਿ ਫਤਹ ਦੀ ਖਬਰ ਪੁਜ ਪਈ ਸੀ। ਅੱਜ ਸਤਿਗੁਰੂ ਜੀ ਆਪ ਫਤਹ ਦਾ ਰਣਜੀਤ ਨਗਾਰਾ ਵਜਾਉਂਦੇ ਪਹੁੰਚ ਪਏ। ਆਨੰਦ ਪੁਰ ਵਿਚ ਘਰ ਘਰ ਖੁਸ਼ੀ ਹੋਈ।

—c—

ਕਲਗੀਆਂ ਵਾਲੇ ਦੇ ਸ੍ਵਾਗਤ ਵਿਚ

ਗੌਂਦੇ ਦਾ ਫੁੱਲ

ਮੋਤੀਆ ਰਿਹਾ ਨ ਰਹੀ ਚੰਬੇਲੀ
ਗਏ ਗੁਲਾਬ ਸੁ ਸੁੱਚੇ,
ਗੌਂਦੇ ਜੀ ਕਿੰਵ ਰੂਪ ਦਿਖਾਏ ?
ਸਰਦੀਓਂ ਨਹੀਂ ਸੰਗੁੱਦੇ ?
ਗੌਂਦੇ ਕਿਹਾ: ''ਮੈਂ ਹੁਸਨ ਰਾਜ ਨੇ
ਖੇੜਾ ਲਾਕੇ ਧੁਰ ਦਾ,
''ਸ੍ਵਾਗਤ ਸਤਿਗੁਰ ਲਈ ਘੱਲਿਆ—
''ਖੜੇ ਰਹੋ ਖਿੜ ਉੱਚੇ।''

ਬਸੰਤ ਤੋਂ ਪਹਿਲੇ ਬਸੰਤ

ਮੌਸਮ ਅਜੇ ਬਸੰਤ ਦਾ ਆਇਆ ਨਾ,
ਸਰਹੋਂ ਤੋਰੀਏ ਜ਼ਰੀ ਖਿਲਾਰ ਦਿੱਤੀ:—
ਜਗਤ ਨਾਥ ਦੇ ਆਇਆਂ ਬਹਾਰ ਦਿੱਸੇ,
ਬਿਨ ਬਸੰਤ ਬਸੰਤ ਖਿਲਾਰ ਦਿੱਤੀ।
ਆਖਣ ਆਂਵਦਾ ਮਾਣ ਨਿਮਾਣਿਆਂ ਦਾ,
'ਅਸਾਂ ਨੀਵਿਆਂ ਲਾ ਗੁਲਜ਼ਾਰ ਦਿੱਤੀ।
'ਕਿਵੇਂ ਕਲਗੀਆਂਵਾਲੇ ਦੀ ਨਜ਼ਰ ਪੈਜੇ,
'ਜਿਸ ਨੇ ਭੌਜਲੋਂ ਦੁਨੀ ਹੈ ਪਾਰ ਕੀਤੀ।'

ਸੂਚਨਾ—ਗੁਰੂ ਜੀ ਜਦ ਪੁਰਜ ਗੁਹਣ ਨੂੰ ਚਲੇ ਗਏ ਸੇ, ਤਦੋਂ ਅਗਰੋਂ ਬਿਲਾਸਪੁਰ ਵਿਚ ਇਕ ਕੌਤਕ ਵਰਤਿਆ ਸੀ, ਜਿਸ ਦਾ ਹਾਲ ਅਗਲੇ ਪ੍ਰਸੰਗ ਵਿਚ ਹੈ:—

੬੫. ਮੀਰ ਸ਼ਿਕਾਰ*।

ਟਿਕਾਣਾ—ਬਿਲਾਸਪੁਰ ਦਾ ਬਨ।

{ਆਏ—ਰਾਜਾ, ਵਜ਼ੀਰ, ਸੈਨਾਪਤੀ
{ਦੀਵਾਨ, ਮੁਸਾਹਿਬ, ਸਿਪਾਹੀ ਤੇ ਸਵਾਰ।

ਰਾਜਾ ਬਿਲਾਸਪੁਰੀਆ:—
ਅੱਜ ਸੁਆਦ ਨਹੀਂ ਕੁਛ ਆਇਆ, ਖੇਡ ਸ਼ਿਕਾਰ ਗਵਾਇਆ। ਮਿਰਗ ਨ ਕੁਈ ਨਿਸ਼ਾਨੇ ਬੈਠਾ ਸੂਰ ਨ ਨਜ਼ਰੀ ਆਇਆ। ਨਾ ਲੱਧਾ ਸੁਰਖਾਬ, ਨਦਾ ਤੇ ਨਾ ਮੁਰਗਾਈ ਆਈ। ਦੌੜ ਧੂਪ ਤੇ ਹਾ ਹਾ ਹੂ ਹੂ ਐਵੇਂ ਪਾਇ ਗਵਾਈ।
ਵਜ਼ੀਰ—ਮੀਰ ਸ਼ਿਕਾਰ ਬਿਨਾਂ, ਸਰਕਾਰ ! ਨਹੀਂ

*ਇਹ ਪ੍ਰਸੰਗ ਖਾ. ਸਮਾਚਾਰ ਵਿਖੇ ਪ ਪੌਦ ਮੰ: ਕੁ: ਨਾ: ਸਾ: ੪੭੮ (੧੯੦੬ ਈ:) ਦਸੰਬਰ ੧੯ ਦੇ ਗੁਰਪੁਰਬ ਸਪਤਮੀ ਪਰ ਪੁਕਾਸ਼ਿਆ ਸੀ।

ਹੈ ਸ਼ਾਦ ਕਦੀ ਬੀ ਆਇਆ। ਮੀਰ ਸ਼ਿਕਾਰ ਬੜਾ ਉਸਤਾਦ ਮਨੋਂ ਹੈ ਓਸ ਸ਼ਿਕਾਰ ਗਿਝਾਇਆ। ਮੌਤ ਸੁ ਵੱਸ ਕਰੀ ਮਿਰਗਾਂ ਦੀ ਆਵੇ ਭੱਜ ਜੁ ਓਸ ਬੁਲਾਇਆ। ਹੈ ਅਫਸੋਸ ਬੜਾ ਪਰ ਸ੍ਵਾਮੀ ! ਰੋਗ ਬੜੇ ਉਸ ਘੇਰ ਬਿਠਾਇਆ।

ਰਾਜਾ—ਹੈਂ ਹੈਂ ਰੋਗ ! ਕੀ ਹੈ ਰੋਗ
ਜਿਸ ਨੇ ਕੀਤਾ ਮੀਰ ਸਰੋਗ ?

ਵਜ਼ੀਰ—ਮੀਰਰੋਗ ਹੈ 'ਮੀਰ ਸ਼ਿਕਾਰ' ਲੱਗਾ ਜਿਸ ਦਾ ਕੁੱਝ ਉਪਾਉ ਨ ਲੱਝਦਾ ਹੈ। ਵਾਂਙ ਵਬਾ ਦੇ ਰੋਗ ਏ ਫੈਲ ਰਹਿਆ, ਆਵੇ ਅੱਗ ਦੇ ਵਾਂਙ ਏ ਦੱਝਦਾ ਹੈ। ਜਿਹੜਾ ਫਸੇ ਉਹ ਨਿਕਲ ਨਾ ਸੱਕਦਾ ਹੈ, ਕੱਢੇ ਕੁਈ ਤਾਂ ਆਪ ਓ ਬੱਝਦਾ ਹੈ। ਸੰਜਮ ਕਰੇ ਨਾ, ਕਰੇ ਕੁਪੱਥ ਭਾਰੇ, ਦਾਰੂ ਦਿਓ ਤਾਂ ਟੱਪਕੇ ਭੱਜਦਾ ਹੈ।

ਰਾਜਾ—ਸਾਫ ਮੰਤ੍ਰੀ ! ਕਹੋ, ਕੀ ਰੋਗ ਆਇਆ ?
ਮੀਰ ਘੇਰਿਆ, ਦੇਸ਼ ਨੂੰ ਵਖਤ ਪਾਇਆ ?

ਵਜ਼ੀਰ—ਹੈ ਸੈਨਾਂਪਤੀ ਦਾ ਬੜਾ ਯਾਰ ਪਯਾਰਾ,
ਹੈ ਦਿਲ ਭੇਤ ਮਾਲੂਮ ਇਸ ਜੋਗ ਸਾਰਾ।

ਰਾਜਾ—ਕਹੋ ਸੈਨ ਸੂਰੇ ! ਮਰਮ ਦੀ ਕਹਾਨੀ।
ਓ ਔਹਰ ਕਹੋ ਮੀਰ ਵਿਚ ਜੋ ਪਛਾਨੀ।

ਸੈਨਾਂਪਤਿ—ਹੈ ਇਕਬਾਲ ਭਾਰਾ ਸਦਾ ਰਾਜ ਰਾਓ।
ਮੈਂ ਦੱਸਾਂਗਾ ਸਭ, ਜਾਨ ਬਖਸ਼ੀ ਕਰਾਓ।

ਰਾਜਾ—ਡਰੋ ਨਾ ਡਰੋ ਨਾ, ਮੈਂ ਆਂ ਬਖਸ਼ ਕੀਤੀ।
ਕਹੋ ਹਾਲ ਸਾਰਾ, ਜੋ ਸਿਰ ਓਸ ਬੀਤੀ।

ਸੈਨਾਂਪਤਿ—ਹੈ ਹੋਰ ਲੱਗਾ ਪ੍ਰੇਮ ਵਾਲਾ ਮੀਰ ਰੋਗੀ ਹੋ ਗਿਆ। ਮੈਂ ਕਈ ਦਾਰੂ ਕਰ ਰਿਹਾ ਕੋਈ ਨਾ ਕਾਰੀ ਹੈ ਪਿਆ। ਹੈ ਗੁਰੂ ਕਲਗੀ ਵਾਲੜਾ ਵਿਚ ਦੂਣ ਸਾਡੀ ਆ ਰਿਹਾ। ਓਹ ਤੀਰ ਮਾਰੇ ਸ਼ਬਦ ਦੇ, ਚੱਕੇ ਤੇ ਬਚਣਾ ਫਿਰ ਕਿਹਾ ? ਓ ਮੀਰ ਮਾਰ ਸ਼ਿਕਾਰ ਸੀ ਸੁ ਸ਼ਿਕਾਰ ਆਪਹਿ ਹੋ ਗਿਆ। ਨਿਤ ਤੜਫਦਾ ਹੈ ਵਿਲਕਦਾ, ਖਿਨ ਹੱਸਦਾ, ਖਿਨ ਰੋਂਦਾ ਪਿਆ।

ਰਾਜਾ—ਸਦਾ ਦੇ ਦੁੱਖ ਹੁਣ ਸਾਂਨੂੰ, ਦਏ ਹੈ ਕਲਗੀਆਂ ਵਾਲਾ। ਸਦਾ ਖੇਡੇ ਸ਼ਿਕਾਰ ਏ ਹੈ ਅਪੁੱਠੀ ਖੇਡ ਦੇ ਝਾਲਾ। ਉਪਾਲੇ ਕਰ ਥਕੇ, ਹਾਰੇ, ਨਹੀਂ ਕੁਝ ਪੇਸ਼ ਹੈ ਜਾਂਦੀ, ਕਰਾਂ ਹੁਣ ਜ਼ੋਰ ਮੈਂ ਭਾਰਾ, ਚਲਾਵਾਂ ਵੇਗ ਦਾ ਚਾਲਾ। ਬੁਲਾਵਾਂ ਬੀਰ ਸਭ ਭਾਈ, ਜੁੜਾਵਾਂ ਧਾਰ ਮੈਂ ਬਾਈ, ਕਟਕ ਆਸੀ ਮੁਗਲ ਸ਼ਾਹ ਦਾ, ਮਚੇਗਾ ਅੱਤ ਦਾ ਘਾਲਾ। ਮਿਟੇ ਇਹ ਨਿੱਤ ਦਾ ਝਗੜਾ, ਏ ਦੱਖੀ ਸੂਲ ਬਾਹਰ ਹੋ, ਪਵੇ ਤਦ ਠੰਢ ਮੈਂ ਸੀਨੇ, ਸਵਾਂ ਸੁਖ ਨੀਂਦ ਲਹਿ ਪਾਲਾ। ਉਧਰ ਜਾਓ ਹੁਣੇ ਕੋਈ, ਪਕੜ ਬੰਨ੍ਹ ਮੀਰ ਲੈ ਆਵੇ, ਸੁਆਰਾਂ ਭੁਗਤ ਮੈਂ ਉਸ ਦੀ, ਭਰੇ ਫਿਰ ਪ੍ਰੇਮ ਦਾ ਹਾਲਾ।

ਦੀਵਾਨ—ਬਖਸ਼ੋ ਜਾਨ, ਜੇ ਰਾਇ ਸੁਜਾਨ।
ਕਰਾਂ ਬਿਨਯ ਇਕ ਜੋਗ ਧਿਆਨ।

ਰਾਜਾ—ਕਹੋ ਛੇਤੀ, ਜੀ ਖੱਟਾ ਹੈ।
ਮਿਟੇ ਕਿਵੇਂ ਏ ਰੱਟਾ ਹੈ।

ਦੀਵਾਨ—ਆਪਣੀ ਸੈਨਾਂ ਰਾਇ ਜੀ ! ਕੱਠੀ ਕਰਕੇ ਆਪ, ਜੇ ਲੜੀਏ ਤੇ ਮਾਰੀਏ, ਪਤ ਸਿਉਂ ਮਿਟਦਾ ਤਾਪ। ਜੇ ਰਾਜੇ ਸਭ ਨਾਲ ਦੇ ਸੂਰੇ ਬਾਈ ਧਾਰ, ਕੁੰਮਝ ਲੈਕੇ ਜੂਝੀਏ ਪਤ ਦਾ ਨਹੀਂ ਵਿਗਾੜ। ਪਰ ਜੋ ਲੈਣੀ ਤੁਰਕ ਦੀ ਕੁੰਮਕ ਹੈ, ਹੇ ਰਾਉ ! ਪਤ ਅਪਣੀ ਹੈ ਖੋਵਣੀ, ਸੁ ਘਾਤਕ ਏ ਦਾਉ। ਕਲਗੀਧਰ ਨਹੀਂ ਓਧਰਾ, ਤੁਰਕ ਆਪਣਾ ਨਾਂਹਿ, ਅਪਣੇ ਝਗੜੇ ਆਪ ਹੀ ਲਈਏ ਆਪ ਨਿਬਾਹਿ। ਜੇ ਜਿੱਤੇ ਤਾਂ ਅਸੀਂ ਹਾਂ, ਜੇ ਹਾਰੇ ਨਾ ਹੋਰ, ਪਰ ਕੁੰਮਕ ਜੋ ਤੁਰਕ ਦੀ, ਸਿੱਲੇਗੀ ਜਿਉਂ ਚੋਰ। ਜੋ ਜਿੱਤੇ ਤਾਂ ਅਸਾਂ ਤੇ, ਭਾਰੂ ਪੈਸੀ ਓਹ, ਕਰ ਅਹਿਸਾਨ ਅਸੇਣਵੇਂ ਸਦਾ ਰੱਖਸੀ ਕੋਹ। ਜੇ ਹਾਰੇ ਤਾਂ ਖਾਇਗਾ, ਸਾਡੇ ਉੱਤੇ ਰੋਹ; ਤਾਪਦਿੱਕ ਜਿਉਂ ਲੱਗ ਰਿਹਾ ਫਿਰ ਹੌਜ਼ੇ ਦੀ ਖੋਹ। ਓਧਰਾ ਕਦੀ ਨ ਸੱਦੀਏ, ਆਪਣੀ ਉਸ ਦੇ ਹੱਥ, ਪੱਤ ਨ ਕਦੀ ਫੜਾਈਏ, ਏ ਨੀਤੀ ਦੀ ਮੱਤ।

ਰਾਜਾ—ਹੇ ਚੁਪ, ਛਾਂਣ ਮੰਤਕ ਨ, ਬੁੱਢੇ ਦਿਵਾਨ !
ਤੂੰ ਸੱਤਰ ਬਹੱਤਰ ਗਿਆ ਹੈਂ, ਨਦਾਨ !
ਚਲੋ ਓ ਪਿਆਦੇ ! ਕਰੋ ਤੁਰਤ ਛੂਟ।
ਸਕਤੂ ਲਿਆਵੋ, ਨ ਆਵੇ, ਦੇ ਕੂਟ !

ਪਿ:—ਸੱਤ ਬਚਨ ਸ੍ਰੀ ਹਜ਼ੂਰ ! ਜੈਤਸਿਰੀ ਅਰੀ ਚੂਰ !
[ਪਿਆਦੇ ਮੀਰ ਸ਼ਿਕਾਰ ਦੇ ਘਰ ਗਏ ਤੇ ਪਕੜਕੇ ਲੈ ਆਏ

ਰਾਜਾ (ਰੋਹ ਵਿਚ)—
ਵਿਸਾਹ ਘਾਤੀਆ ਸ਼ਕਤੂਆ ਰਾਜ ਦੋਹੀ !
ਹਰਾਮੀ ਨਿਮਕ, ਪਾਜੀਆ ਸ੍ਵਾਮਿ ਧ੍ਰੋਹੀ !
ਕਰੇਂ ਪਯਾਰ ਤੂੰ ਸ਼ੱਤ੍ਰੂਆਂ ਨਾਲ ਸਾਡੇ !
ਆਡੇ ਹੈਂ ਦਿਨ ਆ ਗਏ ਦੁਸ਼ਟ ਡਾਢੇ !

ਮੀਰ ਸ਼ਿ:—ਨ ਮੈਂ ਰਾਜ ਦ੍ਰੋਹੀ ਨ ਹਾਂ ਸ੍ਵਾਮਿ ਧ੍ਰੋਹੀ !
ਗੁਨਾਹਗਾਰ ਨਾਹੀਂ, ਬੁਰਾਈ ਨ ਛੋਹੀ।
ਜੇ ਕੀਤਾ ਹੈ ਦੁਸ਼, ਦੰਡ ਦੇਵੋ, ਹੇ ਰਾਣਾ !
ਜੁ ਕੀਤਾ ਸੁ ਭਰਨਾ, ਹੈ ਭਰਨਾ ਕਮਾਣਾ।
ਵਜ਼ੀਰ—ਕਰ ਸਮਝ ਸਕਤੂ ਬੋਲ ਨਾਹੀਂ,
ਕਹੇ ਸ੍ਵਾਮੀ ਸੋ ਕਰੋ।
ਨ ਬੋਲ ਬੋਲੋ ਉੱਚੜੇ,
ਪੈ ਸ਼ਰਨ, ਅਪਦਾ ਨੂੰ ਹਰੋ।
ਸੈਨਾਂਪਤਿ—ਹੋ ਗਿਆ ਹੈ ਰਾਇ ਨੂੰ,
ਕਿੱਸਾ ਮੁਹੱਬਤ ਦਾ ਪ੍ਰਕਾਸ਼।
ਮੀਰ ਜੀ ! ਹੁਣ ਲੁਕ ਨਹੀਂ,
ਹੈ ਸ਼ਰਣ ਅੰਦਰ ਬਖਸ਼ ਆਸ।
ਮੀਰ ਸ਼ਿ:—ਹੇ ਰਾਇ ਜੀ ! ਏ ਦੋਸ਼ ਹੈ,
ਯਾ ਦੋਸ਼ ਕੋਈ ਹੋਰ ਹੈ ?
ਜੇ ਦਾਸ ਨੂੰ ਏ ਪਤਾ ਹੋਵੇ,
ਦਏ ਕਿੱਸਾ ਫੇਰ ਹੈ।
ਰਾਜਾ:—ਚਲੋ ਕਪਟ ਵਾਲੇ ਨ ਚਾਲਾਂ ਦਿਖਾਓ।
ਕੀ ਏ ਦੋਸ਼ ਥੋੜਾ ਹੈ, ਦੁਸ਼ਮਨ ਰਿਝਾਓ ?
ਨਹੀਂ ਹੋਰ ਕੋਸ਼ੀ ਤਾਂ ਕੀ ਏ ਨਹੀਂ ਹੈ ?
ਜੇ ਏ ਹੈ ਤਾਂ ਫਿਰ ਹੋਰ ਬਾਕੀ ਰਹੀ ਹੈ ?
ਮੀਰ ਸ਼ਿਕਾਰ:—
*ਹੈ ਵੈਰੀ ਉਹ ਨਹੀਂ ਰਾਜਾ !
ਜੋ 'ਕਲਗੀ-ਸੀਸ-ਧਾਰੀ' ਹੈ,
ਉਹ ਪ੍ਰੀਤਮ ਹੈ ਸਰਿਸ਼ਟੀ ਦਾ,
ਸਰਿਸ਼ਟੀ ਉਸ ਪਜ਼ਾਰੀ ਹੈ।
ਹੈ ਸੀਨਾ, ਸਾਫ ਦਿਲ ਨਿਰਮਲ,
ਬਿਰਾਜੇ ਹੈ ਪ੍ਰਭੂ ਓਥੇ,
ਨਾ ਭੈ ਕੀਨਾ ਵਸੇ ਓਥੇ,
ਮੁਹੱਬਤ ਦੀ ਕਿਆਰੀ ਹੈ।
ਜਗਤ ਤਾਰਨ ਜਗੱਤ ਆਯਾ,
ਪ੍ਰਜਾ ਦੁਖ ਦੂਰ ਕਰਨੇ ਨੂੰ,
ਹੈ ਜੋੜਨ ਸ੍ਰਿਸ਼ਟਿ ਸੰਗ ਸ੍ਰਿਸ਼ਟੇ;
ਸਦਾ ਉਪਕਾਰ ਜਾਰੀ ਹੈ।
ਨ ਲੜਦਾ ਓਹ ਕਿਸੇ ਸੰਗ ਹੈ,
ਬਚਾਵੇ ਦਰਦਮੰਦਾਂ ਨੂੰ,
ਕਰੇ ਰਖਿਆ ਦੁਖੀ ਲੋਕਾਂ ਦੀ,
ਖੜਗ ਇਸ ਜੋਗ ਧਾਰੀ ਹੈ।
ਨ ਭੁੱਖਾ ਰਾਜ ਦਾ ਹੈ ਓ,
ਨ ਰੱਖੇ ਲੋਭ ਦੇਸ਼ਾਂ ਦੀ,
ਚਹੇ ਕਰਨਾ 'ਸੁਤੰਤਰ' ਏ,
ਜੁ ਭਾਰਤ ਅੱਜ ਮਰੀ ਹੈ।
ਸਦੀ ਸਤ ਤੋਂ ਗਈ 'ਦੇਵੀ
ਸੁਤੰਤਰਤਾ ਦੀ' ਛਡ ਸਾਨੂੰ,
ਤਦੋਂ ਤੋਂ 'ਦਾਸ' 'ਦੁਖੀਏ' ਹਾਂ,
ਅਕਲ ਜ਼ੁਲਮਾਂ ਨੇ ਮਾਰੀ ਹੈ।
ਲੁਪਤ ਹੋਈ 'ਸੁਤੰਤਰਤਾ ਦੀ
ਦੇਵੀ' ਉਸ ਸਤਿਗੁਰ ਨੇ
ਕਰੀ ਪਰਗਟ ਹੈ ਫਿਰ ਏਥੇ,
ਖਿੜਾਈ 'ਖੁੱਲ੍ਹ' ਵਾੜੀ ਹੈ।
ਓ ਦੇਵੀ ਆਖਦੀ ਹੈਵੇ:
"ਮੈਂ ਪਰਗਟ ਸੀ ਨਹੀਂ ਹੋਣਾ,
"ਇਨ੍ਹਾਂ ਲੋਕਾਂ ਤੋਂ ਅਕ ਥਕ ਕੇ
ਹੈ ਮਾਰੀ ਸੀ ਉਡਾਰੀ ਮੈਂ।
"ਤਿਰੀ ਖ਼ਾਤਰ ਹੇ ਸ੍ਵਾਮੀ ਮੈਂ,
ਜੁ ਦਾਸੀ ਹਾਂ ਹਕਮ ਬੱਧੀ,
"ਆਈ ਫਿਰ ਦੇਸ਼ ਦੇ ਉੱਤੇ,
ਦਿਆਂਗੀ ਖੁਲ੍ਹ' ਖਿਲਾਰੀ ਮੈਂ"।
ਗੁਰੂ ਉਪਕਾਰ ਕੀਤਾ ਹੈ,
ਜੋ ਸਦੀਆਂ ਸੱਤ ਦੇ ਅੰਦਰ—
ਕਿਸੇ ਪਾਸੋਂ ਨ ਹੋਇਆ ਹੈ,
ਕਰਨ ਦੀ ਨਾਂ ਹੀ ਯਾਰੀ ਹੈ।
ਗੁਰੂ ਸੱਦੇ ਹੈ ਭਾਰਤ ਨੂੰ,
ਓ ਸੱਦੇ ਰਾਉ ਰੰਕਾਂ ਨੂੰ,
ਕਹੇ "ਦੇਵਾਂ ਸੁਤੰਤਰਤਾ,
ਲਓ, ਪਰਜਾ ਪਿਆਰੀ ਹੈ"।
ਚਲੋ ਰਾਜਾ ! ਭਵਨ ਪਰਸੋ,
ਚਲੋ ਹੇ ਸੱਭ ਉਮਰਾਵੋ !
ਚਲੋ ਪੂਜੋ, ਸੁਤੰਤਰਤਾ ਦੀ
ਦੇਵੀ, ਗੁਰ ਖਲ੍ਹਾਰੀ ਹੈ।
ਦੁਖਾਈ ਬਹੁਤ ਸੀ ਉਹ ਤਾਂ
ਅਸਾਂ ਅਪਰਾਧ ਕਰ ਕਰ ਕੇ
ਕਰੋ ਛੇਤੀ ਨ ਗੁੱਸੇ ਹੋ
ਕਿਤੇ ਮਾਰੇ ਉਡਾਰੀ ਹੈ।

*ਭੈਰਵੀ।

ਗੁਰੂ ਪਯਾਰਾ, ਗੁਰੂ ਹੈ ਪਯਾਰ,
ਉ ਹੈ ਅਵਤਾਰ ਪ੍ਰੀਤੀ ਦਾ,
ਤਜੈ ਦਿਲ ਵੈਰ ਜੇ ਰਾਜਾ,
ਲਗੇ ਸੂਰਤ ਪਿਆਰੀ ਹੈ।
ਗੁਰੂ ਝੰਡੇ ਦੇ ਹੇਠਾਂ ਸਭ,
ਚਲੋ ਬੈਠੇ ਹੈ ਰਾਜਾ ਜੀ!
ਕਰੋ ਭਾਰਤ ਨੂੰ 'ਸ੍ਵਤੰਤਰ',
ਨ ਬਾਜ਼ੀ ਜਾਇ ਹਾਰੀ ਹੈ।

ਰਾਜਾ:–ਓ ਗੁਸਤਾਖ ਮਰਦੂਦ ਟੱਪੇ ਜੁੜਾਵੇਂ,
ਬਨੌਤਾ ਬਨਾਵੇਂ ਤੇ ਮੈਨੂੰ ਸੁਨਾਵੇਂ।
ਲੈ ਸੁਣ ਸੋਚ, ਕਰ ਹੋਸ਼, ਵੇਲਾ ਅਜੇ ਹੈ,
ਗੁਰੂ ਦੀ ਪਰੀਤੀ ਜੇ ਹੁਣ ਵੀ ਤਜੇ ਹੈਂ,
ਮੈਂ ਬਖਸ਼ਾਂ, ਦਿਆਂ ਬਖਸ਼ ਅਪਰਾਧ ਤੇਰਾ,
ਤੂੰ ਪਯਾਰਾ ਬਹੁਤ ਮੀਰ ਸ਼ਕਤੂ ਹੈਂ ਮੇਰਾ,
ਜਿ ਨਾ ਪ੍ਰੀਤ ਤਯਾਗੇਂ ਤਾਂ ਜਾਹ ਕੈਦ ਅੰਦਰ,
ਲੁਟੇ ਮੌਜ ਪੁੱਲ੍ਹਾਂ ਦੀ ਬੰਦੀ ਦੇ ਮੰਦਰ।

ਮੀਰ:–ਹੋ ਗਿਆ, ਰਾਜਾ ਜੀ! ਮੈਨੂੰ
ਪ੍ਰੇਮ ਰੁਰ ਦਾ ਹੈ ਗਿਆ,
ਹਾਂ, ਪ੍ਰੇਮ ਮੈਂ ਹਾਂ ਹੋ ਗਿਆ,
ਤੇ ਫਰਕ ਮਾਣਾ ਖੋ ਗਿਆ।
ਜੇ ਵੱਸ ਮੇਰੇ ਹੁੰਦਾ
ਮੈਂ ਪ੍ਰੇਮ ਬਾਹਰ ਮਾਰਦਾ।
ਮੈਂ ਦੇਖਦਾ ਜੇ ਦੂਸਰਾ,
ਨਾ ਸੀਸ਼ ਰਾਜਾ ਹਾਰਦਾ।
ਮੈਂ ਇਸ ਲਈ ਨਾ ਪ੍ਰੇਮ ਕਰਦਾ,
ਖੁਸ਼ੀ ਹੁੰਦੀ ਕੀਤਿਆਂ।
ਪਰ ਇਸ ਲਈ ਕਿ ਰਹਿ ਨ ਸਕਦਾ,
ਨਾਮ ਬਿਨ-ਗੁਰ ਲੀਤਿਆਂ,
ਮੈਂ ਇਸ ਲਈ ਨਾ ਪ੍ਰੇਮ ਕਰਦਾ,
ਗੁਰੂ ਸੁੰਦਰ ਅੱਤ ਹੈ।
ਪਰ ਗੁਰੂ 'ਮੈਨੂੰ' 'ਮੈਂ' ਤੋਂ ਮੇਰੀ
ਨਿਕਟ ਵਰਤੀ ਸੱਤ ਹੈ।
ਹਾਂ, ਮੈਂ ਕਦੀ ਹੋ ਓਪਰਾ ਸਕਦਾ
ਹਾਂ ਅਪਣੇ ਆਪ ਨੂੰ;
ਪਰ ਗੁਰੂ ਮੈਨੂੰ ਆਪਣਾ ਹੈ,
ਹਰਫ ਹੈ ਜਿਉਂ ਛਾਪ ਨੂੰ।
ਮੈਂ ਜਿ ਆਪਾ ਆਪ ਤੋਂ
ਬਾਹਰ ਨਿਕਾਲਣ ਜਾਣਦਾ।
ਗੁਰੂ ਤਾਂਈ ਫੇਰ ਬੀ ਬਾਹਰ
ਨਿਕਾਲ ਨ ਜਾਣਦਾ।

ਰਾਜਾ:–
ਹੋ ਸ਼ਕਤੂ ਨਿਦਾਨ, ਤੈਂ ਆਪਣੀ ਮੌਤ ਆਪ ਸੱਦੀ ਹੈ, ਲੈ ਜਾਓ ਕਾਰਾਗ੍ਰਿਹ। ਕਿਉਂ ਵਜ਼ੀਰ! ਸੈਨਾਂਪਤ! ਕੁਛ ਉਜ਼ਰ ਹੈ?

ਵਜ਼ੀਰ–ਨਹੀਂ ਸਰਕਾਰ!

ਸੈਨਾਂਪਤ–ਜੋ ਹੁਕਮ ਸਰਕਾਰ! (ਸਕਤੂ ਵਲ ਤੱਕ ਕੇ) ਸਕਤੂ! ਹੋਸ਼ ਕਰ?

ਮੀਰ:–ਮੈਨੂੰ ਆਖੇ ਓ ਬਾਤ
ਆਖੀ ਜੁ ਸੀ ਇੱਕ ਨੇ ਕਿਸੇ ਨੂੰ।
ਚਾਨਣ ਕਾਲੀ ਹੁ ਰਾਤ--
ਆਖੇ ਮੇਰੇ ਲੱਗਿਓ ਜੇ ਕਦੀ:–
ਬਾਹਰ ਅਪਣੇ ਨਿਕਾਲ–
ਹੱਥੀਂ ਫੜੇ ਨੈਣ ਦੋ ਸੋਹਿਣੇ,
ਦੇਖੇ ਹੇ ਹੋ ਨਿਹਾਲ–
ਨੈਣਾਂ ਇਨ੍ਹਾਂ ਸੁਹਣਿਆਂ ਪਯਾਰਿਆਂ।
ਜਿੱਕੁਰ ਸੰਭਵ ਏ ਬਾਤ
ਉੱਕਰ ਪਯਾਰੇ ਦਾ ਹੈ ਕੱਢਣਾ।
ਜਿੱਕੁਰ ਪਾ ਕੇ ਹੈ ਝਾਤ–
ਨੈਣਾਂ ਉਨ੍ਹਾਂ ਕੱਢਿਆਂ ਦੇਖਣਾ

ਰਾਜਾ:–
ਸੁਦਾਈ ਹੈ, ਕਜ਼ਾਈ ਹੈ,
ਮੌਤ ਸਿਰੇ ਤੇ ਆਈ ਹੈ,
ਇੱਕੋ ਕੈਦ ਦੁਆਈ ਹੈ,
ਹੁਕਮ ਅਸਾਡੇ ਪਾਈ ਹੈ।

[ਬੰਨ੍ਹ ਕੇ ਲੈ ਗਏ।

—o—

ਸੂਚਨਾ–ਹੁਣ ਜਦ ਸਤਿਗੁਰੂ ਜੀ ਕੁਰਛੇਤ੍ਰ ਤੋਂ ਆਨੰਦਪੁਰ ਅੱਪੜੇ ਤਾਂ ਸਕਤੂ ਦੀ ਕੈਦ ਦੀ ਖਬਰ ਸੁਣੀ। ਉਸ ਦੀ ਖਲਾਸੀ ਦੇ ਪ੍ਰਬੰਧ ਵਿਚਾਰ ਰਹੇ ਸਨ ਕਿ ਖਬਰ ਆਈ ਜੋ ਉਹ ਸਿੱਖੀ ਸਿਦਕ ਵਿਚ ਪੂਲੋਕ ਜਾ ਬਸਿਆ ਹੈ।

ਇਕ ਦਿਨ ਇਕ ਬ੍ਰਾਹਮਣ ਨੇ ਫਰਿਆਦ ਕੀਤੀ ਕਿ ਬੱਸੀ ਦੇ ਜ਼ਾਬਰ ਖਾਂ ਪਠਾਣ ਨੇ ਮੇਰਾ ਡੋਲਾ ਖੋਹ ਲਿਆ ਹੈ। ਕੀਕੂੰ ਇਸ ਦੀ ਬਾਹੁੜੀ ਹੋਈ ਅਗਲੇ ਪ੍ਰਸੰਗ ਤੋਂ ਪਤਾ ਲਗਦਾ ਹੈ.–

੬੬. ਗਈ ਬਹੌੜ*।

[ਦਿਜ ਨਾਰੀ ਛੁਡਾਈ]

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਦਿਨ ਦੀਵਾਨ ਵਿਚ ਬੈਠੇ ਸਨ ਕਿ ਦੂਰ ਤੋਂ ਕੋਈ ਦੁਖ ਦੀ ਝੀਣੀ ਬਾਣ ਆਈ। ਕੰਨੀ ਦੁਖਦੀ ਸੋ ਪੈਂਦਿਆਂ ਸਾਰ ਦੁਖ ਸੁਣਨ ਵਾਲੇ ਕੰਨ ਉਧਰ ਲਗ ਗਏ। ਅਵਾਜ਼ ਦੂਰ ਦੀ ਸੀ, ਦੇਬਦਾਰ ਨੂੰ ਬੁਲਾਇਆ ਗਿਆ ਤੇ ਹੁਕਮ ਹੋਇਆ 'ਪਤਾ ਲਿਆ ਕੌਣ ਹੈ?' ਉਸ ਨੇ ਆਕੇ ਅਰਜ਼ ਕੀਤੀ, ਪਾਤਸ਼ਾਹ! ਇਕ ਦੁਖੀ ਬ੍ਰਾਹਮਣ ਹੈ ਤੇ ਦੁਖ ਨਾਲ ਕੁਰਲਾ ਰਿਹਾ ਹੈ। ਹੁਕਮ ਹੋਇਆ 'ਇੱਥੇ ਅਸਾਂ ਦੇ ਪਾਸ ਲੈ ਆਓ।' ਬ੍ਰਾਹਮਣ ਹਾਜ਼ਰ ਕੀਤਾ ਗਿਆ। ਦਾਤਾ ਜੀ ਦੇ ਰਸੀਲੇ ਨੈਣਾਂ ਨੇ ਮੇਹਰ ਨਜ਼ਰ ਪਾਈ ਤੇ ਪੁੱਛਿਆ ਹੇ ਦੁਖੀ ਦਿਜ! ਕੀਹ ਪੀੜਾ ਹੈ?'

ਬ੍ਰਾਹ:—ਹੇ ਪ੍ਰਭੂ ਹਿੰਦੁਧਰਮਕੀ ਧੁਜਾ! ਦੀਨ ਦਯਾਲ ਦੀਰਘ ਬਲ ਭੁਜਾ! ਸਭ ਬਲ ਤੇ ਮੈਂ ਹੋਇ ਨਿਰਾਸੀ। ਫਿਰ ਆਯੋ ਰਾਵਰ ਕੇ ਪਾਸੀ। ਅਤਿ ਅਨਿਆਇ ਮੋਹਿ ਸੰਗ ਕੀਨਾ। ਦੁਸ਼ਟ ਪਠਾਨ ਗਰਬ ਦੁਖ ਦੀਨਾ। ਪੁਰਿ ਹੁਸ਼ੀਆਰ ਨਿਕਟ ਇਕ ਬਸੀ†। ਬਸੈ ਪਠਾਨ ਤਹਾਂ ਮਤਿਨਸੀ‡। ਮੈਂ ਮੁਕਲਾਇ ਬਧੂ ਕੋ ਡੇਰਾ। ਗਮਨਤ ਜਾਤ ਅਪਨ ਘਰ ਓਰਾ। ਕਰੀ ਬਿਲੋਕਨ ਤਿਨ ਮਮ ਦਾਰਾ। ਛੀਨ ਬਰਜੋ ਲੈ ਸਦਨ ਮਝਾਰਾ। ਮੈਂ ਬਡ ਊਚੇ ਕੀਨ ਪੁਕਾਰਾ। ਨਰ ਤੇ ਗਹਿ-ਵਾਯੋ ਬਹੁ ਮਾਰਾ। ਤਿਸ ਹਿਤ ਮੈਂ ਬਹੁਤਨ ਢਿਗ ਗਯੋ। ਤੁਰਕ ਜਹਾਂ ਕਹਿੰ ਧਨ ਤਿਨ ਦਯੋ। ਨਹੀਂ ਫਿਰਾਦ ਲਗਨ ਕਿਤ ਦੀਨ। ਜਿਉਂ ਤਿਉਂ ਜਤਨ ਅਨਿਕ ਮੈਂ ਕੀਨ। ਕਾਜ਼ੀ ਕੋਤਵਾਰ ਢਿਗ ਫਿਰਿਯੋ। ਕਿਨਹੂੰ ਨਜ਼ਾਉਂ ਨ ਮੇਰੋ ਕਰਿਯੋ§। ਲਖਿ ਕੈ ਗੁਰ ਹਿੰਦੁਨ ਸਿਰਮੌਰ। ਪਰਮ ਦੁਖੀ ਆਇਓ ਇਸ ਠੌਰ। [ਸੂ: ਪ:

ਸਤਿਗੁਰੂ ਜੀ ਦਰਦ ਦੀ ਬਿਰਥਾ ਸੁਣਕੇ ਕਿਸੇ ਸੋਚ ਵਿਚ ਸਨ, ਮੱਥੇ ਤੇ ਵੱਟ ਆਏ, ਬੁਲ੍ਹਾਂ ਨੇ ਦੰਦ-ਟੁਕ ਖਾਧੀ। ਨੈਣ ਲਾਲੀ ਭਾਹ ਦੇ ਹੋਗਏ, ਕਿ ਫੇਰ ਮਸਤਕ ਸਾਫ ਹੋ ਗਿਆ, ਨੂਰਾਨੀ ਚਿਹਰਾ ਨੂਰੀ ਦਮਕ ਵਿਚ ਹੋਰ ਦਮਕਿਆ। ਇੰਨੇ ਚਿਰ ਵਿਚ ਦੁਖੀ ਬ੍ਰਾਹਮਣ ਨੇ ਸਮਝਿਆ ਕਿ ਏਸ ਦਰੋਂ ਬੀ ਜੁਵਾਬ ਮਿਲਣ ਲਗਾ ਹੈ। ਤਦ ਹੋਰ ਉੱਚੇ ਪੁਕਾਰਿਆ:—

ਸ੍ਰੀ ਪ੍ਰਭੂ! ਕੈ ਅਬਿ ਤ੍ਰਿਯ ਕੋ ਪਾਊਂ। ਨਤੁ ਮੈਂ ਦੁਆਰ ਅੱਗ ਜਲ ਜਾਊਂ। ਜੀਵਨ ਧਰਮ ਨਹੀਂ ਅਬ ਮੇਰਾ। ਤੁਮ ਇਨ ਜਤਨ ਨਹੀਂ ਕੋ ਹੇਰਾ। [ਗੁ: ਪ: ਸੂ:]

ਇਹ ਸੁਣਕੇ ਆਪਾਵਾਰ ਸੁਭਾਵ ਵਾਲੇ ਗੁਰੂ ਜੀ ਮੁਸਕ੍ਰਾਏ ਤੇ ਆਖਣ ਲਗੇ ਬ੍ਰਾਹਮਣ ਤੇਰਾ ਕੀ ਨਾਮ ਹੈ?' ਬ੍ਰਾਹਮਣ ਨੇ ਕਿਹਾ ਮੇਰਾ ਨਾਮ ਦੇਵਦਾਸ ਹੈ ਮੈਂ ਸਾਰਸ੍ਵਤ ਬ੍ਰਾਹਮਣ ਹਾਂ। ਗੁਰੂ ਜੀ ਬੋਲੇ 'ਹੇ ਦੇਵਦਾਸ! ਸਤ੍ਰ ਕੇ ਨਾ ਮਰੋ ਤੇ ਨਾ ਚਿੰਤਾ ਦੀ ਅੱਗ ਵਿਚ ਮਨ ਨੂੰ ਜਲਾਓ। ਹੌਸਲਾ ਕਰੋ, ਗੁਰੂ ਨਾਨਕ ਭਲੀ ਕਰੇਗਾ।' ਬ੍ਰਾਹਮਣ ਨੇ ਸੁਖ ਦਾ ਲੰਮਾਂ ਸਾਹ ਲਿਆ, ਵਗਦੇ ਨੈਣ ਪੂੰਝ ਤੇ ਧਰਤੀ ਤੇ ਸਿਰ ਟੱਕਕੇ ਕਿਹਾ 'ਹੇ ਬੰਦੀ ਛੋੜ ਤੂੰ ਧੰਨ ਹੈ, ਗਰੀਬ ਨਿਵਾਜ ਤੂੰ ਧੰਨ ਹੈਂ!'

ਉਧਰ ਹੁਕਮ ਹੋਇਆ ਹੈ 'ਅਜੀਤ ਸਿੰਘ ਜੀ ਨੂੰ ਬੁਲਾਓ।' ਕੌਣ ਹੈ ਅਜੀਤ ਸਿੰਘ, ਕੋਈ ਜ਼ਮਾ-ਦਾਰ, ਸੂਬੇਦਾਰ, ਫੌਜ ਦਾ ਸੈਨਾਪਤਿ? ਨਹੀਂ, ਕੋਈ ਨੌਕਰ ਚਾਕਰ ਗ਼ੈਰ ਸੂਰਮਾਂ, ਨਹੀਂ, ਆਪਣੇ ਦਿਲ ਦਾ ਟੁਕੜਾ ਆਪਣਾ ਵੱਡਾ ਪੁੱਤ੍ਰ ਹੈ। ਵਰੇਸ ਕਿੰਨੀ ਕੁ ਹੈ? ਅਜੇ ਬੀਸ ਬਰਸ ਦੀ ਨਹੀਂ ਸਾਹਿਬ। ਅਜੀਤ ਸਿੰਘ ਜੀ ਹਾਜ਼ਰ ਹੁੰਦੇ ਹਨ, ਸ਼ਸਤਰ ਸਜੇ

---

*ਇਹ ਲੇਖ ਖਾ: ਸਮਾ: ਦਾ ਸਿਰਲੇਖ ਹੋਕੇ ਤੇ ਉਹ ਥੀ ਗੁਟਕੇ ਦੀ ਸੂਰਤ ਵਿਚ ਕਈ ਹਜ਼ਾਰ ਸੰਗਤਾਂ ਵਿਚ ਪ੍ਰਚਾਰਿਆ ਗਿਆ ਸੀ। ਪੋਹ ਦੀ ੯ ਸੰ: ਗੁ: ਨਾ: ੪੬੫ ਤੇ ਬਿ: ੧੯੯੭ ਮੁਤਾਬਕ ੨੩ ਦਸੰਬਰ ੧੯੩੮ ਛਨਿਛਰਵਾਰ ਗੁਰਮੁਖ ਸਪਤਮੀ ਸੀ।

†ਇਕ ਵਸਤੀ ਹੈ। ਇਸ ਦਾ ਨਾਉਂ ਪਠਾਣਾਂ ਦੀ ਬਸੀ ਸੀ, ਜ਼ਿਲਾ ਹੁਸ਼ਿਆਰ ਪੁਰ ਦਾ ਸੀ। ‡ਮਤ ਮਾਰੀ ਵਾਲਾ।

§ਇਹ ਦੁਖੀ ਬ੍ਰਾਹਮਣ, ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਕਾਸ਼ੀ ਆਦਿਕਾਂ ਤੋਂ ਛੁਟ ਪਹਾੜੀ ਰਾਜਿਆਂ ਪਾਸ ਬੀ ਗਿਆ ਸੀ, ਪਰ ਕਿਸੇ ਨੇ ਉਸ ਦੀ ਸਹਾਇਤਾ ਨਹੀਂ ਸੀ ਕੀਤੀ।

ਹਨ, ਮੁੰਦਰਤਾ ਤੇ ਤੇਜ ਡੁਲ੍ਹ ਡੁਲ੍ਹ ਪੈ ਰਹੇ ਹਨ। ਅਸਲ ਸੰਨਯਾਸੀ ਪਿਤਾ ਦੇ ਰਸੀਲੇ ਨੈਣ ਪੁੱਤ੍ਰ ਤੇ ਪੈਂਦੇ ਹਨ ਤੇ ਆਗਯਾ ਹੁੰਦੀ ਹੈ "ਬਟਾ ! ਅਕਾਲ ਪੁਰਖ ਦਾ ਹੁਕਮ ਹੈ 'ਜਾਹਿ ਤਹਾਂ ਤੈ ਧਰਮ ਚਲਾਇ। ਕਬੁਧ ਕਰਨ ਤੈ ਲੋਕ ਹਟਾਇ।' ਇਸ ਬ੍ਰਾਹਮਣ ਦੀ ਇਸਤ੍ਰੀ ਬਸੀ ਦੇ ਜਾਬਰ ਖਾਂ* ਪਠਾਣ ਨੇ ਖੋਹ ਲਈ ਹੈ, ਉਸ ਤੋਂ ਖੋਸ ਕੇ ਇਸ ਦੀ ਇਸਤ੍ਰੀ ਇਸ ਨੂੰ ਦਿਵਾਉਣੀ ਹੈ, ਕਬੁੱਧ ਕਰਨੋ ਅਮਲੀ ਤੌਰ ਤੇ ਹਟਾਉਣ ਦਾ ਸਮਾਂ ਇਹ ਹੈ। ਨਾਲ ਸਿੰਘ ਲੈ ਜਾਓ, ਬੱਸੀ ਪਹੁੰਚੋ, ਪਠਾਣ ਤੇ ਇਸਤ੍ਰੀ ਪਕੜ ਕੇ ਲੈ ਆਓ। ਬਿਜਲੀ ਦੀ ਤੇਜ਼ੀ ਵਾਂਙੂ ਜਾ ਪਓ, ਆਉਂਦੇ ਜਾਂਦੇ ਪਤਾ ਨਾ ਲੱਗੇ, ਬਸ ਕਾਰਜ ਕਰਨਾ ਹੈ ਤੇ ਫੁਰਤੀ ਦਾ ਕੰਮ ਹੈ।"

ਪਿਤਾ ਗੁਰੂ ਦਾ ਦੱਸਿਆ ਕਠਨ ਕੰਮ ਸੁਣਕੇ ਸਾਹਿਬ ਅਜੀਤ ਸਿੰਘ ਦੇ ਮੱਥੇ ਤੇ ਸੋਚ ਤੇ ਉਦਾਸੀ ਦੀ ਛਾਇਆ ਨਹੀਂ ਫਿਰੀ। ਮੱਥਾ ਬੀਰ ਰਸੀ ਉਤਸਾਹ ਨਾਲ ਚਮਕਿਆ; ਖੜਗ ਦੀ ਟੇਕ ਲੈ ਉੱਠੇ, ਪਿਤਾ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਹਾਂ ਪਰਮ ਸੰਨਯਾਸੀ, ਪਰਮ ਤਿਆਗੀ ਪਿਤਾ ਨੇ ਜਿਸ ਨੇ ਪਰ ਹਿਤ ਲਈ ਪੁੱਤ੍ਰ-ਪ੍ਰੇਮ ਬੀ ਸਦਕੇ ਕਰ ਰਖਿਆ ਹੈ, ਛਾਤੀ ਨ ਲ ਸਿਰ ਲਾਇਆ, ਪਿਆਰ ਦਿੱਤਾਂ ਤੇ ਆਖਿਆ "ਸ੍ਰੀ ਅਸਿਧੁਜ ਦੀ ਰਖਿਆ, ਤੇਰੇ ਅੰਗ ਸੰਗ ਹੋਵੇ। ਜਾਓ ਬੇਟਾ।"

ਇਉਂ ਅਸੀਸ ਲੈਕੇ ਨੌਨਿਹਾਲ ਲਾਲ ਜੀ ਬਾਹਰ ਆਏ, ਸੌ ਅਸਵਾਰ ਨਾਲ ਤਿਆਰ ਕੀਤਾ† ਦੁਖੀ ਬ੍ਰਾਹਮਣ ਨੂੰ ਇਕ ਘੋੜੇ ਤੇ ਬਿਠਾ ਕੇ ਨਾਲ ਲਿਆ, ਜੋ ਰਸਤਾ ਤੇ ਘਰ ਤੇ ਉਸ ਪਠਾਣ ਦੀ ਸਿਆਣ ਦੱਸੇ। ਇਹ ਕੰਮ ਕਰਕੇ ਕੂਚ ਬੋਲ ਦਿੱਤੀ।

ਦੋ ਅਤੀ ਦਿਨ ਬਾਕੀ ਸੀ ਜਦੋਂ ਸੂਰਮੇਂ ਅਜੀਤ ਸਿੰਘ ਜੀ ਫੌਜ ਦਾ ਦਸਤਾ ਨਾਲ ਲੈਕੇ ਟੁਰੇ ਹੋਏ ਸਤਿਲੁਜੋਂ ਪਾਰ ਹੋਏ। ਬੰਦੂਕਾਂ ਕੱਸੀਆਂ ਤਿਆਰ ਹਨ। ਇਕ ਸ਼ਲਕ ਲਈ ਗੋਲੀਆਂ ਭਰੀਆਂ ਹੋਈਆਂ ਹਨ। ਟੁਰੇ ਜਾਂਦੇ ਹਨ, ਰਾਤ ਦੇ ਅੰਧੇਰੇ ਵਿਚ ਚਾਨਣਾ ਦੇਣ ਵਾਲੇ ਗੁਰੂ ਦੇ ਸਪੂਤ, ਜਿੱਥੋਂ ਕਿਤੇ ਰਾਹ ਦਾ ਸ਼ੱਕ ਪਵੇ ਤੇ ਬ੍ਰਾਹਮਣ ਵੀ ਨਾ ਦੱਸ ਸਕੇ ਤਾਂ ਕਿਸੇ ਸਿਆਣਪ ਨਾਲ ਪਤਾ ਕਰਦੇ ਹਨ ਤੇ ਟੁਰੇ ਜਾਂਦੇ ਹਨ। ਦਿਨ ਅਜੇ ਚੜ੍ਹਿਆ ਨਹੀਂ ਸੀ ਕਿ ਬੱਸੀ ਪਠਾਣਾਂ ਦੀ ਤੇ ਆਪ ਜਾ ਪਹੁੰਚੇ। ਲਾਲ ਜੀ ਅੱਖਰ ਅੱਖਰ ਪਿਤਾ ਜੀ ਦਾ ਹੁਕਮ ਕਮਾਉਣਾ ਚਾਹੁੰਦੇ ਸਨ। ਆਪ ਦਾ ਆਸ਼ਯ ਇਹ ਸੀ ਕਿ ਐਡਾ ਅਚਾਨਕ ਜਾਕੇ ਪਵਾਂ ਕਿ ਜੰਗ ਦਾ ਘੱਟ ਤੋਂ ਘੱਟ ਸਮਾਂ ਬਣੇ। ਸੋ ਐਸਾ ਹੀ ਹੋਇਆ ਕਿ ਆਪ ਲੋਕਾਂ ਦੇ ਸੁੱਤੇ ਪਏ ਹੀ ਪਹੁੰਚ ਗਏ। ਤਦੋ ਹੀ ਪਤਾ ਲੱਗਾ ਜੋ ਪਠਾਣ ਦੀ ਹਵੇਲੀ ਦੇ ਬੂਹੇ ਤੁੱਟ ਪਏ ਤੇ ਬੱਸੀ ਵਿਚ ਭਾਰੀ ਖੜਾਕ ਸੁਣ ਕੇ ਪਠਾਣੋਂ ਜਾਗੇ। ਇੰਨੇ ਚਿਰ ਵਿਚ 'ਆ ਪਏ, ਆ ਪਏ, ਸਿਖ ਆ ਪਏ' ਦੀ ਅਵਾਜ਼ ਗੂੰਜੀ। ਸਿਖ ਬੂਹੇ ਤੋੜਕੇ ਹਵੇਲੀ ਦੇ ਅੰਦਰ ਲੰਘ ਚੁਕੇ ਸਨ। ਅਵਾਜ਼ ਸੁਣੀ ਤਾਂ ਕੁਛ ਪਠਾਣ ਤਾਂ ਘਰਾਂ ਦੇ ਅੰਦਰੇ ਹੀ ਦਬਕ ਗਏ ਕਿ ਬਾਹਰ ਕੌਣ ਨਿਕਲੇ। ਕੋਈ ਜੋ ਬਾਹਰ ਨਿਕਲੇ, ਸਨੱਧ ਬੱਧ ਸੈਨਾ ਦੇਖਕੇ ਖਿਸਕੰਤ ਹੋ ਗਏ। ਕਿਸ ਦਾ ਹੌਂਸਲਾ ਮੁਕਾਬਲਾ ਕਰਨੇ ਦਾ ਨਾ ਪਿਆ। ਜੇ ਕਿਸੇ ਨੇ ਸਾਹਮਣਾ ਕੀਤਾ ਤਾਂ ਮੂੰਹ ਦੀ ਖਾਧੀ। ਸਿੰਘਾਂ ਨੇ ਹਵੇਲੀ ਤੋੜਨ ਤੋਂ ਪਹਿਲਾਂ ਪਹਿਰੇ ਦੇ ਆਦਮੀ ਮੁਸ਼ਕਾਂ ਨਾਲ ਬੰਨ੍ਹ ਲਏ ਸਨ। ਹੁਣ ਸਿੱਖ ਸਿੱਧੇ ਖਾਂ ਸਾਹਿਬ ਦੇ ਸੌਣ ਦੇ ਕਮਰੇ ਵਿਚ ਜਾ ਵੜੇ ਤੇ ਉਸ ਨੂੰ ਪਲੰਘ ਤੋਂ ਘਾਬਰ ਕੇ ਉਠੇ ਅੱਧਰ ਉਧਰ ਭਜਦੇ ਫਿਰਦੇ ਨੂੰ ਨੱਪ ਲਿਆ। ਬ੍ਰਾਹਮਣ ਨੇ ਪਛਾਣ ਕੀਤੀ ਕਿ ਇਹੋ ਹੈ ਖੁਨਾਮੀਆਂ ਤੇ ਉਸ ਨੇ ਬੀ ਮੰਨਿਆਂ ਕਿ ਮੇਰਾ ਨਾਮ ਹੀ ਜਾਬਰ ਖਾਂ ਹੈ। ਫਿਰ ਇਸਤ੍ਰੀ ਪਛਾਣੀ, ਹੋਰ ਉਸ ਦੀਆਂ ਜ਼ਨਾਨੀਆਂ ਤੋਂ ਪੁੱਛ ਕੀਤੀ, ਤਮੱਲੀ ਕਰ ਲਈ ਤਦ ਬ੍ਰਾਹਮਣੀ ਬੀ ਨਾਲ ਹੀ ਫੜ ਲਈ। ਬਾਕੀ ਘਰ ਦੀ ਕਿਸੇ ਤ੍ਰੀਮਤ ਨੂੰ ਕੁਛ ਨਾ ਕਿਹਾ, ਨਾ ਹੀ ਕਿਸੇ ਪਦਾਰਥ ਨੂੰ ਹੱਥ ਲਾਯਾ ਤੇ ਦੋਹਾਂ ਨੂੰ ਲੈਕੇ ਬਾਹਰ ਆਕੇ, ਆਪਣੇ ਫੌਜੀ ਦਸਤੇ ਦੀ ਸਫ ਬੱਧੀ। ਦੋਹਾਂ ਨੂੰ ਦਸਤੇ ਦੇ ਵਿਚਕਾਰ ਲੈਕੇ ਘੋੜਿਆਂ ਤੇ ਬਿਠਾਕੇ ਕੂਚ ਕੀਤੀ। ਜਿੱਥੋਂ ਤਕ ਵੱਸ ਚਲਿਆ ਜੰਗ ਨਹੀਂ ਕੀਤਾ। ਐਉਂ ਲਗ ਪਗ ਸਾਫ ਹੀ ਨਿਕਲ ਆਏ, ਤੇ ਅਨੰਦ ਪੁਰ ਆ ਪਹੁੰਚੇ। ਜਦੋਂ ਸਤਿਗੁਰ ਜੀ ਦੇ ਦੀਵਾਨ ਵਿਚ ਆਏ ਤਾਂ ਹੋਣਹਾਰ ਨੌ ਨਿਹਾਲ

*ਤੁਵਾ: ਖਾ: ਨੇ ਨਾਮ ਦਿਤਾ ਹੈ, ਸਰਦਾਰ ਜਾਬਰ ਖਾਂ ਪਠਾਣ ਦਾ ਅਤੇ ਬ੍ਰਾਹਮਣ ਦਾ ਨਾਮ ਦੇਵ ਦਾਸ।

†ਤੁਵਾ: ਖਾ: ਵਿਚ ਦੋ ਸੌ ਸਵਾਰ ਲਿਖਿਆ ਹੈ।

ਨੇ ਦੁਇ, ਪਠਾਣ ਤੇ ਬ੍ਰਹਮਣੀ ਸਭਾ ਵਿਚ ਪੇਸ਼ਕੀਤੇ।

ਨਜਾਯਜ਼ੀਲ ਦਾਤਾ ਜੀ ਨੇ ਜਾਬਰ ਖਾਂ ਨੂੰ ਉਸ ਦੀਆਂ ਇਹ ਤੇ ਅਗਲੀਆਂ ਪਿਛਲੀਆਂ ਐਸੀਆਂ ਬਦੀਆਂ ਤੇ ਖ਼ੂਨ ਖਰਾਬਿਆਂ ਦੇ ਬਦਲੇ ਦੰਡ ਦਿੱਤਾ। ਜਾਬਰ ਖਾਂ ਤੀਰ ਦੇ ਘਾਟ ਉਤਾਰਿਆ ਗਿਆ ਤੇ ਬ੍ਰਾਹਮਣੀ ਬ੍ਰਾਹਮਣ ਨੂੰ ਦਿਵਾਈ ਗਈ। ਤਵਾ: ਖਾ: ਵਿਚ ਲਿਖਿਆ ਹੈ ਕਿ ਬ੍ਰਾਹਮਣੀ ਨੂੰ ਉਸ ਦੇ ਭਾਈਚਾਰੇ ਵਿਚ ਬੀ ਮਿਲਾਇਆ ਗਿਆ। ਜਾਪਦਾ ਹੈ ਕਿ ਬ੍ਰਹਮਣ ਨੂੰ ਜਾਂ ਇਸਤ੍ਰੀ ਮਿਲ ਗਈ, ਤਦ ਉਸ ਦੀ ਦੂਸਰੀ ਮੁਸ਼ਕਿਲ ਇਹ ਸੀ ਕਿ ਉਹ ਜੋ ਤੁਰਕ ਦੇ ਘਰ ਰਹਿ ਆਈ ਹੈ, ਚਾਹੇ ਉਹ ਮੱਲੋਮੱਲੀ ਲਿਜਾਈ ਗਈ ਬੇਦੋਸ਼ ਸੀ, ਪਰ ਉਹ ਹੁਣ ਮੁੜ ਹਿੰਦੂ ਨਹੀਂ ਹੋ ਸਕਦੀ। ਇਸ ਬਿਪਤਾ ਨੂੰ ਦੂਰ ਕਰਨ ਲਈ ਅਨੰਦਪੁਰ ਹੀ ਓਹ ਸ਼ੁੱਧ ਕੀਤੀ ਗਈ ਤੇ ਅਨੰਦਪੁਰ ਵਿਚ ਵਸਦੇ ਬ੍ਰਹਮਣ ਭਾਈਚਾਰੇ ਵਿਚ ਬੀ ਅਭੇਦ ਵਰਤਾਈ ਗਈ, ਤਾਂਕਿ ਜਦੋਂ ਬ੍ਰਾਹਮਣ ਆਪਣੇ ਘਰ ਅੱਪੜੇ ਤਾਂ ਉਸ ਦਾ ਟੱਬਰ ਕਬੀਲਾ ਉਸ ਨੂੰ ਛੇਕ ਨਾ ਦੇਵੇ ਤੇ ਉਹ ਹੋਰ ਕਸ਼ਟ ਵਿਚ ਨਾ ਪਵੇ। ਸਤਿਗੁਰ ਜੀ ਦੀ ਇਸ ਕਰਨੀ ਪਰ ਘਰ ਘਰ ਕੀਰਤ ਫੈਲੀ ਤੇ ਬ੍ਰਹਮਣ ਨੇ ਸਤਿਗੁਰੂ ਨੂੰ ਦੁਸ਼ਟਦਮਨ ਅਵਿਤਾਰ ਕਹਿ ਕਹਿ ਕੇ ਕੀਰਤੀ ਕੀਤੀ।

ਅਸਲ ਵਿਚ ਅੱਜ ਕਲ ਉਨ੍ਹਾਂ ਸਮਿਆਂ ਨੂੰ ਛੇਤੀ ਨਾਲ ਸਮਝ ਸਕਣਾ ਕਠਨ ਹੈ। ਸਦੀਆਂ ਦੀ ਜ਼ੁਲਮ ਦੀ ਤਲਵਾਰ ਨਾਲ ਮਾਰੀਂਦੀ ਮਾਰੀਂਦੀ ਹਿੰਦੂ ਜਾਤੀ ਅਤਿ ਦੁਖੀ ਤੇ ਕਮਜ਼ੋਰ ਹੋ ਰਹੀ ਸੀ। ਇਹ ਕਿਸ ਵਿਚ ਖਿਆਲ ਕਰਨ ਦਾ ਹੌਂਸਲਾ ਸੀ ਯਾ ਕਿਸੇ ਨੂੰ ਆਸ ਹੋ ਸਕਦੀ ਸੀ ਕਿ ਕੋਈ ਜ਼ੋਰ ਮੁਸਲਿਮ ਕਿਸੇ ਤੁਰਕ ਪਠਾਣ ਤੋਂ ਬੀ ਤਕੜਾ ਤੇ ਹੌਂਸਲੇ ਵਾਲਾ ਹੋਵੇ, ਤੇ ਇਹ ਕੋਈ ਖਿਆਲ ਬੀ ਨਹੀਂ ਸੀ ਕਰ ਸਕਦਾ ਕਿ ਕੋਈ ਇਨ੍ਹਾਂ ਨੂੰ ਦੰਡ ਦੇ ਸਕਦਾ ਹੈ। ਮੋਈ ਸੁਰਤ ਦਾ ਜਿਉਂਦੇ ਕਰ ਦੇਣਾ, ਦੇਸ਼ ਦੀ ਗਈ ਸੁਰਤ ਦਾ ਮੁੜ ਵਾਪਸ ਲਿਆ ਦੇਣਾ, ਨਿਤਾਣੀ ਪਰਜਾ ਵਿਚ ਤਾਣ ਭਰ ਦੇਣਾ ਤੇ ਹੌਂਸਲੇ ਵਧਾ ਦੇਣੇ ਇਹ ਸੀ ਅਸੰਭਵ ਜੋ ਗੁਰੂ ਜੀ ਨੇ ਸੰਭਵ ਕਰ ਦਿਖਾਇਆ। ਇਸ ਲਈ ਇਸ ਵਾਕਿਆ ਪਰ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:—

ਇਸ ਚਰਿੱਤ੍ਰ ਕੋ ਸੁਨਿ ਜਗ ਸਾਰਾ।
ਸ੍ਰੀ ਸਤਿਗੁਰ ਜਸ ਮਹਿਦ* ਉਚਾਰਾ।
ਜਥਾ ਚਾਂਦਨੀ ਨਿਰਮਲ ਹੋਤਿ।
ਤਿਮ ਘਰ ਘਰ ਮਹਿੰ ਸੁਜਸ ਉਦੋਤ†।
ਮਨਹੁੰ ਮਾਲਤੀ ਫੂਲਤ ਝੂਲੀ‡।
ਰਾਇਬੇਲ ਕੈ ਸੁੰਦਰ ਫੂਲੀ।
ਜਹਿੰ ਜਹਿੰ ਕੀਰਤ ਵਰਨਨ ਕਰਤੇ।
ਧੰਨ ਧੰਨ ਪ੍ਰਭੁ ਧੰਨ ਉਚਰਿਤੇ।

—o—

੬੭. ਸਿਰ ਸੱਦਕ§।

ਇਕਵੇਰ ਡਾਢੇ ਸ਼ੇਖ ਤੇ ਬਲੀ ਘੋੜੇ ਤੇ ਚੜ੍ਹਦਿਆਂ ਘੋੜਾ ਸ਼ੇਖ ਹੋਕੇ ਸੀਖ ਪਾ ਹੋ ਗਿਆ ਤੇ ਇਤਨਾ ਮੂੰਹਤਾਣ ਜ਼ੋਰ ਕੀਤੇਸੁ ਕਿ ਕੋਈ ਆਸ ਨਹੀਂ ਸੀ ਕਿ ਸ੍ਰੀ ਕਲਗ਼ੀਧਰ ਡਿੱਗ ਨਾ ਪੈਣਗੇ। ਪਰ ਉਸ ਮਨ ਤਨ ਦੇ ਬਲਵਾਨ ਗੁਰੂ ਨੇ ਘੋੜਾ ਸੇਧਿ ਲਿਆ ਤੇ ਜ਼ੋਰ ਕਰਕੇ ਸਾਫ ਟੋਰ ਹੀ ਲਿਆ। ਪਰ ਇਸ ਸਾਰੇ ਜਤਨ ਵਿਚ ਮੋਢਾ ਖਿੱਚ ਖਾ ਗਿਆ ਤੇ ਪੱਟੀ ਬੰਨ੍ਹੀ ਗਈ। ਮਾਤਾ ਗੁਜਰੀ ਜੀ ਨੂੰ ਜਦੋਂ ਖਬਰ ਹੋਈ ਤਾਂ ਉਨ੍ਹਾਂ ਨੇ ਵਾਹਿਗੁਰੂ ਦਾ ਸ਼ੁਕਰ ਕੀਤਾ ਤੇ ਕਈ ਦਾਨ ਕੀਤੇ। ਇਹ ਗੀਤ ਉਨ੍ਹਾਂ ਅਗੇ ਅਰਜ਼ੋਈ ਹੈ ਕਿ 'ਭਉਜਲ ਪਾਰ ਪਰਾਵਨਾ' ਦਾ ਦਾਨ ਅੱਜ ਆਪਣੇ ਲਾਡਲੇ ਪੁਤ੍ਰ ਦਾ ਸਿਰਵਾਰਨਾ ਕਰਕੇ ਇਸ ਮੰਗਤ ਨੂੰ ਬੀ ਦੇ ਦੇ ਦਾਨ ਵਿਚ, ਹੇ ਤਾਰਨਹਾਰ ਦੀ ਅੰਮੀਏ!

---

*ਬਹੁਤ। †ਸੁਹਣਾ ਜਸ ਪਕਾਸ਼ਿਆ। ‡ਫੁਲਾਂ ਨਾਲ ਖਿੜੀ ਮਾਲਤੀ ਦੀ ਵੇਲ ਝੂਲ ਰਹੀ ਹੈ।
§ਇਹ ਗੀਤ ਸੰ: ਗੁ: ਨਾ: ਸਾ: ੪੭੧ (੧੯੭੯) ਦੇ ਗੁਰਪੁਰਬ ਸਪਤਮੀ ਪਰ ਖਾ: ਸਮਾ: ਵਿਖੇ ਪ੍ਰਕਾਸ਼ਿਆ ਸੀ।

ਟੇਕ–ਰੀ ਮਾਤਾ ਗੁਜਰੀ !
ਕਰ ਸੁਤ ਦਾ ਸਿਰਵਾਰਨਾ।
ਘੋੜਾ ਅੱਜ ਸਾਖ ਪਾ ਹੋਇਆ
ਕੀਤੇ ਸੁ ਹੁਝਕਾ ਮਾਰਨਾ,
ਗਿਰਝਾ ਨ ਤੇਰਾ ਬੀਰ ਬਾਂਕਰਾ
ਨੀਲੇ ਦਾ ਅਸਵਾਰਨਾ,
–ਕਲਗੀ ਸੋਹੇ ਸੀਸ ਤੇ ਜਿਸਦੇ
ਨੈਣਾਂ ਨੂਰ ਖਿਲਾਰਨਾ–
ਟਿਕਿਆ ਰਿਹਾ ਸ਼ੇਖ ਦੇ ਉਤੇ
ਤੇਰਾ ਲਾਲ ਦੁਲਾਰਨਾ,
ਮੂੰਹਤਾਣੇ ਨੂੰ ਤਾਣ ਲਿਓ ਸੂ
ਕਦੇ ਨ ਜਿਸ ਨੇ ਹਾਰਨਾ।
ਐਪਰ ਵਿੱਚ ਖਾ ਗਿਆ ਕੰਧਾ,
ਪੱਟੀ ਬੰਨ ਦੁਖਾਰਨਾ।
ਸਾਈਂ ਰਖ ਨੇ ਰੱਖ ਲਿਆ ਏ,
ਸਾਈਂ ਪੈਜ ਸੁਵਾਰਨਾ।
ਏਸ ਖੁਸ਼ੀ ਵਿਚ ਮਾਤਾ ਗੁਜਰੀ !
ਕਰ ਸੁਤ ਦਾ ਸਿਰਵਾਰਨਾ,
ਝੋਲੀ ਖੋਲ੍ਹ ਖਲਾ ਹੈ ਮੰਗਤ
ਨਾਲ ਪਿਆ ਪੁਕਾਰਨਾ:–
'ਦੇਹ ਸੁਤ ਦਾ ਸਿਰਵਾਰਨਾ ਅੰਮੀਏ–
'ਭਉਜਲ ਪਾਰ ਉਤਾਰਨਾ'
ਕਰ ਸੁਤ ਦਾ ਸਿਰਵਾਰਨਾ ਅੰਮੀਏ !
ਦਿਹ ਸੁਤ ਦਾ ਸਿਰਵਾਰਨਾ–
'ਭਉਜਲ ਪਾਰ ਉਤਾਰਨਾ' ਅੰਮੀਏ !
'ਭਉਜਲ ਪਾਰ ਉਤਾਰਨਾ।'

—o—

੬੮. ਨੀਲਾ ਤੇ ਗੁਰੂ ਕੀ ਆਣ*।

੧.

ਗੁਰੂ ਜੀ ਨੂੰ ਅਲਫ ਖਾਂ ਤੇ ਸੈਦਾ ਬੇਗ ਤੋਂ ਅਭੋਲ ਰਸਤੇ ਆਉਂਦਿਆਂ ਦਗ਼ੇ ਨਾਲ ਫੜਵਾ ਯਾ ਸ਼ਹੀਦ ਕਰਵਾ ਦੇਣ ਦਾ ਧੋਹ ਜੋ ਰਾਜਿਆਂ ਨੇ ਕੀਤਾ ਸੀ, ਉਸ ਤੋਂ ਸਿਖਾਂ ਵਿਚ ਬਹੁਤ ਰੰਜ ਸੀ। ਉਤੋਂ ਰਾਜੇ ਤਦੋਂ ਮੇਲ ਵਿਚ ਸਨ ਤੇ ਵਿਚੋਂ ਇਹ ਚਾਲ ਚੱਲੀ ਸਾਨੇ। ਇਹ ਰੰਜ ਬੀ ਖਾਲਸਾ ਵਿਚ ਜੋਸ਼ ਨੂੰ ਵਧਾ ਰਿਹਾ ਸੀ ਤੇ ਉਹ ਦੂਰ ਦੂਰ ਤਕ ਸ਼ਿਕਾਰ ਗਏ ਹੋਏ ਆਪਣੇ ਤੇਜ ਦੇ ਕਰਤੱਬ ਕਰਦੇ ਸੇ। ਰਾਜੇ ਆਪਣੀ ਥਾਂ ਸ਼ਰਮਿੰਦੇ ਸੇ। ਸੈਦਾ ਬੇਗ ਗੁਰੂ ਕਾ ਮੁਰੀਦ ਹੋ ਗਿਆ ਸੀ। ਉਸ ਨੇ ਰਾਜਿਆਂ ਦੀ ਸਾਜ਼ਸ਼ ਦਾ ਸਾਰਾ ਹਾਲ ਦੱਸ ਦਿੱਤਾ ਸੀ, ਜਿਸ ਕਰਕੇ ਪਰਦਾ ਨਹੀਂ ਸੀ ਰਿਹਾ ਛਿਪੀ ਹੋਈ ਚਾਲ ਦਾ। ਹਣ ਰਾਜੇ ਜ਼ਾਹਿਰੀ ਮਿੱਤ੍ਰਤਾ ਬੀ ਨਹੀਂ ਸੇ ਨਿਬਾਹ ਸਕਦੇ ਤੇ ਖਾਲਸੇ ਦੇ ਵਧ ਰਹੇ ਤੇਜ ਤੋਂ ਦੁਖੀ ਬੀ ਹੁੰਦੇ ਸੇ। ਸੋ ਕਹਲੂਰੀ ਰਾਜੇ ਅਜਮੇਰ ਚੰਦ ਨੇ ਇਕ ਵੇਰੀ ਫੇਰ ਰਾਜੇ ਕੱਠੇ ਕਰਕੇ ਉਨ੍ਹਾਂ ਨੂੰ ਸਮਝਾਇਆ ਕਿ ਗੁਰੂ ਦਾ ਖਾਲਸਾ ਜਿਸ ਨੂੰ ਅਸਾਂ ਜਾਤਾ ਸੀ ਕਿ ਜਲ ਝੱਗ ਦੀ ਤਰ੍ਹਾਂ ਬਿਨਸ ਜਾਏਗਾ, ਤੇ ਖਿਆਲ ਸੀ ਕਿ ਕਿਥੋਂ ਜੱਟਾਂ, ਖੱਤ੍ਰੀਆਂ, ਬਣੀਆਂ, ਕਲਾਲਾਂ ਆਦਿਕਾਂ ਨੇ ਬੀਰਰਸੀ ਕੰਮ ਕਰ ਸਕਣੇ ਹਨ, ਉਹ ਖਾਲਸਾ ਹੁਣ ਭਯਾਨਕ ਮੂਰਤੀ ਤੇ ਸਬਲ ਵਹਕਤੀ ਬਣ ਖੜੋਤੀ ਹੈ, ਉਸ ਦਾ ਤੇਜ ਵਧ ਰਿਹਾ ਹੈ ਤੇ ਸਾਨੂੰ ਆਪਣੇ ਰਾਜ ਦਾ ਤੌਖਲਾ ਹੈ। ਮੈਂ ਮਾਰਿਆ ਗਿਆ ਤਾਂ ਫੇਰ ਇਕ ਇਕ ਕਰਕੇ ਤੁਸਾਂ ਸਾਰਿਆਂ ਦੀ ਬੀ ਸੁਖ ਨਹੀਂ, ਵਾਰੋ ਵਾਰੀ ਸਾਰੇ ਮਾਰੇ ਜਾਓਗੇ। ਗੁਰੂ ਦਾ ਬਲ ਇਤਨਾ ਵਧ ਗਿਆ ਹੈ ਕਿ ਕਿਸੇ ਇਕ ਰਾਜੇ ਦੇ ਲੜਕੇ ਜਿੱਤਣ ਦੀ ਆਸ ਕਰਨਾ ਭੁੱਲ ਹੈ। ਜੰਗ ਕਰਕੇ ਦੇਖ ਚੁਕਾ ਹਾਂ, ਸੁਲਹ ਨਾਲ ਵੀ ਵਲਛਲ ਕਰਕੇ ਦੇਖ ਚੁਕਾ ਹਾਂ, ਸ਼ਾਹੀ ਮਦਦ ਬੀ ਉਸ ਨੂੰ ਪ੍ਰਾਜੈ ਨਹੀਂ ਕਰ ਸਕੀ। ਜੇ ਇਕ ਜੰਗ ਵਿਚ ਦੋ ਚਾਰ ਸੌ ਸਿੰਘ ਮਾਰਿਆ ਜਾਂਦਾ ਹੈ ਤਾਂ ਥੋੜੇ ਚਿਰ ਵਿਚ ਹੀ ਹੋਰ ਹਜ਼ਾਰਾਂ ਅੰਮ੍ਰਿਤ ਧਾਰਕੇ ਸਿੰਘ ਬਣ ਜਾਂਦੇ ਤੇ ਅਨੇਕਾਂ ਉਨ੍ਹਾਂ ਪਾਸ ਫੌਜੀ ਬਣ ਕੇ ਟਿਕ ਜਾਂਦੇ ਹਨ, ਸੋ ਐਉਂ ਖਾਲਸਾ ਦਲ ਅਮੁੱਕ ਹੁੰਦਾ ਜਾਂਦਾ ਹੈ। ਮੇਰੀ ਜਾਚੇ

*ਇਹ ਪ੍ਰਸੰਗ ਗੁਰਪੁਰਬ ਪੋਹ ਸੁਦੀ ਸਪਤਮੀ (੧੬ ਜਨਵਰੀ ੧੯੪੦ ਈ:) ਮਾਘ ਦੀ ੩ ਸੰ: ਗ: ਨਾ: ਸਾ: ੪੭੧ ਤੇ ਬਿ: ੧੯੯੬ ਮੰਗਲਵਾਰ ਨੂੰ 'ਸੈਦਾਬੇਗ ਸ਼ਰਨਾਗਤ' ਨਾਮੀ ਟ੍ਰੈਕਟ ਦੇ ਅੰਤ ਵਿਚ ਪ੍ਰਕਾਸ਼ਿਆ ਸੀ।

ਅਜੇ ਵੇਲਾ ਕੁਛ ਹੈ ਕਿ ਸਾਰੇ ਰਲ ਕੇ ਇਕ ਮਿਲਵਾਂ ਵਾਰ ਕਰੀਏ ਤੇ ਝਟ ਪਟ ਅਨੰਦਪੁਰ ਤੇ ਜਾ ਪਵੀਏ ਤਾਂ ਫਤਹ ਹੋ ਜਾਏ। ਨਾਹਣ ਦ ਰਾਜੇ ਨੇ ਕਿਹਾ ਕਿ ਗੁਰੂ ਦਾ ਆਸ਼ਾ ਸਾਡੇ ਰਾਜ ਖੁਹਣ ਦਾ ਨਹੀਂ, ਐਸਾ ਕਰਨਾ ਹੁੰਦਾ ਤਾਂ ਉਹ ਚਿਰੋਕਣੇ ਕਰ ਲੈਂਦੇ। ਉਹ ਸਾਨੂੰ ਇਨ੍ਹਾਂ ਉਪਰੇ ਬਾਹਰੋਂ ਆ ਕੇ ਸਾਡੇ ਸਿਰਾਂ ਤੇ ਵੱਡੇ ਬਣ ਗਏ ਤੁਰਕਾਂ ਦੀ ਗ਼ੁਲਾਮੀ ਤੋਂ ਛੁਡਾਯਾ ਚਾਹੁੰਦੇ ਹਨ। ਮੇਰਾ ਅਨੁਮਾਨ ਤੇ ਵਿਚਾਰ ਜੋ ਉਨ੍ਹਾਂ ਦੇ ਮੇਰੇ ਰਾਜ ਵਿਚ ਰਹਿਣ ਦੇ ਸਮੇਂ ਬਣਿਆ ਸੀ ਇਹੋ ਹੈ। ਸਾਨੂੰ ਕਿਸੇ ਸੋਚ ਨਾਲ ਟੁਰਨਾ ਠੀਕ ਹੈ, ਪਰ ਇਸ ਗਲ ਵਿਚ ਗੋਲ ਘੱਟ ਦੇਈ ਹੈ ਤੇ ਆਪਣੇ ਰਾਜਾਂ ਦੇ ਬਚਾਉ ਵਲ ਰੁਖ ਵਧੇਰੇ ਰਿਹਾ ਹੈ।

ਰਾਜੇ ਦੇ ਐਸਾ ਕਹਿਣੇ ਤੇ ਇਕ ਗਲ ਸਿਰੇ ਚੜ੍ਹੀ ਕਿ ਪਹਿਲੋਂ ਉਨ੍ਹਾਂ ਨੂੰ ਲਿਖਿਆ ਜਾਵੇ ਕਿ ਹੇ ਗੁਰੂ ਜੀ ! ਜੇ ਤੁਸੀਂ ਆਪਣੇ ਅਨੰਦਪੁਰ ਦੇ ਕਸਬੇ ਵਿਚ ਟਿਕੇ ਰਹੋ ਤਾਂ ਟਿਕੇ ਰਹੋ, ਅਸੀਂ ਆਪ ਨੂੰ ਦੁਖਾਉਂਦੇ ਨਹੀਂ, ਪਰ ਜੇ ਬਾਹਰ ਖੁੱਲੇ ਸ਼ਿਕਾਰ ਕਰ, ਵੈਜਾਂ ਫੇਰੋ, ਘਾਹ ਦਾਣੇ ਲਵੋ ਤਦ ਅਸੀਂ ਤੁਸਾਂ ਨਾਲ ਜੁੱਧ ਕਰਾਂਗੇ। ਅਸਾਂ ਨੇ ਵੈਰ ਕੀਤਾ ਹੈ, ਪਰ ਤੁਸਾਂ ਦੇ ਆਦਮੀ ਟਲਦੇ ਨਹੀਂ। ਹਣ ਅਸੀਂ ਆਪ ਨੂੰ ਲਿਖ ਰਹੇ ਹਾਂ ਕਿ ਇਨ੍ਹਾਂ ਨੂੰ ਸੰਭਾਲ ਲਓ, ਨਹੀਂ ਤਾਂ ਜੁੱਧ ਮਜਬੂਰੀ ਹੈ।

ਸਤਿਗੁਰੂ ਦੇ ਦਰਬਾਰ ਇਹ ਖਤ ਪਹੁੰਚਾ, ਪੜ੍ਹਿਆ ਗਿਆ, ਇਸ ਪਰ ਸਤਿਗੁਰੂ ਜੀ ਨੇ ਸਾਰਿਆਂ ਦਾਨਿਆਂ ਦੀ ਵੀਚਾਰ ਕਰਵਾਈ। ਫਰ ਜੋ ਮਸਲਤ ਬਣੀ ਜੁਵਾਬ ਲਿਖਵਾ ਘੱਲਿਆ ਕਿ ਭਾਈ ਰਾਜਿਓ ! ਅਸਾਂ ਦਾ ਤੁਸਾਂ ਨਾਲ ਕੋਈ ਵੈਖ ਨਹੀਂ, ਨਾ ਅਸਾਂ ਕਿਸੇ ਰਾਜੇ ਦਾ ਰਾਜ ਖੁਹਿਆ ਹੈ, ਨਾਂ ਅਸਾਂ ਕਿਸੇ ਤੋ ਕਦੇ ਹੱਲਾ ਕੀਤਾ ਹੈ। ਅਸੀਂ ਆਪਣੇ ਟਿਕਾਣੇ ਟਿਕੇ ਹਾਂ, ਆਪਣਾ ਕਾਰਜ, ਜੋ ਅਸੀਂ ਸਮਝਦੇ ਹਾਂ ਕਿ ਧੁਰੋਂ ਸਾਡੇ ਸਿਰ ਤੇ ਧਰਿਆ ਗਿਆ ਹੈ, ਕਰਦੇ ਹਾਂ; ਉਹ ਕੰਮ ਤਸਾਡੇ ਭਲੇ ਦਾ ਹੈ, ਤੁਸਾਂ ਦੇ ਸਾਕੇ ਵੀਰਾਂ ਦੀ ਭਲਾਈ ਦਾ ਹੈ। ਸਾਨੂੰ ਆਪਣੇ ਲਈ ਕਿਸੇ ਰਾਜ ਸਮਾਜ ਦੀ ਇੱਛਾ ਨਹੀਂ। ਤੁਹਾਨੂੰ ਰੰਜ ਹੋਣਾ ਉਚਿਤ ਨਹੀਂ। ਜਦ ਕਦੇ ਸ਼ਿਕਾਰ ਜਾਂਦੇ ਹਾਂ ਤਾਂ ਕਿਸੇ ਨੂੰ ਅਸੀਂ ਨਹੀਂ ਦੁਖਾਉਂਦੇ, ਜੇ ਕੋਈ ਸਿੰਘਾਂ ਨਾਲ ਅੜ ਬੈਠਦਾ ਹੈ ਤਾਂ ਸਿੰਘ ਹਨ ਸਿੰਘ, ਦਬਦੇ ਨਹੀਂ, ਸੋ ਤੁਹਾਨੂੰ ਪਤਾ ਹੈ ਕਿ ਸਿੰਘ ਦਾ ਕੰਮ ਹਾਰਨਾ ਨਹੀਂ ਹੈ। ਅਪਣੀ ਪ੍ਰਜਾ ਨੂੰ ਸੰਭਾਲੋ। ਨਾਹੱਕ ਜੰਗ ਨਾ ਰਚਾਓ। ਅਸਾਂ ਤੁਸਾਂ ਨਾਲ ਜੁੱਧ ਨਹੀਂ ਛੇੜਨਾ ਨਾ ਕਦੇ ਛੇੜਿਆ ਹੈ, ਨਾਂ ਅਸੀਂ ਤੁਸਾਡੇ ਸ਼ਤ੍ਰੂ ਹਾਂ, ਪਰ ਜੇ ਤੁਸਾਂ ਹੱਲਾ ਬੋਲਿਆ, ਜੰਗ ਰਚਾਇਆ ਤਾਂ ਖਾਲਸਾ ਅੱਗੋਂ ਕੱਚ ਦੀਆਂ ਵੰਗਾਂ ਪਾਕੇ ਨਹੀਂ ਬੈਠਾ ਹੋਇਆ; ਜੰਗ ਨੂੰ ਜੰਗ ਹੋਵੇਗਾ। ਖਾਲਸੇ ਦਾ ਆਦਰਸ਼ ਜਗਤ ਵਿਚ ਸ਼ਾਂਤੀ, ਸੁਖ ਵਰਤਾਉਂਣ ਦਾ ਹੈ, ਪਰ ਜੇ ਤਾਕਤਾਂ ਜ਼ੁਲਮ ਕਰ ਰਹੀਆਂ ਹੋਣ, ਜੇ ਉਹ ਜੁਲਮ ਤੋਂ ਨਾਂ ਹਟਣ ਤਾਂ ਖਾਲਸਾ ਉਨ੍ਹਾਂ ਨੂੰ ਜ਼ੁਲਮ ਤੋਂ ਜ਼ੋਰ ਨਾਲ ਵਰਜੇਗਾ। ਸੋ ਤੁਸੀਂ ਖਾਲਸੇ ਦਾ ਸਾਥ ਦਿਓ ਜੋ ਸ਼ਾਂਤੀ, ਸਲਹ ਤੇ ਸੁਤੰਤ੍ਰਤਾ ਦਾ ਸਮਾਂ ਆਵੇ। ਇਸ ਆਪਣੇ ਪਰਮ ਮਿੱਤ੍ਰ ਨਾਲ ਨਾ ਲੜੋ, ਪਰ ਜੇ ਲੜੇ ਤੇ ਚੜ੍ਹਕੇ ਆਓ ਤਾਂ ਪਹਿਲ ਤਸਾਂ ਵੱਲੋਂ ਹੋ ਜਾਏਗੀ, ਅਸੀਂ ਅੱਗੋਂ ਵਾਰ ਦੀ ਰੋਕ ਕਰਾਂਗੇ। ਫੇਰ ਜੋ ਅਸਤ੍ਰ ਚਾਹੇ ਹੋਏਗਾ। ਗਲੇ ਆ ਪਏ ਜੁੱਧ ਲਈ ਅਸੀਂ ਤਯਾਰ ਬਰ ਤਯਾਰ ਹਾਂ, ਪਰ ਇਹ ਜੁੱਧ ਤੇ ਇਸ ਦੇ ਨਤੀਜੇ ਸਭ ਤੁਹਾਡੇ ਜ਼ਿੰਮੇ ਹੋਣਗੇ।

ਜਦ ਇਹ ਖਤ ਪਹੁੰਚਾ ਤਦ ਨੂੰ ਓਥੇ ਤਯਾਰੀ ਹੋ ਚੁਕੀ ਸੀ। ਇਸ ਖਤ ਦੇ ਆਸ਼ੇ ਨੇ ਉਨ੍ਹਾਂ ਦ ਆਸ਼ੇ ਨੂੰ ਨਾ ਮੋੜਿਆ, ਉਨ੍ਹਾਂ ਦੀ ਇਸ ਸਮਝ ਨੂੰ ਕੋਈ ਸਮਝ ਨਾ ਦੇ ਸਕਿਆ ਕਿ ਗੁਰੂ ਜੀ ਦਾ ਆਸ਼ਾ ਤੁਹਾਡੇ ਪਿੱਦੀ ਪਿੱਦੀ ਜਿੰਨੇ ਰਾਜ ਲੈਣ ਦਾ ਨਹੀਂ, ਉਹ ਤਾਂ ਸਾਰੀ ਪ੍ਰਜਾ ਨੂੰ ਸ੍ਵੈਮਾਨ, ਸ੍ਵੈਰਖਿਆ ਦੀ ਜਾਚ ਸਿਖਾ ਰਹੇ ਹਨ। ਉਹ ਪ੍ਰਜਾ ਦੇ ਕਸ਼ਟ ਨਾਲ —ਜੋ ਗ਼ੁਲਾਮੀ ਵਿਚ ਪਿਆਂ ਭੋਗਣੇ ਪੈਂਦੇ ਹਨ— ਪੀੜਤ ਹੋ ਰਹੇ ਹਨ ਤੇ ਉਪਰਲੇ ਵੀਚਾਰ ਸਿਰੇ ਚਾੜ੍ਹ ਰਹੇ ਹਨ। ਇਕ 'ਦੁਖ' ਜੀਵ ਨੂੰ ਆਪਣੇ ਕੀਤੇ ਕਰਮਾਂ ਦੇ ਭੁਗਤਣੇ ਪੈਂਦੇ ਹਨ, ਜਿਵੇਂ ਜੇ ਕਿਸੇ ਨੇ ਚੋਰੀ ਕੀਤੀ ਤਾਂ ਬੱਦੂ ਹੋਇਆ। ਇਕ 'ਦੁਖ' ਐਸੇ ਹੁੰਦੇ ਹਨ ਜੋ 'ਸਮੂਹ' ਦੀ ਭੁੱਲ ਦੇ ਜੀਵ ਜੀਵ ਨੂੰ ਭੁਗਤਣੇ ਪੈਂਦੇ ਹਨ, ਜਿਵੇਂ ਇਕ ਕੌਮ ਬੀਰ ਰਸੀ ਜੀਵਨ ਦਾ ਤਿਆਗ ਕਰਕੇ ਕਿਸੇ ਜਾਬਰ ਕੌਮ ਦੀ ਗ਼ੁਲਾਮ ਹੋ ਗਈ। ਹੁਣ ਉਸ ਕੌਮ ਦੇ ਇਕ ਆਦਮੀ ਨੂੰ ਆਪਣੇ ਘੋੜੇ ਦੀ ਸਵਾਰੀ ਕਰਨ ਤੇ ਕੈਦ ਕਰ ਦਿੱਤਾ ਜਾਂਦਾ ਹੈ। ਉਸ ਨੇ ਕੋਈ ਦੋਸ਼ ਨਹੀਂ ਸੀ

ਕੀਤਾ, ਪਰ ਰਾਜ ਕਰ ਰਹੀ ਕੌਮ ਨੇ ਕਾਨੂੰਨ ਬੰਨ੍ਹ ਦਿਤਾ ਹੈ ਕਿ ਕੋਈ ਆਦਮੀ, ਜੋ ਸਰਕਾਰੀ ਫੌਜ ਵਿਚ ਨਹੀਂ, ਘੋੜੇ ਤੇ ਨਾ ਚੜ੍ਹੇ। ਸੋ ਇਹ ਘੋੜੇ ਦਾ ਸਵਾਰ ਆਪਣੀ ਕੌਮ ਦੇ ਹਾਰ ਜਾਣ ਦੇ ਅਪਰਾਧ ਕਰਕੇ ਨਪੀੜਿਆ ਜਾ ਰਿਹਾ ਹੈ, ਨਾ ਕਿ ਕਿਸੇ ਆਪਣੇ ਗੁਨਾਹ ਕਰਕੇ। ਦੇਸ਼ ਵਿਚ ਜੋ ਇਸ ਤਰ੍ਹਾਂ ਦੀਆਂ ਪੀੜਾਂ ਪਰਵਿਰਤ ਸਨ ਤੇ ਪ੍ਰਜਾ ਦਖੀ ਸੀ, ਇੱਥੋਂ ਤਾਈਂ ਕਿ ਧਰਮ ਦੀ ਸੁਤੰਤ੍ਰਤਾ ਬੀ ਨਹੀਂ ਸੀ ਰਹੀ, ਗੁਰੂ ਜੀ ਤਾਂ ਉਸ ਦਾ ਇਲਾਜ ਕਰ ਰਹੇ ਸਨ। ਸ਼ੇਰ ਤਾਂ ਚਿੱਤ੍ਰਿਆਂ ਦੇ ਪ੍ਰਬੰਧ ਕਰ ਰਿਹਾ ਸੀ ਕਿ ਪ੍ਰਜਾ ਨੂੰ ਉਨ੍ਹਾਂ ਤੋਂ ਬਚਾਵੇ ਤੇ ਫਿਕਰ ਪੈ ਰਿਹਾ ਸੀ ਬਿੱਲੀਆਂ ਨੂੰ ਕਿ ਕਿਤੇ ਸਾਡੇ ਚੂਹੇ ਨਾ ਖੋਹ ਲਵੇ, ਇਵੇਂ ਹੀ ਰਾਜਿਆਂ ਵਿਚ ਹੋਈ, ਸੋ ਠਟ ਗਈ ਅਜਮੇਰ ਚੰਦ ਦੇ ਉਪਦੇਸ਼ਹੋਠਕਿ ਇਕਵੇਰੀ ਮਾਰਨ ਮਰਨਦਾ ਹੋਲਾ ਕਰ ਲਓ। ਭੀਮ ਚੰਦ ਆਪਣੇ ਸਮੇਂ ਦਾ ਭਾਰੀ ਤੀਰੰਦਾਜ਼ ਤੇ ਜੋਧਾ ਹੋਇਆ ਹੈ, ਪਰ ਅਜਮੇਰ ਚੰਦ ਵੈਸਾ ਨਹੀਂ ਸੀ, ਉਸ ਨੂੰ ਇਸ ਗੱਲ ਦਾ ਮਾਨ ਸੀ ਕਿ ਉਹ ਨੀਤੀਵੇਤਾ ਹੈ ਤੇ ਅਪਣੇ ਅਨੁਮਾਨ ਵਿਚ ਉਹ ਸਿਆਣਪ ਬੀ ਕਰ ਰਿਹਾ ਸੀ ਕਿ ਉਸਕੋਲ ਸਾਰੇ ਰਾਜਿਆਂ ਦੀ ਸੈਨਾ ਤੇ ਛੇੜ ਕੱਠੀ ਕਰ ਕਰਾਕੇ ਕਈ ਹਜ਼ਾਰ ਦੀ ਭੀੜ ਭਾੜ ਹੋ ਜਾਣੀ ਹੈ ਤੇ ਗੁਰੂ ਜੀ ਕੋਲ ਉਸਨੂੰ ਪਤਾ ਸੀ ਕਿ ਸਾਰੀ ਫੌਜ ਇਸ ਵੇਲੇ ਹਜ਼ਾਰ ਤੋਂ ਹੇਠਾਂ ਹੀ ਹੇਠਾਂ ਸੀ*।ਸੋ ਇਸ ਵੇਲੇ ਨੂੰ ਗ਼ਨੀਮਤ ਜਾਣਕੇ ਸਾਰੇ ਰਾਜਿਆਂ ਨੇ ਹੱਲੇ ਦੀ ਕਾਹਲੀ ਕੀਤੀ ਤੇ ਬਿਲਾਸਪੁਰ ਤੋਂ ਕੂਚ ਬੋਲ ਦਿੱਤਾ।

ਇਧਰ ਆਨੰਦਪੁਰ ਵਿਚ ਬੀ ਖਬਰਾਂ ਪੁੱਜ ਪਈਆਂ ਸਨ ਕਿ ਰਾਜਿਆਂ ਨੇ ਚੜ੍ਹਾਈ ਕਰ ਦਿੱਤੀ ਹੈ, ਸੋ ਪਹਿਲੀ ਸਲਾਹ ਇਹ ਠਹਿਰੀ ਕਿ ਲੜਾਈ ਦਾ ਮੈਦਾਨ ਆਨੰਦਪੁਰ ਦਾ ਦੁਆਲਾ ਨਾ ਹੋਵੇ। ਖਾਲਸਾ ਦਲ ਅਗੇ ਵਧਕੇ ਰਾਜਿਆਂ ਨੂੰ ਅਗੋਂ ਦੀ ਹੋਕੇ ਮਿਲੇ ਤਾਂ ਜੋ ਆਨੰਦਪੁਰ ਦੀ ਸ਼ਹਿਰੀ ਵਸੋਂ ਨੂੰ ਖੇਚਲ ਨਾ ਹੋਵੇ। ਇਹ ਸਲਾਹ ਦ੍ਰਿੜ੍ਹ ਕਰਕੇ ਖਾਲਸਾ ਫੌਜ ਅਗੇ ਵਧੀ ਤੇ ਵਸੋਂ ਤੋਂ ਦੂਰ ਜਾਕੇ ਮੋਰਚੇ ਲਾ ਲਏ। ਜੰਗ ਦੇ ਦਾਉ ਘਾਉ ਤੇ ਲੜਨ ਦੀ ਵਿਉਂਤ ਸਾਰੀ ਠਟ ਲਈ। ਆਪ ਸਾਹਿਬ ਇਕ ਉਚੇ ਟਿਕਾਣੇ ਜਾਕੇ ਸਜ ਗਏ, ਜਿਥੋਂ ਕਿ ਦੁਹਾਂ ਪਾਸਿਆਂ ਦੇ ਚਾਲੇ ਦਾਉ-ਘਾਉ ਤੇ ਵਧਣ ਹਟਣ ਦੇ ਨਜ਼ਾਰੇ ਸਾਫ ਦਿੱਸਦੇ ਰਹਿਣ। ਰਾਜਿਆਂ ਨੇ ਜੋ ਵਧੇ ਆ ਰਹੇ ਸੇ ਤੇ ਇਸ ਖਿਆਲ ਵਿਚ ਸੇ ਕਿ ਅਚਾਨਕ ਪੈਕੇ ਆਨੰਦਪੁਰ ਨੂੰ ਹਫਲਾ ਤਫਲੀ ਵਿਚ ਪਾ ਦਿਆਂਗੇ, ਹੁਣ ਡਿੱਠਾ ਕਿ ਉਹ ਗੱਲ ਸਿਰੇ ਨਹੀਂ ਚੜ੍ਹੀ ਤੇ ਆਪਣੇ ਡੇਰੇ ਅੱਡੇ ਲਾਏ ਬਿਨਾਂ ਹੀ ਤਿਆਰ ਬਰਤਿਆਰ ਸ਼ਤ੍ਰੂ ਦਲ ਨਾਲ ਟਾਕਰਾ ਪੈ ਗਿਆ ਹੈ, ਜੋ ਨਿਰੇ ਅਗੇ ਹੀ ਨਹੀਂ ਵਧੇ ਆਪਣੀ ਮੋਰਚਾਬੰਦੀ ਬੀ ਕਰ ਚੁਕੇ ਹਨ। ਪਰੰਤੂ ਸੈਨਾ ਬਹੁਤ ਹੋਣ ਕਰਕੇ ਤੇ ਪੁਰਾਣੇ ਜੋਧੇ ਹੋਣ ਕਰਕੇ ਰਾਜੇ ਡਟ ਗਏ ਤੇ ਆਪਣੇ ਲੜਨੇ ਦੀ ਵਿਉਂਤ ਵਿਚ ਲਗ ਗਏ। ਇਕ ਹਿੱਸਾ ਤਾਂ ਅਗੇ ਵਧਕੇ ਡੱਟ ਗਿਆ ਕਿ ਜੇ ਹੱਲਾ ਆਵੇ ਤਾਂ ਰੋਕ ਕਰੇ ਤੇ ਪਿਛਲਾ ਦਸਤਾ ਪਰ੍ਹੇ ਬੰਨ੍ਹਕੇ ਜੁੱਧ ਦੀ ਵੰਡ ਵਿਚ ਲੱਗ ਗਿਆ।

ਸਿਖਾਂ ਦਾ ਪਹਿਲਾ ਦਾਉ ਇਹ ਸੀ ਕਿ ਉਨ੍ਹਾਂ ਨੇ ਵਧ ਕੇ ਹੱਲਾ ਨਹੀਂ ਕੀਤਾ, ਆਪਣੇ ਮੋਰਚਿਆਂ ਵਿਚੋਂ ਸ਼ਿਸਤਾਂ ਬੰਨ੍ਹਕੇ ਬੰਦੂਕਾਂ ਦੀ ਸ਼ਲਕ ਛੋਡੀ ਕਿ ਜਿਵੇਂ ਬਿਜਲੀ ਕੜਕ ਪਈ ਹੈ ਤੇ ਇਸ ਫੁਰਤੀ ਨਾਲ ਚਲਾਉਂਦੇ ਹਨ ਕਿ ਸਾਹ ਨਹੀਂ ਲੈਂਦੇ। ਤਦੋਂ ਦੀ ਬੰਦੂਕ ਛੇਤੀ ਨਹੀਂ ਸੀ ਚਲਦੀ, ਪਰ ਇਧਰ ਇਕ ਇਕ ਜੋਧਾ, ਵਿਚੋਂ ਇਕ ਇਕ ਜੋਧਾ ਛਡਦੇ, ਬਾੜ੍ਹ ਛੋੜਦਾ ਸੀ, ਏਨੇ ਨੂੰ ਦੂਜਾ ਦੂਜਾ ਜੋਧਾ ਬੰਦੂਕ ਤਯਾਰ ਕਰ ਲੈਂਦਾ ਸੀ, ਫੇਰ ਉਹ ਸ਼ਲਕ ਛੋੜਦੇ ਸਨ, ਇੰਨੇ ਨੂੰ ਪਹਿਲਾ ਪਹਿਲਾ ਜੋਧਾ ਬੰਦੂਕ ਤਯਾਰ ਕਰ ਲੈਂਦਾ ਸੀ, ਸੋ ਐਉਂ ਲਗਦਾ ਸੀ ਕਿ ਮਾਨੋਂ ਲਗਾਤਾਰ ਗੋਲੀ ਆ ਰਹੀ ਹੈ। ਜੇ ਕੋਈ ਦਸਤਾ ਪਹਾੜੀਆਂ ਦਾ ਅਗੇ ਵਧਦਾ ਤਾਂ ਸਿੰਘ ਬੰਦੂਕਾਂ ਨਾਲ ਮੂੰਹ ਭੰਨਦੇ। ਅਤਿ ਲੋੜ ਨੂੰ ਕੁਛ ਅਗੇ ਵਧਕੇ ਬੰਦੂਕਾਂ ਦੀ ਸ਼ਲਕ ਛੋੜਦੇ ਤਾਂ ਫਿਰ ਅਜੀਬ ਕਾਰੀਗਰੀ ਨਾਲ ਘੋੜੇ ਨੂੰ ਫੇਰਾ ਦੇ ਕੇ ਆਪਣੀ ਸਫ ਵਿਚ ਬਾਓਂ ਬਾਂ ਜਾ ਖੜ੍ਹਦੇ। ਦਸ਼ਮਨ ਦੀ ਆ ਰਹੀ ਗੋਲੀ ਦੇ ਅਗੇ ਨਿਸ਼ਾਨਿਆਂ ਤੋਂ ਟਲਕੇ ਘੋੜੇ ਨੂੰ ਇਕ ਫੇਰਵਾਂ ਦਾਅ ਦੇਕੇ ਫੇਰ ਸੰਭਲਕੇ ਖੜੇ ਹੋਕੇ ਬਾੜ੍ਹ ਛੋੜਦੇ। ਇਸ ਕਾਰੀਗਰੀ ਨੂੰ ਦੇਖਕੇ ਪਹਾੜੀ, ਜੋ ਪੁਰਾਣੇ ਸੂਰਮੇ ਸਨ, ਅਸ਼ ਅਸ਼

*ਸ: ਪ: ਤੇ ਸੋ ਸਾਖੀ ਵਿਚ ਇਸ ਵੇਲੇ ਗੁਰੂ ਕੀ ਸੈਨਾ ੮੦੦ ਤੇ ਰਾਜਿਆਂ ਦੀ ਦਸ ਹਜ਼ਾਰ ਦੱਸੀ ਹੈ।

ਕਰ ਗਏ। ਖਾਲਸੇ ਜੀ ਨੂੰ ਹੁਕਮ ਸੀ ਕਿ ਆਪਣੇ ਮੋਰਚੇ ਨਹੀਂ ਛੋਡਨੇ ਤੇ ਅੱਗੇ ਵਧਣਾ ਪਵੇ ਤਾਂ ਥੋੜ੍ਹਾ ਵਧ ਕੇ ਮਾਰ ਕਰ ਕੇ ਮੋਰਚਿਆਂ ਵਿਚ ਆ ਟਿਕੋ। ਇਸ ਤਰ੍ਹਾਂ ਦਾ ਜੰਗ ਬੜਾ ਬਚਵਾਂ ਹੋ ਰਿਹਾ ਸੀ ਤੇ ਇਸ ਵਿਚ ਪਹਾੜੀਆਂ ਦਾ ਬੜਾ ਨੁਕਸਾਨ ਹੋ ਰਿਹਾ ਸੀ। ਸਿੰਘਾਂ ਦੀ ਗੋਲੀ ਡਾਢੇ ਨਿਸ਼ਾਨੇ ਤੇ ਬੈਠਦੀ ਸੀ ਤੇ ਸਿੰਘ ਆਪ ਦਾਉ ਬਹੁਤ ਘੱਟ ਖਾਂਦੇ ਸਨ। ਰਾਜਿਆਂ ਨੂੰ ਦਿਸਦਾ ਸੀ ਕਿ ਸਾਡੀ ਬਿਜੈ ਤਾਂ ਹੈ ਜੇ ਅਸੀਂ ਓਰੜ ਦਾ ਹੱਲਾ ਬੋਲ ਕੇ ਹੱਥੋਂ ਹੱਥੀ ਜਾ ਮੋਰਚੇ ਖੋਹੀਏ, ਪਰ ਅਜਮੇਰ ਚੰਦ ਇਸ ਖੇਡ ਵਿਚ ਹਾਰ ਜਿੱਤ ਦੁਏ ਪੱਖ ਵੇਖ ਰਿਹਾ ਸੀ ਕਿਉਂਕਿ ਸਿੰਘਾਂ ਦਾ ਮੋਰਚਿਆਂ ਤੋਂ ਲੋਡ਼ ਵੇਲੇ ਨਿਕਲਕੇ ਵਧਵੇਂ ਪਹਾੜੀ ਹੱਲੇ ਨੂੰ ਪਸਪਾ ਕਰਨਾ ਤੇ ਫੇਰ ਘੋੜੇ ਫੇਰ ਕੇ ਸਫ ਬੰਦੀ ਵਿਚ ਹੋ ਜਾਣਾ ਤੇ ਗੋਲੀ ਚਲਾਉਂਦੇ ਮੋਰਚੀਂ ਜਾ ਠਹਿਰਨਾ ਓਹ ਜਾਣਦਾ ਸੀ। ਇਸ ਵੇਲੇ ਰਾਜਾ ਭੂਪ ਚੰਦ, ਦੇਵ ਸ਼ਰਨ, ਵਜ਼ੀਰ ਸਿੰਹ ਨੇ ਆਪਣੇ ਦਲ ਅਗੇ ਵਧਾਏ ਤੇ ਆਪ ਸੂਰਮਗਤੀ ਦੇ ਚਾ ਵਿਚ ਲੜਨ ਲਈ ਦਲ ਦੀ ਅਗੁਵਾਨੀ ਵਿਚ ਟੁਰੇ। ਅਜਮੇਰ ਚੰਦ ਰਣ ਦੀ ਸਾਰੀ ਸਾਰ ਰੱਖਣ ਤੇ ਪ੍ਰਬੰਧ ਦੇ ਬਹਾਨੇ ਪਿੱਛੇ ਹੀ ਰਿਹਾ। ਇਹ ਹੱਲਾ ਰਾਜਿਆਂ ਨੇ ਓਰੜ ਦਾ ਕੀਤਾ। ਗੋਲੀਆਂ ਤੇ ਤੀਰਾਂ ਦੀ ਉਹ ਵਰਖਾ ਕੀਤੀ ਕਿ ਮਾਨੋਂ ਮੀਂਹ ਵੱਸ ਪਿਆ ਹੈ। ਅਨੇਕਾਂ ਸਿੰਘ ਘਾਇਲ ਹੋ ਹੋ ਢੱਠੇ ਤੇ ਪਰਲੋਕ ਨੂੰ ਪਿਆਨੇ ਕਰ ਗਏ। ਧਰਤੀ ਲਾਲ ਹੋ ਗਈ ਤੇ ਆਹ ਕ੍ਰਾਹ ਦਾ ਸ਼ਬਦ ਗੂੰਜ ਉਠਿਆ। ਉਧਰ ਮਾਰੂ ਵਾਜੇ ਵਜ ਰਹੇ ਸਨ, ਇਧਰ ਰਾਜਸੀ ਹੱਲਾ ਜ਼ੋਰਾ ਜ਼ੋਰੀ ਦਾ ਆ ਰਿਹਾ ਸੀ। ਇਨ੍ਹਾਂ ਦਾ ਕਦਮ ਵਧਵਾਂ ਪੈਂਦਾ ਵੇਖ ਕੇ ਫੇਰ ਚੰਵੇਲ ਕੁੱਲੂ, ਕੈਂਬਲ ਤੇ ਜਸਵਾਰੀ ਰਾਜੇ ਅੱਗੇ ਵਧੇ। ਇਧਰ ਉਦੇ ਸਿੰਘ ਤੇ ਆਲਮ ਸਿੰਘ ਨੇ ਆਪਣੇ ਪੈਰ ਜਮਾਏ ਹੋਏ ਸਨ ਤੇ ਇਨ੍ਹਾਂ ਦੀ ਬੰਦੂਕੀ ਬਾਜ਼ਾਂ ਦੀ ਫੁਰਤੀ ਬੜਾ ਅਸਰ ਕਰ ਰਹੀ ਸੀ। ਵਧੇ ਆ ਰਹਾਂ ਵਿਚੋਂ ਸੈਂਕੜੇ ਢਹਿ ਢਹਿ ਪੈ ਰਹੇ ਸਨ, ਘੋੜੇ ਜ਼ਖਮ ਖਾ ਖਾ ਸਵਾਰਾਂ ਸਮੇਤ ਡਿੱਗ ਰਹੇ ਸਨ। ਓੜਕ ਜਦ ਇਨ੍ਹਾਂ ਸੂਰਮਿਆਂ ਨੇ ਡਿੱਠਾ ਕਿ ਹੁਣ ਵੈਰੀ ਮੋਰਚਿਆਂ ਦੇ ਬਹੁਤ ਨੇੜੇ ਆ ਰਿਹਾ ਹੈ, ਭਾਵੇਂ ਬੇਗਿਣਤ ਫੁੰਡੇ ਜਾ ਕੇ ਡਿਗ ਰਹੇ ਤੇ ਨੁਕਸਾਨ ਹੋ ਰਿਹਾ ਹੈ, ਪਰ ਫੇਰ ਬੀ ਦਲ ਵਧਦਾ ਹੀ ਆ ਰਿਹਾ ਹੈ, ਤਾਂ ਮੋਰਚਿਆਂ ਤੋਂ ਨਿਕਲ ਹਥਾਵਥੀ ਲੜਾਈ ਕਰ ਕੇ ਉਨ੍ਹਾਂ ਦਾ ਮੂੰਹ ਮੋੜਨ ਦੀ ਠਾਣ ਲਈ ਤੇ ਅਗੇ ਵਧਨ ਲੱਗੇ ਸਨ ਕਿ ਸਾਹਿਬਾਂ ਦਾ ਹੁਕਮ ਆਇਆ ਕਿ—

'ਵਧਹੁ ਨ ਆਗੇ ਥਿਰ ਹੁਇ ਲਰੋ।
ਜ਼ਾਲਾਬਮਣੀ* ਛੋਰਨ ਕਰੋ।' [ਸ: ਪ:

ਇਹ ਹੁਕਮ ਸੁਣਕੇ ਸਿੰਘ ਟਿਕ ਗਏ ਤੇ ਜਿਵੇਂ ਜੰਮੇ ਖੜੇ ਸਨ ਜੰਮੇ ਖੜੇ ਕੇ ਲੜਦੇ ਰਹੇ। ਤੀਰਾਂ ਤੇ ਗੋਲੀਆਂ ਦੀ ਮਿਥਵੀਂ ਚਾਲ ਨਾਲ ਚਲਾਉਣ ਵਿਚ ਇਨ੍ਹਾਂ ਦੀ ਫੁਰਤੀ ਕੰਮ ਕਰ ਰਹੀਸੀ। ਸਾਹਿਬਾਂ ਦਾ ਹੁਕਮ ਸੀ ਕਿ ਪੈਰ ਐਸੇ ਜਮਾਕੇ ਟਿਕੇ ਰਹੋ ਤੇ ਇਸ ਤੇਜ਼ੀ ਨਾਲ ਬਾੜ ਛੋਡਦੇ ਰਹੋ ਕਿ ਸ਼ੱਤ੍ਰੂ ਦਾ ਹੱਲਾ ਤੁਹਾਨੂੰ ਨਾ ਤੋੜ ਸਕੇ, ਨਾ ਹਿਲਾ ਸਕੇ। ਸੋ ਸਿੰਘ ਇਸੇ ਤਰ੍ਹਾਂ ਪਹਾੜ ਵਾਙੂ ਦ੍ਰਿੜ ਹੋ ਡਟੇ ਰਹੇ ਤੇ ਦੁਸ਼ਮਨ ਦੀਆਂ ਵੰਗਾਰਾਂ ਤੋਂ ਬੀ ਆਪਣੀਆਂ ਸਫਾਂ, ਪਰਿਹਾਂ ਨੂੰ ਤੋੜਕੇ ਅਗੇ ਨਾ ਵਧੇ। ਪਹਾੜੀਆਂ ਨੇ ਜਦ ਡਿੱਠਾ ਕਿ ਇਹ ਆਪਣੀ ਬੰਦੂਕ ਤੇ ਤੀਰ ਨੂੰ ਛੋਡਕੇ ਤਲਵਾਰ ਦੀ ਹਥਾਵੱਥੀ ਤੇ ਨਹੀਂ ਉਤਰਦੇ ਤਾਂ ਫੁਰਤੀ ਕਰਕੇ ਹੋਰ ਵਧੇ ਤੇ ਤਲਵਾਰਾਂ ਸੋਲੇ ਸੂਤਕੇ ਟੁਟ ਕੇ ਆ ਪਏ। ਸਿੰਘਾਂ ਨੇ ਬੀ ਅਗੋਂ ਤੇਗੇ ਸੰਭਾਲੇ ਤੇ ਢਾਲਿਆਂ ਤੇ ਵਾਰ ਸਹਿ ਸਹਿ ਮੂੰਹ ਤੋੜ ਜੁਆਬ ਦਿਤੇ, ਪਰ ਆਪਣੇ ਥਾਂ ਤੇ ਡਟੇ ਰਹੇ। ਉਧਰ ਸਤਿਗੁਰ ਜੀ ਦੀ ਕੋਈ ਵਿਉਂਤ ਸੀ ਕਿ ਇਕ ਪਾਸੇ ਦੇ ਦੂਰ ਦੇ ਮੋਰਚੇ ਤੋਂ ਗੋਲੀ ਤੀਰ ਇਨ੍ਹਾਂ ਦੇ ਅਗੇ ਵਧੇ ਪਹਾੜੀਆਂ ਦੇ ਪਿਛੇ ਇਨ੍ਹਾਂ ਦੀ ਆ ਰਹੀ ਕੁਮਕ ਵਿਚ ਜਾਕੇ ਪੈਂਦੀ ਸੀ ਜਿਸ ਨਾਲ ਕਿ ਓਹ ਆਪਣੇ ਅਗੇ ਵਧੇ ਦਲ ਨਾਲ ਢੁਕਵਾਂ ਮੇਲ ਨਾਂ ਕਾਇਮ ਰਖ ਸਕੇ। ਜਿਨ੍ਹਾਂ ਸਿੰਘਾਂ ਨੇ ਹੁਣ ਕ੍ਰਿਪਾਨਾਂ ਦੇ ਹਥਾਵਥੀ ਜੁੱਧ ਦਾ ਟਾਕਰਾ ਹਥਾਵਥੀ ਹਥਯਾਰਾਂ ਨਾਲ ਮਜਬੂਰ ਹੋਕੇ ਮੰਡ ਲਿਆ ਸੀ; ਉਨ੍ਹਾਂ ਦਾ ਰੋਹ ਕਮਲਾ ਹੋਕੇ ਚੜ੍ਹਿਆ ਤੇ ਇਹ ਕ੍ਰਿਪਾਨੀ ਜੁੱਧ ਬੀ ਪਹਾੜੀਆਂ ਨੂੰ ਦੰਗ ਕਰ ਗਿਆ। ਬਹੁਤ ਕਟਾਵਢ ਹੋਕੇ ਇਨ੍ਹਾਂ ਦੇ ਪੈਰ ਪਿਛੇ ਪੈਣ ਲਗੇ ਤਾਂ ਕੀਹ ਦੇਖਦੇ ਹਨ ਕਿ ਸਾਡੇ ਪਿਛੇ ਕੋਈ ਨਹੀਂ, ਥਾਂ ਖਾਲੀ ਹੈ। ਅਸਲ ਵਿਚ ਇਨ੍ਹਾਂ ਦੇ

*ਬੰਦੂਕ।

ਮਗਰ ਇਨ੍ਹਾਂ ਵਿਚ ਤੇ ਇਨ੍ਹਾਂ ਦੀ ਸੈਨਾ ਵਿਚ ਵਿਥ ਪੈ ਗਈ ਹੈਸੀ, ਇਹ ਤੱਕ ਕੇ ਉਨ੍ਹਾਂ ਦੇ ਦਿਲ ਧੱਕਾਖਾ ਗਏ।ਇਹ ਸਮਝ ਕੇ ਕਿ ਪਿਛਲੇ ਨੱਸ ਗਏ ਹਨ, ਹੁਣ ਏਹ ਘਬਰਾਕੇ ਪਿੱਛੇਹਟਣ ਹੀ ਲਗੇ ਸਨ ਕਿਖਾਲਸਾ ਇਕ ਹੱਲਾ ਕਰਕੇ ਉਨ੍ਹਾਂ ਤੇ ਟੁੱਟ ਪਿਆ ਤੇ ਖ਼ੂਬ ਖੰਡਾ ਖੜਕਾਇਆ। ਹੁਣ ਪਹਾੜੀ ਦੱਜੇ ਜਾਂਦੇ ਹਨ ਤੇ ਸਿੰਘ ਪਿੱਛੇ ਪਈ ਜਾਂਦੇ ਹਨ। ਅਗਲਿਆਂ ਦੀ ਭਾਂਜ ਨੇ ਪਿਛਲਿਆਂ ਨੂੰ ਭਜਾਇਆ। ਸ਼ਤ੍ਰੂ ਦਲ ਵਿਚ ਰੌਲਾ ਪੈ ਗਿਆ, ਪੈਰ ਉੱਖੜ ਗਏ, ਦੇ ਚਾਰ ਸੈਨਾ ਦੇ ਮੁਹਰੀ ਮਾਰੇ ਗਏ, ਜਿਨ੍ਹਾਂ ਦੀ ਮੌਤ ਨੇ ਹੋਰ ਬੁਰਾ ਅਸਰ ਪਾਇਆ। ਖਾਲਸਾ ਹੁਣ ਬਿਫ਼ੈ ਦੇ ਘੁਮੰਡ ਵਿਚ ਅੱਗੇ ਵਧਿਆ ਜਾ ਰਿਹਾ ਹੈ। ਗੁਰੂ ਆਗਯਾ ਸੀ ਕਿ ਮੋਰਚਿਆਂ ਤੋਂ ਬਹੁਤ ਅੱਗੇ ਨਹੀਂ ਵਧਣਾ, ਜੰਮਕੇ ਲੜਨਾ ਹੈ ਤੇ ਵਾਰ ਮੋੜਨੇ ਹਨ ਤੇ ਸਾਡੀ ਆਗਯਾ ਪਹੁੰਚੇ ਬਿਨਾਂ ਆਪ ਵਾਰ ਨਹੀਂ ਕਰਨਾ, ਪਰ ਇੱਥੇ ਸਿੰਘਾਂ ਨੇ ਜਾਤਾ ਕਿ ਅਸੀਂ ਮੈਦਾਨ ਮਾਰ ਲਿਆ ਹੈ,ਹੁਣ ਵੈਰੀ ਨੂੰ ਘਰੀਂ ਵਾੜ ਕੇ ਮੁੜਨਾ ਹੀ ਠੀਕ ਹੈ। ਗੁਰੂ ਜੀ ਦੇ ਹਕਮ ਆਉਣ ਤੇਬੀ ਜਾਂ ਸਿੰਘ ਨਾ ਮੁੜੇ ਤਾਂ ਗੁਰੂ ਸਾਹਿਬ ਨੇ ਵੀਚਾਰਿਆ ਕਿ ਸੈਨਾ ਦੇ ਆਗੂ ਦੀ ਆਗਯਾ ਭੰਗ ਕਰਨ ਦੀ ਵਾਦੀ ਜੇ ਅੱਜ ਸਿੰਘਾਂ ਨੂੰ ਪੈ ਗਈ ਤਾਂ ਇਹ ਬਾਣ ਬਣ ਜਾਏਗੀ ਤੇ ਇਨ੍ਹਾਂ ਦੇ ਸਾਰੇ ਭਵਿੱਖਤ ਨੂੰ ਖ਼ਰਾਬ ਕਰੇਗੀ, ਸੋ ਅੱਜ ਇਨ੍ਹਾਂ ਨੂੰ ਸਿਖਯਾ ਦੇਣੀ ਚਾਹੀਏ ਕਿ ਸੈਨਾਪਤਿ–ਜੱਥੇਦਾਰ–ਦੀ ਆਗਯਾ ਹੀ ਬਿਜੈ ਦਾ ਮੂਲ ਹੁੰਦੀ ਹੈ। ਚਾਹੇ ਆਪ ਜਾਣਦੇ ਸਨ ਕਿ ਇਨ੍ਹਾਂ ਨੂੰ ਇਸ ਵੇਲੇ ਦੰਡ ਦੇਣ ਨਾਲ ਹਾਰ ਹੋਵੇਗੀ ਤੇ ਸਾਨੂੰ ਅਨੰਦਪੁਰ ਦੀ ਰੱਖਯਾ ਦਾ ਦੁਸ਼ਤਰ ਕੰਮ ਹੁਣੇ ਹੀ ਆ ਵਾਪਰੇਗਾ, ਪਰ ਗੁਰੂ ਨੇ ਸਿੱਖਾਂ ਨੂੰ ਉਹ ਸਿੱਖਯਾ ਦੇਣੀ, ਜੋ ਸਦਾ ਲਈ ਉਨ੍ਹਾਂ ਨੂੰ ਸੁਖਦਾਈ ਹੋਵੇ, ਛਰੂਰੀ ਜਾਤੀ ਤੇ ਆਪ ਉੱਚਾ ਟਿਕਾਣਾ ਛੱਡ ਕੇ ਅਨੰਦਪੁਰ ਵਲ ਨੂੰ ਚਾਲੇ ਪਾ ਗਏ ਤੇ ਸਨੇ ਸਨੇ ਟੁਰੀ ਗਏ। ਇਧਰ ਸਿੰਘ ਜਦ ਬਹੁਤ ਵਧ ਗਏ ਤਾਂ ਪਹਾੜੀਆਂ ਦੀ ਇਕ ਭੀੜ ਜੋ ਤੈ ਹਜ਼ਾਰ ਦੱਸੀਦੀ ਸੀ, ਇਕ ਪਾਸਿਓਂ ਅਚਾਨਕ ਨਿਕਲ ਆਈ। ਇਸ ਦਲ ਨੂੰ ਵੇਖਕੇ ਵਧੇ ਦਿਲ ਵਾਲੇ ਖਾਲਸਾ, ਜਿਨ੍ਹਾਂ ਨੇ ਆਪ ਨੂੰ ਗੁਰੂ ਤੋਂ ਸਿਆਣਾ ਸਮਝ ਲਿਆ ਸੀ ਤੇ ਗੁਰੂ ਕੇ ਦਿੱਤੇ ਸਨਮਾਨ ਨੂੰ ਆਪਣੀ ਬੁੱਧੀ ਤੇ ਬਾਹੂ ਬਲ ਦੀ ਵਿਸ਼ੇਸ਼ਤਾ ਦੇ ਅਰਥਾਂ ਵਿਚ ਸਮਝਣ ਲੱਗ ਪਏ ਸਨ, ਘਬਰਾ ਗਏ। ਪਹਾੜੀਆਂ ਦਾ ਇਹ ਅਚਾਨਕ ਦਾ ਹੱਲਾ ਡਾਢੇ ਜ਼ੋਰ ਦਾ ਸੀ। ਹੁਣ ਸੋਚਣ ਲੱਗੇ ਕਿ ਕੀਹ ਕਰੀਏ। ਗੁਰੂ ਕਾ ਹੁਕਮ ਸੋਚਿਓ ਨੇ ਕਿ ਆਉਂਦਾ ਹੈ, ਪਰ ਖ਼ਬਰ ਆਈ ਕਿ ਤੁਹਾਡੀ ਨਾਂ ਫੁਰਮਾਨੀ ਕਰਕੇ ਗੁਰੂ ਜੀ ਤੁਹਾਡੀ ਅਗੁਵਾਨੀ ਛੱਡਕੇ ਚਲੇ ਗਏ ਹਨ। ਤਦ ਹੋਰ ਘਬਰਾਏ। ਸਿਆਣੇ ਜੋਧੇ ਪੈਰ ਸੰਭਾਲਦੇ ਸਨ, ਵੰਗਾਰਦੇ ਸਨ, ਡਟਦੇ ਤੇ ਡਟਾਉਂਦੇ ਸਨ, ਪਰ ਹਰ ਛਿਨ ਪੈਰ ਪਿੱਛੇ ਪੈਂਦਾ ਸੀ। ਇਸ ਤਰ੍ਹਾਂ ਸਿੰਘਾਂ ਨੂੰ ਭਾਂਜ ਪੈਂਦੀ ਦੇਖਕੇ ਕੁਛ ਸਿੰਘ ਛੰਭੀ ਦਾ ਮਤਾ ਆਪੋ ਵਿਚ ਕਰਕੇ ਸਤਿਗੁਰੂ ਜੀ ਦੇ ਮਗਰ ਸਰਪਟ ਘੋੜੇ ਸਿੱਟ ਕੇ ਜਾ ਪਹੁੰਚੇ ਤੇ ਦੂਰੋਂ ਹੀ ਲੱਗੇ ਅਵਾਜ਼ੇ ਦੇਣ–ਸੱਚੇ ਪਾਤਸ਼ਾਹ ! ਠਹਿਰ ਜਾਓ, ਦਾਸਾਂ ਦੀ ਬੇਨਤੀ ਸੁਣ ਲਓ, ਮਿਹਰ ਕਰੋ। ਪਰ ਸਿਖਯਾ ਦਾਤੇ, ਸੱਚੇ ਰਹਿਬਰ ਨੱਕ ਦੀ ਸੇਧੇ ਦਰੁਸਤ ਰਸਤੇ ਤੋਰਨ ਦੇ ਜ਼ਿੰਮੇਵਾਰ ਆਪਣੇ ਰਾਹੇ ਟੁਰੀ ਗਏ । ਤਦੋਂ ਨੂੰ ਨੌਰੰਗ ਸਿੰਘ ਨਾਮੇ ਇਕ ਸੂਰਮੇ ਨੇ ਘੋੜਾ ਸਰਪਟ ਛੱਡ ਗੁਰੂ ਜੀ ਤੋਂ ਅੱਗੇ ਵਧਕੇ ਫੇਰ ਫੁਰਤੀ ਨਾਲ ਘੋੜਾ ਥੰਮ੍ਹਕੇ ਹੇਠਾਂ ਉਤਰ ਕੇ ਲੀਕ ਵਾਹ ਦਿੱਤੀ ਤੇ ਹੱਥ ਬੰਨ੍ਹ ਕੇ ਕਿਹਾ 'ਹੇ ਦਲ ਬਿਡਾਰ ਨੀਲਿਆ ! ਤੈਨੂੰ ਗੁਰੂ ਕੀ ਆਣ ਹਈ, ਹੁਣ ਹੋਰ ਕਦਮ ਅੱਗੇ ਨਾ ਪੱਟੀਂ।' ਗੁਰੂ ਜੀ ਦੇ ਹੇਠ ਨੀਲੇ ਰੰਗ ਦਾ ਘੋੜਾ ਸੀ, ਜਿਸ ਦਾ ਨਾਮ ਸਾਹਿਬਾਂ ਨੇ ਦਲ ਬਿਡਾਰ ਰੱਖਿਆ ਹੋਇਆ ਸੀ। ਸਿੰਘ ਇਸ ਨੂੰ ਨੀਲਾ ਆਖਿਆ ਕਰਦੇ ਸਨ। ਇਹ ਘੋੜਾ ਬੜਾ ਸ਼ੋਖ ਕੱਦਾਵਰ ਤੇ ਅਤਿ ਫੁਰਤੀਲਾ ਸੀ। ਸਿੰਘ ਦੀ ਆਣ ਪਾਉਣ ਤੋਂ ਬਾਦ ਘੋੜਾ ਅਟਕ ਗਿਆ। ਲਿਖਿਆ ਹੈ ਕਿ ਗੁਰੂ ਜੀ ਬਹੁਤ ਅੱਡੀਆਂ ਤੇ ਕਮਚੀਆਂ ਮਾਰ ਰਹੇ, ਪਰ 'ਆਗੇ ਲਕੀਰ ਕਰੀ ਥੀ ਸੋ ਨਾ ਲੰਘਤਾ ਹੁਆ*'। ਤਦ ਗੁਰੂ ਜੀ ਘੋੜੇ ਤੋਂ ਉਤਰ ਪਏ ਤੇ ਹੱਸਕੇ ਘੋੜੇ ਵਲ ਤੱਕ ਕੇ ਤੇ ਮਖੌਲ ਨਾਲ ਬੋਲੇ 'ਦਲ ਬਿਡਾਰ ! ਤੂੰ ਤਾਂ ਕੋਈ ਮਸੰਦ ਹੈਂ ਜੋ ਪੂਜਾ ਦੇਣਹਾਰਿਆਂ ਦਾ ਲਿਹਾਜ਼ ਕਰਦਾ ਹੈਂ'। ਸਿੰਘਾਂ ਨੇ ਅੱਗੇ ਹੋਕੇ ਸਾਰੇ ਦਲ ਵਲੋਂ ਖਿਮਾ ਮੰਗੀ ਤੇ ਅਪਣੀ ਭੁੱਲ ਪਰਵਾਨ ਕੀਤੀ।

*ਸੋ ਸਾਖੀ।

ਸਾਹਿਬ ਮੁੜ ਪਏ। ਸਿੰਘਾਂ ਨੂੰ ਕਿਹਾ 'ਜਾਓ, ਹੁਣ ਹੁਕਮ ਹੈ ਕਿ ਜਿੱਥੇ ਜਿੱਥੇ ਹੋ ਖੜੇ ਹੋਕੇ ਡਟ ਜਾਓ। ਇਕ, ਕਿ ਦੋ, ਕਿ ਦਸ ਖੂਬ ਡਟਕੇ ਲੜੋ। ਕੱਟ ਜਾਓ, ਪੂਰਜੇ ਪੂਰਜੇ ਹੋ ਜਾਓ, ਪਰ ਗੱਡੇ ਦੌਏ ਥੰਮ੍ਹੇ ਵਾਙੂ ਅਹਿੱਲ ਹੋ ਜਾਓ; ਇਧਰੋਂ ਦੇਖੋ ਅਸੀਂ ਕੀਹ ਕਰਦੇ ਹਾਂ' ਇਹ ਹੁਕਮ ਪਹੁੰਚਦੇ ਸਾਰ ਖਾਲਸਾ ਜੀ ਫੇਰ ਜਿੱਥੇ ਜਿੱਥੇ ਸਨ ਡਟ ਗਏ। ਓਧਰ ਸਤਿਗੁਰ ਨੇ ਆਪਣੇ ਟਿਕਾਣੇ ਪਹੁੰਚਕੇ ਸੱਤ ਤੀਰ ਚਲਾਏ। ਇਕ ਇਕ ਤੀਰ ਵਧੇ ਹੋਏ ਵੈਰੀ ਦਲ ਦੇ ਜੱਥੇਦਾਰਾਂ ਨੂੰ ਪਿਆ। ਜਦ ਜਥੇਦਾਰ ਥਾਂ ਜਥੇਦਾਰ ਢੱਠਾ ਤਾਂ ਵੈਰੀ ਦਲ ਬੇਦਿਲ ਹੋ ਗਿਆ। ਖਾਲਸਾ ਜੋ ਭੱਜਾ ਜਾ ਰਿਹਾ ਸੀ ਹੁਣ ਡਟ ਗਿਆ ਸੀ, ਐਸਾ ਡਟ ਗਿਆ ਕਿ ਮਾਨੋਂ ਵੈਰੀ ਕਿਸੇ ਚਿਟਾਨੀ ਟਿੱਲਿਆਂ ਨਾਲ ਜੁੱਧ ਕਰ ਰਿਹਾ ਹੈ। ਖਾਲਸੇ ਦਾ ਡਟ ਜਾਣਾ ਤੇ ਉੱਮਲ ਉੱਮਲ ਕੇ ਪੈਣਾ ਇਸ ਸ਼ਹਜ਼ੋਰੀ ਦਾ ਸੀ ਕਿ ਜਾਨਾਂ ਬਚਾ ਕੇ ਲੜਨ ਵਾਲੇ ਨੌਕਰ ਸਿਪਾਹੀ ਘਬਰਾ ਗਏ। ਤੀਰਾਂ ਦੀ ਅਵਾਜ਼ ਨਾਲ, ਗੋਲੀਆਂ ਦੀ ਤੜਾਤੜ ਨਾਲ, ਤਲਵਾਰ ਦੀ ਚਮਕ ਨਾਲ ਕੁਲਾਹਲ ਮਚ ਗਿਆ। ਆਖਰ ਪਹਾੜੀਆਂ ਭਾਂਵ ਖਾਧੀ ਏ ਮੈਦਾਨ ਛੱਡ ਕੇ ਨੱਠ ਟੁਰੇ। ਥੋੜ੍ਹੀ ਦੇਰ ਬਾਦ ਮੈਦਾਨ ਖਾਲੀ ਹੋ ਗਿਆ। ਹਾਰੇ ਹੋਏ ਰਾਜੇ ਦੂਰ ਪਿੱਛੇ ਨੂੰ ਨਿਕਲ ਗਏ। ਜਦੋਂ ਸੂੰਹੀਆਂ ਨੇ ਆ ਖਬਰ ਦਿਤੀ ਕਿ ਰਾਜੇ ਹੁਣ ਜੁੱਧ ਦਾ ਹੀਆ ਛੱਡ ਕੇ ਘਰੀਂ ਵਾਪਸ ਜਾ ਰਹੇ ਹਨ ਤੇ ਆਪਣੀ ਹਾਰ ਉਤੇ ਸਿਰ ਧੁਨਦੇ ਜਾ ਰਹੇ ਹਨ, ਤਾਂ ਖਾਲਸਾ ਜੀ ਬਿਜੈ ਦਾ ਡੰਕਾ ਵਜਾਉਂਦੇ ਆਨੰਦ ਪੁਰ ਨੂੰ ਵਾਪਸ ਆਏ।

ਸਤਿਗੁਰ ਨੇ ਅੱਜ ਜੋ ਸਿੱਖਜਾ—ਜੁੱਧ ਵਿਦਜਾ ਦੀ ਸਿੱਖਜਾ—ਖਾਲਸੇ ਨੂੰ ਸਿਖਾਈ, ਉਹ ਖਾਲਸੇ ਵਿਚ ਇਨ੍ਹਾਂ ਦੇ ਦੋ ਕੌਮੀ ਗੁਣ ਬਣਾ ਗਈ: ਇਕ ਤਾਂ ਇਨ੍ਹਾਂ ਵਿਚ ਜਥੇਦਾਰ ਦੀ ਆਗਜਾ ਮੰਨਣ ਦਾ ਗੁਣ ਪਾ ਗਈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਚਖੰਡ ਪਿਆਨੇ ਮਗਰੋਂ ਖਾਲਸੇ ਨੇ ਗੁਰੂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪੰਥ ਨੂੰ ਮੰਨਿਆਂ ਹੈ ਪਰ ਜਥੇਦਾਰ ਦੀ ਆਗਜਾ ਨੂੰ ਸਦਾ ਸ਼ਰੋਮਣੀ ਜਾਣਿਆ ਹੈ। ਜਥੇਦਾਰ ਥਾਪਣਾ ਖਾਲਸੇ ਦਾ ਕੰਮ ਰਿਹਾ ਹੈ, ਜਥੇਦਾਰ ਖਾਲਸੇ ਦੀ ਰਾਇਨੂੰ ਸਨਮਾਨਦਾ ਰਿਹਾ ਹੈ, ਪਰ ਖਾਲਸਾ ਜਥੇਦਾਰ ਦੀ ਆਗਜਾ ਨੂੰ ਸਦਾ ਮੰਨਦਾ ਰਿਹਾ ਹੈ ਤੇ ਇਹੋ ਭੇਤਾਂ ਵਿਚੋਂ ਇਕ ਵੱਡਾ ਭੇਤ ਸੀ, ਜੋ ਇਨ੍ਹਾਂ ਨੂੰ ਖੂਨੀ ਕਤਲਾਮਾਂ ਤੇ ਘੱਲੂਘਾਰਿਆਂ ਵਿੱਚੋਂ ਬਚਾ ਕੇ ਕਾਮਯਾਬੀ ਦੇ ਸ਼ਿਖਰ ਤੇ ਲੈ ਗਿਆ ਸੀ। ਨੇ ਲੋਕ ਇਨ੍ਹਾਂ ਗੱਲਾਂ ਨੂੰ ਵਿਚਾਰਦੇ ਤੇ ਸਮਝਦੇ ਨਹੀਂ, ਓਹੀ ਪੰਥ ਦੀ ਜਥੇਬੰਦੀ ਨੂੰ ਭੰਨਣ ਦੇ ਅਪਾਧੀ ਬਣਦੇ ਹਨ। ਦੂਸਰਾ ਵੱਲ ਜੋ ਖਾਲਸੇ ਨੇ ਇਸ ਜੁੱਧ ਵਿਚ ਸਿੱਖਿਆ ਉਹ ਭੀ ਇਨ੍ਹਾਂ ਦਾ ਇਕ ਕੌਮੀ ਗੁਣ ਬਣ ਗਿਆ। ਮੈਦਾਨ ਜੰਗ ਵਿਚ ਜੁੱਧ ਕਰਦੇ ਇਹ ਕਿਸੇ ਆਪਣੇ ਅੰਦਾਜ਼ ਤੇ ਜਾਚ ਨਾਲ ਕਿਸੇ ਵੇਲੇ ਮੈਦਾਨ ਛੱਡ ਤੁਰਦੇ ਹਨ। ਜਦੋਂ ਦੁਸ਼ਮਨ ਦਲ ਸਮਝਦਾ ਹੈ ਕਿ ਇਹ ਹਾਰਕੇ ਭੱਜ ਗਏ ਹਨ ਤਾਂ ਉਹ ਟੁੱਟਕੇ ਆ ਪੈਂਦਾ ਹੈ। ਅੱਗੋਂ ਇਹ ਕਿਸੇ ਟਿਕਾਣੇ ਫੇਰ ਡਟ ਕੇ ਖਲੋ ਜਾਂਦੇ ਹਨ ਤੇ ਸਫਾਂ ਤੋੜ ਕੇ ਵਧੇ ਆ ਰਹੇ ਸ਼ੱਤ੍ਰੂ ਦਲ ਨੂੰ ਮੁੜ ਜਿੱਤ ਲੈਂਦੇ ਹਨ। ਅਹਿਮਦ ਸ਼ਾਹ ਅਬਦਾਲੀ ਇਨ੍ਹਾਂ ਦੇ ਇਸ ਵਸਫ਼ ਨੂੰ ਸਮਝਦਾ ਸੀ, ਇਸ ਕਰ ਕੇ ਉਹ ਆਪਣੇ ਜਥੇਦਾਰਾਂ ਨੂੰ ਕਿਹਾ ਕਰਦਾ ਸੀ, ਦੇਖਣਾਂ ਆਪਣੀਆਂ ਸਫਾਂ ਨਾ ਤੋੜਨੀਆਂ, ਨੇ ਸਿੱਖ ਹਾਰਕੇ ਨੱਸ ਜਾਣ ਤਾਂ ਹਾਰੇ ਸਮਝ ਕੇ ਮਗਰ ਨਾ ਤਅਕੁਬ ਕਰਨਾ, ਨਹੀਂ ਤਾਂ ਲੈਣੇ ਦੇ ਦੇਣੇ ਪੈ ਜਾਣਗੇ।

ਇਹ ਗੱਲ ਸਭ ਤੋਂ ਪਹਿਲੇ ਬਲੀਆ ਚੰਦ ਦੇ ਜੁੱਧ* ਵਿਚ ਅਚਾਨਕ ਫਸ ਜਾਣ ਸਮੇਂ ਸਿੱਖਾਂ ਨੇ ਸਿੱਖੀ ਸੀ। ਅੱਜ ਮੱਚੀ ਮੁਚੀ ਭਾਂਜ ਖਾ ਕੇ ਜੋ ਖਾਲਸਾ ਹੁਕਮ ਰੋਠ ਮੁੜ ਕੇ ਡਟ ਗਿਆ, ਉਸ ਨੇ ਇਹ ਕੌਮੀ ਆਚਰਣ ਬਣਾ ਦਿਤਾ ਕਿ ਹਾਰ ਖਾਕੇ ਥੀ ਦਿਲ ਨਹੀਂ ਛੱਡਣਾ, ਫਰ ਡਟ ਜਾਣਾ ਤੇ ਐਸਾ ਡਟਣਾ ਕਿ ਗਈ ਬਹੋੜ ਲੈਣੀ ਤੇ ਮੁੜ ਫਤੇ ਪਾ ਲੈਣੀ। ਚਮਕੌਰ ਵਿਚ ਚਾਲੀ ਮੁਕਤਿਆਂ ਨਾਲ ਏਓੜਕ ਫੌਜਾਂ ਦੇ ਘੇਰੇ ਵਿਚ ਸਾਰਾ ਦਿਨ ਲੜਕੇ ਗੁਰੂ ਜੀ ਨੇ ਦਿਲਝਵੀਂ ਨਾ ਖਾਧੀ, ਨਾ ਹਾਰ ਮੰਨੀ, ਨਾ ਸ਼ਰਨ ਲਈ, ਅਖੀਰ ਤਕ ਜੁੱਧ ਮਚਾਈ ਗਏ ਤੇ ਅਖੀਰਲੇ ਆਦਮੀ (ਜੋ ਆਪ ਦੇ ਜਾਣ ਬਾਅਦ ਰਹਿ ਗਏ ਸਨ) ਦੇ ਜੀਉਂਦਿਆਂ ਤਕ ਜੁੱਧ ਜਾਰੀ ਰਿਹਾ ਸੀ। ਇਹ ਆਪ ਦੀ ਕਰਨੀ ਕੌਮ ਵਿਚ ਇਕ

*ਦੇਖੋ ਇਸੇ ਪੁਸਤਕ ਦਾ ਪੂਰਬਾਰਧ ਪ੍ਰਸੰਗ ੪੩.

ਗੁਣ ਭਰ ਗਈ ਕਿ ਆ ਬਣੀ ਉਤੇ ਖਾਲਸਾ ਦਲ ਅਖੀਰ ਤਕ ਡਟਿਆ ਰਹਿੰਦਾ ਹੈ ਤੇ ਆਪਣੀ ਇਸ ਇਸਤਕਲਾਲੀ ਤਾਕਤ ਨਾਲ ਫਤੇ ਪਾਉਂਦਾ ਹੈ। ਇਸ ਦੇ ਨਮੂਨੇ ਸਾਹਿਬਾਂ ਦੇ ਵੇਲੇ ਮੁਕਤਸਰ, ਅੱਗੋਂ ਦੇ ਘਲੂਘਾਰੇ, ਨੁਸ਼ਹਿਰੇ ਦਾ ਜੁੱਧ ਤੇ ਇਸ ਸਮੇਂ ਸਾਰਾ ਗੜ੍ਹੀ ਤੇ ਗੋਲੀ ਪੋਲੀ ਆਦਿ ਦੇ ਸੰਘਰ ਹੁਣ ਤਕ ਦੱਸ ਰਹੇ ਹਨ ਕਿ ਸਿੰਘਾਂ ਦਾ ਇਹ ਇਕ ਅਜੀਬ ਦ੍ਰਿੜ੍ਹ ਆਚਰਣ ਹੈ ਜੋ ਸ਼ਤਰੂ ਦਲ ਦੀ ਬਹੁਤਾਯਤ ਤੇ ਪ੍ਰਾਕ੍ਰਮਭਤਾ ਦੇ ਸਾਮ੍ਹਣੇ ਭੀ ਅਡੁੱਕ ਤੇ ਅਡੱਵਾਂ ਰਹਿੰਦਾ ਹੈ। ਇਸੇ ਹੀ ਤਰ੍ਹਾਂ ਅੱਜ ਦੇ ਜੁੱਧ ਨੇ ਹਾਰ ਖਾ ਕੇ ਫਰ ਡਟ ਜਾਣਾ ਏ ਫਤਹ ਪ ਉਣੀ ਅਤੇ ਜਥੇਦਾਰ ਦਾ ਕਿਹਾ ਕਦੇ ਨਹੀਂ ਮੋੜਨਾ ਤੇ ਸੁਸਿਖਜਤਾ ਦੇ ਅਸੂਲ ਨੂੰ ਨਹੀਂ ਤੋੜਨਾ ਇਹ ਦੋ ਗੁਣ (ਅੱਜ ਦੇ ਸਤਿਗੁਰ ਦੇ ਵਰਤਾਰੇ ਨੇ) ਖਾਲਸੇ ਦਾ ਕੌਮੀ ਆਚਰਣ ਬਣਾ ਦਿਤੇ ਸਨ। ਇਨ੍ਹਾਂ ਸਾਰੇ ਅਸੂਲਾਂ ਦੀ ਪ੍ਰਤਿਪਾਲਾ ਜੋ ਦਾਤੇ ਨੇ ਸਿਖਾਏ, ਕੌਮ ਦੀ ਬਿਫਜ ਦੀ ਸਹਾਈ ਰਹਿਦੀ ਹੈ, ਇਨ੍ਹਾਂ ਦੀ ਅਨਗਹਿਲੀ ਹਾਰ ਦਾ ਸਮਾਂ ਲਿਆਉਂਦੀ ਹੈ। ਸੁਸਿੱਖਜਤ ਹੋਕੇ ਸਿੱਖਜਾ ਅਨੁਸਾਰ ਟੁਰਨਾ ਜਥੇਬੰਦੀ ਦਾ ਅੰਗ ਹੈ। ਜੁੱਧ ਵਿਦਜਾ ਦੀ ਇਹ ਸੁਸਿਖਜਤਾ ਹੈ ਕਿ ਜਥੇਦਾਰ ਦੇ ਹੁਕਮ ਅਨੁਸਾਰ ਟੁਰਨਾ ਹੈ। ਇਸ ਸੁਸਿ-ਜਤਾ ਨੂੰ ਵਿਦਵਾਨ ਲੋਕ ਅਨੁਸਾਸਨ ਬੀ ਆਖਦੇ ਹਨ ਤੇ ਪੱਛਮੀ ਲੋਕ ਡਿਸਿਪਲਨ ਬੀ ਆਖਦੇ ਹਨ। ਇਸ ਅਸੂਲ ਦੀ ਪ੍ਰਤਿਪਾਲਾ ਨਿਰੀ ਜੁੱਧ ਵਿਦਜਾ ਵਿਚ ਹੀ ਨਹੀਂ, ਸਗੋਂ ਜਥੇਬੰਦੀ ਦੇ ਹਰ ਤਰ੍ਹਾਂ ਦੇ ਪ੍ਰਬੰਧਾਂ ਵਿਚ ਜ਼ਰੂਰੀ ਹੁੰਦੀ ਹੈ। ਇਹ ਗਲ ਖਾਲਸੇ ਜੀ ਨੂੰ ਸਤਿਗੁਰੂ ਜੀ ਨੇ ਅੱਜ ਇਸ ਦੇ ਨਾ ਵਰਤਣ ਦਾ ਕੌੜਾ ਫਲ ਉਹਨਾਂ ਦੇ ਤਜਰਬੇ ਵਿਚ ਲਿਆਕੇ ਸਿਖਾ ਦਿਤੀ।

੨.

ਹਾਰ ਖਾਕੇ ਪਹਾੜੀ ਦਲ ਆਪਣੀ ਰਾਜਧਾਨੀ ਨੂੰ ਮੁੜ ਗਿਆ। ਗੁਰੂ ਕਾ ਦਲ ਇਹ ਜਿੱਤ ਪਾਕੇ ਆਨੰਦ ਪੁਰ ਆ ਗਿਆ। ਸਭ ਤੋਂ ਪਹਿਲਾਂ ਜ਼ਖਮੀਆਂ ਦੀ ਭਾਲ ਹੋਈ, ਜਿਨ੍ਹਾਂ ਨੂੰ ਆਨੰਦ ਪੁਰ ਪਹੁੰਚਾ ਕੇ ਵੈਦਾਂ ਦੇ ਹਵਾਲੇ ਕੀਤਾ ਗਿਆ। ਜਿਨ੍ਹਾਂ ਨੇ ਸਾਲ ਪੱਤ੍ਰ ਆਦਿ ਦਵਾਈਆਂ ਨਾਲ ਜ਼ਖਮ ਬੱਧੇ ਤੇ ਹਰ ਤਰ੍ਹਾਂ ਦੀ ਦਾਰੀ ਕੀਤੀ। ਕੁਛ ਸਿੰਘ ਪਿੱਛੇ ਛੱਡੇ ਗਏ ਜੋ ਮਰ ਚੁੱਕੇ ਸ਼ਹੀਦਾਂ ਦੀਆਂ ਲੋਥਾਂ ਦੇ ਅੰਗੀਠੇ ਬਾਲ ਕੇ ਸਨਮਾਨ ਨਾਲ ਸਸਕਾਰ ਕਰ ਦਣ। ਆਨੰਦ ਪੁਰ ਵਿਚ ਆਕੇ ਬਾਕੀ ਸੁਅਸਤ ਆਈ ਸੈਨਾ ਨੇ ਆਪੋ ਆਪਣੇ ਟਿਕਾਣੇ ਡੇਰੇ ਜਾ ਕੀਤੇ। ਗੁਰੂਦੁਆਰੇ ਤੇ ਘਰ ਘਰ ਕੁਲਾਹਲ ਹੋਏ। ਕਵੀ ਮੰਤੋਖ ਸਿੰਘ ਜੀ ਲਿਖਦੇ ਹਨ:—

ਕਰਯੋ ਕਰਾਹ ਬਹੁ ਵਜੀ ਵਧਾਈ। ਆਏ ਜੀਤ ਸ਼ਤ੍ਰ ਸਮੁਦਾਈ। ਦਾਨ ਬਿੰਦ ਰੰਕਨ ਕੋ ਦੀਨੋ। ਸੁੱਜਸ ਪ੍ਰਚਾਰਨ ਜਹਿੰ ਕਹਿੰ ਕੀਨੋ। ਮੰਗਲ ਕਰੇ ਅਨੇਕ ਪ੍ਰਕਾਰਾ। ਮੰਗਲ ਮੂਲ ਗਰੂ ਦਾਤਾਰਾ। ਭਜਹਿੰ ਮ੍ਰਿਦੰਗ ਰਬਾਬ ਘਨੇਰੇ। ਗਾਵੈਂ ਸ਼ਬਦ ਸੁਖਦ ਗੁਰ ਕੇਰੇ। [ਸ: ਪ੍ਰ.

ਇਸ ਤਰ੍ਹਾਂ ਨਾਲ ਅਨੰਦ ਮੰਗਲਾਚਾਰ ਹੋਕੇ ਰੰਚ ਦੀਵਾਨ ਸਜਦੇ ਸਨ ਤੇ ਸੰਗਤਾਂ ਵਿਚ ਨਾਮ ਦਾਨ ਵਰਤਦੇ ਸਨ। ਇਕ ਦਿਨ ਦੀਵਾਨ ਸਜ ਰਿਹਾ ਸੀ, ਆਪਣੇ ਤੇ ਉਪਰੋ ਅਨੇਕਾਂ ਜੁੜੇ ਬੈਠੇ ਸਨ ਕਿ ਬੀਰ ਸਿੰਘ ਜਸਪਾਲੀ, ਮਦਨ ਸਿੰਘ ਰਜਪੂਤ ਤੇ ਸ਼ਰਾਮ ਸਿੰਘ ਆਦਿ ਬੀ ਨਿਕਟ ਆ ਬੈਠੇ, ਤਦ ਪ੍ਰਸ਼ਨ ਹੋਇਆ ਕਿ ਖਾਲਸਾ ਜੋ ਆਪ ਨੇ ਰਚਿਆ ਹੈ ਇਸ ਦਾ ਭਾਵ ਅਰਥ ਕੀਹ ਹੈ? ਤਾਂ ਸ੍ਰੀ ਸਤਿਗੁਰੂ ਜੀ ਬੋਲੇ:—ਜੋ ਇਕ ਅਕਾਲ ਪੁਰਖ ਦੀ ਟੇਕ ਧਾਰ ਲਏ ਤੇ ਹੋਰ ਸਭ ਕੁਛ ਛੋੜ ਦੇਵੇ ਸੋ ਖਾਲਸਾ ਹੈ।

ਸਰਾਮ ਸਿੰਘ—ਪਾਤਸ਼ਾਹ! ਇਕ ਦੀ ਟੇਕ ਦੇ ਨਾਲ ਹੋਰ ਅਨੇਕਾਂ ਕਰਮ ਜੋ ਸ਼ੁਭ ਹਨ ਸੋ ਕਰਨੇ ਹਨ ਖਾਲਸੇ ਨੇ ਕਿ ਨਹੀਂ, ਜੈਸਾ ਕਿ ਤੀਰਥਾਂ ਦੇ ਸ਼ਨਾਨ, ਓਥੇ ਜਾਕੇ ਦਇਆ ਧਰਮ ਦੇ ਕੰਮ ਕਰਨੇ, ਲੋਕਾਂ ਨੂੰ ਦਾਨ ਦੇਣੇ। ਫੇਰ ਕਈ ਲੋਕ ਓਥੇ ਜਾਕੇ ਤਪ ਕਰਦੇ ਹਨ, ਕਈ ਯੋਗ ਮਤ ਅਨੁਸਾਰ ਧਾਰਨਾ, ਧਜਾਨ, ਸਮਾਧੀਆਂ ਸਾਧਣੇ ਵਾਲਾ ਤੇ ਕਈ ਹਠ ਦਾ ਸੰਯਮ ਕਰਦੇ ਹਨ, ਕਈ ਲੋਕ ਜੈਨੀਆਂ ਵਾਂਗ ਅਨੇਕਾਂ ਤਰ੍ਹਾਂ ਦੇ ਆਪੋ ਉਤੇ ਟੋਕਾਂ ਲਾਉਣ ਵਾਲੇ ਸੰਜਮ ਸਾਧਦੇ ਹਨ। ਐਸੇ ਐਸੇ ਕਰਮ ਖਾਲਸੇ ਨੇ ਨਹੀਂ ਕਰਨੇ, ਕਿ ਕਰਨੇ ਹਨ?

ਸਾਹਿਬਾਂ ਨੇ ਮੁਸਕ੍ਰਾਕੇ ਫੁਰਮਾਯਾ:—ਸ਼ੁਭ ਕੰਮਾਂ ਵਾਸਤੇ ਤਾਂ ਖਾਲਸਾ ਰਚਿਆ ਹੈ, ਪੁੰਨਜ ਕਰਮ

ਕਰਨੇ, ਆਚਰਨ ਉੱਚਾ ਸੁੱਚਾ ਰਖਣਾ ਖਾਲਸੇ ਦਾ ਪਹਿਲਾ ਨੇਮ ਹੈ, ਫਿਰ ਖਾਲਸੇ ਦੀ ਟੇਕ ਸਾਈਂ ਇਕ ਰੱਬ ਦਾਤਾਰ ਤੇ ਲੁਆ ਦਿੱਤੀ ਹੈ, ਸ਼ੁਭ ਕਰਮ ਕਰੋ, ਸਾਈਂ ਦੇ ਪਯਾਰ ਵਿਚ ਰਹੋ, ਨਾਮ ਹਿਰਦੇ ਵਸਾਓ। ਨਿਰੇ ਹਉਂ ਨਾਲ ਕੀਤੇ ਤੀਰਥਾਂ ਦ ਸ਼ਨਾਨ ਮਾੜ੍ਹ ਨਾਲ ਕਲਜ਼ਾਣ ਦੀ ਆਸ ਧਾਰਨ ਆਦਿ ਸਾਰੇ ਕਰਮਾਂ ਨੂੰ ਫੋਕਟ ਕਰ ਕੇ ਜਾਣੋ*।

ਮਦਨ ਸਿੰਘ—ਜੀਵ ਨੂੰ ਦੁਖ ਸੁਖ ਲੋੜਾਂ ਵਾਪਰਦੀਆਂ ਹਨ, ਕਲੇਸ਼ ਕਸ਼ਟ ਆਉਂਦੇ ਹਨ, ਘਾਬਰ ਕੇ ਪੀਰਾਂ, ਫਕੀਰਾਂ, ਜੰਤ੍ਰਾਂ ਮੰਤ੍ਰਾਂ ਵਾਲਿਆਂ, ਜ਼ਜ਼ਾਰਤਾਂ—ਮਰੇ ਫਕੀਰਾਂ ਦੀਆਂ ਗੋਰਾਂ ਕਬਰਾਂ—ਅਤੇ ਜੋਗੀਆਂ ਸਨਆਸੀਆਂ ਦੀਆਂ ਮੜ੍ਹੀਆਂ ਮਠੋਲੀਆਂ ਤੇ ਸੁੱਖਣਾਂ ਸ਼ਰੀਣੀਆਂ ਸੁਖੀਦੀਆਂ ਤੇ ਮਨੋਕਾਮਨਾਂ ਪਾਈਦੀਆਂ ਹਨ, ਆਪ ਦੇ ਸਿੱਖ ਬੀ ਕਦੇ ਕਿਤੇ ਇਨ੍ਹਾਂ ਗੱਲਾਂ ਵਿਚ ਚੋਰੀ ਛਪੀ ਜਾ ਲਗਦੇ ਹੋਣ ਤਾਂ ਪਤਾ ਨਹੀਂ। ਭਲਾ ਜੇ ਕੁਛ ਹੋਵੇ ਚਾਹੇ ਨਾ, ਪਰ ਲੋੜਾਂ ਪੂਰਨ ਹੋ ਜਾਣ ਤਾਂ ਐਸਾ ਕਰਨੇ ਦਾ ਕੋਈ ਡਰ ਤਾਂ ਨਹੀਂ, ਫੇਰ ਖਾਲਸੇ ਨੂੰ ਕਿਵੇਂ ਆਗਯਾ ਹੈ ?

ਸਤਿਗੁਰੂ ਸੁਣ ਕੇ ਖ਼ੂਬ ਹੱਸੇ ਤੇ ਫੁਰਮਾਉਣ ਲੱਗੇ: ਭਾਈ ! ਹਾਥੀ ਦੇ ਪੈਰ ਵਿਚ ਸਾਰੇ ਪੈਰ ਆ ਜਾਂਦੇ ਹਨ ਤੇ ਖਾਲਸੇ ਲਈ ਅਸਾਂ ਸਾਰੇ ਗਹਿਣੇ ਭੰਨ ਕੇ ਇਕ ਹੱਸ ਘੜਾ ਕੇ ਇਨ੍ਹਾਂ ਦੇ ਗਲੇ ਪਾ ਦਿੱਤਾ ਹੈ, ਉਹ ਇਕ ਅਕਾਲ ਪੁਰਖ ਦੀ ਟਕ ਦੇ ਕੇ ਉਸ ਉਤੇ ਪੂਰਨ ਭਰੋਸੇ ਤੇ ਉਸ ਨਾਲ ਪੂਰਨ ਪ੍ਰੇਮ ਦੀ ਜੁਗਤ—ਨਾਮ—ਇਨ੍ਹਾਂ ਨੂੰ ਸਿਖਾ ਦਿੱਤੀ ਹੈ। ਖਾਲਸਾ ਇਸ ਧਾਰਨਾ ਦਾ ਧਾਰਨੀ ਹੋ ਕੇ ਨਾ ਗੋਰਾਂ, ਨਾ ਮੜ੍ਹੀਆਂ, ਨਾ ਮੱਠਾਂ ਮਠੋਲੀਆਂ ਨੂੰ ਆਸ ਪੁਜਾਵਨਹਾਰ ਜਾਣ ਕੇ ਉਨ੍ਹਾਂ ਦੀ ਕਾਣ ਕੱਢੇਗਾ, ਨਾ ਰੋਜ਼ੇ ਤੇ ਬ੍ਰਤ ਆਦਿ ਕਰਨ ਸਾਧਨ ਕਰਮਾਂ ਵਿਚ ਫਸੇਗਾ। ਇਸਦਾ ਬ੍ਰਤ ਇਕ ਅਕਾਲ ਪੁਰਖ ਤੇ ਭਰੋਸਾ, ਇਸ ਦੀ ਅਰਦਾਸ ਸੁੱਖਣਾ ਮੰਗ ਸਭ ਵਹਿਗੁਰੂ ਜੀ ਤੋਂ ਹੋਵੇਗੀ। ਇਸ ਦਾ ਤੀਰਥਾਂ ਵਾਹਿਗੁਰੂ ਜੀ ਦਾ ਨਾਮ ਹੋਵੇਗਾ। ਇਸ ਦਾ ਸੰਯਮ ਆਚਰਣ ਦੀ ਸ਼ੁੱਧਤਾ ਹੋਵੇਗਾ, ਇਸ ਦਾ ਤਪ ਕੀਰਤਨ ਹੋਵੇਗਾ। ਇਸ ਦੀ ਦਇਆ ਜੀਵ ਦਇਆ ਹੋਵੇਗੀ।

ਬੀਰ ਸਿੰਘ—ਇਹ ਨਿਰਗੁਣ ਪਰਮਾਤਮਾਂ ਨਾਲ ਨੇਹੁੰ, ਪਯਾਰ, ਪ੍ਰੇਮ, ਟੇਕ, ਆਸ੍ਰਾ ਬੜੀ ਕਠਨ ਸਾਧਯ ਬਾਤ ਹੈ, ਸਾਨੂੰ ਲੋੜਵੰਦ ਜੀਵਾਂ ਨੂੰ ਕਿਵੇਂ ਪ੍ਰਾਪਤ ਹੋਵੇਗੀ ? ਉਨ੍ਹਾਂ ਕਰਮਾਂ ਤੋਂ ਇਹ ਖੇਲ ਔਖੇਰੀ ਜਾਪਦੀ ਹੈ !

ਸ੍ਰੀ ਗੁਰੂ ਜੀ (ਸੁਹਣਾ ਜਿਹਾ ਸੁਗੰਧਿਤ ਸ੍ਵਾਸ ਲੈਕੇ)—ਭਾਈ ਇਸਦਾ ਤ੍ਰੀਕਾ ਅਸਾਂ ਸਿਖਾਲ ਦਿੱਤਾ ਹੈ, ਗੁਰੂ ਬਾਬੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੰਥ ਦਾ ਮੂਲ ਇਹੋ ਟੁਰਿਆ ਆਉਂਦਾ ਹੈ—ਜਪ। ਖਾਲਸਾ ਵਾਹਿਗੁਰੂ ਨੂੰ ਜਾਗਤੀ ਜੋਤ ਸਮਝੇਗਾ, ਉਸ ਨੂੰ ਨਿਸਬਾਸਰ ਜਪੇਗਾ, ਐਸਾ ਕਰਨੇ ਨਾਲ ਖਾਲਸੇ ਦੇ ਹਿਰਦੇ ਵਿਚ ਉਸ ਜਾਗਤੀ ਜੋਤ ਦੀ 'ਹੈ' ਦਾ ਭਾਵ ਟਿਕ ਜਾਏਗਾ, ਖਾਲਸੇ ਦਾ ਮਨ ਇਸ ਲਗਾਤਾਰੀ 'ਹੈ' ਦੇ ਭਾਵ ਵਿਚ ਇਸਥਿਤ ਆਪਣੇ ਮਨ ਵਿਚ ਉਸ ਜਾਗਤੀ ਜੋਤ ਤੋਂ ਬਿਨਾਂ ਹੋਰ ਕੁਛ ਨਹੀਂ ਲਿਆਵੇਗਾ। ਇਹ ਪਰਮੇਸ਼ੁਰ ਦਾ ਜਪ ਸਿਮਰਨ ਬਣ ਜਾਏਗਾ ਤੇ 'ਹੈ' ਦਾ ਲਗਾਤਾਰੀ ਭਾਵ ਹੋਕੇ ਖਾਲਸਾ ਦੇ ਸਿਦਕ, ਭਰੋਸੇ, ਪ੍ਰਤੀਤ ਨੂੰ 'ਵਾਹਿਗੁਰੂ ਪ੍ਰੇਮ' ਬਣਾ ਦੇਵੇਗਾ। ਇਹ ਪ੍ਰੇਮ ਨਾਲ ਲਗਾਤਾਰੀ ਮੇਲ ਵਾਹਿਗੁਰੂ ਜੀ ਨਾਲ ਬਣ ਜਾਵੇਗਾ। ਇਉਂ ਇਸ ਦੇ ਹਿਰਦੇ ਵਿਚ ਪੂਰਨ ਪੁਰਖ ਦੀ ਪੂਰਨ ਜੋਤ ਜਗ ਪਵੇਗੀ, ਐਸੇ ਪੁਰਖ ਨੂੰ ਅਸਾਂ ਨੇ ਖਾਲਸਾ ਆਖਿਆ ਹੈ। ਇਸ ਕਸਵਟੀ ਉਤੇ ਲਾਕੇ ਤੁਸਾਂ ਨੇ ਪਰਖ ਕਰ ਲੈਣੀ, ਤਦ ਤੁਹਾਨੂੰ ਪਤਾ ਲਗ ਜਾਏਗਾ ਕਿ ਸ਼ੁੱਧ ਤੇ ਖਾਲਿਸ ਖਾਲਸਾ ਇਹ ਹੈ। ਜਦ ਇਸ ਇਕ ਟੇਕ ਇਕ ਆਧਾਰ ਤੇ ਖਾਲਸੇ ਦਾ ਮਨ ਟਿਕ ਜਾਏਗਾ ਤਾਂ ਫੇਰ ਜੋ ਕੁਛ ਖਾਲਸੇ ਕਰਨਗੇ ਉਹ ਸ਼ੁਭ ਤੇ ਸੁਖਦਾਈ ਹੋਵੇਗਾ।

ਇਹ ਸਤਿਗੁਰੂ ਜੀ ਦਾ ਬੱਧਾ ਆਦਰਸ਼ ਸਤਿਗੁਰ ਜੀ ਨੇ ਸਾਡੇ ਤਕ ਅੱਪੜਨ ਲਈ ਆਪ ਐਉਂ ਬਾਣੀ ਦੇ ਰੂਪ ਵਿਚ ਰਚ ਦਿਤਾ ਹੈ:—

ਜਾਗਤ ਜੋਤ ਜਪੈ ਨਿਸ ਬਾਸੁਰ
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ

---

*ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥ ਬਿਨ ਏਕ ਨਾਮ ਅਧਾਰ॥ਸਭ ਕਰਮ ਭਰਮ ਬਿਚਾਰ॥ [ਅ: ਉਸਤਤ

†ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ ॥ [ਧਨਾ: ਮ: ੧

ਹੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਰਹੀ ਘਟ ਮੈ
ਤਬ ਖਾਲਸਾ ਤਾਹਿ ਨਖਾਲਸ ਜਾਨੈ ॥ ੪ ॥

ਫਿਰ ਇਕ ਸਿਖ ਨੇ ਹੱਥ ਬੰਨ੍ਹ ਕੇ ਬਿਨੈ ਕੀਤੀ: ਪਾਤਸ਼ਾਹ, ਜਿਸ ਨੂੰ ਆਪ ਨੇ ਜਾਗਤ ਜੋਤ ਫੁਰਮਾਇਆ ਹੈ, ਉਹ ਕੌਣ ਹੈ ? ਕਿਉਂਕਿ ਕਈ ਮੂਰਤੀ ਪੂਜਣਹਾਰੇ ਆਪਣੀ ਮੂਰਤੀ ਨੂੰ ਜਾਗਤੀ ਜੋਤ ਤੇ ਜੋਤਾਂ ਵਾਲੀ ਕਹਿ ਦੇਂਦੇ ਹਨ। ਇਹ ਸੁਣ ਕੇ ਸ੍ਰੀ ਗੁਰੂ ਜੀ ਦੇ ਨੈਣ ਇਕ ਅਚਰਜ ਰੰਗ ਨਾਲ ਭਰ ਗਏ, ਉਪਰ ਵਲ ਨੂੰ ਉਠੇ, ਚੁਫੇਰੇ ਫਿਰੇ ਤੇ ਫੇਰ ਟਿਕ ਗਏ ਤੇ ਸੁਹਣੇ ਗਲੇ ਤੋਂ ਅਵਾਜ਼ ਆਈ:–

ਸਤਿ ਸਦੈਵ ਸਰੂਪ ਸਤਿਬ੍ਰਤ
ਆਦਿ ਅਨਾਦਿ ਅਗਾਧਿ ਅਜੈਹੈ ॥
ਦਾਨ ਦਯਾ ਦਮ ਸੰਜਮ ਨੇਮ
ਜਤਬ੍ਰਤ ਸੀਲ ਸੁ ਬ੍ਰੱਤ ਅਬੈਹੈ ॥
ਆਦਿ ਅਨੀਲ ਅਨਾਦਿ ਅਨਾਹਦ
ਆਪਿ ਅਦ੍ਵੈਖ ਅਭੇਖ ਅਭੈ ਹੈ ॥
ਰੂਪ ਅਰੂਪ ਅਰੇਖ ਜਰਾਰਦਨ
ਦੀਨ ਦਯਾਲ ਕ੍ਰਿਪਾਲ ਭਏ ਹੈ ॥ ੨ ॥

ਇਕ ਸਿੱਖ ਨੇ ਬਿਨੈ ਕੀਤੀ–ਦਾਤਾ ਜੀਓ ! ਐਸਾ ਅਰੂਪ ਅਰੇਖ ਪਰਮਾਤਮਾ ਜੀਵ ਦੇ ਵੀਚਾਰ ਧਿਆਨ ਤੋਂ ਪਰੇ ਹੈ, ਉਹ ਅਗੰਮ ਹੈ, ਪਹੁੰਚ ਤੋਂ ਪਰੇ ਹੈ, ਸੋ ਪਰੇ ਪਰੇ ਦਾ ਕੀ ਬਹੁ ? ਗੁਰੂ ਜੀ ਨੇ ਫੁਰਮਾਯਾ 'ਉਹ ਅਰੂਪ ਤੇ ਅਰੇਖ ਤੇਰੇ ਹਿਰਦੇ ਵਿਚ ਬੈਠਾ ਹੈ, ਸਾਰਿਆਂ ਵਿਚ ਪਰੀ ਪੂਰਨ ਹੈ।' ਇਹ ਉਚਾਰ ਕੇ ਆਪ ਦੇ ਨੈਣ–ਸੁਹਣੇ ਸੁਹਣੇ ਅਡੋਲ ਨੈਣ ਮੁੰਦ ਗਏ, ਹੱਥ ਜੁੜ ਗਏ ਤੇ ਇਹ ਮਿੱਠੀ ਮਿੱਠੀ ਧੁਨੀ ਹੋਈ:–ਆਦਿ ਅਦ੍ਵੈਖ ਅਭੇਖ ਮਹਾਂ ਪ੍ਰਭੁ

ਸੱਤ ਸਰੂਪ ਸੋ ਜੋਤ ਪ੍ਰਕਾਸੀ ॥
ਪੂਰ ਰਹਿਯੋ ਸਭ ਹੀ ਘਟ ਕੇ ਪਟ
ਤੱਤ ਸਮਾਧਿ ਸੁਭਾਵ ਪ੍ਰਣਾਸੀ ॥
ਆਦਿ ਜੁਗਾਦਿ ਜੁਗਾਦਿ ਤੁਹੀ ਪ੍ਰਭੁ
ਫੈਲ ਰਹਿਯੋ ਸਭ ਅੰਤਰ ਬਾਸੀ ॥
ਦੀਨ ਦਇਆਲ ਕ੍ਰਿਪਾਲ ਕ੍ਰਿਪਾ
ਕਰ ਆਦਿ ਅਜੋਨਿ ਅਜੈ ਅਬਿਨਾਸੀ ॥ ੩ ॥

ਸੰਗਤ ਸਾਰੀ ਉੱਤੇ ਏਕਾਗ੍ਰਤਾ ਤੇ ਟਿਕਾਉ ਦਾ ਪ੍ਰਭਾਵ ਛਾ ਗਿਆ। ਕਿਤਨਾ ਚਿਰ ਆਪ ਚੁੱਪ ਰਹੇ ਫੇਰ ਨੈਣ–ਰੱਬੀ ਇਲਮ ਦੇ ਖਜ਼ਾਨੇ ਨੈਣ–ਪੁਸਤਕ ਹਾਰ ਖੁੱਲ੍ਹ ਪਏ, ਜਿਨ੍ਹਾਂ ਵਿਚੋਂ ਡੂੰਘੀਂ ਡੂੰਘੀ ਦੀ ਲਿਖਤ ਡਲ੍ਹ ਡੁਲ੍ਹ ਪੈ ਰਹੀ ਸੀ। ਸੰਗਤ ਤੇ 'ਰੱਬ ਹੈ' ਦੀ ਰੰਗਤ ਛਾ ਰਹੀ ਸੀ ਤੇ ਟਿਕਾਉ ਤੇ ਚੁੱਪ ਵਰਤ ਰਹੀ ਸੀ। ਕੁਛ ਚਿਰ ਮਗਰੋਂ ਇਕ ਸਿਖ ਨੇ ਅਰਦਾਸ ਕੀਤੀ–ਪਾਤਸ਼ਾਹ ਆਪ ਦੇ ਦਰਸ਼ਨ, ਆਪ ਦੀ ਸਮੀਪਤਾ ਵਿਚ ਸਾਈਂ ਅਰੂਪ ਅਰੇਖ ਦੀ ਹੋਂਦ ਦਿਲਾਂ ਤੇ ਨਕਸ਼ ਹੋ ਜਾਂਦੀ ਹੈ, ਇਹ ਲਗਾਤਾਰੀ ਕਿਵੇਂ ਹੋ ਜਾਵੇ। ਸ੍ਰੀ ਗੁਰੂ ਜੀ ਨਰਮ ਧੁਨੀ ਵਿਚ ਬੋਲੇ: ਭਾਈ ਸਾਈਂ ਹੈ, ਦਾਤਾ ਹੈ, ਰੱਬ ਹੈ, ਵਾਹਿਗੁਰੂ ਹੈ, ਉਸ ਦਾ ਇਹ 'ਹੈ' ਸਰੂਪ ਘਟ ਘਟ ਵਿਚ ਹੈ, ਪਰ ਹਰ ਘਟ ਇਸ ਗੱਲ ਨੂੰ ਵਿਸਾਰ ਰਿਹਾ ਹੈ। ਵਿਸਾਰਨਾ ਛੋੜ, ਵਿਸਾਰਨਾ ਛੋੜ, ਵਿਸਾਰਨਾ ਛੋੜ। ਯਾਦ ਵਿਚ ਆ, ਸਿਮਰਨ ਵਿਚ ਆ, ਤੇਰਾ ਵਾਸ ਹਜ਼ੂਰੀ ਵਾਸ ਹੋ ਜਾਏਗਾ, ਜੇ ਅੰਤ ਲੈਣਾ ਹਈ, ਬਾਹ ਲੈਣੀ ਹਈ, ਭੇਦ ਕੱਢਣਾ ਹਈ ਤਾਂ ਹਾਂਡ ਪੱਲੇ ਪਵੇਗੀ, ਅੱਗੇ ਕਿਸੇ ਨੇ ਅੰਤ ਪਾਇਆ ਨਹੀਂ, ਤੂੰ ਪਾਉਣਾ ਨਹੀਂ, ਪਰ ਜੇ ਉਸ ਦੇ ਸਿਮਰਨ ਵਿੱਚ ਆ ਜਾਏਂ, ਜਦੋਂ ਭੁੱਲੇਂ, ਤਦੋਂ ਹੀ ਮਨ ਨੂੰ ਸੋਧ ਕਰੇਂ ਕਿ ਹੇ ਮੂਰਖ ਮਨ, ਕਿਉਂ ਜਾਗਤ ਜੋਤ ਨੂੰ ਭੁੱਲ ਰਿਹਾ ਹੈਂ ਤਾਂ ਤੂੰ ਉਸ ਦੀ ਹੋਂਦ ਦਾ ਸਾਖੀ ਹੋ ਜਾਵੇਂ। ਹਾਂ ਫਿਰ ਤੈਨੂੰ ਅੰਤਰਗਤਿ ਪਹਿਚਾਣ ਉਸ ਅਨੀਲ ਅੱਚੁਤ ਵਾਹਿਗੁਰੂ ਦੀ ਪਹਿਚਾਣ ਹੋ ਜਾਵੇਗੀ। ਇਉਂ ਉਚਾਰਕੇ ਆਪ ਫਿਰ ਗੱਜਕੇ ਬੋਲੇ:–

ਆਦਿ ਅਭੇਖ ਅਛੇਦ ਸਦਾ ਪ੍ਰਭ ਬੇਦ ਕਤੇਬਨ
ਭੇਦੁ ਨ ਪਾਯੋ ॥ ਦੀਨ ਦਯਾਲ ਕ੍ਰਿਪਾਲ
ਕ੍ਰਿਪਾਨਿਧਿ ਸਤਿ ਸਦੈਵ ਸਭੈ ਘਟਿ ਛਾਯੋ ॥
ਸੇਸ ਸੁਰੇਸ ਗਣੇਸ ਮਹੇਸੁਰ ਗਾਹਿ ਫਿਰੈ ਸਤਿ
ਸ੍ਰੁਤਿ ਨ ਆਯੋ ॥ ਰੇ ਮਨ ਮੂੜ ਅਗੂੜ ਇਸੋ
ਪ੍ਰਭੁ ਤੈ ਕਿਹ ਕਾਜ ਕਹੋ ਬਿਸਰਾਯੋ ॥ ੪ ॥
ਅਚੁਤ ਆਦਿ ਅਨੀਲ ਅਨਾਹਦ ਸੱਤ ਸਰੂਪ
ਸਦੈਵ ਬਖਾਨੇ ॥ ਆਦਿ ਅਜੋਨਿ ਅਜਾਇ
ਜਰਾ ਬਿਨ ਪਰਮ ਪੁਨੀਤ ਪਰੰਪਰ ਮਾਨੇ ॥
ਸਿਧ ਸੁਯੰਭੁ ਪ੍ਰਸਿੱਧ ਸਭੈ ਜਗ ਏਕ ਹੀ ਠਉਰ

ਅਨੇਕ ਬਖਾਨੈ ॥ ਰੇ ਮਨ ਰੰਕ ਕਲੰਕ ਬਿਨਾ ਹਰਿ ਤੈ ਕਿਹ ਕਾਰਨ ਤੇ ਨ ਪਛਾਨੈ ॥ ੫ ॥

ਇਹ ਉਚਾਰਦਿਆਂ ਆਪ ਦੇ ਨੈਣ ਵੇਰ ਅਰਦਾਸ ਵਿਚ ਜੁੜ ਗਏ ਤੇ ਜੋ ਕੁਛ ਸਨਮੁਖ ਉਸਤਤੀ ਦਾ ਉਚਾਰਾ ਹੋਇਆ ਆਪਦੇ ਰਚੇ ਇਸ ਸ੍ਰੋਤ ਵਿਚ ਹੈ:–

ਅਛਰ ਆਦਿ ਅਨੀਲ ਅਨਾਹਦਿ ਸੋਤਿ ਸਦੈਵ ਤੁਹੀ ਕਰਤਾਰਾ ॥ ਜੀਵ ਜਿਤੇ ਜਲ ਮੈ ਥਲ ਮੈ ਸਭ ਕ ਸਦ ਪੇਟ ਕੋ ਪੋਖਣਹਾਰਾ ॥ ਬੇਦ ਪੁਰਾਨ ਕੁਰਾਨ ਦੁਹੂੰ ਮਿਲ ਭਾਤਿ ਅਨੇਕ ਬਿਚਾਰ ਬਿਚਾਰਾ ॥ ਔਰ ਜਹਾਨ ਨਿਦਾਨ ਕਛੂ ਨਹਿ ਏ ਸੁਬਹਾਨ ਤੁਹੀ ਸਿਰਦਾਰਾ ॥ ੬ ॥

ਇਹ ਸਨਮੁਖ ਉਸਤਤੀ ਉਚਾਰਦੇ, ਨੈਣ ਰਸ ਵਿਚ ਮਗਨ, ਮੱਥੇ ਤੇ ਜੋਤ ਪ੍ਰਕਾਸ਼ੀ ਰੰਗ ਛਾਯਾ ਹੋਯਾ, ਸਰੀਰ ਤੋਂ ਆਨੰਦਮਯ ਹੋਂਦ ਦਾ ਪ੍ਰਭਾਵ ਫੁਹਾਰੇ ਵਾਂਙੂ ਵਰਸ ਰਿਹਾ ਦਿਬ੍ਯ ਮੂਰਤੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੂਪਵਾਨ ਈਠੇ ਅਰੂਪ ਨੂੰ ਲਖਾ ਰਹੇ ਸਨ, ਮੰਗਤਾਂ ਦਰਸ਼ਨ ਵਿਚ ਮਗਨ-ਰਸ ਮਾਣ ਰਹੀਆਂ ਸਨ । ਇਹੋ ਰਸਮਯਤਾ ਛਾ ਜਾਏ ਅੱਜ ।

—o—

ਕਲਗ਼ੀਆਂ ਵਾਲੇ ਦੀਆਂ ਸਾਈਂ ਰੰਗ ਰੱਤੀਆਂ ਨਿਗਾਹਾਂ

ਪਾਉਂਟੇ ਸਾਹਿਬ ਵਗ ਰਹੀ ਜਮਨਾਂ ਦੇ ਪਾਣੀਆਂ ਉਤੇ !

ਨੂਰੀ ਨੈਣਾਂ ਤੋਂ ਤਿਲਕੀਆਂ ਨਜ਼ਰ ਕਿਰਨਾਂ, ਛਾਲਾਂ ਮਾਰਕੇ ਜਮਨਾ ਤੇ ਆਣ ਪਈਆਂ ।
ਬੂੰਦ ਬੂੰਦ ਨੇ ਲਿਸ਼ਕ ਚੁੰਮਾਟ ਖਾਧੀ, ਲਹਿਰਾਂ ਚਮਕੀਆਂ ਚੁੱਪ ਹੋ ਕੰਬ ਗਈਆਂ ।
ਚਕਾਚੌਂਧ ਹੋਈਆਂ ਪਾਣੀ ਭਰਨ ਆਈਆਂ, ਹੱਥੋਂ ਗਾਗਰਾਂ ਤਿਲਕ ਕੇ ਰੇਹ ਢਈਆਂ ।
ਪਾਣੀ ਪੀਂਦੇ ਮਿਹਗ ਬਝੱਕ ਰਹਿ ਗਏ ਅੱਖਾਂ ਜੋਗੀਆਂ ਨੇ ਝੱਟ ਖੋਲ੍ਹ ਲਈਆਂ ।

ਸੂਚਨਾ–ਬਿਲਾਸ ਪੁਰੀਏ ਦੇ ਚਾਲੇ ਕਦੇ ਜੰਗ ਕਦੇ ਸੁਲਹ ਦੇ ਉਸ ਦੀ ਮੁਰਾਦ ਬਰ ਨਾ ਲਿਆਏ, ਬਹਾਨੇ ਰਚ ਕੇ ਫਿਰ ਇਕ ਜੰਗ ਪਹਾੜੀਆਂ ਨੇ ਹੋਰ ਕੀਤਾ, ਹਾਰ ਖਾਧੀ ਜੋ ਪਿਛੇ ਦੱਸ ਆਏ ਹਾਂ ਤੇ ਫੇਰ ਸਭ ਨੇ ਔਰੰਗਜ਼ੇਬ ਨੂੰ ਲਿਖ ਦਿਤਾ ਕਿ ਆਪ ਦੀ ਆਪਣੀ ਫੌਜ ਦੇ ਇਨਾਂ ਇੱਥੇ ਕੋਈ ਪੇਸ਼ ਨਹੀਂ ਜਾਂਦੀ । ਸਰਹਿੰਦ ਦੀ ਫੌਜ, ਦਿਲੀ ਤੋਂ ਆਈ ਫੌਜ, ਲਾਹੌਰ ਦੀ ਫੌਜ, ਫੌਜਦਾਰ ਸਣੇ ਰਾਜਿਆਂ ਦੀ ਫੌਜ, ਹੋਰ ਵਹੀਰਾਂ ਅਨੰਦ ਪੁਰ ਤੇ ਚੜ੍ਹ ਆਈਆਂ । ਉਧਰ ਗੁਰੂ ਜੀ ਨੂੰ ਬੀ ਮੁਧ ਅੱਪੜੀ, ਸਾਰੇ ਦੇਸ਼ ਵਿੱਚੋਂ ਸਿੱਖ ਸੂਰਮੇ ਆਉਣ ਲੱਗੇ, ਵੱਡੇ ਵੱਡੇ ਸਿੱਖ ਚੌਧਰੀਆਂ ਨੇ ਸਵਾਰ ਤੇ ਸਾਮਾਨ ਘੱਲੇ । ਪਟਿਆਲੇ ਦੇ ਵਡਕਿਆਂ ਨੂੰ ਮੇਰਾ ਘਰ ਤੇਰਾ ਘਰ ਦਾ ਵਰ ਇਨ੍ਹਾਂ ਹੀ ਦਿਨਾਂ ਵਿਚ ਗੁਰਾਂ ਵੱਲੋਂ ਮਿਲਿਆ ਸੀ, ਜਿਨ੍ਹਾਂ ਨੇ ਅਪਣੇ ਬੰਦੂਕਚੀ ਤੇ ਹੋਰ ਸਾਮਾਨ ਘੱਲੇ ਸੀ । ਦਸ ਬਾਰਾਂ ਕੁ ਹਜ਼ਾਰ ਯਾ ਵਧੀਕ ਮੈਨਾ ਅਨੰਦ ਪੁਰ ਹੋ ਗਈ । ਮੋਰਚੇ ਕਾਇਮ ਕਰਕੇ ਸਿੱਖ ਵਧੇ; ਜੰਗ ਛਿੜਿਆ, ਬਹੁਤ ਬਹਾਦਰੀ ਕਰਕੇ ਸੈਦ ਬੇਗ ਨੇ ਰਾਜਾ ਹਰੀ ਚੰਦ ਮਾਰ ਲਿਆ, ਪਰ ਦੂਜੇ ਦਿਨ ਅਮੀਰ ਖਾਂ ਨੂੰ ਜ਼ਖਮੀ ਕਰਕੇ ਸੈਦਬੇਗ ਖਾਂ ਆਪ ਬੀ ਸ਼ਹੀਦ ਹੋ ਗਿਆ । ਇੱਸੇ ਤਰ੍ਹਾਂ ਕਈ ਚਿਰ ਜੰਗ ਮਚਿਆ ਰਿਹਾ ਤੇ ਸਿੱਖਾਂ ਦਾ ਪਾਸਾ ਉੱਪਰ ਨੂੰ ਰਹਿੰਦਾ ਰਿਹਾ ਤੇ ਤੁਰਕ ਦਲਾਂ ਦਾ ਘਣਾ ਨੁਕਸਾਨ ਹੁੰਦਾ ਰਿਹਾ । ਤੁਰਕ ਸੈਨਾਂ ਵਿਚ ਇਕ ਹੋਰ ਸ਼ਿਰੋਮਣੀ ਜਥੇਦਾਰ ਸੈਦ ਖਾਂ ਨਾਮੇ ਸੀ* ਜੋ ਪੀਰ ਬੁੱਧੂ ਸ਼ਾਹ ਦੀ ਵਹੁਟੀ ਦਾ ਭਰਾ ਸੀ । ਇਸ ਨੂੰ ਗੁਰੂ ਜੀ ਤੇ ਅਸਚਰਜ ਹੋ ਰਿਹਾ ਸੀ ਕਿ ਸਾਹਿਬ ਕਸ਼ਫ ਹੋ ਕੇ ਕਿਉਂ ਲੜ ਰਹੇ ਹਨ, ਦਰਸ਼ਨ ਦੀ ਲਾਲਸਾ ਰੱਖਦਾ ਸੀ, ਸੋ ਮਚੇ ਜੰਗ ਗੁਰੂ ਜੀ ਘੋੜੇ ਨੂੰ ਅਡੀ ਲਾ ਉਸ ਪਾਸ ਜਾ ਖੜੇ ਹੋਏ,

*ਸੈਦ ਖਾਂ ਦੇ ਹੋਰ ਹਾਲ ਲਈ ਦੇਖੋ ਪ੍ਰਸੰਗ 'ਨਸੀਰਾ' ਜੋ ਇਸੇ ਪੋਥੀ ਵਿਚ ਅੱਗੇ ਆਵੇਗਾ ।

ਉਹ ਘੋੜੇ ਤੋਂ ਉਤਰ ਚਰਨਾਂ ਤੇ ਆ ਪਿਆ। ਸਤਿਗੁਰੂ ਜੀ ਨੇ ਨਾਮ ਦਾਨ; ਨਾਮ ਰਸ ਬਖ਼ਸ਼ਕੇ ਨਿਹਾਲ ਕੀਤਾ ਤੇ ਉਹ ਉਥੋਂ ਹੀ ਮੈਦਾਨ ਛੱਡ ਬੰਦਗੀ ਕਰਨ ਪਹਾੜਾਂ ਨੂੰ ਚੜ੍ਹ ਗਿਆ। ਜਦੋਂ ਸੈਦ ਖਾਂ ਟੁਰ ਗਿਆ ਤਾਂ ਮੁਸਲਮਾਨ ਕਿਚਕਿਚਾ ਕੇ ਗੁਰੂ ਜੀ ਪਰ ਪਏ, ਪਰ ਉਹ ਬੀਰਾਂ ਦੇ ਬੀਰ ਦੁਸ਼ਮਨਾਂ ਵਿਚੋਂ ਨਿਹੱਤੇ ਨਿਕਲ ਗਏ ਤੇ ਆਪਣੇ ਦਲਾਂ ਵਿਚ ਜਾ ਅੱਪੜੇ। ਇਡੇ ਘੋਰ ਸੰਗ੍ਰਾਮ ਵਿਚ ਸਿਖਾਂ ਦੀ ਆਤਮ ਜ਼ਿੰਦਗੀ ਦੇ ਨਮੂਨੇ ਲਈ ਇਹ ਅਗਲਾ ਨਿੱਕਾ ਜਿਹਾ ਪ੍ਰਸੰਗ ਕੁਛ ਰੌਸ਼ਨੀ ਪਾਉਂਦਾ ਹੈ:–

੬੯. ਭਾਈ ਕਨ੍ਹੱਯਾ*।

ਕਲਗ਼ੀਧਰ ਦੇ ਪਾਸ ਕੋਈ ਆ
ਪਿਆ ਸ਼ਿਕੈਤ ਲਗਾਵੇ:–
"ਮਾਰ ਮਾਰ ਕੇ ਸਿੱਖ ਤੁਰਕ ਨੂੰ
ਕਾਰੀ ਫਟ ਜਦ ਲਾਵੇ,
"ਭਾਈ ਕਨ੍ਹੱਯਾ ਤਦੋਂ ਤੁਰਕ ਨੂੰ
ਪਾਣੀ ਆਣ ਪਿਲਾਵੇ।
"ਅਪਣਾ ਹੋ ਕੇ ਭਾਈ ਕਨ੍ਹੱਯਾ
ਦੇਖੇ ਕਹਿਰ ਕਮਾਵੇ।
"ਉਸ ਦਾ ਕੰਮ ਆਪਣੇ ਲਸ਼ਕਰ
ਸਿੱਖਾਂ ਨੀਰ ਪਿਲਾਣਾ,
"ਨਾਂ ਕੇ ਵੈਰੀ ਨੂੰ ਰਣ ਤੱਤੇ
ਪੁੱਤਾਂ ਵਾਂਙ ਖਿਡਾਣਾ ?
"ਰਣ ਤੱਤੇ ਦੀ ਨੀਤੀ–'ਮਾਰਨ'
ਜਿਉਂ ਕਿਉਂ ਦੁਸ਼ਮਨ ਕੋਹੀਏ।
"ਜੋ ਵੈਰੀ ਨੂੰ ਪਯਾਰ ਕਰਾਵੇ,
ਉਸ ਨੂੰ ਦੁਸ਼ਮਨ ਕਹੀਏ"।

ਸੱਦ ਕਨ੍ਹੱਯੇ ਗੁਰਾਂ ਪੁੱਛਿਆ
ਸਾਰੀ ਗੱਲ ਸੁਣਾਈ।
ਸੀਸ ਨਿਵਾਇਆ ਰੰਗਰਤੜੇ ਨੇ
ਬਿਨਤੀ ਮੁਖੋਂ ਅਲਾਈ–
"ਤੈਨੂੰ ਪਿਆ ਪਿਲਾਵਾਂ ਪਾਣੀ
ਸਿਰ ਮੇਰੇ ਦੇ ਸਾਈਂ !
"ਤੁਰਕ ਅਤੁਰਕ ਨ ਦਿਸਦਾ ਮੈਨੂੰ
ਤੂੰ ਸਾਰੇ ਦਿਸ ਆਈਂ।
"ਪਿਆਰੇ ਦੇ ਇਕ ਪਯਾਰ ਪੁਰੋਤਾ
ਉਸ ਦੀ ਸੇਵ ਕਰਾਵਾਂ,
"ਉਸ ਨੂੰ ਦੇਖਾਂ, ਉਸ ਨੂੰ ਸੋਚਾਂ,
ਪਾਣੀ ਉਨ੍ਹੂੰ ਪਿਲਾਵਾਂ"।
ਹੱਸੇ ਤੇ ਗਲ ਲਾਇਆ ਪਯਾਰਾ
ਡੱਬੀ ਹੱਥ ਫੜਾਈ:–
"ਪਾਣੀ ਨਾਲ ਮਲ੍ਹਮ ਬੀ ਰੱਖੀਂ
ਲੋੜ ਪਈ ਤੇ ਲਾਈਂ"।

—o—

ਸੂਚਨਾ–ਇਹ ਜੰਗ ਬੜਾ ਲੰਮਾ ਤੇ ਬੜਾ ਭਾਰੀ ਸੀ। ਮਹੀਨਿਆਂ ਬੱਧੀ ਜਾਰੀ ਰਿਹਾ। ਇਸ ਜੰਗ ਵਿਚ ਬਾਈਧਾਰ ਰਾਜਿਆਂ ਦੀ ਸੈਨਾਂ, ਸਰਹਿੰਦ ਦੇ ਸੂਬੇ ਦੀ ਸੈਨਾਂ ਸਮੇਤ ਨਵਾਬ ਦੇ, ਅਨੰਦਪੁਰ ਤੇ ਟੁੱਟ ਪਈ। ਲਾਹੌਰ ਦਾ ਫੌਜਦਾਰ ਬੀ ਨਾਲ ਆ ਜੁੜਿਆ ਸੀ ਤੇ ਦਿੱਲੀ ਤੋਂ ਬੀ ਕੁਮਕ ਆ ਗਈ ਸੀ। ਇਤਨੇ ਭਾਰੇ ਘਮਸਾਣ ਦੇ ਟਾਕਰੇ ਤੇ ਆਪ ਅਹਿੱਲ ਜੁਟੇ ਰਹੇ। ਚਾਰ ਪੰਜ ਕਿਲ੍ਹੇ ਸਤਿਗੁਰ ਨੇ ਬਣਾਏ ਹੋਏ ਸਨ, ਤੋਪਾਂ ਬੀ ਢਾਲੀਆਂ ਸਨ ਤੇ ਹੋਰ ਸਾਮਾਨ ਬੀ ਕੀਤੇ ਹੋਏ ਸਨ, ਫੌਜ ਬੀ ਦਸ ਬਾਰਾਂ ਹਜ਼ਾਰ ਦੇ ਕਰੀਬ ਤਿਆਰ ਸੀ। ਘੋਰ ਸੰਗ੍ਰਾਮ ਹੁੰਦੇ ਰਹੇ, ਪਰ ਤੁਰਕ ਕਾਮਯਾਬ ਨਾ ਹੋਏ। ਅਖ਼ੀਰ ਉਨ੍ਹਾਂ ਇਹ ਵਿਚਾਰਿਆ ਕਿ ਸਾਡੇ ਹੱਲਾ ਕਰਨ ਤੇ ਸਿੰਘਾਂ ਦੇ ਮੁਕਾਬਲੇ ਸਾਡਾ ਬਹੁਤ ਨੁਕਸਾਨ ਕਰ ਰਹੇ ਹਨ, ਇਨ੍ਹਾਂ ਨਾਲ ਜੰਗ ਕਰਨ ਦੀ ਵਿਉਂਤ ਨੂੰ ਬਦਲੋ ਤੇ ਘੇਰਾ ਪਾਕੇ ਦੂਰ ਦੂਰ ਡੇਰੇ ਪਾ ਲਓ: ਆ ਟੋਹ ਤਾਂ ਲੜੋ, ਨਹੀਂ ਤਾਂ ਸਮਾਂ ਲੰਘਣ ਦਿਓ, ਜਦੋਂ ਰਸਤ ਪਾਣੀ ਮੁਕੇਗਾ ਤਦੋਂ ਆਪੇ ਹਾਰ ਮੰਨਣਗੇ। ਇਸ ਤਰ੍ਹਾਂ ਸ਼ੁਰੂ ਜੰਗ ਤੋਂ ਲੈਕੇ ਸਤ ਅੱਠ ਮਹੀਨੇ ਲੰਘ ਗਏ, ਅਦਰੋਂ ਘਾਹ ਪੱਠੇ ਰਸਤਾਂ ਮੁਕ ਗਈਆਂ। ਫੇਰ ਬੀ

*ਇਹ ਨਿੱਕੀ ਜਿਹੀ ਕਵਿਤਾ 'ਤੈਨੂੰ ਪਿਆ ਪਿਲਾਵਾਂ ਪਾਣੀ' ਦੇ ਸਿਰਨਾਵੇਂ ਹੇਠਾਂ ੨੨ ਪੋਹ ਸੰਃ ਗੁਃ ਨਾਃ ਮਾਃ ੪੫੩ (੫ ਜਨਵਰੀ ੧੯੨੨) ਦੇ ਗੁਰਪੁਰਬ ਸਪਤਮੀ ਦੇ ਖਾਃ ਸਮਾਚਾਰ ਵਿਖੇ ਪ੍ਰਕਾਸ਼ੀ ਸੀ।

ਸਿੰਘਾਂ ਦੇ ਦਸਤੇ ਅਚਾਨਕ ਕਿਸੇ ਪਾਸਿਓਂ ਹੱਲਾ ਕਰਕੇ ਪੈਂਦੇ ਤੇ ਰਸਤਾਂ ਲੈ ਜਾਂਦੇ। ਪਰ ਆਖ਼ਰ ਕਦ ਤਕ? ਭੁਖਾਂ ਤੇ ਫਾਕੇ ਕੜਾਕੇ ਆ ਹੀ ਗਏ, ਫਿਰ ਬੀ ਸਿੰਘ ਹਾਰੇ ਨਾ ਤੇ ਈਨ ਨਾ ਮੰਨੀ। ਲੜਾਕੇ ਭੁਜੰਗੀ ਤਾਂ ਦੁਖ ਝੱਲ ਰਹੇ ਸੇ, ਪਰ ਸ਼ਹਿਰ ਵਾਸੀ ਭੁਖ ਦੇ ਦੁਖ ਅਗੇ ਹਾਰ ਰਹੇ ਸੇ, ਬਾਹਰ ਮੁਗ਼ਿਆਂ ਤੇ ਰਾਜਿਆਂ ਦਾ ਬੀ ਬਰਾ ਹਾਲ ਸੀ। ਇਤਨੇ ਲਸ਼ਕਰ ਨੂੰ ਲੈ ਕੇ ਬੈਠੇ ਰਹਿਣਾ ਲੱਖਾਂ ਦੇ ਖਰਚ ਮੰਗਦਾ ਹੈ। ਫੇਰ ਨਮੋਸ਼ੀ ਕਿ ਇਤਨੇ ਵਡੇ ਵਡੇ ਸੂਬੇ ਤੇ ਫੌਜਦਾਰ ਕੱਠੇ ਹੋ ਰਹੇ ਹਨ ਤੇ ਰਾਜੇ ਜ਼ੋਰ ਲਾ ਰਹੇ ਹਨ, ਇਕ ਫਕੀਰ ਤੇ ਫਤਹ ਨਹੀਂ ਪਾ ਸਕੇ; ਫਿਰ ਇੰਨੀ ਫੌਜ ਜਿਥੇ ਘੇਰਾ ਘਤ ਏਹੇ ਤੇ ਅਰੋਗਤਾ ਦੇ ਨਿਯਮਾਂ ਦਾ ਪੂਰਾ ਪੜਾ ਨਾ ਹੋਵੇ ਉਥੇ ਬੀਮਾਰੀਆਂ ਦਾ ਫੁਟ ਪੈਣਾ ਮਾਮੂਲੀ ਗੱਲ ਹੈ। ਸਭ ਤੋਂ ਵਡੀ ਗੱਲ ਫੌਜੀ ਸਿਪਾਹੀਆਂ ਵਿਚ ਬੇਦਿਲੀ ਹੁੰਦੀ ਹੈ, ਜੋ ਬਰਸਾਤ, ਬੀਮਾਰੀ ਤੇ ਨਾਕਾਮਯਾਬੀ ਕਰ ਕੇ ਦਿਨੋ ਦਿਨ ਵਧ ਰਹੀ ਸੀ। ਇਨ੍ਹਾਂ ਤੇ ਹੋਰ ਕਈ ਕਾਰਨਾਂ ਕਰਕੇ ਘੇਰਾ ਪਾਉਣ ਵਾਲੇ ਬੀ ਜੰਗ ਦੀ ਸਮਾਪਤੀ ਲੋੜਦੇ ਸਨ। ਰਾਜੇ ਸਭ ਤੋਂ ਵਧੀਕ ਤੰਗ ਸਨ, ਉਨ੍ਹਾਂ ਦਾ ਦੇਸ਼ ਦੂਰ ਹੋਣ ਕਰਕੇ ਸਰਹਿੰਦ, ਲਾਹੌਰ ਤੇ ਦਿੱਲੀ ਦੇ ਸੈਨਾਪਤ ਘਾਹ ਪੱਠੇ, ਦਾਣੇ, ਰਸਦਾਂ, ਦੁੱਧ ਘਿਉ, ਹਰ ਸ਼ੈ ਲਈ ਜ਼ੋਰ ਪਾਉਂਦੇ, ਪਰਜਾ ਤੋਂ ਕਦੇ ਮੁੱਲ ਦੇ ਕਦੇ ਜਬਰੀ ਖੋਹ ਲੈਂਦੇ ਸਨ। ਦੂਰ ਦੂਰ ਤਕ ਦੇਸ਼ ਵੈਰਾਨ ਹੋ ਰਿਹਾ ਸੀ ਤੇ ਵੈਰਾਨੀ ਵਧਦੀ ਜਾਂਦੀ ਸੀ, ਖਜ਼ਾਨੇ ਖਾਲੀ ਹੋ ਰਹੇ ਸੇ ਤੇ ਅਗੋਂ ਮਾਮਲੇ ਉਘਰਨ ਦੀ ਥਾਂ ਖਰਚਾਂ ਵਲ ਜ਼ੋਰ ਸੀ। ਰਾਜਾ ਵਿਲਾਸਪੁਰੀਆ ਜ਼ਖਮੀ ਹੋ ਗਿਆ ਸੀ ਤੇ ਇਕ ਦੋ ਰਾਜੇ ਹੋਰ ਬੀ ਇਸੇ ਹਾਲ ਸੇ, ਸ਼ਾਹੀ ਸੈਨਾ ਦੇ ਬੀ ਕਈ ਸਰਦਾਰ ਜ਼ਖਮੀ ਹੋ ਚੁਕੇ ਤੇ ਮਰੇ ਸੇ, ਔਰੰਗਜ਼ੇਬ ਦੱਖਣ ਵਿਚ ਚਵੀ ਪੰਝੀ ਵਰ੍ਹੇ ਤੋਂ ਲੜਦਾ ਹੁਣ ਟੁੱਟ ਰਿਹਾ ਸੀ, ਫੌਜਾਂ ਥੱਕ ਟੁੱਟ ਚੁਕੀਆਂ ਸਨ ਤੇ ਖਜ਼ਾਨੇ ਉਸ ਲੰਮੇ ਜੰਗ ਦੇ ਖਾਲੀ ਹੋ ਚੁਕੇ ਸਨ। ਇਹ ਬੀ ਚਾਹੁੰਦਾ ਸੀ ਕਿ ਇਹ ਉੱਤਰੀ ਹਿੰਦ ਦਾ ਜੰਗ ਬੀ ਕਿਵੇਂ ਮੁਕੇ। ਇਸ ਸਮੇਂ ਦੇ ਲਗ ਪਗ ਹੀ ਮਰਹੱਟਿਆਂ ਤੋਂ ਅੱਕੇ ਥੱਕੇ ਔਰੰਗਜ਼ੇਬ ਨੇ ਸਤਾਰੇ ਤੋਂ ਅਹਿਮਦ ਨਗਰ ਨੂੰ ਵਾਗ ਮੋੜੀ। ਸੋ ਸੁਲਹ ਵਾਸਤੇ ਬਾਹਰਲੇ ਬਹੁਤ ਕਾਹਲੇ ਸੇ, ਉਨ੍ਹਾਂ ਵਲੋਂ ਹੀ ਗੱਲ ਬਾਤ ਛਿੜੀ ਤੇ ਇਹ ਸ਼ਰਤ ਕੇਵਲ ਮੰਗੀ ਗਈ ਕਿ ਤੁਸੀਂ ਜੇ ਅਨੰਦਪੁਰ ਛੱਡਕੇ ਆਪੇ ਕਿਸੇ ਦੱਸ ਇਲਾਕੇ ਚਲੇ ਜਾਓ ਤਾਂ ਅਸੀਂ ਘੇਰਾ ਚੱਕ ਲਵਾਂਗੇ ਤੇ ਆਪ ਨੂੰ ਕੁਛ ਨਹੀਂ ਕਹਾਂਗੇ, ਜਿਥੇ ਆਪ ਦਾ ਚਿਤ ਕਰੇ ਜਾ ਰਹੀਓ।

ਰਾਜੇ ਨਵਾਬ ਤੇ ਫੌਜਦਾਰ ਸੋਚਦੇ ਸੇ ਕਿ ਜੇ ਇਹ ਅਨੰਦ ਪੁਰ ਤੋਂ ਜਾਣਾ ਮੰਨ ਲੈਣ ਤਾਂ ਜੰਗ ਮੁਕੇ ਤੇ ਬਾਹਰ ਕਹਿਣ ਜੋਗੇ ਹੋ ਜਾਵਾਂਗੇ ਕਿ ਅਸਾਂ ਅਨੰਦ ਪੁਰ ਖਾਲੀ ਕਰਾ ਲਿਆ ਹੈ, ਜਿੱਤ ਸਾਡੀ ਹੋਈ ਹੈ। ਦੂਸਰੇ ਉਨ੍ਹਾਂ ਦੀ ਨੀਤੀ ਕਿਸੇ ਪੱਕੇ ਇਖਲਾਕੀ ਅਸੂਲਾਂ ਤੇ ਬੱਝੀ ਹੋਈ ਨਹੀਂ ਸੀ। ਜਦੋਂ ਕਿਲ੍ਹੇ ਤੋਂ ਬਾਹਰ ਨਿਕਲੇ ਤਦੋਂ ਜੇ ਟਿੱਡੀ ਦਲ ਸੈਨਾ ਉਸ ਥੋੜੀ ਸੈਨਾ ਨੂੰ ਘੇਰ ਲਵੇ, ਜੋ ਗੁਰੂ ਜੀ ਦੇ ਨਾਲ ਸੀ, ਤਾਂ ਉਹ ਸਮਾਪਤੀ ਹੀ ਕਰ ਸਕਦੇ ਸਨ। ਗੁਰੂ ਜੀ ਇਨ੍ਹਾਂ ਚਾਲਾਂ ਨੂੰ ਸਮਝਦੇ ਸੇ, ਉਹ ਇਸ ਕਰਕੇ ਭੁਖ ਦੇ ਦੁਖ ਝੱਲ ਕੇ ਬੀ ਇਸ ਯਤਨ ਵਿਚ ਸੇ ਕਿ ਇਨ੍ਹਾਂ ਦੀ ਪਾਪਨੀਤੀ ਦੇ ਸ਼ਿਕਾਰ ਨਹੀਂ ਬਣਨਾ, ਪਰੰਤੂ ਸ਼ਹਿਰ ਵਾਸੀ ਸੁਲਹ ਲਈ ਤੰਗ ਕਰ ਰਹੇ ਸੇ। ਉਧਰ ਆਪਣੇ ਲਸ਼ਕਰ ਵਿਚ ਵੀ ਸੁਲਹ ਲਈ ਜ਼ੋਰ ਪੈਣ ਲੱਗ ਪਿਆ। ਆਖ਼ਰ ਗੁਰੂ ਜੀ ਨੇ ਇਕ ਦਿਨ ਆਪਣੇ ਜੁਆਨਾਂ ਤੇ ਸ਼ਹਿਰੀਆਂ ਨੂੰ ਨਮੂਨਾ ਦੱਸਣ ਲਈ ਤੁਰਕਾਂ ਨੂੰ ਇਹ ਕਿਹਾ ਕਿ ਪਹਿਲਾਂ ਸਾਡੇ ਸਾਮਾਨ ਨੂੰ ਲੰਘ ਜਾਣ ਦਿਓ, ਸੁਲਹ ਦੀ ਗੱਲ ਬਾਤ ਪੱਕੀ ਕਰਨ ਪਰ ਵਿਚਾਰ ਕਰਾਂਗੇ, ਪਰ ਜਦੋਂ ਇਕ ਰਾਤ ਖੱਚਰਾਂ ਤੇ ਚੋਤਿਆਂ ਪੁਰ ਕੁਛ ਲੱਦ ਕੇ ਘੱਲਿਆ ਤਾਂ ਥੋੜੀ ਦੂਰ ਨਿਕਲ ਜਾਣ ਪਰ ਹੀ ਸਾਰੇ ਟੋਲ ਕਰਾਰ ਤੋੜਕੇ ਤੁਰਕ ਆ ਪਏ ਤੇ ਸਭ ਕੁਛ ਲੁਟ ਲਿਆ। ਦਿਨੇ ਲੱਗੇ ਰਾਜੇ ਤੇ ਜ਼ਿੰਮੇਵਾਰਾਂ ਦੇ ਆਦਮੀ ਸਫਾਈਆਂ ਕਰਨ ਕਿ ਸਿਪਾਹੀਆਂ ਤੋਂ ਗ਼ਲਤੀ ਹੋ ਗਈ, ਹੁਣ ਐਸਾ ਨਹੀਂ ਹੋਵੇਗਾ, ਪਰ ਗੁਰੂ ਜੀ ਨੇ ਯਕੀਨ ਨਾ ਕੀਤਾ। ਬਾਹਰ ਵਾਲਿਆਂ ਨੇ ਹੁਣ ਇਹ ਸੋਚਿਆ ਕਿ ਜੇ ਪਾਤਸ਼ਾਹ ਵਲੋਂ ਫੁਰਮਾਨ ਸ਼ਾਹੀ ਇਸ ਕੋਲ ਇਕਰਾਰ ਦਾ ਆ ਜਾਵੇ ਤਾਂ ਗੁਰੂ ਜੀ ਸ਼ਾਇਦ ਅਮੰਨਾ ਕਰ ਲੈਣਗੇ,

ਸੋ ਉਹ ਬੀ ਮੰਗਵਾਇਆ ਗਿਆ। ਗੁਰੂ ਜੀ ਅਜੇ ਬੀ ਨਹੀਂ ਪਤੀਜਦੇ ਸੇ ਤੇ ਆਪਣੇ ਸਾਥੀਆਂ ਨੂੰ ਕਹਿੰਦੇ ਸੇ ਕਿ ਥੋੜ੍ਹੇ ਦਿਨ ਹੋਰ ਜੀਰਾਂਦ ਕਰੋ, ਪਰ ਹੁਣ ਜੀਰਾਂਦ ਨਹੀਂ ਸੀ ਹੋ ਸਕਦੀ। ਇਕ ਹਿੱਸਾ ਸੈਨਾ ਦਾ ਤਾਂ ਅਖੀਰ ਤਕ ਗੁਰੂ ਜੀ ਦੇ ਨਾਲ ਨਿਭਣ ਨੂੰ ਤੁਲਿਆ ਖੜਾ ਸੀ, ਪਰ ਇਕ ਹਿੱਸਾ ਸੈਨਾ ਦਾ ਬੀ ਸੁਲਹ ਤੇ ਜ਼ੋਰ ਦੇ ਰਿਹਾ ਸੀ। ਸ਼ਾਹੀ ਫੁਰਮਾਨ ਬੜੀ ਤਸੱਲੀ ਵਾਲਾ ਸੀ, ਇਸ ਕਰਕੇ ਸੁਲਹ ਦੇ ਚਾਹਵਾਨ ਖਾਲਸੇ ਤੇ ਮਾਤਾ ਜੀ ਤੇ ਹੋਰਨਾਂ ਨੇ ਬਹੁਤ ਜ਼ੋਰ ਪਾਇਆ। ਦੱਖਣ ਤੋਂ ਜੋ ਕਾਫ਼ੀ ਪਾਤਸ਼ਾਹੀ ਫੁਰਮਾਨ ਲੈ ਕੇ ਆਇਆ, ਉਹ ਆਪ ਗੁਰੂ ਜੀ ਨੂੰ ਮਿਲਿਆ ਤੇ ਉਸ ਨੇ ਆਪ ਬੀ ਕਸਮਾਂ ਖਾ ਕੇ, ਕੁਰਾਨ ਸ਼ਾਮਨ ਦੇਕੇ ਤਸੱਲੀ ਕਰਾਉਣ ਦਾ ਜਤਨ ਕੀਤਾ ਕਿ ਆਪ ਜਿੱਧਰ ਜੀ ਚਾਹੇ ਸੁਖ ਨਾਲ ਚਲੇ ਜਾਓ, ਆਪ ਨੂੰ ਕੋਈ ਨਹੀਂ ਛੇੜੇਗਾ, ਅਤੇ ਜਿੱਥੇ ਚਿਤ ਕਰੇ ਰਹੋ ਕੋਈ ਸੂਬਾ ਕਿ ਸਿਪਾਹੀ ਆਪ ਦੀ ਵਾਉ ਵਲ ਨਹੀਂ ਤੱਕੇਗਾ। ਉਧਰ ਰਾਜਿਆਂ ਦੇ ਦੂਤ ਨੇ ਆਟੇ ਦੀ ਗਊ ਬਣਾਕੇ ਲਿਆ ਧਰੀ ਤੇ ਸੌਂਹਾਂ ਸੁਗੰਦਾਂ ਖਾਧੀਆਂ। ਇਸ ਤਰ੍ਹਾਂ ਦੋ ਪੂਰੀ ਤਰ੍ਹਾਂ ਦੇ ਤੇ ਪੱਕੀ ਤਰ੍ਹਾਂ ਦੇ ਇਕਰਾਰਾਂ ਦੇ ਬਾਦ ਸੁਲਹਨਾਮਾ ਲਿਖਿਆ ਗਿਆ ਤੇ ਪਾਤਸ਼ਾਹੀ ਸੁਗੰਦਾਂ ਵਾਲਾ ਇਹ ਅਹਿਦਨਾਮਾ ਗੁਰੂ ਜੀ ਨੇ ਸੰਭਾਲ ਲਿਆ*।

ਹੁਣ ਰੁਤ ਅਤਿ ਸਰਦੀ ਦੀ ਸੀ, ਪੋਹ ਦਾ ਪਹਿਲਾ ਸਾਤਾ ਲੰਘ ਚੁਕਾ ਸੀ। ਪਾਲਾ ਇਸ ਇਲਾਕੇ ਵਿਚ ਜ਼ੋਰਾਂ ਤੇ ਸੀ ਕਿ ਇਕ ਰਾਤ ਗੁਰੂ ਜੀ ਸੈਨਾ ਸਣੇ ਕਿਲੇ ਤੋਂ ਨਿਕਲ ਟੁਰੇ। ਆਪ ਕੁਛ ਦੂਰ ਨਿਕਲ ਗਏ ਸਨ ਕਿ ਉਤਾਵਲੀ ਪਾਤਸ਼ਾਹੀ ਸੈਨਾ ਨੇ ਅਨੰਦ ਪੁਰ ਤੇ ਕਬਜ਼ਾ ਕਰਨ ਲਈ ਜਾ ਮਾਰਾ ਬਕਾਰਾ ਕੀਤਾ। ਇਸੇ ਹੰਗਾਮੇ ਵਿਚ ਕੁਛ ਸੈਨਾ ਗੁਰੂ ਜੀ ਦੇ ਮਗਰ ਬੀ ਟੋਰੀ ਗਈ, ਜਿਸ ਨੇ ਜਾ ਹੱਲਾ ਕੀਤਾ। ਸਰਸਾ ਨਦੀ ਚੜ੍ਹ ਰਹੀ ਸੀ, ਗੁਰੂ ਸਾਹਿਬ ਤਾਂ ਨਿਕਲ ਗਏ ਸੇ, ਪਰ ਵਹੀਰ ਤੇ ਹੋਰ ਲੋਕ ਰੁਕ ਰਹੇ ਸੇ। ਸਾਹਿਬਜ਼ਾਦੇ ਅਜੀਤ ਸਿੰਘ ਜੀ ਵਹੀਰ ਦੇ ਮਗਰ ਸੈਨਾ ਲੈਕੇ ਆ ਰਹੇ ਸੇ। ਹੁਣ ਵਹੀਰ ਵਿਚ ਹਫਲਾ ਤਫਲੀ ਪੈ ਗਈ। ਕਈ ਸਿੰਘ ਤਾਂ ਸਰਸਾ ਨਦੀ ਪਾਰ ਕਰਨ ਦੀ ਉਤਾਵਲ ਤੇ ਕਾਹਲੀ ਵਿਚ ਨਦੀ, ਜੋ ਚੜ੍ਹ ਰਹੀ ਸੀ, ਦੀ ਭੇਟ ਹੋਏ, ਕੁਛ ਲੰਘ ਗਏ, ਕੁਛ ਹੋਰ ਪਾਸੇ ਵਲ ਨਿਕਲ ਟੁਰੇ। ਛੋਟੇ ਸਾਹਿਬਜ਼ਾਦੇ ਤੇ ਮਾਈ ਜੀ ਕਠਨਤਾ ਨਾਲ ਪਾਰ ਹੋਏ। ਸਾਹਿਬਾਂ ਨੂੰ ਪਤਾ ਲੱਗਾ ਤਾਂ ਆਪ ਨੇ ਉਦੇ ਸਿੰਘ ਰਾਠ ਨੂੰ ਘੱਲਿਆ ਜਿਸ ਨੇ ਪਿੱਛੇ ਅੱਪੜਕੇ ਅਜੀਤ ਸਿੰਘ ਆਦਿਕਾਂ ਨੂੰ ਸਾਹਿਬਾਂ ਵਲ ਟੋਰਿਆ ਤੇ ਆਪ ਅਹਿਦ ਸ਼ਿਕਨ ਤੁਰਕਾਂ ਨਾਲ ਮੱਥਾ ਲਾ ਖੜੋਤਾ ਤੇ ਉੱਥੇ ਹੀ ਅਹਿਦ ਸ਼ਿਕਨਾਂ ਦੀ ਰੋਕ ਕਰਦਾ ਸਾਥੀਆਂ ਸਣੇ ਸ਼ਹੀਦ ਹੋ ਗਿਆ। ਗੁਰੂ ਸਾਹਿਬ ਤੇ ਵਡੇ ਸਾਹਿਬਜ਼ਾਦੇ ਕੁਛ ਸਿੰਘਾਂ ਸਣੇ ਰੋਪੜ ਲਾਗ ਆ ਪੁੱਜੇ। ਇਥੋਂ ਰੋਪੜੀਏ ਪਠਾਣਾਂ ਨੇ ਆ ਹਮਲਾ ਕੀਤਾ। ਜਿਸ ਕਰਕੇ ਲੜਦੇ ਮਰਦੇ ਮਾਰਦੇ ਹਫਲਾ ਤਫਲੀ ਵਧੀ। ਇਥੋਂ ਵਡੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਇਕ ਘਰ ਦੇ ਨੌਕਰ ਗੰਗੂ ਨਾਲ ਕਿਸੇ ਹੋਰ ਪਾਸੇ ਨਿਕਲ ਗਏ ਤੇ ਮਾਤਾ ਸੁੰਦਰੀ ਜੀ ਰੋਪੜ ਇਕ ਸਿੰਘ ਦੇ ਘਰ ਲੁਕੇ ਤੇ ਦਿੱਲੀ ਅੱਪੜੇ†।

ਗੁਰੂ ਜੀ ਇਨ੍ਹਾਂ ਸਾਰੇ ਕਸ਼ਟਾਂ ਦੇ ਵਿਚ ਲੰਘਦੇ, ਚਾਲੀ ਕੁ ਸਿੰਘਾਂ ਸਣੇ ਮੁਸ਼ਕਲ ਨਾਲ ਚਮਕੌਰ ਪਹੁੰਚੇ। ਇੱਥੇ ਇਕ ਨਿੱਕੀ ਜਿਹੀ ਗੜ੍ਹੀ ਵਿਚ ਜਾ ਡੇਰਾ ਲਾਇਆ ਤੇ ਆ ਰਹੀ ਪਾਤਸ਼ਾਹੀ ਸੈਨਾ ਦੇ ਟਾਕਰੇ ਦਾ ਪ੍ਰਬੰਧ ਕੀਤਾ:-

੭੦. ਚਮਕੌਰ ਜੁਧ‡।

੧. [ਤਿਆਰੀ]।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘੋੜੇ ਤੇ ਚੜ੍ਹੇ ਜਾ ਰਹੇ ਹਨ, ਅਗੋਂ ਇਕ ਆਦਮੀ ਮਿਲਿਆ ਜਿਸ ਨੇ ਸਿਰ ਝੁਕਾ ਕੇ ਖੜੇ ਹੋਣ ਦੀ ਸੈਨਤ ਕੀਤੀ ਸਾਹਿਬ ਜੀ ਖੜੇ ਹੋ ਗਏ, ਅੱਗੇ ਹੋਕੇ ਉਸ ਨੇ ਫੇਰ ਸਿਰ ਝੁਕਾਇਆ। ਹੱਥ ਬੰਨ੍ਹ ਕੇ ਅਰਜ਼ ਕੀਤੀ,

---

*ਜ਼ਫ਼ਰ ਨਾਮੇ ਵਿਚ ਜ਼ਿਕਰ ਆਵੇਗਾ ਕਿ ਪਾਤਸ਼ਾਹੀ ਇਕਰਾਰ ਨਾਮਾ ਗੁਰੂ ਜੀ ਦੇ ਪਾਸ ਮਾਲਵੇ ਵਿਚ ਭੀ ਹੈਗਾ ਸੀ।

†ਡੂ: ਖਾ:।

‡ਇਹ ਪ੍ਰਸੰਗ ੧੮ ਪੋਹ ਸੰਃ ਗੁਃ ਨਾਃ ੪੫੬ ਸੰਃ ੧੯੮੧ ਬਿਃ (੧ ਜਨਵਰੀ ੧੯੨੫ ਈਃ) ਨੂੰ ਕੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਤ ਹੋਇਆ ਸੀ।

'ਆਪ ਦੀਨ ਦੁਨੀ ਦੇ ਮਾਲਕ ਹੋ, ਮੈਂ ਨੌਕਰ ਸਰਕਾਰੀ ਸੰਦੇਸ ਲੈਕੇ ਜਾ ਰਿਹਾ ਹਾਂ, ਜੋ ਸੰਦੇਸਾ ਮੈਂ ਤੁਰਕ ਦਲ ਨੂੰ ਜਾਕੇ ਦੇਣਾ ਹੈ ਉਹ ਇਹ ਹੈ ਕਿ ਖਵਾਜਾ ਮਰਦੂਦ ਨੇ ਜੋ ਦਿੱਲੀ ਤੋਂ ਹੋਰ ਕੁਮਕ ਮੰਗ ਘੱਲੀ ਸੀ, ਸੋ ਫੌਜ ਹੁਣ ਆ ਰਹੀ ਹੈ। ਆਪ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਦਲ ਇਸ ਦਲ ਨਾਲ ਆ ਰਲੇਗਾ। ਉਸਨਾਲ ਬੇਓੜਕਾ ਸਾਮਾਨ ਹੈ, ਆਪ ਆਪਣਾ ਪ੍ਰਬੰਧ ਛੇਤੀ ਕਰ ਲਓ' ਇਹ ਕਹਿ ਸਿਰ ਝੁਕਾ ਉਹ ਵਿਦਾ ਹੋਇਆ। ਗੁਰੂ ਜੀ ਨ ਸੋਚਿਆ ਕਿ ਪਿਛੇ ਤਾਂ ਬੇਹੱਦ ਸੈਨਾਂ ਤੁਰਕਾਂ ਤੇ ਪਹਾੜੀਆਂ ਦੀ ਛੇੜਾਂ ਸਣੇ ਸਾਡਾ ਪਿੱਛਾ ਕਰਦੀ ਆ ਰਹੀ ਹੈ ਤੇ ਅਗੋਂ ਹੋਰ ਟਿੱਡੀ ਦਲ ਫੌਜਾਂ ਤੇ ਵਹੀਰਾਂ ਦਾ ਆ ਰਿਹਾ ਹੈ। ਇਤਨੀ ਦੁਵੱਲੋਂ ਆਈ ਸੈਨਾਂ ਦੇ ਹਥੋਂ ਕੱਟ ਮਰਨਾ ਬੀ ਸ਼ੁਭ ਨਹੀਂ, ਨਾ ਹੀ ਜੰਗ ਦੇ ਦਾਵ ਘਾਵਾਂ ਦੇ ਅਨਕੂਲ ਹੈ ਕਿ ਰੜੇ ਮੈਦਾਨ ਢਾਲੀਆਂ ਆਦਮੀਆਂ ਨਾਲ ਲੱਖਾਂ ਦੇ ਘੇਰੇ ਵਿਚ ਆ ਜਾਈਏ। ਸੋ ਆਪ ਨੇ ਆਪਣਾ ਰੁਖ ਬਦਲਿਆ, ਲਗਾਮ ਹੋਰ ਪਾਸੇ ਮੋੜੀ। ਚਲਦੇ ਚਲਦੇ ਚਮਕੌਰ ਨਾਮੇਂ ਪਿੰਡ ਪਾਸ ਆਏ। ਇਥੇ ਉੱਚਾ ਥਾਂ ਹੈਸੀ ਅਰ ਇਕ ਕੱਚੀ ਗੜ੍ਹੀ ਬੀ ਹੈਸੀ ਜੋ ਹੁਣ ਹਵੇਲੀ ਦੀ ਸ਼ਕਲ ਵਿਚ ਸੀ। ਇਸ ਦੇ ਦੋ ਭਰਾ ਮਾਲਕ ਸਨ—ਇਕ ਜ਼ਬਰਦਸਤ ਸੀ ਤੇ ਇਕ ਕਮਜ਼ਰ ਜਿਸ ਨੂੰ ਜਰਵਾਣਾ ਭਰਾ ਤੰਗ ਕਰਿਆ ਕਰਦਾ ਸੀ। ਪਿੰਡ ਦੇ ਲਾਗ ਅੱਪੜ ਕੇ ਆਪ ਨੇ ਇਕ ਬਾਗ਼ ਵਿਚ ਡੇਰਾ ਕੀਤਾ। ਦੋ ਸਿੰਘ ਗੜ੍ਹੀ ਦ ਮਾਲਕਾਂ ਨੂੰ ਸੱਦਣ ਗਏ ਤੇ ਇਧਰ ਪੰਜ ਸਿੰਘ ਪਿਛੋਂ ਰੋਪੜ ਤੋਂ ਘੋੜੇ ਸਰਪੱਟ ਭਜਾਈ ਆ ਪਹੁੰਚੇ। ਏਹਨਾਂ ਸਿੰਘਾਂ ਨੇ ਆਕੇ ਦੱਸਿਆ ਕਿ ਪਾਤਸ਼ਾਹ! ਆਪ ਨੂੰ ਪਤਾ ਹੀ ਹੈ ਕਿ ਗੁਰੂ ਮਾਰੇ ਸਰਸੇ ਨਾਲੇ ਨੇ ਸ੍ਰੀ ਜੀ ਦੇ ਦਰਜਾ ਪਾਰ ਹੋਣ ਨੂੰ ਕਿੰਨਾਂ ਰੋਕਿਆ? ਉਥੋਂ ਸਾਹਿਬ ਅਜੀਤ ਸਿੰਘ ਕੀਕੂੰ ਤੁਰਕਾਂ ਨਾਲ ਲੜਦੇ ਭਿੜਦੇ ਰੋਕਦੇ ਆਪ ਪਾਸ ਅੱਪੜੇ ਸਨ! ਮਗਰੋਂ ਜਿਤਨੇ ਸਿੰਘ ਆਪ ਤੋਂ ਹਠ ਨਾਲ ਆਗਿਆ ਲੈਕੇ ਸਾਹਿਬਜ਼ਾਦੇ ਦੀ ਸਹਾਇਤਾ ਵਾਸਤੇ ਉਥੇ ਰਹੇ ਸੋ, ਸੋ ਸਾਰੇ ਤੁਰਕਾਂ ਨਾਲ ਅਨੇਕ ਦਾਵਾਂ ਤੇ ਘਾਵਾਂ ਸੂਰਬੀਰਤਾ ਨਾਲ ਲੜਦੇ ਰਹੇ ਅਰ ਫੇਰ ਦਿਰ ਤੁਰਕ ਦਲ ਨੂੰ ਹੁਝਾਈ ਰਖਿਆ, ਅਖੀਰ ਸਾਰੇ ਸ਼ਹੀਦ ਹੋ ਗਏ, ਸਾਹਿਬਜ਼ਾਦੇ ਨੂੰ ਓਹ ਆਪ ਵਲ ਟੋਰ ਹੀ ਚੁਕੇ ਸੇ। ਸਾਨੂੰ ਭੀ ਫੱਟ ਲਗੇ ਹਨ, ਪਰ ਸਾਨੂੰ ਜਥੇਦਾਰ ਨੇ ਕੁਛ ਪਹਿਲੋਂ ਆਪ ਵਲ ਦੜਾ ਦਿਤਾ ਸੀ ਕਿ ਸਾਰਾ ਹਾਲ ਆਪ ਤਕ ਪਹੁੰਚ ਜਾਵੇ ਕਿ ਹੁਣ ਪਿਛੇ ਵੈਰੀ ਦੇ ਦਲ ਅਗੇ ਰੋਕ ਕੋਈ ਨਹੀਂ ਹੈ ਅਰ ਉਹ ਬੇਮੁਹਾਰ ਆ ਰਿਹਾ ਹੈ ਤੇ ਆਪ ਹੁਣ ਇਸ ਅਨੁਸਾਰ ਆਪਣਾ ਅਗਲਾ ਮਨਤੱਵ ਥਾਪ ਲਵੋ। ਮਾਤਾ ਜੀ ਹਾਲੇ ਰੋਪੜ ਉਸ ਸਿਖ ਦੇ ਘਰ ਲੁਕ ਰਹੇ ਹਨ ਜਿਸ ਦਿੱਲੀ ਦੇ ਸਿਖ ਨੂੰ ਆਪ ਨੇ ਆਗਿਆ ਕੀਤੀ ਸੀ ਕਿ ਰੋਪੜ ਆਪਣੇ ਸੰਬੰਧੀਆਂ ਦੇ ਘਰ ਜਾ ਲੁਕਾਵੇ। ਤੇ ਉਨ੍ਹਾਂ ਦੇ ਸਲਾਮਤੀ ਨਾਲ ਦਿੱਲੀ ਅੱਪੜਨ ਦਾ ਪ੍ਰਬੰਧ ਹੋ ਗਿਆ ਹੈ। ਵਡੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਗੰਗੂ ਸੁਣਿਆਂ ਹੈ ਕਿ ਆਪਣੇ ਨਾਲ ਲੈ ਗਿਆ ਹੈ। ਸਾਨੂੰ ਇਕ ਦਰਦੀ ਆਦਮੀ ਜਾਂਦਾ ਮਿਲਿਆ ਹੈ, ਜਿਸ ਦੱਸਿਆ ਹੈ ਕਿ ਪਾਤਸ਼ਾਹੀ ਕੁਮਕ ਦੀ ਟਿੱਡੀ ਦਲ ਸੈਨਾਂ ਅਗੋਂ ਹੋਰ ਆ ਰਹੀ ਹੈ, ਸੋ ਪਾਤਸ਼ਾਹ, ਸਚੇ ਪਾਤਸ਼ਾਹ! ਜਿਵੇਂ ਸ੍ਰੀ ਜੀ ਦੀ ਰਜ਼ਾ ਹੋਵੇ! ਤੁਰਕਾਂ ਤੇ ਪਹਾੜੀਆਂ ਝੂਠੀਆਂ ਸੁਰੰਧਾਂ ਖਾਧੀਆਂ ਤੇ ਹੁਣ ਸਹੁੰਵਾਂ ਭੰਨਕੇ ਦਗ਼ੇ ਨਾਲ ਹਾਨੀ ਕਰਨ ਆ ਰਹੇ ਹਨ। ਪਾਪੀਆਂ ਨੂੰ ਪਾਪ ਨਾਸ਼ ਕਰੇਗਾ, ਪਰ ਇਸ ਹਨੇਰੀ ਅਗੇ ਕੁਛ ਕਰ ਲਈਏ, ਸਮਾਂ ਥੋੜਾ ਹੈ।

ਸ੍ਰੀ ਗੁਰੂ ਜੀ—ਅੱਠ ਦਿਨ ਹੋਰ—ਅੱਠ ਦਿਨ—ਆਖਿਆ ਸੀ—ਕਸ਼ਟ ਝੱਲੋ, ਅੱਠ ਦਿਨ ਦੀ ਵਿਉਂਤ ਸੀ, ਜਿਸ ਨੇ ਕਿਸੇ ਸਿੱਟੇ ਤੇ ਅਪੜਾਉਣਾ ਸੀ, ਪਰ ਸਿੱਖਾਂ ਦੇ ਸੈਨਾਂ ਨੇ ਨਾ ਮੰਨੀ। ਆਖਣ ਲੱਗੇ: 'ਕਸਮਾਂ ਤੇ ਇਤਬਾਰ ਨਾ ਕਰੋ' ਪਰ ਨਾ ਮੰਨਿਓ ਨੇ। ਚੰਗਾ, ਹੋ ਬੀਤੀ, ਸੋ ਹੋ ਬੀਤੀ। ਹੁਣ ਬਸ ਇਥੇ ਹੀ ਮੈਦਾਨ ਮੱਲ ਦੇਣਾ ਹੈ, ਇਹੀ ਇਕੋ ਰਸਤਾ ਹੈ।

ਇੰਨੇ ਨੂੰ ਗ੍ਰਾਮ ਗਏ ਸਿਖ ਆ ਗਏ, ਗੜ੍ਹੀ ਦੇ ਦੋ ਮਾਲਕ ਨਾਲ ਲੈ ਆਏ। ਜ਼ਬਰਦਸਤ ਨੇ ਕਿਹਾ: "ਮੈਂ ਨਹੀਂ ਵਿਚ ਵਜ਼ਨ ਦੇਣਾ"। ਲਿੱਸੇ ਨੇ ਕਿਹਾ: "ਮੇਰੀ ਵਲੋਂ ਖੁੱਲ੍ਹ ਹੈ, ਰੁਪੱਯੇ ਦਾ ਲੋੜਵੰਦ ਹਾਂ, ਦਿਓ ਤਾਂ ਸਾਂਭ ਲਓ"। ਟੱਲ ਕੀ ਇਸ ਮਾਲਕ ਨੇ ਗੜ੍ਹੀ ਦੇ ਬੂਹੇ ਖੋਲ੍ਹ ਦਿੱਤੇ, ਮਾਇਆ ਵਿੱਤੀ ਗਈ। ਜਦੋਂ ਗੁਰੂ ਜੀ ਸਿਖਾਂ ਸਮੇਤ ਅੰਦਰ ਵੜੇ

ਤਾਂ ਦੂਸਰਾ ਮਾਲਕ ਆਪੇ ਹੀ ਗੜ੍ਹੀ ਖਾਲੀ ਕਰ ਕੇ ਛੋੜ ਕੇ ਟੁਰ ਗਿਆ। ਸਿੱਖਾਂ ਨੇ ਹੁਣ ਇੱਥੇ ਮੋਰਚੇ ਬੰਦੀ ਕਰ ਲਈ। ਅੱਠ ਅੱਠ ਸਿੱਖ ਇਕ ਇਕ ਬਾਹੀ ਤੇ ਬਾਪੇ, ਜੋ ਵੈਰੀ ਨੂੰ ਤੀਰਾਂ ਗੋਲੀਆਂ ਦੀ ਬੁਛਾੜ ਨਾਲ ਨੇੜੇ ਨਾ ਆਉਣ ਦੇਣ। ਭਾਈ ਦਇਆ ਸਿੰਘ, ਭਾਈ ਮਾਂਝ ਸਿੰਘ, ਸਾਹਿਬਜ਼ਾਦੇ ਤੇ ਆਪ ਉਪਰਲੀ ਅਟਾਰੀ ਵਿਚ ਗਏ, ਕੋਠਾ ਸਿੰਘ ਤੇ ਮਦਨ ਸਿੰਘ ਦਰਵਾਜ਼ੇ ਦੀ ਰਾਖੀ ਤੇ ਤੁਫੰਗ ਆਦਿ ਦੇ ਕੇ ਬਾਪੇ, ਇਸ ਤਰ੍ਹਾਂ ਚਾਲੀ ਸਿੰਘ ਜੋ ਗੜ੍ਹੀ ਵਿਚ ਆਏ ਸਨ, ਆਪੇ ਆਪਣੀ ਥਾਂ ਲਗ ਗਏ। ਜਿੰਨਾਂ ਦਾਰੂ ਸਿੱਕਾ, ਤੀਰ ਤੁਫੰਗ ਤੇ ਸ਼ਸਤ੍ਰ ਸਨ ਉਹ ਬੀ ਵੰਡੇ ਗਏ। ਇਸ ਵੇਲੇ ਬੀ ਉਸ ਚੜ੍ਹਦੀਆਂ ਕਲਾਂ ਦੇ ਪਾਤਸ਼ਾਹ ਦੀ ਸੁਰਤਿ ਝੱਵੀਂ ਨਹੀਂ, ਉਸੇ ਰੰਗ ਸ਼ੇਰ ਦਿਲ ਸਨ। ਪਿਆਰਿਆਂ ਨੂੰ ਆਖਣ ਲੱਗੇ: 'ਦੇਖੋ! ਜੇ ਸਿੱਖ ਅਨੰਦਪੁਰ ਹੁਕਮ ਮੰਨਦੇ ਤਾਂ ਇਹ ਵੇਲੇ ਨਾ ਆਉਂਦੇ, ਸੋ ਕਾਹਲੇ ਲੋਕ ਬਾਹਲੇ ਮਾਰੇ ਗਏ, ਕਿਸੇ ਨੂੰ ਬਚਾਉ ਦਾ ਰਾਹ ਬੀ ਨਹੀਂ ਲੱਭਾ। ਕੁਛ ਨਿਕਲੇ ਹੋਸਣ। "'ਤੁਰਕ ਤੇ ਹਿੰਦੂ ਕਸਮਾਂ ਹਾਰ ਗਏ। ਮੇਰਾ ਪੰਥ ਕਦੇ ਧਰਮ ਹੀਨਾਂ ਦੀ ਸਹੁੰ ਤੇ ਨਾ ਪਤੀਜੇ। ਹਿੰਦੂ ਨਿਤਾਣੇ ਹੋ ਚੁਕੇ ਹਨ, ਗ਼ੁਲਾਮੀ ਵਿਚ ਸਦੀਆਂ ਲੰਘਾ ਚੁਕੇ ਹਨ, ਤੁਰਕ ਰਾਜ ਮਦ ਵਿਚ ਆ ਆਪਾ ਭੁੱਲ ਗਏ ਹਨ, ਜ਼ੁਲਮ ਕਰਦੇ ਤੇ ਧਨ ਨਾਲ ਮੌਜਾਂ ਮਾਣਦੇ ਸਦਾਚਾਰ ਤੋਂ ਗਿਰ ਰਹੇ ਹਨ। ਪਾਤਸ਼ਾਹ ਨੇ ਕਤਲ, ਤਅੱਸਬ ਤੇ ਜ਼ੁਲਮ ਨਾਲ ਪਿਆਰ ਪਾਇਆ ਹੈ, ਇਨ੍ਹਾਂ ਦਾ ਧਰਮ ਗਿਰ ਚੁੱਕਾ ਹੈ, ਏਹ ਸਭ ਹੁਣ ਤਬਾਹ ਹੋ ਜਾਣਗੇ, ਏਡੇ ਸਮੇਂ ਦੀ ਗੱਲ ਹੈ।

ਹਾਂ, ਤੁਸੀਂ ਹੁਣ ਇਕ ਮੁੱਠੀ ਭਰ ਰਹਿ ਗਏ ਹੋ, ਕੋਈ ਰਸਤਾ ਫਤਹ ਦਾ ਯਾ ਵੈਰੀ ਤੋਂ ਮਾਰ ਨ ਖਾਣ ਦਾ ਜ਼ਾਹਰਾ ਹੈ ਨਹੀਂ, ਕੋਈ ਰਸਤਾ ਨਿਕਲ ਜਾਣ ਦਾ ਨਹੀਂ। ਪਰ ਤੁਸੀਂ ਜੀਉਂਦੇ ਬੰਦੇ ਹੋ, ਬੀਰਾਂ ਵਾਂਙ ਲੜਨਾ ਹੈ, ਟਿੱਡੀ ਦਲ ਸੈਨਾਂ ਜੋ ਦੇ ਦਿਸ਼ਾ ਤੋਂ ਆ ਰਹੀ ਹੈ, ਉਸਨੂੰ ਅੱਜ ਲੋਹਾ ਕਰਕੇ ਦੱਸਣਾ ਹੈ। ਅੱਜ ਦੱਸਣਾ ਹੈ ਕਿ ਧਰਮ ਨਾਲ ਜੀ ਉਠੇ ਬੰਦੇ ਕੀਹ ਹੁੰਦੇ ਹਨ? ਹਾਂ ਜੀਉਂਦੇ ਬੰਦੇ ਰੱਬ ਨੂੰ ਯਾਦ ਕਰਦੇ ਹਨ, ਸੱਚ ਉਤੇ ਸ਼ਹੀਦ ਹੁੰਦੇ ਹਨ, ਜਾਨ ਪਰ ਹੱਸ ਹੱਸ ਕੇ ਖੇਲਦੇ ਹਨ, ਮਰਦੇ ਹਨ, ਪਰ ਮਰ ਕੇ ਜੀਉਂਦੇ ਹਨ। ਇਹ ਦਿੱਸਦਾ ਹੈ ਕਿ ਅਸੀਂ ਮੌਤ ਦੇ ਮੂੰਹ ਵਿਚ ਹਾਂ, ਪਰ ਅਸਾਂ ਅੱਜ ਮੌਤ ਦੇ ਦੰਦ ਭੰਨ ਕੇ ਦੱਸਣੇ ਹਨ। ਅਸਾਂ ਮਰਨਾ ਨਹੀਂ, ਅਸੀਂ ਜੀਉਣਾ ਹੈ। ਅਸੀਂ ਚਾਹੇ ਸਾਰੇ ਕੱਟ ਮਰ ਜਾਈਏ, ਪਰ ਅਸੀਂ ਜੀਵਾਂਗੇ। ਸਾਨੂੰ —ਚਾਹੇ ਮੂਰਖ ਕਹਿਣਗੇ ਕਿ—ਤੁਰਕਾਂ ਮਾਰ ਲਿਆ, ਪਰ ਅਸੀਂ ਹਾਰੇ ਹੋਏ ਨਹੀਂ ਹੋਵਾਂਗੇ। ਜੋ ਸਾਡੀ ਜ਼ਾਹਰਾ ਹਾਰ ਦਿੱਸੇਗੀ, ਇਹ ਸਾਡੀ ਜਿੱਤ ਹੋਊ, ਫਤਹ ਹੋਊ। ਅਸੀਂ ਹਾਰ ਨਹੀਂ ਮੰਨਣੀ, ਈਨ ਨਹੀਂ ਕੱਢਣੀ, ਸ਼ਰਨ ਨਹੀਂ ਪੈਣਾ। ਅਸੀਂ ਸੱਚੇ ਹਾਂ, ਸੱਚ ਉਤੇ ਖੜੇ ਹਾਂ, ਅਸੀਂ ਸੁਤੰਤ੍ਰਤਾ ਦੇ ਪਾਸੇ ਹਾਂ ਅਸਾਂ ਅੰਤ ਤਕ ਆਪਣੇ ਸੱਚ ਉੱਤੇ ਲੜਨਾ ਹੈ। ਧਰਮ ਨੂੰ, ਸੱਚ ਨੂੰ, ਅਸਲ ਨੂੰ, ਅਸੂਲ ਨੂੰ ਅਸਾਂ ਨਹੀਂ ਛੋੜਨਾ। ਅਸਾਂ ਸੱਚ ਤੇ ਸ਼ਹਾਦਤ ਦੀ ਕੀਰਤੀ ਜਗਤ ਵਿਚ ਛੱਡਣੀ ਹੈ। ਅਸੀਂ ਖਾਲਸਾ ਹਾਂ, ਅਸਾਂ ਖਾਲਸਾ ਰਹਿਣਾ ਹੈ, ਮੌਤ ਖਾਲਸਾ ਨੂੰ ਨਹੀਂ ਮਾਰ ਸਕਦੀ। ਨਾ ਤੌਖਲਾ ਕਰੋ ਕਿ ਸਾਡੇ ਅੱਜ ਕੱਟ ਮਰਨ ਨਾਲ ਖਾਲਸਾ ਕੱਟ ਮਰੇਗਾ। ਖਾਲਸਾ ਅਮਰ ਹੈ, ਇਹ ਆਦਰਸ਼ ਜੀਵੇਗਾ। ਸੋ ਅੱਜ ਕਾਇਰਾਂ ਨੂੰ, ਮੂਰਖਾਂ ਨੂੰ, ਦਾਨਿਆਂ ਨੂੰ, ਸੱਜਣਾਂ ਨੂੰ, ਵੈਰੀਆਂ ਨੂੰ ਦੱਸ ਦਿਓ ਕਿ ਖਾਲਸਾ ਕੀ ਹੁੰਦਾ ਹੈ? ਤੁਸੀਂ ਸਾਰੇ ਸਿੱਖ ਹੋ, ਤੁਸੀਂ ਸਾਰੇ ਪੁੱਤ੍ਰ ਹੋ, ਤੁਸੀਂ ਸਾਰੇ ਖਾਲਸਾ ਹੋ,ਅੱਜ ਤੁਸਾਂ ਨੇ 'ਖਾਲਸਾ' ਨੂੰ ਲਹੂ ਸਿੰਜ ਕੇ ਬਚਾ ਜਾਣਾ ਹੈ। ਜੇ ਆਪ ਬਚ ਨਿਕਲੇ ਰਾਜ ਤੁਸਾਡਾ ਹੈ, ਜੇ ਸ਼ਹੀਦ ਹੋ ਗਏ ਤਾਂ ਅੱਗੇ ਰੱਬੀ ਰਾਜ ਤੁਸਾਡਾ ਹੈ!

ਇਸ ਤਰ੍ਹਾਂ ਤਿਆਰੀ ਕਰਦਿਆਂ ਰਾਤ ਆ ਗਈ, ਕੁਛ ਸਿੰਘ ਵਾਰੋ ਵਾਰੀ ਪਹਿਰਾ ਦੇਂਦੇ ਰਹੇ- ਤੇ ਗੁਰੂ ਜੀ ਤੇ ਸਾਹਿਬਜ਼ਾਦੇ ਤੇ ਵਾਰੀ ਦੇ ਚੁਕੇ ਸਿੰਘ ਵਾਰੋ ਵਾਰੀ ਕੁਛ ਥੋੜਾ ਥੋੜਾ ਸੌਂਦੇ ਰਹੇ, ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਪਾਠ ਹੋ ਗਿਆ।

ਜੋ ਕੁਮਕ ਦੀਸੈਨਾਂਦਿੱਲੀ ਤੋਂ ਆ ਰਹੀਸੀ ਉਨ੍ਹਾਂਨੂੰ ਪਤਾ ਲੱਗ ਚੁਕਾ ਸੀ ਕਿ ਗੁਰੂ ਜੀ ਚਮਕੌਰ ਹਨ। ਉਨ੍ਹਾਂ ਦੇ ਨਾਲ ਰਲ ਗਏ ਗੁੱਜਰ ਤੇ ਰੰਘੜ ਤੇ ਉੱਪਰੋਂ ਆ ਮਿਲੀ ਉਹ ਸੈਨਾਂ ਜੋ ਅਨੰਦਪੁਰੋਂ ਗੁਰੂ ਜੀ ਦੀ ਢੂੰਡ ਕਰਦੀ ਆ ਰਹੀ ਸੀ। ਸੋ ਇਸ ਰਲਵੇਂ ਘਮਸਾਨ ਨੇ ਹੁਣ ਚਮਕੌਰ ਡੇਰੇ ਆ ਪਾਏ ਤੇ ਘੇਰਾ ਘੱਤਣ ਤੇ

ਗੜ੍ਹੀ ਨੂੰ ਹੱਲਾ ਕਰਕੇ ਲੈ ਲੈਣ ਦੇ ਮਨਸੂਬੇ ਸੋਚਣ ਲੱਗੇ।

੨. [ਪਿਆਰੇ ਨੂੰ ਛਾਵਰ]

ਦਿਨ ਚੜ੍ਹ ਜਦ ਗੜ੍ਹੀ ਦਮਕੌਰ ਦੇ ਦੁਆਲੇ ਧਰਮ ਨੇਮ, ਸੌਹਾਂ ਧਰਮ ਦੀਆਂ ਤੇ ਕਸਮਾਂ ਕੁਰਾਨ ਦੀਆਂ ਹਾਰ ਕੇ ਟਿੱਡੀ ਦਲ ਸੈਨਾ, ਪਹਾੜੀਆਂ, ਲਾਹੌਰ ਦੇ ਫੌਜਦਾਰ ਤੇ ਸਰਹਿੰਦ ਦੇ ਸੂਬੇ ਅਰ ਬੇਅੰਤ ਪਠਾਣ ਤੇ ਤੁਰਕ ਸਰਦਾਰ ਮਲੇਰ ਕੋਟਲੀਆਂ ਵਰਗੇ ਹੱਲੇ ਦੀਆਂ ਤਿਆਰੀਆਂ ਕਰ ਰਹੇ ਸਨ, ਉਸ ਵੇਲੇ ਗੜ੍ਹੀ ਦੇ ਅੰਦਰ ਕੱਲ੍ਹ ਦੀ ਵਿਉਂਤ ਮੂਜਬ ਖਬਰ-ਦਾਰੀ ਹੋ ਰਹੀ ਸੀ। ਮਾਨ ਸਿੰਘ ਤੇ ਆਲਮ ਸਿੰਘ ਗੜ੍ਹੀ ਦੇ ਵਿਚ ਫਿਰਨ ਤੇ ਲੱਗੇ ਹੋਏ ਸਨ। ਉੱਪਰ ਅਟਾਰੀ ਤੇ ਹੇਠਾਂ ਦਰਵਾਜ਼ੇ ਤੇ, ਬਾਹੀਆਂ ਤੇ ਜਿੱਥੇ ਜਿੱਥੇ ਸਿੰਘ ਸੀ ਏਹ ਵਾਹਿਵਾਰੀ ਅੱਪੜਦੇ ਤੇ ਹਾਲ ਚਾਲ ਦੇਖਦੇ, ਜੋ ਲੋੜ ਹੋਵੇ ਪਹੁੰਚਾਉਂਦੇ ਸਨ। ਤੁਰਕ ਸੈਨਾਂ ਨੂੰ ਗਿਰਾਵਾਂ ਦੇ ਲੋਕੀਂ ਮਿਲ ਮਿਲ ਕੇ ਉਤਸ਼ਾਹ ਤੇ ਪਏ ਦਿੰਦੇ। ਮੂਰਖ ਨਹੀਂ ਸਮਝਦੇ ਸੇ ਕਿ ਐਸਾ ਕਰਨ ਵਿਚ ਉਹ ਆਪਣੀ ਗ਼ੁਲਾਮੀ ਦੇ ਜ਼ੰਜੀਰ ਕੱਸ ਰਹੇ ਸਨ। ਹੁਣ ਤੁਰਕ ਇਕ ਦਸਤਾ ਹੱਲੇ ਦਾ ਬਣਾ ਕੇ ਗੜ੍ਹੀ ਕੋਹ ਲੈਣ ਲਈ ਆਏ, ਪਰ ਅੱਗੋਂ ਗੋਲੀਆਂ ਨਾਲ ਐਸਾ ਆਦਰ ਹੋਵੇ ਕਿ ਦੜ ਦੜ ਕਰਦੇ ਡਿੱਗ ਪੈਣ। ਇਸ ਤਰ੍ਹਾਂ ਜਿੰਨੀ ਵੇਰ ਜੋ ਦਸਤੇ ਦਰਵਾਜ਼ੇ ਵੱਲ ਆਏ, ਤੀਰਾਂ ਤੇ ਬਾਰੂਦ ਦੇ ਭੁਬਾਕਿਆਂ ਤੇ ਗੋਲੀਆਂ ਦਾ ਸ਼ਿਕਾਰ ਹੋਏ। ਕੁਛ ਮੋਏ, ਕੁਛ ਜ਼ਖਮੀ ਤੇ ਕੁਛ ਘਾਬਰ ਕੇ ਨੱਸ ਟੁਰੇ। ਫੇਰ ਦੁਸ਼ਮਨ ਦਲ ਵਲੋਂ ਚੁਫੇਰਿਓਂ ਘਰਾਂ ਦੇ ਉਹਲੇ ਉਹਲੇ ਆ ਕੇ ਗੜ੍ਹੀ ਤੇ ਚੜ੍ਹਨ ਦਾ ਜਤਨ ਹੋਇਆ। ਇਸ ਵੇਲੇ ਉਤੋਂ ਚਾਰੋਂ ਬਾਹੀਆਂ ਤੋਂ ਸਿੰਘਾਂ ਨੇ ਤੀਰਾਂ ਨਾਲ ਸਭ ਪ੍ਰੇ ਘੱਤੇ। ਇਸ ਤਰ੍ਹਾਂ ਜਦ ਘੋਰ ਕਟਾ ਵੱਢ ਹੋ ਕੇ ਨੁਕਸਾਨ ਹੋਇਆ ਤਾਂ ਬਿਲਾਸ ਪੁਰੀਏ ਤੇ ਹੋਰ ਰਾਜੇ ਤੇ ਸੈਨਾਪਤ ਖ਼ਾਜਾ ਮਰਦੂਦ ਤੇ ਸੂਬੇ ਸਲਾਹਾਂ ਕਰਨ ਲੱਗੇ। ਪਹਿਲੇ ਤਾਂ ਉਹਨਾਂ ਦਾ ਖਿਆਲ ਸੀ ਕਿ ਗੜ੍ਹੀ ਦੇ ਅੰਦਰ ਕੋਈ ਦਸ ਵੀਹ ਜੋਧੇ ਹਨ, ਪਰ ਹੁਣ ਲੋਕਾਂ ਤੋਂ ਫੇਰ ਪੁੱਛ ਹੋਈ ਤਾਂ ਕਿਸੇ ਦੱਸਿਆ ਕਿ ਪੰਜਾਹ ਸੱਠ, ਹਦ ਸੱਤਰ ਸਿੰਘ ਹੋਣਗੇ, ਪਰ ਕਈਆਂ ਨੇ ਇਹ ਦੱਸਿਆ ਕਿ ਰਾਤ ਨੂੰ ਹੋਰ ਸੈਨਾਂ ਨਵੀਂ ਆਈ ਹੈ, ਜੋ ਅੱਧੀ ਰਾਤ ਤੋਂ ਮਗਰੋਂ ਸ਼ਬਦ ਗਾਉਂਦੀ ਕਿਲ੍ਹੇ ਵਿਚ ਗਈ ਹੈ, ਉਹ ਢੇਰ ਸਾਰੀ ਸੀ, ਪਤਾ ਨਹੀਂ ਕਿੰਨੀ ਸੀ*। ਖਿਜ਼ਰਖਾਂ ਨੇ ਕਿਹਾ: ਬਈ ਸਰਦਾਰੋ ਇਹ ਜੋ ਸਾਡਾ ਨੁਕਸਾਨ ਹੋ ਰਿਹਾ ਹੈ ਤੇ ਕੁਰੂ ਸਾਡੇ ਹੱਥ ਵੇਲ ਨੂੰ ਲੱਗੇ ਫਲ ਵਾਂਙੂ ਸੁਖਾਲਾ ਨਹੀਂ ਆ ਰਿਹਾ, ਇਹ ਅਚਰਜ ਗੱਲ ਨਹੀਂ, ਉਹ ਜੋਧਾ ਹੈ ਅਰ ਸਾਹਿਬ ਕਸ਼ਫ ਸੁਣੀਂਦਾ ਹੈ। ਅਨੰਦ ਪੁਰ ਸੱਤ ਅੱਠ ਮਹੀਨੇ ਸਾਡਾ ਘੇਰਾ ਰਿਹਾ ਹੈ, ਉਸ ਦੀ ਆਨ ਬਾਨ ਝੁੰਵੀਂ ਨਹੀਂ, ਉਸ ਨੇ ਹੇਠਲਾ ਦਾਉ ਨਹੀਂ ਖਾਧਾ, ਹਾਰ ਨਹੀਂ ਮੰਨੀ, ਈਨ ਨਹੀਂ ਲਈ, ਫੇਰ ਨਿਕਲਿਆ ਹੈ ਤਾਂ ਸਾਡੀਆਂ ਕਸਮਾਂ ਤੇ ਸੁਗੰਦਾਂ ਤੇ ਭਰੋਸਾ ਕਰਕੇ। ਅਸਾਂ ਇਸ ਨੀਤੀ ਕਰਕੇ ਕਿ ਵੈਰੀ ਨੂੰ ਦਗ਼ੇ ਨਾਲ ਬੀ ਮਾਰ ਲੈਣਾ ਚਾਹੀਏ, ਆਪਣਾ ਕੌਲ ਤੋੜਿਆ ਹੈ। ਏਥੇ ਬੀ ਅਸਾਂ ਹੀ ਆਕੇ ਹੱਲਾ ਕੀਤਾ ਹੈ ਪਰ ਉਹ ਦੇਖੇ ਦੇਖ ਨਹੀਂ ਖਾਂਦਾ, ਉੱਤੋਂ ਅਟਾਰੀ ਤੋਂ ਵੇਖਦਾ ਹੋਊ ਕਿ ਟਿੱਡੀ ਦਲ ਸੈਨਾਂ ਘੇਰਾ ਪਾਈ ਖੜੀ ਹੈ, ਕੋਹਾਂ ਵਿਚ ਘੇਰਾ ਪਿਆ ਹੈ, ਪਰ ਦੇਖੋ ਮਰਦਾਂ ਦਾ ਮਰਦ ਹੈ, ਹਾਰ ਨਹੀਂ ਮੰਨਦਾ, ਉੱਸੇ ਤਰ੍ਹਾਂ ਡਟਿਆ ਖੜਾ ਹੈ। ਫਿਰ ਉਸ ਦੀ ਧਾਰਮਕ ਆਨ, ਉਸ ਦੀ ਬੀਰਤਾ ਵਾਲੀ ਲੜਾਈ, ਸੂਰਮ-ਗਤੀ ਦਾ ਅਸੂਲ ਤੱਕੋ, ਕੋਈ ਗੱਲ ਦਾਉ ਫਰੇਬ ਦੀ ਨਹੀਂ ਕਰਦਾ। ਇਸ ਵੇਲੇ ਜੇ ਅਟਾਰੀ ਤੋਂ ਤੀਰ ਮਾਰੇ ਤਾਂ ਦੂਰ ਦੂਰ ਤੱਕ ਸਾਨੂੰ ਵਿੰਨ ਸੱਟੇ ਪਰ ਔਹ ਤੱਕੋ ਉੱਸੇ ਦਸਤੇ ਉੱਤੇ ਅਟਾਰੀ ਤੋਂ ਤੀਰ ਆਉਂਦਾ ਹੈ, ਜਿਸ ਦਸਤੇ ਵਲੋਂ ਕਿ ਗੜ੍ਹੀ ਉੱਤੇ ਹੱਲਾ ਹੁੰਦਾ ਹੈ, ਇਹ ਅਸਲੀ ਬੀਰਤਾ ਦਾ ਜੁੱਧ ਹੈ। ਇਹ ਹੈ ਸੂਰਮਗਤੀ। ਬਾਕੀ ਰਹੀ ਹਾਰ ਕਿ ਜਿੱਤ, ਜਿੱਤ ਸਾਡੀ ਹੈ, ਅਸੀਂ ਬੇਓੜਕੇ ਹਾਂ, ਉਹ ਥੋੜੇ ਹਨ, ਗੜ੍ਹੀ ਨਿਕੀ ਹੈ, ਕਿੰਨੇ ਕੁ ਦਿਨ ਕੱਢੇਗਾ? ਰਸਦ ਅੰਦਰ ਥੋਹੜੀ ਹੈ, ਸਾਮਾਨ ਜੰਗ ਥੋਹੜਾ ਹੈ, ਬੜੀ ਹੋਊ ਚਾਰ ਦਿਨ, ਸੋ ਕਾਹਲੇ ਨਾ ਹੋਵੋ ਕਸਮ ਤਾਂ ਹਾਰੀ ਹੈ,ਪਰ ਜੰਗ ਤਾਂ ਕਰੋ,ਹਾਂ ਕਰੋ ਪਰ ਕਿਸੇਰੁਖ ਨਾਲ। ਜ਼ਰਾ ਗੁਰੂ ਨੂੰ ਬੀ ਹੁਣ ਖੇਡ ਮੱਲ ਲੈਣ ਦਿਓ। ਜ਼ਿੰਦਗੀ ਦੇ ਦਿਨ ਮੁੱਕ ਚੁਕੇ ਹਨ, ਇਕ ਕਿ ਦੋ,ਉਸ ਦੀ ਮਰਦਾਨਗੀ ਦੇ ਅਖਾੜੇ ਵਿਚ ਨਿੱਤਰੋ। ਆਖਰ ਜਿਨ੍ਹਾਂ ਨੂੰ ਇਸ ਵੇਲੇ ਨਿਸ਼ਚੇ ਮੌਤ ਸਾਹਮਣੇ ਦਿੱਸ ਰਹੀ ਹੈ, ਓਹ ਤੁਹਾਡਾ ਲਿਹਾਜ਼ ਕਰਕੇ ਕੀਕੂ

*ਇਹ ਉਹਨਾਂ ਨੇ ਪਾਠ ਕੀਰਤਨ ਤੋਂ ਖਿਆਲ ਕੀਤਾ ਸੀ।

ਲੜਨਗੇ ? ਪਰ ਫਿਰ ਆਫਰੀਨ ਹੈ ਉਸ ਆਨ ਦੇ ਕਿ ਹੱਲਾ ਕਰਨ ਵਾਲੇ ਦਸਤੇ ਤੋਂ ਬਿਨਾਂ ਕਿਸੇ ਵੱਲ ਉਨ੍ਹਾਂ ਦਾ ਤੀਰ, ਗੋਲੀ ਬਾਰੂਦ ਦਾ ਭਬਾਕਾ ਨਹੀਂ ਪੈਂਦਾ, ਤੁਸੀਂ ਬੀ ਕੁਛ ਕਰਕੇ ਦਿਖਾਓ, ਆਖਰ ਸੂਰਮੇ ਹੋ।

ਇਸ ਤਰ੍ਹਾਂ ਦੇ ਵਿਚਾਰ ਦੇ ਮਗਰੋਂ ਇਕ ਭਾਰੀ ਦਸਤਾ ਅੱਗੇ ਹੋਇਆ । ਗੁਰੂ ਜੀ ਇਸ ਵੇਲੇ ਅਟਾਰੀ ਦੀ ਦਰੀਚੀ ਦੇ ਪਿੱਛੇ ਬੈਠੇ ਸਨ, ਦਰੀਚੀ ਵਿਚੋਂ ਉਨ੍ਹਾਂ ਦੀ ਕਲਗੀ ਜਿਗ੍ਹਾ ਦੀ ਝਲਕ ਕਿਸੇ ਕਿਸੇ ਵੇਲ ਬਾਹਰ ਵੱਜਦੀ ਸੀ, ਉੱਚੀਂ ਤੱਕ ਤੱਕ ਕੇ ਮਾਰੇ ਤੀਰ ਵੈਰੀਆਂ ਦੇ ਸੀਨੇ ਵਿੰਨ੍ਹਦੇ ਸਨ। ਤੀਰ ਇਸ ਜ਼ੋਰ ਦੇ ਜਾਂਦੇ ਸਨ ਕਿ ਇਕ ਇਕ ਕਈਆਂ ਦਾ ਤਨ ਵਿੰਨ੍ਹ ਜਾਂਦਾ। ਹਾ ਹੂ ਦਾ ਸ਼ੋਰ ! ਹਮਲਿਆਂ ਤੇ ਹਮਲੇ ਦੇ ਘਮਸਾਨ, ਢੋਲ ਢੁਮੱਕੇ, ਮਾਰੂ ਦੇ ਵਾਜੇ, ਇਕ ਅਨਰਥ ਮਚ ਗਿਆ:—

ਹਲਾ ਹਲੀ ਭਟਜੁੱਟੇ, ਭੜਬੂ ਮੱਚਿਆਂ ਚੜ੍ਹੇ ਦੰਧ ਪੁਰ, ਸੁੱਟੇ, ਮੁੰਡੀਆ ਹੇਠਵੇ। ਕੇਤਿਕ ਪਚ ਪਚ ਹੁੱਟ ਘਾਇਲ ਗਿਰ ਪਰੇ, ਮਰਿਗੇ ਪ੍ਰਾਣ ਨਿਖੁੱਟੇ ਟੱਟਰਿ ਫੁੱਟਕੇ ॥ ੨੯ ॥ ਨੇਜੇ ਬੰਬਲਿਆਲੇ ਤੁੱਟਨ ਤੋੜਤੇ । ਰੁੰਡ ਮੁੰਡ ਬਡ ਢਾਲੇ ਲੋਥੈਂ ਗੁੱਥੀਆਂ। ਪਹੁੰਚੇ ਬੀਰ ਮੁਛਾਲੇ ਨੰਗੇ ਖੜਗ ਲੈ । ਗਹਿਕੇ ਹੱਥੀਂ ਢਾਲੇ ਸਨਮੁਖ ਆਂਵਦੇ ॥ ॥੨੯॥ ਭਿੜੇ ਭੇੜ ਭਟ ਭਾਰੇ ਭਭਕੈਂ ਭੀਖਣਾ। ਭਕ ਭਕ ਘਾਵ ਭਕਾਰੇ ਸ਼ੋਣਤ* ਨਿਕਸਕੇ। ਰਹਿ ਗੇ ਨੈਨ ਉਘਾਰੇ ਮਾਨੋਂ ਦੇਖਦੇ। ਲੋਹੂ ਬਹੇ ਪਨਾਰੇ, ਛਿਤਾਂ† ਰੰਗੀਨ ਕਰਿ ॥ ੩੦ ॥ ਸਿਰ-ਤਲਵਾਏ ਡਿੱਗੇ ਜਿਉਂ ਨਟਬਾਜ਼ੀਆਂ। ਬਸ-ਤਰ ਲੋਹੂ ਭਿਗੇ ਖੇਲਤ ਫਾਗ ਜਿਉਂ। ਧਾਂਇ ਕੰਧ ਸੋਂ ਲੱਗੇ ਘਾਵਨ ਤੇ ਡਰੇ। ਕਿਤਿਕ ਮਾਰ ਪਿਖਿ ਵੈਂਗ ਭੀਰੁ ਭੈ ਕਰੇ ॥ ੩੧ ॥

[ਗੁ: ਪ੍ਰ: ਸੂਰਜ ਰੁਤ ੬–ਭਏ

ਇਸ ਪ੍ਰਕਾਰ ਜਦ ਜਦ ਹੱਲਾ ਕਰਨ ਆਏ ਤਾਂ ਸਿੰਘਾਂ ਵੱਲੋਂ ਬਰੂਦ ਦੇ ਚੱਲੇ ਪਲੀਤੇ ਤੋਂ, ਵਿਚ ਵਿਚ ਚੱਲੀ ਗੋਲੀ ਤੋਂ, ਦਬਾਦਬ ਵੱਸਦੇ ਤੀਰਾਂ ਤੋਂ, ਉਤੋਂ ਗੁਰੂ ਸਾਹਿਬ ਜੀ ਦੇ ਚਲਦੇ ਤਿੱਖੇ ਤੀਰਾਂ ਤੋਂ, —ਜਿੰਨੀ ਵੇਰ ਵੈਰੀ ਦੇ ਹੱਲੇ ਹੋਏ—ਭਾਰੀ ਨੁਕਸਾਨ ਨਾਲ ਪਸਪਾ ਹੋਏ। ਦਰਵਾਜ਼ੇ ਵੱਲ ਆਏ ਤਾਂ ਮਾਰ ਖਾ ਪਿੱਛੇ ਹਟੇ, ਜੇ ਬਾਹੀਆਂ ਵੱਲੋਂ ਆਏ ਤਾਂ ਤੀਰ ਦਾ ਨਿਸ਼ਾਨਾ ਹੋ ਵੱਠੇ,ਜੇ ਕਿਸੇ ਲਾਂਭੇ ਵੱਸਦੇ ਤੀਰਾਂ ਵਿਚ ਪੈਂਦੀ ਲਾ ਚੜ੍ਹੇ ਤਾਂ ਨੇਜ਼ਿਆਂ, ਖੰਡਿਆਂ, ਤਲਵਾਰਾਂ ਨਾਲ ਘਾਇਲ ਹੋ ਹੇਠਾਂ ਢੱਠੇ ਤੇ ਢੱਠਦੇ ਸਿਰ ਫੁੱਟ ਕੇ ਮੋਏ।

ਹੁਣ ਵੈਰੀ ਦਲ ਦੇ ਚੋਣਵੇਂ ਸੂਰਮਿਆਂ ਨੇ ਡਿੱਠਾ ਕਿ ਦਿਨ ਢਲ ਗਿਆ ਹੈ ਤੇ ਨੁਕਸਾਨ ਭਾਰੀ ਹੋ ਗਿਆ ਹੈ ਤੇ ਆਪਣੀ ਸੈਨਾ ਵਿਚ ਬੇਦਿਲੀ ਵੈਲਣ ਲੱਗ ਪਈ ਹੈ ਕਿ ਵੱਡੇ ਸੂਰਮੇ ਸਿਪਾਹੀਆਂ ਤੇ ਛੋਟੇ ਨੈਕਾਂ ਨੂੰ ਘੱਲ ਘੱਲ ਕੇ ਤਮਾਸ਼ਾ ਦੇਖ ਰਹੇ ਹਨ। ਗ਼ੈਰਤ ਖਾ ਕੇ ਤੇ ਕੁਛ ਨੀਤੀ ਵਿਚਾਰ ਕੇ ਹੁਣ ਖ਼ਾਜਾ ਖਿਜ਼ਰ ਖਾਂ ਆਇਆ, ਗੁਲਸ਼ੇਰ ਖਾਂ, ਨਾਹਰ ਖਾਂ ਆਦਿ ਵੱਡੇ ਵੱਡੇ ਸੂਰਮੇ ਸਰਦਾਰ ਸੈਨਾਂ ਲੈ ਹੱਲਾ ਕਰਨ ਨੂੰ ਅੱਗੇ ਵਧੇ, ਇਹ ਹੱਲਾ ਬੜਾ ਜ਼ਬਰਦਸਤ ਸੀ। ਸ੍ਰੀ ਗੁਰੂ ਜੀ ਨੇ ਆਪ ਇਸ ਦਾ ਥੋੜਾ ਜਿਹਾ ਹਾਲ ਫਾਰਸੀ ਵਿਚ ਲਿਖਿਆ ਹੈ, ਜਿਸ ਦਾ ਉਲਥਾ ਇਉਂ ਹੈ:—

ਬੜੇ ਸ਼ੇਰ ਮਚਾਉਂਦੇ ਨੀਲੇ ਕੱਪੜਿਆਂ ਵਾਲੇ ਸ਼ਤ੍ਰੂ ਹਮਲਾ ਕਰਕੇ ਆਏ। ਵੈਰੀ ਦਾ ਹਰ ਸਿਪਾਹੀ ਜੋ ਆਪਣੇ ਮੋਰਚਿਆਂ ਤੋਂ ਨਿਕਲ ਕੇ ਸਾਡੇ ਤੇ ਹਮਲਾ ਕਰਨ ਆਇਆ, ਉਹ ਲਹੂ ਵਿਚ ਗ਼ਰਕ ਹੋ ਕੇ ਵੱਠਾ। ਤੇਰੀ (ਹੇ ਔਰੰਗਜ਼ੇਬ) ਸੈਨਾ ਵਿਚੋਂ ਜੋ ਆਦਮੀ ਆਪਣੇ ਟਿਕਾਣੇ ਤੋਂ ਉੱਠਕੇ ਸਾਡੇ ਤੇ ਹਮਲਾ ਆਵਰ ਨਹੀਂ ਹੋਇਆ ਉਸ ਨੂੰ ਅਸੀਂ ਤੀਰ ਨਹੀਂ ਮਾਰਿਆ ਅਰ ਖ਼ੁਆਰੀ ਨਹੀਂ ਦਿਤੀ (ਭਾਵ ਇਹ ਕਿ ਕੇਵਲ ਹਮਲਾ ਕਰਨ ਵਾਲੇ ਦਸਤਿਆਂ ਤੇ ਹੀ ਗੁਰੂ ਜੀ ਵਲੋਂ ਤੀਰ ਚਲਿਆ, ਇਹ ਮਹਾਨ ਬੀਰਤਾ ਦੀ ਆਨ ਹੈ)। ਜਦੋਂ ਨਾਹਰ ਖਾਂ ਜੰਗ ਕਰਨ ਆਇਆ ਤਾਂ ਉਸ ਨੂੰ ਅਸਾਂ ਆਪਣੇ ਤੀਰ ਦਾ ਸੁਆਦ ਚਖਾ ਦਿਤਾ, ਬੜੇ ਖਾਨ ਜੋ ਉਸ ਦੇ ਨਾਲ ਟਪਾਰਾਂ ਮਾਰਕੇ ਆਏ ਸਨ ਕਿ ਆਹ ਕਰਾਂਗੇ ਔਹ ਕਰਾਂਗੇ, ਮੈਦਾਨ ਛੱਡ ਕੇ ਕਾਇਰ ਹੋ ਭੱਜ ਗਏ। ਫਿਰ ਇਕ ਹੋਰ ਪਠਾਨ ਤੀਰ ਤੇ ਗੋਲੀਆਂ ਵਰਸਾਉਂਦਾ ਤੂਫਾਨ ਦੀ ਤਰ੍ਹਾਂ ਚੜ੍ਹ ਆਇਆ। ਉਸ ਨੇ ਬੜੇ ਹੱਲੇ ਕੀਤੇ, ਬੜੇ ਘਾਉ ਖਾਧੇ। ਜਦੋਂ ਉਹ ਮੇਰੇ ਦੋ ਸਿਖਾਂ ਨੂੰ ਮਾਰਨ ਲੱਗਾ ਸੀ, ਐਨ ਉਸ

*ਲਹੂ। †ਜ਼ਮੀਨ।

ਵੇਲੇ ਮਾਰਿਆ ਗਿਆ (ਯਾ ਦੋ ਪਠਾਣ ਸਰਦਾਰ ਮਾਰੇ ਗਏ)। ਫਿਰ ਖ਼ੁਵਾਜਾ ਮਰਦੂਦ ਆਇਆ, ਪਰ ਉਹ ਕੰਧ ਦੇ ਉਹਲ ਲੁਕ ਗਿਆ। ਅਫਸੋਸ! ਜੇ ਕਦੇ ਸਾਹਮਣੇ ਆ ਜਾਂਦਾ ਤਾਂ ਲਾਚਾਰ ਇਕ ਤੀਰ ਮੈਂ ਉਸ ਨੂੰ ਬੀ ਬਖਸ਼ ਦਿੰਦਾ। ਬਹੁਤ ਜੁੱਧ ਹੋਇਆ ਦੁਵਲੀ ਬੜੇ ਮੋਏ, ਮਦਾਨ ਲਾਲ ਹੋ ਗਿਆ ਲਹੂ ਨਾਲ। ਬੜੀ ਮਰਦਾਨਗੀ ਕੀਤੀ। ਭਾਵੇਂ ਕਿੱਡੀ ਬਹਾਦਰੀ ਕੀਤੀ, ਪਰ ਚਾਲੀਆਂ ਭੁੱਖਿਆਂ ਦੀ ਭਾਰੀ ਸੂਰਮਗਤੀ ਕੀਹ ਕਰੇ? ਜਦੋਂ ਉਨ੍ਹਾਂ ਉਤੇ ਦਸ ਲਖ* ਆ ਪੈਣ। ਫੇਰ ਬੀ ਜਦੋਂ ਦਿਨ ਦਾ ਦੀਵਾ ਛਿਪ ਗਿਆ ਤੇ ਰਾਤ ਦੀ ਰਾਣੀ (ਚੰਦ) ਨਿਕਲੀ, ਤਦ ਮੇਰੇ ਕਰਤਾਰ ਨ ਮੈਨੂੰ ਰਸਤਾ ਦੇ ਦਿਤਾ ਅਰ ਮੈਂ ਸਹੀ ਸਲਾਮਤ ਨਿਕਲ ਗਿਆ, ਮੇਰਾ ਵਾਲ ਬੀ ਵਿੰਗਾ ਨਾ ਹੋਇਆ। [ਸ਼ਫਰਨਾਮਾ

ਅਸਲ ਵਿਚ ਜੰਗ ਦੀ ਸ਼ਕਲ ਹੁਣ ਉੱਪਰ ਦਾ ਸੇ ਹਾਲ ਵੇਲੇ ਇਹ ਹੋ ਗਈ ਸੀ ਕਿ ਅੰਦਰ ਤੀਰ, ਬੰਦੂਕ, ਗੋਲੀ, ਸਿੱਕਾ ਘਟ ਰਿਹਾ ਸੀ। ਦੁਸ਼ਮਨ ਬੀ ਹਰ ਪਾਸਿਓਂ ਦੱਲੇ ਕਰਕੇ ਹਰ ਹੱਲੇ ਪਰ ਹਾਰ ਤੇ ਕਤਲ ਝੱਲ ਚੁਕਾ ਸੀ, ਸੋ ਇਕਵਾਰਗੀ ਦਰਵਾਜ਼ਾ ਤੋੜ ਕੇ ਅੰਦਰ ਧਸਣ ਦੀ ਧਾਰਕੇ ਨਾਹਰ ਖਾਂ, ਖ਼ਾਜਾ ਖਿਜ਼ਰ ਖਾਂ ਤੇ ਗ਼ੈਰਤ ਖਾਂ ਆਦਿ ਸੂਰਮੇ ਹੱਲਾ ਕਰਕੇ ਆਏ ਸਨ, ਜਿਨ੍ਹਾਂ ਦੇ ਹੱਲੇ ਨੂੰ ਗੁਰੂ ਜੀ ਨੇ ਤੁਫਾਨ ਦੀ ਆਮਦ ਦੱਸਿਆ ਹੈ। ਇਨ੍ਹਾਂ ਨੇ ਗੋਲੀਆਂ ਤੇ ਤੀਰਾਂ ਦਾ ਗੜ੍ਹੀ ਉੱਤੇ ਮੀਂਹ ਵਸਾਇਆ, ਪਰ ਉੱਪਰ ਉਹ ਅਸਰ ਨਹੀਂ ਸਨ ਕਰਦੇ, ਕਿਉਂਕਿ ਸਿੰਘ ਗੜ੍ਹੀ ਤੇ ਬਣੇ ਮੋਰਚਿਆਂ ਵਿਚ ਲੜਦੇ ਤੇ ਉਹਲਿਓਂ ਨਿਸ਼ਾਨੇ ਫੁੰਡਦੇ ਸਨ। ਗੜ੍ਹੀ ਬੜੇ ਉੱਚੇ ਟਿਕਾਣੇ ਸੀ। ਗੁਰੂ ਜੀ ਪਰ ਅਟਾਰੀ ਵਿਚ ਨਿਸ਼ਾਨਾ ਨਹੀਂ ਸੀ ਬੈਠਦਾ ਤੇ ਉਹ ਸੂਰਮੇ ਵੈਰੀ ਦਾ ਨਿਸ਼ਾਨਾ ਬਣਨੋਂ ਘੁਸਾ ਜਾਣ ਤੇ ਆਪਣੇ ਦਰੀਚੇ ਵਿਚੋਂ ਆਪਣਾ ਤੀਰ ਚਲਾ ਦੇਣੋਂ ਕਦੀ ਨਹੀਂ ਸਨ ਘੁੰਸਦੇ। ਜਦੋਂ ਨਾਹਰ ਖਾਂ ਅੱਗੇ ਵਧਿਆ ਤਾਂ ਆਪ ਦੇ ਤੱਕ ਕੇ ਦੱਭੇ ਤੀਰ ਨੇ ਉਸ ਨੂੰ ਫੁੰਡ ਵਿੰਨ੍ਹ ਕੇ ਪਿਛਾਹਾਂ ਮਾਰਿਆ। ਇਸ ਵੇਲੇ ਕੁਝ ਸਿੰਘ ਦਰਵਾਜ਼ੇ ਦੇ ਬਾਹਰ ਹੋ ਲੜ ਰਹੇ ਸਨ, ਕੁਝ ਉੱਤੋਂ ਤੀਰ ਵਸਾ ਰਹੇ ਸਨ ਤੇ ਧੁਰ ਉੱਪਰੋਂ ਗੁਰੂ ਸਾਹਿਬ ਜੀ ਮਾਰ ਕਰ ਰਹੇ ਸਨ। ਨਾਹਰ ਖਾਂ ਦੇ ਮਰਨ ਤੇ ਗ਼ੈਰਤ ਖਾਂ ਅੱਗੇ ਵਧਿਆ, ਬਹੁਤ ਦਿਲਾਵਰੀ ਨਾਲ ਲੜਿਆ, ਪਰ ਆਖਰ ਮਾਰਿਆ ਗਿਆ। ਖ਼ਾਜਾ ਮਰਦੂਦ ਇਸ ਵੇਲੇ ਇਕ ਘਰ ਦੀ ਕੰਧ ਦੇ ਉਹਲੇ ਹੋਕੇ ਜਾਨ ਬਚਾ ਗਿਆ, ਬਾਕੀ ਦੀ ਹਮਲਾਆਵਰ ਸੈਨਾਂ ਸਾਰੀ ਭੱਜ ਗਈ, ਹੁਣ ਕਿਸੇ ਵਡੇ ਸਰਦਾਰ ਨੂੰ ਅੱਗੇ ਵਧਣ ਦਾ ਹੌਂਸਲਾ ਨਾ ਪਵੇ।

ਕੇਤਿਕ ਸਿੰਘ ਲਰੇ ਮਰ ਬਾਹਰ ਜਾਹਿਰ ਜੰਗ ਦਿਖਾਇ ਉਦਾਰੇ। ਕੇਤਿਕ ਅੰਤਰ ਬੀਰ ਨਿਵੰਤਰ ਜੂਝਤ ਹੈਂ ਸਰ ਬਿੰਦਨ ਮਾਰੇ। ਛੋਰਤ ਗੋਰੀ ਲਗੈ ਰਿਪੂ ਓਰੀ ਸਰੀਰਨ ਫੋਰ ਜ਼ਿਮੀ ਪਰ ਡਾਰੇ। ਹੋਲ ਕੋ ਪਾਵਤ ਆਵਤ ਧਾਵਤ ਪ੍ਰਾਨ ਗਵਾਵਤ ਪੁੰਜ ਜੁਝਾਰੇ ॥ ੨੧ ॥ [ਗੁ: ਪ੍ਰ: ਸੁ: ਰੁਤ ੬-੩੮

ਇਸ ਤਰ੍ਹਾਂ ਘੋਰ ਸੰਗ੍ਰਾਮ ਮਚ ਰਿਹਾ ਸੀ। ਇਸ ਵੇਲੇ ਤਕ ਅੱਧੇ ਸਿੰਘ ਗੁਰੂ ਕਿਆਂ ਦੇ ਸ਼ਹੀਦ ਹੋ ਚੁੱਕੇ ਸੇ, ਅੱਧੇ ਅੰਦਰੋਂ ਜੰਗ ਮਚਾ ਰਹੇ ਸੇ। ਤੁਰਕ ਸੈਨਾਂ ਵੱਲੋਂ ਚੁੱਪ ਸ਼ਾਂਤ ਨਹੀਂ ਸੀ ਹੁੰਦੀ, ਦੱਲੇ ਤੇ ਹੱਲਾ ਹੁੰਦਾ ਸੀ ਅਰ ਅੰਦਰੋਂ ਜੋ ਮੀਂਹ ਵੱਸਦਾ ਸੀ ਉਹ ਬੀ ਆਹੂ ਦੇ ਆਹੂ ਲਾਹੀ ਜਾਂਦਾ ਸੀ। ਗੁਰੂ ਕੇ ਪਿਆਰੇ ਮਹਾਂ ਜੋਧੇ ਤੇ ਰਾਠ ਸਿੰਘ, ਜੋ ਇਸ ਵੇਲੇ ਤਕ ਘੋਰ ਜੁੱਧ ਕਰਕੇ ਸ਼ਹੀਦ ਹੋ ਚੁਕੇ ਸਨ, ਅੱਗੇ ਦੱਸੀ ਤਰਕੀਬ ਵਿਚ ਸ਼ਹੀਦ ਹੋਏ ਸੇ:—ਇਹ ਓਹ ਸਿੰਘ

---

*'ਦਹਲਕ' ਤਾਂ ਆਮ ਮੁਰਾਦ ਬੇਸ਼ੁਮਾਰੀ ਦੀ ਹੈ। ਇਸੇ ਸ਼ਫਰਨਾਮੇ ਵਿਚ ਦੂਜੀ ਥਾਵੇਂ ਪਦ ਬੇਸ਼ੁਮਾਰ ਵਰਤਿਆ ਹੈ—'ਕਿ ਬਰ ਚਿਹਲ ਤਨ ਅਜ਼ਦਹ ਬੇਸ਼ੁਮਾਰ।' [ਅੰਕ ੪੧]। ਪਰ ਬੇਸ਼ੁਮਾਰੀ ਦਾ ਅੰਦਾਜ਼ਾ ਇਸ ਤੋਂ ਘਟ ਨਹੀਂ ਰਹਿੰਦਾ ਜਦੋਂ ਖਿਆਲ ਕਰੋ ਕਿ ਅਨੰਦ ਪੁਰ ਨੂੰ ਘੇਰਾ ਪਾਉਣ ਵਾਲੀ ਸਰਦਿਦ ਤੇ ਲਾਹੌਰ ਦੇ ਸੂਬਿਆਂ ਦੀ ਫੌਜ ਹੈ। ਬਾਦੀਧਾਰ ਰਾਜਿਆਂ ਦੀ ਫੌਜ ਸ਼ਾਮਲ ਹੈ। ਇਨਾਂ ਤੋਂ ਛਟ ਰਾਜਿਆਂ ਦੀ ਬੇ ਜਾਣਕਾਰ ਫੌਜਾਂ ਹਨ ਜਿਨ੍ਹਾਂ ਨੂੰ ਛੋਜ਼ਾਂ ਤੇ ਵਹੀਰ ਕਹਿੰਦੇ ਸਨ। ਹੁਣ ਦੇਖੋ ਦਿਲੀ ਵਲੋਂ ਹੋਰ ਆਈ ਹੈ ਜੋ ਇਨਾਂ ਨਾਲ ਏਥੇ ਮਿਲ ਪਈ ਹੈ। ਸਰਕਾਰੀ ਇਲਾਕੇ ਦੀਆਂ ਛੋਜ਼ਾਂ ਬੀ ਹੈਨ ਤੇ ਆਮ ਮੁਲਖਈਆ ਉਠ ਪਿਆ ਹੈ ਕਿ ਗੁਰੂ ਕੇ ਧਨ ਦੀ ਲੁੱਟ ਵਿਚ ਹਿੱਸਾ ਲਵਾਂਗੇ। ਅਨੰਦਪੁਰ ਲੁਗਾ ਹੋ ਜਾਣ ਕਰਕੇ ਬੀ ਲੁੱਟ ਦਾ ਨਿਸ਼ਾਨਾ ਮੁਲਖੱ ਜੇ ਨੂੰ ਥਾਂ ਥਾਂ ਤੋਂ ਪੁਰ ਕੇ ਲਿਆ ਰਿਹਾ ਸੀ। ਪ੍ਰਸਿਧ ਭਾਈ ਹੀਰਾ ਸਿੰਘ ਜੀ ਰਾਗੀ ਆਪਣੀਆਂ ਵਖਾਖਣਾ ਵਿਚ ਦੱਸਿਆ ਕਰਦੇ ਸਨ ਕਿ ਇਕ ਮੁਸਲਮਾਨ ਸੀ ਜੋ ਜੰਗ ਚਮਕੌਰ ਦੇ ਮੁਲਖਈਏ ਵਿਚ ਸੀ, ਇਹ ਦੱਸਦਾ ਹੁੰਦਾ ਸੀ ਕਿ ਮੈਂ ਮੁਲਖੱ ਜੇ ਵਿਚ ਸ਼ਾਮਲ ਸਾਂ, ਪਰ ਚਮਕੌਰ ਤੋਂ ਬਾਰਾਂ ਕੋਹਾਂ ਦੀ ਵਿਥ ਤੇ ਹੀ ਰਿਹਾ। ਇੰਨੀ ਫੌਜ ਤੇ ਵਹੀਰਾਂ ਸਨ ਕਿ ਮੇਰੇ ਤਕ ਫੈਲ ਰਹੀਆਂ ਸਨ ਤੇ ਮੈਂ ਇਸ ਤੋਂ ਅੱਗੇ ਨਹੀਂ ਸਾਂ ਵਧ ਸਕਿਆ। ਸੋ ਇਸ ਤਰ੍ਹਾਂ ਦੇ ਵੇਰਵਿਆਂ ਦੇ ਵੀਚਾਰ ਤੋਂ ਦਹਲਕ ਦੀ ਸਾਫ਼ ਆ ਸਕਦੀ ਹੈ।

ਸੇ ਜੋ ਦਰਵਾਜ਼ਾ ਖੋਲ੍ਹ ਬਾਹਰ ਹੋ, ਕਮਾਨਾਂ ਖਿੱਚ, ਕ੍ਰਿਪਾਨਾਂ ਧੂਹ, ਨੇਜ਼ੇ ਸੂਤ ਹੱਥੋ ਹੱਥੀ ਸ਼ਤ੍ਰੂਆਂ ਨਾਲ ਲੜਦੇ, ਦਰਵਾਜ਼ੇ ਤੱਕ ਪਹੁੰਚਣੋਂ ਉਨ੍ਹਾਂ ਨੂੰ ਰੋਕਦੇ ਸ਼ਹੀਦ ਹੋ ਜਾਂਦੇ ਰਹੇ। ਉਤੋਂ ਸਤਿਗੁਰ ਅਪਣੇ ਪਿਆਰਿਆਂ ਖਾਲਸਾ ਹੋ ਰਹੇ ਖਾਲਸਿਆਂ ਦੀ ਸੱਚ ਦੀ ਜ਼ਰਵੇਦੀ ਪਰ ਘਾਲ ਤੇ ਆਪਾ ਵਾਰਨਾ ਤੱਕ ਤੱਕ ਕੇ ਅਸੀਸਾਂ ਦੇਂਦੇ ਤੇ ਅਪਣੇ ਤੀਰਾਂ ਦੀ ਭਰਮਾਰ ਨਾਲ ਸ਼ਤ੍ਰੂਆਂ ਨੂੰ ਉਨ੍ਹਾਂ ਤਕ ਅੱਪੜਨੋਂ ਫੁੰਡ ਫੁੰਡ ਡੇਗ ਡੇਗ ਕੇ ਰੋਕਦੇ। ਖਜ਼ਾਨ ਸਿੰਘ, ਦਾਨ ਸਿੰਘ, ਧਿਆਨ ਸਿੰਘ ਤੇ ਸੂਰਮੇਂ ਸਭ ਤੋਂ ਪਹਿਲਾਂ ਬਾਹਰ ਨਿਕਲਕੇ ਲੜੇ। ਇਨ੍ਹਾਂ ਦੇ ਹੱਥ ਸੋਲੇ (ਨੇਜ਼ੇ) ਸਨ, ਇਨ੍ਹਾਂ ਨੇ ਹੱਥੋ ਹੱਥੀ ਦੇ ਯੁੱਧ ਵਿਚ ਉਹ ਸੂਰਬੀਰਤਾ ਦਿਖਾਈ ਕਿ ਤੁਰਕ ਦੰਗ ਰਹਿ ਗਏ, ਕਿਤਨਾਂ ਚਿਰ ਲੜਦੇ ਅਨੇਕਾਂ ਨੂੰ ਮਾਰਦੇ ਤ੍ਰੈਏ ਸ਼ਹੀਦ ਹੋ ਗਏ। ਹੁਣ ਮੁਹਕਮ ਸਿੰਘ ਇਕੱਲਾ ਜਾ ਨਿਤਰਿਆ, ਵੰਗਾਰ ਪਾਈਓਸੁ ਕਿ ਆਓ ਜੇ ਬਹਾਦਰੀ ਹੈ ਤਾਂ ਇਕ ਇਕ ਆਓ, ਹੱਥ ਦਿਖਾਓ ਹੱਥ ਦੇਖੋ। ਵੰਗਾਰ ਸੁਣ ਕੇ ਇਕ ਮੁਗਲ ਅੱਗੇ ਹੋਇਆ। ਕਿੰਨੇ ਚਿਰ ਦੀ ਪਟੇਬਾਜ਼ੀ ਦੇ ਮਗਰੋਂ ਮੁਹਕਮ ਸਿੰਘ ਦੀ ਕ੍ਰਿਪਾਨ ਨੇ ਉਸ ਨੂੰ ਥਾਂ ਰਖਿਆ; ਫਿਰ ਜੋ ਜੋ ਸੂਰਮਾ ਨਿਤਰਿਆ ਮੁਹਕਮ ਸਿੰਘ ਨੇ ਜੰਗ ਕਰ ਕਰਕੇ ਆਖ਼ਰ ਦੋ ਟੁਕ ਕਰਕੇ ਔਹ ਰਖਿਆ। ਉਸ ਦੀ ਪਟੇਬਾਜ਼ੀ ਨੂੰ ਵੈਰੀਆਂ ਸਲਾਹਿਆ। ਪਰ ਫੇਰ ਵੈਰੀ ਗੁੱਸਾ ਖਾਕੇ ਕਈ ਰਲਕੇ ਆ ਪਏ। ਮੁਹਕਮ ਸਿੰਘ ਨੇ ਹੁਣ ਸੋਲਾ ਸੰਭਾਲਿਆ, ਇਉਂ ਰਣ ਵਿੱਚ ਇਕੱਲਾ ਖਲੋਕੇ ਪ੍ਰੋ ਪ੍ਰੋ ਵੈਰੀ ਸੱਟੀ ਜਾਵੇ, ਜਿਕੂੰ ਨੇਜ਼ੇ ਦੀ ਬਾਜ਼ੀ ਖੇਡੀ ਦੀ ਹੈ। ਬਿਜਲੀ ਵਾਂਙੂ ਦੌੜ ਦੌੜ ਤੇ ਕੁਦ ਕੁਦ ਪਏ। ਇਤਨੇ ਆਦਮੀ ਉਸ ਨੇ ਖੇਤ ਕੀਤੇ ਕਿ 'ਸਵਾਲਾਖ ਸੰਗ ਏਕ ਲੜਾਊਂ' ਵਾਲਾ ਵਾਕ ਪੂਰਨ ਕਰਕੇ ਦਿਖਾ ਦਿੱਤਾ। ਜਦ ਉਸ ਦੀ ਇਹ ਬਹਾਦਰੀ ਅਰ ਰਾਠ ਪੁਣਾ ਆਹੂ ਲਾਹੀ ਗਿਆ ਤਾਂ ਖਵਾਜਾ ਮਰਦੂਦ ਨੂੰ ਗੁੱਸਾ ਆਇਆ ਤਦ ਕੋਈ ਹੁਕਮ ਦਿੱਤੇਸੁ, ਇਕ ਨਿਹੱਤੇ ਲੜਦੇ ਉਤੇ ਗੋਲੀਆਂ ਦਾ ਮੀਂਹ ਵਰ੍ਹ ਪਿਆ, ਛਾਨਣੀ ਹੋਕੇ ਸੂਰਮਾ ਢੱਠਾ ਤੇ ਜਨਮ ਸਫਲ ਕਰ ਗਿਆ। ਮੁਹਕਮ ਸਿੰਘ ਸਨਮੁਖ ਢੱਠਾ ਵੇਖ ਤੁਰਕ ਦਰਵਾਜ਼ੇ ਵਲ ਵਧੇ, ਪਰ ਉਪਰੋਂ ਤੀਰਾਂ ਦੀ ਇਕ ਬਛਾੜ ਮੀਂਹ ਵਾਂਙ ਪਈ, ਇਧਰੋਂ ਦਰਵਾਜ਼ਾ ਫੇਰ ਖੁੱਲਾ, ਸਾਹਿਬ ਸਿੰਘ ਤੇ ਹਿੰਮਤ ਸਿੰਘ ਬਾਜ਼ਾਂ ਵਾਙੂ ਝਪਟਕੇ ਪਏ ਅਰ ਵਧੇ ਦਸਤੇ ਵਿਚ ਧਸ ਗਏ। ਇਸ ਫੁਰਤੀ ਤੇ ਤੇਜ਼ੀ ਨਾਲ ਤਲਵਾਰ ਚਲਾਈ ਕਿ ਦਸਤੇ ਦਾ ਦਸਤਾ ਹੀ ਕੋਈ ਜ਼ਖਮੀ ਤੇ ਕੋਈ ਮਾਰਕੇ ਪਛਾੜ ਦਿੱਤਾ, ਕੁਛ ਪਿਛਾਂਹ ਹਟ ਗਏ। ਇਕ ਵੇਰ ਦਰਵਾਜ਼ੇ ਦੇ ਅੱਗੇਂ ਦਾ ਮੈਦਾਨ ਇਨ੍ਹਾਂ ਨੇ ਸਾਫ ਕਰ ਦਿੱਤਾ। ਤੁਰਕ ਸੈਨਾਂ ਟਿੱਡੀ ਦਲ ਵਾਂਙੂ ਅਨਗਿਣਤ ਸੀ। ਹੋਰ ਹੱਲਾ ਆਇਆ, ਤੀਰ, ਗੋਲੀ, ਬੰਦੂਕ ਵਰਸਾਂਦਾ ਆਇਆ। ਸੂਰਮੇਂ ਦੇਇ ਜ਼ਖਮੀ ਹੋ ਗਏ, ਪਰ ਕਿਸੇ ਐਸੇ ਰੋਹ ਤੇ ਬਲ ਵਿਚ ਹਨ ਕਿ ਡਰਦੇ ਹਟਦੇ ਮੁੜਦੇ ਨਹੀਂ, ਅਗ੍ਹਾਂ ਹੀ ਅਗਾਂ ਮਾਰਦੇ ਵਢਦੇ, ਟੁੱਕਦੇ ਅਖੀਰ ਸ਼ਹੀਦ ਹੋ ਗਏ। ਅਟਾਰੀ ਵਿਚ ਬੈਠੇ ਵੇਖਦੇ, ਅਪਣੇ ਮੁਕਤੀ ਦਾਤਾ ਤੋਂ ਅਸ਼ੀਰਬਾਦ ਤੇ ਧੰਨ ! ਧੰਨ ! ਦੀ ਅਸੀਸ ਲੈਂਦੇ ਪ੍ਰਲੋਕ ਸਿਧਾਰ ਗਏ। ਹੁਣ ਪੰਜ ਮੁਕਤੇ ਭਾਈ ਈਸ਼ਰ ਸਿੰਘ ਤੇ ਦੇਵਾ ਸਿੰਘ ਆਦਿਕ ਬਾਹਰ ਆ ਨਿਕਲੇ, ਇਨ੍ਹਾਂ ਨੇ ਵੀ ਉਹ ਮੈਦਾਨ ਮੱਡਿਆ ਕਿ ਹੈਰਾਨ ਕਰ ਦਿੱਤਾ, ਪਰ ਪੇਸ਼ ਕੀ ਜਾਵੇ ? ਲੜਨ, ਮਰਨ, ਮੁਕਾਉਣ; ਪਰ ਮੁੱਠ ਕਿਥੋਂ ਜੋ ਅਨਗਿਣਤ ਹੋਣ ? ਆਖ਼ਰ ਇਹ ਬੇਗਿਣਤਾਂ ਨੂੰ ਮਾਰਦੇ ਸੈਨਾਂ ਨੂੰ ਦਰਵਾਜ਼ੇ ਤੋਂ ਦੂਰ ਦੂਰ ਰਖਦੇ, ਧੱਕਦੇ ਅੱਗੇ ਵਧਦੇ ਲੜਦੇ ਟੁਕੜਾ ਟੁਕੜਾ ਕਟ ਕਟ ਕੇ ਸ਼ਹੀਦ ਹੋ ਗਏ। ਹੁਣ ਦਇਆ ਸਿੰਘ ਆਦਿ ਪਿਆਰੇ ਸਿੱਖਾਂ ਨੇ ਬਿਨੈ ਕੀਤੀ ਕਿ ਪਾਤਸ਼ਾਹ ! ਹੁਣ ਜੰਗ ਬੱਸ ਕਰੋ ਤੇ ਆਪ ਕਿਧਰੇ ਨਿਕਲ ਚੱਲੋ, ਆਪ ਦਾ ਦਮ ਸਲਾਮਤ ਹੈ ਤਾਂ ਸਭ ਕੁਝ ਹੈ, ਪਰ ਇਹ ਬਿਨੈ ਸੁਣਕੇ ਆਪ ਮੁਸਕ੍ਰਾਏ ਤੇ ਬੋਲੇ: 'ਦਇਆ ਸਿੰਘ ਜੀ ! ਤੱਕੋ ਮੈਦਾਨ ਵਿਚ ਕਿੰਨੇ ਪੰਛੀ ਮਾਸ ਖਾਣ ਆ ਗਏ ਹਨ'। ਇਹ ਜਿਗਰਾ ਤੱਕ ਕੇ ਸਿੰਘ ਦੰਗ ਰਹਿ ਗਏ। ਫਰ ਆਪ ਬੋਲੇ: 'ਦੇਖੋ ! ਤੁਸਾਡੇ ਪੱਲੇ ਸੱਚ ਹੈ, ਸੱਚ ਤੇ ਖੜੋਤੇ ਰਹੋ। ਮੇਰੇ ਸਿੱਖ ਝੂਠ ਤੋਂ ਕੰਮ ਨਾ ਲੈਣ, ਏਹ ਸਾਮ੍ਹਣੇ ਟਿੱਡੀ ਦਲ ਤੁਰਕ ਤੇ ਪਹਾੜੀਏ ਸ਼ਰਮਹੀਨ, ਧਰਮ ਹੀਨ ਹਨ। ਇਨ੍ਹਾਂ ਦਾ ਕਦੇ ਇਤਬਾਰ ਨਾ ਕਰੋ, ਮੇਰਾ ਪੰਥ ਸਦਾ ਵਾਹਿਗੁਰੂ ਦੀ ਓਟ ਤੇ ਰਹੇ ਤੇ ਅਪਣੀ ਟੇਕ ਤੇ ਟਿਕੇ। ਮੇਰਾ ਖਾਲਸਾ ਸਦਾ 'ਸੱਚ' ਤੇ ਟਿਕੇ, ਕਦੇ ਝੂਠ ਤੇ

ਛਲ ਵਿਚ ਨਾ ਪਵੇ, ਕਦੇ ਇਨ੍ਹਾਂ ਸੁਗੰਦ ਤੋੜ ਹਿੰਦੂ ਰਾਜਿਆਂ ਤੇ ਤੁਰਕਾਂ ਦੀ ਓਟ ਨਾ ਤਕਾਵੇ। ਖਾਲਸੇ ਵਿਚ ਤਦੋਂ ਸਦਾ ਤੇਜ ਵਧੇਗਾ, ਜਦੋਂ ਇਨ੍ਹਾਂ ਗਿਰੇ ਹੋਏ ਲੋਕਾਂ ਦਾ ਅਸਰਾ ਨਾ ਕਰੇਗਾ। ਜਦੋਂ ਇਨਾਂ ਦੀ ਓਟ ਤਕਾਵੇਗਾ ਤਦੋਂ ਹੀ ਸੱਟ ਖਾਵੇਗਾ। ਅਕਾਲ ਦੀ ਓਟ, ਗੁਰੂ ਦੀ ਓਟ, ਸੱਚ ਦੀ ਓਟ ਆਪਣੀ ਓਟ, ਚਾਰ ਓਟਾਂ ਖਾਲਸੇ ਦੀਆਂ ਹਨ।

ਇਸ ਵੇਲੇ ਮੇਹਰ ਸਿੰਘ, ਕੀਰਤ ਸਿੰਘ, ਅਨੰਦ ਸਿੰਘ, ਲਾਲ ਸਿੰਘ, ਕੇਸਰਾ ਸਿੰਘ, ਅਮੋਲਕ ਸਿੰਘ ਬੂਹਾ ਖੋਹਲ ਕੇ ਬਾਹਰ ਜਾ ਖੜੇ ਹੋਏ। ਇਹ ਉਹ ਵੇਲਾ ਸੀ ਜਿਸ ਵੇਲੇ ਨਾਹਰ ਖਾਂ, ਜ਼ੀਰਤ ਖਾਂ, ਗੁਲਸ਼ੇਰ ਖਾਂ ਤੇ ਖ਼ਾਜਾ ਮਰਦੂਦ ਆਪ ਵਧੇ ਆ ਰਹੇ ਸਨ। ਜਿਸ ਦਾ ਜ਼ਿਕਰ ਉਪਰ ਕਰ ਆਏ ਹਾਂ। ਇਨ੍ਹਾਂ ਦਾ ਜੰਗ ਇਸ ਉਮਡੇ ਦਲ ਨਾਲ ਪਿਆ। ਉਪਰੋਂ ਇਸ ਵੇਲੇ ਸਾਰੇ ਸਿੰਘ ਇਕ ਖਾਸ ਵਿਉਂਤ ਬੰਨ੍ਹ ਕੇ ਤੀਰਾਂ ਦੀ ਬਰਖਾ ਕਰ ਰਹੇ ਸਨ ਅਰ ਗੋਲੇ ਬੀ ਵਿਚ ਵਿਚ ਠਾਹ ਠਾਹ ਕਰਦੇ ਸਨ ਤੇ ਦਰੀਚੇ ਵਿਚੋਂ ਗੁਰੂ ਸਾਹਿਬ ਆਪ ਤੇ ਅਟਾਰੀ ਦੇ ਸ਼ਿਗਾਫਾਂ ਵਿਚੋਂ ਸਾਹਿਬਜ਼ਾਦੇ ਤੀਰਾਂ ਦਾ ਮੀਂਹ ਵਸਾਉਂਦੇ ਸਨ। ਇਹ ਭਾਰੀ ਘਮਸਾਨ ਸੀ, ਜਿਸ ਵਿਚ ਨਾਹਰ ਖਾਂ, ਜ਼ੀਰਤ ਖਾਂ ਤੇ ਹੋਰ ਇਕ ਦੋ ਸਰਦਾਰ ਮਰੇ ਤੇ ਖ਼ਾਜਾ ਕੰਧ ਉਹਲੇ ਹੋ, ਜਾਨ ਬਚਾ ਕੇ, ਢੇਰ ਸਿਪਾਹੀ ਮਰਵਾ ਤੇ ਜ਼ਖਮੀ ਕਰਵਾ ਕੇ ਪਿੱਛੇ ਹਟਿਆ। ਇਹ ਹਾਲ ਅਸੀਂ ਪਿਛੇ ਲਿਖ ਆਏ ਹਾਂ।

ਸ੍ਰੀ ਗੁਰ ਗੋਬਿੰਦ ਸਿੰਘ ਬਿਲੋਕਤ
ਰੋਕਤ ਸ਼ੋਕ ਦੇ ਸ਼ਤ੍ਰੂਨ ਕੋ। ਬਾਨ ਸਮੂਹ
ਪ੍ਰਹਾਰਤ ਹੈਂ ਵਧ ਆਰੀ ਜੁ ਆਵਤ
ਦੈਂ ਹਨ ਕੋ। ਲੋਥਨ ਪੋਥਨ ਢੇਰ ਗਏ
ਲਗ ਊਪਰ ਨੀਚੇ ਪਰੇ ਤਨ ਕੋ।
ਜਿਉਂ ਗਿਰ ਸ੍ਰਿੰਗ ਸ੍ਰਵੈਂਜਲ ਕੋ ਤਿਮ ਸ਼ੋਣ
ਚਲਯੋ ਸ਼ਵ ਢੇਰਨਿ ਕੋ। [ਕ੍ਰਿਪਾ: ਸੂਰਜ ਰੁਤ ੬-੩੯

ਇਸ ਪ੍ਰਕਾਰ ਹੁਣ ਤਕ ਅੱਧੇ ਸਿੰਘ ਇਸ ਮਹਾਂ ਭਿਆਨਕ, ਮਹਾਂ ਕਰੜੇ ਜੁਧ ਵਿਚ ਜਗਤ ਦੇ ਇਤਿਹਾਸ ਵਿਚ ਅਦੁਤੀ ਬੀਰਤਾਦਿਖਾਕੇ ਸ਼ਹੀਦ ਹੋਚੁਕੇਸੇ।

੩. [ਪੁਨ: ਨਛਾਵਰ]।

ਉਧਰ ਤੁਰਕ ਸੈਨਾ ਐਤਕੀ ਦਾ ਠੱਸਾ ਖਾਕੇ ਤੇ ਪਨੇ ਦੇ ਜਥੇਦਾਰ ਮਰਵਾ ਕੇ ਦਰਵਾਜ਼ੇ ਤੋਂ ਪਿਛੇ ਹਟੀ ਤੇ ਦਲਾਂ ਵਿਚ ਮੁੜੀ ਤਾਂ ਆਪੋ ਵਿਚ ਦੂਸਰੇ ਹੱਲੇ ਦੀ ਤਿਆਰੀ ਤੇ ਵਿਚਾਰ ਕਰਨ ਲਗੀ। ਇਹ ਸਮਾਂ ਵਿਚ ਕੁਛ ਸਾਹ ਕੱਢਣ ਦਾ ਮਾਨੋਂ ਆ ਗਿਆ ਪਰ ਜਿਨ੍ਹਾਂ ਸੰਗ੍ਰਾਮ ਮਚਾਯਾ ਤੇ ਮਰਨ ਮੰਡਿਆ ਹੈ, ਜਿਨ੍ਹਾਂ ਆਪੇ ਨੂੰ ਜਗਤ ਰੋਂਖਿਆ ਤੇ ਮੋਏ ਜਿਵਾਲਣ ਦੇ ਪਹਿਲੂ ਤੇ ਲਾਇਆ ਹੈ, ਉਨ੍ਹਾਂ ਲਈ ਆਰਾਮ ਕਿਥੇ ਤੇ ਸਾਹ ਕੱਢਣਾ ਕਿਥੇ? ਗੜ੍ਹੀ ਚਮਕੌਰ ਦੇ ਵਿਚ ਬਾਕੀ ਰਹੇ ਸਿੰਘਾਂ ਨੇ ਇਕ ਮਤਾ ਸਾਧਣਾ ਸ਼ੁਰੂ ਕੀਤਾ ਕਿ ਸਾਰੇ ਜਣੇ ਰਲਕੇ ਸਤਿਗੁਰੂ ਜੀ ਨੂੰ ਬਿਨੈ ਕਰੀਏ ਕਿ ਅਸੀਂ ਬਾਕੀਦੇ ਸਾਰੇ ਮਾਰੇ ਜਾਈਏ ਤਾਂ ਕੋਈ ਡਰ ਨਹੀਂ ਹੈ, ਪਰ ਆਪ ਜ਼ਰੂਰ ਇਸਸੰਗ੍ਰਾਮ ਵਿਚੋਂ ਸਹੀ ਸਲਾਮਤ ਨਿਕਲ ਜਾਓ। ਸਤਿਗੁਰੂ ਜੀ ਨੇ ਇਹ ਗਲ ਮੰਨਣੀ ਨਹੀਂ, ਉਹਨਾਂ ਸਾਡ ਨਾਲ ਅੰਤ ਤਕ ਰਹਿਣਾ ਤੇ ਸ਼ਹੀਦੀ ਤੋਂ ਪਰੇ ਨਹੀਂ ਹਟਣਾ, ਪਰ ਸਾਡਾ ਧਰਮ ਹੈ ਕਿ ਉਨ੍ਹਾਂ ਨੂੰ ਬਚਾਈਏ। ਉਹ ਜੇ ਨਿਕਲ ਗਏ ਤਾਂ ਪੰਥ ਸਲਾਮਤ ਹੈ, ਉਹ ਸਾਡੇ ਵਰਗੇ ਅਨਗਿਣਤ ਸਿਖ ਪੈਦਾ ਕਰ ਸਕਦੇ ਹਨ। ਇਹ ਗਲ ਸੋਚਕੇ ਜਦ ਸਤਿਗੁਰ ਜੀ ਪਾਸ ਗਏ ਤਾਂ ਕੀ ਦੇਖਦੇ ਹਨ ਕਿ ਅਗੇ ਸਾਹਿਬ ਅਜੀਤ ਸਿੰਘ ਜੀ ਹੱਥ ਜੋੜੇ ਖੜੇ ਹਨ ਅਰ ਪਿਤਾ ਗੁਰੂ ਜੀ ਤੋਂ ਆਗਯਾ ਮੰਗ ਰਹੇ ਹਨ ਕਿ ਹੁਕਮ ਹੋਵੇ ਤਾਂ ਦਾਸ ਬੀ ਬਾਹਰ ਜਾਕੇ ਭਰਾਵਾਂ ਵਾਂਙੂ ਲੜੇ ਤੇ ਸੱਚ ਤੋਂ ਵਾਰਨੇ ਹੋ ਜਾਏ। ਸੱਚੇ ਪਾਤਸ਼ਾਹ ਹੱਸਕੇ ਕਹਿ ਰਹੇ ਹਨ: "ਜਾਓ ਸੂਰਮੇ, ਸੂਰਮਿਆਂ ਦੇ ਸੂਰਮੇ, ਰਣ ਵਿਚ ਜਾਓ ਤੇ ਲੋਹਾ ਕਰੋ, ਨਿਸ਼ੰਕ ਲੋਹਾ ਕਰੋ"। ਇਹ ਬੇਨਤੀ ਤੇ ਆਗਯਾ ਸੁਣਕੇ ਸੂਰੇ ਸਿੰਘ ਜੋ ਉਨੀਂਦੇ, ਭੁੱਖ ਤੇ ਲਗਾਤਾਰ ਜੰਗ ਨਾਲ ਖ਼ੰਵੇਂ ਨਹੀਂ ਸਨ, ਨੇਤ੍ਰ ਭਰ ਲਿਆਏ ਤੇ ਹੱਥ ਜੋੜਕੇ ਬੋਲੇ: "ਸੱਚੇ ਪਾਤਸ਼ਾਹ! ਆਪ ਅਰ ਸਾਹਿਬਜ਼ਾਦੇ ਜਿਵੇਂ ਹੋ ਸਕੇ ਸਹੀਸਲਾਮਤ ਇਥੋਂ ਨਿਕਲ ਜਾਓ ਤੇ ਸਾਨੂੰ ਲੜਨ ਮਾਰਨ ਤੇ ਸ਼ਹੀਦ ਹੋਣ ਦਿਓ। ਆਪ ਤੇ ਸਾਹਿਬਜ਼ਾਦੇ ਸਲਾਮਤ ਹਉ ਤਾਂ ਸਭ ਕੁਛ ਹੈ ਅਤੇ ਸਾਡੇ ਵਰਗੇ ਤਾਂ ਹਜ਼ਾਰਾਂ ਤੇ ਅਨਗਿਣਤ ਆਪ ਸਾਜ ਲਓਗੇ, ਪਰ ਅਸੀਂ ਆਪ ਬਿਨਾਂ ਕੁਛ ਨਹੀਂ, ਸੋ ਬੇਨਤੀ ਮੰਨ ਤੇ ਸਾਹਿਬਜ਼ਾਦੇ ਜੀ ਨੂੰ ਨਾ ਘੱਲੋ ਅਰ ਆਪਣੇ ਨਿਕਲਣ ਦਾ ਉਪਾਵ ਕਰੋ"। ਪਰ ਗੁਰੂ ਜੀ ਉਸੇ ਚੜ੍ਹਦੀ ਕਲਾ ਵਿਚ ਬੋਲੇ "ਕਿ ਤੁਸੀਂ

ਸਾਰੇ ਮੇਰੇ ਪੁੱਤ੍ਰ ਹੋ। ਮੇਰਾ ਫਿਕਰ ਨਾ ਕਰੋ, ਮੇਰਾ ਫਿਕਰ ਅਕਾਲ ਪੁਰਖ ਨੂੰ ਹੈ। ਹੁਣ ਵੇਲਾ ਸੋਚਾਂ ਦਾ ਨਹੀਂ, ਔਹ ਦੇਖੋ ਤੁਰਕ ਦਲ ਵਿਚੋਂ ਫੇਰ ਹੱਲੇ ਦੀ ਤਿਆਰੀ ਹੈ, ਇਹ ਹੱਲਾ ਮੋੜਨਾ ਹੈ ਤੇ ਸਮਾਂ ਨਹੀਂ ਹਥੋਂ ਗੁਆਉਣਾ''। ਬੱਸ ! ਇਹ ਸੁਣਦੇ ਹੀ ਉੱਠਦੀ ਜੁਵਾਨੀ ਦਾ ਸੂਰਮਾਂ ਸਾਹਿਬ ਅਜੀਤ ਸਿੰਘ ਅਗੇ ਵਧਿਆ। ਪਿਤਾ ਗੁਰੂ ਜੀ ਦੀ ਪ੍ਰਕ੍ਰਮਾ ਕੀਤੀ, ਮੱਥਾ ਟੇਕਿਆ ਤੇ ਬਾਪੜਾ ਲੈਕੇ ਟੁਰ ਪਿਆ। ਗੁਰੂ ਜੀ ਦੀ ਕਰਨੀ ਦੇ ਸਦਕੇ ਹੋਏ ਹੋਏ ਗੁਰੂ ਜਯੋਤੀ ਦੇ ਪਰਵਾਨੇ ਹੋਰ ਪੰਜਾਂਕੁ ਸਿੰਘਾਂ ਨੇ ਨਾਲ ਜਾਣ ਦੀ ਆਗਯਾ ਮੰਗੀ। ਆਲਮ ਸਿੰਘ ਜੋ ਖਾਸ ਮੁਸਾਹਿਬ ਸੀ, ਜਵਾਹਰ ਸਿੰਘ ਮਹਾਂ ਜੋਧਾ, ਧਿਆਨ ਸਿੰਘ ਜੋਗੀਰਾਜ, ਸੁਖਾਸਿੰਘ ਬੰਦੂਕ ਚਲਾਉਣ ਦਾ ਖਾਸ ਉਸਤਾਦ ਸੀ, ਬੀਰ ਸਿੰਘ ਤਲਵਰੀਆ, ਇਹ ਪੰਜ ਸਿੰਘ ਚੋਟੀ ਦੇ ਸੂਰਮੇ ਤੇ ਰਣ ਵਿੱਦਯਾ ਦੇ ਉਸਤਾਦ ਆਗਯਾ ਲੈ ਕੇ ਸ਼ਾਹਜ਼ਾਦੇ ਦੇ ਨਾਲ ਟੁਰੇ। ਬਾਹਰੋਂ ਆ ਰਹੇ ਹੱਲੇ ਦੇ ਰੋਕਣ ਲਈ ਦਰਵਾਜ਼ਾ ਖੋਲ੍ਹ ਬਾਹਰ ਨਿਕਲ ਆ ਖੜੇ ਹੋਏ, ਜੋ ਜੰਗ ਉਸ ਵੇਲੇ ਇਨ੍ਹਾਂ ਸੂਰਮਿਆਂ ਨੇ ਮਚਾਇਆ, ਭਾਈ ਸੰਤੋਖ ਸਿੰਘ ਜੀ ਨੇ ਇਉਂ ਦੱਸਿਆ ਹੈ:

ਗੁਰ ਸੁਤ ਉਰ ਮਹਿੰ ਕੁਪਤ ਕੁਪਤ ਬਹੁ
ਹਨਿ ਕਰਿ ਡਾਰੇ। ਔਚਿਤ ਨਿਠੁਰ
ਕਮਾਨ ਮਾਨ ਖਾਨਨਿ ਨਿਰਵਾਰੇ। ਗਿਰਤੇ
ਬੀਰ ਤੁਰੰਗ ਰੰਗ ਸ਼ੋਣਤ ਜਿਨ ਕੇਰਾ।
ਤੀਛਨ ਬਾਨ ਪ੍ਰਹਾਰਿ ਹਾਰ ਦੇ ਤ੍ਰਾਸ
ਬਡੇਰਾ॥ [ਗੁ: ਪ੍ਰ: ਸੂ: ਰੁ: ੬-੩੬

ਇਸ ਤਰ੍ਹਾਂ ਗੁਰੂ ਸੁਤ ਸਾਹਿਬ ਅਜੀਤ ਸਿੰਘ ਤੇ ਪੰਜੇ ਸੂਰਮੇ ਘੋਰ ਯੁੱਧ ਰਚਾ ਰਹੇ ਸਨ, ਇਨ੍ਹਾਂ ਦੇ ਨਿਸ਼ਾਨੇ ਐਸੇ ਬੈਠਦੇ ਸਨ ਕਿ ਖਾਲੀ ਕੋਈ ਨਹੀਂ ਸੀ ਜਾਂਦਾ। ਉਧਰੋਂ ਜੋ ਤੀਰ, ਗੋਲੀ ਆਵੇ ਉਹ ਨਿਸ਼ਾਨੇ ਨਹੀਂ ਸੀ ਬੈਠਦਾ। ਫੁਰਤੀ ਐਸੀ ਸੀ ਕਿ ਇਨ੍ਹਾਂ ਦੇ ਵਾਰ ਵੈਰੀਨੂੰ ਦਮ ਨਹੀਂ ਸਨ ਲੈਣ ਦਿੰਦੇ।

ਕਰਹਿ ਸ਼ੀਘ੍ਰਤਾ ਅਧਿਕ ਗੁਰੂ ਸੁਤ ਸਰ
ਬਰਖਾਵੈ। ਬੇਧਤਿ ਦੁਸ਼ਮਨ ਦੇਹ ਗਿਰੇ
ਧਰ ਪਰ ਤਰਫਾਵੈਂ। ਤਕ ਤਕ ਗੁਲਕਾਂ
ਹਤਹਿੰ ਨਹੀਂ ਕੋ ਲਾਗਨ ਪਾਵੈ।
ਕਰਹਿ ਚਲਾਕੀ ਚਰਨ ਚਹੁੰ ਦਿਸ
ਚਿਤਵ ਚਲਾਵੈ। ਰਣ ਖੇਤ ਬਿਖੈ ਇਤ ਉਤ
ਫਿਰਤ ਫਾਂਦਤ ਦੌਰਤ ਸ਼ੱਤ੍ਰੂ ਹਤਿ। ਸਭ
ਕਰਤਿ ਬਿਲੋਕਨ ਜੰਗ ਕੋ ਹੋਤਿ ਅਚੰਭੈ
ਮਹਿਤ ਚਿਤ॥ [ਰੁ ੬-੩੯

ਹੁਣ ਦੁਸ਼ਮਨ ਜੋ ਅਨਗਿਣਤ ਸਨ, ਬਹੁਤ ਨੇੜੇ ਆ ਗਏ। ਆਪਣੇ ਆਦਮੀ ਮਰਦੇ ਡਿੱਗਦੇ ਤੋਂ ਬੇਪ੍ਰਵਾਹ ਹੁੰਦੇ ਵਧਦੇ ਆਏ। ਇਧਰ ਸਾਹਿਬਜ਼ਾਦੇ ਦੇ ਭੱਥੇ ਵਿਚੋਂ ਤੀਰ ਮੁੱਕ ਗਏ, ਪਰ ਇਕ ਛਿਨ ਵਿਚ ਆਪ ਨੇ ਸਾਂਗ ਖਿੱਚ ਲਈ ਅਰ ਨੇੜੇ ਆ ਗਏ ਵੈਰੀਆਂ ਵਿਚੋਂ ਪਰੇ ਪਰੇ ਸਿੱਟਣ ਲੱਗ ਗਏ। ਇਕ ਥਾਂ ਆਪ ਘਿਰ ਚਲੇ ਸਨ ਕਿ ਪੰਜੇ ਸਾਥੀ ਸਿਖ ਸਾਂਗਾਂ ਧੂਹਕੇ ਆ ਪਏ ਤੇ ਸਾਹਿਜ਼ਾਦੇ ਤੇ ਪੰਜੇ ਸਿੰਘ ਕਈਆਂ ਨੂੰ ਪ੍ਹੇ ਕੇ ਨਿਕਲ ਕੇ ਖੁੱਲੇ ਥਾਂ ਜਾ ਖੜੋਤੇ ਤੇ ਉੱਛਲ ਉੱਛਲ ਕੇ ਦੌੜ ਦੌੜ ਕੇ ਵਾਰ ਕਰਦੇ ਨਿਕਲਦੇ, ਵਧਦੇ, ਹਟਦੇ, ਦਾਉ ਬਚਾਉਂਦੇ ਦਾਉ ਲਾਉਂਦੇ ਲੜਦੇ ਰਹੇ। ਇਸ ਵੇਲੇ ਤੱਕ ਛੀਏ ਸੂਰਮੇਂ ਜ਼ਖਮੀ ਹੋ ਚੁਕੇ ਸੇ, ਕਈ ਘਾਉ ਲਗੇ ਸੇ, ਲਹੂ ਬੀ ਚਲਦਾ ਸੀ, ਪਰ ਆਪਣੇ ਆਤਮਾਂ ਦੇ ਜੋਸ਼ ਵਿਚ, ਆਪਣੇ ਬੀਰ ਰਸ ਦੇ ਉਮਾਹ ਵਿਚ, ਆਪਣੇ ਵਿਚ ਭਰੇ ਮੰਚਾਰੀ ਕ੍ਰੋਧ ਵਿਚ ਲੜ ਰਹੇ ਸਨ ਕਿ ਅਜੀਤ ਸਿੰਘ ਨੇ ਸਾਂਗ ਇਕ ਜ਼ਿਰਹਬਕਤਰ* ਵਾਲੇ ਪਠਾਣ ਦੇ ਪ੍ਹੇ ਕੱਢੀ, ਪ੍ਹੇ ਤੀ ਤਾਂ ਗਈ, ਦੁਸ਼ਮਨ ਢਹਿ ਬੀ ਪਿਆ, ਪਰ ਸਾਂਗ ਮੋੜੀ ਬਾਹਰ ਨਾ ਆਵੇ, ਬਹੁੰ ਜ਼ੋਰ ਨਾਲ ਖਿੱਚੀ ਤਾਂ ਵਿਚੋਂ ਟੁਟ ਗਈ। ਹੁਣ ਆਪ ਨੇ ਆਪਣੀ ਮਿਆਨ ਤੋਂ ਤਲਵਾਰ ਸੂਤ ਲਈ ਤ ਪਟੇਬਾਜ਼ੀ ਸ਼ੁਰੂ ਹੋਈ। ਕੁਛ ਚਿਰ ਦੇ ਇਸ ਜੰਗ ਨੂੰ ਦੇਖਕੇ ਦੁਵੱਲੀ ਵਾਹ ! ਵਾਹ !! ਆਪ ਮੁਹਾਰੀ ਹੋਈ। ਪਿਤਾ ਗੁਰੂ ਤੇ ਸੈਨਾਪਤ ਗੁਰੂ ਨੇ ਸ਼ਾਬਾਸ਼ ਸ਼ਾਬਾਸ਼ ਦੀ ਲਲਕਾਰ ਦਿੱਤੀ। ਹੁਣ ਪੰਜੇ ਸਾਥੀ ਜ਼ਖਮਾਂ ਨਾਲ ਛਾਨਣੀ ਹੋਕੇ ਬਾਉਂ ਬਾਉਂ ਸ਼ਹੀਦ ਹੋ ਗਏ, ਸਾਹਿਬਜ਼ਾਦੇ ਇਕੱਲੇ ਹੀ ਜੂਝ ਰਹੇ ਸਨ, ਆਪਣੀ ਇਕੱਲ ਦੇਖਕੇ ਵੀ ਨਹੀਂ ਝੰਵੇਂ, ਸਗੋਂ ਕੋਪਿਤ ਹੋ ਹੋਰ ਜ਼ੋਰ ਨਾਲ ਲੜੇ–

ਜਿਸ ਦਿਸ਼ ਪਰਿਹੈਂ ਧਾਇ, ਅਰੈਂ ਨਹਿੰ ਭਾਜਤ
ਹੈਂ ਅਰਿ। ਜਤਨ ਕਰਹਿੰ ਸਮੁਦਾਇ, ਹਤਹਿ
ਕਿਮ ਫਿਰਤਿ ਸ਼ੀਘ੍ਰ ਕਰ। ਗੁਲਕਾ ਲਗੇ ਨ

*ਸੰਜੋਅ।

ਕੋਇ, ਖੜਗ ਲੌ ਪਹੁੰਚ ਨ ਦੇਤੰ। ਮਾਰ ਮਾਰ ਕਰ ਬੀਰ ਕਰਜੋ ਮੰਘਰ ਬਹੁ ਖੇਤੰ। ਕਰ ਕਹਾਚੋਲ ਜਬਿ ਟੁਟ ਗਇਓ ਜਮਧਰ ਲਈ ਨਿਕਾਸ ਕਰ। ਇਕ ਹੁਤੋ ਪਾਲਕੀ ਕੇ ਬਿਖੈ ਦੂਰਹਿ ਦੇਖਤ ਦ੍ਰਿਸ਼ਟਿ ਧਰਿ ॥ ੩੩ ॥ [ਗੁ: ਪ੍ਰ: ਸੂ. ਰੁਤ ੯–੩੯

ਇਕ ਸਰਦਾਰ ਅਨਵਤ ਖਾਂ ਨੂੰ ਪਾਲਕੀ ਵਿਚ ਤੱਕਕੇ ਅਜੀਤ ਸਿੰਘ ਜੀ ਜ਼ੋਰ ਨਾਲ ਜਾ ਪਏ। ਇਹ ਇਕ ਬਚਵੇਂ ਪਾਸੇ ਖੜਾ ਜੁੱਧ ਦੇਖ ਰਿਹਾ ਤੇ ਸੈਨਾਂ ਨੂੰ ਹੁਕਮ ਦੇ ਰਿਹਾ ਸੀ ਕਿ ਸਾਹਿਬਜ਼ਾਦੇ ਨੇ ਜਾ ਕਟਾਰ ਉਸ ਤੇ ਖੋਭੀ, ਕਟਾਰ ਖਿੱਚਕੇ ਪਿੱਛੇ ਫੁਰਤੀ ਨਾਲ ਮੁੜਨ ਹੀ ਲਗੇ ਸਨ ਕਿ ਵੈਰੀ ਦੇ ਇਕ ਦਸਤੇ ਦੇ ਦਸਤੇ ਨੇ ਘੇਰ ਲਏ।

ਇਮ ਕੀਨ ਜੁਧ, ਗਨ ਸ਼ਤ੍ਰੂ ਹਤਿ, ਲੌਪ ਭਏ ਤਤਕਾਲ ਰਨ। ਸਭ ਦਿਖਏ ਅਨੈ ਹੁਇ ਰਹੇ, ਕਹਾਂ ਗਜੋ ਕਿਤ ਛਪਜੋ ਹਨਿ ॥ ੩੪ ॥ ਇਸ ਬਿਧਿ ਗੁਰ ਨੰਦਨ ਲਰਜੋ ਜਿਹ ਅਜੀਤ ਸਿੰਘ ਨਾਮ। ਸੁਜਸ ਜਗਤ ਮਹਿੰ ਪ੍ਰਗਟ ਭਾ ਪੁਨ ਪਹੁੰਚੇ ਗੁਰ ਧਾਮ ॥ ੩੫ ॥

[ਗੁਰ ਪ੍ਰਤਾਪ ਸੂਰਜ ਰੁਤ ੯–੩੯

ਸਤਿਗੁਰੂ ਜੀ ਅਟਾਰੀ ਵਿਚ ਬੈਠੇ ਆਪਣੇ ਦੁਲਾਰੇ ਦੇ ਕਾਰਨਾਮਿਆਂ ਨੂੰ ਦੇਖ ਦੇਖ ਕੇ ਉਸ ਦੀ ਸੂਰਮਗਤੀ ਤੇ ਪ੍ਰਸੰਨ ਹੋ ਰਹੇ ਸਨ। ਅਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਦੁਲਾਰੇ ਤੇ ਪਿਆਰੇ ਦੇ ਨੌ ਜੁਵਾਨੀ ਨਾਲ ਪ੍ਰਫੁਲਤ ਸਰੀਰ ਨੂੰ ਘਾਇਲ ਹੁੰਦਾ ਵੇਖ, ਅੰਤ ਤਕ ਸਨਮੁਖ ਡਟਦੇ ਤੇ ਆਪਾ ਵਾਰਦੇ ਨੂੰ ਤੱਕਕੇ ਨਾਥ ਜੀ ਰਤਾ ਨਹੀਂ ਡੋਲੇ। ਚੜ੍ਹਦੀ ਕਲਾ, ਚੜ੍ਹਦੀ ਕਲਾ ਹੀ ਰਹੀ ਤੇ ਆਂਦਰਾਂ ਨੇ, ਮੋਹ ਨੇ ਪਿਆਰ ਨੇ ਕਲਵਲੀ ਨਹੀਂ ਪਾਈ। ਉਹ ਜੋ ਖਾਲਸਾ ਪ੍ਰਗਟ ਕੀਤਾ ਸੀ, ਹਾਂ, ਅਪਣੇ ਪੁੱਤ੍ਰ ਵਿਚ ਖਾਲਸਾ ਆਦਰਸ਼ ਨੂੰ ਖਾਲਸਾ ਹੋਕੇ ਨਿਬਾਹੁੰਦਾ ਵੇਖ ਵੇਖ ਆਪ ਖੁਸ਼ ਹੋਏ। ਪੁੱਤ੍ਰ ਸਿਪਾਹੀ ਯੋਧਾ, ਖਾਲਸਾ ਅਜੀਤ ਸਿੰਘ ਧਰਮ ਜੁੱਧ ਵਿਚ ਸ਼ਹੀਦ ਹੋਗਿਆ; ਹਾਂ ਉਸ ਜੁੱਧ ਵਿਚ ਜਿਸ ਦੀ ਟੇਕ ਨਾ ਲਾਲਚ, ਨਾ ਵੈਰ ਸੀ ਜੋ ਨਿਰੋਲ ਧਰਮ ਯੁੱਧ ਸੀ ਤੇ ਸੱਚ ਉਤੇ ਆਪਾ ਵਾਰ ਨੁਛਾਵਰੀ ਸੀ, ਸਾਹਿਬਜ਼ਾਦਾ ਸ਼ਹੀਦੀ ਪਾ ਗਿਆ। ਇਹ ਰੰਗ ਤੱਕਕੇ ਛੋਟੇ ਬੇਟੇ ਸਾਹਿਬ ਦੁਝਾਰ ਸਿੰਘ* ਜੀ ਨੇ ਪਿਤਾ ਜੀ ਤੋਂ ਰਣ ਵਿਚ ਜਾਣ ਦੀ ਤੇ ਵੱਡੇ ਭਰਾ ਵਾਂਙੂ ਯੁੱਧ ਮਚਾਉਣ ਦੀ ਆਗਜ਼ਾ ਮੰਗੀ। ਆਪ ਦੀ ਆਯੂ ਇਸ ਵੇਲੇ ਲਗ ਪਗ ਪੰਦਰਾਂ ਬਰਸ ਦੀ ਸੀ, ਪਰ ਬਚਪਨ ਤੋਂ ਹੀ ਤੀਰੰਦਾਜ਼ੀ ਤੇ ਪਟੇਬਾਜ਼ੀ ਦੀ ਜਾਚ ਸਿਖਾਈ ਗਈ ਸੀ। ਅੰਮ੍ਰਿਤ ਛਕਿਆ ਸੀ ਤੇ ਰਗ ਰਗ ਵਿਚ ਖਾਲਸਾ ਆਦਰਸ਼ ਪ੍ਰਵੇਸ਼ ਕਰ ਰਿਹਾ ਸੀ। ਧੁਰੋਂ ਉੱਚੇ ਦਰਜੇ ਤੇ ਆਏ ਸੇ, ਆਤਮਾਂ ਬੜੀ ਉੱਚੀ, ਸੁੱਚੀ ਤੇ ਬਲਵਾਨ ਸੀ, ਸੋ ਰਣ ਲਈ ਨਿੱਤਰ ਪਏ। ਹੋਰ ਪੰਜ ਸਿੰਘ ਆਪ ਦੇ ਨਾਲ ਬੀ ਤਿਆਰ ਹੋਏ। ਪਿਤਾ ਗੁਰੂ ਜੀ ਨੂੰ ਪ੍ਰਦੱਖਣਾ ਦੇ, ਬਾਪੜਾ ਲੈ ਆਪ ਟੁਰ ਪਏ। ਛੀਓ ਗੜ੍ਹੀ ਤੋਂ ਬਾਹਰ ਹੋਏ† ਸ਼ਤ੍ਰੂ ਦੇ ਸਾਹਮਣੇ ਜਾਂਦਿਆਂ ਬਲ ਤੇ ਓਜ ਦੂਣਾ ਹੋਗਿਆ। ਇਨ੍ਹਾਂ ਦਿਲਾਂ ਵਿਚ ਇਹ ਤਰਲਾ ਹੈ ਹੀ ਨਹੀਂ ਕਿ ਅਸਾਂ ਬਚਣਾ ਹੈ, ਇੱਕੋ ਗੱਲ ਹੈ ਕਿ ਅਸਾਂ ਮਰਨਾ ਹੈ ਤੇ ਵੈਰੀ ਨੂੰ ਮਾਰਨਾ ਹੈ। ਨਿਰਭੈਤਾ ਕਮਾਲ ਹੈ, ਅਕਾਲ ਤੇ ਡੋਰ ਹੈ, ਮਰਨਾ ਮੰਡ ਲਿਆ ਹੈ, ਵੱਧ ਤੋਂ ਵੱਧ ਨੂੰ ਮਾਰਨਾ ਹੈ, ਵੱਧ ਤੋਂ ਵੱਧ ਸਮਾਂ ਦੁਸ਼ਮਨ ਨੂੰ ਗੜ੍ਹੀ ਤੋਂ ਪਰੇ ਰੱਖਣਾ ਹੈ। ਗੁਰੂ ਦੀਆਂ ਖੁਸ਼ੀਆਂ ਲੈਣੀਆਂ ਹਨ, ਮਰਨਾ ਕਿ ਜੀਉਣਾ ਸਮ ਹੈ। ਅੱਗੇ ਦੀ ਸੋਝੀ ਹੈ, ਦ੍ਰਿਸ਼ਟੀ ਪਾਰਦਰਸ਼ਕ ਹੈ, ਸੋ ਜਾ ਘੋਰ ਸੰਗ੍ਰਾਮ ਮਚਾਇਆ।

ਪ੍ਰਥਮ ਤੁਫੰਗਨਿ ਕੀ ਕਰਿ ਮਾਰ। 'ਮਾਦ ਮਾਰ' ਕਰ ਪਰੇ ਜੁਝਾਰ* ॥੨॥ ਬਹੁਰ ਤਰਾਤੜ ਛੋੜਿ ਤਮਾਚੇ, ਸਤਿਗੁਰ ਕੋ ਰੁਖ ਪਿਖਿ ਰਿਸ ਰਾਚੇ।

---

*ਭਾਈ ਸੰਤੋਖ ਸਿੰਘ ਜੀ ਨੇ ਨਾਮ ਜੋਰਾਵਰ ਸਿੰਘ ਲਿਖਿਆ ਹੈ। ਪਰ ਹੋਰ ਲੇਖਕਾਂ ਤੋਂ ਆਪ ਦਾ ਨਾਮ ਜੁਝਾਰ ਸਿੰਘ ਹੈ ਸਟ-ਹਿੰਦ ਵਿਚ ਸ਼ਹੀਦ ਹੋਏ ਤੀਸਰੇ ਸਾਹਿਬਜ਼ਾਦੇ ਦਾਨਾਮ ਜ਼ੋਰਾਵਰਸਿੰਘ ਸਹੀ ਹੁੰਦਾ ਹੈ (ਇਥੇ ਕਵੀ ਸੰਤੋਖ ਸਿੰਘ ਜੀ ਨੇ ਬੀ ਦੇ ਵੇਰ ਜੁਝਾਰ ਪਦ ਵਰਤਿਆ ਹੈ ਦੇਖੋ ਛੰਦ ੨ ਤੇ ੫) ਮਤਲਬ ਜੁਝਾਰ ਸਿੰਘ ਦਾ ਹੀ ਹੈ, ਉਹ ਅਰਥ ਜੁਝਾਰ ਲੜਾਈ ਵੀ ਲਗ ਸਕਦਾ ਹੈ।

†ਕਈ ਕਵੀਆਂ ਨੇ ਕੁਠਾਰਸ ਵਧੇਰੇ ਕਰਨ ਲਈ ਉਥੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਦਾ ਪਾਣੀ ਮੰਗਣਾ ਤੇ ਗੁਰੂ ਜੀ ਦਾ ਇਨਕਾਰ ਕਰਨਾ ਲਿਖਿਆ ਹੈ, ਪਰ ਕਵੀ ਸੰਤੋਖ ਸਿੰਘ ਜੀ ਤੇ ਹੋਰ ਪੁਰਾਤਨਾਂ ਤੋਂ ਇਹ ਪ੍ਰਸੰਗ ਨਹੀਂ ਮਿਲਦਾ ਤੇ ਇਹ ਮਲੂਮ ਬੀ ਹੁੰਦਾ ਹੈ। ਗੜ੍ਹੀ ਵਿਚ ਪਾਣੀ ਬੀ ਹੈਸੀ ਤੇ ਪਾਣੀ ਤੋਂ ਤਿਹਾਏ ਨੂੰ ਜੰਗ ਵਿਚ ਘੱਲ ਕੇ ਕੌਣ ਮਰਦਾਨਗੀ ਦੀ ਆਸ ਕਰ ਸਕਦਾ ਹੈ?

ਅਪਰ ਉਪਾਇ ਨ ਕੋ ਬਨ ਆਵੈ। ਪ੍ਰਭ ਸਨਮੁਖ ਹੁਇ ਸੀਸ ਚੜਾਵੈਂ ॥੩॥ ਮ੍ਰਿਗ ਝੁੰਡਨਿ ਮਹਿੰ ਕੇਹਰਿ ਫਿਰੈਂ। ਨ੍ਰਿਭੈ ਬੀਰ ਕਿਹ ਤ੍ਰਾਸ ਨ ਧਰੈਂ। 'ਪ੍ਰਾਨ ਬਚੈਂ' ਇਹ ਲਾਲਚ ਛੋਰਾ, ਮਾਰਹਿੰ ਅੱਗ੍ਰ ਪਰਹਿੰ ਰਿਪੁ ਓਰਾ ॥੪॥ ਔ ਗਰਜਤ ਹੈਂ ਸਿੰਘ ਜੁਝਾਰੇ*, ਬਿਰੇ ਨ ਰਿਪੁ ਇਤ ਉਤ ਦੇਂ ਟਾਰੇ। [ਸੁ: ਪ੍ਰ: ਗੁ: ੬-੧੮

ਹੁਣ ਦਿਨ ਲਹਿ ਗਿਆ ਸੀ, ਸੂਰਜ ਡੁੱਬ ਗਿਆ ਸੀ, ਸੰਧਿਆ ਮਾਰੋ ਮਾਰ ਕਰਦੀ ਆ ਰਹੀ ਸੀ, ਉਧਰ ਛੀਏ ਸੂਰਮੇ ਜੂਝ ਰਹੇ ਸਨ। ਜਿੰਨਾਂ ਚਿਰ ਖਿਆਲ ਆਸ ਨਹੀਂ ਕਰ ਸਕਦਾ ਉੱਨਾਂ ਚਿਰ ਇਨ੍ਹਾਂ ਦਾ ਜੰਗ ਜਾਰੀ ਰਿਹਾ। ਇਨ੍ਹਾਂ ਨੇ ਗੜ੍ਹੀ ਦੇ ਨੇੜੇ ਵੈਰੀ ਨਹੀਂ ਆਉਣ ਦਿਤੇ ਪਰ ਅੰਤ ਅਨਗਣਾਂ ਦੇ ਸਾਹਮਣੇ ਅਨਗਿਣਤਾਂ ਨੂੰ ਮਾਰਦੇ, ਜ਼ਖਮੀ ਕਰਕੇ ਡੇਗਦੇ ਇਹ ਛੀਏ ਸੂਰਮੇ ਬੀ ਸ਼ਹੀਦ ਹੋ ਗਏ। ਹਨੇਰਾ ਹੁਣ ਵਧ ਰਿਹਾ ਸੀ, ਸਿੰਘਾਂ ਨੇ ਗੁਰੂ ਜੀ ਨੂੰ ਆਖਿਆ ਕਿ ਸੱਚੇ ਪਾਤਸ਼ਾਹ ਆਪ ਹੁਣ ਆਪਣੇ ਬਚਾਉ ਦਾ ਉਪਰਾਲਾ ਕਰੋ, ਹੁਣ ਯੁੱਧ ਦਾ ਜਾਰੀ ਰਹਿਣਾ ਕਠਨ ਹੈ। ਪਰ ਸਤਿਗੁਰੂ ਜੀ ਬੋਲੇ ਕਿ "ਇਹੋ ਵੇਲਾ ਸ਼ਤ੍ਰੂ ਦੇ ਬਲ ਪਾ ਜਾਣ ਦਾ ਹੈ, ਔਹ ਦੇਖੋ ਇਕ ਘਟਾ ਉਮੰਡ ਕੇ ਆ ਰਹੀ ਹੈ; ਸੂਰਮੇ ਤੇ ਸੂਰਮਾਂ ਆ ਰਿਹਾ ਹੈ। ਲਿਆਓ ਤੀਰਾਂ ਦੇ ਨਿਖੰਗ ਵਡੇ ਜੋ ਸੰਭਾਲ ਕੇ ਰੱਖੇ ਸਨ, ਹੁਣ ਉਨ੍ਹਾਂ ਦਾ ਸਮਾਂ ਆਇਆ ਹੈ। ਮੈਂ ਜਿਸ ਪਾਸੇ ਵਲ ਤੀਰ ਚਲਾਵਾਂ, ਸਾਰੇ ਚਲਾਓ, ਦਰਵਾਜ਼ੇ ਅੰਦਰ ਜੋ ਪਹਿਰੇ ਤੇ ਹਨ ਉਹ ਦਰਵਾਜ਼ੇ ਦੇ ਛੇਕਾਂ ਬਾਣੀ ਤੀਰ ਵਰਸਾਉਣ"। ਇਉਂ ਕਹਿ ਆਪ ਵੀਰਾਸਨ ਹੋ ਗਏ। ਇਕ ਉਮਡੀ ਆ ਰਹੀ ਸੈਨਾਂ ਉਤੇ ਲੱਗਾ ਮੀਂਹ ਵਰਸਣ। ਦੁਸ਼ਮਨਾਂ ਨੇ ਜਾਤਾ ਸੀ ਕਿ ਹੁਣ ਅੰਦਰ ਗੁਰੂ ਹੀ ਗੁਰੂ ਹੈ, ਇਕ ਟੱਲੇ ਨਾਲ ਹੁਣ ਗੜ੍ਹੀ ਮਾਰ ਲਵਾਂਗੇ, ਕਿੰਨੇ ਕੁ ਤੀਰ ਇਕ ਆਦਮੀ ਮਾਰੇਗਾ, ਸੌ ਪੰਜਾਹ ਜਣੇ ਅਸੀਂ, ਉਹ ਜਾਣੇ, ਮਰ ਕੇ ਜੇ ਉਸ ਨੂੰ ਫੜ ਲਈਏ ਤਾਂ ਸੁਖ ਨੀਂਦੇ ਸਵੀਏਂ। ਪਰ ਗੁਰੂ ਜੀ ਗੁਰੂ ਸੇ ਅਰ ਰਣ ਵਿਦਯਾ ਦੇ ਪੂਰੇ ਉਸਤਾਦ ਸੇ। ਇਸ ਵੇਲੇ ਜਿਸ ਤੇਜ਼ੀ ਨਾਲ ਤੇ ਜਿਸ ਫੁਰਤੀ ਨਾਲ ਗੜ੍ਹੀ ਤੋਂ ਤੀਰਾਂ ਦਾ ਮੀਂਹ ਵਸਿਆ; ਤੁਰਕ ਜਥੇਦਾਰਾਂ ਨੂੰ ਸਮਝ ਆ ਗਈ ਕਿ ਅੰਦਰ ਕੱਲਾ ਗੁਰੂ ਨਹੀਂ, ਅੰਦਰ ਅਜੇ ਸੌ ਦੋ ਸੌ ਆਦਮੀ ਹੈ। ਅਗਲਾ ਵਧਿਆ ਸਾਰਾ ਦਸਤਾ ਮਾਰਿਆ ਗਿਆ, ਪਿਛਲਾ ਕਛ ਮਾਰਿਆ ਤੇ ਕੁਛ ਜ਼ਖਮੀ ਹੋ ਰਿਹਾ ਸੀ, ਤੇ ਤੀਸਰੇ ਪਰ ਉਤੋਂ ਮੀਂਹ ਵੱਸ ਰਿਹਾ ਸੀ। ਜੋ ਸੂਰਮਾ ਹੌਂਸਲਾ ਕਰਕੇ ਦਰਵਾਜ਼ੇ ਵਲ ਅੱਗੇ ਵਧਿਆ, ਉਹ ਬੀ ਦਰਵਾਜ਼ੇ ਵਿੱਚੋਂ ਆਉਂਦੇ ਤੀਰਾਂ ਨਾਲ ਵਿੱਝ ਡਿੱਗਾ। ਇਸ ਵੇਲੇ ਜੋ ਦੁਸ਼ਮਨ ਸਿਪਾਹ ਦੀ, ਗੜ੍ਹੀ ਤੋਂ ਵੱਸ ਰਹੇ ਮੀਂਹ ਨਾਲ, ਹਾਲਤ ਹੋਈ ਉਸ ਨੇ ਤੁਰਕ ਸੈਨਾਂ ਨੂੰ ਮਜਬੂਰ ਕੀਤਾ ਕਿ ਪਿਛੇ ਹਟ ਜਾਏ, ਅਰ ਡੇਰੇ ਜਾਕੇ ਫੇਰ ਮਸ਼ਵਰਾ ਕਰੇ। ਪੈ ਸਲਾਹ ਹੁਣ ਇਹ ਠਹਿਰੀ ਕਿ ਰਾਤ ਦਾ ਹਨੇਰਾ ਪੈ ਰਿਹਾ ਹੈ, ਗੁਰੂ ਉੱਚੇ ਥਾਂ ਤੇ ਗੜ੍ਹੀ ਦੀ ਓਟ ਵਿਚ ਹੈ, ਅਸੀਂ ਖੁਲ੍ਹੇ ਮੈਦਾਨ ਨਿਸ਼ਾਨੇ ਫੁੰਡੇ ਜਾਣ ਦੀ ਥਾਵੇਂ ਬੈਠੇ ਵਧਣਾ ਹੈ, ਜੇ ਅਸਾਂ ਜੰਗ ਜਾਰੀ ਰਖਿਆ ਤਾਂ ਬੜਾ ਨੁਕਸਾਨ ਹੋਵੇਗਾ। ਫਤਹ ਸਾਡੀ ਨਿਸ਼ਚੇ ਹੈ, ਚੁਪ ਕਰਕੇ ਬਹਿ ਰਹੀਏ ਤਾਂ ਦੋ ਤ੍ਰੈ ਦਿਨਾਂ ਵਿਚ ਗੜ੍ਹੀ ਸਰ ਹੈ, ਐਵੇਂ ਕਿਉਂ ਮਰੀਏ? ਸੋ ਸਲਾਹ ਇਹ ਠਹਿਰੀ ਕਿ ਪਹਿਰੇ ਤਕੜੇ ਲਗਾਏ ਜਾਣ, ਜੋ ਰਾਤ ਨੂੰ ਗੜ੍ਹੀ ਅੰਦਰਲੇ ਭੱਜ ਨਾ ਜਾਣ ਤੇ ਦਿਨੇ ਫੇਰ ਦੇਖੀ ਜਾਊ। ਸੋ ਗੜ੍ਹੀ ਦੇ ਦਰਵਾਜ਼ੇ ਵੱਲ ਦੁਰੇਡਾ ਜਾਕੇ ਤਕੜਾ ਪਹਿਰਾ ਲਾਇਆ ਗਿਆ ਤੇ ਪਿੰਡ ਦੇ ਉਦਾਲੇ ਉਦਾਲੇ ਪਹਿਰੇ ਕਾਇਮ ਕੀਤੇ ਗਏ, ਕਿਉਂਕਿ ਗੜ੍ਹੀ ਪਿੰਡ ਦੇ ਵਿਚ ਸੀ, ਵੱਖਰੀ ਮੈਦਾਨ ਵਿਚ ਨਹੀਂ ਸੀ।

੪. [ਗੁਰਿਆਈ ਪੰਥ ਨੂੰ]

ਦੁਸ਼ਮਨ ਦੀ ਹੁਣ ਇਹ ਚਾਲ ਨਿਸ਼ਚਿਤ ਕਰਕੇ ਸਤਿਗੁਰਾਂ ਨੇ ਦੀਵਾਨ ਸਜਾ ਦਿਤਾ, ਰਹੁਰਾਸ ਦਾ ਭੋਗ ਪਾਇਆ। ਅੱਜ ਅਰਦਾਸਾ ਆਪ ਜੀ ਨੇ ਆਪ ਕੀਤਾ ਤੇ ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਤ੍ਰੈ ਮਹਾਨ ਕਸ਼ਟ ਦੀਆਂ ਰਾਤਾਂ ਖਾਲਸੇ ਨੂੰ ਚੜ੍ਹਦੀਆਂ ਕਲਾਂ ਵਿਚ ਬੀਤੀਆਂ, ਅਰ ਵਾਹਿਗੁਰੂ ਅੰਗ ਸੰਗ ਰਿਹਾ। ਜਿਨ੍ਹਾਂ ਨੂੰ ਆਪਣੀ ਗੋਦ ਵਿਚ ਸੱਦਣਾ ਮਨਜ਼ੂਰ ਸੀ ਉਹਨਾਂ ਨੂੰ ਚੜ੍ਹਦੀਆਂ ਕਲਾਂ ਵਿਚ ਆਪਣੇ ਸਨ-

*ਇਸ ਨਿਸ਼ਾਨ ਦੇ ਫੁਟ ਨੋਟ ਲਈ ਦੇਖੋ ਪਿਛਲੇ ਪੰਨੇ ਦੀ ਟੂਕ * ਨਿਸ਼ਾਨ ਵਾਲੀ।

ਮੁਖ ਰਹਿੰਦਿਆਂ, ਚਿਤ ਵਿਚ ਨਾਮ ਤੇ ਮੂੰਹ ਵਿਚ ਫਤਹ, ਆਪ ਨੇ ਆਪਣੇ ਦਰ ਸੱਦ ਲਿਆ, ਘਾਲ ਪ੍ਰਵਾਨ ਹੋਈ। ਓਹ ਦਰ ਘਰ ਜਾਕੇ ਅੱਪੜੇ । ਜੋ ਬਾਕੀ ਰਹੇ ਆਪ ਦੀ ਓਟ ਵਿਚ ਸਾਵਧਾਨ, ਭਾਣੇ ਤੇ ਸ਼ਾਕਰ, ਰਜ਼ਾ ਵਿਚ ਰਾਜ਼ੀ, ਚੜ੍ਹਦੀਆਂ ਕਲਾਂ ਵਿਚ ਤਿਆਰ-ਬਰ-ਤਿਆਰ ਹਨ ਤੇ ਰਹਿਣ। ਇਹ ਆਪ ਦੀ ਮਿਹਰ ਹੈ। ਫੇਰ ਆਪ ਨੇ ਸਾਰੇ ਸ਼ਹੀਦਾਂ ਦੀ ਆਤਮਾਂ ਨੂੰ ਵਰ ਅਸੀਸਾਂ ਤੇ ਦਰ ਪਰਵਾਨਗੀ ਬਖਸ਼ੀ। ਹੁਣ ਬਚ ਰਹੇ ਸਿੰਘਾਂ ਨੇ ਸਤਿਗੁਰੂ ਜੀ ਦੀ ਸੇਵਾ ਵਿਚ ਬਿਨੈ ਕੀਤੀ ਕਿ ਪਾਤਸ਼ਾਹ ! ਅਸੀਂ ਹੁਕਮ ਦੇ ਬੰਦੇ ਹਾਂ ਜੋ ਆਗਯਾ ਹੋਊ ਸੋ ਕਰਾਂਗੇ, ਪਰ ਹੁਣ ਇਕ ਮਾਨ ਤੇ ਦਾਅਵੇ ਨਾਲ ਬੇਨਤੀ ਹੈ ਕਿ ਆਪ ਇਥੋਂ ਟਰ ਜਾਓ, ਇਹ ਸਾਡਾ ਸਾਰੇ ਆਪ ਦੇ ਦਾਸਾਂ ਦਾ ਵਿਚਾਰ ਹੈ ਤੇ ਆਸ਼ਾ ਹੈ ਕਿ ਆਪ ਪ੍ਰਾਰਥਨਾ ਮੰਨ ਲਓਗੇ। ਅਸੀਂ ਗੜ੍ਹੀ ਨੂੰ ਜਦ ਤਕ ਰਹੇ ਰੋਕਾਂਗੇ ਤੇ ਆਪ ਨਿੱਨੇ ਵਿਚ ਦੂਰ ਨਿਕਲ ਜਾਓਗੇ, ਇਹ ਦਾਉ ਹੈ, ਹਾਰ ਨਹੀਂ ਹੈ । ਇਸ ਵੇਲੇ ਸਾਡੇ ਪੰਥ ਦੀ ਜਿੱਤ ਇਹ ਹੈ ਕਿ ਆਪ ਵੈਰੀ ਦੇ ਹੱਥ ਨਾ ਆਓ। ਇਤਨੇ ਅਨਗਿਣਤ ਲਸ਼ਕਰ ਦੇ ਸਾਹਮਣੇ ਚਾਰ ਪੰਜ ਪਹਿਰ ਢਾਲੀਆਂ ਦਾ ਅੜੇ ਰਹਿਣਾ, ਉਹਨਾਂ ਦੇ ਹਜ਼ਾਰਾਂ ਆਦਮੀ ਘਾਇਲ ਤੇ ਮੁਰਦੇ ਕਰ ਦੇਣੇ, ਇਹ ਆਪ ਦੀ ਸੂਰਮਗਤੀ ਤੇ ਫਤਹ ਹੈ। ਹੁਣ ਇਸ ਟਿੱਡੀ ਦਲ ਸੈਨਾਂ ਵਿਚੋਂ ਨਿਕਲ ਜਾਣਾ ਤੇ ਡਾਹੀ ਨਾ ਦੇਣੀ ਉਸ ਤੋਂ ਵੱਡੀ ਬੀਰਤਾ ਤੇ ਫਤਹ ਹੈ। ਦੂਸਰੇ ਅਸਾਂ ਖਾਲਸਾ ਰਖਣਾ ਹੈ, ਖਾਲਸਾ ਅਜੇ ਬੱਚਾ ਹੈ, ਆਪ ਸਲਾਮਤ ਹੋ ਤਾਂ ਖਾਲਸਾ ਸਲਾਮਤ ਹੈ,ਇਸ ਲਈ ਹੁਣ ਅਰਜ਼ੋਈ ਮੰਨ ਲਓ! ਅਸਾਂ ਹਠ ਨਹੀਂ ਕਰਨਾ, ਅਸਾਂ ਸਿਰ ਭੇਟ ਕਰਕੇ ਸੁਖ ਪਾਉਣਾ ਹੈ, ਪਰ ਅਸਾਂ ਡਾਢੇ ਪਿਆਰ ਨਾਲ, ਸਿਦਕ ਨਾਲ, ਮਾਣ ਨਾਲ, ਦਾਅਵੇ ਨਾਲ ਹੁਣ ਆਪ ਨੂੰ ਏਥੋਂ ਟੋਰ ਦੇਣਾ ਹੈ । ਇਹ ਸੁਣ ਕੇ ਉਸ ਸੂਰਮਿਆਂ ਦੇ ਸੂਰਮੇ ਰੱਬੀ ਜੋਤ ਦੇ ਚਿਹਰੇ ਤੇ ਇਕ ਰੰਗ ਆਇਆ, ਉਹ ਦੂਵਣਤਾ ਆਈ ਜੋ ਪਿਆਰ ਹੀ ਲਿਆ ਸਕਦਾ ਹੈ । ਅਨੰਦ ਪੁਰ ਗੁਆਕੇ ਅਹਿੱਲ ਰਹੇ, ਟੱਬਰ ਕਬੀਲੇ ਬੱਚੇ ਪਤਾ ਨਹੀਂ ਕਿਥੇ ਗਏ, ਪਰ ਅਡੋਲ ਰਹੇ। ਚੌਣਵੇਂ ਪਿਆਰੇ ਅੱਖਾਂ ਦੇ ਸਾਹਮਣੇ ਟੁਕ ਟੁਕ ਸ਼ਹੀਦ ਹੋਏ, ਆਪ ਅਡੋਲ ਰਹੇ। ਤੁਆਨ ਸੂਰਮੇ, ਸੁਹਣੇ ਪੁੱਤਰ ਤੁਝ ਤੁਝ ਪਰਮ ਧਾਮ ਗਏ, ਆਪ ਅਛਿੜ ਰਹੇ। ਪਰ ਹੁਣ ਜਦ ਪਿਆਰਿਆਂ ਨੇ ਪਿਆਰ ਦਾ ਵਾਸਤਾ ਪਾਕੇ ਅਰਜ਼ ਕੀਤੀ ਤਾਂ ਦ੍ਰਵ ਪਏ, ਪਰ ਅੱਖਾਂ ਤੇ ਲੁੱਲ੍ਹਾਂ ਤੇ ਹੀ ਟੰਗ ਫਿਰ ਕੇ। ਫੇਰ ਅਟੱਲ ਸੁਰ ਵਿਚ ਬੋਲੇ : 'ਚੰਗਾ ਖਾਲਸਾ ਜੀ !' ਫੇਰ ਕੁਛ ਦੇਰ ਵਿਚਾਰ ਵਿਚ ਰਹੇ, ਫੇਰ ਬੋਲੇ ਅੱਜ ਖਾਲਸਾ ਡਾਢੇ ਕਸ਼ਟ ਅਸਹਿ ਪਰਤਾਵੇ ਵਿਚ ਪੂਰਨ ਨਿਕਲਿਆ, ਅੱਜ ਖਾਲਸਾ ਗੁਰਿਆਈ ਦਾ ਮਾਲਕ ਹੈ। ਦੇਖੋ ਖਾਲਸਾ ਗੁਰੂ, ਗੁਰੂ ਖਾਲਸਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਇਆ ਖਾਲਸਾ ਕਾਤਾ ਹੈ। ਜਿਥੇ ਪੰਜ ਮਿਲੇਂਗੇ ਗੁਰੂ ਵਿਚ, ਗੁਰੂ ਨਾਮ ਤੇ ਗੁਰੂ ਆਦਰਸ਼ ਤੇ ਮਨ ਵਿਚ ਨਾਮ ਤੇ ਤਨ ਵਿਚ ਪ੍ਰੇਮ ਨਾਲ, ਉਥੇ ਗੁਰੂ ਹੋਵੇਗਾ। ਪੰਜਾਂ ਦਾ ਮਤਾ ਗੁਰੂ ਦਾ ਮਤਾ ਹੋਵੇਗਾ। ਗੁਰੂ ਗ੍ਰੰਥ ਹੈ, ਗੁਰੂ ਗ੍ਰੰਥ ਦੇ ਤਾਬਿਆ ਖਾਲਸਾ ਗੁਰੂ ਹੈ।

ਪੰਚਹੁ ਮੈਂ ਨਿਤ ਬਰਤਤਿ ਮੈਂ ਹੌਂ
ਪੰਚ ਮਿਲਿਹਿੰ ਸੋ ਪੀਰਨ ਪੀਰ।

ਪੰਚ ਉਹ ਖਾਲਸਾ ਹਨ ਕਿ ਖਾਲਸਾ ਆਦਰਸ਼ ਜਿਨ੍ਹਾਂ ਵਿਚ ਵਰਤਿਆ ਹੈ,ਹਿਰਦੇ ਨਾਮ ਹੈ, ਵਰਤਨ ਸੱਚ ਹੈ। ਇਉਂ ਕਹਿਕੇ ਆਪ ਨੇ ਜਿਨ੍ਹਾਂ ਕਲਗੀ ਤੇ ਸ਼ਸਤਰ ਅਗੇ ਧਰੇ ਤੇ ਪੰਜਾਂ ਦੀ ਪ੍ਰਕ੍ਰਮਾ ਕਰਕੇ ਤਿੰਨ ਵੇਰ ਫੇਰ ਫਤਹ ਗਜਾਈ । ਆਪ ਸ਼ਸਤ੍ਰ ਪਹਿਨਾਏ ਤੇ ਆਖਿਆ—ਖਾਲਸਾ ਗੁਰੂ । ਇਸ ਵਡਿਆਈ, ਇਸ ਮਾਨ, ਇਸ ਦਾਤ ਨੂੰ ਪਾਕੇ ਖਾਲਸੇ ਵਿਚ ਮਾਨ ਨਹੀਂ ਆਇਆ। ਉਹ ਜਾਣਦੇ ਸਨ ਕਿ ਅਸੀਂ ਮੁਰਦੇ ਸਾਂ, ਇਸ ਸਤਿਗੁਰ ਨੇ ਆਤਮਾ, ਮਨ ਤੇ ਸਰੀਰ ਕਰਕੇ ਜ਼ਿੰਦਗੀ ਪਾਈ ਹੈ। ਗੁਰੂ ਹੈ, ਅਸੀਂ ਸਿੱਖ ਹਾਂ, ਇਸ ਨੇ ਗੁਰਿਆਈ ਬਖਸ਼ੀ ਹੈ, ਪਰ ਇਨ੍ਹਾਂ ਦੇ ਚਰਨੀ ਅਸਾਂ ਹੀ ਲੱਗਣਾ ਹੈ।ਅਸੀਂ ਸਦਾ ਸਿੱਖ ਹਾਂ,ਅਸੀਂ ਸੰਗਤ ਹਾਂ, ਖਾਲਸਾ ਹਾਂ, ਪਰ ਗੁਰੂ ਬਿਨਾਂ ਨਾ ਅਸੀਂ ਸੰਗਤ ਹਾਂ, ਨਾ ਖਾਲਸਾ। ਜਿਵੇਂ ਜੰਞ ਹੁੰਦੀ ਹੈ, ਜੇ ਲਾੜਾ ਹੈ ਤਾਂ ਜੰਞ, ਨਹੀਂ ਤਾਂ ਆਦਮੀਆਂ ਦਾ ਕੱਠ। ਇਸੇ ਤਰ੍ਹਾਂ ਜੇ ਵਿਚ ਗੁਰੂ ਹੈ ਤਾਂ ਸੰਗਤ ਹੈ; ਖਾਲਸਾ ਹੈ । ਜੇ ਗੁਰੂ ਵਿਚ ਨਹੀਂ, ਤਾਂ ਆਦਮੀਆਂ ਦਾ ਕੱਠ ਹੈ, ਸੋ ਜੇ ਸੰਗਤ 'ਖਾਲਸਾ ਗੁਰੂ' ਹੈ ਤਾਂ ਗੁਰੂ ਵਿਚ ਹੋਕੇ, ਗੁਰੂ ਸਮੇਤ। ਗੁਰੂ ਨੂੰ ਅਲੱਗ ਖੜਾ ਕਰਕੇ ਕੋਈ

ਇਕੱਠ ਨਾ ਸੰਗਤ ਹੈ ਨਾ ਖਾਲਸਾ।

ਉਸ ਵੇਲੇ ਦੇ ਸਾਰੇ ਸਿਖ ਨਾਮੀ (ਬੰਦਗੀ ਕਰਨ ਵਾਲੇ) ਹੋਇਆ ਕਰਦੇ ਸਨ, ਇਸ ਕਰਕੇ ਆਤਮ ਭੇਤਾਂ ਦੇ ਜਾਣੂੰ ਹੁੰਦੇ ਸਨ। ਨਾਮ ਬਿਨਾ ਕੋਈ ਤਨ ਉਹ ਤਨ ਨਹੀਂ ਜਿਸ ਨੂੰ ਗੁਰੂ ਨੇ ਪਿਆਰ ਕੀਤਾ ਹੈ। ਨਾਮ ਬਿਨਾ ਤਨ ਤਾਂ ਖਗ ਤਨ, ਮੀਨ ਤਨ, ਵਰਾਹ ਤਨ ਹਨ, ਨਾਮ ਹੋਵੇ ਤਾਂ ਮਾਨੁਖ ਤਨ, ਦੇਵਤਾ ਤਨ ਬਣਦਾ ਹੈ। ਸੋ ਐਸੇ ਨਾਮੀ, ਰਸੀਏ, ਸੱਚੇ ਸੂਰੇ, ਜੀਉਂਦੇ ਸਮੁਦਾਇ, ਸਿਖਾਂ ਦੇ ਸਮੁਦਾਇ ਨੂੰ ਜਦੋਂ ਗੁਰਿਆਈ ਮਿਲੀ ਤਾਂ ਉਨ੍ਹਾਂ ਰਸੀਏ ਪੁਰਖਾਂ ਨੇ ਚਰਨਾਂ ਤੇ ਮੱਥਾ ਟੇਕਿਆ ਤੇ ਆਖਿਆ:—

ਪੰਚਹੁ ਸਿੰਘਨ ਹਾਥ ਜੋਰਿ ਕੈ, ਰਾਵਰ ਚਰਨਨਿ ਅਰਪੇ ਸੀਸ ॥ ਹਮ ਕੈਸੇ ਤੁਮ ਕਹੁ ਜਨੁ ਲਾਏਂ, ਹਮ ਕੋ ਤੁਮ ਏਕੈ ਜਗਦੀਸ ॥ ਬਿਰਦ ਕ੍ਰਿਪਾਲ ਕ੍ਰਿਪਾ ਕਰ ਤਾਰੇ, ਰਾਮਚੰਦ ਜਿਮ ਕਾਨਨ ਕੀਸ ॥ ਜਿਮ ਤੁਮ ਬਡੇ ਬਡ ਬਡਿਆਈ, ਕੌਨ ਸਕੈ ਲਖਿ, ਸਭ ਗੁਨ ਧੀਸ ॥ [ਗੁ: ਪ: ਸੂ: ਗੁ: ੬-੪੧

ਇਸ ਤਰ੍ਹਾਂ ਜਦ ਖਾਲਸੇ ਨੇ (ਗੁਰੂ ਰੱਬ ਦੀ ਤਾਬਿਆ) ਗੁਰਿਆਈ ਪਾਈ ਤੇ ਗੁਰੂ ਅਗੇ ਨਿੰਮ੍ਰ ਹਕੇ ਆਪਣੀ ਨਿੰਮ੍ਰਤਾਈ ਵਿਚ ਬਿਨੈ ਅਲਾਈ ਤਾਂ ਵੇਲਾ ਗੁਰਮਤੇ ਦਾ ਆਇਆ, ਹਾਂ ਪਹਿਲੇ ਗੁਰਮਤੇ ਦਾ। ਝੱਟ ਵਿਚਾਰ ਹੋਕੇ ਗੁਰੂ ਖਾਲਸੇ ਵਲੋਂ ਫੈਸਲਾ ਹੋਇਆ ਕਿ ਆਪ ਜਾਓ, ਨਾਲ ਆਪ ਦੇ ਦਇਆ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਜਾਣ, ਅੰਦਰ ਭਾਈ ਸੰਤ ਸਿੰਘ, ਸੰਗਤ ਸਿੰਘ, ਅਟਾਰੀ ਵਿਚ ਰਹਿਣ ਤੇ ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਦੇਵਾ ਸਿੰਘ ਚਹੁੰ ਬੁਰਜਾਂ ਵਿਚ ਰਹਿਣ। ਜੀਵਨ ਸਿੰਘ ਕਾਲਾ ਸਿੰਘ ਧੌਂਸੇ ਵਜਾਉਣ ਤੇ ਰਹਿਣ*। ਇਸ ਤਰ੍ਹਾਂ ਗੁਰੂ ਖਾਲਸੇ ਦਾ ਫੈਸਲਾ ਮੰਨਕੇ ਗੁਰੂ ਜੀ ਟੁਰੇ, ਨਾਲ ਤੈਂਏ ਸਿੰਘ ਟੁਰੇ। ਗੜ੍ਹੀ ਦੇ ਦਰਵਾਜ਼ੇ ਬਾਣੀਂ ਜਾਣਾ ਮੁਨਾਸਬ ਨਹੀਂ ਸੀ। ਪਿਛਲੇ ਪਾਸੇ ਵਲ ਜੋ ਇਕ ਰਸਤਾ ਸੀ, ਉਸ ਨੂੰ ਤੋੜਕੇ ਮਲਕੜੇ ਨਿਕਲ ਗਏ। ਚੱਵ੍ਹਾਂ ਨੇ ਅਰਬਾਤ ਗੁਰੂ ਜੀ ਤੇ ਤ੍ਰੈ ਸਾਥੀਆਂ ਨੇ ਸ਼ਸਤ੍ਰ ਧਾਰੇ ਹੋਏ ਸੇ, ਭੱਥੇ ਭਰੇ ਹੋਏ ਸੇ, ਕੁਛ ਮੁਹਰਾਂ ਬੀ ਜੇਬੇ ਵਿਚ ਸਨ। ਚਾਰੇ ਸਾਰੀ ਤਿਆਰੀ ਕਰਕੇ ਨਿਕਲੇ ਸੇ। ਚਾਰੇ ਗੜ੍ਹੀ ਦੇ ਲਕਵੇਂ ਰਸਤਿਓਂ ਨਿਕਲ ਬਾਹਰ ਆਏ, ਦਾਉ ਬਚਾਉਂਦੇ, ਪਹਿਰਿਆਂ ਤੇ ਪਰੇ ਪਰੇ ਚੁਪਕੇ ਨਿਕਲ ਗਏ। ਇਕ ਟਿਕਾਣੇ ਅੱਪੜਕੇ ਗੁਰੂ ਕੇ ਜਥੇ ਵਿਚ ਲਲਕਾਰ ਉਠੀ "ਸਿਖਾਂ ਦਾ ਗੁਰੂ ਨਿਕਲ ਗਿਆ ਜੇ।" ਤ੍ਰੈਵਾਰ ਗੱਜ ਕੇ ਤਾੜੀ ਵਜਾ ਕੇ ਕਿਹਾ: "ਹਿੰਦ ਦਾ ਪੀਰ ਨਿਕਲ ਗਿਆ ਜੇ"। ਇਹ ਅਵਾਜ਼ ਸੁਣ ਇਕਦਮ ਸੁੱਤੇ ਲਸ਼ਕਰ ਵਿਚ ਰੌਲਾ ਪੈ ਗਿਆ। ਇਕ ਪਹਿਰੇ ਤੋਂ ਮਸ਼ਾਲਚੀ ਤੇ ਪਹਿਰੇ ਵਾਲੇ ਅਵਾਜ਼ ਦੀ ਸੇਧ ਨੂੰ ਭੱਜਕੇ ਆਏ। ਉਨ੍ਹਾਂ ਨੂੰ ਆਉਂਦੇ ਹੀ ਸਤਿਗੁਰਾਂ ਦੇ ਜਥੇ ਵਲੋਂ ਉਤੋ ਬੱਲੀ ਤੀਰ ਵਜ, ਤੇ ਮਸਾਲਾਂ ਡੇਗਕੇ ਆਉਂਦਿਆਂ ਨੂੰ ਲਿਟਾ ਗਏ। ਇਨ੍ਹਾਂ ਡਿਗਦਿਆਂ ਮਰਦਿਆਂ ਦੀ ਹਾਇ ਹੂ ਦੀ ਅਵਾਜ਼ ਐਨੀ ਉੱਠੀ ਕਿ ਘਬਰਾ ਕੇ ਸਾਰੇ ਜਾਗੇ, ਕੋਈ ਕਿਸੇ ਸੇਧ ਕੋਈ ਕਿਸੇ ਸੇਧ ਫੜਨ ਨੂੰ ਨੱਠਾ। ਅਗੋਂ ਕਈ ਥਾਂ ਆਪੋ ਵਿਚ ਟਕਰਾਏ। ਉਤੋਂ ਬੱਦਲ ਛਾਏ ਹੋਏ ਸੇ। ਦੁਸ਼ਟ ਸੈਨਾਂ ਨੇ ਆਪੋ ਵਿਚ ਇਕ ਦੂਜੇ ਨੂੰ ਘੇਰ ਲਿਆ ਤੇ ਕਟਾਵੱਢ ਸ਼ੁਰੂ ਹੋ ਗਈ। ਇਸ ਤੜਥੱਲੀ ਵਿਚ ਗੁਰੂ ਜੀ ਇਕ ਪਾਸੇ ਨਿਕਲ ਗਏ ਤੇ ਤ੍ਰੈਏ ਸਿੰਘ ਹੋਰ ਪਾਸੇ ਨਿਕਲ ਗਏ। ਪਰ ਵਿਛੁੜਨ ਤੋਂ ਪਹਿਲਾਂ ਗੁਰੂ ਜੀ ਨੇ ਪਿਆਰਿਆਂ ਨੂੰ ਕਹਿ ਦਿੱਤਾ ਸੀ ਕਿ ਅਸਾਂ ਤੁਸਾਂ ਵਿੱਛੜ ਜਾਣਾ ਹੈ, ਇਸ ਤਾਰੇ ਦੀ ਸੇਧ ਰੱਖਣੀ ਫਿਰ ਅਸੀਂ ਮਿਲ ਜਾਵਾਂਗੇ।

ਉਧਰ ਗੜ੍ਹੀ ਵਿਚ ਸਿੰਘਾਂ ਨੇ ਗੁਰਮਤਾ ਕਰਕੇ ਭਾਈ ਸੰਤ ਸਿੰਘ ਜੀ* ਨੂੰ ਗੁਰੂ ਕੀ ਥਾਵੇਂ ਜਥੇਦਾਰ

*ਇਕ ਕਥਾ ਇਹ ਹੈ ਕਿ ਅੰਦਰ ਕੇਵਲ ਦੋ ਹੀ ਸਿੰਘ ਸਨ, ਇਕ ਇਹ ਹੈ ਕਿ ਅੰਦਰ ਪੰਜਾਂ ਦੇ ਲਗ ਪਗ ਸਿੰਘ ਸਨ।

*(ਸੂ:ਪ੍ਰ:),ਪਰਗ:ਬਿ:(ਸੂ:ਸਿੰ:)ਵਿਚ ਭਾਈਸੰਗਤਸਿੰਘ ਜੀ ਨੂੰਗੱਦੀ ਦਿੱਤੀ ਲਿਖਿਆ ਹੈ। ਦੂਰ ਪ੍ਰਤਾਪ ਸੂਰਜ ਦੇ ਇਕ ਪੁਰਾਤਨ ਛਾਪੇ ਦੇ ਨੁਸਖੇ ਵਿਚ ਇਸ ਥਾਵੇਂ ਇਕ ਟੂਕ ਭਾਈ ਸੰਤ ਸਿੰਘ ਜੀ ਸੰਬੰਧੀ ਦਿੱਤੀ ਹੋਈ ਹੈ:—'ਸੰਤ ਸਿੰਘ ਅਰੋੜਾ ਮਾਝੇ ਦੇਸ ਪੱਟੀ ਨਗਰ ਦਾ ਨਿਵਾਸੀ ਸੀ। ਇਸ ਦੇ ਪੁਤ੍ਰ ਹਾੜਾ ਸਿੰਘ ਨੂੰ ਹੁਕਮਨਾਮਾ ਬਖਸ਼ੀਸ਼ ਹੋਇਆ, ਜੋ ਹੁਣ ਤਕ ਤਿਸਦੀ ਸੰਤਾਨ ਪਾਸ ਹੈ।' ਦੋਹ ਖੋਜ ਇਸ ਸੰਬੰਧੀ ਇਹ ਹੈ ਕਿ ਹਾੜਾ ਸਿੰਘ ਪਸ਼ੌਰ ਜਾ ਵਸਿਆ ਸੀ, ਓਥੋ ਇਹ ਹੁਕਮ ਨਾਮਾ ਹੈ ਜੋ ਹੁਣ ਮਾਈ ਬੁਤਕੀ ਪਾਸ ਹੈ, ਘਰ ਭਾਈ ਉਤਮ ਸਿੰਘ ਦਾ ਹੈ, ਕੁਝ ਭਾਈਆਂ, ਮਹੱਲਾ ਗੰਜ। ਅਸਾਂ ਨੇ ਇਸ ਹੁਕਮਨਾਮੇ ਦੇ ਦਰਸ਼ਨ ਕੀਤੇ ਹਨ, ਇਸ ਤੋਂ ਤਾਂ ਪਤਾ ਭਾਈ ਸੰਤ ਸਿੰਘ ਜੀ ਦਾ ਹੀ ਚਲਦਾ ਹੈ,ਪਰ ਵਿਚਾਰ ਇਹ ਹੈ ਕਿ ਭਾਈ ਸੰਤ ਸਿੰਘ ਚਾਹੇ ਅਰੋੜ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਬਾਪਿਆ । ਕਲਗ਼ੀ ਜਿਗ਼ਾ ਲਗਾ ਕੇ ਸੋਨਮੁਖੀ ਤੀਰਾਂ ਦਾ ਭੱਥਾ ਦੇਕੇ ਅਟਾਰੀ ਵਿਚ ਬਿਠਾਇਆ, ਮੰਗਤ ਸਿੰਘ ਨਾਲ ਬੈਠਾ । ਬਾਕੀ ਸਿੰਘ ਬਾਵੇਂ ਬਾਵੇਂ ਤੁਫੰਗਾਂ ਤੇ ਤੀਰ ਕਮਾਨ ਲੈਕੇ ਬਹਿ ਗਏ। ਜਦ ਥੋੜੀ ਦੇਰ ਮਗਰੋਂ ਗੁਰੂ ਜੀ ਦੀ ਸੱਦ ਗਰਜੀ ਤੇ ਤੁਰਕ ਸੈਨਾਂ ਉੱਠੀ, ਤਦ ਕਿਲੇ ਦੇ ਸਿੰਘ ਸਤਿ-ਗੁਰ ਦੇ ਕੌਤਕ ਨੂੰ ਸਮਝ ਗਏ। ਉਨ੍ਹਾਂ ਨੇ ਧੌਂਸੇ ਦੀ ਧੁੰਕਾਰ ਦੇ ਦਿੱਤੀ ਤੇ ਦੂਰ ਦੂਰ ਥੋੜੇ ਤੀਰ ਛੱਡੇ। ਬੱਸ, ਇਸ ਧੁੰਕਾਰ ਤੇ ਤੀਰਾਂ ਦੀ ਵਰਖਾ ਨੇ ਉਨ੍ਹਾਂ ਵਿਚ ਰੌਲਾ ਮਚਾ ਦਿੱਤਾ। ਆ ਗਏ, ਆ ਗਏ। ਕਿਸੇ ਨੂੰ ਖਿਆਲ ਹੋਇਆ ਕਿ ਬਾਹਰੋਂ ਹੋਰ ਸਿਖ ਸੈਨਾਂ ਆ ਗਈ, ਕਿਸੇ ਜਾਤਾ ਗੁਰੂ ਜੀ ਤੇ ਸਿਖ ਸਾਰੇ ਅੰਦਰੋਂ ਬਾਹਰ ਆਕੇ ਛਾਪੇ ਮਾਰ ਰਹੇ ਹਨ, ਕਿਸੇ ਕੁਛ, ਕਿਸੇ ਕੁਛ। ਅੰਦਰੋਂ ਧੌਂਸੇ ਦੀ ਅਵਾਜ਼ ਦੱਸੇ ਕਿ ਸਿੱਖਾਂ ਨੇ ਅੰਦਰੋਂ ਬੀ ਜੰਗ ਰਚਾਇਆ ਹੈ ਤੇ ਬਾਹਰੋਂ ਬੀ ਛਾਪਾ ਮਾਰਨ ਆ ਪਏ ਹਨ। ਐਉਂ ਸੈਨਾਪਤਿ ਤੇ ਜਥਦਾਰਾਂ ਦੇ ਪ੍ਰਬੰਧ ਨੇ ਕੋਈ ਮਿਲਵਾਂ ਟਾਕਰਾ ਨਾਂ ਖਾਧਾ, ਹਫਲਾ ਤਫਲੀ ਵਿਚ ਜੋ ਉਠਿਆ ਸੋ ਜੂਝਣ ਲਗ ਪਿਆ ਤੇ ਲਗ ਪਏ ਆਪੋ ਵਿਚ। ਹਨੇਰਾ ਪੇਸ਼ ਨਾ ਜਾਣ ਦੇਵੇ, ਇੰਨੀ ਸੈਨਾਂ ਦੇ ਇਕ ਦਮ ਉੱਠਕੇ ਕੁੱਟਣ ਲਗ ਜਾਣ ਨੇ ਗਰਦ ਦਾ ਹੋਰ ਗੁਬਾਰ ਚੜ੍ਹਾ ਦਿੱਤਾ, ਜਿਸ ਨੇ ਹੋਰ ਹਨੇਰਾ ਗੂੜਾ ਕਰ ਦਿੱਤਾ। ਸਾਰੀ ਰਾਤ ਜੋ ਬਾਕੀ ਸੀ, ਕੱਟਾ ਵੱਢ ਆਪੋ ਵਿਚ ਹੁੰਦੀ ਰਹੀ।

ਮਚਯੋ ਕੁਲਾਹਲ ਭਿੜੇ ਭੇੜ ਭਟ, ਆਪਸ ਮਹਿੰ ਚਲਿਗੇ ਹਥੀਆਰ। ਛੁਟੀ ਜੁਪਕ ਤੋਮਰ ਤਰ ਤੀਰਨ, ਤਰਵਾਰਨ ਜੁਟਕੇ ਕਰਿ ਮਾਰ। ਪਿਤਾ ਪੂਤ ਕੇ ਸਿਰ ਮੈਂ ਝਾਰਤ, ਪੂਤ ਪਿਤਾ ਕੇ ਤਨ ਪਰ ਝਾਰ ॥ ਭ੍ਰਾਤ ਭ੍ਰਾਤ ਕੇ, ਚਚਾ ਭਤੀਜਾ, ਸਖਾ ਸਖੇ ਕੇ ਬਹਿ ਤਰਵਾਰ ॥ ੫ ॥

ਜਥੇਦਾਰ ਕੋ ਹਨਯੋ ਸਿਪਾਹੀ, ਮਾਰ ਸਿਪਾਹੀ ਕੋ ਜਥੇਦਾਰ। ਨਹੀਂ ਪਛਾਨ ਪਰਸਪਰ ਕੋਈ, ਕਤਾਮਤ ਰਾਤ ਭਈ ਤਿਸ ਬਾਰ। ਭਏ ਕਤਲ ਸਿਰ ਧੜ, ਕਿਹ ਕਰ ਪਗ, ਕੇਤਿਕ ਦਰੜੇ ਕਰਹਿੰ ਪੁਕਾਰ। ਕਹਿੰ ਲਗ ਕਹੌਂ ਬਿਤੀ ਤੁਰਕਨ ਪਰ, ਬਿਨ ਮਾਰੇ ਮਰਿ ਗਏ ਗਵਾਰ ॥ ੬ ॥

ਜੋ ਸਿਆਣੇ ਜਥੇਦਾਰ ਗੜ੍ਹੀ ਵੱਲ ਨੂੰ ਵਧੇ ਉਨ੍ਹਾਂ ਨੂੰ ਉਤੋਂ ਤੁਫੰਗਾਂ ਦੀ ਗੋਲੀ ਪਵੇ, ਉਹ ਪਿੱਛੇ ਮੁੜਕੇ ਹਾਹਾਕਾਰ ਮਚਾ ਦੇਣ ਕਿ ਗੁਰੂ ਤਾਂ ਗੜ੍ਹੀ ਦੇ ਅੰਦਰ ਸੈਨਾ ਸਣੇ ਹੈ। ਜਦੋਂ ਗੁਰੂ ਜੀ ਗੜ੍ਹੀ ਵਿਚ ਵੜੇ ਸੇ, ਅਪਣੇ ਨਾਲ ਜੋ ਗੋਲੀ ਬਰੂਦ, ਬੰਦੂਕ, (ਤੁਫੰਗ) ਤੀਰ ਭੱਥੇ ਕਮਾਨ, ਗੋਲੇ, ਬਰੂਦ ਪਲੀਤੇ ਲਿਆਏ ਸਨ, ਉਹ ਬੜੀ ਜੁਗਤਿ ਨਾਲ ਸਾਰਾ ਦਿਨ ਖਰਚ ਹੁੰਦੇ ਰਹੇ। ਹੁਣ ਜੋ ਬਾਕੀ ਸਾਮਾਨ ਸੀ, ਸੋ ਕੁਝ ਹੀ ਵਰਤੀਣਾ ਸੀ, ਪਰ ਸਿੰਘ ਬੜੀ ਹੋਸ਼ ਨਾਲ ਸਾਮਾਨ ਵਰਤ ਰਹੇ ਸੇ। ਗੜ੍ਹੀ ਦੇ ਧੌਂਸੇ ਦੀ ਧੁੰਕਾਰ ਤੇ ਤੁਫੰਗਾਂ ਦੀ ਸ਼ਲਕ ਦੁਸ਼ਮਨਾਂ ਨੂੰ ਦੱਸਦੀ ਸੀ ਕਿ ਸਿੱਖ ਮੁੱਤੇ ਨਹੀਂ ਲੜ ਰਹੇ ਹਨ, ਤੇ ਉੱਧਰ ਕੱਟ ਵੱਢ ਦੱਸ ਰਹੀ ਸੀ ਕਿ ਕੋਈ ਸਿਖ ਬਾਹਰੋਂ ਆ ਪਏ ਹਨ। ਇਸ ਤਰ੍ਹਾਂ ਦੇ ਘਮਸਾਨ ਵਿਚ ਦਿਨ ਚੜ੍ਹ ਆਇਆ। ਅਜਮੇਰ ਚੰਦ ਭੀ ਰਾਤੀਂ ਜ਼ਖਮੀ ਹੋ ਗਿਆ ਸੀ, ਜ਼ੋਰਦਸਤ ਲਾਹੌਰੀ ਫੌਜਦਾਰ ਬੀ ਕੁਛ ਜ਼ਖਮੀ ਸੀ, ਹੋਰ ਸਾਰੇ ਸਰਦਾਰ ਬੀ ਰਾਤ ਦੀ ਆਪੋ ਵਿਚ ਦੀ ਕਟਾ ਵੱਢ ਤੇ ਗੜ੍ਹੀ ਤੋਂ ਬੰਦੂਕਾਂ ਤੀਰਾਂ ਦੀ ਬਾਢ ਨਾਲ ਹੋਏ ਨੁਕਸਾਨ ਤੋਂ ਬੜੇ ਦੁਖੀ ਸਨ। ਸੋ ਹੁਣ ਡਾਢੇ ਰੋਂਸੇ ਵਿਚ ਪ੍ਰਸਾਂਗਾਂ ਪੌੜੀਆਂ ਦਾ ਪ੍ਰਬੰਧ ਕਰ ਇਕ ਦਮ ਗੜ੍ਹੀ ਤੇ ਚੜ੍ਹ ਜਾਣ ਦਾ ਸਾਮਾਨ ਕਰਕੇ ਕੋਈ ਦੁਪਹਿਰ ਤੋਂ ਰਤਾ ਪਹਿਲਾਂ ਚੜ੍ਹ ਆਏ। ਅੰਦਰਲੇ ਸਿਖਾਂ ਨੇ ਵਦ ਤਕ ਗੋਲੀ ਬਰੂਦ ਰਿਹਾ, ਅਤੇ ਜਦ ਤਕ ਤੀਰ ਰਹੇ, ਜੰਗ ਮਚਾਈ ਰਖਿਆ। ਗੜ੍ਹੀ ਤੇ ਚੜ੍ਹ-ਦਿਆਂ ਨੂੰ ਘਾਇਲ ਕਰ ਕਰ ਥੱਲੇ ਮਾਰਿਆ, ਪ੍ਰਸਾਂਗਾਂ ਵਾਲਿਆਂ ਨੂੰ ਫੁੰਡਿਆ, ਪਰ ਹੁਣ ਤੀਰ ਗੋਲੀ ਮੁਕ ਚੁਕੀ ਸੀ, ਸੋ ਤਲਵਾਰਾਂ ਧੂਹਕੇ ਦੀਵਾਰਾਂ ਤੇ ਚੜ੍ਹ ਗਏ। ਉਧਰੋਂ ਵੈਰੀ ਵੀ ਸਮਝ ਗਿਆ ਕਿ ਅੰਦਰ ਦਾਰੂ ਸਿੱਕਾ ਹੈ ਨਹੀਂ, ਸੋ ਹੋਰ ਦਲੇਰੀ ਨਾਲ ਚੜ੍ਹ ਆਏ। ਇਹ ਨਜ਼ਾਰਾ ਦੇਖਣ ਵਾਲਾ ਸੀ।

[ਪਿਛਲੇ ਪੰਨੇ ਦੀ ਬਾਕੀ ਟੂਕ]

ਏਸੀ ਸੀ ਚਾਹੇ ਖੱਤ੍ਰੀ ਬੰਸੀ, ਚਾਹੇ ਕਲਗੀ ਜਿਗਾ ਭਾਈ ਸੰਤ ਸਿੰਘ ਜੀ ਦੇ ਲਗੀ ਚਾਹੇ ਭਾਈ ਸੰਗਤ ਸਿੰਘ ਦੇ, ਜੋ ਕੁਛ ਕੀਤਾ ਗਿਆ ਖਾਲਸੇ ਦੀ ਹੈਸੀਅਤ ਵਿਚ ਖਾਲਸੇ ਪਾਸੋਂ। ਜਾਤ ਭੇਦ, ਦੇਸ਼ ਭੇਦ ਤਾਂ ਖਾਲਸੇ ਵਿਚ ਸਤਿਗੁਰੂ ਨੇ ਮੇਟ ਦਿਤਾ ਸੀ। ਸੋ ਦੋਵੇਂ ਸਾਹਿਬ ਭਾਈ ਸੰਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਸਾਡੇ ਸਤਿਕਾਰ ਜੋਗ ਖਾਲਸਾ ਹਨ। ਚਮਕੌਰ ਦਾ ਹਰ ਸ਼ਹੀਦ ਰਹਿੰਦੀ ਦੁਨੀਆਂ ਤਕ ਸਿਖ ਕੌਮ ਦਾ ਫ਼ਖਰ ਤੇ ਆਦਰਸ਼ ਹੈ ਤੇ ਹਿੰਦੁਸਤਾਨ ਦੀ ਬੀਰਤਾ ਦਾ ਚਾਨਣ ਮੁਨਾਰਾ ਹੈ।

ਗਾਜ਼ੀ ਦੀਆਂ ਕੰਧਾਂ ਉਤੇ ਅੱਪੜਦਿਆਂ ਦੇ ਹੱਥਾਂ ਉਤੇ ਕੀਕੂੰ ਸਿੰਘਾਂ ਦੀ ਤਲਵਾਰ ਮਾਰ ਕਰਦੀ ਤੇ ਹੇਠਾਂ ਡੇਗਦੀ ਸੀ, ਪਰ ਹੁਣ ਚੁਫੇਰੇ ਪ੍ਰਮਾਂਗਾਂ ਲਗ ਗਈਆਂ ਤੇ ਕਿਸੇ ਨਾ ਕਿਸੇ ਪਾਸਿਓਂ ਦੋ ਦੋ ਚਾਰ ਚਾਰ ਪਹੁੰਚਣ ਲਗ ਪਏ। ਕੁਛ ਚਿਰ ਹੁਣ ਗੜ੍ਹੀ ਉਤੇ ਹੱਥੋ ਹੱਥ ਤਲਵਾਰ ਤੇ ਪਟੇਬਾਜ਼ੀ ਦਾ ਜੰਗ ਹੋਇਆ।

ਸਭਿਹੂੰਝ, ਤ੍ਰਾਸ ਕੋ ਤਜਾਗਿ ਤਜਾਗਿ। ਦੁਰਗ ਸਿੰਘ ਖੜਗ ਤੇ ਝਾਗਿ ਝਾਗਿ। ਘਨ ਘਾਵ ਦੇਹਿ ਕੋ ਲਾਗਿ ਲਾਗਿ। ਬਹਿ ਚਲਤੋ ਰਕਤ ਪਟ ਪਾਗਿ ਪਾਗਿ ॥ ੧੩ ॥ ਤੁਰਕਾਨ ਤੋਮ ਕੋ ਕਾਟਿ ਕਾਟਿ। ਮ੍ਰਿਤੁ ਬੇਸ਼ੁਮਾਰ ਕੀਏ ਫਾਟਿ ਫਾਟਿ। ਰਿਪੁ ਆਇ ਸੰਕਰੇ ਘੇਰ ਘੇਰ। ਜਿਮ ਚੰਦ੍ਰ ਪ੍ਰਵਾਰੇ ਹੇਰਿ ਹੇਰਿ ॥ ੧੫ ॥ ਤਬ ਗਿਰੇ ਧਰਨ ਅਰਿ ਗੋਰਿ ਗੋਰਿ। ਸਭ ਖੜਗ ਪ੍ਰਹਾਰੇ ਹੇਰਿ ਹੇਰਿ। ਇਹ ਗੁਰੂ ਆਪ ਰਣ ਠਾਨਿ ਠਾਨਿ। ਲਸ਼ਕਰ ਹਤਿਓ ਧਨੁ ਤਾਨਿ ਤਾਨਿ ॥ ੧੭ ।

ਐਉਂ ਸਿੰਘ ਲੜਦੇ ਮਾਰਦੇ ਮਰਦੇ ਸ਼ਹੀਦ ਹੋ ਗਏ । ਜਦੋਂ ਤੁਰਕਾਂ ਨੇ ਕਲਗੀ ਜਿਗ੍ਹਾ ਲੱਗੀ ਹੋਈ, ਪਤਲਾ ਲੰਮਾ ਸਰੀਰ, ਸੁੰਦਰ ਸਡੌਲ ਚਿਹਰਾ ਡਿੱਠਾ, ਕਮਾਣ ਵਿਚ ਸੋਨੇ ਦਾ ਚੰਦ ਤੇ ਤਲਵਾਰ ਦਾ ਸੁਨਹਿਰੀ ਕਬਜ਼ਾ ਤੱਕਿਆ ਤਾਂ ਭਾਈ ਸੰਤ ਸਿੰਘ ਨੂੰ ਉਨ੍ਹਾਂ ਨੇ ਗੁਰੂ ਜਾਤਾ, ਫੇਰ ਉਨ੍ਹਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਫੌਰਨ ਲਸ਼ਕਰ ਵਿਚ ਖਬਰ ਗਈ, ਖ੍ਵਾਜਾ ਮਰਦੂਦ ਸੈਨਾਪਤਿ ਆਪ ਆਇਆ, ਸਰੀਰ ਤੇ ਸਿਰ ਵੇਖਕੇ ਆਪ ਅੱਲਾ ਦਾ ਫ਼ੁਕਰ ਕੀਤਾ, ਜਿਸ ਦੇ ਨਾਮ ਤੇ ਕਸਮ ਖਾਕੇ ਦਗਾ ਕਮਾਇਆ ਸੀ। ਹੁਣ ਖ੍ਵਾਜਾ ਸਿਰ ਚਕਵਾਕੇ ਲੈ ਗਿਆ ਕਿ ਪਾਤਸ਼ਾਹ ਪਾਸ ਭਿਜਵਾਵਾਂ। ਭਾਈ ਸੰਤ ਸਿੰਘ ਦਾ ਬੀ ਤੇ ਭਾਈ ਸੰਗਤ ਸਿੰਘ ਦਾ ਬੀ । ਦੋਹਾਂ ਦੇ ਚਿਹਰੇ ਗੁਰੂ ਜੀ ਨਾਲ ਮਿਲਦੇ ਸੀ, ਖਾਸ ਕਰਕੇ ਭਾਈ ਸੰਤ ਸਿੰਘ ਜੀ ਦੇ ਜਿਗ੍ਹਾ ਕਲਗੀ ਵੀ ਲਗੀ ਹੋਈ ਸੀ। ਤੁਰਕ ਸੈਨਾ ਵਿਚ ਸ਼ਦਯਾਨੇ ਵਜ ਗਏ ਕਿ ਗੁਰੂ ਸ਼ਹੀਦ ਕਰ ਲਿਆ ਹੈ।

ਸੂਚਨਾ—ਤੁਰਕ ਸੈਨਾ ਕੁਛ ਚਿਰ ਤਾਂ ਭਾਈ ਸੰਤ ਸਿੰਘ ਜੀ ਦੇ ਸੀਸ ਨੂੰ ਗੁਰੂ ਜੀ ਦਾ ਸਮਝਕੇ ਅਵੇਸਲੀ ਖ਼ਦਿਆਨੇ ਵਜਾ-ਉਂਦੀ ਰਹੀ। ਪਹਾੜੀਏ ਰਾਜਾ ਅਜਮੇਰ ਚੰਦ ਨੂੰ ਜੋ ਬਖਸ਼ੀ ਹੋ ਗਿਆ ਸੀ ਲੈ ਕੇ ਵਿਦਾ ਹੋਣ ਦੀ ਤਜਾਗੀ ਵਿਚ ਲੱਗੇ। ਲਾਹੌਰ ਦਾ ਫੌਜਦਾਰ ਬੀ ਚਾਹੇ ਕੁਛ ਕੁਛ ਬਖ਼ਸ਼ੀ ਸੀ ਹੁਣ ਕੂਚ ਦੀ ਤਿਆਰੀ ਵਿਚ ਲੱਗਾ। ਦਿਨ ਭਰ ਇਕ ਹੋਰ ਕੰਮ ਹੁੰਦਾ ਰਿਹਾ। ਤੁਰਕ ਅਪਣੇ ਮੁਰਦਿਆਂ ਨੂੰ ਬੜੇ ਬੜੇ ਗਜ਼ੇ ਕੱਢਕੇ ਦੱਬਦੇ ਰਹੇ, ਸਿਖਾਂ ਦੀਆਂ ਲੋਥਾਂ ਦੀ ਕਿਸੇ ਸਾਰ ਨਾ ਲਈ ਰਾਤ ਪਈ ਤੇ ਇਕ ਬਹਾਦੁਰ ਸਿੰਘਣੀ ਇਹ ਸੇਵਾ ਕਰਨ ਵਾਸਤੇ ਆਈ, ਉਸ ਦਾ ਸੰਖੇਪ ਹਾਲ ਅਗਲੇ ਪ੍ਰਸੰਗ ਵਿਚ ਹੈ—

੭੧. ਪ੍ਰਸੰਗ ਬੀਬੀ ਸਰਨ ਕੌਰ*।

ਜਦੋਂ ਜੰਗ ਚਮਕੌਰ ਦਾ ਮੁੱਕ ਚੁੱਕਾ, ਤੁਰਕਾਂ ਸਮਝਿਆ ਗੁਰੂ ਸ਼ਹੀਦ ਹੋਇਆ,
ਰਹੇ ਦੇਹੁ ਸਾਰਾ ਦਬਦੇ ਮੁਰਦਿਆਂ ਨੂੰ, ਨੈਣਾਂ ਨਾਲ ਹੀ ਦਿਲੇ ਦਾ ਦੁੱਖ ਰੋਇਆ।
ਤੁਰਕ ਥੱਕ ਕੇ ਅੱਕ ਕੇ ਜਾਇ ਸੁੱਤੇ, ਸੁੱਤੇ ਭਾਸਦੇ ਜਿਵੇਂ ਹਨ ਹੁਣੇ ਮੋਏ,
ਗੜ੍ਹੀ ਬਾਹਰ ਚਮਕੌਰ ਦੇ ਢੇਰ ਲੱਗੇ, ਲੋਥਾਂ ਖਿਲਰੀਆਂ ਟਿੱਬੀਆਂ ਵਿਚ ਟੋਏ।
ਅੱਧੀ ਰਾਤ ਦੇ ਬਾਦ ਇਕ ਨਾਰਿ ਆਈ, ਦੀਵਾ ਹੱਥ ਤੇ ਭੇਸ ਤੁਰਕਾਨ ਵਾਲਾ,
ਫਿਰਦੀ ਮਲਕੜੇ ਗੜ੍ਹੀ ਦੇ ਬਾਹਰ ਅੰਦਰ, ਲੋਥਾਂ ਵਿਚ ਝੁਕਦੀ ਕਰਦੀ ਢੂੰਡ ਭਾਲਾ।
ਮੂੰਹ ਦੇਖਦੀ ਸਿਰੇ ਤੇ ਕੇਸ ਤੱਕੇ, ਸਿੱਖ ਸਜਾਣਦੀ ਚੁੱਕਦੀ ਆਪ ਬਾਲਾ,
ਲੈਕੇ ਮਲਕੜੇ ਜਾਂਵਦੀ ਇਕ ਪਾਸੇ, ਰਖਦੀ ਹੇਠ ਉਪਰ ਅਤੇ ਨਾਲ ਨਾਲਾ।
ਇੱਕੁਰ ਭਾਲਦੀ ਟੋਲਦੀ ਲੱਭਦੀ ਨੇ, ਤੀਹੋਂ ਵੱਧ ਨੂੰ ਆਂਦੜਾ ਓਸ ਪਾਸੇ।
ਰਾਤ ਬੀਤ ਚੱਲੀ ਵੱਧ ਅੱਧ ਕੋਲੋਂ ਅਜੇ ਜਿੰਦ ਦੇ ਖੇਡਦੀ ਨਾਰਿ ਪਾਸੇ।
ਨਜ਼ਰ ਗਈ ਭੌਤਲ, ਹਾਰ ਗਈ ਹਿੰਮਤ, ਦੁਖਣ ਲੱਗ ਪਏ ਅੰਗ ਤੇ ਸੱਭ ਪਾਸੇ।

*ਇਹ ਪ੍ਰਸੰਗ ੨੪ ਮਘਰ ਸੰਃ ਗੁਃ ਨਾਃ ਬਾਃ ੪੩੫ (੯ ਦਸੰਬਰ ੧੯੦੩ ਈਃ) ਨੂੰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

ਮੇਵਾ ਕਰਨ ਦਾ ਸ਼ੌਕ ਨਾ ਮੂਲ ਢੱਠਾ, ਫੜੀ ਗਈ ਜੇ–ਜਾਣਦੀ–ਮਿਲੂੰ ਫਾਂਸੇ।
ਢੇਰ ਲੱਗਿਆਂ ਦੇਹੀਆਂ ਸੁਹਣੀਆਂ ਦਾ ਦੀਵੇ ਧਰਮ ਤੇ ਹੋ ਪਤੰਗ ਮੋਈਆਂ,
ਜਿਨ੍ਹਾਂ ਵਾਰਿਆ ਗੁਰੂ ਤੋਂ ਆਪ ਤਾਈਂ ਦੇਖ ਦੇਸ਼ ਦੇ ਦੁੱਖ ਨੂੰ ਅੱਤ ਰੋਈਆਂ,
ਏਡ ਜਿੰਦ ਤੇ ਗਈਆਂ ਸੰਸਾਰ ਉੱਤੋਂ, ਘੱਟੇ ਰੁਲਦੀਆਂ ਸਦਾ ਦੀ ਨੀਂਦ ਸੋਈਆਂ।
ਏਸ ਭੈਣ ਨੇ ਆ ਹੁਣ ਸਾਰ ਲੀਤੀ, ਕਹਿੰਦੀ–"ਵਾਰਨੇ ਤੁਸਾਂ ਤੋਂ ਅੱਜ ਹੋਈਆਂ,
"ਤੁਸਾਂ ਪਾਲਿਆ ਸਿਦਕ ਨਿਬਾਹ ਦਿੱਤਾ, ਧਰਮ ਰੱਖਿਆ, ਧਰਮ ਦੀ ਲਾਜ ਭਾਰੀ।
"ਜਦੋਂ ਹੋਰਨਾਂ ਹਾਰਿਆ ਧਰਮ ਤਾਈਂ, ਤੁਸਾਂ ਸਿਦਕ ਦੀ ਡੋਲਦੀ ਨਾਉ ਤਾਰੀ।
ਰਣ ਤੱਤਿਆਂ ਸਨਮੁਖੀ ਹੋਏ ਵੀਰੋ ! ਏਹਿ ਤੁੰਹਿਆਂ ਵਾਂਙ ਹੈ ਤੁਸਾਂ ਵਾਰੀ।
"ਸੇਵਾ ਕਰਾਂ ਸਰੀਰਾਂ ਪਵਿੱਤਰਾਂ ਦੀ, ਜਿੰਦ ਸੇਵ ਤੁਹਾਡੀ ਵਿਚ ਜਾਇ ਵਾਰੀ।
"ਏਹੋ ਲੋਚਦੀ ਆਈ ਹਾਂ ਏਸ ਥਾਂ ਤੇ, ਲਾਵਾਂ ਹੱਥ ਪਵਿੱਤਰਾਂ ਦੇਹੀਆਂ ਨੂੰ,
"ਜਾਵਾਂ ਹੋਇ ਪਵਿੱਤ੍ਰ ਮੈਂ ਸੇਵ ਕਰਦੀ, ਕਰਦਾ ਠੌਰ ਹੈ ਧਰਮ ਸਨੇਹੀਆਂ ਨੂੰ;
"ਸੰਸਕਾਰ ਇਹ ਅੰਤ ਦਾ ਕਰਾਂ ਹੱਥੀਂ, ਦਿਆਂ ਦਾਹ ਮੈਂ ਤੁਸਾਂ ਵਿਦੇਹੀਆਂ ਨੂੰ।
"ਕਰੇ ਵੀਰਾਂ ਦੇ ਭੈਣ ਸਸਕਾਰ ਲੋਕੋ ! ਦੇਖੋ ਰੀਤਾਂ ਅਟਲ ਅਸੇਹੀਆਂ ਨੂੰ"।
ਲੋਥਾਂ ਉੱਪਰੇ ਛਾਪਿਆਂ ਢੇਰ ਕਰਦੀ, ਢਕ ਦਿੱਤੜਾ ਪਾਸਿਆਂ ਸਾਰਿਆਂ ਤੋਂ।
ਮੋੜ੍ਹੇ ਬੀੜਦੀ ਫੇਰਨੀ ਢੇਰ ਸਾਰੇ, ਵੀਰ ਕੱਜਦੀ ਰੱਬ ਦੇ ਮਾਰਿਆਂ ਤੋਂ।
ਮਲੇਛ ਹੱਥ ਨਾ ਲਾਣ ਪਿਆਰਿਆਂ ਨੂੰ, ਲੋਥਾਂ ਸਾਂਭਦੀ ਧਰਮ ਚੌਤਰਫਿਆਂ ਤੋਂ,
ਜਿਹੜੇ ਮੋਇਆਂ ਦਾ ਕਰਨ ਅਪਮਾਨ ਭਾਰੀ, ਧਰਮ ਬੀਰਤਾ ਵਾਲੜਾ ਹਾਰਿਆਂ ਤੋਂ,
ਸੋਧ ਲਿਆ ਅਰਦਾਸੜਾ ਸ਼ੇਰਨੀ ਨੇ, ਗਲ ਪੱਲੜਾ ਘੱਤਿਆ ਨੈਣ ਰੋਂਦੇ।
ਦਸਾਂ ਗੁਰਾਂ ਦਾ ਨਾਮ ਧਿਆਂਵਦੀ ਹੈ, ਨਾਲ ਨੈਣਾਂ ਤੋਂ ਟੇਪੜੇ ਰੱਤ ਚੋਂਦੇ:–
"ਵੀਰਾਂ ਪਿਆਰਿਆਂ ਰੱਬ ਜੀ ਵਾਸ ਦੇਵੇ, ਚਰਨੀਂ ਆਪਦੀ ਲੱਗ ਏ ਲਾਲ ਸੋਂਹਦੇ।
"ਥਿਰ ਆਪ ਹੈ ਜਗਤ ਦੇ ਰਚਨ ਹਾਰਾ, ਥਿਰ ਦਾਸ ਤੇਰੇ ਪਾਕੇ ਸ਼ਰਨ ਹੋਂਦੇ।
"ਥਿਰ ਕਰੀਂ, ਦੇ ਚਰਨ ਸ਼ਰੱਨ ਸਾਈਂ, ਭਾਰਥ ਭੂੰਮਿ ਦੇ ਲਾਲ ਏ ਤੁਸਾਂ ਜਾਏ।
"ਹੁਕਮ ਆਪਦਾ ਮੰਨਿਆਂ ਇਨ੍ਹਾਂ ਸਾਰਾ, ਰੱਖ ਕੁੱਛੜੇ ਜਗਤ ਦੀ ਰੱਬ ਮਾਏ!
"ਖੇਡਨ ਗੋਦ ਏ ਤੇਰੜੀ ਪਿਤਾ ਪਿਆਰੇ, ਬੰਧਪ ਤੂਹੀਂ ਹੈ ਤੇਰੀ ਏ ਸ਼ਰਨ ਆਏ।
"ਬਖਸ਼ ਅਸਾਂ ਸੁਮਤਿ ਇਨਾਂਹ ਵਾਲੀ, ਸਨਮੁਖ ਜੂਝੀਏ ਭਉਜਲੋਂ ਪਾਰ ਪਾਏ"।
ਏਹ ਆਖਕੇ ਚੰਡਿ ਪ੍ਰਚੰਡ ਕੀਤੀ, ਸਾਰੇ ਲਾਂਭਿਓਂ ਅੱਗ ਭੜਕਾ ਦਿੱਤੀ।
ਭੜਕ ਉੱਠਿਆ ਜਦੋਂ ਪ੍ਰਚੰਡ ਭਾਰਾ, ਤੁਰਕਾਂ ਸੁੱਤਿਆਂ ਬੀ ਕਨੋਂ ਲਿੱਤੀ।
ਘਾਬਰ ਦੇਖਦੇ ਅੱਗ ਕੀ ਭੜਕ ਉੱਠੀ, ਲਗ ਗਈ ਸੀ ਦਿਲਾਂ ਨੂੰ ਭਰਮ ਚਿੱਤੀ।
ਧਾਇ ਆ ਗਿਆ ਦਸਤੜਾ ਇਕ ਤੁਰਕੀ, ਦੇਖੀ ਨਾਰ ਹੈ ਬੈਠੜੀ ਭਰੀ ਪਿੱਤੀ।
ਕੜਕ ਪੁੱਛਦੇ "ਦੱਸ ਦੇਹ ਅੱਗ ਕੇਹੀ, ਕਿਸ ਅਰਥ ਤਾਈਂ ਬਲੇ ਭਾਂਬੜਾ ਏ ?"
ਨਾਰਿ ਬੋਲਦੀ ਨਹੀਂ, ਏ ਜਾਣਦੀ ਹੈ, ਮਤਾਂ ਦੱਸਿਆਂ ਦੂਬੂ ਅਲਾਂਬੜਾਏ।
ਝੂਠ ਬੋਲਣਾ ਧਰਮ ਨਾਂ ਸਿੱਖ ਦਾ ਹੈ, ਮੌਤ ਚੱਖਣੋਂ ਸੂਲ ਨਾ ਕਾਂਬੜਾ ਏ।
ਖਿਝੇ ਤੁਰਕ ਚੁਪ ਓਸਦੀ ਅਗ ਤਕਦੇ, ਭਖ ਉੱਠੇ ਜਿਉਂ ਅੱਗ ਤੇ ਤਾਂਬੜਾ ਏ।
ਅੰਤ ਕੜਕ ਕੇ ਧੀਕਿਆ ਪਕੜ ਬਾਹੋਂ, ਧੂਹ ਖਿੱਚ ਕੇ ਪਰੇ ਸਟਪਾਇਆ ਨੇ।
ਬਿੱਲੀ ਚੂਹੇ ਨੂੰ ਜਿਵੇਂ ਧਰੀਕਦੀਏ, ਤਿਵੇਂ ਖਿੱਚ ਕੇ ਸਰੀਰ ਖਟਕਾਇਆ ਨੇ।
ਜਦੋਂ ਮੂਲ ਨਾ ਬੋਲੜੀ ਧਰਮ ਬੀਰਾ, ਵਿੰਨ੍ਹ ਨੇਜ਼ੜੇ ਨਾਲ ਪਟਕਾਇਆ ਨੇ।
ਦਿੱਤਾ ਵਿੱਚ ਪ੍ਰਚੰਡ ਦੇ ਸੁੱਟ ਉਸਨੂੰ, ਜਿਸ ਦਾ ਸਿਦਕ ਨਾਂ ਮੂਲ ਸਟਕਾਇਆ ਨੇ।

ਜੀਉਂਦੀ ਭੈਣ ਸ਼ਹੀਦ ਹੋ ਗਈ ਲੋਕੋ ! ਮੋਏ ਵੀਰਾਂ ਦੀ ਦੇਹ ਸੰਭਾਲਦੀ ਸੀ।
ਇਕ ਕੁੱਖ ਦੀ ਭੈਣ ਨਾ ਜਾਣਨੀ ਏ, ਇਕ ਗੁਰਾਂ ਦੇ ਧਰਮ ਨੂੰ ਪਾਲਦੀ ਸੀ।
ਅੰਮ੍ਰਿਤ ਪਾਇਕੇ ਵੀਰ ਏ ਜਾਣਦੀ ਸੀ, ਪਿੱਛੇ ਜਿਨ੍ਹਾਂ ਦੇ ਜਿੰਦ ਨੂੰ ਘਾਲਦੀ ਸੀ।
ਧਰਮ ਵੀਰ ਤੇ ਧਰਮ ਦੀ ਭੈਣ ਸੁਹਣੀ, ਪਿੱਛੇ ਰਹੀ ਨ ਗਈ ਏ ਨਾਲ ਹੀ ਸੀ।
ਸ਼ਰਨ ਕੌਰ ਸੀ ਬੀਰਾ ਦਾ ਨਾਮ ਸੁੰਦਰ, ਸੁੰਦਰ ਪ੍ਰਭੂ ਦੀ ਸ਼ਰਨ ਸੰਭਾਲ ਲੀਤੀ।
ਕੀਤੀ ਘਾਲ ਜੋ ਮਰਦ ਨਾ ਸਕਣ ਕਰਨੀ, ਧਰਮ ਆਪਣੇ ਦੀ ਪੂਰੀ ਪਾਲ ਕੀਤੀ।
ਸਵਾ, ਸਿਦਕ ਤੇ ਪਿਆਰ ਦੇ ਮਹਿਲ ਉਤੋਂ, ਦੋਈ ਵਾਰਨੇ, ਦੇਹੁੜੀ ਜਾਲ ਲੀਤੀ।
ਬੀਤੀ ਸਿਰੇ ਤੇ ਕਸ਼ਟਣੀ ਅੱਤਿ ਭਾਰੀ, ਐਪਰ ਝੱਲ ਲੀਤੀ, 'ਸੀ' ਨਹੀਂ ਕੀਤੀ*।

ਸੂਚਨਾ—ਉਪਰਲਾ ਪ੍ਰਸੰਗ ਜੰਗ ਚਮਕੌਰ ਵਾਲੇ ਦਿਨ ਤੋਂ ਦੂਸਰੇ ਦਿਨ ਦੀ ਰਾਤ ਨੂੰ ਬੀਤਿਆ, ਪਰ ਉਸ ਜੰਗ ਵਾਲੇ ਦਿਨ ਦੀ ਜਦੋਂ ਰਾਤ ਪਈ ਤੇ ਸਿਖਾਂ ਨੇ ਸਤਿਗੁਰ ਜੀ ਨੂੰ ਆਪਣੇ ਗੁਰਮਤੇ ਨਾਲ ਚਮਕੌਰ ਤੋਂ ਬਾਹਰ ਟੋਰਿਆ ਤਾਂ ਜਿਵੇਂ ਹੋ ਬੀਤੀ ਉਸ ਦਾ ਸੰਖੇਪ ਮਾਜਰਾ ਅਗਲੇ ਪ੍ਰਸੰਗ ਤੋਂ ਸਮਝ ਆ ਜਾਏਗਾ।

੭੨. ਮਾਛੀਵਾੜੇ ਦੇ ਕੋਤਕਾਂ।

੧. [ਅਤੀਤ ਮੂਰਤੀ]।

ਚਮਕੌਰ ਦੀ ਗੜ੍ਹੀ ਤੋਂ ਪਿਛਲੇ ਰਾਹੋਂ ਨਿਕਲ, ਦੁਸ਼ਮਨਾਂ ਵਿਚ ਹਰੋਲੀ ਮਚਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੈਹਾਂ ਦੇ ਜਥੇ ਸਣੇ ਮਚੇ ਘਮਸਾਨ ਦੇ ਵਿਚ ਦੀ ਨਿਕਲੇ ਜਾ ਰਹੇ ਹਨ। ਉਸ ਤੜਬੱਲੀ ਹਨੇਰੇ ਤੇ ਗਰਦ ਗੁਬਾਰ ਵਿਚ ਆਪ ਇਕ ਪਾਸੇ ਵਲੋਂ ਦਲਾਂ ਤੋਂ ਨਿਕਲ ਗਏ, ਪਰ ਉਸ ਹਰੋਲੀ ਵਿਚ ਸਾਥੀ ਸਿਖ ਤੈਥੋਂ ਵਿੱਛੜ ਚੁਕੇ ਸੇ। ਉਹ ਬੀ ਕਿਸੇ ਹੋਰ ਰਾਮ ਰੌਲੇ ਦਾ ਹਿੱਸਾ ਬਣਦੇ ਤਿਲਕਦੇ ਦੂਰ ਨਿਕਲ ਗਏ। ਜਦ ਸਵਾਕੁ ਕੋਹ ਉਸ ਥਾਉਂ ਤੋਂ ਗੁਰੂ ਜੀ ਨਿਕਲ ਗਏ ਤਾਂ ਇਕ ਥਾਂਵੇਂ ਬੈਠ ਗਏ। ਥੋੜੀ ਦੂਰ ਨੂੰ ਗੁੱਜਰ ਲੰਘੇ, ਇਕ ਤਾਂ ਜ਼ਰਾ ਪਰਲੇ ਪਾਸੇ ਸੀ, ਇਕ ਕੋਲ ਆ ਨਿਕਲਿਆ। ਉਸ ਨੇ ਗੁਰੂ ਜੀ ਨੂੰ ਪਛਾਣਕੇ ਆਖਿਆ ਕਿ ਹੈਂ ! ਤੁਸੀਂ ਤਾਂ ਘੇਰੇ ਵਿਚ ਸਾਓ, ਕੀਕੂੰ ਨਿਕਲ ਆਏ ? ਆਪ ਨੇ ਉਸ ਨੂੰ ਕਿਹਾ ਬੋਲ ਨਾਂ। ਉਸ ਨੇ ਕਿਹਾ:—ਮੈਂ ਪਕੜਾ ਕੇ ਇਨਾਮ ਲੈਸਾਂ। ਤਾਂ ਸਤਿਗੁਰਾਂ ਉਸ ਵੱਲ ਕੁਛ ਮਾਲੀਅਤ ਦੀ ਸ਼ੈ ਸੱਟੀ ਕਿ ਲੈ ਇਨਾਮ ਏਥੋਂ ਹੀ ਲੈ, ਪਰ ਉਹ ਲੈਕੇ ਬੀ ਉੱਚੀ ਉੱਚੀ ਰੌਲਾ ਪਾਉਣ ਲਗਾ। ਤਦ ਸਤਿਗੁਰਾਂ ਨੇ ਆਪਣੀ ਸੁਭਾਵਕ ਫੁਰਤੀ ਨਾਲ ਉਸ ਤੇ ਵਾਰ ਕੀਤਾ ਤੇ ਉਸ ਨੂੰ ਬੋਲਣੋਂ ਆਰੀ ਕਰ ਦਿਤਾ†, ਤੇ ਆਪ ਅਗੇ ਟੁਰ ਪਏ। ਫੇਰ ਕੁਛ ਪੈਂਡਾ ਦੱਲ ਕੇ ਆਪ ਨੇ ਇਕ ਜੰਡ ਹੇਠ ਸਾਹ ਕੱਢਿਆ। ਬੜੀ ਕਠਨਤਾ ਨਾਲ ਨੰਗੇ ਪੈਰੀਂ ਚਲ ਰਹੇ ਹਨ, ਜੋੜਾ ਬੀ ਪੈਰਾਂ ਵਿਚ ਨਹੀਂ ਰਿਹਾ। ਇਕ ਥਾਵੇਂ ਬੇਰੀਆਂ ਅੱਕਾਂ ਦਾ ਝਾੜ ਦੇਖ ਕੇ ਗੁਰੂ ਜੀ ਇਨ੍ਹਾਂ ਦੇ ਵਿਚਕਾਰ ਉਹਲੇ ਬਹਿ ਗਏ। ਥੋੜੀ ਦੇਰ ਸਾਹ ਕੱਢਕੇ ਫੇਰ ਤਿੱਖੇ ਤਿੱਖੇ ਟੁਰੇ, ਪਰ ਹੁਣ ਸਰੀਰਕ ਸ਼ਕਤੀ ਹਾਰ ਦੇਣ ਲੱਗੀ, ਦੋ ਦਿਨ ਦੋ ਰਾਤਾਂ ਅਨੰਦਪੁਰੋਂ ਨਿਕਲਿਆਂ ਹੋ ਚੁਕੀਆਂ ਹਨ। ਉਸਤੋਂ ਪਹਿਲੀ ਰਾਤ ਤੇ ਦਿਨ ਬੀ ਨਿਕਲਣਦੀਆਂ ਤਿਆਰੀਆਂ ਵਿਚ ਲਗਾ ਸੀ। ਅੱਜ ਹੁਣ ਦੋ ਦਿਨ ਦੋ ਰਾਤਾਂ ਤੋਂ ਅਗਲੀ ਰਾਤ ਹੈ, ਅਰਥਾਤ ਲਗ ਪਗ ਤੇਈ ਪਹਿਰ ਸਨੱਧਬੱਧ, ਕਮਰਕਸਾ ਖੁਹਲੇ ਬਿਨਾਂ ਜਾਗਦਿਆਂ ਤੇ ਜਗਤ ਦੇ ਮਹਾਨ ਕਠਨ ਤੇ ਦੁਸ਼ਤਰ ਜੰਗਾਂ ਵਿਚੋਂ ਮਹਾਨ ਕਠਨ ਜੰਗ ਕਰਦਿਆਂ ਬੀਤਿਆ ਹੈ। ਸਰੀਰ ਨੇ ਜੋ ਐਤਕੀ ਝਾਲ ਝੱਲੀ ਹੈ, ਇਹ ਵੀ ਇਕ ਬੜੀ ਅਨੋਖੀ ਗੱਲ ਹੈ। ਕੌਣ ਸੂਰਮਾ

*ਚਮਕੌਰ ਵਿਚ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਅਧਵਾਟੇ ਰਿਹਾ, ਇਸ ਦੇ ਪੂਰੇ ਸਿਰੇ ਚੜ੍ਹਨ ਦਾ ਹਾਲ ਅਗੇ ਕਿਤੇ ਆਵੇਗਾ।

†ਇਹ ਪ੍ਰਸੰਗ ੧੯ ਪੋਹ ਸੰਃ ਗੁਃ ਨਾਃ ਸ਼ਾਃ ੪੫੬੬ (੧ ਜਨਵਰੀ ੧੯੨੫) ਦੇ ਗੁਰਪੁਰਬ ਸਪਤਮੀ ਪਰ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਤ ਹੋਇਆ ਸੀ।

‡ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਦੋ ਘਸੁੰਨਾਂ ਨਾਲ ਉਸ ਦੇ ਦੰਦ ਭੰਨਕੇ ਬੋਲਣੋਂ ਆਰੀ ਕੀਤਾ। ਤਵਾਰੀਖ ਖਾਲਸਾ ਵਾਲੇ ਲਿਖਦੇ ਹਨ ਕਿ ਤਲਵਾਰ ਸੂਤਕੇ ਦੋਵੇਂ ਭਰਾ ਜੋ ਆ ਪਏ ਸਨ, ਮੌਤ ਦੇ ਘਾਟ ਉਤਾਰੇ।

ਹੈ ਜੋ ਤੈਂ ਰਾਤਾਂ ਉਤੋਂ ਬਲੀ ਨਾ ਸਵੇਂ, ਦੁੱਧ ਵਿਚ ਰਹੇ ਅਰ ਲਗਾਤਾਰ ਨੌਂ ਵਜਾਂ ਸੌਂਘੇ ਜੁੱਧ ਵਿਚ ਜੁੱਟਿਆ ਰਹੇ ? ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ! ਅਹਿੱਲ, ਅਜਿੱਤ, ਅਟੱਲ ਮਰਜ਼ੀ ਦੇ ਮਾਲਕ ! ਹੁਣ ਸਰੀਰ ਨੂੰ ਝਉਂਦਾ ਦੇਖ ਕੇ ਬੀ ਮਨ ਨਹੀਂ ਝੰਵਿਆਂ, ਸਰੀਰ ਦਾ ਉਪਰਾਲਾ ਝਟ ਪਟ ਕਰ ਲਿਆ। ਇਕ ਅੱਕ ਦੇ ਬੂਟੇ ਦੇ ਫੁੱਲ ਤੋੜ ਕੇ ਖਾ ਲਏ, ਸ਼ੀਘਰ ਅਸਰ ਲਈ ਅੱਕ ਦੇ ਪਤੇ ਤੋਂ ਦੁਧ ਚੁਆ ਕੇ ਚੱਟ ਲਿਆ ਤੇ ਇਸ ਦੇ ਅਮਲ ਨਾਲ ਤੁਛ ਪੈਂਡਾ ਹੋਰ ਟੁਰੇ। ਹੁਣ ਮਾਛੀਵਾੜੇ ਦੀ ਜੂਹ ਆ ਗਈ, ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਛਾਲੇ ਪੈ ਗਏ ਸੇ, ਟੁਰਨਾ ਕਠਨ ਹੋ ਰਿਹਾ ਸੀ। ਇਕ ਥਾਂ ਲੱਧੀ, ਖੂਹੀ, ਨੇੜੇ ਸੰਘਣੇ ਬ੍ਰਿਛ ਸਨ, ਮਾਨੋ ਕੋਈ ਬਾਗ ਸੀ। ਇਸ ਦੇ ਬਾਹਰ ਵਿਥ ਤੇ ਇਕ ਓਟ ਤਕਾਈ ਤੇ ਇੱਦੇ ਓਟ ਤਕਾ ਕੇ ਸਤਿਗੁਰੂ ਜੀ ਬੈਠ ਗਏ। ਆਲਸ ਹੋਰ ਵਧਿਆ ਤਾਂ ਇਕ ਟਿੰਡ ਲੀਤੀ; ਉਸ ਨੂੰ ਦੁਪਟੇ ਵਿਚ ਲਪੇਟ ਕੇ ਸਿਰਹਾਣੇ ਰੱਖਿਆ, ਉਸੀ ਤਰ੍ਹਾਂ ਸ਼ਸਤ੍ਰ ਸਜੇ ਕਮਰਕਸਾ ਬੱਧੇ ਆਪ ਲੇਟ ਗਏ। ਮਾੜਾ ਜਿਹਾ ਕੱਪੜਾ ਜੋ ਕਮਰ ਕੱਸੇ ਦੇ ਉਤੋਂ ਦੀ ਦੱਧਾ ਸੀ, ਉੱਤੇ ਲਿਆ ਤੇ ਸਿਆਲੇ ਦੀ ਮਹਾਂ ਠੰਢੀ ਰਾਤ ਦੇ ਪਿਛਲੇ ਪਹਿਰ ਨੀਂਦ ਵਿਚ ਸੌਂ ਗਏ। ਉਹ ਮਹਾਂ ਪੁਰਖ ਜੋ ਅਰਸ਼ਾਂ ਤੋਂ ਰੱਬੀ ਰੰਗ ਰਮਾਉਣ ਆਯਾ ਹੈ, ਜਿਸ ਦੀ ਸੇਵਾ ਵਿਚ ਦੇਵਗਣ ਤੇ ਫਰਿਸ਼ਤੇ ਹਾਜ਼ਰ ਹਨ, ਹਾਂ, ਉਹ, ਜਿਸ ਦੇ ਟੁਰਨ ਲਈ ਮਖਮਲੀ ਫਰਸ਼ ਵਿਛਦੇ ਸਨ, ਜਿਸ ਦੇ ਆਗਮ ਲਈ ਜਗਤ ਆਪਾ ਵਾਰਦਾ ਸੀ, ਅੱਜ ਤੱਕਣਾਂ ! ਟਿੰਡ ਸਿਰਹਾਣੇ ਰੱਖ ਭੁੰਞੇ ਪਿਆ ਹੈ, ਪੈਰੀਂ ਛਾਲੇ ਹਨ, ਸਰੀਰ ਥਕਤ ਹੈ,ਉੱਤੇ ਨੂੰ ਲੋਈ ਕੰਬਲੀ ਤੱਕ ਨਹੀਂ, ਪਾਸ ਕੋਈ ਦਰਦੀ ਪਿਆਰਾ ਨਹੀਂ, ਪਰਿਵਾਰ ਵਿਛੋੜ ਆਏ ਹਨ, ਬੱਚੇ ਕੁਹਾ ਆਏ ਹਨ, ਆਂਦਰਾਂ ਦੇ ਸਨੇਹ ਪੁਰਜ਼ੇ ਪੁਰਜ਼ੇ ਕਰਵਾ ਆਏ ਹਨ, ਪਜ਼ਾਰੇ–ਪਜ਼ਾਰਿਆਂ ਤੋਂ ਪਜ਼ਾਰੇ–ਬਲੀ ਦਾਨ ਦੇ ਆਏ ਹਨ, ਜੋ ਨਾਲ ਆਏ ਸਨ, ਓਹ ਬੀ ਖੁੰਝਾ ਆਏ ਹਨ, ਇਸ ਵੇਲੇ ਇਕੱਲੇ ਬਿਰਾਜ ਰਹੇ ਹਨ:–

ਧੰਨ ਧੰਨ ਗੁਰਦੇਵ ਜੂ ਸੁਖ ਦੁਖ ਬ੍ਰਿਤੀ ਸਮਾਨ।
ਹਰਖ ਸ਼ੋਕ ਜਾਕੈ ਨਹੀਂ, ਰਾਗ ਨ ਦ੍ਵੈਸ਼ ਮਹਾਨ

॥ ੨੪ ॥ [ਗੁਰ ਪ੍ਰ: ਸੂ: ਰੁ: ੬–੪੨

ਦੇਖਣਾ ਗੁਰੂ ਜੀ ਠੰਢੀ ਠਾਰ, ਨੰਗੀ, ਕਰੜੀ ਮੈਲੀ ਧਰਤੀ ਉੱਤੇ ਜਿਸ ਦਾ ਭਾਰ ਉਤਾਰਨ ਆਏ ਹਨ, ਡਾਢੀ ਸਰਦੀ ਵਿਚ ਬਿਰਾਜ ਰਹੇ ਹਨ। ਦੋ ਵੱਖੀ ਪਰਨੇ ਪਏ ਹਨ, ਦੱਬੀ ਵੱਖੀ ਦੇਹ ਨੂੰ ਹੈ, ਸੱਜੀ ਉਪਰ ਨੂੰ ਹੈ, ਮੂੰਹ ਉਸ ਪਾਸੇ ਨੂੰ ਹੈ ਜਿਧਰੋਂ ਕੋਈ ਆ ਸਕਦਾ ਹੈ। ਪਿੱਠ ਤੇ ਸੀਸ ਤੇ ਚਰਨਾਂ ਵਲ ਬ੍ਰਿਛਾਂ ਦੇ ਕਟੇ ਪਏ ਟਾਹਣਾਂ ਦੀ ਓਟ ਹੈ, ਦੋਨੋਂ ਹਥ ਛਾਤੀ ਅਗੇ ਹਨ, ਗੁਲਸ਼ਤ੍ਰਾਣ, ਜਿਸ ਵਿਚ ਹੀਰਾ ਜੜਿਆ ਹੈ, ਅੰਗੂਠੇ ਵਿਚ ਹੀ ਹੈ। ਸੁੱਤੇ ਪਏ ਹਨ। ਪਰ ਨਿਕੀ ਜਿਹੀ ਆਹਟ ਤੋਂ ਜਾਗ ਸਕਦੇ ਹਨ ਅਰ ਇਕ ਛਿਨ ਵਿਚ ਤਮਾਂਚਾਤੀਰ ਚਲਾ ਸਕਦੇ ਹਨ,ਐਉਂ ਸਾਵਧਾਨ ਹਨ। ਗੁਲਸ਼ਤ੍ਰਾਣ ਇਕ ਅੰਗੂਠ ਦਾ ਆਸਰਾ ਹੁੰਦਾ ਸੀ ਜੋ ਤੀਰ ਖਿੱਚਣ ਵਲੇ ਅੰਗੂਠ ਪੁਰ ਆਂਟੀਆਂ ਨਹੀਂ ਪੈਣ ਦੇਂਦਾ ਸੀ, ਉਹ ਬੀ ਹਥੋਂ ਨਹੀਂ ਉਤਾਰਿਆ। ਇਸ ਸਿਪਾਹੀ ਮੂਰਤਿ ਨੂੰ ਦੇਖਣਾ, ਇਸ ਮਹਾਂ ਯੋਧਾ ਮੂਰਤਿ ਦਾ ਦਰਸ਼ਨ ਕਰਨਾ, ਇਹ ਉਹੋ ਮੂਰਤੀ ਹੈ, ਜੋ ਕਵੀਆਂ ਦੇ ਦਰਬਾਰ ਲਾਕੇ ਕਵਿਤਾ ਦੇ ਕਟਾਖਛ ਸੁਣਦੀ ਤੇ ਆਪ ਕਵਿਤਾ ਕਹਿੰਦੀ ਹੁੰਦੀ ਸੀ। ਹਾਂ, ਇਹ ਗੁਲਸ਼ਤ੍ਰਾਣ ਵਾਲਾ ਹੱਥ ਉਹੋ ਹੈ ਜੋ ਸਿਰੰਦੇ ਰਬਾਬ ਤੇ ਵੀਣਾਂ ਤੇ ਫਿਰਦਾ ਕੋਮਲਤਾਈ ਦੀ ਦੱਦ ਕਰ ਦੇਂਦਾ ਹੁੰਦਾ ਸੀ। ਹਾਂ ਇਹ ਓਹੋ ਮੂਰਤੀ ਹੈ ਜੋ ਦੁਖੀਆਂ ਲਈ ਪਸੀਜਦੀ ਤੇ ਮਿਹਰਾਂ ਨਾਲ ਅੰਦਰੋਂ ਬਾਰਰੋਂ ਘੁਲ ਘੁਲ ਜਾਂਦੀ ਸੀ। ਇਹ ਓਹੋ ਮੂਰਤੀ ਹੈ, ਜਿਸ ਦੀ ਕਦਰਦਾਨੀ ਕਰਨੇ ਜਗਤ ਦੇ ਗੁਣੀ ਆਕੇ ਓਟ ਲੈਂਦੇ ਸਨ। ਹਾਂ, ਏਹ ਓਹੋ ਅੱਖਾਂ ਇਸ ਵੇਲੇ ਬੀਰਰਸ ਮੱਤੀਆਂ ਮੁੰਦ ਰਹੀਆਂ ਹਨ, ਜਿਨ੍ਹਾਂ ਨੇ ਜਗਤ ਦੇ ਦੁਖ ਹਰਨ ਲਈ ਆਪੇ ਨੂੰ ਕਈ ਵਾਰ ਭਰਿਆ। ਆਹ ! ਕੌਣ ਸਮਝੇ ਇਸ ਮ੍ਰਿਦੁਲ ਤੇ ਹੀਰੇ ਵਾਂਙ ਪੀਡੇ ਦਿਲ ਦੀ ਘੁੰਡੀ ਨੂੰ ? ਹਾਂ, ਦਰਸ਼ਨ ਕਰੋ ਮੂਰਤੀ ਦਾ। ਅੰਦਰ ਦਾ ਕਿਸ ਨੂੰ ਪਤਾ ਹੈ ਇਸ ਮਹਾਂਨ ਮਨ ਵਾਲੇ ਦਾ, ਜੋ ਆਪਣੀਆਂ ਅੱਖਾਂ ਦੇ ਸਾਹਮਣੇ ਪੁਤਰਾਂ ਨੂੰ ਤੁਝਦੇ ਤੇ ਮੈਦਾਨ ਵਿਚ ਮਰਦੇ ਵੇਖਦਾ ਤੇ ਸ਼ਾਵਾਸ਼ੇ ਸ਼ਾਵਾਸ਼ੇ ਆਖਦਾ ਹੈ ? ਕੌਣ ਇਸ ਗਹਿਰ ਗੰਭੀਰ ਅਥਾਹ ਦਿਲ ਨੂੰ ਸਮਝੇ ? ਹਾਂ ਦਰਸ਼ਨ ਕਰੋ ਤੇ ਨਮਸਕਾਰ ਕਰੋ ਤੇ ਆਖੋ:–

ਤੂੰ ਧੰਨ ਹੈਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ !
ਤੂੰ ਧੰਨ ਹੈਂ ! ਤੂੰ ਧੰਨ ਹੈਂ !

੨. [ਆ ਮਿਲੇ]

ਉਧਰ ਤੋਏ ਸਿਖ ਉਸ ਘਮਸਾਨ ਵਿਚ ਵਿੱਛੜੇ ਖਿਸਕਦੇ ਤਿਲਕਦੇ, ਟੋਲਾ ਪਾਉਂਦੇ, ਛਹਿੰਦੇ, ਲੁਕਦੇ, ਉਦਕਦੇ, ਲੋੜ ਪਈ ਤੇ ਧੌਲ ਧੱਪਾ ਕਰਦੇ ਨੱਸਦੇ ਨਿਕਲੇ ਚਲੇ ਜਾ ਰਹੇ ਹਨ। ਏਹ ਪਿਆਰੇ ਵਿਛੁੜੇ ਸਤਿਗੁਰਾਂ ਤੋਂ ਆਪਣੀ ਜਾਨ ਬਚਾਉਣ ਦੀ ਤਾਂਘ ਵਿਚ ਨਹੀਂ ਸਨ, ਪਰ ਕਿਸੇ ਔਖੀ ਥਾਂ ਫੁਟ-ਤੀਆਂ ਦੇ ਸਰਦਾਰ ਸਤਿਗੁਰੂ ਜੀ ਇਉਂ ਸ਼ੀਘ੍ਰਤਾ ਨਾਲ ਨਿਕਲ ਗਏ ਕਿ ਉਸੇ ਕਠਨਤਾ ਵਿਚੋਂ ਨਿਕਲਦੇ ਸਿਖ ਆਪ ਨੂੰ ਮਿਲ ਨਾ ਸਕੇ, ਤੇ ਆਪਦੀ ਸ਼ੀਘ੍ਰਤਾ ਦੀ ਬਰਾਬਰੀ ਨਾ ਕਰ ਸਕੇ। ਪਰ ਏਹ ਤੁਰੇ ਸਤਿਗੁਰ ਦੇ ਅਟੱਲ ਵਾਕ ਦੇ ਭਰੋਸੇ ਵਾਲੇ ਉਸੇ ਤਾਰੇ ਦੀ ਸੇਧੇ ਜੋ ਸਤਿਗੁਰੂ ਜੀ ਨੇ ਦੱਸਿਆ ਸੀ, ਤੁਰੀ ਗਏ। ਰਸਤੇ ਵਿਚ ਸੱਜੇ ਖੱਬੇ ਸਾਰੇ ਭਾਲ ਕਰਦੇ ਗਏ। ਇਹ ਬੀ ਉਨ੍ਹਾਂਦੇ ਤੇ ਬਕੇਵੇਂ ਵਿਚ ਸਨ, ਪਰ ਪਿਆਰੇ ਦੀ ਮੇਵਾ ਦਾ ਚਾਉ ਕਦੇ ਝੁੰਦਾ ਨਹੀਂ ਸੀ, ਅਨਝਵੇਂ-ਮਨ ਤੁਰੀ ਗਏ ਤੁਰੀ ਕੀਹ ਨੱਸੀ ਗਏ। ਆਖਰ ਪਹੁ ਫੁਟੀ ਦੇ ਵੇਲੇ ਉਸੇ ਟਿਕਾਣੇ ਦੈਵ ਨੇ ਪਹੁੰਚਾਏ ਜਿੱਥੇ ਧਰਾਨਾਥ ਸੀਤਲ ਕਠੋਰ ਧਰਾ ਉਤੇ ਬਿਰਾਜ ਰਹੇ ਸਨ। ਖੂਹ ਤੇ ਪਾਣੀ ਲੈਣ ਗਏ ਤਾਂ ਦਇਆ ਸਿੰਘ ਕਿਹਾ ਕਦਮ ਏਥੋਂ ਅੱਗੇ ਨਹੀਂ ਟੁਰਦੇ, ਯਾ ਬਕੇਵਾਂ ਹੋਇਆ ਹੈ ਯਾ ਪਿਆਰੇ ਦਾ ਮਿਲੇਵਾਂ ਹੈ। ਧਰਮ ਸਿੰਘ ਨੇ ਕਿਹਾ, ਔਹ ਇੱਛਾਂਦੇ ਉਹਲੇ ਕੁਛ ਚਮਕ ਹੈ। ਜਾਂ ਅੱਗੇ ਵਧੇ ਤਾਂ ਹੀਰੇ ਦੀ ਚਮਕ ਦੇਰ ਸਾਫ ਹੋ ਦਿੱਸੀ, ਇਸ ਵੇਲੇ ਸਤਿਗੁਰ ਜੀ ਦਾ ਗੁਲਸ਼ਨ੍ਹਾਣ ਵਾਲਾ ਹੱਥ ਅੱਗੋਂ ਉਠ ਕੇ ਸੀਸ ਤੇ ਪਿਆ ਸੀ ਤੇ ਉਸ ਵਿਚ ਜੜਿਆ ਹੀਰਾ ਚਮਕ ਮਾਰ ਰਿਹਾ ਸੀ। ਮਾਨ ਸਿੰਘ ਨੇ ਅਗੇ ਜਾਕੇਡਿੱਠਾ ਤਾਂ ਖੁਸ਼ੀ ਦਾ ਹੜ ਚੜ੍ਹਆਇਆ 'ਪਿਆਰਾ ਪਾ ਲਿਆ, ਪਿਆਰਾ ਪਾ ਲਿਆ'। ਪਰ ਆਹ! ਤੱਕੋ! ਰਣ ਮਾਨ ਸਿੰਘ, ਅਜਿੱਤ ਮਾਨ ਸਿੰਘ, ਅਟੱਲ ਮਾਨ ਸਿੰਘ ਦੇ ਨੈਣ ਭਰ ਆਏ! ਹਾਇ! ਮੇਰੇ ਅਰਸ਼ਾਂ ਦੇ ਮਾਲਿਕ ਕਿਸ ਦਸ਼ਾ ਵਿਚ ਕਿੰਵ ਇਸ ਕਠੋਰ ਧਰਤੀ ਪੁਰ ਭੁੰਞੇ ਬਿਰਾਜ ਰਹੇ ਹਨ। ਰੋ ਕੇ ਦਿਲ ਵਿਚ ਹਵਾ ਖਾਕੇ, ਫੇਰ ਸੰਭਲਕੇ, ਦਿਲ ਨੂੰ ਕਹਿਣ ਲੱਗਾ:—ਓ ਮਾਨ ਸਿੰਘਾ ਇਹ ਛੱਬੀ ਨਿੱਤ ਹੈ, ਆਪ ਹੈ, ਧਰਾ ਦਾ ਭਾਰ ਹਰਣ ਆਈ ਹੈ। ਏਹ ਤਾਂ ਦੁਖ ਸਾਡੇ ਲਈ ਪਾ ਰਹੇ ਹਨ, ਸਾਡੇ ਮਨ ਨੂੰ ਮਾਇਆ ਦੀ ਗ਼ੁਲਾਮੀ ਤੋਂ ਤੇ ਸਾਡੇ ਸ਼ਰੀਰਨੂੰ ਪਾਪ ਦੀ ਗ਼ੁਲਾਮੀ ਤੋਂ ਤੇ ਸਾਡੇ ਦੇਸ਼ ਨੂੰਤੁਰਕ ਦੀ ਗੁਲਾਮੀ ਤੋਂ ਸੁਤੰਤ੍ਰ ਕਰਨ ਆਏ ਹਨ। ਸਾਨੂੰ ਨਿਰਭੈ ਪਦ ਤੇ ਪਹੁੰਚਾਵਣ ਲਈ ਭੈ ਨਾਲ ਲੜ ਰਹੇ ਹਨ। ਸਾਨੂੰ ਸੁਖ ਦੇਣ ਲਈ ਦੁਖਾਂ ਨਾਲ ਜੰਗ ਰਚਾ ਰਹੇ ਹਨ। ਹੋਹੁ ਬਲਿਹਾਰ ਇਸ ਪਾਵਨ ਮੂਰਤਿ ਦੇ, ਇਸਨੂੰ ਹਰਖ ਕਾਹਦਾ ਤੇ ਸ਼ੋਕ ਕਾਹਦਾ? ਇਸ ਨੂੰ ਹਾਨ ਕੀ ਹੈ ਤੇ ਲਾਭ ਕੀ ਹੈ? ਇਸਦਾ ਕੌਣ ਵੈਰੀ ਤੇ ਕੌਣ ਇਸ ਨੂੰ ਮੋਹ ਨਾਲ ਪਿਆਰਾ ਹੈ? ਇਹ ਇਕ ਰਸ, ਸਦਾ ਨੰਗ ਰੱਤੀ, ਹਰੀ ਦੀ ਮੂਰਤੀ, ਗੋਬਿੰਦ ਰੂਪ ਸੂਰਤ ਹੈ। ਇਸ ਖ਼ੁਸ਼ੀ, ਵੈਰਾਗ, ਪ੍ਰੇਮ ਤੇ ਗਿਆਨ ਦੇ ਰੰਗਾਂ ਵਿਚ ਦੀ ਲੰਘਦਾ ਮਾਨਸਿੰਘ ਪਿਛੇ ਮੁੜਿਆ, ਦਇਆ ਸਿੰਘ ਤੇ ਧਰਮ ਸਿੰਘ ਨੂੰ ਮੈਨਤ ਕੀਤੀ, ਉਹ ਭੀ ਆਏ। ਹਾਂ, ਵੇਖਸੇ ਨੈਣ ਭਰ ਆਏ। 'ਹੇ ਖੂਨੀ ਭੂਮੀ! ਤੂੰ ਆਪਣੇ ਭਾਰ ਹਰਨ ਆਏ ਨਾਲ ਬੀ ਉਹੋ ਰੰਗ ਵਰਤ ਰਹੀ ਹੈਂ ਜੋ ਤੇਰੇ ਤਲ ਉਤੇ ਆਮ ਵਰਤ ਰਿਹਾ ਹੈ!' ਪਰ ਦੋਵੇਂ ਨਾਮ ਰਸੀਏ ਸੂਰਮੇ ਸੇ, ਮਾਨ ਸਿੰਘ ਵਾਂਙੂ ਹੀ ਖ਼ੁਸ਼ੀ, ਵੈਰਾਗ, ਪ੍ਰੇਮ ਤੇ ਗਿਆਨ ਦੇ ਭਾਵਾਂ ਵਿਚ ਦੀ ਲੰਘਕੇ ਚਰਨ ਕਮਲਾਂ ਪਾਸ ਆ ਬੈਠੇ, ਸਹਿਜੇ ਸਹਿਜੇ ਚਰਨ ਮਲਣ ਲਗੇ। ਛਾਲੇ ਦੇਖਕੇ ਫੇਰ ਨੈਣ ਭਰ ਆਏ। ਬਚਾ ਬਚਾ ਕੇ ਦੋਵੇਂ ਜਣੇ ਚਰਨਾਂ ਨੂੰ ਮਲਣ ਲੱਗੇ। ਤੀਸਰੇ ਸੱਜਣ ਜੀ ਮਾਨੋ ਪਹਿਰੇ ਤੇ ਹਨ, ਕਮਾਨ ਸੰਭਾਲ ਕੇ ਟਹਿਲਣ ਲਗ ਗਏ। ਚਰਨਾਂ ਪਰ ਹਥ ਪੈਂਦਿਆਂ ਸਤਿਗੁਰ ਜੀ ਦੀ ਜਾਗ ਖੁਲ੍ਹੀ, ਪਰ ਦਿਲਾਂ ਦੇ ਮਹਰਮ ਤੇ ਆਤਮ ਰੌਆਂ ਦੇ ਜਾਣੂੰ ਪਿਆਰ ਦੀ ਝਰਨਾਟ ਤੋਂ ਜਾਣੂੰ ਸੁਖ ਵਿਚ ਹੀ ਰਹੇ। ਥੋੜੀ ਦੇਰ ਮਗਰੋਂ ਧਨੁਖ ਸੰਭਾਲ ਫੇਰ ਨੈਣ ਖੁਹਲ ਕੇ ਇਕਦਮ ਉੱਠੇ। ਪਿਆਰਿਆਂ ਨੂੰ ਡਿੱਠਾ, ਉਨ੍ਹਾਂ ਨੇ ਮੱਥਾ ਟੇਕਿਆ ਆਪ ਨੇ ਤੁਰੇਆਂ ਨੂੰ ਵਾਰੋਵਾਰੀ ਛਾਤੀ ਨਾਲ ਲਾਕੇ ਪਿਆਰ ਦਿਤਾ। ਹੁਣ ਦਇਆ ਸਿੰਘ ਨੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ! ਦਿਨ ਚੜ੍ਹਨ ਲਗਾ ਹੈ, ਮੈਝਲੇ ਹੋਏ ਤੇ ਕੋਈ ਪਛਾਣ ਨਾ ਲਏ, ਇਸ ਕਰਕੇ ਸੂਰਜ ਚੜ੍ਹਨ ਤੋਂ ਪਹਿਲਾਂ ਕਿਤੇ ਲੁਕ ਚੱਲਣਾਂ ਚਾਹੀਏ। ਸਤਿਗੁਰ ਜੀ ਮੁਸਕ੍ਰਾਕੇ ਬੋਲੇ:—ਐਸ ਬਾਗ ਵਿਚ ਵੜ ਚੱਲੋ; ਜੇ ਸਮਾਂ ਲੰਘ ਗਿਆ

ਤਾਂ ਸੁਖ, ਜੇ ਨਾ ਲੰਘਿਆ ਤਾਂ ਇਸੇ ਦੀ ਮੋਰਚੇ ਬੰਦੀ ਕਰ ਲਓ, ਪੱਕੀ ਕੰਧ ਹੈ, ਓਟ ਹੈ, ਜੰਗ ਰਚਾ ਦਿਆਂਗੇ। ਫੁਰਤੀ ਨਾਲ ਕੁਛ ਛਕਣ ਛਕਾਉਣ ਜੋਗਾ ਤੇ ਹੋਰ ਕੁਛ ਲੈ ਆਓ। ਇਹ ਕਹਿ ਤੁਰੇ, ਲੱਤਾਂ ਹੁਣ ਆਕੜ ਗਈਆਂ ਸਨ ਤੇ ਪੈਰਾਂ ਦੇ ਛਾਲੇ ਕਦਮ ਨਹੀਂ ਸਨ ਧਰਨ ਦੇਂਦੇ, ਕੱਛੇ ਦੇ ਪਾਉਂਚੇ ਜੰਘਾਂ ਦੇ ਵਿਚ ਲਹਿ ਚੁਕੇ ਤੇ ਖੰਬੜ ਚੁਕੇ ਸੇ। ਟੁਰਨ ਦੀ ਕੋਈ ਤਾਬ ਨਹੀਂ ਸੀ, ਪਰ ਬਾਗ਼ ਵਿਚ ਜਾ ਹੀ ਵੜੇ। 'ਦਾਗ਼ ਤਾਂ ਆਪਣਾ ਲੱਗਦਾ ਹੈ' ਕਹਿਕੇ ਸਤਿਗੁਰ ਜੀ ਨੇ 'ਜੰਗ ਆ ਪਏ ਤੇ ਕੀ ਕਰਨਾ ਹੋਊ' ਦੀ ਸੋਚ ਵਿਚ ਚਾਰ ਚੁਫੇਰੇ ਨਜ਼ਰ ਦੁੜਾਈ। ਬਾਗ਼ ਵਿਚ ਮੰਘਣੇ ਬ੍ਰਿਛਾਂ ਦੀ ਓਟ ਜਾ ਬੈਠੇ, ਖੂਹ ਵਗ ਰਿਹਾ ਸੀ ਤੇ ਖੂਹ ਦੇ ਗਾਧੀ ਨੇ ਪਛਾਤਾ ਕਿ ਕੋਈ ਓਹ ਹਨ, ਜਿਨ੍ਹਾਂ ਦੀ ਮਹਿਮਾ ਮੇਰਾ ਮਾਲਿਕ ਕਰਿਆ ਕਰਦਾ ਹੈ। ਬਾਗ਼ ਵਿਚ ਦਾਅਵੈਦਾਰ ਵਾਂਙੂ ਆ ਗਏ ਹਨ, ਮੈਂ ਦੌੜ ਕੇ ਮਾਲਿਕ ਨੂੰ ਖਬਰ ਕਰਾਂ, ਮਤਾਂ ਆਉਭਗਤ ਵਿਚ ਫਰਕ ਨਾ ਪਵੇ। ਜਾਂ ਗੁਲਾਬੇ ਨੇ, ਜੋ ਉਸ ਦਾ ਮਾਲਕ ਸੀ ਤੇ ਗੁਰੂ ਘਰ ਦਾ ਮਸੰਦ ਸੀ, ਉਸ ਕਾਮੇ ਤੋਂ ਸੁਣਿਆਂ ਤਾਂ ਭੱਜਾ ਆਇਆ। ਇਹ ਮਸੰਦ ਗੁਰਾਕਲ ਮਨ ਦਾ ਤਾਂ ਸੀ, ਪਰ ਸੀ ਸਨਮੁਖ। ਸ੍ਰੀ ਡਰੂ ਜੀ ਤੇ ਭਰੋਸਾ ਰਖਦਾ ਸੀ, ਅਤੇ ਮੰਞਾ ਪੂਜਾ ਕਰਦਾ ਸੀ ਅਤੇ ਉਸ ਮੋਹਨ ਮੂਰਤੀ ਦਾ ਪ੍ਰੇਮੀ ਬੀ ਚੰਗਾ ਸੀ। ਸਾਰਾ ਹਾਲ ਦੇਖ, ਸੁਣ ਤੇ ਸਮਝਕੇ ਆਖਣ ਲੱਗਾ: ਏਥੇ ਦਿਨ ਲੁਕ ਛਿਪਕੇ ਗੁਜ਼ਾਰ ਲੈਣਾ ਠੀਕ ਹੈ ਤੇ ਹਨੇਰੇ ਹੋਏ ਮੇਰੇ ਘਰ ਚਲੋ, ਉਥੇ ਲੁਕਾ ਛੁਪਾ ਰਹਿ ਜਾਵੇਗਾ। ਗੁਲਾਬਾ ਮਿੱਠੇ ਪਾਣੀ ਦਾ ਤੇ ਦੁੱਧ ਹਬਹੁ ਦੇਣ ਵਾਲਾ ਸੀ, ਜਿਸ ਕਰਕੇ ਮਾਛੀਵਾੜੇ ਦੇ ਹਿੰਦੂ ਮੁਸਲਮਾਨ ਸਾਰੇ ਏਸ ਦਾ ਲਿਹਾਜ਼ ਮੁਲਾਹਜ਼ਾ ਚੰਗਾ ਰਖਦੇ ਸੇ। ਸਤਿਗੁਰਾਂ ਨੇ ਉਸ ਦੇ ਬਚਨ ਨੂੰ ਮੰਨ ਲਿਆ। ਉਸ ਨੇ ਹੁਣ ਬਾਗ ਦੀ ਤਕੜਾਈ ਕੀਤੀ, ਕਾਮੇ ਨੂੰ ਸਮਝਾ ਦਿਤਾ ਤੇ ਆਪ ਘਰੋਂ ਕੁਛ ਅੰਨ ਪਾਣੀ ਲੈਣ ਲਈ ਗਿਆ। ਸਿੰਘਾਂ ਨੇ ਸ੍ਰੀ ਗੁਰੂ ਜੀ ਨੂੰ ਪੰਜ ਇਸ਼ਨਾਨਾਂ ਕਰਵਾਇਆ। ਇੰਨੇ ਨੂੰ ਗੁਲਾਬੇ ਦਾ ਭਰਾ ਪੰਜਾਬਾ ਗਰਮ ਦੁਧ ਛੁਹਾਰੇ ਪਾਕੇ ਉਬਾਲਿਆ ਹੋਇਆ ਲੈ ਆਇਆ। ਸਭਨਾਂ ਨੇ ਦੁਧ ਛਕਿਆ। ਹੁਣ ਗੁਰੂ ਜੀ ਦੀ ਆਗਜ਼ਾ ਵਿਚ ਤ੍ਰੈਏ ਸਿਖ ਤੇ ਆਪ ਮਹਾਰਾਜ ਬਿਰਾਜ ਗਏ ਤੇ ਗੁਲਾਬਾ ਤੇ ਪੰਜਾਬਾ ਮਾਨੋਂ ਪਹਿਰੇ ਤੇ ਰਹੇ। ਦਿਨ ਢਲੇ ਦੇ ਵੇਲੇ ਸਾਰੇ ਉਠੇ, ਗੁਲਾਬੇ ਦੇ ਘਰੋਂ ਐਸ ਵੇਲੇ ਲਾਪਸੀ ਆਈ ਤੇ ਸਾਰਿਆਂ ਛਕੀ। ਗੁਲਾਬੇ ਨੇ ਘਰ ਜਾਕੇ ਤਿਆਰੀ ਅੰਞੀ ਅਤੇ ਰਾਖੀ ਲਈ ਸਿੰਘ ਸਾਵਧਾਨ ਹੋ ਗਏ। ਰਾਤ ਪਈ ਤੇ ਗੁਲਾਬਾ ਆਕੇ ਗੁਰੂ ਜੀ ਤੇ ਸਿੰਘਾਂ ਨੂੰ ਆਪਣੇ ਘਰ ਲੈ ਗਿਆ ਇਕ ਚੁਬਾਰਾ, ਜੋ ਨਵਾਂ ਬਣਾਇਆ ਸੀ*, ਉਥੇ ਗੁਰੂ ਜੀ ਨੂੰ ਨਵੇਂ ਪਲੰਘ ਪੁਰ ਡੇਰਾ ਕਰਵਾਇਆ, ਪ੍ਰੇਮ ਨਾਲ ਪ੍ਰਸ਼ਾਦ ਛਕਾਇਆ। ਰਾਤ ਸੌਂ ਰਹੇ ਤੇ ਸਵੇਰੇ ਗੁਰੂ ਜੀ ਇਸ਼ਨਾਨ ਕਰਨ ਲਗੇ। ਕਛਹਿਰੇ ਦੇ ਪੌਂਚੇ ਜੰਘਾਂ ਵਿਚ ਖਿਚੀਂਦੇ ਖੰਬੜ ਚੁਕੇ ਸਨ, ਗਰਮ ਪਾਣੀ ਨਾਲ ਉਚਾਏ ਫੇਰ ਇਸ਼ਨਾਨ ਕੀਤਾ।'

ਇਥੇ ਹੁਣ ਇਸ ਪ੍ਰਕਾਰ ਦੀਆਂ ਸਾਖੀਆਂ ਮਿਲਦੀਆਂ ਹਨ:—ਲੰਗਰ ਵਾਸਤੇ ਜਦ ਬੱਕਰਾ ਆਇਆ ਤੇ ਗੋਲੀ ਮਾਰਕੇ ਝਟਕਾਇਆ ਗਿਆ ਤਾਂ ਗੁਆਂਢ ਦੇ ਇਕ ਬ੍ਰਾਹਮਣ ਨੇ ਖੜਾਕ ਸੁਣਕੇ ਸ਼ੱਕ ਕੀਤਾ ਕਿ ਕੀ ਹੈ? ਤੇ ਟੋਹ ਕਰ ਕਰਕੇ ਉਸ ਨੇ ਪਤਾ ਲਾ ਹੀ ਲੀਤਾ। ਸੋ ਉਹ ਬਾਲ ਪਤਾਸਿਆਂ ਦਾ ਤੇ ਇਕ ਜੰਞੂ ਵਿਚ ਧਰਕੇ ਬੇ-ਪੁੱਛੇ ਅੰਦਰ ਆ ਕੇ ਚੁਬਾਰੇ ਚੜ੍ਹ ਗਿਆ ਤੇ ਅੱਗੇ ਧਰ ਕੇ ਮੱਥਾ ਟੇਕਿਆ। ਇਹ ਬ੍ਰਾਹਮਣ ਅੱਗੇ ਗੁਰੂ ਜੀ ਦੇ ਦਰਸ਼ਨ ਕਰ ਆਇਆ ਸੀ ਤੇ ਗੁਰੂ ਜੀ ਪਰ ਸ਼ਰਧਾ ਬੀ ਰਖਦਾ ਸੀ, ਗਰੀਬ ਸੀ ਤੇ ਸਰਲ ਸੀ। ਸਤਿਗੁਰਾਂ ਨੇ ਪੰਜ ਮੁਹਰਾਂ ਬਾਲ ਵਿਚ ਧਰ ਦਿਤੀਆਂ। ਬ੍ਰਾਹਮਣ ਅਸੀਸ ਦੇਕੇ, ਮੱਥਾ ਟੇਕਕੇ ਤੇ ਬਾਲ ਚੁਕ ਕੇ ਘਰ ਆ ਗਿਆ। ਉਸ ਦਾ ਗੁਰੂ ਨਾਲ ਪਿਆਰ ਤੇ ਭਾਵ ਇਹ ਸੀ ਕਿ ਆਪ ਸਾਡਾ ਕਸ਼ਟ ਸਾਡੇ ਧਰਮ ਰੱਖਿਆ ਵਾਸਤੇ ਝੱਲ ਰਹੇ ਹੋ। ਜੰਞੂ ਅੱਗੇ ਧਰਨਾ ਇਸ ਗਲ ਦੀ ਨਿਸ਼ਾਨੀ ਸੀ ਕਿ ਮੈਂ ਆਪ ਦੀ ਸ਼ਰਨ ਹਾਂ, ਮਿੱਤ੍ਰ ਦਾਸ ਹਾਂ, ਦਰਸ਼ਨ ਨੂੰ ਆਇਆ ਹਾਂ ਤੇ ਆਪ ਆਪਣਾ ਮਿੱਤ੍ਰ ਜਾਣੋ। ਪਰੰਤੂ ਬ੍ਰਾਹਮਣ ਦੇ ਨਾ ਜਾਣ ਮਗਰੋਂ ਗੁਲਾਬੇ ਦੀ ਵਹੁਟੀ ਘਬਰਾਈ ਕਿ ਸਤਿਗੁਰਾਂ ਦੀ ਸੌਂਹ ਨਿਕਲ ਗਈ ਹੈ, ਉਹ ਨਾ ਹੋਵੇ ਜੋ ਇਹ ਪਤਾ ਬਾਹਰ ਕੱਢ ਦੇਵੇ। ਪਤੀ ਨੂੰ

*'ਚੁਬਾਰਾ ਸਾਹਿਬ' ਕਰਕੇ ਏਥੇ ਨਿਸ਼ਾਨ ਅਜੇ ਦੱਸੀਦਾ ਹੈ।

ਸਮਝਾਇਆ; ਓਹ ਬੀ ਡਰਿਆ, ਪਰ ਇਕ ਪਾਸੇ ਉਸ ਦਾ ਸਿਦਕ ਸੀ, ਦੂਏ ਪਾਸੇ ਡਰ, ਇਸ ਲਈ ਅਸਮੰਜਸ ਵਿਚ ਹੀ ਰਿਹਾ। ਐਤਨੇ ਨੂੰ ਦੂਸਰੇ ਹਮਸਾਏ ਸੱਯਦ ਦੇ ਘਰ ਮਹਾਂ ਪ੍ਰਸ਼ਾਦ ਦੀਆਂ ਹੱਡੀਆਂ ਜਾ ਪਈਆਂ, ਉਹਨਾਂ ਨੇ ਉੱਚੀ ਕਿਹਾ, ਓਇ ਗੁਲਾਬਿਆ! ਤੂੰ ਕਿਨ੍ਹਾਂ ਨੂੰ ਘਰ ਉਤਾਰਿਆ ਹੈ? ਪਰ ਐਤਨੇ ਨੂੰ ਸੱਯਦਾਣੀ ਨੇ ਕੀਹ ਡਿੱਠਾ ਕਿ ਮੁਹਰਾਂ ਬੀ ਡਿੱਗੀਆਂ ਹਨ। ਸੱਯਦਾਣੀ ਉਹ ਮੁਹਰਾਂ ਚਾਉਂਦੀ ਜਾਵੇ ਤੇ ਆਖੀ ਜਾਵੇ: ਕੋਈ ਡਰ ਨਹੀਂ; ਭੈਣ! ਭੁੱਲ ਭੁਲੇਖੇ ਜੇ ਕੁਛ ਕੂੜਾ ਕਰਕਟ ਸਾਡੇ ਪਾਸੇ ਆ ਪਿਆ, ਤਾਂ ਸੁਖ! 'ਹਮਸਾਏ ਮਾਂ ਪਿਉ ਜਾਏ' ਹੁੰਦੇ ਹਨ ਤੇ ਉਧਰ ਸੱਯਦਾਣੀ ਪੁੱਤ੍ਰ ਪਤੀ ਨੂੰ ਮੁਹਰਾਂ ਦਿਖਾ ਕੇ ਉੱਚੀ ਬੋਲਣੋਂ ਹੋੜਦੀ ਜਾਵੇ। ਪਰ ਗੁਲਾਬੇ ਦੀ ਵਹੁਟੀ ਨੂੰ ਇਸ ਤੋਂ ਬੀ ਅਬਰਾ ਹੋਇਆ। ਸਤਿਗੁਰਾਂ ਨੇ ਇਸ ਕੌਤਕ ਨਾਲ ਮੁੱਲ ਪਾ ਲਿਆ ਕਿ ਹਮਸਾਏ ਲੋਭੀ ਹਨ। ਗੁਰੂ ਜੀ ਨੇ ਗੁਲਾਬੇ ਦਾ ਅਬਰਾ ਬੀ ਡਿੱਠਾ। ਗੁਲਾਬੇ ਨੇ ਬੇਨਤੀ ਕੀਤੀ, "ਕਿ ਪਾਤਸ਼ਾਹ ਕੁਛ ਤੁਰਕ ਜਥਾ ਆ ਪੁੱਜਾ ਹੈ, ਆਪ ਦਾ ਹੁਣ ਇਥੋਂ ਟੁਰ ਜਾਣਾ ਹੀ ਸੁਹਣੀ ਗਲ ਹੈ। ਇਹ ਬੇਨਤੀ ਮੈਂ ਆਪ ਦੀ ਸਲਾਮਤੀ ਵਾਸਤੇ ਕਰਦਾ ਹਾਂ, ਪਰ ਉਂਵ ਮੈਂ ਬੀ ਆਪਣੇ ਲਈ ਡਰਦਾ ਹਾਂ, ਮੈਂ ਸ੍ਰੀ ਜੀ ਤੋਂ ਆਪਣੇ ਨਿਤਾਣੇ-ਤੁਣੇ ਦਾ ਬੀ ਲੁਕੋ ਨਹੀਂ ਕਰਦਾ।" ਤਦ ਗੁਰੂ ਜੀ ਆਖਣ ਲਗੇ, "ਗੁਲਾਬਿਆ! ਅਬਰਾ ਨਾ, ਵਾਹਿਗੁਰੂ ਤੇਰਾ ਵਾਲ ਵਿੰਗਾ ਨਹੀਂ ਕਰੇਗਾ, ਤੂ ਅਸੀਂ ਸਹੀ ਸਲਾਮਤ ਅਛੋਪ ਨਿਕਲ ਜਾਵਾਂਗੇ, ਅਕਾਲ ਸਾਡੇ ਨਾਲ ਹੈ।"

੩. [ਔਰੰਗਜ਼ੇਬ ਵਲ ਖਤ*]

ਇਥੇ, ਮਾਛੀਵਾੜੇ ਸਤਿਗੁਰ ਜੀ ਨੂੰ ਆ ਮਿਲੇ ਗਨੀਖਾਂ ਨਬੀਖਾਂ ਦੋ ਪਠਾਣ ਭਰਾ ਜੋ ਸਤਿਗੁਰ ਪਾਸ ਕਦੇ ਸੇਵਕ ਬੀ ਰਹਿ ਗਏ ਸੇ ਤੇ ਫੇਰ ਘੋੜੇ ਵੇਚਣ ਭੀ ਆਇਆ ਕਾਇਆ ਕਰਦੇ ਸੇ। ਫੇਰ ਇਨ੍ਹਾਂ ਨੇ ਨੂਰ ਪੁਰੇ ਦਾ ਸੱਯਦ ਲਿਆ ਮਿਲਾਇਆ ਜੋ ਕਾਜ਼ੀ ਸੀ ਤੇ ਜੋ ਪਹਿਲੋਂ ਤੋਂ ਸ੍ਰੀ ਗੁਰੂ ਜੀ ਦਾ ਪ੍ਰੇਮੀ ਸੀ*। ਇਥੇ ਸਤਿਗੁਰ ਜੀ ਨੇ ਇਕ ਖ਼ਤ ਔਰੰਗਜ਼ੇਬ ਨੂੰ ਲਿਖਿਆ। ਜਿਸ ਵਿਚ ਕੀਤੇ ਕੌਲ ਇਕਰਾਰ ਨੂੰ ਤੋੜ ਕੇ ਮੁੜ ਹਮਲਾ ਕਰਨ ਬਾਬਤ ਲਿਖਿਆ ਹੈ। ਇਹ ਖ਼ਤ ਇਥੋਂ ਹੀ ਤੋਰਨਾ ਸੀ ਤਾਕਿ ਸਰਕਾਰੀ ਦੌਰ ਤੇ ਜੋ ਸੱਚ ਝੂਠ ਦੀ ਮਿਲਾਵਟ ਭਰੀ ਖ਼ਬਰ ਪਾਤਸ਼ਾਹ ਨੂੰ ਪੁੱਜਣੀ ਹੈ ਉਸ ਤੋਂ ਪਹਿਲੋਂ ਪਾਤਸ਼ਾਹ ਨੂੰ ਗੁਰੂ ਜੀ ਵਲੋਂ ਸੱਚੀ ਖਬਰ ਪੁੱਜੇ ਕਿ ਜੋ ਮਨਸੂਬਾ ਪਾਤਸ਼ਾਹ ਨੇ ਯਾ ਅਹਿਲਕਾਰਾਂ ਨੇ ਬਣਾਇਆ ਸੀ ਕਿ ਕਸਮਾਂ ਖਾ ਕੇ ਗੁਰੂ ਜੀ ਨੂੰ ਕਿਲੇ ਤੋਂ ਬਾਹਰ ਕੱਢੋ ਤੇ ਫੇਰ ਕਸਮ ਤੋੜਕੇ ਹਮਲਾ ਕਰ ਦਿਓ ਤੇ ਇਸ ਤਰ੍ਹਾਂ ਦੇ ਦਗ਼ੇ ਨਾਲ ਮਾਰ ਲਓ; ਉਹ ਮਨਸੂਬਾ ਕਾਮਯਾਬ ਨਹੀਂ ਹੋਇਆ। ਫਿਰ ਪਾਤਸ਼ਾਹ ਨੂੰ ਪਤਾ ਲਗੇ ਕਿ ਗੁਰੂ ਜੀ ਜੀਉਂਦੇ ਹਨ, ਅਜੇ ਲੜਨ ਨੂੰ ਤਿਆਰ ਹਨ, ਪਰ ਸ਼ਾਂਤੀ ਨਾਲ ਗਲ ਬਾਤ ਬੀ ਹੋ ਸਕਦੀ ਹੈ (ਦੇਖੋ ਸ਼ਿਅਰ ੧੯)। ਇਸ ਖ਼ਤ ਤੋਂ ਇਹ ਬੀ ਅਸਰ ਪੈਂਦਾ ਹੈ ਕਿ ਰਾਜਧਾਨੀ, ਫੌਜ ਗੁਆਕੇ ਤੇ ਦੋ ਪੁਤ੍ਰ ਚਮਕੌਰ ਵਿਚ ਸ਼ਹੀਦ ਕਰਾ ਕੇ ਬੀ ਗੁਰੂ ਜੀ ਦੀ ਸੁਰਤ ਨਹੀਂ ਹਾਰੀ, ਹੌਸਲਾ ਨਹੀਂ ਢੱਠਾ, ਮਰਦਾਨਗੀ ਨੇ ਝੁਕੀਂ ਨਹੀਂ ਖਾਧੀ ਤੇ ਪਾਤਸ਼ਾਹ ਤੋਂ ਡਰ ਨਹੀਂ ਮੰਨਿਆ। ਇਹ ਖ਼ਤ ਜਾਪਦਾ ਹੈ ਕਿ ਭਾਈ ਦਇਆ ਸਿੰਘ ਜੀ ਮਾਛੀਵਾੜੇ ਤੋਂ ਹੀ ਲੈਕੇ ਟੁਰੇ ਹਨ ਤੇ ਸੱਯਦ ਨੂਰ ਪੁਰੀਏ ਕਾਜ਼ੀ ਨੇ ਤੇ ਗ਼ਨੀ ਖਾਂ ਨਬੀ ਖਾਂ ਨੇ ਸਹਾਇਤਾ ਦਿਤੀ ਹੈ। ਪਠਾਣਾਂ ਨੇ ਤਾਂ ਉਹਨਾਂ ਨੂੰ ਮਾਛੀਵਾੜੇ ਤੋਂ ਪਾਰ ਪੁਚਾਯਾ ਹੈ ਤੇ ਕੋਹਕੁ ਪਰ, ਜਦ ਓਹ ਖ਼ਤਰੇ ਵਿਚੋਂ ਨਿਕਲ ਗਏ, ਤਾਂ ਕਾਜ਼ੀ ਨੇ ਉਹ ਖ਼ਤ ਭਾਈ ਦਇਆ ਸਿੰਘ ਨੂੰ ਪੁਚਾਇਆ ਹੈ†।

*ਇਹ ਅਗਲਾ ਲੇਖ ਇਸ ਪ੍ਰਸੰਗ ਵਿਚ ਇਸ ਗ਼ੁੰਝ ਦੀ ਪੰਜਵੀਂ' ਐਡੀਸ਼ਨ ਦੇ ਛਾਪੇ ਜਾਣ ਸਮੇਂ ਜੁਲਾਈ ੧੯੪੨ ਸਾਵਣ ੧੯੯੯ ਸੰਮਤ ਗੁ: ਨਾ: ਸਾ: ੪੭੩ ਨੂੰ ਸ਼ਾਮਲ ਕੀਤਾ ਗਿਆ।

*ਨੂਰ ਪੁਰੇ ਕਾਜ਼ੀ ਭਨਵਾਸੀ। ਮਹਰਮ ਹੁਤੇ ਆਦਿ ਅਬਿਨਾਸੀ। [ਗੁ: ਬਿ: ਸੁ: ਸਿੰਘ]। ਤਵਾ: ਖਾ: ਨੇ ਇਸ ਕਾਜ਼ੀ ਨੂੰ ਗੁਰੂ ਜੀ ਨੂੰ ਛੋਟੀ ਉਮਰੇ ਫਾਰਸੀ ਪੜ੍ਹਾਉਂਦਾ ਦੱਸਿਆ ਹੈ ਤੇ ਨਾਮ ਦਿਤਾ ਹੈ 'ਇਨਾਯਤ ਅਲੀ'। ਪਰ ਜਿਸ ਦੀ ਵੰਞ ਖਾਸ ਹੁਕਮਨਾਮਾ ਦੱਸੀਦਾ ਹੈ ਉਸ ਦੇ ਵੰਞਜ ਦਾ ਨਾਮ ਪੀਰ ਮੁਹੰਮਦ ਦੱਸਦੇ ਹਨ। ਤਵਾ: ਖਾ: ਨੇ ਇਸ ਟਿਕਾਣੇ ਤੇ ਕਾਜ਼ੀਆਂ ਦੇ ਨਾਮ ਦਿਤੇ ਹਨ। ਕਾਜ਼ੀ 'ਇਨਾਯਤ ਅਲੀ', ਕਾਜ਼ੀ 'ਪੀਰ ਮੁਹੰਮਦ' ਸਲੋਹ ਵਾਲਾ ਤੇ ਸੱਯਦ 'ਹਸਨ ਅਲੀ' ਮਨੀ ਮਾਜਰੀਆ।

†ਸਾਰੇ ਵੇਰਵੇ ਤੇ ਇਸ ਮਿਟੇ ਤੇ ਅੱਪੜਨ ਲਈ ਇਤਿਹਾਸਕ ਖੋਜ ਤੇ ਦਲੀਲਾਂ ਲਈ ਦੇਖੋ ਸ਼ਫ਼ਰਨਾਮਹ ਸਟਿੱਪਣ, ਕਰਤਾ ਕ੍ਰਿਤ ਟੀਕਾ ਵਾਲਾ, ਜੋ ਤਿਆਰ ਹੋ ਰਿਹਾ ਹੈ ਤੇ ਸ਼ੀਘਰ ਹੀ ਛਪੇਗਾ।

ਉਹ ਖ਼ਤ* ਜੋ ਮਾਛੀਵਾੜੇ ਤੋਂ ਸਤਿਗੁਰ ਨੇ ਔਰੰਗਜ਼ੇਬ ਨੂੰ ਘੱਲਿਆ ਟੀਕਾ ਸਹਿਤ ਐਉਂ ਹੈ:—

[ਨਾਮਹ ਗੁਰੂ ਗੋਬਿੰਦ ਸਿੰਘ ਬਾ-ਔਰੰਗਜ਼ੇਬ]

੧. ਬਨਾਮੇ ਖ਼ੁਦਾਵੰਦੇ ਤੇਗ਼ੋ ਤਬਰ।
ਖ਼ੁਦਾਵੰਦੇ ਤੀਰੋ ਸਨਾਨੋ ਸਿਪਰ।

੧. ਤਲਵਾਰ ਤੇ ਤਬਰ ਦੇ ਮਾਲਕ (ਖ਼ੁਦਾ)ਦੇ ਨਾਮ ਨਾਲ,
ਤੀਰ ਅਣੀ ਤੇ ਢਾਲ ਦੇ ਮਾਲਕ(ਖ਼ੁਦਾ) ਦੇ ਨਾਮ ਨਾਲ,

੨. ਖ਼ੁਦਾਵੰਦੇ ਮਰਦਾਨੇ ਰੰਗ ਆਜ਼ਮਾ।
ਖ਼ੁਦਾਵੰਦੇ ਅਸਪਾਨੇ ਪਾ ਦਰ ਹਵਾ।

੨. ਸੂਰਮੇ ਮਰਦਾਂ ਦੇ ਮਾਲਕ (ਖ਼ੁਦਾ) ਦੇ ਨਾਮ ਨਾਲ,
ਤ੍ਰਿੱਖੀ ਦੌੜ ਵਾਲੇ ਘੋੜਿਆਂ ਦੇ ਮਾਲਕ (ਖ਼ੁਦਾ) ਦੇ ਨਾਮ ਨਾਲ (ਅਸੀਂ ਇਹ ਨਾਮਾ ਲਿਖਦੇ ਹਾਂ)।

੩. ਹਮਾਂ ਕੋ ਤੁਰਾ ਪਾਦਸ਼ਾਹੀ ਬਿਦਾਦ।
ਬਮਾ ਦੌਲਤੇ ਦੀਂ ਪਨਾਹੀ ਬਿਦਾਦ।

੩. ਓਸੇ(ਰੱਬ)ਨੇ ਹੀ ਕਿ ਜਿਸ ਨੇ ਤੈਨੂੰ ਬਾਦਸ਼ਾਹੀ ਦਿੱਤੀ ਹੈ ਸਾਨੂੰ ਦੀਨ ਪਨਾਹੀ ਦੀ ਦੌਲਤ ਦਿੱਤੀ ਹੈ, ਭਾਵ ਸਾਨੂੰ ਧਰਮ ਦੀ ਰੱਖਿਆ ਦਾ ਕੰਮ ਦਿੱਤਾ ਹੈ।

੪. ਤੁਰਾ ਤੁਰਕਤਾਜ਼ੀ ਬ-ਮਕਰੋ ਰਿਆ।
ਮਰਾ ਚਾਰਹ ਸਾਜ਼ੀ ਬਸਿਦਕੋ ਸਫ਼ਾ।

੪. ਤੇਰੀ ਦੌੜ ਧੂਪ (ਯਾ ਲੁੱਟ ਮਾਰ) ਮਕਰ ਤੇ ਫਰੇਬ ਵਿਚ ਹੈ, ਮੇਰੀ ਤਦਬੀਰ ਸਚਾਈ ਤੇ ਸਿਦਕ ਨਾਲ ਹੈ।

੫. ਨ ਜ਼ੇਬਦ ਤੁਰਾ ਨਾਮ ਔਰੰਗਜ਼ੇਬ।
ਕਿ ਔਰੰਗਜ਼ੇਬਾਂ ਨਿਆਯਦ ਫਰੇਬ।

੫. ਤੈਨੂੰ ਔਰੰਗਜ਼ੇਬ ਨਾਮ ਨਹੀਂ ਸੋਭਦਾ, ਕਿਉਂਕਿ ਔਰੰਗਜ਼ੇਬਾਂ (ਬਾਦਸ਼ਾਹਾਂ) ਤੋਂ ਫਰੇਬ ਨਹੀਂ ਹੋਣਾ ਚਾਹੀਦਾ।

੬. ਨ ਤਸਬੀਹਤ ਅਜ਼ ਸਜੋ ਰਿਸ਼ਤਹਏ ਬੇਸ਼।
ਕਜ਼ਾਂ ਦਾਨਾ ਸਾਜ਼ੀ ਵਜ਼ੀਂ ਦਾਨਾ, ਖੇਸ਼।

੬. ਤੇਰੀ ਤਸਬੀ 'ਮਣਕੇ ਤੇ ਧਾਗੇ' ਤੋਂ ਵੱਧ ਕੁਛ ਨਹੀਂ, ਕਿਉਂਕਿ ਤੂੰ ਮਣਕਿਆਂ ਨੂੰ ਦਾਣਾ† ਬਣਾਉਂਦਾ ਹੈਂ ਤੇ ਧਾਗੇ ਨੂੰ ਆਪਣਾ ਜਾਲ।

੭. ਤੁ ਖ਼ਾਕੇ ਪਿਦਰ ਰਾ ਬਕਿਰਦਾਰੇ ਜ਼ਿਸ਼ਤ।
ਬਖ਼ੂਨੇ ਬਿਰਾਦਰ ਇਦਾਦੀ ਸਰਿਸ਼ਤ।

੭. ਤੂੰ ਆਪਣੇ ਪਿਤਾ ਦੀ ਮਿੱਟੀ ਨੂੰ ਭੈੜੇ ਦੰਮਾਂ ਨਾਲ ਤੇ ਭਰਾ ਦੇ ਖ਼ੂਨ ਨਾਲ ਗੁੰਨ੍ਹਿਆ।

੮. ਵਜ਼ਾਂ ਖਾਨ੍ਹਾਏ ਖ਼ਾਮ ਕਰਦੀ ਬਿਨਾ।
ਬਰਾਏ ਦਰੇ ਦੌਲਤੇ ਖੇਸ਼ ਰਾ।

੮. ਤੂੰ ਉਸ ਨਾਲ ਕੱਚਾ ਘਰ ਬਣਾਇਆ, ਆਪਣੇ ਰਹਿਣ ਦੇ ਵਾਸਤੇ।

੯. ਮਨ ਅਕਨੂੰ ਬਅਫ਼ਗ਼ਾਲੇ ਪੁਰਸ਼ੇ ਅਕਾਲ।
ਕੁਨਮ ਆਬੇ ਆਹਨ ਚੁਨਾਂ ਬਰਿਕਾਲ।

੯ ਮੈਂ ਹੁਣ ਅਕਾਲ ਪੁਰਖ ਦੇ ਫ਼ਜ਼ਲ ਨਾਲ ਲੋਹੇ ਦੇ ਪਾਣੀ (ਧਾਰ) ਨਾਲ ਬਰਸਾਤ ਵਾਂਗ ਹਮਲਾ ਕਰਾਂਗਾ।

੧੦. ਜ਼ਿਕੋਹੇ ਦਕਨਤਿਸ਼ਨਹ ਕਾਮ ਆਮਦੀ
ਜ਼ਿ ਮੇਵਾੜ ਹਮ ਤਲਖ਼ ਕਾਮ ਆਮਦੀ।

੧੦. ਦੱਖਣ ਦੇ ਪਹਾੜਾਂ ਵਿਚੋਂ ਤੂੰ ਅਸਫਲ ਆਇਆ ਹੈਂ, ਤੇ ਮੇਵਾੜ ਤੋਂ ਵੀ ਤੂੰ ਤਿਹਾਇਆ ਆਇਆ ਹੈਂ।

੧੧. ਬਦੀਂ ਸੂ ਚੁ ਅਜ਼ਨੂੰ ਨਿਗਾਹਤ ਦਵਦ
ਕਿ ਆਂ ਤਲਖ਼ਾਓ ਤਿਸ਼ਨਗੀਯਤ ਰਵਦ।

੧੧. ਇਸ ਪਾਸੇ ਹੁਣ ਜੇ ਤੇਰੀ ਨਜ਼ਰ ਫਿਰੀ ਕਿ ਤੇਰੀ ਉਹ (ਗਲੇ ਦੀ) ਤਲਖ਼ੀ ਤੇ ਤ੍ਰੇਹ ਜਾਂਦੀ ਰਹੇ। ਤਾਂ

---

*ਇਹ ਖ਼ਤ ਪਟਨੇ ਸਾਹਿਬ ਦੇ ਪ੍ਰਸਿੱਧ ਮਹੰਤ ਬਾਬਾ ਸੁਮੇਰ ਸਿੰਘ ਜੀ ਪਾਸ ਸੀ। ਆਪ ਉਚ ਪਾਏ ਦੇ ਵਿਦਵਾਨ, ਹਿੰਦੀ ਦੇ ਸੁਹਣੇ ਕਵੀ ਤੇ ਸਿਖ ਰਹਿਤ ਮਿਯਾਜ਼ਾ ਵਿਚ ਪੱਕੇ ਤੇ ਬਾਣੀ ਨਾਮ ਦੇ ਪ੍ਰੇਮੀ ਸਜਣ ਹੋਏ ਹਨ। ਆਪ ਪਾਸ ਪੁਰਾਤਨ ਲਿਖਤਾਂ ਤੇ ਪੁਸਤਕਾਲਯ ਚੋਖਾ ਵਡਾ ਸੀ। ਇਹ ਖਤ ਆਪ ਜੀ ਨੇ ਬਾਬੂ ਜਗਨ ਨਾਥ ਦਾਸ ਰਤਨਾਕਰ, ਹਿੰਦੀ ਭਾਸ਼ਾ ਦੇ ਪ੍ਰਸਿੱਧ ਲੇਖਕ ਜੀ ਨੂੰ ੧੯੪੯ ਬਿ: ਦੇ ਲਗ ਪਗ ਲਿਖਵਾ ਦਿਤਾ ਸੀ। (ਦੇਖੋ ਨਾਗਰੀ ਪ੍ਰਚਾਰਨੀ ਪਤ੍ਰਿਕਾ ਜਿਲਦ ਸਾਵਨ ੧੯੭੯ ਬਿ:)।ਉਕਤ ਵਿਦਵਾਨ ਰਤਨਾਕਰ ਜੀ ਨੇ ਇਹ ਖਤ ਸ੍ਰੀ ਮਾਨ ਸ. ਉਮਰਾਉ ਸਿੰਘ ਜੀ ਸ਼ੇਰ ਕਿਲ ਮਜੀਠੀਏ ਜੀ ਨੂੰ ਲਿਖਵਾਯਾ ਸੀ। ਸਰਦਾਰ ਜੀ ਬੜੇ ਵਿਦਯਾ ਪ੍ਰੇਮੀ ਤੇ ਖੋਜੀ ਹਨ। ਆਪ ਹੀ ਪੈਰਸ ਤੋਂ ਸੁਖਮਨੀ ਸਾਹਿਬ ਦਾ ਫਾਰਸੀ ਤਰਜਮਾ ਕਿਸੇ ਪੁਰਾਤਨ ਕਵੀ ਦਾ ਕੀਤਾ ਹੋਇਆ ਲਿਆਏ ਸਨ ਤੇ ਉਸ ਪਰ ਆਪ ਨੇ ਉਥਾਨਕਾ ਲਿਖੀ ਸੀ, ਜੋ ਪੁਸਤਕ ਕਿ ਛਪ ਗਈ ਸੀ ਤੇ ਹੁਣ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਮਿਲਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪਹਿਲੇ ਖਤ ਦਾ ਇਕ ਉਤਾਰਾ ਸ: ਉਮਰਾਉ ਸਿੰਘ ਜੀ ਨੇ ਸ: ਬ: ਕਾਹਨ ਸਿੰਘ ਜੀ ਨੂੰ ਦਿੱਤਾ ਸੀ। ਇਕ ਦੋ ਸਾਲ ਹੋਏ ਤਾਂ ਇਸ ਬਾਰੇ ਵਿਚ ਜ਼ਿਕਰ ਆਉਣ ਤੇ ਅਸਾਂ ਆਪ ਜੀ ਤੋਂ ਇਸ ਖਤ ਦਾ ਇਕ ਉਤਾਰਾ ਮੰਗਿਆ। ਆਪ ਨੇ ਬਚਨ ਕੀਤਾ ਕਿ ਜ਼ਿਮਲੇ ਜਾਕੇ ਘੱਲਾਂਗੇ। ਆਪ ਜੀ ਨੇ ਕੁਛ ਸਮੇਂ ਬਾਦ ਇਸਦਾ ਉਤਾਰਾ ਖਾ: ਕਾਲਜ ਦੇ ਪ੍ਰਿੰਸੀਪਲ ਪਾਸ ਸਾਨੂੰ ਪੁਚਾਉਣ ਲਈ ਘੱਲਿਆ; ਗ਼ਾਲਬਨ ਇਸ ਲਈ ਕਿ ਲਗਦੇ ਹਥ ਇਕ ਕਾਪੀ ਇਸ ਅਮੋਲਕ ਸ਼ੈ ਦੀ ਕਾਲਜ ਵਿਚ ਵੀ ਉਪਸਥਿਤ ਹੋ ਜਾਏ। ਹੁਣ ਇਸ ਕਾਪੀ ਖਾ:ਕਾਲਜ ਵਿਚ ਹੈ ਤੇ ਇਕ ਸਾਡੇ ਪਾਸ ਪਹੁੰਚੀ ਹੈ। ਸੋ ਇਹ ਅਮੋਲਕ ਵਸਤੂ ਸਾਨੂੰ ਸ: ਉਮਰਾਉ ਸਿੰਘ ਜੀ ਤੋਂ ਪ੍ਰਾਪਤ ਹੋਈਹੈ,ਜਿਸਲਈ ਆਪਦਾਧਨਵਾਦਹੈ। †ਪੰਛੀਫੜਨ ਲਈ ਜੇਦਾਣਾਯਾ ਦੰਗਾ ਪਾਈਦਾ ਹੈਜਾਲਉਤੇ।

੧੨. ਚੁਨਾਂ ਆਤਿਸ਼ੇ ਜ਼ੇਰਿ ਨਾਅਲਤਨਿਹੰਮ।
ਜ਼ਿ ਪੰਜਾਬ ਆਬਤ ਨਖ਼ੁਰਦਨ ਦਿਹੰਮ।

੧੨. ਤੇਰੇ ਪੈਰਾਂ ਹੇਠ ਇਸ ਤਰ੍ਹਾਂ ਅੱਗ ਰਖਾਂਗਾ, ਕਿ ਪੰਜਾਬ ਵਿਚੋਂ ਤੈਨੂੰ ਪਾਣੀ ਪੀਣ ਨਹੀਂ ਦਿਆਂਗਾ (ਭਾਵ ਐਸਾ ਬੇਕਰਾਰ ਕਰ ਦਿਆਂਗਾ ਕਿ...)।

੧੩. ਦਿਹ ਸ਼ੁਦ ਗਰਸ਼ਿਗਾਲੇ ਬਮਕਰੋਹਿਆ।
ਹਮੀ ਕੁਸ਼ਤ ਦੋ ਬਚ੍ਹਾਏ ਸ਼ੇਰ ਰਾ।

੧੩. ਕੀ ਹੋਇਆ ਜੇ ਗਿਦੜ ਨੇ ਮਕਰ ਤੇ ਫਰੇਬ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿੱਤੇ।

੧੪. ਚੁ ਸ਼ੇਰੇ ਜ਼ਿਆਂ ਜ਼ਿੰਦਾ ਮਾਨਦ ਹਮੀਂ।
ਜ਼ਿ ਤੋ ਇੰਤਕਾਮੇ ਸਤਾਨਦ ਹਮੀਂ।

੧੪. ਜਦ ਕਿ ਸ਼ੇਰ ਬਬਰ (ਤੁੰਦਖ਼ੋ) ਅਜੇ ਜੀਉਂਦਾ ਹੈ ਤੇਰੇ ਕੋਲੋਂ ਉਹ ਬਦਲਾ ਲਏਗਾ।

੧੫. ਨ ਦੀਗਰ ਗਰਾਇਮ ਬਨਾਮੇ ਖ਼ੁਦਾਤ।
ਕਿ ਦੀਦਮ ਖ਼ੁਦਾਓ ਕਲਾਮੇ ਖ਼ੁਦਾਤ।

੧੫. ਤੇਰੇ ਕੋਲੋਂ ਤੇਰੇ ਖ਼ੁਦਾ ਦੇ ਨਾਮ ਤੇ ਮੈਂ ਹੁਣ ਕੁਛ ਨਹੀਂ ਮੰਗਦਾ, ਕਿਉਂਕਿ ਮੈਂ ਤੇਰੇ ਖ਼ੁਦਾ ਨੂੰ ਤੇ ਤੇਰੇ ਖ਼ੁਦਾ ਦੀ ਕਲਾਮ ਨੂੰ ਦੇਖ ਲਿਆ ਹੈ।

੧੬ ਏ-ਸੋਗੰਦੇ ਤੋ ਇਅਤਬਾਰੇ ਨਮਾਂਦ।
ਮਰਾ ਜੁਜ਼ ਬ-ਸ਼ਮਸ਼ੀਰ ਕਾਰੇ ਨ ਮਾਂਦ।

੧੬ ਤੇਰੀ ਸੌਂਹ ਤੇ ਮੈਨੂੰ ਇਤਬਾਰ ਨਹੀਂ ਰਿਹਾ, ਮੈਨੂੰ (ਹੁਣ) ਸਿਵਾ ਤਲਵਾਰ ਦੇ ਹੋਰ ਕੰਮ ਨਹੀਂ ਰਿਹਾ।

੧੭. ਤੂਈ ਗੁਰਗਿ ਬਾਰਾਂ ਕਸ਼ੀਦਹ ਅਗਰ।
ਨਿਹੰਮ ਨੀਜ਼ ਮੇਰੇ ਜ਼ਿ-ਦਾਮੇ ਬਦਰ।

੧੭. ਜੇ ਤੂੰ ਬੜਾ ਚਾਲਾਕ (ਜ਼ਮਾਨਾ ਦੀਦਹ) ਬਘਿਆੜ ਹੈਂ, ਸ਼ੇਰ ਨੂੰ ਫਿਰ ਵੀ ਤੇਰੇ ਜਾਲ ਤੋਂ ਬਾਹਰ ਰਖਾਂਗਾ।

੧੮. ਅਗਰ ਬਾਜ਼ਗੁਫ਼ਤੋ ਸ਼ੁਨੀਦਤ ਬਮਾਸਤ।
ਨੁਮਾਇਮ ਤੁਰਾ ਜਾਦਹ ਏ ਪਾਕੋ ਰਾਸਤ।

੧੮. ਜੇ ਦੇਰੀ ਫਿਰ ਮੇਰੇ ਨਾਲ ਗੱਲ ਬਾਤ ਹੋਈ, ਤਾਂ ਤੈਨੂੰ ਸਿੱਧਾ ਤੇ ਪਵਿੱਤ੍ਰ ਰਾਹ ਦਿਖਲਾਵਾਂਗਾ।

੧੯. ਬਮੈਦਾਂ ਦੋ ਲਸ਼ਕਰ ਸਫ਼ ਆਰਾਸ਼ਵੰਦ।
ਜ਼ੁਦੀ ਬਹਮ ਆਸ਼ਕਾਰਾ ਸ਼ਵੰਦ।

੧੯. ਮੈਦਾਨ ਵਿਚ ਦੋ ਲਸ਼ਕਰ ਸਫ਼ਾਂ ਬੰਨ੍ਹ ਲੈਣ ਤੇ ਛੇਤੀ ਨਾਲ ਆਪੋ ਵਿਚ ਪ੍ਰਗਟ ਹੋ ਜਾਣ।

੨੦. ਮਿਆਨੇ ਦੋ ਮਾਨਦ ਵ ਫਰਸੰਗ ਰਾ।

੨੦. ਦੋਹਾਂ ਦੇ ਵਿਚਕਾਰ ਹੋਵੇ ਫਾਸਲਾ ਤ੍ਰੈ ਮੀਲ ਦਾ।

੨੧. ਅਜ਼ਾਂ ਪਸ ਦਰਾਂ ਅਰਸਾਏ ਕਾਰਜ਼ਾਰ।
ਮਨ ਆਇਮ ਫ਼ੁਰੀਦਹ ਤੂ ਬਾ ਦੋ ਸਵਾਰ।

੨੧. ਉਸ ਤੋਂ ਪਿਛੋਂ ਉਸ ਲੜਾਈ ਦੇ ਸਮੇਂ ਮੈਂ ਇਕੱਲਾ ਆਵਾਂਗਾ ਤੂੰ ਦੋ ਸਵਾਰਾਂ ਸਮੇਤ ਆਵੀਂ।

੨੨. ਤੂ ਅਜ਼ਨਾਜ਼ੇ ਨਿਅਮਤਾਂ ਸਮਰ ਖ਼ੁਰਦਹਈ।
ਜ਼ਿ ਜੰਗੀ ਜੁਵਾਨਾ ਨ ਬਰ ਖ਼ੁਰਦਹਈ।

੨੨. ਤੂੰ ਲਾਡਾਂ ਨਿਆਮਤਾਂ ਦੇ ਫਲ ਖਾਧੇ ਹੋਏ ਹਨ,(ਪਰ) ਜੰਗ ਦੇ ਬਹਾਦਰਾਂ ਦੇ ਸਾਹਮਣੇ ਤੂੰ ਕਦੇ ਆਪ ਨਹੀਂ ਹੋਯਾ।

੨੩. ਬਮੈਦਾਂ ਬਿਆ ਖ਼ੁਦ ਬਤੇਗੋ ਤਬਰ।
ਮਜ਼ੁਨ ਖ਼ਲਕ ਖ਼ੱਲਾਕ ਜ਼ੇਰੋ ਜ਼ਬਰ।

੨੩. ਤਲਵਾਰ ਤੇ ਤਬਰ ਨਾਲ ਆਪ ਮੈਦਾਨ ਵਿਚ ਆ, ਖਾਲਕ ਦੀ ਖਲਕਤ ਨੂੰ ਹੇਠਾਂ ਉਤੇ (ਤਬਾਹ) ਨਾ ਕਰ।

ਆਪਣਾ ਇਹ ਕਾਰਜ ਕਰਕੇ ਸਤਿਗੁਰ ਜੀ ਮਾਛੀਵਾੜੇ ਤੋਂ ਟੁਰ ਗਏ ਤੇ ਕਿਸੇ ਨੂੰ ਥਹੁ ਨਾ ਪਿਆ। ਮਾਛੀਵਾੜੇ ਤੋਂ ਟੁਰਕੇ ਸ੍ਰੀ ਗੁਰੂ ਜੀ ਘੁਲਾਲ, ਲਲਾਂ, ਕੁਬੇ, ਕਟਾਣੀ ਰਾਮ ਪੁਰ ਹੁੰਦੇ ਹੋਏ ਕਨੇਚ ਅੱਪੜੇ। ਇਥੇ ਆਪ ਬੈਠੇ ਸਨ ਕਿ ਫੱਤਾ ਨਾਮੇ ਇਕ ਜੱਟ ਜੋ ਆਪ ਦਾ ਸਿਖ ਸੀ ਆ ਮਿਲਿਆ ਤੇ ਸੇਵਾ ਪਛਣ ਲੱਗਾ। ਗੁਰੂ ਜੀ ਨੇ ਕਿਹਾ ਆਪਣੀ ਘੋੜੀ ਲਿਆ ਦੇ। ਇਸ ਨੇ ਘਰ ਜਾਕੇ ਘੋੜੀ ਤਾਂ ਨਾ ਆਂਦੀ, ਪਰ ਇਕ ਛੋਟੀ ਟੈਰ ਕਾਠੀ ਪਾਕੇ ਲੈ ਆਯਾ, ਜੋ ਬਹੁਤ ਨੀਵੀਂ ਸੀ। ਗੁਰੂ ਜੀ ਦੇਖਕੇ ਹੱਸੇ ਤੇ ਕਹਿਣ ਲਗੇ, ਫੱਤਿਆ ! ਵਡੀ ਘੋੜੀ ਲਿਆ, ਇਹ ਟੈਰ ਤਾਂ ਸਾਡੇ ਸਵਾਰੀ ਲਾਇਕ ਨਹੀਂ। ਫੱਤੇ ਨੇ ਵਲਾ ਕਰਕੇ ਕਿਹਾ, ਪਾਤਸ਼ਾਹ ਉਹ ਤਾਂ ਮੇਰਾ ਜੁਵਾਈ ਲੈ ਗਿਆ ਹੈ। ਗੁਰੂ ਜੀ ਨੇ ਕਿਹਾ ਵਲਾ ਨਾ ਕਰ, ਘੋੜੀ ਲਿਆ ਦੇ, ਅਗਲੇ ਪਿੰਡੋਂ ਮੇਰ ਘੱਲਾਂਗੇ ਤੇ ਓਥੋਂ ਹੋਰ ਲੈ ਲਵਾਂਗੇ। ਪਰ ਫੱਤੇ ਨੇ ਝੂਠ ਨੂੰ ਹੀ ਪਿਆਰਾ ਕੀਤਾ ਤੇ ਘੋੜੀ ਨਾ ਦਿਤੀ। ਘਰ ਗਿਆ ਤਾਂ ਵਡੀ ਘੋੜੀ ਨੂੰ ਸੱਪ ਲੜ ਚੁਕਾ ਸੀ ਤੇ ਉਸੇ ਸੱਪ ਦੇ ਡੰਗ ਨਾਲ ਆਪ ਵੀ ਚਲ ਬਸਿਆ। ਇਥੋਂ ਰਵਾਨਾ ਹੋ ਕੇ ਗੁਰੂ ਜੀ

ਆਲਮਗੀਰ ਜੋਧ ਮੋਹੀ ਹੁੰਦੇ ਹੋਏ ਹੋਰ ਆ ਆਪਣੇ ਸਿਖ ਕ੍ਰਿਪਾਲ ਉਦਾਸੀ ਦੇ ਡੇਰੇ ਉਤਰੇ।

—o—

੭੩. ਸਰਹਿੰਦ ਦਾ ਸ਼ਾਕਾ*।

ਇਧਰ ਸਤਿਗੁਰੂ ਜੀ ਮਾਲਵੇ ਨੂੰ ਚਲੇ ਜਾ ਰਹੇ ਹੋਹਰ ਪਹੁੰਚੇ ਹਨ। ਕਿਤੇ ਦਮ ਲੈਣ ਲਈ ਠਹਿਰਦੇ ਹਨ, ਕਿਤੇ ਦਿਨ ਗੁਜ਼ਾਰਦੇ ਹਨ ਤੇ ਕਿਤੇ ਰਾਤ। ਉਧਰ ਛੋਟੇ ਸਾਹਿਬ ਜ਼ਾਦਿਆਂ ਨਾਲ ਸਰਹਿੰਦ ਵਿਚ ਜੋ ਬਣੀ ਸੋ ਇਸ ਪ੍ਰਕਾਰ ਹੈ।

ਰੋਪੜ ਲਾਗੇ ਘਮਸਾਨ ਮਚਿਆ ਸੀ ਉਸ ਵਿਚ ਸ੍ਰੀ ਗੁਰੂ ਜੀ ਦੇ ਮਾਤਾ ਜੀ—ਸ੍ਰੀ ਮਾਤਾ ਗੁਜਰੀ ਜੀ—ਤੇ ਛੋਟੇ ਦੋਇ ਸਾਹਿਬਜ਼ਾਦੇ ਵਹੀਰ ਤੋਂ ਵਿਛੁੜੇ ਸਨ। ਉਸ ਸਮੇਂ ਗੰਗੂ ਮਿਲ ਪਿਆ ਜਿਸ ਦਾ ਹਾਲ ਗੁਰ ਬਿਲਾਸ ਵਿਚ ਐਉਂ ਲਿਖਿਆ ਹੈ:—

ਹੁਤੋ ਮਸੰਦ ਨੀਚ ਇਕ ਪਾਪੀ ॥ ਬਿੱਪ ਬੰਸ ਚੰਡਾਰ ਸੁ ਖਾਪੀ ॥ ੨੪੦ ॥ ਰੋਪਰ ਤੇ ਵਹੁ ਰਾਹੁ ਭੁਲਾਈ ॥ ਨਿਜ ਪੁਰ ਕੋ ਲੈ ਗਯੋ ਕਸਾਈ ॥ ਸਾਹਿਬਜ਼ਾਦੇ ਦੋਊ ਕੁਮਾਰ ॥ ਤੀਜੇ ਦਾਦੀ ਸਾਥ ਨਿਹਾਰ ॥ ੨੪੧ ॥ ਏਕ ਆਧ ਅਨ ਖਿਜਮਤ ਦਾਰ ॥ ਖੱਚਰ ਧਨ ਘੋਰੇ ਜੁਗ ਚਾਰ ॥ ਪਲਕ ਹਜੂਰ ਸੁ ਰਹੇ ਪਿਛਾਰੀ ॥ ਫਰਕ ਪਯੋ ਰਜਨੀ ਮਧ ਕਾਰੀ ॥ ੨੪੨ ॥ ਬਿੱਪ ਕਹੀ ਮਿਲਤੇ ਹੈਂ ਅਬੀ ॥ ਏ ਆਗੇ ਜਾਵਤ ਹੈਂ ਸਬੀ ॥ ਯੌ ਕਹ ਕਰ ਦੇਖੀ ਲੈ ਧਾਯੋ ॥ ਆਪਨ ਗ੍ਰਾਮ ਨੀਚ ਲੈ ਆਯੋ ॥ ੨੪੩ ॥ ਖੱਚਰ ਮਾਯਾ ਨਿਰਖ ਗਵਾਰ ॥ ਬੂਡੋ ਪਾਪੀ ਲੋਭ ਮਝਾਰ ॥ ਐਸ ਬਿਚਾਰ ਗਾਂਵ ਲੈ ਆਯੋ ॥ ਮਾਤਾ ਜੀ ਯਹ ਭੇਦ ਨ ਪਾਯੋ ॥ ੨੪੪ ॥

[ਗੁਃ ਬਿਃ ਸੁਃ ਸਿੰਃ ਧਿਃ ੨੧

ਇਸ ਅਪਦਾ ਵਿਚ ਮਾਤਾ ਜੀ ਨੇ ਗੰਗੂ ਦੇ ਇਸ ਸਹਾਰੇ ਨੂੰ ਹੀ ਉੱਤਮ ਜਾਣਿਆਂ, ਅਰ ਖੇੜੀ ਕਰਮਾਂ ਦੀ ਫੇੜੀ ਵਲ ਮੂੰਹ ਧਰ ਦਿੱਤਾ ਤੇ ਬ੍ਰਹਮਣ ਦੇ ਘਰ ਪੱਯੜ ਪਏ। ਉਸ ਨੇ ਘਰ ਦੀ ਅੰਦਰ ਵਾਲੀ ਕੋਠੜੀ ਵਿਚ ਉਤਾਰਾ ਦਿੱਤਾ, ਜਿੱਥੇ ਇਕ ਸਫ ਪਰ ਮਾਤਾ ਜੀ ਨੇ ਆਪਣੇ ਲਾਡਾਂ ਨਾਲ ਪਾਲੇ ਪੋਤ੍ਰਿਆਂ ਨੂੰ ਸੁਆ ਦਿੱਤਾ।

ਮਾਤਾ ਅੱਜ ਅੱਖਾਂ ਦੇ ਤਾਰਿਆਂ ਨੂੰ ਸਫ ਪੁਰ ਸੁਆਕੇ ਰਜ਼ਾ ਵਲ ਤੱਕ ਰਹੀ ਹੈ। ਪਲ ਮਗਰੋਂ ਸੱਜੇ ਪੱਟ ਪਰ ਜ਼ੋਰਾਵਰ ਸਿੰਘ ਤੇ ਖੱਬੇ ਪੁਰ ਫਤੇ ਸਿੰਘ ਦਾ ਸਿਰ ਰੱਖ ਲੀਤਾ। ਅੱਧੀ ਕੁ ਰਾਤ ਤੀਕ ਸਾਹਿਬਜ਼ਾਦੇ ਆਰਾਮ ਦੀ ਨੀਂਦਰ ਸੁਤੇ ਰਹੇ, ਪਰ ਹੁਣ ਪਿਆਰੀਆਂ ਪਿਆਰੀਆਂ ਰਸੀਲੀਆਂ ਅੱਖਾਂ ਜਿਨ੍ਹਾਂ ਵਲ ਮਾਤਾ ਜੀ, ਈਸ਼ੁਰ ਜਾਣੇ ਕਿਸ ਰੂੜ੍ਹੇ ਪ੍ਰੇਮ ਨਾਲ ਤੱਕ ਰਹੇ ਸਨ, ਕਵਲ ਵਾਂਙ ਖੋਲ੍ਹ ਦਿੱਤੀਆਂ। ਪਿਆਰੀ ਮਾਤਾ ਨੇ ਦੁਹਾਂ ਨੂੰ ਗਲ ਨਾਲ ਲਾਇਆ, ਪਿਆਰ ਦਿੱਤਾ। ਇਸ ਪ੍ਰੇਮ ਵਿਚ ਮਾਤਾ ਦੀਆਂ ਅੱਖਾਂ ਤੋਂ ਚਾਰ ਹੰਝੂ ਡਿੱਗੇ, ਜੋ ਤੁੱਪ ਤੁੱਪ ਕਰਦੇ ਫਤੇ ਸਿੰਘ ਜੀ ਦੀਆਂ ਗੁਲਾਬ ਵਰਗੀਆਂ ਗੱਲ੍ਹਾਂ ਪੁਰ ਪਏ। ਜ਼ੋਰਾਵਰ ਸਿੰਘ ਜੀ ਮਾਤਾ ਵੱਲ ਵੇਖਕੇ ਤੇ ਗਲ ਨਾਲ ਚੰਬੜਕੇ ਕਹਿਣ ਲਗੇ: "ਮਾਤਾ ਜੀ! ਤੁਸੀਂ ਕਿਉਂ ਉਦਾਸ ਹੁੰਦੇ ਹੋ ਅਕਾਲ ਪੁਰਖ ਸਾਡੇ ਅੰਗ ਸੰਗ ਹੈ"। ਇਸ ਉੱਤਰ ਨੂੰ ਸੁਣ ਅਰ ਆਪਣੇ ਲਾਡਲੇ ਪੋਤਰਿਆਂ ਵਿਚ ਪਿਤਾ ਪਿਤਾਮਾਂ ਦੇ ਪੂਰੇ ਪ੍ਰਤਿਬਿੰਬ ਦੇਖ ਮਾਤਾ ਦੇ ਹਿਰਦੇ ਵਿਚ ਪ੍ਰੇਮ ਦੀ ਖਿੱਚ ਦਾ ਅਜਿਹਾ ਜ਼ੋਰ ਪਿਆ ਕਿ ਸਨੇਹ ਦੇ ਪੁਤਲਿਆਂ ਨੂੰ ਹੋਰ ਬੀ ਛਾਤੀ ਨਾਲ ਘੁੱਟਿਆ, ਅਰ ਅੱਖਾਂ ਬੰਦ ਹੋ ਗਈਆਂ, ਫੇਰ ਝੱਟ ਹੀ ਮਾਤਾ ਜੀ ਨੇ ਅੱਖਾਂ ਖੋਲ੍ਹੀਆਂ। ਤ੍ਰਿਪਹਿਰੇ ਮਗਰੋਂ ਅਕਾਲ ਪੁਰਖ ਦਾ ਆਸਰਾ ਠਾਣਕੇ ਉੱਠੇ, ਜਲ ਮੰਗਵਾਇਆ, ਇਸ਼ਨਾਨ ਕੀਤਾ ਕਰਵਾਇਆ, ਅਰ ਜਪੁਜੀ ਸਾਹਿਬ ਦਾ ਪਾਠ ਸੁਣਿਆਂ।

ਪੰਜ ਯਾ ਛੇ ਪੋਹ ੧੭੬੭ਦੀ ਰਾਤਨੂੰ ਗੁਰੂਸਾਹਿਬ ਅਨੰਦਪੁਰੋਂ ਨਿਕਲੇ ਸਨ ਤੇ ਮਾਤਾ ਜੀ ੭ ਪੋਹ ਦੇ ਸਵੇਰ ਲਾਗ ਖੇੜੀ ਪਹੁੰਚੇ ਸਨ। ਅੱਜ ੭ ਪੋਹ ਦਾ ਦਿਨ ਇਸ ਘਰ ਬੀਤਿਆ। ਸੇਵਕ ਜੋ ਨਾਲ ਸੀ ਉਹ ਦੁਪਹਿਰ ਦਾ ਹੀ ਸੁੰਧਕਾਂ ਕੱਢਣ ਲਈ ਭੇਜਿਆ

*ਇਹ ਪ੍ਰਸੰਗ ਸੰਃ ਗੁਃ ਨਾਃ ਸਾਃ ੪੨੭ (ਸੰਨ ੧੯੬੫) ਵਿਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫਤਹ ਸਿੰਘ ਜੀ ਦੇ ਸ਼ਹੀਦੀ ਪੁਰਬ ਪੁਰ 'ਬਲੀਦਾਨ' ਨਾਮ ਹੇਠ ਪ੍ਰਕਾਸ਼ਤ ਹੋਇਆ ਸੀ।

ਹੋਇਆ ਸੀ, ਆ ਗਿਆ, ਪਰ ਉਸ ਨੂੰ ਪੱਕਾ ਪਤਾ ਕੁਝ ਨਾ ਲੱਗਾ। ਉਸ ਨੂੰ ਮਾਤਾ ਜੀ ਨੇ ਸਾਮਾਨ ਠੀਕ ਕਰਨ ਤੇ ਲਾਇਆ:–ਦਾਸ ਗਯੋ ਥੋ ਵਹਿਰ ਕੋ ਸੋ ਤਿਸ ਛਿਨ ਆਯੋ ॥ ਤਿਮਰ ਭਏ ਤੇ ਵਸਤ ਸਭਿ ਸੰਭਾਰਨਿ ਲਾਇਓ ॥ [ਸ੍ਰ: ਪ੍:]। ਸਾਮਾਨ ਸੰਭਾਲ ਕੇ ਦਾਸ ਨੇ ਦੱਸਿਆ ਕਿ ਮੁਹਰਾਂ ਵਾਲੀ ਖੁਰਜੀ ਹੈ ਨਹੀਂ, ਹੋਰ ਸਾਮਾਨ ਸਾਰਾ ਪਿਆ ਹੈ, ਤਦ ਮਾਤਾ ਜੀ ਨੇ ਗੰਗੂ ਨੂੰ ਸੱਦ ਕੇ ਪੁੱਛਿਆ ਕਿ "ਕਾਕਾ ਜੇ ਤੁਸਾਂ ਇੱਥੋਂ ਖੁਰਜੀ ਸਾਂਭੀ ਹੈ ਤਾਂ ਦੇਗਾ"। ਉਸ ਕਿਹਾ ਕਿ "ਮੈਂ ਤੁਹਾਨੂੰ ਅੱਗੇ ਹੀ ਕਹਿ ਦਿਤਾ ਸੀ ਕਿ ਆਪਣਾ ਆਪ ਸੰਭਾਲ ਕੇ ਰੱਖਣਾ, ਇਸ ਪਿੰਡ ਚੋਰ ਵੱਡੇ ਹਨ।" ਮਾਤਾ ਜੀ ਨੇ ਕਿਹਾ, "ਮਿਸਰ ਜੀ ! ਤੁਹਾਡੇ ਬਿਨਾਂ ਤਾਂ ਹੋਰ ਕੋਈ ਤੁਹਾਡੇ ਘਰ ਵਿਚ ਨਹੀਂ ਆ ਸਕਦਾ, ਪਰ ਜੇ ਕੋਈ ਚੋਰੀ ਆ ਕੇ ਲੈ ਹੀ ਗਿਆ ਹੈ ਤਾਂ ਵਾਹ ਵਾਹ"। ਤਾਂ ਰਸੋਈਏ ਨੇ ਲਾਲੋ ਲਾਲ ਹੋਕੇ ਉੱਤਰ ਦਿਤਾ, "ਵਾਹ ਵਾਹ ! ਇਹ ਨੇਕੀ ਦਾ ਫਲ ਮੈਨੂੰ ਦੇਣ ਲਗੇ ਹੋ, ਆਪਣੀ ਜਾਨ ਤਲੀ ਉੱਤੇ ਧਰ ਕੇ ਤਹਾਨੂੰ ਬਚਾਇਆ, ਆਪਣੇ ਘਰ ਆਸਰਾ ਦਿਤਾ, ਜੇ ਕਰ ਕੋਈ ਕਾਜ਼ੀ ਯਾ ਨਵਾਬ ਸੁਣ ਪਾਵੇ ਤਾਂ ਮੇਰਾ ਘਾਣ ਬਚਾ ਪੀੜਿਆ ਜਾਵੇ। ਹਾਇ ਹਾਇ ! ਜੇ ਮੈਨੂੰ ਇਹ ਫਲ ਮਿਲਣਾ ਸੀ ਤਾਂ ਮੈਂ ਕਿਉਂ ਇਕ ਬਾਗੀ ਦੀ ਮਾਂ ਤੇ ਪੁਤਰਾਂ ਨੂੰ ਮੌਤ ਤੇ ਬਿਪਤਾ ਦੇ ਮੂੰਹੋਂ ਛੁਡਾਇਆ? ਹਾਇ ਭਗਵਾਨ, ਇਹ ਕਲਜੁਗ ਹੈ ਕਲਜੁਗ ! ਹੁਰੇ ਹਰੇ ! ਨੇਕੀ ਬਰਬਾਦ ਇੰਜ ਹੀ ਹੁੰਦੀ ਹੈ !" ਮਾਤਾ ਜੀ ਨੇ ਵਡੇ ਧੀਰਜ ਨਾਲ ਉੱਤਰ ਦਿੱਤਾ: "ਮਿਸਰ ਜੀ ! ਮੈਂ ਤਾਂ ਤੁਹਾਨੂੰ ਊਜ ਨਹੀਂ ਲਾਈ, ਇਕ ਰਾਹ ਦੀ ਗਲ ਕੀਤੀ ਹੈ, ਸੋ ਹਛਾ ਵਾਹ ਵਾਹ ਜਿਸ ਦੇ ਭਾਗਾਂ ਦਾ ਸੀ ਸੋ ਲੈ ਗਿਆ। ਵਾਹਿਗੁਰੂ ਦੀ ਜੇ ਇੱਛਾ ਹੋਵੇ, ਪਰਵਾਨ ਹੈ, ਤੁਸੀਂ ਕ੍ਰੋਧ ਨੂੰ ਦੂਰ ਕਰੋ"।

ਇਹ ਕੋਮਲ ਬਚਨ ਗੰਗੂ ਦੇ ਬੇਈਮਾਨ ਮਨ ਪੁਰ ਨਿਰਾ ਇੰਨਾਂ ਅਸਰ ਰਖਦੇ ਸਨ, ਜਿੰਨਾਂਕੁ ਇਕ ਫੂਆਲਾਮੁਖੀ ਪੁਰ ਪਾਣੀ ਦਾ ਛੱਟਾ। ਉਸੇ ਬਨਾਉਟੀ ਰੋਹ ਵਿਚ ਉੱਤਰ ਦਿੱਤਾ ਸੁ: "ਨਹੀਂ ਨਹੀਂ, ਤੁਸੀਂ ਬੜੀ ਵਡੇ ਕ੍ਰਿਤਘਣ ਹੋ, ਇਸੇ ਕਰਕੇ ਪਰਸਰਾਮ ਨੇ ਤੁਹਾਡਾ ਨਾਸ਼ ਕੀਤਾ ਸੀ, ਹੁਣ ਮੈਂ ਬੀ ਤੁਹਾਨੂੰ ਨਾਸ਼ੁਕਰੀ ਦਾ ਸੁਆਦ ਚਖਾਉਂਦਾ ਹਾਂ। ਹੁਣੇ ਮੁਗਲ ਹਾਕਮ ਦੇ ਹਵਾਲੇ ਕਰਦਾ ਹਾਂ, ਤਦ ਇਸ ਅਰਾਮ ਤੇ ਮੇਰੀ ਦਯਾ ਦੀ ਕਦਰ ਪਵੇਗੀ"।

ਮਾਤਾ ਬੋਲੀ, "ਮਿਸਰ ਜੀ! ਕਿਉਂ ਕੋਪਵਾਨ ਹੁੰਦੇ ਹੋ ? ਅਸੀਂ ਤੈਨੂੰ ਚੋਰ ਨਹੀਂ ਬਣਾਉਂਦੇ, ਕਿਉਂਕਿ ਅਸਾਂ ਕਿਸੇ ਨੂੰ ਡਿੱਠਾ ਨਹੀਂ, ਇਕ ਸਹਿਜ ਸੁਭਾ ਦੀ ਗਲ ਪੁਛੀ ਹੈ, ਸੋ ਸ਼ਾਂਤ ਕਰੋ। ਜਦੋਂ ਅਸੀਂ ਟਿਕਾਣੇ ਅੱਪੜਾਂਗੇ ਤੁਹਾਡੇ ਅੰਦਰ ਬਾਹਰ ਭਰ ਦਿਆਂਗੇ"।

ਇਸ ਧਨ ਨੇ ਪ੍ਰਿਥਵੀ ਪਰ ਉਹਉਹਉਪੱਦ੍ਰਵ ਕਰਾਏ ਹਨ ਕਿ ਜਿਨ੍ਹਾਂ ਦੇ ਸੁਣਿਆਂ ਪ੍ਰਾਣ ਕੰਬ ਉਠਦੇ ਹਨ। ਇਹ ਬੇਈਮਾਨ ਧਨ ਦੀ ਖ਼ਾਤਰ ਹੀ ਮਾਤਾ ਜੀ ਨੂੰ ਆਪਣੇ ਘਰ ਲਿਆਇਆ ਸੀ, ਸੋ ਧਨ ਤਾਂ ਉਸ ਨੇ ਕਾਬੂ ਕਰ ਲੀਤਾ ਸੀ, ਹੁਣ ਇਹ ਉਪਾਉ ਕਰਨ ਲਗਾ ਕਿ ਕਿਵੇਂ ਇਹ ਇਥੋਂ ਨਿਕਲਣ, ਕਿਉਂਕਿ ਜੇ ਤੁਰਕਾਂ ਨੂੰ ਪਤਾ ਲਗ ਗਿਆ ਕਿ ਮੈਂ ਪਨਾਹ ਦਿੱਤੀ ਹੈ ਤਾਂ ਮੈਂ ਭੀ ਫਸ ਜਾਊਂ, ਫੇਰ ਧਨ ਦੀ ਮੌਜ ਕੌਣ ਲਊ ? ਇਹ ਵਿਚਾਰ ਕੇ ਹੁਣ ਓਹ ਦਾਦੀ ਪੋਤਰਿਆਂ ਨੂੰ ਫੜਾਉਣਾ ਚਾਹੁੰਦਾ ਸੀ, ਸੋ ਉਹ ਇਹੋ ਜਿਹੇ ਕੁਟਿਲ ਮਨੋਰਥ ਕਰਕੇ ਪਿੰਡ ਦੇ ਚੌਧਰੀ ਨੂੰ ਨਾਲ ਲੈਕੇ ਮੋਰੰਡੇ ਚਲਾ ਗਿਆ। ਜਾਨੀ ਖਾਂ ਮਾਨੀ ਖਾਂ* ਦੇ ਵਡਕਿਆਂ ਨੂੰ ਪਤਾ ਦਿੱਤਾ, ਤੜਕੇ ਹੀ ਏਹ ਖੜੀ ਆ ਪਹੁੰਚੇ।

ਜਾਨੀ ਖਾਂ ਮਾਤਾ ਜੀ ਨੂੰ ਆਖਣ ਲੱਗਾ "ਮਾਈ ਜੀ ! ਆਪ ਪੋਤਰਿਆਂ ਸਣੇ ਬਾਹਰ ਆ ਜਾਓ, ਆਪ ਨੂੰ ਨਵਾਬ ਸਾਹਿਬ ਦੇ ਲਿਜਾਣਾ ਹੈ"। ਦੁਖੀਆ ਮਾਤਾ ਨੇ ਉੱਤਰ ਦਿਤਾ: "ਭਾਈ ! ਇਨ੍ਹਾਂ ਬਾਲਾਂ ਨੇ ਕਿਸੇ ਦਾ ਕੁਝ ਨਹੀਂ ਵਿਗਾੜਿਆ, ਇਨ੍ਹਾਂ ਨੂੰ ਕਿਉਂ ਤਸੀਹਾ ਦਿੰਦੇ ਹੋ"।ਸਰਦਾਰ ਨੇ ਉੱਤਰਦਿੱਤਾ ਕਿ "ਤਸੀਹਾ ਇਨ੍ਹਾਂ ਨੂੰ ਕੋਈ ਨਹੀਂ ਮਿਲਦਾ, ਆਪ ਘਾਬਰੋ ਨਹੀਂ, ਨਿਰਾ ਨਵਾਬ ਦੇ ਰੋਬਰੂ ਕਰਨਾ ਹੈ, ਹੋਰ ਕੁਝ ਨਹੀਂ।" ਲਾਚਾਰ ਬ੍ਰਿਧ ਮਾਤਾ ਤੁਰੀ। ਆਹ ! ਪਿਆਰੇ ਪਾਠਕ ! ਤੁਰੀ ਨਹੀਂ, ਸਿੱਕਾਂ ਨਾਲ ਲੀਤੇ, ਲਾਡਾਂ ਨਾਲ ਪਾਲੇ, ਰੱਬੀ ਰੰਗ ਵਾਲੇ ਬੱਚੇ, ਖਾਲਸਾ ਧਰਮ ਦੀਆਂ ਉਮੈਦਾਂ

*ਮੋਰੰਡੇ ਦਾ ਗ੍ਰਿਫ਼ਤਾਰ ਕਰਨ ਵਾਲਾ ਹੰਘੜ ਸੀ, ਇਹ ਗੱਲ ਸ੍ਰ: ਪ੍: ਦੀ ਰੁਤ ੬ ਧਿਆ ੧, ਅੰਕ ੭, ੮, ੯, ੧੦ ਤੋਂ ਬੀ ਵਿਦਤ ਹੋ ਜਾਂਦੀ ।

ਦੇ ਨੌ ਨਿਹਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਅੱਖਾਂ ਦੇ ਤਾਰੇ, ਮਾਤਾ ਦੇ ਪਿਆਰੇ ਲਾਲ, ਸੱਤ ਧਰਮ ਲਈ ਬਲੀਦਾਨ ਕਰਨ ਲਈ, ਇੱਧ ਮਾਤਾ ਨਾਲ ਲੈ, ਨਿੱਜ ਨਾ ਰਹੇ ਬ੍ਰਹਮਣ ਦੇ ਘਰੋਂ ਟੁਰੀ। ਰਥ ਵਿਚ ਬਿਠਾਈ ਗਈ, ਪਲੋਪਲੀ ਵਿਚ ਧਰਮ ਰਾਜ ਦੇ ਬਿਬਾਣਾਂ ਵਰਗਾ ਰਥ ਰਿੜ੍ਹਿਆ। ਠੰਢੀ ਹਵਾ ਚਲ ਰਹੀ ਹੈ, ਚਾਦਰਾਂ ਪਾ ਪਾ ਕੇ ਛਾਤੀ ਨਾਲ ਲਾ ਲਾ ਮਾਤਾ ਰਾਖੀ ਕਰਦੀ ਹੈ ਪਰ ਪੋਹ ਦੀ ਪੌਣ ਕੱਪੜੇ ਵਿੰਨ੍ਹ ਵਿੰਨ੍ਹ ਕੇ ਜਾ ਦੁਭਦੀ ਹੈ। ਸੂਰਜ ਚੜ੍ਹੇ ਇਸ ਤਰ੍ਹਾਂ ਮੋਰੰਡੇ ਪਹੁੰਚੇ। ਇਥੇ* ਕੁਝ ਚਿਰ ਠਹਿਰਕੇ ਸਰਹਿੰਦ ਵਲ ਕੂਚ ਹੋਈ। ਜਾਂ ਲੌਢੇ ਪਹਿਰ ਮਗਰੋਂ ਸ਼ਾਮਾਂ ਕੁ ਵੇਲੇ ਸਰਹਿੰਦ ਪਹੁੰਚੇ ਤਾਂ ਬੁਰਜਾਂ ਵਿਚ ਕੈਦ ਕੀਤੇ ਗਏ।

ਸ਼ਹਿਰ ਵਿਚ ਤੇ ਬਜ਼ਾਰ ਵਿਚ ਗਲੀ ਕੂਚੇ ਧੁੰਮ ਗਿਆ ਕਿ ਗੁਰੂ ਜੀ ਦੇ ਬੇਟੇ ਫੜੇ ਗਏ ਹਨ। ਇਹ ਖ਼ਬਰ ਸਾਰੇ ਨਗਰ ਵਿਚ ਤੇ ਨਵਾਬ ਦੇ ਆਪਣੇ ਮਹਿਲੀਂ ਬੀ ਧੁੰਮ ਗਈ ਸੀ। ਹਰ ਥਾਂ ਹਾਹਾਕਾਰ ਹੋ ਰਹੀ ਸੀ ਅਰ ਹਰ ਘਰ ਸਹਿਮ ਛਾ ਰਿਹਾ ਸੀ।

ਠੰਢੇ ਠਾਰ ਬੁਰਜ ਵਿਚ ਜਗਤ ਗੁਰੂ ਜੀ ਦੀ ਮਾਤਾ ਤੇ ਦੋ ਬੇਟੇ ਰੱਖੇ ਗਏ। ਸਿਆਲੇ ਦੀ ਕੱਕਰੀ ਰਾਤ ਇਸ ਅਪਦਾ ਦੇ ਕਸ਼ਟਾਂ ਵਿਚ ਨਹੀਂ ਕੱਟ ਸਕਦੀ। ਹਾਹ ! ਮਾਤਾ ਗੁਜਰੀ ! ਕਿੱਥੇ ਹਨ ਤੇਰੇ ਮੰਦਰ, ਗਰਮ ਮਕਾਨ, ਦੋਹਰੀਆਂ ਦੋਹਰੀਆਂ ਨਿਹਾਲੀਆਂ ਤੇ ਰਜ਼ਾਈਆਂ ਵਾਲੇ ਘਰ ? ਓਹ ਪਾਤਸ਼ਾਹੀ ਸੁੱਖਾਂ ਭਰੇ ਸਥਾਨ ਕਿਧਰ ਗਏ ? ਉਸ ਸੁੱਖ ਤੇ ਸੰਪਦਾ ਨੂੰ ਕੀ ਹੋਇਆ ? ਤ੍ਰਿਲੋਕੀ ਦਾ ਨਾਥ ਤੇਰਾ ਪੁੱਤ੍ਰ, ਜੋ ਤੇਰੇ ਪੈਰ ਕੰਡਾ ਚੁੱਭਦਾ ਨਾ ਦੇਖਸਕੇ, ਤੇਰੇ ਪਾਸ ਨਹੀਂ। ਤੂੰ ਇਸ ਵੇਲੇ ਕਿਸ ਅਪਦਾ ਵਿਚ ਹੈਂ ? ਸੂਰਬੀਰ ਵੱਡੇ ਪੋਤ੍ਰੇ ਕਿਧਰ ਟੁਰ ਗਏ ? ਆਹ! ਪਿਆਰੀ ਮਾਤਾ ! ਤੈਂ ਕੀਹ ਕੀਹ ਨਾ ਸਾਡੇ ਪਾਪੀਆਂ ਲਈ ਸਹਾਰਿਆ। ਤੇਰੀ ਗੋਦੀ ਵਿਚ ਖੇਡਦੇ ਲਾਲ ਬੀ ਪਰਾਹੁਣੇ ਹਨ, ਤੇ ਤੈਂ ਆਪ ਬੀ ਅਪਣੀ ਜਾਨ ਭਲੀ ਪੁਰ ਧਰੀ ਹੈ। ਸਾਰੀਆਂ ਬਲੀਆਂ ਦੇਸ਼ ਦੇ ਛੁਟਕਾਰੇ ਲਈ ਹਨ।

ਸੁਹਲ ਤੇ ਕੋਮਲ ਜਿਗਰ ਦੇ ਟੁਕੜਿਆਂ ਨੂੰ ਛਾਤੀ ਨਾਲ ਲਾਕੇ ਮਾਤਾ ਰਾਤ ਬਿਤਾ ਰਹੀ ਹੈ। ਬੱਚਿਆਂ ਨੇ ਬ੍ਰਿੱਧ ਮਾਤਾ ਦੇ ਸੀਨੇ ਨਾਲ ਸਿਰ ਜੋ ਟਿਕਾਇਆ ਤਾਂ ਨੀਂਦ ਪੈ ਗਈ, ਪਰ ਬ੍ਰਿੱਧ ਮਾਤਾ ਦੀਆਂ ਅੱਖਾਂ ਵਿਚ ਨੀਂਦ ਕਿੱਥੋਂ ? ਐਵੇਂ ਚਿੰਤਾ ਦੇ ਵਹਿਣਾਂ ਵਿਚ ਹੀ ਜ਼ਰਾ ਅੱਖ ਬੰਦ ਹੋਈ ਤਾਂ ਕੀ ਦੇਖਦੀ ਹੈ ਕਿ ਵੱਡੇ ਪੋਤ੍ਰੇ ਦੋਵੇਂ ਹੀ ਤੀਰਾਂ ਨਾਲ ਛਾਨਣੀ ਹੋ ਗਏ ਹਨ ਇਨ੍ਹਾਂ ਨੂੰ ਮਾਤਾ ਹਿਲਾ ਹਿਲਾ ਮਾਨੋ ਕਹਿੰਦੀ ਹੈ:–

"ਜਾਗੋ ਜਾਗੋ ਵੇ ਲਾਲ ਦੁਲਾਰੇ !
ਬੁੱਢੀ ਮਾਤਾ ਪਈ ਵੇ ਪੁਕਾਰੇ;
ਕੋਹੀ ਨੀਂਦ ਤੁਸਾਂ ਨੂੰ ਪਿਆਰੀ,
ਉਠੋ ਉਠੋ ਵੇ ਮੇਰੇ ਪਿਆਰੇ" ।

ਜਦ ਮਾਤਾ ਪਿੱਛੇ ਦੇਖਦੀ ਹੈ ਤਾਂ ਇਕ ਬੁਰਛਾ ਜਿਹਾ ਛੋਟੇ ਪੋਤ੍ਰੇ ਭੀ ਚੁੱਕ ਕੇ ਟੱਠਾ। ਮਾਤਾ ਉੱਠੀ ਕਿ ਫੜਾਂ, ਪਰ ਅੱਖ ਖੁੱਲ੍ਹ ਗਈ, ਮਾਤਾ ਜੀ ਦਾ ਹਿਰਦਾ ਇਸ ਵੇਲੇ ਇਕਬਾਰਗੀ ਅੰਤਰ ਮੁਖੀ ਦਸ਼ਾ ਵਿਚ ਹੋ ਗਿਆ; ਦੁਖ ਸੁਖ ਦੇ ਦਾਤਾ ਅਕਾਲ ਪੁਰਖ ਦੀ ਸੇਵਾ ਵਿਚ ਪ੍ਰਾਰਥਨਾ ਵਿਖੇ ਲੀਨ ਹੋ ਗਿਆ।

"ਹੇ ਅਕਾਲ ਪੁਰਖ ! ਕ੍ਰਿਪਾ ਕਰ, ਆਪਣੇ ਪਿਆਰਿਆਂ ਦੀ ਇਸ ਬਿਪਤਾ ਨੂੰ ਦੂਰ ਕਰ, ਵਿੱਛੁੜਿਆਂ ਨੂੰ ਮੇਲ, ਇਨ੍ਹਾਂ ਮਾਸੂਮ ਬੱਚਿਆਂ ਨੂੰ ਪਾਪੀਆਂ ਤੋਂ ਛੁਟਕਾਰਾ ਬਖ਼ਸ਼, ਆਦਿਕ।" ਇਸ ਪ੍ਰਕਾਰ ਦੀ ਬੇਨਤੀ ਵਿਚ ਮਾਤਾ ਅਜੇਹੀ ਲੀਨ ਹੋਈ ਕਿ ਪੂਰਬੋਟਰੀ ਪੌਣ, ਜੋ ਹੁਣ ਵੱਡੇ ਵੇਗ ਨਾਲ ਵਗ ਰਹੀ ਸੀ ਅਰ ਉਸ ਬੁਰਜ ਦੇ ਬ੍ਰੂਹਿਆਂ ਬਾਣੀਂ–ਸਭ ਕੁਛ ਲੁਟਾ ਏਹੀ ਬ੍ਰਿੱਧ ਮਾਤਾ ਦੇ ਸਰੀਰ ਦੀ ਗਰਮੀ ਨੂੰ ਲੁੱਟਣ ਲਈ ਹੌਲੇ ਕਹਰ ਕਰਕੇ–ਆ ਰਹੀ ਸੀ, ਕੁਝ ਡਾਢੀ ਨਾ ਭਾਸੀ, ਸੱਚ ਹੈ:–

'ਜਾਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੁ ਹੋਇ ਦੁਸਮਨਾ ਸਾਕ ਭਿ ਭਜਿ ਖਲੇ ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥"

ਮਹਾਂ ਸਿਆਲੇ ਦੀ ਟੱਕਰੀ ਤੇ ਅਪਦਾ ਬਿਪਤਾ

*ਮੋਰੰਡੇ ਸਾਹਿਬਜ਼ਾਦਿਆਂ ਦੇ ਠਹਿਰਨ ਦੇ ਥਾਵੇਂ ਗੁਰਦੁਆਰਾ ਹੈ। ਥੋੜੀ ਬੀ ਨਿਸ਼ਾਨ ਹੈ। †ਇਹ ਬੁਰਜ ਕਚਹਿਰੀ ਘਰ ਦੇ ਨੇੜੇ ਸਕੀਲ ਦੇ ਉਤੇ ਸੀ। ਗੁਰਦੁਆਰੇ ਦੇ ਨਾਲ ਹੀ ਹੁਣ ਤਕ ਜਿਉਂ ਕਾ ਤਿਉਂ ਵਿਦਮਾਨ ਹੈ।

ਦੀ ਦੁੱਖ ਭਰੀ ਰਾਤ ਪੱਛੋਂ ਨੂੰ ਤੁਰ ਪਈ। ਪੂਰਬ ਦਿਸ਼ਾ ਵਲੋਂ ਪੀਲਾ ਪੀਲਾ ਸੂਰਜ ਸੁਨਹਿਰੀ ਤੇ ਗਰਮਾਂ ਗਰਮ ਕਿਰਨਾਂ ਦੇ ਬਾਣ ਮਾਰਦਾ ਠਰੇ ਪਦਾਰਥਾਂ ਨੂੰ ਤਪਤ ਕਰਨ ਦਾ ਜਤਨ ਕਰਦਾ ਚੜ੍ਹਿਆ। ਸਾਡੀ ਮਾਤਾ ਜੀ ਦੇ ਬੁਰਜ ਵਿਚ ਵੀ ਧੁੱਪ ਆਈ, ਪਰ ਠੰਢੀ ਪੌਣ ਵਗਦੀ ਹੀ ਰਹੀ।

ਜ਼ੋਰਾਵਰ ਸਿੰਘ ਜੀ ਉੱਠਕੇ ਬੁਰਜ ਦੇ ਬੂਹਿਆਂ ਬਾਣੀਂ ਹੇਠਾਂ ਦੇਖਣ ਲੱਗੇ, ਦੇਖ ਦੇਖ ਕੇ ਆਖਣ ਲੱਗੇ: "ਮਾਤਾ ਜੀ! ਜੇ ਕਰ ਜਤਨ ਕਰੀਏ ਤਦ ਇਧਰੋਂ ਨਿਕਲ ਹੀ ਚੱਲੀਏ" ਮਾਤਾ ਬੋਲੀ: "ਬੀਬੇ ਜੀਓ! ਅਗੇ ਹੇਠਾਂ ਖਾਈ ਜਿਹੀ ਕਾਪਦੀ ਹੈ, ਹਰ ਥਾਂ ਤੁਰਕ ਸਿਪਾਹੀ ਖੜੇ ਹਨ। ਪਿਤਾ ਜੀ ਤੁਹਾਡੇ ਦਾ ਦੁਝ ਪਤਾ ਨਹੀਂ ਕਿਥੇ ਹਨ, ਭਰਾਵਾਂ, ਮਾਤਾ ਦਾ ਕੋਈ ਥਹੁ ਨਹੀਂ, ਮੇਰੀਆਂ ਅੱਖਾਂ ਲਈ ਹੁਣ ਹਰ ਪਾਸੇ ਬੀਆਬਾਨ ਤੇ ਜੰਗਲ ਹਨ, ਹਾਂ, ਜਦ ਸੁਰਤਿ ਹੰਭਲਾ ਮਾਰਦੀ ਹੈ ਤੇ ਮਨ ਪਰਮੇਸ਼ੁਰ ਦੇ ਧਿਆਨ ਵਿਚ ਲਗਦਾ ਹੈ, ਤਦ ਉਸ ਦੀਨਾ ਬੰਧੂ ਦੇ ਸਹਾਰੇ ਟਿਕਦਾ ਹੈ। ਜਾਂ ਹੁਣ ਤੁਸੀਂ ਬੁੱਢੀ ਦੀ ਡੰਗੋਰੀ ਦ੍ਰਿਸ਼ਟੀ ਆਉਂਦੇ ਹੋ:—

'ਬਲ ਛੁਟਕਿਓ ਬੰਧਨ ਪਰੇ ਕਛੁ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥'

ਇੰਨੇ ਨੂੰ ਮੋਰੰਡੇ ਵਾਲਾ ਰੰਘੜ ਸਾਹਮਣੇ ਆ ਖੜੋਤਾ ਅਰ ਆਖਣ ਲੱਗਾ: "ਮਾਤਾ! ਇਨ੍ਹਾਂ ਬੱਚਿਆਂ ਨੂੰ ਜ਼ਰਾ ਭੇਜੋ"।

ਮਾਤਾ—ਇਨ੍ਹਾਂ ਨੂੰ ਕੀ ਕਰੋਗੇ?

ਰੰਘੜ—ਮਾਈ ਜੀ! ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦਾ ਦਰਬਾਰ ਲੱਗਾ ਹੋਇਆ ਹੈ ਅਰ ਉਹ ਤੁਹਾਡੇ ਬਚਿਆਂ ਨੂੰ ਦੇਖਣਾ ਚਾਹੁੰਦਾ ਹੈ।

ਮਾਤਾ—ਨਵਾਬ ਨੂੰ ਆਖੋ ਕਿ ਇਨ੍ਹਾਂ ਮਸੂਮਾਂ ਥੋਂ ਕੀ ਲੈਣਾ ਹੈ?

ਰੰਘੜ ਮੁੜ ਗਿਆ; ਪਰ ਫੇਰ ਝੱਟ ਆ ਗਿਆ ਅਰ ਆਖਣ ਲਗਾ ਕਿ ਨਵਾਬ ਆਖਦਾ ਹੈ: ਤੁਸੀਂ ਨਾ ਡਰੋ, ਇਨ੍ਹਾਂ ਦਾ ਵਾਲ ਵਿੰਗਾ ਨਹੀਂ ਹੋਵੇਗਾ, ਨਿਰੀ ਇਨ੍ਹਾਂ ਦੀ ਮੁਲਕਾਤ ਕਰਨੀ ਚਾਹੁੰਦਾ ਹੈ। ਤੁਸੀਂ ਦੁਝ ਤੌਖਲਾ ਨਾ ਕਰੋ, ਮੇਰਾ ਜ਼ਿੰਮਾ ਆਇਆ ਮੈਂ ਤੁਹਾਨੂੰ ਜਿਉਂ ਕੇ ਤਿਉਂ ਲਿਆ ਦਿਆਂਗਾ।"*

*ਪਿਖਹਿ ਨਵਾਬ, ਪਠਾਵੈ ਫੇਰ।ਚਾਹਤ ਸਭਾਖਿਖੈ ਇਕ ਬੇਰ। [ਸੂ: ਪ:

ਮਾਤਾ ਨੂੰ ਇਨ੍ਹਾਂ ਬਦਨਾ ਉੱਤੇ ਕੁਝ ਵਿਸ਼ਵਾਸ਼ ਨਹੀਂ ਸੀ। ਜਿਉਂ ਜਿਉਂ ਉਹ ਮਿੱਠੀਆਂ ਚੱਲਾਂ ਕਰੇ ਮਾਤਾ ਪੋਤ੍ਰਿਆਂ ਨੂੰ ਹੋਰ ਘੁੱਟਦੀ ਜਾਵੇ।

ਇਸ ਵੇਲ ਮਾਤਾ ਗੁਜਰੀ ਜੀ ਅਗੇ ਕੇਡੀ ਮੁਸ਼ਕਲ ਹੈ, ਕਿਸ ਤਰ੍ਹਾਂ ਮਸੂਮ ਬੱਚਿਆਂ ਨੂੰ ਵੈਰੀਆਂ ਦੇ ਹੱਥੋਂ ਬਚਾਵੈ ਤੇ ਕੀਕਰ ਨਾ ਵਚਾਵੇ? ਜਾਣਦੀ ਹੈ, ਪਰ ਫੇਰ ਬੱਚੇ ਪਾਪੀ ਦੇ ਵੱਸ ਫੜਾਉਂਦੀ ਹੈ? ਨਹੀਂ ਨਹੀਂ, ਭਾਰਤ ਭੂਮੀ ਦ ਪਾਪਾਂ ਦੇ ਬਦਲੇ ਭੇਟਾ ਹੋਣ ਲਈ ਆਪਣੇ ਲਾਲ ਦੁਲਾਰੇ ਜਗਵੈਦੀ ਨੂੰ ਘੱਲਦੀ ਹੈ।

ਬੜੇ ਨਿਡਰ ਹਨ, ਝਿਜਕ ਨਹੀਂ ਰਹੇ। ਮਾਤਾ ਨੇ ਮਿਲ ਮਿਲ ਕੇ ਪਯਾਰ ਦੇ ਦੇ ਕੇ ਟੋਰਿਆ, ਤੁਰਨ ਵੇਲੇ ਕੰਨਾਂ ਵਿਚ ਮਾਤਾ ਨੇ ਦੁਝ ਕਿਹਾ ਉਹ ਮੰਤ੍ਰ ਸੀ ਧਰਮ ਵਿਚ ਦ੍ਰਿੜਤਾ ਦਾ। ਮਾਤਾ ਬਾਹਰ ਦੇਖਣ ਖੜੋਤੀ, ਪਉੜੀਆਂ* ਉਤਰ ਰਹੇ ਹਨ ਕਲਗੀਆਂ ਵਾਲੇ ਦੇ ਨੌ-ਨਿਹਾਲ।ਤੇਤ ਗੋਡਿਆਂ ਵਾਲੀਆਂ ਕੱਛਾਂ, ਗਲ ਚੁਸਤ ਕੁੜਤੇ ਤੇ ਅੰਗਰੱਖੇ; ਲੱਕ ਨਾਲ ਰੇਸ਼ਮੀ ਪਟਕੇ ਤੇ ਅਪਣੇ ਮੇਲ ਦੀਆਂ ਕ੍ਰਿਪਾਨਾਂ, ਸਿਰ ਤੇ ਸਿੱਧੀਆਂ ਪੱਗਾਂ ਤੇ ਉੱਪਰ ਦੁਪੱਟੇ। ਨਵਯੌਬਨੇ ਸਰੂ ਵਰਗਾ ਕੱਦ, ਡੀਲ ਡੌਲ ਸਭ ਮਾਨੋਂ ਮੱਢੇ ਦੀ ਫਲੀ ਹੋਈ। ਚਿਹਰੇ ਗੋਰੇ ਗੋਰੇ ਜਿੱਕੁਰ ਚੰਦ ਦੇ ਟੁਕੜੇ ਹੁੰਦੇ ਹਨ, ਮੁਹਾਂਦਰਾ ਮਨਮੋਹਨ, ਮਾਨੋਂ ਕੋਈ ਦੇਵਤੇ ਇਸ ਜਗਤ ਵਿਚ ਆ ਗਏ ਹਨ। ਸਾਹਿਬਜ਼ਾਦੇ ਕਿਸ ਹੌਂਸਲੇ ਨਾਲ ਜਾ ਰਹੇ ਹਨ, ਮਾਤਾ ਖੜੋਤੀ ਦੇਖ ਰਹੀ ਹੈ, ਔਹ ਕਚਹਿਰੀ ਦੇ ਉਹਲੇ ਭੋਂ ਗਏ। ਬੈਠ ਜਾਹ ਪਿਆਰੀ ਮਾਤਾ! ਤੇਰੇ ਲਾਲ ਤੇਰੀਆਂ ਅੱਖਾਂ ਥੋਂ ਉਹਲੇ ਹੋ ਗਏ।

ਦਰਬਾਰ ਲੱਗਾ ਹੋਇਆ ਸੀ†; ਵੱਡੇ ਵੱਡੇ ਹਿੰਦੂ ਤੇ ਮੁਸਲਮਾਨ ਰਈਸ ਬੈਠ ਸਨ, ਨਵਾਬ ਵਜ਼ੀਰ ਖਾਂ —ਮੋਟਾ, ਚਿਹਰੇ ਪੁਰ ਸੀਤਲਾ ਦੇ ਦਾਗ, ਅੱਖਾਂ ਹਾਥੀ ਵਾਂਗ ਨਿੱਕੀਆਂ ਨਿੱਕੀਆਂ—ਵਿਚਾਲੇ ਸਜ ਰਿਹਾ ਸੀ, ਸ਼ੇਰ ਦਿਲ ਬੱਚੇ ਬੇਧੜਕ ਜਾ ਖੜੇ ਹੋਏ। ਮੋਰੰਡੇ ਵਾਲੇ ਰੰਘੜ ਨੇ ਕਿਹਾ, ਬਰਖ਼ੁਰਦਾਰੋ! ਤਖਤ ਪਰ ਸਰਹਿੰਦ ਦੇ ਨਵਾਬ ਸਾਹਿਬ ਬਿਰਾਜਮਾਨ ਹਨ, ਇਨ੍ਹਾਂ ਨੂੰ ਝੁਕ ਕੇ ਸਲਾਮ ਕਰੋ।

*ਇਹ ਪਉੜੀਆਂ ਹੁਣ ਤਕ ਮੌਜੂਦ ਹਨ।

†ਅੱਜ ਹੁਣ ਪੋਹ ਦੀ ੧੦ ਹੋ ਚੁਕੀ ਸੀ।

ਜ਼ੋਰਾਵਰ ਸਿੰਘ–ਗੁਰੂ ਪਰਮੇਸ਼ਰ ਤੋਂ ਬਿਨਾਂ ਕਿਸ ਅੱਗੇ ਨਹੀਂ ਝੁਕੀਦਾ !

ਇਹ ਦਲੇਰੀ ਦੀ ਗੱਲ ਸੁਣਕੇ ਸਾਰੇ ਹੈਰਾਨ ਹੋ ਗਏ । ਨਵਾਬ ਕੁਛ ਕਿਚਕਿਚਾਇਆ, ਪਰ ਕੁਝਕੁ ਸਤਿਕਾਰ ਬੀ ਦਿਲ ਵਿਚ ਉਪਜਿਆ। ਮੋਰੰਡੇ ਵਾਲੇ ਨੇ ਕਿਹਾ: "ਦੇਖੋ ਕੁਛ ਦਿਨ ਹੋਏ ਕਿ ਤੁਹਾਡਾ ਪਿਤਾ ਚਮਕੌਰ ਵਿਚ ਸਾਰੇ ਸਾਥੀਆਂ ਸਣੇ ਫੜਿਆ ਗਿਆ ਅਰ ਮਾਰਿਆ ਗਿਆ ਹੈ। ਤੁਸੀਂ ਉਸਦੇ ਬੱਚੇ ਬਚਰਹੇ ਹੋ,ਅਰ ਸ਼ੁਕਰ ਹੈਕਿ ਇਸਲਾਮੀ ਦਰਬਾਰ ਵਿਚ ਅੱਪੜ ਪਏ ਹੋ, ਤੁਹਾਡੇ ਕਰਮ ਵੱਡੇ ਉੱਤਮ ਹਨ। ਨਵਾਬ ਸਾਹਿਬ ਕਿਤਨੇ ਮਿਹਰਬਾਨ ਹਨ ਤੁਸਾਂ ਉਤੇ।"

ਜ਼ੋਰਾਵਰ ਸਿੰਘ–ਸ ਡੇ ਪਿਤਾ ਜੀ ਜੀਉਂਦੇ ਹਨ, ਸਾਡੇ ਭਾਗ ਸਦਾ ਹੀ ਉੱਤਮ ਹਨ।

ਵਜ਼ੀਰ ਖਾਂ ਤੇ ਉਸਦੇ ਸਲਾਹਗੀਰ ਪਹਿਲੋਂ ਇਹੋ ਗੁਪਤ ਵਿਚਾਰ ਕਰ ਚੁਕੇ ਸੇ ਕਿ ਬੱਚਿਆਂ ਨੂੰ ਮੁਸਲਮਾਨ ਕਰ ਲੈਣਾ ਮਾਰ ਦੇਣ ਨਾਲੋਂ ਵਡੇਰੀ ਜਿੱਤਹੈ। ਇਸ ਲਈ ਪਾਸ ਸੱਦ ਕੇ ਤੇ ਮਿਹਰਬਾਨ ਸੁਰ ਬਣਾ ਕੇ ਬੋਲਿਆ: ਬਚਿਓ ! ਦੇਖੋ, ਤੁਹਾਡਾ ਵਾਲੀ ਵਾਰਸ ਹੁਣ ਕੋਈ ਨਹੀਂ, ਤੁਹਾਡੇ ਪੁਰ ਮੈਨੂੰ ਵੱਡਾ ਤਰਸ ਆਇਆ ਹੈ, ਚਾਹੀਦਾ ਤਾਂ ਇਹ ਸੀ ਕਿ ਦੋਵੇਂ ਮਾਰ ਦਿੱਤੇ ਜਾਓ, ਪਰ ਨਹੀਂ, ਤੁਹਾਡੀ ਉਮਰ ਪੁਰ ਤਰਸ ਆਉਂਦਾ ਹੈ, ਤੁਸੀਂ ਜੀਉਂਦੇ ਰਹੋ ਤੇ ਵਡੇ ਨਵਾਬ ਬਣੋ ਤੇ ਸੁਖ ਭੋਗੋ, ਬੱਸ ਇਨੀ ਗੱਲ ਮੰਨ ਲਓ ਕਿ ਸਾਡ ਦੀਨ ਵਿਚ ਆ ਜਾਓ ! ਫੇਰ ਤੁਸਾਂ ਦੀ ਵਾ ਵਲ ਕੋਈ ਨਹੀਂ ਤੱਕੇਗਾ। ਤੁਸੀਂ ਵੱਡੇ ਖਾਨ ਬਹਾਦੁਰ ਕਿ ਨਵਾਬ ਹੋ ਜਾਓਗੇ, ਐਸ਼ ਤੇ ਸੁਖ ਦੀ ਉਮਰ ਗੁਜ਼ਾਰੋਗੇ, ਦੀਨ ਦੁਨੀਆਂ ਦਾ ਸੁਖ ਪਾਓਗੇ। ਪਰ ਸਾਹਿਬਜ਼ਾਦੇ ਸਿਰ ਹੀ ਫੇਰਦੇ ਰਹੇ । ਨਵਾਬ ਨੇ ਬਾਲਕ ਵਿਦਾ ਕੀਤੇ ਤੇ ਕਿਹਾ ਬਰਖ਼ੁਰਦਾਰੋ ਹੋਰ ਸੋਚ ਲਓ, ਇਕ ਪਾਸੇ ਤਾਂ ਮੌਤ ਹੈ ਇਸ ਛੋਟੀ ਉਮਰੇ, ਦੂਜੇ ਪਾਸੇ ਤੁਸਾਂ ਲਈ ਸੁਖ ਹੀ ਸੁਖ ਹੈ। ਬੱਚੇ ਨਾ ਬਣੋ ਸਿਆਣਪ ਕਰੋ ਤੇ ਸੁਖ ਦਾ ਰਸਤਾ ਇਖ਼ਤਯਾਰ ਕਰੋ। ਜਾਓ ਬੀਬੇ ਰਾਣੇ ਮੋਚ ਕਰ ਲਓ।

ਜਾਪਦਾ ਹੈ ਕਿ ਅਗਲੇ ਦਿਨ ਫੇਰ ਸਭਾ ਵਿਚ ਬੁਲਾਏ ਗਏ ਤੇ ਫੇਰ ਪ੍ਰੇਰਨਾ ਹੋਈ ਤੇ ਕਿਹਾ ਗਿਆ ਕਿ ਤੁਸੀਂ ਜੇ ਇਸਲਾਮ ਵਿਚ ਆ ਜਾਓ ਤਾਂ ਪਾਤਸ਼ਾਹ ਤਕ ਪਹੁੰਚ ਕਰਾ ਦਿਆਂਗੇ । ਪਾਤਸ਼ਾਹ ਤੁਸਾਨੂੰ ਪਯਾਰ ਕਰੇਗਾ ਅਤੇ ਆਪਣੇ ਪਾਸ ਰਖ ਲਏਗਾ, ਬੇਟਿਆਂ ਵਾਂਙੂ ਪਲੇਗਾ। ਹੋ ਸਕਦਾ ਹੈ ਆਪਣੀ ਕਾਕੀ ਨਾਲ ਵਿਆਹ ਕਰਕੇ ਸੂਬੇਦਾਰ ਬਣਾ ਦੇਵੇ ਯਥਾ:–

ਤੁਮੈ ਸਾਹ ਕੋ ਮੇਲ ਕਰਾਵੈਂ। ਬਹੁ ਦੇਸਨ ਕੋ ਰਾਜ ਦਿਵਾਵੈ। ਪਟ ਭੂਖਨ ਤੁਮ ਅਨਗਨ ਦੈ ਹੈ। ਦੁਖ਼ਤਰ ਸਹਿਤ ਸੂਬ ਤੁਮ ਕੈ ਹੈ।

[ਗ: ਬਿ: ਮ: ਸਿੰਘ

ਇਹੋ ਜਿਹੀਆਂ ਫੁਲਾਹੁਣੀਆਂ ਸੁਣ ਕੇ ਜ਼ੋਰਾਵਰ ਸਿੰਘ ਨੇ ਛੋਟੇ ਭਰਾ ਵੱਲ ਇਕ ਅਸਚਰਜ ਤੇ ਪ੍ਰੇਮ ਭਰੀ ਨਜ਼ਰ ਨਾਲ ਦੇਖਿਆ ਅਰ ਹੌਲੇ ਜਿਹੇ ਕਿਹਾ: "ਦੱਸੋ ਭਰਾ ਜੀ ! ਇਹ ਕੀ ਆਂਹਦੇ ਹਨ ?" ਧੁਰ ਤੋਂ ਆਏ, ਜਗਤ ਗੁਰੂ ਜੀ ਦੀ ਅੰਸ, ਯੋਗੀ ਜਨਨੀ ਦੇ ਜਾਏ, ਦੇਵਤਾ ਰੂਪ ਮਾਤਾ ਦੇ ਸਿਖਾਏ ਪੜ੍ਹਾਏ, ਦਾਦੇ ਗੁਰੂ ਜੀ ਦੀ ਰੱਬੀਅਤ ਤੋਂ ਜਾਣੂੰ ਤੇ ਆਪਾ ਵਾਰਨ ਤੋਂ ਵਾਕਬ, ਸਾਹਿਬਜ਼ਾਦੇ ਫਤੇ ਸਿੰਘ ਨੇ ਭਰਾ ਨੂੰ ਉੱਤ੍ਰ ਦਿੱਤਾ: "ਭਰਾ ਜੀ ! ਚਲ ਇਸ ਜਗਤ ਥੋਂ ਕੂਚ ਕਰੀਏ । ਅਸੀਂ, ਹੈਂ, ਗੁਰੂ ਨਾਨਕ ਦੇਵ ਜੀ ਦੇ ਸੱਤ ਧਰਮ ਨੂੰ ਤਿਆਗ ਕੇ ਨਾਸ਼ ਹੋਣ ਵਾਲੇ ਸੁੱਖਾਂ ਲਈ ਮਰੇਛ ਬਣੀਏ ? ਪਿਉ, ਦਾਦੇ, ਪੜਦਾਦੇ ਦੇ ਨਾਂ ਨੂੰ ਵੱਟਾ ਲਾਈਏ ? ਕਦੀ ਨਹੀਂ, ਸਮਾ ਆ ਪੁੱਜਾ ਹੈ। ਦਾਦਾ ਜੀ ਵਾਙੂ ਸੀਸ ਦੇਈਏ ਪਰ ਧਰਮ ਨਾ ਦੇਈਏ* ।"

ਇਹ ਉੱਤਰ ਭਾਵੇਂ ਹੌਲੇ ਜਿਹੇ ਕਿਹਾ ਗਿਆ ਸੀ, ਪਰ ਦਰਬਾਰ ਵਿਚ ਇਕ ਚੁੱਪ ਵਰਤੀ ਹੋਈ ਸੀ, ਸਭ ਨੇ ਸੁਣ ਲੀਤਾ ਅਰ ਆਪੇ ਵਿਚ ਅਸਚਰਜ ਹੋਏ ਹੋਏ ਅੱਖਾਂ ਮਾਰਨ ਲੱਗੇ।

ਹੁਣ ਜ਼ੋਰਾਵਰ ਸਿੰਘ ਨੇ ਉੱਚੀ ਜਿਹੀ ਕਿਹਾ: ਅਸੀਂ ਆਪਣਾ ਦੀਨ ਗੁਆਉਣ ਨੂੰ ਤਯਾਰ ਨਹੀਂ ਹਾਂ, ਨਾ ਸੁਰਗ ਦੀ ਲੋੜ ਹੈ, ਨਾ ਦੁਨੀਆਂ ਦੀ ਸਰਦਾਰੀ ਦੀ। ਅਸੀਂ ਧਰਮ ਆਪਣੇ ਤੇ ਖੜੇ ਹਾਂ।

"ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ

*ਫਤੇ ਸਿੰਘ ਨੇ ਕਿਹਾ: "ਧਰਮ ਪਿਤਾਮੇ ਜਿਉਂ ਰਖ ਲੀਨਾ। ਸ਼ੁਭ ਜਸ ਤੇ ਜਗ ਪੂਰਨ ਕੀਨਾ। ਤੀਨ ਲੋਕ ਮਹਿੰ ਸਾਕਾ ਚੀਨਾ। ਹਮ ਤੁਮ ਕਉ ਤਿਮ ਹੀ ਬਨਿ ਆਵੈ। ਸਿਰ ਦਿਹੁ ਤੁਰਕਨ ਮੂਲ ਗਵਾਵੈਂ।"

[ਸੂਃ ਪ੍ਰਃ ਸਫਾ ੫੯੪੯

ਗਾਫਲਿ ਅਪੁਨੈ ਹਾਥਿ।''

ਵਜ਼ੀਰ ਖਾਂ ਕਹਿਰਵਾਨ ਹੋ ਕੇ ਬੋਲਿਆ: ''ਅਗਰ ਨਹੀਂ ਮਾਨੋਗੇ ਤੋ ਜਾਨ ਸੇ ਮਾਰੇ ਜਾਓਗੇ।'' ਸੁੱਚਾ ਨੰਦ ਨੇ ਕੋਲੋਂ ਸੁਰ ਭਰੀ; ''ਹਾਂ ਹਾਂ ! ਠੀਕ ਹੈ, ਸੱਪ ਦੇ ਬੱਚੇ ਜੰਮਦੇ ਹੀ ਮਾਰਨੇ ਚਾਹੀਏ।''

ਜ਼ੋਰਾਵਰ ਸਿੰਘ ਨੇ ਉੱਤਰ ਦਿਤਾ, ''ਕੁਝ ਪਰਵਾਹ ਨਹੀਂ, ਮੌਤ ਇਕ ਦਿਨ ਜ਼ਰੂਰ ਆਵੇਗੀ, ਫੇਰ ਅੱਜ ਆ ਜਾਉ, ਤਦ ਕੀ ਬੁਰਾ ਹੈ? ਅਸੀਂ ਮਰਨੇ ਨੂੰ ਤਿਆਰ ਹਾਂ, ਪਰ ਧਰਮ ਤਿਆਗਣ ਨੂੰ ਨਹੀਂ*।''

ਫਤੇ ਸਿੰਘ–''ਕਬੀਰ ਜਿਸੁ ਮਰਨੈ ਤੇ ਜਗੁ ਡਰੈ ਮੇਰੇ ਮਨ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦੁ॥''

(ਸੁੱਚਾ ਨੰਦ ਵਲ ਮੂੰਹ ਕਰਕੇ) ਮੌਤ ਤੋਂ ਉਹ ਡਰੇ ਜੋ ਸਿਰਜਣਹਾਰ ਥੋਂ ਵਿਛੁੜਿਆ ਹੋਵੇ।

ਹੁਣ ਸਾਰੇ ਦਰਬਾਰ ਵਿਚ ਖਿਲਬਿਲੀ ਮਚ ਗਈ; ਵੱਡੇ ਵੱਡੇ ਤੇ ਬੁੱਢੇ ਸਰਦਾਰ ਉਂਗਲਾਂ ਟੁੱਕ ਟੁੱਕ ਕੇ ਰਹਿ ਗਏ ਕਿ ਇਹ ਬਾਲ ਹਨ ਕਿ ਕੋਈ ਫਰਿਸ਼ਤੇ ਹਨ ? ਦੁਸ਼ਟਮਨਾਂ ਵਾਲਿਆਂ ਨੂੰ ਬੱਚਿਆਂ ਦੀ ਦ੍ਰਿੜਤਾ ਦੇਖ ਕੇ ਅਤਿ ਪੀੜਾ ਹੋਈ†। ਕਈ ਕਹਿਣ-ਜਿਸ ਦੇ ਮਸੂਮ ਬੱਚੇ ਇਸ ਹੌਂਸਲੇ ਵਾਲੇ ਹਨ, ਉਹ ਆਪ ਕਦੇ ਵੀ ਮਾਮੂਲੀ ਮਨੁੱਖ ਨਹੀਂ ਹੋ ਸਕਦਾ। ਇਸ ਪ੍ਰਕਾਰ ਦੇ ਖਿਆਲਾਂ ਵਿਚ ਕੁਝ ਚਿਰ ਰਹਿ ਕੇ ਸਾਰੇ ਦਰਬਾਰ ਵਿਚ ਚੁੱਪ ਛਾ ਗਈ। ਨਵਾਬ ਨੇ ਮੁਖੀ ਪੁਰਖਾਂ ਵੱਲ ਸੈਨਤ ਕੀਤੀ, ਪਰ ਸਭ ਦਾ ਜੁਵਾਬ ਚੁੱਪ ਹੀ ਆਇਆ। ਹਾਂ, ਸੁੱਚਾ ਨੰਦ ਨੇ ਦਲੇਰ ਹੋ ਕੇ ਕਿਹਾ: ''ਡਿੱਠਾ ਜੇ, ਜਿਨ੍ਹਾਂ ਦਾ ਬਚਪਨ ਵਿਚ ਇਹ ਹਾਲ ਹੈ ਉਹ ਵੱਡੇ ਹੋ ਕੇ ਕਦ ਘੱਟ ਕਰਨਗੇ? ਇਕ ਪਿਉ ਇਨ੍ਹਾਂ ਦਾ ਨਹੀਂ ਮਾਣ, ਜੇ ਕਰ ਏਹ ਦੋ ਵੱਡ ਹੋ ਗਏ ਤਾਂ ਖਬਰੇ ਕੀ ਹਨੇਰ ਮਾਰਨਗੇ? ਏਹ ਜੀਉਂਦੇ ਛੱਡਣੇ ਜੋਗ ਨਹੀਂ।'' ਨਵਾਬ ਨੇ ਸ਼ੇਰ ਸੁਹੰਮਦ ਮਲੇਰ ਕੋਟਲੇ ਵਾਲੇ ਵੱਲ ਤੱਕਿਆ ਤੇ ਕਿਹਾ ''ਏਹ ਤੇਰੇ ਭਰਾ ਦੇ ਕਾਤਲ ਦੇ ਬੇਟੇ ਹਨ!'' ਮਲੇਰ ਕੋਟਲੇ ਦੇ ਨਵਾਬ ਨੇ ਉੱਤਰ ਦਿਤਾ: ''ਬੇਸ਼ੱਕ ਸੱਚ ਹੈ, ਪਰ ਮਾਸੂਮ ਬੱਚਿਆਂ ਪੁਰ ਹੱਥ ਉਠਾਉਣਾ ਕਾਇਰਪੁਣਾ ਹੈ। ਇਨ੍ਹਾਂ ਨੇ ਸਾਡਾ ਕੁਝ ਨਹੀਂ ਵਿਗਾੜਿਆ ਇਨ੍ਹਾਂ ਨੂੰ ਛੱਡ ਦੇਣਾ ਯੋਗ ਹੈ। ਇਨ੍ਹਾਂ ਬੱਚਿਆਂ ਤੇ ਹੱਥ ਚੁੱਕਣਾ ਇਸਲਾਮ ਨੂੰ ਕਾਲਾ ਕਰਨਾ ਹੈ। ਮਸੂਮਾਂ ਦਾ ਕਤਲ ਕਿਸੇ ਸ਼ਰਅ ਵਿਚ ਰਵਾ ਨਹੀਂ, ਮੇਰੇ ਭਰਾ ਜੰਗ ਵਿਚ ਮਾਰੇ ਗਏ ਸਨ ਉਸ ਦਾ ਬਦਲਾ ਮੈਂ ਜੰਗ ਵਿਚ ਹੀ ਲੈ ਸਕਦਾ ਹਾਂ, ਸਰਦ ਖੂਨੀ ਦੀ ਬੇ-ਰਹਿਮੀ ਵਿਚ ਨਹੀਂ ਲੈ ਸਕਦਾ।'' ਪਰ ਆਹ ! ਕੱਚੇ ਕੁਸ਼ਾਮਤੀ ਬੋਲ ਉੱਠੇ, ''ਨਹੀਂ ਗਰਦਨ ਜ਼ਦਨੀ ਦੇ ਲਾਇਕ ਹਨ!''

ਨਵਾਬ ਨੇ ਫੇਰ ਇਕ ਵੇਰ ਬੱਚਿਆਂ ਨੂੰ ਭਰਮਾਉਣ ਦਾ ਯਤਨ ਕੀਤਾ, ਪਰ ਸੂਰਬੀਰਾਂ ਨੇ ਇਹੋ ਉੱਤਰ ਦਿਤਾ ਕਿ ਅਸੀਂ ਸੱਤ ਧਰਮ ਨੂੰ ਛੱਡ ਕੇ ਅਸੱਤ ਨਹੀਂ ਗ੍ਰਹਿਣ ਕਰਾਂਗੇ।

[ਸਾਕਾ]

ਗੁ: ਬਿ: ਮ: ਸਿੰਘ ਦੇ ਮੁਤਾਲਜ਼ਾ ਤੋਂ ਖ਼ਯਾਲ ਪੈਂਦਾ ਹੈ ਕਿ ਪਹਿਲੇ ਤ੍ਰੈ ਕੁ ਦਿਨ ਤਾਂ ਬੱਚਿਆਂ ਨੂੰ ਲੋਭ ਲਾਲਚ ਪ੍ਰੇਰਨਾ ਕੀਤੀ ਜਾਂਦੀ ਰਹੀ ਹੈ। ਅਜ ਦੀ ਬੱਚਿਆਂ ਦੀ ਦਲੇਰੀ ਤੇ ਕਰੜੇ ਜੁਵਾਬਾਂ ਨੇ ਪਾਸਾ ਪਰਤਿਆ ਤੇ ਹੁਣ ਡਰ ਪੀੜਾਂ ਦੇ ਕੇ ਪ੍ਰੇਰਨ ਦਾ ਯਤਨ ਕੀਤਾ ਜਾਣਦਾ ਦਾਰੂ ਵਰਤੀਣ ਲਗਾ। ਚੁਨਾਂਚਿ ਓਥੇ ਲਿਖਿਆ ਹੈ ਕਿ ਆਪ ਸ੍ਰੀ ਦਾਦੀ ਜੀ ਤੋਂ ਵਿਛੋੜੇ ਗਏ, ਹਥਾਂ ਵਿਚ ਜ਼ੰਜੀਰ ਤੇ ਪੈਰੀਂ ਬੇੜੀਆਂ ਅੰਸੀਆਂ ਪਾਈਆਂ ਕਿ ਲਾਸਾਂ ਪੈ ਗਈਆਂ, ਭੁੱਖੇ ਬੀ ਰਖੇ ਗਏ ਤੇ ਦੇਹ ਦਾ ਦੁੱਖ ਬੀ ਦਿਤਾ ਗਿਆ। ਬੰਦ ਬੰਦ ਕੱਟਣ ਦਾ ਡਰਾਵਾ ਬੀ ਦਿਤਾ ਗਿਆ। ਗਲ ਕੀ ਕਈ ਤਾੜਨਾ ਕੀਤੀਆਂ, ਯਥਾ–''ਤਹਿ ਤੁਰਕ ਤਾਰਨ ਬਹੁ ਕਰੈ, ਪਰ ਉਨ੍ਹਾਂ ਤੇ ਅਸਰ ਨਹੀਂ ਹੋਯਾ। ਦੋ ਚਾਰ ਦਿਨ ਮਗਰੋਂ ਤਸਦੀਏ ਦੇ ਦੇਕੇ ਫੇਰ ਦਰਬਾਰ ਵਿਚ ਆਂਦੇ ਗਏ*। ਇਕ ਪਾਸੇ ਭਯਾਨਕ ਡਰ ਦੂਜੇ ਪਾਸੇ ਬੜੇ ਬੜੇ ਲਾਲਚ ਦਿਤੇ ਗਏ, ਅੰਤ ਕੰਧ ਵਿਚ ਚਿਣ ਦੇਣ ਦਾ ਡਰ ਦਿਤਾ। ਡਰ ਦਿਤਾ ਹੀ ਨਹੀਂ, ਸਚ ਮੁਚ ਇੱਟਾਂ ਗਾਰਾ ਮੰਗਾ ਕੇ ਚਿਣ ਦਿਤਾ, ਪਰ ਉਹ ਕੰਧ ਤਤ ਫਟ

*ਆਪਨ ਹਥ ਤਜ, ਔਰ ਨ ਧਾਰੈਂ॥ [ਗੁ: ਬਿ: ਭਾ: ਮ: ਸਿੰਘ

†ਭਾਰੀ ਜਵਾਬ ਜੁਝਾਰ ਦਏ ਸੁਣ ਕੇ ਸਭ ਦੂਤਨ ਅੰਗ ਪਿਰਾਏ। [ਗੁਰ ਸੋਭਾ ਸਫਾ ੭੨

*ਗੁ: ਬਿ: ਮ: ਸਿੰਘ ਨੇ ਅਜ ਦਾ ਦਿਨ ਅੱਠਵਾਂ ਲਿਖਿਆ ਹੈ।

ਢਹਿ ਪਈ*। ਜਦ ਬੱਚੇ ਫੇਰ ਸਾਵਧਾਨ ਹੋਏ ਤੇ ਨਾ ਮੰਨੇ ਤਾਂ ਨਵਾਬ ਨੇ ਉਨ੍ਹਾਂ ਦੇ ਕਤਲ ਦਾ ਹੁਕਮ ਦੇ ਦਿਤਾ। ਸੂਰਜ ਪ੍ਰਕਾਸ਼ ਵਿਚ ਇੰਞ ਲਿਖਿਆ ਹੈ—

ਪਾਪੀ ਨਿਰਦਯਾਲੂ ਮਤਿ ਮੰਦ। ਗਹਿ ਖੈਂਚੀ ਸ਼ਮਸ਼ੇਰ ਬਿਲੰਦ। ਧੀਰਜ ਧਰੇ ਗੁਰੂ ਸੁਤ ਖਰੇ। ਨਹੀਂ ਦੀਨ ਮਨ ਕੈਸਿਹੁੰ ਕਰੇ॥ ੯॥ ਧਰਮ ਹੇਤ ਸਿਰ ਚਾਹਤਿ ਦੀਯੋ। ਤੁਰਕਨਿ ਜਰਾਂ ਬਿਨਾਸ਼ੀ ਕੀਯ। ਸਿਮਰਹਿੰ ਬਾਤ ਪਿਤਾਮੇ ਕੇਰੀ। ਲਾਜ ਬੰਸ ਕੀ ਚਹੈਂ ਬਡੇਰੀ॥ ੧੦॥ ਅਧਮ ਤਬੈ ਤਰਵਾਰ ਚਲਾਈ। ... ... ਹਾਹਾ ਕਾਰ ਜਹਾਂ ਕਹਿੰ ਭਯੋ। ਜੈ ਜੈ ਸ਼ਬਦ ਸੁਰਨਿ ਮਹਿੰ ਬਿਯੋ। ਧੰਨ ਗੁਰੂ ਸੁਤ ਧੀਰਜ ਧਾਰੀ। ਧਰਮ ਹੇਤ ਸਿਰ ਦਯੋ ਉਤਾਰੀ॥ ੧੨॥

ਹੁਣ ਆਪਣੇ ਕੀਤੇ ਪਾਪ ਦੀ ਫਿਟਕਾਰ ਨਵਾਬ ਦੇ ਮਨ ਪੁਰ ਸਵਾਰ ਹੋਈ, ਹਿਰਦੇ ਵਿਚ ਕੰਬਦਾ ਤੇ ਬਰਰਾਉਂਦਾ ਮਹਿਲਾਂ ਨੂੰ ਚਲਾ ਗਿਆ। ਇਧਰ ਭਾਰਤ ਭੂਮੀ ਵਿਚ ਪ੍ਰਗਟੇ ਰੱਬੀ ਜੋਤਿ ਦੇ ਚੰਦ ਸੂਰਜ ਜਿਨ੍ਹਾਂ ਦੇ ਪ੍ਰਗਟ ਹੋਣ ਲਈ ਖ਼ਬਰ ਨਹੀਂ ਕਿੰਨੀਆਂ ਸਦੀਆਂ ਲਗੀਆਂ ਹੋਣਗੀਆਂ, ਗੁਰੂ ਜੀ ਦੇ ਹੋਣਹਾਰ ਨੌਨਿਹਾਲ, ਸੱਤ ਧਰਮ ਦੀਆਂ ਉਮੈਦਾਂ ਦੇ ਪੁੰਜ ਜਦ ਇਸ ਨਿਰਦਯਤਾ ਨਾਲ ਸ਼ਹੀਦ ਕੀਤੇ ਗਏ†, ਤਦ ਹਨੇਰੀ ਵਾਂਡੇ ਹੀ ਕਹਿਰ ਦੀ ਵਗੀ, ਬ੍ਰਿੱਛ ਜੜ੍ਹਾਂ ਬੀਂ ਉੱਖੜ ਗਏ। ਧਰਤੀ ਕੰਬੀ, ਭੁਚਾਲ ਆਇਆ‡।

ਟਡਰ ਮਲ ਨਾਮੇ ਇਕ ਗੁਰੂ ਕਾ ਸਿੱਖ ਕੁਝ ਦੂਰ ਰਹਿੰਦਾ ਸੀ, ਜਦ ਉਸ ਸੁਣਿਆਂ ਕਿ ਸਾਹਿਬਜ਼ਾਦੇ ਫੜੇ ਗਏ ਹਨ, ਤਦ ਨੱਠਾ ਕਿ ਮੈਂ ਜਾਕੇ ਸਾਰਾ ਸਰਬੰਸ ਖਰਚ ਕਰਦਿਆਂ, ਪਰ ਬੱਚਿਆਂ ਨੂੰ ਬਚਾ ਲਵਾਂ। ਕਾਲੀ ਹਨੇਰੀ ਦਾ ਹਨੇਰਾ, ਘੱਟੇ ਦੀ ਭਰਮਾਰ, ਭੁਚਾਲ ਆਦਿਕ ਸਹਾਰਦਾ ਦਰਬਾਰ ਵੱਲ ਗਿਆ, ਪਰ ਹਾਇ! ਭਾਰਤ ਭੂਮੀ ਤੇਰੇ ਨਸੀਬ ਇਹ ਸਿਦਕੀ ਪਰਖ ਉਸ ਵੇਲੇ ਪਹੁੰਚਾ, ਜਿਸ ਵੇਲੇ ਤੇਰੇ ਦਲਾਰ ਸਰੀਰਾਂ ਨੂੰ ਤਜ ਗਏ ਸਨ। ਇੱਥੋਂ ਤੁਰ ਕੇ ਟੋਡਰ ਮਲ ਨੇ ਮਾਤਾ ਨੂੰ ਜਾ ਸਮਾਚਾਰ ਸੁਣਾਇਆ। ਇਹ ਭਯਾਨਕ ਖ਼ਬਰ ਸੁਣਕੇ ਮਾਤਾ ਜੀ ਨੇ ਆਪਣੇ ਸਰੀਰ ਤੋਂ ਉਡਾਰੀ ਮਾਰੀ ਤੇ ਸਚੇ ਲੋਕ ਨੂੰ ਪਧਾਰ ਗਈ*। ਟੋਡਰ ਮੱਲ ਨੇ ਮਾਤਾ ਤੇ ਸਾਹਿਬਜ਼ਾਦਿਆਂ ਦਾ ਚੰਦਨ ਦੀਆਂ ਚਿਤਾਂ ਵਿਚ ਸਸਕਾਰ ਕਰਵਾਇਆ।

ਭਾਰਤ ਭੂਮੀ ਦਾ ਵਿਰਲਾਪ

ਧਾਰਨਾ—ਕਚੂੰ ਕਿਆ ਤੁਝ ਕੋ ਐ ਬਾਦੇ ਬਹਾਰ।

ਤੁਰ ਗਏ ਦਸਮ ਗੁਰੂ ਦੇ ਲਾਲ॥ ਦੁਨੀਆਂ ਤਿਆਗੀ ਧਰਮ ਨ ਤਯਾਗਯਾ ਲਿਆ ਜਫਰ ਸਿਰ ਜਾਲ।

ਡਗ ਮਗ ਧਰਤੀ ਦਾ ਦਿਲ ਕੰਬਿਆ, ਆਯਾ ਕਹਿਰ ਭੂਚਾਲ। ਗੜ ਗੜਾਟ ਕਰ ਗਗਨ ਗਰਜਿਆ, ਝੱਖੜ ਝੁਲੇ ਕਰਾਲ॥ ੧॥

ਰੁਦਰਤ ਹੋਇ ਗਈ ਬੇਹਾਲ॥ ਤੁ:

ਭਾਰਤ ਭੂਮੀ ਰੋ ਰੋ ਕੂਕੇ, ਗਏ ਕਿਧਰ ਮੈਂ ਬਾਲ। ਨਜ਼ਰ ਮੇਰੀ ਬੀਂ ਉਹਲੇ ਹੋ ਗਏ ਜਾਇ ਲੁਕੇ ਕਿਸ ਢਾਲ॥ ੨॥

---

*ਕੰਧ ਦਾ ਢੈ ਪੇਣਾ ਤਵਾਰੀਖ ਖਾਲਸਾ ਤੇ ਗੁਰ ਬਿਲਾਸ ਭਾਈ ਮਃ ਸਿੰਘ, ਦੋਹਾਂ ਵਿਚ ਹੈ।

†ਮਿਤੀ ਪੋਹ ਦਿਨ ੧੩ ਸਃ ੧੭੬੨ ਬਿਃ ਸਵਾ ਪਹਿਰ ਦਿਨ ਚੜ੍ਹੇ।

‡ਕੰਪੀ ਧਰਤ ਆਇ ਭੂਚਾਲਾ ਐਂਚਤ ਕੰਕਰ ਧੁਲ ਘਨੇਰੀ। [ਸੂਃ ਪ੍ਰਃ ਸਫਾ ੫੯੫੨

*ਸ੍ਰੀ ਮਾਤਾ ਗੁਜਰੀ ਜੀ ਦੇ ਜੋਤੀ ਜੋਤਿ ਹੋਣ ਦੇ ਪ੍ਰਸੰਗ ਇਤਿਹਾਸਾਂ ਵਿਚ ਜੁਦੇ ਜੁਦੇ ਦੱਸੇ ਗਏ ਹਨ। ਕਿਤੇ ਹੀਰਾ ਚੱਟਣਾ, ਕਿਤੇ ਬੁਰਜ ਤੋਂ ਡਿਗਣਾ ਤੇ ਕਿਤੇ ਮੱਥਾ ਕੰਧ ਨਾਲ ਟਕਰਾਉਣਾ ਆਦਿ। ਪਰੰਤੂ ਮਾਤਾ ਜੀ ਦਾ ਜੋਤੀ ਜੋਤਿ ਹੋਣਾ ਯੋਗਾਭਯਾਸ ਦੇ ਤਰੀਕੇ ਅਨੁਸਾਰ ਬਹੁਸਰੰਧ੍ਰ ਦਸਮ ਦਵਾਰ ਰਸਤੇ ਸਰੀਰ ਤਯਾਗਣਾ ਵਿਸ਼ੇਸ਼ ਸਹੀ ਭਾਸਦਾ ਹੈ, ਕਿਉਂਕਿ ਮਾਤਾ ਜੀ ਯੋਗ ਸਨ ਅਰ ਯੋਗ ਸਾਧਨਾ ਸਾਧਦੇ ਰਹੇ ਸਨ, ਜੈਸਾ ਕਿ ਸਾਹਿਬ ਦਸਮ ਪਾਤਸ਼ਾਹ ਜੀ ਨੇ ਬਚਿੱਤ੍ਰ ਨਾਟਕ ਦੇ ਧਿਆਇ ੬ ਅੰਕ ੩ ਵਿਚ ਆਪ ਦੱਸਿਆ ਹੈ 'ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।' ਇਸ ਤੋਂ ਵੱਧ ਹਰ ਪ੍ਰਸਾਣ ਦੀ ਲੋੜ ਨਹੀਂ, ਪਰ ਜੋ ਰਵਾਇਤ ਸ੍ਰੀ ਫਤਹ ਗੜ੍ਹ ਸਾਹਿਬ ਜੀ ਦੇ ਗ੍ਰੰਥੀ ਸਿੰਘਾਂ ਤੇ ਸੁਣੀ ਹੈ ਉਹ ਇਥੇ ਦੱਸਣੀ ਜ਼ਰੂਰੀ ਹੈ। ੧੯੩੫ ਈਃ ਵਿਚ ਕੁਛਕ ਯਾਤ੍ਰੀ ਸ੍ਰੀ ਫਤਹ ਗੜ੍ਹ ਸਾਹਿਬ ਗਏ ਸਨ। ਇਕ ਯਾਤਰੂ ਨੇ ਕਿਹਾ 'ਇਥੇ ਮਾਤਾ ਗੁਜਰੀ ਜੀ ਬੁਰਜ ਤੋਂ ਡਿਗ ਕੇ ਜੋਤੀ ਜੋਤ ਸਮਾਏ ਸਨ'। ਪਾਸ ਹੀ ਗ੍ਰੰਥੀ ਸਿੰਘ ਜੀ ਸੁਣ ਰਹੇ ਸਨ, ਉਹਨਾਂ ਨੇ ਉਸ ਯਾਤਰੂ ਨੂੰ ਕਿਹਾ 'ਭਾਈ ਇਸ ਤਰ੍ਹਾਂ ਦੇ ਬੇਅਦਬੀ ਦੇ ਵਾਕ ਸ੍ਰੀ ਮਾਤਾ ਜੀ ਵਾਸਤੇ ਨਾ ਕਹੁ ਅਸੀਂ ਆਪਣੇ ਪਿਤਾ ਪਿਤਾਮਾ ਜੀ ਤੋਂ ਸੁਣਦੇ ਆਏ ਹਾਂ, ਕਿ ਮਾਤਾ ਜੀ ਨੂੰ ਜਦ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਮਿਲੀ ਤਾਂ ਉਹਨਾਂ ਸ੍ਰੀ ਜਪੁਜੀ ਦਾ ਪਾਠ ਕਰਕੇ ਅਰਦਾਸਾ ਸੋਧਿਆ ਤੇ ਚੌਂਕੜਾ ਲਾਕੇ ਦਸਮ ਦੁਆਰ ਵਿਚ ਪ੍ਰਾਣ ਚੜ੍ਹਾ ਲਏ ਤੇ ਸ਼ਰੀਰ ਤਿਆਗ ਦਿੱਤਾ'।

ਹਾਇ ! ਮੈਂ ਰੋ ਰੋ ਹੋਈ ਨਿਢਾਲ ॥ ਤੁ:
ਆਓ ਪਿਆਰੇ ਦਰਸ ਦਿਖਾਓ, ਲਗੋ ਮਾਊਂ ਗਲ ਨਾਲ। ਅੱਖੀਂ ਸੁਖ ਕਲੇਜਾ ਠੰਢਾ, ਖੁਸ਼ੀ ਹੋਇ ਵਾਲ ਵਾਲ ॥ ੩ ॥

ਵਿਛੜ ਕੇ ਪੈ ਗਏ ਚਿੰਤਾ ਜਾਲ ॥ ਤੁ:
ਆਖਣ ਲੱਕੀ ਲਾਲ ਦੁਲਾਰੇ, ਦੁਸ਼ਟਾਂ ਕੀਤੇ ਕਾਲ। ਚਿਣ ਕੇ ਕੰਧਾਂ ਵਿਚ ਮੈਂ ਸੁਹਣੇ, ਹੋਏ ਨੀਚ ਨਿਹਾਲ ॥ ੪ ॥

ਹਾਂ ਜੀ ਡਿਗ ਪਈ ਓ ਪਾਲ ॥ ਤੁ:
ਦੁਸ਼ਟ ਸਭਾ ਇਕ ਬੈਠੀ ਰਲਕੇ, ਖੜੇ ਬਹਾਦੁਰ ਬਾਲ। ਕਹਿਣ ਕਬੂਲੋ ਦੀਨ ਨਹੀਂ ਤਾਂ ਮਾਰ ਕਰਾਂ ਬੇਹਾਲ ॥ ੫ ॥

ਧਰਮ ਵਿਚ ਰਤਾ ਨਾ ਡੋਲੇ ਲਾਲ ॥ ਤੁ:
ਦਸਮ ਗੁਰੂ ਦੇ ਬੋਲੇ ਸੂਰੇ, ਅੰਤ ਆਵਣਾ ਕਾਲ। ਅੱਜ ਨੂੰ ਆਵੇ ਕੱਲ ਨੂੰ ਆਵੇ, ਟਲੇ ਨ ਕੀਤਿਆਂ ਟਾਲ ॥ ੬ ॥

ਧਰਮ ਲਈ, ਮਰਨਾ ਪੁੰਨ ਬਿਸਾਲ ॥ ਤੁ:
ਦਰਦ ਬਿਦਰਦਾਂ ਮੂਲ ਨ ਉਪਜਿਆ, ਭੜਕੀ ਕ੍ਰੋਧ ਜੁਆਲ। ਮਾਰ ਖੜਗ ਤਨ ਜੁਦਾ ਕਰਾਏ, ਪਹੁੰਚੇ ਪਾਸ ਅਕਾਲ ॥ ੭ ॥

ਹਾਂ ਜੀ ਪਹੁੰਚੇ ਪਾਸ ਅਕਾਲ ॥ ਤੁ:
ਸਿੰਘ ਜ਼ੋਰਾਵਰ ਪਿਆਰੇ ਲੀਤੇ, ਭ੍ਰਾਤ ਫਤੇ ਸਿੰਘ ਨਾਲ। ਧਰਮ ਰਖਨ ਹਿਤ ਸਿਰ ਦੇ ਦੋਵੇਂ, ਪਹੁੰਚੇ ਪਾਸ ਦਯਾਲ ॥ ੮ ॥

ਹੋਇ ਸ਼ਹੀਦ ਗਏ ਗੁਰ ਲਾਲ ॥ ਤੁ:
ਸਹਿ ਨਾ ਸਕੇਗੀ ਦੁਖ ਇਹ ਮਾਤਾ, ਜਾਊ ਪੋਤਿਆਂ ਨਾਲ। ਸ਼ੋਕ ਹੋਇਗਾ ਦੇਸ਼ ਦੇਸ਼ ਵਿਚ, ਸੁਣ ਏ ਕਹਿਰ ਕਮਾਲ ॥ ੯ ॥

ਗਏ ਓਹ, ਚਿੰਤਾ ਡੰਬੜ ਬਾਲ ॥ ਤੁ:
ਦੁਸ਼ਟ ਰਾਜ ਦਾ ਸਖਤ ਉਪੱਦ੍ਰਵ, ਕਟਣੇ ਹੋਏ ਮੁਹਾਲ। ਚੜ੍ਹੇ ਸੂਰ ਨਿਤ ਸਹਾਂ ਨਵੇਂ ਦੁਖ, ਕਤਲ ਹੋਇ ਮੇਰੀ ਆਲ ॥ ੧੦ ॥

ਹਾਇ ਪ੍ਰਭੂ ਜੀ ! ਮੇਰੀ ਜਾਇ ਅਜਾਈਂ ਘਾਲ ॥ ਤੁ:
ਪਾਪ ਰਾਜ ਦਾ ਨਾਸ਼ ਕਰੋ ਪ੍ਰਭੂ, ਅਪਦਾ ਦੇਵੋ ਟਾਲ। ਸੱਤ ਧਰਮ ਜਗ ਵਿਚ ਫੈਲਾਵੋ, ਸਫਲ ਹੋਇ ਗੁਰ ਘਾਲ ॥ ੧੧ ॥

ਗਜੇ ਫਿਰ ਸਤਿ ਸ੍ਰੀ ਅਕਾਲ ॥ ਤੁ:
ਸ੍ਰਿਸ਼ਟੀ ਸਾਰੀ ਸਜੇ ਖਾਲਸਾ, ਦੂਰ ਹੋਣ ਭ੍ਰਮ ਜਾਲ। ਸਿੰਘ ਸੂਰ ਹੋ ਖੁਸ਼ੀਆਂ ਮਾਣਨ, ਕਰਨ ਧਰਮ ਪ੍ਰਤਿਪਾਲ ॥ ੧੨ ॥

ਇਸ ਬਿਧ, ਕੂੜੇ ਟੁੱਟਨ ਪਾਲ ॥ ਤੁ:

—o—

ਇਤਿਹਾਸਿਕ ਖੋਜ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਬਤ ਇਤਿਹਾਸਾਂ ਵਿਚ ਤ੍ਰੈ ਗੱਲਾਂ ਬਾਬਤ ਕੁਛ ਵਖੇਵਾਂ ਹੈ:—੧. ਨਾਵਾਂ ਬਾਬਤ ੨. ਗ੍ਰਿਫਤਾਰੀ ਦਾ ਟਿਕਾਣਾ, ੩. ਸ਼ਹਾਦਤ ਕੀਕੂੰ ਹੋਈ।

੧. ਨਾਵਾਂ ਦਾ ਵੇਰਵਾ।

ਸਰਹਿੰਦ ਵਿਚ ਸ਼ਹੀਦ ਹੋਏ ਸਾਹਿਬਜ਼ਾਦੇ ਫਤਹ ਸਿੰਘ ਜੀ ਸਨ, ਇਹ ਸਾਰੇ ਮੰਨਦੇ ਹਨ। ਦੂਜੇ ਬਹੁਤੇ ਜ਼ੋਰਾਵਰ ਸਿੰਘ ਜੀ ਤੇ ਕੋਈ ਜੁਝਾਰ ਸਿੰਘ ਜੀ ਦੱਸਦੇ ਹਨ। ਸਭ ਤੋਂ ਪੁਰਾਤਨ ਗ੍ਰੰਥ 'ਗੁਰ ਸ਼ੋਭਾ' ਹੈ, ਜਿਸ ਵਿਚ ਪਹਿਲੋਂ ਤਾਂ ਜੁਝਾਰ ਸਿੰਘ ਜੀ ਨੂੰ ਚਮਕੌਰ ਵਿਚ ਜੂਝਦੇ ਲਿਖਿਆ ਹੈ ਤੇ ਫੇਰ ਸਰਹਿੰਦ ਦੇ ਸਾਕੇ ਸਮੇਂ ਲਿਖਿਆ ਹੈ:—

'ਫਤੇ ਸਿੰਘ ਜੁਝਾਰ ਸਿੰਘ ਇਹ ਬਿਧ ਤਜੇ ਪਰਾਨ।'

ਸੋ ਇਸ ਤੋਂ ਨਿਰਨੇ ਪਤਾ ਨਾ ਲਗ ਸਕਿਆ। ਪਰ ਜੇ ਵਧੇਰੇ ਗਹੁ ਨਾਲ ਪ੍ਰਸੰਗਲੀ ਮੇਲੋ ਤਾਂ ਇਹ ਜਾਪਦਾ ਹੈ ਕਿ ਜੁਝਾਰ ਸਿੰਘ ਜੀ ਨੂੰ (ਚਮਕੌਰ) ਲੜਦੇ ਵੇਖ ਕੇ ਜ਼ੋਰਾਵਰ ਸਿੰਘ ਜੀ ਮਦਦ ਨੂੰ ਆ ਪਏ ਤੇ ਮਾਰਦੇ ਮਾਰਦੇ ਜੀਊਂਦੇ ਕਿਸੇ ਪਾਸੇ ਨਿਕਲ ਗਏ। ਮਾਤਾ ਜੀ ਤੇ ਦੁਇ ਸਾਹਿਬਜ਼ਾਦੇ (ਚਮਕੌਰ ਤੋਂ) ਗ੍ਰਿਫਤਾਰ ਹੋ ਕੇ ਸਰਹਿੰਦ ਆਂਦੇ ਗਏ। ਸੋ ਇਉਂ ਸਰਹਿੰਦ ਸ਼ਹੀਦ ਹੋਣ ਵਾਲੇ ਸਾਹਿਬਜ਼ਾਦੇ ਜੁਝਾਰ ਸਿੰਘ ਤੇ ਫਤੇ ਸਿੰਘ ਜੀ ਹੋਏ।

ਮਹਿੰਮਾ ਪ੍ਰਕਾਸ਼ ਵਾਰਤਿਕ (੧੭੬੮ ਸੰਮਤ ਦਾ ਹੈ)। ਇਸ ਦਾ ਕ੍ਰਮ ਹੈ ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹ ਸਿੰਘ। ਇਸਤੋਂ ਮਗਰੋਂ (੧੮੦੯-੧੯) ਗੁ: ਬਿ: ਮਨੀਸਿੰਘ ਵਾਲਾ ਹੈ, ਉਸਨੇ ਚਮਕੌਰ ਵਿਚ ਦੇ ਦੋ ਸਾਹਿਬਜ਼ਾਦਿਆਂ ਦਾ ਨਾਮ ਅਜੀਤ ਸਿੰਘ ਜੁਝਾਰ

ਸਿੰਘ ਦਿੱਤਾਹੈ।ਸੋ ਇਸ ਦਾ ਕ੍ਰਮ ਬੀ ਇਹ ਹੋਇਆ। ਬੰਸਾਵਲੀ ਨਾਮਾ (੧੮੩੬ ਬਿ:) ਇਸ ਵਿਚ ਸਰਹਿੰਦ ਵਾਲੇ ਸਾਹਿਬਜ਼ਾਦਿਆਂ ਦਾ ਨਾਮ ਜੋਰਾਵਰ ਸਿੰਘ ਤੇ ਫਤੇ ਸਿੰਘ ਹੀ ਦਿਤਾ ਹੈ।

ਸਿੰਘ ਸਾਗਰ–(੧੮੮੪) ਇਸ ਦੇ ਕਰਤਾ ਜੀ ਨੇ ਚਮਕੌਰ ਵਿਚ ਸ਼ਹੀਦ ਹੋਇਆਂ ਦਾ ਨਾਮ ਅਜੀਤ ਸਿੰਘ ਜੁਝਾਰ ਸਿੰਘ ਦਿੱਤਾ ਹੈ ਤੇ ਸਰਹਿੰਦ ਵਾਲਿਆਂ ਦਾ ਜ਼ੋਰਾਵਰ ਸਿੰਘ ਫਤੇ ਸਿੰਘ ਲਿਖਿਆ ਹੈ। ਇਹੀ ਕ੍ਰਮ ਸਰਹਿੰਦ ਦੇ ਗੁਰਦਆਰੇ ਦ ਸੇਵਾਦਾਰਾਂ ਤੋਂ ਮਿਲਿਆ ਸੀ, ਇਹੀ ਵਧੇਰੇ ਸਹੀ ਜਾਪਦਾ ਹੈ। ਤਵਾ: ਖਾ:, ਕਨ੍ਹੱਯਾ ਲਾਲ, ਦੌਲਤ ਰਾਇ, ਸਾਧੂ ਗੋਬਿੰਦ ਸਿੰਘ, ਆਦਿਕ ਲੇਖਕਾਂ ਨੇ ਬੀ ਇਹੋ ਕ੍ਰਮ ਲਿਆ ਹੈ।

੨. ਗ੍ਰਿਫਤਾਰੀ ਦਾ ਟਿਕਾਣਾ।

ਗੁਰ ਸ਼ੋਭਾ ਤੇ ਇਸ ਤੋਂ ਬਣੇ ਗੁਰ ਬਿਲਾਸ ਭਾਈ ਮਨੀ ਸਿੰਘ ਨਾਮ ਵਾਲੇ ਨੇ ਗ੍ਰਿਫਤਾਰੀ ਛੋਟੇ ਸਾਹਿਬਜ਼ਾਦਿਆਂ ਦੀ ਚਮਕੌਰ ਤੋਂ ਲਿਖੀ ਹੈ। ਪਰ ਇਹ ਠੀਕ ਨਹੀਂ ਜਾਪਦਾ।ਗੁਰੂ ਸਾਹਿਬ ਜੀ, ਮਾਤਾ, ਦੋ ਬੱਚੇ ਚਮਕੌਰ ਗੜ੍ਹੀ ਵਿਚ ਇਕੱਲੇ ਤੁਰਕਾਂ ਦੇ ਰਹਿਮ ਤੇ ਛੱਡ ਕੇ ਕਦ ਆਪ ਬਾਹਰ ਨਿਕਲ ਜਾ ਸਕਦੇ ਸੇ। ਇਨ੍ਹਾਂ ਨੇ ਇਹ ਗੱਲ ਸਾਧਾਰਣ ਕਿਆਸ ਕੀਤੀ ਯਾ ਸੁਣੀ ਲਿਖੀ ਹੈ, ਪਰ ਸੁੱਖਾ ਸਿੰਘ ਜੀ, ਜਿਨ੍ਹਾਂ ਨੇ ਆਪਣੇ ਗੁਰ ਬਿਲਾਸ ਵਿਚ ਚਾਹੋ ਭਾਈ ਮਨੀ ਸਿੰਘ ਵਾਲੇ ਗੁ: ਬਿ: ਤੇ ਗੁ: ਸ਼ੋਭਾ ਤੋਂ ਮਸਾਲਾ ਲਿਆ ਹੈ, ਪਰ ਆਪ ਆਨੰਦ ਪੁਰ ਰਹੇ ਹਨ, ਇਸ ਕਰਕੇ ਮੁਕਾਮੀ ਹਾਲਾਤ ਦੇ ਵਧੇਰੇ ਜਾਣੂ ਹੋਏ ਹਨ, ਆਪ ਨੇ ਲਿਖਿਆ ਹੈ ਕਿ ਰੋਪੜ ਤੋਂ ਬਾਹਮਣ ਮਸੰਦ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਰਸਤਾ ਭੁਲਾ ਕੇ ਆਪਣੇ ਪਿੰਡ ਲੈ ਗਿਆ।

ਰੋਪਰ ਤੇ ਵਹੁ ਰਾਹ ਭੁਲਾਈ। ਨਿਜ ਪੁਰ ਕੋ ਲੈ ਗਯੋ ਕਸਾਈ। ਸਾਹਿਬਜ਼ਾਦੇ ਦੋਊ ਕੁਮਾਰ। ਤੀਜੇ ਦਾਦੀ ਸਾਥ ਨਿਹਾਰ।

ਇਹੋ ਗੱਲ ਸਾਰੇ ਹੋਰਨਾਂ ਨੇ ਲਿਖੀ ਹੈ। ਫੇਰ ਜਿਸ ਪਿੰਡ ਖੇੜੀ ਜਾਕੇ ਰਹੇ ਸੇ, ਉਹ ਬਾਬੇ ਬੰਦੇ ਨੇ ੧੭੬੭ ਬਿ: ਵਿਚ ਉਜਾੜਿਆ ਸੀ। ਮਗਰੋਂ ਨੇੜੇ ਸਹੇੜੀ ਨਾਮ ਦਾ ਪਿੰਡ ਵਸਿਆ। ਸਹੇੜੀ ਪਿੰਡ ਤੋਂ ਪੱਛੋਂ ਵੱਲ ਥੋੜੀ ਦੂਰ ਤੇ ਮੰਜੀ ਸਾਹਿਬ ਹੈ ਜੋ ਛੋਟੇ ਸਾਹਿਬਜ਼ਾਦਿਆਂ ਦਾ ਯਾਦਗਾਰੀ ਨਿਸ਼ਾਨ ਹੈ। ਇਸੇ ਤਰ੍ਹਾਂ ਮੋਰਿੰਡੇ ਵਿਚ ਜਿਥੇ ਸਾਹਿਬਜ਼ਾਦੇ ਸਰਹਿੰਦ ਜਾਂਦੇ ਥੋੜੀ ਦੇਰ ਠਹਿਰੇ ਸਨ, ਬੀ ਗੁਰਦੁਆਰਾ ਹੈ ਜੋ ਪਿੰਡ ਤੋਂ ਉਤਰ ਵਾਲੇ ਪਾਸੇ ਹੈ।

ਇਨ੍ਹਾਂ ਸਾਰੇ ਸਾਮਾਨਾਂ ਤੋਂ ਸਹੀ ਹੁੰਦਾ ਹੈ ਕਿ ਭਾ: ਸੁਖਾ ਸਿੰਘ ਜੀ ਦੀ ਲਿਖਤ ਸਹੀ ਹੈ। ਛੋਟੇ ਸਾਹਿਬਜ਼ਾਦੇ ਰੋਪੜ ਤੋਂ ਗੰਗੂ ਖੇੜੀ ਲੈ ਗਿਆ ਸੀ ਤੇ ਓਥੋਂ ਗ੍ਰਿਫਤਾਰ ਕਰਕੇ ਸਰਹਿੰਦ ਲਿਆਏ ਗਏ ਸੇ।

੩. ਕਤਲ ਕਿ ਨੀਹਾਂ ਹੇਠ ?

ਗੁਰ ਸ਼ੋਭਾ (੧੭੫੯ ਯਾ ੧੭੬੯) ਵਿਚ ਲਿਖਤ ਹੈ:–ਜੌ ਪ੍ਰਭ ਕੋ ਕਰਨੀ ਤਬਹੀ ਦੋਊ ਜੂਝਤ ਹੀ ਪਰਲੋਕ ਸਿਧਾਏ। ਪੁਨਾ–ਫਤੇ ਸਿੰਘ ਜੁਝਾਰ ਸਿੰਘ ਇਹ ਬਿਧ ਤਜੇ ਪਰਾਨ।

ਇਸ ਵਿਚ ਜੂਝਤ ਪਦ ਹੈ, ਜਿਸ ਦੇ ਅਰਥ ਹਨ ਲੜਦੇ ਹੋਏ ਮਾਰੇ ਜਾਣਾ। ਉਨ੍ਹਾਂ ਨੇ ਜੋ ਤੁਰਕਾਂ ਦੀ ਪ੍ਰੇਰਨਾ ਨਾਲ ਟਾਕਰਾ ਕੀਤਾ ਹੈ ਉਸ ਨੂੰ ਜੰਗ ਦੀ ਤੁੱਲਤਾ ਦੇਕੇ 'ਜੂਝਤ ਤਜੇ ਪਰਾਣ' ਕਿਹਾ ਹੈ, ਸੋ ਚਿਣੇ ਜਾਣ ਦਾ ਜ਼ਿਕਰ ਇਸ ਵਿਚ ਸਫੁਟ ਨਹੀਂ ਹੈ, ਨਾਂ ਹੀ ਕਤਲ ਦਾ ਸਾਫ ਜ਼ਿਕਰ ਹੈ ਪਰ 'ਜੂਝਤ ਤਜੇ ਪਰਾਣ' ਤੋਂ ਧੁਨੀ ਕਤਲ ਦੀ ਹੋ ਸਕਦੀ ਹੈ।

ਗੁਰ ਬਿਲਾਸ ਭਾ: ਮਨੀ ਸਿੰਘ (੧੮੦੯-੧੯) ਸਭ ਤੋਂ ਪੁਰਾਣੀ ਲਿਖਤ ਨੀਹਾਂ ਵਿਚ ਚਿਣਨ ਦਾ ਜ਼ਿਕਰ ਕਰਨ ਵਾਲੀ ਇਹ ਪੋਥੀ ਹੈ।

ਦੇ ਕਰ ਦੂਖ ਬਹੁਤ ਅਧਿਕਾਏ। ਤਬ ਨੀਹੋਂ ਮੈਂ ਬਾਲ ਚਿਨਾਏ। ਬਹੁਤ ਕਲੇਸ਼ ਦੁਰਕ ਤਬ ਦੀਨਾ। ਮੁਖ ਸੇ ਨਾਹ ਉਚਾਰ ਨ ਕੀਨਾ। ਜੁਗ ਅਵਤਾਰ ਸਹੀ ਮਿਲ ਪੀੜਾ। ਪਰਾਲਬਧ ਵਸ ਜਾਨ ਸਰੀਰਾ। ਜਬੈ ਚਿਨਾਇ ਭੀਤ ਮੈਂ ਦੀਨੇ। ਰਹੀ ਨ ਭੀਤ ਦਿਸ਼ਟ ਨਹਿ ਚੀਨੇ।

[ਅਧਯਾਇ ੧੬ ਅੰਕ ੨੫੬।

ਇਸ ਗੁ: ਬਿਲਾਸ ਤੋਂ ਇਹ ਪਤਾ ਬੀ ਚਲਦਾ ਹੈ ਕਿ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਦੁਖ ਬੀ ਕਈ ਪ੍ਰਕਾਰ ਦੇ ਦਿਤੇ ਗਏ ਸਨ। ਹਥਾਂ ਵਿਚ ਹਥੌੜੀਆਂ ਤੇ ਪੈਰਾਂ ਵਿਚ ਜ਼ੰਜੀਰ ਐਸੇ ਪਾਏ ਗਏ ਸਨ ਕਿ ਲਾਸਾਂ ਚੜ੍ਹ ਗਈਆਂ। ਭੁਖਿਆਂ ਰਖਣਾ, ਪਾਣੀ ਨਾ ਦੇਣਾ, ਮਾਤਾ ਜੀ ਦੇ ਪਾਸ ਨਾ ਜਾਣ ਦੇਣਾ ਆਦਿ ਯਥਾ:–

ਭੂਖੇ ਰਹੇ ਕਿਤਕ ਦਿਨ ਮਾਂਹੀ। ਨੀਰ ਨਾਹਿ ਤਿਨ ਕਛੂਅਕ ਪਜਾਹੀਂ। ਲਾਸ ਪਰੀ ਤਾਂ ਦਸਤ ਅਪਾਰਾ। ਪਾਦਨ ਮੱਧ ਸੁ ਅਪਰ ਅਪਾਰਾ*। ਐਸੇ ਦੂਖ ਦੀਨ ਅਧਿਕਾਈ। ਸਾਹਿਬ ਜਾਨੈ ਆਪ ਸੁ ਭਾਈ ॥ ੨੫੬ ॥ [ਅਧਯਾਇ ੧੬

ਅੱਠਵੇਂ ਦਿਨ ਬੰਦ ਬੰਦ ਜੁਦਾ ਕਰਨ ਦਾ ਡਰਾਵਾ ਦਿਤਾ ਗਿਆ:—ਅਸ਼ਟ ਰੋਜ ਮੈਂ ਆਇਕੈ ਕੀਨੋ ਰੋਖ ਅਪਾਰ। ਬੰਦ ਬੰਦ ਕਰੀਐ ਜੁਦਾ ਯਾ ਬਿਧ ਕਹੈਂ ਸੁਧਾਰ ॥ ੨੫੪ ॥

ਬੰਸਾਵਲੀ ਨਾਮਾ (੧੮੩੬ ਬਿ:)—ਇਸ ਵਿਚ 'ਖੰਡੇ' ਨਾਲ ਕਤਲ ਕੀਤੇ ਜਾਣਾ ਲਿਖਿਆ ਹੈ।

ਮਹਿਮਾ ਪ੍ਰਕਾਸ਼ (ਸਰੂਪ ਦਾਸ ਵਾਲਾ) 'ਤਦ ਉਸ ਨੇ ਜਲਾਦਾਂ ਕੋ ਕਹਾ ਇਸ ਤਰ੍ਹਾਂ ਕਰਕੇ ਇਹ ਕਾਰਨ ਹੁਆ' ਲੋਇਆ ਕਤਲ ਕੀਤੇ ਗਏ।

ਗੁਰ ਬਿਲਾਸ ਸੁਖਾ ਸਿੰਘ—

ਦੋਊ ਸਿਸਨ ਕੇ ਸੀਸ ਉਤਾਰੀ। ਦਏ ਕਾਟ ਉਨ ਅਧਮ ਗਵਾਰੀ। [ਸਫਾ ੪੫੦

ਸਿੰਘ ਸਾਗਰ—(੧੮੮੪)—

ਇਹ ਲਿਖਦਾ ਹੈ ਕਿ ਉਖੇੜੀ ਪਿੰਡ ਦੇ ਮਸੰਦ ਨੇ ਸਾਹਿਬਜ਼ਾਦੇ ਫੜਾ ਦਿਤੇ, ਨਾਮ ਇਸ ਨੇ ਜੋਰਾਵਰ ਸਿੰਘ ਤੇ ਫਤਹ ਸਿੰਘ ਦਿਤੇ ਹਨ ਤੇ ਲਿਖਿਆ ਹੈ:—

ਆਗੇ ਕਥਾ ਸੀਰੰਦ ਕੀ ਜਾਨਤ ਸਭ ਸੰਸਾਰ। ਜੋ ਲਿਖਤੀ ਪੋਥੀ ਸਾਡੇ ਸਾਹਮਣੇ ਪਈ ਹੈ ਉਸ ਵਿਚ ਇਹੋ ਸਤਰ ਲਿਖਕੇ ਵੇਰਵਾ ਨਹੀਂ ਦਿਤਾ।

ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਇਹ ਲਿਖਦਾ ਹੈ ਕਿ ਜਲਾਦ ਨੇ ਜ਼ਿਬਹ ਕੀਤੇ।

ਸੂਰਜ ਪ੍ਰਕਾਸ਼ (੧੯੦੦) ਵਿਚ ਕਤਲ ਕਰਨਾ ਲਿਖਿਆ ਹੈ।

ਮੁਫਤੀ ਖੈਰਦੀਨ ਵਟਾਲੀਆ (੧੯੮੫) ਕੰਧਾਂ ਵਿਚ ਚਿਣੇ ਜਾਣਾ ਲਿਖਦਾ ਹੈ।

ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਇਆਣਿਆਂ ਮਸੂਮਾਂ ਨੂੰ ਕੰਧ ਵਿਚ ਚਿਣਾਇਆ ਜਦ ਓਹ ਕੰਧ ਫਟ ਗਈ ਤਾਂ ਕਤਲ ਕਰਾ ਦਿਤਾ।

ਭੁਲੇਵਾਂ ਐਉਂ ਪਿਆ ਜਾਪਦਾ ਹੈ ਕਿ ਜੋ ਡਰਾਵੇ ਦਿਤੇ ਗਏ ਉਹਨਾਂ ਵਿਚ ਕੰਧਾਂ ਉਸਾਰ ਕੇ ਵਿਚ ਚਿਣ ਦੇਣ ਦਾ ਵੀ ਜ਼ਰੂਰ ਹੋਣਾ ਹੈ। ਵਧੇਰੇ ਡਰਾਉਣ ਲਈ ਕੰਧ ਦੁਆਲੇ ਉਸਾਰੀ ਵੀ ਜੋ ਮਨੀ ਸਿੰਘ ਜੀ ਵਾਲੇ ਗੁਰ ਬਿਲਾਸ ਵਿਚ ਦੱਸਿਆ ਹੈ ਕਿ ਕੰਧ ਨਾ ਰਹੀ ਤੇ ਤਵਾਰੀਖ ਖਾਲਸਾ ਕਹਿੰਦੀ ਹੈ ਕੰਧ ਢਹਿ ਪਈ। ਜਾਪਦਾ ਹੈ ਕਿ ਇਸ ਡਰਾਵੇ ਨਾਲ ਵੀ ਸਾਹਿਬਜ਼ਾਦਿਆਂ ਧਰਮ ਛਡਣਾਂ ਨਾ ਮੰਨਿਆਂ ਤਾਂ ਕਤਲਾਏ ਗਏ। ਇਟਾਂ ਵਿਚ ਚਿਣੇ ਜਾਣ ਤੋਂ ਹੀ ਸਰਹਿੰਦ ਦੀ ਇਟ ਨਾਲ ਇਟ ਖੜਕਣੀ ਦਾ ਖਯਾਲ ਵਾਬਸਤਾ ਹੈ। ਕਿਉਂਕਿ ਸਿਖਾਂ ਨੇ ੧੨ ਕੋਹਾਂ ਵਿਚ ਵਸਦੇ ਸਰਹਿੰਦ ਨੂੰ ਇੱਟ ਇੱਟ ਕਰਕੇ ਉਜਾੜਿਆ ਅਰ ਹਰ ਯਾੜ੍ਹੀ ਸਿੰਘ ਸਰਹਿੰਦ ਦੀਆਂ ਇੱਟਾਂ ਸਤਲੁਜ ਵਿਚ ਸਿੱਟਣੀਆਂ ਫਰਜ਼ ਸਮਝਦਾ ਰਿਹਾ, ਛੇਕੜ ਸਰਹਿੰਦ ਦੀਆਂ ਇੱਟਾਂ ਕੁੱਟਕੇ ਰੇਲ ਦੀ ਸੜਕ ਪੂਰ ਪਈਆਂ। ਇਹ ਜੋ ਇੱਟਾਂ ਪੁੱਟਣ ਦਾ ਖਿਆਲ ਸੀ ਏਹ ਉਨ੍ਹਾਂ ਦੇ ਇੱਟਾਂ ਵਿਚ ਚਿਣੇ ਜਾਣ ਤੋਂ ਹੀ ਚਲਿਆ ਜਾਪਦਾ ਹੈ ਤੇ ਇਹ ਪਤਾ ਵੀ ਲਗ ਗਿਆ ਕਿ ਸਭ ਤੋਂ ਪਹਿਲੋਂ (੧੮੦੯-੧੮) ਦਾ ਲਿਖਤੀ ਹਵਾਲਾ ਗੁ: ਬਿ: ਮ: ਸਿੰਘ ਵਿਚ ਹੈ ਜੋ ਗੁਰ ਸ਼ੋਭਾ ਤੋਂ ਥੋੜੇ ਸਾਲ ਮਗਰੋਂ ਦਾ ਹੈ। ਹੋਰ ਖੋਜ ਨਾਲ ਸ਼ਾਇਦ ਹੋਰਕੁਝ ਨਿਸ਼ਚਿਤ ਪਤਾ ਲੱਭ ਪਵੇ। ਪਰ ਹਾਲੇ ਇਹੀ ਜਾਪਦਾ ਹੈ ਕਿ ਚਿਣਨਾ ਇਕ ਡਰਾਵਾ ਸੀ ਤੇ ਸਰੀਰਾਂ ਦਾ ਅੰਤ ਕਤਲ ਨਾਲ ਹੋਇਆ ਹੈ।

—o—

ਸੂਚਨਾ—ਛੋਟੇ ਸਾਹਿਬਜ਼ਾਦਿਆਂ ਦੇ ਇਸ ਦਰਦਨਾਕ ਸਾਕੇ ਵੇਲੇ ਜੋ ਗੁਪਤ ਹਾਲ ਨਵਾਬ ਸਰਹਿੰਦ ਦੇ ਮਹਿਲਾਂ ਵਿਚ ਵਰਤਿਆ ਉਸ ਦਾ ਨਕਸ਼ਾ ਅਗਲੇ ਪ੍ਰਸੰਗ ਵਿਚ ਹੈ—

*ਦੂਸਰੇ ਲਿਖਤੀ ਨਸਖੇ ਵਿਚ ਇਸ ਦਾ ਪਾਠਾਂਤਰ ਐਉਂ ਹੈ—
ਡਾਨ ਪਰੀ ਤਾਂ ਦਸਤ ਅਪਾਰਾ। ਪਾਦਨ ਮਧ ਅਥਰ ਸੁ ਅਪਾਰਾ।

੭੪. ਜ਼ੈਨਾਂ ਦਾ ਵਿਰਲਾਪ* ।

ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ, ਜਗਤ ਰੱਖਕ, ਅਵਤਾਰ ਸ਼ਿਰੋਮਣੀ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਖਿਡਾਉਣ ਵਾਸਤੇ ਇਕ ਰਾਜਪੂਤ ਜਾਤ ਤੋਂ ਬਣੀ ਸਿਖ ਇਸਤ੍ਰੀ ਸਿਖ ਪਤੀ ਸਣੇ ਮਹਿਲਾਂ ਵਿਚ ਰਹਿੰਦੀ ਹੁੰਦੀ ਸੀ। ਪਹਿਲੇ ਸਲੋਕ ਦੀ ਕੋਈ ਕੋਈ ਖੇਲਣ ਕਦੇ ਕਦੇ ਇਸ ਨੂੰ ਮਿਲਨੇ ਆ ਜਾਇਆ ਕਰਦੀ ਸੀ। ਇਕ ਵੇਰੀ ਇਕ ਰਾਜਪੂਤਨੀ ਸੁਹਾਗੋ ਨਾਮੇ ਆਪਣੀ ਮੁਟਿਆਰ ਪਰ ਅਤਿ ਸੁੰਦਰ ਤੇ ਕੁਆਰੀ ਧੀ ਭਾਗੋ ਸਣੇ ਆਈ। ਕੁਝ ਦਿਨ ਪ੍ਰਾਹੁਣੀ ਰਹਿ ਕੇ ਇਲਾਸ-ਪੁਰ ਦੇ ਰਾਜ ਵਿਚ ਚਲੀ ਗਈ, ਜਿਥੇ ਜਾਕੇ ਰਾਜਾ ਦੇ ਮਹਿਲਾਂ ਵਿਚ ਗੋਲੀ ਹੋ ਗਈ। ਇਸ ਦੀ ਇਹ ਮੁਟਿਆਰ ਲੜਕੀ ਕੁਝ ਦਿਨ ਗੁਰੂ ਮਹਿਲਾਂ ਦੇ ਦਾਸ ਘਰਾਂ ਵਿਚ ਰਹੀ ਸੀ। ਜਦੋਂ ਹਣ ਮੁੜਕੇ ਮਾਂ ਪਾਸ ਗਈ; ਗੁਰੂ ਘਰ ਦਾ ਅਸਰ ਉਸ ਦੇ ਦਿਲ ਪੁਰ ਹੋ ਗਿਆ ਸੀ ਜੋ ਅੰਤ ਤਕ ਨਾ ਭੁੱਲਾ। ਸਾਹਿਬਜ਼ਾਦਿਆਂ ਦੇ ਸੁੰਦਰ ਸਰੂਪ, ਸਿੱਖਾਂ ਦੇ ਤੇਜੱਸ੍ਵੀ ਦਰਸ਼ਨ, ਰਾਜਸੀ ਤੇ ਸ਼ਾਂਤਕੀ ਪ੍ਰਭਾਵ ਉਸ ਦੇ ਸਾਦੇ ਦਿਲ ਪੁਰ ਪੱਥਰ ਲੀਕ ਹੋ ਗਏ ਸੇ। ਰਾਜੇ ਬਿਲਾਸ ਪੁਰ ਦੇ ਦੁਆਰੇ ਮਾਂ ਨਾਲ ਸੇਵਾ ਕਰਦੀ ਰਾਜਮੀ ਰਣਵਾਸਾਂ ਦੇ ਸਾਰੇ ਹਾਲਾਂ ਦੀ ਵਾਕਫ ਹੋ ਗਈ ਸੀ। ਰਾਜੇ ਦੇ ਨੰਗ ਜੁੱਧਾਂ ਅਰ ਗੁਰ ਦੋਹਾਂ ਦੇ ਹਾਲ ਬੀ ਮਹਿਲਾਂ ਵਿਚ ਸੁਣਦੀ ਰਹਿੰਦੀ ਸੀ, ਪਰ ਉਹ ਬਾਲਪਨ ਦਾ ਖੱਧਾ ਨਕਸ਼ਾ ਭੋਲੇ ਹਾ ਵਿਚ ਜੋ ਅਸਰ ਕਰ ਗਿਆ ਹੋਇਆ ਸੀ, ਕਾਇਮ ਸੀ। ਇਹ ਅਸਰ ਕਿ ਅਨੰਦਪੁਰ ਦੇਵਤਿਆਂ ਦੀ ਪੁਰੀ ਹੈ, ਉਥੋਂ ਦੇ ਵਾਸੀ ਧਰਮੀ ਹਨ ਅਰ ਉਨ੍ਹਾਂ ਅਗੇ ਕਿਸੇ ਦੀ ਪਾਇਆਂ ਨਹੀਂ, ਦਿਲ ਤੋਂ ਕਦੀ ਦੂਰ ਨਾ ਹੋਇਆ। ਹੁਣ ਇਹ ਵਹੁਤ ਜੁਆਨ ਹੋ ਗਈ। ਕੁੜੀ ਪਿਤਾ ਨੇ ਵਿਆਹ ਦਿੱਤੀ। ਇਸ ਦਾ ਸਹੁਰਾ ਘਰ ਸਰਹਿੰਦ ਵਿਚ ਸੀ। ਅਜੇ ਡੋਲਾ ਸਰਹਿੰਦ ਨਹੀਂ ਪਹੁੰਚਾ ਸੀ ਕਿ ਇਸ ਦੀ ਸੁੰਦਰਤਾ ਅਰ ਜੁਆਨੀ ਦੀ ਧਾਕ ਪਹਿਲੇ ਅੱਪੜ ਪਈ। ਡੋਲਾ ਰਸਤੇ ਵਿਚ ਹੀ ਰੋਕ ਕੇ ਖੋਹ ਲਿਆ ਗਿਆ ਅਰ ਇਸ ਤਰ੍ਹਾਂ ਨਵਾਬ ਦੇ ਮਹਿਲੀਂ ਪਹੁੰਚਾਇਆ ਗਿਆ ਕਿ ਪਤਾ ਨਾ ਲੱਗ ਸਕੇ ਡੋਲਾ ਕਿਸ ਦੱਸ ਖੜਿਆ ਹੈ। ਪਹਿਲੇ ਤਾਂ ਇਹ ਸਖਤ ਫੰਜ ਵਿਚ ਰਹੀ, ਅਤੇ ਮਹੀਨਿਆਂ ਤੱਕ ਨਵਾਬ ਦੇ ਮੱਥੇ ਨਾਂ ਲਗੀ ਤੇ ਧਰਮ ਬਚਾਉਣ ਦਾ ਜ਼ੋਰ ਲਾਉਂਦੀ ਰਹੀ, ਪਰ ਅੰਤ ਇਸ ਦਾ ਧਰਮ ਕਈ ਤਰੱਦਦਾਂ ਦੇ ਅਗੇ ਨਾ ਬਚਿਆ। ਹਠ ਨੇ ਹਾਰ ਦਿਤੀ ਤੇ ਬੇਗਮ ਬਣ ਗਈ†। ਐਸ਼ੁਰਜ ਪਾਕੇ ਵਿਪਦਾ ਨੂੰ ਭੁੱਲੀ ਤਾਂ ਸਹੀ, ਪਰ ਉਹ ਅਨੰਦ ਪੁਰ ਦੀ ਦੈਵੀ ਹਵਾ ਦਾ ਇਕ ਰੁਮਕਾ ਕਦੇ ਕਦੇ ਯਾਦ ਆਉਂਦਾ ਤਾਂ ਉਹ ਬਾਲ-ਪਨੇ ਦਾ ਧਰਮੀ ਅਸਰ ਤਾਂ ਬਿਹਬਲ ਕਰ ਦਿੰਦਾ। ਇਸ ਯਾਦ ਦਾ ਸ਼ੁਭ ਫਲ ਬੀ ਕਈ ਵੇਰ ਨਿਕਲਦਾ ਕਿ ਸਿਖਾਂ ਨੂੰ ਕਈ ਮਦਦਾਂ ਇਸ ਤੋਂ ਗੁਪਤ ਪੁਜ ਜਾਂਦੀਆਂ‡, ਪਰੰਤੂ ਤਦ ਬੀ ਆਪਣੀ ਸੁੰਦਰਤਾ ਅਰ ਗੁਣਾਂ ਦੀ ਕਦਰਦਾਨੀ ਵਿਚ ਭੁੱਲ ਦਾ ਨਸ਼ਾ ਅਕਸਰ ਚੜ੍ਹਿਆ ਰਹਿੰਦਾ ਅਰ ਬੇਗਮ ਬਹੁਤਾ ਵਕਤ ਭੁੱਲ ਦੇ ਆਸਰੇ ਸੁਖ ਵਿਚ ਹੀ ਬਿਤਾਉਂਦੀ। ਜਦ ਗੰਗੂ ਬ੍ਰਾਹਮਣ ਨੇ ਛੋਟੇ ਸਾਹਿਬਜ਼ਾਦੇ ਫੜਵਾਏ ਤੇ ਨਵਾਬ ਦੇ ਦਰਬਾਰ ਵਿਚ ਕਤਲ ਦੇ ਮਤੇ ਪਕੀਜੇ, ਤਦ ਘਰ ਘਰ ਹਾਹਾਕਾਰ ਮਚੀ। ਉਸ ਹਾਹਾਕਾਰ ਦੀ ਸੁੰਧਕ ਮਹਿਲਾਂ ਵਿਚ ਬੀ ਪਹੁੰਚੀ ਅਰ ਜ਼ੈਨਾਂ ਦੇ ਕੰਨੀਂ ਬੀ ਪਈ। ਜ਼ੈਨਾਂ ਨੇ ਅਸਲ ਹਾਲ ਪੁਛ ਮੰਗਵਾਏ। ਪੁਰਾਣੇ ਸਮੇਂ ਅੱਖਾਂ ਅਗੇ ਆ ਗਏ, ਨਾਲ ਸਿਖਾਂ ਦੇ ਏਲ ਤੇ ਤੇਜ ਦਾ ਡਰ ਬੀ ਛਾ ਗਿਆ, ਤੇ ਸਿਖਾਂ ਦੇ ਹਥੋਂ ਆਪਣੇ ਰਾਜ ਭਾਗ ਨਿਸਚਿਤ ਤਬਾਹ ਹੋ ਜਾਣ ਦਾ ਸਹਿਮ ਛਾ ਗਿਆ। ਇਨ੍ਹਾਂ ਡਰਾਂ ਨਾਲ ਬਿਆਕੁਲ ਹੋ ਗਈ ਤੇ ਕਈ ਵਰ ਨੈਣ ਭਰ ਭਰ ਡੁਲ੍ਹਣ ਲਗ ਪਏ। ਇਸ ਦਸ਼ਾ ਵਿਚ ਰਾਤ ਕੁਝ ਬੀਤ ਗਈ। ਇਸ ਪ੍ਰਕਾਰ ਦੇ ਵਿਰਲਾਪ ਵਿਚ ਸੀ ਕਿ ਨਵਾਬ ਸਾਹਿਬ

*ਇਹ ਪ੍ਰਸੰਗ ਸੰਃ ਗੁਃ ਨਾਃ ਸਾਃ ੪੩੪, ਅਪੈਲ ੧੯੦੨ ਈਃ ਵਿਚ ਪ੍ਰਕਾਸ਼ਤ ਹੋਇਆ ਸੀ।

†ਇਸ ਬੇਗਮ ਦਾ ਮੁਸਲਮਾਨੀ ਨਾਮ ਜ਼ੈਨਬੁੱ ਨਿਸਾ ਹੋਇਆ।ਜਿਸ ਨੂੰ ਪਿਆਰ ਨਾਲ ਨਵਾਬ ਸਾਹਿਬ ਜ਼ੈਨਾ ਕਰਕੇ ਸੱਦਦੇ ਦੇਖਨਾ।

‡ਦੇਖੋ ਏਸੇ ਗ੍ਰੰਥ ਦੇ ਪੂਰਬਾਰਧ ਵਿਚ 'ਤਿਲੋਕ ਬਾਈ ਤੇ ਘੁੱਲੂ ਸ਼ਾਹ' ਦਾ ਪ੍ਰਸੰਗ ਅੰਕ ੩੬।

ਬੀ ਮਹਿਲੀਂ ਆ ਗਏ, ਉਸ ਦੀ ਬਿਆਕੁਲਤਾ ਦੇਖ ਕੇ ਉਸ ਦੇ ਰੂਪ ਦੇ ਟੈਦੀ ਨਵਾਬ ਸਾਹਿਬ ਬਿਆਕੁਲ ਹੋ ਗਏ ਅਰ ਖਹਿੜੇ ਪੈ ਪੈ ਕੇ ਪੁੱਛਣ ਲਗੇ ਅਰ ਅੱਗੇ ਲਿਖੀ ਬਾਤ ਚੀਤ ਸਾਰੀ ਰਾਤ ਹੁੰਦੀ ਰਹੀ ਜੋ ਪਹਿਲੇ ਅੰਕ ਵਿਚ ਲਿਖੀ ਹੈ। ਦੁਸਰੇ ਅੰਕ ਵਿਚ ਨਵਾਬ ਸਾਹਿਬ ਤੇ ਉਹਨਾਂ ਦੇ ਮੁਸਾਹਿਬਾਂ ਦੀ ਗੁਪਤ ਸਲਾਹ ਦੇ ਮਸ਼ਵਰੇ ਦਾ ਹਾਲ ਹੈ, ਜਿਸ ਦਾ ਸਿੱਟਾ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੀ। ਸ਼ਹੀਦ ਕਰਕੇ ਨਵਾਬ ਬੜਾ ਦਿਲਗੀਰ ਹੋਕੇ ਮਹਿਲੀਂ ਗਿਆ, ਬੇਗਮ ਅੱਗੇ ਹੀ ਏਹ ਦਿਲਚੀਰ ਸਮਾਚਾਰ ਸੁਣ ਕੇ ਰੋ ਰਹੀ ਸੀ, ਨਵਾਬ ਦੇ ਪਹੁੰਚਿਆਂ ਫੇਰ ਬਹਿਸ ਛਿੜੀ। ਇਹ ਬਾਤ ਚੀਤ ਤੀਸਰੇ ਅੰਕ ਵਿਚ ਵਰਣਿਤ ਹੈ। ਏਹ ਹਾਲਾਤ ਇਕ ਦਰਦਨਾਕ ਗਾਇਨ ਧਾਰਨਾ ਵਿਚ ਲਿਖੇ ਹਨ।

ਰਾਗ—ਪਹਾੜ।

ਤਾਲ—ਚੰਚਲ ਧਮਾਰ (ਯਾ ਗੀਤ ਤਾਰ)

ਧਾਰਨਾ— { ਸੁਣ ਰਾਜਾ ਮੇਰੀ ਬਾਤ,
ਹੀਰਾ ਮਿਰਗ ਸੁਖਨ ਏ ਬੋਲਿਆ

ਚਿਤ ਵਾਜੇ { ਗਾ ਗਾ ਗਾ ਰੇ ਰੇ ਸਾ
ਵਿਚੋਂ { ਇਹ ਕੀ ਕੀ·····ਤਾ ਸੂ ਕਾਜ
ਗਾਉਣ { ਗਾਗਾ ਗਾ ਗਾ ਰੇ ਸਾ ਸਾ ਰੇ ਰੇ ਰੇ
ਲਈ { ਸੋਚੀ ਨਹੀਂ ਦੂ···ਰ ਦੀ ਸ਼ਾਹ ਨੇ

ਛੰਦ—ਸਿਰਖੰਡੀ ਛੰਦ*।

ਅੰਕ ੧

ਸਰਹੰਦ ਦੇ ਰਾਜ ਮਹਲ,
ਪਟਰਾਣੀ ਜ਼ੈਨਾਂ ਦਾ ਕਮਰਾ

ਆਈ ਜ਼ੈਨਾਂ ਘਾਬਰੀ ਹੋਈ ਤੇ ਰੋਂਦੀ ਰੋਂਦੀ:—

ਏ ਕੀ ਕੀਤਾ ਸੂ ਕਾਜ,
ਸੋਚੀ ਨਹੀਂ ਦੂਰ ਦੀ ਸ਼ਾਹ ਨੇ।
ਰਹਿਸੀ ਤਖਤੇ ਨ ਤਾਜ,
ਦੌਲਤ ਹੁਕਮ ਦੂਰ ਹੋ ਜਾਣਗੇ।
ਉਲਟੀ ਪੈਂਦੀ ਏ ਢਾਲ,
ਖੋਟੇ ਸ਼ਗਨ ਸਾਫ ਹਨ ਹੋ ਰਹੇ।
ਹੋਸੀ ਮੰਦਾ ਹਵਾਲ,
ਮੱਥਾ ਲਗਾ ਰੱਬ ਦੇ ਨਾਲ ਜੋ।

(ਗੋਲੀਆਂ ਨੂੰ)

ਕੋਈ ਜਾਈਓ ਸ਼ਿਤਾਬ,
ਲਿਆਵੋ ਤੁਰਤ ਸੱਦ ਨੀ ਸ਼ਾਹ ਨੂੰ।
ਮੈਂ ਹੋ ਰਹੀਆਂ ਬਿਤਾਬ,
ਮੈਨੂੰ ਸਹੀਓ ਚੈਨ ਨਾ ਆਂਵਦਾ।
ਕਰ ਨ ਬੈਠੇ ਕੁਕਾਜ,
ਹੋੜੋ ਕੋਈ ਜਾਇ ਕੇ ਸ਼ਾਹ ਨੂੰ।
ਉਡ ਜਏ ਹੱਥੋਂ ਜਿ ਬਾਜ,
ਹੱਥ ਆਵਣਾਂ ਫੇਰ ਨੀ ਔਖ ਹੈ।
ਦੌੜੋ ਦੌੜੋ ਨੀ ਦੌੜ,
ਲਿਆਵੋ ਘਰੀਂ ਸੱਦ ਕੇ ਕੰਤ ਨੂੰ।
ਕੰਮ ਨਾ ਹੋ ਜਾਏ ਚੌੜ,
ਛੇਤੀ ਕਰੋ ਗੋਲੀਓ ਮੇਰੀਓ!

[ਆ ਗਿਆ ਨਵਾਬ

ਨਵਾਬ—

ਪਿਆਰੀਂ ਜ਼ੈਨਾਂ ਅਜ਼ੀਜ਼,
ਤੇਰਾ ਕਿਹਾ ਰੰਗ ਨੀ ਹੋ ਗਿਆ?

ਬੋਲੀ ਕੋਈ ਕਨੀਜ਼?
ਮੰਦਾ ਕਿਸੇ ਦੱਸ ਜੇ ਬੋਲਿਆ?
ਤੇਰਾ ਚਿਹਰਾ ਗੁਲਾਬ,
ਕਿਹੜੀ ਵੱਲੇ ਉੱਡ ਨੀ ਹੈ ਗਿਆ?
ਮੰਦੀ ਚਿਹਰੇ ਦੀ ਆਬ,
ਕਿਹੜੀ ਗੱਲੇ ਦੱਸ ਹੈ ਪੈ ਗਈ?
ਦਸ ਦੇਹ ਛੇਤੀ ਹਵਾਲ,
ਮੈਨੂੰ ਬਿਚੈਨੀ ਨੇ ਹੈ ਘੇਰਿਆ।
ਦੇਈਂ ਮੂਲੋਂ ਨ ਟਾਲ,
ਘੁੰਡੀ ਦਿਲੇ ਦੀ, ਨੀ ਤੂੰ ਖੋਲ੍ਹ ਦੇ।

ਬੇਗਮ—

ਸੁਣ ਸ਼ਾਹਾ! ਮੇਰੀ ਬਾਤ,
ਮੰਦਾ ਕਿਸੇ ਮੂਲ ਨਾ ਬੋਲਿਆ।
ਮੇਰੇ ਹਿਰਦੇ ਦੀ ਸ਼ਾਂਤ,
ਚਿੰਤਾ ਦੀ ਡਾਇਣ ਕਿਤੇ ਲੈ ਗਈ।
ਦੱਸਾਂ ਦਿਲ ਦਾ ਕੀ ਹਾਲ?
ਖੋਲ੍ਹ ਆਪਣਾ ਭਰਮ ਹੈ ਖੋਵਣਾ।
ਹੱਸ ਕੇ ਦੇਵੋਗੇ ਟਾਲ,
ਮੰਨੋਂਗੇ ਨਾ ਮੈਂਡੜਾ ਆਖਿਆ।

---

*ਇਸ ਛੰਦ ਦੀ ਚਾਲ ਸਿਰਖੰਡੀ ਹੈ, ਮਾਤ੍ਰਾ ੧੩ + ੧੭ ਹਨ। ਇਸ ਦਾ ਤੁਕਾਂਤ ਵਿਚਲੇ ਵਿਸਰਾਮ ਤੇ ਹੁੰਦਾ ਹੈ ਅਰ ਤੁਕਾਂਤ ਦਾ ਛੋਕੜਲਾ ਅੱਖਰ ਹ੍ਰਸਵ ਤੇ ਉਸ ਤੋਂ ਪਹਿਲਾ ਦੀਰਘ ਹੁੰਦਾ ਹੈ ਤੇ ਤੁਕ ਦੇ ਮੁਕਣ ਪਰ ਤੁਕਾਂਤ ਮਿਲਦਾ ਨਹੀਂ ਹੁੰਦਾ, ਪਰ ਛਕੜਲਾ ਅੱਖਰ ਦੀਰਘ ਹੁੰਦਾ ਹੈ।

ਬਾਲਕ, ਨੌਕਰ ਤੇ ਨਾਰ,
ਇੱਕੋ ਜਿਹੇ ਲੋਕ ਹਨ ਜਾਣਦੇ।
ਕਰਦਾ ਕੌਣ ਏਤਬਾਰ ?
ਕਿਹੜਾ ਮੰਨੇ ਏਨ੍ਹਾਂ ਦਾ ਆਖਿਆ।

ਨਵਾਬ–
ਸੁਣ ਬੇਗਮ ਮੇਰੀ ਜਾਨ !
ਤੇਰੇ ਉੱਤੋਂ ਵਾਰਨੇ ਮੈਂ ਗਿਆ।
ਘਰ ਬਾਹਰ ਸਾਰੇ ਮਾਨ
ਤੇਰਾ ਸਦਾ ਪਤਿਆਰੀਏ ਰੱਖਿਆ,
ਮੋੜੀ ਕੋਈ ਨ ਬਾਤ,
ਹਾਸੇ, ਸਚੀਂ, ਜ਼ੋਰ, ਜੋ ਤੂੰ ਕਹੀਂ ?
ਅਪਣੇ ਜੀ ਦੀ ਬੀ ਜਾਨ
ਤੈਨੂੰ ਸਦਾ ਸੁਹਣੀਏਂ ਜਾਣਿਆਂ।
ਅਪਣੀ ਜ਼ਿੰਦੜੀ ਦੀ ਜਾਨ
ਤੈਨੂੰ ਸਦਾ ਦੱਖਿਆ ਪਤਿਆਰੀਏ !
ਡਾਢਾ ਹੋਯਾਂ ਹਿਰਾਨ
ਤੇਰਾ ਬੁਰਾ ਹਾਲ ਨੀ ਵੇਖਕੇ।
ਹੋ ਜਾ ਹੁਣ ਮਿਹਰਬਾਨ,
ਗੁੱਸਾ ਗਿਲਾ ਛੱਡਦੇ ਸੁਹਣੀਏਂ !

ਬੇਗਮ–
ਘਰ ਬਾਹਰ ਤੇ ਈਮਾਨ,
ਤੇਰੇ ਪਿੱਛੇ ਟੁਰ ਗਿਆ ਰਾਜਿਆ !
ਪੇਕੇ ਸਹੁਰੇ ਤੇ ਸਾਕ,
ਤੇਰੇ ਲਈ ਦੂਰ ਸਭ ਹੋ ਗਏ।
ਭੰਨ ਕੇ ਗਹਿਣੇ ਤਮਾਮ,
ਤੈਨੂੰ ਬਣਾ ਹੱਸ ਮੈਂ ਵੇ ਲਿਆ।
ਤੂੰਹੀਂ ਹੀ ਰੱਬ ਤੇ ਰਾਮ
ਆਸਰਾ ਸਭੀ ਥੋਕੜੀਂ ਮੈਂਡੜਾ।
ਵਿੰਗਾ ਹੋ ਜਾਏ ਵਾਲ
ਤੇਰੇ ਪਿੰਡੜੇ ਇਕ ਜੇ ਸ਼ਾਹ ਜੀ;
ਮੇਰਾ ਆ ਜਾਏ ਕਾਲ,
ਮੱਛੀ ਦਾ ਜਿਉਂ ਨੀਰ ਤੋਂ ਵਿਛੁੜਿਆਂ।
ਤੂੰ ਭਰਤਾ ਵੇ ਮੈਂ ਨਾਰ,
ਤੇਰੇ ਬਿਨਾਂ ਮੂਲੋਂ ਨਾ ਸ਼ੋਭਦੀ।
ਮੈਂ ਪੱਤਰ ਤੂੰ ਵੇ ਡਾਰ,
ਤੇਰੇ ਬਿਨਾਂ ਮੇਰਾ ਕੀ ਆਸਰਾ ?
ਹੁਣ ਤੂੰ ਕੀਤਾ ਹਨੇਰ,
ਆਪੇ ਵੜਿਓਂ ਵਿਚ ਜਾ ਭੱਠ ਦੇ,
ਹੋ ਗਿਓਂ ਹਦੋਂ ਦਲੇਰ,
ਵਿਹੜੇ ਲੱਥੋਂ ਮੌਤ ਦੇ ਖੇਡਣੇ।
ਮਿਲ ਗਏ ਖੋਟੇ ਮੁਨੀਬ,
ਖੋਟੀਆਂ ਪੱਟੀਆਂ ਤੂੰ ਵਾਚੀਆਂ।
ਮਿੱਠੀ ਉਹਨਾਂ ਦੀ ਜੀਭ,
ਮਾਰੂ ਜਿਵੇਂ ਮਿੱਠੜਾ ਤੇਲੀਆ* ।
ਜਾਂਦੇ ਪਰਬਤ ਨੀ ਪਾੜ
ਸੁਣਦੇ ਰਹਿਣ ਮੰਤ੍ਰ ਜੋ ਖੋਟੜੇ।
ਚੁਗਲੀ ਨਿੰਦਾ ਦੀ ਚਾੜ
ਬੁਰਜਾਂ ਕਿਲੇ ਭੋਇੰ ਤੇ ਡੇਗਦੀ।

ਨਵਾਬ–
ਕੈਸੀ ਅਚਰਜ ਹੈ ਬਾਤ,
ਪਾਵੇਂ ਬੁਝਾਰਤਾਂ ਤੂੰ ਬੇਗਮੇਂ !
ਬੀਤੀ ਕਿੰਨੀ ਹੈ ਰਾਤ,
ਦੱਸੇਂ ਨਹੀਂ ਬਾਤ ਤੂੰ ਖੋਲ੍ਹ ਕੇ।
ਲੇਖੇ ਰੱਬ ਤੇ ਰਸੂਲ,
ਦੱਸੀਂ ਦਿਲੀ ਦਰਦ ਤੇ ਦੁੱਖ ਜੋ।
ਮੇਰਾ ਮਿਟ ਜਾਏ ਸੂਲ
ਫੇੜ੍ਹਾ ਉਦਾਸੀ ਤੇਰੀ ਛੇੜਿਆ।

ਬੇਗਮ–
ਖੇਡੇਂ ਸੱਪਾਂ ਦੀ ਖੇਡ
ਵਿਹੁੰਹੋਂ ਦਾ ਮੰਤਰ ਨ ਤੂੰ ਜਾਣਦਾ।
ਮਾਰੀ ਜਾਈਆ ਨ ਭੇਡ,
ਮੋਂਥੇ ਸਿਖਾਂ ਨਾਲ ਤੂੰ ਲਾ ਲਏ।
ਪੁੱਛੇਂ ਮੈਨੂੰ ਕੀ ਹਾਲ,
ਸਾਰੇ ਵ੍ਰਤਾਏ ਨੀ ਤੂੰ ਹਾਲ ਜੋ।
ਵਸ ਨ ਚਲੇ ਤੇਰੇ ਨਾਲ,
ਨਿਰਬਲ ਪਰਾਧੀਨ ਮੈਂ ਨਾ ਰਹਾਂ।
[ਅਸਮਾਨਾਂ ਵਲ ਤੱਕ ਕੇ
ਰੱਬਾ ! ਬਿਜਲੀ ਨੂੰ ਭੇਜ,
ਭੈੜੇ ਮੁਸਾਹਿਬ ਤਿਰੇ ਮਾਰਦੇ,
ਗ਼ੈਬੀ ਗੋਲੇ ਦੀ ਤੇਜ
ਆ ਕੇ ਲਵੇ ਮਾੜੇ ਦਰਬਾਰੀਆਂ;
ਧਰਤੀ ਤੂੰਹੋਂ ਹੀ ਪਾਟ,
ਸਮੇਟੀਂ ਜੋ ਕਾਜ਼ੀ ਬੁਰਾ ਬੀਜਦੇ।

*ਮਿੱਠਾ ਤੇਲੀਆ, ਨਾਂ ਨੂੰ ਮਿੱਠਾ ਹੈ, ਪਰ ਉਂਵ ਵਿਹੁ ਹੈ।

ਆ ਪਏ ਪਰਬਤ ਦੀ ਫਾਟ
ਸੁੰਹੀਆਂ ਨੂੰ ਦੱਬੇ ਤਲੇ ਨੱਪ ਕੇ;
ਲਾਵੀਂ ਨਦੀਏ ਨੀ ਢਾਹ
ਝੂਠੀ ਸ਼ਰਮ ਵਾਲੜੇ ਦੇੜ ਲੈ;
ਪੈ ਜਾਇ ਮੇਰੀ ਹੀ ਹਾਹ;
ਸੜ ਕੇ ਸੁਆਹ ਸਾਰੇ ਹੀ ਜਾਣ ਹੋ।
ਮੰਦੀ ਦਿਤੜੀ ਸਲਾਹ
ਪਾਪੀ ਜਿਨ੍ਹਾਂ ਮੇਰੜੇ ਕੰਤ ਨੂੰ।
[ਕੰਤ ਵਲ ਤੱਕ ਕੇ
ਸਿਰ ਦੀ ਸਹੁੰ ਸਾਈਂ ਖਾਹ
ਕੌਲ ਦੇਈਂ ਸੁਖਨ ਦਾ ਸੱਚੜਾ।
ਦੱਸਸਾਂ ਤਦ ਮੈਂ ਓ ਹਾਲ,
ਖੋਲ੍ਹਾਂ ਦਿਲੇ ਵਾਲੀ ਤਾਂ ਘੁੰਡੜੀ,
ਨਹੀਂ ਤਾਂ ਮਾਂਰਾਂਗੀ ਛਾਲ,
ਮਾਰਾਂ ਕਟਾਰੀ ਜਾ ਮੈਂ ਪੇਟ ਨੂੰ।

ਨਵਾਬ–
ਹਾ ਹਾ ! ਪਤਾਰੀ ਨ ਆਖ
ਐਸੀ ਬੁਰੀ ਗੱਲ ਤੂੰ ਮੂੰਹ ਤੋਂ।
ਜਲ ਬਲ ਹੋ ਜਾਵਾਂ ਰਾਖ,
ਤੈਨੂੰ ਹਵਾ ਤੱਤੜੀ ਜੇ ਲਗੇ।
ਖਾਵਾਂ ਸਹੁੰ ਨੀ ਸੁਗੰਦ,
ਅੱਲਾ ਮੁਹੰਮਦ ਤੇ ਮੈਂ ਪੀਰ ਦੀ।
ਸੰਭਲਾਂ ਕੱਚੀ ਜਿਉਂ ਤੰਦ
ਤੈਨੂੰ ਸੁਖਨ ਜੋ ਹਾਂ ਮੈਂ ਦੇਂਵਦਾ।
ਜੋ ਤੂੰ ਆਖੇਂਗੀ ਆਪ,
ਸੋਈਓ ਕਰਾਂ ਪਤਾਰੀਏ ਬੇਗਮੇਂ !
ਮੂਲੋਂ ਖਾਸਾਂ ਨ ਕਾਂਪ,
ਸਿਖਾਇਆ ਕਿਸੇ ਦੇ ਨ ਮੈਂ ਭੁੱਲਸਾਂ।

ਬੇਗਮ–
ਐਥੇ ਭਰਤਾ ਤੇ ਨਾਰ,
ਮੈਂ ਹਾਂ ਤੇ ਤੂੰ, ਹੋਰ ਨ ਤੀਜੜਾ।
ਕਸਮਾਂ ਖਾ ਲੈ ਹਜ਼ਾਰ,
ਦੇ ਲੈ ਸੁਖਨ ਲੱਖਾਂ ਵੇ ਵਾਰ ਤੂੰ।
ਕੋਈਓ ਮਿੱਤਰ ਨ ਯਾਰ,
ਨੇੜੇ ਤੇਰੇ ਨ੍ਹਾਬ ਜੀ ਬੈਠਿਆ।
ਮੂੰਹ ਮੁਲਾਹਜ਼ੇ ਦੀ ਕਾਰ,
ਸੋਹਾਂ ਸੁਗੰਦਾਂ ਜੋ ਤੂੰ ਖਾਧੀਆਂ।

ਜਾਏਂ ਕਲ ਜਾਂ ਦਰਬਾਰ,
ਹੋਵਾਂਗੀ ਅੱਖਾਂ ਤੋਂ ਮੈਂ ਓਲ੍ਹੜੇ।
ਹੁੰਦਾ ਗਲ ਵਿਚ ਜਿਉਂ ਹਾਰ,
ਮੁਸਾਹਬ ਤਿਵੇਂ ਕੌਲ ਵੇ ਹੋਣਗੇ।
ਤੋੜਨ ਤੇਰੀ ਸੁਗੰਦ,
ਆਖਣਗੇ ਜੋ ਸੋਈ ਤੂੰ ਵੇ ਕਰੇਂ।
ਪੀਹ ਪੀ ਪੀਹੇਂਗਾ ਦੰਦ,
ਟੁੱਕੇਂਗਾ ਤੂੰ ਜੀਭੜੀ ਆਪਣੀ।
ਬੈਠੀਏ ਉਪਰ ਜਿ ਡਾਲ,
ਕੱਟੀਏ ਉਹਨੂੰ, ਹੇਠ ਤਾਂ ਡਿੱਗੀਏ;
ਲੈਸੇਂ ਤਿੱਕੁਰ ਤੂੰ ਮਾਰ
ਪੈਰੀਂ ਕੁਹਾੜਾ ਹਥੀਂ ਆਪਣੇ।
ਮਾਰਾਂ ਖਿੱਚ ਵੇ ਕਟਾਰ
ਸੀਨੇ ਵਿਖੇ ਅੱਜ ਹੀ ਆਪਣੇ।
ਹੋਵੇ ਕਢੀਆ ਏ ਪਾਰ,
ਨ ਹੋਵਾਂ ਨ ਦੇਖਾਂਗੀ ਮੈਂ ਕਹਿਰ ਨੂੰ।
{ਕਟਾਰ ਕੱਢ ਕੇ ਮਾਰਨ ਲੱਗੀ,
{ਨਵਾਬ ਨੇ ਹੱਥ ਫੜ ਲਿਆ।

ਨਵਾਬ–
ਮੇਰੀ ਪਤਾਰੀਏ ਨਾਰ
ਚਿੰਤਾ ਵਿਖੇ ਚੱਲੀ ਤੂੰ ਆਪ ਤੋਂ।
ਹਿਰਦੇ ਫੂਕੀ ਕੀ ਨਾਰ†,
ਕਿਹੜੇ ਤੰਦੂਰੋਂ ਨੀ ਤੂੰ ਕੱਢ ਕੇ।
ਦੱਸੇਂ ਮੂਲੋਂ ਨ ਭੇਤ,
ਰੋਂਦੀ ਜਾਏਂ ਖੇਡਦੀ ਆਪ ਤੇ।
ਨਿੰਦੇਂ ਸਜਣਾਂ ਸਮੇਤ
ਮੈਨੂੰ, ਮੁਸਾਹਬ ਜੋ ਹਨ ਮੇਂਡੜੇ।
ਕੌੜੀ ਕਹੋਂ ਹੋਈ ਜਿੰਦ
ਮਰਨਾ ਕਿਵੇਂ ਮਿੱਠੜਾ ਭਾਸਿਆ ?
ਕੇਹੀ ਵਗਾਪੀ ਹੈ ਚਿੰਦ ?
ਹੋਈ ਅਵਾਜ਼ਾਰ ਤੂੰ ਐਤਨੀ ?
ਦੱਸਦੇ ਦੱਸਦੇ ਹਵਾਲ,
ਘੁੱਟੀਂ ਨ ਤੂੰ ਜ਼ਹਿਰ ਨੂੰ ਅੰਦਰੇ।
ਆਵੇ ਅਗਨੀ ਦੀ ਚਾਲ,
ਘੁੱਟੀ ਕਿਵੇਂ ਕਹਿਰ ਲੈ ਆਂਵਦੀ।
ਵੱਧਦਾ ਜਾਏ ਸ਼ਿਤਾਬ,

*ਅੱਗ।

ਫੜੇ ਨੂੰ ਜੇ ਘੁੱਟ ਕੇ ਰੱਖੀਏ।
ਰਾਜ਼ੀ ਹੋ ਜਏ ਸ਼ਿਤਾਬ,
ਤਿੱਖੀ ਛੁਰੀ ਨਾਲ ਜੇ ਚੀਰੀਏ।

ਬੇਗਮ—
ਸਕਿਓਂ ਸ਼ਾਹਾ ਨ ਮਾਰ,
ਰਾਜਾ ਮੁਗਾਰਾਜਾ ਜੁ ਸੀ ਸੂਰਮਾਂ;
ਆਯੋਂ ਖਾਇ ਕੇ ਹਾਰ
ਸੱਚੇ ਵੇ ਤੂੰ ਸ਼ਾਹ ਤੋਂ ਰਾਜਿਆ!
ਕਿਹੜਾ ਪਾਣੀ ਹੈ ਹਾਰ
ਜਿਹੜਾ ਲੜੇ ਨਾਲ ਔਤਾਰ ਦੇ ?
ਹੋਂਦਾ ਏ ਟੁਕੜੇ ਦੁ ਚਾਰ
ਜਿਹੜਾ ਲੜੇ ਸਾਹਮਣੇ ਉਸ ਦੇ।
ਸਾਈਂ ਸਚੜੇ ਸੰਸਾਰ,
ਆਪੇ ਹੈ, ਕਹਿੰਦੇ ਉਨ੍ਹੂੰ ਭੇਜਿਆ।
ਲੜਨਾ ਘੱਲੇ* ਦੇ ਨਾਲ
ਪੈਰੀਂ ਕੁਹਾੜਾ ਹਈ ਮਾਰਨਾ।
ਹੁਣ ਕੀ ਮਰਦਾਂ ਦੀ ਕਾਰ
ਕਰਨੇ ਲਗੋਂ ਆਖਿਆਂ ਕਾਜ਼ੀਆਂ।
ਚੰਗੀ ਉਨ੍ਹਾਂ ਥੋਂ ਨਾਰ
ਗ਼ੌਰਤਜਿਨ੍ਹੂੰ ਸੁਣਿਆਂ ਹੈ ਆ ਰਹੀ।
ਕੀਤੀ ਭੁਲ ਤੈਂ ਅਪਾਰ,
ਲਜਾਂਦੀ ਹੈ ਫੜ ਮੌਤ ਤੂੰ ਆਪਣੀ।
ਜਾਣੇ ਫੜਿਆ ਸ਼ਿਕਾਰ,
ਏ ਤਾਂ ਫੜੀ ਆਪਣੀ ਮੌਤ ਤੂੰ।
[ਨਵਾਬ ਨੇ ਕਟਾਰ ਚੁੱਕੀ ਖੋਹ ਲਈ

ਨਵਾਬ—
ਕੀਤੀ ਕੋਈ ਨ ਕਾਰ
ਉਲ੍ਹਾਮਾ ਜਿਦ੍ਹਾ ਦੇਨੀਂ ਏਂ ਸੁਹਣੀਏ।
ਕਿਹੜਾ ਕੀਤਾ ਸ਼ਿਕਾਰ ?
ਨਾਂ ਮੈਂ ਸ਼ਿਕਾਰੇ ਗਿਆ ਅੱਜ ਨੀ।
ਝੂਠੀ ਕੀਤੀ ਪੁਕਾਰ
ਤੇਰੇ ਕਿਸੇ ਪਾਸ ਹੈ ਆਣ ਕੇ।
ਦਸ ਦੇਹ ਦਸਦੇ ਹਵਾਲ
ਸਾਰਾ ਤੂੰ ਜਿਹੜਾ ਨੀ ਹੈਂ ਜਾਣਦੀ,
ਐਕੁਰ ਆ ਜਾਊ ਸ਼ਾਂਤ;
ਦੋਹੀਂ ਧਿਰੀਂ ਬਾਤ ਜਾਂ ਨਿੱਕਲੂ।

*ਰਬ ਦੇ ਘਲੇ ਹੋਏ ਦੇ ਫ਼ਾਲ।

ਬੇਗਮ—
ਕੈਸੀ ਅਚਰਜ ਹੈ ਖੇਲ,
ਹੋਣੀ ਜਦੋਂ ਜਾਲ ਫੈਲਾਂਵਦੀ,
ਦੇਂਦੀ ਪਹਿਲੇ ਹੀ ਤੇਲ
ਬੂਟੇ ਅਕਲ ਦੀ ਜੜ੍ਹਾਂ ਵਿਚ ਆ।
ਲੈਂਦੀ ਸੁਰਤੀ ਨੂੰ ਮਾਰ,
ਭੁਲਾ ਸਾਰੜੀ ਹੋਸ਼ ਨੂੰ ਦੇਂਵਦੀ।
ਰਹਿੰਦੀ ਮੂਲੋਂ ਨ ਸਾਰ,
ਹੋਸੀ ਕੀ ਸਿੱਟਾ ਕਿਸੇ ਬਾਤ ਦਾ।
ਸਾਈਂ ਖਾਨਾਂ ਖ਼ਰਾਬ
ਖੋਟੇ ਮੁਸ਼ਾਬਾਂ ਦਾ ਅੱਜੇ ਕਰੇ।
ਲੈਣੇ ਦੇਂਦੇ ਨ ਭਾਬ,
ਟੁੜਨ ਸਿਰੇ ਬੂਟੀਆਂ ਖੋਟੀਆਂ।
ਸ਼ਾਹਾ ਸੁਰਤੀ ਸੰਭਾਲ,
ਦੇਵੀਂ ਦਿਲੋਂ ਕੱਢ ਵੇ ਗ਼ਾਫਲੀ,
ਭੋਲਾ ਬਣ ਵੇ ਨ ਬਾਲ,
ਮੈਂ ਹਾਂ, ਸ਼ਾਹਾ! ਹਾਲ ਨੂੰ ਜਾਣਦੀ।
ਕੀ ਨਾ ਜਾਣੇਂ ਤੂੰ ਆਪ,
ਗੁਰੂ ਸਿੰਘ ਗੋਬਿੰਦ ਔਤਾਰ ਨੂੰ।
ਜਿਸ ਦੇ ਦਿੱਤਿਆਂ ਸਰਾਪ
ਸ਼ਾਹੀਆਂ ਛਿਨਿਕ ਵਿਚ ਲੈ ਹੋਂਦੀਆਂ।
ਚਾਲੀ ਸਿਖਾਂ ਦੇ ਨਾਲ,
ਪਾਯਾ ਸੀ ਜਿਨ ਵਖਤ ਜੀ ਆਪ ਨੂੰ।
ਗਿਰਦ ਪਾਯਾ ਸੀ ਜਾਲ*
ਸੋਹਾਂ ਸੁਰੀਦਾਂ ਤੁਸਾਂ ਭੰਨ ਕੇ।
ਹਰਨਾਂ ਵਿਚੋਂ ਜਿਉਂ ਸ਼ੇਰ,
ਲਸ਼ਕਰ ਵਿਚੋਂ ਨਿਕਲ ਕੇ ਓ ਗਿਆ।
ਲੱਖਾਂ ਫੌਜਾਂ ਦੇ ਨਾਲ,
ਫੜਿਆ ਤੁਹਾਥੋਂ ਵੇ ਨਾ ਓ ਗਿਆ।
ਪਕੜੇ ਉਸ ਦੇ ਦੋ ਬਾਲ,
ਹੁਣ ਹਨ ਤੁਸਾਂ ਨਾਲ ਵੇ ਧ੍ਰੋਹ ਦੇ।
ਬੁੱਢੀ ਦਾਦੀ ਹੈ ਨਾਲ
ਕੀਤੀ ਜੁ ਹੈ ਕੈਦ ਵਿਚ ਬੁਰਜ ਦੇ।
ਫੜ ਲਏ ਬਾਲਕ ਮਸੂਮ
ਕਹਿਰਾਂ ਦੇ ਮੂੰਹ ਹਨ ਤੁਸਾਂ ਪਾਵਣੇ।
ਕਰਨਾ ਭਾਰਾ ਵਿਨਾਹ,

*ਚਮਕੌਰ ਦੀ ਗੜ੍ਹੀ ਵਿਚ।

ਇਸ ਥੋਂ ਬੜਾ ਪਾਪ ਹੈ ਹੋਰ ਕੀ ?
ਸਭਨਾਂ ਬਾਲਕ ਔਲਾਦ
ਅੱਲਾ ਤਆਲਾ ਤੋਂ ਹੈ ਮੰਗਣੀ।
ਹਿਰਦਾ ਕਰੜਾ ਫੌਲਾਦ
ਬਾਲਾਂ ਵੇ ਵਾਲੇ ਕਰਨ ਨਾ ਕਦੀ।
ਸਿਕਦੇ ਸਭ ਦੇਵੇ ਬਾਲ,
ਬਾਲਕ ਨੂੰ ਸਭ ਚਿੱਤ ਤੋਂ ਲੋਚਦੇ।
ਬਾਲਕ ਸਾਂਝਾ ਵੇ ਮਾਲ
ਸਾਰੀ ਸਰਿਸ਼ਟੀ ਦਾ ਹਨ ਹੋਂਵਦੇ।
ਸਾਰੇ ਕਰਦੇ ਨੀ ਪਯਾਰ
ਹੋਵੇ ਚਹੇ ਬਾਲ ਹੀ ਓਪਰਾ।
ਹੈਂ ਸਿਆਰਾ ਸੰਸਾਰ
ਸਾਰੇ ਵਿਖੇ ਕਿਹੜਾ ਹੈ ਐਸੜਾ
ਦੇਵੇ ਬਾਲਾਂ ਨੂੰ ਮਾਰ
ਡਰਦਾ ਨ ਹੈ ਮੂਲ ਜੋ ਰੱਬ ਤੋਂ ?
ਅਜ ਮੈਂ ਸੁਣਿਆਂ ਹੈ ਆਪ,
ਮਾਰੇਗੀ ਕੱਲ ਆਪ ਓ ਬਾਲਕੇ।
ਡਾਢਾ ਚਿੰਤਾ ਦਾ ਤਾਪ
ਚੜ੍ਹਿਆ ਹੈ ਮੈਨੂੰ ਜੀਏ ਸੁਣਦਿਆਂ,
ਓ ਬੇਦੋਸੇ ਮਸੂਮ
ਬਾਲਾਂ ਵਿਗਾੜਿਆ ਕੀ ਆਪਦਾ ?
ਜਾਣਨ ਝਗੜਾ ਨ ਵਯਾਧ
ਵੈਰੋਂ ਰਹਿਤ ਵਾਂਗ ਓਹ ਰੱਬ ਦੇ।
ਬੱਚੇ ਮਾਰਨ ਗੁਨਾਹ,
ਗੁਨਾਹਾਂ ਵਿਚੋਂ ਹੈ ਵਡਾ ਅੱਤ ਦਾ।
ਬਾਲਕ ਮਰਦੇ ਦੀ ਆਹ
ਦੁਨੀਆਂ ਨੂੰ ਫੂਕੇ ਹੈ, ਨਾ ਮਾਰਨੇ।

ਨਵਾਬ–

ਪੁੱਟਿਆ ਸਾਰਾ ਪਹਾੜ
ਚੂਹਾ ਵਿਚੋਂ ਇੱਕ ਹੀ ਨਿਕਲਿਆ।
ਐਡਾ ਲਾਇਆ ਤੈਂ ਸਾੜ,
ਕਿਹੜੀ ਨਿਕਾਰੀ ਹੈ ਤੁਛਬਾਤ ਦਾ।
ਕਾਫ਼ਰ ਮਾਰਨ ਹੈ ਪੁੰਨ,
ਸਾਡੀ ਸ਼ਰ੍ਹਾ ਬੇਗਮੇਂ ਆਖਦੀ।
ਝੋਲੀ ਕਾਫ਼ਰ ਦੀ ਸੁੰਨ
ਕਰਨੀ ਮਹਾਂ ਪੁੰਨ ਹੈ ਬੇਗਮੇਂ !
ਸਾਡਾ ਸ਼ਾਹਾਂ ਦਾ ਸ਼ਾਹ
ਉਰੰਗਜ਼ੇਬ ਜਿਸ ਦਾ ਅਨੀ ਨਾਉਂ ਹੈ
ਕਹਿਸੀ ਵਾਹ ਵਾਹ ਵਾਹ !
ਸੁਣਸੀ ਜਦੋਂ ਮਾਰੇ ਮੈਂ ਬੱਚੜੇ।

ਬੇਗਮ–

ਹੋਣੀ ਆਈ ਹੈ ਸ਼ਾਹ !
ਤੇਰੇ ਸਿਰੇ ਝੁਰਮਟਾ ਪਾਂਵਦੀ।
ਧੂੜੀ ਜਾਦੂ ਦੀ ਸ਼ਾਹ
ਸਾਰੀ ਅਕਲ ਮਾਰੀ ਹੈ ਵੇ ਗਈ।
ਕਰਨਾ ਏਂ ਭਾਰੇ ਗੁਨਾਹ
ਓਨ੍ਹਾਂ ਨੂੰ ਫਿਰ ਤੁੱਛ ਹੈਂ ਜਾਣਦਾ।
ਫੜ ਲੈ ਅਕਲਾਂ ਦਾ ਰਾਹ,
ਗ਼ਫ਼ਲਤ ਤੋਂ ਛੇਤੀ ਅਵੇ ਜਾਗਪੈ।
ਪਾਵਨ ਔਝੜ ਦੇ ਰਾਹ
ਕਾਜ਼ੀ ਜੋ ਵਿਗੜੇ ਨੀ ਆ ਇਸ ਸਮੇਂ।
ਏ ਜੁ ਦੁਨੀਆਂ ਦਾ ਸ਼ਾਹ
ਅੱਲਾ ਤੋਂ ਛੋਟਾ ਤੇ ਹੈ ਨੀਂਵੜਾ।
ਡਰ ਖਾ ਅੱਲਾ ਦਾ ਨ੍ਹਾਬ
ਖੁਸ਼ਾਮਦ ਨ ਕਰ ਝੂਠੀ ਤੂੰ ਏਸਦੀ।
ਅੱਲਾ ਦੇਵੇਗਾ ਸ੍ਹਾਬ
ਬਾਲਾਂ ਤੇ ਖਾਵੇਂਗਾ ਜੇ ਤਰਸ ਤੂੰ।
ਗਲ ਇਕ ਸੋਚੀਂ ਤੂੰ ਹੋਰ
ਜੀ ਤੋਂ ਤਅੱਸਬ ਨੂੰ ਹਾਂ ਛੱਡਕੇ:–
ਫੋਕੀ ਸ਼ਰਆ ਦੇ ਲੋਰ
ਭੁੱਲੀਂ ਨ ਤੂੰ ਸੱਚ ਨੂੰ, ਹੱਕ ਨੂੰ,
ਉਹ ਤਾਂ ਸੱਚਾ ਅਉਤਾਰ
ਸਾਰਾ ਹੈ ਦੇਸ਼ ਓਸ ਨੂੰ ਮੰਨਦਾ।
ਹਿੰਦੂ ਤੁਰਕੀ ਸੰਸਾਰ
ਸਾਰੇ ਮੁਰਾਦਾਂ ਹਨ ਜਾ ਮੰਗਦੇ।
ਮਨ ਵਿਚ ਕੰਘੀ ਵ ਮਾਰ
ਪੁੱਤਰ ਉਦ੍ਹੇ ਘੱਟ ਕਿਉਂ ਹੋਣਗੇ ?
ਅੱਲਾ ਸੱਚੇ ਦੇ ਯਾਰ
ਬੱਚੇ ਜੋ ਦੁਨੀਆਂ ਤੇ ਹਨ ਭਾਸਦੇ।
ਭੁੱਲੀਂ ਤਕ ਕੇ ਨ ਵੇਸ
ਜਾਮਾ ਜੋ ਹੈ ਆਦਮੀ ਵਾਲੜਾ।
ਨੂਰ ਅੱਲਾ ਦਾ ਦੇਖ
ਦੇਹੀ ਦੇ ਵਿਚ ਆਣਕੇ ਵੱਸਿਆ।
ਮਾਰੇਂ ਉਸ ਨੂੰ ਤੂੰ, ਵਾਹ,

ਕੈਸੇ ਭੁਲੇਵੇਂ ਦੇ ਵਿਚ ਫਸ ਗਿਓਂ ?
ਪਈਂ ਨਾ ਖੋਟੇ ਵੇ ਰਾਹ,
ਤੈਨੂੰ ਸ਼ੈਤਾਨਾਂ ਨੇ ਹੈ ਘੇਰਿਆ।

ਨਵਾਬ–
ਤੂੰ ਤਾਂ ਭੋਲੀ ਨੀ ਨਾਰ,
ਜੰਮੀਂ ਪਲੀ ਹਿੰਦੂਆਂ ਦੇ ਵਿਖੇ।
ਮੂਲੋਂ ਜਾਣੇ ਨ ਸਾਰ,
ਸ਼ਰਆ ਸ਼ਰੀਅਤ ਹੈ ਜੋ ਆਖਦੀ।
ਓਹੋ ਪਿਛਲੀ ਹੀ ਬਾਣ
ਤੇਰੀ ਨ ਜਾਂਦੀ ਹੈ, ਨੀ ਪਜਾਰੀਏ !
ਏ ਮੈਂ ਜਾਣਾਂ ਪਛਾਣ
ਭਾਰਾ ਗ਼ੁਰੂ ਪੀਰ ਹੈ, ਫ਼ੈਨਬੇ !
ਮੁਸਲਿਮ ਹੈ ਨਾਂ ਤੂੰ ਜਾਣ
ਸਾਡੀ ਸ਼ਰਆ ਤਾਈਂ ਨਾ ਮੰਨਦਾ,
ਤਾਂਤੇ ਮੁਸਲਿਮ ਨ ਓਹ,
ਸਾਡੀ ਸ਼ਰ੍ਹਾ ਐਕੁਰਾਂ ਆਖਦੀ।

ਬੇਗਮ–
ਜਾਣੇ ਪੀਰਾਂ ਦਾ ਪੀਰ
ਖਾਏਂ ਸ਼ਰ੍ਹਾ ਦਾ ਹੈਂ ਤੂੰ ਧੋਖੜਾ,
ਹੋਇਓਂ ਕੰਗਲਾ ਤੇ ਕੀਰ,
ਦੌਲਤ ਤੇ ਮਾਲਾਂ ਦੇ ਵੇ ਹੁੰਦਿਆਂ।
ਬਲਦਾ ਦੀਵਾ ਲੈ ਹੱਥ,
ਡਿੱਗੇਂ ਤੂੰ ਫਿਰ ਖੂਹੇ ਦੇ ਵਿਚ ਹੈਂ।
ਐਸਾ ਧੋਖਾ ਨ ਖਾਹ,
ਪਜਾਰੇ ! ਕਰੀਂ ਹੋਸ਼ ਤੇ ਸੰਭਲੀਂ।
ਪੱਈਏ ਕੋਹਾਂ ਤੇ ਜਾਇ,
ਜਾਈਏ ਜਿ ਖੁੰਝ ਪੈਰ ਵੇ ਇੱਕ ਤੋਂ।
ਛੱਡ ਦੇ ਬਾਲਕ ਅਵਾਣ,
ਧੱਕਾ ਮਸੂਮਾਂ ਤੇ ਨਾ ਸੋਭਦਾ।
ਕਰ ਲੈ ਚੰਗੀ ਪਛਾਣ,
ਮਰਨਾ ਹੈ, ਓਨਾਂ ਨੂੰ ਜੋ ਮਾਰਨਾ।
ਮਾਰਿਆਂ ਮਰਦੇ ਨ ਓਹ
ਜੀਉਂਦੇ ਸਦਾ ਹਨਗੇ ਓ ਦੇਵਤੇ।
ਪੀਆ ! ਨਿਜ ਨੂੰ ਨ ਕੋਹ,
ਬੁੱਕਿਆਂ, ਪਵੇ ਆਪ ਤੇ, ਚੰਦ ਨੂੰ।
ਨਾਲੇ ਚੁਕੀਆ ਸੁਰੰਦ
ਕੀਤਾ ਸੁਖਨ ਧਰਮ ਦੇ ਜ਼ਾਮਨੀ।

ਪਾਲੀਂ ਕੱਚੀ ਜਿਉਂ ਤੰਦ,
ਸੰਭਾਲੀਂ ਸਦਾ ਕੌਲ ਜੋ ਦੇ ਚੁਕੈਂ।

ਨਵਾਬ–
ਡਾਢੀ ਸ਼ਾਹਾਂ ਦੀ ਕਾਰ
ਸੂਲੀ ਤੋਂ ਔਖੀ ਹਈ ਚਾਕਰੀ।
ਨੌਕਰ ਮੈਂ ਹਾਂ ਸੂਕਾਰ,
ਚਾਕਰ ਤਾਂ ਦਿੱਲੀ ਦੇ ਹਾਂ ਤਾਜ ਦਾ।
ਬਾਲਕ ਕਰਾਂ ਨਾ ਪ੍ਰਹਾਰ;
ਜੇ ਮੈਂ ਦਿਆਂ ਛੱਡ ਇਉਂ ਜੀਂਵਦੇ
ਮੈਨੂੰ ਪੈਸੀ ਧਿਕਾਰ
ਜਾਏ ਮਤਾਂ ਖੁੱਸ ਏ ਹਾਕਮੀ।
ਕਾਜ਼ੀ ਮੁੱਲਾਂ ਤੇ ਸ਼ੇਖ,
ਮੈਨੂੰ ਤਾਂ ਕੱਢ ਦੇਣਗੇ ਦੀਨ ਤੋਂ।
ਮੇਰੀ ਔਕੜ ਨੂੰ ਦੇਖ
ਦੇਵੀਂ ਬਚਨ ਰਾਣੀਏਂ ਮੋੜ ਕੇ।

ਬੇਗਮ–
ਏ ਤਾਂ ਝੂਠੀ ਪੁਕਾਰ
ਮੰਨਾਂਗੀ ਮੈਂ ਨਾਂ ਰਤਾ ਸ਼ਾਹ ਜੀ !
ਬੱਚੇ ਕੀਤਿਆਂ ਸੰਘਾਰ,
ਸ਼ਾਹ ਜੇ ਤੁਹਾਡਾ ਖੁਸ਼ੀ ਹੋਂਵਦਾ,
ਸੂਬੇਦਾਰੀ ਨੂੰ ਅੱਜ
ਛੱਡੋ ਤੇ ਫੂਕੋ ਹੁਕਮਰਾਨੀਆਂ।
ਚੰਗਾ ਮੰਗਣ ਦਾ ਚੱਜ,
ਪਾਪੋਂ ਬਚੇ ਟੁੱਕ ਮੰਗ ਖਾਵਣਾ।
ਚੁੱਲ੍ਹੇ ਪੈ ਜਾਏ ਰਾਜ,
ਜਿਹੜਾ ਮਿਲੇ ਪਾਪਾਂ ਦੇ ਕੀਤਿਆਂ।
ਦਰਗਹ ਲਾਵੇ ਜੋ ਲਾਜ
ਐਸੀ ਕਰੀਂ ਕਾਰ ਨਾ ਰਾਜਿਆ !
ਛੱਡੋ ਸ਼ਰਆ ਦਾ ਖੌਫ਼,
ਡਰ ਦੂਰ ਮਿੱਟ ਕਾਜ਼ੀਆਂ ਵਾਲੜਾ।
ਧਨ ਦੌਲਤ ਹੈ ਵੇ ਜ਼ੌਫ*,
ਖ਼ਤਰਾ ਕਰੇ ਨਾ ਰਤਾ ਨਾਮ ਦਾ।
ਪਾਲੋ ਬਚਨਾਂ ਦੀ ਲਾਜ,
ਪਕੜੋ ਦਯਾ ਧਰਮ ਦਾ ਰਾਹ ਜ

ਨਵਾਬ–
ਤੂੰ ਪਜਾਰੀ ਮੇਰੀ ਨਾਰ,
ਮੇਰੀ ਦਿਲੋ ਤੋਂ ਸੁਣੀਂ, ਬੇਨਤੀ।

*ਸੱਖਣੀ।

ਮੈਨੂੰ ਡਾਢੀ ਹੈ ਖਾਰ
ਗੁਰੂ ਨਾਲ, ਸੱਚ ਹਾਂ ਮੈਂ ਆਖਦਾ।
ਵੇਖ਼ੇ ਆਇਆ ਸ਼ਿਕਾਰ
ਛੱਡਿਆ ਤਾਂ ਮੈਥੋਂ ਨਹੀਂ ਜਾਂਵਦਾ।
ਬੱਚੇ ਦੇਸਾਂ ਜਿ ਮਾਰ
ਠੰਢਾ ਕਲੇਜਾ ਮੇਰਾ ਹੋਇਗਾ।
ਤੂੰਹ ਮੋਮਨ ਪਾਕਬਾਜ਼,
ਕਾਫਰ ਬਚੌਂਦੀ ਨਹੀਂ ਸੋਭਦੀ।
ਹੋ ਕੇ ਮੋਮਨ ਏ ਕਾਜ
ਸੋਹੇ ਨ ਤੈਨੂੰ, ਬੁਰਾ ਭਾਸਦਾ।
ਵੈਰੀ ਮਾਰਨ 'ਚ ਲਾਭ,
ਕੂੜਾ ਘਟੇ ਜੱਗ ਹੈ ਸੋਭਦਾ।
ਸੱਭੋ ਲਈਏ ਨੀ ਸਾਂਭ
ਦੌਲਤ ਮਿਲਖ ਵੈਰੀਆਂ ਵਾਲੜਾ।
ਹੁਣ ਤਾਂ ਛਡ ਜ਼ਿਦ ਦੀ ਬਾਤ
ਮੇਰੀਂ ਰਖੀਂ ਲਾਜ ਨੀ ਸੁਹਣੀਏਂ!
ਬੀਤੀ ਸਾਰੀ ਹੈ ਰਾਤ
ਝੜੇ ਅਨੀਂ ਬੇਗਮੇ ਛੇੜਿਆਂ।

ਬੇਗਮ–
ਪੱਥਰ ਪੈ ਗਏ ਨੂ ਹਾਇ!
ਸਮਝਾਂ ਵਿਚੀਂ, ਹਾਇ! ਕਹੋਂ ਨ੍ਵਾਬ ਜੀ।
ਮੰਗਾਂ 'ਚੱਕੀ ਮੈਂ ਦੇਉ'
ਪੱਥਰ ਤਾਂ ਡਾਹਵੇ ਤੁਸੀਂ ਅੱਗਿਓਂ।
ਮੰਗਾਂ 'ਨਥਲੀ ਤੇ ਲੌਂਗ'
ਚਾਕੂ ਦਿਓ ਕੱਪਣੇ ਨੱਕ ਨੂੰ।
ਜੇ ਤਾਂ ਛਡ ਦੇਵੋ ਬਾਲ,
ਬਾਲਾਂ ਨੂੰ ਫੈਦਾ ਨਾ ਹੈ ਏਸ ਦਾ।
ਜੇ ਤੂੰ ਕੋਹ ਸੁਟੇਂ ਲਾਲ,
ਘਟਣਾ ਉਨ੍ਹਾਂ ਦਾ ਨਹੀਂ ਟੁੱਝ ਬੀ।
ਸੁਣਸੀ ਜਾਂ ਗਰ ਜੀ ਬਾਤ,
'ਪੁਤਰ ਮੇਰੇ ਨ੍ਵਾਬ ਨੇ ਮਾਰ ਦੇ'।
ਓ ਸਮੁੰਦਰ ਹੈ ਸ਼ਾਂਤ,
ਗੁੱਸਾ ਕਰੂ ਨ੍ਵਾਬ ਜੀ ਮੂਲ ਨਾਂ।
ਓਹ ਨ ਡੋਲਣਗੇ ਆਪ,
ਕਰਸਨ ਕਹਿਰ ਮੂਲ ਨਾ ਆਪ ਤੇ।
ਤਾਂਤੇ ਕੁਹ ਦਿੱਤਿਆਂ ਬਾਲ
ਘਟਸੀ ਨ ਕੁਝ ਵੈਰੀਆਂ ਤੇਰਿਆਂ।

ਨਵਾਬ–
ਫਿਰ ਕੀ ਐਸਾ ਸਬੱਬ ?
ਖਹਿੜੇ ਪਈ ਮੇਰੇ ਤੂੰ ਬੇਗਮੇ!
ਜੇ ਓਹ ਐਸੇ ਹੀ ਰੱਬ
ਤੈਨੂੰ ਪਈ ਲੋੜ ਕੀ ? ਜਾਣ ਦੇ।

ਬੇਗਮ–
ਮੋਇਆ ਕੋਈਓ ਬੀ ਨਾਂਹ,
ਰੋਂਦਿਆਂ ਗਈ ਰਾਤ ਲੰਘ ਸਾਰੜੀ।
ਲੈਂਦਾ ਅਖੀਆਂ ਵਞਾਇ
ਅੱਗੇ ਹਨੇਰੇ ਦੇ ਜੋ ਰੋਂਵਦਾ।
ਤੈਨੂੰ ਦੱਸਿਆ ਸੀ, ਸ਼ਾਹ !
ਕਾਰਣ ਜੁ ਸੀ ਮੇਰੇ ਇਸ ਰੋਣ ਦਾ।
ਤੂੰ ਨਾ ਕੀਤੀ ਪ੍ਰਵਾਹ,
ਸਮਝਿਆ ਨਹੀਂ ਮੂਲੋਂ ਹੀ ਬੋਲਿਆ।
ਦੇਵਾਂ ਇੱਕੋ ਦ੍ਰਿਸ਼ਟਾਂਤ,
ਚੰਗੀ ਤਰ੍ਹਾਂ ਨ੍ਵਾਬ ਜੀ ਸਮਝਣਾ।
ਸ਼ੁਰਸੁਰਾ* ਲੋਹੇ ਦਾ ਤੇਜ਼
ਗੱਡਿਆ ਸੀ ਸਿੱਧਾ ਕਿਸੇ ਥਾਂਉ ਤੇ,
ਜਿਹੜਾ ਕਰਸੀ ਪ੍ਰਹੇਜ਼,
ਬਚਸੀ, ਰਹੂ ਦੂਰ ਜੇ ਓਸ ਤੋਂ,
ਜਿਹੜਾ ਮਾਰੇਗਾ ਪੈਰ,
ਜ਼ਖਮੀ ਕਰੂ ਪੈਰ ਓਹ ਆਪਣਾ।
ਲੋਹੇ ਨੂੰ ਸੱਤੀਂ ਵੇ ਖੈਰ,
ਵਿਗੜੇ ਨ ਉਸਦੀ ਹੈ ਦਿੱਗ ਫਟਕੜੀ।
ਮੈਂ ਇਹ ਡਿੱਠਾ ਹੈ ਆਪ,
ਨੌਕਰ ਸਾਂ ਜਦ ਰਾਜਿਆਂ ਦੇ ਘਰੀਂ।
ਜਿਸ ਨੇ ਕੀਤਾ ਸੀ ਪਾਪ,
ਦਸਮੇਂ ਗੁਰੂ ਨਾਲ ਹੀ ਕਿਸ ਤਰ੍ਹਾਂ,
ਹੋਇਆ ਆਪੇ ਵਰਾਨ,
ਦੁੱਖਾਂ ਤੇ ਅਪਦਾ ਨੇ ਆ ਘੇਰਿਆ।
ਗੁਰ ਜੀ ਰਹੇ ਸਾਵਧਾਨ,
ਹਰਦਮ ਸਦਾ ਟੰਗ ਵੇ ਰੱਤੜੇ;
ਤੀਕੂੰ ਸਾਡਾ ਹੋ ਨਾਸ਼
ਛੇੜੇ ਉਹਦੇ ਬਾਲਕੇ ਜੇ ਤੁਸਾਂ।
ਮੈਨੂੰ ਖਾਂਦਾ ਏ ਤ੍ਰਾਸ,

*ਲੋਹੇ ਦਾ ਕਿੱਲ ਯਾ ਮੇਖ, ਜਿਸ ਦੇ ਦੋਵੇਂ ਸਿਰੇ ਤ੍ਰਿੱਖੇ ਹੁੰਦੇ ਹਨ।

ਸੁੱਖ ਏਸ ਵਿਚ ਤੇਰੀ ਨਾ ਭਾਸਦੀ।
ਤੈਨੂੰ ਦੁੱਖਾਂ ਨੇ ਘੇਰ,
ਚੁਤਰਫੋਂ ਜਦੋਂ ਮਾਰਿਆ ਹੋਠ ਨੂੰ,
ਘੇਰਨ ਚਾਰੇਂ ਚੁਫੇਰ,
ਮੈਨੂੰ ਤਦੋਂ ਦੁੱਖੜੇ ਆਣਕੇ;
ਬਾਲ ਬਚੜੇ ਉਲਾਦ,
ਰੁਲਸੀ ਨਿਮਾਣੀ ਹੁਈ ਨ੍ਵਾਬ ਜੀ!
ਦੀਨ ਦੁਨੀਆਂ ਬ੍ਰਬਾਦ
ਹੋਵੇਗਾ, ਮਾਰੇ ਜੇ ਤੈਂ ਬਾਲਕੇ।
ਨਦੀਆਂ ਨੇੜੇ ਵਸਾਇ,
ਨਾ ਜੰਗੀਏ ਨਾਲ ਮਗ੍ਰ ਮੱਛ ਦੇ।
ਭੰਨਣ ਸਾਰਾ ਹੀ ਚਾਇ,
ਸੁੱਖੋ ਸੁਖਾਂ ਨਾਲ ਨਾ ਲੰਘਸੀ।
ਜਾਣੋਂ ਅੱਲਾਹ ਸਮੁੰਦ,
ਫਕੀਰਾਂ ਮਗਰ ਮੱਛ ਵੇ ਜਾਣੀਏ,
ਦੇਣ ਇਨ੍ਹਾਂ ਨਾਲ ਤੁੰਦ
ਪੈਰੀਂ ਕੁਹਾੜਾ ਹਥੀਂ ਮਾਰਨਾ।
ਸੁਣ ਸ਼ਾਹਾ ਮੇਰੀ ਬਾਤ,
ਛੱਡੋ ਤੁਸੀਂ ਹੱਠ ਨੂੰ ਆਪਣੇ।
ਨੇੜੇ ਆਈ ਪ੍ਰਭਾਤ,
ਛੁੱਟੀ ਦਿਓ ਬੁਰਜ ਤੋਂ ਬਾਲਕਾਂ।
ਛੱਡੋ, ਛੱਡੋ ਸੁਜਾਣ!
ਪੰਛੀ ਜਿਵੇਂ ਪਿੰਜਰਿਓਂ ਛੱਡੀਏ।
ਘਰ ਨੂੰ ਆਪਣੇ ਓ ਜਾਣ
ਮਿਰਗਾਂ ਜਿਵੇਂ ਭਰਦਿਆਂ ਚੌਕੜੀ।
ਹੋਣਾ ਬਾਲਾਂ ਤੇ ਦਜਾਲ
ਅਪਣੇ ਤੇ ਕਿਰਪਾ ਕਰੋ ਆਪ ਜੀ!
ਅਪਣਾ ਆ ਜਾਊ ਕਾਲ
ਦਿੱਤੇ ਤੁਸਾਂ ਬੱਚੇ ਜੇ ਮਾਰ ਏ।
ਮਾਰੇਂ ਬਾਲਕ ਜੇ ਜਾਣ
ਖਾਨਾ ਰੁੜ੍ਹੇ ਸਾਰਾ ਹੀ ਸਾਡੜਾ।
ਛੱਡੇਂ ਬਾਲਕ ਜੇ ਜਾਣ
ਸਲਾਮਤ ਰਹੇ ਰਾਜ ਤੇ ਮਾਲ ਹੈ।

[ਨਵਾਬ ਚੁੱਪ ਹੈਰਾਨ ਆਪਣੇ ਆਪ ਨਾਲ

ਨਵਾਬ–

ਆ ਗਿਆ ਕੈਸਾ ਅਜ਼ਾਬ
ਅੱਲਾ ਮਿਰੇ, ਮੇਰੇ ਹੈ ਸਾਮੁਣੇ,
ਦੇਵਾਂ ਉੱਤਰ ਕੀ ਹਾਇ!
ਮੈਨੂੰ ਨ ਮੂਲੋਂ ਹੈ ਕੁਝ ਔੜ੍ਹਦੀ।
ਹੋਇਆ ਸਪ ਵਾਲਾ ਹਾਲ
ਛਛੂੰਦਰ ਜਿਦ੍ਹੇ ਵਿਚ ਮੂੰਹ ਆ ਫਸੇ।
ਕੈਸਾ ਤਣਿਆ ਜੰਜਾਲ
ਭੈਰੇ ਦੇ ਵਾਂਙੂ ਮੈਂ ਨਿਜ ਲਾਂਭੜੇ।
ਮਾਰਾਂ, ਛੱਡਾਂ ਕਿ ਭੇਜ
ਦਿੱਲੀ ਦਿਆਂ ਦੋਵੇਂ ਹੀ ਬਾਲਕੇ?
ਬੱਚੇ ਸੱਚੇ ਤੇ ਤੇਜ਼
ਬਾਲਾਂ ਜਿਹੇ ਆਮ ਨਾ ਬਾਲਕੇ।
ਡਰਦੇ ਮੰਗਦੇ ਨ ਮੂਲ,
ਜਾਨਣ ਨ ਓ ਹਾਰਨਾਂ ਹੋਇ ਕੀਹ।
ਮੰਨਦੇ ਦਾਬਾ ਨ ਮੂਲ,
ਜਾਣਨ ਨ ਕੀ ਖੌਫ ਹੈ ਮੌਤ ਦਾ।
ਕਿ ਕਰਾਂ, ਕਿ ਕਰਾਂ, ਕਿ ਕਰਾਉਂ
ਕੋਈ ਬੀ ਤਦਬੀਰ ਨਾ ਔੜ੍ਹਦੀ।
ਭੱਜਾਂ ਕਿੱਥੇ ਨੂੰ ਜਾਉਂ
ਅੱਲਾ ਕੁਈ ਰਾਹ ਤੂੰ ਖੋਲ੍ਹ ਦੇ।

[ਚੁੱਪ

ਬੇਗਮ (ਕੁਛ ਚਿਰ ਪਿੱਛੋਂ)

ਕੋਹੀ ਪੈ ਗਈ ਹੈ ਸੋਚ,
ਬੋਲੋ ਸਹੀ ਮੇਰੇ ਸਿਰਤਾਜ ਜੀ!
ਲੋਵੇ ਬੁੱਧੀ ਨੂੰ ਵੇਚ
ਖੇਨੂੰ ਤਰੁਂ ਜੇੜ੍ਹੀ ਹੈ ਉੱਛਲੇ।
ਰਹਿਸੀ ਤਖਤੋ ਨ ਤਾਜ
ਮਾਰੇ ਜਿ ਬਾਲਕ ਤੁਸਾਂ ਰਾਜਿਆ!
ਉੱਡ੍ਹ ਸਾਰਾ ਏ ਰਾਜ
ਬਾਲਕ ਜਿ ਮਾਰੇ ਤੁਸਾਂ ਨ੍ਵਾਬ ਜੀ।
ਤੁਹਾਡਾ ਸੁੰਦਰ ਸਰੀਰ
ਦਿੱਸੇਗਾ ਹਸਦਾ ਨ ਇਉਂ ਏ ਕਿਤੇ*।
ਰੱਖੋ ਸੁਖਨਾਂ ਦੀ ਲਾਜ
ਸੋਚੋ ਜੂ ਅਰਜ਼ਾਂ ਹਾਂ ਮੈਂ ਕਰ ਰਹੀ।
ਝੂਠੇ ਵਜਦੇ ਏ ਵਾਜ
ਕੱਚੇ ਕੁਸ਼ਾਮਤੀ ਜੋ ਵਾ ਰਹੇ।

*ਬੇਗਮ ਦੇ ਏਹ ਸਾਰੇ ਖਤਰੇ ਸੱਚੇ ਨਿਕਲੇ, ਥੋੜੇ ਹੀ ਅਰਸੇ ਮਗਰੋਂ ਸਿੱਖਾਂ ਨੇ ਸਰਹਿੰਦ ਫਤੇ ਕੀਤੀ ਤੇ ਨਵਾਬ ਮਾਰਿਆ ਗਿਆ।

ਕਾਹਲੀ ਕਰਨੀ ਨ ਠੀਕ,
ਟੋਏ ਤਾਂ ਕਾਹਲੀ ਨੂੰ ਹਨ ਬੋਚਦੇ।
ਰਖੋ ਵਾਗਾਂ ਨੂੰ ਛੀਕ
ਟੋਏ ਟਿਬੇ ਵੇਖ ਕੇ ਦੌੜਨਾ।
ਡਰ ਡਰ ਉਠਦੀ ਹਾਂ ਆਪ,
ਸੋਚਾਂ ਜਦੋਂ ਅਗਲੀਆਂ ਸੋਚਦੀ।
ਕੌੜੇ ਫਲ ਦੇਂਦੇ ਪਾਪ
ਕਰਦਜਾਂ ਜੁ ਮਿੱਠੜੇ ਹਨ ਭਾਸਦੇ।
[ਚੁੱਪ

ਨਵਾਬ (ਚਿਰ ਪਿੱਛੋਂ)–
ਦੂਰ ਪਈ ਸੁੰਦਰ ਦਲੀਲ
ਕੰਨ ਦਈਂ ਸੁਣ ਲਈਂ ਰਾਣੀਏ:–
ਲੈਸਾਂ ਬਾਲਾਂ ਨੂੰ ਕੀਲ
ਕੀਲੇ ਜਿਵੇਂ ਮਾਂਦਰੀ ਸੱਪ ਨੂੰ।
ਲਾਲਚ ਦੌਲਤ ਦਾ ਲਾਇ
ਭੁਲਾਵਾਂਗਾ ਬਾਲਾਂ ਤਈਂ, ਬੇਗਮੇਂ !
ਅਪਣੀ ਗੋਦੀ 'ਚ ਪਾਇ
ਪ੍ਰਚਾਵਾਂਗਾ ਬਾਲਾਂ ਨੂੰ ਮੈਂ ਬੇਗਮੇਂ !
ਨਰਮੀ ਖਾਵਣਗੇ ਬਾਲ,
ਲੋਹਾ ਜਿਵੇਂ ਤੇਲ ਲੈ ਨਰਮ ਹੋ।
ਏਹ ਅਮੋਲਕ ਦੁ ਲਾਲ
ਸਾਈਂ ਦਏ ਤੈਨੂੰ, ਤੂੰ ਸਾਂਭਣੇ।
ਹੱਸੀਂ ਕੁੱਸੇ ਨੂੰ ਟਾਰ
ਕੇਡੀ ਅਨੋਖੀ ਹੈ ਏ ਸੋਚ ਨੀ ?
ਲੀਤਾ ਸਪ ਨੂੰ ਬੀ ਮਾਰ
ਸੋਟਾ ਬਚਾਇਆ ਹੈ ਮੈਂ ਨਾਲ ਹੀ।
[ਚੁਪ ਰਹੀ

ਬੇਗਮ (ਸਿਰ ਫੇਰ ਕੇ)–
ਸਲਾਹੁਣ ਜੋਗੀ ਹੈ ਸੋਚ,
ਸੋਚੀ ਜੁ ਹੈ ਨਾਬ ਜੀ ਆਪ ਨੇ।
ਇਸ ਦੀ ਵਰਤਣ ਹੈ ਪੋਚ
ਔਖੀ ਲਗੇ ਹੈ ਏ ਹੋ ਆਵਣੀ।
ਅੱਖੀਂ ਦੇਖੇ ਮੈਂ ਬਾਲ
ਵਡੇ, ਜੁਦੂ-ਮਹਿਲਾਂ ਵਿਚ ਖੇਡਦੇ।
ਵਾਦੀ ਜਾਣਾਂ ਮੈਂ ਚਾਲ
ਓਹੋ ਜੇਹੇ ਨਿੱਕੇ ਬੀ ਹੋਣਗੇ।
ਪੱਕੇ ਧੁਨ ਦੇ ਉਹ ਔਨ
ਵਾਕਫ ਧਰਮ ਦੇ ਉਹ ਹਨ ਆਪਣੇ,
ਬੋਲਣ ਸੁੰਦਰ ਓ ਬੈਨ
ਪਿੱਛੇ ਨ ਲਗਦੇ ਕਿਸੇ ਦੇ ਕਦੀ।
ਦੂਜਾ ਕਾਰਨ ਹੈ ਹੋਰ
ਪੁੱਤਰ ਉਹ ਅਵਤਾਰ ਦੇ ਹੈਨਗੇ।
ਕੌਣ ਸੱਕੇਗਾ ਤੋੜ
ਬਾਪੂ ਦੇ ਰਸਤੇ ਤੋਂ ਪੁੱਠਾ ਉਨ੍ਹਾਂ ?
ਚੱਲਣ ਓਸੇ ਹੀ ਰਾਹ
ਬਾਪੂ ਤੁਰਾਊ ਹੈ ਜਿਸ ਪੰਥ ਦਾ।
ਦੇਖੀਂ ਕਰਸਨਗੇ ਨਾਂਹ
ਤਜਾਗਣ ਧਰਮ ਨਾ, ਓ ਸਿਰ ਦੇਣਗੇ।
ਕਰਦੀ ਅਰਜ਼ਾਂ ਲਾ ਤਾਨ,
ਕਰਦੀ ਜੁ ਕਰਦੀ ਹਾਂ ਮੈਂ ਸਹਿੰਮਦੀ।
ਗੁਆਇਆ ਧਰਮੋ ਈਮਾਨ
ਮੈਂ ਤਾਂ ਮੁੜੀ ਆਪਣੇ ਦੀਨ ਤੋਂ,
ਦੋਸ਼ ਭਾਵੇਂ ਸੀ ਨਾਂਹ
ਧਰਮ ਛੋੜਨੇ ਵਿਚ ਮੈਂਡੜਾ,
ਪਰ ਸੀ ਕਾਇਰ ਪੁਣਾਹ
ਗ਼ੈਰਤ ਤੋਂ ਸੀ ਦੂਰ ਏ ਹਾਰਨਾ।
ਖ਼ੈਰ ਹੋਇਆ ਸੁ ਹੋਇ
ਬੀਤਜਾ ਜੁ ਹੈ ਮੁੜ ਨ ਓ ਆਂਵਦਾ।
ਹੁਣ ਕੀ ਕਰਨਾ ਹੈ ਰੋਇ,
ਸਪ ਗਏ ਲੀਕ ਕਿਉਂ ਪਿੱਟਣੀ ?
ਪਰ ਮੈਂ ਵਾਹਾਂ ਨ ਮੂਲ
ਧਰਮੋਂ ਡਿਗਾਵਾਂ ਕਿਸੇ ਹੋਰ ਨੂੰ।
ਤੋੜਾਂ ਡਾਲੀ ਤੋਂ ਫੂਲ,
ਸ਼ਾਖਾਂ ਤੋਂ ਤੋੜਾਂ ਫਲਾਂ ਲੱਗਿਆਂ।
ਮੈਨੂੰ ਨਹੀ ਮਨਜ਼ੂਰ
ਬਾਲਾਂ ਨੂੰ ਧਰਮੋ ਗਿਰਾ ਰੱਖਣਾ।
ਛਡਦੇ ਛਡਦੇ ਜ਼ਰੂਰ
ਔਵੇਂ ਜਿਵੇਂ ਫੜ ਲਏ ਬਾਲਕੇ।

ਨਵਾਬ–
ਲੈ ਨੀ ਹੋਸ਼ਾਂ ਸੰਭਾਲ
ਐਸੇ ਸੁਖਨ ਪੁੱਠੜੇ ਨਾ ਕਹੀਂ।
ਹੋਸੀ ਬੁਰਾ ਨੀ ਹਵਾਲ
ਸੁਣ ਜੇ ਲਏ ਮੁੱਲਾਂ ਤੇ ਕਾਜ਼ੀਆਂ।
ਤੂੰਹ ਮੋਮਨ ਪਾਕਬਾਜ਼
ਐਸੇ ਬਚਨ ਆਖ ਨਾ ਸ਼ੋਭਦੀ।

ਦੱਖੀਂ ਸ਼ਰਆ ਦੀ ਲਾਜ
ਹਲਕਾ ਕਦੀ ਦੀਨ ਨ ਆਖਣਾ।

ਏਗਮ–
ਸੱਚ ਹੈ, ਸੱਚ, ਹੇ ਨਵਾਬ!
ਜੋ ਕੁਝ ਕਿ ਆਖੋ ਸਭੀ ਸੱਚ ਹੈ।
ਦੇ ਦੇ, ਡਰ, ਜ਼ੋਰ, ਦਾਬ,
ਮੈਨੂੰ ਤੁਸਾਂ ਮਾਰਿਆ ਰਾਜਿਆ!
ਹੁਣ ਹਾਂ ਬੰਦੀ ਗ਼ੁਲਾਮ,
ਤੁਹਾਡੀ ਤੁਹਾਡੀ ਸਦਾ ਦਾਸ ਹਾਂ।
ਦੁਨੀਆਂ ਵਿੱਚੋਂ ਤਮਾਮ,
ਤੁਹਾਡੇ ਜਿਹਾ ਹੋਰ ਨਾ ਲੱਗਦਾ,
ਪਰ ਜੋ ਬੀਤੀ ਮੁਆਰਾਜ,
ਸੋ ਤਾਂ ਸਚੀ ਆਖਣੀ ਪਾਪ ਨਾ।
ਹੱਛਾ ਛੱਡੋ ਏ ਕਾਜ,
ਸੌਂ ਵੇ ਰਹੋ ਰਾਤ ਹੈ ਬੀਤਦੀ।
ਸੁਰੇ ਜਾਂਦਯਾਂ ਹੀ ਸਾਰ
ਛਡ ਦੇਵਣੇ ਬਾਲਕੇ ਕੈਦ ਤੋਂ।
ਇਹ ਹੈ ਨੇਕੀ ਦੀ ਕਾਰ
ਤੁਹਾਨੂੰ ਭਲੀ, ਰੱਬ, ਮੈਂ ਭਾਉਂਦੀ!

ਨਵਾਬ–
ਚੰਗਾ ਦੰਗਾ ਐ ਜਾਨ!
ਸਵੇਰੇ ਦਿਆਂ ਛੱਡ ਮੈਂ ਬਾਲਕੇ।
ਤੇਰਾ ਰੱਖਣਾ ਹੀ ਮਾਨ
ਮੇਰੀ ਖ਼ੁਸ਼ੀ; ਧਰਮ ਤੇ ਦੀਨ ਹੈ।
[ਮੈਂ ਗਏ

ਨਵਾਬ (ਆਪਣੇ ਆਪ ਨਾਲ)–
ਕੋਈ ਕੱਢਾਂਗਾ ਰਾਹ
ਜੀਕਰ ਬਚਾਂ ਪਾਸਿਆਂ ਦੋਹੂੰ ਤੋਂ।
ਖਾਧੀ ਸਹੁੰ ਜੋ ਮੈਂ, ਆਹ!
ਪਾਲਾਂਗਾ ਉਸਨੂੰ ਜਿਵੇਂ ਹੋ ਕਿਵੇਂ।

—o—

ਅੰਕ ੨

ਰਾਜ ਭਵਨ–ਸਰਹਿੰਦ
ਰੁਪਤ ਮਸ਼ਵਰੇ ਦਾ ਦਾਲਾਨ
ਆਏ–ਕਾਜ਼ੀ, ਮੁੱਲਾਂ ਤੇ ਹੋਰ ਉਮਰਾ।

ਮੁੱਲਾਂ ਸ਼ਹੀਰੁੱਦੀਨ–
ਸੁਣ ਲੈਣੀ ਮੇਰੀ ਬਾਤ;
ਮੋਮਨ ਸਭੀ ਦੀਨ ਦੇ ਪਜਾਰਿਓ!
ਜੋ ਕੁਝ ਬੀਤੀ ਹੈ ਰਾਤ,
ਮਹਿਲਾਂ ਵਿਚ ਨ੍ਵਾਬ ਦੇ ਸੁਣ ਲਓ।
ਹਿੰਦੂ ਸੀਗੀ ਜੋ ਨਾਰਿ,
ਫੜ ਕੇ ਵਰੀ ਨ੍ਵਾਬ ਨੇ ਸੀਗ ਜੋ,
ਹੋਈ ਦੀਨੋਂ ਹੈ ਬਾਰੂ,
ਰਾਤੀਂ ਰਹੀ ਲੜਦੀ ਤੇ ਝਗੜਦੀ,
ਛੇਕੜ ਲੀਤਾ ਮਨਾਇ,
ਲੀਤਾ ਬਚਨ ਨ੍ਵਾਬ ਤੋਂ ਓਸ ਨੇ,
'ਹੁਣ ਨਾ ਦੇਊਂ ਸਜ਼ਾਇ,
ਬੱਚੇ ਫੜੇ ਜੋ ਅਸਾਂ ਹਿੰਦੂ ਦੇ'।
ਨਿਹਤੇ ਜਾਵਣਗੇ ਬਾਲ
ਸਲਾਮਤ ਘਰੀਂ ਭਰਦਿਆਂ ਚੌਕੜੀ।
ਵੱਡੇ ਹੋਵਣਗੇ ਲਾਲ
ਤਕੜੇ ਪਿਤਾ ਵਾਂਙ ਓ ਸੂਰਮੇ।
ਦੇਸਣ ਜੜ੍ਹਾਂ ਤੋਂ ਉਖੇੜ
ਸ਼ਾਹੀ ਅਸਾਡੀ ਉ ਜੇ ਬਚ ਰਹੇ।
ਅੰਖੇ ਹੋਵਣਗੇ ਭੇੜ
ਜੰਗਾਂ ਮਦਾਨਾਂ ਦੇ, ਹੇ ਸੱਜਣੋਂ!
ਮੁਗ਼ਲੀ ਹੋਵੇਗੀ ਦੂਰ
ਦੁਖ ਭੋਗਸਣ ਬੱਚੇ ਸਭ ਸਾਡੜੇ।
ਭ੍ਰਾਵੇ! ਕਰ ਲਓ ਸ਼ਊਰ,
ਮਾਰੋ, ਕਟੋ, ਸੂਲਾਂ ਏ ਫੁੱਟੀਆਂ।

ਕਾਜ਼ੀ ਰੁਕਨ ਦੀਨ–
ਸੱਚੀ ਮੁੰਦਰ ਹੈ ਬਾਤ,
ਤੇਰੀ ਅਕਲ ਦੇ ਹਾਂ ਮੈਂ ਵਾਰਨੇ।
ਡੁੱਘੀ ਪਾਈ ਆ ਝਾਤ
ਬੇਗਮ ਤੇ ਬੇਗੇ ਦੇ ਤੂੰ ਪਰਦਿਆਂ।
ਸਾਰੇ ਕਰ ਲਓ ਵਿਚਾਰ,
ਆਵੇਗਾ ਹੁਣ ਨ੍ਵਾਬ ਏਸੇ ਜਗ੍ਹਾ;
ਸਾਰੇ ਕਰੀਓ ਪੁਕਾਰ
ਮਾਰੇ ਇਨ੍ਹਾਂ ਬੱਚਿਆਂ ਡਾਢਿਆਂ।

ਦੀਵਾਨ ਸੁਚਾ ਨੰਦ–
ਸੁਹਣੀ ਸੋਚੀ ਹੈ ਸੋਚ
ਏਤੇ ਕਲੀ ਜੋ ਫਲੀ ਨਾ ਬਣੇ,
ਪਿੱਛੋਂ ਕੋਸ਼ਸ਼ ਹੈ ਪੋਚ
ਬਣਦਾ ਨਹੀਂ ਕੁੱਝ ਬੀ ਕੀਤਿਆਂ।
ਹੋ ਕੇ ਜਿਸ ਨੇ ਫਕੀਰ

ਪਾਏ ਵਖ਼ਤ ਸ਼ਾਹੀਆਂ ਰਾਜਿਆਂ।
ਹੋ ਕੇ ਪੁੱਤ ਏ ਅਮੀਰ
ਕਢਸਣ ਤੁਹਾਨੂੰ ਨ ਕਿਉਂ ਦੇਸ਼ ਤੋਂ ?
ਯਾ ਤਾਂ ਮੰਨਣ ਰਸੂਲ
ਕਾਬੂ ਆਏ ਛੱਡਣੇ ਪਾਪ ਹੈ।
ਬੂਟਾ ਉਗਦਾ ਨ੍ਹਿ ਮੂਲ
ਸੌਖਾ ਹੈ ਕਰਨਾ ਵਧੇ ਪੁੱਟਣੋਂ।

ਅਮੀਰ ਰਫੀਉੱਦੀਨ–
ਸਾਰੇ ਤੁਹਾਡੇ ਹਾਂ ਨਾਲ
ਪੱਟੀ ਪੜ੍ਹਾਵਾਂਗੇ ਏ ਨ੍ਵਾਬ ਨੂੰ।
ਮੰਤਰ ਦੇਵਾਂਗੇ ਜਾਲ
ਫੂਕਿਆ ਜੁ ਹੈ ਉਸ ਬੁਰੀ ਨਾਰ ਨੇ।
ਰਾਤੀਂ ਜਾਵੇਗਾ ਤਾਂਹਿ
ਬਾਲਕ ਕਤਲ ਪਹਿਲੇ ਨੇ ਹੋਣਗੇ,
ਫਿਰ ਕੀ ਚੱਲੇਗਾ ਦਾਉ
ਨਾਰੀ ਨਿਕਾਰੀ ਦਾ ਜੀ ਨ੍ਵਾਬ ਤੇ ?

ਨਵਾਬ ਮਲੇਰ ਕੋਟਲਾ–
ਏਕਾ ਕਰ ਲਿਆ ਬਿਝਾਕ
ਮਤਾਇਆ ਮਤਾ ਹੈ ਤੁਸਾਂ ਪਾਪ ਦਾ,
ਦਿਲ ਨੇ ਕੀਤੀ ਨ ਠਾਕ
ਰੱਬੋ ਨਿਆਓਂ ਤੁਸੀਂ ਭੁੱਲਿਓ।
ਹੈ ਨ ਬੀਰਾਂ ਦਾ ਕੰਮ
ਬੱਚੇ ਤੇ ਤੀਵੀਆਂ ਨੂੰ ਮਾਰਨਾ।
ਖਾਵੋ ਕੋਈ ਸ਼ਰੰਮ
ਮਸੂਮਾਂ ਤੇ ਹਥ ਕਤਲ ਦੇ ਚੱਕਣੋ।
ਹਾਮੀ ਭਤਸਾਂ ਨਾ ਹਾਇ !
ਦੇਸਾਂ ਦੁਹਾਈ ਬਾਹਾਂ ਚੱਕਕੇ।
ਨਾਅਰਾ ਦੇਸਾਂ ਮੈਂ ਵਾਇ
ਹੋੜਾਂਗਾ ਹਟਕਾਂਗਾ, ਮੈਂ ਰੋਕਸਾਂ।

[ਚੋਬਦਾਰ ਆ ਗਿਆ

ਚੋਬਦਾਰ–
ਜੁਗ ਜੁਗ ਹੋਵੇ ਏ ਰਾਜ
ਮੁਗਲਾਂ ਦਾ ਦੁਨੀਆ ਤੇ ਡੰਕਾ ਬਜੇ।
ਝੁੱਲੇ ਸ਼ਾਹੀ ਦਾ ਸਾਜ
ਆਏ ਹੈਂ ਮਹਿਲੋਂ ਸ੍ਰੀ ਨ੍ਵਾਬ ਜੀ।

[ਆਇਆ ਨਵਾਬ, ਸਾਰਿਆਂ ਉਠਕੇ ਅਦਬ ਦਿਤਾ

ਸਾਰੇ ਦਰਬਾਰੀ–
ਮੁਜਰਾ ਹੋਵੇ ਅਦਾਬ,
ਜੁਗ ਜੁਗ ਜੀਓ ਰਾਜ ਨੂੰ ਮਾਣਦੇ।
ਕੁਰਨਿਸ਼ ਹੋਵੇ ਅਦਾਬ
ਸੂਰਜ ਤਰ੍ਹਾਂ ਤੇਜ਼ ਵਾਧੇ ਰਹੇ।

ਨਵਾਬ–
ਕੈਸਾ ਔਖਾ ਹੈ ਰਾਜ !
ਖ਼ਲਕਤ ਖ਼ੁਦਾ ਵਾਲੀ ਨੂੰ ਸਾਂਭਣਾ।
ਨਜ਼ਾਈਂ ਤੇ ਰਾਸ੍ਹ ਮਿਜ਼ਾਜ,
ਰਹਿਕੇ ਅਦਲ ਤੋਲਣਾ ਤੱਕੜੀ।
ਕਾਰ ਨਾਜ਼ੁਕ ਹੈ ਠੀਕ
ਖ਼ੁਸ਼ੀ ਤੇ ਸੁਖੀ ਰੱਖਣਾ ਦੇਸ਼ ਨੂੰ,
ਔਖਾ ਹੋਵੇ ਰਫੀਕ
ਨਿਭ ਜਏ ਤਦ ਕਾਰ ਏ ਓਸਦੀ।

ਵਜ਼ੀਰ–
ਵਾਫਰ ਅਕਲਾਂ ਦੇ ਤਾਜ
ਲਾਇਕ ਹੋ ਹਰ ਇਲਮ, ਹੇ ਨਾਬ ਜੀ !
ਸੁਹਣਾ ਕਰਦੇ ਹੋ ਰਾਜ,
ਤੇਰਾ ਤੁਸੀਂ ਤੇਰਦੇ ਸੋਹਿਣਾ।
ਹਾਕਮ ਅਤੇ ਦੀਨਦਾਰ
ਜੜ੍ਹਾਂ ਕਾਫ਼ਰਾਂ ਖਿੱਚ ਕੇ ਪੁੱਟਦੇ।
ਸਿਰ ਤੇ ਹਨ ਚਾਰ ਯਾਰ
ਸ਼ਰਆ ਪੁਜਾਵਨ ਸਦਾ ਆਪ ਤੋਂ।

ਸਾਰੇ–
ਧਨ ਤੂੰ ਧਨ ਸ਼ਹਿਰ ਯਾਰ*
ਤੇਰਾ ਸਦਾ ਰਾਜ ਹੋ ਦੇਸ਼ ਤੇ।
ਮਾਹ ਤੋਂ ਮਾਹੀਂ† ਵਿਚਾਲ
ਤੇਰਾ ਰਹੇ ਦਬਦਬਾ ਫੈਲਿਆ।

ਨਵਾਬ–
ਇਹ ਹੈ ਗੁਪਤੀ ਸਥਾਨ
ਗੁਪਤੀ ਇਕੱਠੇ ਅਸੀਂ ਹੋ ਰਹੇ।
ਚੁਣਵੇਂ ਗਿਣਵੇਂ ਪ੍ਰਧਾਨ
ਸੱਦੇ ਅਸਾਂ ਸੋਚਣੇ ਸੋਚ ਨੂੰ।
ਔਕੜ ਘੇਰੜਾ ਹੈ ਆਣ,
ਕੱਢੋ ਕੁਈ ਡੌਲ, ਜੋ ਠਿੱਲ੍ਹੀਏ।
ਲੈਣੀ ਬੱਚਤਾਂ ਦੀ ਜਾਨ,
ਦੁਨੀਆਂ ਨੂੰ ਚੰਗੀ ਨਹੀਂ ਭਾਸਦੀ।

*ਪਾਤਸ਼ਾਹ। †ਮਾਹ=ਚੰਦ। ਮਾਹੀ=ਮੱਛੀ, ਜਿਸ ਉਤੇ ਧਰਤੀ ਖੜੀ ਮੰਨਦੇ ਹਨ। ਭਾਵ ਧਰਤੀ ਤੋਂ ਅਸਮਾਨ ਤਕ।

ਮੁੱਲਾ–

ਕਹਿੰਦੇ ਹੈਗੇ ਹੋ ਖ਼ੂਬ
ਦਿਲ ਆਪ ਦਾ ਰਹਿਮ ਹੈ ਵਾਲਣਾ।
ਵੈਰੀ ਕਰਕੇ ਮਗ਼ਲੂਬ
ਕਰਦੇ ਤਰਸ ਨੇਕ ਜੀ ਵਾਲੜੇ,
ਪਰ ਏ ਰਹਿਮਾਂ ਦੀ ਕਾਰ
ਡਾਢੀ ਹੀ ਨਾਜ਼ਕ ਹੈ, ਹੇ ਸ਼ਾਹ ਜੀ !
ਕਰਦੀ ਪੁੱਠੜੀ ਹੈ ਮਾਰ
ਕੁਵੇਲੇ ਕੁਥਾਵੇਂ ਦਇਆ ਕੀਤੜੀ।

ਕਾਜ਼ੀ–

ਮੇਰੀ ਏਹੋ ਹੈ ਰਾਇ
ਸ਼ਾਹਾਂ ਨੂੰ ਹੀ ਰਹਿਮ ਹੈ ਸੋਜਦਾ।
ਪਰ ਨ ਕਰੀਏ ਕੁਥਾਇੰ
ਸ਼ਾਹੀਆਂ ਇਨ੍ਹੰ ਡੋਬੀਆਂ ਬਹੁਤੀਆਂ।

ਮੁਫ਼ਤੀ–

ਸਚ ਹੈ ਸਚ ਹੈ ਹੇ ਸ਼ਾਹ !
ਕਰਿਯੇ ਰਹਿਮ ਨ ਜਗਾ ਖੋਟੜੀ।
ਸੁਣ ਲੈ 'ਕਿਬਲ-ਉਲ-ਈਜ਼ਾ
ਕਤਲਉਲ ਮੂਜੀ*' ਹੈ ਸ਼ਰਾ ਆਖਦੀ !
ਸੱਪਾਂ ਬਿਛੂਆਂ ਤੇ ਸ਼ੇਰ
ਏਨ੍ਹਾਂ ਨੂੰ ਮਾਰੀਏ ਜੀ, ਜੰਮਦਿਆ।
ਕਰਨੀ ਸ਼ਾਹਾ ! ਨ ਦੇਰ:
ਉਗਦੀਆਂ ਸੂਲਾਂ ਨੂੰ ਹੀ ਨੱਪਣਾ।

ਨਵਾਬ–

ਸੁੱਚਾਨੰਦ ਜੀ ਦੀਵਾਨ !
ਦੱਸੋ ਤੁਸੀਂ ਰਾਇ ਕੀ ਆਖਦੇ ?
ਹਿੰਦੂ ਤੁਸੀਂ ਹੋ ਸੁਜਾਨ
ਝੱਕੇ ਬਿਨਾ ਸੱਚੁ ਸੱਚ ਆਖਣਾ।

ਸੁੱਚਾ ਨੰਦ–

ਮੇਰੀ ਏਹੋ ਹੀ ਰਾਇ,
ਕਾਜ਼ੀ ਤੇ ਮੁਫ਼ਤੀ ਨੇ ਜੋ ਹੈ ਕਿਹਾ।
ਦੇਵਾਂ ਉੱਚੀ ਸੁਣਾਇ,
ਚਾਹੇ ਮੈਂ ਹਿੰਦੂ ਹਾਂ ਉੱਚ ਖਤਰੀ।
ਸ਼ਰਆ ਮੇਰਾ ਨ ਕਾਮ
ਨਜਾਇ ਦੀ ਹਾਂ ਗਲ ਮੈਂ ਆਖਦਾ।
ਵੈਰੀ ਮਾਰੀਏ ਠਾਮ
ਦੇਈਏ ਨ ਜਾਵਨ ਜਦੋਂ ਦਾ ਫਬੇ।

*ਦੁਰੇ ਤੋਂ ਦੁਖ ਝੱਲਣ ਤੋਂ ਪਹਿਲਾ ਉਸ ਨੂੰ ਮਾਰ ਦਿਓ।

ਵਹੁਟੀ ਧੀਆਂ ਤੇ ਪੂਤ,
ਵੈਰੀ ਦੇ ਮਾਰੀਏ, ਜਾਂ ਦਾ ਲਗੇ,
ਫੇਰ ਵੈਰੀ ਕੁਸੂਤ
ਜੈਸਾ ਗੁਰੂ ਲੱਭਿਆ ਆਪ ਨੂੰ।
ਪੁੱਤਾਂ ਤਿਸਦਿਆਂ ਤੇ ਹੈਮ
ਕਰਨਾ ਨਹੀਂ ਨੀਤੀ ਹੈ ਦੱਸਦੀ;
ਭਾਂਤੇ ਖਾਓ ਨ ਸ਼ੈਮ,
ਛੇਤੀ ਕਰੋ ਕਾਰ ਏ ਸੋਹਿਣੀ।

ਮਲੇਰ ਕੋਟਲਾ–

ਸੁਨ ਸ਼ਾਹਾ ਨੇਕ ਨਾਮ,
ਨੇਕੀ ਦਈ ਦੱਬ, ਲੈ ਨੇਕੀਆਂ।
ਕਰੀਏ ਓਹੋ ਹੀ ਕਾਮ,
ਨੇਕੀ ਜਿਨ੍ਹਾਂ ਕਾਰਣੇ ਜਗ ਰਹੇ।
ਕਹੀਏ ਬੁਰੀ ਓ ਨ ਰਾਤ,
ਦਿਨ ਦੇਖ ਕੇ ਚਮਕਦਾ ਸੋਹਿਣਾ।
ਦਿਨ ਬੁਰਾ ਨੇਕ ਰਾਤ,
ਏ ਬੀ ਨ ਕਹੁ ਦੇਖਕੇ ਤਾਰੜੇ।
ਪਾਓ ਸੂਰਜ ਨੂੰ ਝਾਤ,
ਜਿਸਨੇ ਬਨਾਯਾ ਦਿਨੇ ਰਾਤ ਨੂੰ।
ਦਿਨ ਤੋਂ ਉਲਟੀ ਹੈ ਰਾਤ;
ਦੋਹਾਂ ਦੇ ਵਿਚ ਫਰਕ ਹੈ ਬਹੁਤ ਹੀ।
ਪਰ ਏ ਦੋਵੇਂ ਹੈਂ ਪੁੱਤ
ਸੂਰਜ ਦੇ ਜਾਏ ਦੁਏ ਜਾਣੀਏ।
ਦੇਖੇ ਸੂਰਜ ਦਾ ਬੁੱਤ,
ਸੂਰਜ ਹੋਵੇ ਚਾਨਣਾ ਚਾਨਣਾ।
ਹਿੰਦੂ ਅਤੇ ਮੁਸਲਮਾਨ
ਉਲਟੇ ਏ ਦੋਨੋਂ ਟੁਰਨ ਆਪ ਤੋਂ,
ਬਖਸ਼ੀ ਦੋਹਾਂ ਨੂੰ ਜਾਨ
ਅੱਲਾ ਇਕੋ ਸੋਹਿਣੇ ਚਾਨਣੇ।
ਦੇਖੀਂ ਚਾਨਣ ਦਾ ਪੁੰਜ,
ਕਰ ਜੋ ਰਜ਼ਾ ਓਸ ਨੂੰ ਭਾਂਵਦੀ।
ਮਾਰ ਕਰਨਾ ਜੋ ਸੁੰਜ
ਉਸ ਦੇ ਬਨਾਏ ਨੂੰ, ਏ ਪਾਪ ਹੈ।
ਭਾਵੇ ਅੱਲਾ ਨੂੰ ਕੌਣ ?
ਕਿਹੜੇ ਸਮੇਂ, ਥੌਹ ਏ ਨਾ ਪਵੇ।
ਸਭ ਦੀ ਨਿੰਵਦੀ ਏ ਧੌਣ,
ਆਖਣ 'ਨਹੀਂ ਗ਼ੈਬ ਦਾ ਹੈ ਪਤਾ।'

ਸਕਿਆ ਕੋਈ ਨ ਪਾੜ
ਤਣ ਜੁ ਰਿਹਾ ਪਰਦਾ ਹੈ ਗ਼ੈਬਦਾ।
ਦਿੱਤਾ ਕਿਸ ਨੇ ਉਘਾੜ
ਕੁਦਰਤ ਤੇ ਕਾਦਰ ਦਾ ਜੋ ਭੇਤ ਹੈ।
ਪੰਛੀ ਅੰਡੇ ਦੀ ਓਟ
ਕੀਕਰ ਸਕੇ ਜਾਣ ਹੈ ਜੱਗ ਨੂੰ।
ਬਿਨ ਖੰਭਾਂ ਕੋਈ ਬੋਟ
ਅਸਮਾਨ ਦੇ ਹਾਲ ਕਿੰਵ ਕਹਿਸਕੇ?
ਅੰਕੁਰ* ਬੀਜਾਂ ਵਿਚਾਲ
ਮੌਜਾਂ ਲਵੇ ਕੁਦਰਤੀ ਕੀਕੁਰਾਂ ?
ਤੀਕਰ ਸਾਡਾ ਹੈ ਹਾਲ;
ਜਾਣੀਏਂ ਕੀ ਗ਼ੈਬ ਦੇ ਵਿਚ ਹੈ।
ਕੀਕਰ ਆਖੀਏ ਸਾਫ਼,
ਕਰਨਾ ਕਤਲ ਰੱਬ ਨੂੰ ਭਾਂਵਦਾ ?
ਕੀਕਰ ਮਾਰੀਏ ਲਾਫਾਂ,
ਅੱਲਾ ਦੇ ਜੀਂਦੀ, ਜੁ ਨਾ ਦੇਖਿਆ।
ਹਿੰਦੂ ਮਾਰਨ ਹੈ ਪੁੰਨ
ਅੱਲਾ ਕਿਸੇ ਤਾਂਈਂ ਨਾ ਆਖਿਆ।
ਧਿੰਗੋ ਜ਼ੋਰੀਂ ਘਸੁੰਨ
ਆਖੇ ਕੋਈ ਜਿਸਦਾ ਜੋ ਜੀ ਕਰੇ।
ਐਪਰ ਦੇਹੀ ਦੇ ਵਿਚ
ਨਿੱਕੀ ਜਿਹੀ ਰਬ ਦੀ ਲਾਟ ਹੈ।
ਉਸਤੋਂ ਚਾਨਣ ਨੂੰ ਖਿੱਚ
ਦੱਸੋ, ਕਿ ਓ ਰਸਤਾ ਕੀਹ ਆਖਦੀ ?
'ਕਰਨਾ ਕਿਸੇ ਦਾ ਵਿਨਾਹ'
ਦੱਸੇ ਨ ਹੈ ਅੰਦ੍ਰਲੀ ਜੋਤ ਓ।
ਫਿਰ ਮਸੂਮਾਂ ਦਾ ਦਾਹ,
ਕਰਨਾ ਕਦੋਂ ਬੋਲਦੀ ਵ ਜ ਓ ?
ਤੁਹਾਡੇ ਅਪਣੇ ਜਿ ਬਾਲ
ਹਿੰਦੂ ਕੁਈ ਪਕੜ ਕੇ ਲੈ ਜਏ।
ਹੋਵੇ ਤਦ ਕੀ ਹਵਾਲ ?
ਦੱਸੋ ਦਿਲਾਂ ਦਾ ਤੁਸੀਂ ਆਪਣੇ।
ਕਰ ਲੈ ਦੇਤੇ ਓ ਬਾਤ,
ਬੀਤਿਆਂ ਜਿਨੂੰ ਸਾਲ ਨਾ ਬੀਤਿਆ।
ਹੋਈ ਤਦੋਂ ਵਾਰਦਾਤ,
ਇਸਤੋਂ ਭਯਾਨਕ ਅਤੇ ਕਹਿਰਦੀ।

*ਬੀਜ ਦਾ ਉਹ ਹਿੱਸਾ ਜੋ ਪੁੰਗਰਦਾ ਹੈ। †ਗੱਪ।

ਰਾਜਾ ਨਾਹਰ ਜੁ ਦੀਨ*
ਟਿਵਾਣਾ, ਲੜਾਕਾ ਗਿਆ ਮਾਰਿਆ।
ਸਿੱਖਾਂ ਫੜ ਉਸਦੇ ਲੀਨ
ਡੋਲੇ ਤੇ ਬੱਚੇ ਮਚੇ ਜੰਗ ਆ।
ਲੈ ਗੈ ਸਤਿਗੁਰ ਦੇ ਪਾਸ,
ਜਾਕੇ ਕਿਹਾ 'ਹੁਕਮ ਹੋ ਸੋ ਕਰੇਂ'।
ਕੈਸੀ ਨੀਯਤ ਸੀ ਰਾਸ,
ਬਹਾਦਰ ਗੁਰੂ ਜੀ ਦੀ, ਹਾਂ ਸੋ ਸੁਣੋ:—
ਕਹਿੰਦੇ "ਆਦਰ ਦੇ ਨਾਲ
ਰੱਖੋ ਸਤਰ ਬੇਗਮਾਂ ਦੇ ਤੁਸੀਂ,
"ਰਾਖੀ ਕਰ ਜਾਨੋ ਮਾਲ
ਸਲਾਮਤ ਪੁਚਾਵੋ ਇਨ੍ਹਾਂ ਨੂੰ ਘਰੀਂ,
"ਰੋਣਾ ਪਾਵੇ ਨ ਬਾਲ
ਅੱਥਰੂ ਕਿਰੇ ਨਾਰਿ ਦੀ ਨਾ ਕੁਈ"।
ਮਾਲਕ ਅਪਣੇ ਦਾ ਵਾਕ
ਸਿੱਖਾਂ ਸਿਰੇ ਆਪਣੇ ਰੱਖਿਆ।
ਆਏ ਏਥੇ ਬੇਬਾਕਾਂ
ਡੋਲੇ ਤੇ ਬਾਲਕ ਪੁਚਾ ਓਹ ਗਏ।
ਖ਼ਾਤਰ ਕੀਤੀ ਵਧੀਕ
ਕਰ ਨ ਸਕੇ ਦੋਸਤ ਤੇ ਸਾਕ ਬੀ।
ਵਾਲ ਵਿੰਗਾ ਤਹਿਕੀਕ‡
ਹੋਯਾ ਨ ਬਾਲਾਂ ਅਤੇ ਬੇਗਮਾਂ।
ਓਵੇਂ ਕਰਨਾ ਹੈ ਜੋਗ
ਕੀਤਾ ਜਿਵੇਂ ਓਸਨੇ, ਪਤਾਰਿਓ!
ਦੇਵੋ ਬਾਲਾਂ ਨ ਸੋਗ
ਅਜ਼ਮਤ ਕਰੋ ਮਾਤਾ ਜੀ ਬ੍ਰਿੱਧ ਦੀ।
ਕੀਤਾ ਭਾਰੀ ਮੈਂ ਜੰਗ
ਏਸੇ ਗੁਰੂ ਨਾਲ, ਫਿਰ ਤਤਾਰਹਾਂ।
ਐਪਰ ਖਾਂਦੀ ਏ ਸੰਗ
ਉਠਾਵਾਂ ਮਸੂਮਾਂ ਤੇ ਮੈਂ ਹੱਥ ਏ।
ਦੇਵਣ ਆਗਯਾ ਨ ਮੂਲ
ਮਾਰਨ ਦੀ ਦੁਧ ਪੀਂਦਿਆ ਬੱਦਿਆਂ
ਮੇਰਾ ਰੱਬ ਤੇ ਰਸੂਲ,
ਐਸੇ ਗੁਨਾਹਾਂ ਤੋਂ ਹਨ ਵਰਜਦੇ।

*ਨਾਹਿਰ ਖਾਂ ਮਲੇਰੀਆ ਹੋਰ ਸੀ।
†ਖੈਡਰ, ਨਿਰਭੈ। ‡ਨਿਸਚੇ, ਜ਼ਰੂਰ।

ਨ ਸ਼ੁਜਾਅਤ ਦਾ ਕੰਮ
ਮੈਂ ਹਾਂ ਜਾਣਦਾ ਗੱਲ ਏ, ਫ਼ੂਰਮਾਂ।
ਮੈਂ ਤਾਂ ਭਰਸਾਂ ਏ ਦੰਮ
ਮਸੂਮਾਂ ਨੂੰ ਮਾਰਨ ਨ ਇਸਲਾਮ ਹੈ।

ਸ਼ਹਾਬੁੱਦੀਨ–
ਢਿੱਕਾ ਸ਼ਰਆ ਤੋਂ ਅਜਾਣ
ਸਿਪਾਹੀ, ਤੂੰ ਜਾਣੇਂ ਹੈਂ ਕੀ ਦੀਨ ਨੂੰ;
ਮਾਰੇਂ ਨਾਗਾਂ ਨੂੰ ਸਜ਼ਾਣ
ਬੱਚੇ ਰਖੇਂ ਪਜ਼ਾਰ ਕੇ ਓਸ ਦੇ।
ਬੋਲੇਂ ਸ਼ਰਆ ਖਿਲਾਫ
ਦੱਸ ਕੋਟਲੇ ! ਵਿਗੜਿਓਂ ਕੀਕੁਰੇ?
ਸੂਫੀ ਹੋ ਗਇਓਂ ਸਾਫ ?
ਕਿ ਕਾਫਰ ਵਿਦਾਂਤੀ ਕਿਤੋਂ ਹੋ ਗਿਓਂ ?
ਕਿਉਂ ਕਰੇਂ ਪੱਖੋ ਪਾਤ ?
ਚੇਲਾ ਗੁਰੂ ਦਾ ਕਿਤੇ ਬਣ ਗਿਆ ?
ਦੱਸ ਦੇ ਦਲ ਦੀ ਤੂੰ ਬਾਤ
ਦੁਸ਼ਮਨ ਦੇ ਘਾਤੋਂ ਡਰੇਂ ਕਾਸਨੂੰ ?

ਨਵਾਬ–
ਦੇਵੋ ਮੂੰਹ ਨੂੰ ਲਗਾਮ
ਸੰਭਲ, ਸ਼ਹਾਬੇ, ਜ਼ਰਾ ਬੋਲਣਾ।
ਏ ਹੈ ਮਖ਼ਫੀ ਮੁਕਾਮ*
ਮਖ਼ਫੀਤਾਂ ਸਲਾਹ ਕਰ ਅਸੀਂ ਹਾਂ ਰਹੇ।

ਕਾਸ਼ੀ–
ਸ਼ਰਆ ਉਲਟੀ ਜੋ ਬਾਤ,
ਹੋਣੀ ਅਸੰਭਵ ਅਹੇ ਨਾਬ ਜੀ।
ਸਭ ਦਲੀਲਾਂ 'ਨ ਮਾਤ,
ਜੋ ਕੁਛ ਕਿ ਉਲਮਾਉ ਹਨ ਆਖਦੇ।
ਹਿੰਦੂ ਹੋਵੇ ਜਿ ਨਾਰ
ਵਸਦੀ ਕਿਸੇ ਮੋਮਨੇ ਦੇ ਘਰੇ।
ਦੇਈਏ ਗਰਦਨ ਤੋਂ ਮਾਰ,
ਹੋੜੇ ਸ਼ਰਆ ਹੁਕਮ ਜੇ ਮੰਨਣੋਂ।
ਹੋਵੇ ਅਪਨਾ ਜਿ ਪੂਤ,
ਮੋੜੇ ਸ਼ਰਆ ਤੋਂ ਤਾਂ ਦੇ ਮਾਰੀਏ।
ਰੱਖਣ ਸ਼ਾਹ ਨਾਲ ਸੂਤ
ਦੂਜੀ ਜ਼ਰੂਰੀ ਹੈ ਏ ਗਲ ਬੀ।

ਨਵਾਬ (ਆਪਣੇ ਦਿਲ ਵਿਚ)–
ਖੁਲ੍ਹ ਗਿਆ ਮਹਿਲਾਂ ਦਾ ਭੇਤ
ਨਿਕਲ ਗਈ ਗਲ ਹੈ ਪਰਦਿਓਂ,
ਗੋਲੀ ਕੋਈ ਸੁਚੇਤ
ਸੁਣਦੀ ਰਹੀ ਰਾਤ ਦੀ ਵਾਰਤਾ।
ਦੱਸੀ ਏਹਨਾਂ ਦੇ ਪਾਸ
ਮੇਰੀ ਤੇ ਬੇਗਮ ਦੀ ਗਲ ਬਾਤ ਜੋ।
ਅਪਣੀ ਇੱਜ਼ਤ ਦੀ ਰਾਸ
ਔਖੀ ਹੁਈ ਹੁਣ ਹੈ ਸੰਭਾਲਣੀ !
ਝੂਠ ਵਹੁਟੀ ਦੇ ਨਾਲ
ਬੋਲਣ ਰਵਾ ਸਾਰੇ ਹਨ ਆਖਦੇ।
ਏਹ ਨ ਮੂਲੋਂ ਕੁਚਾਲ,
ਟਾਲਾਂਗੀ ਪੱਜੀਂ ਅਸੀਂ ਨਾਰ ਨੂੰ।
ਭਾਵੇਂ ਪਜ਼ਾਰੀ ਹੈ ਨਾਰ,
ਮੰਨੇਗੀ ਗੁੱਸੇ ਗਿਲੇ ਝਾਗ ਕੇ।
ਆਖਰ ਜਿੱਤੇਗਾ ਪਜ਼ਾਰ
ਰੁੱਸੀ ਹੋਈ ਨਾਰ ਨੂੰ ਮੇਰੜਾ।

ਨਵਾਬ (ਪ੍ਰਗਟ)–
ਬੋਲੋ ਬਾਕੀ ਦੇ ਯਾਰ,
ਮੁਸਾਹਿਬ, ਵਜ਼ੀਰੋ ਤੇ ਮੀਰੋ ਸਭੀ।

ਸਾਰੇ–
ਜਾਣੇ ਦੇਵੋ ਨ ਬਾਹਰ,
ਆਏ ਸ਼ਿਕਾਰਾਂ ਨੂੰ ਹੱਥੋਂ ਪਰੇ।

ਨਵਾਬ–
ਸਭਨਾਂ 'ਮਾਰੋ' ਸਲਾਹ,
ਇਕ ਵਾਜ ਸਭ 'ਮਾਰਨਾ' ਆਖਦੇ।
ਮੈਂ ਬੀ ਕਰਦਾ ਨ ਨਾਂਹ,
ਮੰਨਣ ਜੇ ਨਾ ਦੀਨ ਵਿਚ ਆਵਣਾ।
ਚੱਲੋ ਚੱਲੀਏ ਦਰਬਾਰ,
ਮਜਲਸ ਹੈ ਆਮਾਂ* ਜਿਥੇ ਲੱਗਣੀ।
ਕਰੀਏ ਏਹੋ ਹੀ ਕਾਰ,
ਮਿਲਨਾ ਗੁਪਤ ਏਸ ਥਾਂ ਦਾ ਰਹੇ।

ਮਲੇਰ ਕੋਟਲਾ–
ਮੇਰੀ ਮੂਲੋਂ ਨ ਨਾਲ
ਰਾਏ ਰਲੇ ਨਾਬ ਜੀ ! ਆਪ ਦੇ।
ਕਰਸਾਂ ਹਾਲੋਂ ਮੈਂ ਹਾਲ,
ਮਜਲਸ ਬੀ ਆਮਾਂ ਦੇ ਵਿਚ ਨਾ ਟਲਾਂ।
ਹੋਵੇ ਕੈਸਾ ਹਵਾਲ,
ਸੱਚੋ ਮੈਂ ਸਚ ਓਸ ਥਾਂ ਕੂਕਸਾਂ।

*ਗੁਪਤ ਥਾਂ। †ਗੁਪਤ।

*ਖੁੱਲ੍ਹਾ ਦਰਬਾਰ।

'ਮਾਰੇ ਜਾਵਣ ਨ ਬਾਲ'
ਦੁਹਾਈ ਦਿਆਂਗਾ ਮੈਂ ਇਹੋ ਹਿ ਇਹੋ ।

ਨਵਾਬ–
ਕਰੀਓ ਕਰਨੀ ਜੁ ਕਾਰ
ਲਾਂਗੇ ਤੁਹਾਨੂੰ ਭਲੀ, ਕੋਟਲੇ !
ਬਾਲਕ ਹੋਸਨ ਪ੍ਰਹਾਰ;
ਮੰਨਣ ਨ ਜੇ ਦੀਨ ਵਿਚ ਆਵਣਾ ।

ਇਥੋਂ ਦਰਬਾਰ ਗਏ, ਸਾਹਿਬਜ਼ਾਦਿਆਂ ਨਾਲ ਬਾਂਹਸ ਹੋਈ, ਕਾਜ਼ੀਆਂ ਆਦਿਕ ਫਤਵੇ ਦਿਤੇ। ਮਲੇਰ ਕੋਟਲੇ ਨਾ ਮਾਰਨ ਦੀ ਦੁਹਾਈ ਦਿਤੀ, ਓਹ ਨਾ ਮੰਨੇ। ਛੋਕੜ ਸ਼ਹੀਦ ਕੀਤੇ ਗਏ। ਉਸ ਸ਼ੰਗਦਿਲ ਨਵਾਬ ਦਾ ਦਿਲ ਬੀ ਬਾਲਕਾਂ ਦੇ ਆਖਰੀ ਖੇਦ ਦੇਖਕੇ ਉਦਾਸ ਹੋ ਗਿਆ ਅਰ ਟੁਟੇ ਦਿਲ ਮਹਿਲੀਂ ਗਿਆ। ਅਗੇ ਬੇਗਮ ਰੋ ਰਹੀ ਸੀ ।

—o—

ਅੰਕ ੩

ਸਰਹਿੰਦ ਦੇ ਰਾਜ ਮਹਲ,
ਬੇਗਮ ਜ਼ੈਨਾਂ ਦਾ ਕੁਮਰਾ
[ਆਈ ਬੇਗਮ ਰੋਂਦੀ ਹੋਈ:–

ਵਰਤਿਆ ਕਹਿਰ ਕਹਾਰ,
ਮਾਰੇ ਗਏ ਬਾਲਕੇ ਰੱਬ ਦੇ ।
ਹੈਂ ਤੂੰ ਡਾਢਾ ਜੱਬਾਰ,
ਭੇਜੇਂਗਾ ਸਿਰ ਸਾਡੜੇ ਕਹਿਰ ਨੂੰ ।
ਹਾਏ ਅੰਮਾਂ ਨੀ ਹਾਇ !
ਜੰਮਦੀ ਦੀ ਗਿੱਚੀ ਨ ਕਿਉਂ ਨੱਪੀਓ ?
ਘੋਰੇ ਦੁੱਖਾਂ ਨੇ ਪਾਇ
ਕੀਤਾ ਅਵਾਜ਼ਾਰ ਹੈ ਜ਼ਿੰਦ ਤੋਂ ।
ਦੌਲਤ ਰੁਤਬਾ ਹੈ ਢੇਰ,
ਗ਼ਮਾਂ ਦੀ ਹੈ ਅਗਨੀ ਜਲਾ ਪਰ ਰਹੀ ।
ਦਿਲ ਨੂੰ ਪੈਂਦੀ ਹੈ ਘੋਰ,
ਸੁਖਾਂ ਨੇ ਮੂੰਹ ਹਾਏ ਹੈ ਮੋੜਿਆ ।
ਹਿੰਦੂ ਖੋਇਆ ਇਮਾਨ,
ਕਲੰਕਤ ਕਿਤਾ ਨਾਮ ਹੈ ਬਾਪ ਦਾ ।
ਰੱਖੀ ਖਸਮੇਂ ਨ ਆਨ,
ਮੰਨੀ ਨਹੀਂ ਗਲ ਬੀ ਇੱਕ ਹੈ ।
ਕਾਂਹਨੂੰ ਪੈ ਗਿਆ ਪਜ਼ਾਰ,
ਮੈਂ ਦੁਸ਼ਟ ਨੂੰ ਨਾਲ ਸੀ ਨ੍ਹਾਬ ਦੇ ।
ਹਾਏ ਮੈਨੂੰ ਧਿਕਾਰ !
ਕਿਉਂ ਅਪਣਾ ਜਨਮ ਮੈਂ ਗਾਲਿਆ ?
[ਆਇਆ ਨਵਾਬ–(ਉਦਾਸ ਤੇ ਦੁਖੀ ਜਿਹਾ)

ਬੇਗਮ–
ਹੁਣ ਕੀ ਰੋਣੇ ਦਾ ਲਾਭ
ਦੱਸੋ ਤਾਂ ਕੀ ਨ੍ਹਾਬ ਜੀ ਹੋ ਸਕੇ ?
ਕੱਚੀ ਤੰਦਾਂ ਜਿਉਂ ਸਾਂਭ
ਸਕਿਓਂ ਨ ਰੱਖ ਸੁਖਨ ਨੂੰ ਆਪਣਾ ।
ਬੱਚੇ ਮਾਰੇ, ਕਸਾਬ* !
ਮਸੂਮਾਂ ਦਾ ਹਾਏ ! ਲਹੂ ਵੀਟਿਆ ।
ਕੰਧੀਂ ਚਿਣ ਦੇ ਅਜ਼ਾਬ
ਮਾਰੇ ਤੁਸਾਂ ਬਾਲਕੇ ਰੱਬ ਦੇ ।
ਟੁੱਟੂ ਕਹਿਰੇ ਕਮਾਲ
ਸਾਈਂ ਦਾ ਸਿਰ ਸਾਡੜੇ, ਰਾਜਿਆ !
ਆਉਂਦੇ ਤਕ ਖਾਂ ਭੁਚਾਲ,
ਧਰਤੀ ਤਾਂ ਪਾਟੇਗੀ ਖਬਰੇ ਹੁਣੇ ।
ਬੱਦਲ ਵੱਸਣਗੇ ਲਾਲ
ਗਜ਼ੇ ਬਿਜਲੀਆਂ ਨੀਰ ਟੁਟ ਪੈਣਗੇ ।
ਰੋੜ੍ਹ ਲੈ ਜਾਣ ਨਾਲ
ਕਾਂਗਾਂ ਕੁਈ ਸ਼ਹਿਰ ਏ ਸਾਡੜਾ ।
ਕਿੱਕੁਰ ਬਚਸੀ ਏ ਸ਼ੈਰ
ਜਿਥੇ ਕਹਿਰ ਏਡੜਾ ਵਰਤਿਆ ।
ਕੀਕੁਰ ਬਚਸਣ ਓ ਮੁੰਰਾਂ
ਪੁੱਟਿਆ ਜਿਨ੍ਹਾਂ ਬਾਗ਼ ਹੈ ਰੱਬ ਦਾ ।
ਕੀਕਰ ਬਚਸੇਂ ਨਵਾਬ !
ਮਾਰੇ ਨੀ ਹਾਂ ਬੱਚੜੇ ਰੱਬ ਦੇ ।
ਕੀਕੁਰ ਲਜਾਵਾਂਗੇ ਤਾਬ,
ਫਟਸੀ ਜਦੋਂ ਰੱਬ ਦਾ ਕਹਿਰ ਵੇ ।
ਕੀਕੁਰ ਬਚ ਰਹਿਸਾਂ ਮੈਂਇ
ਬੱਝੀ ਜੋ ਹਾਂ ਨਾਲ ਵੇ ਤੇਰੜੇ ।
ਆਉਸੀ ਦੁੱਖਾਂ ਦੀ ਨੈਂਇ,
ਰੋੜ੍ਹੇਗੀ ਮੁਗ਼ਲਾਂ ਦੇ ਵੇ ਰਾਜ ਨੂੰ ।

ਨਵਾਬ—
ਪਜ਼ਾਰੀ ਹੋਹੁ ਨ ਨਰਾਜ਼,
ਬਖਸ਼ੀਂ ਗੁਨਾਂਹ ਹੋ ਗਿਆ ਦਾਸ ਤੋਂ ।
ਲਾਨਤ ਦੇ ਨ ਤੂੰ ਨਾਜ਼‡ !
ਅੱਗੇ ਹੀ ਦਿਲ ਜਾਂਵਦਾ ਬੈਠਦਾ ।
ਛਾਇਆ ਡਾਢਾ ਹਨੇਰ,
ਡਰ ਆਂਵਦਾ ਸਾਰਿਓਂ ਮੈਂ ਤਈਂ ।

*ਕਸਾਈ । †ਮਾਲੀ । ‡ਲਾਡਲੀ ।

ਸੈਂਮ ਫੈਲਗਾ ਚੁਫੇਰ,
ਭੈ ਆਂਵਦਾ ਬਿੱਛ ਤੇ ਪੱਤਿਓਂ।
ਵਗਦੀ ਅੰਨ੍ਹੀ ਅਨ੍ਹੇਰ
ਆਏ ਭੁਚਾਲਾਂ ਦੇ ਹਨ ਝੁਟੜੇ।
ਖ਼ੌਫ਼ ਛਾਇਆ ਚੁਵੇਰ,
ਉੱਤੋਂ ਤੂੰ ਹੈਂ ਰੋਂਵਦੀ, ਮਰ ਰਹੀ।
ਕਰ ਦਿਲਾਸੇ ਦੀ ਬਾਤ,
ਦਿਲ ਨੂੰ ਹੋ ਢਾਰਸ ਜ਼ਰਾ ਮੇਰੜੇ।
ਕਲ ਮੈਂ ਕਰਸਾਂ ਮਤਾਂਤ,
ਦਸਮਾਂ ਗੁਰੂ ਨਾ ਸੁਣੇ ਬਾਤ ਏ।
ਬੇਗਮ–
ਹਾਸਾ ਆਵੇ ਨਵਾਬ !
ਗੱਲਾਂ ਕਰੇਂ ਬੱਚਗਾਂ ਵੇ ਵਾਂਗਰੇ।
ਹਾਰੀ ਇਜ਼ਤ ਦੀ ਆਬ,
ਹਾਰਿਓਂ ਸੁਖ਼ਨ ਕੋਲ ਦੇ, ਕਸਮ ਖਾ।
ਮੰਨੀ ਕੋਈ ਨ ਹਾਇ !
ਰੋ ਰੋ ਕੇ ਰਾਤੀਂ ਜੋ ਮੈਂ ਕਹਿ ਰਹੀ।
ਲੀਤਾ ਦੁਸ਼ਟਾਂ ਮਨਾਇ,
ਕੀਤਾ ਕਹਿਰ ਹੈ ਤੁਸਾਂ ਨ੍ਹਾਬ ਜੀ !
ਮੰਨੀ ਉਹ ਨਾ ਪੁਕਾਰ,
ਪਾਈ ਜੁ ਸੀ ਰਹਿਮ ਦੀ ਕੋਟਲੇ।
ਸੂਰ ਵੀਰਾਂ ਦੀ ਕਾਰ,
ਦੱਸੀ ਨਬੀ ਦੱਬ ਦੀ ਗਲ ਨੂੰ।
ਡਰ ਨ ਗੁਰ ਜੀ ਦਾ ਖਾਇ,
ਪਾਪਾਂ ਦਾ ਡਰ ਆਪਣੇ ਖਾਵਣਾਂ।
ਉਹ ਤਾਂ ਮੰਨਦੇ ਰਜ਼ਾਇ,
ਗੁੱਸਾ ਗਿਲਾ ਕਰਦੇ ਹਨ ਨਾ ਕਦੇ।
ਉਹ ਨਾ ਮਾਰੇਗਾ ਆਨ
ਸਾਨੂੰ ਤਾਂ ਮਾਰਨਗੇ ਦੋ ਡਾਢੜੇ।
ਪਹਿਲੋਂ ਅੱਲਾ ਸੁਬਾਨ
ਖੋਹੇਗਾ ਇਸ ਸਾਡੜੇ ਰਾਜ ਨੂੰ।
ਮਾਰੇ ਬੱਚੇ ਨ ਜਾਣ
'ਦਸਵੇਂ ਗੁਰੂ ਦੇ' ਤੁਸਾਂ ਨ੍ਹਾਬ ਜੀ।
ਏ ਤਾਂ ਪੁੱਤਰ ਸੁਜਾਨ
ਅੱਲ੍ਹਾ ਦੇ ਸੀ, ਜਿਹੜਾ ਜੱਬਾਰ ਹੈ।
ਅੱਲ੍ਹਾ ਭੇਜੇਗਾ ਕੈਰ,
ਉਤਰੂ ਫਰਿਸ਼ਤਾ ਗਜ਼ਬ ਵਾਲੜਾ।
ਆਉਸਨ ਸਿਖਾਂ ਦੇ ਹੋਰ,
ਪੁਟਸਨ ਜੜ੍ਹਾਂ ਬੀਂ ਓ ਇਸ ਦੇਸ ਨੂੰ।
ਛਡਸਨ ਸਾਨੂੰ ਨ ਨਾਲ
ਕੀਤਾ ਅਸਾਂ ਕਹਿਰ ਹੈ ਅੱਤ ਦਾ।
ਪੀੜਨ ਸਾਨੂੰ ਓ ਨਾਲ,
ਗੰਨੇ ਜਿਵੇਂ ਵੇਲਣੇ ਪੀੜਦੇ।
ਥੋੜੀ ਸਿੱਖਾਂ ਦੀ ਫੌਜ,
ਭੁਲੇਖੇ ਰਹੀਂ ਏਸ ਨਾ ਰਾਜਿਆ !
ਦੇਖੀਂ ਅਗਨੀ ਦੀ ਮੌਜ
ਲੱਖਾਂ ਮਣਾਂ ਚਿਣੰਗ ਇੱਕ ਫੂਕਦੀ।
ਜਿਸਨੇ ਲੀਤਾ ਏ ਜਾਣ
'ਵੈਰੀ' ਤੇ ਹਾਂ 'ਅੱਗ' ਨੂੰ ਤੁੱਛ ਹੈ,
ਹੋਇਆ ਆਪੇ ਵਰਾਨ,
ਬੀਤਗਾ ਸਮਾਂ ਹੱਥ ਨਾ ਆਂਵਦਾ।
ਲਗਸੀ ਪੈਰਾਂ ਨੂੰ ਉਡ
ਸਿਖਾਂ ਜਦੋਂ ਮਾਜਰਾ ਸੁਣ ਲਿਆ।
ਮਾਰੋ ਮਾਰੀ ਓ ਕੂਚ
ਕਰਦੇ ਚੜ੍ਹੇ ਆਵਸਨ ਏਸ ਥਾਂ।
ਖਾਸਣ ਡਾਢਾ ਹੀ ਰੋਹ,
ਲੈਕੇ ਦਲਾਂ ਨੂੰ ਓ ਧਾ ਆਣਗੇ।
ਜਿੱਕੂੰ ਬੱਕਰੇ ਨੂੰ ਕੋਹ,
ਕੋਹ ਵੇ ਮਿੱਟਣ ਤੇਰੇ ਦਰਬਾਰੀਆਂ।
ਅੱਖੀਂ ਦੇਖੇ ਮੈਂ ਬਾਲ,
ਵੱਡੇ ਇਨ੍ਹਾਂ ਤੋਂ ਜੋ ਤੂੰ ਮਾਰ ਲੈ।
ਡਿੱਠਾ ਅੱਖੀਂ ਮੈਂ ਹਾਲ;
ਸਿੱਖਾਂ ਦਾ ਸਾਰਾ ਜੋ ਹੈ ਜ਼ੋਸ਼ ਦਾ।
ਰਹੀਆਂ ਕਿੰਨੇਕੁ ਸਾਲ
ਪਹਾੜੀਆਂ ਰਾਜਿਆਂ ਮੈਂ ਸੋਂਵਦੀ।
ਤਦ ਬੀ ਡਿੱਠਾ ਹਵਾਲ,
ਅੱਖੀਂ ਇਨ੍ਹਾਂ ਸਿਖਾਂ ਦਾ ਸਾਰੜਾ।
ਮੈਨੂੰ ਨਿਸ਼ਚਾ ਹੈ ਠੀਕ
ਚੁੱਕਣਗੇ ਨਾ ਓ ਕਦੇ ਭੁਰਮੋਂ,
ਥੁਹੜੇ ਬਰਸਾਂ ਦੇ ਤੀਕ,
ਦਾਓ ਭਰੇ ਟੁੱਟ ਕੇ ਔਣਗੇ।
ਮੈਂ ਨਾ ਸੱਕਾਂਗੀ ਦੇਖ
ਕਹਿਰਾਂ ਕਹਾਰਾਂ ਦਾ ਓ ਵੇਲੜਾ।
ਮੇਰੇ ਭੈੜੇ ਜੁ ਲੇਖ

ਮੋਟਾਂ ਕਿਵੇਂ ਰੱਬ ਵੇ ਮੇਰਿਆ !
[ਅਕਾਸ਼ਾਂ ਵਲ ਤੱਕ ਕੇ
ਧ੍ਰਿਗ ਧ੍ਰਿਗ ਮੈਨੂੰ ਧਿਕਾਰ
ਗਵਾਇਆ ਧਰਮ ਨੂੰ ਮੈਂ ਮਾਲ ਤੇ,
ਜੈ ਜੈ ਜੈ ਜੈ ਜੈਕਾਰ
ਤੁਸਾਨੂੰ, ਧਰਮ ਹੈ ਜਿਨ੍ਹਾਂ ਪਾਲਿਆ।
ਛੈ ਕੇ ਦੱਲੇ ਵੇ ਨਾਲ
ਮੈਨੂੰ, ਮੈਂ ਗੋਲੀ ਬਣਾਂ ਆਪਦੀ।
ਲਾਜ ਪਾਲੋ ਵੇ ਲਾਲ !
ਚਰਨਾਂ ਤੁਹਾਡੇ ਹਾਂ ਮੈਂ ਤਾਂਘਦੀ।
ਭਾਵੇਂ ਮੂਰਖ ਅਜਾਣ
ਵੱਠੀ ਦੁਆਰੇ ਤੁਹਾਡੇ ਪਈ।
ਭਾਵੇਂ ਮੂਰਖ ਅਜਾਣ,
ਧੂੜੀ ਲੱਗੀ ਦੁਆਰ ਦੀ ਮੱਥੜੇ।
ਹਾਰਿਆ ਭਾਵੇਂ ਇਮਾਨ
ਤੁਹਾਨੂੰ ਬਿਰਦ ਦੀ ਸਦਾ ਲਾਜ ਹੈ।
ਛੋਟੇ ਭੁੱਲਦੇ ਨਦਾਨ
ਭੁਲਦੇ ਤੇ ਭੁਲਦੇ ਸਦਾ ਭੁੱਲਦੇ।
ਵੱਡੇ ਬਖਸ਼ੀ ਹੀ ਜਾਣ
ਭੁੱਲਾਂ ਚਿਤਾਰਨ ਨ ਓ ਹਨ ਕਦੇ।
ਬਖਸ਼ੋ ਬਖਸ਼ੋ ਗੁਪਾਲ
ਬਖਸ਼ੋ ਵੇ ਸਾਈਂ ਦਿਓ ਪੁੱਤਰੇ !
ਲਾ ਲਓ ਚਰਨਾਂ ਦੇ ਨਾਲ
ਮੰਦੀ ਤੇ ਮਾੜੀ ਤੇ ਮੈਂ ਪਾਪਣੀ।
ਮਰਸਾਂ ਹੋਕੇ ਖੁਆਰ
ਮੈਂ ਜੇ ਰਹੀ ਏਸ ਥਾਂ ਜੀਂਵਦੀ।
ਹੁਣ ਜੇ ਮਰਾਂ ਆਪਾਵਾਰ,
ਮਰਸਾਂ ਭੀ ਇੱਜ਼ਤ ਨੂੰ ਮੈਂ ਪਾਲਦੀ।
ਰਹਿ ਗਿਆ ਅੱਗੇ ਨ ਸਾਕ
ਪਿਆਰਾ ਤੇ ਨਾ ਆਪਣਾ ਹੈ ਕੁਈ।
ਇਕ ਸੀ ਸਾਈਂ ਤੇ ਤਾਕ
ਇਹ ਬੀ ਹੋ ਝੂਠਾ ਸੁਖਨ ਹਾਰਿਆ।
ਕਰਨੀ ਬੰਦੇ ਦੀ ਆਸ
ਝਠੀ, ਸਦਾ ਦੱਦੀ ਧੋਖੜਾ।
ਏਥੋਂ ਹੋਈਆਂ ਨਿਰਾਸ,
ਅੱਗੇ ਦਾ ਡਰ ਜੀਅ ਨੂੰ ਖਾਂਵਦਾ।
ਬਖਸ਼ੋ ਦੀਨਾਂ ਦੇ ਨਾਥ !
ਮੈਨੂੰ ਲਿਚੱਲੋ ਹੁਣੇ ਨਾਲ ਹੀ।
ਧਰਮ ਰਾਜੇ ਦੇ ਸਾਥ
ਦੇਣਾ ਫੜਾ ਭਾਵੇਂ ਇਸ ਦੁਸ਼ਟ ਨੂੰ,
ਪਰ ਨ ਛੱਡ ਇਥਾਇੰ,
ਐਥੇ ਦਾ ਰਹਿਣਾਂ ਬੁਰਾ ਭਾਸਦਾ।
ਫੜ ਲਿਚੱਲੋ ਉਥਾਇੰ
ਜਿਗਰਾ ਦਿਓ ਨਾਲ ਹੀ ਮੈਂ ਚਲਾਂ।
[ਛਿਤੀ ਕਟਾਰ ਖਿੱਚਕੇ
ਪਜਾਰੀ ਆ ਜਾ ਨੀ ਬ੍ਰਾਰ
ਪਜਾਰੀ ਕਟਾਰੀ ਤੂੰ ਕਰ ਕਾਰ ਨੂੰ,
ਹੋ ਜਾ ਸੀਨੇ ਤੇਂ ਪਾਰ
ਜਿੰਦੜੀ ਦੂਰੇ ਛੱਡ ਏ ਪਿੰਜਰਾ।

ਇਹ ਕਹਿੰਦੇ ਹੀ ਪੇਟ ਵਿਚ ਕਟਾਰੀ ਮਾਰੀ, ਨਵਾਬ ਫੜਦਾ ਰਹਿ ਗਿਆ। ਬੇਗਮ ਤੜਫ ਤੜਫ ਕੇ ਮਰ ਗਈ।

ਖਾਲਸੇ ਦੇ ਹੱਥੋਂ ਸਰਹਿੰਦ ਦਾ ਉਜੜਨਾ, ਨਵਾਬ, ਕਾਜ਼ੀਆਂ ਤੇ ਮੁਸਾਹਿਬਾਂ ਨੇ ਦੰਡ ਪਾਉਣੇ ਇਹ ਸਾਰਾ ਹਾਲ ਬਾਬੇ ਬੰਦੇ ਦੇ ਸਮੇਂ ਉਵੇਂ ਵਰਤਿਆ ਜਿਵੇਂ ਗੁਰੂ ਆਖਦੀ ਧਰਮ ਨਿਰਮਤਾ ਵਿਚ ਗਈ ਸੀ।

--o--

੭੫. ਰਾਇ ਕੱਲਾ*।

ਪਿਛੇ ਦੱਸ ਆਏ ਹਾਂ ਕਿ ਗੁਰੂ ਜੀ ਮਾਲਵੇ ਨੂੰ ਜਾ ਰਹੇ ਹੋਰ ਪਹੁੰਚੇ ਸਨ। ਹੋਰ ਕ੍ਰਿਪਾਲ ਉਦਾਸੀ ਦਾ ਡੇਰਾ ਸੀ, ਜਿਸ ਥਾਂ ਨੂੰ ਆਪਣਾ ਜਾਣਕੇ ਗੁਰੂ ਜੀ ਡੇਰੇ ਪਹੁੰਚੇ ਤੇ ਮੁਕਾਮ ਕੀਤਾ। ਜਦ ਗੁਰੂ ਜੀ ਡੇਰੇ ਵਿਚ ਗਏ ਤਾਂ ਕ੍ਰਿਪਾਲ ਦੇ ਡੇਰੇ ਦੇ ਮਹੰਤ ਨੇ ਜਾਤਾ ਕਿ ਗੁਰੂ ਜੀ ਜੇ ਪੱਕੇ ਏਥੇ ਰਹਿ ਪਏ, ਅਤੇ ਉਨ੍ਹਾਂ ਆ ਚੜ੍ਹੇ ਤੁਰਕ, ਤਾਂ ਨਾ ਅਸੀਂ ਤੇ ਨਾ ਡੇਰਾ। ਇਹ ਸੋਚ ਕੇ ਉਸ ਨੇ ਇਕ ਨਾਲ ਦੇ ਸਿਖ ਪਾਸ ਅਰਜ਼

*ਇਹ ਪ੍ਰਸੰਗ ਇਸ ਸੰਦਰਭ ਲਈ ਸੰਃ ਗੁਃ ਨਾਃ ਸਾਃ ੪੫੬੯ (ਜਨਵਰੀ ੧੯੨੫ ਈਃ) ਵਿਚ ਲਿਖਿਆ ਗਿਆ ਸੀ, ਮਗਰੋਂ ਜੋ ਪੋਥ ਸੰਃ ਗੁਃ ਨਾਃ ਸਾਃ ੪੫੭ (੧੭ ਦਸੰਬਰ ੧੯੨੫ ਈਃ) ਦੇ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

ਕੀਤੀ ਕਿ ਕਿਵੇਂ ਸਾਹਿਬਾਂ ਨੂੰ ਏਥੋਂ ਅੱਗੇ ਲੈ ਜਾਓ। ਸਿੰਘ ਨੇ ਕਿਹਾ: "ਭਾਈ ਮਹੰਤਾ ! ਤੱਕੜਾ ਹੋ, ਗੁਰੂ ਜੀ ਰਾਤ ਸਮੇਂ ਤੇਰੇ ਡਰੇ ਅੱਪੜੇ ਹਨ, ਕਿਸੇ ਨੂੰ ਸੂੰਹ ਨਹੀਂ ਲੱਗੀ। ਨਾਹੀਂ ਉਨ੍ਹਾਂ ਏਥੇ ਰਹਿਣਾ ਹੈ। ਤੁਸੀਂ ਸਿੱਖ ਹੋ, ਉਹ ਗੁਰੂ ਹਨ। ਤੁਹਾਡੇ ਜੀ ਵਿਚ ਪਿਆਰ ਲੋੜੀਏ, ਉਨ੍ਹਾਂ ਦੇ ਜੀ ਵਿਚ ਤੁਹਾਡੀ ਸੁਖ ਦਾ ਫਿਕਰ ਹੈ; ਪਿਆ ਰ ਹੈ"। ਪਰ ਮਹੰਤ ਦੇ ਜੀ ਠੌਰ ਨਾ ਬੱਝੀ। ਜਦ ਸਿੰਘ ਜੀ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਤਾਂ ਆਪ ਬੋਲ ਪਿਆਰ ਹੋਵੇ ਫਿਰ ਭਾਵੇਂ ਪਿਆ ਡਰੇ ਤਾਂ ਗੱਲ ਹੋਰ ਹੈ, ਪਰ ਇਨ੍ਹਾਂ ਲੋਕਾਂ ਦੀ ਮੱਤ ਪੂਜਾ ਦੇ ਧਾਨ ਨੇ ਮੈਲੀ ਕਰ ਰੱਖੀ ਹੈ। ਚਲੋ ਸਵੇਰੇ ਕੂਚ ਕਰੀਏ। ਮਹੰਤ ਨੂੰ ਆਖ ਦਿਓ 'ਭੈ' 'ਵਿਪਦਾ' ਨੂੰ ਵਾਜਾਂ ਮਾਰਦਾ ਹੈ, 'ਭਰਮ' 'ਕਲੇਸ਼ਾਂ' ਨੂੰ ਨਿਉਂਦ੍ਰਾ ਦੇਂਦਾ ਹੈ। ਭੈ ਤੇ ਭਰਮ ਹੀ ਦੁੱਖਾਂ ਤੇ ਰੋਗਾਂ ਨੂੰ ਜਨਮ ਦੇਂਦੇ ਹਨ। ਸੁਖਮਨੀ ਪੜ੍ਹਕੇ ਸੁਣਕੇ, ਤੁਸਾਂ ਨਾਮ ਨਹੀਂ ਜਪਿਆ, ਨਿਰਭੈ ਨਹੀਂ ਹੋਏ–'ਦੂਖ ਰਗ ਬਿਨਸੇ ਭੈ ਭਰਮ'। ਹਾਂ, ਤੁਸੀਂ ਨਹੀਂ ਪੜ੍ਹੇ ਕਿ 'ਭੈ ਤੇ ਭਰਮ' ਅਰ ਇਨ੍ਹਾਂ ਦੇ ਫਲ 'ਦੁਖ ਤੇ ਰੋਗ' ਨਾਮ ਅਰਾਧਨ ਨਾਲ ਮਿਟਦੇ ਹਨ। ਪਿਆਰ ਬੀ ਨਹੀਂ ਹੈ, ਪਿਆਰ ਦੀ ਅੰਸ਼ ਹੋਵੇ ਫੇਰ ਕੁਛ ਮਨ ਡਰੇ ਤਾਂ ਸਾਈਂ ਮੇਹਰ ਕਰ ਹੀ ਦੇਂਦਾ ਹੈ। ਸੋ ਚੰਗਾ ਵਾਹ ਵਾਹ ! ਭੈ ਨੇ ਮਹੰਤ ਨੂੰ, ਜਿਸ ਗਲੋਂ ਡਰਦਾ ਹੈ, ਉਸ ਵਿਚ ਫਸਾ ਦੇਣਾ ਹੈ। ਭੰਡਾਰੀ ਨੇ ਤੜਕੇ ਵਿਦੇਗੀ ਵਲੇ ਆ ਮੱਥਾ ਟੇਕਿਆ, ਕੁਛ ਭੇਟ ਧਰਨ ਲੱਗਾ, ਆਪ ਬੋਲੇ: "ਮੁੱਠ ਮੀਟੀ ਰੱਖ, ਕਦੇ ਖੁੱਲ੍ਹੇਗੀ, ਡੇਰਾ ਵੱਸਦਾ ਰਹੇਗਾ, ਸਾਡੇ ਕ੍ਰਿਪਾਲ ਦਾ ਹੈ। ਮਹੰਤ ਡਰਦਾ ਰਿਹਾ ਤਾਂ ਮਰੇਗਾ।"

ਇਥੋਂ ਟੁਰਕੇ ਆਪ ਲੰਮੇ* ਪਿੰਡ ਆਏ ਜਗਰਾਵਾਂ ਦੇ ਇਲਾਕੇ ਦਾ ਇਕ ਜਾਤੋਂ ਰਾਜਪੂਤ ਪਰ ਜਨਮੋਂ ਮੁਸਲਮਾਨ ਚੌਧਰੀ ਉਸ ਇਲਾਕੇ ਦਾ ਮਾਨੋ ਰਾਜਾ ਸੀ, ਉਸ ਨੂੰ 'ਰਾਇ ਕੱਲਾ' ਕਹਿੰਦੇ ਸਨ। ਇਹ ਸ਼ਖਸ ਆਪਣੇ ਭਰੇਸੇ ਵਿਚ ਪੱਕਾ ਮੁਸਲਮਾਨ ਨਹੀਂ ਸੀ, ਸਗੋਂ ਹਿੰਦੂ ਸੀ, ਅਰ ਸਿੱਖ ਧਰਮ ਦੀ ਬੜੀ ਇੱਜ਼ਤ ਕਰਦਾ ਸੀ, ਹਰ ਮਤ ਦੇ ਫਕੀਰਾਂ ਵਿਚੋਂ ਕਣੀ ਵਾਲੇ ਦੀ ਢੂੰਡ ਰਖਦਾ ਸੀ। ਇਸ ਦਾ ਡੇਰਾ ਸੀਲੰਆਣੀ ਪਿੰਡ ਪਿਆ ਸੀ, ਇਹ ਪਿੰਡ ਲੰਮੇ ਤੋਂ ਨੇੜੇ ਸੀ। ਏਹ ਅਗੋਂ ਹੋਕੇ ਲੰਮੇ ਜਾ ਮਿਲਿਆ ਹੈ ਤੇ ਬੜੇ ਸਤਿਕਾਰ ਨਾਲ ਆਪਣੇ ਡੇਰੇ ਵਿਚ ਡੇਰਾ ਕਰਾਕੇ ਖੁਸ਼ ਹੋਇਆ*, ਪਰ ਸਾਰੇ ਜੰਗ ਤੇ ਕਸ਼ਟਣੀਆਂ ਦੇ ਹਾਲ ਸੁਣ ਕੇ ਰੋਇਆ, ਅਰ ਪਹਿਲੇ ਤੋਂ ਵਧੀਕ ਦਰਦੀ ਤੇ ਪਿਆਰ ਵਾਲਾ ਹੋ ਗਿਆ ਸੀ। ਏਥੇ ਕੁਛ ਸਿੱਖ ਆ ਮਿਲੇ, ਸਤਿਗੁਰੂ ਜੀ ਦਾ ਆਦਰ ਤੇ ਖਾਤਰ ਬਹੁਤ ਕੀਤੀ ਤੇ ਕੋਈ ਖਾਸ ਸੇਵਾ ਪੁੱਛੀ। ਆਪ ਨੇ ਕਿਹਾ "ਛੋਟੇ ਸਾਹਿਬਜ਼ਾਦੇ ਤੇ ਸਾਡੀ ਮਾਈ ਉਸ ਰਾਤ ਵਿਛੁੜ ਹਨ, ਕਿਸੇ ਨੂੰ ਘੱਲੋ ਜੋ ਸਰਹਿੰਦ ਤੋਂ ਸੂੰਹ ਲਿਆਵੇ"। ਰਾਇ ਨੇ ਅਪਣੇ ਨਿਜ ਦੇ ਹਲਕਾਰੇ 'ਮਾਹੀ' ਨੂੰ ਘੱਲਿਆ। ਸਰਹਿੰਦ ਏਥੋਂ ਚਾਲੀਕੁ ਕੋਹ ਪੱਕੇ ਹੈ। ਉਹ ਹਲਕਾਰਾ ਚਲਾ ਗਿਆ ਤੇ ਬੜੇ ਚਿਰ ਬਾਦ ਹੀ ਹੋਣੀ ਦੀ ਖਬਰ ਲੈਕੇ ਵਾਪਸ ਆਗਿਆ। ਜਾਣੀ ਜਾਣ ਜੀ ਦੀਆਂ ਆਂਦਰਾਂ ਦੇ ਸਨੇਹ ਤਾਂ ਹੋਣਹਾਰ ਹੋ ਚੁਕੀ ਨੂੰ ਲਖ ਰਹੇ ਸਨ, ਪਰ ਜਦ ਮਾਹੀ ਨੇ ਆਕੇ ਵਰਤੰਡ ਦੱਸੇ ਤਾਂ ਸਭ ਨੂੰ ਸਰਹਿੰਦ ਦੇ ਨਵਾਬ ਦੀ ਦੁਸ਼ਟਤਾ ਤੇ ਕਹਿਰ ਦੇ ਜ਼ੁਲਮ ਪਰ ਕਸ਼ਟ ਹੋਇਆ†।

ਸਾਹਿਬ ਇਸ ਵੇਲੇ ਇਕ ਡਡਰੇ ਘਾਹ ਦੀ ਮਲਗੁਜ਼ਾਰ ਵਿਚ ਬੈਠੇ ਸਨ। ਹੱਥ ਵਿੱਚ ਤਿੱਖਾ ਖੰਜਰ ਸੀ, ਇਸ ਦੀ ਨੋਕ ਨਾਲ ਘਾਹ ਨਾਲ ਚੈਜ ਕਰ ਰਹੇ ਸਨ। ਜਦੋਂ ਇਹ ਦਰਦਨਾਕ ਪ੍ਰਸੰਗ ਹੋ ਚੁਕਾ ਤਾਂ ਆਪ ਦੇ ਨੈਣ ਮੁੰਦ ਗਏ, ਖੰਜਰ ਦੀ ਨੋਕ ਹਿਲਣੋਂ ਬੰਦ ਹੋ ਗਈ, ਇਕ ਘਾਹ ਦੇ ਬੂਟੇ ਦੀ ਜੜ੍ਹ ਉਖੜ ਚੁਕੀ ਸੀ। ਦੇਰ ਤਕ ਨੈਣ ਬੰਦ ਰਹੇ ਪਰ ਰਾਇ ਸਮੇਤ ਪਾਸ ਬੈਠੇ ਹੋਰ ਸਾਰੇ ਰੋ ਰਹੇ ਸੇ, ਕੋਈ ਘੜੀ ਬਾਦ ਆਪਦੇ ਇਲਾਹੀ ਨੈਣ ਖੁੱਲੇ, ਬਚਨ ਹੋਇਆ:–

"ਲਾਲ ਅਮਰ ਸਨ, ਅਮਰਾ ਪੁਰੀ ਤੋਂ ਆਏ ਸਨ, ਅਮਰਾ ਪੁਰੀ ਨੂੰ ਚਲੇ ਗਏ। ਦੇਹਾਂ ਬਿਨਸਨਹਾਰ

*ਸੂਰਜ ਪ੍ਰਃ ਤੋਂ ਇਉਂ ਜਾਪਦਾ ਹੈ ਕਿ ਲੰਮੇ ਠਹਿਰ ਗਏ ਤੇ ਏਥੋਂ ਦੀਨੇ ਗਏ, ਪਰ ਰਾਇ ਆਪ ਨੂੰ ਇਥੋਂ ਰਾਇਕੋਟ ਲੈ ਆਇਆ ਸੀ, ਜਿਥੇ ਗੁਰੂ ਜੀ ਠਹਿਰੇ ਸੇ, ਉਥੇ ਰਾਇਕੋਟ ਤੋਂ ਮੀਲ ਭਰ ਪਰੇ ਟਾਲ੍ਹੀਆਣਾ ਗੁਰਦੁਆਰਾ ਹੈ, ਸਾਹਿਬਜ਼ਾਦਿਆਂ ਦੀ ਖਬਰ ਏਥੇ ਆਈ ਜਾਪਦੀ ਹੈ। ਏਥੋਂ ਵਿਦਾ ਹੋਕੇ ਆਪ ਦੀਨੇ ਗਏ ਸੇ।

*ਲੰਮੇ ਤੇ ਸੀਲੰਆਣੀ ਦੁਹੀਂ ਥਾਂਈਂ ਗੁਰੂ ਜੀ ਦੇ ਠਹਿਰਨ ਦੇ ਥਾਵੇਂ ਗੁਰਦੁਆਰੇ ਹੋਨ।

†ਸਾਰੇ ਸਮਾਚਾਰ ਇਸ ਪੋਥੀ ਦੇ ਪੰਨਾ ੧੧੦ 'ਸਰਹਿੰਦ ਦਾ ਸਾਕਾ' ਵਿਚ ਛਪ ਚੁਕੇ ਹਨ।

ਹਨ, ਬਿਨਸਨੀਆਂ ਸਨ, ਬਿਨਸ ਗਈਆਂ, ਅਜ ਕੀਹ ਤੇ ਕੱਲ ਕੀਹ ? ਪਰ ਲਾਲ ਧਰਮ ਪੁਰ ਜਾਨਾਂ ਏਡ ਗਏ,ਮਜ਼ਲੂਮਾਂ ਵਿਚ ਜਾਨ ਭਰ ਗਏ, ਗਿਰਿਆਂ ਨੂੰ ਚਾ ਗਏ, ਗ਼ੁਲਾਮਾਂ ਨੂੰ ਸੁਤੰਤ੍ਰਤਾ ਦਾ ਚਾਨਣ ਮੁਨਾਰਾ ਦੇ ਗਏ, ਪਰਜਾ ਵਿਚ ਰਾਜ ਦਾ ਮਦ ਭਰ ਗਏ,ਮੁਰਝਾਂ ਵਿਚ ਜਾਨ ਪਾ ਗਏ,ਜ਼ਾਲਮਾਂ ਦੇ ਜ਼ੁਲਮ ਦਾ ਪਿਆਲਾ ਲਬਰੇਜ਼ ਕਰ ਗਏ ਅਤੇ ਜ਼ੁਲਮ ਰਾਜ ਦਾ 'ਮੌਤ ਨਗਾਰਾ' ਵਜਾ ਗਏ। ਜੜ੍ਹ ਵੱਖਲੀ ਹੋ ਗਈ, ਇੱਟ ਨਾਲ ਇੱਟ ਖੜਕ ਗਈ।"'ਮੇਰੇ ਪੁਤ, ਹਾਂ ਮੇਰੇ ਪੁੱਤ ਕੋਈ ਨਹੀਂ ਮੋਏ। ਜ਼ਾਲਮ ਦਾ ਕਾਇਰਤਾ ਵਾਲਾ ਵਾਰ ਖਾਲੀ ਗਿਆ, ਮੇਰੇ ਪੁੱਤ ਮੇਰੇ ਪਾਸ ਬੈਠੇ ਹਨ, ਮੇਰੇ ਪੁੱਤ ਦੇਸ਼ ਦੇਸ਼, ਗਿਰਾਂ ਗਿਰਾਂ ਬੈਠੇ ਹਨ। ਹਾਂ ਮੇਰੇ ਪੁੱਤ, ਓਹ ਜੋ ਜ਼ਾਲਮ ਨੇ ਸਰਦ ਮਿਹਰੀ ਨਾਲ ਸਰਦ ਖ਼ੂਨ ਵਿਚ ਕੋਹੇ ਉਹ ਅਮਰ ਸਨ, ਮਰ ਸਕਦੇ ਹੀ ਨਹੀਂ ਸਨ, ਉਹ ਮਰੇ ਹੀ ਨਹੀਂ, ਪਿਤਾ ਦੇ ਦੇਸ਼ ਜੀਉਂਦੇ ਹਨ, ਇਸ ਲੋਕ ਵਿਚ ਸੁਜਸ ਨਾਲ ਬੀਰਤਾ ਦੇ 'ਚਾਨਣ ਮੁਨਾਰੇ' ਬਣਕੇ ਜੀਉਂਦੇ ਹਨ। ਓਹ ਜੋ ਮੇਰਾ ਪੁੱਤ ਇਸ ਲੋਕ ਵਿਚ ਬੀ ਅਮਰ ਹੈ, ਸੋ ਖਾਲਸਾ ਹੈ। ਹਾਂ, ਚਾਰ ਟਰ ਗਏ, ਚਾਲੀ ਟੁਰ ਗਏ, ਸੈਂਕੜੇ ਤੇ ਹਜ਼ਾਰਾਂ ਟੁਰ ਗਏ, ਪਰ ਅਨੇ ਲੱਖਾਂ ਜੀਉਂਦੇ ਹਨ ਤੇ ਲੱਖਾਂ ਜੀਉਂਦੇ ਰਹਿਣਗੇ*। ਮੇਰਾ ਵਿਹੜਾ, ਮੇਰਾ ਵੇੜਾ, ਮੇਰੀ ਗੋਦ ਹਰੀ ਹੈ, ਮੇਰਾ ਪੁੱਤ—ਖਾਲਸਾ—ਇਸ ਲੋਕ ਵਿਚ ਅਮਰ ਹੈ, ਜੀ ਰਿਹਾ ਹੈ ਤੇ ਸਦਾ ਇਸ ਲੋਕ ਵਿਚ ਜੀਵੇਗਾ"'। ਮੈਂ ਇਸ ਲੋਕ ਦਾ ਨਹੀਂ ਮੈਂ ਪ੍ਰੀਤਮ ਦੇ ਹੇਮਕੁੰਟ ਦਾ ਵਾਸੀ, ਇਸ ਲੋਕ ਵਿਚ ਬਾਪੂ ਦਾ ਹੁਕਮ ਚਲਾਉਣ ਆਇਆ ਹਾਂ। ਮੇਰਾ ਕਉਣ ਤੇ ਮੈਂ ਕਿਸ ਦਾ ? ਮੇਰਾ ਬਾਪੂ, ਮੈਂ ਬਾਪੂ ਦਾ, ਬਾਪੂ ਬੇਟਾ ਇਕੋ, ਦੋਹਾਂ ਵਿਚ ਪ੍ਰੀਤ ਤਾਰ ਅਤੁੱਟ, ਬਾਪੂ ਦਾ ਹੁਕਮ ਮੇਰਾ ਕੰਮ, ਜੋ ਮੈਂ ਹੱਸ ਹੱਸਕੇ ਨਿਬਾਹੁਣਾ ਹੈ;"'ਮੇਰਾ ਮੋਹ ਕਿਸ ਨਾਲ ? ਪਿਆਰੇ ਦੇ—ਬਾਪੂ ਜੀ ਦੇ—ਹੁਕਮ ਨਾਲ। ਹਾਂ, ਹੁਕਮ ਹੈ ਬਾਪੂ ਜੀ ਦੇ ਪਿਆਰ ਦੇ ਪ੍ਰਚਾਰ ਦਾ, ਹੁਕਮ ਹੈ ਇਸ ਸਦੀਆਂ ਤੋਂ ਮਜ਼ਲੂਮ ਤੇ ਗ਼ੁਲਾਮ ਧਰਤੀ ਨੂੰ ਜ਼ਾਲਮਾਂ ਤੋਂ ਛੁਡਾਉਣ ਦਾ ਤੇ ਸੁਤੰਤਰ, ਸੁਖੀ ਸਤਿਕਾਰੀ, ਆਨ, ਸ਼ਾਨ, ਉੱਚੀ ਬਾਨ ਵਾਲਾ ਕਰ ਦੇਣ ਦਾ, ਇਸ ਰੁਲ ਗਈ, ਮਰ-ਮਿਟੀ ਪਰਜਾ ਵਿਚ ਰੂਹ ਫੂਕ ਦੇਣ ਦਾ।"'(ਉੱਪਰ ਤੱਕ ਕੇ) ਹਾਂ, ਬਾਪੂ ਜੀ ! ਮੁਰਦੇ ਬੜੇ ਔਖੇ ਜੀਉਂਦੇ ਹਨ। ਪੁੱਤਰ ਕੀ ਹਜ਼ਾਰ ਪੁੱਤਰ ਵਲੀ ਦੇਕੇ ਜੇ ਆਪ ਦਾ ਹੁਕਮ ਸਿਰੇ ਚੜ੍ਹ ਜਾਵੇ ਤਾਂ ਸਸਤਾ ਵਿਉਪਾਰ ਹੈ ? (ਚੁਫੇਰੇ ਤੱਕ ਕੇ) ਨਾ ਰੋਵੋ ਮੇਰੇ ਪੁੱਤਰੋ—ਮੇਰੇ ਪੁੱਤਰ ਤੁਸੀਂ ਹੋ ਜੋ ਨਹੀਂ ਮੋਏ, ਮੈਂ ਅਕਾਲ ਦਾ ਪੁੱਤਰ ਹਾਂ, ਤੁਸੀਂ ਮੇਰੇ ਪੁੱਤਰ ਹੋ,ਨਾ ਰੋਵੋ ਦੋਂਹ ਲਈ ਨੇ ਸਰਹਿੰਦ ਸਾਕਾ ਕਰ ਗਏ, ਨਾ ਰੋਵੋ ਦੋਂਹ ਲਈ ਜੋ ਚਮਕੌਰ ਤੇਗਾਂ ਮਾਰ ਗਏ। ਓਹ ਚਾਰ ਤੇ ਤੁਸੀਂ ਸਾਰੇ ਮੈਨੂੰ ਨਿਖੇੜਵੇਂ ਨਾ ਦਿੱਸੋ, ਤੁਸੀਂ ਸਾਰੇ ਮੇਰੇ ਆਪਣੇ ਪੁੱਤਰ ਹੋ, ਹਜ਼ਾਰਾਂ ਮੇਰੇ ਪੁੱਤਰ ਅਨੰਦ ਪੁਰ ਦੇ ਜੰਗ ਵਿਚ, ਅਨੰਦਪੁਰੋਂ ਨਿਕਲਣ ਵਾਲੀ ਰਾਤ ਰਸਤੇ ਵਿਚ ਚਮਕੌਰ ਵਿਚ ਸ਼ਹੀਦ ਹੋ ਗਏ, ਚਾਰ ਨਿੱਖੜੇ ਨਾ ਗਿਣੋ, ਦੋਂਹ ਲਈ ਨਾ ਰੋਵੋ, ਸਾਰਿਆਂ ਲਈ ਖਸ਼ ਰੋਵੋ। ਮੇਰੇ ਸਾਰੇ ਪੁੱਤਰ ਮੌਤ ਪਰ ਫਤਹ ਪਾ ਗਏ। ਫਤਹਯਾਬਾਂ ਲਈ ਖੁਸ਼ ਹੋਵੋ, ਹਾਂ, ਖੁਸ਼ ਹੋਵੋ ਕਿ ਮਾਤਾ ਜੀ ਦਾ ਸਰੀਰ ਬੀ ਜਗਤ ਜਗਵੇਦੀ ਪਰ ਬਲੀ ਹੋ ਗਿਆ।''

ਰਾਇਕੱਲਾ—ਪਾਤਸ਼ਾਹ ! ਰੋਣ ਨਹੀਂ ਰੁਕਦਾ, ਆਪ ਦੇ ਇਲਾਹੀ ਰੰਗ ਇਲਾਹੀ ਹਨ, ਆਪ ਅੱਲਾ ਦਾ ਨੂਰ ਹੋ ! ਗੱਲਾਂ ਨਾਲ ਨਹੀਂ, ਖੁਸ਼ਾਮਦ ਨਾਲ ਨਹੀਂ, ਮੈਂ ਸੱਚ ਸੱਚ ਕਹਿ ਰਿਹਾ ਹਾਂ; ਜੋ ਕੁਛ ਮੈਂ ਦੇਖ ਰਿਹਾ ਹਾਂ, ਸੱਦੀਮੁੱਚੀ ਦੇਖ ਰਿਹਾ ਹਾਂ ਕਿ ਤੁਸੀਂ ਪੂਰਨ ਪੁਰਖ ਹੋ,ਕੋਈਓਹ ਉੱਚਾ ਇੰਦੀਆ(ਆਦਰਸ਼) ਤੁਹਾਡਾ ਹੈ ਜੋ ਨਾ ਡਿੱਠਾ ਨਾ ਸੁਣਿਆਂ ਹੈ। ਇਤਨਾਂ ਅਸ਼ਰਜ ਧਨ ਧਾਮ; ਪੁੱਤਰ, ਪਰਿਵਾਰ ਗ਼ੁਆਕੇ, ਸ਼ੀਰ ਖੋਰ ਬੱਚੇ ਕਹਾਕੇ ਆਪਣੇ ਰੱਬੀ ਰੰਗ ਵਿਚ ਹੋ। ਫੇਰ ਪੱਥਰ ਵਾਂਙੂ ਨਿਰਮੋਹ ਨਹੀਂ ਹੋ, ਪ੍ਰੇਮ ਨਾਲ ਗਦ ਗਦ ਹੋ, ਪਰ ਸਭ ਹੋਣਹਾਰ ਨੂੰ ਰੱਬੀ ਰੰਗ ਵਿਚ ਤੱਕ ਰਹੇ ਹੋ। ਅਹਿੱਲ ਹੋ, ਅਡੋਲ ਹੋ, ਅਜਿੱਤ ਹੋ। ਸਾਨੂੰ ਆਪ ਦੇ ਪੂਰਨਿਆਂ ਪੁਰ ਟੁਰਨਾ ਚਾਹੀਦਾ ਹੈ। ਪਰ ਪਾਤਸ਼ਾਹ ! ਸੱਚੇ ਪਾਤਸ਼ਾਹ !! ਰੋਣਾ ਇਸ ਗੱਲ ਦਾ ਹੈ ਕਿ ਸ਼ੀਰਖੋਰ ਬੱਚੇ ਜ਼ਾਲਮਾਂ ਨੇ ਠੰਢੇ ਕੀਹ ਲਿਆ ? ਬੱਚਿਆਂ ਦੀ ਮਰਦਾਨਗੀ ਸੁਣ ਕੇ ਰਗਾਂ ਵਿਚ ਜੋਸ਼ ਭਰਦਾ ਹੈ, ਪਰ ਉਨ੍ਹਾਂ ਦਾ ਤਸੀਹਾ ਸੁਣ

*ਇਨ ਪੁਤਨ ਕ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੇ ਕਿਆ ਭਇਆ ਜੀਵਤ ਕਈ ਹਜ਼ਾਰ।

ਕੇ ਨੈਣ ਨਹੀਂ ਰੁਕਦੇ। ਇਹ ਸਮਝ ਨਹੀਂ ਪੈਂਦੀ ਕਿ ਜ਼ਾਲਮਾਂ ਨੇ ਬੱਚੇ ਮਾਸੂਮ ਮਾਰ ਕੇ ਕੀਹ ਖੱਟਿਆ ?

ਗੁਰੂ ਜੀ ਇਕ ਅਹਿੱਲ, ਅਡੋਲ, ਪਰ ਗੰਭੀਰ, ਗਰਜਵੀਂ; ਟਿਕਵੀਂ ਅਵਾਜ਼ ਵਿਚ ਏਲੇ, "—ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥ—। ਸਰਹਿੰਦ ਦੀ ਇੱਟ ਨਾਲ ਇੱਟ ਖੜਕ ਗਈ, ਮੁਗ਼ਲ ਰਾਜ ਦੀ— ਤੁਰਕ ਰਾਜ ਦੀ—ਹਿੰਦ ਵਿਚੋਂ ਜੜ੍ਹ ਕਟ ਗਈ। ਰਾਇ ਜੀ! ਤੁਸੀਂ ਕੀ ਸਮਝਦੇ ਹੋ? ਜ਼ੁਲਮ ਨਾਲ ਮਜ਼ਲੂਮ ਮਰਦਾ ਹੈ? ਨਹੀਂ ਨਹੀਂ, ਇਹ ਰੱਬੀ ਕਾਨੂੰਨ ਯਾਦ ਰੱਖੋ, ਜ਼ਾਲਮ ਦੇ ਹਰ ਜ਼ੁਲਮ ਦੇ ਕਰਤੱਵ ਨਾਲ ਉਸ ਦੀ ਅਪਣੀ ਤਬਾਹੀ ਦਾ ਪਿਆਲਾ ਭਰਦਾ ਹੈ, ਅਰ ਨਾਮ ਵਾਲੇ, ਰੱਬ ਵਿਚ ਜੀ ਉੱਠੇ, ਜਾਗਦੀ ਸੁਰਤ ਵਾਲੇ ਬੰਦਿਆਂ ਤੇ ਜੋ ਜ਼ੁਲਮ ਹੁੰਦਾ ਹੈ ਉਸ ਦੀ ਝਰਨਾਟ ਸਾਈਂ ਤੱਕ ਅੱਪੜਦੀ ਹੈ, ਫੇਰ ਸਾਈਂ ਦੀ ਤਾਕਤ ਜ਼ਾਲਮ ਦੇ ਜ਼ੁਲਮ ਨੂੰ ਕੱਟਦੀ ਹੈ। ਸੋ ਰਾਇ ਜੀ! ਤੁਰਕ ਰਾਜ ਦੀ ਜੜ੍ਹ ਕਟ ਗਈ ਹੈ। ਸਾਈਂ ਨੂੰ ਜ਼ੁਲਮ ਨਹੀਂ ਭਾਉਂਦਾ, ਪੈਮਾਨਾ ਲਬਰੇਜ਼ ਹੋ ਗਿਆ ਹੈ। ਪਾਪ ਨੂੰ ਇਹੋ ਫਲ ਲੱਗਿਆ ਕਰਦਾ ਹੈ* ।"

ਰਾਇ ਕੰਬਿਆ, ਡਰਿਆ, ਮੈਂ ਬੀ ਹੁਣ ਮੁਸਲਮਾਨਾਂ ਵਿਚ ਸ਼ੁਮਾਰ ਹਾਂ, ਕੀ ਮੇਰਾ ਰਾਜ ਬੀ ਗਿਆ? ਇਹ ਸੋਚ ਕੇ ਬੋਲਿਆ: "ਪਾਤਸ਼ਾਹ! ਮੈਨੂੰ ਰੱਖ ਲਿਆ ਜੇ!"

ਗੁਰੂ ਜੀ—ਦੇਖ ਕੱਲਾ! ਮਲੇਰ ਕੋਟ ਨੂੰ ਜਿਸ ਨੇ ਉਸ ਜ਼ੁਲਮ ਵੇਲੇ ਇਨਸਾਫ ਦੀ ਅਵਾਜ਼ ਦਿੱਤੀ, ਸਾਈਂ ਨੇ ਰੱਖ ਲਿਆ ਹੈ। ਤੂੰ ਸਾਨੂੰ ਪਿਆਰ ਕੀਤਾ ਹੈ, ਤੈਨੂੰ ਰੱਖ ਲਿਆ ਹੈ। ਆਹ ਲੈ ਸ਼ਮਸ਼ੇਰ, ਇਸ ਦਾ ਸਤਿਕਾਰ ਰੱਖਣਾ, ਤੁਸੀਂ ਇਸ ਦੇ ਸਤਿਕਾਰ ਆਸਰੇ ਬਚੇ ਰਹੋਗੇ। ਖ਼ਬਰਦਾਰ! ਇਹ ਖਾਲਸਈ ਤਲਵਾਰ ਹੈ, ਇਸ ਦਾ ਨਿਰਾਦਰ ਨਹੀਂ ਕਰਨਾ, ਸਦਾ ਸਤਿਕਾਰ ਨਾਲ ਸਾਂਭ ਕੇ ਰੱਖਣਾ, ਖ਼ਬਰਦਾਰ!

ਸੂਚਨਾ—ਅਨੰਦਪੁਰ ਤੇ ਚਮਕੌਰ ਦੇ ਸਾਕਿਆਂ ਦੀ ਸੋ ਹੁਣ ਦੇਸ਼ ਵਿਚ ਫੈਲ ਗਈ ਸੀ। ਸਿੱਖਾਂ ਦੇ ਘਰੀਂ ਕੀਹ ਕੁਝ ਵਰਤਿਆ ਵੈਨਗੀ ਲਈ ਅਗਲਾ ਪ੍ਰਸੰਗ—ਰਾਣੀ ਝਾਲਾ ਕੌਰ—ਕੁਛ ਰੌਸ਼ਨੀ ਪਾਉਂਦਾ ਹੈ:—

੭੬. ਰਾਣੀ ਝਾਲਾ ਕੌਰ†।

ਸਰਹਾਲੀ ਦਾ ਚੌਧਰੀ ਕੇਸਰੂ ਮੱਲ ਚਾਰ ਹਜ਼ਾਰੀ, ਜਿਸਨੂੰ ਰਾਜੇ ਦਾ ਖ਼ਿਤਾਬ ਸੀ, ਸਰਵਰ ਦੀ ਪੂਜਾ ਛੱਡਕੇ ਇਸਤ੍ਰੀ ਤੇ ਪੁੱਤ੍ਰ ਸਣੇ ਸਿੰਘ (ਮੱਲ ਸਿੰਘ) ਸਜ ਗਿਆ ਸੀ, ਅਰ ਦਸ਼ਮੇਸ਼ ਜੀ ਦੇ ਜੰਗਾਂ ਵਿਚ ਹਿੱਸਾ ਲੈਂਦਾ ਰਿਹਾ ਸੀ, ਉਸ ਦੀ ਵਹਟੀ ਜਿਸਨੂੰ ਰਾਣੀ ਕਰਕੇ ਕਹਿੰਦੇ ਸੀ, 'ਝਾਲਾ ਕੌਰ' ਬੜੀ ਸਿਦਕ ਵਾਲੀ ਸੀ, ਉਸਦੇ ਸਿਦਕ ਦੀ ਵੈਨਗੀ ਇਹ ਹੈ:—

ਬੈਠੀ ਵਿਚ ਸਹੇਲੀਆਂ ਲਾਇ ਤਿੰਵਣ ਝਾਲਾ ਕੌਰ ਏ ਬਚਨ ਅਲਾਂਵਦੀ ਏ:—
"ਮੇਰਾ ਉਛਲਦਾ ਅੱਜ ਕਲੇਜੜਾ ਏ, ਮੇਰੀ ਜਿੰਦ ਮੈਨੂੰ ਖਾਈ ਜਾਂਵਦੀ ਏ।
"ਗ਼ਮਾਂ ਸੋਚਾਂ ਦੇ ਪਏ ਹਨ ਆਨ ਘੇਰੇ, ਚਿੰਤਾ ਚਿਖਾ ਦੇ ਵਾਂਗ ਜਲਾਂਵਦੀ ਏ।
"ਅੜੀਓ! ਅੱਖੀਆਂ ਅੱਗੇ ਗੁਬਾਰ ਆਇਆ, ਮੇਰੀ ਦੇਸ਼ ਉੱਡੀ ਟੁਰੀ ਜਾਂਵਦੀ ਏ"।

ਇਕ ਗੋਲੀ ਬੋਲੀ:—

ਸਦਕੇ ਤੁੱਧ ਤੋਂ ਵਾਰਨੇ ਸੱਟੀਆਂ ਮੈਂ, ਹੋ ਕੇ ਸ਼ੇਰਨੀ ਖੌਫ ਕਿਉਂ ਖਾਵਨੀ ਏਂ?

---

*ਹੋਨਹਾਰ ਤੁਰਕਨ ਘਰ ਖੋਵਾ। ਨਿਤ ਅਪਰਾਧ ਕਰਤ ਹੀ ਜੋਵਾ। ਨਹੀਂ ਨਗਾਰਬੰਦ ਕੋ ਰਹੈ। ਤੇਜ ਛੀਨਤਾ. ਨਿਤ ਪ੍ਰਤਿ ਲਹੈ। ਅਬ ਇੱਕੀ ਸੈ ਕੋਸਨਿ ਰਾਜ। ਚੱਕ੍ਰਵਰਤਿ ਕੋ ਸਿਰ ਪਰ ਤਾਜ। ਥੋਰੇ ਦਿਨ ਮਹਿੰ ਇਮ ਹੁਇ ਹਾਨਾ। ਨੀਠ ਨੀਠ ਇਨ ਕੀ ਕੁਜਰਾਨਾ। ਜਿਹ ਸਿਰੋਦ ਮਹਿੰ ਸਾਹਿਬਜ਼ਾਦੇ। ਕਰੀ ਅਵੱਗਯਾ ਤੁਰਕਨ ਬਾਰੇ। ਖਡੀ ਬਸਹਿ ਕੋਸਨ ਲਗ ਜੋਈ। ਧਨੀ ਘਨੀ ਮਹਿਲਾਇਤ ਹੋਈ। ਸਕਲ ਸਦਨ ਕੀ ਜਰਾ ਉਖਰਿ ਹੈਂ। ਖੇਤੀ ਬਾਹਨ ਬੈਵਨ ਕਰਿ ਹੈਂ। ਅਸ ਫਲ ਪ੍ਰਾਪਤ ਪਾਪਨ ਕੇਰਾ। ਤੁਰਕ ਰਾਜ ਕੋ ਦੇਇ ਨਿਬੇਰਾ। [ਸੂ: ਪ:

†ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਅਸੀਂ ਅਜੇ ਛੋਟੀ ਉਮਰੇ ਸਾਂ ਕਿ ਰਾਇ ਕੱਲਾ ਦੇ ਪੋਤਰੇ ਨੇ ਕਾਜ਼ੀਆਂ ਦੇ ਆਖੇ ਲੱਗਕੇ ਤਲਵਾਰ ਦਾ ਅਪਮਾਨ ਕੀਤਾ, ਛਿਕਾਰ ਖੇਡਦਾ ਇਸੇ ਤਲਵਾਰ ਨਾਲ ਘਾਇਲ ਹੋ ਮਰ ਗਿਆ, ਪਿਛੋਂ ਰਾਜ ਬੀ ਜਾਂਦਾ ਰਿਹਾ। ‡ਇਹ ਪ੍ਰਸੰਗ ੧੫ ਪੋਹ ਸੰ: ਗੁ: ਨਾ: ਸਾ: ੪੩੪ (੩੦ ਦਸੰਬਰ ੧੯੦੩) ਨੂੰ ਖਾ: ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਦਸਮੇਂ ਗੁਰੂ ਦਾ ਛੱਕ ਕੇ ਸੁਧਾ ਰਾਣੀ ! ਚਿੰਤਾ ਚਿੱਤ ਦੇ ਵਿੱਚ ਕਿਉਂ ਲਜਾਵਨੀ ਏਂ ?
ਕਿਹੜੀ ਗੱਲ ਬਦਲੇ ਰਾਣੀ ਸਹਿਮ ਛਾਯਾ, ਕਿਸ ਕਾਰਣੇ ਲੱਜ ਲੁਆਵਨੀ ਏਂ ?
ਠਿੱਲ ਝਾਗ ਕੇ ਲੰਘੀਓਂ ਸ਼ਹੁ ਸਾਗਰ, ਛੰਨੇ ਵਿਚ ਕਿਉਂ ਡੁਬਦੀ ਜਾਵਨੀ ਏਂ ?
ਜਦੋਂ ਪਤੀ ਤੇਰੇ ਸੀਗਾ 'ਸਖੀ'* ਛਡਿਆ, ਦਸਮੇਂ ਗੁਰੂ ਦੀ ਸ਼ਰਨ ਜਾ ਲਈ ਸੀਗੀ।
ਪਿਆ ਕਟਕ ਸਹਕਾਰ ਬਿਰਾਦਰੀ ਦਾ ਓਦੋਂ ਮੂਲ ਚਿੰਤਾ ਨਹੀਂ ਪਈ ਸੀਗੀ।
ਤੂੰ ਬੀ ਛੱਡ ਪੇਕੇ ਅਤੇ ਸਾਕ ਸਾਰੇ ਮੱਤ ਆਪਣੇ ਪਤੀ ਦੀ ਲਈ ਸੀਗੀ।
ਜਗਤ ਇੱਕ ਪਾਸੇ, ਤੁਸੀਂ ਇਕ ਪਾਸੇ, ਤਦੋਂ ਗੱਜਦੀ ਸ਼ੇਰ ਜਿਉਂ ਰਹੀ ਸੀਗੀ।
ਕਈ ਬਾਲ ਮੋਏ, ਕਈ ਮਾਲ ਮੋਏ, ਕਈ ਵੇਰ ਨੁਕਸਾਨ ਧਨ ਧਾਮ ਹੋਇਆ।
ਨਾ ਹੀ ਚੌਧਰੀ ਆਪ ਨਾ ਤੂੰ ਰਾਣੀ ! ਤਦੋਂ ਦੋਹਾਂ ਨਾ ਹੌਂਸਲਾ ਮੂਲ ਖੋਇਆ।
ਕੀਤੇ ਕੈਦ ਸੇ ਪਤੀ ਜੀ ਜਦੋਂ ਤੁਰਕਾਂ, ਛੁੱਟਣ ਵਾਲੜਾ ਰਾਹ ਨਾ ਰਿਹਾ ਕੋਇਆ,
ਤੁਸਾਂ ਕਰੀ ਅਰਦਾਸ ਤੇ ਰਹੇ ਸਾਬਤ, ਇਕੁਰ ਡੋਬ ਨ ਖਾਧਾ ਸੀ ਰਤਾ ਟੋਇਆ।
ਆਪ ਛੁੱਟ ਆਏ, ਤੁਸਾਂ ਸ਼ੁਕਰ ਕੀਤੇ, ਫੇਰ ਸਿੰਘ ਜੀ ਗਏ ਆਨੰਦ ਪੁਰ ਨੂੰ।
ਜਾ ਕੇ ਜੁੱਧ ਪਹਾੜੀ ਵਿਚ ਲਿਆ ਹਿੱਸਾ, ਕੀਤਾ ਖੂਬ ਪ੍ਰਸੰਨ ਦਸਮੇਸ਼ ਗੁਰ ਨੂੰ।
ਸੇਵਾ ਗੁਰੂ ਤੇ ਪੰਥ ਵਿਚ ਜੰਗ ਕਰਦੇ ਗਏ ਆਪ ਸਿਧਾਰ ਅਰੰਮ ਪੁਰ ਨੂੰ।
ਤਦੋਂ ਰਾਣੀਏ ਰੱਖ ਕੇ ਤੂੰ ਜਿਗਰਾ ਦਿੱਤਾ ਸ਼ੁਕਰ ਤਂ ਟਲਣ ਨਾ ਨਿੱਜ ਓਰ ਨੂੰ।
ਕੀਤਾ ਸ਼ੁਕਰ ਅਕਾਲ ਦਾ ਮੰਨ ਭਾਣਾ, ਸਤੀ ਸੀਲ ਸੰਤੋਖ ਦੀ ਬਣੀ ਰਾਣੀ।
ਦੇਵੇਂ ਸਿੱਖਿਆ ਪੁੱਤ ਇਕਲੌਤੜੇ ਨੂੰ, 'ਕਰੋ ਗੁਰੂ ਸੇਵਾ ਜਨਮ ਸਫਲ ਜਾਣੀ'।
ਸੱਚੀ ਸਿੰਘਣੀ ਰਾਣੀਏਂ ! ਬਣੀ ਸੁਹਣੀ ਲਾਇਆ ਪੁੱਤ ਨੂੰ ਗੁਰੂ ਦੀ ਪੜ੍ਹਨ ਬਾਣੀ।
'ਸੇਵਾ ਗਰੂ ਦੀ ਖੂਬ ਕਮਾਉ ਬਚੜਾ' ! ਜੀਵਨ ਜਾਨ ਪਤਾਸੜਾ ਵਿਚ ਪਾਣੀ।'
ਅੰਕੁਰ ਸਿਖ ਸਿਖਾ ਕੇ ਪਾਲਿਓ ਈ, ਉੱਠਿਆ ਖੂਬ ਕੁਆਨ ਸੁਹਾਵਣਾ ਓ।
ਸ਼ਸਤ੍ਰ ਵਿੱਦਯਾ ਵਿਚ ਚਲਾਕ ਸੁਹਣਾ ਘੋੜ ਸ੍ਵਾਰ ਹੋਇਆ ਮਨ ਭਾਵਣਾ ਓ।
ਸਾਂਭੇ ਅਮਬਲ ਪਿਤਾ ਦੇ ਆਪ ਉਸ ਨੇ ਹੋਇਆ ਬੀਰ ਸੀ ਤੀਰ ਚਲਾਵਣਾ ਓ,
ਜਦੋਂ ਸੱਭ ਗੱਲੀਂ ਹੋਇ ਗਿਆ ਲਾਇਕ, ਕਰੇ ਪਿਤਾ ਦਾ ਰਾਜ ਸੰਭਾਲਣਾ ਓ।
ਕਈ ਸਾਕ ਆਏ ਤੁੰਹੇਂ ਮੋੜ ਦਿੱਤੇ, ਆਖੇਂ ਸੁਫਲ ਕਰਸਾਂ ਜਨਮ ਪੁੱਤ ਦਾ ਨੀ।
ਏਸ ਸੋਚ ਦੇ ਦਿਨੀਂ ਸੀ ਖ਼ਬਰ ਆਈ, ਤੁਰਕ ਗੁਰੂ ਦੇ ਨਾਲ ਸੀ ਜੁੱਟਦਾ ਨੀ।
ਬਾਈ ਧਾਰ ਰਾਜੇ ਧਾਇ ਆਇ ਸਾਰੇ, ਸੂਬਾ ਆਨ ਸਰਹਿੰਦ ਦਾ ਟੁੱਟਦਾ ਨੀ।
ਫੌਜ ਦਿੱਲੀਓਂ ਸ਼ਾਹ ਨੇ ਆਪ ਭੇਜੀ, ਲਸ਼ਕਰ ਕਟਕ ਦਾ ਧਰਤ ਨੂੰ ਪੁੱਟਦਾ ਨੀ।
ਸਾਰੇ ਘੇਰਸਨ ਜਾਇ ਆਨੰਦ ਪੁਰ ਨੂੰ, ਜੰਗ ਮਚੇਗਾ ਕਹਿਰ ਕਹਾਰ ਭਾਰੀ।
ਤਦੋਂ ਸੱਦਿਆ ਪੁੱਤ ਨੂੰ ਲੈ ਗੋਦੀ, ਮੱਥਾ ਚੁੰਮ ਕੇ ਦਏਂ ਪਿਆਰ ਪਜਾਰੀ।
ਕੰਡ ਦੱਬ ਫੇਰੇਂ ਜਾਏਂ ਵਾਰ ਫੇਰੇ, ਆਖੇਂ:—'ਬਚੜਿਆ ਤੁਧ ਤੋਂ ਜਿੰਦ ਵਾਰੀ !
'ਮੇਰੀ ਨਿੰਦ ਦਾ ਨੂਰ ਇਕਲੌਤੜੇ ਵ ! ਸਿਕਦੀ ਮਾਉਂ ਦੀ ਆਸ ਉਮੇਦ ਸਾਰੀ !
'ਤੂੰ ਤਾਂ ਜਾਨਣਾ ਭਾਸਦਾ ਬੱਚਿਆ ਵੇ ! ਤੇਰੇ ਬਾਝ ਹਨੇਰੜਾ ਜੱਗ ਸਾਰਾ।
'ਦੋਵੇਂ ਵਿਛੁੜਨਾ ਮੌਤ ਨੂੰ ਸੱਦਣਾ ਹੈ; ਉਹਲੇ ਹੋਵਣਾਂ ਕਹਿਰ ਹੈ ਅੱਤਿ ਭਾਰਾ।
'ਮੈਨੂੰ ਤੇਰੜੀ ਲੋੜ ਹੈ ਅੱਤਿ ਭਾਰੀ, ਅੰਪਰ ਲੋੜਦਾ ਤੁੱਧ ਨੂੰ ਗੁਰੂ ਪਜਾਰਾ।
'ਜਨਮ ਤੁੱਧ ਦੇ ਸਫਲ ਦਾ ਪੁਰਬ ਲੱਗਾ, ਗੁਰੂ ਸੇਵ ਦਾ ਸਮਾਂ ਏ ਬੜਾ ਭਾਰਾ।

*ਸਖੀ ਸਰਵਰ।

'ਮਮਤਾ ਆਖਦੀ ਘੁੱਟ ਕੇ ਰੱਖ ਬਚੜਾ, ਛਾਤੀ ਨਾਲ ਲਗਾਇਕੇ ਜਿੰਦ ਟੁਕੜਾ।
'ਗੁਰੂ ਆਖਦਾ ਸੇਵ ਨੂੰ ਘੱਲ ਬਚੜਾ, ਝਾਗ ਮੋਹ ਦੀ ਨੈਂ ਦਾ ਕਠਨ ਦੁਖੜਾ।
'ਪੰਥ ਆਖਦਾ ਭੇਜ ਭਿਰਾਉ ਸਾਡਾ, ਬਾਝ ਵੀਰ ਦੇ ਚਿੱਤ-ਉਦਾਸ ਉਖੜਾ।
'ਦੇਸ਼ ਆਖਦਾ ਬਲੀ ਦੇਹ ਲਾਲ ਦੀ ਤੂੰ, ਪਾਪ ਰਾਜ ਪਾਟੇ, ਦੇਸ਼ ਹੋਇ ਸੁਖੜਾ।
'ਸੋ ਹੁਣ ਲਾਲ ਦੁਲਾਰਿਆ ! ਹੋਹ ਤਕੜਾ, ਮੋਹ ਮਾਉਂ ਦਾ ਦਿਲੋਂ ਵਿਸਾਰ ਵਾਰੀ।
'ਮਮਤਾ ਮਾਉਂ ਤਿਆਗਦੀ ਦਿਲੋਂ ਬੱਚਾ, ਸਾਵਧਾਨ ਮੈਂ ਘੋਲੀਆਂ ਜਾਹੁ ਵਾਰੀ।
'ਪਹਿਨ ਪਿਤਾ ਦੇ ਸ਼ਸਤਰਾਂ ਅਸਤਰਾਂ ਨੂੰ, ਘੋੜੇ ਜੰਗ ਦੀ, ਪੁੱਤ ਜੀ ! ਕਰੋ ਸ੍ਵਾਰੀ।
'ਰਣ ਮੱਤੇ ਦੇ ਵਿਚ ਜਾ ਲੜੋ ਬਚੜਾ ! ਜਿੰਦ ਚਰਨ ਤੋਂ ਲਾਲ ਜੀ ! ਘੋਲ ਵਾਰੀ'।

ਦੂਜੇ ਦਿਨੋਂ ਤੂੰ ਲਾਲ ਨੂੰ ਤਯਾਰ ਕੀਤਾ, ਲਾੜਾ ਆਪ ਸ਼ਿੰਗਾਰ ਬਣਾਇਓ ਈ।
ਘੋੜੇ ਚਾੜ੍ਹ ਕੇ ਗੁਰਾਂ ਧਿਰ ਤੋਰਿਓ ਈ, ਮੱਥਾ ਚੁੰਮ ਇਹ ਹੁਕਮ ਸੁਣਾਇਓ ਈ:–
'ਨਾਰ ਫਤੇ ਨੂੰ ਵਿਆਹੁਕੇ ਲਿਆਉ ਬਚੜਾ' 'ਨਹੀਂ ਤਾਂ ਮੌਤ ਵਰਨੀ', ਸਮਝਾਇਓ ਈ।
ਤੇਰੇ ਹੁਕਮ ਬੱਧਾ ਆਗਜਾਕਾਰ ਤੁਰਿਆ, ਦੇ ਸੰਦੇਸੜੇ ਸ਼ੇਰ ਤੁਰਾਇਓ ਈ।
ਐਸੇ ਹੌਸਲੇ ਵਾਲੜੀ ਮਾਉਂ ਸਿੰਘਣੀ ਜਿਨ ਮੌਤ ਦੇ ਮੂੰਹ ਪੁਤ ਘੱਤਿਆ ਏ।
ਗਏ ਗੁਜ਼ਰ ਮਹੀਨੜੇ ਕਈ ਪਜਾਰੀ, ਸਾਹ ਇੱਕ ਨਾ ਪੁੱਠੜਾ ਵੱਤਿਆ ਏ!
ਅੱਜ ਕੀਹ ਹੋਇਆ ਰਾਣੀ ਰੋਣ ਲੱਗੀ ? ਤੇਰੀ ਏਹੋ ਹੀ ਸਿਦਕ ਦੀ ਸੱਤਿਆਂ ਏ ?
ਪੱਕੀ ਰਹੋ ਖਾਂ ਨੇਮ ਤੇ ਰਾਣੀਏਂ ਨੀ ! ਨੇਮੋਂ ਹਾਰਨਾ ਅਸਲ ਦੀ ਹੱਤਿਆ ਏ।

ਰਾਣੀ ਬੋਲੀ–

ਸੁਣ ਸਖੀ ਪਜਾਰੀ ! ਤੇਰੀ ਸਮਝ ਹਾਰੀ, ਮੇਰੀ ਚਿੱਤ ਦਾ ਹਾਲ ਨਾ ਪੁੱਛਿਆ ਈ;
ਐਵੇਂ ਲਗੀ ਕੋਸਣ, ਮੈਂ ਨ ਅਜੇ ਦੋਸਣ, ਬਿਨਾਂ ਲੜੇ ਮੱਛਰ ਪਿੰਡਾ ਉੱਛਿਆ ਈ।
'ਪੁੱਤ ਮਰੇ ਨਾਹੀਂ', ਇਹ ਤਾਂ ਰਿੰਤ ਨਾਹੀਂ, ਚਿਤ ਦੇਰ ਨੇ ਹੌਸਲਾ ਮੁੱਛਿਆ ਈ।
'ਮਤਾਂ ਭੱਜ ਆਵੇ ਪਿੱਠ ਦੇ ਆਵੇ' ਇਸ ਅੱਗ ਕਲੇਜੜਾ ਲੁੱਛਿਆ ਈ।
ਅੱਜ ਖਬਰ ਪਾਈ:–ਘੇਰਾ ਪਿਆ ਆਹੀ, ਲੱਖਾਂ ਫੌਜ ਤਰਕਾਨ ਰਜਪੂਤ ਘੇਰੇ,
ਸੱਚੇ ਗੁਰੂ ਦੀ ਸਿੰਘ ਸਿਪਾਹ ਤਾਈਂ ਪੂਰਿ ਅਨੰਦ ਨੂੰ ਬੈਠੇ ਹਨ ਦਈ ਫੇਰੇ,
ਅੰਦਰ ਰਸਦ ਪਾਣੀ ਮੱਭੇ ਮੁੱਕ ਚੁੱਕੇ ਸਿੱਖ ਗੁਰੂ ਸਿਉਂ ਕਰਦੇ ਹਨ ਮੇਰ ਤੇਰੇ !
ਗੁਰੂ ਆਖਦੇ ''ਹੌਸਲਾ ਨਹੀਂ ਹਾਰੋ, ਰੱਖੋ ਹੌਸਲਾ ਵੇਖਣੇ ਹੱਥ ਮੇਰੇ''।

ਮੇਰਾ ਜਿਗਰ ਪਾਟਾ ਸੁਣਕੇ ਵਿਥਿਆ ਏ, ਮੈਂਡਾ ਪੁੱਤ ਨਾ ਇਨ੍ਹਾਂ ਦੇ ਵਿੱਚ ਹੋਵੇ।
ਦੇਕੇ ਗੁਰੂ ਨੂੰ ਪਿੱਠ ਇਸ ਸਮੇਂ ਬਿਖੜੇ ਕੁਰਬ ਪਿਤਾ ਦਾ ਆਪਣਾ ਮਤਾਂ ਖੋਵੇ।
ਜਿੰਦ ਮਤਾਂ ਪਿਆਰੜੀ ਕਰੇ ਲਾਲਨ, ਮੇਰਾ ਚਿੱਤ ਉਉਂ ਲਹੂ ਦੀ ਹੰਝ ਰੋਵੇ।
ਰੱਬਾ ! ਮਾਰ ਮੈਨੂੰ ਪਹਿਲੇ ਸੁਣਨ ਕੋਲੋਂ ਐਸੀ ਬੁਰੀ ਹੋਣੀ ਜਿਦੜੀ ਜ਼ਹਿਰ ਚੋਵੇ।
ਪਿੱਠ ਦਈ ਜੇ ਲਾਲ ਨੇ, ਪੰਥ ਮੈਨੂੰ ਸਦਾ ਦੇਊ ਧ੍ਰਿਕਾਰ ਏ ਆਖ ਕੇ ਨੀ:–
''ਕੁੱਖ ਸਿੰਘਣੀ ਜਾਇਆ ਪੁੱਤ ਗਿੱਦੜ, ਕੁੱਖ ਜਾਇ ਸਰਾਪੜੀ'' ਭਾਖਕੇ ਨੀ।
ਅਗੇ ਗਈ ਨੂੰ ਪਤੀ ਨਾ ਮੂੰਹ ਲਾਵੇ, ਪਰੇ ਸੱਟਸੀ ਮੁੱਝ ਪਟਾਖਕੇ ਨੀ।
ਆਖੂ ਆਪਣੀ ਕੁੱਖ ਸਰਾਪੀਆ ਨੀ, ਨਾਉਂ ਆਈ ਹੈਂ ਮੈਂਡੜਾ ਧ੍ਰਾਂਖਕੇ ਨੀ।
ਪੰਥ ਆਖਸੀ ਰਹਿੰਦੜੇ ਜੁੱਗ ਤਾਈਂ, ''ਕਿਤੇ ਸਿੰਘਣੀ ਠੌਰ ਨ ਮਿਲੇ ਤੈਨੂੰ।
''ਸ਼ਿੰਘ ਸ਼ੇਰ ਦਾ ਬੱਚੜਾ ਕੈਰ ਕੀਤਾ, ਮਾਰ ਦੇਂਦੀਓਂ ਪਾਲਿਓ ਹਾਇ ਕੈਨੂੰ''।
ਗੁਰੂ ਆਖਸੀ ''ਪਿਤਾ ਸ਼ਹੀਦ ਹੋਇਆ, ਵੱਗ ਗਈ ਏ ਪੁੱਤ ਨੂੰ ਵਾਇ ਵੈਨੂੰ''।
ਅੰਤ ਆਖਸਣ ਦੇਸ਼ ਮੈਂ ਪਾਲਣੇ ਨੂੰ, ਅੱਗੇ ਗਈ ਨ ਵੈਈ ਓ ਵੇਣ ਮੈਨੂੰ।

ਏ ਕੁਝ ਆਖਦੀ ਅੱਖੀਓਂ ਨੀਰ ਤੁਰਿਆ, ਰੋ ਰੋ ਵਾਸਤੇ ਪਾਉਂਦੀ ਰੱਬ ਤਾਈਂ।
ਪੱਲਾ ਪਾਇਕੇ ਹੱਥਾਂ ਨੂੰ ਜੋੜ ਉੱਠੀ, ਕਰ ਅਰਾਧਣਾ ਗੁਰੂ ਜੀ ਲਏ ਧਜਾਈ।
ਕਹਿੰਦੀ "ਸੱਚਿਓ ਸੱਚ ਦੇ ਆਗੂਓ ਜੀ! ਮੈਂ ਨਿਮਾਣੀ ਦੀ ਆਸ ਨਾ ਟੁੱਟ ਜਾਈ।
"ਪੁਤ ਜੀਵੇ ਤਾਂ ਗੁਰੂ ਦੇ ਰਹੇ ਸਨਮੁਖ, ਮੌਤ ਆਉਸ ਤਾਂ ਪਿੱਠ ਨਾ ਦੇ ਜਾਈ।
"ਮਰੇ ਮੋਹਿਰੀ ਹੋਇਕੇ ਵਧੇ ਅਗੇ, ਮਾਰੇ ਮਾਰ ਕਰਦਾ ਮੌਤ ਦੱਖ ਲੈਵੇ।
"ਸਨਮੁਖ ਗੁਰਾਂ ਦੇ ਪੰਥ ਦੇ ਰਹੇ ਸੁਹਣਾ, ਪਤ ਮੁਝ ਨਿਮਾਣੀ ਦੀ ਰੱਖ ਲੈਵੇ!
"ਦੇਹ ਰਹੇਗੀ ਸਦਾ ਨਾ ਜੱਗ ਉੱਤੇ, ਏਸ ਮੱਤ ਨੂੰ ਪੁਤ ਪਰੱਖ ਲੈਵੇ।
"ਸਫਲ ਸੇਵਾ ਦੇ ਵਿਚ ਜੇ ਲੱਗ ਜਾਵੇ, ਏਸ ਸੱਚ ਨੂੰ ਬੱਚੜਾ ਲੱਖ ਲੈਵੇ।"
ਇੱਕੁਰ ਮਿੰਨਤਾਂ ਜੇਦੜੀ ਕਰੇ ਰਾਣੀ, ਪਈ ਰਹੀ ਸੀ ਜਿਵੇਂ ਸਥਾਰ ਦੇਵੇ।
ਖਾਣ, ਪੀਣ ਤੇ ਸੌਣ ਸੀ ਭੁੱਲ ਗਇਆ, ਵਿੱਚੇ ਮਿੰਨਤਾਂ ਤਰਲਿਆਂ ਨਾਲ ਰੋਵੇ।
ਖੰਭ ਹੁੰਦੇ ਤਾਂ ਉੱਡਕੇ ਜਾ ਮਿਲਦੀ, ਕੰਨ ਪੁੱਤ ਦੇ ਜਾਇਕੇ ਮੱਤ ਪ੍ਰੋਵੇ।
ਐਪਰ ਬੇਨਤੀ ਬਾਝ ਨਾਂ ਹੋਰ ਰਸਤਾ, ਸਾਖੀ ਸੁਣੀ ਸਾਰੀ ਰਾਣੀ ਪਈ ਰੋਵੇ।
ਰੱਬ ਸੱਚੜੇ ਅਰਜ਼ ਮਨਜ਼ੂਰ ਕੀਤੀ, ਦਿਨਾਂ ਦਸਾਂ ਮਗਰੋਂ ਇਕ ਸੋਇ ਆਈ:—
"ਕੁਛ ਸਿੰਘ ਬਿਦਾਵੀਏ ਹੋਏ ਸੀਗੇ, ਸਿਦਕ ਬਹੁਤਿਆਂ ਮੂਲ ਨਾ ਹਾਰਿਆ ਈ।
"ਤੇਰਾ ਲਾਲ ਸੀ ਸਿਦਕੀਆਂ ਵਿਚ ਸੁਹਣਾ, ਤੇਰਾ ਨਾਮ ਉਸ ਬੀਰ ਨਿਬਾਹਿਆ ਈ।
"ਜਿੰਦ ਹੂਲ ਕੇ ਗੁਰਾਂ ਦੇ ਚਰਨ ਉਤੋਂ, ਮਾਉਂ, ਜਿੰਦ, ਧਨ ਧਾਮ ਵਿਸਾਰਿਆ ਈ"।
ਨਾਲੇ ਸੁਹੀਏਂ ਸ਼ਾਦੀ ਦੀ ਖਬਰ ਦੱਸੀ:—"ਤੇਰਾ ਲਾਲ ਸ਼ਹੀਦ ਹੋ ਗਿਆ ਅੰਮਾਂ!
"ਅੰਗ ਸੰਗ ਓ ਗੁਰਾਂ ਦੇ ਰਿਹਾ ਦੂਲਾ, ਨਾਲ ਵਿਚ ਚਮਕੌਰ ਓ ਗਿਆ ਅੰਮਾਂ!
"ਗੁਰੂ ਸਿੱਖ ਵਾਰੇ ਨਾਲੇ ਪੁਤ ਵਾਰੇ, ਗੜ੍ਹੀ ਗਿਰਦ ਸੀ ਘੇਰੜਾ ਪਿਆ ਅੰਮਾਂ!
"ਦ ਦੋ ਚਾਰ ਹੋ ਕੇ ਸਿੱਖ ਬਾਹਰ ਆਏ ਲੱਖਾਂ ਨਾਲ ਆ ਮਾਮਲਾ ਪਿਆ ਅੰਮਾਂ!
"ਮਾਰ ਸੈਂਕੜੇ ਸਿੱਖ ਸ਼ਹੀਦ ਹੁੰਦਾ, ਗੁਰੂ ਦੇਖਕੇ ਦੇਣ ਅਸੀਸ ਭਾਰੀ।
"ਜਨਮ ਸੁਫਲ ਕੀਤਾ ਚਾਲੀ ਪਤਾਰਿਆਂ ਨੇ, ਜਿੰਦ ਗੁਰਾਂ ਦੇ ਹੁਕਮ ਤੇ ਵਾਰ ਵਾਰੀ।
"ਵਡੇ ਸਾਹਿਬਜ਼ਾਦੇ ਦੋਵੇਂ ਬਲੀ ਹੋਏ, ਏਸ ਪੁਰਬ ਦੇ ਦੇਹੁ ਤੇ ਪਏ ਪਾਰੀ।
"ਤੇਰਾ ਪੁੱਤ ਬੀ ਸ਼ਾਹਾਂ ਦੇ ਨਾਲ ਤੁਰਿਆ, ਖੇਡ ਜਿੰਦ ਤੇ ਗਿਆ ਬਲਵਾਨ ਭਾਰੀ।
"ਕਈ ਮਾਰਕੇ ਮੋਇਆਈ ਦੂਲੜਾ ਓ, ਗੁਰਾਂ ਆਖਿਆ—ਬਚੜਿਆ ਧੰਨ ਤੁਹਨੂੰ!
"—ਤੇਰੇ ਪਿਤਾ ਨੇ ਸੀਸ ਸੀ ਦੀਆ ਅਗੇ, ਧੰਨ ਪਿਤਾ ਨੂੰ, ਬਚੜਿਆ ਧੰਨ ਤੁਹਨੂੰ!
"ਧੰਨ ਮਾਉਂ ਜਿਨ ਜਾਇਆ ਤੁੱਧ ਤਾਈਂ, ਧੰਨ ਦੁੱਖ ਨੂੰ, ਬਚੜਿਆ! ਧੰਨ ਤੁਹਨੂੰ।
"—ਧੰਨ ਵੰਸ ਸੁਲੱਖਣੀ ਤੇਰੜੀ ਓ, ਧੰਨ ਮਾਉਂ ਨੂੰ, ਬੱਚਿਆ! ਧੰਨ ਤੁਹਨੂੰ—!"
ਸੁਣਕੇ ਪੁੱਤ ਦੀ ਮੌਤ ਦਾ ਏਹ ਸਾਕਾ, ਅੰਮਾਂ ਉਛਲ ਪੈਂਦੀ ਹੱਥ ਵੇਇ ਉੱਚੀ,
ਨਾਲ ਖੁਸ਼ੀ, ਪਰੇਮ ਤੇ ਚਿੰਤ ਭਾਰੀ, ਨੀਰ ਵਗ ਤੁਰਿਆ ਰੋਈ ਅੱਖ ਸੁੱਚੀ।
"ਧੰਨ ਧੰਨ ਗੁਰ" ਆਖਦੀ ਮੁੱਖੜੇ ਤੋਂ, ਲੂੰ ਲੂੰ ਆਖਦਾ "ਗੁਰੂ ਹੈ ਧੰਨ" ਉੱਚੀ।
"ਮੇਰੇ ਪੁੱਤ ਨੂੰ ਲਾਇਕੇ ਚਰਨ ਜਿੰਸ ਨੇ, ਦਿੱਤੀ ਪਦਵੀ ਹੈ ਜਗਤ ਤੋਂ ਬਹੁਤ ਉੱਚੀ।"
ਕਹਿੰਦੀ "ਸੇਤਰੀ ਅੱਜ ਹਾਂ ਜੱਗ ਹੋਈ, ਜਿਸ ਦਾ ਪੁੱਤ ਮੋਇਆ ਗੁਰੂ ਸਾਮ੍ਹਣੇ ਵੇ।
"ਦੇਸ਼ ਪੰਥ ਤੋਂ ਵਾਰਨੇ ਲਾਲ ਹੋਇਓਂ, ਰੱਬ ਨਿੱਤ ਮੰਨੀਂ ਤੇਰੇ ਆਮਨੇ ਵੇ।
"ਦਇਆ ਮੁੱਝ ਤੇ ਬੱਚਿਆ ਕੀਤੀਆ ਵੇ, ਮੈਤੋਂ ਸਖਤ ਹੁੰਦੇ ਮੂੰਹ ਉਲ੍ਹਾਮਨੇ ਵੇ।
"ਨਾਰ ਸਿੰਘ ਸ਼ਹੀਦ ਦੀ ਪਤੀ ਕੀਤੀ, ਮਾਉਂ ਸਿੰਘ ਸ਼ਹੀਦ ਕਰਾਵਨੇ ਵੇ।
"ਮੇਰੀ ਕੁੱਖ ਸੁਲੱਖਣੀ ਦੂਲਿਆ ਵੇ! ਭਾਗੇ ਭਰੀ ਅੱਜ ਜਗ ਵਿਚ ਹੋਈਆਂ ਮੈਂ।

"ਜਿਸਦੇ ਪਤੀ ਤੇ ਪੁੱਤ ਸ਼ਹੀਦ ਹੋਏ, ਓਹ ਅੱਜ ਸੁਲੱਖਣੀ ਹੋਈਆਂ ਮੈਂ।
"ਦੇਹ ਧਾਰਕੇ ਤੁਸਾਂ ਨੇ ਸਫਲ ਕੀਤੀ, ਹੋ ਤੁਸਾਡੜੀ ਸਵਲ ਹੁਣ ਹੋਈਆਂ ਮੈਂ।
"ਚਰਨਾਂ ਆਪਣੇ ਵਿਚ ਨਿਵਾਸ ਬਖਸ਼ੋ, ਦੱਬ ਸੱਚੜੇ ਦੀ ਲੜ ਲਾਈਆਂ ਮੈਂ।
"ਪਤੀ ਪੁੱਤ ਤਾਂ ਗੁਰਾਂ ਦੇ ਕੰਮ ਆਏ, ਏਹੀ ਦੇਹ ਧਨ ਧਾਮ ਹੈ ਅੱਜ ਮੇਰਾ।
"ਇਨ੍ਹਾਂ ਦੇਆਂ ਦੇ ਮਾਲ ਨੂੰ ਵੇਚ ਘੱਤਾਂ, ਕਲਗੀ ਵਾਲੜੇ ਕਰਾਂ ਆ ਦਰਸ ਤੇਰਾ।
"ਜੇ ਏ ਬਖਸ਼ਿਆ ਆਪ ਦਾ ਮਾਲ ਆਵੇ ਕਾਰ ਆਪ ਦੇ, ਗੁਰੂ ਜੀ ਸਫਲ ਫੇਰਾ।
"ਮੇਰੀ ਦੇਹ ਬੀ ਸਫਲ ਹੁਣ ਹੋਇ ਗੁਰ ਜੀ ! ਵਾਂਙ ਪੁੱਤ ਤੇ ਪਤੀ ਹੋ ਅੰਤ ਮੇਰਾ।"

ਸੂਚਨਾ—ਅਨੰਦਪੁਰ ਤੋਂ ਨਿਕਲਣ ਵਾਲੀ ਕਹਿਰ ਕਹਾਰਾਂ ਦੀ ਰਾਤ ਨੂੰ ਗੁਰੂ ਮਹਿਲਾਂ ਦੀ ਇਕ ਸੇਵਕ ਇਸਤ੍ਰੀ, ਧਰਮ, ਭਰਮ, ਕਰਮ ਦੀ ਪੂਰੀ ਹਫਲਾ ਤਫਲੀ ਵਿਚ ਵਿਛੜੀ ਤੁਰਕਾਂ ਦੇ ਹੱਥ ਆ ਗਈ, ਉਸ ਦੀ ਦਰਦਨਾਕ ਵਿਥਿਆ ਦਾ ਕੁਛ ਹਾਲ ਅਗੇ ਹੈ –

੨੭. ਬਸੰਤ ਲਤਾ*।

ਘਰ ਬਾਹਰ ਤਜ ਸ਼ਰਨ ਆ ਰਹੀ ਇਕ ਗਰ
ਚਰਨ ਪਿਆ ਰੀ। ਮਾਤਾ ਜੀ ਦੇ ਪਾਸ ਰਹਿ
ਪਈ ਕਰਦੀ ਪਜ਼ਾਰ ਅਪਾਰੀ। ਮਾਤ ਪਿਤਾ
ਪੁਤ ਪਤੀ ਏਸ ਦੇ ਸਨ ਪਰਲੋਕ ਸਿਧਾਏ।
ਵੈਰਾਗਨ ਹੋ ਡੇਰੇ ਇਸ ਨ ਮਾਤ ਚਰਨ ਵਿਚ
ਲਾਏ। ਮਾਤਾ ਜੀ ਨੂੰ ਪਜ਼ਾਰ ਏਸ ਦਾ, ਐਸਾ
ਰਿਦੇ ਸਮਾਇਆ। ਨਾਮ 'ਬਸੰਤ ਲਤਾ' ਕਰ
ਬੋਲਣ, ਕਰਦੇ ਪਜ਼ਾਰ ਸੁਵਾਜਾ।
ਕਹਿਰ ਕਹਾਰੀ ਵੇਲਾ ਆ ਜਾ ਜਦੋਂ ਪੰਥ ਤੇ
ਭਾਰੀ, ਹੁਕਮ ਗੁਰੂ ਦਾ ਸਿਖਾਂ ਮੋੜਿਆ
ਏਦਾਵਾ ਲਿਖ ਭਾਰੀ। ਰਾਤ ਕਟਕ ਦੀ ਆਈ
ਧਾਈ, ਜਦੋਂ ਕਿਲੇ ਤੋਂ ਕੱਲੇ,
ਗੁਰੂ ਹੁਕਮ ਨੂੰ ਰੱਦ ਖਾਲਸਾ ਆਨੰਦ ਪੁਰ ਤੋਂ
ਹੱਲੇ। ਬਾਕੀ ਸਿਦਕ ਯਕੀਨਾਂ ਵਾਲੇ, ਲਾਜ
ਪੰਥ ਦੀ, ਪਜ਼ਾਰੇ ! ਗੁਰ ਚਰਨਾਂ ਵਿਚ ਨਾਲ
ਚਲੇ ਓ ਜਾਨਾਂ ਵਾਰਨ ਵਾਰੇ। ਹਿੰਦੂ ਤੁਰਕ
ਫੌਜ ਜੋ ਉੱਠੀ, ਸਵ੍ਹਾਂ ਸੁਰੀਂਦਾਂ ਭੰਨੇ, ਦੁੰਮਸ
ਧੁੰਮਸ ਭੜਥੂ ਮਚਿਆ, ਵਾਹੋ ਦਾਹੀ ਭੰਨੇ।
ਹਾ ਹਾ ਹੂਲ ਪਿਆ ਚੌਫੇਰੇ, ਰੌਲਾ ਚਾਂਗ
ਦੁਹਾਈ, ਪਤਾ ਨ ਲੱਗੇ ਗਲੀ ਚੱਲੇ,
ਚੱਲੇ ਤੇਗ ਹਵਾਈ। ਮਾਤਾ ਕਿਤੇ
ਪੋਤਿਆਂ ਵਾਲੀ ਬਾਮ੍ਹਣ ਨਾਲ ਗੁਆਚੀ।
ਡੋਲੇ ਕਿਤੇ ਸਿੱਖ ਦੇ ਆਸ਼ੇ ਭੱਜੇ ਦਿਸ਼ਾ
ਅਵਾਚੀ। ਬੇਦਾਵੇ ਵਾਲੇ ਸਿਖ ਲੜਦੇ,
ਵਾਂਗ ਗਾਜਰਾਂ ਕਟਦੇ, ਸਨਮੁਖ ਸੂਰੇ ਤੇਗ
ਵਾਹੁੰਦੇ, ਜਾਂਦੇ ਫਾਟਾਂ ਫੱਟਦੇ। 'ਜੀਤ ਸਿੰਘ
ਨੂੰ ਤਦ ਸੀ ਨਾਲੇ ਸਰਸੇ ਲਜ਼ਾ ਅਟਕਾਈ।
ਲਤਾ ਬਸੰਤੀ ਉਸ ਸਮੇਂ ਸੀ ਵਿਪਦਾ ਦੇ ਮੂੰਹ
ਆਈ। ਏ ਡੋਲੇ ਦੇ ਵਿਚ ਨ ਏਠੀ, ਮਾਤਾ
ਕਹਿ ਕਹਿ ਹਾਰੀ; ਅਦਬ ਨ ਭੁੱਲਾ ਏਸ ਨਾਰ
ਨੂੰ ਵਿਚ ਇਸ ਕਹਿਰ ਕਹਾਰੀ। ਡੋਲੇ ਲੈਕੇ
ਸਿੱਖ ਜੁ ਨੱਸੇ, ਨਾਲੇ ਨਸਦੀ ਜਾਵੇ;
ਇਕ ਥਾਂ ਠੇਡਾ ਖਾਕੇ ਡਿੱਗੀ, ਲੁੜ੍ਹਕ ਪੈਰ ਪੈ
ਜਾਵੇ; ਉਠ ਸੰਭਲੀ ਤੇ ਨੱਸਣ ਲੱਗੀ, ਤੁਰਕਾਂ
ਨੇ ਫੜ ਲੀਤੀ, ਲੜਦੀ ਰਹੀ ਜ਼ੋਰ
ਬਹੁ ਕਰਦੀ, ਬਹੁਤਿਆਂ ਕਾਬੂ ਕੀਤੀ।
ਬੱਧੀ ਗਈ ਦਿਲੋਂ ਪਰ ਮੂਲੋਂ ਨਾ ਸੀ ਨਾਰੀ
ਹਾਰੀ। ਲੈ ਨੱਸੇ ਇਕ ਨਗਰ ਵੱਲ ਨੂੰ, ਰਾਜ
ਪਠਾਣਾਂ ਭਾਰੀ। ਜਾ ਅਟਪੀ ਜਿਉਂ ਮਾਲ
ਲੁੱਟ ਦਾ, ਤੁਹਫਾ ਏਹ ਨਵਾਬੀ।
ਘਰ ਅਪਣੇ ਲੈ ਗਿਆ 'ਲਤਾ' ਨੂੰ, ਚਾਹੇ
ਕਰਨ ਖਰਾਬੀ। ਮਾਤਾ ਦੀ ਉਹ ਸਖੀ
ਅੰਤ੍ਰੰਗ, 'ਲਤਾ' ਬਸੰਤੀ ਪਜ਼ਾਰੀ, ਗੁਰ-ਪ੍ਰੇਮਣ
ਸੀ ਨਿੰਮਣੀ ਸੱਚੀ, ਅੰਮ੍ਰਤ ਧਾਰਨ ਵਾਰੀ।
'ਲਤਾ' ਉਸ ਨੂੰ ਕਿਹਾ:–"ਦੁਸ਼ਟ ਮੁਣ, ਮੈਂ
ਨੌਕਰ ਗੁਰ ਘਰ ਦੀ, ਜੋ ਤੂੰ ਜਾਣੇ ਸੋ ਮੈਂ ਨਾਹੀਂ,
ਧੋਖ ਮਿਟਾ ਦੇ ਉਰ ਦੀ। ਮੈਂ ਚਖ ਅੰਮ੍ਰਿਤ
ਧਰਮ ਧਾਰਿਆ, ਜਾਨ ਖੇਡਣੀ ਜਾਣਾ,

*ਇਹ ਪ੍ਰਸੰਗ ੨੪ ਸਾਉਣ ਸੰਃ ਗੁਃ ਨਾਃ ਸਾਃ ੪੩੭ (੮ ਅਗਸਤ ੧੯੦੬) ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਧਰਮ ਆਤਮਾ ਨਾਲ ਜਾਵਸੀ ਮੰਨ ਗੁਰਾਂ ਦਾ ਭਾਣਾ।" ਤੁਰਕ ਕਰੇਂਦਾ ਹੀਲੇ ਡਾਢੇ, ਗਹਿਣੇ ਬਸਤ੍ਰ ਸੁਹਾਵੇ, ਦੇ ਦੇ ਚਾਹੇ ਮੁਹਣਾ ਉਸਨੂੰ, ਉਹ ਨਾ ਗਬਰ ਲਿਆਵੇ। ਮਹਿਲ ਮਾੜੀਆਂ ਬਾਗ ਬਗੀਚੇ ਦੇਖ ਨ ਮੁੱਠੀ ਨਾਰੀ। ਉਹ ਮੁੱਠਾ ਸੀ ਸੂਰਤ ਉੱਤੇ, ਹੁਣ ਮੁੱਠਾ ਗੁਣ ਕਜ਼ਾਰੀ। ਹੀਲੇ ਲਾਲਚ ਵਾਲੇ ਹਾਰੇ, ਤਦ ਡਰ ਦਾਬਾ ਆਯਾ, ਬਹੁਤ ਅਜ਼ਾਬ ਪੁਚਾਏ ਉਸ ਨੇ, ਬਹੁਤਾ ਕਹਿਰ ਕਮਾਯਾ। ਫਾਕੇ ਕਈ ਕੜਾਕੇ ਦਿੱਤੇ, ਮੁਸ਼ਕਾਂ ਮਾਰ ਕਰਾਈ, ਕੁੱਟਣ ਚੱਟੂ ਲਾਯਾ ਔਖਾ, ਚੱਕੀ ਬਹੁਤ ਪਿਸਾਈ। ਕਿਵੇਂ ਨ ਹਾਰੀ ਧਰਮ ਸੋਹਿਣੀ ਗੁਰ ਚਰਨਾਂ ਦੀ ਪਜ਼ਾਰੀ। ਆਖ਼ਰ ਵਕਤ ਕਸ਼ਟ ਦਾ ਆਯਾ, ਜ਼ੁਲਮੀ ਕਹਿਰ ਕਹਾਰੀ। ਬਦੋ ਬਦੀ ਹੁਣ ਧਰਮ ਖੁਹਣ ਦਾ ਇਹ ਹੀਲਾ ਸੀ ਬਾਕੀ, ਜਦੋਂ ਦੁਸ਼ਟ ਏ ਕਰਨੇ ਲੱਗੇ ਰਹੀ ਤਦੋਂ ਬੀ ਆਕੀ। ਅੱਧੀ ਰਾਤ ਬੀਤ ਸੀ ਚੁੱਕੀ, 'ਲਤਾ' ਨ ਨਿਰਬਲ ਹੋਈ, ਭੁੱਖਾਂ ਮਾਰੀ ਤੇਹਾਂ ਕੁੱਠੀ ਬਿਰਹੋਂ ਪਚ ਪਚ ਮੋਈ। ਦੁਸ਼ਟ ਜਾਣਦਾ ਨਿਰਬਲ ਨਾਰੀ, ਨਿਰਬਲ ਬਹੁਤੀ ਕੀਤੀ, ਮੰਨ ਲਏਗੀ ਹੁਣ ਤਾਂ ਕਹਿਆ, ਮੰਨੂੰ ਚੁੱਪ ਕਰੀਤੀ। ਜ਼ਾਲਮ ਜਦੋਂ ਆ ਗਿਆ ਓਥੇ ਹੱਥ ਉਦੇਰਾ ਕੀਤਾ। ਉਸ ਦੀ ਕਮਰੋਂ ਖਿੱਚ ਕਟਾਰਾ 'ਲਤਾ' ਸਾਮ੍ਹਣੇ ਕੀਤਾ। ਫੁਰਤੀ ਨਾਲ ਵਾਹ ਲਿਆ ਨਿਜ ਨੂੰ, ਫੂਕ ਪੇਟ ਵਿਚ ਲੀਤਾ, ਲਹੂ ਫੁਹਾਰਾ ਛੁਟੇ ਜ਼ੋਰ ਦਾ, ਆਪਾ ਘਾਇਲ ਕੀਤਾ। ਡਿੱਗੀ ਡਿੱਗ ਧਰਾ ਤੇ ਸੁਹਣੀ ਸਹਿਕ ਸਹਿਕ ਦਮ ਤੋੜੇ, ਕਾਫਰ ਖੜਾ ਵੇਖਦਾ ਹਿੰਮਤ, ਟੁਕ ਟੁਕ ਬੁੱਲ੍ਹ ਮਰੋੜੇ। ਹੁਣ ਜਾਤਾ ਉਸ ਸਿਖ ਕੀ ਹੁੰਦੇ, ਕਿਸ ਮਿੱਟੀ ਦੇ ਪੁਤਲੇ, ਕਿਸ ਧਰਤੀ ਤੇ ਤੁਰਦੇ ਦਿੱਸਣ, ਉਡਦੇ ਕਿਸ ਘਰ ਉਤਲੇ। ਦੇਖਦਿਆਂ ਉਹ ਠਰ ਗਈ ਦੇਹੀ, ਮਰ ਗਈ ਸੁੰਦਰ ਨਾਰੀ; ਮਰੀ ਨ ਜੀਵੀ ਦੁਹੀਂ ਜਹਾਨੀਂ, ਧੰਨੀ ਗੁਰੂ ਸਵਾਰੀ। ਅੰਤ ਸਮੇਂ ਦੀ ਚਾਹ ਏ ਉਸਦੀ ਕਿਵੇਂ ਸੋਇ ਇਹ ਮੇਰੀ, ਮਾਤਾ ਜੀ ਦੇ ਕੰਨੀਂ ਜਾ ਪਏ:— 'ਲਤਾ ਗਈ ਸ਼ੁੱਧ ਮੇਰੀ'। ਪੂਰਨ ਅੰਕੁਰ ਹੋਈ ਇੱਛਾ, ਗੁਰ ਹੈ ਆਪ ਪੁਜਾਵੇ, ਆਪੇ ਰਸਤਾ ਕੱਢੇ ਪਜ਼ਾਰਾ, ਆਪੇ ਕਾਰ ਕਰਾਵੇ। ਜ਼ਾਲਮ ਦੋਫ ਅੱਤ ਦਾ ਖਾਧਾ, ਸਹਿਮ ਗਿਆ ਪਿਖ ਕਰਨੀ, ਤੀਮੀਂ ਜਾਤ ਬਹਾਦਰ ਐਸੀ, ਜਾਨ ਤਲੀ ਤੇ ਧਰਨੀ। ਹਿੰਦੂ ਇੱਕ ਦਾਸ ਨੂੰ ਤੜਕੇ, ਜੋ ਸੀ ਘਰ ਵਿਚ ਰਹਿੰਦਾ, ਮੱਦ ਕੰਨ ਵਿਚ ਜ਼ਾਲਮ ਉਸ ਨੂੰ, ਏਸ ਤਰ੍ਹਾਂ ਸੀ ਕਹਿੰਦਾ:—"ਚੁੱਪ ਚੁਪਾਤੇ ਏਸ ਨਾਰ ਨੂੰ ਜਾ ਕੇ ਅਗਨੀ ਸਾੜੋ। ਖਬਰ ਨ ਕਿਸੀ ਹੋਰ ਨੂੰ ਲੱਗੇ, ਤੁਰਤ ਚਿਖਾ ਤੇ ਚਾੜ੍ਹੋ। ਖ਼ਬਰ ਨ ਹੋਵੇ ਸਿੱਖਾਂ ਤਾਈਂ, ਮਤਾਂ ਪਏ ਫਿਰ ਭਰਨੀ, ਬੁਰੀ ਕੌਮ ਹੈ ਸਿੱਖਾਂ ਵਾਲੀ, ਕਹਿਰ ਨ ਸਕਦੇ ਜਰਨੀ"। ਏ ਨੌਕਰ ਸੀ ਸਹਿਜ ਧਾਰੀਆ, ਹਿੰਦੂ ਨਾ ਸੀ ਭਾਈ। ਸਿੱਖੀ ਸਿਦਕ ਵਿਚ ਸੀ ਪੱਕਾ, ਡਿੱਠੀ 'ਲਤਾ' ਕਮਾਈ! ਸੁਣਕੇ ਹੁਕਮ ਖੁਸ਼ੀ ਦਿਲ ਹੋਇਆ, ਸੱਦ ਉਸ ਵਹੁਟੀ ਅਪਣੀ, ਲਤਾ ਤਈਂ ਇਸ਼ਨਾਨ ਕਰਾਯਾ, ਦਿੱਤੀ, ਚਾਦਰ ਖਫਨੀ। ਤਦੋਂ ਲਤਾ ਦੇ ਖੀਮੇ ਵਿੱਚੋਂ ਕਾਗਤ ਨਿਕਲਿਆ ਭਾਈ:—"ਮਾਤਾ ਸਾਹਿਬ ਜੀ ਨੂੰ ਕੋਈ ਦੇਵੇ ਖਬਰ ਪੁਚਾਈ। ਲਤਾ ਬਸੰਤੀ ਚਮੜ ਰਹੀ ਸੀ ਚਰਨ ਆਪ ਦੇ ਸੰਗੇ, ਚਰਨ ਛੁਟੇ ਤੇ ਮੁੱਕ ਗਈ ਹੈ ਮਾਰ ਕਟਾਰਾ ਅੰਗੇ। ਧਰਮ ਸੁਰਖਰੂ ਰੱਖੀ ਏਥੇ ਮੌਤ ਬਾਂਡੀ ਕੀਤੀ, ਸੁਰਤ ਆਪਦੇ ਚਰਨਾਂ ਅੰਦਰ ਹਰਦਮ ਹੈ ਵੇ ਸੀਤੀ। ਹੋਏ ਆਪ ਸਹਾਈ ਸਤਿਗੁਰ, ਮੈਂ ਚਰਨਾਂ ਦੀ ਬਰਦੀ, ਧਰਮ ਸ਼ਰਮ ਸੰਗ ਚਲੀ ਜਗਤ ਤੋਂ ਗੁਰ ਗੁਰ ਮਖ ਤੋਂ ਕਰਦੀ। ਰੰਜ ਨ ਮਾਤਾ ਕਰਨਾ ਮੇਰਾ, ਮੈਂ ਧਰਮੋਂ ਨਾ ਮੋਈ। ਜਾਨ ਮਿਰੀ ਮਰਨੀ ਸੀ ਇਕ ਦਿਨ ਇਸ ਦਾ ਦੁੱਖ ਨ ਕੋਈ। ਮਾਤਾ! ਬਖਸ਼ ਲਓ ਬੇਅਦਬੀ, ਜੋ ਕਰਦੀ ਮੈਂ ਰਹੀਆਂ, ਬਿਰਦ ਪਾਲਣਾਂ ਮਾਤਾ ਅਪਣਾ ਮੈਂ ਭੁਲਦੀ ਦਖ ਸਹੀਆਂ। ਅਗੋਂ ਹੋਣ ਜਦੋਂ ਫਿਰ ਮੇਲੇ ਲਤਾ ਨ ਮਾਤਾ! ਭੁੱਲੇ, ਚਰਨਾਂ ਵਿਚ ਸਮਾਣੀ ਦਾਸੀ ਲਵਾਂ ਸ਼ਰਨ ਦੇ ਬੁੱਲੇ। ਮੰਦੀ ਚੰਗੀ ਜੇਹੀ ਸਾਂ

ਮੈਂ ਗੁਰ ਦੀ ਦਾਸ ਕਹਾਵਾਂ, ਬਿਰਦ ਟੇਕ ਲੈ ਗੁਰ ਦੀ ਹਿਰਦੇ, ਮਾਤਾ ! ਅੱਜ ਸਿਧਾਵਾਂ''। ਓਸ ਸਿੱਖ ਨੇ ਪੜ੍ਹ ਏ ਕਾਗਜ਼ ਅਪਣੇ ਪਾਸ ਲੁਕਾਯਾ। ਕਰ ਸਸਕਾਰ, ਦਮਦਮੇ ਜਾਕੇ ਪਰਚਾ ਜਾਇ ਪੁਚਾਇਆ । ਪੜ੍ਹ ਕੇ 'ਲਤਾ ਬਸੰਤ' ਸਿਧਾਰੀ ਆਪਾ ਵਾਰ ਸਿਧਾਈ, ਮਾਤਾ ਨੈਣੋਂ ਨੀਰ ਵਹਾਯਾ, ਖ਼ਤ ਗੁਰ ਪਾਸ ਪੁਚਾਈ। ਪੜ੍ਹਕੇ ਸ੍ਰੀ ਦਸਮੇਸ਼ ਆਖਦੇ, ''ਲਤਾ ਬਸੰਤ ਨ ਮੋਈ। —ਨਾ ਰਹਿਣੇ ਇਸ ਚਮਨੋਂ—ਉੱਖੜੀ, 'ਸਦਾ ਬਗੀਚੇ' ਬੋਈ। ਸਦਾ ਬਸੰਤ ਰਹੂ ਹੁਣ ਤੈਨੂੰ, ਹੇ ਤੂੰ ਧਰਮ ਪਿਆਰੀ ! ਆਪੇ ਸਦਾ ਪ੍ਰਭੂ ਸੰਗ ਰਹਿਸੇਂ ਕਦੀ ਨ ਵਿਛੁੜਨ ਹਾਰੀ''। ਫਿਰ ਸੰਗਤ ਨੂੰ ਕਿਹਾ ਗੁਰਾਂ ਨੇ, ਸਿਖ ਇਕ ਮੇਰਾ ਹੋਊ। ''ਏਸ 'ਲਤਾ' ਦਾ ਨਾਉਂ ਨਿਸ਼ਾਨਾ ਪੱਕਾ ਕਰਸੀ ਸੋਊ।'' ਸੱਚ ਭਿਆ ਉਹ ਵਾਕ ਗੁਰਾਂ ਦਾ ਕਿਸੇ ਸਿਖ ਕਿਸ ਵੇਲੇ, ਮੰਦਰ ਯਾਦਗਾਰ ਇਕ ਉਸ ਦਾ, ਰਚਿਆ ਰੰਗ ਰਲੇਲੇ*। ਸੁਣੇਂ ਖਾਲਸਾ ! ਉੱਚ ਕਮਾਈ ਕੈਸੀ ਇਸ ਨੇ ਕੀਤੀ; ਧਰਮ ਪਾਲਿਆ, ਸਿਦਕ ਨ ਹਾਰੀ ਝੱਲੀ ਜੋ ਸਿਰ ਬੀਤੀ।

੨੯. ਸ੍ਰੀ ਕਲਗ਼ੀਧਰ ਜੀ ਦੀਨੇ†।

੧.

ਬੁਰਾ ਨਹੀ ਸਭ ਭਲਾ ਹੀ ਹੈ ਰੇ
ਹਾਰ ਨਹੀ ਸਭ ਜੇਤੈ ॥ [ਕਾਃ ਮਃ ੫

ਦਿਨ ਤੇ ਰਾਤ ਕਬੱਡੀ ਖੇਡ ਰਹੇ ਹਨ। ਏਹ ਇਕ ਦੂਜੇ ਦੇ ਸਾਹਮਣੇ ਖੜੋਕੇ ਘੂਰੇ ਸਨ ਕਿ ਇਕ ਉੱਠ ਭੱਜਾ ਤੇ ਦੂਆ ਮਗਰ ਦੌੜ ਪਿਆ ਹੈ। ਅਗੇ ਅਗੇ ਰਾਤ ਤੇ ਮਗਰੇ ਮਗਰ ਦਿਨ। ਯਾ ਐਉਂ ਕਿ ਅਗੇ ਅਗੇ ਦਿਨ ਮਗਰੇ ਮਗਰ ਰਾਤ। ਰਾਤ ਠੰਢੀ ਤੇ ਹਨੇਰੀ, ਦਿਨ ਗਰਮ ਤੇ ਚਾਨਣਾ। ਦੁਇ ਵੇਲੇ (ਸਵੇਰੇ ਤੇ ਸੰਝ) ਦਿਨ ਤੇ ਰਾਤ ਆਮੋ ਸਾਹਮਣੇ ਮਾਨੋ ਵਿਹਰਦੇ ਜਾਪਦੇ ਹਨ । ਸਵੇਰੇ ਤੇ ਸੰਝਾਂ ਵੇਲੇ ਚਾਨਣ ਤੇ ਹਨੇਰੇ ਦਾ ਮਾਨੋਂ ਸੰਗਮ ਹੁੰਦਾ ਹੈ, ਉਹ ਉਸ਼ਾ ਹੈ, ਇਸ ਵੇਲੇ ਠੰਢ ਤੇ ਗਰਮੀ ਦਾ ਬੀ ਸੰਗਮ ਹੁੰਦਾ ਹੈ, ਉਹ ਸੀਤਲਤਾ ਹੈ।

ਸਨਾਤਨ ਕਥਾ ਹੈ ਕਿ ਪ੍ਰਜਾਪਤ ਆਪਣੀ ਬੇਟੀ ਦਾ ਪ੍ਰੇਮੀ ਹੋ ਗਿਆ, ਬੇਟੀ ਅਗੇ ਅਗੇ ਉਠ ਨੱਠੀ, ਪ੍ਰਜਾਪਤ ਮਗਰੇ ਦੌੜਾ। ਦੇਖੋ ਦੁਇ ਭੱਜ ਰਹੇ ਹਨ, ਪਰ ਪਕੜ ਨਹੀਂ ਸਕੇ। ਪ੍ਰਜਾਪਤ ਕੌਣ ਹੈ ਤੇ ਬੇਟੀ ਕੌਣ ਹੈ ? ਬੇਟੀ ਦਾ ਨਾਮ ਉਸ਼ਾ ਹੈ ਤੇ ਬਾਪ ਦਾ ਪ੍ਰਜਾਪਤ। ਪ੍ਰਜਾਪਤ ਦਾ ਅਰਥ ਹੈ 'ਸੂਰਜ' ਤੇ ਉਸ਼ਾ ਦਾ ਅਰਥ ਹੈ 'ਪਹੁ'। ਪਹੁ ਹੈ ਰਾਤ ਮੁਕਣ ਤੇ ਸੂਰਜ ਚੜ੍ਹਨ ਦੇ ਵਿਚਕਾਰਲਾ ਮੱਧਮ ਚਾਨਣ ਦਾ ਸਮਾਂ ਤੇ ਸੂਰਜ ਡੁੱਬਣ ਤੇ ਰਾਤ ਪੈਣ ਦੇ ਵਿਚਕਾਰਲਾ ਮਿੱਠੇ ਪ੍ਰਕਾਸ਼ ਦਾ ਵੇਲਾ।

... ...

ਹੋਂਦ ਤੇ ਅਣਹੋਂਦ ਦੋ ਨੁਕਤੇ ਹਨ। ਸ਼ਾਹੀ ਦੀ ਬਿੰਦੀ ਵਾਂਙੂ; ਕਾਗਜ਼ ਨਾਲ ਜਕੜੇ ਨਹੀਂ ਖੜੇ, ਖੇਡ ਰਹੇ ਹਨ । ਇਕ ਦੂਜੇ ਦੇ ਸਾਹਮਣੇ ਹਨ, ਲਚਕਦੇ, ਲਿਫਦੇ, ਉਲਰਦ, ਪਲਮਦੇ ਤੇ ਐਉਂ ਘੁੰਮਦੇ ਹਨ ਕਿ ਜਾਣੋ ਇਕ ਦੂਜੇ ਨੂੰ ਫੜ ਲੈਣਗੇ, ਪਰ ਨਾ ਉਹ ਉਸ ਨੂੰ ਜੱਫੇ ਵਿਚ ਲੈਕੇ ਨਪੀੜਦਾ ਹੈ ਨਾ ਉਹ। ਦੁਹਾਂ ਦਾ ਕਿਤੇ ਆਮੋ ਸਾਹਮਣਾ ਹੈ, ਮਾਨੋ ਸੰਗਮ ਹੈ, ਇਕ ਦੂਜੇ ਤੇ ਪ੍ਰਭਾਉ ਹੈ। ਉਥੇ ਜਗਤ ਹੈ ।

... ...

ਸੁਖ ਤੇ ਦੁਖ ਦੋ ਖਿਲਾਰੀ ਹਨ। ਇਕ ਦਏ ਦੇ ਪਿਛੇ ਪਏ ਜਾਪਦੇ ਹਨ। ਦੁਖ ਨਾਨਾ ਭਾਂਤੀ ਪੀੜਾਂ ਦਾ ਪੁਤਲਾ ਹੈ, ਸੁਖ ਨਾਨਾ ਭਾਂਤੀ ਰਸਾਂ ਦਾ ਪੁਤਲਾ ਹੈ। ਆਪਣੀ ਭੱਜ ਧੂਕ ਤੇ ਕਬੱਡੀ ਵਿਚ ਦੁਖ ਸੁਖ ਆਹਮੋ ਸਾਹਮਣੇ ਵਿਹਰਦੇ ਹਨ‡। ਕਿਸੇ ਟਿਕਾਣੇ

---

*ਸ੍ਰੀ ਦਰਬਾਰ ਸਾਹਿਬ ਜੀ ਦੇ ਪੁਰਾਤਨ ਵਡੇ ਰਾਗੀਆ ਦੇ ਖਾਨਦਾਨ ਦੇ ਭਾਈ ਹਜ਼ੂਰਾ ਸਿੰਘ ਜੀ ਰਾਗੀ ਨੇ, ਜੋ ਥੋੜੇ ਬਰਸ ਹੋਏ ਪਰਲੋਕ ਗਏ ਹਨ, ਏਹ ਪ੍ਰਸੰਗ ਸੁਣਾਇਆ ਸੀ, ਸਾਨੂੰ ਅਜੇ ਤਕ ਜਾਕੇ 'ਲਤਾ' ਜੀ ਦਾ ਦੇਹੁਰਾ ਦੇਖਣ ਦਾ ਅਵਕਾਸ਼ ਨਹੀਂ ਮਿਲਿਆ।

†ਇਹ ਪ੍ਰਸੰਗ ਗੁਰਪੁਰਬ ਪੋਹ ਸੁਦੀ ਸਪਤਮੀ ਸੰਃ ਗੁਃ ਨਾਃ ਸਾਃ ੪੬੬ ਪੋਹ ਦੀ ੨੮ ਸੰਃ ੧੯੯੧ ਬਿਃ ਸ਼ੁਕ੍ਰਵਾਰ (੧੧ ਜਨਵਰੀ ੧੯੩੫) ਨੂੰ ਖਾਲਸਾ ਸਮਾਚਾਰ ਵਿਖੇ ਤੇ ਵਖਰਾ ਹਜ਼ਾਰਾਂ ਦੀ ਗਿਣਤੀ ਵਿਚ ਛਪਕੇ ਸੰਗਤਾਂ ਵਿਚ ਪ੍ਰਚਾਰਿਆ ਗਿਆ ਸੀ।

‡ਘੂਰ ਘੂਰ ਤਕਦੇ ਹਨ।

ਜਾਕੇ ਦੁਖ ਸੁਖ ਦਾ ਸੰਗਮ ਹੈ, ਉਹ ਸਮ ਹੈ। ਦੁਹਾਂ ਦੇ ਸੰਗਮ ਅਸਥਾਨ ਵਿਚ ਉਸ਼ਾ ਵਰਗਾ ਪ੍ਰਕਾਸ਼ ਹੈ।

... ...

ਤੰਦੂਰ ਪਿਆ ਹੈ ਠੰਢਾ ਲਕੜਾਂ ਪਾਕੇ ਅੱਗ ਬਾਲ ਦਿੱਤੀ, ਅਲਾਂਇਆਂ ਨਾਲ ਭਰ ਗਿਆ। ਨਾ ਠੰਢੇ ਵਿਚ ਰੋਟੀ ਪਕਦੀ ਸੀ ਨਾਂ ਅਲਾਂਇਆਂ ਵਿਚ। ਠੰਢ ਦੂਰ ਹੋ ਗਈ, ਅਲਾਂਬੇ ਹਟ ਗਏ, ਮੱਧਮ ਸੇਕ ਹੈ। ਠੰਢ ਤੇ ਅਲਾਂਬਿਆਂ ਦੇ ਸੰਗਮ ਵਿਚ ਇਕ-ਨਿੱਘ-ਆ ਗਈ। ਹੁਣ ਰੋਟੀਆਂ ਪਕਦੀਆਂ ਹਨ।

ਦਿਨ, ਰਾਤ, ਉਸ਼ਾ, ਤ੍ਰੈ ਹਨ, ਪਰ ਤ੍ਰੈਹਾਂ ਦਾ ਕਾਰਨ ਸੂਰਜ ਹੈ। ਹੋਂਦ ਅਣਹੋਂਦ, ਜਗਤ, ਤ੍ਰੈ ਹਨ, ਤ੍ਰੈਹਾਂ ਦਾ ਕਾਰਣ ਸੱਤ* ਹੈ। ਸਰਦੀ, ਗਰਮੀ, ਨਿੱਘ, ਤ੍ਰੈ ਹਨ, ਤ੍ਰੈਹਾਂ ਦਾ ਕਾਰਨ ਤੇਜ ਹੈ। ਸੁਖ, ਦੁਖ, ਸਮ, ਤੈ ਹਨ, ਤ੍ਰੈਹਾਂ ਦਾ ਕਾਰਨ ਆਨੰਦ ਹੈ। ਚਿਤ, ਜੜ੍ਹ, ਹਉਂ, ਤ੍ਰੈ ਹਨ, ਤ੍ਰੈਹਾਂ ਦਾ ਕਾਰਨ ਚੇਤਨ ਹੈ।

ਇਸ ਬੁਝਾਰਤ ਨੂੰ ਬੁੱਝਿਆਂ ਸੋਝੀ ਪੈਂਦੀ ਹੈ, ਸੋਝੀ ਨਿਰਮਲਤਾ ਹੈ, ਨਿਰਮਲਤਾ ਬਲ ਹੈ। ਇਹ ਬਲ ਆਤਮਿਕ ਹੈ। ਇਹ ਬਲ ਸਰਬ ਸਮਰੱਥਾ ਦੇ ਸਮੁੰਦਰ ਨਾਲ ਸਾਂਝੀਵਾਲ ਹੋ ਜਾਣ ਕਰਕੇ ਸ਼ਿਰੋਮਣੀ ਬਲ ਹੈ। ਇਕ ਬਲ ਮਾਨਸਿਕ ਹੈ; ਜਿਸ ਵਿਚ ਬੁੱਧੀ ਦਾ ਤਾਣ ਹੈ ਤੇ ਹਿਰਦੇ ਇਸਥਿਤ ਉਚੇ ਸ਼ੀਲ ਦੀ ਤਾਕਤ ਹੈ। ਹਾਂ, ਇਕ ਬਲ ਸਰੀਰਕ ਹੈ। ਇਕ ਬਲ ਕੁਦਰਤ ਨੇ ਪਦਾਰਥਾਂ ਵਿਚ ਰਖਿਆ ਹੈ। ਸੋ ਸਾਰੇ ਬਲਾਂ—ਆਤਮਿਕ, ਮਾਨਸਿਕ, ਸਰੀਰਕ, ਪਦਾਰਥਕ—ਦੇ ਮਾਲਕ ਸਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਜੀਵਨ ਦੀ ਇਕ ਦੁਖਾਂ ਭਰੀ ਅਵਸਥਾ ਪਿਛਲੇ ਪ੍ਰਸੰਗਾਂ ਵਿਚ ਤੱਕਦੇ ਆਏ ਹਾਂ। ਖਿਆਲ ਕਰੋ ਗੁਲਾਬੇ ਦੇ ਪਿਆਰ ਦਾ ਪਰ ਉਸ ਦੇ ਡਰਨ ਦਾ। ਕੋਈ ਡਰ ਸਰੀਰਕ ਯਾ ਮਾਨਸਿਕ ਕਮਜ਼ੋਰੀ ਤੋਂ ਪੈਦਾ ਹੁੰਦਾ ਹੈ ਪਰ ਕਦੇ ਕਦੇ ਬਹੁਤੀ ਸੋਚ ਤੇ ਇਹਤਯਾਤ ਵਾਲੀ ਦੂਰੰਦੇਸ਼ੀ ਤੋਂ ਬੀ ਡਰ ਉਪਜ ਪੈਂਦਾ ਹੈ। ਇਸ ਤਰ੍ਹਾਂ ਦੇ ਕਿਸੇ ਹਾਲ ਵਿਚ ਗੁਲਾਬੇ ਨੇ ਆਖਿਆ ਸੀ 'ਮਹਾਰਾਜ ਆਪ ਹੁਣ ਕੂਚ ਕਰੋ ਤਾਂ ਚੰਗਾ ਹੈ।' ਸਾਹਿਬ ਬੋਲੇ: 'ਘਬਰਾ ਨਹੀਂ, ਡਰ ਨਹੀਂ ਅਸੀਂ ਇਤ ਟਿਕਣ ਵਾਸਤੇ ਨਹੀਂ ਠਹਿਰੇ, ਤੂੰ ਡਰ ਨਹੀਂ ਤੇਰਾ ਵਾਲ ਵਿੰਗਾ ਨਹੀਂ ਹੋਵੇਗਾ'। ਪਰ ਗੁਲਾਬਾ ਕਹਿ ਰਿਹਾ ਹੈ:—'ਪਾਤਸ਼ਾਹ! ਤੁਰਕਾਂ ਦੇ ਸੂਹੀਏ ਫਿਰ ਰਹੇ ਹਨ, ਆਪ ਦੀ ਸਲਾਮਤੀ ਟੁਰ ਜਾਣ ਵਿਚ ਹੈ ਤੇ ਮੇਰੀ ਸਲਾਮਤੀ ਮੇਰੇ ਘਰ ਖਾਲੀ ਹੋ ਜਾਣ ਵਿਚ ਹੈ। ਮੈਂ ਸਿਦਕ ਵਿਚ ਬੀ ਹਾਂ। ਮੈਂ ਡਰਦਾ ਬੀ ਹਾਂ'।

ਬਲਾਂ ਦੇ ਸ੍ਵਾਮੀ ਹੱਸੇ ਤੇ ਸੋਚਣ ਲਗੇ 'ਸਿਦਕ ਤੇ ਡਰ! ਹੱਛਾ ਦੁਇ ਸਹੀ। ਚੰਗਾ ਚਲੋ ਬਈ।' .... ਚੱਲ ਪਏ। ਜਾਂਦੇ ਜਾਂਦੇ ਇਕ ਅਪਣਾ ਵਰੇਸਾਇਆ ਜ਼ਿਮੀਂਦਾਰ ਮਿਲਿਆ। ਆਖਣ ਲੱਗੇ 'ਫੱਤਿਆ, ਘੋੜੀ ਤਾਂ ਲਿਆ ਦੇ ਇਸ ਵੇਲੇ ਲੋੜ ਹੈ'। ਫੱਤਾ ਡਰਿਆ, ਘੋੜੀਦਾ ਮੋਹ ਫੁਰਿਆ, ਵਲਾ ਕਰਨ ਲਗਾ, 'ਮਹਾਰਾਜ! ਘੋੜੀ ਤਾਂ ਹੈ ਨਹੀਂ'। ਦੇਖ ਜਿਸ ਦੇ ਦੁਆਰੇ ਹਜ਼ਾਰਹਾ ਰੁਪੈ ਦੀ ਕੀਮਤ ਦੇ ਘੋੜੇ ਸਨ, ਜਿਸ ਦੀ ਫੌਜ ਦੇ ਇਕ ਇਕ ਸਿਪਾਹੀ ਪਾਸ ਹਜ਼ਾਰ ਹਜ਼ਾਰ ਰੁਪੈ ਦਾ ਘੋੜਾ ਹੁੰਦਾ ਸੀ ਉਹ ਅੱਜ ਇਕ ਘੋੜੀ ਮੰਗ ਰਿਹਾ ਹੈ ਤੇ ਅੱਗੋਂ ਨਾਂਹ ਹੁੰਦੀ ਹੈ। ਨਾਂਹ ਕੌਣ ਕਰਦਾ ਹੈ? ਆਪਣਾ ਸੇਵਕ, ਪਿਆਰ ਕਰਨ ਵਾਲਾ ਤੇ ਪਤਿਆਰਿਆ ਗਿਆ। ਹੈ ਕਿ ਨਾ ਦਿਲ ਤੋੜ ਦੇਣ ਵਾਲਾ ਮਾਮਲਾ!

ਆਖਦੇ ਹਨ ਮਨਸੂਰ ਨੂੰ ਸੂਲੀ ਚਾੜ੍ਹਨ ਦਾ ਹੁਕਮ ਸ਼ਰਅ ਦੇ ਕਾਜ਼ੀਆਂ ਨੇ ਦੇ ਦਿੱਤਾ। ਮਨਸੂਰ ਜਾ ਰਿਹਾ ਹੈ ਸੂਲੀ ਚੜ੍ਹਨ। ਖ਼ਲਕਤ ਬਜ਼ਾਰਾਂ ਵਿਚ ਜੁੜੀ ਖੜੀ ਹੈ। ਕੋਈ ਤਮਾਸ਼ਾ ਦੇਖਣ ਤੇ ਕੋਈ ਪਿਆਰ ਤਰਸ ਨਾਲ ਅੱਥਰੂ ਵਗਾਉਣ ਅਤੇ ਕੋਈ ਸ਼ਰਅ ਵਾਲਿਆਂ ਦੀ ਮੰਗਦਿਲੀ ਤੇ ਫਿਟ-ਕਾਰਾਂ ਪਾਉਣ। ਪਰ ਇਨ੍ਹਾਂ ਖੜਿਆਂ ਨੂੰ ਦੁਕਮ ਆਇਆ ਹੈ ਕਿ ਲੰਘਦੇ ਮਨਸੂਰ ਨੂੰ ਰੋੜੇ ਮਾਰੋ। ਜੋ ਨਾ ਮਾਰੇਗਾ ਸਜ਼ਾ ਪਾਏਗਾ। ਮਨਸੂਰ ਜਾ ਰਿਹਾ ਹੈ, ਬੇਡਰ। ਰੋੜੇ ਪੈਂਦੇ ਹਨ, ਸ਼ਰਈ ਲੋਕ ਥੁੱਕਦੇ ਹਨ, ਲਾਨਤਾਂ ਭੇਜਦੇ ਹਨ, ਪਰ ਉਹ ਅਪਣੇ ਰੰਗ ਵਿਚ ਜਾ ਰਿਹਾ ਹੈ।

ਸ਼ਿਬਲੀ ਖੜਾ ਸੀ, ਇਹ ਉਸ ਮਨਸੂਰ ਦਾ ਗੁਰਭਾਈ ਸੀ, ਪਿਆਰਾ ਮਿੱਤ੍ਰ ਸੀ, ਮਨਸੂਰ ਨੂੰ ਸਮਝਦਾ ਸੀ ਸੱਚਾ ਹੈ ਤੇ ਕਾਜ਼ੀ ਝੂਠੇ ਹਨ, ਪਰ ਸ਼ਰਅ ਦਾ ਹੁਕਮ ਸੀ ਰੋੜੇ ਮਾਰਨ ਦਾ। ਜੀ ਨਹੀਂ ਸਹਿੰਦਾ ਕਿ ਮਿਤ੍ਰ ਨੂੰ ਤੇ ਬੇਗੁਨਾਹ ਨੂੰ ਰੋੜਾ ਮਾਰੇ,

*ਅਛਲੀ ਹੋਂਦ।

ਪਰ ਸ਼ਰਮ ਦਾ ਭੈ ਹੈ, ਇਸ ਕਰਕੇ ਇਸ ਨੇ ਇਕ ਫੁਲ ਚਾ ਮਾਰਿਆ। ਫੁਲ ਵੱਜਾ, ਮਨਸੂਰ ਨੇ ਡਿੱਠਾ ਕਿ ਮਿੱਤਰ ਵਲੋਂ ਆਇਆ ਹੈ। ਜਿਥੇ ਫੁਲ ਵੱਜਾ ਸੀ, ਮਨਸੂਰ ਨੂੰ ਤੜਪ ਪੈਦਾ ਹੋਈ, ਓਥੇ ਹੱਥ ਵੱਜਾ, ਨੈਣ ਭਰ ਆਏ ਤੇ 'ਹਾਏ ਪੀੜ' ਦੀ ਸਦਾ ਆਈ। ਲੋਕੀਂ ਹੈਰਾਨ ਸਨ ਕਿ ਹੈਂ ਰੋੜਿਆਂ ਤੇ ਪੱਥਰਾਂ ਦੀ ਮਾਰ ਨੇ ਹਾਇ ਨੂੰ ਨਾ ਸੱਦ ਲਿਆ, ਇਸ ਫੁਲ ਨੇ ਕਿਉਂ 'ਹਾਇ' ਨੂੰ ਕੰਨੋਂ ਫੜ ਆਂਦਾ ਹੈ। ਕਹਿੰਦੇ ਹਨ ਕਿ ਪਲ ਅਗਰੋਂ ਲੋਕੀਂ ਵੀ ਸਮਝ ਗਏ ਕਿ ਮਨਸੂਰ ਕਿਉਂ ਰੋਇਆ ਸੀ–ਸ਼ਿਬਲੀ ਮਿੱਤ੍ਰ ਨੂੰ ਰੋੜੇ ਮਾਰਨ ਵਾਲਿਆਂ ਵਿਚ ਨਹੀਂ ਖੜੋਣਾ ਚਾਹੀਦਾ ਸੀ। ਇਸ ਤੋਂ ਵਧ ਦਿਲ ਤੋੜਨ ਵਾਲੀ ਗੱਲ ਕੀਹ ਹੋਵੇ ਕਿ ਮਹਿਰਮ ਵੀ ਮਾਰਨ ਵਾਲਾ ਹੋ ਜਾਵੇ। ਮਨਸੂਰ ਰੋ ਪੈਣ ਵਿਚ ਸੱਚਾ ਸੀ, ਮਿੱਤ੍ਰ ਹੋਵੇ ਤੇ ਓਹ ਵੀ ਮਾਰਨ ਵਾਲਿਆਂ ਵਿਚ ਹੋਵੇ! ਚਾਹੇ ਫੁਲ ਹੀ ਮਾਰੇ, ਇਹ ਸੀ ਮਨਸੂਰ ਨੂੰ ਮਾਨਸਿਕ ਪੀੜਾ। ਮਨਸੂਰ ਮਨੁੱਖ ਸੀ। ਸਾਹਿਬ ਸ਼੍ਰੀ ਗੁਰ ਗੋਬਿੰਦ ਸਿੰਘ ਜੀ ਸੇ ਭਗਵੰਤ ਰੂਪ, ਟਾਕਰਾ ਕਰਨਾ ਹੀ ਬੇ-ਅਦਬੀ ਹੈ, ਪਰ ਗੱਲ ਸਮਝਣ ਮਾਤ੍ਰ ਲਈ ਦੇਖੋ ਘਰ ਦੇ ਵਰੇਸਾਏ ਮਹਿਰਮ ਤੇ ਮਿੱਤ੍ਰ ਗੁਲਾਬੇ ਨੇ ਘਰ ਰੱਖਕੇ ਸੇਵਾ ਕਰਕੇ ਫਿਰ ਆਖਿਆ ਕਿ ਦੁਸ਼ਮਨ ਆਪ ਦੇ ਆ ਗਏ ਹਨ ਤੇ ਹੁਣ ਮੇਰੇ ਘਰੋਂ ਵਿਦਾ ਹੋ ਜਾਓ, ਮੈਨੂੰ ਨਾ ਫੜ ਲੈਣ। ਇਹਦੇ ਅਗਰੋਂ ਮਹਿਰਮ ਤੇ ਸਿਖ 'ਫੱਤਾ' ਆਖਦਾ ਹੈ, ਘੋੜੀ ਹੈ ਨਹੀਂ। ਘੋੜੀ ਹੈ, ਦੇ ਦੇਵੇ ਤਾਂ ਓਹ ਦੁਸ਼ਮਨ ਦੀ ਜ਼ਦ ਵਿਚੋਂ ਛੇਤੀ ਹੀ ਨਿਕਲ ਜਾਣ। ਪਰ ਉਸ ਨੂੰ ਘੋੜੀ ਵਧੀਕ ਪਿਆਰੀ ਹੈ ਉਸ ਤੋਂ ਜੋ ਉਸ ਲਈ ਤੇ ਉਸ ਦੇ ਦੇਸ਼ ਵਾਸੀਆਂ ਲਈ ਘੋੜੇ ਲਸ਼ਕਰ ਫੌਜਾਂ ਘਰ ਬਾਰ ਕਿਲ੍ਹੇ ਪੁੱਤ੍ਰ ਪਰਵਾਰ ਵਾਰ ਕੇ ਆ ਰਿਹਾ ਹੈ। ਏਥੇ ਹੀ ਬੱਸ ਨਹੀਂ। ਅਗੇ ਆਪਣੇ ਗੁਰੂ ਘਰ ਦੇ ਵਰੋਸਾਏ ਬਾਬੇ ਕ੍ਰਿਪਾਲ ਦੇ ਡੇਰੇ ਦੇ ਮਹੰਤ ਪਾਸ ਜਾਕੇ ਇਕ ਰਾਤ ਦਾ ਰੈਣ ਬਸੇਰਾ ਮੰਗਦੇ ਹਨ, ਇਕ ਅੱਧੇ ਦਿਨ ਲਈ ਆਰਾਮ ਚਾਹੁੰਦੇ ਹਨ, ਪਰ ਮਹੰਤ ਆਖਦਾ ਹੈ, ਨਹੀਂ ਮੈਂ ਤੁਰਕਾਂ ਤੋਂ ਡਰਦਾ ਹਾਂ, ਆਪ ਧਾਈ ਕਰੋ ਤੇ ਏਥੇ ਨਾ ਟਿਕੋ।

ਇਹ ਡੇਰਾ ਆਪਣਿਆਂ ਦਾ ਹੈ, ਮਹਿਰਮਾਂ ਦਾ ਹੈ, ਉਨ੍ਹਾਂ ਦਾ ਹੈ ਕਿ ਜਿਨ੍ਹਾਂ ਅੱਜ ਵੀ ਚਰਨਾਂ ਤੇ ਸੀਸ ਧਰਿਆ ਹੈ। ਪਰ ਕਿਤੀ ਦਿਲਤੋੜਵੀਂ ਗੱਲ ਕਹਿ ਰਹੇ ਹਨ ਕਿ ਤੁਰਕਾਂ ਤੋਂ ਡਰਦੇ ਹਾਂ, ਤੁਹਾਨੂੰ ਲੁਕਾ ਕੇ ਵੀ ਨਹੀਂ ਇਕ ਅੱਧਾ ਦਿਨ ਰੱਖ ਸਕਦੇ, ਜਾਓ ਤੇ ਛੇਤੀ ਜਾਓ। ਐਡੇ ਦਿਲੀ ਮਿੱਤ੍ਰਾਂ ਵਲੋਂ ਭੀੜ ਪਈ ਤੇ ਟਰ ਮਿਲਣੇ ਕਿਡੇ ਦਿਲ ਤੋੜਨ ਵਾਲੇ ਹਨ। ਪਰ ਮਹਾਂ ਬਲੀ ਜੀ ਦਿਲ ਨਹੀਂ ਤੋੜਦੇ, ਬੇਕਸਰ ਮਜ਼ਬੂਤ ਹਨ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ ॥

[ਸੋਃ ਮਃ ੯

ਹਾਂ ਇਸ ਬਲਵਾਨ ਮਹਾਂ ਬਲੀ ਜੀ ਨੇ ਆਪ ਆਖਿਆ ਹੈ ਆਪਣੇ ਬਲਾਂ ਦੇ ਸਮੁੰਦਰ ਨੂੰ:– 'ਨਮੋ ਤਾਨ ਤਾਨੇ'। ਏਹ ਕੌਣ ਹਨ? ਏਹ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਰਬ ਸ਼ਕਤੀਆਂ ਦੇ ਮਾਲਕ। ਜਿਨ੍ਹਾਂ ਦਾ ਅਸੂਲ ਹੈ:–

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥

[ਕਾਨਃ ਮਃ ੫

ਦੇਖੋ ਅੱਜ ਆਪ ਮਨਸੂਰ ਵਾਂਙੂ ਬਿਪਤਾ ਵਿਚ ਹਨ। ਬਿਪਤਾ ਦੇ ਕਾਰਨ ਜੁਵਾਬ ਲੈ ਰਹੇ ਹਨ ਆਪਣਿਆਂ ਤੋਂ। ਮਨਸੂਰ ਵਾਂਙੂ ਦਿਲ ਤੋੜ ਤਜਰਬਿਆਂ ਵਿਚੋਂ ਲੰਘ ਰਹੇ ਹਨ, ਪਰ ਮਨਸੂਰ ਵਾਂਙੂ ਦਿਲ ਤੋੜਦੇ ਨਹੀਂ, ਬਿਪਤ ਨੂੰ ਬਿਪਤ ਨਹੀਂ ਸਮਝਦੇ ਤੇ ਉਸੇ ਆਪਣੇ ਅਝਵੇਂ ਅਝੁਕੇ ਰੰਗ ਚਲੇ ਜਾ ਰਹੇ ਹਨ। ਕਿਸੇ ਨਾਲ ਜਾ ਰਹੇ ਸਾਥੀ ਨੇ ਇਹ ਆਪਣਿਆਂ ਦੇ ਸਲੂਕਾਂ ਨੂੰ ਵੇਖਕੇ ਆਪ ਤੋਂ ਪੁੱਛਿਆ 'ਹੁਣ ਸਲਾਮਤੀ ਦੇ ਘਰ ਪੁੱਜ ਕੇ ਕੀਹ ਕਰੋਗੇ?' ਤਾਂ ਉਨ੍ਹਾਂ ਦਾ ਜੀਵਨ ਦੱਸਦਾ ਹੈ ਕਿ ਜੁਵਾਬ ਇਸ ਤਰ੍ਹਾਂ ਦਾ ਸੀ ਕਿ 'ਜੋ ਕਰਦੇ ਆਏ ਹਾਂ। ਪਰਜਾ ਦਾ ਭਾਰ ਹਰਾਂਗੇ। ਦੁਖ ਝੱਲਕੇ ਦੁੱਖ ਦੂਰ ਕਰਾਂਗੇ। ਇਨ੍ਹਾਂ ਨਿਤਾਣਿਆਂ ਦੀ ਰਖਤ੍ਰਾ ਕਰਾਂਗੇ।' ਇਹ ਸੀ ਅਵ-ਸਥਾ ਉਸ ਬਲਵਾਨ ਜੀ ਦੀ ਜੋ ਦਿਨ ਰਾਤ, ਦੁਖ ਸੁਖ, ਹੋਂਦ ਅਣਹੋਂਦ, ਜਿੰਦ ਜੜ, ਸਭ ਦੇ ਮਗਰ 'ਸਤ' ਸਰੂਪ ਸੂਰਜ ਨੂੰ ਦੇਖਦੇ ਸਨ ਤੇ ਉਸ ਨੂੰ ਆਖਦੇ ਸਨ 'ਨਮੋ ਤਾਨ ਤਾਨੇ' ਤੇ ਆਖਦੇ ਆਖਦੇ ਉਸ ਤਾਨ ਸਮੁੰਦਰ ਨਾਲ ਅਭੇਦ ਹੋ ਜਾਂਦੇ ਸਨ ਤੇ 'ਨਮਸਤੰ ਅਜੀਤੇ ਨਮਸਤੰ ਅਭੀਤੇ' ਕਹਿੰਦੇ ਕਹਿੰਦੇ ਨੈਣ ਖੁੱਲ੍ਹਦੇ ਸਨ, ਤਾਂ 'ਨਮਸਤੰ ਜਰਾਰੰ' ਕਹਿੰਦੇ

ਸੀਸ ਝੁਕਾਉਂਦੇ ਸਨ।

ਇਸ ਤਰ੍ਹਾਂ ਅਭੈ ਦੇ ਅਜਿੱਤ ਦਿਲ ਵਾਲੇ ਮਹਾਂ ਬਲੀ ਜੀ ਹਰ ਕਦਮ ਤੇ ਦੁਸ਼ਮਨ ਦੇ ਭੈ ਮੰਡਲ ਵਿਚੋਂ, ਅਭੈ ਅਜੈ ਰੰਗ ਨਾਲ ਜਾਂਦੇ ਜਾਂਦੇ ਜਦੋਂ ਰਾਇ ਕੱਲੇ ਪਾਸ ਪਹੁੰਚੇ ਤਾਂ ਉਸ ਨੇ ਬੜੇ ਆਦਰ ਸਤਿਕਾਰ ਨਾਲ ਪਾਸ ਉਤਾਰਿਆ।

ਇਥੋਂ ਹੁਣ ਸ੍ਰੀ ਗੁਰੂ ਜੀ ਅੱਗੇ ਟੁਰੇ। ਉਧਰ ਦੇ ਲੋਕੀ ਦੱਸਦੇ ਹਨ ਕਿ ਅਜੇ ਸਾਹਿਬ ਰਾਇ ਕੋਟ ਦੇ ਇਲਾਕੇ ਆਏ ਹੀ ਸਨ ਤੇ ਰਾਏ ਕੱਲਾ ਅਜੇ ਨਹੀਂ ਸੀ ਮਿਲਿਆ ਕਿ ਆਪ ਨੇ ਗੁੱਜਰ ਜਾਂਦੇ ਵੇਖੇ,ਉਨ੍ਹਾਂ ਤੋਂ ਦੁੱਧ ਮੰਗਿਆ, ਪਰ ਉਨ੍ਹਾਂ ਨੇ ਦੁੱਧ ਦੇਣ ਦੀ ਥਾਂ, ਹਾਂ ਪੈਸੇ ਭੀ ਲੈ ਕੇ ਦੇਣ ਦੀ ਥਾਂ, ਮਸ਼ਕਰੀ ਕੀਤੀ। ਕਹਿਣ ਲਗੇ 'ਗਊਆਂ ਲਵੇਰੀਆਂ ਨਹੀਂ, ਪਿੱਛੇ ਆ ਰਿਹਾ ਹੈ ਲਵੇਰੀਆਂ ਵਾਲਾ'। ਜਦੋਂ ਅਗਲਾ ਮਾਹੀ ਆ ਪੁੱਜਾ ਤੇ ਉਸ ਤੋਂ ਦੁੱਧ ਮੰਗਿਆ ਤਾਂ ਉਸ ਸੋਝੀ ਵਾਲੇ ਨੇ ਚਰਨਾਂ ਤੇ ਸਿਰ ਧਰਿਆ ਤੇ ਆਖਿਆ'ਦੁੱਧ ਆਪ ਤੋਂ ਸਦਕੇ ਨਾ ਕਰਾਂ ਪਰ ਲਵੇਰੀਆਂ ਅੱਗੇ ਲੰਘ ਗਈਆਂ ਹਨ। ਇਹ ਤਾਂ ਦੁਧੋਂ ਭੱਜੀਆਂ ਹੋਈਆਂ ਹਨ ਜੋ ਮੇਰੇ ਨਾਲ ਹਨ, ਓਹ ਜੋ ਆਪ ਨੂੰ ਦੱਸ ਗਏ ਹਨ ਮੂਰਖ ਸਨ, ਆਪ ਨਾਲ ਮਸ਼ਕਰੀ ਕਰ ਗਏ ਹਨ।' ਸਾਹਿਬ ਬੋਲੇ:— 'ਮਸ਼ਕਰੀਆਂ ਭੀ ਕਰਨ ਲਈ ਹੀ ਬਣੀਆਂ ਹਨ। ਭਲਿਆ ਪੁਰਖਾ! ਬਹਿ ਜਾ, ਦੁੱਧ ਬਣਾਂ ਵਿਚ ਸਾਂਈ ਪਾਉਂਦਾ ਹੈ, ਚੋ ਦੇ'। ਮਾਹੀ ਭਰੋਸੇ ਵਾਲਾ ਬੰਦਾ ਸੀ, ਦੇਖ ਰਿਹਾ ਸੀ ਕਿ ਸਾਈਂ ਲੋਕ ਹਨ, ਤਿਆਰ ਹੋ ਪਿਆ। ਇਕ ਲੋਟਾ ਸੀ ਜੋ ਛੇਕੋ ਛੇਕ ਸੀ, ਇਸ ਵਿਚ ਮਾਹੀ ਇਕ ਗਾਂ ਦਾ ਦੁਧ ਚੋਣ ਬਹਿ ਗਿਆ। ਭੱਜੀ ਹੋਈ ਯਾ ਭੱਜ ਰਹੀ ਗਾਂ ਦੇ ਥਣਾਂ ਵਿਚ ਦੁੱਧ ਆ ਗਿਆ। ਮਾਹੀ ਦੋਵੇ, ਦੁੱਧ ਲੋਟੇ ਵਿਚ ਪਵੇ, ਕੁਛ ਰਹੇ ਕੁਛ ਛੇਕਾਂ ਥਾਣੀ ਵਹਿ ਜਾਵੇ। ਜਦੋਂ ਸਾਰਾ ਲੋਟਾ ਭਰ ਗਿਆ ਤਾਂ ਦੁੱਧ ਵਹਿਣੋ ਬੰਦ ਹੋ ਗਿਆ!

ਸਿਦਕ ਵਾਲਾ ਮਾਹੀ ਭਰਿਆ ਲੋਟਾ ਲੈਕੇ ਹਾਜ਼ਰ ਹੋ ਗਿਆ। ਆਪ ਨੇ ਦੁੱਧ ਵਰਤ ਲਿਆ। ਤੇ "ਬਿਸੁੰਭਰ ਹੈਂ" "ਸਰਬੰ ਭਰ ਹੈਂ" ਕਹਿੰਦਿਆਂ ਖਾਲੀ ਲੋਟਾ ਮਾਹੀ ਨੂੰ ਦੇ ਦਿੱਤਾ। ਫੁਰਮਾਯਾ ਇਹ ਰੱਖ ਲੈ, ਹੈ ਤਾਂ ਇਹ ਛੇਕੋ ਛੇਕ ਪਰ ਤੈਨੂੰ ਰਜਾਵੇਗਾ। ਇਹ ਲੋਟਾ ਉਸ ਮਾਹੀ ਦੇ ਖਾਨਦਾਨ ਵਿਚ ਯਾ ਉਨ੍ਹਾਂ ਤੋਂ ਮਿਲਿਆ ਕਿਸੇ ਖਾਨਦਾਨ ਹੋਰ ਪਾਸ ਅਜੇ ਬੀ ਹੈ। ਦੇਖਣ ਵਾਲੇ ਦੱਸਦੇ ਹਨ ਕਿ ਇਹ ਲੋਟਾ ਛੇਕਾਂ ਵਾਲਾ ਹੈ; ਹੁਣ ਬੀ ਪਾਣੀ ਪਾਓ ਤਾਂ ਪਹਿਲਾਂ ਚੋਂਦਾ ਹੈ, ਜਦੋਂ ਭਰ ਜਾਂਦਾ ਹੈ, ਫਿਰ ਨਹੀਂ ਚੋਂਦਾ।

੨.

ਰਾਇਕੱਲੇ ਤੋਂ ਵਿਦਾ ਹੋਕੇ ਆਪ ਹੁਣ ਅੱਗੇ ਨੂੰ ਚਲੇ ਜਾ ਰਹੇ ਸਨ ਕਿ ਅੱਗੋਂ ਇਕ ਸਿੰਘ ਮਿਲਿਆ ਕਹਿੰਦੇ ਹਨ ਨਿਗਾਹੀਆ ਸਿੰਘ*, ਇਸ ਨੇ ਇਕ ਘੋੜਾ ਅਰਪਨ ਕੀਤਾ:—

ਪਰਜੈ ਜੀਨ ਜਿਸ ਪਾਸ ਤੁਰੰਗਾ ॥ ਦੀਰਘ ਚਾਲ ਚਪਲ ਬਲ ਸੰਗਾ ॥ ਅਰਪਨ ਕਰਜੋ ਹਾਥ ਜੁਗੁ ਜੋਰੇ ॥ ਸ੍ਰੀ ਪ੍ਰਭੁ ਤਬ ਅਰੋਹਿ ਕਰਿ ਘੋਰੇ ॥ [ਸੂਃ ਪੁਃ

ਹੁਣ ਘੋੜੇ ਤੇ ਚੜ੍ਹੇ ਜੰਗਲ ਦੇਸ਼ ਨੂੰ ਜਾ ਰਹੇ ਹਨ, ਦਿਲ ਵਿਉਂਤਾਂ ਸੋਚ ਰਿਹਾ ਹੈ ਕਿ ਜੇ ਸਿਰੁੰਦੀ ਆਇਆ ਤਾਂ ਉਸ ਨਾਲ ਮੁੱਠ ਭੇੜ ਕਰਨੀ ਪੈਣੀ ਹੈ, ਸੋ ਕਰਾਂਗੇ। ਇੰਨ ਨੂੰ ਦੀਨਾ ਪਿੰਡ ਆ ਗਿਆ।

ਲਿਖਿਆ ਹੈ ਕਿ ਇਹ ਪਿੰਡ ਕਾਂਗੜ ਵਿਚੋਂ ਨਿਕਲਕੇ ਵਸਿਆ ਸੀ†। ਕਾਂਗੜ ਓਹ ਥਾਂ ਹੈ ਜਿੱਥੇ ਰਾਇ ਜੋਧ ਹੋਇਆ ਹੈ। ਇਸ ਜੋਧੇ ਨੇ ਛੇਵੇਂ ਗੁਰੂ ਜੀ ਦੀ ਸੇਵਾ ਵਿਚ ਹੋਕੇ ਭਾਰੀ ਜੁੱਧ ਕੀਤਾ ਸੀ। ਆਪਣੀ ਫੌਜ ਸਮੇਤ ਸਤਿਗੁਰਾਂ ਦੇ ਦਲ ਵਿਚ ਆਕੇ ਤੁਰਕਾਂ ਨਾਲ ਲੜਿਆ ਸੀ। ਗੁਰੂ ਕੀ ਫਤੇ ਹੋਈ ਸੀ ਤੇ ਤੁਰਕ ਦਲ ਹਾਰ ਖਾਕੇ ਤਬਾਹ ਹੋਇਆ ਸੀ। ਇਹ ਘਰਾਣਾ ਤਦ ਤੋਂ ਹੀ ਗੁਰੂ ਕਾ ਸਿਖ ਸੀ। ਰਾਇ ਜੋਧ ਦੇ ਇਸ ਵੇਲੇ ਤ੍ਰੈ ਪੋਤ੍ਰੇ ਸਨ। ਚੌਧਰੀ ਸ਼ਮੀਰ, ਲਖਮੀਰ ਤੇ ਤਖਤ ਮਲ। ਇਨ੍ਹਾਂ ਨੇ ਜਦ ਸੁਣਿਆ ਕਿ ਗੁਰੂ ਜੀ ਆ ਰਹੇ ਹਨ ਤਾਂ ਤਿਆਰ ਹੋਕੇ ਭੇਟਾ ਹੱਥਾਂ ਵਿਚ ਲੈਕੇ ਅਗਲਵਾਂਢੀ ਮੱਧੇ ਪਿੰਡ ਗੁਰੂ ਜੀ ਨੂੰ ਜਾ ਮਿਲੇ। ਰਕਾਬਾਂ ਵਿਚ ਪਏ ਚਰਨਾਂ ਤੇ ਸੀਸ ਧਰਕੇ ਭੇਟਾ ਅਰਪਨ ਕੀਤੀਆਂ। ਸਤਿਗੁਰਾਂ ਨੇ ਸੁਖ ਸਾਂਦ ਪੁੱਛੀ। ਤੈਏ ਸੂਰਮੇ

*ਤਵਾਰੀਖ ਖਾਲਸਾ ਵਿਚ ਇਹ ਮਿਲਾਪ ਰਾਇ ਕਲੇ ਨੂੰ ਮਿਲਣ ਤੋਂ ਮੁਹਰਲਾ ਲਿਖਿਆ ਹੈ।

†ਦਿਆਲਪੁਰ ਜਿਥੇ ਹੁਣ ਠਾਣਾ ਹੈ ਤਦੋਂ ਅਜੇ ਨਹੀਂ ਸੀ ਵਸਿਆ ਤੇ ਇਹ ਥਾਉਂ ਕਾਂਗੜ ਵਿਚ ਹੀ ਸੀ।

ਸਾਹਿਬਜ਼ਾਦਿਆਂ ਦੇ ਸਾਕਿਆਂ ਪਰ ਅਤਿ ਪਿਆਰੇ ਤੇ ਹਮਦਰਦੀ ਦੇ ਅੱਥਰੂ ਕੇਰਕੇ ਰੁੰਨੇ ਫਿਰ ਇਨੈ ਕੀਤੀਓ ਨੇ ਕਿ ਅਸੀਂ ਕਦੀਮੀ ਸਿੱਖ ਗੁਰੂ ਘਰ ਦੇ ਹਾਂ ਤੁਸਾਂ ਬੜੀ ਮੇਹਰ ਕੀਤੀ ਹੈ ਕਿ ਇਧਰ ਆਏ ਹੋ, ਹੁਣ ਚੱਲੋ ਤੇ ਆਪਣੇ ਘਰਾਂ ਨੂੰ ਭਾਗ ਲਾਓ।

ਕਿਸੇ ਨੂੰ ਖੇਚਲ ਵਿਚ ਪਾਕੇ ਖੁਸ਼ ਨਾ ਹੋਣ ਵਾਲੇ ਗੁਰੂ ਜੀ ਬੋਲੇ:–

'ਭਾਈ! ਸਿੱਖ ਤਾਂ ਤੁਸੀਂ ਹੋ ਪਰ ਸਾਨੂੰ ਘਰ ਕਿਵੇਂ ਉਤਾਰਸੋ। ਅਸਾਂ ਪਰਜਾ ਸੁਖੀ ਕਰਨ ਲਈ ਜੰਗ ਰਚਾਏ, ਤੁਰਕਾਂ ਨੇ ਅਕਲ ਕਰਨ ਦੀ ਥਾਂ ਵੈਰ ਰਚਾਇਆ। ਅਸੀਂ ਮਾਅਰਕੇ ਮਾਰਦੇ ਆ ਰਹੇ ਹਾਂ, ਉਹ ਮਗਰੇ ਆਉਣਗੇ, ਤੁਸੀਂ ਉਨ੍ਹਾਂ ਦੀ ਦਯਤ ਹੋ। ਨਾ ਤੁਸਾਂ ਪਾਸ ਕੋਟ ਹੈ ਨਾ ਕਿਲਾ, ਨਾ ਦਿਲ ਜਮਾਕੇ ਲੜ ਸਕਦੇ ਹੋ। ਸਾਨੂੰ ਜੋ ਅਜੇ ਲੜਨ ਦੇ ਦਮ ਖ਼ਮ ਵਿਚ ਹਾਂ, ਜਿਨ੍ਹਾਂ ਆਪਣਾ ਉਦੇਸ਼ ਸਿਰੇ ਚਾੜ੍ਹਨਾ ਹੈ, ਕੀਕੂੰ ਘਰ ਉਤਾਰ ਸਕੋਗੇ? ਅਗਨੀ ਦੇਵਤਾ ਦਾ ਡੇਰਾ ਖੁੱਲੇ ਮੈਦਾਨੀਂ ਜਾਂ ਜਗਵੇਦੀਆਂ ਪੁਰ ਸ਼ੋਭਦਾ ਹੈ'। ਇਹ ਸੁਣ ਕੇ ਉਹ ਬੋਲੇ: 'ਪਾਤਸ਼ਾਹ ਅਸੀਂ ਆਪ ਦੇ ਪੁਸ਼ਤਾਂ ਦੇ ਸਿਖ ਹਾਂ, ਆਪ ਦੇ ਚਰਨ ਪਾਉਣ ਨਾਲ ਘਰ ਪਵਿੱਤ੍ਰ ਹੋਣਗੇ। ਤੁਸੀਂ ਆਓ ਤੇ ਸਾਡੇ ਨਾ ਉਤਰੋ! ਸਾਡੀ ਸਿਖੀ ਕੀ ਹੋਈ। ਬੇਸ਼ੱਕ ਅਸੀਂ ਕਿਲੇ ਕੋਟ ਵਾਲੇ ਨਹੀਂ, ਪਰ ਸਾਡੇ ਵਿਚ ਤੁਹਾਡੀ ਮਿਹਰ ਵਸਦੀ ਹੈ। ਸਾਡੇ ਡੋਲਿਆਂ ਵਿਚ ਤਾਣ ਤੇ ਮਨ ਵਿਚ ਆਪ ਦਾ ਮਾਨ ਹੈ। ਸਾਡੇ ਬਾਬੇ ਨੇ ਆਪ ਦੇ ਸ੍ਰੀ ਬਾਬੇ ਜੀ ਦੇ ਹੁਕਮ ਵਿਚ ਤੇਗ ਵਾਹੀ ਸੀ, ਇਨ੍ਹਾਂ ਤੁਰਕਾਂ ਨੂੰ ਚਡੇ ਗਾਟੇ ਕੀਤਾ ਸੀ। ਰੱਯਤ ਅਸੀਂ ਤੁਹਾਡੀ ਹਾਂ। ਤੁਰਕਾਂ ਨਾਲ ਅਸੀਂ ਲੜਾਂਗੇ, ਓਹ ਸਾਡੇ ਵੈਰੀ ਹਨ। ਆਪ ਬਲ ਦਿਓ ਕਿ ਜੇ ਤੁਰਕ ਏਥੇ ਆਉਣ ਤਾਂ ਆਪ ਦੇ ਝੰਡੇ ਹੇਠ ਅਸੀਂ ਬਾਬੇ ਵਾਂਗੂ ਲੜੀਏ, ਵੈਰੀ ਨੂੰ ਗਰਦ ਵਿਚ ਮਿਲਾਈਏ ਯਾ ਸ਼ਹੀਦੀ ਪਾਈਏ। ਤੁਸੀਂ ਸਾਡੇ ਪਾਤਸ਼ਾਹ, ਤੁਰਕ ਸਾਡੇ ਮੁੱਢ ਕਦੀਮਾਂ ਦੇ ਵੈਰੀ। ਆਪ ਦੀ ਮਿਹਰ ਨਾਲ ਆ ਬਣੀ ਤੇ ਅਸੀਂ ਆਪ ਦਾ ਸੰਗ ਨਹੀਂ ਤਿਆਗਾਂਗੇ; ਖੰਡੇ ਦੀ ਧਾਰ ਹੇਠ ਮਰਾਂਗੇ'।

ਇਹ ਹਿਰਦੇ ਵਿਚ ਸ਼ਕਤੀ ਦਾ ਨਿਵਾਸ ਤੇ ਰਸਨਾਂ ਤੇ ਪ੍ਰਕਾਸ਼ ਵੇਖਕੇ ਆਪ ਦਾ ਹੱਥ ਸ਼ਮਸ਼ੇਰ ਤੇ ਗਿਆ ਤੇ ਦੂਜੀ ਛਿਨ ਵਾਗ ਉਧਰ ਮੋੜ ਲਈ ਜਿਧਰ ਘੋੜੇ ਦੀ ਗਿੱਚੀ ਤੇ ਹੱਥ ਧਰੇ, ਸਮੀਰ ਹੌਲੇ ਹੌਲੇ ਨਾਲ ਜਾ ਰਿਹਾ ਸੀ ਤੇ ਘੋੜੇ ਨੂੰ ਪਿਆਰ ਨਾਲ ਮੋੜਨਾ ਚਾਹੁੰਦਾ ਸੀ। ਥੋੜੇ ਚਿਰ ਵਿਚ ਗਿਰਾਂ ਜਾ ਪਹੁੰਚੇ।

ਤ.

ਸਾਹਿਬ ਹੁਣ ਦੀਨੇ ਟਿਕ ਗਏ ਹਨ*। ਏਸ ਜੰਗਲ ਦੇਸ਼ ਵਿਚ ਖ਼ਬਰਾਂ ਧੂੰਮ ਗਈਆਂ ਕਿ ਆਪ ਦੀਨੇ ਜੋਤ ਜਗਾ ਰਹੇ ਹਨ। ਸੰਗਤਾਂ ਪਹਿਲੇ ਨੇੜੇ ਦੀਆਂ ਫਿਰ ਦੂਰ ਦੀਆਂ ਆਉਣ ਲੱਗ ਪਈਆਂ। ਸਮੀਰ ਭਰਾਵਾਂ ਨੇ ਪਰਬੰਧ ਕੀਤਾ ਜੋ ਗੁਰੂ ਕੇ ਦਰਸ਼ਨ ਨੂੰ ਆਵੇ ਪਹਿਲੇ ਇਨ੍ਹਾਂ ਨੂੰ ਮਿਲੇ, ਇਨ੍ਹਾਂ ਤਸੱਲੀ ਕਰ ਲੈਣੀ ਤਾਂ ਸਾਹਿਬਾਂ ਨੂੰ ਖ਼ਬਰ ਦੇਣੀ ਤੇ ਆਗਜ਼ਾ ਪਾਕੇ ਦਰਸ਼ਨ ਕਰਵਾਉਣਾ। ਸੰਗਤਾਂ ਵਿਚ ਸਤਿਗੁਰੂ ਜੀ ਦੀ ਕੁਰਬਾਨੀ ਦੀ ਤੇ ਨਿਰਮੋਹਤਾ ਦੀ ਚਰਚਾ ਚੱਲ ਰਹੀ ਸੀ। ਗਿਰਾਂ ਗਿਰਾਂ ਘਰ ਘਰ ਅਨੰਦ ਪੁਰ ਤੇ ਚਮਕੌਰ ਦੇ ਸਾਕੇ ਦੀਆਂ ਵਾਰਾਂ ਟੁਰ ਰਹੀਆਂ ਸਨ। ਲੋਕੀ ਇੰਞ ਦੀ ਵਾਰਤਾਲਾਪ ਕਰਦੇ ਸਨ:–

ਧੰਨ ਗੁਰੂ ਕਰਿ ਜੰਗ ਕਉ ਲਾਖਹੁ ਰਿਪੁ ਮਾਰੇ।
ਸਾਹਿਬਜ਼ਾਦੇ ਰਣ ਮਰੇ ਸੁਰਲੋਕ ਸਿਧਾਰੇ।
ਪੁਤ੍ਰ ਮੋਹ ਜਿਨਕੇ ਨਹੀਂ, ਇਕ ਰਸ ਮਨ ਸ਼ਾਂਤੀ। ਬੜੇ ਬਹਾਦਰ ਅਤਿਰਥੀ ਸ਼ਤ੍ਰ ਬਲਿ ਘਾਤੀ॥ [ਸ: ਪੁ:

ਸੰਗਤਾਂ ਹੁਣ ਚੜ੍ਹਾਵੇ ਤੇ ਸੁਗਾਤਾਂ ਲਿਆਉਂਦੀਆਂ ਹਨ। ਜਿਉਂ ਜਿਉਂ ਪਦਾਰਥ ਆਉਂਦਾ ਹੈ ਤਿਉਂ ਤਿਉਂ ਆਪ ਸੈਨਾਂ ਦੀ ਸੂਰਤ ਬੰਨ੍ਹਦੇ ਹਨ। ਜਿੰਨੀਕੁ ਗੁੰਜਾਯਸ਼ ਮਾਇਆ ਦੇਂਦੀ ਹੈ ਫ਼ੌਰਮੇ ਨੌਕਰ ਰੱਖਦੇ ਹਨ। ਬੈਰਾੜ ਬਹਾਦਰਾਂ ਦੀ ਸੈਨਾ ਜੁੜਨੀ ਅਰੰਭ ਹੋ ਗਈ ਹੈ, ਸ਼ਸਤ੍ਰ ਤੇ ਘੋੜੇ ਖਰੀਦਣੇ ਸ਼ੁਰੂ ਹੋ ਗਏ ਹਨ। ਹੁਣ ਖਬਰ ਮਾਲਵੇ ਤੋਂ ਬਾਹਰ ਵੀ ਸਤਿਗੁਰੂ ਜੀ ਦੇ ਪਤੇ ਦੀ ਨਿਕਲ ਗਈ ਹੈ। ਕੁਛ ਦੂਰੋਂ ਪ੍ਰੇਮੀ ਇਕੱਲੇ ਦੁਕੱਲੇ ਯਾ ਸੰਗਤਾਂ ਬੰਨ੍ਹਕੇ ਆਉਣ ਲੱਗ ਪਏ ਹਨ। ਗੁਰੂ ਜੀ ਦੇ ਸ਼ਸਤ੍ਰ-ਪ੍ਰੇਮ

*ਇਕ ਦੋਸ੍ਰ ਨਾਮੇ ਤਿਖਾਣ ਦਾ ਉਚਾ ਚੁਬਾਰਾ ਸੀ, ਇਹ ਪਸੰਦ ਕਰਕੇ ਗੁਰੂ ਜੀ ਟਿਕ ਗਏ। ਇਥੇ ਹੁਣ ਗੁਰਦੁਆਰਾ ਹੈ।

ਦਾ ਸਭ ਨੂੰ ਪਤਾ ਸੀ। ਸੋ ਵੰਗੇ ਚੰਗੇ ਸ਼ਸਤ੍ਰ ਭੇਟਾਭੀ ਆਉਣ ਲਗ ਪਏ। ਨੰਡੇ ਤੰਡੇ ਦੇ ਕਾਰੀਗਰਾਂ ਤੋਂ ਆਪ ਬੀ ਤੀਰ ਕਮਾਨ ਖਰੀਦਣ ਲਗ ਪਏ। ਕਦੇ ਸ਼ਿਕਾਰ ਬੀ ਚੜ੍ਹਦੇ ਹਨ,ਦੀਵਾਨ ਬੀ ਲਾਉਂਦੇ ਹਨ, ਉਪਦੇਸ਼ ਬੀ ਕਰਦੇ ਹਨ, ਨਾਮ ਦਾਨ ਬੀ ਦੇਂਦੇ ਹਨ, ਪਰ ਸੂੰਹ ਬੀ ਸਾਰੀ ਰੱਖਦੇ ਹਨ। ਆਪ ਸਮਝ ਰਹੇ ਹਨ ਕਿ ਸਰਹਿੰਦ ਤੋਂ ਹਮਲਾ ਹੋਣਾ ਹੈ। ਇਸ ਆ ਰਹੇ ਦੁੱਖ ਦ ਸਾਂਚ ਨੂੰ ਸਿੰਗੋਂ ਫੜਕੇ ਮਰੋੜ ਦੇਣ ਲਈ ਅਖੰਵੇਂ ਦਿਲ ਵਾਲੇ ਗੁਰੂ ਜੀ ਤਿਆਰੇ ਕਰ ਰਹੇ ਹਨ।

ਏਸ ਦੇਸ਼ ਵਿਚ ਪਿਤਾ ਪੁੱਤ੍ਰ ਦੋ ਕਾਰੀਗਰ ਪ੍ਰੇਮੀ ਛੇਵੇਂ ਸਤਿਗੁਰਾਂ ਦੇ ਸਮੇਂ ਹੋਏ ਹਨ। ਜਦੋਂ ਇਕੋਰਾਂ ਸਾਹਿਬ ਡਰੋਲੀ ਸਨ ਤਾਂ ਕਈ ਕੋਹ ਦੀ ਵਿੱਥ ਤੇ ਪਿਤਾ ਪੁੱਤ੍ਰ ਠੰਢਾ ਜਲ ਵੇਖ ਕੇ ਪ੍ਰੇਮ ਦੇ ਪ੍ਰਵਾਹ ਵਿਚ ਰੁੜ ਗਏ ਕਿ ਜਲ ਗੁਰਾਂ ਦੇ ਛਕਣ ਦਾ ਹੈ, ਸਾਡੇ ਛਕਣ ਦਾ ਨਹੀਂ। ਇਨ੍ਹਾਂ ਦੀ ਉਸ ਪ੍ਰੇਮ ਬਿਹਬਲਤਾ ਪਰ ਤੁੱਠ ਕੇ ਛੇਵੇਂ ਸਾਤਗੁਰੂ ਹਰਗੋਬਿੰਦ ਜੀ ਸ਼ਿਕਲ ਦੁਪਿਹਰੀਂ ਘੋੜੇ ਤੇ ਚੜ੍ਹ ਵਾਹੋ ਦਾਹੀ ਓਥੇ ਅੱਪੜੇ, ਜਿੱਥੇ ਪ੍ਰੇਮੀ ਜਲ ਲਈ ਉਡੀਕ ਰਹੇ ਸੇ। ਉਥੇ ਪਹੁੰਚ ਕੇ ਡਾਢੇ ਤ੍ਰਿਖਾਤੁਰ ਹੋ ਕੇ ਆਪ ਨੇ ਜਲ ਮੰਗਿਆ ਤੇ ਪਿਤਾ ਪੁੱਤ੍ਰ ਪਲਾਕੇ ਪ੍ਰਸੰਨ ਹੋਏ। ਪਿਤਾ ਦਾ ਨਾਂ ਸੰਧੂ ਤੇ ਪੁਤ੍ਰ ਦਾ ਰੂਪਾ ਸੀ।ਜਲ ਛਕਕੇ ਗੁਰੂ ਹਰਗੋਵਿੰਦਜੀ ਨੇ ਉਨ੍ਹਾਂ ਨੂੰ ਆਤਮਸ਼ਕਤੀ ਨਾਲ ਭਰ ਦਿਤਾ, ਫੇਰ ਵਰ ਦਿਤਾ ਕਿ ਤੁਸੀਂ ਜਗਤ ਤਾਰੋਗੇ, ਫੇਰ ਕੰਮ ਛੁਡਾ ਦਿਤਾ ਤੇ ਦੇਗ਼ ਚਲਾਉਣ ਦੀ ਆਗਜ਼ਾ ਕੀਤੀ। ਇਸ ਵਰ ਦੇ ਬਾਦ ਦੇਗ਼ ਚੱਲੀ, ਸਤਿਸੰਗ ਦਾ ਪ੍ਰਵਾਹ ਛੁਟ ਪਿਆ, ਕੁਲ ਵਧੀ ਤੇ ਗੁਰੂ ਘਰ ਨਾਲ ਪ੍ਰੇਮ ਬੀ ਜਿਉਂ ਕਾ ਤਿਉਂ ਰਿਹਾ। ਇਨ੍ਹਾਂ ਬਜ਼ੁਰਗਾਂ ਦੇ ਖਾਨਦਾਨ ਦੇ ਇਸ ਵੇਲੇ ਬੀ ਦੋ ਸਜਣ ਮੁਖੀਏ ਸਨ ਜੋ ਸ੍ਰੀ ਅਨੰਦ ਪੁਰ ਜਾ ਕੇ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜੇ ਤੇ ਨਾਮ ਵਾਲੀ ਪ੍ਰੇਮਾ ਭਗਤੀ ਦਾ ਇਕ ਨਮੂਨਾ ਬਣ ਰਹੇ ਸੇ। ਇਨ੍ਹਾਂ ਦੇ ਨਾਮ ਸਨ, ਪਰਮ ਸਿੰਘ ਧਰਮ ਸਿੰਘ*। ਇਨ੍ਹਾਂ ਨੂੰ ਜਾਂ ਖ਼ਬਰ ਪਹੁੰਚੀ ਕਿ ਸਤਿਗੁਰੂ ਦੀਨੇ ਆਏ ਹਨ ਤਾਂ ਇਹ ਘਰੋਂ ਦਰਸ਼ਨਾਂ ਲਈ ਤਿਆਰ ਹੋਕੇ ਟੁਰੇ। ਨਾਲ ਕੁਛ ਸਿੰਘ ਲੀਤੇ ਤੇ ਸ਼ਸਤ੍ਰ ਬੀ ਬੰਨ੍ਹ ਲੀਤੇ। ਕੁਛ ਪਦਾਰਥ ਤੇ ਭੇਟਾ ਬੀ ਲੀਤੀਆਂ। ਬੜੇ ਚਾਉ ਤੇ ਪ੍ਰੇਮ ਭਰੇ ਜਾ ਰਹੇ ਹਨ। ਰਸਤੇ ਵਿਚ ਸ਼ਬਦ ਪੜ੍ਹਦੇ ਦੀਵਾਨ ਲਾਉਂਦੇ ਜਾਂਦੇ ਹਨ, ਜਗਾ ਜਗਾ ਤੋਂ ਹੋਰ ਸਿੰਘ ਬੀ ਨਾਲ ਰਲਦੇ ਜਾ ਰਹੇ ਹਨ। ਅੰਤ ਏਹ ਦੀਨੇ ਪੁਜੇ। ਸਤਿਗੁਰਾਂ ਦੇ ਦਰਸ਼ਨ ਕੀਤੇ, ਚਰਨਾਂ ਨੂੰ ਲਿਪਟ ਗਏ, ਲਿਪਟ ਕੇ ਬਿਹਬਲ ਹੋਕੇ ਰੋਏ, ਐਸੇ ਰੋਏ ਕਿ ਪੱਥਰ ਪੰਘਰ ਜਾਣ। ਦੁਇ ਸਾਹਿਬਾਂ ਦੇ ਦੁਖ ਨੂੰ ਨਿਜ ਦਾ ਦੁਖ ਪ੍ਰਤੀਤ ਕਰਕੇ ਆਪ ਪੀੜਿਤ ਹੋ ਰਹੇ ਸੇ। ਜਦ ਹਾਏ ਹਾਏ ਕਰਕੇ ਰੁੰਨੇ ਤਾਂ ਸਾਹਿਬਾਂ ਨੇ ਦਿਲਾਸਾ ਦਿੱਤਾ,ਫਿਰ ਬੀ ਆਪਇਸਤਰ੍ਹਾਂ ਪੁਕਾਰੇ:–

ਹਾਇ ਹਾਇ ਕਰ ਰੁਦਤ ਭੇ:–'ਬਡ ਸਾਂਗ ਅਰੰਭਾ। ਸਾਹਿਬਜ਼ਾਦੇ ਹਤਿ ਭਏ ਇਹ ਅਧਿਕ ਅਚੰਭਾ। ਹੇ ਪ੍ਰਭੂ ! ਮਹਾਂ ਸਪੁੱਤ੍ਰ ਬੇ ਸੁੰਦਰ ਤਨ ਸੋਹੇ। ਤਪ ਜਪ ਦਾਨ ਅਨੇਕ ਤੇ ਅਸ ਪਾਇ ਨ ਕੋਹੇ ॥ ੨੯॥ ਆਰਬਲਾ ਭੁਗਤੀ ਨ ਕੁਛ ਮ੍ਰਿਤੁ ਭੇ ਤੁਮ ਆਗੇ। ਬਸਤ੍ਰ ਬਿਭੂਖਨ ਤੇ ਦਿਪਤਿ ਸਭ ਕੋ ਪ੍ਰਿਯ ਲਾਗੇ। ਦਰਬ ਕਰੋਰਹੁੰ ਹੋਮ ਗਾਨ ਸਭ ਸ਼ਸਤ੍ਰ ਖਜ਼ਾਨਾ, ਆਦਿ ਪ੍ਰਸਾਦੀ ਗਜ ਬਡੇ ਜਿਨਿ ਮੋਲ ਮਹਾਨਾ। ੩੦॥ ਖਰੇ ਹਜ਼ਾਰਹੁੰ ਹਯ ਖਰੇ ਬਡ ਕੀਮਤ ਵਾਰੇ। ਦਲ ਬਿਡਾਰ ਤੇ ਆਦਿ ਜੇ ਨਹਿੰ ਪਰਹਿੰ ਨਿਹਾਰੇ। ਐਸ਼ੁਰਜ ਅਪਰ ਅਨੇਕ ਹੀ ਨਹਿੰ ਗਿਨਿਬੇ ਮਾਂਹੀ। ਏਕ ਬਾਰ ਹੀ ਨਾਸ਼ ਭਾ ਕੁਛ ਦੀਖਤਿ ਨਾਹੀ ॥੩੧॥ ਸ੍ਰੀ ਪ੍ਰਭੂ ਵਡ ਅਫਸੋਸ ਹੈ, ਸਿਖ ਪਿਖਿ ਦੁਖ ਪਾਵੈਂ। ਅਸ ਰਾਵਰ ਕੇ ਸਾਂਗ ਤੇ, ਨਹਿੰ ਕੋ ਛਰਮਾਵੈ ? ॥' [ਰੁ: ੬। ਅੰ: ੫੪

ਸਤਿਗੁਰ ਜੀ ਅਤਿ ਗੰਭੀਰ ਤੇ ਟਿਕਵੀਂ ਸੱਦ ਵਿਚ ਬੋਲੇ:–

ਜਗਤ ਪਦਾਰਥ ਰੀਤ ਇਹ ਬਿਨਸੈ ਤਤਕਾਲਾ ॥ ੩੨ ॥ ਉਪਜਹਿ ਬਿਨਸਨ ਹਾਰ ਜੋ ਆਗੇ ਕਜਾ ਪਾਛੇ। ਇਨਕੀ ਥਿਰਤਾ ਹੋਤਿ ਨਹਿੰ ਕਜੋਂ ਗਜ਼ਾਨੀ ਬਾਂਛੇ। ਇਕ ਆਤਮ ਸੱਤਾ ਸਦਾ ਉਪਜੈ ਨ ਬਿਨਾਸ਼ੀ। ਸੋ ਸਰੂਪ ਨਿਜ ਜਾਨਿਕੈ ਹੁਇ ਪਰਮ ਪ੍ਰਕਾਸ਼ੀ ॥ ੩੩ ॥ ਕੂਰ ਪਦਾਰਥ ਤੇ ਕਬਹੁੰ ਸ਼ੋਕ ਨ ਹਰਖ ਵੈ। ਇਕ ਰਸ ਬ੍ਰਿਤੀ

*ਇਹੋ ਸਜਣ ਬਾਬੇ ਬੰਦੇ ਨੂੰ ਬੀ ਦੱਖਣੋਂ ਆਉਂਦਿਆਂ ਸੋਨਾ ਲੈਕੇ ਮਿਲੇ ਸਨ ਤੇ ਕਾਫੀ ਮਦਦ ਦਿਤੀ ਸੀ।

ਸੁ ਆਤਮਾ ਤਿਹ ਜੋ ਲਿਵਲਾਵੈ। ਰੇਖ ਨਿਕਾ-
ਰਹੁ ਮੇਟੀਐ ਜਹੋਂ ਲਾਭ ਨ ਹਾਨਾ। ਇਕ ਸਮ
ਬ੍ਰਿਤਿ ਸਤਿਗੁਰਨ ਕੀ ਇਮ ਜਾਨਿ ਸੁਜਾਨਾ ॥
੩੪ ॥ ਤੁਰਕਨ ਜਰਾਂ ਉਖੇਰਨੇ ਅਸ ਕ੍ਰਿਤ ਹਮ
ਠਾਨਾ। ਸਾਹਿਬਜ਼ਾਦੇ ਰੂਪ ਸਮ ਕਜਾ ਤਿਨ ਕੋ
ਹਾਨਾ। ਸਦਾ ਅਮਰ ਆਨੰਦ ਜੁਤ ਮਨ ਮੋਹ ਨ
ਲੇਸ਼ਾ। ਤਿਨਹੁੰ ਸ਼ੋਕ ਹਮ ਕਿਮ ਕਰੈਂ ਜੇ ਮੁਦਤਿ
ਹਮੇਸ਼ਾ ॥ ੩੫ ॥ [ਰੁਃ ੬। ਅੰਸੁ ੫੪

ਇਹ ਬਲਵਾਨ ਵੈਰਾਗ ਦਾ ਜਾਂ ਇਉਂ ਕਹੋ
ਕਿ 'ਮੱਤ ਗਜ਼ਾਨ' ਦਾ ਉਪਦੇਸ਼ ਸੁਣਕੇ ਦੁਹਾਂ ਨੂੰ
ਕੁਝ ਹੌਂਸਲਾ ਹੋ ਆਇਆ, ਪਰ ਫੇਰ ਬਿਹਬਲ
ਹੋਕੇ ਬੋਲੇ:—'ਮਹਾਰਾਜ ਆਪ ਜਗਤ ਨਾਥ ਹੋ, ਆਪ
ਲਈ ਦੁਖ ਕਿਉਂ ?' ਸਾਹਿਬ ਹੱਸੇ ਤੇ ਬੋਲੇ: ਜੋ
ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ
ਹੁਕਮੁ ਚੁਕਾਈਐ॥

ਕਿਸੇ ਮਨੁਖ ਨੇ ਇਕਦਿਨ 'ਦੁਖ' ਨੂੰ ਪੁਛਿਆ:—
ਬਿਲੋੜਿਆ ! ਤੂੰ ਕਿਥੋਂ ਉਗਮ ਪਿਆ ?

ਦੁਖ ਤਾੜੀ ਮਾਰ ਕੇ ਹੱਸਿਆ ਤੇ ਕਹਿਣ
ਲਗਾ:—ਤੂੰ 'ਸੁਖ' ਨੂੰ ਜਾਕੇ ਪੁੱਛ।

ਉਸ ਨੇ ਫੇਰ 'ਦੁਖ' ਨੂੰ ਪਛਿਆ:—ਤੂੰ ਕਾਸ
ਲਈ ਰਚਿਆ ਗਿਆ ? ਦੁਖ ਫੇਰ ਤਾੜੀ ਮਾਰ ਕੇ
ਹੱਸਿਆ ਤੇ ਆਖਣ ਲੱਗਾ:—'ਸੁਖ' ਨੂੰ ਜਨਮ
ਦੇਣ ਲਈ ।

ਉਸ ਨੇ ਫੇਰ ਦੁੱਖ ਨੂੰ ਆਖਿਆ:—ਕਾਸ਼ ਤੂੰ
ਨਾ ਹੁੰਦੋਂ ।

ਦੁਖ ਸੋਚੀਂ ਪੈ ਗਿਆ, ਪਰ ਫੇਰ ਖਿੜ ਖਿੜ
ਹੱਸ ਪਿਆ ਤੇ ਆਖਣ ਲੱਗਾ:—ਫਿਰ ਭਾਈ ਤੂੰ
ਬੀ ਨਾ ਹੁੰਦੋਂ, ਤੇਰਾ ਭਾਈਚਾਰਾ ਬੀ ਨਾ ਹੁੰਦਾ।

ਪੁੱਛਣ ਵਾਲਾ ਇਹ ਸੁਣ ਕੇ ਖਿਝਿਆ ਤੇ
ਆਖਣ ਲੱਗਾ:—ਮੈਂ ਨਾ ਹੁੰਦਾ ਤਾਂ ਚੰਗਾ ਹੁੰਦਾ।
ਤੇਰੇ ਨਾਲ ਹੁੰਦਿਆਂ ਜੇਹੜੀ 'ਹੋਂਦ' ਹੈ ਇਸ ਤੋਂ
'ਅਨਹੋਂਦ' ਭਲੀ ਹੈ ।

ਦੁਖ ਨੇ ਹੁਣ ਡਾਢੇ ਟਿਕਾਉ ਵਾਲਾ ਮੂੰਹ ਬਣਾ
ਲਿਆ ਤੇ ਅੰਤਰ ਮੁਖ ਰੁਖ ਕਰਕੇ ਇਕ ਬ੍ਰੀਕ ਸੁਰ
ਵਿਚ ਬੋਲਿਆ:—ਭੋਲਿਆ ! 'ਅਨਹੋਂਦ' ਹੈ ਨਹੀਂ।
ਜੇ 'ਅਨਹੋਂਦ' ਹੁੰਦੀ ਤਾਂ ਅਨਹੋਂਦ ਤੋਂ ਕੋਈ 'ਹੋਂਦ'
ਕਿਵੇਂ ਉਪਜਦੀ । 'ਹੋਂਦ' ਹੈ ਤੇ 'ਹੋਂਦ' ਤੇਰੇ ਮੇਰੇ
ਵਸੋਂ ਬਾਹਰ ਹੈ।

ਉਹ ਫੇਰ ਨਿਰਾਸ ਹੋਕੇ ਬੋਲਿਆ, ਦੁੱਖਾ ! ਫਿਰ
ਤੈਥੋਂ ਖਹਿੜਾ ਕੀਕੂੰ ਛੁਟੇ ? ਦੁਖ ਫੇਰ ਗੰਭੀਰ ਹੋ
ਗਿਆ ਤੇ ਟਿਕਵੀਂ ਅਵਾਜ਼ ਵਿਚ ਬੋਲਿਆ । ਜੇ
ਇਹ ਇੱਛਾ ਹਈ ਤਾਂ ਮੇਰੇ ਨਾਲ ਘੁਲ* ਤੇ ਉਸ
ਅਜ਼ਲੀ 'ਹੋਂਦ' ਤੇ ਆਪਣੀ 'ਹੋਂਦ' ਦੇ ਵਿਚਲੀ
ਵਿੱਥ ਨੂੰ ਮੇਟਣ ਵਿਚ ਲਗ ਪਉਂ† । ਮੇਰਾ ਵਾਸ
ਉਸ ਵਿੱਥ ਵਿਚ ਹੀ ਹੈ‡।

ਸਾਹਿਬ ਹੁਣ ਮਸਕ੍ਰਾ ਰਹੇ ਸਨ । ਧਰਮ ਸਿੰਘ
ਧਰਮ ਸਿੰਘ ਦਿਲ ਵਿਚ ਅਸ਼ ਅਸ਼ ਕਰ ਰਹੇ ਸਨ ।
ਹੁਣ ਦੋਹਾਂ ਨੇ ਆਪ ਦੇ ਚਰਨਾਂ ਵਿਚ ਧੰਨ ਧੰਨ
ਆਖਦਿਆਂ ਇਕ ਪ੍ਰਸ਼ਾਕ ਅਰਪਨ ਕੀਤੀ, ਕੁਛ
ਮਾਇਆ ਅਗੇ ਧਰੀ, ਇਕ ਘੋੜੀ ਵੀ ਭੇਟਾ ਕੀਤੀ ।

ਸਤਿਗੁਰ ਜੀ ਨੇ ਪ੍ਰੇਮ ਵੇਖਕੇ ਬਸਤ੍ਰ ਪਹਿਰ ਲਏ
ਤੇ ਪ੍ਰੇਮੀਆਂ ਦੇ ਚਿੱਤਨੂੰ ਠੰਢਪਾਈ । ਭਾਵੇਂ ਦੁਇ ਸੁਖੀ
ਹੋਗਏ ਸੇ,ਪਰਚਿਤ ਵਿਚਇਹ ਪ੍ਰਸ਼ਨ ਅਜੇ ਕਸਕਦੇਰਹੇ
ਕਿ ਆਪ ਨੇ ਈਸ਼ੂਰ ਹੋਕੇ, ਅਵਿਤਾਰ ਹੋ ਕੇ ਗੁਰੂ
ਹੋ ਕੇ ਕਿਉਂ ਦੁਖ ਪਾਏ ? ਆਪ ਦੇ ਨੰਢੇ ਦੁਖ ਕਿਉਂ
ਆਏ ? ਜਦੋਂ ਸੰਝ ਹੋਈ ਤਾਂ ਆਪਣੇ ਡੇਰੇ ਚਲੇ ਗਏ
ਜੋ ਦੀਨੇ ਦੇ ਨਗਰੋਂ ਪਰੇ ਤੁੰਬੂਆਂ ਵਿਚ ਸੈਨਾਂ ਨਾਲ
ਹੋਣ ਕਰਕੇ ਕੁਛ ਦੂਰੀ ਤੇ ਲਾ ਰੱਖਿਆ ਸੀ।

੪.

ਅਗਲੇ ਦਿਨ ਭਾਈ ਧਰਮਸਿੰਘ ਦੇ ਦਿਲ ਵਿਚ
ਪ੍ਰੇਮ ਨੇ ਉਛਾਲਾ ਖਾਧਾ ਡਾਢੇ ਜ਼ੋਰ ਦਾ । ਚਾਉ
ਆਇਆ ਕਿ ਆਪਣੇ ਹਥੀਂਚਾਕੇ ਪ੍ਰਸ਼ਾਦ ਲੈ ਜਾਵਾਂ,
ਇਕੱਲਾ ਹੀ ਟੁਰ ਪਿਆ । ਰਸਤੇ ਵਿਚ ਅਗੇ ਪਿਛੇ
ਤੱਕਦਾ ਜਾਂਦਾ ਸੀ ਕਿ ਕੋਈ ਸਿੰਘ ਆ ਜਾਵੇ ਤਾਂ
ਨਾਲ ਰਲਾ ਲਵਾਂ,ਪੈਂਡਾ ਜ਼ਰਾ ਉਜਾੜ ਦਾ ਹੈ। ਏਨੇ
ਨੂੰ ਇਕ ਸਿਖ ਆਉਂਦਾ ਭਾਸਿਆ ਜਿਸਦ ਕਪੜਿਆਂ
ਵਲ ਦੇਖਣ ਨਾਲ ਭਾਈ ਧਰਮ ਸਿੰਘ ਨੂੰ ਕਈ
ਰੰਗ ਬਦਲਦੇ ਦਿੱਸੇ । ਧਰਮ ਸਿੰਘ ਅਚਰਜ
ਹੋ ਕੇ ਠਹਿਰ ਗਿਆ । ਇਹ ਪੁਰਸ਼ ਜਾਂ ਨੇੜੇ
ਆਇਆ ਤਾਂ ਦੁਵੱਲੀ ਫਤੇ ਬੋਲੀ । ਧਰਮ ਸਿੰਘ

---

*ਭਾਂਤ ਅਨੇਕ ਦੁਖਨ ਸੋ ਦਲਹੀਂ ॥ [ਪਾਃ ੧੦
†ਪ੍ਰਭ ਕੈ ਸਿਮਰਨਿ ਦੂਖੁ ਨ ਸੰਤਾਪੈ ॥ [ਸੁਖਮਨੀ
‡ਕੀ ਵਿਸਰਹਿ ਦੁਖ ਬਹੁਤਾ ਲਾਗੈ ॥ [ਆਸਾ ਮਃ ੧
ਪੁਨਾਃ—ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥

ਨੂੰ ਤੱਕ ਕੇ ਕੁਛ ਝੁਣਝੁਣੀ ਜੇਹੀ ਸਰੀਰ ਵਿਚ ਦੀ ਲੰਘੀ, ਕੁਛ ਅਚਰਜ ਹੋਇਆ, ਪਰ ਫੇਰ ਲੱਗਾ ਉਹ ਸੱਜਣ ਚੰਗਾ ਤੇ ਪਿਆਰਾ, ਸੋ ਦੁਇ ਗੱਲਾਂ ਕਰਦੇ ਕੱਠੇ ਟੁਰ ਪਏ।

ਧਰਮ ਸਿੰਘ- ਭਾਈ ਜੀ ਸਮਝ ਨਹੀਂ ਪੈਂਦੀ ਕਿ ਦੁਖ ਕਿਉਂ ਹੈ ਜਗਤ ਵਿਚ ?

ਸਿੰਘ ਸੁਣਕੇ ਮੁਸਕ੍ਰਾਇਆ ਤੇ ਪੁਛਣ ਲੱਗਾ ਭਲਾ ਜੇ ਪਤਾ ਲੱਗ ਜਾਵੇ ਕਿ ਦੁਖ ਕਿਉਂ ਹੈ ਤਾਂ ਸੁਖ ਉਪਜ ਪਵੇ ?

ਧਰਮ ਸਿੰਘ ਸੋਚੀਂ ਪੈ ਗਿਆ। ਫੇਰ ਆਖਣ ਲੱਗਾ, ਸਿੰਘ ਜੀ ! ਸਮਝ ਪੈਗਿਆਂ ਤਾਂ ਪਤਾ ਨਹੀਂ, ਪਰ ਦਿਲ ਕਹਿੰਦਾ ਹੈ ਕਿ ਦੁਖ ਦਾ ਦਾਰੂ ਹੋਇਆਂ ਹੀ ਠੰਢ ਪਵੇਗੀ।

ਸਿੰਘ—ਭਲਾ ਦੱਸੋ ਖਾਂ, ਧੁੱਪ ਸੁਖ ਹੈ ਕਿ ਦੁੱਖ ?

ਧਰਮ ਸਿੰਘ (ਸੋਚ ਕੇ)—ਸਿਆਲੇ ਸੁਖ ਹੈ, ਹੁਨਾਲੇ ਦੁਖ।

ਸਿੰਘ—ਤਾਂ ਇਕੋ ਸ਼ੈ ਨੂੰ ਦੋ ਹਾਲਤਾਂ ਵਿਚ ਤੁਸੀਂ ਦੋ ਨਾਮਾਂ ਨਾਲ ਸੱਦ ਲੈਂਦੇ ਹੋ। ਜਿਸ ਨੂੰ ਦੁਖ ਕਹਿ ਰਹੇ ਹੋ, ਉਸੇ ਨੂੰ ਸੁਖ ਕਹਿ ਲੈਂਦੇ ਹੋ।

ਧਰਮ ਸਿੰਘ ਡੂੰਘੀ ਸੋਚੀਂ ਪੈ ਗਿਆ।

ਸਿੰਘ—ਭਲਾ ਦੱਸੋ ਖਾਂ ਪੁੱਤ੍ਰ ਦੁਖ ਹੈ ਕਿ ਸੁਖ ?

ਧਰਮ ਸਿੰਘ—ਹੈ ਤਾਂ ਸੁਖ।

ਸਿੰਘ—ਮਾਂ ਨੂੰ ਪੁੱਤ੍ਰ ਜਨਮ ਸੁਖਾਂ ਨਾਲ ਹੁੰਦਾ ਹੈ ਕਿ ਦੁਖਾਂ ਨਾਲ ?

ਧਰਮ ਸਿੰਘ—ਸਖਤ ਪੀੜਾਂ ਨਾਲ।

ਸਿੰਘ—ਮਾਂ ਨੂੰ ਪੁਛੋ ਪੀੜਾਂ ਨਾਲ ਪ੍ਰਾਪਤ ਪੁਤ੍ਰ ਦੁਖ ਰੂਪ ਹੈ ਕਿ ਸੁਖ ਰੂਪ।

ਧਰਮ ਸਿੰਘ—ਪਰਮ ਸੁਖ ਰੂਪ।

ਸਿੰਘ—ਇਸ ਸੁਖ ਲਈ ਪੁੱਤ੍ਰ ਜਨਮ ਦੀ ਪੀੜਾ ਨੂੰ ਮਾਂ ਸੁਖ ਕਰ ਜਾਣਦੀ ਹੈ ?

ਧਰਮ ਸਿੰਘ—ਜੀ ਹਾਂ।

ਸਿੰਘ—ਤਾਂ ਕਿਸੇ ਦੁਖ ਨੂੰ ਹੀ ਇਨਸਾਨ ਸੁਖ ਰੂਪ ਸਮਝ ਲੈਂਦਾ ਹੈ।

ਧਰਮ ਸਿੰਘ—ਆਖਦੇ ਤਾਂ ਠੀਕ ਹੋ।

ਸਿੰਘ—ਪੂਰਨ ਨੂੰ ਲੂਣਾ ਰਾਜ ਭਾਗ ਦੇ ਸੁਖ ਅਰਪਦੀ ਸੀ, ਸਰੀਰਕ ਸੁਖ ਵੈਟਾ ਕਰਦੀ ਸੀ। ਪੂਰਨ ਨੇ ਇਨ੍ਹਾਂ ਦੁਖਾਂ ਨੂੰ ਜਿਨ੍ਹਾਂ ਨੂੰ ਜਗਤ ਸੁਖ ਜਾਣਦਾ ਹੈ ਸੁਖ ਨਾ ਜਾਣਿਆਂ ਤੇ ਜ਼ਖਮੀ ਹੋਕੇ ਖੂਹ ਪੈਣ ਨੂੰ ਤੇ ਜਗਤ ਨਮੋਸ਼ੀ ਦੇ ਦੁਖਾਂ ਨੂੰ ਖੁਸ਼ੀ ਨਾਲ ਕਬੂਲ ਲਿਆ। ਤਾਂਤੇ ਦੱਈ ਮਨ ਦੀ ਅਵਸਥਾ ਹੈ ਕਿ ਦੁਖ ਤੇ ਸੁਖ ਦੀ ਕੀਮਤ ਅੰਦਰ ਬਦਲ ਜਾਂਦੀ ਹੈ।

ਧਰਮ ਸਿੰਘ—ਹੈਂ ''। ਹੋਰ ਸੋਚੀਂ ਪੈ ਗਿਆ।

ਸਿਘ—ਪੀਪਾ ਜੀ ਪਾਸ ਸੌ ਰਾਣੀਆਂ ਤੇ ਰਾਜ ਭਾਗ ਹੋਸੀ। ਏਹ ਸੁਖ ਸਨ, ਪਰ ਉਸ ਨੇ ਸਭ ਤਜਾਗਕੇ ਬਨ ਬਨ ਰਲਣਾ ਤੇ ਦਰ ਦਰ ਟੁੱਕ ਮੰਗਕੇ ਖਾਣੇ ਨੂੰ ਸੁਖ ਜਾਣਿਆਂ।

ਸੂਰਮਾ ਘਰ ਦੇ ਸੁਖ ਤਿਆਗ ਕੇ ਦਿਨ ਭਰ ਗਤਕੇ ਬਾਜ਼ੀਆਂ ਤੇ ਕਸਰਤਾਂ ਦੇ ਕਸ਼ਟ ਝੱਲਦਾ ਹੈ, ਜੰਗ, ਜਿਸ ਦੇ ਨਾਮ ਤੋਂ ਜਗਤ ਕੰਨੀਂ ਕੜ੍ਹਾਉਂਦਾ ਹੈ, ਸੂਰਮਾ ਉਸ ਨੂੰ ਹੱਸ ਹੱਸ ਕੇ ਵਾਜਾਂ ਮਾਰਦਾ ਹੈ। ਜ਼ਿੰਦ ਸਭ ਤੋਂ ਪਿਆਰੀ ਸ਼ੈ ਹੈ, ਉਸ ਨੂੰ ਵੀ ਜੋਖੋਂ ਵਿਚ ਪਾਉਂਦਾ ਹੈ ਤੇ ਜਾਨ ਤਕ ਦੇ ਦੇਂਦਾ ਹੈ।

ਸੋ ਕਿਤੇ ਸੁਖ ਨੂੰ ਸਮਝਣ ਵਾਲਾ ਕਾਂਟਾ ਆਪਣੀ ਚਾਲ ਬਦਲ ਲੈਂਦਾ ਹੈ।

ਧਰਮ ਸਿੰਘ—ਮਤਲਬ ਇਹ ਹੋਇਆ ਕਿ ਸਾਡੀ ਸੋਝੀ ਹੀ ਆਪ ਟਿਕਾਣੇ ਨਹੀਂ ਜੋ ਦੁਖ ਸੁਖ ਨੂੰ ਏਹ ਨਾਉਂ ਦੇਂਦੀ ਹੈ।

ਸਿੰਘ ਮੁਸਕ੍ਰਾਇਆ ਤੇ ਕਹਿਣ ਲਗਾ—ਕਾਇਰ ਬੰਦੂਕ ਨੂੰ ਹੱਥ ਲਾਉਣੋਂ ਡਰਦਾ ਹੈ, ਸੂਰਮਾ ਛਾਤੀ ਡਾਹਕੇ ਗੋਲੀ ਝੱਲਦਾ ਹੈ।

ਧਰਮ ਸਿੰਘ—ਮੈਂ ਸਮਝਿਆ ਹੈ ਕਿ ਦੁਖ ਦੁਖ ਨੂੰ ਵਿਤ੍ਰੋਕ ਕਰਨ ਵਾਲਾ ਸਾਡਾ ਅੰਦਰਲਾ ਪਹਿਲਾਂ ਕਿਹਾ ਦਰੁਸਤ ਸੋਝੀ ਦੇ ਘਰ ਅੱਪੜਨਾ ਚਾਹੀਦਾ ਹੈ।

ਸਿੰਘ—ਤੁਸਾਂ ਠੀਕ ਸਮਝਿਆ ਹੈ।

ਧਰਮ ਸਿੰਘ—ਪਰ ਜੀ ਜਗਤ ਦੁਖੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਇਸ ਨੂੰ ਦੁਖੀ ਦੱਸਿਆ ਹੈ। 'ਨਾਨਕ ਦੁਖੀਆ ਸਭੁ ਸੰਸਾਰੁ ॥' ਫੇਰ ਦੁਖ ਤਾਂ ਹੋਇਆ ਨਾਂ; ਇਸ ਦਾ ਦਾਰੂ ਕੀਹ ?

ਸਿੰਘ—ਅਗਲੀ ਤੁਕ ਭੀ ਪੜ੍ਹੋ। ਜਿਸ ਤੋਕੜੀ ਤੇ ਤੋਲਕੇ ਸੱਚੇ ਗੁਰੂ ਨੇ ਜਗਤ ਦੁਖੀ ਦੱਸਿਆ ਹੈ ਉਥੋਂ ਦਾ ਦੂਸਰਾ ਅਵਾਜ਼ਾ ਇਹ ਹੈ-'ਮੰਨੈ ਨਾਉ ਸੋਈ ਜਿਣਿ ਜਾਇ ॥' ਇਥੇ ਦੁੱਖ ਨੂੰ ਜਿੱਤਣਾ ਗੁਰੂ ਜੀ ਨੇ ਦੱਸਿਆ ਹੈ। ਦੁਖ ਦਾ ਨਾ ਹੋਣਾ ਤੇ

ਹਾਇ ਦੁਖ ਕਿਉਂ ਹੈ, ਇਹ ਹਾਵਾ ਨਹੀਂ ਸਿਖਾਲਿਆ। ਆਖਿਆ ਹੈ ਕਿ ਇਕ ਤਰੀਕਾ ਅਸੀਂ ਦੱਸਦੇ ਹਾਂ ਜਿਸ ਨਾਲ ਦੁੱਖ ਜਿੱਤਿਆ ਜਾ ਸਕਦਾ ਹੈ।

ਧਰਮ ਸਿੰਘ—ਫੇਰ ਦਖ ਤਾਂ ਹੋਇਆ ਨਾ। ਇਸ ਨੂੰ ਜਿੱਤਣਾ ਹੋਇਆ।

ਸਿੰਘ—ਤੇ ਉਸਨੂੰ ਜਿੱਤਣ ਲਈ ਪਹਿਲੀ ਪੌੜੀ ਮਨ ਦੇ ਅੰਦਾਜ਼ ਨੂੰ ਠੀਕ ਕਰਨਾ ਹੈ, ਜਿਸ ਨੇ ਦੁਖ ਸੁਖ ਦੀ ਪਰਖ ਕਰਨੀ ਹੈ। ਕਿਉਂਕਿ ਅਸੀਂ ਵੇਖਿਆ ਹੈ ਕਿ ਹਾਲਤਾਂ ਬਦਲਨ ਕਰਕੇ ਯਾਂ ਖਿਆਲ ਬਦਲਨ ਕਰਕੇ ਮਨ ਇੱਕੋ ਸ਼ੈ ਨੂੰ ਕਦੇ ਦੁਖ ਕਦੇ ਸੁਖ ਸਮਝ ਲੈਂਦਾ ਹੈ। ਫਿਰ ਉਚੇ ਘਰੀਂ ਜਾਕੇ ਪਤਾ ਲਗਦਾ ਹੈ ਕਿ ਸੋਝੀ ਦੀ ਕਸਵੱਟੀ ਸਾਡੀ ਗ਼ਲਤ ਹੈ, ਸੋ ਇਸਨੂੰ ਦਰੁਸਤ ਕਰਨਾ ਲੋੜੀਏ। ਦੂਸਰਾ ਉਪ੍ਰਾਲਾ ਹੈ ਦੁੱਖ ਨੂੰ ਜਿੱਤਣ ਦਾ, ਇਸ ਪਰ ਬਲ ਪਾਉਣ ਦੇ ਜਤਨ ਕਰਨ ਦਾ।

ਧਰਮ ਸਿੰਘ—ਫੇਰ ਕਿਵ ਕਰੀਏ ?

ਸਿੰਘ—ਸਾਤਗੁਰ ਨੇ ਜਾਚ ਦੱਸੀ ਹੈ।

ਧਰਮ ਸਿੰਘ—ਤੁਸੀਂ ਖੋਹਲ ਕੇ ਦੱਸੋ ਨਾ।

ਸਿੰਘ—ਗੁਰੂ ਜੀ ਨੇ ਜਾਚ ਦੱਸੀ ਹੈ:—'ਮੰਨੈ ਨਾਉ ਸੋਈ ਜਿਣਿ ਜਾਇ'॥ ਸੋ ਪਹਿਲੀ ਗੱਲ ਹੋਈ—ਮੰਨੈ ਨਾਮ।

ਨਾਮ ਨਾਲ ਮਨ ਮੈਲ ਤੋਂ ਸਫਾ ਹੋਵੇਗਾ—ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥—ਫਿਰ ਇਹ ਮਨ ਸਿੱਧਾ ਹੋ ਜਾਏਗਾ—ਇਹ ਮਨ ਉਲਟ ਸਨਾਤਨ ਹੂਆ—ਤਦੋਂ ਸੱਚੀ ਸੋਝੀ ਦੇ ਘਰ ਜਾਏਗਾ। ਜੈਸਾ ਕਿ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ,—'ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤ ਸੰਗਤਿ ਗੁਰ ਪਿਆਰ'॥ ਫੇਰ ਸਮਝ ਆਵੇਗੀ ਕਿ ਦੁਖ ਕੀ ਹੈ ਤੇ ਸੁਖ ਕੀ ਹੈ। ਇਸ ਨਿਰਮਲ ਸੋਝੀ ਨਾਲ ਇਹ ਸਮਝ ਬੀ ਪੈਂਦੀ ਹੈ:—

'ਦੁਖ ਸੁਖ ਦਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ॥' [ਮਲਾਰ ਮ: ੧

ਫਿਰ ਇਸ ਨੂੰ ਸਮਝ ਆਵੇਗੀ ਕਿ ਦੁਖਾਂ ਦੀਆਂ ਅੱਗਾਂ ਮਾਰਦੀਆਂ ਹਨ ਪਰ ਦੁਖ ਦਾਰੂ ਬੀ ਹੈ, ਜੈਸਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:—

ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ॥

ਧਰਮ ਸਿੰਘ—ਪਰ ਇਸ ਵਾਕ ਦੀਆਂ ਪਹਿਲੀਆਂ ਤੁਕਾਂ ਵਿਚ ਦੁਖਦਾ ਕੈਸਾ ਨਕਸ਼ਾ ਗੁਰੂਬਾਬੇ ਨੇ ਬੱਧਾਹੈ:

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ॥ ਦੁਖੁ ਦੁਖੁ ਅਹੰ ਆਖੀਐ ਪੜਿ ਪੜ ਕਰਹਿ ਪੂਕਾਰ॥ ਦਦੈ ਕੀਆ ਪੰਡਾ ਏਲੀਆ ਮੁਖੁ ਨ ਨਿਕਲਿਓ ਕੋਇ॥ ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ॥

[ਸਾ: ਕੀ ਵਾ: ਮ: ੧

ਸਿੰਘ ਜੀ—ਫੇਰ ਏਸੇ ਦੀ ਅੰਤਲੀ ਤੁਕ ਹੈ ਨਾ ਜੋ ਮੈਂ ਪੜ੍ਹੀ ਹੈ। ਦੁਖ ਸਾੜਦਾ ਬੀ ਹੈ ਪਰ ਦਾਰੂ ਬੀ ਹੈ।

ਧਰਮ ਸਿੰਘ—ਉਹ ਕਿਵੇਂ ?

ਸਿੰਘ ਜੀ—ਅੰਤਲੀ ਤੋਂ ਪਹਿਲੀ ਤੁਕ ਪੜ੍ਹੋ:—

ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥

ਧਰਮ ਸਿੰਘ—ਸਿੰਘ ਜੀ ਤੁਸਾਂ ਬੜੀ ਕਿਰਪਾ ਕੀਤੀ ਹੈ। ਗੁਰਬਾਣੀ ਦੇ ਪ੍ਰਕਾਸ਼ ਵਿਚ ਪਏ ਤੈਰਦੇ ਹੋ, ਪਰ ਦੁੱਖ ਦਾ ਨਾਂ ਹੀ ਭੈੜਾ ਹੈ। ਜ਼ਰਾ ਸੋਚਣਾ, ਦੁੱਖ ਕਈ ਪ੍ਰਕਾਰ ਦੇ ਹਨ। ਚਾਰ ਦੁਖ ਬੜੇ ਏਲੀ ਹਨ। ਗੁਰੂ ਬਾਬੇ ਜੀ ਨੇ ਆਪ ਗਿਣੇ ਹਨ ਦੇਖੋ:—

ਦੁਖੁ ਵਿਛੋੜਾ ਇਕੁ ਦੁਖੁ ਭੂਖ॥ ਇਕੁ ਦੁਖੁ ਸਕਤਵਾਰ ਜਮਦੂਤ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ॥ ਵੈਦ ਨ ਭੋਲੇ ਦਾਰੂ ਲਾਇ॥

[ਮਲਾਰ ਮ: ੧

ਇਕ ਦੁਖ ਵਿਛੋੜਾ ਹੈ, ਇਕ ਦੁਖ ਭੁਖ ਦਾ ਹੈ, ਇਕ ਦੁਖ ਮੌਤ ਦਾ ਹੈ, ਇਕ ਦੁਖ ਬੀਮਾਰੀ ਹੈ।

ਇਹ ਚਾਰ ਦੁੱਖ ਚਾਰੇ ਤੋਂ ਬਿਨਾਂ ਹਨ। ਤੁਸੀਂ ਦਸੋ ਕਿ ਏਥੇ ਕੋਈ ਕੀਹ ਕਰੇਗਾ। ਗੁਰੂ ਜੀ ਬੀ ਵੈਦ ਨੂੰ ਕਹਿੰਦੇ ਹਨ ਕਿ ਇਨ੍ਹਾਂ ਦਾ ਦਾਰੂ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੈਦ ਨੂੰ ਫੇਰ ਦੱਸਦੇ ਹਨ ਕਿ 'ਦਰਦ ਹੋਵੈ ਦੁਖੁ ਰਹੈ ਸਰੀਰ॥ ਐਸਾ ਦਾਰੂ ਲਗੈ ਨ ਬੀਰ'॥ ਜਦ ਤਕ ਸਰੀਰ ਰਹੇਗਾ ਦਰਦ ਤੇ ਦੁਖ ਬਣੇ ਰਹਿਣੇ ਹਨ, ਤੇਰੇ ਪਾਸ ਐਸਾ ਦਾਰੂ ਨਹੀਂ ਹੈ ਕਿ ਜੋ ਇਨ੍ਹਾਂ ਨੂੰ ਲਗ ਸਕੇ।

ਸਿੰਘ—ਹੁਣ ਅਗੇ ਬੀ ਪੜ੍ਹੋ। ਗੁਰੂ ਜੀ ਫੁਰਮਾਉਂਦੇ ਹਨ:—'ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥ ਮਨ ਅੰਧੇ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ'॥ ਕਿ ਹੇ ਵੈਦ ਤੂੰ ਤਾਂ ਜੜ੍ਹੀ ਬੂਟੀਆਂ ਲਈ ਫਿਰਦਾ ਹੈਂ, ਪਰ ਦੁਖ ਦਾ ਕਾਰਨ ਤਾਂ ਮਨ ਦਾ ਅੰਨ੍ਹਾ ਹੋਣਾ ਹੈ।

ਇਹ ਅੰਨ੍ਹਾ ਹੋਇਆ ਮਨ ਸੱਚੀ ਸੋਝੀ ਤੋਂ ਬਾਹਰ ਹੋ ਗਿਆ ਰਸਾਂ ਤੇ ਭੋਗਾਂ ਨੂੰ ਸੁਖ ਰੂਪ ਸਮਝਦਾ ਹੈ। ਉਹ ਹਨ ਦੁਖ ਰੂਪ ਤੇ ਪਰਤੱਖ ਪਤਾ ਲਗ ਜਾਂਦਾ ਹੈ ਕਿ ਭੋਗਾਂ ਦਾ ਫਲ ਰੋਗ ਨਿਕਲਦਾ ਹੈ। ਮਨ ਅੰਧਾ ਕਿਉਂ ਹੋ ਗਿਆ ? ਦੱਸਦੇ ਹਨ ਕਿ ਖਸਮ ਨੂੰ ਵਿਸਾਰ ਕੇ। ਅੱਗੇ ਚਲ ਕੇ ਅੰਨ੍ਹੇ ਮਨ ਨੂੰ ਅਰੋਗ ਕਰਨ ਦੀ ਜੁਗਤਿ ਦੱਸਦੇ ਹਨ:–

ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥ ੪॥੨॥੭॥ [ਮਲਾਰ ਮਃ ੧

ਕਿ ਜਿਸ ਦੇ ਅੰਦਰ ਨਾਮ ਦੀ ਅੰਸ਼ ਵਾਸਾ ਪਾਉਂਦੀ ਹੈ, ਉਹ ਮਨ ਦੀਆਂ ਮੈਲਾਂ ਦੂਰ ਕਰ ਕੇ ਅਪਣੇ ਹੰਸ-ਆਤਮਾ ਨੂੰ ਨਿਰਮਲ ਪ੍ਰਤੀਤ ਕਰਦਾ ਹੈ ਤੇ ਹੰਸ ਵਰਗੇ ਉੱਜਲ ਆਤਮਾ ਦੇ ਵਸੇਬੇ ਵਾਲੀ ਦੇਹੀ ਕੰਚਨ ਵਾਂਙੂ ਦਿੱਬ ਹੁੰਦੀ ਹੈ। ਐਉਂ ਦੁਖ ਤੇ ਰੋਗ ਦੂਰ ਹੁੰਦੇ ਹਨ। ਸਿੱਧ ਇਹ ਹੋਇਆ ਕਿ ਦੁਖਾਂ ਤੋਂ ਨਾਮ ਨਾਲ ਛੁਟਕਾਰਾ ਹੁੰਦਾ ਹੈ।

ਧਰਮ ਸਿੰਘ–ਪਰ ਤੁਸੀਂ 'ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾਕੈ ਪਾਛੈ ਕੋਇ ਨ ਖਾਇ ॥' ਏਹ ਤੁਕਾਂ ਵਿਚੋਂ ਛੋਡ ਗਏ ਹੋ।

ਸਿੰਘ ਜੀ–ਇਨ੍ਹਾਂ ਵਿਚ ਗੁਰੂ ਜੀ ਓਹੋ ਸੋਝੀ ਦੇਂਦੇ ਹਨ ਕਿ ਜਿਵੇਂ ਚੰਦਨ ਵਿਚ ਉਸ ਦੀ ਖੁਸ਼ਬੂ ਉਸ ਦੀ ਚੰਦਨ ਹਸਤੀ ਦਾ ਆਧਾਰ ਹੈ, ਤਿਵੇਂ ਮਨੁੱਖ ਦੇਹੀ ਦਾ ਆਧਾਰ ਸ੍ਵਾਸ ਹਨ। ਜਦੋਂ ਸ੍ਵਾਸ ਨਿਕਲ ਗਏ ਦੇਹੀ ਮਰ ਗਈ। ਫਿਰ ਉਸ ਦੇਹੀ ਨੂੰ ਭੁਖ ਰੋਗ ਆਦਿ ਦੁਖ ਕੋਈ ਨਹੀਂ ਆਕੇ ਖਾਂਦੇ ਯਾ ਇਉਂ ਕਿ ਉਹ ਦੇਹੀ ਫੇਰ ਕਿਸੇ ਭੁੱਖ ਦੇ ਦੁੱਖ ਨਾਲ ਪੀੜਤ ਨਹੀਂ ਹੁੰਦੀ। ਸੋ ਇਨ੍ਹਾਂ ਤੁਕਾਂ ਵਿਚ ਇਹ ਬੀ ਸੋਝੀ ਦਿਤੀ ਨੇ ਕਿ ਸਰੀਰ ਤਕ ਸਾਰੇ ਦੁਖ ਭਾਸਦੇ ਹਨ। ਤਾਂ ਜਿਸ ਦੇਹੀ ਨੇ ਮਰ ਜਾਣਾ ਹੈ ਉਸ ਲਈ ਕਿਉਂ ਵਿਕਾਰ ਕਮਾਵੇ। ਸਾਫ ਕਰਕੇ ਸਮਝ ਲਵੇ ਕਿ ਮਨ ਦੇ ਅੰਧੇ ਰਹਿਣ ਨਾਲ ਸਰੀਰ ਵਿਕਾਰਾਂ ਵਿਚ ਜਾਂਦਾ ਹੈ, ਵਿਕਾਰਾਂ ਤੋਂ ਦੁਖ ਉਪਜਦੇ ਹਨ। ਸਰੀਰ ਦੇ ਅੰਦਰ ਹੰਸ ਹੈ, ਪਰ ਉਹ ਵਿਕਾਰਾਂ ਕਰਕੇ ਅੰਨ੍ਹੇ ਹੋਏ ਮਨ ਨੂੰ ਉਹਲੇ ਰਹਿੰਦਾ ਹੈ। ਮਨ ਦਾ ਅੰਧਕਾਰ ਨਾਮ ਨਾਲ ਦੂਰ ਹੁੰਦਾ ਹੈ ਤੇ ਕਾਇਆਂ ਦਿੱਬ ਤੇ ਮਨ ਵਿਚ ਉੱਜਲਾਪਨ ਆ ਜਾਂਦਾ ਹੈ ਤਾਂ ਸੋਝੀ ਪੈ ਜਾਂਦੀ ਹੈ ਤੇ ਪਤਾ ਲਗਦਾ ਹੈ ਕਿ ਆਹ 'ਆਪਾ' ਹੈ, ਆਹ ਨਿਰੰਜਨ ਹੈ, ਇਉਂ ਸੁਖ ਦੀ ਸੋਝੀ ਆਪੇ ਨੂੰ ਮਨ ਬੁੱਧੀ ਤੋਂ ਨਿਰਮਲ ਕਰਨੇ ਵਿਚ ਹੈ। ਦੇਖੋ ਅਗਲੇ ਸ਼ਬਦ ਵਿਚ ਗੁਰੂ ਜੀ ਖੋਹਲ ਕੇ ਇਹ ਗਲ ਸਮਝਾਉਂਦੇ ਹਨ:–

ਦੂਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮਿ ਮਾਰੈ ਠੇਹ ॥ ੧॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੈ ਜਾਹਿ ਵਿਕਾਰ ॥

ਅਰਥਾਤ ਦੁਖ ਇਕ ਜ਼ਹਿਰ ਹੈ, ਇਸ ਨੂੰ ਕੋਈ ਨਹੀਂ ਖਾਣਾ ਚਾਹੁੰਦਾ, ਪਰ ਇਹ ਜ਼ਹਿਰ ਦਵਾਈ ਬੀ ਹੈ। ਸਾਰੇ ਜ਼ਹਿਰ ਦਵਾਈਆਂ ਹਨ, ਪਰ ਵਿਧੀ ਸੰਯੁਕਤ ਮਾਰਿਆਂ ਤੇ ਵਿਧੀਪੂਰਬਕ ਸੇਵਨ ਕੀਤਿਆਂ। ਜਿਵੇਂ ਸੰਖੀਆ ਵਿਹੁ ਹੈ, ਇਸ ਨੂੰ ਦਵਾਈ ਬਨਾਉਣ ਲਈ ਮਾਰੀਦਾ ਹੈ। ਤਿਵੇਂ ਦੱਸਦੇ ਹਨ ਕਿ ਦੁਖ ਜ਼ਹਿਰ ਹੈ ਇਸ ਬਿਖ ਨੂੰ ਮਾਰਕੇ ਦਵਾਈ ਬਨਾਉਣ ਵਾਸਤੇ 'ਹਰਿ ਨਾਮ' ਇਸ ਦਾ ਮਾਰਣ* ਹੈ। ਇਸ ਨੂੰ ਹਰਿ ਨਾਮ ਰੂਪੀ ਮਸਾਲੇ ਨਾਲ ਮਾਰਕੇ, ਸੰਤੋਖ ਰੂਪੀ ਸਿਲਾ ਤੇ ਪੀਸੀਦਾ ਹੈ ਤੇ ਦੱਬ ਜਿਹੜੇ ਵੱਟੇ ਨੂੰ ਫੜਕੇ ਪੀਸਦੇ ਹਨ ਏਥੇ ਦਾਨ ਦੇ ਲੋੜੀਏ। ਅਰਥਾਤ ਨਾਮ, ਸੰਤੋਖ ਤੇ ਦਾਨ ਏ ਤ੍ਰੈ ਵਸਤਾਂ ਦੁਖ ਨੂੰ ਹੀ ਦਵਾਈ ਬਣਾ ਦੇਂਦੀਆਂ ਹਨ। ਇਹ ਦਵਾਈ ਸਦਾ ਖਾਓ ਤਾਂ ਦੇਹ ਤੁਹਾਡੀ ਅਰੋਗ ਰਹੇਗੀ ਤੇ ਅੰਤ ਸਮੇਂ ਜਮ ਨੂੰ ਤੁਸੀਂ ਠੇਹ ਕਰਕੇ ਮਾਰ ਲਓਗੇ। ਸੋ ਦੇਖੋ 'ਨਾਮ' ਦੁਖ ਨੂੰ ਹੀ ਦਾਰੂ ਬਣਾ ਦੇਵੇਗਾ ਦੁਖਾਂ ਦੇ ਦੂਰ ਕਰ ਦੇਣ ਦਾ। ਦਸਮੇਸ਼ ਪਿਤਾ ਜੀ ਨੇ ਫੁਰਮਾਇਆ ਹੈ:–

ਜਿਨ ਜਿਨ ਨਾਮੁ ਤਿਹਾਰੋ ਧਿਆਇਆ ॥ ਦੂਖ ਪਾਪ ਤਿਹ ਨਿਕਟ ਨ ਆਇਆ ॥

ਧਰਮ ਸਿੰਘ–ਠੀਕ ਹੈ। ਬਹੁਤ ਠੀਕ ਹੈ। ਪਰ ਸਿੰਘ ਜੀ ਸੰਸਾ ਅਜੇ ਦਿਲ ਨੂੰ ਫੜੀ ਬੈਠਾ ਹੈ। ਤਾਂਤੇ ਹੁਣ ਇਹ ਗੱਲ ਦੱਸੋ ਜੀ ਕਿ ਨਾਮੀ ਪੁਰਖ

*ਉਹ ਮਸਾਲਾ ਜਿਸ ਨਾਲ ਧਾਤਾਂ ਤੇ ਬੂਟੀਆਂ ਆਦਿ ਮਾਰੀ ਦੀਆਂ ਹਨ।

ਤਾਂ ਦੁਖੀ ਨਹੀਂ ਹੋਣੇ ਚਾਹੀਏ।

ਸਿੰਘ–ਫੇਰ ਤੁਸੀਂ ਉਸੇ ਲੀਕ ਵਿਚ ਜਾ ਪੈਂਦੇ ਹੋ, ਜਿਸ ਨੂੰ ਮਨ ਜੋ ਪ੍ਰਬੁਧ ਨਹੀਂ ਦੁੱਖ ਦੀ ਲੀਹ ਸਮਝਦਾ ਹੈ। ਜਿਸ ਨੂੰ ਤੁਸੀਂ ਦੁਖ ਸਮਝਦੇ ਹੋ ਨਾਮੀ ਪੁਰਖ ਦੇ ਭਾਣੇ ਉਹ ਖਬਰੇ ਦੁਖ ਹੈ ਵੀ ਕਿ ਨਹੀਂ। ਸਾਡੀ ਤਾਂ ਅਜੇ ਸਿਆਣ ਹੀ ਠੀਕ ਨਹੀਂ। ਨਾਮ ਜਪਿਆਂ ਇਹ ਸਿਆਣ ਆਉਂਦੀ ਹੈ ਤੇ ਦੁਖ ਦਾ ਵਰਤਾਉ ਬਦਲੀ ਦਾ ਹੈ:–

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ [ਮਃ ੧

ਜਿਵੇਂ ਪਹਿਲਵਾਨ ਦਾ ਸ਼ਾਗਿਰਦ ਤੁਹਾਨੂੰ ਦੁਖੀ ਦਿੱਸੇਗਾ, ਕਈ ਵੇਰ ਹੱਡੀ ਪੱਸਲੀ ਤੁੜਾ ਬੈਠੇਗਾ। ਤੁਸੀਂ ਰੋਵੋਗੇ ਕਿ ਹਾਇ ਇਸ ਨੂੰ ਦੁਖ ਹੈ, ਪਰ ਇਹ ਦੁਖ ਤਾਂ ਉਸ ਦੀ ਪਹਿਲਵਾਨਗੀ ਦੀ ਕਸਰਤ ਹੈ। ਸੋ ਪ੍ਰਬੁਧ ਮਨ ਵਾਲੇ ਦੇ ਦੁੱਖ ਨੂੰ ਤੁਸੀਂ ਜੋ ਦੁਖ ਸਮਝ ਰਹੇ ਹੋ ਉਹ ਤਾਂ ਦੁੱਖ ਨੂੰ ਦਲ ਰਿਹਾ ਹੈ ਆਤਮ-ਬਲ ਨਾਲ, ਕਿਉਂ ਕਿ ਉਸ ਨੇ ਇਨ੍ਹਾਂ ਨੂੰ ਦਲ ਕੇ ਮੁਕਤੀ ਦੀ ਪਹਿਲਵਾਨਗੀ ਪਾ ਕੇ ਸਾਂਈ ਨੂੰ ਮਿਲਨਾ ਹੈ ਜੋ ਚੋਟੀ ਦਾ ਸੁਖ ਹੈ। ਦੇਖੋ ਸ਼੍ਰੀ ਗੁਰੂ ਸਾਹਿਬ ਦਸਮੇ ਪਾਤਸ਼ਾਹ ਫੁਰਮਾਉਂਦੇ ਹਨ:–

ਜਿਨ ਮਤਿ ਬੇਦ ਕਿਤੇਬਨ ਤਿਆਗੀ ॥ ਪਾਰ-ਬ੍ਰਹਮ ਕੇ ਭੇ ਅਨੁਰਾਗੀ ॥ ਤਿਨ ਕੇ ਗੁਰ ਮੱਤ ਜੇ ਚਲਹੀ ॥ ਭਾਂਤ ਅਨੇਕ ਦੁਖਨ ਸੋ ਦਲ ਹੀ ॥

ਭਾਵ ਇਹ ਕਿ ਪ੍ਰਬੁਧ ਮਨ ਵਾਲਾ ਜੋ ਨਾਮ ਜਪਦਾ ਤੇ ਦੁੱਖਾਂ ਦੇ ਟਾਕਰੇ ਕਰਦਾ ਹੈ ਦੁਖਾਂ ਨੂੰ ਦਲ ਰਿਹਾ ਹੈ ਉਹ ਦੁਖੀ ਨਹੀਂ, ਉਹ ਰਾਹਕ ਵਾਙੂ ਹੈ ਜੋ ਜਗਤ ਜਦ ਸੁਖ ਦੀ ਨੀਂਦੇ ਸੁੱਤਾ ਪਿਆ ਹੁੰਦਾ ਹੈ, ਉਹ ਉਸ ਨੀਂਦਰ ਦੇ ਵੇਲੇ ਹਲ ਵਾਹੁਣ ਦਾ ਦੁਖ ਭੋਗ ਰਿਹਾ ਹੁੰਦਾ ਹੈ। ਪਰ ਉਹ ਅਸਲ ਵਿਚ ਦੁਖ ਨਹੀਂ ਭੋਗ ਰਿਹਾ ਉਹ ਆਪਣੇ ਲਈ,ਪਰਵਾਰ ਲਈ ਤੇ ਜਗਤ ਲਈ ਅੰਨ ਪੈਦਾ ਕਰ ਰਿਹਾ ਹੁੰਦਾ ਹੈ। ਇਸੇ ਕਰਕੇ ਸੋਝੀ ਵਿਚ ਆਏ ਦੀ ਪਦਵੀ ਜੋ ਦੁਖਾਂ ਨਾਲ ਟਾਕਰੇ ਕਰਦਾ ਸਾਂਈਂ ਦੀ ਲਿਵ ਵਿਚ ਜੀ ਰਿਹਾ ਹੈ ਦਸਮੇ ਪਾਤਸ਼ਾਹਨੇ ਆਪਇਹ ਦੱਸੀਹੈ:–

"ਜੇ ਕੇ ਜਾਤ ਸਹਿਤ ਸੰਦੇਹਾ ॥ ਪ੍ਰਭੁ ਕੋ ਸੰਗ ਨ ਛੋਡਤ ਨੇਹਾ॥ਤੇ ਤੇ ਪਰਮ ਪੁਰੀ ਕਹ ਜਾਹੀ ॥ ਤਿਨ ਹਰਿ ਸਿਉ ਅੰਤਰੁ ਕਛੁ ਨਾਹੀ ॥"

ਸੋ ਜਿਸ ਇਹ ਰਾਹ ਦੇ ਟੁਰਨ ਵਾਲੇ ਨੂੰ ਤੁਸੀਂ ਦੁਖੀ ਸਮਝੋਗੇ, ਉਹ ਦੁਖ ਪਾ ਰਿਹਾ ਹੈ ਤੇ ਪ੍ਰਭੂ ਦੇ ਸੰਗ ਨੂੰ ਨਹੀਂ ਛਡ ਰਿਹਾ ਉਹ ਤਾਂ ਪਰਮ ਪੁਰੀ ਨੂੰ ਜਾ ਰਿਹਾ ਹੈ। ਅੰਤ ਉਸਦੇ ਤੇ ਵਾਹਿਗੁਰੂ ਦੇ ਵਿਚ ਵਿੱਥ ਕੋਈ ਨਹੀਂ ਰਹੇਗੀ।

ਜ਼ਰਾ ਵਿਚਾਰ ਕਰੋ, ਤੁਸੀਂ ਕਦੇ ਮਿੱਠਾ ਮਿੱਠਾ ਸੰਗੀਤ ਸੁਣਕੇ ਸੁਖੀ ਹੋਏ ਹੋ ? ਪਰ ਪਤਾ ਜੇ ਕਿ ਕਿਨ੍ਹਾਂ ਦੁਖਾਂ ਨਾਲ ਓਹ ਗਵੱਯੇ ਨੇ ਸਿੱਖਿਆ ਹੈ? ਉਸਦੇ ਦੁੱਖ ਉਸ ਨੂੰ ਸੰਗੀਤ ਦੀਆਂ ਮਧੁਰ ਧੁਨਾਂ ਦੇ ਸੁਖਾਂ ਵਿਚ ਲੈ ਗਏ। ਉਸਦੀ ਕਸਰਤ ਦੇ ਦਿਨਾਂ ਵਿਚ ਜੋ ਪੀੜਾ ਹੋ ਰਹੀ ਸੀ ਤੁਹਾਨੂੰ ਦੁਖ ਰੂਪ ਦਿੱਸ ਰਹੀ ਸੀ ਪਰ ਓਹ ਪਰਮ ਰਸ ਰੂਪੀ ਸੁਖ ਨੂੰ ਜਨਮ ਦੇ ਰਹੀ ਸੀ।

ਧ: ਸਿੰਘ–ਮੈਂ ਸਭ ਕੁਛ ਸਮਝ ਤਾਂ ਲਿਆ ਹੈ, ਆਪ ਤਾਂ ਕੋਈ ਪਾਰਗਿਰਾਮੀ ਹੋ, ਐਸੀ ਸੁੰਦਰ ਸੋਝੀ ਦਿੱਤੀ ਨੇ, ਪਰ ਜੀਓ, ਸਭ ਕੁਛ ਸਮਝਕੇ ਬੀ ਜੀ ਚੁਰਾਉਂਦਾ ਹੀ ਹੈ ਦੁੱਖਾਂ ਤੋਂ।

ਸਿੰਘ–ਭਾਈ ਧਰਮ ਸਿੰਘ ਜੀ ! ਇਕ ਵੀਚਾਰ ਕਰੋ ਮਨ ਚਿਤ ਏਕਾਗਰ ਕਰਕੇ। ਇਹ ਗਲ ਜੋ ਮੈਂ ਕਹਿਣ ਲੱਗਾ ਹਾਂ ਡਾਢੀ ਡੂੰਘੀ ਸਮਝ ਤੇ ਕਰੜੇ ਤਜਰਬੇ ਦੀ ਹੈ। ਭਲਾ ਜੇ ਤਹਾਨੂੰ ਲਗਾਤਾਰ ਅਖੰਡ ਤੁਹਾਡੀ ਮਨ ਮਰਜ਼ੀ ਦਾ ਸੁਖ ਦਿੱਤਾ ਜਾਵੇ ਕਿ ਸੁਖ ਦੁਆਲੇ ਹੋ ਜਾਵੇ, ਯਾ ਸਮਝੋ ਕਿਸੇ ਆਦਮੀ ਨੂੰ ਉਸ ਦੀ ਇੱਛਾ ਮੁਜਬ ਪੂਰਨ ਸੁਖ ਉਸਨੂੰ ਲਗਾਤਾਰ ਮਿਲ ਜਾਣ, ਤੁਸੀਂ ਸਮਝਦੇ ਹੋ ਕਿ ਉਹ ਲਗਾਤਾਰ ਸੁਖ ਨੂੰ ਝੱਲ ਸਕੇਗਾ ?

ਧਰਮ ਸਿੰਘ ਜੀ ਸੁਣਕੇ ਧਯਾਨ ਮਗਨ ਹੋ ਗਏ। ਕਿੰਨਾ ਚਿਰ ਸੋਚ ਵਿਚ ਸੁਖ ਦਾ ਨਕਸ਼ਾ ਅੱਖਾਂ ਅੱਗੇ ਬੰਨ੍ਹ ਕੇ ਖੜੇ ਰਹੇ। ਸਿੰਘ ਨੇ ਬੀ ਨਾ ਹਿਲਾਇਆ। ਕੁਛ ਚਿਰ ਮਗਰੋਂ ਆਪ ਨੇ ਨੈਣ ਖੁਹਲੇ, ਬੜਾ ਲੰਮਾ ਤੇ ਠੰਢਾ ਸਾਹ ਲੈਕੇ ਬੋਲੇ:–ਮੈਂ ਅੱਖਾਂ ਅੱਗੇ ਸਾਰੀ ਖੇਲ ਆਂਦੀ ਹੈ। ਆਪ ਨੇ ਡਾਢੇ ਮਰਮ ਵਾਲੇ ਥਾਂ ਤੇ ਮੇਰੀ ਨਜ਼ਰ ਪੁਆਈ ਹੈ। ਸੱਚ ਹੈ, ਲਗਾਤਾਰ ਅਖੰਡਾਕਾਰ ਸੁਖ ਦਾ ਜਾਰੀ ਰਹਿਣਾ ਬੀ ਸਾਨੂੰ ਉਕਤਾ ਦੇਵੇਗਾ, ਘਬਰਾ ਦੇਵੇਗਾ ਅਰ ਵਟਾਉ ਦੇ ਪੱਖ ਵਲ ਧਿਆਨ ਨੂੰ ਲਿਜਾਵੇਗਾ, ਅੰਤ ਸੁਖ ਦੀ ਲਗਾਤਾਰਤਾ ਅਸਹਿ ਹੋ ਜਾਵੇਗੀ। ਸਾਡਾ ਸੁਭਾਉ

ਜੁ ਵਟਾਉ ਸਟਾਉ ਦਾ ਆਦਤਗੀਰ ਹੋਇਆ।

ਧਰਮ ਸਿੰਘ–ਇਸੇ ਕਰਕੇ ਸ਼੍ਰੀ ਗੁਰੂ ਜੀ ਨੇ ਫੁਰਮਾਇਆ ਹੈ 'ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥' ਮਨੁਖ ਨੂੰ ਚਾਹੀਏ ਕਿ–

ਸੁਖ ਦੇ ਮਗਰ ਸ਼ੁਦਾਈ ਨਾਂ ਹੋਵੇ,
ਦੁਖ ਦਾ ਭੈ ਨਾ ਕਰੇ।

ਜਿਉਂ ਜਿਉਂ ਦੋਵੇਂ ਆਉਣ, ਕਪੜੇ ਬਦਲਣ ਵਾਂਙੂ ਉਨ੍ਹਾਂ ਨੂੰ ਸਮਝੇ। ਮਨ ਸਾਡੇ ਦੀ ਬਣਤਰ ਐਸੀ ਹੈ ਕਿ ਉਹ ਇਕ ਰਸ ਸੁਖ ਦੀ ਤਾਬ ਬੀ ਨਹੀਂ ਰੱਖਦਾ ਤੇ ਨਾਹੀਂ ਦੁਖਾਂ ਦੀ ਲਗਾਤਾਰ ਝਾਲ ਝੱਲ ਸਕਦਾ ਹੈ। ਸਿੱਟਾ ਹੁਣ ਕੀਹ ਹੋਇਆ ? ਦੁਖ ਸੁਖ ਨੂੰ ਕਪੜੇ ਵਟਾਉਣ ਵਾਙੂ ਸਮਝਣਾ। ਦੇਖੋ ਸਜਣ ਜੀ ਹੁਣ ਸਾਡੇ ਅੰਦਰ ਦੀ ਮੱਝੀ ਨੇ ਕੈਸਾ ਵਟਾਉ ਖਾਧਾ ਹੈ ਸੁਖ ਦੁਖ ਨੂੰ ਸਮਝਣ ਵਿਚ। ਹੁਣ ਤੁਸੀਂ ਸਮਝ ਜਾਓਗੇ ਕਿ ਪ੍ਰਭਾਤੀ ਰਾਗ ਵਿਚ ਆਦਿ ਪਾਤਸ਼ਾਹੀ ਨੇ ਇਹ ਤੁਕ ਕਿਉਂ ਲਿਖੀ ਸੀ, 'ਦੂਖਾ ਤੇ ਸੁਖ ਊਪਜਹਿ ਸੁਖੀ ਹੋਵਹਿ ਦੂਖ ॥' ਤੇ ਫੇਰ ਮਲਾਰ ਰਾਗ ਵਿਚ ਫੁਰਮਾਯਾ ਸਾਨੇ:–'ਦੁਖ ਸੁਖ ਦੋਊ ਸਮ ਕਰਿ ਜਾਨੈ'।

ਪਧਾਰੋ ਜੀਓ ! ਮਨ ਵਿਚ ਮੈਲਾਂ ਹਨ। ੧. ਭੋਗੇ ਪਦਾਰਥਾਂ ਦੀ 'ਰਸ-ਟੋਟ' ਦੀ ਤਰ੍ਹਾਂ ਦੀ ਅੰਦਰ ਇਕ ਮੈਲ ਹੁੰਦੀ ਹੈ। ੨ ਅਨ ਭੋਗਿਆਂ ਲਈ ਤ੍ਰਿਸ਼ਨਾਂ ਦੀ ਅੰਦਰ ਮੈਲ ਹੁੰਦੀ ਹੈ। ੩. ਸੁਖ ਦੀ ਪਕੜ ਦੀ ਤੀਸਰੀ ਮੈਲ ਹੈ ਜੋ ਅੰਦਰ ਰਾਗ ਰੂਪ ਲੈਕੇ ਬੈਠੀ ਹੈ। ੪. ਦੁਖ ਤੋਂ ਨਫਰਤ ਦੀ ਚੌਥੀ ਮੈਲ ਹੈ ਜੋ ਦ੍ਵੈਖ ਦਾ ਰੂਪ ਲੈਕੇ ਬੈਠੀ ਹੈ। ੫. ਸੰਸੇ ਬ੍ਰਿਤੀ ਦਾ ਬੇ-ਟਿਕਾਣਾ ਪਨ ਇਕ ਹੋਰ ਮੈਲ ਹੈ ਜੋ ਵਿਵੇਕ ਵਿਚਾਰ ਦੇ ਰਸਤੇ ਪਾਕੇ ਫਿਰ ਅਗੇ ਨਹੀਂ ਚੜ੍ਹਨ ਦੇਂਦੀ ਤੇ ਅਪਣੇਵਿਚਹੀ ਫੜਬਹਾਂਦੀ ਹੈ,–ਸਹਸ ਜੀਉ ਮਲੀਨ ਹੈ–ਸਤਿਗੁਰ ਵਾਕ ਹੈ। ੬. ਛੇਵੀਂ ਮੈਲ ਹੈ, ਮੈਂ ਮੈਂ ਦੀ, ਹਉਂ ਨੂੰ ਹਉਂ ਵਿਚ ਪ੍ਰਤੀਤ ਕਰਕੇ ਹਉਂ ਵਿਚ ਗਰਬੇ ਰਹਿਣ ਦੀ। ਇਸ ਤਰ੍ਹਾਂ ਦੀਆਂ ਸੂਖਮ ਮੈਲਾਂ ਕਈ ਹਨ। ਮਨ ਇਨ੍ਹਾਂ ਦੇ ਹਨੇਰੇ ਵਿਚ ਦੁਖ ਸੁਖ ਦੀ ਅਸਲੀ ਪਰਖ ਤੋਂ ਅਗਯਾਨ ਵਿਚ ਹੈ। ਇਸ ਹਨੇਰੇ ਨੂੰ ਨਿਵਾਰਨ ਲਈ ਹੀ ਹੁਕਮ ਇਹ ਹੈ–ਆਸ ਅੰਦੇਸੇ ਤੇ ਨਿਹਕੇਵਲ ਹਉਮੈ ਸਬਦ ਜਲਾਏ। [ਆ: ਵਾ: ਮਾ: ੧] ਮਨ ਵਿਚ ਨਿਵਾਸ ਹੈ ਆਸ ਅੰਦੇਸੇ ਦਾ, ਬੁੱਧੀ ਵਿਚ ਨਿਵਾਸ ਹੈ ਸੰਸੇ ਦਾ, ਅੰਦਰਲੇ ਅਹੰ ਵਿਚ ਨਿਵਾਸ ਹੈ ਹਉਮੈ-ਹੰਕਾਰ ਦਾ। ਕਿਉਂਕਿ ਪਰਖ ਦੇ ਘਰ ਜਾ ਕੇ ਬੁੱਧੀ ਨੇ ਸੰਸੇ ਦੂਰ ਕਰ ਕੇ ਨਿਸ਼ਚੇ ਵਿਚ ਟਿਕਣਾ ਹੈ, ਫੇਰ ਮਨ ਨੇ ਇਸ ਦੇ ਮਗਰ ਲਗ ਕੇ ਵਾਹਿਗੁਰੂ ਪ੍ਰੇਮ ਵਿਚ ਲਗ ਪੈਣਾ ਹੈ, ਅਹੰ ਨੇ ਸਾਈਂ ਸਮਰਪਨ ਹੋ ਕੇ ਵਿੱਥ ਮੇਟ ਲੈਣੀ ਹੈ। ਇਸ ਪਰਖ ਦੀ ਪ੍ਰਾਪਤੀ ਦਾ ਸਾਧਨ 'ਨਾਮ' ਦੱਸਿਆ ਹੈ–'ਹਰਿ ਕਾ ਨਾਮ ਮਨ ਵਸਾਏ'। ਨਾਮ ਮਿਲਨਾ ਹੈ ਸਤਿਸੰਗ ਨਾਲ। ਸੋ ਸਤਿਸੰਗ ਨੇ ਨਾਮ ਦੇ ਰਸਤੇ ਪਾਉਣਾ ਹੈ, ਨਾਮ ਨੇ ਮੈਲ ਕੱਟਣੀ ਹੈ। ਨਾਮ ਹੈ ਵਾਹਿਗੁਰੂ। ਵਾਹਿਗੁਰੂ ਹੈ ਸਿਫਤ ਸਲਾਹ। ਸਿਫਤ ਸਲਾਹ ਨੇ ਅੰਦਰ ਨੂੰ ਉੱਚਾ ਕਰਨਾ ਹੈ ਵਿਸਮਾਦ ਵਿਚ, ਵਿਸਮਾਦ ਵਿਚ ਗੋਤਿਆਂ ਨੇ ਜਾਚਦੇਣੀ ਹੈ ਸੱਤ੍ਰਿ ਅਸੱਤ੍ਰਿ ਦੀ। ਇਸੇਨੇ ਮਨ ਨੂੰ ਰਸਮਯ ਤੇ ਤਨ ਨੂੰ ਪ੍ਰਫੁੱਲਤ ਕਰਨਾ ਹੈ*। ਅਸੱਤ੍ਰਿ-ਨਾਸ਼ਵਾਨ-ਦੀ ਕੀਮਤ ਫਿਰ ਸਾਡੇ ਅੰਦਰੋਂ ਘਟ ਜਾਣੀ ਹੈ। ਸੱਤ੍ਰਿ ਵਸਤੂ ਨੇ ਬੇਸ਼ ਕੀਮਤ ਤੇ ਅਮੋਲਕ ਜਚਣਾ ਹੈ। ਤਦੋਂ ਦਿੱਸੇਗਾ ਕਿ ਜਿਸ ਨੂੰ ਸੁਖ ਸਮਝਦੇ ਸਾਂ ਉਹ ਅਤੇ ਜਿਸ ਨੂੰ ਦੁਖ ਸਮਝਦੇ ਸਾਂ ਉਹ ਦੁਏ ਕੀਹ ਹਨ। ਤਦੋਂ ਪਰਮ ਸੁਖ ਫਿਰ ਅਬਿਨਾਸ਼ੀ ਸੁਖ ਵਿਚ ਦਿੱਸੇਗਾ। ਅਬਿਨਾਸ਼ੀ ਸੁਖ ਅਬਿਨਾਸ਼ੀ ਦੇ ਪਿਆਰ ਤੇ ਪ੍ਰਾਪਤੀ ਵਿਚ ਜਚੇਗਾ†। ਜਿਨ੍ਹਾਂ ਗਲਾਂ ਵਿਚ ਪਹਿਲੇ ਸੁਖ ਵੇਖਦੇ ਸਾਂ ਉਨ੍ਹਾਂ ਵਿਚ ਦੁਖ ਦਿਸੇਗਾ। ਹਾਂ, ਫੇਰ ਦਿਸੇਗਾ।

'ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥'

ਹਾਂ ਤਦੋਂ ਸਮਝ ਪਵੇਗੀ:–

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥
[ਮਲਾਰ ਵਾਰ ਮਃ ੧

ਤਾਂ ਫੇਰ ਪਤਾ ਲੱਗੇਗਾ:–

ਦੁਖੁ ਤਦੇ ਜਾ ਵਿਸਰਿ ਜਾਵੈ ॥ [ਮਾਝ ਮਃ ਪ

ਕੀ ਵਿਸਰਹਿ ਦੁਖੁ ਬਹੁਤਾ ਲਾਗੈ ਦੁਖੁ ਲਾਗੈ ਭੂੰ ਵਿਸਰੁ ਨਾਹੀ ॥ [ਆਸਾ ਮਃ ੧

ਫਿਰ ਸਮਝ ਆਵੇਗੀ ਕਿ ਅਸਾਂ ਦੁਖਾਂ ਨੂੰ ਦਲਨਾ ਹੈ। ਸੁਖਾਂ ਦੀ ਤ੍ਰਿਸ਼ਨਾ ਵਿਚ ਕਮਜ਼ੋਰ ਨਹੀਂ ਹੋਣਾ। 'ਦੁਖੁ ਦਾਰੂ ਸੁਖੁ ਰੋਗੁ ਭਇਆ' ਦੀ ਤਦੋਂ ਸੋਝੀ

*ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥
†ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
[ਆਸਾ ਮ: ੧

ਆਵੇਗੀ। ਹਾਂ, ਤਦੋਂ ਪਤਾ ਲਗੇਗਾ ਕਿ ਸਾਡਾ ਕੰਮ ਹੈ:–ਭਾਂਤ ਅਨੇਕ ਦੁਖਨ ਸੋ ਦਲਹੀ।

ਧ: ਸਿੰਘ–ਫੇਰ ਸੁਖ ਦੀ ਵਾਸ਼ਨਾ ਹੀ ਨਾ ਰਹੇ।

ਸਿੰਘ–ਮੁੱਖ ਗੱਲ ਹੈ, ਇਸ ਸੁਖ ਦੁਖ ਦੀ ਠੀਕ ਪਰਖ ਸਿਖਾਉਣੀ ਜੋ ਨਾਮ ਨਾਲ ਹੋਣੀ ਹੈ। ਜਿਨ੍ਹਾਂ ਗੱਲਾਂ ਨੂੰ ਆਮ ਤੌਰ ਤੇ ਸੁਖ ਦੁਖ ਸਮਝਿਆ ਜਾਂਦਾ ਹੈ ਉਨ੍ਹਾਂ ਵਲ ਇਹ ਰੁਖ਼ ਰੱਖਣਾ ਚਾਹੀਏ:–

ਸੁਖ ਦੀ ਆਸ ਨਾ ਕਰਨੀ, ਦੁਖਤੋਂ ਭੈ ਨਾ ਖਾਣਾ।
ਸੁਖ ਆਵੇ ਤਾਂ ਮਦਮੱਤੇ ਨਹੀਂ ਹੋਣਾ, ਨਾਮ ਜਪਣਾ ਤੇ ਭਲਾ ਕਰਨਾ। ਦੁਖ ਆਵੇ ਤਾਂ ਨਾਮ ਜਪਣਾ ਤੇ ਦੁਖਾਂ ਨੂੰ ਦਲਨਾ। ਬ੍ਰਿਤੀ ਨੂੰ ਢਹਿੰਦੀਆਂ ਕਲਾਂ ਵਿਚ ਨਾ ਜਾਣ ਦੇਣਾ। ਅਤੇ 'ਨਾਮ' ਵਿਚ ਲੱਗ ਕੇ ਵਾਪਰ ਰਹੇ ਦੁਖਾਂ ਤੋਂ ਬਨਾਂ ਨੂੰ ਨਹੀਂ ਭੱਜਣਾ! ਵਿੱਚੇ ਰਹਿਕੇ ਜਗਤ ਦੀ ਜਲ-ਪਛਾੜ ਸਹਿਕੇ ਅਡੋਲ ਟਿਕਣਾ। 'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲ ਰਹੈ ਵਿਚਿ ਪਾਣੀ ਹੈ'॥

੫.

ਧਰਮ ਸਿੰਘ ਜੀ ਦੀ ਬੜੀ ਨਿਸ਼ਾ ਹੋਈ। ਪਰ ਸਤਿਗੁਰਾਂ ਨਾਲ ਬੜਾ ਪ੍ਰੇਮ ਹੋਣ ਕਰਕੇ ਉਨ੍ਹਾਂ ਦੇ ਦੁਖ ਨੂੰ ਉਹ ਅਪਣਾ ਦੁਖ ਅਨੁਭਵ ਕਰ ਰਹੇ ਸਨ। ਇਤਨੀ ਬਾਤਚੀਤ ਦੇ ਅਸਰ ਨੇ ਤਬੀਅਤ ਬਦਲ ਤਾਂ ਦਿੱਤੀ ਪਰ ਮਰਮੀ ਹਮਦਰਦੀ ਦੇ ਕਾਰਨ ਫੇਰ ਅਵਾਜ਼ ਨਿਕਲੀ:–ਸਿੰਘ ਜੀ! ਗੁਰੂ ਸਾਹਿਬ ਸਮਰੱਥ ਹਨ। ਏਹ ਦੁਖ ਅਪਣੇ ਤੇ ਨਾ ਲੈਂਦੇ ਤਦ ਸਾਡੇ ਤੇ ਮਿਹਰ ਹੁੰਦੀ, ਅਸੀਂ ਉਨ੍ਹਾਂ ਦੇ ਦੁਖ ਨਾਲ ਪੀੜਤ ਨਾ ਹੁੰਦੇ। ਦੁੱਖਾਂ ਦੇ ਮੂੰਹ ਸਾਨੂੰ ਦੇ ਦੇਂਦੇ ਓਹ ਆਪ ਤਾਂ ਸੁਖੀ ਰਹਿੰਦੇ! ਉਨ੍ਹਾਂ ਦਾ ਤਾਂ ਸੁਖ ਦੁਖ ਉਤੇ ਹੁਕਮ ਹੈ।

ਸਿੰਘ ਜੀ ਹੱਸੇ ਤੇ ਆਖਣ ਲਗੇ 'ਤੁਸਾਂ ਡਾਢੇ ਡੂੰਘੇ ਪਿਆਰ ਦੀ ਗੱਲ ਆਖੀ ਹੈ। ਸਤਿਗੁਰ ਸਮਰੱਥ ਹਨ ਤੇ ਮੇਰੇ ਵਰਗੇ ਹਜ਼ਾਰਾਂ ਉਨ੍ਹਾਂ ਦੇ ਹੁਕਮ ਵਿਚ ਹਨ। ਮੈਂ ਇਕੱਲਾ ਉਸ ਵੇਲੇ ਵੈਰੀ ਦਲ ਨੂੰ ਨਸਾ ਸਕਦਾ ਸਾਂ*, ਪਰ ਸਤਿਗੁਰ ਨੇ ਆਪਣੀ ਰੂਹਾਨੀ ਤਾਕਤ ਨੂੰ ਵਰਤਿਆ ਨਹੀਂ।'

ਧਰਮ ਸਿੰਘ–ਕਿਉਂ?

ਸਿੰਘ–ਇਸ ਲਈ ਕਿ ਆਪ ਨੇ ਇਹ ਇਕ ਮਨੁੱਖ-ਨਾਟ ਰਚਾਇਆ ਹੈ। ਆਪ ਨੇ ਕੁਛ ਸਮੇਂ ਬਾਦ ਸੱਚ ਖੰਡ ਚਲੇ ਜਾਣਾ ਹੈ। ਪੰਥ ਨੂੰ ਉਨ੍ਹਾਂ ਨੇ ਬਲ ਦੇਕੇ ਉੱਚਿਆਂ ਕਰਨਾ ਹੈ, ਪਰਜਾ ਜੋ ਨਿਤਾਣੀ ਹੋਕੇ ਦੁਖ ਪਾ ਰਹੀ ਹੈ ਉਸ ਨੂੰ ਉਚਿਆਂ ਕਰਨਾ ਹੈ ਕਿ ਇਹ ਤਾਕਤਵਰ ਹੋਕੇ ਸੁਤੰਤ੍ਰ ਹੋ ਜਾਏ। ਇਹ ਦੁਖਾਂ ਦੀ ਦਬੇਲ ਨਾ ਰਹੇ, ਮਜ਼ਲੂਮ ਤੇ ਸਿਤਮ ਰਸੀਦਾ ਨਾ ਰਹੇ ਸਗੋਂ ਬਲ ਪਕੜੇ। ਹਾਂ, ਇਹ ਗ਼ੁਲਾਮੀ ਦੇ ਸੁਖਾਂ ਨੂੰ ਪਿਆਰ ਨਾ ਕਰੇ, ਆਜ਼ਾਦੀ ਦੇ ਦੁੱਖਾਂ ਨੂੰ ਮਿੱਠੇ ਕਰਕੇ ਬਲਵਾਨ ਹੋ ਜਾਵੇ। ਗ਼ੁਲਾਮੀ ਤੇ ਆਜ਼ਾਦੀ–ਮਨ ਦੀ, ਸਰੀਰ ਦੀ, ਦੇਸ਼ ਦੀ। ਦੁੱਖ ਜਦ ਪੈਂਦਾ ਹੈ ਤਾਂ ਕਮਜ਼ੋਰ ਕਰਦਾ ਹੈ, ਕਿਉਂਕਿ ਦੁੱਖ ਅਗੇ ਦਿਲ ਹਾਰ ਦੇਈਦਾ ਹੈ। ਦੁਖ ਨੂੰ ਝੱਲਣਾ ਤੇ ਹਾਰਨਾ ਨਾ, ਅਤੇ ਦੁੱਖ ਨੂੰ ਨੇਹਣਨਾ ਤੇ ਟਾਕਰਾ ਕਰਨਾ ਸਾਨੂੰ ਬਲੀ ਬਣਾਉਂਦਾ ਹੈ। ਸਭ ਤੋਂ ਵਡਾ ਬਲ ਹੈ 'ਆਤਮਿਕ ਤੇ ਮਾਨਸਿਕ ਬਲ' ਜੇ ਹੁਣ ਗੁਰੂ ਜੀ ਆਤਮ ਸ਼ਕਤੀ ਨਾਲ ਸੁਖ ਹੀ ਮਾਣੀ ਜਾਣ ਤੇ ਦੁਖ ਪਰੇ ਰੱਖੀ ਜਾਣ ਤਾਂ ਇਨਸਾਨ ਅਪਣੇ ਵਿਚ ਮਾਨਸਕ ਤੇ ਸਰੀਰਕ ਬਲ ਕਿੱਥੋਂ ਭਰੇ ਤੇ ਕਿਥੋਂ ਸਿੱਖੇ? ਇਸ ਕਰਕੇ ਸ੍ਰੀ ਗੁਰੂ ਜੀ ਅਪਣੇ ਆਪ ਨੂੰ ਮਨੁੱਖੀ ਹਦ ਵਿਚ ਰਖਕੇ ਮਨੁੱਖੀ ਬਲ ਤੇ ਬੁੱਧੀ ਨਾਲ ਕਸ਼ਟਾਂ ਦਾ ਮੁਕਾਬਲਾ ਕਰਦੇ ਰਹੇ ਹਨ ਤੇ ਏਹੋ ਜਾਚ ਸਿੱਖਾਂ ਨੂੰ ਸਿਖਾਲਦੇ ਰਹੇ ਹਨ। ਸਿੱਖ ਦੁੱਖ ਦੇ ਸਾਹਮਣੇ ਕੀਕੂੰ ਡਟੇ, ਕੀਕੂੰ ਤਸਦੀਹੇ ਦੇਗੇ ਇਹ ਜਾਚ ਸਿੱਖਾਂ ਨੂੰ ਸਿਖਾਉਣੀ ਸੀ। ਕੀਕੂੰ ਸਿੱਖ ਕਸ਼ਟ, ਭੁਖ, ਵਿਛੋੜੇ, ਮੌਤਾਂ, ਜ਼ਖਮ, ਰੋਗ ਆਦਿ ਆਪਣ ਤੇ ਲਵੇ ਤੇ ਫੇਰ ਡਰੇ ਨਾ, ਝਿਜਕੇ ਨਾ, ਆਪਣੇ ਆਦਰਸ਼ ਵਿਚ ਆਪਣੇ ਅਸੂਲ ਪਰ ਖੜਾ ਰਹੇ ਤੇ ਮੁਕਾਬਲੇ ਵਿਚ ਪੈਰ ਪਿੱਛੇ ਨਾ ਪਾਵੇ ਤੇ ਇਸ ਨੂੰ ਸਮਝੇ ਕਿ ਸੁਖ ਹੈ, ਤਾਂ ਹੀ ਉਹ ਜਗਤ ਵਿਚ ਸੁਖੀ ਤੇ ਸੁਤੰਤ੍ਰ ਹੋ ਸਕਦਾ ਹੈ। ਇਸ ਕਰਕੇ ਉਹਨਾਂ ਨੇ ਇਨਸਾਨ ਵਾਂਙ ਦੁਖਾਂ ਵਿਚ ਖੜੋਕੇ, ਦੁੱਖਾਂ ਦੀ ਨੈਂ ਤਰਕੇ, ਦੁੱਖਾਂ ਨਾਲ ਟਾਕਰੇ ਕਰਕੇ ਨਮੂਨਾ ਕਾਇਮ ਕਰ ਦਿੱਤਾ ਹੈ ਕਿ ਮੁਸ਼ਕਲਾਂ ਤੇ

*ਕਵਿ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਹ ਸ਼ਹੀਦ ਸਿੰਘ ਜੀ ਗੁਪਤ ਸੰਸਾਰ ਵਿਚੋਂ ਪ੍ਰਤੱਖ ਰੂਪ ਧਾਰੀ ਹੋਕੇ ਧਰਮ ਸਿੰਘ ਜੀ ਨੂੰ ਸੰਸੇ ਰਹਿਤ ਕਰਨ ਆਏ ਸਨ ਤੇ ਉਨ੍ਹਾਂ ਧਰਮ ਸਿੰਘ ਨੂੰ ਆਪਾ ਦਿਖਾ ਭੀ ਦਿਤਾ ਸੀ।

ਦੁਖਾਂ ਦੇ ਸਾਹਮਣੇ ਇਕ ਜੀਉ ਪਏ ਇਨਸਾਨ ਨੇ ਕਿਵੇਂ ਕੰਮ ਕਰਨਾ ਹੈ। ਜੇ ਇਨਸਾਨ ਨੂੰ ਇਨਸਾਨੀ ਨੁਕਤਾ ਨਿਗਾਹ ਤੋਂ ਇਨਸਾਨੀ ਬਲ ਪ੍ਰਾਕ੍ਰਮ ਦੇ ਟਿਕਾਣੇ ਤੋਂ, ਇਨਸਾਨੀ ਬੁੱਧੀ ਦੇ ਧ੍ਰੁਵੇ ਤੋਂ ਦੁਖ ਦੇ ਟਾਕਰੇ ਦੀ ਜਾਚ ਨਾ ਸਿਖਾਉਣ ਤੇ ਆਪ ਨਮੂਨਾ ਬਣਕੇ ਨਾ ਦੱਸਣ ਤਾਂ ਇਨਸਾਨ ਵਿਚ ਬਲ, ਬੁੱਧ, ਧੈਰਯ, ਹੌਸਲਾ ਤੇ ਕੁਰਬਾਨੀ ਦਾ ਮਾਦਾ ਕੀਕੂੰ ਤ੍ਰੁੱਕੀ ਕਰੇ ਤੇ ਕੁਰਬਾਨੀ ਦਾ ਉਦੇਸ਼ ਤੇ ਆਦਰਸ਼ ਸਿੱਖਾਂ ਵਿਚ ਪਰਵੇਸ਼ ਕੀਕੂੰ ਕਰੇ। ਹੁਣ ਤੁਸਾਂ ਦੇਖਣਾ ਹੈ ਕਿ ਇਹ ਰੱਲ ਸਾਰਿਆਂ ਸਿਖਾਂ ਦੀ ਸਮਝ ਵਿਚ ਆ ਜਾਵੇਗੀ।

ਸਿਖਾਂ ਨੇ ਸੱਚੇ ਪਾਤਸ਼ਾਹ ਦੇ ਪਰਲੋਕ ਆ ਜਾਣ ਮਗਰੋਂ ਓਹ ਕਾਰਨਾਮੇ ਕਰਨੇ ਹਨ ਕਿ ਦੁਨੀਆਂ ਦੰਗ ਰਹੇਗੀ। ਇਹ ਮਾਨੁੱਖੀ ਨੁਕਤੇ ਤੋਂ ਝੱਲੇ ਦੁਖ ਤੇ ਝੱਲ ਕੇ ਨਾ ਹਾਰੇ ਹੌਸਲੇ ਪੰਥ ਵਿਚ ਆਦਰਸ਼ ਬਣ ਗਏ ਹਨ ਕਦੇ ਬੀ ਦਿਲਝਵੀਂ ਨਾ ਖਾਣ ਦੇ, ਕਦੇ ਨਾ ਪਿਛੇ ਹਟਣ ਦੇ, ਕਦੇ ਨਾ ਦੁਖਾਂ ਨਾਲ, ਨਿਰਾਸਤਾਈਆਂ ਨਾਲ ਟਾਕਰਾ ਕਰਨੋ ਕਾਂਪ ਖਾਣ ਦੇ। ਤੁਸੀਂ ਦੇਖੋਗੇ, ਇਕ ਜ਼ਮਾਨਾ ਦੇਖੇਗਾ! ਗੁਰੂ ਗੋਬਿੰਦ ਸਿੰਘ ਜੀ ਨੇ ਇਨਸਾਨੀ ਨਾਟ ਕਰਕੇ, ਇਨਸਾਨੀ ਤ੍ਰੀਕੇ ਨਾਲ ਆਪਣੇ ਉਤੇ ਦੁਖ ਭੋਗਝਾਗ ਕੇ ਇਨਸਾਨ ਨੂੰ ਜਾਚ ਸਿਖਾ ਦਿੱਤੀ ਹੈ ਦੁਖਾਂ ਦੇ ਅਗੇ ਬਲ ਨਾਲ ਟਾਕਰਾ ਕਰਨ ਦੀ ਤੇ ਕਦੇ ਨਾ ਹਾਰਨ ਦੀ। ਜਿਸ ਨੂੰ ਜਗਤ ਹਾਰ ਕਹੇਗਾ, ਸੱਤਿ ਤੇ ਡਟਿਆ ਸਿੱਖ ਅਜਿੱਤ ਸੂਰਮਾ ਹੋਕੇ ਉਸ ਵੇਲੇ ਬੀ ਕਾਂਪ ਨਹੀਂ ਖਾਵੇਗਾ, ਹਾਰ ਨਹੀਂ ਸਮਝੇਗਾ।

ਧਰਮ ਸਿੰਘ–ਠੀਕ।" "ਠੀਕ।

ਇਸ ਤਰ੍ਹਾਂ ਕੁਛ ਹੋਰ ਗੱਲਾਂ ਬਾਤਾਂ ਕਰਕੇ ਤੇ ਧਰਮ ਸਿੰਘ ਜੀ ਦੀ ਤਸੱਲੀ ਕਰਕੇ ਸਿੰਘ ਜੀ, ਜੋ ਲਿਖਿਆ ਹੈ ਕਿ ਸ਼ਹੀਦ ਸਿੰਘ ਸਨ ਫਤੇ ਗਜ਼ਾਕੇ ਜਿਥੇ ਸਨ ਓਥੇ ਹੀ ਲੋਪ ਹੋ ਗਏ ਤੇ ਧਰਮ ਸਿੰਘ ਜੀ ਨੇ ਸਤਿਗੁਰਾਂ ਦੇ ਜਾ ਦਰਸ਼ਨ ਕੀਤੇ ਤੇ ਪ੍ਰਸ਼ਾਦ ਅਗੇ ਧਰਿਆ।

ਗੀਤ।

ਸਿਰ ਭੇਟਾ ਚਾ ਧਰੀਏ।

ਵਿਖਮ ਪਦ–ਦਰਸ਼ਨ ਚੱਲ ਆਨੰਦਪੁਰ ਕਰੀਏ!

ਦਲੋ ਸਹੀਓ! ਆਨੰਦ ਪੁਰ ਚਲੀਏ
ਦਰਸ਼ਨ ਕਰ ਕਰ ਠਰੀਏ।
ਝਿੰਮਣੀਆਂ ਦੇ ਝਾੜੂ ਕਰਕੇ
ਥਾਂ ਥਾਂ ਪਏ ਸੰਥੱਰੀਏ।
ਚਰਨ ਛੋਹ ਵਰੁਸਾਇਆ ਕਿਣਕਾ
ਕਿਣਕਿਆਂ ਵਿਚ ਢੁੰਡੱਰੀਏ।
ਕਰ ਸੁਰਮਾ ਅੱਖੀਂ ਵਿਚ ਪਾਈਏ
ਦਿਲ ਅੰਧੇਰਾ ਹਰੀਏ।
ਇਸ ਦੇਸ਼ਨ ਦਿਲ ਨਾਲ ਸਖੀ!
ਗੁਰ ਗੋਬਿੰਦ ਸਿੰਘ ਸਿਮੱਰੀਏ।
ਸਿਮਰ ਸਿਮਰ ਸ੍ਵਾਮੀ ਗੁਰ ਅਪਨਾ
ਨੈਂ ਸਮਿਆਂ ਦੀ ਤਰੀਏ।
ਦਰਸ ਸੁਹਾਵੇ ਸੈ ਵਰ੍ਹਿਆਂ ਦੇ
ਕਲਗੀਧਰ ਦੇ ਕਰੀਏ।
ਖਿਚ ਸ਼ਮਸ਼ੇਰ ਖੜੇ ਦੇ ਅੱਗੇ
ਸਿਰ ਭੇਟਾ ਚਾ ਧਰੀਏ।
ਅੰਮ੍ਰਿਤ ਦਾਤ ਮਿਲੇ ਦਾਤੇ ਤੋਂ
ਖਿੜ ਖਿੜ ਘੁਟ ਘੁਟ ਭਰੀਏ।
ਜੀਵਾਲੇ ਤਾਂ ਜੀਉ ਜੀਉ ਪਈਏ
ਮਾਰੇ ਹਸ ਹਸ ਮਰੀਏ।
ਮਰ ਕੇ ਅਮਰ, ਅਮਰ ਹੋ ਸੇਵਾ
ਕਰੀਏ, ਹਉਂ ਤੋਂ ਡਰੀਏ।
ਸੇਵਕ ਤੋਂ ਤਦ ਮਿਲੇ ਪੁੱਤ੍ਰ ਪਦ,
ਭੀ ਸੇਵਾ ਨੂੰ ਵਰੀਏ।
ਸੇਵਾ ਕਰੀਏ, ਨਾਮ ਸਿਮਰੀਏ,
ਹਉਂ ਹਰੀਏ, ਭਵ ਤਰੀਏ!
ਕਲਗੀਧਰ ਦੀ ਛੁਹ ਪਾਰਸ ਲਭ
ਕੰਚਨ ਕਾਯਾਂ ਕਰੀਏ।
ਕੰਚਨ ਕਾਯਾਂ ਕਾਲ ਨ ਗ੍ਰਾਸੇ
'ਵਾਹ ਵਾਹ' ਸਦਾ ਉਚੱਰੀਏ।

—o—

੭੯. ਚੌਧਰੀ ਸਮੀਰ*।

ਇਕ ਪਾਸੇ ਉਹ ਲਿਵਲੀਨਤਾ ਹੋਵੇ ਕਿ ਸੁਰਤ ਪ੍ਰਭੂ ਚਰਨਾਂ ਤੋਂ ਉੱਠੇ ਹੀ ਨਾ, ਦੂਏ ਪਾਸੇ ਉਹ ਪ੍ਰਵਿਰਤੀ ਹੋਵੇ, ਕਿ ਰਾਜਸੀ ਠਾਠ ਬਾਠ, ਫੌਜਾਂ, ਤੋਪਾਂ, ਜੰਗੀ ਪ੍ਰਬੰਧ ਹੋ ਰਹੇ ਹੋਣ। ਹਾਂ, ਇਕ ਪਾਸੇ ਉਹ ਕੋਮਲਤਾ ਹੋਵੇ ਕਿ ਜੋ ਅਦਭੁਤੀ ਕਵਿਤਾ ਕਰ ਰਹੀ ਹੋਵੇ, ਸ਼ਾਂਤਿ ਰਸ ਦੇ ਨਕਸ਼ੇ ਬੰਨ੍ਹ ਰਹੀ ਹੋਵੇ, ਦੂਜੇ ਪਾਸੇ ਉਹ ਬੀਰਤਾ ਹੋਵੇ ਕਿ ਔਰੰਗਜ਼ੇਬ ਵਰਗੇ ਜਰਵਾਣੇ ਨਾਲ ਜੁੱਧ ਅਖਾੜੇ ਰਚੇ ਹੋਏ ਹੋਣ। ਹਾਂ ਜੀ, ਇਕ ਪਾਸੇ ਕਵੀ ਦਰਬਾਰ ਲਗ ਰਹੇ ਹੋਣ, ਦੂਏ ਪਾਸੇ ਮੈਦਾਨੇ ਜੰਗ ਆ ਰਹੇ ਹੋਣ, ਸੱਜੇ ਹੱਥ ਫੜੀ ਹੋਵੇ ਕਲਮ ਤੇ ਡੁਬਕੇ ਲੈ ਰਹੀ ਹੋਵੇ ਦਵਾਤ ਵਿਚ ਤੇ ਖੱਬੇ ਹਥ ਵਿਚ ਹੋਵੇ ਕਮਾਨ ਤੇ ਮੋਢੇ ਪਿੱਛੇ ਭੱਥੇ ਵਿਚ ਪਏ ਤੜਫ ਰਹੇ ਹੋਣ ਤੀਰ। ਹਾਂ, ਕੌਣ ਹੋਵੇ ਉਲਟ ਵੇਗੀਆਂ ਨੂੰ ਇਕੋ ਥਾਂ ਮੇਲ ਕੇ ਰਖ ਲੈਣ ਵਾਲਾ ? ਇਕ ਪਾਸੇ ਸੰਗਤਾਂ ਦੇ ਤੁਹਫੇ ਤੇ ਭੇਟਾ ਦੇ ਅੰਬਾਰ ਲਗ ਰਹੇ ਹੋਣ, ਦੂਜੇ ਪਾਸੇ ਦਾਨ ਦਾ ਹਥ ਬਲ, ਫੌਜ, ਇਕ੍ਰਮ ਨੂੰ ਸ਼ਰਮਾ ਰਿਹਾ ਹੋਵੇ, ਹਾਂ ਲੈਣ ਨਾਲੋਂ ਦੇਣ ਵਿਚ ਉਮਾਹ ਵਧੇਰੇ ਉਛਾਲੇ ਖਾਵੇ। ਇਕ ਪਾਸੇ ਮਾਤਾ ਪਾਸ ਬੈਠੇ ਹੋਣ ਅਦਬ ਵਿਚ, ਫੇਰ ਪੁੱਤ੍ਰਾਂ ਨਾਲ ਬੈਠੇ ਹੋਣ ਪਿਆਰ ਵਿਚ, ਦੂਏ ਪਾਸੇ ਬੀਤਰਾਗ ਹੋਕੇ ਬੈਠੇ ਹੋਣ ਤੇ ਤੱਕ ਰਹੇ ਹੋਣ ਕਿ ਚੜ੍ਹ ਗਈ ਹੈ ਪਜਾਰੀ ਇਸਤ੍ਰੀ ਯੋਗੀ ਰਾਜ ਜੀਤੇ ਜੀ, ਸ਼ਹੀਦ ਹੋ ਗਏ ਹਨ ਜਿਗਰ ਦੇ ਟੋਟੇ ਅੱਖਾਂ ਦੇ ਸਾਹਮਣੇ ਟੁਕੜੇ ਹੋ ਹੋ ਕੇ ਤੇ ਸੋ ਆ ਰਹੀ ਹੋਵੇ ਕੰਨੀਂ ਛੋਟੇ ਪਜਾਰੇ ਪੁਤ੍ਰਾਂ ਦੇ ਚਿਣੇ ਜਾਣ ਤੇ ਸ਼ਹੀਦ ਕੀਤੇ ਜਾਣ ਦੀ ਤੇ ਮਾਤਾ ਜੀ ਦੀ ਸ਼ਹਾਦਤ ਦੀ, ਹਾਂ ਦੁਹਾਂ ਹਾਲਤਾਂ ਵਿਚ ਬੈਠੇ ਹੋਣ ਇਕ ਰਸ ਅਤੀਤ, ਰਸਿਕ ਬੈਰਾਗੀ ਜੀ, 'ਜਤ੍ਰ ਤਤ੍ਰ ਬਿਰਾਜ ਹੀ ਅਵਧੂਤ ਰੂਪ ਰਿਸਾਲ।' ਮੋਹ ਦੀ ਨੈਯਾਂਲੀਨ ਹੋ ਰਹੀ ਹੋਵੇ ਨਿਰਵਾਨ ਦੇ ਸਾਗਰ ਵਿਚ ਤੇ ਸੰਗਮ ਸਥਾਨ ਤੇ ਮ੍ਰਿਗਛਾਲਾ ਵਿਛਾ ਕੇ ਉਤੇ ਬੈਠ ਰਹੇ ਹੋਣ ਆਪ, ਅਨੁਰਾਗ ਰੂਪ ਤੇ ਵੈਰਾਗ ਰੂਪ ਹੋਕੇ। ਅਡੋਲ ਸਾਗਰ ਦੇ ਸੰਗਮ-ਸਥਾਨਾਂ ਤੇ ਦੁਵੱਲੀ ਮੇਲ ਵੇਲੇ ਕੱਪਰਾਂ ਦੇ ਜੋਰ ਅਸਹਿ ਹੁੰਦੇ ਹਨ, ਹਾਂ, ਉਨ੍ਹਾਂ ਤਰਲੋ ਮੱਛੀ ਹੋ ਰਹੇ ਪਾਣੀਆਂ ਉੱਤੇ ਮ੍ਰਿਗਛਾਲਾ ਡਾਹਕੇ ਅਡੋਲ ਟਿਕੇ ਹੋਏ ਹੋਣ ਐਉਂ ਜਿਵੇਂ ਟਿਕ ਰਹੇ ਹੋਣ ਤੇ ਉਚੇ ਪਹਾੜ ਹੇਮਕੁੰਟ ਦੀ ਵਾਦੀ ਵਿਚ, ਸਮਾਧੀ ਲਾਕੇ।ਹਾਂ ਜੀਉ! ਜਿਸ ਦੇ ਸਾਹਮਣੇ ਆਪਣਾ ਮੋਹਨਹਾਰ ਤੇ ਉਛਾਲਣਹਾਰ ਰੂਪ ਲੈਕੇ ਖੜੀ ਹੋਵੇ 'ਫਤਹ' ਤੇ ਨਾਲ ਖੜੀ ਹੋਵੇ'ਹਾਰ'ਅਪਣੇ ਨਿਰਾਸਤਾ ਉਦਾਸੀਆਂ ਤੇ ਗ਼ਮਾਂ ਦੇ ਸੁਰਤਨੂੰ ਡੋਗਣਹਾਰ ਦਿਲ-ਗੀਰੀਆਂ ਲੈਕੇ, ਦੁਇ ਇਲਾਹੀ ਨੈਣਾਂ ਤੇ ਆਪਣਾ ਅਸਰ ਪਾ ਰਹੀਆਂ ਹੋਣ ਦ੍ਰਿਸ਼ਟੀ ਨੂੰ ਅਸਮ (ਅ + ਸਮ) ਕਰ ਦੇਣ ਦਾ। ਹਾਂ ਉਸ ਵੇਲੇ ਦੇਖੇ ਓਹ ਇਲਾਹੀ ਨੈਣ ਦੇਖਕੇ ਇਕੋ ਮੁਸਕ੍ਰਾਹਟ ਭਰੀ ਸਮਦ੍ਰਿਸ਼ਟੀ ਨਾਲ ਤੱਕ ਰਹੇ ਹੋਣ ਦੁਹਾਂ ਨੂੰ ਅਤੇ ਅਸਮਤਾ ਵਾਲਾ ਅਸਰ ਦੁਹਾਂ ਦਾ ਨਾ ਲੈ ਰਹੇ ਹੋਣ ਪਰ ਅਪਣੇ ਜਲਾਲ ਵਾਲੇ ਮਟਕਾਰੇ ਨਾਲ ਰੰਗ ਲਾ ਰਹੇ ਹੋਣ ਦੋਹਾਂ ਨੂੰ, ਆਪਣੇ ਟਿਕਵੇਂ ਪ੍ਰਭਾਵ ਦਾ। ਜਿਸਦੇ ਅੱਗੇ ਨੀਤੀ ਵਿਛੀ ਹੋਈ ਹੋਵੇ, ਨੀਤੀ ਵਰਤਣੀ ਪਵੇ, ਨੀਤੀ ਨਾਲ ਬਨਾਵਟ ਮਿਲੀ ਹੋਈ ਵਾਲੀ ਕਾਮਯਾਬੀ, ਹੱਥ ਜੋੜੀ ਖੜੋਤੀ ਹੋਵੇ, ਇਸ ਨੂੰ ਤਾਂ ਨਾਵਰਤੇ ਪਰ ਉੱਚੀ ਅਕਲ ਦੀ ਕਮਾਨ ਤੇ ਚਾੜ੍ਹਕੇ ਤੇ ਇਖ਼ਲਾਕ ਦੀ ਸੇਧ ਵਿਚ ਰੱਖਕੇ ਨੀਤੀ ਵਰਤੇ।ਕਾਮਯਾਬੀ ਦਾ ਲੋਭ ਉਸਨੂੰ ਆਪਣੀਸੱਚ ਦੀ ਸੇਧ ਤੋਂ ਨਾ ਹਿਲਾ ਸਕੇ। ਕੋਈ ਔਕੜ, ਕੋਈ ਮੁਸ਼ਕਲ ਉਸਨੂੰ ਅਸੱਤਿ ਦੀ ਸੇਧ ਵਲ ਨਾ ਲਿਜਾ ਸਕੇ। ਫੇਰ ਉਸ ਦਾ ਇਖ਼ਲਾਕ ਹਿਸਾਬੀਆਂ ਦੀ ਮੁਰਦਾ ਗੋਣਤੀ ਵਾਲਾ ਲੇਖਾ ਪੱਤਾ ਨਾ ਹੋਵੇ, ਸਗੋਂ ਦਾਮਨਿਕ ਹੋਵੇ,—ਹਾਂ ਇਖ਼ਲਾਕ ਉਸ ਦਾ ਉਹ ਹੋਵੇ ਕਿ ਜਿਸ ਵਿਚ ਜਿੰਦ ਹੋਵੇ ਧਰਮ ਧਰਮ ਕਰਦੀ। ਨੀਤੀ ਹੋਵੇ ਸੱਚ ਦੀ, ਇਖ਼ਲਾਕ ਦੀ, ਹਾਂ ਇਖ਼ਲਾਕ ਹੋਵੇ ਧਰਮਕਦਾ ਤੇ ਜੀਉਂਦਾ। ਕੌਣ ਹੋਵੇ ਜੋ ਧਾਰਨ ਕਰੇ ਦੁਹਾਂ ਤਰ੍ਹਾਂ ਦੇ ਵਿਰੋਧੀ ਭਾਵਾਂ ਨੂੰ ਤੇ ਅਮਲੀ ਜੀਵਨ ਵਿਚ ਨਿਬਾਹ ਕੇ ਦਿਖਾ ਦੇਵੇ ਤੇ ਫੇਰ ਉੱਚਾ ਉਡਦਾ ਦਿੱਸੇ। ਕੌਣ ਹੋਵੇ ਐਸਾ ਜੋ

---

*ਇਹ ਲੇਖ ਗੁਰਪੁਰਬ ਪੋਹ ਸੁਦੀ ਸਪਤਮੀ, ਜੋ (੧ ਜਨਵਰੀ ੧੯੭੬ ਈ:) ਪੋਹ ਦੀ ੧੮ ਸੰ: ਗੁ: ਨਾ: ਸਾ: ੪੬੭ ਨੂੰ ਸੀ, ਨੂੰ ਖਾ: ਸਮਾ: ਵਿਖੇ ਪ੍ਰਕਾਸ਼ਤ ਹੋਇਆ ਸੀ।

ਵਿਦੇਹੀ ਨਾ ਹੋਵੇ, ਸਗੋਂ ਦੇਹ ਵਾਲਾ ਹੋਵੇ, ਇਨਸਾਨਾਂ ਵਿਚ ਇਨਸਾਨ ਹੋਵੇ, ਪਰ ਫੇਰ ਆਪਣੇ ਵਿਚ 'ਇਕ ਦੂਏ ਦੇ ਉਲਟ ਭਾਵਾਂ, ਰਸਾਂ, ਕੰਮਾਂ ਤੇ ਕਰਨੀਆਂ ਦੇ ਸੰਗਮ' ਦਾ ਕਮਾਲ ਰੱਖਦਾ ਹੋਵੇ। ਦੁਹਾਂ ਨੂੰ ਵਰਤਦਾ ਹੋਵੇ ਕਿਸੇ ਤੁਲਨਾ ਤੇ ਰੱਖ ਕੇ ਤੇ ਆਪ ਨੂੰ ਦੁਹਾਂ ਤੋਂ ਉੱਪਰ ਰੱਖ ਕੇ ਤਰਦਾ ਹੋਵੇ ਅਲੇਪਤਾਈ ਦੇ ਗਗਨਾਂ ਵਿਚ ਦੁਮਾ ਵਾਂਗੂੰ। ਜਿਸ ਨੂੰ ਵੀਣਾਂ ਦਾ ਬਿਲਾਵਲ ਅਲਾਪ ਤੇ ਰਣਤੱਤੇ ਦਾ ਮਾਰੂ ਢੋਲ ਦੋਵੇਂ ਇਕੋ ਜਿਹਾ ਸਰੂਰ ਦੇਂਦੇ ਹੋਣ। ਹਾਂ ਨਾਲੇ ਸਰੂਰ ਦੇਂਦੇ ਹੋਣ, ਨਾਲੇ ਅਲੇਪ ਰਖਦੇ ਹੋਣ। ਓਹ ਹੋਵੇ ਦੁਹਾਂ ਦਾ ਰਸੀਆ ਤੇ ਫੇਰ ਹੋਵੇ ਸਾਖੀ ਦੁਹਾਂ ਦਾ ਅਸੰਗ ਤੇ 'ਪਾਕੀ ਨਾਈ ਪਾਕ'। ਜੋਧੇ ਮਿਲਨਗੇ ਬੜੇ ਬੜੇ ਪਰ ਇਖ਼ਲਾਕ ਵਿਚ ਕਮਾਲ ਨਾ ਹੋਵੇਗਾ; ਸਲਭਨਤਾਂ ਬੰਨ੍ਹਣ ਵਾਲੇ ਮਿਲਨਗੇ ਪਰ ਦਗਿਆਂ ਨਾਲ, ਕਵੀ ਮਿਲਨਗੇ ਪਰ ਇਕ ਰੰਗੀ ਕੋਮਲ ਸੁੰਦਰਤਾ ਵਾਲੇ, ਤਲਵਰੀਏ ਮਿਲਨਗੇ ਕਰੜੇ, ਕਠੋਰ, ਅਜਿੱਤ; ਤਪੀ ਜਪੀ ਸਮਾਧੀਆਂ ਵਾਲੇ ਮਿਲਣਗੇ ਪਰ ਨਿਰੇ ਸ਼ਾਂਤ ਰਸੀਏ, ਪਰ ਐਸੀ ਵਜ਼ਕਤੀ ਇਕੋ ਮਿਲੇਗੀ ਜਿਸ ਵਿਚ ਸਾਰੇ ਵਿਰੋਧੀ ਭਾਵ, ਗੁਣ, ਕਮਾਲ ਤੇ ਕਰਨੀਆਂ ਇਕ ਥਾਵੇਂ ਕਮਾਲ ਤੇ ਹੋਣ ਤੇ ਫੇਰ ਉਸ ਵਿਚ ਸਭ ਤੋਂ ਉਚੇਰੀ ਉਡਾਰੀ ਹੋਵੇ। ਹਾਂ ਜਦ ਚੰਗੀ ਤਰਾਂ ਇਤਿਹਾਸ ਪੜ੍ਹੋਗੇ, ਘੋਖੋਗੇ, ਤਾਂ ਇਕੋ ਵੇਖੋਗੇ ਵਜ਼ਕਤੀ:—

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ !

ਆਖੋ, ਹਾਂ ਨੈਣ ਮੁੰਦ ਕੇ, ਸ਼ਰਧਾ ਵਿਚ ਭਰਕੇ ਆਖੋ: ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ !

ਤੁਸੀਂ ਆਖਸੋ—ਅੱਜ ਤੁਸਾਂ ਸਾਹਿਬਾਂ ਦਾ ਜ਼ਿਕਰ ਇਨਸਾਨਾਂ ਵਾਙੂ ਤੇ ਇਨਸਾਨਾਂ ਦੇ ਟਾਕਰੇ ਤੇ ਕਿਉਂ ਕੀਤਾ ਹੈ ? ਉਨ੍ਹਾਂ ਬਾਬਤ ਤਾਂ ਸਾਡੇ ਬਜ਼ੁਰਗਾਂ ਨੇ ਲਿਖਿਆ ਹੈ:—

'ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ',

ਤਦ ਅਸੀਂ ਸਨਿੰਮ੍ਹ ਕਹਾਂਗੇ ਕਿ ਭਾਈ ਅਸਾਂ ਅੱਜ ਇਹ ਪਹਿਲੂ ਗੁਰੂ ਜੀ ਦੇ ਜੀਵਨ ਦਾ ਦਰਸਾਇਆ ਹੈ ਕਿ ਉਨ੍ਹਾਂ ਨੂੰ ਜੇ ਇਨਸਾਨੀ ਐਨਕ ਲਾਕੇ ਉਨ੍ਹਾਂ ਦੇ ਇਨਸਾਨੀ ਰੂਪ ਵਿਚ ਤੱਕੀਏ ਤਾਂ ਬੀ ਓਹ 'ਵਰਿਯਾਮ ਇਕੇਲਾ' ਤੇ 'ਮਰਦ ਅਗੰਮੜਾ' ਹਨ।

'ਵਹਿ ਪ੍ਰਗਟਿਓ ਮਰਦ ਅਗੰਮੜਾ'
ਵਰਿਯਾਮ ਇਕੇਲਾ*' ॥

ਤੇ ਇਸ ਦੇ ਨਾਲ ਹੀ ਉਸੇ ਲੇਖਕ ਦੀ ਤੁਕ ਪੜ੍ਹੋ:—

'ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ
ਗੋਬਿੰਦ ਸਿੰਘ ਸੂਰਾਂ' ॥

ਓਹ ਗੁਰੂ ਹਨ ਪਰ ਨਿਰੇ ਸਿੱਖਜ਼ਾਦਾਤਾ ਉਸਤਾਦ ਯਾ ਮੁਰਸ਼ਿਦ ਦੇ ਅਰਥਾਂ ਵਿਚ ਗੁਰੂ ਨਹੀਂ, ਓਹ ਭਗਵੰਤ ਰੂਪ ਗੁਰੂ ਹਨ, ਜਿਸ ਦੱਲ ਨੂੰ ਪੁਰਾਤਨ ਜਨਮ ਸਾਖੀ ਵਿਚ ਵਾਹਿਗੁਰੂ ਜੀ ਨੇ ਐਉਂ ਆਖਿਆ ਹੈ:—'ਮੇਰਾ ਨਾਉਂ ਪਾਰਬ੍ਰਹਮ ਪਰਮੇਸਰ ਤੇ ਤੇਰਾ ਨਾਉਂ ਗੁਰਪਰਮੇਸੁਰ।' ਹਾਂ ਜਿਸ ਕੱਲ ਨੂੰ ਪੰਜਵੇਂ ਸਤਿਗੁਰਾਂ ਨੇ 'ਗੁਰ ਨਾਨਕ ਦੇਵ ਗੋਵਿੰਦ ਰੂਪ' ॥ 'ਹਰਿ ਜੀਉ ਨਾਮੁ ਧਰਿਓ ਰਾਮਦਾਸੁ' ਆਖਿਆ ਹੈ ਤੇ ਜਿਸ ਗਲ ਨੂੰ ਦਸਮੇ ਪਾਤਸ਼ਾਹ ਨੇ ਆਪ ਅਕਾਲ ਪੁਰਖ ਦੀ ਜ਼ਬਾਨੀ -'ਮੈਂ ਅਪਨਾ ਸੁਤ ਤੋਹਿ ਨਿਵਾਜਾ' ਆਖਕੇ ਦੱਸਿਆ ਹੈ। ਭਾਈ ਦੇਖ ਇਹੋ ਹੈ ਉਸ ਗਲ ਦਾ ਇਕ ਪਹਿਲੂ ਜਿਸ ਨੂੰ ਭਾ:ਗੁਰਦਾਸ ਦੂਜੇ ਨੇ ਦਰਸਾਇਆ ਹੈ ਇਹ ਕਹਿਕੇ:

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ।

ਇਹ ਹੈ ਸ੍ਰੀ ਗੁਰੂ ਜੀ ਦੀ ਸ਼ਖਸੀਅਤ ਦਾ ਦੈਵੀ ਪੱਖ। ਦੂਜਾ ਪੱਖ ਹੈ ਵਰਿਯਾਮ ਇਕੇਲਾ, ਇਹ ਹੈ ਇਨਸਾਨੀ ਪੱਖ:—ਵਰਿਯਾਮ ਮਰਦ,ਹਰ ਗੁਣ ਵਿਚ ਬਲਵਾਨ, ਕੈਸਾ ਬਲਵਾਨ ਕਿ ਉਸ ਜੈਸਾ ਉਹ ਆਪ ਹੀ ਹੈ, ਇਸ ਕਰਕੇ ਕਿਹਾ ਹੈ 'ਇਕੇਲਾ'। ਫਿਰ ਤੱਕੋ ਵਰਿਯਾਮ ਇਕੇਲਾ ਕੀਕੂੰ ਹੈ ਕਿ ਉਸ ਵਿਚ ਵਿਰੋਧੀ ਲਗ ਰਹੇ ਗੁਣ, ਪ੍ਰਬੀਨਤਾਈਆਂ, ਪ੍ਰਾਪਤੀਆਂ ਤੇ ਕਮਾਲ ਕੱਠੇ ਹੋ ਰਹੇ ਹਨ ਤੇ ਇਕ ਦੂਸਰੇ ਨੂੰ ਧੁੰਧਲਾ ਨਹੀਂ ਕਰਦੇ ਸਗੋਂ ਚਮਕਾਉਂਦੇ ਹਨ। ਵਿਰੋਧੀਆਂ ਦਾ ਧਰਮ ਹੈ ਇਕ ਦੂਸਰੇ ਦੀ ਸੁੰਦਰਤਾ ਨੂੰ ਮਲਿਨ ਕਰ ਦੇਣਾ ਯਾ ਉਡਾ ਦੇਣਾ। ਏਥੇ ਇਸ ਵਰਿਯਾਮ ਇਕੇਲਾ ਜੀ ਨੇ ਕਿਸ ਤਨਾਸਬ ਵਿਚ, ਕਿਸ ਢੁਕਾਉ ਵਿਚ, ਕਿਸ ਰੁਖ ਵਿਚ ਸਭਨਾਂ ਨੂੰ ਰਖਿਆ ਹੈ ਕਿ ਇਕ ਦੂਜੇ ਨੂੰ ਚਮਕਾ ਰਹੇ ਹਨ ਤੇ ਚਾਰ ਚੰਨ ਲਾ ਰਹੇ ਹਨ। ਹਾਂ ਇਹ ਕਿਵੇਂ ਹੈ ਕਿ ਇਹ ਸ਼ਖਸੀਅਤ ਐਸੇ ਅਕਹਿ ਕਮਾਲ ਤੇ ਹੈ ? ਇਸ

*ਭਾਈ ਗੁਰਦਾਸ ਦੂਜੇ ਦੀ ਵਾਰ।

†ਪਾਠਾਂਤ੍ਰ—ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਕੁਰ ਗੋਵਿੰਦ ਸੂਰਾ।

ਸ਼ਖਸੀਅਤ ਦੇ ਅਪਣੇ ਕਮਾਲ ਨੇ ਸਭ ਕਮਾਲਾਂ ਨੂੰ ਕੱਠਿਆਂ ਕਰਕੇ ਵਰਤ ਦਿਖਾਇਆ ਹੈ, ਇਹ ਹੈ ਵਰਿਜਾਮਤਾ । ਪਰ ਇਹ ਵਰਿਜਾਮਤਾ ਢੂੰਡਕੇ ਤੱਕੋ, ਇਨਸਾਨੀ ਇਤਿਹਾਸ ਨੂੰ ਖੋਜ ਮਾਰੋ, ਹੋਰ ਕਿਸੇ ਵਿਚ ਇਸ ਕਮਾਲ ਦੀ ਤੁਸਾਂ ਨੂੰ ਨਾ ਮਿਲੇਗੀ। ਇਸੇ ਇਨਸਾਨੀ ਨੁਕਤੇ ਤੋਂ ਬੀ ਜੇ ਤੁਸੀਂ ਅਪਣੀ ਖੋਜ ਅਰੰਭ ਕਰੋਗੇ ਅਰ ਆਪ ਰਸੀਏ ਹੋਕੇ ਜਮਾਲ ਜਲਾਲ ਨੂੰ ਵੇਖਕੇ ਪਰਮਪਦ ਦੀ ਸੋਝੀ ਵਿਚ ਪੈਕੇ ਕਿਤੇ ਅੱਪੜੋਗੇ ਤਾਂ ਕੀਹ ਦੇਖੋਗੇ ਕਿ ਇਹ ਕਮਾਲਾਂ ਦੇ ਕਮਾਲ ਵਾਲਾ ਵਰਿਜਾਮ ਇਕੇਲਾ 'ਭਗਵੰਤ' ਰੂਪ' ਹੈ। ਤਦੋਂ ਤੁਸੀਂ ਅਨੁਭਵ ਕਰ ਲਓਗੇ ਕਿਇਹ ਪਰਮ ਪੁਰਖ ਦਾ ਦਾਸ ਹੁੰਦਾ ਹੋਇਆ ਪਰਮ ਪੁਰਖ ਦਾ ਸੁਤ ਕਿਵੇਂ ਹੈ, ਦੋ ਤੇ ਏਕ ਰੂਪ ਕਿਵੇਂ ਹੈ, ਹਰੀ-ਜਨ ਤੇ ਹਰੀ ਕਿਵੇਂ ਹੈ। ਇਸ ਲਈ ਅਗੇ ਭਗਵੰਤ ਰੂਪਤਾ ਦਿਖਾਲਦਿਆਂ ਅਸਾਂ ਅੱਜ ਆਪ ਨੂੰ 'ਵਰਿਜਾਮ ਇਕੇਲਾ' ਦੀ ਤਸਵੀਰ ਦਿਖਾਈ ਹੈ। ਅਸਾਂ ਨਹੀਂ, ਅਨਜ ਮਤਾਂ ਵਾਲੇ ਜਦ ਨਿਰਾ ਇਨ-ਸਾਨੀ ਨੁਕਤਾ ਲੈਕੇ ਨਿਰਪੱਖ ਹੋਕੇ ਤੱਕਦੇ ਹਨ ਤਾਂ ਇੱਥੇ ਹੀ ਅੱਪੜਦੇ ਹਨ ਕਿ ਜਗਤ-ਇਤਿਹਾਸ ਵਿਚ ਇਹ ਵਜਕਤੀ, ਇਹ ਸ਼ਖਸੀਅਤ ਇੱਕੋ ਹੈ। ਹਾਂ ਇਹ ਵਰਿਜਾਮ ਇਕੇਲਾ ਹੈ* ਤੇ ਇਕ ਮਰਦ ਅਰੰਮੜਾ ਹੈ ਤੇ ਭਗਵੰਤ ਰੂਪ ਹੈ ਦੂਜਾ ਕਮਾਲ ਇਹ ਹੈ ਕਿ ਇਹੋ ਆਦਰਸ਼ ਜੋ ਆਪ ਵਰਤਕੇ ਦੱਸਿਆ, ਆਪਣੇ ਸਿਖਾਂ ਨੂੰ ਸਿਖਾਇਆ, ਜਿਨ੍ਹਾਂ ਨੇ ਸਤਜ ਤੇ ਉੱਚਆਚਰਨ ਵਾਲੀ ਨੀਤੀ ਤੇ ਦਇਆ ਧਰਮ ਪਵਿਤ੍ਰਤਾ ਵਾਲੀ ਬੀਰਤਾ ਕਮਾ ਕੇ ਜਗਤ ਨੂੰ ਦਿਖਾ ਦਿਤੀ।

ਲਓ ਤੱਕੋ ਅੱਜ ਆਪਦੇ ਇਕ ਇਲਾਹੀ ਦਰ-ਸ਼ਨ। ਧਨਧਾਮ, ਰਾਜਧਾਨੀ ਰੁਆਰੇ, ਪਰਿਵਾਰ ਤੋਂ ਵਿੱਛੁੜ ਕੇ, ਪੁੱਤ੍ਰ ਕੁਹਾਕੇ, ਅਪਣੇ ਬਿਗਾਨਿਆਂ ਤੋਂ ਨੁਵਾਬ ਲੈਕੇ, ਜਗਤ ਵਿਚ ਵਾਪਰ ਸਕਣ ਵਾਲੀ ਡਾਢੀ ਅਪਦਾ ਨੂੰ ਪੈਰਾਂ ਹੇਠ ਦੇਕੇ ਆਪ 'ਦੀਨੇ' ਪਿੰਡ ਬੈਠੇ ਹਨ। ਕਸ਼ਟਾਂ ਵਾਲੇ ਬੁਲਬੁਲੇ ਐਉਂ ਆਉਂਦੇ ਤੇ ਉਡਦੇ ਹਨ ਜਿਵੇਂ ਕਿਸੇ ਯੋਗੀ-ਰਾਜ ਦੇ ਸਮਾਧੀ ਆਸਨ ਤੇ ਤ੍ਰੋਲ ਦੇ ਤੁਪਕੇ ਪੈ ਰਹੇ ਤੇ ਉਡ ਰਹੇ ਹਨ। ਪਰਮ ਪਿਆਰੇ ਪਰਮ ਸਿੰਘ ਧਰਮ ਸਿੰਘ ਦੁਖ ਰੋਣੀਆਂ ਰੋ ਚੁਕੇ ਹਨ, ਅਪਣੀਆਂ ਨਹੀਂ ਆਪ ਜੀ ਦੇ ਖੇਦਾਂ ਨਾਲ ਦੁਖੀ ਹੋ ਹੋ ਕੇ ਪੂਰਨ ਹਮਦਰਦੀ ਤੇ ਪਿਆਰ ਵਿਚ। ਪਰ ਆਂਹੋਂ ਉਨ੍ਹਾਂ ਕੀਹ ਦੇਂਦੇ ਰਹੇ ਹਨ ਆਪ ਜੀ, ਉਹ ਸੁਣੋ:—

ਸਾਹਿਬਜ਼ਾਦੇ ਰੂਪ ਸਮ ਕਿਆ ਤਿਨ ਕੋ ਹਾਨਾ॥
ਸਦਾ ਅਮਰ ਆਨੰਦ ਜੁਤਿ ਮਨ ਮੋਹ ਨ ਲੇਸ਼ਾ
॥ ਤਿਨਹੁ ਸ਼ੋਕ ਹਮ ਕਿਮ ਕਰੈਂ, ਜੋ ਮੁਦਤ ਹਮੇਸ਼ਾ।.....ਰੇਖ ਨਿਕਾਰਹੁ ਮੋਟੀਐ, ਜਿਉਂ ਲਾਭ ਨ ਹਾਨਾ। ਇਕ ਸਮ ਬ੍ਰਿਤਿ ਸਤਿਗੁਰਨਿ ਕੀ, ਇਮ ਜਾਨਿ ਸੁਜਾਨਾ। [ਸੂ: ਪ੍:

ਅਪਣੀ ਬ੍ਰਿਤੀ ਤਾਂ ਵਰਿਜਾਮ ਇਕੇਲਾ ਨੇ ਇਹ ਦੱਸੀ ਤੇ ਉਪਦੇਸ਼ ਭਾਈ ਧਰਮ ਸਿੰਘ ਧਰਮ ਸਿੰਘ ਨੂੰ ਇਹ ਦਿੱਤਾ:—

ਜਗਤ ਪਦਾਰਥ ਰੀਤ ਇਹ ਬਿਨਸੈ ਤਤਕਾਲਾ। ਉਪਜਹਿ ਬਿਨਸਨ ਹਾਰ ਜੋ, ਆਗੇ ਕਿਆ ਪਾਛਹਿ। ਇਨ ਕੀ ਥਿਰਤਾ ਹੋਤ ਨਹਿ ਕਿਉਂ ਗਯਾਨੀ ਬਾਂਛਹਿ। ਇਕ ਆਤਮ ਪਾਤਾ ਸਦਾ ਉਪਜੈ ਨ ਬਿਨਾਸੀ। ਸੋ ਸਰੂਪ ਨਿਜ ਜਾਨਿ ਕੈ ਹੁਇ ਪਰਮ ਪ੍ਰਕਾਸ਼ੀ। ਕੂਰ ਪਦਾਰਥ ਤੇ ਕਬਹੁ ਸ਼ੋਕ ਨ ਹਰਖਾਵੈ। ਇਕ ਰਸ ਬ੍ਰਿਤੀ ਸੁ ਆਤਮਾ ਤਿਹ ਜੋ ਲਿਵਲਾਵੈ। [ਗੁ: ਪ੍: ਸੂ:

ਇਸ ਪ੍ਰਕਾਰ ਦੇ ਉਸ 'ਵਹਿ ਪ੍ਰਗਟਿਓ ਮਰਦ ਅਰੰਮੜਾ ਵਰਿਜਾਮ ਇਕੇਲਾ' ਦੇ ਵਾਕ ਰੂਪੇ ਬੰਸੀ ਪਾਸ ਬੈਠੇ ਸਣਦੇ ਰਹੇ ਤੇ ਫੇਰ ਆਗਯਾ ਲੈਕੇ ਘਰ ਗਏ। ਕੀ ਅਸਰ ਲੈ ਕੇ ਗਏ? ਕਵੀ ਜੀ ਦੱਸਦੇ ਹਨ:

ਕਿਤਿਕ ਸਮਾ ਬੈਠੇ ਨਿਕਟ ਰੂਪੇ ਕੇ ਬੰਸਾ। ਪੁਨ ਬੰਦਨ ਕਰਿ ਸਦਨ ਗੇ ਮੁਖ ਕਰਤਿ ਪ੍ਰਸੰਸਾ। ਇਤਨੇ ਬਿਨਸਯੋ ਪਾਸ ਤੇ ਜਿਨ ਸ਼ੋਕ ਨ ਲੇਸ਼ਾ ! ਪੁੱਤ੍ਰਾਦਿਕ ਪ੍ਰਿਯ ਵਸਤੁ ਬਹੁ ਹਤਿ ਭੇ, ਨ ਕਲੇਸ਼ਾ ! [ਗੁ: ਪ੍: ਸੂ:

੨.

ਪਿੱਛੇ ਦੱਸ ਆਏ ਹਾਂ ਕਿ ਸਾਹਿਬ ਦੁਣ ਦੀਨੇ

*ਐਸਾ ਮਹਾਂ ਪੁਰਸ਼ ਔਰ ਬੀਰ ਨਾ ਦਸ਼ਮੇ ਸ਼ਮਾਨਾਂ ਨੇ ਕਭੀ ਦੇਖਾ ਔਰ ਨਾ ਕਭੀ ਸ਼ਮਾਨੇ ਨੇ ਪੈਦਾ ਕੀਆ। ਸਾਰੀ ਕੌਮੋਂ ਅਪਨੇ ਬਹਾਦਰੋਂ ਔਰ ਸ਼ਹੀਦੋਂ ਪਰ ਜਿਸ ਕਦਰ ਫਖਰ ਕਰੇਂ, ਬੇਜਾ। ਲੇਕਨ ਜੋ ਫਖਰ ਹਿੰਦੂਓਂ ਕੋ ਔਰ ਖਾਲਸਾ ਕੋ ਗੁਰੂ ਗੋਬਿਦ ਸਿੰਘ ਕਾ ਹੈ ਉਸਕਾ ਮੁਕਾਬਲਾ ਰੂਏ ਆਲਿਮ ਮੇਂ ਸ਼ਸ਼ਦਰ ਜਹਾਨ ਮੇਂ ਔਰ ਕੋਈ ਕੌਮੀ ਨਹੀਂ ਕਰ ਸਕਤੀ। ਕਿਉਂਕਿ ਵੈਹ ਕੋਈ ਐਸੀ ਮਿਸਾਲ ਪੇਸ਼ ਨਹੀਂ ਕਰ ਸਕਤੀ। [ਦੈਲਤ ਰਾਇ

ਠਹਿਰੇ ਹੋਏ ਹਨ* । ਪਰਮ ਸਿੰਘ ਧਰਮ ਸਿੰਘ ਕ੍ਰਿਤ ਕ੍ਰਿਤ ਹੋ ਗਏ ਹਨ । ਜੋ ਮੰਸੇ ਪਿਆਰ ਵਿਚ ਉਪਜੇ ਸਨ ਉਹ ਇਕ ਸ਼ਹੀਦ ਸਿੰਘ ਦੀ ਗਲ ਬਾਤ ਨਾਲ ਦੂਰ ਹੋ ਚੁਕੇ ਹਨ । ਸਮੀਰ ਗੁਰੂ ਜੀ ਨਾਲ ਅਤਿ ਪਿਆਰ ਕਰਦਾ ਹੈ ਤੇ ਸੇਵਾ ਭਾਉ ਨਾਲ ਕਰ ਰਿਹਾ ਹੈ । ਸੰਗਤਾਂ ਆਉਂਦੀਆਂ ਤੇ ਪਹਿਲਾਂ ਸਮੀਰ ਨੂੰ ਮਿਲਦੀਆਂ ਹਨ,ਉਹ ਆਗਿਆ ਲੈਕੇ ਸਤਿਗਰਾਂ ਦੇ ਹਜ਼ੂਰ ਹਾਜ਼ਰ ਕਰਦਾ ਹੈ। ਹਾਂ ਜੀਓ ! ਅੱਜ ਆਇਆ ਹੈ ਦਿਆਲ ਦਾਸ, ਭਾਈ ਰੂਪੇ ਦੀ ਵੰਸ ਦਾ ਇਕ ਹੋਰ ਰਤਨਾਂ । ਸਮੀਰ ਨੂੰ ਦਯਾਲ ਦਾਸ ਆਖਣ ਲੱਗਾ:–ਸੋਹਣਿਆਂ ਤੇਰੇ ਘਰ ਆ ਉਤਰੇ ਨੀ ਸੋਹਣਿਆਂ ਦੇ ਸੁਲਤਾਨ, ਕਰਾ ਦੇ ਦਰਸ਼ਨ ਸਾਨੂੰ ਬੀ ਨੈਣ ਤ੍ਰਾਸਿਆਂ ਨੂੰ, ਤੇਰਾ ਭਲਾ ਹੋਵੇ । ਅੱਖੀਂ ਠਾਰ ਲਈਏ ਅਸੀਂ ਬੀ ਦੀਦਾਰ ਪਾਕੇ ਉਸ ਸਾਰੀਆਂ ਸੁਣੱਪਾਂ ਦੇ ਸਾਈਂ ਦੇ, ਜਿਸ ਨੇ ਕਹਿਕੇ ਨਹੀਂ ਪਰ ਕਰਕੇ ਦਰਸਾ ਦਿੱਤਾ ਹੈ, 'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।' ਹਾਂ ਸਾਡੇ ਅਮਲ ਆਪਣੇ ਤਾਂ ਮੋਹ ਮਾਇਆ ਦੀ ਫਾਸ ਵਿਚ ਟੁਰਦ ਹਨ, ਦਰਸ਼ਨ ਤਾਂ ਕਰ ਲਈਏ ਉਸ ਸਰਬ ਬੰਧਨਾ ਰਹਿਤ ਮੋਹ ਮਾਇਆ ਪਰਉਪਕਾਰੀ ਦੇ ਜੋ ਨੀਲੇ ਨੀਲੇ ਅੰਬਰਾਂ ਦੀਆਂ ਡੂੰਘਾਈਆਂ ਵਿਚ ਉਡਦਾ ਹੈ ਤੇ ਫੇਰ ਸਾਡੀ ਮਿੱਟੀ ਰੰਗੀ ਧਰਤੀ ਉਤੇ ਸਾਡੇ ਵਿਚ ਟੁਰਦਾ ਫਿਰਦਾ ਸਾਡੇ ਦੁਖ ਦਰਿੱਦ੍ਰਾਂ ਨਾਲ ਹਮਦਰਦ ਹੋ ਹੋ ਕੇ ਆਪੇ ਨੂੰ ਵਾਰਦਾ ਹੈ। ਸਮੀਰ, ਦਯਾਲਦਾਸ ਦੇ ਭਾਉ ਨਾਲ ਤਰ ਬਤਰ ਹੋਕੇ, ਲੈ ਗਿਆ ਇਸ ਸਾਈਂ ਪਿਆਰੇ ਨੂੰ ਹਜ਼ੂਰੀ ਵਿਚ, ਜਾਂ ਦੀਦਾਰ ਪਾਏ ਰਸਿਕ ਬੈਰਾਗੀ ਦੇ ਦਯਾਲ ਦਾਸ ਨੇ ਤਾਂ ਸੁਹਣੇ ਦੇ ਚਰਨਾਂ ਨੂੰ ਲਿਪਟ ਗਿਆ ਤੇ ਪਿਆਰ ਨਾਲ ਨੈਣ ਭਰ ਆਇਓਸੁ । ਅੱਥਰੂ ਚਰਨਾਂ ਤੇ ਢੱਠੇ ਤਾਂ ਦਯਾਲਦਾਸ ਕੰਬ ਗਿਆ, ਸੋਚ ਫੁਰੀ–ਹੈਂ ਮੈਂ ਇਨ੍ਹਾਂ ਪਰਮ ਪਾਵਨ ਚਰਨਾਂ ਨੂੰ ਆਪਣੇ ਖਾਰੇ ਤੇ ਲੂਣੇ ਨੈਣ-ਜਲ ਨਾਲ ਕਿਉਂ ਮੈਲਿਆਂ ਕੀਤਾ ਹੈ ? ਕੰਬ ਗਿਆ, ਪਰ ਪਿਆਰ ਦੀ ਪੰਘਰ ਨੈਣਾਂ ਨੂੰ ਮੁੱਕਣ ਨਹੀਂ ਦੇਂਦੀ ਤੇ ਅਦਬ ਦਾ ਖਿਆਲ ਓਨ੍ਹਾਂ ਨੂੰ ਠੱਲ੍ਹਦਾ ਹੈ । ਆਤਮ ਝਰਨਾਟਾਂ ਦੇ ਮਹਿਰਮ ਨੇ ਉਸ ਪਯਾਰ ਝਰਨਾਟ ਨੂੰ ਲਖ ਲਿਆ, ਸਿਰ ਤੇ ਹੱਥ ਧਰ ਦਿੱਤਾ, ਰਤਾਕੁ ਸਿਰ ਨੂੰ ਪਯਾਰ ਨਾਲ ਦਬ ਰਖਿਆ, ਜੋ ਅਦਬ ਦਾ ਖਿਆਲ ਪਿਆਰ ਦੇ ਵੇਗ ਨੂੰ ਅਧਵਾਟੇ ਠਠੰਬਰ ਵਿਚ ਨਾ ਪਾ ਦਵੇ। ਹਾਂ ਇਸ ਪਿਆਰਾਂ ਦੀ ਫਹਾਰ ਵਰਸਾ ਰਹੇ ਹੱਥ ਦੀ ਛੁਹ ਨੇ ਪਿਆਰ ਦਾ ਵੇਗ ਹੋਰ ਉਮਡਾ ਦਿੱਤਾ, ਉੱਡ ਗਿਆ ਸਿਰ ਵਿਚੋਂ ਖਿਆਲ ਸੂਖਮ ਅਦਬ ਦਾ ਜੋ ਰੋਕ ਬਣ ਰਿਹਾ ਸੀ ਪਯਾਰ ਕਾਂਗਾਂ ਦੀ । ਮਗਨਤਾ ਛਾ ਗਈ ਉਸ ਦੀ ਥਾਵੇਂ, ਹਾਂ ਪ੍ਰੇਮੀ-ਮੱਥਾ ਤੇ ਪ੍ਰੀਤਮ-ਚਰਨ ਇਕ ਹੋ ਗਏ ਪ੍ਰੇਮ ਦੀ ਗੋਦ ਵਿਚ। ਦ੍ਵੈ ਤੇ ਏਕ ਰੂਪ ਹੈ ਗਯੋ।

ਚਿਰ ਕਾਲ ਪਿਛੋਂ ਪਵਿਤ੍ਰ ਹੱਥ ਉਠਿਆ, ਪਿੱਠ ਤੇ ਗਿਆ, ਪਿੱਠ ਤੇ ਫਿਰਿਆ, ਸੁਰਤ ਪਰਤ ਆਈ, ਦਿਆਲ ਦਾਸ ਨੂੰ ਫੇਰ ਖਿਆਲ ਫੁਰ ਪਿਆ, ਹਾਇ ਕਿੰਨੇ ਚਿਰ ਤੋਂ ਚਰਨਾਂ ਕਮਲਾਂ ਤੇ ਮੈਂ ਖਾਰੇ ਨੀਰ ਦਾ ਸਪਰਸ਼ ਲਾ ਰਿਹਾ ਹਾਂ ਤੇ ਸੋਚਾਂ ਨਾਲ ਭਾਰੇ ਸਿਰ ਦਾ ਭਾਰ ਪਾ ਰੱਖਿਆ ਹੈ ਮੈਂ । ਸਾਹਿਬ ਮਸਕ੍ਰਾਏ ਮੱਥੇ ਹੇਠ ਹੱਥ ਦਕੇ ਸਿਰ ਚਾਇਆ, ਬੋਲੇ 'ਦਿਆਲ ਦਾਸ ! ਆਪਾ ਨਿਜ ਘਰ ਨੂੰ ਇਵੇਂ ਪਿਆਰ ਤੁੰਗੀਂ ਉਠਦਾ, ਸੂਖਮ ਹੁੰਦਾ ਲੀਨਤਾ ਦੇ ਰਸਤੇ ਪੁਜਦਾ ਹੈ। ਸ਼ਾਬਾਸ਼ ! ਸੁਹਣੇ ਲਗ ਰਹੇ ਹੋ, ਲਗਦੇ ਰਹੋ, ਨਾਮ ਚਿਤ ਰਹੇ। 'ਰਾਮ ਨਾਮ ਰਤੁ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ॥ ਹਰਿ ਸਿਮਰਤ ਜਮ ਕਛੂ ਨ ਕਹੈ॥' [ਗਾ: ਮ: ਪ

ਦਯਾਲ ਦਾਸ ਨੇ ਫੇਰ ਨਮਸਕਾਰ ਕੀਤੀ, ਫੇਰ ਇਕ ਸੂਖਮ ਬਸਤ੍ਰਾਂ ਦੀ ਪੁਸ਼ਾਕ ਅਗੇ ਧਰੀ ਜੋ ਪਰਵਾਨ ਹੋਈ।

ਹੁਣ ਸਹਿਜੇ ਸਹਿਜੇ ਚੁੱਪ ਵਿਦਾ ਹੋ ਗਈ। ਕੁਛ ਚਿਰ ਬਚਨ ਬਿਲਾਸ ਹੋਏ । ਦਯਾਲ ਦਾਸ ਨੂੰ ਅਮੋਲਕ ਅਸੀਸ ਤੇ ਪਯਾਰ ਮਿਲ ਗਿਆ। ਫਿਰ ਚੁਪ ਆ ਗਈ। ਕੁਛ ਚਿਰ ਸਾਹਿਬ ਆਪਣੇ ਮਗਨ ਰੰਗ ਰਹੇ, ਫੇਰ ਨੈਣ ਖੋਹਲੇ ਤੇ ਬੋਲੇ–'ਸਮੀਰ ਤੂੰ ਬੜੀ ਸੇਵਾ ਕਰ ਰਿਹਾ ਹੈਂ, ਤੇਰਾ ਭਾਉ ਥਾਂ ਪਿਆ ਹੈ, ਉੱਠ ਪਹਿਨ ਲੈ ਇਹ ਪੁਸ਼ਾਕੀ ਜੋ ਦਯਾਲ ਦਾਸ ਲਿਆਇਆ ਹੈ, ਹੱਥਾਂ ਨਾਲ ਚਾਈ ਪਿਆਰ

*ਵੇਖੋ ਕਲਗੀਧਰ ਜੀ ਦੀਨੇਂ ਨਾਮੇ ਲੇਖ ਵਿਚ ਦੇਖੋ ਪਿਛੇ ਸਫਾ ੧੪੬।

†ਇਸੇ ਦਾ ਪੁਤ੍ਰ ਹੋਇਆ ਹੈ ਭਾਈ ਕੁਦੜੀਆ, ਇਕ ਪਰਮ ਪ੍ਰਸਿੱਧ ਗੁਰੂ ਕਾ ਕਰਨੀ ਵਾਲਾ ਲਾਲ।

ਨਾਲ ਬਣਾਈ ਪੁਸ਼ਾਕੀ । ਅਰਪਣਹਾਰ ਦਾ ਭਾਉ ਪੂਰਾ ਹੋ ਗਿਆ ਹੈ। ਲੈ ਸਮੀਰ ! ਸਤਿਨਾਮ ਕਹਿਕੇ ਪੁਸ਼ਾਕੀ ਪਹਿਨ ਲੈ, ਘੋੜੇ ਤੇ ਚੜ੍ਹ ਬਹੁ ਤੇ ਘੋੜਾ ਫੇਰ ਲੈ। ਜਿਥੋਂ ਤਾਈਂ ਫੇਰ ਲਏਂਗਾ ਤੇਰਾ ਰਾਜ ਹੋ ਜਾਏਗਾ, ਹਾਂ ਤੇਰੀ ਬੰਸ ਵਿਚ ਰਾਜ ਰਹੇਗਾ।

ਸਮੀਰ ਖਿੜ ਗਿਆ, ਬਖਸ਼ਿਸ਼ ਸਿਰ ਤੇ ਚਾਈ ਤੇ ਘਰ ਲੈ ਆਇਆ। ਆ ਕੇ ਸਾਰੀ ਗੱਲ ਬਾਤ ਦੱਸੀ। ਦੋਏ ਭਰਾ ਲਖਮੀਰ ਤੇ ਭਖਤ ਮਲ ਸੁਣਕੇ ਪ੍ਰਸੰਨ ਹੋਏ, ਪਰ ਜਿਵੇਂ ਚਾਨਣੇ ਦੇ ਨਾਲ ਪਰਛਾਵਾਂ ਟੁਰਦਾ ਹੈ, ਸਿਦਕ ਦੇ ਕਿਤੇ ਨੇੜੇ ਤੇੜੇ ਹੀ, ਮਗਰ ਹੀ ਮਗਰ ਬੇਸਿਦਕੀ ਟੁਰਦੀ ਹੈ। ਹੋਸ਼ ਕਰਨੀ ਚਾਹੀਏ ਕਿ ਸਿਦਕ ਦੀ ਲਿਸ਼ਕ ਜੇ ਬੇਸਿਦਕੀ ਨੂੰ ਮਿਲ ਜਾਵੇ ਤਾਂ ਉਹ ਸੁਣਦੇ ਸਾਰ ਨੱਠ ਕੇ ਆਉਂਦੀ ਹੈ। ਸਮੀਰ ਦਾ ਇਕ ਮਾਮਾ ਸੀ ਜਿਸ ਦਾ ਕਿਹਾ ਤਿੰਨੇ ਭਰਾ ਮੰਨਦੇ ਸਨ, ਉਹ ਸੀ ਪੰਜ ਪੀਰੀਆ, ਪੰਜ ਪੀਰਾਂ ਦਾ ਮੁਰੀਦ। ਸੀ ਹਿੰਦੂ ਪਰ ਮੰਨਦਾ ਸੀ ਇਨ੍ਹਾਂ ਪੀਰਾਂ ਦੇ ਸਮੁਦਾਇ ਨੂੰ। ਇਸ ਦਾ ਗੁਰਾਂ ਪਰ ਨਿਸਚਾ ਨਹੀਂ ਸੀ। ਸਾਰੀ ਗੱਲ ਸਮੀਰ ਤੋਂ ਸੁਣ ਕੇ ਕਹਿਣ ਲੱਗਾ, ਭੋਲਿਆ ਕੁਛ ਅਕਲ ਤੋਂ ਕੰਮ ਲੈ, ਅੱਖਾਂ ਨਾ ਮੀਟ, ਦੇਖ ਸੁਣ ਕੇ ਭੁਲੇਵੇਂ ਵਿਚ ਨਾ ਪਉ। ਜਿਹੜਾ ਗੁਰੂ ਆਪਣਾ ਰਾਜ ਭਾਗ, ਰੁਆ ਆਇਆ ਹੈ, ਉਹ ਦੂਜੇ ਨੂੰ ਕਿਵੇਂ ਰਾਜ ਭਾਗ ਦੇ ਸਕਦਾ ਹੈ ?

ਠੀਕ ਹੈ, ਮਾਮੇ ਨੇ ਅਕਲ ਦੀ ਗਲ ਆਖੀ ਹੈ, ਇਹੋ ਅਕਲ ਹੈ ਜੋ ਜਗਤ ਤੋਂ ਇਸ ਪ੍ਰਕਾਰ ਦੇ ਵਾਕ ਬੀ ਅਖਵਾ ਦੇਂਦੀ ਹੈ, ਜਿਵੇਂ ਕੋਈ ਕਹਿ ਦੇਵੇ ਕਿ ਮੇਰੇ ਮੂੰਹ ਵਿਚ ਜੀਭ ਨਹੀਂ। ਜਗਤ ਜਾਣਦਾ ਹੈ ਤੇ ਅਜਾਣ ਬਣਦਾ ਹੈ, ਦੇਖੋ, ਮਾਮਾ ਆਪ ਪੀਰਾਂ ਦੀਆਂ ਕਬਰਾਂ ਤੇ ਟੱਕਰਾਂ ਮਾਰਦਾ ਹੈ, ਦਰੂਦਾਂ ਫਾਤੇ ਦਿਵਾਂਦਾ ਹੈ, ਕਈ ਨਾਕਾਮਯਾਬ ਮਰ ਗਿਆਂ ਤੋਂ ਬੀ ਵਰ ਮੰਗਦਾ ਹੈ ਪਰ ਹੁੱਜਤਾਂ ਪੜ੍ਹਦਾ ਹੈ ਉਸ ਤੇ ਜਿਸ ਦੇ ਆਦਰਸ਼ ਦਾ ਉਹ ਜਾਣੂ ਬੀ ਨਹੀਂ।

ਮਾਮੇ ਦੀ ਗੱਲ ਸੁਣ ਕੇ ਲਖਮੀਰ ਨੇ ਕਿਹਾ—'ਮਾਮਾ ਉਹ ਸਾਡੇ ਵੱਡਿਆਂ ਦੇ ਗੁਰੂ ਹਨ, ਸਾਡੇ ਪੂਜ ਹਨ, ਅਸੀਂ ਸੇਵਾ ਕਰ ਰਹੇ ਹਾਂ, ਹੁਣ ਓਹ ਖੁਸ਼ੀ ਹੋਕੇ ਕੋਈ ਵਰ ਦੇ ਰਹੇ ਹਨ, ਕੁਛ ਮੰਗ ਨਹੀਂ ਰਹੇ, ਮੁਸ਼ਕਲ ਨਹੀਂ ਪਾ ਰਹੇ। ਹੁਕਮ ਮੋੜ ਕੇ ਗੁੱਸਾ ਹੀ ਲੈਣਾ ਹੈ ਉਨ੍ਹਾਂ ਦਾ। ਜੇ ਤੇਰੇ ਕਹੇ ਮੰਨ ਹੀ ਲਈਏ ਕਿ ਉਨ੍ਹਾਂ ਦੀ 'ਰੀਝ ਤੇ ਰਿਸ' ਅਸਰ ਨਹੀਂ ਰਖਦੀਆਂ ਫਿਰ ਬੀ ਦੱਸ ਅਸੀਸ ਚੰਗੀ ਕਿ ਬਦਅਸੀਸ ? ਹੇ ਮਾਮਾ ਜੀ, ਪਿਉ, ਚਾਚੇ, ਤਾਏ ਦੀ, ਜਿਨ੍ਹਾਂ ਵਿਚ ਕੋਈ ਫਕੀਰੀ ਸੱਤਿਆ ਨਹੀਂ ਹੁੰਦੀ, ਅਸੀਸ ਦਿਲ ਉਤੇ ਦੰਗਾ ਅਸਰ ਪਾਉਂਦੀ ਹੈ, ਚਾਹੇ ਉਹ ਕੁਛ ਬੀ ਨਾ ਸਾਰੇ। ਤੂੰ ਦੱਸ ਕਿ ਕੁਲ ਗੁਰੂ, ਆਪਣੇ ਗੁਰੂ, ਜਗਤ ਦ ਗੁਰੂ ਦੀ ਅਸੀਸ ਕਿਉਂ ਮਾੜੀ ਹੈ ਤੇ ਬਦਅਸੀਸ ਲੈਣ ਦਾ ਸਾਮਾਨ ਕਰਨਾ ਕਿਉਂ ਦੰਗਾ ਹੈ ? ਮਾਮਿਆ ! ਤੂੰ ਵੱਡਾ ਹੈਂ ਸੋਚ ਕਰ ਲੈ।

ਮਾਮਾ—ਠੀਕ ਹੈ, ਪਰ ਐਵੇਂ ਨੱਠੇ ਫਿਰਨ ਦਾ ਤੇ ਘੋੜੇ ਭਜਾ ਭਜਾ ਹਾਰਨ ਦਾ ਕੀ ਲਾਭ ਹੈ ? ਚੁੱਪ ਕਰ ਰਹੋ, ਗੁਰੂ ਨੂੰ ਕਹਿ ਛੱਡਣਾ ਫੇਰ ਲਿਆ ਹੈ ਘੋੜਾ।

ਮਾਮਿਆਂ ! ਤੇਰੇ ਪੀਰ ਤੈਨੂੰ ਝੂਠੇਂ ਨਹੀਂ ਵਰਜਦੇ ? ਝੂਠੇਂ ਤਾਂ ਸਾਰੇ ਪੀਰ ਸਾਧ ਵਰਜਦੇ ਆਏ। ਮਾਮਿਆਂ ! ਅਸਾਂ ਇਕ ਪਾਸੇ ਤਾਂ ਭਾਵਨਾ ਧਾਰਕੇ ਘਰ ਉਤਾਰੇ, ਸੇਵਾ ਕੀਤੀ, ਦੂਜੇ ਪਾਸੇ ਝੂਠ ਬੋਲੀਏ ਤੇ ਲਈਏ ਸ੍ਰਾਪ। ਫਿਰ ਸੋਚਕੇ ਦੇਖ ਕਿ ਸਰਹਿੰਦ ਤਕ ਖ਼ਬਰਾਂ ਜਾ ਰਹੀਆਂ ਹਨ ਸਾਡੇ ਘਰ ਉਨ੍ਹਾਂ ਦੇ ਉਤਰਨ ਦੀਆਂ, ਸੂਬੇ ਨੂੰ ਠੰਢਾ ਬੋੜਾ ਕੜਨਾ ਹੈ ਗੁਰਾਂ ਦਾ ਸਾਡੇ ਘਰ ਠਹਿਰਨਾ ਸੁਣਕੇ। ਇਸ ਵਿਚ ਗੁਰਾਂ ਦਾ ਰਤੀ ਜ਼ਿੰਮਾ ਨਹੀਓਂ, ਉਨ੍ਹਾਂ ਨੇ ਸਾਨੂੰ ਪਹਿਲੇ ਕਹਿ ਦਿੱਤਾ ਸੀ ਕਿ ਤੁਸੀਂ ਤੁਰਕ ਰਾਜ ਦੇ ਤਾਬੇ ਹੋ, ਅਸਾਡੀ ਉਨ੍ਹਾਂ ਨਾਲ ਲੜਾਈ ਹੈ, ਸਾਨੂੰ ਘਰ ਉਤਾਰਕੇ ਤੁਸੀਂ ਦੁਖਾਂ ਵਿਚ ਪੈਸੋ, ਅਸੀਂ ਅਗੇ ਚਲਦੇ ਹਾਂ। ਤਦੋਂ ਅਸਾਂ ਮਿੰਨਤਾਂ ਕਰਕੇ ਭੈਣੀ ਨਾਲ ਘਰ ਆਂਦੇ। ਸੋਚ ਮਾਮਿਆਂ ! ਇਕ ਪਾਸੇ ਤਾਂ ਵਜ਼ੀਰ ਖਾਂ ਦਾ ਗੁੱਸਾ ਆਪਣੇ ਤੇ ਲਿਆ ਤੇ ਦੂਜੇ ਪਾਸੇ ਉਨ੍ਹਾਂ ਦਾ ਬਚਨ ਮੰਨਕੇ ਉਨ੍ਹਾਂ ਦਾ ਖੁਸ਼ਾ ਨਾ ਲਿਆ, ਸਗੋਂ ਉਨ੍ਹਾਂ ਨੂੰ ਦੰਜ ਕਰ ਲਿਆ। ਇਕ ਪਾਸੇ ਸੂਬਾ ਗੁੱਸੇ, ਦੂਏ ਪਾਸੇ ਗੁਰੂ ਗੁੱਸੇ, ਅਸਾਂ ਦੁਹਾਂ ਨਾਲ ਰੁਆ ਲਈ, ਨਾ ਇਹ ਲੋਕ ਰਿਹਾ ਨਾ ਓਹ। ਦਸੋ ਘੋੜੇ ਫੇਰਨ ਵਿਚ ਕੀ ਦੋਸ਼ ਹੈ, ਕੀ ਖੋਚਲ ਹੈ ? ਏਨੀ ਗਲ ਨਾਲ ਜੇ ਰਸ ਬਣਿਆ ਰਹੇ ਤਾਂ ਅਵੱਗਿਆ ਕਰਨੇ ਦਾ ਕੀਹ ਗੁਣ ਹੈ ?

ਹੁਣ ਸਮੀਰ ਬੋਲਿਆ: ਬਈ ਮਾਮਾ ਮੇਰਾ ਤਾਂ

ਗੁਰਾਂ ਤੇ ਨਿਹਚਾ ਹੈ। ਸਾਡੇ ਵਡਕੇ ਏਸੇ ਘਰ ਦੇ ਸਿੱਖ ਸਨ, ਓਨ੍ਹਾਂ ਸੇਵਾ ਕਰ ਸੁਖ ਪਾਇਆ ਸੀ, ਮੈਂ ਬੀ ਆਸ ਰੱਖੀ ਬੈਠਾ ਹਾਂ। ਅਜੇ ਮੈਂ ਤਾਂ ਕੁਛ ਹੋਰ ਮੰਗਣਾ ਹੈ, ਹਾਲੇ ਜੋ ਓਹ ਦੇਂਦੇ ਹਨ ਉਹ ਕਿਉਂ ਮੋੜਾਂ ? ਫੇਰ ਦੂਜੀ ਮੰਗ ਕਿਸ ਮੂੰਹ ਮੰਗਸਾਂ। ਨਾਲੇ ਮਾਮਾ ਤੂੰ ਗਿਆ ਨਹੀਂ, ਦਰਸ਼ਨ ਨਹੀਂ ਕੀਤੇ; ਨਾਲੇ ਸੋਚ ! ਉਨ੍ਹਾਂ ਦਾ ਸਰਵੰਸ ਕਿਸੇ ਤਾਂ ਨਹੀਂ ਨਾ ਖੋਹ ਲਿਆ ਜਿਦਾਂ ਤੂੰ ਸਮਝਿਆ ਹੈ। ਉਨ੍ਹਾਂ ਤਾਂ ਪਰਜਾ ਸੁਖੀ ਕਰਨ ਵਾਸਤੇ ਪਾਤਸ਼ਾਹ ਨਾਲ ਮੱਥਾ ਲਾਇਆ ਹੈ। ਉਸ ਪਰਉਪਕਾਰ ਵਿਚ ਉਨ੍ਹਾਂ ਸਭ ਕੁਛ ਵਾਰਿਆ ਹੈ। ਕੋਈ ਅਪਣੇ ਲਬ ਨੂੰ ਉਨ੍ਹਾਂ ਬੁਹੜਾ ਜੰਗ ਕੀਤਾ ਸੀ ਤੇ ਉਸ ਵਿਚ ਸਭ ਕੁਛ ਹਾਰ ਆਏ ਹਨ ? ਮਾਮਾ ! ਕੀਹ ਗੁਣ ਦੀ ਗਲ ਨੂੰ ਔਗੁਣ ਕਰ ਮੰਨਣਾ ਇਹ ਭੁੱਲ ਨਹੀਂ ? ਮੇਰੀ ਜਾਚੇ ਤਾਂ ਭਾਰੀ ਪਾਪ ਹੈ, ਕੀਤੇ ਨੂੰ ਵਿਸਾਰਨਾ, ਕਿਸ ਦੇ ਗੁਣ ਨੂੰ ਲਿਤਾੜ ਛੱਡਣਾ। ਮੇਰੀ ਜਾਚੇ ਓਹ ਸਮਰੱਥ ਹਨ, ਗੁਰੂ ਨਾਨਕ ਦਾ ਹੱਥ ਉਨ੍ਹਾਂ ਦੇ ਸਿਰ ਤੇ ਹੈ ਕਿ ਆਪ ਉਹੋ ਹਨ, ਮੇਰਾ ਤਾਂ ਹੀਆ ਨਹੀਂ ਪੈਂਦਾ ਕਿ ਵਾਕ ਮੋੜ ਸਕਾਂ।

ਹੁਣ ਮਾਮੇ ਨੇ ਡਿੱਠਾ ਕਿ ਮੇਰੀ ਨਹੀਂ ਵਲਦੀ, ਕਹਿਣ ਲੱਗਾ 'ਚੰਗਾ, ਬੱਚਾ ! ਫਿਰ ਵੇਖਿ ਗੱਲਾਂ ਕਰ ਲਓ, ਘੋੜਾ ਪਿੰਡ ਦੇ ਦੁਆਲੇ ਨਾਲ ਨਾਲ ਵਸੋਂ ਦੇ ਫੇਰ ਲਓ, ਬਚਨ ਵੀ ਮੰਨਿਆਂ ਗਿਆ ਤੇ ਹਾਂਡ ਬੀ ਨਾ ਪਈ'। ਗਲ ਕੀਹ ਇਹ ਸਲਾਹ ਹੋਕੇ ਸਮੀਰ ਨੇ ਪੁਸ਼ਾਕੀ ਪਹਿਨਕੇ ਪਿੰਡ ਉਦਾਲੇ ਘੋੜਾ ਫੇਰ ਲਿਆ। ਮਾਮੇ ਦੇ ਲਿਹਾਜ ਨੇ ਗੁਰੂ ਮਿਹਰ ਦਾ ਪੂਰਾ ਪਾਤ੍ਰ ਬਣਨੋਂ ਸਮੀਰ ਨੂੰ ਰੋਕ ਲਿਆ। ਜਦੋਂ ਹਜ਼ੂਰੀ ਵਿਚ ਗਏ ਤਾਂ ਪੁੱਛਣੇ ਪਰ ਉਸ ਨੇ ਦੱਸਿਆ ਕਿ ਪਾਤਸ਼ਾਹ ਪਿੰਡ ਉਦਾਲੇ ਘੋੜਾ ਫੇਰ ਲਿਆ ਹੈ। ਸਾਹਿਬ ਮੁਸਕਰਾਏ ਤੇ ਸਮਝ ਗਏ ਕਿ ਇਸ ਦਾ ਦੋਸ਼ ਨਹੀਂ, ਕੁਸੰਗ ਦਾ ਫਲ ਹੈ, ਇਹ ਭਾਵ ਵਾਲਾ ਹੈ, ਸੇਵਕ ਹੈ ਤੇ ਗੁਰੂ ਪਿਆਰੇ 'ਨਿੰਧ' ਦੀ ਵੰਸ਼ ਹੈ ਪਰ ਅਜੇ ਸੁਰਤ ਵਿਚ ਨਿਤਾਣਾ ਹੈ, ਬੱਚਾ ਹੈ।

੩.

ਜਦ ਸਮੀਰ ਦੇ ਘਰ ਟਿਕਿਆਂ ਕਈ ਦਿਨ ਬੀਤ ਗਏ ਤੇ ਸਮੀਰ ਬੜੇ ਭਾਉ ਨਾਲ ਸੇਵਾ ਕਰਦਾ ਰਿਹਾ ਤਾਂ ਇਕ ਦਿਨ ਸਤਿਗੁਰਾਂ ਦਾ ਪ੍ਰਸਾਦਿ ਬਣਕੇ ਆਇਆ। ਸਮੀਰ ਜਲ ਦਾ ਕਟੋਰਾ ਭਰਕੇ ਲੈ ਆਇਆ। ਸਮੀਰ ਪ੍ਰਸ਼ਾਦਿ ਦਾ ਸਾਰਾ ਸਾਮਾਨ ਆਪ ਦੇਂਦਾ ਸੀ, ਪ੍ਰਸ਼ਾਦਿ ਪਾਸ ਬਿਠਾ ਕੇ ਖੁਲਾਉਂਦਾ ਸੀ। ਡਾਢੇ ਪਿਆਰ ਵਿਚ ਸੀ ਸਮੀਰ, ਪਰ ਮਾਮੇ ਦਾ ਕੁਸੰਗ ਕਦਮ ਕਦਮ ਤੇ ਠੁਹਕਰ ਦਾ ਕਾਰਨ ਬਣਦਾ ਸੀ। ਅੱਜ ਜੁ ਥਾਲ ਆਇਆ ਤਾਂ ਸਮੀਰ ਨੇ ਬਿਨੈ ਕੀਤੀ ਕਿ ਮੈਨੂੰ ਪ੍ਰਸਾਦ ਮਿਲੇ। ਸਤਿਗੁਰਾਂ ਕਿਹਾ ਜੇ ਤੇਰੀ ਇਹੋ ਭਾਵਨਾ ਹੈ ਤਾਂ ਥਾਲ ਲੈ ਲੈਣਾ ਤੇ ਛਕ ਲੈਣਾ। ਸਮੀਰ ਕਿਹਾ, ਬਖਸ਼ਿਸ਼ ਕਰ ਦਿਓ, ਥਾਲ ਘਰ ਲੈ ਜਾਸਾਂ ਤ ਸਾਰਾ ਪਰਵਾਰ ਛਕਸੀ। ਆਪ ਹੱਸ ਪਏ ਤੇ ਥਾਲ ਦ ਦਿਤਾ। ਜਦੋਂ ਘਰ ਲੈ ਗਿਆ ਤੇ ਪਰਵਾਰ ਸੱਦਿਆ ਤਾਂ ਮਾਮਾ ਲੱਕੜ ਡਾਹ ਬੈਠਾ ਕਿ ਗੁਰੂ ਜੀ ਤਾਂ ਮਹਾਂ ਪ੍ਰਸ਼ਾਦਿ ਛਕਦੇ ਹਨ, ਝਟਕਾ ਭਾਈ ਝਟਕਾ। ਮੈਂ ਪੀਰਾਂ ਦਾ ਮੰਨਣ ਵਾਲਾ ਹਾਂ, ਮੈਂ ਉਨ੍ਹਾਂ ਦਾ ਪ੍ਰਸ਼ਾਦ ਨਹੀਂ ਖਾਣਾ, ਪੀਰ ਮੇਰੇ ਗੁੱਸੇ ਹੋ ਜਾਣਗੇ। ਇਸ ਪਰ ਬਹੁਤ ਚਿਰ ਬਹਿਸ ਹੋਕੇ ਅੰਤ ਮਾਮੇ ਨੇ ਕਾਢ ਕੱਢੀ ਕਿ ਨਾ ਖਾਈਏ ਤੇ ਨਾ ਅਪਮਾਨ ਨਾਲ ਮੁੱਟੀਏ, ਕਿਸੇ ਸੁਹਣੇ ਥਾਂ ਧਰਤਾਂ ਵਿਚ ਦੱਬ ਦੇਈਏ, ਸੋ ਐਸਾ ਕੀਤਾ ਗਿਆ।

ਸਮੀਰ ਮਾਮੇ ਤੇ ਪਰਿਵਾਰ ਦੇ ਆਖੇ ਤੇ ਪੀਰਾਂ ਦਾ ਭੈ ਮੰਨਕੇ ਕਰ ਤਾਂ ਬੈਠਾ ਪਰ ਹੁਣ ਦਿਲ ਨੂੰ ਦਰਦ ਉਠਦੀ ਹੈ ਕਿ ਇਹ ਬੇਅਦਬੀ ਹੋਈ ਹੈ, ਆਪ ਮੰਗ ਲਈ ਦਾਤ ਤੇ ਆਪ ਅਨਾਦਰ ਕੀਤਾ। ਜੇ ਗੁਰਾਂ ਪੁੱਛਿਆ ਤਾਂ ਕੀਹ ਜੁਵਾਬ ਦੇਸਾਂ ? ਇਸ ਡੁੱਕੋ ਡੋਲੇ ਵਿਚ ਕਿਸੇ ਸਿੰਘ ਨਾਲ ਗਲ ਕੀਤੀਓਸ ਉਸ ਕਿਹਾ ਭਾਈ ਤੇਰੇ ਭਾਗ, ਜਿੰਨੇ ਸਤਿਗੁਰੂ ਤੇਰੇ ਤੇ ਪ੍ਰਸੰਨ ਹਨ ਅਸਾਂ ਕਦੇ ਕਦੇ ਕਿਸੇ ਤੇ ਵੇਖੇ ਹਨ। ਤੂੰ ਏਸ ਕੁਸੰਗ ਦਾ ਤਿਆਗ ਕਰ। ਕੁਸੰਗ ਤਾਂ ਸੁਰਗਾਂ ਦੀਆਂ ਦਲ੍ਹੀਜਾਂ ਵਿਚ ਪੈਰ ਧਰੇ ਹੋਣ ਤਾਂ ਬੀ ਪਿੱਛੇ ਖਿੱਚ ਲੈਂਦਾ ਹੈ।

ਸਮੀਰ—ਸੱਚ ਕਿਹਾ ਨੇ। ਪਰ ਕੀਹ ਕਰਾਂ, ਘਰ ਦਾ ਵੱਡਾ ਹੈ ਮਾਮਾਂ, ਸਰਦੇ ਪੁਜਦੇ ਵਾਲਾ, ਸਾਰੇ ਉਸਦੇ ਮਗਰ ਹਨ, ਪੇਸ਼ ਨਹੀਂ ਜਾਂਦੀ।

ਸਿੰਘ—ਜਦੋਂ ਸਤਿਗੁਰ ਦਾ ਹੁਕਮ ਮੰਨ ਲਈਏ ਤਾਂ ਉਸ ਨਾਲ ਸੁਰਤ ਵਿਚ ਜਾਨ ਭਰਦੀ ਹੈ,

ਨਿਰਭੈਤਾ ਆਉਂਦੀ ਹੈ। ਜਦ ਜਗਤ ਦੇ ਦਇਲ ਹੋ ਕੇ ਜਗਤ ਦਾ ਹੁਕਮ ਮੰਨੋ ਤਾਂ ਸੁਰਤ ਵਿਚ ਮੁਰਦਿਹਾਨ ਵਰਤਦੀ ਹੈ, ਡਰ ਵਧਦਾ ਹੈ। ਸਤਿਗੁਰ ਗ਼ੁਲਾਮ ਕਿਸੇ ਨੂੰ ਨਹੀਂ ਬਣਾਉਂਦਾ, ਸਣੋ ਸਭ ਕਿਸੇ ਦੀ ਗ਼ੁਲਾਮੀ ਦੇ ਬੰਧਨ ਕੱਟਦਾ ਹੈ, ਆਪਣੇ ਪੈਰਾਂ ਤੇ ਖੜਾ ਕਰਦਾ ਹੈ, ਅਤੇ ਸੁਰਤਾਂ ਵਿਚ ਤਾਣ ਭਰਦਾ ਹੈ। ਪਰੰਤੂ ਭਾਈ! ਜਗਤ ਦੂਏ ਨੂੰ ਆਪਣੇ ਹੇਠ ਲਾਉਂਦਾ ਹੈ, ਦਾਸ ਬਣਾਉਂਦਾ ਹੈ। ਸੋ ਸਮੀਰ ਜੀ! ਜੀਵਨ ਤੇ ਮੌਤ ਦਾ ਸੁਆਲ ਹੈ, ਧਾਰ ਲੌ ਜੋ ਜੀ ਆਵੇ, ਚਾਹੋ ਜੀਵਨ ਚਾਹੋ ਮੌਤ!

ਸਮੀਰ ਜੀ! ਤੁਸੀਂ ਬਾਣੀ ਪੜ੍ਹੋ, ਨਾਮ ਜਪੋ, ਗੁਰਮਤ ਸਿੱਖੋ ਤੇ ਗੁਰੂ ਹੁਕਮ ਵਿਚ ਟਿਕ ਜਾਓ, ਤੁਹਾਡੀ ਸੁਰਤ ਜੀਉ ਕੇ ਸਿੱਧੀ ਆਪਣੇ ਆਪ ਦੇ ਧੁਰੇ ਤੇ ਟਿਕੇ ਤਦ ਸੁਆਦ ਮਾਣੇਗੀ ਅੰਦਰਲੀ ਸੁਤੰਤ੍ਰਤਾ ਦਾ। ਤਦੋਂ ਅਨੁਭਵ ਕਰੇਗੀ ਆਪਣੇ ਨਾਲ ਲਗਾ ਨਾਮੀ—ਵਾਹਿਗੁਰੂ। ਫਿਰ ਇਹ ਦੇਖੇਗੀ ਵਿਛਿਆ ਹੋਇਆ ਆਪਣੇ ਸਾਹਮਣੇ ਜਗਤ, ਜਿਸਦੀ ਇਹ ਹੋਵੇਗੀ ਦੇਖਣਹਾਰ, ਹਾਂ ਇਸ ਵਿਚ ਫਸਣਹਾਰ ਤੇ ਇਸ ਦੀ ਦਬੇਲ ਤੇ ਹੇਠਾਂ ਲੱਗੀ ਹੋਈ ਨਹੀਂ ਰਹੇਗੀ। ਫੇਰ ਤੇਰੀ ਸੁਰਤੀ ਨਿਰਭੈ ਹੋਵੇਗੀ, ਫੇਰ ਰਸ ਹੈ ਜੀਵਨ ਦਾ ਭਾਈ!

ਸਮੀਰ ਦੇ ਮਨ ਕੁਛ ਹੌਸ਼ ਆਈ। ਮਾਮੇ ਦਾ ਦਬਾ ਘਟਿਆ। ਸਮਝ ਆਈ ਕਿ ਮੈਂ ਐਵੇਂ ਕੁਸੰਗ ਦੇ ਹੇਠਾਂ ਲੱਗ ਰਿਹਾ ਹਾਂ। ਮਾਮੇ ਨੇ ਪਹਿਲੇ ਵੀ ਟਪਲਾ ਲਾਯਾ ਤੇ ਹੁਣ ਬੀ ਡਰਾ ਡਰਾ ਕੇ ਸਾਨੂੰ ਵਰਜਿਆ। ਪੀਰ ਜਾਣਨ ਏ ਮਾਮਾ, ਮੈਨੂੰ ਕੀਹ ਲਗੇ ਉਨ੍ਹਾਂ ਨਾਲ। ਮਨਾ ਡਰ ਸੱਟ ਮਾਮੇ ਦਾ, ਪੀਰਾਂ ਦਾ ਤੇ ਨ੍ਵਾਬ ਦਾ। ਹੁਣ ਤਾਂ ਸਤਿਗੁਰ ਜੋ ਆਖਸਣ ਕਰਸਾਂ।

੪.

ਇਉਂ ਸੁਰਜੀਤ ਜਿਹਾ ਹੋਕੇ ਗਿਆ ਦਰਬਾਰ। ਅਗੇ ਬੈਠੇ ਸਨ ਖੁੱਲ੍ਹਾਂ ਦੇ ਸਾਈਂ, ਸੁਰਤਾਂ ਨੂੰ ਜੀਵਾਲਣ ਹਾਰ, ਹਉਮੈਂ ਦੇ ਬੰਧਨ ਕੱਟਣਹਾਰ, ਪਰ 'ਸੁਚੀ ਸੁਧ ਮੈਂ' ਦੇ ਕੇਂਦ੍ਰ ਤੇ 'ਮੈਂ' ਨੂੰ ਸੁਯੰ ਆਧਾਰ ਸਿੱਧਾ ਕਰਕੇ ਖੜਾ ਕਰ ਦੇਣ ਵਾਲੇ, ਭੈ ਹੇਠੋਂ ਕੱਢ ਦੇਣ ਵਾਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਦੀਵਾਨ ਲਗ ਰਿਹਾ ਸੀ, ਸਮੀਰ ਨੇ ਮੱਥਾ ਟੇਕਿਆ। ਸਾਹਿਬ ਦੇਖ ਕੇ ਪਯਾਰ ਨਾਲ ਹੱਸੇ। ਸੁਣਾ ਬਈ ਸਮੀਰ ਪ੍ਰਸ਼ਾਦਿ ਛਕਿਆ ਕਿ ਨਾ?

ਸਮੀਰ ਘਬਰਾਇਆ, ਪਰ ਸੱਚ ਬੋਲਣ ਦਾ ਸਾਹਸ ਭਰ ਆਇਆ। ਕਹਿਣ ਲੱਗਾ: ਪਾਤਸ਼ਾਹ ਜੈਤੋ ਵਾਲੇ ਮਾਮੇ ਨੇ ਪੀਰਾਂ ਦਾ ਡਰ ਦੇਕੇ ਖਾਣ ਨਹੀਂ ਦਿੱਤਾ, ਉਹ ਫੇਰ ਅਦਬ ਨਾਲ ਧਰਤੀ ਵਿਚ ਦੱਬ ਦਿੱਤਾ ਹੈ। ਕਵਿ ਜੀ ਦੱਸਦੇ ਹਨ ਸਤਿਗੁਰ ਜੀ ਨੇ ਤਦੋਂ ਮਾਲਵੇ ਦੀ ਧਰਤੀ ਨੂੰ ਵਰ ਦਿੱਤਾ ਤੇ ਵਚਨ ਕੀਤਾ:—

ਅਵਨੀ ਮੰਗਲ ਦੇਸ਼ ਕੀ ਬਹੁ ਅੰਨ ਉਪਾਵੈ।
ਅਬਿ ਤੇ ਦੁਗਨੇ ਚੌਗੁਨੇ ਅਠ ਗੁਨੇ ਜਮਾਵੈ।
ਹੋਇ ਹਮਾਰਾ ਮਾਲਵਾ ਜਿਤ ਕਿਤ ਬਿਦਤਾਵੈ।
ਉਪਜੈਂ ਸਿੰਘ ਸੂਰ ਹੀ ਮਲਵਈ ਕਹਾਵੈਂ।
ਸੁਨੀਅਹਿ ਸਿੱਖ ਸਮੀਰ ਭੋ ਚਾਹਿਤ ਹਮ ਦੀਨੋ। ਪ੍ਰਥਮ ਰਾਜ ਤੇ ਛੁਛ ਰਹਿ ਅਬ ਛੇਮ ਨ ਲੀਨੋ*।

ਇਹ ਵਰ ਜੋ ਮਾਲਵੇ ਦੀ ਧਰਤੀ ਨੂੰ ਹੋਇਆ ਸਫਲ ਹੋਇਆ। ਜੇ ਹਣ ਤ੍ਰੀਕਾਂ ਦੀ ਵੀਚਾਰ ਕਰੀਏ ਤਾਂ ਇਹ ਵਰ ਕੋਈ ੧੭੬੦ ਤੋਂ ਮਗਰੋਂ ਤੇ ੧੭੬੫ ਤੋਂ ਪਹਿਲੋਂ ਹੋਯਾ ਨਿਸਚੇ ਹੈ। ਤਦੋਂ ਮਾਲਵੇ ਵਿਚ ਮੋਠ ਬਾਜਰੀ ਹੁੰਦੀ ਸੀ। ਕਵੀ ਸੰਤੋਖ ਸਿੰਘ ਜੀ ਨੇ ਇਹ ਭਵਿੱਖਤ ਵਾਕ ਜੋ ਸਤਿਗੁਰਾਂ ਨੇ ਉਚਾਰੇ ੧੬੦੦ ਬਿ: ਤੋਂ ਪਹਿਲੇ ਲਿਖੇ ਹਨ। ਤਦੋਂ ਬੀ ਮਾਲਵਾ ਓਵੇਂ ਸੀ। ਹੁਣ ਮਾਲਵੇ ਵਿਚ ਵਾਕ ਪੂਰੇ ਹੋ ਰਹੇ ਹਨ। ਕਾਰਨ ਹੋਈ ਹੈ ਨਹਿਰ। ਨਹਿਰ ਬਣੀ ਹੈ (ਰੋਪੜ ਵਾਲੀ) ੧੯੮੨ ਈ: ਵਿਚ ਅਰਥਾਤ ੧੯੩੯ ਬਿੱਕ੍ਰਮੀ ਵਿਚ, ਅਰਥਾਤ ਕਵੀ ਜੀ ਦੇ ਚਲਾਣੇ ਤੋਂ ੩੯ ਬਰਸ ਮਗਰੋਂ। ਸੋ ਸਿੱਧ ਹੋ ਗਿਆ ਕਿ ਕਵੀ ਜੀ ਨੇ ਇਹ ਵਾਕ ਮਾਲਵੇ ਵਿਚ ਨਹਿਰਾਂ ਚਲਦੀਆਂ ਤੇ ਨਹਿਰਾਂ ਦੀ ਸ਼ਾਦਾਬੀ ਤੱਕਕੇ ਨਹੀਂ ਲਿਖੇ, ਨਾ ਕਿਸੇ ਨੇ ੧੯੩੯ ਤੋਂ ਮਗਰੋਂ ਨੇੜੇ ਹਨ, ਕਿਉਂਕਿ ੧੯੧੨ ਤੇ ੧੯ ਦੇ ਲਿਖੇ ਨੁਸਖਿਆਂ ਵਿਚ ਹੈਨ। ਸੋ 'ਇਹ ਵਾਕ ਸ੍ਰੀ

*ਕਵਿ ਜੀ ਦੱਸਦੇ ਹਨ ਕਿ ਇਸ ਵੇਲੇ ਸਤਿਗੁਰਾਂ ਨੇ ਉਸ ਗ਼ੁਲਾਮੀ ਦੇ ਹਲਕਾਰੇ ਆਪਣੇ ਦੀਨੋਂ ਬੇਦੀਨ ਮਾਮੇ ਨੂੰ ਕਿਹਾ ਕਿ ਉਸ ਨੂੰ ਕੁਸ਼ਟ ਹੋਇਗਾ, ਉਸ ਨੂੰ ਹੋਯਾ ਤੇ ਉਸ ਦੇ ਵੰਸ ਵਿਚ ਹੁਣ ਤਕ ਲਾਗ ਚਲੀ ਆਉਂਦੀ ਹੈ। ਇਹ ਗੱਲ ਕਵੀ ਜੀ ਨੇ ਆਪ ਸੁਣੀ ਦੱਸੀ ਹੈ।

ਗੁਰੂ ਜੀ ਨੇ ਪਹਿਲੋਂ ਉਚਾਰੇ, ਪਹਿਲੋਂ ਕਲਮ ਬੰਦ ਹੋ ਗਏ ਤੇ ਮਗਰੋਂ ਨਹਿਰਾਂ ਆਈਆਂ ਤੇ ਵਾਕ ਪੂਰਨ ਹੋਏ। ਇਹ ਪੇਸ਼ੀਨਗੋਈ ਤੇ ਇਸ ਦੀ ਪੂਰਨਤਾ ਹੁਣ ਇਤਿਹਾਸਿਕ ਸਤਯਤਾ ਦਾ ਹੁਕਮ ਰਖਦੀ ਹੈ।

੫.

ਸਮੀਰ ਦੀ ਸਰਲਤਾ ਪਿਆਰ ਤੇ ਅੰਦਰ ਲੁਕੀ ਬੈਠੀ ਸੁਰਤ ਦੀ ਸਤਯਾ ਨੂੰ ਗੁਰੂ ਜੀ ਪਸੰਦ ਕਰ ਰਹੇ ਸੀ ਅਤੇ ਉਸ ਦੀ ਸੇਵਾ, ਭਾਉ ਭਗਤੀ ਉਤੇ ਤੁੱਠ ਰਹੇ ਸੀ। ਉਸ ਨੂੰ ਕੁਸੰਗ ਮਾਰ ਰਿਹਾ ਸੀ, ਪਰ ਹੁਣ ਕੁਸੰਗ ਦਾ ਦਬਾ ਘਟ ਰਿਹਾ ਸੀ। ਉਸ ਨੂੰ ਸਮਝ ਪੈ ਗਈ ਸੀ ਕਿ ਮਾਮਾ ਧਰਮ ਹੀਨ ਹੈ ਤੇ ਦਬੇਲ ਸੁਰਤ ਵਾਲਾ ਹੈ। ਉਸਨੂੰ ਮਾਮ ਦੇ ਈਮਾਨ ਦੀ ਹੀਣਤਾ ਤੇ ਆਪਣੇ ਧਰਮ ਦੀ ਜੀਵਨ ਰੌ ਦਾ ਫਰਕ ਦਿੱਸਣ ਲਗ ਪਿਆ ਸੀ। ਸਤਿਗੁਰ ਜੀ ਨੇ ਉਸ ਨਵੀਂ ਜਿੰਦ ਦਾ ਰੁਮਕਾ ਵਜਦਾ ਸਿਆਣ ਲਿਆ ਸੀ ਤੇ ਇਕ ਦਿਨ ਬੋਲੇ 'ਸਮੀਰ! ਮੰਗ ਜੋ ਜੀ ਚਾਹੇ। ਤੈਨੂੰ ਮੂੰਹ ਮੰਗੀ ਮੁਰਾਦ ਦਿਆਂਗੇ।'

ਸਮੀਰ ਨੇ ਨਿੰਮ੍ਰਤਾ ਨਾਲ ਕਿਹਾ:—

'ਮਿਟਹਿ ਚੁਰਾਸੀ ਕੋ ਭ੍ਰਮਣ ਭਵਜਲ ਦੁਖ-ਦਾਈ। ਸ੍ਰੀ ਸਤਿਗੁਰ! ਇਸ ਤ੍ਰਾਸ ਤੇ ਲਿਹੁ ਮੋਹਿ ਬਚਾਈ।' [ਸੂ: ਪ:

ਸ੍ਰੀ ਗੁਰੂ ਜੀ ਸਣਕੇ ਚੁਪ ਹੋ ਗਏ, ਕਿਸੇ ਹੋਰ ਖਿਆਲ ਲਗ ਗਏ ਤੇ ਓਹ ਮੰਗ ਵਿੱਚੇ ਰਹਿ ਗਈ। ਦੋ ਤ੍ਰੈ ਦਿਨਾਂ ਬਾਦ ਫੇਰ ਕਹੁਣਾ ਧਾਰ ਕੇ ਗੁਰੂ ਜੀ ਨੇ ਸਮੀਰ ਨੂੰ ਉਹੋ ਗੱਲ ਆਖੀ।

ਪਰ ਸਮੀਰ ਨੇ ਫਿਰ ਜਨਮ ਮਰਨ ਤੋਂ ਖਲਾਸੀ ਤੇ ਮੁਕਤੀ ਦਾਨ ਮੰਗਿਆ। ਸਤਿਗੁਰਾਂ ਨੇ ਤਦ ਕਿਹਾ 'ਤੂੰ ਤਾਂ ਕਈ ਜਨਮ ਧਾਰਨੇ ਹਨ'।

'.....ਤੁਵ ਜਨਮ ਅਨੇਰੇ। ਧਰਨੇ ਹੈਂ ਭਵਜਲ ਬਿਖੇ, ਕਿਮ ਜਾਹਿ ਨਿਬੇਰੇ। ਕਹਿ ਲਗ ਕਰਹਿ ਬਚਾਇਬੋ, ਜਾਚਹੁ ਵਥੁ ਆਨਾ। ਇਸ ਬਿਨ ਅਪਰ ਅਦੇਯ ਨਹਿ, ਲਿਹੁ ਮਹਿਦ ਮਹਾਨਾ। ਹਮ ਪ੍ਰਸੰਨ ਪਿਖਿ ਸੇਵ ਤੁਮ ਅਰੁ ਪ੍ਰੇਮ ਘਨੇਰਾ। ਉਰ ਅਕਪਟ ਸਚ ਕਹਤ ਹੈਂ ਪਰਖਜੋ ਬਹੁ ਬੇਰਾ। ਕਰਹੁ ਸਫਲ ਨਿਜ ਘਾਲ ਕੋ, ਹਮ ਦੇਂ ਤਤਕਾਲਾ।' [ਸੂ: ਪ:

ਪਰ ਸਮੀਰ ਨੇ ਫਿਰ ਇਹੋ ਕਿਹਾ, 'ਹੇ ਸਤਿਗੁਰ ਮੇਰੀ ਭਵ ਬੇੜੀ ਕੱਟ ਦਿਓ ਤੇ ਆਪਣੇ ਨੇੜੇ ਥਾਂ ਬਖਸ਼ੋ, ਮੈਨੂੰ ਹੋਰ ਕੋਈ ਕਾਮਨਾ ਨਹੀਂ ਹੈ। ਇਹ ਸੁਣਕੇ ਗੁਰੂ ਜੀ ਫੇਰ ਹੋਰ ਖਿਆਲ ਵਿਚ ਪਰਚ ਗਏ। ਇਕ ਦਿਨ ਫੇਰ ਬੋਲੇ 'ਸਮੀਰ! ਮੰਗ ਲੈ ਕੁਛ।'

ਸਮੀਰ—ਪ੍ਰਭੂ ਜੀ ਭਵਜਲ ਤੇ ਰਖਹੁ ਕਟ ਦੇਹੁ ਚੁਰਾਸੀ। ਬਹੁਰ ਨ ਪਾਵੌਂ ਜਨਮ ਕੋ ਜਮ ਪਰੇ ਨ ਫਾਸੀ।

ਸੁਣਕੇ ਹੱਸੇ ਕ੍ਰਿਪਾਲ ਜੀ ਤੇ ਕਹਿਣ ਲਗੇ, 'ਚੰਗਾ ਭਾਈ ਇਹੋ ਕੁਛ ਮਿਲ ਜਾਏਗਾ, ਕੱਲ ਸਵੇਰੇ ਆਵੀਂ।'

ਸਮੀਰ ਵਰ ਦਾਨ ਲੈਕੇ ਘਰ ਗਿਆ। ਚਿਹਰੇ ਦੀ ਪ੍ਰਸੰਨਤਾ ਵੇਖਕੇ ਕੁਟੰਬ ਅਚਰਜ ਸੀ। ਪਰ ਕਿਸੇ ਨੂੰ ਕੀਹ ਪਤਾ ਕਿ ਇਸ ਨੂੰ ਕੁਝ ਲੱਭ ਪਿਆ ਹੈ ਤੇ ਓਸ ਨੂੰ ਅਜੇ ਆਪੂੰ ਵੀ ਪਤਾ ਨਹੀਂ ਕਿ ਮੈਂ ਕਿੱਥੇ ਕੁ ਹਾਂ। ਰਾਤ ਅੰਨ ਪਾਣੀ ਖਾਕੇ ਸਾਰੇ ਸੌਂ ਗਏ, ਸਮੀਰ ਵੀ ਸੌਂ ਗਿਆ। ਕੀਹ ਦੇਖਦਾ ਹੈ ਕਿ ਮੈਂ ਮਰ ਗਿਆ ਹਾਂ ਤੇ ਸਰੀਰ ਵਿਚੋਂ ਨਿਕਲ ਕੇ ਕਿਸੇ ਹੋਰ ਵਿਚ ਪੈ ਗਿਆ ਹਾਂ। ਕੋਈ ਚੱਕ੍ਰ ਚਲ ਰਿਹਾ ਹੈ ਛੇਤੀ ਛੇਤੀ ਕਿ ਜਿਸ ਨਾਲ ਇਕ ਸਰੀਰ ਤੋਂ ਦੂਸਰੇ, ਦੂਸਰੇ ਤੋਂ ਤੀਸਰੇ ਵਿਚ ਪੈਂਦਾ ਨਿਕਲਦਾ ਹਾਂ। ਕਈ ਏਹੋ ਜਿਹੇ ਪ੍ਰਵੇਸ਼ ਤੇ ਨਿਕਾਸ ਦੇਖਕੇ ਅਖੀਰ ਓਹ ਕਿਸੇ ਗਰੀਬ ਦੰਡਾਲ ਦੇ ਘਰ ਜਾ ਜੰਮਿਆਂ। ਓਥੇ ਉਹ ਪਲਿਆ, ਵੱਡਾ ਹੋਇਆ, ਵਿਆਹਿਆ, ਪੁਤ੍ਰ ਜਨਮੇ, ਵਡ ਪਰਵਾਰੀ ਹੋ ਗਿਆ, ਦੇਸ਼ ਵਿਚ ਫਿਰ ਕਾਲ ਪੈ ਗਿਆ। ਅੰਨ ਪਾਣੀ ਤੋਂ ਤੰਗ ਆਕੇ ਸਮੀਰ ਸੁਪਨੇ ਵਿਚ ਹੀ ਬਨ ਨੂੰ ਚਲਾ ਗਿਆ, ਜਿਥੇ ਪੀਲੂ ਫਲ ਰਹੇ ਸਨ। ਉਥੇ ਹੁਣ ਨਿਰਬਾਹ ਹੋ ਪਿਆ, ਪੀਲੂ ਰੱਜਵੇਂ ਮਿਲਣ ਲਗ ਗਏ। ਇਕ ਦਿਨ ਇਕ ਵਡੇ ਪੁਰਾਣੇ ਪੀਲੂ ਤੇ ਚੜ੍ਹਕੇ ਸਮੀਰ ਪੀਲੂ ਖਾਂਦਾ ਤੇ ਹੇਠਾਂ ਬੱਚਿਆਂ ਨੂੰ ਸੱਟਦਾ ਸੀ ਕਿ ਪੀਲੂ ਦਾ ਡਾਲ ਟੁੱਟ ਗਿਆ ਤੇ ਹੇਠਾਂ ਆ ਪਿਆ। ਸੱਟ ਲੱਗੀ ਤਾਂ ਜਾਗ ਖੁੱਲ੍ਹ ਗਈ। ਕੀਹ ਦੇਖਦਾ ਹੈ ਕਿ ਨਾ ਤਾਂ ਵਹੁਟੀ ਹੈ ਓਹ, ਨਾ ਹਨ ਓਹ ਬੱਚੇ, ਨਾਂ ਓਹ ਬਨ ਤੇ ਪੀਲੂ, ਪਰ ਮੂੰਹ ਵਿਚ ਪੀਲੂ ਦਾ ਸੁਆਦ ਹੈ। ਅਚਰਜ ਹੋ ਉਠਿਆ, ਫਿਰ ਦੀਵਾਨ ਵਿਚ ਜਾਣ ਲਈ ਤਿਆਰ ਹੋਣ ਦਾ ਉੱਦਮ ਕੀਤਾ। ਦਾਤਣ ਕਰਨ ਬੈਠਾ ਤਾਂ ਮੂੰਹ ਵਿਚੋਂ ਦੰਦਾਂ ਵਿਚ ਫਸੀਆਂ ਪੀਲੂ ਬੀ ਨਿਕ-

ਲਣ। ਸੋਚੇ, ਇਹ ਕੀ ਵਰਤੀ ? ਜੋ ਡਿੱਠਾ ਸੀ, ਸੀ ਸੁਪਨਾ, ਬੀਤ ਗਿਆ, ਪਰ ਜੇ ਇਹ ਸੁਪਨਾ ਸੀ ਤਾਂ ਇਹ ਬੀਜ ਕਿੱਥੋਂ ਆ ਗਏ ? ਮੈਂ ਰਾਤ ਪੀਲੂ ਖਾਧੇ ਨਹੀਂ, ਪੀਲੂ ਦੀ ਰੁਤ ਨਹੀਂ । ਅਚਰਜ ਹੁੰਦਾ ਤਿਆਰ ਹੋਕੇ ਦੀਵਾਨ ਵਿਚ ਪਹੁੰਚਾ । ਇਉਂ ਸਤਿਗੁਰ ਨੇ ਸਮੀਰ ਨੂੰ ਚਿੰਤਾ ਵਿਚ ਵੇਖਕੇ ਆਖਿਆ—'ਸਮੀਰ ਚਿੰਤਾ ਨਾ ਕਰ, ਭਲਾ ਹੋਇਆ ਹੈ, ਭਲੇ ਪਰ ਕੀ ਸੋਚ !' ਸਮੀਰ ਨੇ ਕਿਹਾ, 'ਹੇ ਪ੍ਰਭੂ ਜੀ, ਅਚਰਜ ਹਾਂ ਕਿ ਸੀ ਤਾਂ ਸੁਪਨਾ ਪਰ ਬੀਜ ਪ੍ਰਤੱਖ ਕੀਕੂੰ ਆ ਗਏ। ਇਹ ਸੁਪਨ ਸੀ ਕਿ ਪ੍ਰਤੱਖ !' ਸਤਿਗੁਰਾਂ ਫੁਰਮਾਇਆ—'ਸਮੀਰ ! ਪ੍ਰਤੱਖ ਬੀ ਸੀ, ਕਿਉਂਕਿ ਦੁੱਖ ਜੋ ਤੂੰ ਪਾਏ ਉਸ ਦੀ ਪੀੜਾ ਤੈਨੂੰ ਹੋਈ, ਜੋ ਪੀੜਾ ਕਿ ਤੂੰ ਚਾਹੇ ਸੁਪਨੇ ਵਿਚ ਭੋਗੀ ਪਰ ਉਸ ਵੇਲੇ ਪ੍ਰਤੱਖ ਭੋਗੀ। ਸੁਪਨਾ ਬੀ ਸੀ, ਪਰ ਸੁਪਨਾ ਸੀ ਕਾਲ ਵਿਚ, ਹਾਂ ਕਾਲ ਅਲਪ ਹੋਗਿਆ। ਨੀਂਦ੍ਰ ਦੇ ਵਕਤ ਵਿਚ ਲੰਘ ਗਿਆ। ਤੇਰੇ ਕਰਮ ਜਾਲ ਨੇ ਤੇਰੇ ਲਈ ਇਹ ਕੁਛ ਰਚ ਰਖਿਆ ਸੀ। ਹਾਂ ਤੇਰੇ ਵਾਕ, ਤੇਰੇ ਕਰਮ, ਤੇਰੇ ਖਜਾਲ ਤੇਰੇ ਲਈ ਇਹ ਕੁਛ ਰਚ ਰਹੇ ਸਨ, ਜਿਸ ਦੇ ਵਿਚਦੀ ਤੂੰ ਲੰਘਣਾਂ ਸੀ ਦੀਰਘ ਕਾਲ, ਸੋ ਤੈਨੂੰ ਲੰਘਾ ਦਿੱਤਾ ਅਲਪਕਾਲ ਵਿਚ ਤੇ ਕਰਮ ਦਾ ਫਲ ਭੁਗਤ ਗਿਆ ਏ ਤੈਨੂੰ ਪ੍ਰਤੱਖ ਵਾਂਙੂ ਪੀੜਾ ਬੀ ਦੇ ਗਿਆ। ਪਰ ਉਸ ਪ੍ਰੇਮ ਨੇ ਜੋ ਤੂੰ ਕੀਤਾ, ਉਸ ਭਾਉ ਭਗਤੀ ਨੇ ਜੋ ਤੂੰ ਕਮਾਈ, ਉਸ ਮੇਹਰ ਨੇ ਜੋ ਤੇਰੇ ਤੇ ਹੋਈ ਉਸ ਭੋਗ ਨੂੰ ਸਮੇਂ ਵਿਚ ਅਲਪ ਕਰ ਦਿੱਤਾ, ਸੁਪਨਾ ਹੋ ਲੰਘ ਗਿਆ। ਕਰਮ ਦਾ ਫਲ ਤੇ ਮਿਹਰ ਦਾ ਸਦਕਾ ਦੁਇ ਮਿਲਕੇ ਸੰਪੂਰਨ ਹੋ ਗਏ। ਪੀਲੂ ਬੀਜ ਤੇਰੇ ਨਿਸ਼ਚੇ ਲਈ ਰਹੀਆਂ ਸਨ, ਕਿ ਉਹ ਸੁਪਨ ਵਿਚ 'ਸੁਪਨ-ਪ੍ਰਤੱਖ' ਦਾ ਮਾਮਲਾ ਤੈਨੂੰ ਨਿਰਾ ਭਖਲਾ ਨਾ ਭਾਸੇ ਪਰ ਨਿਹਚੇ ਹੋ ਜਾਏ ਕਿ ਉਹ ਸਚ ਮੁਚ ਭੀ ਸੀ। ਹੁਣ ਮਿਹਰ ਦਾ ਸਦਕਾ ਉਸ ਪਦ ਦੀ ਪ੍ਰਾਪਤੀ ਤੈਨੂੰ ਹੋਈ ਜਾਣ ਕਿ ਜਿਸ ਨੂੰ ਜੋਗੀ ਭਾਲਦੇ ਹਨ। 'ਦੁਰਲਭ ਪਦ ਜੋਗੀਨਿ ਕੋ ਸੋ ਪ੍ਰਾਪਤਿ ਹੋਵੈਂ । ਭਵਜਲ ਦਿਜੋ ਤਰਾਇ ਕਰ ਨਹਿ ਸ਼ੰਕਟ ਜੋਵੈਂ ।' [ਸੁ: ਪ:

ਇਸ ਵੇਲੇ ਦਿਆਲਪੁਰੇ ਦਾ ਇਕ ਤਿਖਾਣ ਪਾਸ ਬੈਠਾ ਸੀ, ਉਹ ਸਾਰੀ ਗਲਬਾਤ ਸੁਣਕੇ ਪ੍ਰੇਮ ਦੇ ਘਰ ਚੜ੍ਹ ਗਿਆ ਅਤੇ ਬਿਹਬਲ ਹੋਕੇ ਚਰਨਾਂ ਨੂੰ ਲਿਪਟ ਗਿਆ: 'ਪਾਤਸ਼ਾਹ ! ਮੇਰੀ ਬੀ ਭਵ ਬਾਧਾ ਹਰੋ'। ਉਸ ਮਿਹਰਾਂ ਵਾਲੀ ਛਿਨ ਵਿਚ ਜਦੋਂ ਦਯਾਲ ਜੀ ਕ੍ਰਿਪਾ ਦੇ ਘਰ ਵਿਚ ਆਏ ਹੋਏ ਸਨ, ਦੱਸ ਬੋਲੇ 'ਹੱਛਾ ਬਈ ਤੂੰ ਬੀ ਨਿਕਟ ਵਰਤੀ ਹੈਂ ਤੇ ਅਤਿਪ੍ਰੇਮ ਵਿਚ ਹੈਂ ਤੂੰ ਬੀ ਸਮੀਰ ਦੇ ਨਾਲ ਪ੍ਰਾਣ ਤਿਆਗੇਂਗਾ, ਤੇਰੇ ਬੀ ਬੰਧਨ ਕਟ ਗਏ, ਤੂੰ ਬੀ ਸਾਡੇ ਪਾਸ ਅੱਪੜੇਂਗਾ'। ਇਹ ਵਾਕ ਸੁਣਕੇ ਹੁਣ ਦੇਹਾਂ ਦੇ ਕਪਾਟ ਖੁੱਲ੍ਹ ਗਏ ਤੇ ਉਹ ਗਤੀ ਹੋ ਗਈ ਜੋ ਜੀਵਨ ਮੁਕਤਾਂ ਦੀ ਹੁੰਦੀ ਹੈ।

ਇਸ ਪ੍ਰਸੰਗ ਵਿਚ ਉਹੋ ਅਸੂਲ ਸਤਿਗੁਰੂ ਜੀ ਦਾ ਨਿਰੂਪਣ ਹੋਇਆ ਹੈ ਜੋ ਆਦਿ ਤੋਂ ਹੈਸੀ ਕਿ ਜੱਗਜਾਸੂ ਦੀ ਸੇਵਾ ਤੇ ਨਾਮ ਦੇ ਪ੍ਰੇਮ ਦੰਗ ਨਾਲ ਅਤੇ ਸਤਿਗੁਰੂ ਦੀ ਮਿਹਰ ਉਪਰੋਂ ਪੈ ਜਾਣ ਨਾਲ ਕਰਮ ਦਗਧ ਹੁੰਦੇ ਹਨ। ਕਰਮ ਜਾਲ ਅਮਿੱਟ ਤੇ ਅਟੱਲ ਨਿਯਮ ਨਹੀਂ, ਕਰਮ ਦਾ ਫਲ ਹੈ, ਪਰ ਕਰਮ ਆਦਿ ਅੰਤ ਵਾਲਾ ਹੋਣ ਕਰਕੇ ਟੂਟ ਸਕਦਾ ਹੈ, ਯਥਾ:—'ਨੇਕਾ ਮਤ ਕੋ ਫਕੜਿ ਪਾਹਿ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।' ਸਤਿਗੁਰ ਨਾਨਕ ਦੇਵ ਜੀ ਦੀ ਸਾਖੀ ਮੁਹਰਾਂ ਤੋਂ ਕੋਲੇ ਹੋਣ ਦੀ ਤੇ ਸੂਲੀ ਤੋਂ ਸੂਲ ਹੋਣ ਦੀ, ਪੰਜਵੇਂ ਪਾਤਸ਼ਾਹ ਵੇਲੇ ਮੰਡੀ ਦੇ ਰਾਜੇ ਦਾ ਪ੍ਰਸੰਗ, ਦਸਵੇਂ ਪਾਤਸ਼ਾਹ ਜੀ ਦੇ ਹਜ਼ੂਰ ਕਾਜ਼ੀ ਸਲਾਰਦੀਨ ਨਾਲ ਕੌਤਕ ਤੇ ਇਥੇ ਇਹ ਵਾਰਤਾ, ਸਭ ਉਸੇ ਅਸੂਲ ਦੇ ਪ੍ਰਤੀਪਾਦਿਕ ਹਨ ਕਿ ਕਰਮ ਹੈ, ਭੋਗਣਾ ਪੈਂਦਾ ਹੈ, ਪਰ ਕਰਮ ਬਖਸ਼ਿਆ ਬੀ ਜਾਂਦਾ ਹੈ। ਕਿਉਂਕਿ ਕਰਮ ਅਨਾਦ ਤੇ ਅਨੰਤ ਨਹੀਂ ਜਿਵੇਂ ਸ੍ਰੀ ਗੁਰ ਗ੍ਰੰਥ ਜੀ ਦਾ ਵਾਕ ਹੈ:—

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ
ਕਰਮ ਕਰਿ ਆਇਆ ॥ [ਸੂਹੀ ਮਃ ਪ

'ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ
ਕਿਨਿ ਜੀਉ ਦੀਨੁ ਰੇ' ॥ [ਭੈਰ ਕਬੀਰ ਜੀ

ਕਰਮ ਜੀਵ ਨੇ ਸਰੀਰ ਧਾਰਕੇ ਕੀਤੇ ਹਨ। ਆਦਿ ਵਿਚ ਕਰਮ ਕਰਕੇ ਜੀਵ ਸ਼ਰੀਰ ਵਿਚ ਨਹੀਂ ਸੀ ਆਇਆ। ਸੋ ਹੱਦ ਮਿਤ ਵਾਲੇ ਦੇ ਕਰਮ ਅਮਿੱਤ ਤੇ ਅਵਿਨਾਸ਼ ਨਹੀਂ ਹੋ ਸਕਦੇ, ਉਹ ਮਿਟਦੇ ਹਨ। ਜੋ ਚੀਜ਼ ਮਿਟਦੀ ਹੈ, ਉਹ ਕਈ

ਕਾਰਨਾਂ ਦੇ ਅਧੀਨ, ਕਦੇ ਹੌਲੀ ਕਦੇ ਮਝਲੀ ਚਾਲ ਨਾਲ ਤੇ ਕਦੇ ਤੁਰਤ ਚਾਲ ਨਾਲ ਮਿਟ ਸਕਦੀ ਹੈ। ਸੋ ਛੇਤੀ ਮੇਟਣ ਦਾ ਵਸੀਲਾ ਜਗਜਾਸੂ ਦਾ ਪ੍ਰੇਮ, ਨਾਮ ਦੀ ਅਰਾਧਨਾ, ਗੁਰੂ ਤੇ ਪਰਮੇਸ਼ੁਰ ਦੀ ਮਿਹਰ ਹੈ।

੬.

ਸਰਹਿੰਦ ਵਿਚ ਖ਼ਬਰਾਂ ਪੁੱਜ ਗਈਆਂ ਸਨ ਕਿ ਸਾਹਿਬ ਮਾਲਵੇ ਵਿਚ ਹਨ ਤੇ ਅਗੇ ਵਾਙੂ ਹੀ ਸਿੱਖਾਂ ਨੂੰ ਨਾਮ ਰੰਗ ਲਾ ਰਹੇ ਤੇ ਜਗਤ ਨੂੰ ਤਾਰ ਰਹੇ ਹਨ। ਇਹ ਖ਼ਬਰ ਬੀ ਕੰਨੇ ਸੰਨੇ ਉਥੇ ਹੋਣ ਲਗ ਪਈ ਸੀ ਕਿ ਸਤਿਗੁਰਾਂ ਨੇ ਫੁਰਮਾਇਆ ਹੈ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕੇਗੀ। ਸ਼ਰਧਾਵਾਨ ਸੁਣ ਕੇ ਸਮਝਦੇ ਸਨ ਕਿ ਇਹ ਗਲ ਵਰਤੇਗੀ, ਅਸ਼ਰਧਿਕ ਏ ਮੁਗਲ ਪਠਾਣ ਹੱਸਦੇ ਸਨ ਕਿ ਇਹ ਇਕ ਹਾਸੇ ਦੀ ਗਲ ਹੈ ਤੇ ਹੱਸ ਕੇ ਹੀ ਟਾਲ ਦੇਣਾ ਇਸ ਦਾ ਮੁੱਲ ਹੈ। ਸੀਤਲ ਪੁਰੀ ਨਾਮੇ ਇਕ ਕਰਨੀ ਵਾਲਾ ਸਾਧੂ ਸਰਹਿੰਦ ਰਹਿਦਾ ਸੀ। ਉਸ ਦੇ ਚੱਲ ਬਸਨ ਮਗਰੋਂ ਉਸ ਦਾ ਚੇਲਾ ਦਿਆਲਪੁਰੀ ਉਥੇ ਵਸਦਾ ਸੀ, ਉਹ ਕਰਨੀ ਵਾਲਾ ਤੇ ਅਜ਼ਮਤ ਵਾਲਾ ਪ੍ਰਸਿੱਧ ਸੀ। ਉਹ ਜਾਣਦਾ ਸੀ ਕਿ ਇਹ ਵਾਕ ਅਸੋਧ ਬਾਣ ਹੈ ਜੋ ਸਾਈਂ ਨਾਲ ਇਕਸੁਰਤੇ ਸਤਿਗੁਰੂ ਦੇ ਧਨੁਖ ਤੋਂ ਚੱਲ ਗਿਆ ਹੈ। ਵਾਕ ਸੁਣਕੇ ਉਹ ਕੰਬਿਆ ਤੇ ਥਰਰਾ ਗਿਆ। ਫੇਰ ਵੀਚਾਰ ਕਰਕੇ ਅਵਤਾਰ ਗੁਰੂ ਦੀ ਸ਼ਰਨ ਲੈਣ ਤੁਰ ਪਿਆ। ਦੀਨੇ ਪੁੱਜਾ, ਸਮੀਰ ਪਾਸ ਹਾਜ਼ਰ ਹੋਇਆ। ਆਗਜਾ ਲੈਕੇ ਤੇ ਆਪ ਬੀ ਪਰਖਕੇ ਸਮੀਰ ਨੇ ਉਸ ਨੂੰ ਸਤਿਗੁਰ ਦੀ ਸ਼ਰਨੀ ਪੁਚਾਇਆ। ਚਰਨ ਸ਼ਰਨ ਪਹੁੰਚਕ ਮੱਥਾ ਟੇਕਕੇ ਦਯਾਲ ਪੁਰੀ ਖੜਾ ਹੋ ਗਿਆ ਤੇ ਇਹ ਸਤੋਤ੍ਰ ਪੜ੍ਹਿਆ:—

ਨਮੋ ਪਾਦ ਕੰਜੰ ਗੁਰੂ ਰੂਪ ਸੋਹੇ। ਧਰਜੰ ਈਸ਼ ਔਤਾਰ ਕੋ, ਲੋਕ ਮੋਹੇ। ਨਹੀਂ ਵਾਨ ਸਾਕੈਂ,— ਪ੍ਰਭੂ ਰੂਪ ਤੇਰੋ। ਸਦਾ ਜੈ, ਸਦਾ ਜੈ, ਕ੍ਰਿਪਾ ਧਾਰਿ ਹੇਰੋ ॥ ੬ ॥ ਪੁਰਾ ਰੂਪ ਬੇਦੀਨਿ ਕੋ ਬੰਸ ਹੋਏ। ਗਰੂ ਨਾਨਕੰ ਆਦਿ ਭੇ, ਲੋਕ ਜੋਏ। ਦਸੋ ਦੇਹਿ ਸੋਈ ਮਹਾਰਾਜ ਧਾਰੇ। ਉਧਾਰੇ ਘਨੇ, ਕੋ ਗਨੇ ਪੁੰਜ ਤਾਰੇ ॥ ੭ ॥ ਕਰਜੋ ਪੰਥ ਬੀਰਾਜਿ ਕੋ ਸਿੰਘ ਹੋਏ। ਮਹਾਂ ਪਾਪਕਾਰੀਨਿ ਕੋ ਮੂਲ ਖੋਏ। ਸਕੇਸ਼ ਸਕਾਛੰ ਸਦਾ ਸ਼ਸਤ੍ਰ ਧਾਰੀ। ਜਪੈ ਨਾਮ ਕੋ ਤੇਜ ਦੀਨੋ ਸੁ ਭਾਰੀ ॥ ੮ ॥ ਨਹੀਂ ਪੰਥ ਐਸੋ ਕਬੈ ਅੱਗੁ ਹੋਜੋ। ਦਹੂੰ ਲੋਕ ਮਹਿੰ ਸ਼ੋਕ ਦਾਸਾਨਿ ਖੋਜੋ। ਮਹਾਂ ਤੇਜ ਧਾਰੀ ਮਹਾਂ ਓਜਵੰਤੇ। ਮਹਾਂ ਕਾਜ ਕਾਰੀ ਮਹਾਂ ਸ਼ਸਤ੍ਰ ਹੰਤੇ ॥ ੯ ॥ ਅਰੈ ਕੌਨ ਆਗੇ ਤਿਹੂੰ ਲੋਕ ਮਾਂਹੀਂ। ਰਖੇ ਦਾਸ ਲਾਜੇ ਮਿਟੈਂ ਦੁੰਦ ਜਾਂਹੀਂ। ਮਹਾਂ ਮਾਰ ਮੋਹੰ ਅਹੋ ਪੰਖਿਰਾਜੰ। ਸਦਾ ਜੈ, ਸਦਾ ਜੈ, ਸਦਾ ਸ਼ੋਖ ਸਾਜੰ ॥ ੧੦ ॥ ਛਕੇ ਛੈਲ ਛਾਜੇ ਛਬੰ ਛੇਤ੍ਰ ਛੱਤ੍ਰੀ। ਛਮਾ ਛੇਮ ਛੋਨੀ, ਛੁਭੈ ਛੋਭ ਅੱਤ੍ਰੀ। ਮਲਛਾਨ ਲੱਛਾਨਿ ਛੈ, ਰੱਛ ਸ੍ਵੱਛੰ। ਲਸੈ ਬੀਰ ਰੂਪੰ ਬਸੈ ਦਾਸ ਬੱਛੰ ॥੧੧॥ ਸ਼ਰੂਪੰ ਅਨੂਪੰ ਮਹਾਂ ਭੂਪ ਭੂਪੰ॥ ਉਧਾਰੇ ਪ੍ਰਭੂ ਜੋ ਪਰੇ ਮੋਹ ਕੂਪੰ। ਨਿਸੇਸ਼ੰ, ਦਿਨੇਸ਼ੰ, ਜਲੇਸ਼ੰ, ਧਨੇਸ਼ੰ। ਰਹੈਂ ਬੀਚ ਆਗਜਾ ਸੁ ਆਦੰ ਸੁਰੇਸ਼ੰ ॥ ੧੨ ॥ ਪਗੰ ਪੰਕਜੰ ਪ੍ਰੇਮ ਪਾਗੇ ਪਰੇ ਹੈਂ। ਜਦੈਂ ਨਾਮ ਭੈ ਸਿੰਧ ਤੇਈ ਤਰੇ ਹੈਂ। ਅਮੰਦੰ ਮੁਕੰਦੰ ਬਿਲੰਦੰ ਅਨੰਦੰ। ਨਮੋ ਲੇਹੁ ਮੇਰੀ ਕਰੋਂ ਹਾਥ ਬੰਦੰ ॥ ੧੩ ॥ [ਗੁ: ਪ੍ਰ: ਸੂ:

ਇਹ ਆਪਣੇ ਰੂਹਾਨੀ ਸਰੂਪ ਦੀ ਮਹਿੰਮਾ ਤੇ ਸਰੀਰ ਧਾਰਕੇ ਕੀਤੇ ਕੌਤਕਾਂ ਦਾ ਜਸ ਸੁਣਕੇ ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਕਹਿਣ ਲਗੇ, 'ਦਯਾਲ ਪੁਰੀ! ਕੌਣ ਕਾਜ ਆਏ?' ਸਾਧੂ ਨੇ ਚਰਨ ਫੜਕੇ ਬਿਨੈ ਕੀਤੀ, 'ਪਾਤਸ਼ਾਹ! ਭਾਰੇ ਪਾਪੀ ਹਾਂ, ਕਿ ਸਾਡੇ ਸ਼ਹਿਰ ਘੋਰ ਅਤਯਾਚਾਰ ਹੋਇਆ ਤੇ ਅਸੀਂ ਸੇਵਾ ਨਾ ਕਰ ਸਕੇ, ਆਪ ਜਾਣਦੇ ਹੀ ਹੋ ਕਿ ਅਸੀਂ ਕੀਹ ਹਾਂ ਤੇ ਕੀਹ ਕਰ ਸਕਦੇ ਹਾਂ। ਸੁਣਿਆ ਹੈ ਕਿ ਅਸੋਧ ਬਾਣ ਵਰਗਾ ਵਾਕ ਹੋ ਗਿਆ ਹੈ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕੇਗੀ। ਇਹ ਵਾਕ ਟਲਨਾ ਨਹੀਂ, ਚਾਹੇ ਇਹ ਸ੍ਰੀ ਜੀ ਨੇ ਹੋਣਹਾਰ ਕਹੀ ਹੈ, ਚਾਹੇ ਆਪ ਨੇ ਕਹੀ ਹੈ ਤੇ ਇਸ ਨੇ ਹੋਣਹਾਰ ਹੋ ਜਾਣਾ ਹੈ। ਪਾਤਸ਼ਾਹ! ਇਹ ਮਾਇਆ ਮਦ ਮੱਤਾ ਪਰ ਸਾਈਂ ਸ਼ਰਨ ਪ੍ਰਾਪਤੀ ਦੇ ਤਰਲੇ ਲੈਣ ਵਾਲਾ ਦਾਸ ਬੀ ਉਥੇ ਵਸਦਾ ਹੈ, ਮਿਹਰ ਕਰੋ ਤਾਂ ਇਸ ਸਨਮੁਖ ਦਾਸ ਦੀ ਇੱਟ ਨਾਲ ਇੱਟ ਨਾ ਖੜਕੇ'। ਇਹ ਸੁਣਕੇ ਸਤਿਗੁਰੂ ਜੀ ਦਾ ਰੰਗ ਪਲੱਟਿਆ। ਪਹਿਲਾਂ ਲਾਲ ਸੂਹਾ

ਫੇਰ ਮ੍ਰਿਦੁਲ ਕਪਾਹੀ ਹੋਕੇ ਹਵਾ ਪਿਆਜ਼ੀ ਆਭਾ ਵਿਚ ਟਿਕ ਗਿਆ ਤੇ ਵਿਚ ਲਸ ਵੱਜੇ ਨਿੰਬਲ ਅੰਬਰਾਂ ਦੇ ਨੀਲਗੂੰ ਵੰਨ ਦੀ। ਫੇਰ ਆਪ ਮੁਸਕ੍ਰਾਏ ਤੇ ਬੋਲੇ—'ਸਾਧ ਰਾਮ, ਤੈਨੂੰ ਬਖਸ਼ਿਆ, ਤੇਰੇ ਬਖਸ਼ੇ, ਜਾਹ ਸੰਖ ਵਜਾ, ਜਿਥੋਂ ਤਕ ਤੇਰੇ ਸੰਖ ਦੀ ਧੁਨਿ ਪਹੁੰਚੇਗੀ ਉਥੋਂ ਤਕ ਸਰਹਿੰਦ ਦੀ ਇੱਟ ਨਾਲ ਇੱਟ ਨਾ ਖੜਕੇਗੀ'। ਦਜਾਲ ਪੁਰੀ ਨੇ ਚਰਨਾਂ ਤੇ ਸੀਸ ਧਰਿਆ, ਧੰਨਵਾਦ ਕੀਤਾ, ਰਸਨਾਂ ਨਾਲ ਕਹਿ ਕੇ, ਨੈਣਾਂ ਨਾਲ ਰੋ ਕੇ, ਲੂਆਂ ਨਾਲ ਕੰਬਕੇ, ਮਨ ਨਾਲ ਸ਼ੁਕਰ ਦੇ ਵਲਵਲੇ ਵਿਚ ਜਾਕੇ, ਆਤਮਾ ਨਾਲ ਸੁਖੀ ਹੋਕੇ, ਫੇਰ ਆਗਿਆ ਲੈਕੇ ਸਰਹਿੰਦ ਗਿਆ ਤੇ ਸੰਖ ਵਜਾਇਆ, ਕੋਹਾਂ ਵਿਚ ਵਸਦਾ ਸਰਹਿੰਦ ਹੁਣ ਉਤਨਾ ਬਾਕੀ ਹੈ ਜਿਤਨਾ ਦਜਾਲ ਪੁਰੀ ਨੇ ਬਚਾ ਲਿਆ।

੭.

ਹੁੰਦੇ ਹੁੰਦੇ ਗਲ ਵਜ਼ੀਰ ਖਾਂ ਪਾਸ ਅੱਪੜ ਗਈ ਸੀ ਕਿ ਗੁਰੂ ਜੀ ਚਮਕੌਰ ਜੁੱਧ ਵਿਚ ਸ਼ਹੀਦ ਨਹੀਂ ਹੋਏ, ਰਾਤ ਨਿਕਲ ਗਏ ਸਨ। ਇਹ ਸੁਧ ਤਦੋਂ ਅੱਪੜੀ ਸੀ ਜਦੋਂ ਕਿ ਆਪ ਮਾਲਵੇ ਆ ਗਏ ਸਨ। ਫਿਰ ਨਵਾਬ ਨੇ ਸੁਣਿਆਂ ਕਿ ਕਿਤੇ ਛਿਪ ਰਹੇ ਹਨ, ਹਣ ਸੋ ਅੱਪੜੀ ਕਿ ਓਹ ਛਿਪੇ ਕਿਤੇ ਨਹੀਂ, ਦੀਨੇ ਵਿਚ ਪ੍ਰਗਟ ਰੂਪ ਵਿਚ ਪ੍ਰਚਾਰ ਕਰ ਰਹੇ ਹਨ ਨਾਮ ਦਾ। ਨਿਰਭੈ ਵਿਚਰਦੇ ਹਨ ਤੇ ਉਹੀ ਠਾਠ ਬਾਠ ਹੈ, ਉਹੀ ਦਮ ਖ਼ਮ ਹੈ। ਸੁਣਕੇ ਉਸ ਦੇ ਪਾਪ ਕੰਬੇ, ਝੂਠੀਆਂ ਕੀਤੀਆਂ ਸੁਗੰਦਾਂ ਨੇ ਉਸ ਨੂੰ ਡਰਾਇਆ, ਮਾਸੂਮਾਂ ਦੇ ਕਤਲ ਕਰਨ ਦੇ ਘੋਰ ਪਾਪ ਨੇ ਲਰਜ਼ਾ ਦਿੱਤਾ ਕਿ ਗੁਰੂ ਜੀ ਕਦੇ ਏਡੇ ਅਤਯਾਚਾਰ ਬਖਸ਼ਣਗੇ ਨਹੀਂ। ਗੁਰੂ ਕਾ ਜੀਵਨ ਉਸ ਨੂੰ ਕੰਡੇ ਵਾਂਙੂ ਨਹੀਂ, ਪਰ ਨਟਸਾਲ* ਵਾਂਙੂ ਚੁਭਣ ਤੇ ਚਸਕਾਂ ਮਾਰਨ ਲੱਗਾ, ਲੱਗਾ ਜੋੜ ਤੋੜ ਸੋਚਣ ਉਸ ਦੈਵੀ ਸਰੀਰ ਨੂੰ ਸਮਾਪਤ ਕਰਨ ਦੇ। ਸਭ ਤੋਂ ਪਹਿਲਾ ਹੀਲਾ ਇਹ ਚੰਗਾ ਲੱਗਾ ਕਿ ਚੌਧਰੀ ਸਮੀਰ ਦੇ ਨਾਮ ਹੁਕਮ ਭੇਜੇ ਕਿ ਉਹ ਗੁਰੂ ਜੀ ਨੂੰ ਬੰਨ੍ਹ ਕੇ ਉਸ ਪਾਸ ਘੱਲ ਦੇਵੇ। ਆਪਣੇ ਰਾਜ ਮਦ ਵਿਚ, ਆਪਣੇ ਬਲ ਦੇ ਅਭਿਮਾਨ ਵਿਚ, ਇਸ ਜਾਤਾ ਕਿ ਚੌਧਰੀ ਹੁਕਮ ਸੁਣ ਕੇ ਕੰਬੇਗਾ ਤੇ ਫੌਰਨ ਘੱਲ ਦੇਵੇਗਾ, ਤਦ ਮੈਂ ਸਾਹਿਬਜ਼ਾਦਿਆਂ ਵਾਂਙੂ 'ਸਾਹਿਬ ਜੀ' ਦਾ ਬੀ ਸਰਹਿੰਦ ਦੇ ਵਿਚ ਸਿਰ ਕਲਮ ਕਰ ਲਵਾਂਗਾ। ਹਾਂ, ਉਸ ਨੇ ਕਈਆਂ ਦੇ ਸਿਰ ਧੜ ਤੋਂ ਜੁਦਾ ਕੀਤੇ ਸੇ।

ਇਹ ਇਕ ਅਚਰਜ ਭੁਲੇਵਾ ਹੈ ਕਿ ਇਤਿਹਾਸ ਵਿਚ ਜ਼ਰਵਾਣਿਆਂ ਦੇ ਅੰਤ ਪੜ੍ਹ ਸੁਣਕੇ ਬੀ ਜ਼ਾਲਮ ਹਾਕਮ ਤੇ ਜ਼ਰਵਾਣੇ ਪਾਤਸ਼ਾਹਾਂ ਨੇ ਕਦੇ ਅਕਲ ਨਹੀਂ ਸਿੱਖੀ। ਜਦ ਕਦ ਇੰਞ ਹੀ ਹੋਇਆ ਹੈ ਕਿ ਜ਼ਰਵਾਣਿਆਂ ਦੇ ਪਾਪੀ ਜੀਵਨਾਂ ਨੂੰ ਸਾਈਂ ਨੇ ਜ਼ੋਰ ਵਾਲੇ ਪੈਦਾ ਕਰਕੇ ਹੀ ਦੰਡਿਆ ਹੈ, ਉਨ੍ਹਾਂ ਨੇ ਆਪ ਇਤਿਹਾਸ ਤੋਂ ਸਬਕ ਨਹੀਂ ਸਿੱਖਿਆ।

ਜਦੋਂ ਸਮੀਰ ਲਖਮੀਰ ਭਰਾਵਾਂ ਦੇ ਨਾਉਂ ਪਰਵਾਨਾਂ ਪੁਜਾ ਕਿ ਗੁਰੂ ਨੂੰ ਪਕੜਕੇ ਫੌਰਨ ਮੇਰੇ ਪਾਸ ਘੱਲ ਦਿਓ, ਤਾਂ ਸੁਣਕੇ ਆਪੋ ਵਿਚ ਸਲਾਹ ਕੀਤਿਓ ਨੇ। ਸਮੀਰ ਦਾ ਭਰੋਸਾ ਹੁਣ ਅਹਿੱਲ ਹੋ ਚੁਕਾ ਸੀ, ਉਸ ਵਿਚ ਮਰਦਊਪੁਣਾ ਹੋ ਗਿਆ ਸੀ, ਉਹ ਜੁ ਮਾਮੇ ਦੇ ਲਿਹਾਜ਼ ਤੇ ਪੀਰਾਂ ਦੇ ਭੈ ਕਰਕੇ ਡਰਦਾ ਸੀ, ਹੁਣ ਸੀਸ ਦੇਣ ਨੂੰ ਕੁਝ ਸ਼ੈ ਨਹੀਂ ਸਮਝਦਾ। ਉਸ ਦੇ ਅੰਦਰ ਜਾਗ੍ਰਤ ਹੈ ਆਤਮਕ, ਜਿਸ ਨੇ ਸਾਈਂ ਨਾਲ ਲਿਵ ਬਖਸ਼ੀ ਹੈ। ਜਾਗ੍ਰਤ ਹੈ ਇਖ਼ਲਾਕੀ ਜਿਸ ਨੇ ਸੱਚ ਦਾ ਪਿਆਰ ਦਿੱਤਾ ਹੈ, ਜਾਗ੍ਰਤ ਹੈ ਬੀਰ ਰਸੀ ਜਿਸ ਨੇ ਅਣਖ, ਗ਼ੈਰਤ, ਸ੍ਵੈ-ਸਤਿਕਾਰ ਤੇ ਆਪੇ ਦਾ ਮਾਨ ਬਖਸ਼ਿਆ ਹੈ,—ਅਭਿਮਾਨ ਰੂਪੀ ਸ੍ਵੈ ਸਤਿਕਾਰ ਤਾਂ ਨਾ ਪਰ ਸੁੱਚੀ ਸ਼ਖਸੀਅਤ ਦਾ ਸ੍ਵੈ ਸਤਿਕਾਰ। ਤ੍ਰਿਸ਼ਨਾ ਰਹਿਤ ਮਨ, ਕੁਰਬਾਨੀ ਵਾਲਾ, ਫੇਰ ਸ਼ੁਧ, ਆਪੇ ਦੇ ਕੇਂਦਰ ਤੇ ਟਿਕਣ ਵਾਲਾ ਮਨ ਹੈ ਹੁਣ ਸਮੀਰ ਦਾ ਜਾਗਿਆ ਤੇ ਜੀਉਂਦਾ ਮਨ। ਸ ਸਮੀਰ ਨੇ ਜਵਾਬ ਲਿਖਵਾ ਘੱਲਿਆ ਤੇ ਭਰਾਵਾਂ ਨੇ ਬੀ ਕਹਿ ਦਿੱਤਾ ਠੀਕ ਹੈ। ਜੁਵਾਬ ਇਹ ਸੀ:—

'ਮੇਰੇ ਪਾਸ ਮੇਰੇ ਦੀਨ ਦੇ ਹਾਦੀ ਟਿਕੇ ਹੋਏ ਹਨ, ਦੀਨ ਦੇ ਹਾਦੀਆਂ ਦੀ ਇੱਜ਼ਤ ਉਵੇਂ ਹੈ ਜਿਵੇਂ ਆਪ ਆਪਣੇ ਪੀਰਾਂ ਪੈਕੰਬਰਾਂ ਦੀ ਕਰੋ। ਮੇਰੇ ਗੁਰੂ ਕਿਸੇ ਦੇ ਦੋਹੀ ਨਹੀਂ, ਓਹ ਸਭ ਨੂੰ ਪਿਆਰ ਕਰਦੇ ਹਨ, ਇਸ ਕਰਕੇ ਮੈਂ ਮਜਬੂਰ ਹਾਂ, ਖਿਮਾ ਕਰਨੀ।'

*ਨਟਸਾਲ=ਨਖ਼ਛਲ=ਬਰਛੀ ਯਾ ਭਾਲੇ ਦਾ ਸਿਰਾ ਜੋ ਮਾਸ ਵਿਚ ਖੁਭ ਕੇ ਮਾਸ ਵਿਚ ਹੀ ਟੁਟ ਗਿਆ ਹੋਵੇ।

ਇਹ ਉੱਤਰ ਆਏ ਅਹਿਦੀਏ ਨੂੰ ਦੇਕੇ ਸਮੀਰ ਨੇ ਟੋਰਿਆ, ਜੋ ਇਹ ਸੋਇ ਬੀ ਲਿਆਇਆ ਸੀ ਕਿ ਨਵਾਬ ਨੇ ਫੌਜ ਤਾਂ ਤਿਆਰ ਕਰ ਰਖੀ ਹੈ, ਪਰ ਅਜੇ ਟੋਰਨ ਵਿਚ ਕੁਛ ਸੋਚ ਕਰ ਰਿਹਾ ਹੈ। ਇਧਰ ਗੁਰੂ ਜੀ ਵਲੋਂ ਤਿਆਰੀ ਵਧੇਰੇ ਜ਼ੋਰ ਨਾਲ ਅਰੰਭ ਹੋ ਗਈ ਜੋ ਜੰਗ ਆ ਪਏ ਤੇ ਜੁਵਾਬ ਦਿੱਤਾ ਜਾ ਸਕੇ। ਨਵੇਂ ਸਿਰੇ ਸਾਮਾਨ, ਆਦਮੀ ਤਿਆਰ ਕਰਨੇ ਤੇ ਪਦਾਰਥ ਸਿਰੇ ਚਾੜ੍ਹਨੇ ਆਦਿ ਕੰਮ ਮੁਸ਼ਕਲ ਸਨ, ਪਰ ਓਹ ਅਹਿੱਲ ਅਡੋਲੇਂ ਮਨ ਵਾਲੇ ਸੂਰਮੇ ਉਸੇ ਰੰਗ ਵਿਚ ਫੇਰ ਲਗੇ ਹੋਏ ਸਨ।

ਹੁਣ ਇਸ ਵਾਕਿਆ ਤੋਂ ਸਮਝ ਆ ਜਾਂਦੀ ਹੈ ਕਿ ਗੁਰੂ ਜੀ ਨੇ ਕਿਸ ਤਰ੍ਹਾਂ ਦੇ ਸੈ ਸਤਿਕਾਰ ਵਾਲੇ, ਤੇ ਸੱਚ ਉੱਤੇ ਟਿਕਣ ਵਾਲੇ ਬੰਦੇ ਰਚ ਦਿੱਤੇ ਸੇ। ਉਹ ਸਮੀਰ ਜੋ ਮਾਮੇ ਤੋਂ ਝਕਦਾ, ਘੋੜੇ ਤੇ ਚੜ੍ਹਕੇ ਫੇਰਨ ਮਾਤ੍ਰ ਦੀ ਖੇਚਲ ਨਹੀਂ ਕਰ ਸਕਦਾ, ਜੋ ਓਸ ਦੇ ਲਿਹਾਜ਼ ਤੇ ਪੀਰਾਂ ਦੀ ਖ਼ਫ਼ਗੀ ਤੋਂ ਡਰਦਾ ਪ੍ਰਸ਼ਾਦਿ ਜ਼ਿਮੀਂ ਵਿਚ ਨੱਪਦਾ ਹੈ, ਅਜ ਇੰਨਾਂ ਉੱਚ-ਸੁਰਤਾ ਤੇ ਤਾਣ ਵਾਲੇ ਮਨ ਦਾ ਮਾਲਕ ਹੋ ਗਿਆ ਹੈ ਕਿ ਸਰਹਿੰਦ ਦੇ ਨਵਾਬ ਨੂੰ ਨਿਧੜਕ ਪਰ ਬੁੱਧੀਮਤਾ ਦਾ ਜੁਵਾਬ ਦੇਂਦਾ ਹੈ। ਜਾਣਦਾ ਹੈ ਕਿ ਨਵਾਬ ਜੇ ਆ ਪਵੇ ਤਾਂ ਧਨ ਧਾਮ ਦੋਧਰ ਨਹੀਂ ਰਹਿ ਸਕਦੇ, ਪਰ ਹੁਣ ਸੁਰਤ ਨੂੰ ਪਰਵਾਹ ਨਹੀਂ।

ਸਮੀਰ ਗੁਰੂ ਪ੍ਰੇਮ ਵਿਚ ਹੈ, ਉਸ ਦੀ ਸੁਰਤ ਲਿਵ ਵਿਚ ਹੈ। ਇਕ ਪਾਸੇ ਸਮੀਰ ਸੰਤ ਹੈ ਅਕਾਲ ਪੁਰਖ ਨੂੰ ਪ੍ਰਾਪਤ, ਦੂਸਰੇ ਪਾਸੇ ਸੂਰਮਾ ਹੈ ਅਭੈ, ਵਿਚਾਲੇ ਸੁਤੇ ਵੈਰਾਗ ਹੈ ਮਾਲ ਤੋਂ, ਜਾਨ ਤੋਂ, ਸੰਬੰਧੀਆਂ ਤੋਂ। ਸਭ ਕੁਝ ਪਾਸ ਹੈ, ਪਰ ਕਮਲ ਵਾਂਗੂ ਜਲ ਵਿਚ ਅਲੇਪ ਖੜਾ ਹੈ ਸਮੀਰ। ਲੋੜ ਪਵੇ ਤਾਂ ਸਭ ਕੁਝ ਅਰਪਨ ਹੈ, ਨਾ ਪਵੇ ਤਾਂ ਵਿਚ ਬੈਠਾ ਹੈ, ਜਿਵੇਂ ਮੁਰਗਾਬੀ ਹੈ ਜੋ ਹੈ ਤਾਂ ਨਦੀ ਵਿਚ, ਪਰ ਅਛਿੱਜ। ਜਿਸ ਦਿਨ ਆਏ ਸਨ ਗੁਰੂ ਜੀ ਦੀਨੇ ਸਮੀਰ ਸਮੀਰ ਸੀ, ਸੂਰਮਾ, ਪਰ ਖਲੋਤੀ ਹੋਈ ਸਮੀਰ* ਵਾਂਗੂ, ਹੁਣ ਸਮੀਰ ਹੈ ਸੂਰਮਾ ਪਰ ਵੇਗ ਨਾਲ ਵਗ ਰਹੀ ਸਮੀਰ ਵਾਂਙੂ, ਜਿਸ ਵਿਚ ਬਲ ਹੁੰਦਾ ਹੈ ਜਹਾਜ਼ ਟੋਰ ਸਕਣ ਦਾ, ਜਿਸ ਵਿਚ ਤਾਣ ਹੁੰਦਾ ਹੈ ਰੁੱਖ ਤੋੜ ਦੇਣ ਦਾ, ਜਿਸ ਵਿਚ ਸੱਤਿਆ ਹੁੰਦੀ ਹੈ ਕਦੇ ਅਟਾਰੀਆਂ ਡੇਗ ਦੇਣ ਦੀ ਬੀ। ਖੜਾ ਜਲ ਬੀ ਜਲ ਹੈ, ਪਰ ਕਾਂਗਾਂ ਵਾਲਾ ਜਲ ਬੀ ਜਲ ਹੈ। ਸਮੀਰ ਸਮੀਰ ਹੀ ਹੈ। ਪਰ ਪਹਿਲਾਂ ਸਮੀਰ ਖੜਾ ਜਲ ਸੀ, ਹੁਣ ਸਮੀਰ ਕਾਂਗਾਂ ਭਰੀ, ਠਾਠਾਂ ਮਾਰਦੀ, ਜੀਉਂਦੀ, ਝੁਕਦੀ, ਮਦਭਰੀ ਨਦੀ ਦਾ ਜਲ ਹੈ ਬਲਵਾਨ। ਹਾਂ, ਜੀਓ ਇਕ ਪਾਸੇ ਪਾਰੰਗਤ ਹੈ, ਦੂਸਰੇ ਪਾਸੇ ਤਾਰਨਹਾਰ ਹੈ। ਜਗਤ ਖੇਲ ਵਿਚ ਉਸ ਨੇ ਹਉਮੈ ਜਿੱਤੀ ਹੈ ਪਰ ਅਮੁੜ ਹੈ। ਫਿਰ ਵੈਰਾਗਵਾਨ ਹੈ ਤੇ ਸਰਵੰਸ ਵਾਰਨਹਾਰ ਹੈ—ਤ੍ਰਿਸ਼ਨਾ ਰਹਿਤ ਕੰਮਾਂ ਲਈ, ਭਲੇ ਲਈ, ਦੁਖ ਹਰਨ ਲਈ ਤੇ ਸੁਖ ਦੇਣ ਲਈ।

ਗੀਤ

ਦਰਸ਼ਨ-ਸਿੱਕ

ਭਰ ਭਰ ਡੁਲ੍ਹਦੇ ਨੈਣ,
ਕਲਗੀਆਂ ਵਾਲੇ ਪਿਆਰੇ ਤੈਨੂੰ
ਢੂੰਡ ਰਹੇ ਦਿਨ ਰੈਣ,
ਆ ਵਾਰੀ ਹੁਣ ਪਾ ਜਈਂ ਫੇਰਾ,
ਹੋਰ ਨਹੀਓਂ ਹੁਣ ਹੁੰਦਾ ਜੇਰਾ,
ਇਕ ਝਾਕੇ ਦੀ ਕਰ ਮਿਹਰਾਮਤ
ਬਿਨ ਦਰਸ਼ਨ ਨਹੀਂ ਚੈਨ।

੮੦. ਜ਼ਫਰਨਾਮਹਾਂ।

ਹੁਣ ਜੋ ਮਾਛੀਵਾੜੇ ਤੋਂ ਘੱਲਿਆ ਗੁਰੂ ਜੀ ਦਾ ਖਤ ਮਿਲ ਗਿਆ ਹੈ ।(ਦੇਖੋ ਪਿਛੇ ਸਫਾ ੧੦੮)ਇਸ ਤੋਂ ਸਹੀ ਹੁੰਦਾ ਹੈ ਕਿ ਦੀਨੇ ਬੈਠੇ ਆਪ ਔਰੰਗਜ਼ੇਬ ਦਾ ਜੁਵਾਬ ਉਡੀਕ ਰਹੇ ਸੇ ਕਿ ਜਦੋਂ ਨਾਂਬ ਸਰਹਿੰਦ ਦਾ ਸੁਨੇਹਾ ਸਮੀਰ ਲਖਮੀਰ ਭਰਾਵਾਂ ਨੂੰ ਪੁੱਜਾ ਕਿ ਗੁਰੂ ਜੀ ਨੂੰ ਮੇਰੇ ਪਾਸ ਪਹੁੰਚਾ ਦਿਓ। ਹੁਣ ਕੋਈ

---

*ਹਵਾ। †ਇਹ ਪ੍ਰਸੰਗ ਗੁਰਪੁਰਬ ਸਪਤਮੀ ਲਈ, ਜੋ (੨੯ ਦਸੰਬਰ ੧੯੩੮) ਪੋਹ ਦੀ ੧੫ ਸੰ: ਗੁ: ਨਾ: ਸਾਹਿਬ ੪੨੦ ਤੇ ਬਿ: ੧੯੯੫ ਵੀਰਵਾਰ ਨੂੰ ਸੀ, ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਪਾਸਾ ਬਾਕੀ ਨਾ ਰਹਿ ਗਿਆ ਕਿ ਇਸਨੂੰ ਵਾਰ ਕਰਨਾ ਹੈ। ਇਸ ਲਈ ਗੁਰੂ ਜੀ ਨੇ ਸੈਨਾ ਜੋੜਨ ਦਾ ਉੱਦਮ ਹੋਰ ਤ੍ਰਿਖਾ ਕਰ ਦਿਤਾ। ਉਧਰੋਂ ਦੱਖਣ ਤੋਂ ਭਾਈ ਦਇਆ ਸਿੰਘ ਜੀ ਦੇ ਕਾਸਦ ਪਹੁੰਚ ਗਏ। ਜੋ ਜਾਪਦਾ ਹੈ ਕਿ ਔਰੰਗਜ਼ੇਬ ਦੀਆਂ ਹੋਰ ਪੁੱਛਾਂ ਆਦਿ ਦੇ ਉੱਤਰ ਲੈਣ ਆਏ ਸੀ। ਤਦ ਸਤਿਗੁਰਾਂ ਨੇ ਇਕ ਹੋਰ ਖ਼ਤ ਲਿਖਿਆ ਜੋ ਜ਼ਫਰ ਨਾਮਹ ਕਰਕੇ ਪ੍ਰਸਿੱਧ ਹੈ। ਖ਼ਯਾਲ ਪੈਂਦਾ ਹੈ ਕਿ ਉਹੋ ਕਾਸਦ ਇਹ ਖ਼ਤ ਲੈਕੇ ਦੱਖਣ ਨੂੰ ਗਏ ਹਨ। ਇਸ ਦੀ ਅਸਲ ਕਾਪੀ ਦਾ ਤਾਂ ਪੱਕਾ ਪਤਾ ਅਜੇ ਨਹੀਂ ਪਿਆ, ਪਰ ਜੋ ਉਤਾਰੇ ਗੁਰਮੁਖੀ ਅੱਖਰਾਂ ਵਿਚ ਮਿਲਦੇ ਹਨ, ਉਨ੍ਹਾਂ ਵਿਚ ਜ਼ੁਬਾਨ ਫਾਰਸੀ ਹੋਣ ਕਰਕੇ ਬਹੁਤ ਭੁੱਲਾਂ ਪੈ ਗਈਆਂ ਹਨ।

ਇਸ ਪੱਤ੍ਰ ਦਾ ਨਾਮ ਆਪ ਨੇ ਜ਼ਫਰਨਾਮਹ ਧਰਿਆ, ਜਿਸ ਦਾ ਅਰਥ ਹੈ ਬਿਜੈ ਦਾ ਪਤ੍ਰ, ਦੇਖੋ ਚੜ੍ਹਦੀਆਂ ਕਲਾਂ ਦੇ ਸਾਈਂ ਦਾ ਇਖ਼ਲਾਕੀ ਆਦਰਸ਼! ਜ਼ਫਰਨਾਮਹ ਇਸ ਦਾ ਨਾਉਂ ਇਸ ਕਰਕੇ ਧਰਿਆ ਕਿ ਗੁਰੂ ਸਾਹਿਬ ਜੀ ਇਸ ਵਿਚ ਆਪਣੀ ਫਤਹ ਦੱਸ ਰਹੇ ਹਨ ਤੇ ਇਸ ਵਿਚ ਇਹ ਨੇਮ ਦੱਸ ਰਹੇ ਹਨ ਕਿ ਇਖ਼ਲਾਕੀ ਹਾਰ ਅਸਲੀ ਹਾਰ ਹੈ ਤੇ ਇਸ ਹਾਰ ਨਾਲ ਅੰਤ ਸ਼ਰੀਰਕ ਹਾਰ ਹੋ ਜਾਂਦੀ ਹੈ। ਔਰੰਗਜ਼ੇਬ ਦੀ ਹਾਰ ਹੋਈ ਹੈ, ਜਿਸਨੇ ਤੇ ਜਿਸ ਦੇ ਜ਼ਿੰਮੇਵਾਰ ਅਹੁਦੇਦਾਰਾਂ ਨੇ ਇਖ਼ਲਾਕ ਦਾ ਖ਼ੂਨ ਕੀਤਾ ਹੈ; ਸੌਂਹਾਂ ਖਾ ਕੇ ਤੋੜੀਆਂ ਤੇ ਆਪਣੇ ਆਚਰਨ ਨੂੰ ਗਿਰਾਇਆ ਹੈ। ਉਸ ਵੇਲੇ ਜਗਤ ਨੂੰ ਦਿੱਸਦਾ ਹੋਊ ਕਿ ਖਾਲਸੇ ਜੀ ਦੀ ਹਾਰ ਹੋਈ ਹੈ, ਪਰ ਨਹੀਂ, ਔਰੰਗਜ਼ੇਬ ਦੀ ਉਹ ਹਾਰ ਸੀ ਤੇ ਖਾਲਸੇ ਜੀ ਦੀ ਜਿੱਤ ਸੀ। ਹਾਰ ਜਿੱਤ ਦੇ ਉਸੇ ਵੇਲੇ ਅੰਗੂਰ ਫੁੱਟੇ ਸੇ, ਵਿਚ ਗੱਲ ਕੁਛ ਸਮੇਂ ਦੀ ਸੀ, ਸਮਾਂ ਪਾਕੇ ਉਹ ਹਾਰ ਜਿੱਤ ਫਲ ਦੀ ਸੂਰਤ ਵਿਚ ਮੂਰਤੀਮਾਨ ਹੋ ਗਈ; ਤੁਰਕ ਰਾਜ ਸਮਾਪਤ ਹੋ ਗਿਆ ਤੇ ਖਾਲਸੇ ਦਾ ਰਾਜ ਪੰਜਾਬ ਵਿਚ ਕਾਮਯਾਬ ਹੋ ਗਿਆ। ਕਈ ਵਾਰੀ ਹਾਰ ਜਿੱਤ ਨੂੰ ਸਮਝਣਾ ਮੁਸ਼ਕਲ ਹੋ ਜਾਂਦਾ ਹੈ, ਪਰ ਜਦੋਂ ਇਖ਼ਲਾਕੀ ਮੁੱਲ ਪਾਇਆ ਜਾਏ ਤਾਂ ਠੀਕ ਠੀਕ ਪਤਾ ਲਗਦਾ ਹੈ। ਬੇਸ਼ਕ ਝੂਠ, ਫਰੇਬ, ਦਗ਼ੇ, ਚਾਲਾਂ ਕਾਮਯਾਬ ਹੁੰਦੇ ਹਨ, ਪਰ ਅੰਤ ਸੱਤਿ ਦੀ ਜੈ ਹੁੰਦੀ ਹੈ। ਸਤਿ ਦੀ ਜੇ ਕਿਤੇ ਹਾਰ ਹੋਵੇ ਤਾਂ ਅਸੱਤਿ ਦੀ ਜੈ ਤੋਂ ਉਹ ਕੀਮਤੀ ਹੁੰਦੀ ਹੈ। ਫਰਕ ਕੀਮਤ ਪਾਉਣ ਵਾਲਿਆਂ ਮੰਡਲਾਂ ਦਾ ਹੁੰਦਾ ਹੈ; ਸੋ ਇਹ ਖ਼ਤ ਬਿਜੈ ਦਾ ਸੀ, ਇਸ ਦੀ ਧੁਨਿ ਬਿਜੈ ਦੀ ਹੈ, ਇਸ ਦਾ ਲੇਖਕ ਬਿਜੈ ਵਿਚ ਹੈ ਤੇ ਆਪਣੇ ਇਰਾਦੇ ਤੋਂ ਪਿੱਛੇ ਨਹੀਂ ਹਟ ਰਿਹਾ।

ਉਹ ਖ਼ਤ ਜੋ ਦੀਨੇ ਦੈਠਕੇ ਗੁਰੂ ਜੀ ਨੇ ਲਿਖਿਆ ਉਸ ਵੇਲੇ ਦਾ ਇਕ ਸੈਲਿਖਤ ਇਤਿਹਾਸ ਹੈ ਤੇ ਸਭ ਤੋਂ ਵਧੀਕ ਮੁਸਤਨਿਦ (ਪੱਕਾ) ਇਤਿਹਾਸ ਹੈ, ਫਿਰ ਉਸ ਦੀ ਮੁਤਾਲਜ਼ਾ ਇਕ ਰਸਦਾਇਕ ਤੇ ਜ਼ਾਨ ਭਰਨਹਾਰੀ ਤਾਕਤ ਹੈ, ਪਰ ਹੈ ਓਹ ਫ਼ਾਰਸੀ ਵਿਚ, ਇਸ ਕਰ ਕੇ ਉਸ ਦਾ ਮੂਲ ਤੇ ਟੀਕਾ ਇੱਥੇ ਦੇਂਦੇ ਹਾਂ:—

ਜ਼ਫਰਨਾਮਹ

[ਮੰਗਲਾਚਰਨ—ਵਾਹਿਗੁਰੂ ਜੀ ਦੀ ਉਸਤਤਿ*]

੧. ਕਮਾਲੇ ਕਰਾਮਾਤ ਕਾਯਮ ਕਰੀਮ॥
ਰਜ਼ਾ ਬਖਸ਼ੁ ਰਾਜ਼ਕ ਰਹਾਕੋਂ† ਰਹੀਮ॥

(ਧੰਨ ਹੈ ਅਕਾਲ ਪੁਰਖ ਨੂੰ) ਸਦਾ ਥਿਰ ਹੈ, ਕ੍ਰਿਪਾਲੂ ਹੈ ਤੇ ਜਿਸ ਦੀਆਂ ਬਖਸ਼ਸ਼ਾਂ ਕਮਾਲ ਦੀਆਂ ਹਨ‡। ਪ੍ਰਸੰਨਤਾ ਦਾ ਦਾਤਾ ਹੈ, ਰਿਜ਼ਕ ਦੇ ਦੇਣ ਵਾਲਾ ਹੈ, ਖਲਾਸੀ ਦਾਤਾ ਹੈ ਤੇ ਰਹਿਮ ਕਰਨੇ ਵਾਲਾ ਹੈ।

੨. ਅਮਾਂ ਬਖਸ਼ੁ ਬਖਸ਼ਿੰਦਹ ਓ ਦਸਤਗੀਰ॥
ਰਜ਼ਾ ਬਖਸ਼ੁ§ ਰੋਜ਼ੀ ਦਿਹੋ ਦਿਲਪਜ਼ੀਰ॥

ਪਨਾਹ ਦੇਣ ਵਾਲਾ (ਸ਼ਰਨ ਪਾਲ) ਹੈ, ਬਖਸ਼ਸ਼ਾਂ ਕਰਨ ਵਾਲਾ ਏ (ਨਿਆਸਰਿਆਂ ਦੀ) ਬਾਂਹ ਫੜਨੇ ਵਾਲਾ ਹੈ; ਖੁਸ਼ੀ ਦੇਣ ਵਾਲਾ, ਰੋਜ਼ੀ ਦੇਣ ਵਾਲਾ ਤੇ ਮਨ ਨੂੰ ਪਿਆਰਾ ਲਗਣ ਵਾਲਾ ਹੈ।

੩. ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ॥
ਕਿ ਬੇਚੂਨ ਬਚੂਨ ਚੂੰ ਬੇਨਮੂੰ¶॥

(ਉਹ) ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਨੇਕੀ ਦਾ ਦਾਤਾ ਹੈ ਤੇ (ਨੇਕੀ ਦਾ) ਰਸਤਾ ਦੱਸਣ ਵਾਲਾ ਹੈ।

---

*ਇਹ ਸਿਰਲੇਖ ਤ ਵਿਚ ਵਿਚ ਸੂਚਨਾ ਬ੍ਰੈਕ ਟੈਪ ਵਿਚ ਭਾਵ ਸੁਗਮ ਕਰਨ ਲਈ ਦਿੱਤੀਆਂ ਹਨ, ਇਹ ਫਾਰਸੀ ਮੂਲ ਵਿਚ ਨਹੀਂ ਹਨ। †ਪਾਠਾਂਤ੍ਰ—ਰਿਹਾਕੁਨ।

‡(ਅ) ਜਿਨ ਦੀਆਂ ਕਰਾਮਾਤਾਂ ਕਮਾਲ ਦੀਆਂ ਹਨ।

§ਪਾਠਾਂਤ੍ਰ—ਖਤਾ ਬਖਸ਼।

¶ਨਮੂੰ—ਨਮੂਨਾ, ਭਾਵ ਸ਼ਕਲ, ਸ਼ਬੀਹਾ, ਨੁਹਾਰ।

(ਐਸੇ ਗੁਣਾਂ ਵਾਲਾ ਹੋਕੇ ਫੇਰ ਉਹ) ਅਰੰਗ ਹੈ, ਅਰੂਪ ਹੈ ਤੇ ਬੇਨਮੂਨਾ ਹੈ।

੪. ਨ ਸਾਜ਼ੇ ਨ ਬਾਜ਼ੇ ਨ ਫਉਜੇ ਨ ਫਰਸ਼।
ਖ਼ੁਦਾਵੰਦ ਬਖਸ਼ਿੰਦਹ ਏ ਐਸ਼ ਅਰਸ਼॥

(ਫਿਰ ਉਹ ਐਸਾ ਹੈ ਕਿ ਜਿਸਦੇ ਪਾਸ ਨਾ ਤਾਂ ਸ਼ਾਹੀ ਦਾ) ਸਾਮਾਨ ਹੋਵੇ ਨਾ ਬਾਜ਼ ਹੋਣ ਨਾਂ ਫ਼ੌਜ ਹੋਵੇ ਨਾ ਆਰਾਮ ਦੇ ਸਾਮਾਨ ਹੋਣ* (ਉਸਨੂੰ ਉਹ) ਅਰਸ਼ੀ ਸੁਖ ਬਖਸ਼ਣੇ ਵਾਲਾ ਹੈ।

੫. ਜਹਾਂ ਪਾਕ ਜ਼ਬਰਸਤ ਜ਼ਾਹਿਰ ਜ਼ਹੂਰ॥
ਅਤਾ ਮੇ ਦਿਹਦ ਹਮਚੁ ਹਾਜ਼ਰ ਹਜ਼ੂਰ॥

ਜਹਾਨ ਤੋਂ ਅਤ੍ਰਿਕਤ ਹੈ,ਇਸ ਤੋਂ ਪਰੇ ਤੇ ਉਪਰ ਹੈ,(ਫਿਰ ਉਸ ਦਾ) ਪ੍ਰਕਾਸ਼ ਪ੍ਰਕਾਸ਼ਮਾਨ ਹੈ, (ਜਹਾਨ ਤੋਂ ਅਤ੍ਰਿਕਤ ਤੇ ਪਰੇ ਹੋਕੇ ਫਿਰ ਮਲੂਮ ਕੀਕੂੰ ਹੁੰਦਾ ਹੈ ? ਉੱਤਰ) ਉਸ ਦੀਆਂ ਬਖ਼ਸ਼ਿਸ਼ਾਂ ਤੋਂ (ਉਹ ਮਾਲੂਮ ਹੋ ਜਾਂਦਾ ਹੈ, ਹਾਂ ਉਹ) ਹਾਜ਼ਰਾ ਹਜ਼ੂਰ ਹੈ (ਭਾਵ ਸਾਮ੍ਹਰਤੱਖ ਹੈ)।

੬. ਅਤਾ ਬਖਸ਼ਦੋ ਪਾਕ ਪਰਵਰਦਗਾਰ॥
ਰਹੀਮਸਤੁ ਰੋਜ਼ੀ ਦਿਹੋ ਹਰ ਦਿਯਾਰ॥

(ਪਾਕ=) ਅਤ੍ਰਿਕਤ ਹੈ (ਜਗਤ ਤੋਂ ਪਰ ਫੇਰ ਜਗਤ ਦਾ) ਪਾਲਣਹਾਰ ਹੈ, ਦਿਆਲੂ ਹੈ, ਰਹਿਮ ਕਰਨੇ ਵਾਲਾ ਹੈ, ਹਰੇਕ ਵਲਾਯਤ ਦਾ ਰੋਜ਼ੀ ਦਾਤਾ ਹੈ।

੭. ਕਿ ਸਾਹਿਬ ਦਿਯਾਰਸਤੁ ਆਜ਼ਮ ਅਜ਼ੀਮ॥
ਕਿ ਹੁਸਨਲ ਜਮਾਲਸਤੁ ਰਾਜ਼ਕ ਰਹੀਮ॥

ਕਿਉਂਕਿ (ਸਭ) ਵਲਾਯਤਾਂ ਦਾ ਮਾਲਕ (ਉਹੀ ਆਪ) ਹੈ (ਤੇ ਸਭ) ਵਡਿਆਂ ਤੋਂ ਵਡਾ ਹੈ, (ਐਡਾ ਵਡਾ ਹੋਕੇ ਨਿਰੇ ਜਲਾਲ ਤੇਜ ਵਾਲਾ ਨਹੀਂ, ਸਗੋਂ ਉਹ) ਜਮਾਲ (=ਮਿੱਠੀ ਸੁੰਦਰਤਾ ਵਿਚ ਬੀ ਅਤਿ) ਸੁੰਦਰਤਾ ਵਾਲਾ ਹੈ (ਤੇ ਰੋਜ਼ੀ ਦਣ ਵਿਚ) ਰਾਜ਼ਿਕ (ਰਿਜ਼ਕ ਦੇਣ ਵਾਲਾ ਹੈ ਤੇ ਔਗੁਣ ਗਿਣਨ ਵਿਚ) ਰਹਿਮ ਕਰਨੇ ਵਾਲਾ ਹੈ।

੮. ਕਿ ਸਾਹਿਬ ਸ਼ਊਰਸਤੁ ਆਜਿਜ਼ ਨਿਵਾਜ਼॥
ਗ਼ਰੀਬੁਲ ਪਰਸਤੋ ਗ਼ਨੀਮੁਲ ਗੁਦਾਜ਼॥

(ਰਾਜ਼ਿਕ ਤੇ ਰਹੀਮ ਹੋਣ ਵਿਚ ਉਹ) ਸ਼ਊਰ (ਵਿਵਕ ਵਾਲੀ ਬੁੱਧੀ) ਦਾ ਮਾਲਕ ਹੈ। ਦੀਨਾ ਦਾ ਰਖਵੱਕ ਹੈ, ਗ਼ਰੀਬਾਂ ਨੂੰ ਨਿਵਾਜਣ ਵਾਲਾ ਅਤੇ ਵੈਰੀਆਂ ਦੁਸ਼ਟਾਂ ਨੂੰ ਦਮਨ ਕਰਨ ਵਾਲਾ ਹੈ।

੯. ਸ਼ਰੀਅਤ ਪਰਸਤੋ ਫ਼ਜ਼ੀਲਤ ਮਆਬ॥
ਹਕੀਕਤ ਸ਼ਨਾਸੋ ਨਬੀ ਉਲ ਕਿਤਾਬ॥

(ਉਹ ਰੱਬ) ਸ਼ਰੀਅਤ* ਪਰਸਤ ਹੈ (ਪਰ ਤੁਸਾਂ ਵਾਙੂ ਕਿਸੇ ਨੀਵੇਂ ਭਾਵਾਂ ਨਾਲ ਨਹੀਂ, ਉਹ) ਬਜ਼ੁਰਗੀ ਦਾ ਘਰ ਹੈ, (ਉਸ ਬਜ਼ੁਰਗੀ ਦੇ ਘਰ ਵਿਚ ਬੈਠਾ ਉਹ ਸ਼ਰਅ ਪਰਸਤੀ ਕਰਦਾ ਹੈ, ਫਿਰ ਉਹ) ਹਕੀਕਤ ਦਾ ਬੀ ਜਾਣੂ ਹੈ (ਜਿਸ ਨੂੰ ਤੁਸੀਂ ਨਜ਼ਰ ਅੰਦਾਜ਼ ਕਰਦੇ ਹੋ, ਤੁਸੀਂ ਨਬੀ ਤੇ ਕਿਤਾਬ ਕਹਿਕੇ ਤਅੱਸਬ ਵਿਚ ਹੋ, ਪਰ) ਨਬੀਆਂ ਉਹ ਆਪ ਹੈ ਤੇ (ਅਪਣੀ ਅਗੰਮੀ) ਕਿਤਾਬ ਵਾਲਾ (ਉਹ ਆਪ) ਹੈ।

੧੦. ਕਿ ਦਾਨਸ਼ ਪਯੋਹਸਤੁ ਸਾਹਿਬ ਸ਼ਊਰ॥
ਹਕੀਕਤ ਸ਼ਨਾਸਸਤੋ ਜ਼ਾਹਿਰ ਜ਼ਹੂਰ॥

ਉਹ ਦਾਨਾਈ ਦੀ ਕਦਰ ਪਾਉਣ ਵਾਲਾ ਹੈ‡ (ਕਿਉਂਕਿ ਉਹ ਆਪ) ਵਿਵੇਕ ਦਾ ਮਾਲਿਕ ਹੈ। ਹਕੀਕਤ ਨੂੰ ਪਛਾਣਨ ਵਾਲਾ ਹੈ ਤੇ ਉਸ ਦਾ ਪ੍ਰਕਾਸ਼ (ਸਾਰੇ) ਪ੍ਰਕਾਸ਼ਮਾਨ ਹੈ।

੧੧. ਸ਼ਨਾਸਿੰਦਹ ਏ ਇਲਮਿ ਆਲਮ ਖ਼ੁਦਾਇ॥
ਨੁਸ਼ਾਇੰਦਹਏ ਕਾਰਿ ਆਲਮ ਕੁਸ਼ਾਇ॥

(ਹਾਂ ਉਹ) ਖ਼ੁਦਾ ਜਹਾਨ ਦੀ (ਸਾਰੀ ਗੁਪਤ ਪ੍ਰਗਟ) ਵਾਕਫੀਅਤ ਨੂੰ ਜਾਣਨੇ ਵਾਲਾ ਹੈ, ਦੁਨੀਆ ਦੇ (ਮੁਸ਼ਕਲ) ਕੰਮਾਂ (ਮਾਮਲਿਆਂ) ਨੂੰ ਖੁਹਲਣੇ ਵਾਲਾ ਹੈ (ਤੇ ਵਿਗੜੀਆਂ ਨੂੰ)ਸੰਵਾਰਣ ਵਾਲਾ ਹੈ§।

੧੨. ਗੁਜ਼ਾਰਿੰਦਹਏ ਕਾਰਿ ਆਲਮ ਕਬੀਰ॥
ਸ਼ਨਾਸਿੰਦਹਏ ਇਲਮਿ ਆਲਮ ਅਮੀਰ॥

(ਸਭ ਤੋਂ ਵਡਾ ਕੰਮ ਹੈ ਸੰਸਾਰ ਦਾ ਪ੍ਰਬੰਧ ਕਿਸੇ ਤਰਤੀਬ, ਕ੍ਰਮ ਤੇ ਵਿਉਂਤ ਵਿਚ, ਸੋ ਸਾਈਂ) ਸੰਸਾਰ ਦੇ (ਇਸ) ਵਡੇ ਕੰਮ ਨੂੰ (ਅਪਣੀ) ਵਿਉਂਤ

*ਫਰਸ਼–ਸੋਣ ਬੈਠਣ ਦੇ ਵਿਛੌਣੇ ਕਾਲੀਨ ਆਦਿਕ, ਭਾਵ ਆਰਾਮ ਦੇ ਸਾਮਾਨ।

*ਧਰਮ ਸ਼ਿਵਮਥਾ। ਸ਼ਰਅ=ਸਿੱਧਾ ਰਾਹ।

†ਅੱਖਰੀ ਅਰਥ ਹਨ ਖ਼ਬਰਾਂ ਦੇਣੇ ਵਾਲਾ।

‡ਪਯੋਹ–ਢੂੰਡਣ ਵਾਲਾ, ਲੱਭ ਲੈਣ ਵਾਲਾ, ਭਾਵ ਹੈ ਕਦਰ ਪਾਉਣ ਵਾਲਾ।

§ਕਸ਼ੂਦਨ ਤੋਂ ਕੁਸ਼ਾਇੰਦਹ–ਖੁਹਲਣੇ ਵਾਲਾ, ਕਸ਼ੀਦਨ ਤੋਂ ਕਸ਼ਾਇ–ਤਰਤੀਬ ਦੇਣ ਵਾਲਾ, ਸੰਵਾਰਨ ਵਾਲਾ।

ਵਿਚ ਚਲਾ ਰਿਹਾ ਹੈ*। (ਕਿਉਂਕਿ ਜਹਾਨ ਦਾ) ਗਿਆਨ (ਉਸ ਨੂੰ ਹੈ, ਸਭ ਕਿਸੇ ਦਾ ਉਹ) ਪਛਾਣਨ ਵਾਲਾ ਹੈ (ਤੇ ਸਭ ਤੇ) ਹੁਕਮ ਕਰਨੇ ਵਾਲਾ ਹੈ†।

ਦਾਸਤਾਨ

[ਭਾਵ ਹਾਲ ਦਾ ਬਿਆਨ ਚਲਿਆ]

੧੩. ਮਰਾ ਐਤਬਾਰੇ ਬਰੀਂ ਕਸਮ ਨੇਸਤ॥
ਕਿ ਏਜ਼ਦ ਗਵਾਹਸਤ ਯਜ਼ਦਾਂ ਯਕੇਸਤ॥

ਮੈਨੂੰ ਇਸ ਕਸਮ ਉਤੇ (ਜੋ ਤੂੰ ਇਹ ਲਿਖਕੇ ਖਾਧੀ ਸੀ) ਕਿ ਇਕ ਹੈ ਖ਼ੁਦਾ ਤੇ ਉਹ ਖ਼ੁਦਾ ਗਵਾਹ ਹੈ, ਇਤਬਾਰ ਨਹੀਂ।

੧੪. ਨ ਕ਼ਤਰਹ ਮਰਾ ਐਤਬਾਰੇ ਬਰੋਸਤ॥
ਕਿ ਬਖਸ਼ੀ ਵ ਦੀਵਾਨ ਹਮਹ ਕਿਜ਼ਬਗੋਸਤ॥

ਫੂਹੀ ਜਿੰਨਾਂ ਮੈਨੂੰ ਇਤਬਾਰ ਉਸ (ਕਸਮ) ਉਤੇ ਨਹੀਂ (ਕਿ ਜੋ ਆਪ ਦੇ ਸਰਦਾਰਾਂ ਨੇ ਮੇਰੇ ਪਾਸ ਚੁੱਕੀ ਸੀ), ਕਿਉਂਕਿ (ਆਪ ਦਾ) ਬਖਸ਼ੀ ਤੇ ਦੀਵਾਨ (ਹਰ ਕੋਈ) ਝੂਠ ਬੋਲਣੇ ਵਾਲਾ ਹੈ†।

੧੫. ਕਸੇ ਕ਼ੌਲ ਕ਼ੁਰਆਂ ਕ਼ੁਨੱਦ ਐਤਬਾਰ॥
ਹਮਾ ਰੋਜ਼ ਆਖ਼ੁਰ ਸ਼ਵੱਦ ਮਰਦ ਖ਼ਾਰ॥

(ਤੇਰੇ ਸਰਦਾਰਾਂ ਦੀਆਂ ਤੇ ਤੇਰੀਆਂ ਸਹੁੰਵਾਂ ਦਾ ਇਹ ਹਾਲ ਹੋ ਰਿਹਾ ਹੈ ਕਿ) ਜੋ ਕੋਈ ਕ਼ੁਰਾਨ (ਵਿਚ ਦੇਕੇ ਕੀਤੇ ਤੁਸਾਡੇ) ਕੌਲ ਉਤੇ ਇਤਬਾਰ ਕਰ ਲੈਂਦਾ ਹੈ ਉਹ ਮਰਦ ਉਸੇ ਦਿਨ ਯਾ ਅੰਤ ਨੂੰ ਖ਼ੁਆਰ ਹੀ ਹੁੰਦਾ ਹੈ। (ਭਾਵ ਕਿ ਨਾ ਕੇਵਲ ਮੈਨੂੰ ਹੀ ਤੁਸਾਡੀ ਸਹੁੰ ਤੇ ਭਰੋਸਾ ਨਹੀਂ ਹੈ, ਬਲਕਿ ਤਜਰਬੇ ਨੇ ਕਿਸੇ ਦੇ ਦਿਲ ਵਿਚ ਬੀ ਭਰੋਸਾ ਨਹੀਂ ਰਹਿਣ ਦਿਤਾ)।

੧੬. ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ॥
ਬਰੋ ਦਸਤ ਦਾਰਦ ਨ ਜ਼ਾਗ਼ੇ ਦਲੇਰ॥

(ਪਰ ਜਾਣ ਲੈ ਕਿ ਜੇ) ਹੁਮਾ ਦੇ ਸਾਏ ਦੇ ਹੇਠ ਕੋਈ ਆ ਜਾਵੇ ਉਸ ਉਤੇ ਕਾਊਂ ਕਾਬੂ ਨਹੀਂ ਪਾ ਸਕਦਾ, (ਚਾਹੇ ਉਹ ਕਾਊਂ ਕਿੰਨਾ) ਦਲੇਰ (ਹੋਵੇ)।

ਭਾਵ—ਅਸੀਂ ਵਾਹਿਗੁਰੂ ਦੀ ਛਾਂ ਹੇਠ ਸਾਂ, ਸ਼ੇਅਰ ੪੩ ਵਿਚ ਦੱਸਦੇ ਹਨ ਕਿ ਜੋ ਸਹੁੰ ਦਾ ਇਤਬਾਰ ਕਰ ਲਵੇ ਖ਼ੁਦਾ ਉਸ ਦਾ ਰਾਹਨੁਮਾ ਹੋ ਜਾਂਦਾ ਹੈ। ਤੇਰੇ ਦਲੇਰ ਫੌਜੀ ਸਰਦਾਰ ਜੋ ਝੂਠੇ ਹੋਣ ਕਰ ਕੇ ਕਾਂ ਵਾਂਙੂ ਬਿਰਥਾ ਪ੍ਰਲਾਪੀ ਸਨ, ਸਾਡੇ ਤੇ ਕਾਬੂ ਨਾ ਪਾ ਸਕੇ ਤੇ ਅਸੀਂ ਜੀਉਂਦੇ ਨਿਕਲ ਆਏ।

੧੭. ਕਸੇ ਪੁਸ਼ਤ ਉਛ਼ਤਦ ਪਸੇ ਸ਼ੇਰਿ ਨਰ॥
ਨ ਗੀਰਦ ਬੁਜ਼ੇ ਮੇਸ਼ੋ ਆਹੂ ਗੁਜ਼ਰ॥

ਜੇ ਕੋਈ ਸ਼ੇਰ ਨਰ ਦੀ ਪਿੱਠ ਪਿੱਛੇ ਆ ਜਾਵੇ, ਬੱਕਰੀ, ਭੇਡ ਤੇ ਹਰਨ (ਨੇ ਉਸ ਨੂੰ ਫੜਨਾ ਤਾਂ ਕੀਹ, ਉਹ) ਉਸ ਰਾਹੋਂ ਬੀ ਨਹੀਂ ਲੰਘ ਸਕਦੇ*।

੧੮. ਕਸਮ ਮੁਸਹਫ਼ੇ ਖ਼ਦਅ਼ਹ ਗਰ ਈਂ ਖ਼ੁਰਮ॥
ਨ ਫਉਜੇ ਅਜ਼ੀਜ਼ੇ ਰਾ ਸੁਮ ਅਫ਼ਗਨਮ॥

ਇਸ 'ਕੁਰਾਨ ਦੀ ਸਹੁੰ' ਦਾ ਫਰੇਬ (ਜੇ) ਮੈਂ ਖਾਂਵਾਂ ਨਾ (ਤਾਂ ਆਪਣੀ) ਪਿਆਰੀ ਫੌਜ ਨੂੰ ਲੰਗੜਿਆਂ ਕਰ ਲਵਾਂ ਨਾ†।

[ਜੰਗ ਚਮਕੌਰ]

ਅਨੰਦ ਪੁਰ ਵਿਚ ਸਹੁੰ ਖਾਣ ਤੇ ਫੇਰ ਸਹੁੰ ਤੋੜ ਕੇ ਆ ਪੈਣ ਦਾ ਤੁਰਕ ਦਲ ਦਾ ਹਾਲ ਕਹਿਕੇ ਹੁਣ ਚਮਕੌਰ ਯੁੱਧ ਦਾ ਹਾਲ ਵਰਣਨ ਕਰਦੇ ਹਨ ਕਿ ਜਦ ਅਸੀਂ ਚਮਕੌਰ ਦੀ ਗੜ੍ਹੀ ਵਿਚ ਆ ਟਿਕੇ ਤਾਂ ਸਹੁੰ ਖਾਣ ਵਾਲਿਆਂ ਨੇ ਕੀ ਕੁਛ ਕੀਤਾ:—

---

*ਗੁਜ਼ਾਰਦਨ, ਗੁਜ਼ਾਰੀਦਨ—ਅਦਾ ਕਰਨਾ, ਚਲਾਉਣਾ, ਚਿਤ੍ਰਕਾਰ ਦਾ ਚਿਤ੍ਰ ਦਾ ਖ਼ਾਕਾ ਵਾਹੁਣਾ। ਇਸ ਤੋਂ ਭਾਵ ਹੈ ਸੰਸਾਰ ਨੂੰ ਵਿਉਂਤਣਾ ਤੇ ਇਸ ਦੀ ਵਿਉਂਤ ਤੇ ਅਵੈਵਾਂ ਨੂੰ ਤਰਤੀਬ ਸਿਰ ਰੱਖ ਕੇ ਸਾਰੇ ਨੂੰ ਟੋਰਨਾ।

†ਆਮੀਰ, ਅਮੀਰ=ਅਮਰ ਕਰਨੇ ਵਾਲਾ, ਹੁਕਮ ਕਰਨੇ ਵਾਲਾ।

‡'ਈਂ' ਤੋਂ ਮੁਰਾਦ ਔਰੰਗਜ਼ੇਬ ਦੀ ਸਹੁੰ ਦੀ ਹੈ ਇਹ ਗਲ ਅੰਕ ੪੫, ੪੬ ਤੋਂ ਸਾਫ ਹੋ ਜਾਂਦੀ ਹੈ। ਬਖਸ਼ੀ ਉਸ ਸਮੇਂ ਦੇ ਫੌਜੀ ਜਰਨੈਲ ਨੂੰ ਕਹਿੰਦੇ ਹੁੰਦੇ ਸਨ।

*ਨ ਗੀਰਦ ਗੁਜ਼ਰ—ਓਹ ਰਾਹ ਨਹੀਂ ਫੜ ਸਕਦੇ ਭਾਵ ਉਸ ਰਸਤੇ ਨਹੀਂ ਲੰਘ ਸਕਦੇ।

†ਗੁਰਮੁਖੀ ਲਿਖਾਰੀਆਂ ਨੇ 'ਖ਼ਦਅਹ' ਨੂੰ ਖ਼ਫੀਆ ਬਣਾ ਦਿੱਤਾ ਹੈ ਤੇ 'ਅਜ਼ੀਜ਼ੇ ਰਾ' ਨੂੰ 'ਅਜ਼ੀਂ' ਸ਼ੇਰ ਕਰ ਦਿੱਤਾ ਹੈ। 'ਖਦਅ' ਨਾਮ ਹੈ ਫਰੇਬ ਕਰਨ ਦਾ। ਖਦੀਅਤ=ਫਰੇਬ। ਖਦਅਹ=ਫ਼ੇਬ (ਲੁ: ਕਿ:)॥ਮੁਸਹਫ ਦਾ ਅਰਥ ਹੈ ਸਹੀਫੇ ਯਾ ਰਸਾਲਿਆ ਦੇ ਕਠ ਤੋਂ ਬਣੀ ਪੁਸਤਕ—ਕੁਰਾਨ। ਸੁਮ ਅਫਗੰਦਨ, ਅਫਗੰਦਹ ਸੁਮ= ਆਜਜ਼, ਅਪਾਹਜ। ਲੰਗੜੇ ਹੋਣਾ। ਦੂਸਰੇ ਮਿਸਰੇ ਦਾ 'ਨ' ਦੇਹੁਰੀ ਦੀਪਕ ਹੈ।

ਭਾਵ ਇਹ ਹੈ ਕਿ ਤੁਸਾਡੀ ਫੌਜ ਨੇ ਸਹੁੰ ਤੋੜ ਕੇ ਹਮਲਾ ਕੀਤਾ, ਮੇਰੀ ਫੌਜ ਸ਼ਾਂਤੀਨਾਲ ਆ ਰਹੀਸੀ, ਹੱਲੇ ਕਰਨਦੀ ਓਸਨੂੰ ਆਕਿਆ ਨਹੀਂ ਸੀ; ਮੈਂ ਆਪਣੇ ਅਹਿਦ ਤੇ ਪੱਕਾ ਸਾਂ—ਐਉਂ ਉਹ ਮਾਨੋਂ ਜੰਗ ਕਰਨੇ ਲੰਗੜੀ ਸੀ। ਭਾਵ ਰਕੀ ਹੋਈ।

੧੯. ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ ॥
ਕਿ ਦਹ ਲਕ ਬਰਾਯਦ ਬੱਰ ਬੇਖ਼ਬਰ ॥

(ਵੀਚਾਰ ਕਰੋ) ਚਾਲੀ ਆਦਮੀ ਭੁੱਖੇ ਭਾਣੇ ਕੀ ਕਰਨ ਜਦ ਦਸ ਲੱਖ* ਉਨ੍ਹਾਂ ਦੇ ਉਤੇ ਅਚਾਨਕ ਆ ਪੈਣ ।

੨੦. ਕਿ ਪੈਮਾ ਸ਼ਿਕਨ ਬੇਦਰੰਗ ਆਮਦੰਦ ॥
ਮਏ ਤੇਗ਼ੁ ਤੀਰੋ ਤੁਫ਼ੰਗ ਆਮਦੰਦ ॥

ਬਿਨਾਂ ਕੋਈ ਢਿੱਲ ਲਾਏ ਦੇ (ਉਹ ਸਾਰੇ ਕੀਤੇ ਹੋਏ) ਅਹਿਦ ਨੂੰ ਤੋੜਨ ਵਾਲੇ (ਚਮਕੌਰ) ਆ ਗਏ, ਤਲਵਾਰਾਂ ਤੀਰਾਂ ਬੰਦੂਕਾਂ ਸਮੇਤ ਆ ਗਏ (ਭਾਵ ਵਾਰ ਕਰਨ ਲਗ ਪਏ)।

ਗੁਰੂ ਸਾਹਿਬ ਦੱਸ ਰਹੇ ਹਨ ਕਿ ਅਨੰਦਪੁਰੋਂ ਸਾਡੇ ਨਿਕਲਣ ਦੇ ਬਾਦ ਸਹੁੰ ਤੋੜ ਕੇ ਤੇਰੇ ਲਸ਼ਕਰੀ ਤੇ ਸਰਦਾਰ ਸਾਡੇ ਤੇ ਆ ਪਏ। ਜਦ ਅਸੀਂ ਚਮਕੌਰ ਆ ਟਿਕੇ ਤਾਂ ਏਥੇ ਬੀ ਮਗਰ ਆਏ ਤੇ ਮੈਦਾਨ ਵਿਚ ਉਤਰ ਪਏ, ਦੋਹੀਂ ਥਾਈਂ ਉਨ੍ਹਾਂ ਨੇ ਅਹਿਦ ਸ਼ਿਕਨੀ ਕੀਤੀ। ਅੱਗੇ ਦੱਸਦੇ ਹਨ ਕਿ ਫੇਰ ਮਜਬੂਰਨ ਮੈਨੂੰ ਬੀ ਉਨ੍ਹਾਂ ਦੇ ਵਾਰ ਦਾ ਮੁਕਾਬਲਾ ਕਰਨਾ ਪਿਆ:–

੨੧. ਬ ਲਾਚਾਰਗੀ ਦਰਮਿਯਾਂ ਆਮਦਮ ॥
ਬਤਦਬੀਰ ਤੀਰੋ ਤੁਫ਼ੰਗ ਆਮਦਮ ॥

ਮਜਬੂਰ ਹੋ ਕੇ ਮੈਨੂੰ ਬੀ (ਜੰਗ) ਵਿਚ ਆਉਣਾ ਪਿਆ। ਮੈਂ ਬੀ ਤੀਰਾਂ ਤੇ ਬੰਦੂਕਾਂ ਦੇ ਪ੍ਰਬੰਧ ਨਾਲ ਆਇਆ (ਭਾਵ ਮੈਂ ਭੀ ਅਗੋਂ ਤੀਰਾਂ ਤੁਫ਼ੰਗਾਂ ਨਾਲ ਜੁਵਾਬ ਦਿੱਤਾ†)।

੨੨. ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲਸਤ ਬੁਰਦਨ ਬਸ਼ਮਸ਼ੀਰੇ ਦਸਤ ॥

ਜਦੋਂ (ਨੀਤੀ ਦੇ) ਸਾਰੇ (ਹੋਰ) ਚਾਰਿਆਂ ਤੋਂ ਗਲ ਲੰਘ ਟੁਰੇ ਤਾਂ ਤਲਵਾਰ ਤੇ ਹੱਥ ਧਰਨਾ (ਭਾਵ ਲੜਨਾ) ਰਵਾ ਹੈ।

੨੩. ਚਿ ਕ਼ਸਮੇ ਕ਼ਰਾਂ ਮਨ ਕੁਨਮ ਐਤਬਾਰ ॥
ਵਗਰਨਹ ਤੁੰਗੋਈਮਨਈਂ ਰਾਹ ਚਿਹਕਾਰ ॥

(ਹੁਣ ਜਦ ਉਨ੍ਹਾਂ ਨੇ ਮੇਰੇ ਤੇ ਤੀਰ ਤੁਫ਼ੰਗ ਦੇ ਵਾਰ ਸ਼ੁਰੂ ਕਰ ਦਿੱਤੇ) ਤੂੰ ਹੀ ਦੱਸ ਕਿ ਕੁਰਾਨ ਦੀ ਕਸਮ ਦਾ ਮੈਂ ਕੀ ਇਤਬਾਰ ਕਰਾਂ ? (ਸੋ ਮੈਂ ਬੀ ਵਾਰ ਰੋਕਣ ਦੀ ਤਦਬੀਰ ਕੀਤੀ) ਨਹੀਂ ਤਾਂ ਮੈਨੂੰ ਇਸ ਰਸਤੇ ਪੈਣ ਦੀ ਕੋਈ ਲੋੜ ਨਹੀਂ ਸੀ। (ਭਾਵ–ਜੇ ਉਹ ਪਹਿਲੋਂ ਅਹਿਦ ਤੋੜਕੇ ਵਾਰ ਨਾ ਕਰਦੇ ਤਾਂ ਮੈਨੂੰਲੜਨ ਦੀ ਕੀਹ ਲੋੜ ਪਈ ਸੀ*?)

੨੪. ਨ ਦਾਨਮ ਕਿ ਈਂ ਮਰਦ ਰੋਬਾਹ ਪੇਚ ॥
ਦਿਗਰ ਹਰਗਿਜ਼ੀਂ ਰਾਹ ਨਿਆਰਦ ਬਹੇਚ ॥

ਮੈਨੂੰ ਕੀਹ ਪਤਾ ਸੀ ਕਿ ਇਹ ਆਦਮੀ ਲੂੰਮੜੀ ਵਾਂਙੂ ਪੇਚਾਂ ਵਾਲਾ ਹੈ (ਫਰੇਬੀ ਹੈ ਤੇ ਪੇਚ ਬਿਨਾਂ) ਦੂਸਰੀ ਹੋਰ ਕਿਸੇ ਗੱਲ ਦੀ ਇਸ ਰਸਤੇ ਪਰਵਾਹ ਨਹੀਂ ਕਰਦਾ। (ਭਾਵ–ਆਪਣੇ ਇੰਦੀਏ ਨੂੰ ਬਿਨਾਂ ਧਰਮ ਤੇ ਆਚਰਨ ਦੀ ਪਰਵਾਹ ਕੀਤੇ ਦੇ ਸਿਰੇ ਚਾੜ੍ਹਨਾ ਹੀ ਨੀਤੀ ਦੇ ਰਸਤੇ ਵਿਚ ਠੀਕ ਜਾਣਦਾ ਹੈ†)।

੨੫. ਹਰਾਂਕਸ ਕਿ ਕੁਊਲੇ ਕ਼ਰਾਂ ਆਯਦਸ਼ ॥
ਨਜ਼ੇ ਬਸਤਨੇ ਕੁਸ਼ਤਨੇ ਬਾਯਦਸ਼ ॥

ਹਰ ਉਹ ਸ਼ਖਸ ਕਿ ਜਿਸ ਨੂੰ ਕੁਰਾਨ ਦੇ ਕੌਲ ਉਤੇ (ਯਕੀਨ ਆ ਜਾਵੇ), ਉਸ ਨੂੰ ਇਸ ਤੋਂ (ਭਾਵ ਸਹੁੰ ਤੇ ਇਤਬਾਰ ਕਰ ਲੈਣ ਦੇ ਕਾਰਨ ਕਰਕੇ) ਨਾ ਕੈਦ ਕਰਨਾ ਬਣਦਾ ਹੈ ਤੇ ਨਾ ਕਤਲ ਕਰਨਾ ਬਣਦਾ ਹੈ (ਪਰ ਓਹ ਸੌਹਾਂ ਤੋੜ ਕੇ ਸਾਨੂੰ ਫੜਨ ਯਾ ਮਾਰਨ ਆ ਪਏ ਅਤੇ)–

੨੬. ਬਰੰਗੇ ਮਗਸ ਸਯਾਹ ਪੋਸ਼ ਆਮਦੰਦ ॥
ਬਯਕਬਾਰਗੀ ਦਰ ਖ਼ਰੋਸ਼ ਆਮਦੰਦ ॥

ਮੱਖੀਆਂ ਵਾਂਙੂ (ਓਹ) ਕਾਲੇ ਲਿਬਾਸਾਂ ਵਿਚ

---

*ਦਸ ਲਖ, ਦੇਖੋ ਸ਼ਿਆਰ–੪੧ । ਔਰੰਗਜ਼ੇਬ ਦੀ ਫੌਜ ਦੀ ਬਹੁਤਾਤ ਦਾ ਭੇਦ ਐਲਫਿਨਸਟੋਨ ਨੇ ਸਫਾ ਪੜ੍ਹਾ ਤੇ ਦਿਤਾ ਹੈ ਕਿ ਅਫਸਰ ਜਿੰਨੇ ਸਿਪਾਹੀ ਆਪਣੇ ਪਾਸ ਰਖੇ ਹੋਏ ਦੱਸਦੇ ਉਸ ਤੋਂ ਅਧੇ ਆਪਣੇ ਪਾਸ ਰਖਦੇ ਸੇ ਤੇ ਘਰ ਦੇ ਨੌਕਰਾਂ ਤੇ ਹੋਰ ਗ਼ੁਲਾਮਾਂ ਛੋਕ੍ਰਾਂ ਨੂੰ ਵਿਚ ਲਿਖ ਛਡਦੇ ਸੇ ਤੇ ਐਉਂ ਤਾਦਾਦ ਵਧਾ ਵਧਾ ਕੇ ਦੱਸਦੇ ਸੇ। ਉਵ ਪਤੇ ਚਲਦੇ ਹਨ ਕਿ ਰਾਜਿਆਂ ਦੀ ਫੌਜ, ਲਾਹੌਰ ਦੀ ਫੌਜ, ਸਰਹਿੰਦ ਦੀ ਫੌਜ ਤੋਂ ਵਖਰੇ ਪਹਾੜੀ ਛੋਕ੍ਰਾਂ ਤੇ ਗੁਜਰ––ਆਦਿ ਲੜਾਕੇ ਪੈਂਡੂ ਆ ਜੁੜੇ ਸੇ ਤੇ ਆਮ ਮੁਲਖਈਆ ਟੂਟ ਪਿਆ ਸੀ ਕਿ ਗੁਰੂ ਕੇ ਖਜ਼ਾਨੇ ਦੀ ਲੁਟ ਹਥ ਆਵੇਗੀ। ਤੇਰਾਂ ਚੌਦਾਂ ਮੀਲਾਂ ਤਕ ਇਸ ਸਰਕਾਰੀ ਤੇ ਗ਼ੈਰ ਸਰਕਾਰੀ ਮੁਲਖਈਏ ਹੇ ਲੋਕ ਫੈਲੇ ਹੋਏ ਸਨ।

†ਜਾਪਦਾ ਹੈ ਕਿ ਇਹ ਸਰਹਿੰਦ ਤੋਂ ਗਈ ਰੀਪੋਰਟ ਦੇ ਆਧਾਰ ਤੇ ਪਾਤਸ਼ਾਹ ਵਲੋਂ ਹੋਈ ਪੁਛ ਦਾ ਉਤਰ ਹੈ।

*ਭਾਵ ਇਹ ਬੀ ਲੈ ਦੇ ਹਨ ਕਿ ਮੈਨੂੰ ਅਨੰਦਪੁਰ ਛੱਡ ਕੇ ਚਮਕੌਰ ਦੀ ਗੜ੍ਹੀ ਵਿਚ ਆਉਣ ਦੀ ਕੀਹ ਲੋੜ ਪਈ ਸੀ।

†'ਦਿਗਰ' ਦੀ ਥਾਂ ਪਦ 'ਵਗਰ' ਸਮਝ ਕੇ ਇਹ ਭਾਵ ਬੀ ਲੈ ਦੇ ਹਨ ਕਿ ਨਹੀਂ ਤਾਂ ਕੋਈ ਹੋਰ ਸ਼ੈ ਮੈਨੂੰ ਇਸ ਰਸਤੇ (ਚਮਕੌਰ) ਵਲ ਨਾਂ ਲਿਆਉਂਦੀ।

ਆ ਪਏ ਤੇ ਇਕੋ ਵਾਰੀ ਹੀ ਰੌਲਾ ਗੌਲਾ ਮਚਾਉਣ ਲਗ ਪਏ। (ਭਾਵ–ਨਾਅਰੇ ਮਾਰਦਿਆਂ ਨੇ ਹੱਲਾ ਕਰ ਦਿੱਤਾ, ਪਰ ਆ ਕੇ ਫਸੀਲ ਦੀ ਕੰਧ ਦੀ ਓਟ ਲੈ ਲਈਓ ਨੇ)।

੨੭. ਹਰਾਂਕਸ ਜ਼ਿ ਦੀਵਾਰ ਆਮਦ ਬਿਰੂੰ ॥
ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ ॥*

ਪਰ ਜੋ ਕੋਈ ਕਿ (ਉਸ) ਕੰਧ ਤੋਂ ਬਾਹਰ ਆਇਆ (ਸਾਡੀ) ਵਲੋਂ ਇਕੋ ਤੀਰ ਖਾ ਕੇ ਲਹੂ ਵਿਚ ਡੁਬ ਗਿਆ।

੨੮. ਕਿਬੇਰੂੰ ਨਿਆਮਦ ਕਸੇ ਜ਼ਾਂ ਦਿਵਾਰ ॥
ਨਾ ਖ਼ੁਰਦੰਦ ਤੀਰੇ ਨ ਗਸ਼ਤੰਦ ਖ਼ੁਆਰ ॥

ਉਸ ਕੰਧ ਤੋਂ ਜੇਡ੍ਹੇ ਕੋਈ ਬਾਹਰ ਨਹੀਂ ਆਏ ਉਨ੍ਹਾਂ ਨਾ ਤੀਰ ਖਾਧੇ ਨਾ ਖ਼ੁਆਰ ਹੋਏ*।

੨੯. ਚੁ ਦੀਦਮ ਕਿ ਨਾਹਰ ਬਿਆਮਦ ਬਜੰਗ ॥
ਚਸ਼ੀਦਹ ਯਕੇ ਤੀਰ ਤਨ ਬੇਦਰੰਗ ॥†

(ਇਹ ਦੇਖਕੇ ਕਿ ਘੇਰਾ ਪਾਉਣ ਵਾਲਿਆਂ ਦੀ ਹਾਰ ਹੋ ਰਹੀ ਹੈ, ਸਾਥੀ ਨਾਲ ਲੈਕੇ ਨਾਹਰ ਖਾਂ ਅਗੇ ਵਧਿਆ) ਜਦ ਮੈਂ ਡਿੱਠਾ ਕਿ ਨਾਹਰ ਜੰਗ ਲਈ ਆ ਗਿਆ ਭਾਂ ਝਟ ਪਟ ਉਸ ਨੇ ਬੀ (ਸਾਡੇ) ਇਕ ਤੀਰ (ਦਾ ਸੁਆਦ ਆਪਣੇ) ਤਨ ਵਿਚ ਚੱਖਿਆ। (ਭਾਵ ਅਸਾਂ ਝੱਟ ਤੀਰ ਮਾਰਿਆ ਤੇ ਉਸ ਦਾ ਕੰਮ ਪਾਰ ਹੋ ਗਿਆ।)

੩੦. ਹਮਾਖ਼ਰ ਗੁਰੇਜ਼ੰਦ ਬਜ਼ਾਏ ਮੁਸਾਫ਼ ॥
ਬਸੇ ਖ਼ਾਨਾਂ ਖ਼ੁਰਦੰਦ ਬੇਰੂੰ ਗ਼ਜ਼ਾਫ਼ ॥

(ਉਹ) ਬਹੁਤੇ ਪਠਾਣ (ਜੋ ਉਸ ਦੇ ਨਾਲ ਆਏ ਸਨ ਤੇ ਜੋ) ਬਾਹਰ ਬਹੁਤ ਫੜਾਂ (ਖਾਂਦੇ=) ਮਾਰਦੇ ਸਨ ਆਖਰ ਲੜਾਈ ਦੀ ਥਾਂ ਤੋਂ ਨੱਸ ਗਏ।

੩੧. ਕਿ ਅਫ਼ਗਾਨ ਦੀਗਰ ਬਿਆਮਦ ਬਜੰਗ ॥
ਚੁ ਸੈਲੇ ਰਵਾਂ‡ ਹਮਚੁ ਤੀਰੇ ਤੁਫ਼ੰਗ ॥

ਕਿ (ਇੰਨੇ ਨੂੰ ਇਕ) ਹੋਰ ਪਠਾਣ ਜੰਗ ਵਿਚ ਆਇਆ, ਮਾਨੋਂ ਇਕ ਹੜ੍ਹ ਚਲਾ ਆ ਰਿਹਾ ਹੈ ਯਾ ਤੀਰ ਆ ਰਿਹਾ ਹੈ ਕਿ ਬੰਦੂਕ (ਦੀ ਗੋਲੀ) ਆ ਰਹੀ ਹੈ*।

੩੨. ਬਸੇ ਹਮਲਹ ਕਰਦੰਦ ਬਮਰਦਾਨਗੀ ॥
ਹਮ ਅਜ਼ ਹੋਸ਼ਗੀ ਹਮ ਜ਼ਿ ਦੀਵਾਨਗੀ ॥

(ਉਸ ਨੇ ਤੇ ਉਸ ਦੇ ਸਾਥੀਆਂ ਨੇ) ਬਹਾਦਰੀ ਨਾਲ ਬਹੁਤੇ ਹੱਲੇ ਕੀਤੇ, ਅਕਲਮੰਦੀ ਨਾਲ ਬੀ (ਤੇ) ਸ਼ੁਦਾਈ (ਦੇ ਜੋਸ਼) ਵਾਙੂ ਬੀ।

੩੩ ਬਸੇ ਹਮਲਹ ਕਰਦਹਬਸੇ ਜ਼ਖ਼ਮ ਖ਼ੁਰਦ ॥
ਦੁ ਕਸ ਰਾ ਬਜਾਂ ਕੁਸ਼ਤੁ ਜਾਂ ਹਮ ਸਪੁਰਦ।

(ਇਨ੍ਹਾਂ ਨੇ) ਬੜੇ ਹੱਲੇ ਕੀਤੇ ਤੇ ਬੜੇ ਜ਼ਖਮ ਖਾਧੇ, ਦੋ (ਸਾਡੇ) ਆਦਮੀਆਂ ਨੂੰ ਜਾਨ ਤੋਂ ਮਾਰਿਆ ਤੇ ਆਪ ਬੀ ਜਾਨ ਦੇ ਗਿਆ।

੩੪. ਕਿ ਆਂ ਖ਼ਾਜਹ ਮਰਦੂਦ ਸਾਯਹ ਦਿਵਾਰ ॥
ਬਮੈਦਾਂ ਨਿਆਮਦ ਬਮਰਦਾਨਹ ਵਾਰ ॥

ਪਰ ਉਹ ਰੱਦਿਆ ਹੋਇਆ (ਬੇਇਜ਼ਤ, ਬੇ-ਗ਼ੈਰਤ) ਖ਼ਾਜਾ ਕੰਧ ਦੇ ਉਹਲੇ (ਹੀ ਰਿਹਾ), ਮਰਦਾਂ ਵਾਙੂ (ਇਕ ਵਾਰ ਬੀ)ਮੈਦਾਨ ਵਿਚ ਨਾ ਆਇਆ†।

੩੫. ਦਰੇਗਾ ! ਅਗਰ ਰੂਏ ਓ ਦੀਦਮੇ ॥
ਬਯਕ ਤੀਰ ਲਾਚਾਰ ਬਖ਼ਸ਼ੀਦਮੇ ॥

ਅਫਸੋਸ ਕਿ ਜੇ ਕਦੇ ਮੈਂ ਉਸ ਦਾ ਮੂੰਹ ਵੇਖ ਲੈਂਦਾ ਤਾਂ ਇਕ ਤੀਰ ਜ਼ਰੂਰ ਉਸ ਨੂੰ ਬੀ ਮੈਂ ਬਖ਼ਸ਼ਦਾ‡।

੩੬. ਹਮਾਖ਼ਰ ਬਸੇ ਜ਼ਖਮ ਤੀਰੇ ਤੁਫ਼ੰਗ ॥
ਦੁਸ਼ਮਨ ਬਸੇ ਕੁਸ਼ਤਹ ਸ਼ੁਦ ਬੇਦਰੰਗ ॥

ਆਖ਼ਰਕਾਰ ਦੁਹਾਂ ਪਾਸਿਆਂ ਤੋਂ ਬਹੁਤੇ ਤੀਰਾਂ ਤੇ ਗੋਲੀਆਂ ਦੇ ਜ਼ਖਮਾਂ ਨਾਲ ਬਹੁਤੇ ਆਦਮੀ ਛੇਤੀ ਛੇਤੀ ਮਾਰੇ ਗਏ।

੩੭. ਬਸੇ ਬਾਰ ਬਾਰੀਦ ਤੀਰੇ ਤੁਫ਼ੰਗ ॥

---

*ਇਸ ਵਿਚ ਬੀ ਇਹੋ ਭਾਵ ਹੈ ਕਿ ਜੋ ਅਗੇ ਵਧਕੇ ਹਮਲਾ ਕਰਨ ਆਇਆ ਉਸੇ ਤੇ ਅਸਾਂ ਤੀਰ ਚਲਾਇਆ, ਜੋ ਸ਼ੈ ਰਖਜਾ ਦਾ ਹਕ ਹਰੇਕ ਨੂੰ ਪਾਪਤ ਹੈ।

†ਇਥੇ ਬੀ ਹੇਮਲੇ ਕਰਨ ਦੀ ਪਹਿਲ ਨਾਹਰ ਵਲੋਂ ਦੱਸੀ ਹੈ।

‡ਪਾਠਾਂਤ੍ਰ–ਸੈਲੇ ਦਵਾਂ।

*ਸੈਲੇ ਰਵਾਂ ਤੋਂ ਮਤਲਬ ਉਸ ਦੇ ਸਾਥੀਆਂ ਦੀ ਬਹੁਤਾਤ ਤੋਂ ਹੈ, ਤੇ ਤੀਰ ਗੋਲੀ ਵਾਂਗ ਆਉਂਣ ਤੋਂ ਉਨ੍ਹਾਂ ਦੀ ਰਫਤਾਰ ਦੀ ਤੇਜ਼ੀ ਮੁਰਾਦ ਹੈ। †ਸੈਨਾਪਤ ਵਲ ਇਸ਼ਾਰਾ ਹੈ।

‡ਅੱਖਰੀ ਅਰਥ–ਇਕ ਲਾਚਾਰ ਤੀਰ ਨਾਲ ਮੈਂ ਉਸ ਨੂੰ ਬਖਸ਼ ਦੇਂਦਾ। ਸ਼ਾਯਦ ਇਹ ਅਰਥ ਠੀਕ ਹੈ ਤੇ ਭਾਵ ਹੈ ਕਿ ਮੈਂ ਇਕ ਤੀਰ ਮਾਰ ਕੇ ਉਸ ਦੇ ਬੇਈਮਾਨ ਹੋ ਜਾਣ ਦਾ ਰੁਨਾਹ ਉਸ ਨੂੰ ਬਖਸ਼ ਦੇਂਦਾ ਹੈ [ਲਾਚਾਰ = ਜ਼ਰੂਰ। ਯਾ ਐਸਾ ਕਿ ਜਿਸ ਦਾ ਦਾਰੂ ਨਾ ਹੋ ਸਕੇ।]

ਜ਼ਿਮੀਂ ਗਸ਼ਤ ਹਮਚੂੰ ਗੁਲੇ ਲਾਲਹ ਰੰਗ ॥
ਤੀਰਾਂ ਤੇ ਬੰਦੂਕੀ ਗੋਲੀਆਂ ਦੀ ਵਰਖਾ ਬਹੁਤ ਹੋਈ (ਇੰਨੀ ਕਿ ਉਨ੍ਹਾਂ ਨਾਲ ਮਰ ਗਿਆਂ ਦੀ ਰੱਤ ਨਾਲ) ਜ਼ਿਮੀਂ ਲਾਲੇ ਦੇ ਫੁੱਲ* ਵਾਂਙੂ (ਲਾਲ) ਰੰਗ ਦੀ ਹੋ ਗਈ।

੩੯. ਸਰੋਪਾਇ ਆਂਬੋਹ ਦੰਦਾਂ ਸ਼ੁਦਹ ॥
ਕਿ ਮੈਦਾਂ ਪੁਰ ਅਜ਼ ਗੌਇ ਦੋਗਾਂ ਸ਼ੁਦਹ ॥
ਸਿਰਾਂ ਤੇ ਪੈਰਾਂ ਦਾ ਢੇਰ ਐਤਨਾ ਕੱਠਾ ਹੋ ਗਿਆ ਕਿ ਮਾਨੋਂ ਉਹ ਮੈਦਾਨ ਖਿੱਚੂਆਂ ਤੇ ਖੂੰਡੀਆਂ ਨਾਲਭਰ ਗਿਆ ਹੈ। (ਸਿਰ=ਖਿਚੂ,ਪੈਰਲੱਤਾਂ=ਖੂੰਡੀ)

੩੯. ਤਰੰਕਾਰਾਂ ਤੀਰੇ ਤਰੰਕੇ ਕਮਾਂ ॥
ਬਰਾਮਦ ਯਕੇ ਹਾਇ ਚੂ ਅਜ਼ ਜਹਾਂ ॥
ਕਮਾਨਾਂ(ਦੇ ਖਿਚੀਣ ਦੀ)ਅਵਾਜ਼ਤੀਰਾਂ(ਦੇਚੱਲਣ ਤੇ ਵੱਜਣ ਦੀ, (ਬੰਦੂਕਾਂ ਦੇ ਭਰਨ ਤੇ ਸਰ ਹੋਣ ਦੀ ਸੜਕ ਤੜਕ ਦੀ ਅਵਾਜ਼ ਨਾਲ) ਜਹਾਨ ਤੋਂ ਇਕ ਹਾਹਾਕਾਰ ਨਿਕਲੀ।

੪੦. ਦਿਗਰ ਸ਼ੋਰਸ਼ੇ ਕੈਬਰੇ ਕੀਨਹ ਠੋਸ਼ ॥
ਜ਼ਿ ਮਰਦਾਨ ਮਰਦਾਂ ਬਿਰੂੰ ਰਫ਼ਤ ਹੋਸ਼ ॥
ਫਿਰ ਮਾਰੂ ਤੀਰਾਂ ਦੀ ਸ਼ੋਰਸ਼ (ਤੜਥੱਲ) ਨੇ (ਉਹ ਊਧਮ ਮਚਾਇਆ ਕਿ) ਬਹਾਦਰਾਂ ਤੋਂ ਬਹਾਦਰਾਂ ਦੇ ਹੋਸ਼ ਗੁੰਮ ਹੋ ਗਏ‡।

੪੧. ਹਮਾਖ਼ਰ ਚਿ ਮਰਦੀ ਕੁਨਦ ਕਾਰਜ਼ਾਰ ॥
ਕਿ ਬਰ ਚਿਹਲ ਤਨ ਆਯਦਸ਼ ਬੇ ਸ਼ੁਮਾਰ ॥
(ਸੋਚ) ਕਿ ਆਖ਼ਰ ਲੜਾਈ ਵਿਚ (ਬਹਾਦਰਾਂ ਦੀ ਇਕੱਲੀ) ਮਰਦਾਨਗੀ ਕੀ ਕਰੇ ਜਦੋਂ ਚਾਲੀ ਮਰਦਾਂ ਉਤੇ ਬੇਸ਼ੁਮਾਰ* (ਸੈਨਾ) ਆ ਪਵੇ।

[ਚ ਕੋਰ ਤੋਂ ਨਿਕਲਣਾ]

੪੨. ਚਰਾਗ਼ੇ ਜਹਾਂ ਚੂੰ ਸ਼ੁਦਹ ਬੁਰਕ਼ਹ ਪੋਸ਼ ॥
ਸ਼ਹੇ ਸ਼ਬ ਬਰਾਮਦ ਹਮਹਾਂ ਜਲਵਹ ਜੋਸ਼ ॥
ਜਗਤ ਦਾ ਦੀਵਾ† ਜਦ ਘੁੰਡ ਕੱਢ ਬੈਠਾ (ਤੇ) ਰਾਤ ਦਾ ਸ਼ਾਹ§ ਪੂਰੇ ਜੋਸ਼ ਵਾਲੇ ਜਲਵੇ (ਨਾਲ) ਬਾਹਰ ਆਇਆ। (ਭਾਵ–ਸੂਰਜ ਡੁਬ ਗਿਆ, ਰਾਤ ਪੈ ਗਈ ਤੇ ਚੰਦ ਚੜ੍ਹ ਪਿਆ)।

੪੩. ਹਰਾਂਕਸ ਕਿ ਕਉਲੇ ਕੁਰਾਂ ਆਯਦਸ਼ ॥
ਕਿ ਯਜ਼ਦਾਂ ਬਰੋ ਰਹਨੁੰਮਾ ਆਯਦਸ਼ ॥
ਹਰ ਉਸ ਕਿਸੇ ਉਤੇ ਕਿ ਜਿਸ ਨੂੰ (ਦੂਸਰੇ ਦੇ) ਕੁਰਾਨ ਨਾਲ (ਦਿੱਤੇ) ਕੌਲ ਪਰ (ਭਰੋਸਾ) ਆ ਜਾਵੇ (ਕੌਲ ਦੇਣ ਵਾਲਾ ਚਾਹੇ ਦਗ਼ਾ ਕਰੇ, ਪਰ ਜਾਣ) ਕਿ ਰੱਬ ਉਸ ਦੇ (ਸਿਰ) ਉਤੇ (ਹੁੰਦਾ ਹੈ ਤੇ ਉਸ ਦਾ) ਰਹਿਬਰ ਹੋ ਜਾਂਦਾ ਹੈ।

੪੪. ਨ ਪੇਚੀਦ ਮੂਏ ਨ ਰੰਜੀਦ ਤਨ ॥
ਕਿ ਬੇਰੂੰ ਖ਼ੁਦ ਆਵੁਰਦ ਦੁਸ਼ਮਨ ਸ਼ਿਕਨ ॥
ਸੋ (ਦੇਖ ਲੈ ਕਿ ਉਹ) ਦੁਸ਼ਮਨਾਂ ਨੂੰ ਤੋੜ ਦੇਣ ਵਾਲਾ (ਰੱਬ ਸਾਨੂੰ ਉਸ ਰਾਤ ਦੁਸ਼ਮਨ ਦੇ ਘੇਰੇ ਵਿਚੋਂ) ਆਪ ਬਾਹਰ ਲੈ ਆਇਆ (ਇਸ ਖ਼ੂਬੀ ਨਾਲ ਕਿ) ਨਾ ਤਾਂ (ਸਾਡੇ) ਸਰੀਰ ਨੂੰ ਕੋਈ ਨੁਕਸਾਨ ਪੁਜਾ ਤੇ ਨਾ ਵਾਲ (ਤਕ) ਹੀ ਵਿੰਗਾ ਹੋਇਆ।

੪੫. ਨ ਦਾਨਮ ਕਿ ਈਂ ਮਰਦ ਪੈਮਾਂ ਸ਼ਿਕਨ ॥
ਕਿ ਦਉਲਤ ਪਰਸਤਸਤ ਈਮਾਂ ਫ਼ਿਗਨ ॥
ਪਤਾ ਨਹੀਂ ਕਿ (ਕਿਉਂ) ਇਹ ਮਰਦ¶ ਜੋ ਅਹਿਦ ਕਰਕੇ ਤੋੜਨ ਵਾਲਾ ਹੈ (ਇੰਨਾਂ) ਦੌਲਤ ਦੀ ਪੂਜਾ ਕਰਨੇ ਵਾਲਾ ਹੈ (ਕਿ ਦੌਲਤ ਬਦਲੇ) ਦੀਨ ਨੂੰ ਬੀ ਪਰੇ ਸੱਟਣੇ ਵਾਲਾ ਹੈ।

੪੬. ਨ ਈਮਾਂ ਪਰਸਤੀ ਨ ਅਉਜ਼ਾਇ ਦੀਂ ॥
ਨ ਸਾਹਿਬ ਸ਼ਨਾਸੀ ਨ ਮਹਮਦ ਯਕੀਂ ॥

---

*ਲਾਲ ਰੰਗ ਦਾ ਇਕ ਫੁਲ, ਕਈ ਇਸ ਨੂੰ ਲਾਲ ਪੋਸਤ ਦਾ ਫੁਲ ਸਮਝਦੇ ਹਨ।

†ਤਰੰਕਾਰ ਲਿਖਾਰੀ ਦੀ ਉਕਾਈ ਹੈ, ਫਾਰਸੀ ਪਦ ਹੈ ਤਰੰਗ, ਓਸਤੋਂ ਤਰੰਗਾਰ, ਤਰੰਗ ਦੇ ਅਰਥ ਹਨ:–ਉਹ ਆਵਾਜ਼ ਜੋ ਤੀਰ ਛੁਟਣ ਵੇਲੇ ਕਮਾਨ ਤੋਂ, ਤੀਰ ਤਲਵਾਰ ਰੁਕਣ ਦੇ ਲੱਗਣ ਵੇਲੇ ਯਾ ਤਲਵਾਰ ਦੇ ਟੁਟਣ ਵੇਲੇ ਹੋਵੇ। 'ਤਰੰਗਾਰ' ਪਦ ਵਿਚ ਸਾਰੀਆਂ ਅਵਾਜ਼ਾਂ ਤੋਂ ਮੁਰਾਦ ਲਈ ਗਈ ਸਹੀ ਹੁੰਦੀ ਹੈ।

‡ਭਾਵ ਹੈ ਕਿ ਸਾਡੇ ਤੀਰ ਅਜੁੱਕ ਨਿਸ਼ਾਨੇ ਬੈਠਦੇ ਸਨ ਤੇ ਐਵੇਂ ਲੱਗਕੇ ਨਹੀਂ ਢੇ ਪੈਂਦੇ ਸਨ, ਜਿਸ ਨੂੰ ਲੱਗਦੇ ਉਸ ਨੂੰ ਘਾਇਲ ਕੀਤੇ ਬਿਨਾ ਨਹੀਂ ਸਨ ਛਡਦੇ। ਇਸ ਕਰਕੇ ਤੁਸਾਡੇ ਦਲ ਵਿਚ ਸਭ ਦੇ ਛੱਕੇ ਛੁਟ ਰਹੇ ਸਨ।

§ਪਾਠਾਂਤ੍ਰ ਭੇਦ ਹੈ, 'ਕੁਨਦ ਕਾਰਜ਼ਾਰ' ਤੇ 'ਕੁਨਦ ਵਕਤ ਕਾਰ' ਪਹਿਲਾ ਪਾਠ ਸ਼ੁਧ ਹੈ।

*ਇਥੇ ਮਾਨੋਂ ਪਿਛੇ ਆਏ 'ਦਹ–ਲਕ' ਪਾਠ ਦਾ ਟੀਕਾ ਆਪ ਕਰ ਦਿੱਤਾ ਹੈ–ਬੇਸ਼ੁਮਾਰ। †ਪਾ:–ਬਹਮ।

‡ਪਾ:–ਚਰਾਗੀ ਜਹਾਨੇ। §ਪਾ:–ਸ਼ਬੇ ਸ਼ਾਹ।

¶ਮਰਦ ਤੋਂ ਮੁਰਾਦ ਔਰੰਗਜ਼ੇਬ ਹੈ ਜੋ ਦੁਨੀਆਂ ਵਿਚ ਇੱਡਾ ਵਡਾ ਹੋਕੇ ਫੇਰ ਅਹਿਦ ਤੋੜਦਾ ਹੈ।

(ਸੱਚ ਹੈ ਕਿ) ਤੂੰ ਨਾ ਤਾਂ ਦੀਨ ਦੀ ਪੂਜਾ ਕਰਨੇ ਵਾਲਾ ਹੈਂ, ਨਾ ਤੇਰੇ (ਏਹ) ਤਰੀਕੇ* ਦੀਨ ਦੇ ਹਨ, ਨਾਂ ਤੂੰ ਮਾਲਕ (ਵਾਹਿਗੁਰੂ) ਨੂੰ ਪਛਾਣਦਾ ਹੈਂ, ਨਾਂ ਤੈਨੂੰ ਮੁਹੰਮਦ ਤੇ ਭਰੋਸਾ ਹੈ†।

੪੭. ਹਰਾਂਕਸ ਕਿ ਈਮਾਂ ਪਰਸਤੀ ਕੁਨਦ।
ਨ ਪੈਮਾਂ ਖ਼ੁਦਸ਼ ਪੇਸ਼ੇ ਪਸਤੀ ਕੁਨਦ॥

(ਕਿਉਂਕਿ) ਹਰ ਕੋਈ ਜੋ (ਆਪਣੇ) ਈਮਾਨ ਦੀ ਪਾਲਣਾ ਕਰਦਾ ਹੈ, ਉਹ ਆਪਣੇ (ਕੀਤੇ) ਇਕਰਾਰ ਤੋਂ ਟਲਦਾ ਨਹੀਂ‡।

੪੮ ਕਿ ਈਂ ਮਰਦ ਰਾ ਜ਼ੱਰਹ ਐਤਬਾਰ ਨੇਸਤ॥
ਚਿ ਕਸਮੇ ਕੁਰਾਨਸਤ ਯਜ਼ਦਾਂ ਯਗੇਸਤ॥

ਪਰ ਇਸ ਮਰਦੰ ਨੂੰ ਜ਼ਰਾ ਜਿੰਨਾ ਇਤਬਾਰ ਨਹੀਂ ਹੈ (ਇਸ ਗਲ ਉਤੇ ਕਿ) ਕੁਰਾਨ ਦੀ ਸਹੁੰ ਕੀ (ਸ਼ੈ) ਹੁੰਦੀ ਹੈ (ਤੇ ਨਾ ਇਸ ਨੂੰ ਇਤਬਾਰ ਹੈ ਕਿ) ਰੱਬ ਇਕ ਹੈ (ਭਾਵ ਜਿ ਜਿਸ ਦੀ ਉਹ ਸਹੁੰ ਖਾ ਰਿਹਾ ਹੈ ਤੇ ਜਿਸ ਪਾਸ ਹਿਸਾਬ ਹੋਣਾ ਹੈ ਸਹੁੰਆਂ ਖਾਧੀਆਂ ਦਾ ਉਹ ਸਾਰਿਆਂ ਦਾ ਰੱਬ ਇੱਕੋ ਹੈ)।

੪੯. ਚੁ ਕ਼ਸਮੇ ਕ਼ਰਾਂ ਸਦ ਦਰੁਦ ਇਖ਼ਤੀਆਰ॥
ਮਰਾ ਕ਼ਤਰੇਂਹ ਨਾਯਦੋਂ ਅਜ਼ੋ ਅਤਬਾਰ॥

(ਹੁਣ) ਜੇ (ਉਹ) ਕੁਰਾਨ ਦੀਆਂ ਸੌ ਕਸਮਾਂ ਖਿਆ ਚਾਵੇ ਮੈਨੂੰ ਉਸ ਤੇ ਢੂਹੀ ਜਿੰਨਾਂ ਇਤਬਾਰ ਨਹੀਂ ਆ ਸਕਦਾ, ਇਸ (ਉਪਰ ਦੱਸੇ) ਕਾਰਨ ਕਰਕੇ।

*ਅੱਜਾਇ, ਜਮਾਂ ਹੈ ਵਜ਼ਅ ਦੀ=ਤਰੀਕੇ।

†'ਨ ਮਹਮਦ ਯਕੀਂ' ਦੀ ਥਾਵੇਂ 'ਮੁਹੰਮਦ ਯਕੀਂ' ਸ਼ੁੱਧ ਪਾਠ ਹੋਣਾ ਹੈ। ਪਹਿਲਾ 'ਨ' ਦੇਹੁਰੀ ਦੀਪਕ ਹੈ।

‡ਪਸੇ ਪੇਸ਼ ਕਰਨਾ=ਨੁਕਤੇ ਤੇ ਨਾ ਟਿਕੇ ਰਹਿਣਾ। ਮੁਹਾਵਰੇ ਵਿਚ ਹੈ ਟਾਲਣਾ, ਪੂਰਾ ਨਾ ਕਰਨਾ।

§ਅਜ਼ੋ ਦਾ ਇਸ਼ਾਰਾ ਪਿਛਲੇ ਸ਼ਿਅਰ ਵਿਚ ਦੱਸੇ ਕਾਰਨ ਵਲ ਹੈ। ਸਹੁੰ ਖਾਣ ਵਾਲੇ ਨੂੰ ਖ਼ੁਦ ਕੁਰਾਨ ਦੀ ਸਹੁੰ ਤੇ ਇਤਬਾਰ ਨਹੀਂ ਤੇ ਨਾ ਰੱਬ ਦੀ ਇਕਤਾਈ ਉਤੇ।

ਆਖਦੇ ਹਨ ਕਿ ਔਰੰਗਜ਼ੇਬ ਨੇ ਆਪ ਨੂੰ ਸੱਦ ਘਲਿਆ ਸੀ, ਜਦੋਂ ਸਹੁੰ ਖਾਧੀ ਸੀ ਕਿ ਜੰਗ ਛੱਡਕੇ ਮੇਰੇ ਪਾਸ ਆਓ। ਉਸ ਬਾਬਤ ਆਹ ਰਹੇ ਹਨ ਕਿ ਹੁਣ ਤੇਰੇ ਤੇ ਇਤਬਾਰ ਨਹੀਂ ਰਿਹਾ, ਤੇ ਮੈਂ ਨਹੀਂ ਆ ਰਿਹਾ। ਪਰ ਤੂੰ ਆਪ ਦਗ਼ੇਬਾਜ਼ ਹੈਂ ਤੈਨੂੰ ਦੂਸਰੇ ਤੇ ਵੀ ਭਰੋਸਾ ਨਹੀਂ। ਕਿਉਂਕਿ ਤੈਨੂੰ ਕਿਸੇ ਤੇ ਇਤਬਾਰ ਨਹੀਂ ਇਸ ਕਰਕੇ ਤੂੰ ਵੀ ਨਹੀਂ ਆਇਆ। ਜਾਪਦਾ ਹੈ ਕਿ ਕਾਜ਼ੀ ਨੇ ਪਾਤਸ਼ਾਹ ਦੇ ਆਪ ਆਉਣ ਬਾਬਤ ਗੁਰੂ ਜੀ ਨੂੰ ਸਚ ਯਾ ਖੁਸ਼ ਕਰਨੇ ਲਈ ਕਿਹਾ ਸੀ। ਅਗੇ ਸ਼ੇਅਰ ੫੬ ਤਕ ਇਹੋ ਗਲ ਖੁੱਲ੍ਹਦੀ ਹੈ।

੫੦. ਅਗਰਚਿਹ ਤੁਰਾ ਐਤਬਾਰ ਆਮਦੇ॥
ਕਮਰ ਬਸਤਹਏ ਪੇਸ਼ਵਾ ਆਮਦੇ॥

ਜੇ ਤੈਨੂੰ (ਆਪਣੀ ਸਹੁੰ ਉਤੇ) ਇਤਬਾਰ ਹੁੰਦਾ ਤਾਂ ਤੂੰ (ਆਪਣੇ ਕੀਤੇ ਇਕਰਾਰ ਉਤੇ) ਲੱਕ ਬੰਨ੍ਹ ਕੇ ਸਾਡੇ ਸਾਹਮਣੇ ਆ ਜਾਂਦਾ।

੫੧. ਕਿ ਫ਼ਰਜ਼ਸਤ ਬਰਸਰ ਤੁਰਾ ਈਂ ਸਖ਼ੁਨ॥
ਕਿ ਕ਼ਉਲੇ ਖ਼ੁਦਾ ਅਸਤੁ ਕਸਮ ਅਸਤ ਮਨ॥

(ਹੁਣ) ਤੇਰੇ ਸਿਰ ਉਤੇ ਇਸ ਸੁਖ਼ਨ (ਦੀ ਪਾਲਣਾ ਕਰਨਾ) ਫਰਜ਼ ਹੈ, ਕਿਉਂਕਿ ਤੁਸਾਂ ਕੌਲ ਕੀਤਾ ਹੈ ਮੇਰੇ ਨਾਲ ਤੇ ਕਸਮ ਖਾਧੀ ਹੈ ਖ਼ੁਦਾ ਦੀ (ਉਸ ਕੌਲ ਦੇ ਪੂਰਾ ਕਰਨ ਲਈ)।

੫੨. ਅਗਰ ਹਜ਼ਰਤੇ ਖ਼ੁਦ ਸਿਤਾਦਹ ਸ਼ਵਦ॥
ਬਜਾਂਨੋ ਦਿਲੇ ਕਾਰ ਵਾਜ਼ਹ ਸ਼ਵਦ॥

(ਕਿਉਂਕਿ) ਜੇ ਤੂੰ (ਇੱਥੇ) ਆਪ ਆ ਮੌਜੂਦ ਹੋਵੇਂ (ਤਾਂ ਮੇਰੀ ਵਲੋਂ) ਦਿਲੋਂ ਜਾਨੋਂ ਸਾਰਾ (ਹੋ ਚੁਕਾ) ਕੰਮ (ਤੇਰੇ ਤੇ) ਵਾਜ਼ਿਆ ਹੋ ਜਾਵੇ*।

੫੩. ਸ਼ੁਮਾ ਰਾ ਚੁ ਫਰਜ਼ ਅਸਤ ਕਾਰੇ ਕੁਨੀ।
ਬਮੂਜਬ ਨਵਿਸ਼ਤਹ ਸ਼ੁਮਾਰੇ ਕੁਨੀ॥

ਤੁਹਾਡਾ ਫਰਜ਼ਹੈ ਕਿ(ਚੁ=)ਜਦ ਕੋਈ ਕੰਮ ਕਰੋ(ਤਾਂ ਆਪਣੇ) ਲਿਖੇ ਦੇ ਅਨੁਸਾਰ ਵੀਚਾਰ (ਬੀ) ਕਰੋ†।

੫੪. ਨਵਿਸ਼ਤਹ ਰਸੀਦੋ ਬਿਗੁਫ਼ਤਹ ਜ਼ਬਾਂ॥
ਬਬਾਯਦ ਕਿ ਕਾਰ ਈਂ ਬਰਾਹਤ ਰਸਾਂ॥

(ਤੇਰਾ) ਜ਼ਬਾਨੀਂ ਆਖਿਆ (ਤੇ) ਲਿਖਿਆ (ਸੰਦੇਸਾ) ਪਹੁੰਚ ਗਿਆ ਸੀ (ਹੁਣ ਤੈਨੂੰ) ਬਣਦਾ ਹੈ (ਕਿ ਉਸ ਲਿਖੇ ਤੇ ਆਖੇ ਮੂਜਬ) ਇਸ ਕੰਮ ਨੂੰ ਕਿਸੇ ਸੁਖ ਵਿਚ ਪੁਚਾਵੇਂ।

੫੫. ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ॥
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ॥

ਹਰੇਕ ਆਦਮੀ ਨੂੰ ਚਾਹੀਦਾ ਹੈ (ਕਿ ਆਪਣੇ ਇਕਰਾਰਾਂ ਦੇ ਪੂਰਾ ਕਰਨੇ ਵਾਲਾ ਹੋਵੇ, (ਇਹ

*ਕਈ ਸਿਆਣਿਆਂ ਨੇ ਇਸ ਦਾ ਭਾਵ ਇਹ ਵੀ ਕੱਢਿਆ ਹੈ ਕਿ ਜੇ ਤੁਹਾਡਾ ਹਜ਼ਰਤ (ਮੁਹੰਮਦ) ਆ ਮੌਜੂਦ ਹੋਵੇ ਤਾਂ ਉਸ ਉਤੇ ਸਾਰੀ ਗਲ ਖੁੱਲ੍ਹ ਜਾਵੇ ਤਾਂ ਤੇਰੀ ਝੂਠੀ ਸਹੁੰ ਦਾ ਮੁੱਲ ਪਵੇ।

†ਸ਼ੁਮਾਰੇ ਕੁਨੀ=ਵੀਚਾਰ ਕਰੋ। ਭਾਵ ਪੜਤਾਲ ਕਰੋ ਕਿ ਲਿਖ ਕੇ ਦਿੱਤੇ ਅਹਿਦ ਮੂਜਬ ਕੰਮ ਹੋਯਾ ਹੈ ਕਿ ਉਲਟ।

ਜੋਗ ਨਹੀਂ ਕਿ) ਦਿਲ ਵਿਚ ਕੁਛ ਹੋਰ ਹੋਵੇ ਤੇ ਮੁੰਹ ਵਿਚ ਕੁਛ ਹੋਰ ਹੋਵੇ।

੫੬. ਕਿ ਕਾਜ਼ੀ ਮਰਾ ਰੁਛ਼ਤਹ ਬੇਨੂੰ ਨਿਯਮ ॥
ਅਗਰ ਰਾਸਤੀ ਖ਼ੁਦ ਬਿਯਾਰੀ ਕ਼ਦਮ ॥

ਕਾਜ਼ੀ ਨੇ (ਤੁਹਾਡਾ ਸੰਦੇਸ਼) ਮੈਨੂੰ ਇਹ ਆਖਿਆ ਸੀ (ਕਿ ਪਾਤਸ਼ਾਹ ਕਹਿੰਦਾ ਹੈ ਕਿ) ਮੈਂ (ਆਪ ਦੇ ਭਾਵ ਗੁਰੂ ਜੀ ਦੇ ਹੁਕਮ ਤੋਂ) ਬਾਹਰ ਨਹੀਂ ਹਾਂ। ਜੇ ਤੂੰ ਸੱਚਾ ਹੈਂ (ਤਾਂ ਹੁਣ ਬਣਦਾ ਹੈ ਕਿ ਤੂੰ) ਏਥੇ ਆਪਣੇ ਕਦਮ ਲਿਆਵੇਂ (ਭਾਵ ਆਪ ਏਥੇ ਆਵੇਂ)।

ਇਸ ਤੋਂ ਜਾਪਦਾ ਹੈ ਕਿ ਜਦੋਂ ਕਾਜ਼ੀ ਨੇ ਗੁਰੂ ਜੀ ਪਾਸ ਜਾ ਕੇ ਪਾਤਸ਼ਾਹ ਦਾ ਨਵਿਸ਼ਤਹ ਦਿੱਤਾ ਤਾਂ ਜ਼ੁਬਾਨੀ ਸੁਨੇਹੇ ਬੀ ਦਿਤੇ। ਉਸ ਵੇਲੇ ਇਹ ਬੀ ਕਿਹਾ ਕਿ ਪਾਤਸ਼ਾਹ ਤੁਹਾਡੀ ਬਜ਼ੁਰਗੀ ਦਾ ਕਾਯਲ ਹੈ ਤੇ ਤੁਹਾਥੋਂ ਨਾਬਰ ਨਹੀਂ, ਹੁਣ ਜੰਗ ਵਿਚ ਰੁੱਝਾ ਹੈ, ਪਰ ਥੋੜੇ ਚਿਰ ਨੂੰ ਵਿਹਲਾ ਹੋਕੇ ਉਹ ਆਪ ਆ ਕੇ ਨਜ਼ਾਰ ਹਾਸਲ ਕਰੇਗਾ, ਜੀਕੂੰ ਅਕਬਰ ਗੁਰਾਂ ਨੂੰ ਮਿਲਿਆ ਸੀ। ਕਿਸੇ ਇਕ ਪ੍ਰਕਾਰ ਦੇ ਇਕਰਾਰ ਵਲ ਜੋ ਕਾਜ਼ੀ ਨੇ ਕੀਤਾ ਸੀ, ਗੁਰੂ ਜੀ ਔਰੰਗਜ਼ੇਬ ਦੀ ਤਵੱਜੋ ਦਿਵਾ ਰਹੇ ਹਨ ਕਿ ਤੂੰ ਏਥੇ ਆ। ਤੇ ਅਗਲੇ ਸ਼ਿਅਰ ਵਿਚ ਕਹਿਣਗੇ ਕਿ ਜੋ ਲਿਖੀ ਹੋਈ ਕਸਮ ਤੇਰੀ ਹੈ, ਓਹ ਜੇ ਚਾਹੇਂ ਤਾਂ ਮੈਂ ਤੇਰੇ ਪਾਸ ਪੁਚਾ ਦਿਆਂ; ਗੋਯਾ ਉਸ ਵੇਲੇ ਤਕ ਉਹ ਅਹਿਦਨਾਮਾ ਗੁਰੂ ਜੀ ਦੇ ਪਾਸ ਹੋਗਾ ਸੀ। ਇਸ ੫੬ ਸ਼ਿਅਰ ਵਿਚ ਕਾਜ਼ੀ ਦਾ ਜ਼ਿਕਰ ਹੈ ਕਿ ਜ਼ੁਬਾਨੀ ਹੋਈ ਗਲ ਬਾਤ ਉਸ ਤੋਂ ਪੁੱਛ ਲਵੋ, ਇਸ ਤੋਂ ਪਹਿਲੇ ਸ਼ਿਅਰ ੫੮–੫੨ ਵਿਚ ਕਹਿ ਆਏ ਹਨ ਕਿ ਜੇ ਤੂੰ ਮੇਰੇ ਸਾਹਮਣੇ ਖੜਾ (ਮੌਜੂਦ) ਹੋਵੇਂ ਤਾਂ...

੫੭. ਤੁਰਾ ਗਰ ਬਬਾਜਦ ਓਂ ਕਉਲੇ ਕ਼ਰਾਂ ॥
ਬਨਿਜ਼ਦੇ ਸ਼ੁਮਾ ਰਾ ਰਸਾਨਮ ਹੱਮਾਂ ॥

ਜ਼ੋਕਰ ਤੈਨੂੰ ਲੋੜ ਹੋਵੇ ਉਸ ਕੁਰਾਨ ਦੇ ਕੌਲ ਦੀ ਤਾਂ ਓਹ ਮੈਂ ਤੁਸਾਂ ਦੇ ਪਾਸ ਪਹੁੰਚਾ ਦੇਂਦਾ ਹਾਂ।

ਕੌਲੇ ਕ਼ਰਾਂ ਦਾ ਇਹ ਭਾਵ ਬੀ ਹੋ ਸਕਦਾ ਹੈ, ਕੌਲ ਵਾਲਾ ਕੁਰਾਨ ਜਿਸ ਕੁਰਾਨ ਪਰ ਕੌਲ ਲਿਖ ਕੇ ਕਾਜ਼ੀ ਗੁਰੂ ਜੀ ਪਾਸ ਲੈ ਗਿਆ ਸੀ* ਦੂਜੇ ਕ਼ਰਾਂ ਦੀ ਕਸਮ ਨਾਲ ਜੋ ਇਕਰਾਰ ਨਾਮਾ ਲਿਖਿਆ ਗਿਆ ਸੀ†।

੫੯. ਕਿ ਤਸ਼ਰੀਫ਼ ਦਰ ਕਸਬਹ 'ਕਾਂਗੜ' ਕੁਨਦ ॥
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ ॥

(ਸੋ ਕਾਜ਼ੀ ਦੇ ਕਹੇ ਮੂਜਬ ਜੇ ਔਰੰਗਜ਼ੇਬ) ਕਾਂਗੜ ਕਸਬੇ ਵਿਚ ਤਸ਼ਰੀਫ਼ (ਆਵਰੀ) ਕਰੇ, ਇਸ ਤੋਂ ਉਪਰੰਤ ਆਪੇ ਵਿਚ ਮੁਲਾਕਾਤ ਹੋ ਜਾਵੇ।

੫੯. ਨ ਜ਼ੱਰਹ ਦਰੀਂ ਰਾਹਿ ਖ਼ਤਰਹ ਤੁਰਾਸਤ ॥
ਹਮਹ ਕੌਮ 'ਬੈਰਾੜ' ਹੁਕਮੇ ਮਰਾਸਤ ॥

ਇਸ ਰਸਤੇ ਵਿਚ ਤੁਸਾਂ ਲਈ ਜ਼ਰਾ ਭਰ ਬੀ ਖ਼ਤਰਾ ਨਹੀਂ ਹੈ (ਕਿਉਂਕਿ ਇਹ ਬੈਰਾੜਾਂ ਦਾ ਦੇਸ਼ ਹੈ ਤੇ) ਸਾਰੀ ਬੈਰਾੜਾਂ ਦੀ ਕੌਮ ਮੇਰੇ ਹੁਕਮ ਵਿਚ ਹੈ।

੬੦. ਬਿਆ ਤਾ ਬਮਨ‡ ਖ਼ੁਦ ਜ਼ੁਬਾਨੀ ਕੁਨੇਮ ॥
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ ॥

(ਤੂੰ) ਆਪ ਆ ਮੇਰੇ ਪਾਸ ਤਾਂ ਜ਼ੁਬਾਨੀ (ਗਲ ਬਾਤ) ਕਰੀਏ, ਫੇਰ ਤੁਸਾਡੇ ਉੱਤੇ ਮੁੰਹ ਰੋਬਰੂ ਮਿਹਰਬਾਨੀ ਕਰੀਏ। (ਭਾਵ-ਜੋ ਅਹਿਦ ਸ਼ਿਕਨੀ ਕੀਤੀ ਗਈ ਤੇ ਸਾਨੂੰ ਖੇਚਲ ਦਿਤੀ ਗਈ ਉਹ ਮਾਫ਼ ਕਰ ਦੇਵੀਏ)।

੬੧. ਯਕੇ ਅਸਪ ਸ਼ਾਇਸਤਹਏ ਯਕ ਹਜ਼ਾਰ।
ਬਿਆ ਤਾ ਬਗੀਰੀ ਬਮਨ ਈਂ ਦਿਆਰ।

ਇਕ ਚੰਗਾ ਘੋੜਾ ਇਕ ਹਜ਼ਾਰ (ਮੁੱਲ) ਦਾ ਲੈਕੇ (ਨਜ਼ਰਾਨੇ ਵਜੋਂ) ਮੇਰੇ ਪਾਸ ਆ ਤਾਕਿ ਇਹ ਇਲਾਕਾ ਮੇਰੇ ਪਾਸੋਂ ਲੈ ਲਵਾਂ।

ਉਸ ਸਮੇਂ ਪਾਤਸ਼ਾਹਾਂ ਦੀ ਮਿਹਰ ਦੇ ਪਾਤ੍ਰ ਇਕ ਕੀਮਤੀ ਘੋੜਾ ਨਜ਼ਰ ਦੇ ਤੋਰ ਤੇ ਪੇਸ਼ ਕਰਦੇ ਸਨ ਤੇ ਪਾਤਸ਼ਾਹ ਵਲੋਂ ਜਾਗੀਰ ਮਿਲ ਜਾਂਦੀ ਸੀ। ਸੋ ਗੁਰੂ ਸਾਹਿਬ ਕਹਿ ਰਹੇ ਹਨ ਕਿ

---

*ਵਿਚ ਕੁਛ ਹੋਰ ਹੋਣੇ ਦਾ ਭਾਵ ਹੈ ਦਿਲ ਵਿਚ ਕੁਛ ਹੋਰ ਹੋਵੇ।

†ਫ਼ਾਰਸੀ ਤੋਂ ਅਵਾਣ ਲਿਖਾਰੀਆਂ ਨੇ ਫ਼ਾਰਸੀ ਦੇ 'ਓ' ਦੀ ਥਾਵੇਂ ਏਥੇ 'ਬ' ਕਰ ਦਿੱਤਾ ਹੈ।

*ਕਈ ਵੇਰ ਕੀਤੇ ਇਕ਼ਰਾਰ ਕ਼ੁਰਾਨ ਦੇ ਖ਼ਾਲੀ ਸਫ਼ੇ ਤੇ ਲਿਖਕੇ ਸ਼ਾਮਨੀ ਦਿੱਤੀ ਜਾਂਦੀ ਸੀ। ਐਸਾ ਇਕ ਕ਼ੁਰਾਨ ਮਹਾਰਾਜਾ ਰਣਜੀਤ ਸਿੰਘ ਨਾਲ ਹੋਏ ਕਾਬਲੀਆਂ ਵਲੋਂ ਕਿਸੇ ਅਹਿਦਨਾਮੇ ਵਾਲਾ ਕਿਸੇ ਸਜਣ ਪਾਸ ਸੁਣੀਂਦਾ ਹੈ।

†ਉਹ ਕੀਤਾ ਇਕਰਾਰ ਅਜੇ ਰੂਰੂ ਜੀ ਪਾਸ ਹੈ ਤੇ ਪਾਤਸ਼ਾਹ ਨੂੰ ਦੱਸਣ ਲਈ ਤਯਾਰ ਹਨ। ਇਸ ਤੋਂ ਪਤਾ ਚਲਦਾ ਹੈ ਕਿ ਇਹ ਸ਼ਫ਼ਰਨਾਮੇ ਵਿਚ ਕੁਛ ਪੁੱਛਾਂ ਦੇ ਉਤਰ ਹਨ।

‡ਏਥੇ 'ਬਮਨ' ਦੀ ਥਾਵੇਂ ਪਾਠ 'ਮੁਖਨ' ਹੋਣਾ ਹੈ।

ਔਸ਼ਫ਼ਰਨਾਮੇ ਦੀ ਇਕ ਕਾਪੀ ਵਿਚ ੬੦,੬੧,੬੨,੬੩ ਚਾਰੇ ਨਹੀਂ ਹਨ। ਇਨ੍ਹਾਂ ਨੂੰ ਕਈ ਆਖੇਪਕ ਮੰਨਦੇ ਹਨ।

ਇਹ ਇਲਾਕਾ ਜੇ ਤੂੰ ਲੈਣਾ ਹੈ ਤਾਂ ਘੋੜਾ ਨਜ਼ਰ ਕਰ ਤਾਂ ਅਸੀਂ ਇਹ ਇਲਾਕਾ ਤੈਨੂੰ ਬਖ਼ਸ਼ ਦੇਵੀਏ ।

ਕਾਬੀ ਦੇ ਕਹੇ ਮੁਜਬ ਪਾਤਸ਼ਾਹ ਦੇ ਆਉਣ ਦੀ ਗੱਲ ਮੁਕਾ ਕੇ ਆਪਣੇ ਜਾਣੇ ਬਾਬਤ ਫ਼ਿਕਰ ਚਲਦਾ ਹੈ । ਏਥੋਂ ਜਾਪਦਾ ਹੈ ਕਿ ਪਾਤਸ਼ਾਹ ਨੇ ਆਪ ਨੂੰ ਸੱਦਿਆ ਹੈ ਫੁਰਮਾਉਂਦੇ ਹਨ:—

੬੨. ਸ਼ਹਨਸ਼ਾਹ ਰਾ ਬੰਦਹਏ ਚਾਕਰੇਮ ॥
ਅਗਰ ਹੁਕਮ ਆਯਦ ਬਜਾਂ ਹਾਜ਼ਰੇਮ ॥

ਪਾਤਸ਼ਾਹਾਂ ਦੇ ਪਾਤਸ਼ਾਹ (ਰੱਬ)* ਦੇ ਅਸੀਂ ਬੰਦੇ ਤੇ ਦਾਸ ਹਾਂ, (ਜੇ) ਉਸ ਦਾ ਹੁਕਮ ਆ ਜਾਵੇ ਤਾਂ ਜਾਨ ਤੋਂ ਹਾਜ਼ਰ ਹਾਂ ।

੬੩. ਅਗਰਚਿ ਬਿਆਯਦ ਬਫ਼ੁਰਮਾਨੇ ਮਨ ॥
ਹਜ਼ੂਰਤ ਬਿਆਯਮ ਹਮਹ ਜਾਨੇ ਤਨ ॥

ਜੇ (ਉਸ ਦਾ) ਹੁਕਮ ਆ ਜਾਵੇ ਮੇਰੇ ਪਾਸ ਤਾਂ ਜਾਨ ਤੇ ਤਨ ਤੋਂ ਮੈਂ ਤੇਰੇ ਪਾਸ ਆ ਜਾਵਾਂਗਾ ।

੬੪. ਅਗਰ ਤੂ ਬਯਜ਼ਦਾਂ ਪਰਸਤੀ ਕੁਨੀ ॥
ਬਕਾਰੇ ਮਰਾ ਈਂ ਨ ਸੁਸਤੀ ਕੁਨੀ ॥

ਜੇ ਤੂੰ ਪ੍ਰਭੂ (ਸੱਚ ਮੁਚ) ਰੱਬ ਵਾਲੀ ਕਰਦਾ ਹੈਂ (ਤਾਂ ਚਾਹੀਦਾ ਹੈ ਕਿ) ਮੇਰੇ ਇਸ ਕੰਮ ਵਿਚ ਸੁਸਤੀ ਨਾ ਕਰੇਂ ।

੬੫. ਬਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ ॥
ਨ ਗੁਫ਼ਤਹ ਕਸੇ ਕਸ ਖ਼ਰਾਸ਼ੀ ਕੁਨੀ ॥

(ਤੈਨੂੰ) ਚਾਹੀਦਾ ਹੈ ਕਿ ਖ਼ੁਦਾ ਦੀ ਪਛਾਣ ਕਰੇਂ ਤੂੰ (ਤੇ) ਕਿਸੇ ਦੇ ਕਹੇ ਕਹਾਏ ਇਨਸਾਨਾਂ ਨੂੰ ਦੁਖ ਦੇਣਾ ਨਾ ਕਰੇਂ ਤੂੰ ।

੬੬. ਤੁ ਮਸ਼ਨਦ ਨਸ਼ੀਂ ਸਰਵਰੇ ਕਾਇਨਾਤ ॥
ਕਿ ਅਜ਼ਬਸਤ ਇਨਸਾਫ਼ ਈਂ ਹਮ ਸਿਫ਼ਾਤ ॥

ਤੂੰ (ਪਾਤਸ਼ਾਹੀ ਦੀ) ਗੱਦੀ ਤੇ ਬੈਠਾ ਹੈਂ ਤੇ ਦੁਨੀਆਂ ਦਾ ਸਰਦਾਰ ਹੈਂ, ਤੇਰਾ ਨਿਆਂ ਅਸਚਰਜ ਹੈ, ਭੀ ਤੇਰੀਆਂ ਏਹ ਸਿਫ਼ਤਾਂ ਅਸਚਰਜ ਹਨ ।

੬੭. ਕਿ ਅਜ਼ਬਸਤ ਇਨਸਾਫ਼ੇ ਦੀਂ ਪਰਵਰੀ ॥
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ ॥

(ਹਾਂ), ਅਸਚਰਜ ਹੈ (ਤੇਰਾ) ਇਨਸਾਫ ਤੇ (ਅਸਚਰਜ ਹੈ ਤੇਰੀ) ਦੀਨ ਦੀ ਪਾਲਣਾ ਕਰਨੀ । ਇਸ (ਤੇਰੀ) ਸਰਦਾਰੀ ਤੇ ਅਫ਼ਸੋਸ ਹੈ ਮੈਂ ਵਾਰੀ ਅਫ਼ਸੋਸ ਹੈ* ।

੬੮. ਕਿ ਅਜ਼ਬਸਤ ਅਜ਼ਬਸਤ ਫਤਵਹ ਸ਼ੁਮਾ ॥
ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜ਼ਿਯਾਂ ॥

ਫਿਰ ਤੁਸਾਡੇ ਫਤਵੇ (ਵੀ) ਅਨੋਖੇ ਹਨ, (ਬਹੁਤ) ਅਨੋਖੇ ਹਨ, (ਕਿ ਜੋ ਸੱਚ ਨੂੰ ਛੱਡ ਕੇ ਦਿੱਤੇ ਜਾਂਦੇ ਹਨ, ਪਰ ਜਾਣ ਲੈ ਕਿ ਸੱਚੇ ਰੱਬ ਦੀ ਸ਼ਰਅ ਵਿਚ) ਸੱਚ ਤੋਂ ਬਿਨਾਂ (ਕਿਸੇ) ਸੁਖ਼ਨ ਦਾ ਕਹਿਣਾ (ਆਪਣਾ) ਨੁਕਸਾਨ (ਆਪ ਕਰਨਾ) ਹੈ ।

(ਸੁਖ਼ਨ ਦੇਣੇ ਤੇ ਪਾਲਣੇ ਨਾਂ, ਆਪਣੀ ਹਾਨੀ ਆਪ ਕਰ ਲੈਣੀ ਹੈ) ।

੬੯. ਮਜ਼ਨ ਤੇਗ਼ ਬਰ ਖ਼ੂਨੇ ਕਸ ਬੇਦਰੇਗ਼ ॥
ਤੁਰਾ ਨੀਜ਼ ਖ਼ੂਨ ਅਸਤ ਬਾ ਚਰਖ਼ ਤੇਗ਼ ॥

ਕਿਸੇ ਦਾ ਖ਼ੂਨ ਕਰਨ ਲਈ ਬੇਦਰੇਗ਼ ਹੋਕੇ ਤਲਵਾਰ ਨਾ ਚਲਾ, (ਨਹੀਂ ਤਾਂ) ਤੇਰਾ ਬੀ ਅਸਮਾਨ ਦੀ ਤਲਵਾਰ ਖ਼ੂਨ ਕਰੇਗੀ† ।

੭੦. ਤੁ ਗ਼ਾਫ਼ਲ ਮਸ਼ਉ ਮਰਦ ਯਜ਼ਦਾਂ ਸ਼ਿਨਾਸ ॥
ਕਿ ਓ ਬੇਨਿਆਜ਼ਸਤ ਓ ਬੇ ਸਿਪਾਸ ॥

ਤੂੰ ਗ਼ਾਫ਼ਲ ਨਾ ਹੋ ਹੇ ਮਰਦ ! ਰੱਬ ਨੂੰ ਪਛਾਣ‡, ਉਹ ਬੇਲੋੜ ਹੈ ਤੇ ਕਿਸੇ ਖ਼ੁਸ਼ਾਮਦ ਦੀ ਲੋੜ ਨਹੀਂ ਰਖਦਾ ।

੭੧. ਕਿ ਓ ਬੇ ਮੁਹਾਬਸਤ ਸ਼ਾਹਾਨ ਸ਼ਾਹ ॥
ਜ਼ਮੀਨੋ ਜ਼ਮਾਂ ਰਾ ਹਮ ਓ; ਪਾਤਸ਼ਾਹ ॥

ਹਾਂ, ਉਹ ਨਿਰਭਉ ਹੈ, ਸ਼ਾਹਾਂ ਦਾ ਸ਼ਾਹ ਹੈ, ਜ਼ਮੀਨ ਤੇ ਅਸਮਾਨ[] ਦਾ ਬੀ ਉਹੀ ਪਾਤਸ਼ਾਹ ਹੈ ।

---

*ਅੰਕ ੬ ਅਤੇ ੭੧ ਵਿਚ ਬੀ 'ਸ਼ਾਹਨਸ਼ਾਹ' ਪਦ ਆਪਣੇ ਪਰਮੇਸ਼ੁਰ ਵਾਸਤੇ ਵਰਤੇ ਹਨ ।

*ਇਨ੍ਹਾਂ ਦੇ ਜ਼ਿਅਰਾਂ ਵਿਚ ਔਰੰਗਜ਼ੇਬ ਦੇ ਬੁਲ੍ਹਾਂ ਵਲ ਨਜ਼ਰ ਪਾਈ ਹੈ, ਜੋ ਉਸ ਨੇ ਪਿਉ ਭਰਾਵਾਂ ਤੇ ਸੂਫ਼ੀ ਮੁਸਲਮ ਨਾਂ ਨਾਲ ਕੀਤੇ ਤੇ ਹਿੰਦੂਆਂ ਪਰ ਜੋ ਮਖਤੀਆਂ ਕੀਤੀਆਂ ਤੇ ਸਤਿਨਾਮੀਏ ਸਾਰੇ ਕਤਲ ਕਰਵਾਏ ਆਦਿ, ਸਾਰੇ ਜ਼ੁਲਮਾਂ ਨੂੰ 'ਅਚਰਜ ਤੇ ਹੈਫ਼' ਕਹਿਕੇ ਜਿਤਾ ਦਿਤਾ ਹੈ ।

†ਦੋ ਪਾਠ ਹਨ:—(੧) ਤੁਰਾ ਨੀਜ਼ ਖ਼ੂਨ ਅਸਤ ਬਾ ਚਰਖ਼ ਤੇਗ਼ = ਅਸਮਾਨ ਦੀ ਤਲਵਾਰ ਤੋਂ ਤੇਰਾ ਬੀ ਖ਼ੂਨ ਹੈ । (੨) ਤੁਰਾ ਨੀਜ਼ ਖ਼ੂ ਚਰਖ਼ ਰੇਜ਼ਦ ਬ ਤੇਗ਼ = ਤੇਰਾ ਖ਼ੂਨ ਵੀ ਅਸਮਾਨ ਤਲਵਾਰ ਨਾਲ ਕਰੇਗਾ ।

‡ਪਾਠ:—'ਸ਼ਿਨਾਸ' ਦੀ ਥਾਂ 'ਹਿਰਾਸ' । ਅਰਥ:—ਹੇ ਮਰਦ ਤੂੰ ਗ਼ਾਫ਼ਲ ਨਾ ਹੋ ਰੱਬ ਤੋਂ ਡਰ ਕਿ ਓਹ ਬੇਲੋੜ ਹੈ ਕਿਸੇ ਖ਼ੁਸ਼ਾਮਦ ਤੋਂ ।

§ਪਾਠ:—ਹੈ, ਸੱਚਾ ਏ । []ਜ਼ਮਾਂ = ਸਮਾਂ । ਪਰ ਜਦ 'ਜ਼ਿਮੀਂ' ਦੇ ਨਾਲ ਇਹ ਆਵੇ ਤਾਂ ਅਰਥ 'ਅਸਮਾਨ' ਲੈਂਦੇ ਹਨ ।

੭੨. ਖ਼ੁਦਾਵੰਦ ਏਜ਼ਦ ਜ਼ਮੀਨੋ ਜ਼ਮਾਂ ॥
ਕੁਨਿੰਦਸਤ ਹਰ ਕਸ ਮਕੀਨੋ ਮਕਾਂ ॥

ਉਹ ਖ਼ੁਦਾਵੰਦ ਹੈ (ਆਪਣੇ ਆਪ ਤੋਂ ਹੈ ਤੇ ਮਾਲਕ ਹੈ) ਪਰ ਜ਼ਮੀਨ ਅਸਮਾਨ ਦਾ (ਪੈਦਾ ਕਰਨੇ ਵਾਲਾ) ਰੱਬ ਹੈ ਤੇ ਉਹ ਹਰ ਅਸਥਾਨ (ਤੇ ਉਸ ਵਿਚ) ਰਹਿਣੇ ਵਾਲੇ ਦਾ ਕਰਤਾਰ ਹੈ।

੭੩. ਹਮ ਅਜ਼ ਪੀਰ ਮੋਰੋ ਹਮ ਅਜ਼ ਪੀਲਤਨ ॥
ਕਿ ਆਜਜ਼ ਨਵਾਜ਼ਸਤ ਗ਼ਾਫ਼ਲ ਸ਼ਿਕਨ ॥

ਹਾਂ ਬੁੱਢੀ (ਕਮਜ਼ੋਰ) ਕੀੜੀ ਤੋਂ ਲੈਕੇ ਹਾਥੀ ਵਰਗੇ (ਪੁਸ਼ਟ) ਸਰੀਰ ਵਾਲਿਆਂ (ਸਾਰਿਆਂ ਦਾ ਕਰਤਾ ਬੀ ਉਹੀ ਹੈ ਤੇ) ਉਹੀ ਆਜਿਜ਼ਾਂ (ਨਿਤਾਣਿਆਂ) ਨੂੰ ਵਡਿਆਉਣ ਵਾਲਾ ਹੈ ਤੇ (ਉਹੀ) ਗ਼ਾਫ਼ਲਾਂ ਨੂੰ ਮਾਰਨੇ ਵਾਲਾ ਹੈ।

੭੪. ਕਿ ਓਰਾ ਚੁ ਇਸਮਅਸਤ ਆਜਜ਼ਨਿਵਾਜ਼ ॥
ਕਿ ਓ ਬੇ ਸਿਪਾਸ ਅਸਤ ਓ ਬੇ ਨਿਆਜ਼ ॥

ਕਿਉਂਕਿ ਉਸ ਦਾ ਨਾਮ ਦੀਨਾ ਬੰਧੂ ਹੈ (ਇਸ ਕਰ ਕੇ) ਓਹ ਕਿਸੇ ਤੋਂ ਕੁਛ ਲੋੜ ਨਹੀਂ ਰਖਦਾ ਤੇ ਓਹ ਏਪਰਵਾਹ ਹੈ।

੭੫. ਕਿ ਓ ਬੇਨਗੂੰ ਅਸਤ ਓ ਬੇਚਗੂੰ ॥
ਕਿ ਓ ਰਹਨੁਮਾਅਸਤ ਓ ਰਹਨਮੂੰ ॥

ਹਾਂ, ਉਹ (ਰੱਬ) ਅਬੁਕ ਹੈ ਤੇ ਉਹ ਵਰਣਨ ਨਹੀਂ ਹੋ ਸਕਦਾ* । ਹਾਂ, ਉਹੀ ਰਸਤਾ ਦੱਸਣੇ ਵਾਲਾ ਹੈ ਉਹੀ ਰਸਤੇ ਪਾਉਣ ਵਾਲਾ ਹੈ†।

੭੬. ਕਿ ਬਰ ਸਰ ਤੁਰਾ ਫਰਜ਼ ਕ਼ਸਮੇ ਕ਼ਰਾਂ ॥
ਬਗ਼ੁਫ਼ਤਹ ਸ਼ਮਾ ਕਾਰ ਖ਼ੂਬੀ ਰੰਸਾਂ ॥

ਕਿਉਂਕਿ ਤੇਰੇ ਸਿਰ ਉਤੇ ਕੁਰਾਨ ਦੀ ਸਹੁੰ ਦਾ ਭਾਰ ਹੈ (ਤੇ ਭਾਰ ਹੈ ਤੇਰੇ ਸਿਰ ਤੇ) ਤੇਰੇ (ਕੀਤੇ) ਸੁਖਨ ਦਾ, (ਹੁਣ ਤੇਰਾ) ਕੰਮ ਹੈ (ਉਨ੍ਹਾਂ ਨੂੰ ਕਿਸੇ) ਖ਼ੂਬੀ ਤੇ ਪਹੁੰਚਾ* ।

੭੭. ਬਬਾਯਦ ਤੁ ਦਾਨਸ਼ ਪਰਸਤੀ ਕੁਨੀ ॥
ਬਕਾਰੇ ਸ਼ੁਮਾ ਚੀਰਹ ਦਸਤੀ ਕੁਨੀ ॥

ਚਾਹੀਦਾ ਹੈ ਕਿ ਤੂੰ (ਹੁਣ) ਅਕਲਮੰਦੀ ਦੀ ਪਾਲਣਾ ਕਰੇਂ (ਇਹ ਤੇਰਾ ਆਪਣਾ ਕੰਮ ਹੈ, ਇਸ) ਅਪਣੇ ਕੰਮ ਵਿਚ (ਲੋੜੀਦਾ ਹੈ ਕਿ) ਤੂੰ ਬਲਵਾਨਤਾ ਕਰੇਂ (ਪਰ ਅਕਲ ਨਾਲ)†।

੭੮. ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਾ ਚਾਰ ॥
ਕਿ ਬਾਕੀ ਇਮਾਂਦਸਤ ਪੈਚੀਦਹ ਮਾਰ ॥

ਭਾਵੇਂ ਮੇਰੇ ਚਾਰ ਬੱਚੇ ਮਾਰੇ ਗਏ ਹਨ (ਇਸ ਨਾਲ ਪਰ) ਕੀ ਹੋਇਆ, ਜਦੋਂ ਕਿ ਵਲਦਾਰ ਸੱਪ‡ ਬਾਕੀ ਰਹਿ ਗਿਆ ਹੈ।

੭੯. ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ ॥
ਕਿ ਆਤਸ਼ ਦਮਾਂ ਰਾ ਬਦਊਰਾਂ ਕੁਨੀ ॥

ਇਹ ਕੀ ਮਰਦਾਨਗੀ ਹੈ ਕਿ (ਜੀਵਨ ਦੇ) ਚੰਗਿਆੜਿਆਂ ਨੂੰ ਬੁਝਾ ਰਿਹਾ ਹੈਂ, ਪਰ ਭੜਕਦੀ ਅੱਗ ਨੂੰ ਹੋਰ ਤੇਜ਼ ਕਰ ਰਿਹਾ ਹੈਂ§।

੮੦. ਚਿ ਖ਼ੁਸ਼ ਗੁਫ਼ਤ ਫਿਰਦੌਸੀਏ ਖ਼ੁਸ਼ ਜ਼ੁਬਾਂ ॥
ਸ਼ਿਤਾਬੀ ਬਵਦ ਕਾਰੇ ਆਹਰਮਨਾ ॥

ਸੁਹਣੀ ਰਸਨਾਂ ਵਾਲੇ (ਪ੍ਰਬੀਨ ਕਵੀ) ਫਿਰਦੌਸੀ ਨੇ ਕਿਹੀ ਸੁਹਣੀ ਗੱਲ ਆਖੀ ਹੈ ਕਿ ਕਾਹਲੀ ਕਰਨੀ ਸ਼ੈਤਾਨਾਂ ਦਾ ਕੰਮ ਹੈ, (ਛੋਟੇ ਸਾਹਿਬਜ਼ਾਦਿਆਂ ਦੇ ਕਤਲ ਵਲ ਇਸ਼ਾਰਾ ਹੈ)।

੮੧. ਕਿ ਮਾ ਬਾਰਗਹਿ ਹਜ਼ਰਤ ਆਯਮ ਸ਼ੁਮਾ ॥
ਅਜ਼ਾਂ ਰੋਜ਼ ਬਾਸ਼ੀ ਵ ਸ਼ਾਹਿਦ ਸ਼ੁਮਾ ॥

---

*ਅਬਵਾ, ਆਪਣੇ ਕਹੇ ਨੂੰ ਕਿਸੇ ਖ਼ੂਬੀ ਨਾਲ ਸਫਲ ਕਰ।

†ਭਾਵ ਨਿਡਰ ਹੋ ਕੇ ਜ਼ੋਰ ਨਾਲ ਨਿਆਂ ਤੇ ਅਕਲ ਦਾ ਕੰਮ ਕਰੇਂ । ਚੀਰਹ ਦਸਤੀ–ਗ਼ਲਬੇ ਨਾਲ ਕੰਮ ਕਰਨਾ ।

‡ਬਾਜੇ ਸਮਝਦੇ ਹਨ ਕਿ ਆਪਣੀ ਵਲ ਇਸ਼ਾਰਾ ਹੈ, ਪਰ ਅਗਲੇ ਸ਼ਿਅਰ ਤੋਂ ਸ਼ੁਬਹ ਨਹੀਂ ਰਹਿ ਜਾਂਦਾ ਕਿ ਮਤਲਬ ਖਾਲਸੇ ਤੋਂ ਹੈ। ਗੁਰੂ ਜੀ ਨੌਜਵਾਨ ਖਾਲਸੇ ਨੂੰ ਭੁਜੰਗੀ ਕਿਹਾ ਕਰਦੇ ਸਨ, ਜਿਸ ਦਾ ਅਰਥ ਸੱਪ ਹੈ। 'ਮਾਰ ਪੈਚੀਦਾ' ਦੀ ਮੁਰਾਦ ਜ਼ੰਜੀਰ ਦੀ ਹੁੰਦੀ ਹੈ। [ਲੁਗਾਤੇ ਕਿਸ਼ਵਰੀ]। ਸਾਰਿ ਬਜ਼ਾਦੇ ਤਾਂ ਮਾਰੇ ਗਏ ਫਰਦਨ ਫਰਦਨ, ਪਰ ਖਾਲਸਾ ਤਾਂ ਜ਼ੰਜੀਰ ਹੈ, ਜੋ ਖਤਮ ਨਹੀਂ ਹੋਣਾ।

§ਸਾਹਿਬਜ਼ਾਦਿਆਂ ਨੂੰ 'ਅਖ਼ਗਰ' ਕਿਹਾ ਹੈ ਤੇ ਖਾਲਸੇ ਨੂੰ ਭੜਕਦੀ ਅੱਗ ਜੋ ਉਸਦੇ ਜ਼ੁਲਮਾਂ ਨਾਲ ਹੋਰ ਵਧੇਗੀ। ਸਪੁੱਤਾਂ ਨੇ ਆਖਰ ਜਗਤ ਤੋਂ ਟੁਰ ਜਾਣਾ ਸੀ, ਪਰ ਖਾਲਸੇ ਨੇ ਤਾਂ ਜਗਤ ਪਰ ਸਦਾ ਰਹਿਣਾ ਹੈ। ਜੋ ਭੜਕਦੀ ਅੱਗ ਹੈ ਤੁਰੇ ਰਹਿਣ ਵਾਲੀ।

---

*ਨਿਰੂੰ = ਜੋ ਨੀਵਾਂ ਯਾ ਉਲਟਾ ਨਾ ਹੋਵੇ, ਅਬੁਕ। ਚਗੂੰ = ਕਿਸ ਤਰ੍ਹਾਂ, ਕਿਸ ਭਾਂਤ ਦਾ, ਜਿਸ ਦੀ ਬਾਬਤ ਇਹ ਨਾ ਕਿਹਾ ਜਾ ਸਕੇ ਕਿ ਓਹ ਕਿਸ ਤਰ੍ਹਾਂ ਦਾ ਹੈ।

†'ਰਹਨੁਮਾ' ਤੇ ਰਹਨਮੂੰ ਦੇ ਲਗ ਪਗ ਇਕੋ ਅਰਥ ਹਨ, ਭਾਵ ਜ਼ੋਰ ਦੇਣ ਤੋਂ ਹੈ, ਕਿਉਂਕਿ ਉਸ ਰਾਤ ਚਮਕੌਰ ਤੋਂ ਰਾਹ ਖਹਿੜੇ ਛੱਡ ਕੇ ਝਲਾਂ ਤੇ ਬਨਾਂ ਨੂੰ ਚੀਰਦ ਗੁਰੂ ਜੀ ਮਾਛੀਵਾੜੇ ਅੱਪੜੇ ਸੋ, ਰਸਤਾ ਦੱਸਣਾ ਤੇ ਰਸਤੇ ਸਿਰ ਲਈ ਜਾਣਾ ਰੱਬ ਦਾ ਕੰਮ ਸੀ।

ਕਿ ਮੈਂ ਤੂੰ ਤੇਰੇ ਰੱਬ ਦੀ ਕਚਹਿਰੀ ਵਿਚ ਆਵਾਂਗੇ, ਉਸ ਦਿਨ ਮੈਂ ਤੁਹਾਡਾ ਸਰਦਾਰ ਤੇ ਉਗਾਹ (ਹੋਵਾਂਗਾ)* ।

੮੨. ਵਗਰਨਹ ਤੂ ਈਂ ਹਮ ਫ਼ਰਾਮੁਸ਼ ਕੁਨਦ ॥
ਤੁਰਾ ਹਮ ਫ਼ਰਾਮੋਸ਼ ਯਜ਼ਦਾਂ ਕੁਨਦ ॥

ਜੇਕਰ ਤੂੰ ਇਸ (ਇਨਸਾਫ ਦੇ ਕੰਮ) ਨੂੰ ਬੀ (ਇਸ ਵੇਲੇ) ਭੁਲਾ ਦੇਂਦਾ ਹੈਂ ਤਾਂ (ਜਾਣ ਲੈ ਕਿ) ਤੈਨੂੰ ਖ਼ੁਦਾ ਭੁਲਾ ਦੇਵੇਗਾ ।

੮੩. ਅਗਰ ਕਾਰਿ ਈਂ ਬਰ ਤੋ ਬਸਤੀ ਕਮਰ ॥
ਖ਼ੁਦਾਵੰਦ ਬਾਸ਼ਦ ਤੁਰਾ ਬਹਿਰਾਵਰਤ† ॥

ਪਰ ਜੇ ਤੂੰ ਇਸ (ਹੁਣ ਇਨਸਾਫ ਕਰਨ ਦੇ) ਕੰਮ ਤੇ ਲੱਕ ਬੰਨ੍ਹ ਲਿਆ ਤਦ ਰੱਬ ਤੈਨੂੰ ਖ਼ੁਸ਼-ਕਿਸਮਤ (ਕਰਨ ਵਾਲਾ) ਹੋਵੇਗਾ ।

੮੪ ਕਿ ਈਂ ਕਾਰ ਨੇਕ ਅਸਤੁ ਦੀਂ ਪਰਵਰੀ ॥
ਚੁ ਯਜ਼ਦਾਂ ਸ਼ਨਾਸੀ ਬਜਾਂ ਬਰਤਰੀ ॥

ਕਿਉਂਕਿ ਇਹ ਕੰਮ ਨੇਕ ਕੰਮ ਹੈ, ਹਾਂ; ਦੀਨ ਪਰਸਤੀ ਦਾ (ਇਹ ਕੰਮ) ਹੈ, ਜੇ ਤੂੰ ਰੱਬ ਨੂੰ ਪਛਾਣਦਾ ਹੈਂ ਤਾਂ (ਇਸ ਕੰਮ ਨੂੰ) ਜਾਨ ਨਾਲੋਂ ਬੀ ਉੱਚਤਾ ਦੇਹ (ਭਾਵ ਪਯਾਰ ਕਰ) ।

੮੫. ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ ॥
ਬਰਾਮਦ ਚਿ ਤੋ ਕਾਰਹਾ ਦਿਲ ਖ਼ਰਾਸ਼‡ ॥

ਤੇਰੇ ਕੋਲੋਂ (ਹੁਣ ਤਕ) ਦਿਲ ਦੁਖਾਉਣ ਵਾਲੇ ਅਨੇਕਾਂ ਕੰਮ ਹੋਏ ਹਨ, (ਇਸ ਲਈ) ਤੈਨੂੰ ਮੈਂ ਰੱਬ ਨੂੰ ਪਛਾਣਨੇ ਵਾਲਾ ਨਹੀਂ ਸਮਝਦਾ ।

੮੬. ਸ਼ਨਾਸਦ ਹਮੀਂ ਤੋ ਨ ਯਜ਼ਦਾਂ ਕਰੀਮ ॥
ਨ ਖਾਹਦ ਹਮੀਂ ਤੋ ਬਦੌਲਤ ਅਜ਼ੀਮ ॥

ਇਸ ਕਰਕੇ§ ਕ੍ਰਿਪਾਲੂ ਰੱਬ ਤੈਨੂੰ ਬੀ ਨਹੀਂ ਪਛਾਣਦਾ ਤੇ ਇਸੇ ਕਰਕੇ§ ਤੈਨੂੰ ਤੇਰੀ ਇਤਨੀ ਬੜੀ ਦਉਲਤ ਸਣੇ ਨਹੀਂ ਚਾਹੁੰਦਾ, (ਭਾਵ ਤੈਨੂੰ ਕਬੂਲਦਾ ਨਹੀਂ) ।

੮੭. ਅਗਰ ਸਦ ਦ੍ਰਮ ਰਾ ਬਖ਼ੁਰਦੀ ਕਸਮ ॥
ਮਰਾ ਐਤਬਾਰੇ ਨ ਈਂ ਜ਼ੱਰਹ ਦਮ ॥

ਜੇਕਰ (ਤੂਣ ਤੂੰ) ਕੁਰਾਨ ਦੀਆਂ ਸੌ ਕਸਮਾਂ ਬੀ ਖਾਧੀਆਂ (ਭਾਵ ਖਾਵੇਂ) ਤਾਂ ਮੈਨੂੰ ਉਨ੍ਹਾਂ ਪਰ ਰਤੀ ਜਿੰਨਾਂ ਇਤਬਾਰ ਇਕ ਛਿਨ ਲਈ ਭੀ ਨਹੀਂ (ਆ ਸਕਦਾ । ਭਾਵ ਜੇ ਸਹੁੰਵਾਂ ਖਾਕੇ ਸੱਚ ਦੇਂਦਾ ਤਾਂ ਮੈਂ ਨਹੀਂ ਆਵਾਂਗਾ) ।

੮੮. ਹਜ਼ੂਰੀ ਨ ਆਯਮ ਨ ਈਂ ਰਾਹ ਸ਼ਵਮ ॥
ਅਗਰ ਸ਼ਾਹ ਬਖ਼ਾਹਦ ਨ ਆਂਜਾ ਰਵਮ* ॥

ਨਾ ਮੈਂ ਤੇਰੇ ਪਾਸ ਆਵਾਂਗਾ ਨਾ ਇਸ ਰਸਤੇ ਹੀ ਪਵਾਂਗਾ । ਜਿੱਥੇ ਸ਼ਾਹ ਚਾਹੇਗਾ ਉੱਥੇ ਨਹੀਂ ਜਾਵਾਂਗਾ ।

—o—

ਹੁਣ ਤਕ ਔਰੰਗਜ਼ੇਬ ਦੀ ਬੇਇਨਸਾਫੀ, ਕਪਟ ਤੇ ਅਧਰਮ ਆਦਿ ਬਦੀਆਂ ਉਸਨੂੰ ਨਿਧੜਕ ਹੋ ਕੇ ਦੱਸੀਆਂ ਹਨ, ਪਰ ਉਸ ਵਿਚ ਗੁਣ ਬੀ ਸੇ, ਉਹ ਕਿਸੇ ਗੁੱਸੇ ਦੇ ਰੌ ਵਿਚ ਭੁਲਾਏ ਨਹੀਂ, ਹੁਣ ਉਨ੍ਹਾਂ ਦਾ ਜ਼ਿਕਰ ਕਰਦੇ ਹਨ, ਨਾ ਡਰਦੇ ਹਨ, ਨਾ ਸੱਚ ਨੂੰ ਲੁਕਾਉਂਦੇ ਹਨ ।

੮੯. ਖ਼ੁਸ਼ਾਂ† ਸ਼ਾਹ ਸ਼ਾਹਾਨ ਅਉਰੰਗਜ਼ੇਬ ॥
ਕਿ ਚਾਲਾਕ ਦਸਤਸਤ ਚਾਬਕ ਰਕੇਬ ॥

ਸ਼ਾਹਾਂ ਦਾ ਸ਼ਾਹ ਔਰੰਗਜ਼ੇਬ ਭਾਗਾਂ ਵਾਲਾ ਹੈ, (ਤਲਵਾਰ ਚਲਾਉਣ ਵਿਚ) ਪ੍ਰਬੀਨ ਹੱਥਾਂ ਵਾਲਾ ਹੈ, ਤੇ ਘੋੜ ਅਸਵਾਰੀ ਵਿਚ ਲਾਇਕ ਹੈ ।

੯੦. ਚਿ ਹੁਸਨਲ ਜਮਾਲਅਸਤੁ ਰੌਸ਼ਨ ਜ਼ਮੀਰ ॥
ਖ਼ੁਦਾਵੰਦ ਮੁਲਕ ਅਸਤੁ ਸਾਹਿਬ ਅਮੀਰ ॥

ਕਿ ਰੂਪ ਦਾ ਸੁੰਦਰ ਹੈ, ਤਿੱਖੀ ਬੁਧੀ ਵਾਲਾ ਹੈ‡। ਦੇਸ਼ ਦਾ ਮਾਲਕ ਹੈ ਤੇ ਅਮੀਰਾਂ (ਸਰਦਾਰਾਂ ਯਾ ਹੁਕਮ ਕਰਨ ਵਾਲਿਆਂ) ਦਾ ਬੀ ਸਾਹਿਬ ਹੈ ।

੯੧. ਬ ਤਰਤੀਬ ਦਾਨਸ਼ ਬਤਦਬੀਰ ਤੇਗ਼ ॥
ਖ਼ੁਦਾਵੰਦਿ ਦੇਗ਼ੋ ਖ਼ੁਦਾਵੰਦ ਤੇਗ਼ ॥

---

*ਹਜ਼ਰਤ=ਹਜ਼ੂਰੀ, (ਰੱਬ ਤੋਂ ਬੀ ਮੁਰਾਦ ਹੈ) । (ਅੰਕ ੮੩ ਵਿਚ 'ਖ਼ੁਦਾਵੰਦ' ਕਿਹਾ ਹੈ)। ਬਾਸ਼ੀ=ਸਰਦਾਰ, ਸ਼ਾਹਿਦ=ਉਗਾਹ । (ਅ) ਬਾਸ਼ੀ=ਹੋਵੇਂਗਾ । ਉਸ ਦਿਨ ਤੂੰ ਹੋਵੇਂਗਾ ਤੇ (ਮੈਂ) ਤੇਰਾ ਉਗਾਹ ਹੋਵਾਂਗਾ ।

†ਬਹਿਰਾਵਰ=ਖ਼ੁਸ਼ ਨਸੀਬ, ਖ਼ੁਸ਼ ਕਿਸਮਤ ।

‡ਪਾ:—ਪੁਰ ਖ਼ਰਾਸ਼ । §ਹਮੀਂ=ਇਸ ਕਰ ਕੇ ।

*ਪਾ:—ਅਗਰ ਸ਼ਾਹ ਬਖ਼ਾਹਦ ਮਨ ਆਂ ਜਾ ਰਵਮ—ਮੈਂ ਉਸ ਥਾਂ ਜਾਵਾਂਗਾ, ਜਿਥੇ ਰੱਬ ਚਾਹੇਗਾ । ਇਉਂ ਬੀ ਅਰਥ ਕਰਦੇ ਹਨ—ਜੇ ਰੱਬ ਚਾਹੇ ਤਾਂ ਉਸ ਥਾਂ ਜਾਵਾਂਗਾ । †ਪਾ ਖ਼ੁਸ਼ਸ਼ ।

‡ਰੌਸ਼ਨ ਜ਼ਮੀਰ=ਦਾਨਸ਼ਮੰਦ । [ਜ਼ਮੀਰ—ਦਿਲ । ਰੌਸ਼ਨ=ਚਾਨਣੇ ਵਾਲਾ] ।

ਤਲਵਾਰ ਦੀ ਜੁਗਤ ਨਾਲ ਤੇ ਦਨਾਈ ਦੀ ਵਿਧੀ ਨਾਲ (ਤੂੰ ਕੰਮ ਕਰ ਰਿਹਾ ਹੈਂ, ਇਸ ਕਰਕੇ ਤੂੰ) ਦੇਗ ਤੇ ਤੇਗ ਦਾ ਮਾਲਿਕ ਹੋ ਰਿਹਾ ਹੈਂ*।

੬੨. ਕਿ ਰੌਸ਼ਨ ਜ਼ਮੀਰ ਅਸਤ ਹੁਸਨਲਜਮਾਲ ॥
ਖ਼ੁਦਾਵੰਦਿ ਬਖ਼ਸ਼ਿੰਦਹਏ ਮੁਲਕੁ ਮਾਲ ॥

ਹਾਂ, ਦਾਨਸ਼ਮੰਦ (ਅਕਲ ਵਾਲਾ) ਹੈ, ਰੂਪ ਦਾ ਸੁਹਣਾ ਹੈ, ਮੁਲਕ ਤੇ ਮਾਲ ਦਾ ਮਾਲਕ (ਬੀ) ਹੈ ਤੇ ਬਖ਼ਸ਼ਣ ਵਾਲਾ ਬੀ ਹੈ।

੬੩. ਕਿ ਬਖ਼ਸ਼ਿਸ਼ ਕਬੀਰ ਅਸਤ ਦਰ ਜੰਗਕੋਹ ॥
ਮਲਾਯਕ ਸਿਫਤ ਚੂੰ ਸੁਰੱਯਾ ਸ਼ਕੋਹ ॥

ਬਖ਼ਸ਼ਿਸ਼ ਵਡੀ ਹੈ ਤੇ ਜੰਗ ਵਿਚ ਪਹਾੜ (ਤੁੱਲ) ਹੈ, ਤਾਕਤਵਰੀ ਸਿਫ਼ਤ ਹੈਂ, ਪ੍ਰਤਾਪ ਖਿੱਤੀਆਂ ਤਕ ਹੈ (ਮਾਨੋ)।

੬੪. ਸ਼ਹਨਸ਼ਾਹ ਅਉਰੰਗ ਜ਼ੇਬ ਆਲਮੀਂ ॥
ਕਿ ਦਾਰਾਇ ਦੌਰ ਅਸਤੁ ਦੁਰ ਅਸਤਦੀਂ ॥

ਜਹਾਨ ਦੇ ਤਖਤ ਨੂੰ ਸ਼ੋਭਾ ਦੇਣ ਵਾਲਾ ਸ਼ਹਿਨਸ਼ਾਹ ਹੈ। ਜ਼ਮਾਨੇ ਦਾ ਪਾਤਸ਼ਾਹ ਹੈ, ਪਰ ਦੀਨ ਉਸ ਤੋਂ ਦੂਰ ਹੈ।

—o—

ਅਗੇ ਹੁਣ ਰੱਬ ਦੀ ਮਿਹਰ ਨਾਲ ਆਪਣੇ ਬਚਾਉ, ਰੱਬ ਦੀ ਸਿਫਤ ਤੇ ਔਰੰਗਜ਼ੇਬ ਦੇ ਅਧਰਮ ਦੇ ਕਥਨ ਚਲਦੇ ਹਨ:—

੬੫. ਮਨਮ ਕੁਸ਼ਤਨਮ ਕੋਹੀਆਂ ਬੁਤ ਪਰਸਤ ॥
ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸਤ ॥

ਮੇਰੀ (ਲੜਾਈ ਤੇ ਮਰਨਾ) ਮਾਰਨਾ ਬੁਤ ਪਰਸਤ ਪਹਾੜੀਆਂ ਨਾਲ ਸੀ‡, ਪਹਾੜੀਏ ਬੁਤ ਪਰਸਤ ਹਨ, ਮੈਂ ਬੁਤ ਸ਼ਿਕਨ ਹਾਂ§।

੬੬. ਬਬੀਂ ਗਰਦਸ਼ੇ ਬੇਵਫ਼ਾਈਏ ਜ਼ਮਾਂ ॥
ਪਸੇ ਪੁਸ਼ਤ ਉਫ਼ਤਦ ਰਸਾਨਦ ਫ਼ਿਜਾਂ ॥

(ਦੇਖ ਜ਼ਮਾਨੇ ਦੀ) ਬੇਵਫਾਈ (ਬੇ ਅਸੂਲੀ, ਅਧਰਮ) ਜਿਸ ਦੇ ਪਿਛੇ ਪੈ ਜਾਵੇ ਉਸ ਦਾ ਨੁਕਸਾਨ ਕਰਦਾ ਹੈ।

੬੭. ਬਬੀਂ ਕੁਦਰਤੇ ਨੇਕ ਯਜ਼ਦਾਨਿ ਪਾਕ ॥
ਕਿ ਅਜ਼ ਯੱਕ ਬ ਦਹਲਕ ਰਸਾਂਦ ਹਲਾਕ ॥

(ਪਰ ਨਾਲ) ਦੇਖ ਉਸ ਪਵਿੱਤ੍ਰ ਤੇ ਨੇਕ ਰੱਬ ਦੀ ਕੁਦਰਤ ਕਿ ਇਕ ਪਾਸੋਂ ਦਸ ਲੱਖ ਨੂੰ ਹਲਾ-ਕਤ* ਪੁਚਾਉਂਦਾ ਹੈ।

੬੮. ਚਿ ਦੁਸ਼ਮਨ ਕੁਨਦ ਮਿਹਬਰਾਨਸਤ ਦੋਸਤ ॥
ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦਹ ਓਸਤ ॥

ਦੁਸ਼ਮਨ ਕੀਹ ਕਰ ਸਕਦਾ ਹੈ (ਜਦ) ਦੋਸਤ (ਪਰਮੇਸ਼ਰ) ਮਿਹਰਬਾਨ ਹੈ। ਕਿਉਂਕਿ ਉਸ ਬਖ਼ਸ਼ਨ ਹਾਰ ਦਾ ਕੰਮ (ਹੀ) ਬਖ਼ਸ਼ਸ਼ ਹੈ।

੬੯. ਰਿਹਾਈ ਦਿਹੋ ਰਹਨੁਮਾਈ ਦਿਹਦ ॥
ਜ਼ੁਬਾਂ ਰਾ ਬ ਸਿਫਤ ਆਸ਼ਨਾਈ ਦਿਹਦ ॥

(ਉਹ ਮਿਤ੍ਰ ਬੰਦੀ ਵਿਚੋਂ) ਛੁਟਕਾਰਾ ਦੇਣ ਵਾਲਾ ਹੈ (ਤੇ ਔਝੜਾਂ ਵਿਚ) ਰਸਤੇ ਦਿਖਾਲਣ (ਦੀ ਦਾਤ) ਦੇਂਦਾ ਹੈ (ਤੇ ਛੁਟਕਾਰਾ ਪਾ ਟਿਕਾਣੇ ਪੁਜ ਗਿਆਂ ਦੀ) ਰਸਨਾਂ ਨੂੰ (ਉਸ ਦੀ) ਸਿਫਤ ਕਰਨ ਦੀ ਦੋਸਤੀ ਦਾਨ ਕਰਦਾ ਹੈ (=ਸਿਫਤ ਸਲਾਹ ਬਖ਼ਸ਼ਦਾ ਹੈ)।

੧੦੦. ਖ਼ਸਮ ਰਾ ਚੁ ਕੋਰ ਓ ਕੁਨਦ ਵਕਤੇ ਕਾਰ ॥
ਯਤੀਮਾਂ ਬਿਰੂੰ ਬੁਰਦ ਬੇ ਜ਼ਖਮ ਖ਼ਾਰਾਂ ॥

ਵੈਰੀਆਂ ਨੂੰ ਓਹ (ਐਨ ਵੈਰ ਦੇ) ਕੰਮ (ਕਾਮ-ਯਾਬੀ ਨਾਲ ਕਰ ਲੈਣ) ਵੇਲੇ ਅੰਨ੍ਹਿਆਂ ਵਾਂਗੂ ਕਰ ਦੇਂਦਾ ਹੈ ਤੇ ਅਨਾਥਾਂ ਨੂੰ (ਉਨ੍ਹਾਂ ਦੇ ਘੋਰੇ ਵਿਚੋਂ)

*ਤੇਗ਼ ਤੋਂ ਮੁਰਾਦ ਜੰਗੀ ਤਾਕਤਾਂ ਤੇ ਸਾਮਾਨਾਂ ਦੀ ਹੈ। ਦੇਗ਼ ਤੋਂ ਮੁਰਾਦ ਖ਼ਜ਼ਾਨੇ ਤੇ ਮਾਲ ਆਦਿ ਦੀ ਹੈ।

†ਮਲਾਯਕ–ਫਰਿਸ਼ਤੇ। ਅਰਬੀ ਵਿਚ 'ਮ' 'ਲ' 'ਕ' ਵਾਲੇ ਹਰਫ ਤੋਂ ਜੋ ਪਦ ਬਣੇ ਉਸ ਵਿਚ ਤਾਕਤ, ਕੁੱਵਤ ਦੇ ਅਰਥ ਜ਼ਰੂਰ ਹੋਣਗੇ। ਪ੍ਰਤਾਪ ਜਦ ਖਿੱਤੀਆਂ ਤਕ ਕਿਹਾ ਤਾਂ ਮਲਾਯਕ ਦਾ ਭਾਵ ਫਰਿਸ਼ਤੇ ਦੀ ਨੇਮੀ ਨਹੀਂ, ਪਰ ਉਸਦੀ ਤਾਕਤ ਤੋਂ ਹੀ ਹੈ।

‡ਇਸ ਸ਼ਿਅਰ ਦਾ ਪਾਠਾਂਤ੍ਰ ਭੇਦ ਹੈ—ਮਨਮ ਕੁਸ਼ਤਨਮ ਕੋਹੀਆਂ ਪੁਰ ਫਿਤਨ। ਕਿ ਆ ਬੁਤ ਪਰਸਤੰਦੇ ਮਨ ਬੁਤ ਸ਼ਿਕਨ।

§ਇਸ ਤੋ ਅਗਲੇ ਸ਼ਿਅਰ ਵਿਚ ਔਰੰਗਜ਼ੇਬ ਨੂੰ ਤਨਬ਼ ਦਿੱਤੀ ਹੈ ਕਿ ਤੂੰ ਖ਼ੁਦਾ ਪਰਸਤ ਨਹੀਂ, ਜੇ ਹੁੰਦਾ ਤਾਂ ਖ਼ੁਦਾ ਪਰਸਤਾਂ ਦੀ ਮਦਦ ਕਰਦਾ, ਨਾਕਿ ਬੁਤ ਪਰਸਤਾਂ ਦੀ।

*ਹਲਾਕ(ਹਲਾਕਤ) = ਜ਼ਾਯਾ ਕਰਨਾ,ਮਾਰਨਾ ਨੁਕਸਾਨ, ਮੌਤ।

†ਪਾਠਾਂਤ੍ਰ–ਯਤੀਮਾਂ ਬਿਰੂੰ ਮੇਂ ਬੁਰੱਦ ਬੇ ਆਬ਼ਾਰ–ਯਤੀਮਾਂ ਨੂੰ ਬਿਨਾਂ ਖੋਚਲ ਪੁਜੇ ਦੇ ਬਾਹਰ ਲੈ ਜਾਂਦਾ ਹੈ। ਅ: ਯਤੀਮ–ਜਿਸ ਦਾ ਪਿਤਾ ਨਾ ਹੋਵੇ। ਕਦੇ ਮਾਤਾ ਹੀਨ ਨੂੰ ਬੀ ਕਹਿੰਦੇ ਹਨ। ਦੋਨਾਂ ਦੇ ਨਾ ਹੋਇਆਂ ਤੇ ਬੀ ਇਹ ਪਦ ਵਰਤਦੇ ਹਨ। ਯਤੀਮ ਦਾ ਅਰਥ ਅਦੁਤੀ ਬੀ ਹੋਇਆ ਕਰਦਾ ਹੈ। ਗੁਰੂ ਜੀ ਦਾ ਭਾਵ ਉਸ ਵੇਲੇ ਦੀ ਕਿਸੇ ਸੰਸਾਰਕ ਸਹਾਇਤਾ ਦੀ ਅਣਹੋਂਦ ਦੀ ਦਸ਼ਾ ਸੂਚਨ ਕਰਨੇ ਤੋਂ ਹੈ।

ਬਿਨਾਂ ਕੰਡੇ ਜਿੰਨੇ ਜ਼ਖਮ ਲਗੇ ਦੇ ਬਾਹਰ ਕੱਢ ਲੈ ਜਾਂਦਾ ਹੈ।

੧੦੧. ਹਰਾਂਕਸ ਕਜ਼ੋ ਰਾਸਤਬਾਜ਼ੀ ਕੁਨਦ ॥
ਰਹੀਮੇ ਬਰੋ ਰਹਮ-ਸਾਜ਼ੀ ਕੁਨਦ* ॥

ਹਰ ਉਹ ਪੁਰਖ ਕਿ ਜੋ (ਸੰਸਾਰ ਵਿਚ) ਸਚਿਆਈ (ਸੱਚ ਦੀ ਕਮਾਈ) ਕਰਦਾ ਹੈ, ਰਹਮਤਾਂ ਦਾ ਸਾਈਂ ਉਸ ਨਾਲ ਰਹਮ ਦਾ ਵਰਤਾਉ ਕਰਦਾ ਹੈ।

੧੦੨. ਕਸੇ ਖ਼ਿਦਮਤ ਆਯਦ ਬਸੇ ਦਿਲੋ ਜਾਂ ॥
ਖ਼ੁਦਾਵੰਦ ਬਖ਼ਸ਼ੀਦ ਬਰ ਵੇ ਅਮਾਂ† ॥

ਜੋ ਕੋਈ ਦਿਲੋਂ ਜਾਨੋਂ ਹੋਕੇ ਉਸ ਦੀ ਸੇਵਾ ਵਿਚ ਹੀ ਬਹੁਤਾ ਰਹੇ, (ਜਾਣ ਲੌ) ਪਰਮੇਸ਼ੁਰ ਮ ਲਕ ਨੇ ਉਸ ਉਤੇ ਅਮਾਨ ਬਖਸ਼ਸ਼ ਕਰ ਦਿੱਤੀ ਹੈ।

੧੦੩. ਚਿ ਦੁਸ਼ਮਨ ਕਜ਼ਾਂ ਹੀਲਹ ਸਾਜ਼ੀ ਕੁਨਦ ॥
ਅਗਰ ਰਹਨੁਮਾ ਬਰ ਵੇ ਰਾਜ਼ੀ ਸ਼ਵਦ ॥

ਵੈਰੀ ਉਸ ਨਾਲ ਕੀ ਚਲਾਕੀਆਂ ਕਰ ਸਕੇਗਾ ਕਿ ਜੇ ਉਸ ਉਤੇ (ਰੱਬ) ਰਸਤਾ ਦੱਸਣ ਵਾਲਾ ਰਾਜ਼ੀ ਹੋਵੇ।

੧੦੪. ਅਗਰ ਬਰ ਯਕ ਆਯਦ ਦਹੋਦਹ ਹਜ਼ਾਰ ॥
ਨਿਗਹਬਾਨ ਓਰਾ ਸ਼ਵਦ ਕਿਰਦਗਾਰ ॥

ਜੇ ਇਕ ਉਤੇ ਇਕ ਲਖ (ਬੀ) ਚੜ੍ਹਾਈ ਕਰਕੇ ਆਵੇ ਉਸ ਦਾ ਰਾਖਾ ਕਰਤਾਰ ਹੁੰਦਾ ਹੈ।

੧੦੫. ਤੁਰਾ$ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ॥
ਕਿ ਮਾਰਾ ਨਿਗਾਹਸਤ ਯਜ਼ਦਾਂ ਸ਼ੁਕਰ‡ ॥

ਤੇਰੀ ਨਜ਼ਰ (ਜੋ ਆਪਣੀ) ਫੌਜ ਤੇ ਸੋਨੇ ਉਤੇ ਹੈ, (ਜਾਣ ਲੈ) ਕਿ ਮੇਰੀ ਨਜ਼ਰ ਪਰਮੇਸ਼ੁਰ ਦੇ ਸ਼ੁਕਰ ਕਰਨੇ ਤੇ ਹੈ।

੧੦੬. ਕਿ ਓਰਾ ਗ਼ਰੂਰਅਸਤ ਬਰ ਮੁਲਕੋਮਾਲ ॥
ਵ ਮਾਰਾ ਪਨਾਹਸਤ ਯਜ਼ਦਾਂ ਅਕਾਲ ॥

ਜੋ ਉਸ (ਅਉਰੰਗਜ਼ੇਬ) ਨੂੰ ਆਪਣੀ ਸਲਤਨਤ ਤੇ ਦੌਲਤ ਉਤੇ ਹੰਕਾਰ ਹੈ ਤਾਂ ਮੈਨੂੰ ਅਕਾਲ ਪੁਰਖ ਯਜ਼ਦਾਂ ਦੀ ਟੇਕ ਹੈ*।

੧੦੭. ਤੁ ਗ਼ਾਫ਼ਲ ਮਸ਼ਉ ਜ਼ੀਂ ਸਿਪੰਜੀ ਸਰਾਇ ॥
ਕਿ ਆਲਮ ਬਿਗੁਜ਼ਰਦ ਸਰੇ ਜਾ ਬਜਾਇ ॥

ਤੂੰ ਇਸ (ਜਹਾਨ ਦੇ ਮਾਣ) ਕਰਕੇ, ਜੋ ਢੱਲਣੀ ਸਰਾਂ† ਹੈ ਗ਼ਾਫ਼ਲ ਨਾ ਹੋ, ਕਿ ਜਹਾਨ ਬਾਓਂ ਬਾਈਂ‡ (ਸਭ ਦੇ) ਸਿਰ ਤੋਂ ਲੰਘ ਰਿਹਾ ਹੈ (ਭਾਵ ਸਭ ਕਿਸੇ ਮਰਨਾ ਹੈ)।

੧੦੮. ਬਬੀਂ ਗਰਦਸ਼ੇ ਬੇਵਫ਼ਾਈਏ ਜ਼ਮਾਂ ॥
ਕਿ ਬਿਗੁਜ਼ਸ਼ਤ ਬਰ ਹਰ ਮਕੀਨੋ ਮਕਾਂ ॥

ਬੇ ਵਫ਼ਾ (ਨਾ ਅੰਗ ਪਾਲਣਹਾਰ) ਜ਼ਮਾਨੇ ਦੀ ਗਰਦਸ਼ ਵਲ ਤੱਕ, ਕਿ ਇਹ ਹਰ ਮਕਾਨ ਤੇ ਉਸ ਵਿਚ ਰਹਿਣ ਵਾਲੇ ਹਰੇਕ ਦੇ ਸਿਰ ਤੋਂ ਲੰਘ ਗਿਆ।

੧੦੯. ਤੁ ਗਰ ਜ਼ਬਰ ਆਜਜ਼ ਖ਼ਰਾਸ਼ੀ ਮਕੁਨ ॥
ਕਸਮ ਰਾ ਬਤੇਸ਼ਹ ਤਰਾਸ਼ੀ ਮਕੁਨ ॥

ਜੇ ਤੂੰ (ਇਸ ਵੇਲੇ ਬਹੁਤ) ਬਲਵਾਨ ਹੈਂ ਤਾਂ ਗ਼ਰੀਬਾਂ ਦੇ ਦਿਲ ਨਾ ਦੁਖਾ (ਤੇ ਆਪਣੀਆਂ ਖਾਧੀਆਂ) ਸੌਹਾਂ ਸੁਹੰਦਾਂ ਦੀ ਤੇਸ਼ੇ ਨਾਲ ਕੱਟ ਵੱਢ ਨਾ ਕਰ।

੧੧੦ ਚੁ ਹਕ਼ ਯਾਰ ਬਾਸ਼ਦ ਚਿ ਦੁਸ਼ਮਨ ਕੁਨੱਦ ॥
ਅਗਰ ਦੁਸ਼ਮਨੀ ਰਾ ਬਸਦ ਤਨ ਕੁਨੱਦ ॥

ਜਿਸ ਦਾ ਰੱਬ ਮਿਤ੍ਰ ਹੋਵੇ ਦੁਸ਼ਮਨ ਉਹਦਾ ਕੀ ਕਰ ਸਕਦਾ ਹੈ, ਚਾਹੇ (ਉਹ) ਇਕ ਦੀ ਥਾਂ ਸੌ ਬਣਕੇ ਦੁਸ਼ਮਨੀ ਪਿਆ ਕਰੇ।

੧੧੧. ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰੱਦ ॥
ਨ ਯਕ ਮੂਏ ਓਰਾ ਆਜ਼ਾਰ ਆਵੁਰੱਦ ॥

ਵੈਰੀ ਚਾਹੇ ਹਜ਼ਾਰ ਦੁਸ਼ਮਨੀ ਪਿਆ ਕਰੇ (ਜਿਸ ਨਾਲ ਦੁਸ਼ਮਨੀ ਕਰ ਰਿਹਾ ਹੈ) ਉਸ ਦੇ ਇਕ ਵਾਲ ਨੂੰ ਨਹੀਂ ਦੁਖਾ ਸਕਦਾ।

—o—

*ਪਾਃ—ਕਿ ਬਰ ਵੇ ਖ਼ੁਦਾ ਰਹਮ ਸਾਜ਼ੀ ਕੁਨਦ।

†ਪਾਃ—ਬਿਬਖਸ਼ਦ ਖੁਦਾਵੰਦ ਬਰ ਵੇ ਅਮਾਂ। ਅਮਾਂ = ਸ਼ਰਨ, ਪਨਾਹ, ਰਖਜਾ, ਸੁਖ, ਸ਼ਾਂਤੀ।

‡ਪਾਃ—ਨਿਗਰ = ਵੇਖਣ ਵਾਲ, ਸਦਾ ਜਾਗਦਾ, ਅੰਤਰਯਾਮੀ।

$ਫਾਰਸੀ ਵਿਚ ਇਸਤਰ੍ਹਾਂ ਸੀਗਾ ਗਾਇਬ ਤੇ ਮੁਖਾਤਬ ਬਦਲਿਆ ਜਾਵੇ ਤਾਂ ਖੂਬੀ ਮੰਨਦੇ ਹਨ।

*ਭਾਵ, ਜਿਸ ਨੂੰ ਤੁਸੀਂ ਯਜ਼ਦਾਂ ਤੇ ਅਸੀਂ ਅਕਾਲ ਕਹਿੰਦੇ ਹਾਂ ਸਾਨੂੰ ਉਸੇ ਇਕ ਦਾ ਆਸਰਾ ਹੈ।

†ਸਿਹ... ਪੰਜੀ = ੩ - ਪ = ੮ ਅੱਠ ਦਿਨੀ। ਚਰਵਾਹੇ ਤੇ ਰਾਖੇ ਜੋ ਆਰਜ਼ੀ ਢੁੱਲੀਆਂ ਬਨਾਂ ਤੇ ਖੇਤਾਂ ਵਿਚ ਪਾਉਂਦੇ ਹਨ, ਉਨ੍ਹਾਂ ਨੂੰ 'ਸਿਪੰਜੀ' ਆਖਦੇ ਹਨ, ਭਾਵ ਦੰਦ ਰੋਜ਼ਹ, ਦੱਲਣਹਾਰ ਅਨਿਸਥਰ।

‡(ਅ) ਜਾ ਬੇਜਾ—ਹਰ ਭਲੇ ਬੁਰੇ ਉਤੇ।

ਜ਼ਫਰਨਾਮੇ ਦੀ ਅੰਦਰਲੀ ਗਵਾਹੀ

ਪਿਛੇ ਪੰਨੇ ੧੦੮ ਤੇ ਪਹਿਲਾ ਖ਼ਤ ਜੋ ਔਰੰਗਜ਼ੇਬ ਵਲ ਗੁਰੂ ਜੀ ਨੇ ਮਾਛੀਵਾੜੇ ਤੋਂ ਲਿਖਿਆ ਸੀ ਦੇ ਆਏ ਹਾਂ। ਇਉਂ ਇਹ ਦੂਸਰਾ ਖ਼ਤ ਹੈ ਜੋ ਦੀਨੇ ਤੋਂ ਲਿਖਿਆ ਗਿਆ। ਜਾਪਦਾ ਹੈ ਕਿ ਔਰੰਗਜ਼ੇਬ ਵਲੋਂ ਕੋਈ ਪੁਛਾਂ ਆਈਆਂ ਹਨ ਤੇ ਇਸ ਜ਼ਫਰਨਾਮੇ ਵਿਚ ਉਨ੍ਹਾਂ ਦੇ ਉੱਤਰ ਹਨ। ਇਹ ਬੀ ਹੋ ਸਕਦਾ ਹੈ ਕਿ ਇਹ ਚੇਤਾਵਨੀ ਪੱਤ੍ਰ ਹੈ ਤ ਇਸ ਵਿਚ ਵੇਰਵੇ ਦਿਤੇ ਹਨ ਜੋ ਪਹਿਲੇ ਵਿਚ ਨਹੀਂ ਸਨ। ਇਹ ਜ਼ਫਰਨਾਮਾ ਇਕ ਪੱਤ੍ਰ ਹੋਣ ਤੋਂ ਛੁਟ ਇਤਿਹਾਸਕ ਕੀਮਤ ਭੂਤ ਦੀ ਵਸਤੂ ਬੀ ਹੈ। ਇਹ ਗੁਰੂ ਜੀ ਦੀ ਸੈ੍ਜੀਵਨੀ ਸੰਬੰਧੀ ਸੈ੍ਲਿਖਤ ਉਸ ਮੌਕੇ ਦਾ ਇਤਿਹਾਸ ਹੈ। ਸੈ੍ਜੀਵਨੀ ਸੰਬੰਧੀ ਸੈ੍ਲਿਖਤ ਵਾਕਿਆਤ ਇਤਿਹਾਸਕਾਰਾਂ ਵਿਚ ਬੜੇ ਕੀਮਤੀ ਸਮਝੇ ਜਾਂਦੇ ਹਨ।

ਸਰਸਰੀ ਨਜ਼ਰ ਨਾਲ ਪੜ੍ਹਿਆਂ ਜ਼ਫਰਨਾਮੇ ਦੇ ਭਾਵਾਂ ਦਾ ਪਤਾ ਨਹੀਂ ਲਗਦਾ, ਪਰ ਪੜਚੋਲ ਕਰਕੇ ਪੜ੍ਹਿਆਂ ਬਹੁਤ ਕੁਛ ਇਤਿਹਾਸਕ ਹਾਲ ਖੁਲ੍ਹਦੇ ਹਨ ਜੋ ਇਸ ਪ੍ਰਕਾਰ ਹਨ:—

੧. ਪਹਿਲੀ ਗਲ ਇਸ ਵਿਚੋਂ ਇਹ ਲੱਭਦੀ ਹੈ ਕਿ ਔਰੰਗਜ਼ੇਬ ਵਲੋਂ ਗੁਰੂ ਜੀ ਪਾਸ ਕੋਈ ਕਾਜ਼ੀ ਆਇਆ ਹੈ। [ਦੇਖੋ ਸ਼ਿਅਰ ੫੬

੨. ਜਿਸ ਨੇ ਆਕੇ ਪਾਤਸ਼ਾਹ ਦਾ ਲਿਖਿਆ ਖ਼ਤ ਯਾ ਅਹਿਦ ਯਾ ਕੋਈ ਸ਼ੈ ਦਿਤੀ ਹੈ। ਇਸ ਖ਼ਤ ਵਿਚ ਇਹ ਲਿਖਿਆ ਜ਼ਰੂਰ ਸਹੀ ਹੁੰਦਾ ਹੈ ਕਿ ਕਾਜ਼ੀ ਜ਼ਬਾਨੀ ਈ ਮੇਰੇ ਸੁਨੇਹੇ ਦੇਵੇਗਾ ਤੇ ਜੋ ਕੁਛ ਉਹ ਕਹੇਗਾ ਮੇਰੀ ਵਲੋਂ ਹੋਵੇਗਾ। [ਸ਼ਿਅਰ ੫੪

੩ ਗੁਰੂ ਸਾਹਿਬ ਨੇ ਇਹ ਸ਼ੈ ਸੰਭਾਲ ਕੇ ਪਾਸ ਰਖੀ ਹੈ ਤੇ ਇੰਨੇ ਖਖੇੜ ਬਖੇੜਾਂ ਦੇ ਵਿਚੋਂ ਲੰਘਕੇ ਬੀ ਉਹ ਸ਼ੈ ਉਨ੍ਹਾਂ ਦੇ ਪਾਸ ਸੀ ਜੋ ਉਹ ਦੀਨੇ ਤੋਂ ਉਸ ਨੂੰ ਲਿਖਦੇ ਹਨ ਕਿ ਉਹ ਲਿਖਿਆ ਅਹਿਦ ਨਾਮਾ ਜੇ ਚਾਹੋ ਤਾਂ ਮੈਂ ਤੁਸਾਂ ਪਾਸ ਘੱਲ ਸਕਦਾ ਹਾਂ। [ਸ਼ਿਅਰ ੫੭

੪. ਇਸ ਅਹਿਦਨਾਮੇ ਵਿਚ ਜੋ ਔਰੰਗਜ਼ੇਬ ਵਲੋਂ ਆਇਆ ਕੁਰਾਨ ਦੀ ਕਸਮ ਖਾਧੀ ਗਈ ਹੈ, ਰੱਬ ਦੀ ਸਹੁੰ ਖਾਧੀ ਗਈ ਹੈ ਤੇ ਹੋ ਸਕਦਾ ਹੈ ਕਿ ਇਹ ਲਿਖਤ ਹੀ ਕੁਰਾਨ ਦੀ ਜਿਲਦ ਦੇ ਕੋਰੇ ਸਫ਼ੇ ਉਤੇ ਹੋਵੇ। [ਦੇਖੋ ਸ਼ਿਅਰ ੪੯, ੪੯

੫. ਇਸ ਵਿਚ ਇਹ ਸ਼ਰਤ ਜ਼ਰੂਰੀ ਸੀ ਕਿ ਤੁਸੀਂ ਜੇ ਕਿਲ੍ਹਾ ਛਡ ਦਿਓ ਤਾਂ ਅਮਨ ਅਮਾਨ ਜਿਧਰ ਜੀ ਕਰੇ ਚਲੇ ਜਾਓ, ਦੂਈ ਤੁਸਾਨੂੰ ਕੁਛ ਨਾ ਕਹੇਗਾ। [ਸ਼ਿਅਰ ੧੯, ੨੦

੬. ਚਾਹੇ ਔਰੰਗਜ਼ੇਬ ਦੇ ਖ਼ਤ ਵਿਚ ਇਹ ਗੱਲ ਸੀ ਤੇ ਚਾਹੇ ਕਾਜ਼ੀ ਨੇ ਗੁਰੂ ਜੀ ਨੂੰ ਜ਼ਬਾਨੀ ਕਹਿਕੇ ਨਿਸਚੇ ਕਰਾਈ ਸੀ ਕਿ ਪਾਤਸ਼ਾਹ ਤੁਹਾਨੂੰ ਦੀਨ ਦੇ ਬਜ਼ੁਰਗ ਸਮਝਦਾ ਹੈ, ਤੁਹਾਡਾ ਅਦਬ ਕਰਦਾ ਹੈ, ਤੇ ਉਹ ਹੁਣ ਦੱਖਣ ਦੇ ਜੰਗ ਵਿਚ ਰੁੱਝਾ ਹੋ, ਨਹੀਂ ਤਾਂ ਉਹ ਆਪ ਆਕੇ ਜ਼ਜ਼ਾਰਤ ਹਾਸਲ ਕਰਦਾ। ਹੁਣ ਵੀ ਜਦ ਦਿੱਲੀ ਆਇਆ, ਉਹ ਆਪ ਆਕੇ ਜ਼ਜ਼ਾਰਤ ਕਰੇਗਾ। ਤਦੇ ਇਸ ਗੱਲ ਨੂੰ ਗੁਰੂ ਜੀ ਖ਼ੁਹਲਕੇ ਖ਼ਤ ਵਿਚ ਲਿਖਦੇ ਹਨ ਕਿ ਔਰੰਗਜ਼ੇਬ ਨੂੰ ਪਤਾ ਲਗ ਜਾਵੇ ਕਿ ਉਸਦਾ ਘੱਲਿਆ ਕਾਜ਼ੀ ਕਿਸ ਹੱਦ ਤਕ ਇਕਰਾਰ ਕਰ ਆਇਆ ਹੈ। ਕਾਜ਼ੀ ਨੇ ਐਸੇ ਖੁਸ਼ ਕਰਨ ਵਾਲੇ ਇਕਰਾਰ ਮਦਾਰ ਇਸ ਲਈ ਕਰ ਲਏ ਕਿ ਅਨੰਦਪਰੋਂ ਨਿਕਲਦਿਆਂ ਤਾਂ ਅਸਾਂ ਇਸ ਨੂੰ ਮਾਰ ਲੈਣਾ ਹੈ, ਪਾਤਸ਼ਾਹ ਨੂੰ ਇਕਰਾਰਾਂ ਦਾ ਪਤਾ ਹੀ ਨਹੀਂ ਲਗਣਾ ਨਾਲੇ ਉਹ ਜਾਣਦਾ ਸੀ ਕਿ ਕਸਮ ਤੋੜਕੇ ਕਾਮਯਾਬੀ ਕੀਤੀ ਨੂੰ ਔਰੰਗਜ਼ੇਬ ਮਾੜਾ ਨਹੀਂ ਸਮਝਦਾ।

੭. ਇਸੇ ਕਰਕੇ ਗੁਰੂ ਜੀ ਔਰੰਗਜ਼ੇਬ ਨੂੰ ਅਝਕ ਲਿਖਦੇ ਹਨ ਕਿ ਤੂੰ ਉਸ ਇਕਰਾਰ ਮੂਜਬ ਕਾਗਜ਼ ਅਸਾਡੇ ਪਾਸ ਆ ਤਾਂ ਅਸੀਂ ਤੈਨੂੰ ਸਾਰਾ ਹਾਲ ਦੱਸੀਏ। ਤੇ ਤਨਜ਼ ਨਾਲ ਕਹਿੰਦੇ ਹਨ ਕਿ ਇਲਾਕਾ ਸਾਡਾ ਹੈ ਜੇ ਲੈਣਾ ਹੈ ਤਾਂ ਘੋੜਾ ਲੈਕੇ ਆ ਤੈਨੂੰ ਦੇ ਦੇਵੀਏ। [ਸ਼ਿਅਰ ੫੮ ਤੋਂ ੬੧

੮. ਫਿਰ ਇਹ ਬੀ ਪਤਾ ਲਗਦਾ ਹੈ ਕਿ ਸੌਂਹਾਂ ਸੁਗੰਦਾਂ ਖਾਣ ਵਿਚ ਸਿਰਫ ਔਰੰਗਜ਼ੇਬ ਦਾ ਘੱਲਿਆ ਕਾਜ਼ੀ ਹੀ ਨਹੀਂ ਸੀ, ਉਸ ਦੇ ਹੋਰ ਅਹੁਦੇਦਾਰ ਬੀ ਸਨ, ਅਰ ਓਹ ਫੌਜੀ ਤੇ ਸਿਵਲ ਦੋਹਾਂ ਪੱਖਾਂ ਦੇ ਸਿਰਕਰਦੇ ਸਨ, ਜਿਨ੍ਹਾਂ ਨੂੰ ਬਖਸ਼ੀ ਤੇ ਦੀਵਾਨ ਕਰਕੇ ਦੱਸਿਆ ਹੈ। [ਸ਼ਿਅਰ ੧੪

੯. ਫਿਰ ਇਹ ਖ਼ਯਾਲ ਕਿ ਗੁਰੂ ਜੀ ਦੱਖਣ ਔਰੰਗਜ਼ੇਬ ਕੋਲ ਜਾਂਦੇ ਪਏ ਸਨ ਕਈਆਂ ਦੇ

ਕਿਆਸ ਵਿਚ ਹੈ, ਜ਼ਫਰਨਾਮੇ ਦੇ ਕਿਸੇ ਸ਼ਿਅਰ ਤੋਂ ਭੀ ਸ਼ੁਬਹ ਪੈ ਸਕਦਾ ਹੈ, ਪਰ ਇਸ ਵਿਚ ਸਾਫ ਹਰਫਾਂ ਵਿਚ ਇਨਕਾਰ ਹੈ: ਕਿ ਤੂੰ ਮੈਨੂੰ ਮੱਦੇਂ ਤਾਂ ਮੈਂ ਨਹੀਂ ਆਉਣਾ, ਨਾ ਤੇਰੀ ਕਸਮ ਦਾ ਇਤਬਾਰ ਕਰਨਾ ਹੈ । [ਸ਼ਿਅਰ ੯੭–੯੯] ਪਰ ਇਹ ਬੀ ਕਿਹਾ ਹੈ ਕਿ ਜੇ ਰਬ ਦਾ ਹੁਕਮ ਆਵੇ ਤਾਂ ਆ ਬੀ ਸਕਦੇ ਹਾਂ । [ਸ਼ਿਅਰ ੬੩

੧੦. ਘੇਰੇ ਘੱਤਣ ਵਾਲਿਆਂ ਅਹਿਦ ਤੋੜਿਆ ਤੇ ਹਮਲਾ ਕੀਤਾ । [ਸ਼ਿਅਰ ੨੦

੧੧. ਉਸ ਘਮਸਾਣ ਵਿਚੋਂ ਮਸਾਂ ਮਸਾਂ ਗੁਰੂ ਜੀ ਕੁਛ ਸਾਥੀਆਂ ਸਣੇ ਨਿਕਲੇ ਤੇ ਕਿਸੇ ਤਰ੍ਹਾਂ ਚਮਕੌਰ ਜਾ ਗੜ੍ਹੀ ਵਿਚ ਠਹਿਰੇ। ਉੱਥੇ ਉਨ੍ਹਾਂ ਦੇ ਨਾਲ ਕੇਵਲ ੪੦ ਸਿੱਖ ਸਨ ਤੇ ਓਹ ਬੀ ਰਸਦ ਪਾਣੀ ਤੋਂ ਵਿਰਵੇ ਸਨ । [ਸ਼ਿਅਰ ੧੬

੧੨. ਉੱਥੇ ਬੀ ਗੁਰੂ ਜੀ ਨੇ ਪਹਿਲ ਨਹੀਂ ਕੀਤੀ, ਪਹਿਲਾ ਵਾਰ ਤੁਰਕਾਂ ਵਲੋਂ ਹੋਇਆ, ਫੇਰ ਸੈ ਰਖਜ਼ਾ ਵਿਚ ਜੰਗ ਹੋਇਆ । [ਸ਼ਿਅਰ ੨੧

੧੩. ਅੰਕ ੨੭ ਤੋਂ ੪੦ ਤਕ ਨੂੰ ਵੀਚਾਰਿਆਂ ਸਮਝ ਆਉਂਦੀ ਹੈ ਕਿ ਗਰੂ ਸਾਹਿਬ ਦੀ ਤੀਰ ਅੰਦਾਜ਼ੀ ਬੜ ਕਮਾਲ ਦੀ ਸੀ । ਇਹ ਖ਼ਯਾਲ ਕਿ ਅੱਘ ਬਾਣਾਂ ਦੇ ਆਖਰੀ ਤੀਰ ਅੰਦਾਜ਼ ਗੁਰੂ ਸਾਹਿਬ ਹੋਏ ਹਨ, ਇਨ੍ਹਾਂ ਸ਼ਿਅਰਾਂ ਤੋਂ ਉਸ ਦੀ ਸਤਜ਼ਤਾ ਪਈ ਸਫੁਟ ਹੁੰਦੀ ਹੈ। [ਸ਼ਿਅਰ ੨੭ ਤੋਂ ੪੦

੧੪. ਨਾਹਰ ਖਾਂ ਦਾ ਇਕ ਆਪ ਦੇ ਤੀਰ ਨਾਲ ਮਾਰਿਆ ਜਾਣਾ ਇਸ ਵਿਚ ਸਪਸ਼ਟ ਹੈ ।

[ਸ਼ਿਅਰ ੨੯

੧੫ ਖ਼ਾਕਾ ਮਤਦੁਦ ਆਪ ਦੀ ਤੀਰ ਅੰਦਾਜ਼ੀ ਤੋਂ ਡਰਦਾ ਲੁਕਿਆ ਰਿਹਾ ਹੈ ਕੰਧ ਦੇ ਉਹਲੇ ।

[ਸ਼ਿਅਰ ੩੪, ੩੫

੧੬. ਚਮਕੌਰ ਦਾ ਜੰਗ ਸਾਰਾ ਦਿਨ ਭਰ ਹੁੰਦਾ ਰਿਹਾ, ਲੱਯਾ ੪੦ ਸਿਖਾਂ ਨੇ ਏਸ਼ੁਮਾਰ ਸੈਨਾਂ ਨੂੰ ਗੜ੍ਹੀ ਦੇ ਲਾਗੇ ਚਾਰ ਪਹਿਰ ਨਹੀਂ ਆਉਣ ਦਿਤਾ।

[ਸ਼ਿਅਰ ੪੨

੧੭. ਚਮਕੌਰ ਦਾ ਦੂੱਧ ਸਖਤ ਜੰਗ ਸੀ, ਇਸ ਵਿਚ ਕੱਟ ਵੱਢ ਬਹੁਤ ਹੋਈ ਤੇ ਮੁਰਦਿਆਂ ਦੇ ਢੇਰਾਂ ਦੇ ਢੇਰ ਲਗ ਗਏ, ਦੁਵੱਲੀ ਮਰੇ, ਪਰ ਸਿਖ ਤਾਂ ਚਾਲੀ ਸਨ ਸਾਰੇ। ਜੇ ਢੇਰਾਂ ਦੇ ਢੇਰ ਲਗੇ ਤਾਂ ਸਾਫ ਹੈ ਕਿ ਘੇਰੇ ਪਾਉਣ ਵਾਲਿਆਂ ਦੀ ਕਟਾ ਵੱਢ ਬਹੁਤ ਵਧੀਕ ਹੋਈ। [ਸ਼ਿਅਰ ੩੬ ਤੋਂ ੪੦

੧੮. ਦੁਵੱਲੀ ਨਿਹਾਯਤ ਖੂੰਖਾਰ ਜੰਗ ਹੁੰਦਿਆਂ ਰਾਤ ਪੈ ਗਈ ਤੇ ਗੁਰੂ ਜੀ ਏਸ਼ੁਮਾਰ ਸੈਨਾਂ ਦੇ ਘੇਰੇ ਵਿਚੋਂ ਸਹੀ ਸਲਾਮਤ ਨਿਕਲ ਗਏ ।

[ਸ਼ਿਅਰ ੪੨ ਤੋਂ ੪੪

੧੯. ਔਰੰਗਜ਼ੇਬ ਦੇ, ਸਿਪਾਹਗਿਰੀ, ਹੁਕਮ ਰਾਨੀ, ਰਾਜਨੀਤੀ, ਖੁਸ਼ ਸ਼ਕਲੀ, ਦਾਨ, ਕਾਮਯਾਬ ਪਾਤਸ਼ਾਹ ਹੋਣ, ਦੂਰਦੇਸ਼ੀ, ਜੰਗ ਵਿਚ ਅਹਿੱਲ ਰਹਿਣਾ ਆਦਿ ਸਾਰੇ ਗੁਣ ਮੰਨੇ ਹਨ ਅਰ ਕਿਸੇ ਭਾਵ ਵਿਚ ਜਾਕੇ ਜੋ ਕੁਛ ਸਚ ਹੈ ਉਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ । [ਸ਼ਿਅਰ ੯੬ ਤੋਂ ੯੪

੨੦. ਇਸ ਤੋਂ ਪਹਿਲੋਂ ਬੀ ਉਸ ਦੇ ਇਨਸਾਫ ਦੀਨ ਪਰਸਤੀ, ਸੁਖਨ ਪਰਸਤੀ, ਮੁਹੰਮਦ ਤੇ ਭਰੋਸਾ ਤੇ ਖ਼ੁਦਾ ਪਰਸਤੀ ਪਰ ਇਤ੍ਰਾਜ਼ ਕਰਦੇ ਤੇ ਇਨ੍ਹਾਂ ਗੁਣਾਂ ਦੇ ਅਸਲੀ ਈਮਾਨ ਤੇ ਵਰਤਾਉ ਤੋਂ ਉਸਨੂੰ ਸੱਖਣਾ ਦੱਸਦੇ ਹਨ । ਇਤਿਹਾਸ ਦੱਸਦੇ ਹਨ ਕਿ ਏਹ ਸਾਰੀਆਂ ਗਲਾਂ ਵਿਚ ਗੁਰੂ ਸਾਹਿਬ ਨੇ ਇਸ ਆਦਮੀ ਦਾ ਦਰੁਸਤ ਮੁਤਾਲਜ਼ਾ ਇਸ ਵਿਚ ਲਿਖ ਦਿੱਤਾ ਹੈ, ਅਰ ਇਤਨੇ ਜ਼ਬਰਦਸਤ ਪਾਤਸ਼ਾਹ ਨੂੰ ਉਸਦੇ ਅਸਲੀ ਅਵਗੁਣ ਲਿਖ ਘੱਲਣੋਂ ਰਤਾ ਨਹੀਂ ਡਰੇ; ਹਾਲਾਂ ਕਿ ਸਰਹਿੰਦ ਦਾ ਨਵਾਬ ਮਗਰ ਲਗ ਰਿਹਾ ਹੈ ਅਰ ਖ਼ਤਰਾ ਹੈ ਕਿ ਹੁਣੇ ਆਇਆ ਕਿ ਆਇਆ, ਅਰ ਥੋੜੇ ਹੀ ਦਿਰ ਬਾਅਦ ਮੁਕਤਸਰ ਵਾਲੇ ਥਾਂ ਉਸ ਨੇ ਆ ਹੀ ਹਮਲਾ ਕੀਤਾ । ਜੇ ਔਰੰਗਜ਼ੇਬ ਬੀ ਆਪਣੇ ਅਵਗੁਣ ਸੁਣਕੇ ਤਿਣਕ ਪਵੇ ਤਾਂ ਫੇਰ ਅਪਣੀ ਜ਼ਿੰਦਗੀ ਦੇਰ ਬੀ ਵਧੇਰੇ ਖ਼ਤਰੇ ਵਿਚ ਪੈ ਜਾਵੇ, ਪਰ ਆਪ ਨੇ ਉਸਦੇ ਏਹ ਅਵਗੁਣ, ਜੋ ਠੀਕ ਉਸ ਵਿਚ ਸਨ, ਗਿਣਵੇਂ ਤੋਲਵੇਂ ਏ-ਝਿਜਕ ਲਿਖਕੇ ਘੱਲ ਦਿਤੇ ਹਨ ।

੨੧. ਸ਼ਿਅਰ ੯੪ ਵਿਚ ਪਹਾੜੀ ਰਾਜਿਆਂ ਨੂੰ ਬੁਤਪਰਸਤ ਕਿਹਾ ਹੈ ਤੇ ਆਪਣੇ ਆਪ ਨੂੰ ਬੁਤ ਸ਼ਿਕਨ । ਇਸ ਸ਼ਿਅਰ ਦਾ ਇਹ ਮਤਲਬ ਨਹੀਂ ਕਿ ਪਹਾੜੀ ਰਾਜਿਆਂ ਨਾਲ ਗੁਰੂ ਸਾਹਿਬ ਦੀ ਲੜਾਈ ਕਿਸੇ ਬੁਤ ਪਰਸਤੀ ਦੇ ਅਸੂਲ ਤੋਂ ਸੀ । ਇਸ ਦਾ ਭਾਵ ਕੇਵਲ ਔਰੰਗਜ਼ੇਬ ਨੂੰ ਇਹ ਜਤਾਉਣ ਦਾ ਹੈ ਕਿ ਤੂੰ ਮਜ਼ਬੀ ਨੁਕਤੇ ਤੋਂ ਬੁਤ ਪਰ-

ਸਤਾਂ ਨੂੰ ਹਾਨੀ ਪਹੁੰਚਾਉਂਦਾ ਰਹਿੰਦਾ ਹੈ, ਐਸ ਵੇਲੇ ਆਪਣੇ ਮਤਲਬ ਲਈ ਉਨ੍ਹਾਂ ਦੀ ਮਦਦ ਕਰ ਰਿਹਾ ਹੈਂ ਮੇਰੇ ਬਰਖਿਲਾਫ–ਮੈਂ ਜੋ ਬੁਤ ਪਰਸਤ ਨਹੀਂ ਹਾਂ ਸਗੋਂ ਬੁਤਾਂ ਦੀ ਪੂਜਾ ਦਾ ਖੰਡਨ ਕਰਨ ਵਾਲਾ ਹਾਂ। ਇਸ ਸ਼ਿਅਰ ਵਿਚ ਔਰੰਗਜ਼ੇਬ ਨੂੰ ਮਤਲਬ ਪਰਸਤੀ ਦਾ ਉਲਾਂਭਾ ਹੈ ਕਿ ਉਹ ਕਿਸੇ ਵੀ ਅਸੂਲ ਦਾ ਪਾਬੰਦ ਨਹੀਂ, ਚਾਹੇ ਉਹ ਅਸੂਲ ਆਪਣੇ ਆਪ ਵਿਚ ਬੁਰੇ ਹੋਣ ਚਾਹੇ ਭਲੇ।

[ਸ਼ਿਅਰ ੯੫-੯੬

੨੨. ਇਸ ਖ਼ਤ ਵਿਚ ਦੋ ਇਕ ਵੇਰੀ ਵੈਰੀਆਂ ਦੀ ਫੌਜ ਨੂੰ ਦਹ ਲਕ ਕਿਹਾ ਹੈ। ਇਸ ਤੋਂ ਦਸ ਲੱਖ ਦੀ ਛਾਣੀ ਪੁਣੀ ਗਿਣਤੀ ਮੁਰਾਦ ਨਹੀਂ, ਭਾਵ ਬੇਸ਼ੁਮਾਰ ਹੈ। ਰਵਾਇਤਾਂ ਦਸਦੀਆਂ ਹਨ ਕਿ ੧੩-੧੪ ਮੀਲਾਂ ਤਕ ਫੌਜਾਂ, ਛੋੜਾਂ, ਵਹੀਰਾਂ ਤੇ ਲੁਟੇਰਾ ਮੁਲਖਈਆ ਆ ਪਿਆ ਸੀ ਸੋ ਦਹ ਲਖ ਦਾ ਅਵਾਜ਼ਾ ਦਰੁਸਤ ਹੈ।

[ਸ਼ਿਅਰ ੪੧ ਤੇ ੧੬ ਦੇ ਹੇਠਲਾ ਨੋਟ ਵੀ ਦੇਖੋ,

੨੩. ਫਿਰ ਇਸ ਸਾਰੇ ਖਤ ਵਿਚ ਉਸ ਤੇ ਵਾਜ਼ਿਆ ਕੀਤਾ ਗਿਆ ਹੈ ਕਿ ਤੇਰਾ ਫਰਜ਼ ਅਜੇ ਵੀ ਨਹੀਂ ਮੁੱਕਾ। ਜੋ ਕੁਛ ਸਹੁੰ ਤੋੜ ਕੇ ਤੇਰੇ ਵੱਲੋਂ ਤੇ ਤੇਰੇ ਸੂਬਿਆਂ ਆਦਿਕਾਂ ਵਲੋਂ ਅਹਿਦ ਸ਼ਿਕਨੀ ਹੋਈ ਹੈ ਉਸ ਦੀ ਤਲਾਫੀ ਦਾ ਅਜੇ ਵਕਤ ਹੈ ਅਰ ਤੇਰਾ ਫਰਜ਼ ਹੈ ਉਸ ਨੂੰ ਧਰਮ, ਨਿਆਂ ਤੇ ਨੀਤੀ ਤ੍ਰੈਆਂ ਨੁਕਤਿਆਂ ਤੋਂ ਸਿਰੇ ਚਾੜ੍ਹੇਂ। [ਸ਼ਿਅਰ ੫੩-੫੪

੨੪. ਫਿਰ ਇਸ ਖ਼ਤ ਵਿਚੋਂ ਗੁਰੂ ਸਾਹਿਬ ਦਾ ਅਕਾਲ ਪੁਰਖ ਤੇ ਭਰੋਸਾ ਕਮਾਲ ਦਾ ਸਹੀ ਹੁੰਦਾ ਹੈ, ਉਸ ਦੀ ਸਿਫਤ ਸਲਾਹ ਵੀ ਕਮਾਲ ਦੀ ਹੈ। ਉਸ ਨਾਲ ਪਿਆਰ ਤੇ ਸਿਦਕ ਦਾ ਉਨ੍ਹਾਂ ਦਾ ਸੰਜੋਗ ਬੜਾ ਜ਼ੋਰਦਾਰ ਸਾਬਤ ਹੁੰਦਾ ਹੈ। ਪਾਤਸ਼ਾਹ ਨੂੰ ਦੌਲਤ ਤੇ ਮਾਣ ਹੈ ਤੇ ਆਪ ਦਾ ਤਕੀਆ ਸਾਈਂ ਦੀ ਟੇਕ ਤੇ ਹੈ ਅਰ ਉਹ ਯਕੀਨ ਕਾਮਯਾਬੀ ਪ੍ਰਾਪਤ ਕਰਕੇ ਨਹੀਂ ਸਖਤ ਦੁੱਖ ਮੁਸੀਬਤਾਂ ਤੇ ਵਿਛੋੜੇ ਝੱਲ ਕ ਜਿਉਂ ਕਾ ਤਿਉਂ ਹੈ। ਇਹ ਯਕੀਨ ਮਾਤ੍ਰ ਹੀ ਨਹੀਂ ਸਗੋਂ ਰਬ ਉਨ੍ਹਾਂ ਨੂੰ ਅਪੈਖ ਦਿੱਸ ਰਿਹਾ ਹੈ ਤੇ ਫੇਰ ਆਪਣੇ ਰੱਬ ਅਕਾਲ ਪੁਰਖ ਤੇ ਮੁਸਲਮਾਨੀ ਰੱਬ 'ਯਜ਼ਦਾਂ' ਨੂੰ ਇਕ ਕਹਿ ਰਹੇ ਹਨ।

[ਸ਼ਿਅਰ ੧੦੫-੧੦੬

੨੫. ਫੇਰ ਔਰੰਗਜ਼ੇਬ ਨੂੰ ਉਸੇ ਰੱਬ ਦੀ ਰੱਬੀਅਤ, ਸ਼ਹਿਨਸ਼ਾਹਾਂ ਉਤੇ ਵੀ ਉਸ ਦੀ ਕੁਦਰਤ ਤੇ ਤਾਕਤ ਦੱਸਕੇ ਮਰਕੇ ਉਸ ਦੇ ਦੀਨ ਮੁਜਬ ਉਸ ਵਲੋਂ ਇਨਸਾਫ ਦੇਣਾ ਤੇ ਰਾਸਤ ਬਾਜ਼ਾਂ ਦੀ ਕਦਰ ਦੇਣੀ ਆਦਿ ਉਪਦਸ਼ ਦੇਕੇ ਰਾਸਤਬਾਜ਼ੀ ਵਲ ਤੇ ਨੇਕੀ ਵਲ ਪ੍ਰੇਰਦੇ ਹਨ, ਜਗਤ ਦੀ ਅਸਾਰਤਾ ਦਾ ਨਜ਼ਾਰਾ ਦਸਦੇ ਹਨ ਤੇ ਉਸ ਦੀ ਰਹਿਮਤ ਪ੍ਰਾਪਤ ਕਰਨੇ ਦੀ ਪ੍ਰੇਰਨਾ ਕਰਦੇ ਹਨ।

[ਸ਼ਿਅਰ ੬੮, ੬੯. ੧੦੭, ੧੦੮

੨੬. ਬੈਰਾੜ ਸਾਰੇ ਗੁਰੂ ਦੇ ਸਿਖ ਸਨ [ਸ਼ਿਅਰ੫੬

——o——

ਔਰੰਗਜ਼ੇਬ ਦੇ ਕਰੈਕਟਰ ਦੀ ਤਸਦੀਕ ਹੋਰਨਾਂ ਇਤਿਹਾਸਕਾਰਾਂ ਤੋਂ।

ਸ਼ਿਅਰ ਨੰਬਰ ੧੩. ੧੪. ੨੩. ੨੪ ਵਿਚ ਔਰੰਗਜ਼ੇਬ ਦੀ ਕੁਰਾਨ ਤੇ ਸਹੁੰ ਖਾਣ ਦੀ ਬੇਇਤਬਾਰੀ ਦਾ ਜ਼ਿਕਰ ਹੈ, ਇਸ ਸੰਬੰਧ ਵਿਚ ਹੇਠਲੀਆਂ ਤਵਾਰੀਖੀ ਉਗਾਹੀਆਂ ਜੋ ਔਰੰਗਜ਼ੇਬ ਦੀਆਂ ਸਹੁੰਵਾਂ ਖਾਣ ਸਬੰਧੀ ਤੇ ਇਕਰਾਰ ਤੋੜਨ ਸਬੰਧੀ ਹਨ, ਪਾਠਕਾਂ ਲਈ ਦਿਲਚਸਪ ਹੋਸਨ:–

੧. ''(ਔਰੰਗਜ਼ੇਬ ਕੀ ਤਰਫ ਸੇ) ਬਹੁਤ ਸੇ ਐਸੇ ਅਹਕਾਮਾਤ ਭੀ ਦੀਏ ਗਏ ਜਿਸ ਸੇ ਉਸਕੀ ਅਪਣੀ ਮਤਲਬਬਰਾਰੀ ਹੋਤੀ ਥੀ, ਮਸਲਨ ਲੋਗੋਂ ਕੋ ਯਿਹ ਕਹਾ ਗਿਆ ਕਿ ਬੇਸ਼ਕ ਝੂਟੀ ਕਸਮੇਂ ਖਾ ਲੋ ਔਰ ਇਸਤਰ੍ਹਾ ਸੇ ਗਿਰਫਤਨਵਾਹ ਕੀ ਸਲਤਨਤੋਂ ਮੇਂ ਬਗਾਵਤ ਕੀ ਆਗ ਭੜਕਾ ਕਰ ਲੋਗੋਂ ਕੋ ਆਪਣੀ ਤਰਫ ਮਿਲਾ ਲੋ ਔਰ ਜਬ ਕਾਮ ਨਿਕਲ ਆਏ ਤੋ ਦਸ ਫ਼ੁਕਰਾ ਕੋ ਖਾਨਾ ਖੁਲਾ ਦੋ ਔਰ ਖਾਹ ਕੁਰਾਨ ਕੀ ਹਜਾਰੋਂ ਕਸਮ ਖਾ ਕਰ ਹੀ ਤੁਮਨੇ ਵਾਅਦੇ ਕਿਉਂ ਨਾ ਕੀਏ ਹੋਂ ਤੁਮ ਸਭ ਸੇ ਬਰੀ ਹੋ ਜਾਓਗੇ।''

[ਸਟੋਰੀਆ ਔਰੰਗਜ਼ੇਬ ਜਿ: ੩ ਹਿੱਸਾ ੨ ਸਫਾ ੫

੨. ''(ਗੋਲਕੰਡਾ ਕੇ ਬਾਦਸ਼ਾਹ ਨੇ ਔਰੰਗਜ਼ੇਬ ਕੀ ਚੜ੍ਹਾਈ ਕੀ ਖਬਰ ਪਾ ਕਰ) ਔਰੰਗਜ਼ੇਬ ਕੋ ਪੈਗਾਮ ਭੇਜਾ ਕਿ 'ਆਪ ਜੰਗ ਨਾਂ ਕਰੇਂ ਮੈਂ ਅਪਨੇ ਆਪ ਕੋ ਹਜ਼ੂਰ ਕੋ ਦੀਗਰ ਹੁੱਕਾਮ ਔਰ ਸੂਬੇਦਾਰੋਂ ਕੀ ਤਰਹ ਸਮਝਤਾ ਹੂੰ ਔਰ ਇਸੀ ਹੈਸੀਅਤ ਸੇ

ਗੋਲਕੰਡਾ ਪਰ ਕਬਜ਼ਾ ਰਖਨਾ ਚਾਹਤਾ ਹੂੰ'। ਇਸ ਕੇ ਜੁਵਾਬ ਮੇਂ ਔਰੰਗਜ਼ੇਬ ਨੇ ਉਸੇ ਕਹਿਲਾ ਭੇਜਾ ਕਿ 'ਆਪ ਫਿਕਰ ਮਤ ਕੀਜੀਏ, ਆਪ ਕੀ ਬਦਸ਼ਾਹਤ ਕੋ ਕੋਈ ਕੁਛ ਨਹੀਂ ਕਹੇਗਾ, ਹਮ ਸਿਰਫ 'ਗੁਲਬਰਗਾ' ਤਕ ਜਾਨਾ ਚਾਹਤੇ ਹੈਂ, ਜਹਾਂ ਔਲੀਆ ਲੋਗੋਂ ਕੀ ਮਜ਼ਾਰੇਂ ਪਰ ਦੁਆ ਕਰਨੇ ਔਰ ਮਿੱਨਤ ਮਾਨਨੇ ਕੀ ਖਾਹਸ਼ ਹੈ।'

ਸ਼ਾਹੇ ਗੋਲਕੰਡਾ ਨੇ ਇਸਕੇ ਇਲਫਾਜ਼ ਕੋ ਸੱਚ ਜਾਨ ਕਰ ਇਸੇ ਪਾਂਚ ਲਾਖ ਰੁਪਏ ਮਜ਼ਾਰ ਪਰ ਫੁਕਰਾ ਕੇ ਤਕਸੀਮ ਕਰਨੇ ਕੇ ਲੀਏ ਭੇਜੇ, ਜਿਸੇ ਵਸੂਲ ਕਰਕੇ ਔਰੰਗਜ਼ੇਬ ਨੇ ਬਜਾਏ ਗੁਲਬਰਗਾ ਕੀ ਤਰਫ ਕੂਚ ਕਰਨੇ ਕੇ ਸੀਧਾ ਗੋਲਕੰਡਾ ਕਾ ਰੁਖ ਕੀਆ.....।'' [ਸਟੋਰੀਆ ਡੋਮੇਗਰ ਸਫਾ ੩੨੦

੩. ਔਰੰਗਜ਼ੇਬ ਨੇ ਜਿਸ ਵਕਤ ਕੁਛ ਤਲਵਾਰ ਸੇ ਔਰ ਕੁਛ ਧੋਕੇ ਫਰੇਬ ਸੇ ਸਲਤਨਤ ਬੀਜਾਪੁਰ ਪਰ ਕਬਜ਼ਾ ਕਰ ਲੀਆ''' [ਸਟੋ: ਡੋਮੋ: ਸ: ੩੧੬

੪. ''(ਮੁਰਾਦ ਬਖਸ਼)ਜਿਸਨੂੰ ਪੁਰਫਰੇਬ ਆਲਮਗੀਰ (ਔਰੰਗਜ਼ੇਬ) ਨੇ ਇਹ ਗੱਲ ਦੱਸ ਕੇ ਕਿ ਉਹ ਦਾਰਾ ਸ਼ਿਕੋਹ ਦੀ ਲੜਾਈ ਦੇ ਪਿਛੋਂ ਮੱਕੇ ਤੇ ਮਦੀਨੇ ਟੁਰ ਜਾਏਗਾ ਅਤੇ ਆਪਣੇ ਬੇਵਕੂਫ ਭਰਾ (ਮੁਰਾਦ ਬਖਸ਼ ਨੂੰ) ਸਲਤਨਤ ਤੇ ਕਾਮਯਾਬੀ ਦੀ ਮੁਬਾਰਕ ਤੇ ਬਾਦਸ਼ਾਹੀ ਦੀ ਉਮੈਦ ਦਕੇ ਤਸੱਲੀ ਤੇ ਤਸ਼ੱਫੀ ਨਾਲ ਖੁਸ਼ ਰਖਦਾ ਸੀ ਅਤੇ ਉਹ (ਮੁਰਾਦ ਬਖਸ਼) ਬੇਵਕੂਫ ਮੱਕਾਰ ਭਰਾ ਔਰੰਗਜ਼ੇਬ ਦੇ ਫੇਬ ਵਿਚ ਆਣੇ ਨਿਸ਼ੰਕ ਉਸ ਦੇ ਪਾਸ ਆਉਂਦਾ ਜਾਂਦਾ ਸੀ। ਉਸਦੇ ਖੈਰਖਾਹ ਉਸਦੀ ਇਸ ਬੇਮੌਕਾ ਆਉਣ ਜਾਣ ਦੀ ਸਖਤ ਰੋਕ ਕਰਦੇ ਸਨ, ਪਰ ਉਹ ਆਪਣੇ ਮੱਕਾਰ ਭਰਾ ਦੀਆਂ ਗੱਲਾਂ ਤੇ ਕੌਲ ਇਕਰਾਰ ਦੇ ਸਬੱਬ ਇਸ ਤੋਂ ਕਿਸੇ ਤਰ੍ਹਾਂ ਦੀ ਬੁਰਿਆਈ ਦੀ ਆਸ ਨਾ ਰਖਦਾ ਹੋਇਆ ਉਨ੍ਹਾਂ (ਹਮਦਰਦਾਂ) ਦੀ ਨਸੀਹਤ ਨਹੀਂ ਸੁਣਦਾ ਸੀ। ਦਾਰਾ ਸ਼ਿਕੋਹ ਦੀ ਹਾਰ ਦੇ ਪਿਛੋਂ ਸਫਰ ਵਿਚ ਜਦ ਕਿ ਉਹ ਦਾਰਾ ਸ਼ਿਕੋਹ ਦੇ ਪਿਛੇ ਜਾ ਰਿਹਾ ਸੀ, ਇਸ ਬਦਨਸੀਬ (ਮੁਰਾਦ ਬਖਸ਼) ਨੂੰ ਵੀ (ਔਰੰਗਜ਼ੇਬ) ਨੇ ਕੈਦ ਕਰਕੇ ਗੁਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿਤਾ।'' [ਸੈਰੁਲਮਤਾਖ਼ੀਨ ਸਫਾ ੩੩੯

੫. ਵੁਹ ਅਪਨੇ ਭੇਦਕੋ ਨਿਹਾਯਤ ਛੁਪਾਏ ਰਖਤਾ ਥਾ, ਔਰ ਮੱਕਾਰੀ ਔਰ ਰਿਆਕਾਰੀ ਕੇ ਫਨ ਮੇਂ ਤੋ ਕਾਮਲ ਉਸਤਾਦ ਥਾ।

[ਬਰਨੀਅਰ (ਉਰਦੂ ਤਰਜਮਾ) ਸਫਾ ੧੭

੬. ਕਿਹਾ ਜਾ ਸਕਦਾ ਹੈ ਕਿ ਅਨੰਦਪੁਰ ਦੇ ਜੰਗ ਦੀ ਤਫਸੀਲ ਨਾਲ ਔਰੰਗਜ਼ੇਬ ਨੂੰ ਕੀਹ ਤਅੱਲਕ ਸੀ ? ਪਰ ਇਤਿਹਾਸ ਦੱਸਦਾ ਹੈ ਕਿ ਉਹ ਅਪਣੇ ਜੰਗ ਵਿਚ ਰਾਜ ਪ੍ਰਬੰਧ ਦੀ ਤਫਸੀਲ ਆਪ ਹੱਲ ਕਰਦਾ ਸੀ, ਹੱਤਾ ਕਿ ਪਟਵਾਰੀ ਤੇ ਕਲਰਕ ਦੇ ਚੁਣਨ ਵਿਚ ਬੀ ਉਸ ਦਾ ਹੱਥ ਹੋਣਾ ਅਸਚਰਜ਼ ਨਹੀਂ। ਐਲਫਿਨਸਟੋਨ ਆਪਣੇ ਇਤਿਹਾਸ ਦੇ ਸਫਾ ੫੪੧ ਤੇ ਲਿਖਦਾ ਹੈ:–

He alone conducted every branch of this government in the most minute detail. He Planned campaigns and issued instructions during their progress...his letters embrace measures for keeping open the roads in the Afghan country, for quelling disturbances at Multan & Agra.

੭. ਐਲਫਿਨਸਟੋਨ ਸਫਾ ੫੪੫ ਦੇ ਫੁਟਨੋਟ ਵਿਚ 'ਮੁਲਤਾਨ' ਦੇ ਮਾਮਲਾਤ ਤੋਂ ਮੰਡਾਵਨਾ ਗੁਰੂ ਗੋਬਿੰਦ ਸਿੰਘ ਜੀ ਤੇ ਸਿੱਖਾਂ ਦੇ ਮਾਮਲਾਤ ਦੀ ਕਢਦਾ ਹੈ। ਸੋ ਬਹੁ ਪਿਆ ਕਿ ਅਨੰਦ ਪੁਰ ਜੁੱਧ ਦੀ ਤਫਸੀਲ ਬੀ ਔਰੰਗਜ਼ੇਬ ਦੀ ਰੋਜ਼ਣਤੀ ਵਿਚ ਸੀ।

—o—

ਅਨੰਦਪੁਰ ਤੋਂ ਦੀਨੇ* ਤਕ ਦੇ ਮੁਕਾਮਾਤ
ਜਿਥੇ ਜਿਥੇ ਗੁਰੂ ਸਾਹਿਬ ਜੀ ਨੇ ਦਮ ਲੀਤਾ,

*ਇਹ ਸ਼ਫਰਨਾਮਹ ਕਿਥੇ ਲਿਖਿਆ ਗਿਆ ? ਸਾਰੇ ਇਤਿਹਾਸਾਂ ਵਿਚ ਸ਼ਫਰਨਾਮਹ ਦੀਨੇ ਲਿਖਿਆ ਗਿਆ ਦਸਿਆ ਹੈ, ਪਰ ਸ਼ਫਰਨਾਮੇ ਵਿਚ ਲਿਖਿਆ ਹੈ ਕਿ ਅਸੀਂ ਕਾਂਗੜ ਠਹਿਰੇ ਹੋਏ ਹਾਂ। ਕਾਂਗੜ ਉਹ ਟਿਕਾਣਾ ਹੈ ਜਿਥੇ ਛੇਵੇਂ ਗੁਰੂ ਦਾ ਤੁਰਕ ਦਲ ਨਾਲ ਜੁਧ ਹੋਇਆ ਤੇ ਜਿਥੋਂ ਦੇ ਰਈਸ ਰਾਏ ਜੋਧ ਨੇ ਇਕ ਹਜ਼ਾਰ ਆਪਣੇ ਸਾਥੀਆਂ ਸਣੇ ਗੁਰੂ ਜੀ ਦੀ ਸਹਾਇਤਾ ਵਿਚ ਜੰਗ ਕੀਤਾ ਸੀ। ਇਹ ਜੁਧ ੧੬੯੯ ਵਿਚ ਹੋਇਆ ਸੀ, ਜਿਸ ਵਿਚ ਗੁਰੂ ਜੀ ਦੀ ਫਤਹ ਹੋਈਸੀ। ਇਸ ਨਗਰ ਦੇ ਵਸਾਉਣ ਵਾਲਾ ਰਾਇ ਜੋਧ ਦਾ ਵਡਕਾ ਮਹਿਰ ਮਿੱਠਾ ਸੀ, ਜਿਸ ਦੀ ਇਕ ਪੋਤੀ ਅਕਬਰ ਨਾਲ ਵਿਆਹੀ ਗਈ ਸੀ। ਜਿਸ ਕਰਕੇ ੧੨੦ ਪਿੰਡਾ ਦਾ ਤਲਕਾ ਅਕਬਰ ਵਲੋਂ ਇਸ ਨੂੰ ਮਿਲ ਗਿਆ ਤੇ ਤਦ ਤੋਂ ਕਾਂਗੜ ਇਸ ਤਲਕੇ ਦੀ ਮਾਨੋ ਰਾਜਧਾਨੀ ਸੀ। ਦੀਨਾ ਕਾਂਗੜ ਤੋਂ ਇਕ ਮੀਲ ਉਤਰ ਨੂੰ ਕਾਂਗੜ ਦੀ ਭੋਂ ਵਿਚ ਨਵਾਂ ਵਸਿਆ

[ਬਾਕੀ ਟੁਕ ਦੇਖੋ ਅਗਲੇ ਪੰਨੇ ਦੇ ਹੇਠ]

ਗੀਤ

[ਤਰਜ਼=ਗਜ਼ਲ]

ਮਹਿਕ ਕਲਗੀ ਵਾਲੜੇ ਦੀ ਓਸ ਥਾਂ ਤੋਂ ਲੈਕੇ ਆ !

ਐ ਸਬਾ ! ਚਮਕੌਰ ਜਾ ਧੂੜੀ ਦੇ ਗਲ ਲਗ ਲਗ ਕੇ ਆ,
ਮਹਿਕ ਕਲਗੀ ਵਾਲੜੇ ਦੀ ਓਸ ਥਾਂ ਤੋਂ ਲੈਕੇ ਆ:–
ਹੋਲੀਆਂ ਜਿਸ ਥਾਂ ਤੇ ਸੁਹਣੇ ਨਾਲ ਜਿੰਦਾਂ ਖੇਡੀਆਂ,
ਅਤਰ ਤੇ ਅੰਬੀਰ ਜਿਸ ਥਾਂ ਹੈ ਅਜੇ ਤਕ ਫੈਲਿਆ ।
ਪੁੱਤਰਾਂ ਦੇ 'ਫੁਲ ਸ਼ਗੂਫ਼ੇ' ਖ਼ੂਨ ਹੋ ਜਿਸ ਥਾਂ ਖਿੜੇ,
ਮਿੱਤਰਾਂ ਦਾ ਗੁਲੇ ਲਾਲਹ ਰੱਤ ਹੋ ਸੀ ਟਹਿਕਿਆ ।
'ਆਪਾ ਨੁਛਾਵਰ' ਦੀ ਕਲੀ ਜਿਸ ਥਾਂ ਬਲੀ ਹੋ ਖਿੜ ਪਈ,
ਗ਼ੁੰਚਹ ਸੀ ਦਿਲਵਾਰਨੇ ਦਾ ਜਿਸ ਜਗ੍ਹਾ ਤੇ ਮੁਸ਼ਕਿਆ ।
'ਬੁਲਬੁਲ' ਨੇ ਜਿਸ ਥਾਂ ਖ਼ੂਨ ਦੇ 'ਬਾਗ਼ਾਂ' ਦੀ ਮਾਰੀ ਮੁਸ਼ਕ ਸੀ;
'ਅਤਰ-ਗੁਲ' ਹੋ ਲਹੂ ਜਿਸਦੇ 'ਮਹਿਕ-ਡੱਬਾ' ਖੁਹਲਿਆ ।
ਇਸ਼ਕ ਦੀ ਰੋਸ਼ਨ ਸ਼ਮਾ ਨੂੰ ਜਿਸ ਜਗ੍ਹਾ ਪਰਵਾਨਿਆਂ
ਖ਼ੂਨ ਅਪਣੇ ਦੇ ਫੁਲੇਲੀਂ ਵਧ ਤੋਂ ਵਧ ਸੀ ਪਾਲਿਆ,
ਜ਼ੁਲਮ ਦੀ ਬੂ ਬਾਸ ਨੂੰ ਕੁਰਬਾਨੀਆਂ ਦੇ ਅਗਰ ਨੇ
ਅਮਨ ਦੇ ਬੂਟੇ ਤਲੇ ਕਰ ਖਾਦ ਸੀਗਾ ਡਾਲਿਆ ।
ਹਾਂ ਜਿਸ ਜਗ੍ਹਾ ਸੀ ਉਗ ਪਿਆ ਉਹ ਬੀਜ ਪਯਾਰਾਂ ਵਾਲੜਾ,
ਜਿਸ ਨੂੰ ਤਪ੍ਦਦ ਦੇ ਲਹੂ ਸਿੰਜ ਸਿੰਜ ਕੇ ਸੀ ਪਾਲਿਆ ।
ਜਿਸ ਥਲੀ ਨੂੰ ਸੀ ਬਲੀ ਨੇ 'ਬਾਗ਼-ਮਹਿਕਾਂ ਸਾਜਿਆ,
ਓਸ ਥਲੀ ਦੀ ਮਹਿਕ ਹਾਂ ਤੂੰ ਐ ਸਬਾ ਅਜ ਲੈਕੇ ਆ !
ਵੰਡ ਦੇ ਵਿਚ ਖਾਲਸੇ ਕਰਦੇ ਸੁਗੰਧਿਤ ਸੱਭ ਨੂੰ
'ਪਯਾਰ ਪਲਟਾਂ' ਵਿਚ ਲਪੇਟੀਂ ਐ ਸਬਾ ! ਤੂੰ ਸਾਰਿਆਂ ।
ਮਹਿਕ ਕਲਗੀ ਵਾਲੜੇ ਦੀ ਲਜ਼ਾ ਸਬਾ ਚਮਕੌਰ ਤੋਂ
'ਵੈਰ-ਗ਼ਫ਼ਲਤ' ਵਿਚ ਪਿਆਂ ਨੂੰ ਦੇ ਸੁੰਘਾ ਤੇ ਹੋਸ਼ ਲਿਆ ।
ਕਰ ਮਸਤ ਸਭ ਨੂੰ ਪ੍ਰੇਮ ਵਿਚ, ਦੇ ਝੂਮ 'ਆਪਾ-ਵਾਰ' ਦੀ
ਰਸ ਰੰਗ ਲਾ ਦੇ ਪ੍ਰੇਮ ਦਾ, ਪਯਾਰੇ ਦੀ ਗੋਦੀ ਵਿਚ ਬਿਠਾ ।

ਕੁਛ ਵਕਤ ਠਹਿਰੇ, ਰਾਤ ਯਾ ਕੁਛ ਦਿਨ ਗਜ਼ਾਰੇ, ਉਨ੍ਹਾਂ ਦੇ ਨਾਮ ਤਰਤੀਬ ਵਾਰ ਐਉਂ ਹਨ: ਲਗ ਪਗ ਸਾਰੀਆਂ ਇਨ੍ਹਾਂ ਥਾਵਾਂ ਤੇ ਗੁਰਦੁਵਾਰੇ ਯਾ ਨਿਸ਼ਾਨ ਹੁਣ ਤਕ ਕਾਇਮ ਹਨ:–

ਸਰਸਾ ਨਾਲੇ ਦਾ ਕਿਨਾਰਾ –ਜਿੱਥੇ ਵੈਰੀ ਦਲ ਪਿੱਛਾ ਕਰਕੇ ਆ ਪਹੁੰਚਾ ਤੇ ਹਮਲਾ ਆਵਰ ਹੋਇਆ, ਜਿਥੇ ਉਦੇ ਸਿੰਘ ਵਰਗੇ ਸੂਰਮੇ ਸ਼ਹੀਦੀਆਂ ਪਾ ਗਏ । ਰੋਪੜ, ਚਮਕੌਰ – ਜਿਥੇ ਸਾਰੇ ਦਿਨ ਦਾ ਜੁੱਧ ਮਚਿਆ । ਜੰਡ ਸਾਹਿਬ । ਝਾੜ ਸਾਹਿਬ । ਮਾਛੀ ਵਾੜਾ, ਘਲਾਲ,ਲਲਾ, ਕੁਬਾ, ਘੁਮਰਾਲੀ, ਕਟਾਣੀ (ਦੇਗਸਰ ਗੁਰਦੁਆਰਾ), ਰਾਮ ਪੁਰ (ਦੇਹੁ ਗੁ:), ਕਣੇਚ, ਆਲਮ ਗੀਰ, ਨੰਧ, ਮੋਹੀ, ਹੇਹਰ, ਕਮਾਲਪੁਰਾ, ਲੰਮੇ, ਸੀਲੋਆਣੀ, ਰਾਇਕੋਟ, ਮਾਣੂ ਕੇ, ਚਕਾਰ, ਤਖਤੂ ਪੁਰਾ, ਮਧਾ, ਦੀਨਾ, ਜੋ ਕਾਂਗੜ ਦੀ ਜ਼ਿਮੀਂ ਵਿਚ ਕਾਂਗੜ ਦੇ ਪਾਸ ਮੀਲਕੁ ਉਤੇ, ਉਸੇ ਖਾਨਦਾਨ ਦੀ ਮਾਲਕੀ ਸੀ ਤੇ ਜਿੱਥੇ ਇਕ ਭਰਾ ਰਹਿੰਦਾ ਸੀ।ਏਥੇਹੀ ਆਪ ਦੇ ਕਯਾਮ ਵਾਲੇ ਥਾਂ ਲੋਹਗੜ੍ਹ ਨਾਮੇ ਗੁਰਦੁਆਰਾ ਹੈ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ] ਸੀ (ਸੰ: ੧੭੨੦ ਬਿ: ਵਿਚ) ਤੇ ਰਾਇਜੋਧ ਦੇ ਤੈਂ ਵੰਸ਼ਜ–ਜੋ ਦਸਮੇ ਪਾਤਸ਼ਾਹ ਨੂੰ ਮਿਲੇ–ਤਖਤ ਮਲ, ਲਖਮੀਰ ਤੇ ਸਮੀਰ ਸਨ । ਇਕ ਭਰਾ ਦੀਨੇ ਰਹਿੰਦਾ ਸੀ ਤੇ ਦੂਜੇ ਦੇ ਕਾਂਗੜ । ਜਦ ਸਾਹਿਬ ਮਧੇ ਆਏ ਤਾਂ ਏਹ ਭਰਾ ਗੁਰੂ ਜੀ ਨੂੰ ਸਨਮਾਨ ਨਾਲ ਲੈ ਆਏ ਤੇ ਇਤਿਹਾਸਾਂ ਵਿਚ ਦਸਿਆ ਹੈ ਕਿ ਦੀਨੇ ਉਤਾਰਾ ਦਿੱਤਾ । ਸੋ ਦੀਨੇ ਠਹਿਰਨਾ, ਕਾਂਗੜ ਠਹਿਰਨਾ ਜਿਥੇ ਬਾਕੀ ਦੇ ਦੋ ਭਰਾ ਰਹਿੰਦੇ ਸਨ, ਇਉਂ ਇਕੋ ਗਲ ਹੈ, ਜਿਵੇਂ ਸੁਲਤਾਨਵਿੰਡ ਠਹਿਰਨਾ ਅੰਮ੍ਰਿਤਸਰ ਠਹਿਰਨਾ ਕਿਹਾ ਜਾ ਸਕਦਾ ਹੈ । ਸ਼ਹਰ ਨਾਮਹ ਕਦ ਲਿਖਿਆ ਗਿਆ ? ਗਿਣਤੀ ਕਰਨ ਤੋਂ ਸੀ ਗੁਰੂ ਜੀ ਦਾ ਅਨੰਦਪੁਰ ਛਡਣਾ ਏ–੭ ਤੀਕ ਪੌਹ ਦੀ ਸੰ-ਤ ੧੭੬੧ ਵਿਚ ਢੁਕਦੀ ਹੈ । ਇਥੋਂ ਟੁਰਕੇ ਦੀਨੇ ਅੱਪੜਦਿਆਂ ਤਕ ਮਾਘ ਚੜ੍ਹ ਪਿਆ ਜਾਪਦਾ ਹੈ । ਦੀਨੇ ਦਾ ਕਯਾਮ ਗੁਰੂ ਜੀ ਦਾ ਲਗ ਪਗ ਢਾਈ ਮਹੀਨੇ ਰਿਹਾ । ਸੋ ਹੋ ਸਕਦਾ ਹੈ ਕਿ ਇਹ ੧੭੬੧ ਸੰਮਤ ਦੇ ਮਾਘ ਯਾ ਸ਼ੁਰੂ ਫਗਣ ਵਿਚ ਘਲਿਆ ਗਿਆ ਹੋਵੇ, ਇਸ ਦੇ ਰਵਾਨਾ ਕਰਨ ਤੋਂ ਮਗਰੋਂ ਗੁਰੂ ਜੀ ਇਥੋਂ ਟੁਰ ਪਏ ਤੇ ਕੋਟ ਕਪੂਰੇ ਆਦਿ ਅਨੇਕ ਥਾਈਂ ਹੁੰਦੇ ਖਿਦਰਾਣੇ ਦੀ ਢਾਬ ਪਰ ਪੁਜੇ, ਜਿਥੇ ਸੂਬਾ ਸਰਹਿੰਦ ਆ ਪਿਆ । ਇਹ ਜੁਧ ਵਿਸਾਖ ੧੭੬੨ ਦੇ ਲਗ ਪਗ ਹੋਇਆ ।

ਇਸ ਤੋਂ ਮਗਰੋਂ ਨੌਂ ਦਸ ਮਹੀਨੇ ਮਹਾਰਾਜ ਦਾ ਕਯਾਮ ਦਮਦਮੇ ਸਾਹਿਬ ਹੈ ਓਥੋਂ ਜਦ ਰਾਜਪੂਤਾਨੇ ਚਲੇ ਗਏ ਤਾਂ ਦਇਆ ਸਿੰਘ ਜੀ ਵਾਪਸ ਆਕੇ ਮਿਲੇ । ੧੭੬੩ ਦੇ ਮਾਘ ਵਿਚ ਔਰੰਗਜ਼ੇਬ ਦਾ ਦੇਹਾਂਤ ਹੈ (ਫਰਵਰੀ ੧੭੦੭) ।

੮੧. ਮੁਕਤਸਰ ਯੁੱਧ*।

ਸਰਹਿੰਦ ਤੋਂ ਵਜ਼ੀਰ ਖਾਂ ਦੇ ਫੇਰ ਹਮਲਾ ਕਰਨ ਦੀ ਸੰਭਵਤਾ ਸਮਝਕੇ ਗੁਰੂ ਜੀ ਜ਼ਫਰਨਾਮਾ ਟੋਰਕੇ ਆਪ ਦੀਨੇ ਤੋਂ ਵਿਦਾ ਹੋਕੇ ਅੱਗੇ ਨੂੰ ਟੁਰ ਪਏ ਇਹ ਵਿਚਾਰਕੇ ਕਿ ਇਥੇ ਘਮਸਾਨ ਨਾ ਮਚੇ, ਤੇ ਅਗੇ ਚੱਲਕੇ ਅਸੀਂ ਬੀ ਪ੍ਰਬੰਧ ਚੰਗਾ ਕਰ ਸਕਾਂਗੇ। ਦੀਨੇ ਤੋਂ ਟੁਰਕੇ ਜਲਾਲ ਪਿੰਡ ਹੁੰਦੇ ਹੋਏ ਕਈ ਹੋਰ ਪਿੰਡੀਂ ਵਿਚਰਦੇ, ਠਹਿਰਦੇ, ਉਪਦੇਸ਼ ਦੇਂਦੇ, ਸੂਰਮੇ ਚੁਣਦੇ ਭਗਤੇ ਪਿੰਡ ਗਏ ਜੋ ਭਾਈ ਬਹਿਲੋ ਦੇ ਪੋਤੇ ਭਾਈ ਭਗਤੇ ਦੇ ਨਾਮ ਤੇ ਵੱਸਿਆ ਸੀ। ਭਗਤੇ ਦੇ ਪੰਜ ਪੁਤ ਸਨ, ਉਹਨਾਂ ਨੇ ਇਕ ਤਿਆਰ ਘੋੜਾ ਅਰਪਨ ਕਰਕੇ ਮੱਥਾ ਟੇਕਿਆ। ਤ੍ਰੈ ਦਿਨ ਏਥੇ ਰਹਿਕੇ ਗੁਰੂ ਜੀ ਅਨੇਕ ਥਾਈਂ ਫਿਰਦੇ ਉਪਦੇਸ਼ ਕਰਦੇ, ਨਾਲੇ ਜੰਗ ਦਾ ਸਾਮਾਨ ਤੇ ਮਰਦ ਕੱਠੇ ਕਰਦੇ, ਇਕ ਜੰਗਲ ਵਿਚ ਜਾ ਨਿਕਲੇ। ਇੱਥੇ ਕੁਛ ਠਹਿਰਕੇ ਬਾਹੀਂਵਾਲ ਸਰਵਨ ਆਦਿ ਥਾਈਂ ਹੁੰਦੇ ਆਪ ਕੋਟ ਕਪੂਰੇ ਜਾ ਨਿਕਲੇ। ਇਹ ਇਕ ਢਾਬ ਵਿਚ ਵਧੀ ਹੋਈ ਅੰਡੀਪ ਜੇਹੀ ਉਤੇ ਵੱਸਦਾ ਸੀ। ਜੋ ਚੌਧਰੀ ਕਪੂਰੇ ਨੇ ਆਪਣੇ ਨਾਮ ਤੇ ਬਿ: ੧੭੧੮ ਦੇ ਲਗ ਪਗ ਵਸਾਯਾ। ਸੀ ਕਪੂਰਾ ਗੁਰੂ ਦਾ ਸਿੱਖ ਸੀ, ਪਹਿਲੋਂ ਬੀ ਅਨੰਦ ਪੁਰ ਘੋੜੇ ਆਦਿ ਭੇਟਾ ਭੇਜਦਾ ਹੁੰਦਾ ਸੀ ਹੁਣ ਵੀ ਦਰਸ਼ਨ ਲਈ ਭੇਟਾ ਲੈਕੇ ਆਇਆ। ਸਤਿਗੁਰਾਂ ਨੇ ਆਖਿਆ; ਕੋਟ ਦਾ ਕਬਜ਼ਾ ਅਸੀਂ ਕਰ ਲਈਏ ਤੇ ਵਜ਼ੀਰ ਖਾਂ ਜੋ ਸਾਡੇ ਮਗਰ ਆ ਰਿਹਾ ਹੈ, ਉਸ ਨੂੰ ਐਥੇ ਜੰਗ ਦੇ ਹੱਥ ਦਿਖਾਈਏ। ਪਰ ਕਪੂਰੇ ਨੇ ਨਾਂਹ ਕੀਤੀ ਕਿ ਮੈਨੂੰ ਤੁਰਕਾਂ ਤੋਂ ਡਰ ਲਗਦਾ ਹੈ ਜੋ ਫਾਹੇ ਨਾ ਲਾ ਦੇਣ। ਸਤਿਗੁਰ ਬੋਲੇ:–"ਅਪਣਾ ਭੈ ਹੀ ਸਰੂਪ ਧਾਰਕੇ ਆਪਣਾ ਜਮ ਬਣ ਜਾਂਦਾ ਹੈ। ਭਾਵੀ ਨੇ ਕਰਨਾ ਹੀ ਐਸਾ ਹੈ।"

ਗੁਰੂ ਜੀ ਏਥੋਂ ਟੁਰਕੇ ਚਾਰ ਪੰਜ ਮੀਲ ਦੱਖਣ ਪੂਰਬ ਰੁਖ ਨੂੰ ਢਿੱਲਵਾਂ ਪਿੰਡ ਜਾ ਉਤਰੇ; ਏਥੇ ਸੋਢੀ ਕੌਲ ਪ੍ਰਿਥੀਏ ਦੀ ਵੰਸ਼ ਦਾ ਦੱਸੀਦਾ ਹੈ ਕਿ ਇਕ ਵਡਕਾ ਬੜੇ ਆਦਰ ਨਾਲ ਆ ਮਿਲਿਆ।

ਫੇਰ ਸਤਿਗੁਰੂ ਜੀ ਮਲੂਕੇ ਤੇ ਰੋਠੇ ਦੇ ਬਨ ਵਿਚ ਠਹਿਰਦੇ ਹੋਏ ਜੈਤੋ ਆਏ। ਇਹ ਜਗਾ ਅਜ ਕਲ ਨਾਭਾ ਰਿਆਸਤ ਵਿਚ ਹੈ, ਪਰ ਗਿਰਦ ਗਿਰਦ ਸਾਰੇ ਫਰੀਦਕੋਟ ਦਾ ਰਾਜ ਹੈ। ਆਖਦੇ ਹਨ ਕਿ ਚੌਧਰੀ ਕਪੂਰਾ ਏਥੇ ਆ ਮਿਲਿਆ ਤੇ ਸਤਿਗਰਾਂ ਨੂੰ ਕਹਿਣ ਲੱਗਾ ਕਿ ਮੇਰਾ ਸਰਾਪ ਬਖਸ਼ ਦਿਓ ਮੈਂ ਤੁਰਕਾਂ ਤੋਂ ਡਰਦਾ ਹਾਂ, ਰਾਜ ਭਾਗ ਛੋੜ ਨਹੀਂ ਸਕਦਾ, ਇਸ ਕਰਕੇ ਕਿਲਾ ਨਹੀਂ ਦੇ ਸਕਿਆ। ਭਾਈ ਮਾਨ ਸਿੰਘ ਜੀ ਪਾਸ ਬੈਠੇ ਸਨ, ਸਤਿਗੁਰ ਜੀ ਉਧਰ ਤੱਕੇ ਤੇ ਬੋਲੇ:–"ਮੈਂ ਵਰ ਸ੍ਰਾਪ ਵਿਚ ਕਾਹਨੂੰ, ਸਭ ਤੋਂ ਵੱਡਾ ਸ੍ਰਾਪ ਹੈ ਭੈ। (ਕਪੂਰੇ ਵਲ ਤੱਕਕੇ) ਨਿਰਭੈ ਹੋ ਜਾ। ਤੂੰ ਨਿਰਭੈ ਦੇਣਾ ਨਹੀਂ ਤੇਰੇ ਭੈ ਨੇ ਪ੍ਰਤੱਖ ਹੋਕੇ ਤੈਨੂੰ ਲੈਣਾ ਹੈ, ਇਸੇ ਕਰਕੇ ਅਸਾਂ ਆਦਮੀ ਦਾ ਆਦਰਸ਼ 'ਖਾਲਸਾ' ਵਿਚ ਪ੍ਰਗਟ ਕਰ ਦਿੱਤਾ ਹੈ:–'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ'। ਕੋਟ ਤੇਰਾ ਅਸੀਂ ਛਡ ਆਏ, ਭੈ ਭੀਤ ਮਨਾਂ ਦੀ ਮਦਦ ਦੀ ਸਾਨੂੰ ਲੋੜ ਨਹੀਂ। ਅਸੀਂ ਆਪਣੇ ਪਿਤਾ ਦਾ ਹੁਕਮ ਵਜਾਣ ਆਏ ਹਾਂ। ਕਿਲ੍ਹਾ ਨਹੀਂ ਮਿਲਿਆ ਤਾਂ ਉਸ ਦਾ ਹੁਕਮ ਹੈ: ਮਦਾਨੇ ਲੜੋ, ਮਦਾਨੇ ਲੜਾਂਗੇ। ਹਾਰ ਜੀਤ ਉਸ ਦੀ ਹੈ, ਸਾਡਾ ਧਰਮ ਉਸ ਦੇ ਦੱਸੇ ਹੁਕਮ ਉਤੇ ਤੁਰਨਾ ਹੈ। ਹਕਮ ਹੈ ਅਭੈ ਹੋਕੇ ਲੜਨਾ। ਮਰਨਾ, ਵਢਨਾ ਸਭ ਵਾਹੁ ਜੀ ਦੇ ਹੱਥ ਹੈ। ਸੋ ਬੁੱਲੇ ਲੁੱਟ ਕਪੂਰਿਆ! ਤੂੰ ਅਜੇ ਖਾਲਸਾ ਨਹੀਂ ਸਕਿਆ। ਜੇ ਬਚਣਾ ਹਈ ਤਾਂ ਨਿਰਭੈ ਹੋ"।

ਆਖਦੇ ਇਹ ਬੀ ਹਨ ਕਿ ਇਹ ਵਾਰਤਾ ਜੈਤੋ ਦੀ ਨਹੀਂ, ਪਰ ਢਿੱਲਵਾਂ ਦੀ ਹੈ। ਉਥੇ ਕਪੂਰੇ ਨੇ ਮਹਾਰਾਜ ਦਾ ਉਪਦੇਸ਼ ਸੁਣਕੇ ਸ਼ਰਨ ਲਈ, ਪੁੱਤ੍ਰਾਂ ਤੇ ਪੋਤ੍ਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਆਪ ਵੀ ਛਕਿਆ, ਮੱਢੀ ਕੌਲ ਨੇ ਬੀ ਆਪਣੇ ਪੋਤ੍ਰਿਆਂ ਨੂੰ ਅੰਮ੍ਰਿਤ ਛਕਵਾਕੇ ਅਭੈ ਸਿੰਘ ਬਨਾਇਆ। ਸਤਿ-

---

*ਇਹ ਪ੍ਰਸੰਗ ਇਸ ਮੌਕਯ ਲਈ ਆਯ ਸੰ: ਗ੍ਰੰ: ਨਾ: ਸਾ: ੪੫੬੬ (ਫਰਵਰੀ ੧੯੨੫) ਵਿਖੇ ਲਿਖਿਆ ਗਿਆ ਸੀ ਤੇ ਉਸ ਤੋਂ ਮਗਰੋਂ ੜ ਪੋਹ ਸੰ:ਗ੍ਰੰ: ਨਾ: ਸਾ: ੪੫੭(੧੭ ਦਸੰਬਰ ੧੯੨੫)ਗੁਰਪੁਰਬ ਸਪਤਮੀ ਦੇ ਖਾ: ਸਨਾ: ਵਿਖੇ ਪ੍ਰਕਾਸ਼ਤ ਹੋਇਆ ਸੀ।

†ਕੋਈ ਆਖਦੇ ਹਨ ਕਿ ਕਪੂਰੇ ਚੌਧਰੀ ਨੇ ਅੰਮ੍ਰਿਤ ਪਿਤ ਸਰੀਏ ਵਾਲੇ ਛਕਿਆ ਸੀ।

ਗੁਰਾਂ ਨੇ ਆਗਿਆ ਕੀਤੀ ਕਿ ਚੌਥੇ ਸਤਿਗੁਰਾਂ ਨੇ ਜੋ ਪ੍ਰਿਥੀ ਚੰਦ ਨੂੰ ਮੀਣਾ ਕਿਹਾ ਸੀ ਹੁਣ ਉਨ੍ਹਾਂ ਦੀ ਵੰਸ਼ ਜੋ ਅੰਮ੍ਰਿਤ ਛਕ ਲਵੇ ਮੀਣੇ ਦੇ ਦੋਸ਼ ਤੋਂ ਮਾਫ ਕੀਤੀ ਗਈ। ਜੋ ਅੰਮ੍ਰਿਤ ਛਕੇ ਸੋ ਗੁਰੂ ਕਾ ਸਿੰਘ, ਸਾਰਾ ਪੰਥ ਉਸ ਨਾਲ ਨਿਰਸੰਸੇ ਵਰਤੋਂ ਕਰੇ। ਕਪੂਰੇ ਨੂੰ ਬੀ ਸਤਿਗੁਰਾਂ ਨੇ ਆਖਿਆ ਕਿ ਤੇਰੀ ਵੰਸ਼ ਰਾਜ ਕਰੇਗੀ, ਖੰਡਾ ਤੇ ਇਕ ਢਾਲ ਵੀ ਬਖਸ਼ੀ। ਦੁਇ ਸਾਮਾਨ ਹੁਣ ਤਕ ਫਰੀਦ ਕੋਟ ਦੇ ਰਾਜ ਘਰਾਣੇ ਵਿਚ ਸਨਮਾਨ ਨਾਲ ਰਖੇ ਹਨ।

ਇਸੇ ਇਲਾਕੇ ਵਿਚ ਵਿਚਰਦਿਆਂ ਇਕ ਦਿਨ ਭੋਰ ਪਿੰਡ ਦੇ ਬਖਸ਼ਾ ਸਿੰਘ ਨੇ ਖਬਰ ਦਿੱਤੀ ਕਿ ਵਜ਼ੀਰ ਖਾਂ ਆਪ ਫੌਜ ਲੈਕੇ ਆ ਰਿਹਾ ਹੈ ਅਰ ਦੋ ਚਾਰ ਦਿਨਾਂ ਤਕ ਅੱਪੜਨ ਵਾਲਾ ਹੈ, ਉਸ ਦੇ ਨਾਲ ਪੰਜ ਕੁ ਹਜ਼ਾਰ ਫੌਜ ਹੈ। ਸਤਿਗੁਰ ਨੇ ਕਪੂਰ ਸਿੰਘ ਨੂੰ ਆਖਿਆ ਕਿ ਆਪਣਾ ਕੋਈ ਮਾਤਬਰ ਆਦਮੀ ਇਸ ਇਲਾਕੇ ਦਾ ਸੁੰਹੀਆ ਦੇਹ ਜੋ ਸਾਨੂੰ ਖਿਦਰਾਣੇ ਦੀ ਢਾਬ ਤੇ ਅਪੜਾ ਦੇਵੇ। ਕਪੂਰ ਸਿੰਘ ਨੇ 'ਖਾਨੇ' ਨਾਮੇ ਬੈਰਾੜ ਨੂੰ ਕੁਛ ਸਵਾਰਾਂ ਸਣੇ ਨਾਲ ਟੋਰਿਆ ਕਿ ਸਤਿਗੁਰੂ ਜੀ ਨੂੰ ਖਿਦਰਾਣੇ ਅਪੜਾ ਦੇਵੇ, ਪਰ ਆਪ ਜੁੱਧ ਵਿਚ ਹਿੱਸਾ ਨਾ ਲਵੇ, ਹੋ ਸਕੇ ਤਾਂ ਸਤਿਗੁਰ ਜੀ ਨੂੰ ਬੀ ਜੰਗ ਤੋਂ ਹੋੜਦਾ ਜਾਵੇ। ਇਥੋਂ ਟੁਰਕੇ ਗੁਰੂ ਜੀ ਸਨਅਤ ਪਿੰਡ ਅੱਪੜੇ। ਏਥੇ ਅਤਰਾ, ਚਤਰਾ, ਸਤਰਾ ਤ੍ਰੈ ਭਰਾ ਜੋ ਬੜੇ ਨਿਰਭੈ ਸੂਰਮੇ ਸੇ ਅਰ ਜਿਨ੍ਹਾਂ ਤੋਂ ਦੇਸ਼ ਡਰਦਾ ਸੀ, ਪਰ ਜੋ 'ਭੈ ਕਾਹੂ ਕਉ ਦੇਤ ਨਹਿ' ਦੇ ਅਸੂਲ ਦੇ ਜਾਣੂ ਨਹੀਂ ਸੇ, ਅੰਮ੍ਰਿਤ ਛਕਕੇ ਖਾਲਸਾ ਸਜੇ ਤੇ ਸਤਿਗੁਰ ਦੇ ਨਾਲ ਹੋ ਟੁਰੇ। ਫੇਰ ਰਾਮਿਆਣੇ ਪਿੰਡ ਠਹਿਰੇ, ਏਥੇ ਇਕ ਜੱਟ ਨੂੰ ਗੁਰੂ ਜੀ ਨੇ ਕਿਹਾ, "ਭੋਲੇ ਨਾ ਖਾਹ, ਸੱਟ ਦੇਹ, ਏਹ ਕੌੜੇ ਹਨ", ਪਰ ਉਸ ਨੇ ਕੁਛ ਰਖ ਲਏ ਤੇ ਬੋੜੇ ਸੱਟੇ। ਸਤਿਗੁਰਾਂ ਕਿਹਾ, "ਭੋਲਿਆ! ਅਸਾਂ ਤਾਂ ਮਾਲਵੇ ਦਾ ਕਾਲ ਕੱਟ ਦਿੱਤਾ ਸੀ, ਜੋ ਏਥੇ ਕਣਕਾਂ ਤੇ ਸੁਕਾਲ ਹੋਣ, ਪਰ ਤੂੰ ਬੋੜਾ ਰਖ ਹੀ ਲਿਆ, ਚੰਗਾ!"

ਇਸ ਅਨੰਦੀ ਰੰਗ ਖੇਲਦੇ, ਨਿਰਭੈਤਾ ਦੇ ਸਰਦਾਰ ਹੋਰ ਅਗੇ ਵਧੇ ਤੇ ਇਕ ਉਜਾੜ ਵਿਚ ਡੇਰਾ ਜਾ ਪਾਇਆ।

ਇਧਰ ਪੰਜਾਬ ਵਿਚ ਅਨੰਦ ਪੁਰ, ਚਮਕੌਰ, ਸਰਹਿੰਦ ਦੇ ਸਾਕੇ ਪ੍ਰਸਿੱਧ ਹੋ ਚੁਕੇ ਸੇ, ਘਰ ਘਰ ਤੇ ਗਿਰਾਂ ਗਿਰਾਂ ਸਿਖਾਂ ਵਿਚ ਪੀੜਾ ਤੇ ਚਰਚਾ ਹੋ ਰਹੀ ਸੀ। ਅਖੀਰ ਇਕ ਵਹੀਰ ਖਾਲਸਿਆਂ ਦਾ ਤਿਆਰ ਹੋਕੇ ਮਾਲਵੇ ਨੂੰ ਸਤਿਗੁਰਾਂ ਵਲ ਟੁਰਿਆ। ਇਨ੍ਹਾਂ ਵਿਚ ਉਹ ਬੀ ਸ਼ਾਮਲ ਸੇ ਜੋ ਅਨੰਦਪੁਰ ਦੇ ਕਿਲ੍ਹੇ ਵਿਚ ਸਤਿਗੁਰ ਦੀ ਆਗਯਾ ਦੇ ਵਿਰੁੱਧ ਕਿਲ ਵਿਚੋਂ ਟੁਰਨਾ ਚੰਗਾ ਸਮਝਦੇ ਸੇ ਤੇ ਜਿਨ੍ਹਾਂ ਨੇ ਬੇਦਾਵੇ* ਬੀ ਲਿਖ ਦਿੱਤੇ ਸੇ, ਐਸੇ ਪੁਰਖਾਂ ਵਿਚੋਂ ਬਹੁਤੇ ਤਾਂ ਮਾਰੇ ਗਏ ਸੇ, ਪਰ ਜੋ ਬਚ ਕੇ ਘਰੀਂ ਅੱਪੜੇ ਸੇ, ਘਰਾਂ ਵਾਲਿਆਂ ਕਿਸੇ ਨੂੰ ਮੂੰਹ ਨਾ ਲਾਇਆ ਤੇ ਵਾਪਸ ਟੋਰਨ ਦਾ ਪ੍ਰਬੰਧ ਕੀਤਾ, ਨਾਲ ਹੋਰ ਬੀ ਵਹੀਰ ਪਾ ਟੁਰੇ। ਲਾਹੌਰੋਂ ਕੁਛ ਸਿਆਣੇ ਪਾਤਸ਼ਾਹ ਨਾਲ ਸੁਲਹ ਕਰਨ ਦੀ ਤਜਵੀਜ਼ ਪੇਸ਼ ਕਰਨ ਲਈ ਮਤਾ ਮਤਾ ਕੇ ਬੀ ਟੁਰੇ। ਏਹ ਸਾਰੇ ਸ੍ਰੀ ਗੁਰੂ ਜੀ ਨੂੰ ਰਾਮਿਆਣੇ ਤੋਂ ਅਗੇ ਖਿਦਰਾਣੇ ਦੇ ਲਾਗੇ ਜਿਹੇ ਜਾਕੇ ਮਿਲੇ। ਉਥੇ ਸਤਿਗੁਰਾਂ ਦੇ ਪੇਸ਼ ਹੋਏ। ਪਹਿਲੀ ਗੱਲ ਤਾਂ ਬੇਮੁਖਾਂ ਨੇ ਆਪਣਾ ਪਸਚਾਤਾਪ ਪੇਸ਼ ਕਰਨ ਦੀ ਕੀਤੀ।

---

*ਅਨੰਦਪੁਰ ਵਿਚ ਜਿਨ੍ਹਾਂ ਮਝੈਲਾਂ ਨੇ ਬੇਦਾਵਾ ਲੈਣਾ ਮੰਨ ਲਿਆ ਸੀ ਉਨ੍ਹਾਂ ਦੀ ਗੇਣਤੀ ਦਾ ਪਤਾ ਨਹੀਂ, ਪਰ ਜਿਨ੍ਹਾਂ ਨੇ ਨਹੀਂ ਸੀ ਮੰਨਿਆਂ ਤੇ ਸਨਮੁਖ ਸੇਵਾ ਵਿਚ ਹਾਜ਼ਰ ਰਹੇ ਓਹ ਬੀ ਬਹਤੇ ਸਨ। ਇਹ ਗਲ ਗਲਤ ਹੈ ਕਿ ਅਨੰਦਪੁਰੋਂ ਕੁਰਾਂ ਨਾਲ ਕੇਵਲ ੪੦ ਸਿਖ ਸਨਮੁਖੀਏ ਨਿਕਲੇ ਸਨ। ਚਾਲੀ ਤਾਂ ਉਸ ਵੇਲੇ ਦੀ ਗਿਣਤੀ ਸੀ ਜਿਸ ਵੇਲੇ ਕਿ ਚਮਕੌਰ ਦੀ ਗੜ੍ਹੀ ਵਿਚ ਦਾਖਲ ਹੋਏ ਸੇ, ਕਿਉਂਕਿ ਕਿਤਨੇ ਤਾਂ ਕਿਲਾ ਅਨੰਦਪੁਰ ਚੋਂ ਨਿਕਲਣ ਦੇ ਮਗਰੋਂ ਦਸ਼ਮਨਾਂ ਦੇ ਅਚਾਨਕ ਆ ਪੈਣ ਤੇ ਸ਼ਹੀਦ ਹੋਏ। ਕਿਤਨੇ ਸਰਸਾ ਦੇ ਕੰਢੇ ਸਤਿਗੁਰਾਂ ਦੇ ਅਗੇ ਚਲੇ ਜਾਣ ਤੇ ਸਾਹਿਬ ਅਜੀਤ ਸਿੰਘ ਜੀ ਦੀ ਤਾਬਿਆ ਤੇ ਲੜਦੇ ਸ਼ਹੀਦ ਹੋਏ ਤੇ ਫੇਰ ਉਹ ਦਸਤਾ ਬੀ ਕਿਤਨਾ ਕੁ ਹੋਊ ਜਿਸ ਨੇ ਸਾਹਿਬ ਅਜੀਤ ਸਿੰਘ ਜੀ ਨੂੰ ਸਰਸੇ ਨਾਲੇ ਤੋਂ ਪਾਰ ਕਰ ਸਤਿਗੁਰਾਂ ਦੀ ਵਲ ਦੁੜਾਇਆ ਤੇ ਆਪ ਦੁਸ਼ਮਨ ਰੋਕ ਖਲੋ ਹੋਏ ? ਕਈ ਘੰਟੇ ਲੜਦੇ ਇਕ ਇਕ ਕਰਕੇ ਕੱਟ ਮੋਏ। ਕਿਤਨੇ ਰੋਪੜ ਸ਼ਹੀਦ ਹੋਏ। ਇਨ੍ਹਾਂ ਵਿਚੋਂ ਪੰਜ ਸਿੰਘ ਸਵਾਰ ਚਮਕੌਰ ਵਲ ਸਤਿਗੁਰਾਂ ਨੂੰ ਖਬਰ ਦੇਣ ਲਈ ਟੋਰੇ ਗਏ ਸੇ ਕਿ ਹੁਣ ਪਿਛੇ ਰੋਕ ਮੁਕੀ ਖਲੀ ਹੈ ਤੇ ਆਪ ਉਪਰਾਲਾ ਕਰ ਲਓ। ਸੋ ਸਤਿਗੁਰਾਂ ਨਾਲ ਕਈ ਸੌ ਸੂਰਮੇ ਸਿੰਘ ਸਨਮੁਖ ਤੇ ਜਾਂ-ਨਿਸਾਰ ਨਿਕਲੇ ਸੇ, ਜਿਨ੍ਹਾਂ ਵਿਚ ਮਾਝੇ ਦੇ ਸਨਮੁਖੀਏ ਵੀ ਸੇ ਜੋ ਚੌਥੇ ਸੇ। ਚਮਕੌਰ ਵਿਚ ਜੋ ੪੦ ਗਏ ਸੇ, ਉਸ ਸਾਰੇ ਕਈ ਮੋ ਦੇ ਜਥੇ ਦਾ ਬਕਾਇਆ ਸਨ ਜੋ ਉਸ ਘੋਰ ਸੰਕਟ ਦੀ ਰਾਤ ਬਚ ਰਹੇ ਸੇ। ਸਤਿਗੁਰ ਜੀ ਨੇ ਆਪ ਬੇਦਾਵਾ ਵਿਚ ਜੋ ੪੦ ਦੀ ਗੇਣਤੀ ਦਿਤੀ ਹੈ ਉਹ ਚਮਕੌਰ ਦੀ ਗੜ੍ਹੀ ਵਿਚ ਪ੍ਰਵੇਸ਼ ਹੋਏ ੪੦ ਸਿਖਾਂ ਦੀ ਗਿਣਤੀ ਦਿਤੀ ਹੈ।

ਦੂਸਰੀ ਗੱਲ ਨਵੇਂ ਆਏ ਸੱਜਣਾਂ ਨੇ ਉਨ੍ਹਾਂ ਦੀ ਸਿਪਾਰਸ਼ ਦੀ ਕੀਤੀ ਤੇ ਤੀਸਰੀ ਗਲ ਜਿਨ੍ਹਾਂ ਵਿੱਚ ਲਾਹੌਰ ਦੇ ਦਾਨੇ ਵੀ ਸੇ, ਪਾਤਸ਼ਾਹ ਨਾਲ ਸੁਲਹ ਵਾਲੀ ਪੇਸ਼ ਕੀਤੀ।

ਅਹਿੱਲ, ਅਜਿੱਤ ਚਿਹਰਾ ਸਤਿਗੁਰ ਜੀ ਦਾ ਕਰੜਾ ਹੋ ਗਿਆ, ਕੱਸ ਗਿਆ, ਨਿਗਾਹ ਅਸਮਾਨਾਂ ਵਲ ਉਠ ਗਈ, ਨੈਣ ਮੁੰਦ ਗਏ ਅਰ ਫੇਰ ਹੇਠਾਂ ਤੱਕੇ, ਸੰਗਤ ਵਲ ਡਿੱਠਾ, ਇਲਾਹੀ ਰੰਗ ਵਾਲੇ ਬੁੱਲ੍ਹ 'ਬੁੱਤ੍ਰਦੇ ਸ਼ੇਰ ਵਾਲੀ' ਧੁਨੀ ਵਿਚ ਖੁੱਲ੍ਹੇ—"ਸਿੱਖ ਮੇਰੇ ਤੇ ਮੈਂ ਸਿਖਾਂ ਦਾ ਹਾਂ। ਭੁੱਲ ਇਨਸਾਨੀ ਖਾਸਾ ਹੈ ਤੇ ਸਾਈਂ ਬਖਸ਼ਿੰਦ ਹੈ। ਪਰ ਰਣ ਵਿੱਚ; ਤੱਤੇ ਰਣ ਵਿੱਚ ਪਿੱਠ ਦੇਣੀ ਖਾਲਸਾ ਦਾ ਕੰਮ ਨਹੀਂ, ਖਾਲਸਾ ਅਭੈ ਹੈ। ਹਾਂ, ਪਾਤਸ਼ਾਹ ਨਾਲ ਸੁਲਹ! ਮੇਰੀ ਕਿਸੇ ਨਾਲ ਲੜਾਈ ਨਹੀਂ, ਜ਼ਾਲਮ ਜ਼ੁਲਮ ਕਰਦਾ ਹੈ, ਪਰਜਾ ਦੀ ਪੀੜਾ ਦਰਗਾਹੇ ਅੱਪੜੀ ਹੈ, ਮੈਂ ਉਸ ਪੀੜਾ ਨੂੰ ਹਰਣ ਲਈ ਘੱਲਿਆ ਗਿਆ ਹਾਂ। ਮੈਂ 'ਪ੍ਰਜਾ ਦੀ ਪੀੜਾ ਹਰਨੀ' ਹੈ। ਮੈਂ ਜੰਗ ਕੀਹ ਤੇ ਸੁਲਹਕੀ—ਪਰਜਾ ਦਾ ਭਾਰ ਹਰਨਾ ਹੈ, ਜ਼ੁਲਮਅਗੇ ਢਾਲ ਬਣਨਾਹੈ ਸ਼ਮਸ਼ੇਰ ਹੋਕੇ। ਮੇਰੀ ਸ਼ਮਸ਼ੇਰ ਹੋਰਨੇ ਜ਼ੁਲਮ ਅੱਗੇ ਢਾਲ ਹੈ, ਤੇ ਹੁਕਮ ਵਿੱਚ ਹੈ, ਤੁਸੀਂ ਆਓਨਿੱਤਰੋ ਹੁਕਮਵਿੱਚਵਰਤੋ, ਫਤਹ ਅਕਾਲ ਪੁਰਖ ਦੀ ਹੈ, ਸਾਡਾ ਕੰਮ ਹੁਕਮ ਹੈ। ਜੋ ਤੁਹਾਡੀ ਮਰਜ਼ੀ ਹੈ, ਉਹ ਭੈ ਦੀ ਪੁੱਤਰੀ ਹੈ, ਹੁਕਮ ਤੋਂ ਅਜਾਣੂੰ ਹੈ, ਉਹ ਅਗੇ ਗੁਰੂ ਅਰਜਨ ਦੇਵ ਜੀ ਦੇ ਵੇਲੇ, ਗੁਰੂ ਤੇਗ ਬਹਾਦਰ ਜੀ ਦੇ ਵੇਲੇ ਕੁਛ ਨਹੀਂ ਸਾਰ ਸੱਕੀ, ਹੁਣ ਕੀਹ ਸਾਰੇਗੀ? ਜ਼ਾਲਮ ਜੇ ਨੇਕ ਨਸੀਹਤ ਨਾਲ ਸੁਧਰ ਜਾਏ ਤਾਂ ਅਜ਼ਲੀ ਤਾਕਤਾਂ ਨੂੰ ਡਾਢੇ ਉਪਰਾਲੇ ਕਿਉਂ ਕਰਨੇ ਪੈਣ? ਮੈਨੂੰ ਦੁਖ ਨਹੀਂ ਅਨੰਦ ਪੁਰ ਦ ਸੁੱਖਾਂ ਦਾ, ਪੁੱਤਰਾਂ ਦੀ ਸ਼ਹਾਦਤ ਦਾ, ਮਾਤਾ ਦੇ ਵਿਯੋਗ ਦਾ, ਪਿਆਰੇ ਦੂਲੇ ਸਿੰਘ ਪੁੱਤ੍ਰਾਂ ਦੇ ਸ਼ਹੀਦ ਹੋਣ ਦਾ। ਮੈਨੂੰ ਦੁਖ ਹੈ ਕਿ ਖ਼ਾਲਕ ਦੀ ਖ਼ਲਕ ਦੁਖੀ ਹੈ, ਮੈਨੂੰ ਸੋਚ ਹੈ ਕਿ ਖਾਲਕ ਦਾ ਦੁਖਕਿਵੇਂ ਨਿਵਰੇ?ਹੁਣ ਇੱਕੋ ਇਲਾਜ ਹੈ ਕਿ ਸ਼ਾਂਤੀ ਰਸ ਦੀ ਸ਼ਮਸ਼ੇਰ ਜ਼ੁਲਮ ਦੀ ਸ਼ਮਸ਼ੇਰ ਨੂੰ ਕੱਟ ਦੇਵੇ। ਰਾਜ਼ੇ ਨਿਮਾਣੇ ਹੋ ਚੁਕੇ ਹਨ, ਪਰਜਾ ਮੁਰਦਾਰ ਹੋ ਚੁਕੀ ਹੈ, ਇਕ ਸ਼ਾਂਤ ਰਸ ਦੀ ਸ਼ਮਸ਼ੇਰ ਜੀਉਂਦੀ ਹੈ। ਹੁਕਮ ਅੱਗੇ ਸੀਸ ਹਾਜ਼ਰ ਹਨ ਤਾਂ ਆਓ!.....ਤੁਹਾਡੀ ਸਿੱਖਿਆ ਦੀ ਮੈਨੂੰ ਲੋੜ ਨਹੀਂ, ਮੇਰਾ ਅਕਾਲ ਪੁਰਖ ਹੈ। ਤੁਸੀਂ ਸਿੱਖ ਹੋ ਤਾਂ ਸਿੱਖਿਆ ਮੰਨੋ, ਨਿਤਰੋ, ਨਹੀਂ ਤਾਂ ਜਿੱਥੇ ਚੁਰਾਸੀ ਵਸਦੀ ਹੈ ਜਾਓ ਉਥੇ ਵੱਸੋ। ਖਾਲਿਸਾ ਤਾਂ ਨਾਮ ਜਪੇਗਾ ਤੇ ਹੁਕਮ ਤੇ ਟੁਟੇਗਾ"।

ਦਾਨਿਆਂ ਨੇ ਜੋ ਜੋ ਦਲੀਲਾਂ ਇਸ ਵੇਲੇ ਪੇਸ਼ ਕਰਨੀਆਂ ਸਨ, ਸੋ ਸਾਰੀਆਂ ਰਹਿ ਗਈਆਂ। ਦਾਤੇ ਨੇ ਇਹ ਵਦਾਣ* ਦੀ ਸੱਟ ਵਾਲੇ ਅਮਿੱਟ ਵਾਕ ਕਹਿਕੇ, ਹਾਂ ਅਰਸ਼ਾਂ ਦੇ ਦਾਨੇ ਨੇ, ਅਰਸ਼ੀ ਰੌਸ਼ਨੀ ਵਿੱਚ ਟੁਰਨ ਵਾਲੇ ਨੇ, ਇਨਸਾਨੀ ਦਿਮਾਗੀ ਰੌਸ਼ਨੀ ਉੱਤੇ ਅਪਣੀ ਤ੍ਰਿੱਖੀ ਰੌਸ਼ਨੀ ਨਾਲ ਚਕਾਚੌਂਧ ਪਾਈ ਤੇ ਅੱਗੇ ਨੂੰ ਕੂਚ ਕੀਤੀ। ਆਪ ਤਾਂ ਖਿਦਰਾਣੇ ਵੱਲ ਨੂੰ ਵਧੇ ਤੇ ਪਿੱਛੇ ਪੰਜਾਬ ਤੋਂ ਆਈ ਇਸ ਵਹੀਰ ਵਿਚ ਵਿਚਾਰ ਅਰੰਭ ਹੋਈ। ਵਿਚਾਰ ਵਧਦੀ ਤੇ ਵਕਤ ਬਹਿਸਾਂ ਤੇ ਖਰਚ ਹੁੰਦਾ, ਪਰ ਥੋੜੇ ਚਿਰ ਵਿਚ ਹੀ ਅਚੰਭੇ ਨਾਲ ਫ਼ੈਸਲਾ ਹੋ ਗਿਆ। ਇਕ ਸੂਰਬੀਰ ਦੇਉ ਕਦ ਪਤਲਾ, ਪਰ ਹੱਡੀਆਂ ਦਾ ਮਜ਼ਬੂਤ, ਚਿਹਰੇ ਦਾ ਜਲਾਲੀ ਤੇ ਦਿੱਵ੍ਯ, ਗੁਰੂ ਘਰ ਦੀ ਵਿੱਦ੍ਯਾ ਦਾ ਸੂਰਮਾਂ ਸਿੰਘ ਉੱਠ ਖੜਾ ਹੋਇਆ, ਤਲਵਾਰ ਸੂਤ ਕੇ ਧਰਤੀ ਤੇ ਲੀਕ ਵਾਹ ਕੇ ਖੜਾ ਹੋ ਗਿਆ। "ਜੋ ਬੋਲੇ ਸੋ ਨਿਹਾਲ—ਸਤਿ ਸ੍ਰੀ ਅਕਾਲ! ਨਿੱਤਰੇ ਸੋ ਤਰੇ, ਅੜੇ ਸੋ ਝੜੇ, ਵਧੇ ਦਿਲ ਲੜੇ, ਜੋ ਝੜੇਂ ਸੋ ਮੁੜੇ, ਸਿਰ ਧੜ ਦੀ ਬਾਜ਼ੀ ਖੇਲੇ ਉਹ ਜੋ ਖਾਲਸਾ ਹੋਵੇ। ਇਹ ਸ਼ਰੀਰ ਤਾਂ ਹੁਕਮ ਦਾ ਬੰਦਾ ਹੋ ਗਿਆ ਹੈ। ਵਡੇ ਹੁਕਮ ਦਾ ਪਤਾ ਸਤਿਗੁਰੂ ਨੂੰ ਹੈ, ਸਤਿਗੁਰ ਦੇ ਹੁਕਮ ਦਾ ਪਤਾ ਸਾਨੂੰ ਪੈ ਗਿਆ ਹੈ। ਸਤਿਗੁਰ ਨੇ ਜੰਗ ਮੰਡਿਆ ਹੈ, ਜੰਗ ਹੁਕਮ ਹੈ। ਸੋ ਜੋ ਖਾਲਸਾ ਹੈ, ਜਿਸ ਸੀਸ ਦੇਣਾ ਹੈ, ਲੀਕ ਟੱਪ ਆਵੇ"। ਚਾਰ ਸਿੰਘ ਹੋਰ ਲੀਕ ਟੱਪ ਤੇ ਖੜੇ ਹੋਕੇ ਲਲਕਾਰੇ: "ਅੱਜ ਸੀਸ ਦੇਣਾ ਹੈ ਸੀਸ"। ਫੇਰ ਇਕ ਮਾਈ ਸਾਂਗ ਹੱਥ ਵਿਚ ਸੂਤੀ ਸੁਹਣੀ, ਭਰਵੀਂ ਤੇ ਸ਼ੇਰ ਨੁਹਾਰ ਵਾਲੀ ਲੀਕ ਟੱਪ ਕੇ ਬੋਲੀ: "ਤੁਮਤ ਬੀ ਖਾਲਸਾ ਜੇ ਵੀਰੋ! ਤੇ ਅੱਜ ਲੜੇਗੀ ਸਨਮੁਖ, ਹਾਂ, ਹੁਕਮ ਦੇ ਮਗਰ ਸੀਸ ਧਰ ਖੇਲੇਗੀ। ਭੈਣ ਲੜੇਗੀ, ਵਧੇਗੀ, ਮਰੇਗੀ, ਵੀਰ ਘਰਾਂ

*ਵਡਾ ਹਥੌੜਾ।

ਨੂੰ ਜਾਣਗੇ''।

ਐਉਂ ਦੀ 'ਸੱਦ ਮਾਹੀ ਦੀ' ਉਥੇ ਹੁਣ ਪਰਤਵੀਂ ਹੋ ਗੁੰਜੀ, ਕਿ ਢਾਲੀ ਹੋਰ ਲੀਕ ਟੱਪ ਆਏ*। ਢਾਲੀ ਹੋਰ ਆਏ। ਮਨਮਤਿ ਮਰ ਗਈ, ਧੁਰ ਹੁਕਮ ਤੇ ਟੇਕ ਲੱਗ ਗਈ, ਨਿਰਭੈ ਹੋ ਗਏ, ਖਾਲਸਾ ਖਾਲਸਾ ਹੋ ਗਏ। ਹਾਂ ਜੀ, ਹੁਣ ਦੇਰ ਨਿੱਤਰ ਆਏ। ਦਿਹਰੇ ਭੱਖ ਉਠੇ, ਲਹੂ ਮਾਨੋਂ ਚੋ ਰਹੇ ਹਨ। ਹੁਣ ਖਾਲਸਾ ਲੜੇਗਾ, ਮਰੇਗਾ, ਹੁਕਮ ਜੋ ਬਾਪੂ ਜੀ ਦਾ ਹੈ, ਉਹੀ ਖਾਲਸੇ ਜੀ ਦਾ ਕਰਮ ਹੈ।

ਫੇਰ ਪਹਿਲੇ ਨਿੱਤਰੇ ਸਿੰਘ ਜੀ—ਮਹਾਂ ਸਿੰਘ ਜੀ—ਬੋਲੇ:—

''ਹਮ ਤੋ ਗੁਰ ਹਿਤ ਦੈ ਹੈਂ ਪ੍ਰਾਨ। ਬਿਚ ਸੰਗ੍ਰਾਮ ਕਰੈਂ ਅਰਿ ਹਾਨ। ਤੁਰਕ ਹਜ਼ਾਰਹੁੰ ਗੁਰ ਕੇ ਗਿਰਦ। ਕੋ ਇਸ ਸਮੇ ਤਜੈ ਹੁਇ ਮਰਦ ॥ ੧੬ ॥ ਏਤੀ ਭੀਰ ਗੁਰੂ ਪਰ ਪਰੀ। ਹੈ ਸਦ ਹੈਫ ਤਜਹਿੰ ਇਸ ਘਰੀ। ਜੀਵਨ ਪਾਇ ਕਰਹਿੰਗੇ ਕਹਾਂ। ਜੋ ਪ੍ਰਭੂ ਕਾਜ ਨ ਐਹੈਂ ਇਹਾਂ ॥ ੧੭ ॥

ਹੁਣ ਮਹਾਂ ਸਿੰਘ ਜੀ ਨੇ ਆਪਣੀ ਜਥੇਦਾਰੀ ਵਿਚ ਸਤਿਗੁਰ ਜੀ ਦੇ ਮਗਰ ਕੂਚ ਦਾ ਹੁਕਮ ਦਿੱਤਾ। ਇਹ ਸੂਰਮਿਆਂ ਦਾ ਦਲ—ਇਕ ਵੈਰੀ ਸਿਦਕ ਵਿਚ ਹਾਰ ਖਾ ਕੇ ਮੁੜ ਜੀ ਉਠੇ, ਤਿਆਰ ਬਰਤਿਆਰ ਹੋ ਚੁਕੇ ਸਿੱਖਾਂ ਦਾ ਦਲ—ਖਿਦਰਾਣੇ ਦੇ ਸਰ ਕਿਨਾਰੇ ਅੱਪੜਿਆ। ਸਰ ਸੁੱਕਾ ਪਿਆ ਸੀ, ਗੁਰੂ ਜੀ ਉਥੇ ਅੱਪੜ ਕੇ ਸਰ ਨੂੰ ਸੁੱਕਾ ਵੇਖਕੇ ਅਗੇ ਕੂਚ ਕਰ ਗਏ ਸੇ। ਮਹਾਂ ਸਿੰਘ ਨੇ ਖਿਦਰਾਣਾ ਸੁੱਕਾ ਦੇਖਕੇ ਆਪਣਾ ਦਲ ਖੜਾ ਕਰਕੇ ਆਖਿਆ ਕਿ ਆਹ ਵੇਲਾ ਜੇ ਸੱਚੀ ਸੇਵਾ ਦਾ, ਇਥੇ ਹੀ ਟਿਕ ਜਾਓ ਤੇ ਵੈਰੀ ਨੂੰ ਇਥੇ ਰੋਕੋ, ਉਸ ਨੇ ਇਧਰ ਧਾਵਾ ਕਰਨਾ ਹੈ ਕਿ ਪਾਣੀ ਦਾ ਛੰਭ ਸਾਂਭ ਲਵਾਂ ਤੇ ਅਸਾਂ ਅਗੇਂ ਰੋਕ ਕੀਤੀ ਤਾਂ ਉਹ ਸਮਝੇਗੀ ਕਿ ਗੁਰੂ ਜੀ ਇਥ ਹੀ ਹਨ, ਸੋ ਸੰਗ੍ਰਾਮ ਇਥੇ ਮੱਚ ਜਾਊ ਤੇ ਗੁਰੂ ਜੀ ਨੂੰ ਅਗੇ ਨਿਕਲ ਜਾਣ ਦਾ ਯਾ ਕੋਈ ਹੋਰ ਆਪਣੇ ਦੈਵੀ ਖਿਆਲ ਵਿਚ ਪ੍ਰਬੰਧ ਕਰਨ ਦਾ ਸਮਾਂ ਮਿਲ ਜਾਊ। ਸੋ ਗੁਰਮਤਾ ਸਾਧ ਕੇ ਉਥੇ ਡੇਰੇ ਪੈ ਗਏ। ਉਥੇ ਬੇਰੀਆਂ ਦਾ ਭਾਰੀ ਜੰਗਲ ਸੀ, ਸਿੰਘਾਂ ਨੇ ਵਡੇ ਵਡੇ ਚਾਦਰੇ ਬੇਰੀਆਂ ਤੇ ਪਾਕੇ ਐਸੀ ਸ਼ਕਲ ਰਚ ਦਿੱਤੀ ਜੋ ਦੂਰੋਂ ਤੰਬੂ ਨਜ਼ਰ ਪੈਣ। ਇਧਰ ਦਸ ਦਸ ਦਾ ਜੱਥਾ ਵੰਡ ਕੇ ਇਕ ਇਕ ਜਥੇਦਾਰ ਦੇ ਤਾਬੇ ਕਰਕੇ ਅੱਡ ਅੱਡ ਦਾਉ ਪੇਚ ਦੇ ਵਧਣ ਹਟਣ ਤੇ ਹਮਲਾ ਕਰਨ ਦੇ ਸਾਮਾਨ ਝੱਟ ਪੱਟ ਸੋਚਕੇ ਫੈਸਲਾ ਕਰ ਲਏ।

ਜਦੋਂ ਕਿ ਟਾਂਗੂ ਨੇ ਉਚੇ ਬ੍ਰਿੱਛ ਤੋਂ ਤੁਰਕ ਦਲ ਦੇ ਆ ਜਾਣ ਦੀ ਸੂਹ ਦਿੱਤੀ ਤਾਂ ਇਧਰੋਂ ਬੰਦੂਕਾਂ ਦੀ ਬਾੜ ਛੱਡੀ ਗਈ, ਜਿਸ ਤੋਂ ਦੁਸ਼ਮਨ ਨੂੰ ਆਪਣੀ ਵਲ ਖਿੱਚ ਲੈਣ ਦਾ ਮਤਲਬ ਸੀ ਕਿ ਮਤਾਂ ਕਿਸੇ ਦੇ ਆਖੇ ਜਾਂ ਅੱਦਣਚੇਤ ਵੈਰੀ ਉਥੇ ਨਾ ਅੱਪੜ ਪਵੇ ਜਿਥੇ ਗੁਰੂ ਜੀ ਹੋਣ। ਇਨ੍ਹਾਂ ਦਾ ਮਤਾ ਇਹ ਸੀ ਕਿ ਅਸੀਂ ਵੈਰੀ ਨੂੰ ਆਪਣੇ ਨਾਲ ਜੁੱਟਮ ਜੁੱਟ ਕਰ ਲਈਏ, ਵੱਸ ਚੱਲੇ ਤਾਂ ਮਾਰ ਲਈਏ, ਜੇ ਮਰ ਜਾਈਏ ਤਾਂ ਇਹ ਪਾਪੀ ਦਲ ਸਤਿਗੁਰ ਤਕ ਨਾਂ ਅੱਪੜ ਸਕੇ। ਸੋ ਬੰਦੂਕਾਂ ਦੀ ਅਵਾਜ਼ ਸੁਣਕੇ ਵਜ਼ੀਰ ਖਾਂ ਨੇ ਇਧਰ ਰੁਖ ਕਰਕੇ ਹਮਲੇ ਦਾ ਹੁਕਮ ਦੇ ਦਿੱਤਾ, ਪਰ ਅਹੋਂ ਕਈ ਪਾਸਿਆਂ ਤੋਂ ਬੇਰੀਆਂ ਦੇ ਉਹਲਿਓਂ ਗੋਲੀਆਂ ਦਾ ਮੀਂਹ ਆ ਪਿਆ। ਇਧਰ ਉਧਰ ਤੱਕ ਕੇ ਤੁਰਕਾਂ ਨੇ ਫੇਰ ਗੋਲੀਆਂ ਦਾ ਮੀਂਹ ਵਸਾਇਆ, ਪਰ ਬੇਰੀਆਂ ਦੇ ਅਤੇ ਝੁੰਗੀਆਂ ਦੇ ਕੁਦਰਤੀ ਮੋਰਚੇ ਸਿੰਘਾਂ ਨੂੰ ਵਾਧੇ ਦਾ ਦਾਉ ਦੇ ਗਏ। ਜਦ ਦੁਵੱਲੀ ਬੰਦੂਕਾਂ ਚੱਲ

*ਏਥੇ ਭੀ ਢਾਲੀ ਦੀ ਗਿਣਤੀ ਚਮਕੌਰ ਦੀ ਢਾਲੀਆਂ ਵਾਲੀ ਗਿਣਤੀ ਦਾ ਭੁਲੇਖਾ ਹੈ। ਇਥੇ ਵਹੀਰ ਕਈ ਮੋ ਦਾ ਸੀ, ਕੇਵਲ ਜਿਨ੍ਹਾਂ ਮੁਖੀਆਂ ਦੇ ਨਾਮ ਲਿਖੇ ਮਿਲਦੇ ਹਨ, ਓਹ ੪੦ ਦੇ ਲਗ ਪਗ ਸਨ। ਇਕ ਖਿਆਲ ਵਿਚਾਰ ਯੋਗ ਇਹ ਹੈ ਕਿ ਜਿਨਾਂ ਵਹੀਰ ਇਹ ਆਇਆ ਸੀ ਸਾਰੇ ਦਾ ਸਾਰਾ ਸਨਧਬੰਧ ਸਾਮਾਨ ਜੰਗ ਨਾਲ ਸੁਸ਼ੋਭਤ ਸੀ ਤੇ ਘਰੋਂ ਸਤਿਗੁਰੂ ਜੀ ਦੀ ਸੇਵਾ ਵਿਚ ਜੁੱਧ ਕਰਨ ਆਇਆ ਸੀ। ਮਹਾਂ ਸਿੰਘ ਜਥਦਾਰ ਦੇਨੇ ਦੀ ਬਾਪ ਕੇ ਟੋਰਿਆ ਗਿਆ ਸੀ, ਖਰਚ ਵਾਸਤੇ ਪਦਾਰਥ ਭੀ ਨਾਲ ਸੀ। ਮੁੱਖ ਕੰਮ ਤਾਂ ਮੁਕਾਲਕ ਦਾ ਧੋਣਾ ਸੀ ਜੋ ਬੇਦਾਵੇ ਨਾਲ ਮਲੀ ਗਈ ਸੀ ਤੇ ਉਹ ਧੋਣ ਲਈ ਜੰਗ ਵਿਚ ਫੇਰ ਅੰਗਪਾਲ ਹੋਣਾ ਇਹ ਘਰੋਂ ਟੁਰਨ ਵਲੇ ਕੁਦਰਤੀ ਵਲਵਲਾ ਤੇ ਵੀਚਾਰ ਸੀ ਸੋ ਸਾਰੇ ਵਹੀਰ ਵਿਚੋਂ ਜੋ ਕਈ ਸੋ ਦਾ ਸੀ ਅਰ ਜਿਸ ਵਿਚ ਮਝੈਲਾਂ ਤੋਂ ਸਿਵਾ ਪਜਾਬ ਦੇ ਕਈ ਇਲਾਕਿਆਂ ਦੇ ਸਿੰਘ ਸਨ, ਕੋਈ ਵਿਰਲੇ ਹੀ ਇਸ ਵੇਲੇ ਪਿਛੇ ਮੁੜੇ ਹੋਣ, ਪਰ ਆਸ ਕੋਈ ਨਹੀਂ ਕਿ ਕੋਈ ਮੁੜਿਆ ਹੋਵੇ। ਸਤਿਗੁਰੂ ਜੀ ਦੀ ਲਲਕਾਰ ਤੇ ਮਹਾਂ ਸਿੰਘ ਦੀ ਆਪਾਵਾਰ ਪੁਕਾਰ ਨੇ ਸਾਰੇ ਮੋਹ ਲਏ। ਮਾਈ ਭਾਗੋ ਦੀ ਵੰਗਾਰ ਭੀ ਇਸੇ ਵੇਲੇ ਪਈ ਸੀ। ਇਸ ਜਥੇ ਦੀ ਗਿਣਤੀ, ਤਿਆਰੀ ਤੇ ਸੂਰਮਗਤੀ ਦਾ ਫਲ ਸੀ ਕਿ ਕਈ ਹਜ਼ਾਰ ਸੋਨਾ ਵਾਲਾ ਨਵਾਬ ਮੂੰਹ ਦੀ ਖਾਕੇ ਮੁੜ ਗਿਆ।

ਪਈਆਂ ਤਾਂ ਉਧਰ ਦਾਨ ਸਿੰਘ ਨੇ ਸਤਿਗੁਰੂ ਜੀ ਨੂੰ ਆਖਿਆ, "ਮਹਾਰਾਜ! ਵੈਰੀ ਨੇ ਹੱਲਾ ਬੋਲ ਘੱਤਿਆ"। ਸਤਿਗੁਰ ਬੋਲੇ: "ਪਤਾ ਹੈ ਸੱਜਣਾਂ! ਹੱਲਾ ਬੋਲ ਦਿੱਤਾ ਤੇ ਖਾਲਸੇ ਨੇ ਬੀ ਬੋਲ ਬਾਲਾ ਕਰ ਦਿੱਤਾ ਹੈ,ਆਓ ਟਿੱਬੀ ਉਤੇ ਚਲੋ"। ਇਹ ਕਹਿ ਦਾਤਾ ਜੀ ਜਿੱਥੇ ਸੇ ਉਥੋਂ ਟਿੱਬੀ ਉਤੇ ਚੜ੍ਹ ਗਏ ਥਾਂ ਥਾਂ ਅਪਣੇ ਸੂਰਮੇ ਖੜੇ ਕਰ ਦਿੱਤੇ,ਆਪ ਸਭ ਤੋਂ ਉੱਚੀ ਥਾਵੇਂ ਬੀਰਾਸਨ ਹੋਕੇ ਕਮਾਨ ਸੂਤ ਲਈ। ਅਜ ਇਸ ਮੈਦਾਨ ਵਿਚ ਫੇਰ ਧਨੁਸ਼ ਵਿਦ੍ਯਾ ਦੇ ਜੌਹਰ ਖੁੱਲ੍ਹਣ ਲਗੇ। ਉਚਾਈ ਤੋਂ ਤਕ ਤਕ ਤੇ ਆੜਾਂ ਵਿਚੋਂ ਸੇਧਾਂ ਬੰਨ੍ਹ ਬੰਨ੍ਹ ਲਗੇ ਤੀਰ ਬਰਸਾਨ। ਕਿਸੇ ਕਿਸੇ ਟਿਕਾਣੇ ਬੈਰਾੜ ਬੰਦੂਕਚੀ (ਤੁਪਕਚੀ) ਨਿਸ਼ਾਨੇ ਫੁੰਡਣ ਵਾਸਤੇ ਸਤਿਗੁਰੂ ਜੀ ਨੇ ਖੜੇ ਕੀਤੇ ਸੀ। ਇਧਰੋਂ ਤਾਂ ਤੁਰਕ ਹਮਲਾ ਆਵਰਾਂ ਤੇ ਗ਼ੈਬੀ ਅੱਗ ਵਾਂਙੂ ਤੀਰ ਤੇ ਗੋਲੀ ਪੈਣ ਲਗੀ, ਮੀਂਹ ਵੱਸਵੀਂ ਨਹੀਂ; ਟਾਵੀ ਟਾਂਵੀਂ ਪਰ ਤਾਕੀ ਹੋਈ, ਸੇਧੀ ਹੋਈ, ਚੋਣਵੀਂ ਤੇ ਨਿਸ਼ਾਨੇ ਬੈਠਵੀਂ। ਉਧਰੋਂ ਸਿੱਧੀ ਬਰਖਾ ਤੀਰਾਂ ਤੁਫੰਗਾਂ ਦੀ ਖਿਦਰਾਣੇ ਤੋਂ ਹੋਣ ਲੱਗੀ।

ਸੋ ਪਹਿਲਾ ਹੱਲਾ ਤੁਰਕਾਂ ਦਾ ਮੂੰਹ ਦੀ ਖਾਕੇ ਰੁਕ ਗਿਆ ਤੇ ਵਜ਼ੀਰ ਖਾਂ ਨੇ ਹੁਣ ਪੈਂਤੜਾ ਬਦਲਿਆ। ਛੋਟੇ ਛੋਟੇ ਦਸਤੇ ਬਣਾਏ ਤੇ ਇਧਰ ਉਧਰ ਵਧਾਏ। ਅੱਗੇ ਹਰ ਪਾਸੇ ਕਿਤੇ ਨਾ ਕਿਤੇ ਮੋਰਚਿਆਂ ਵਿਚ ਸਿੰਘ ਤਿਆਰ ਸੇ। ਸੋ ਤੀਰ ਫੰਦੂਕ ਦੀ ਲੜਾਈ ਹੁੰਦੀ ਰਹੀ ਤੇ ਬਹੁਤੇ ਹੋਣ ਕਰਕੇ ਇਹ ਲੜਾਈ ਵਜ਼ੀਰ ਖਾਂ ਲਈ ਬਹੁੰ ਦੁਖਦਾਈ ਨਾ ਹੋਈ। ਕਿਉਂਕਿ ਬਹੁਤੇ ਮਰਵਾ ਲੈਣੇ ਉਸ ਲਈ ਕਠਿਨਤਾ ਨਹੀਂ ਸੀ, ਪਰ ਉਸ ਦੇ ਲਸ਼ਕਰ ਵਿਚ ਅਚਾਨਕ ਗੋਲੀ ਤੀਰ ਕਿਤੋਂ ਦੂਰੋਂ ਆਕੇ ਜੱਥੇਦਾਰਾਂ ਨੂੰ ਫੁੰਡਦਾ ਸੀ, ਜਿਸ ਨਾਲ ਉਸ ਨੂੰ ਜਲਦੀ ਜਲਦੀ ਅਪਣੀ ਵੰਡ ਸੁਧਾਰਨੀ ਪੈਂਦੀ ਤੇ ਜਥੇਦਾਰਾਂ ਦੇ ਮਰਨ ਨਾਲ ਕਸ਼ਟ ਹੁੰਦਾ, ਟਿੱਬੀ ਦਾ ਇਸ ਨੂੰ ਪਤਾ ਨਹੀਂ ਪੈ ਸਕਿਆ। ਪਰ ਉਹ ਲੜਦਾ ਰਿਹਾ। ਇਧਰ ਖਿਦਰਾਣੇ ਦੇ ਸਿੰਘਾਂ ਨੇ ਬੀ ਓਹ ਹੱਲੇ ਬੋਲੇ ਕਿ ਰਹੇ ਸਾਈਂ ਦਾ ਨਾਮ। ਆਖਰ ਵਧਦੇ ਵਧਦੇ ਤੁਰਕ ਤਾਲ ਦੇ ਨੇੜੇ ਆ ਢੁੱਕੇ। ਹੁਣ ਖਾਲਸੇ ਨੂੰ ਹੱਥੋ ਹੱਥ ਜੰਗ ਆ ਪਿਆ। ਸ਼ਮਸ਼ੇਰਾਂ ਸੂਤ ਕੇ ਨੇਜ਼ੇ ਭਾਲੇ ਸੰਭਾਲ ਕੇ ਅਪਣੀ ਵੰਡ ਮੂਜਬ ਵਧ ਵਧਕੇ ਲੜੇ। ਅਨੇਕਾਂ ਦੇ ਆਹੂ ਲਾਹੁੰਦੇ ਜ਼ਖਮੀ ਹੋ ਹੋਕੇ ਬੀ ਵਧੇਰੇ ਬਲਕਾਰ ਨਾਲ ਲੜਦੇ ਟੁਕੜੇ ਹੋ ਹੋ ਡਿਗਦੇ।

ਉਛੱਲੇ ਛਲੰਗੀ, ਗੁਰੂ ਕੇ ਭੁਜੰਗੀ, ਦੀਓ ਓਜ ਐਸੋ, ਹਜਾਰਾਨ ਜੈਸੋ ॥ ੨੯ ॥ ਮਹਾਂ ਕੋਪ ਠਾਨੈ, ਗਜੰ ਕੀਟ ਮਾਨੈ, ਬਡੇ ਓਤਸਾਹੈ, ਰਣੰ ਸ਼ੱਤ੍ਰੂ ਜਾਹੈ ॥ ੩੦ ॥

ਇਕ ਪੰਜਾਂ ਦੇ ਜੱਥੇ ਦਾ ਜੁੱਧ ਐਉਂ ਵਰਣਿਤ ਹੈ:

ਪੰਚਹੁੰ ਬੀਰ ਜੁਝਾਰੇ ਮਾਰਿ ਅਨੇਕ ਕੋ। ਕਰਾਢੈਲ ਪਰਹਾਰੇ ਤੁਰਕ ਗਿਰਾਇਕੈ। ਪਰੇ ਤੁਰੰਗਮ–ਭਾਰੇ ਮੁਖ ਅਰ ਚਰਨ ਕਟਿ। ਗੁਲਕਾਂ ਤੀਰ ਸਹਾਰੇ ਭਿਦੇ ਸਰੀਰ ਸਭਿ ॥ ੩੧ ॥ ਨਿਕਸੇ ਪ੍ਰਾਨ ਸੁ ਡਿੱਗੇ ਸਨਮੁਖ ਵੈਰੀਆਂ। ਸਭ ਸ਼ੋਣਤ ਸਨ ਭਿੱਗੇ ਬਾਗੇ ਲਾਲ ਹੈ। ਤਜੇ ਨ ਹਾਥੋਂ ਖੱਗੇ ਇੱਛਾ ਹਤਨਿ ਕੀ। ਘਨੇ ਘਾਵ ਤਨ ਲੱਗੇ ਮਰ ਕਰ ਗਿਰ ਪਰੇ ॥ ੩੨ ॥

[ਗੁ: ਪ੍ਰ: ਸੂ: ਅੰਨ ੧–੧੦

ਉਧਰ ਬੰਦੂਕਾਂ ਚਲਾਉਣ ਹਾਰ ਸਿੰਘਾਂ ਦੇ ਹਾਲ ਦੀ ਵੰਨਗੀ ਇਸ ਵੇਲੇ ਐਉਂ ਸੀ:–

ਬੱਦੀ ਬਿੰਦ ਮਝਾਰੇ* ਸੂਕੇ ਸਰ ਬਿਖੇ। ਬਿਰੇ ਸਿੰਘ ਤਹਿੰ ਭਾਰੇ ਤੁਪਕ ਚਲਾਵਤੇ। ਉਠੇ ਸ਼ਬਦ ਕੜਕਾਰੇ ਗੁਲਕਾਂ ਸੂੰਕਤੀ। ਲਗੇਂ ਤੁਰਕ ਤਨ ਮਾਰੇ ਗਿਰੈਂ ਪਵੈਗਮਹੁ ॥ ੩੩ ॥

[ਗੁ: ਪ੍ਰ: ਸੂ: ਅੰ: ੧–੧੦

ਇਸ ਤਰ੍ਹਾਂ ਜੋ ਜੋ ਦਸਤਾ ਦੁਸ਼ਮਨ ਦਾ ਵਧਕੇ ਤਾਲ ਵੱਲ ਆਉਂਦਾ, ਇਧਰੋਂ ਦਸ ਅੱਠ ਦਾ ਦਸਤਾ ਬੰਦੂਕਾਂ ਤੀਰ ਲੈ ਅੱਗੇ ਹੁੰਦਾ। ਜਦ ਤੀਰ ਗੋਲੀ ਮੁਕ ਜਾਂਦੇ ਤਾਂ ਤਲਵਾਰਾਂ ਸੂਤਕੇ ਜਾ ਪੈਂਦੇ। ਏਹ ਜਾਨਾਂ ਵਾਰਕੇ ਲੜ ਰਹੇ ਸੇ, ਬਚਣ ਦੀ ਆਸ ਧਾਰਕੇ ਫਤਹ ਦਾ ਖਿਆਲ ਜੀ ਵਿਚ ਲੈਕੇ ਨਹੀਂ ਲੜ ਰਹੇ ਸੇ, ਇਨ੍ਹਾਂ ਨੇ ਤਾਂ ਲੜਨਾ ਸੀ ਤੇ ਲੜਨਾ ਸੀ, ਅਰ ਮਰਨਾ ਸੀ ਤੇ ਮਰਨ ਤੋਂ ਪਹਿਲਾਂ ਵਧ ਤੋਂ ਵਧ ਮਾਰਨਾ ਸੀ। ਇਨ੍ਹਾਂ ਦੇ

*ਬੇਰੀਆਂ ਦੀਆਂ ਝੰਗੀਆਂ ਵਿਚ।

ਤੇਜ, ਬਲ, ਕੁਰਬਾਨੀ, ਬੀਰਤਾ ਦੇ ਅੱਗੇ ਤਨ-ਖਾਹਦਾਰ, ਬਚ ਕੇ ਲੜਨਹਾਰਾਂ ਨੇ ਕਦੇ ਉਹ ਬੀਰਤਾ ਦੱਸ ਹੀ ਨਹੀਂ ਸਕਣੀ ਸੀ, ਜੋ ਏਹ ਦਿਖਾ ਰਹੇ ਸੇ। ਸਿੱਖਾਂ ਦਾ ਜੋ ਦਸਤਾ ਮੁਕਦਾ ਅਗਲੇ ਪਾਸੇ ਦੀ ਅਨਗਿਣਤੀ ਦੇ ਸਾਹਮਣੇ ਮਰਦਾ ਸੀ, ਪਰ ਗਿਣਤੀ ਕੀਤਿਆਂ ਇੱਕ ਇੱਕ ਸਿੱਖ ਦੇ ਬਦਲੇ ਵੀਹ ਵੀਹ ਤੀਹ ਤੀਹ ਤੁਰਕ ਮਰਦੇ ਤੇ ਘਾਇਲ ਹੋਕੇ ਡਿੱਗਦੇ ਸੇ। ਇਸ ਤਰ੍ਹਾਂ ਕਈ ਘੰਟੇ ਜੰਗ ਮਚਾਈ ਲੜਦੇ, ਮਰਦੇ, ਮਾਰਦੇ ਰਹੇ, ਅੰਤ ਬਾਕੀ ਤੇਰਾਂ ਸਿੰਘ ਰਹਿ ਗਏ। ਸੋ ਏਹ ਇਕੱਠੇ ਹੀ ਤੇਰਾਂ ਤਲਵਾਰਾਂ ਸੂਤਕੇ ਵਧੇ ਤੇ ਸ਼ੱਤਰੂ ਉੱਤੇ ਜਾ ਪਏ:-

ਚਲੇ ਬੀਰ ਸੋਊ ਬਡੇ ਓਤਸਾਹੈ,
ਭਰੇ ਸ਼ਸਤ੍ਰ ਮਾਰੇ ਮਹਾ ਜੰਗ ਮਾਹੇ।
ਕਢੇ ਮਹਾਨ ਤੇਗੰ ਗਹੇ ਹੱਥ ਢਾਲੇ;
ਚਲਾਕੀ ਕਰੰਤੇ ਸੁ ਛਾਲੇ ਉਛਾਲੇ ॥ ੫੦ ॥
ਝਟਾ ਪੱਟ ਜੁੱਟੇ ਲਟਾ ਲੱਟ ਹੋਏ।
ਸਟਾਪੱਟ ਸੁੱਟੇ ਕਟਾ ਕੱਟ ਜੋਏ।
ਕਟਾ ਕੂਟ ਕੱਟੇ ਚਟਾਪੱਟ ਮਾਰੇ,
ਖਟਾ ਪੱਟ ਖੋਟੇ ਹਟਾ ਹੱਟ ਹਾਰੇ ॥ ੫੧ ॥

ਇਸ ਤਰ੍ਹਾਂ ਲੜਦੇ ਇਹ ਅੱਗੇ ਵਧ ਗਏ ਅਰ ਸੈਨਾਂ ਵਿਚ ਜਾ ਧਸੇ, ਵਡੇ ਵਡੇ ਜਥੇਦਾਰ ਨੂੰ ਜੋ ਅੱਗੋਂ ਆਉਂਦਾ ਏਹ ਚੁਣ ਚੁਣ ਕੇ ਮਾਰਦੇ। ਇਸ ਤਰ੍ਹਾਂ ਲੜਦੇ ਵਧਦੇ ਚਲੇ ਗਏ। ਛੇਕੜ ਇਨ੍ਹਾਂ ਨੇ ਅਪਣੀਆਂ ਪਵਿੱਤ੍ਰ ਦੇਹੀਆਂ ਟੋਟੇ ਟੋਟੇ ਕਰਾਕੇ ਅਪਣੇ ਪਿਆਰੇ ਸਤਿਗੁਰ ਤੋਂ, ਪੰਥ ਤੋਂ, ਦੇਸ਼ ਤੋਂ, ਸੱਚ ਤੋਂ ਵਾਰ ਘੱਤੀਆਂ। ਤੁਰਕਾਂ ਦਾ ਇੰਨਾਂ ਨੁਕਸਾਨ ਹੋਇਆ ਕਿ ਕੁਛ ਹਿਸਾਬ ਨਾ ਰਿਹਾ, ਰਵਾਇਤਾਂ ਹਨ ਕਿ ਪੰਜ ਹਜ਼ਾਰ ਸੈਨਾਂ ਵਿਚੋਂ ਪਿਛੇ ਮੁੜਨ ਜੋਗੇ ਮੁਸ਼ਕਲ ਨਾਲ ਦੋ ਹਜ਼ਾਰ ਰਹਿ ਗਏ। ਹੁਣ ਇਹ ਤੱਕਕੇ ਕਿ ਨਾ ਤਾਂ ਅੱਗੋਂ ਕੋਈ ਦਸਤਾ ਸਿੱਖਾਂ ਦਾ ਲੜਨ ਆਉਂਦਾ ਹੈ ਨਾ ਕਿਤੋਂ ਝਾੜ ਝੰਗੀ ਵਿਚੋਂ ਤੀਰ ਗੋਲੀ ਆਉਂਦੀ ਹੈ, ਠਾਬ ਅੱਗੇ ਵਧਿਆ ਕਿ ਤਾਲ ਉਤੇ ਕਬਜ਼ਾ ਝਟ ਪਟ ਹੋ ਜਾਏ। ਪਰ ਬਦ-ਕਿਸਮਤੀ ਨਾਲ ਉਸ ਨੇ ਅਗੇ ਵਧਕੇ ਕੀ ਡਿੱਠਾ ਕਿ ਤਾਲ ਸੁੱਕਾ ਪਿਆ ਹੈ, ਘੁੱਟ ਪਾਣੀ ਦਾ ਨਹੀਂ ਹੈ। ਹੈਰਾਨ ਹੋਇਆ ਕਿ ਸੁੱਕੀ ਢਾਬ ਲਈ ਸਿੱਖ ਕਿਉਂ ਲੜ ਮਰੇ ? ਪਰ ਸੱਖਣੇ ਦਿਮਾਗ਼ ਵਾਲੇ ਜ਼ਾਲਮ ਨੂੰ ਕੀਹ ਪਤਾ ਸੀ ਕਿ ਜੋਉਂਦੇ ਜੋਧਿਆਂ ਦੇ ਜੰਗੀ ਦਾਉ ਪੇਚ ਕੁਛ ਹੋਰ ਤਰ੍ਹਾਂ ਦਾ ਮੁੱਲ ਰੱਖਦੇ ਹਨ। ਨਵਾਬ ਨੇ ਠੰਡਾ ਸਾਹ ਲੀਤਾ ਤੇ ਆਖਿਆ:-"ਹੈਫ ! ਸੈਨਾਂ ਬੀ ਮਰਵਾਈ ਤੇ ਪਾਣੀ ਬੀ ਨਾ ਲੱਝਾ, ਪਰ ਹਸਰਤ ਮਿਟ ਜਾਏ, ਜੋ ਅੱਲਾ ਚਾਹੇ ਤਾਂ ਮਿਟੇਗੀ ਕਿ ਇਸ ਮਰਦਾ ਪਈ ਵਹੀਰ ਵਿੱਚੋਂ ਹੁਣ ਕਲਗ਼ੀਧਰ ਦਾ ਕਲਗੀ ਵਾਲਾ ਸੀਸ ਮਿਲੇਗਾ, ਤਲਾਸ਼ ਕਰੋ"। ਆਪ ਨਵਾਬ ਪਰਲੇ ਪਾਸੇ ਇਕ ਝੰਗੀ ਵਲ ਗਿਆ, ਕੀ ਦੇਖਦਾ ਹੈ ਕਿ ਇਕ ਗੁਆਂਢੀਲ ਲੰਮੀ ਤ੍ਰੀਮਤ ਸਾਂਗ ਲਈ ਖੜੀ ਹੈ। ਇਸ ਨੇ ਅੱਗੇ ਜੁੱਧ ਵਿਚ ਕਾਫੀ ਹਿੱਸਾ ਲਿਆ ਸੀ, ਹੁਣ ਇਕ ਆਪਣੇ ਵੱਲ ਵਧੇ ਆ ਰਹੇ ਪਠਾਣ ਨੂੰ ਸਾਂਗ ਨਾਲ ਪ੍ਰੋ ਕੇ ਪਰੇ ਸੁੱਟ ਕੇ ਅੱਗੇ ਵਧੀ ਹੀ ਸੀ ਕਿ ਇਕ ਹੋਰ ਤੁਰਕ ਨੇ ਜੋ ਘੋੜੇ ਪਰ ਸਵਾਰ ਸੀ, ਅੱਗੇ ਵਧ ਕੇ ਤਲਵਾਰ ਚਲਾਈ, ਪਰ ਉਸ ਤੋਂ ਪਹਿਲਾਂ ਤ੍ਰੀਮਤ ਨੇ ਉਸ ਨੂੰ ਸਾਂਗ ਨਾਲ ਪ੍ਰੋ ਕੇ ਧਰਾ ਤੇ ਡੇਗ ਲਿਆ। ਇਧਰੋਂ ਇਕ ਹੋਰ ਪਠਾਣ ਅੱਗੇ ਵਧਿਆ, ਇਸ ਨੇ ਗਤਕੇ ਬਾਜ਼ੀ ਦਾ ਇਕ ਪਲਥਾ ਕਰ ਕੇ ਵਾਰ ਕੀਤਾ, ਸੱਟ ਖਾ ਕੇ ਤ੍ਰੀਮਤ ਢਹਿ ਪਈ, ਉਸ ਨੂੰ ਢੱਠੀ ਸਮਝ ਕੇ ਪਠਾਣ ਅੱਗੇ ਹੋਣ ਲੱਗਾ ਸੀ ਕਿ ਉਸ ਦੇ ਮੱਥੇ ਵਿਚ ਇਕ ਸ਼ੂਕਦਾ ਤੀਰ ਆ ਵੱਜਾ, ਉੱਥੇ ਹੀ ਕਾਇਰ ਸੈਆਂ ਵਰ੍ਹਿਆਂ ਦਾ ਹੋ ਢੱਠਾ। ਚਾਰ ਚੁਫੇਰੇ ਦੇਖ ਭਾਲ ਹੋਈ ਕਿ ਤੀਰ ਕਿੱਥੋਂ ਆਇਆ। ਛੇਕੜ ਇਹ ਸਮਝ ਕੇ ਕਿ ਸਿਖ ਤਾਂ ਕੋਈ ਬਾਕੀ ਨਹੀਂ ਹੈ, ਇਹ ਕਿਸੇ ਕਿਸੇ ਆਪਣੇ ਦਾ ਹੀ ਤੀਰ ਹੋਣਾ ਹੈ ਜੋ ਦੂਰੋਂ ਭੁਲੇਵੇਂ ਸਿਰ ਆ ਗਿਆ ਹੈ ਉਹ ਤੇ ਇਹ ਸਮਝ ਕੇ ਕਿ ਤ੍ਰੀਮਤ ਮਰ ਗਈ ਹੈ ਫੇਰ ਤਲਾਸ਼ ਸ਼ੁਰੂ ਹੋਈ। ਪਰ ਕਪੂਰ ਸਿੰਘ ਨੇ ਸਿਆਣ ਲਿਆ ਸੀ ਕਿ ਤੀਰ ਇਹ ਮੇਰੇ ਸਤਿਗੁਰੂ ਦਾ ਹੈ। ਤਾਲ ਵਿਚ, ਤਾਲ ਦੇ ਕੰਢੇ, ਝੰਗੀਆਂ, ਬੇਰੀਆਂ ਝਾੜੀਆਂ ਦੂਰ ਦੂਰ ਤਕ ਜਿੱਥੇ ਸਿਖ ਮੁਰਦਾ ਯਾ ਸਿਸਕਦਾ ਪਿਆ ਸੀ, ਤਲਾਸ਼ ਹੋਈ। ਕਪੂਰ ਸਿੰਘ ਨਾਲ ਸੀ, ਜਿਸ ਜਿਸ ਸੀਸ ਤੇ ਸ਼ੱਕ ਪਵੇ ਕਪੂਰ ਸਿੰਘ ਨੂੰ ਦਿਖਾਲਣ, ਉਹ ਸਿਰ ਫੇਰੇ ਤੇ ਆਖੇ, 'ਨਵਾਬ ਜੀ, ਗੁਰੂ ਜੀ ਹੱਥ ਆਉਣ ਵਾਲੀ ਸੱਤਰ੍ਹਾ ਨਹੀਂ। ਓਹ ਸਾਹਿਬ ਕਸ਼ਫ ਲੋਕ ਹਨ। ਗ਼ੈਬੀ ਤਾਕਤਾਂ ਬੀ ਉਨ੍ਹਾਂ ਦੇ ਵੱਸ ਵਿਚ

ਹਨ, ਤੁਸੀਂ ਜਤਨ ਕਰ ਚੁਕੇ ਹੋ, ਪਰ ਮੈਨੂੰ ਆਸ ਨਹੀਂ ਕਿ ਉਹ ਲਸ਼ਕਰ ਵਿਚ ਮਾਰੇ ਗਏ ਹੋਣ, ਜਿਸ ਵਿਚ ਕਿ ਆਪ ਐਸ ਵੇਲੇ ਫਤਹਯਾਬ ਵਿਚਰ ਰਹੇ ਹੋ''। ਨਵਾਬ ਨੇ ਘੂਰ ਕੇ ਤੱਕਿਆ, ਪਰ ਫੇਰ ਕਹਿਣ ਲੱਗਾ: ਦੱਸੋ ਹੁਣ ਚੌਧਰੀ ਜੀ ! ਪਾਣੀ ਕਿੱਥੇ ਮਿਲੇ ? ਸਾਰੀ ਫੌਜ ਵਿਚ ਅਲਅਤਸ਼ ਅਲਅਤਸ਼ (ਪਿਆਸ ਪਿਆਸ) ਹੋ ਰਹੀ ਹੈ। ਵਿਸਾਖ ਦਾ ਮਹੀਨਾ ਹੈ, ਜ਼ਖਮੀਆਂ ਵਿਚ ਕੁਰਲਾਟ ਪਾਣੀ ਦੀ ਪੈ ਰਹੀ ਹੈ। ਮਸ਼ਕਾਂ, ਚਮਰਟੇ ਤੇ ਚਰਸੇ ਜੋ ਖੱਚਰਾਂ ਬੋਲਦਾਂ ਦੇ ਨਾਲ ਲਿਆਏ ਸਾਂ ਮੁੱਕ ਗਏ ਹਨ, ਦਿਨ ਢਲ ਗਿਆ ਹੈ, ਪਾਣੀ ਦਾ ਛੇਤੀ ਉਪਰਾਲਾ ਕਰੋ''। ਕਪੂਰ ਸਿੰਘ ਨੇ ਆਖਿਆ, ''ਪਾਤਸ਼ਾਹ ! ਜੇ ਤਾਂ ਅੱਗੇ ਵਧਣਾ ਹੈ ਤਾਂ ਪਾਣੀ ੩੦ ਕੋਹ ਤੇ ਹੈ ਤੇ ਜੇ ਪਿੱਛੇ ਮੁੜਨਾ ਹੈ ਤਾਂ ਪਾਣੀ ਦਸਾਂ ਕੋਹਾਂ ਦੇ ਲਗ ਪਗ ਮਿਲੇਗਾ''। ਨਵਾਬ ਨੇ ਆਖਿਆ ਕਿ ਵਧਣਾਂ ਤਾਂ ਅੱਗੇ ਹੈ ਹੁਣ ਪਿੱਛਾ ਕਰ ਕੇ ਗੁਰੂ ਨੂੰ ਫੜਨਾ ਹੈ। ਐਨ ਇਸ ਵੇਲੇ ਇਕ ਡਾਢਾ ਵਜ਼ਨਦਾਰ ਤੀਰ ਸ਼ੂਕਦਾ ਆਇਆ ਅਰ ਨਵਾਬ ਦੇ ਸਾਹਮਣੇ ਖੜੇ ਇਕ ਤੂਬੂਚ ਜੇਡੇ ਸਿਰ ਵਾਲੇ ਮੁਗਲ ਦੇ ਸੀਨੇ ਵਿਚ ਵੱਜਾ ਜੋ ਦੜ ਕਰਦਾ ਢੱਠਾ। ਨਵਾਬ ਇਸ ਵੇਲੇ ਤੋਲ ਦੇ ਢਾਹੇ ਦੇ ਆਸਰੇ ਸੀ। ਕਪੂਰੇ ਆਖਿਆ, ''ਇਹ ਮਾਰੂਥਲ ਹੈ, ਪਾਣੀ ਹੈ ਨਹੀਂ, ਗ਼ੈਬੀ ਤੀਰ ਦੇਖ ਲਓ ਕੋਈ ਨਾ ਕੋਈ ਸਾਰਿਆਂ ਦੇ ਮਰ ਗਿਆਂ ਬੀ ਆ ਪੈਂਦਾ ਹੈ। ਕਦ ਤਕ ਪਿਆਸੇ ਰਹੋਗੇ ਤੇ ਅੱਗੇ ਵਧੋਗੇ''। ਇਹ ਸੁਣ ਕੇ ਨਵਾਬ ਨੇ ਬੁਲ੍ਹ ਟੁੱਕੇ, ਚਾਰ ਚੁਫੇਰੇ ਤੂਬੂਕਦਾ ਤੱਕਦਾ ਡੇਰੇ ਆਇਆ, ਬਾਕੀ ਬਚੇ ਸਰਦਾਰਾਂ ਨਾਲ ਵਿਚਾਰ ਕੀਤੀ। ਅੰਤ ਪਿਛਾਹਾਂ ਮੁੜਨਾ ਹੀ ਸਹੀ ਠਹਿਰਿਆ। ਅੱਜ ਦੀ ਕਟਾ ਵੱਢ ਨੂੰ ਫਤਹ ਆਖ ਕੇ ਤੇ ਫਤਹ ਦਾ ਡੰਕਾ ਵਜਾ ਕੇ ਲਸ਼ਕਰ ਪਿੱਛੇ ਮੁੜ ਪਿਆ। ਪਾਣੀ ਦੀ ਟੋਟ ਨੇ ਮੁਰਦਿਆਂ ਦੇ ਦਫਨ ਕਰਨ ਦੀ ਬੀ ਫੁਰਸਤ ਨਾ ਦਿੱਤੀ ਅਤੇ ਜ਼ਖਮੀਆਂ ਵਾਸਤੇ ਕੁਛ ਬੈਰਾੜ ਸੇਵਾਦਾਰ ਛੱਡੇ ਗਏ ਕਿ ਸਹਿਜੇ ਬੰਦੋਬਸਤ ਕਰ ਕੇ ਵਾਪਸ ਯਾ ਡੇਰੇ ਮਗਰ ਮਗਰ ਅਪੜਾ ਦੇਣ। ਜਦੋਂ ਨੂੰ ਲਸ਼ਕਰ ਸ਼ਾਹੀ ਮੁੜ ਗਿਆ ਤਾਂ ਉਸ ਟਿੱਬੀ ਤੋਂ ਸ੍ਰੀ ਗੁਰੂ ਜੀ ਹੇਠਾਂ ਉਤਰੇ, ਆਪ ਘੋੜੇ ਤੇ ਚੜ੍ਹੇ ਹੋਏ ਨਾਲ ਪਿਆਰੇ ਟੂਰਦੇ ਸਾਰੇ ਜਣੇ ਖਿਦਰਾਣੇ ਆਏ।

ਆਹ ! ਹੁਣ ਨਜ਼ਾਰਾ ਪਿਆਰਿਆਂ ਦਾ ! ਆਪਾ ਵਾਰਨ ਦਾ ਅੱਖਾਂ ਅੱਗੇ ਹੈ। ਕੌਣ ਪਏ ਸਨ ? ਕੱਟੇ ਵੱਢੇ ਟੁਕੜੇ ਹੋਏ ਹੋਏ ? ਸੀਸ ਕਿਤੇ, ਧੜ ਕਿਤੇ, ਬਾਂਹਾਂ ਕਿਤੇ। ਕੋਈ ਗੋਲੀ ਨਾਲ ਫੱਟਿਆ ਪਿਆ ਹੈ, ਕੋਈ ਦੇਹੀ ਲਹੂ ਧਾਰਾ ਵਹਿ ਵਹਿ ਕੇ ਸਰਦ ਹੋ ਰਹੀ ਹੈ। ਕੋਈ ਤੀਰਾਂ ਨਾਲ ਵਿੰਨ੍ਹਿਆਂ ਸੋਹ ਵਾਂਙੂ ਪ੍ਰੋਤਾ ਪਿਆ ਹੈ। ਕੋਈ ਸੇਲ੍ਹ ਨਾਲ ਘਾਇਲ ਹੋ ਤਨ ਤੋੜਦਾ ਪਿਆ ਹੈ। ਕੋਈ ਬੇਸੁਧ ਹੈ, ਅੱਖਾਂ ਭਾੜੇ ਲਗ ਰਹੀਆਂ ਹਨ, ਜਾਨ ਟੁੱਟ ਰਹੀ ਤੇ ਪਿੰਜਰਾ ਛੱਡ ਰਹੀ ਹੈ। ਆਹ, ਖਾਲਸੇ ਦੇ ਪਿਤਾ ! ਪੁੱਤ੍ਰਾਂ ਦੇ ਇਸ ਦਰਸ਼ਨ ਨੂੰ ਦੇਖ ਰਹੇ ਹੋ ! ਏਹ ਓਹ ਲਾਡਲੇ ਪੁਤ੍ਰ ਹਨ, ਜੋ ਗੁਸਤਾਖ਼ ਹੋ ਗਏ ਸਨ, ਏਅਦਬ ਹੋ ਗਏ ਸਨ, ਟੁੱਟੇ ਪਏ ਸਨ, ਬੇਦਾਵੇ ਬੀ ਹੋ ਗਏ ਸਨ। ਪਰ ਹਾਇ ! ਅੰਦਰ ਦੀਆਂ ਲੱਗੀਆਂ, ਟੁੱਟੇ ਹੋਏ ਨਹੀਂ ਟੁੱਟੇ, ਪਿੱਠਾਂ ਦੇ ਗਏ, ਮੂੰਹ ਮੋੜ ਗਏ ਪਰ ਦਿਲਾਂ ਵਿਚ ਕੋਈ ਕਸਕ ਕਸਕਦੀ ਹੀ ਰਹੀ। ਘਰੀਂ ਗਏ, ਘਰ ਚੰਗੇ ਨਹੀਂ ਲੱਗੇ। ਘਰਾਂ ਤੋਂ ਫੇਰ ਮੁੜੇ, ਫੇਰ ਆਏ, ਫੇਰ ਅਝਕੇ ਫੇਰ ਝਿਜਕੇ, ਫੇਰ ਠੱਸਾ ਖਾਧਾ, ਪਰ ਹਾਇ ! ਅੰਦਰ ਦੀਆਂ ਲੱਗੀਆਂ ਓਹ ਮੋਹ ਤਣਾਵਾਂ ਜੋ ਅੰਦਰੋਂ ਨਹੀਂ ਸਨ ਤਰੁੱਟੀਆਂ ਫੇਰ ਲੈ ਉਡੀਆਂ। ਪਿਆਰੇ ਦੀ ਆਖਰੀ ਸੱਦ ਤੋਂ ਸਦਕੇ ਕਰ ਹੀ ਦਿਤਾ। ਹਾਂ, ਗੁਰੂ ਗੋਬਿੰਦ ਸਿੰਘ ! ਏਹ ਤੇਰੇ ਸ਼ੇਰੀ ਪੁੱਤ੍ਰ ਹਨ, ਬੇਦਾਵੇ ਵਾਲੇ ਪੁੱਤ੍ਰਾਂ ਦਾ ਏਹ ਹਾਲ ਹੈ ਦਾਹਵੇਦਾਰਾਂ ਦੀ ਕਰਨੀ ਦਾ ਕੌਣ ਅੰਦਾਜ਼ਾ ਕਰੇ ? ਏਹ ਤੇਰੇ ਓਹ ਪੁੱਤ੍ਰ ਹਨ ਜੋ ਪਿੱਛੇ ਹਟ ਹਟ ਕੇ ਅੱਗੇ ਵਧੇ ਹਨ। ਹਾਂ ਜਗਤ ਤਾਂ ਇਨ੍ਹਾਂ ਨੂੰ ਬਹੁਤ ਹੀ ਮਾੜਾ ਕਹਿੰਦਾ ਹੈ, ਪਰ ਮੂਰਖ ਹੈ ਜਗਤ। ਵੇਖੋ ਗੁਰੂ ਇਨ੍ਹਾਂ ਨੂੰ ਕਿੰਨਾ ਪਿਆਰ ਕਰਦਾ ਹੈ। ਜਿਸ ਨੇ ਚਮਕੌਰ ਤਨ ਦੇ ਜਾਏ ਅੱਖਾਂ ਅੱਗੇ ਟੁਹਾਏ ਤੇ ਅੱਖੀਂ ਨੀਰ ਨਹੀਂ ਭਰਿਆ, ਅੱਜ ਦੇਖੋ ਉਸ ਪਿਤਾ ਜੀ ਨੇ ਨੈਣ ਭਰ ਲਏ ਹਨ ! ਔਹ ਦੇਖੋ ਮਹਾਂ ਜੋਧਾ ਮੂਰਤੀ ਕਿਸ ਤਰ੍ਹਾਂ ਦੁਵੀ ਹੈ, ਕਿਵੇਂ ਇਕ ਸੀਸ ਉਤੇ ਝੁਕੇ ਹਨ, ਗਰਦ ਪੁੱਝੀ ਹੈ, ਮੱਥਾ ਚੁੰਮਿਆਂ ਹੈ ਤੇ ਆਖਿਆ, ''ਮੇਰਾ ਪੰਜ ਹਜ਼ਾਰੀ ਲਾਲ, ਸ਼ਾਬਾਸ਼ ! ਪੁੱਤ੍ਰ ਤੇਰੇ ਉੱਤੇ ਨਰਕਾਂ ਦਾ ਦੁਖ ਹਰਾਮ ਕੀਤਾ''। ਔਹ ਦੇਖੋ, ਇਕ ਤੀਰ ਵਿੱਧੀ ਲੋਥ ਦਾ ਸੀਸ ਗੋਦ

ਵਿਚ ਲੈਕੇ ਦੁਪੱਟੇ ਨਾਲ ਪੂੰਝਦੇ ਤੇ ਆਖਦੇ ਹਨ, ''ਮੇਰਾ ਤ੍ਰੀਹ ਹਜ਼ਾਰੀ ਪੁੱਤ੍ਰ।'' ਵੇਖੇ ਨੈਣ ਭਰ ਆਏ, ਦੈਵੀ ਸੋਮੇ ਅੱਖਾਂ ਤੋਂ ਤ੍ਰੁਪ ਤੁਪ ਕਿਰੇ ਅਰ ਤ੍ਰੀਹ ਹਜ਼ਾਰੀ ਦੀਆਂ ਗੱਲ੍ਹਾਂ ਤੇ ਪਏ। ਓ ਸਿਖ ਪਿਆਰੇ ਸਿਖ ! ਦੇਖ, ਤੂੰ ਮਰਕੇ ਨਿਹਾਲ ਹੋ ਗਿਆ। ਐਉਂ ਉਤਾਵਲੇ ਕਾਹਲੇ ਕਾਹਲੇ ਹਰ ਸੀਸ ਨੂੰ ਪਿਆਰ ਤੇ ਵਰਦਾਨ ਦੇਂਦੇ ਵਧਦੇ ਚਲੇ ਗਏ ਕਿ ਇਕ ਸਿਸਕਦਾ ਸੀਸ ਮਿਲਿਆ। ਕਮਰਕਸੇ ਦੀ ਬੰਦਸ਼ ਤੋਂ ਪਛਾਣਿਆਂ, ਉਹੋ ਏਹ ਮੇਰਾ ਜਥੇਦਾਰ ਹੈ। ਸਿਰਹਾਣੇ ਬਹਿ ਗਏ, ਸੀਸ ਗੋਦ ਵਿਚ ਲੈ ਲਿਆ, ਆਪਣੇ ਰੁਮਾਲ ਨਾਲ ਮੂੰਹ ਪੂੰਝਿਆ, ਲਬਾਂ ਆਪ ਖੁਹਲੀਆਂ, ਪਾਣੀ ਮੂੰਹ ਵਿਚ ਚੋਇਆ, ਇਕ ਘੁਟ ਲੰਘ ਗਿਆ। ਦੂਸਰਾ ਹੋਰ ਚੋਇਆ, ਇਹ ਬੀ ਲੰਘ ਗਿਆ, ਹੋਰ ਤ੍ਰੈ ਘੁਟ ਪਾਏ ਸਾਰੇ ਲੰਘ ਗਏ। ਨੈਣ ਖੁੱਲ੍ਹ ਆਏ, ਹੋਸ਼ ਪਰਤ ਆਈ, ਆਸੰਙ ਉੱਠਣ ਦੀ ਨਹੀਂ, ਪਰ ਕੁਛ ਚਿਰ ਵਿਚ ਜੀਭ ਵਿਚ ਬੋਲਣ ਦਾ ਤਾਣ ਆ ਗਿਆ: 'ਆਹ, ਮੇਰੇ ਕਲਗੀਧਰ ਪਿਤਾ ! ਹਾਂ, ਮੇਰਾ ਪਿਤਾ ਮੈਨੂੰ ਗੋਦ ਵਿਚ ਲਈ ਮੇਰੇ ਵਲ ਤੱਕ ਰਿਹਾ ਹੈ, ਕੋਈ ਕੋਈ ਨੈਣਾਂ ਦਾ ਮੋਤੀ ਮੇਰੇ ਉਤੇ ਡੁੱਲ੍ਹ ਰਿਹਾ ਹੈ। ਆਹ, ਸਤਿਗੁਰ ਬਖਸ਼ਿੰਦ ਬਾਪੂਆ ! ਆਹ, ਪਾਪੀਆਂ ਦੇ ਬੇਲੀਆ, ਬੇਮੁਖਾਂ ਦੇ ਰਾਖਿਆ, ਧੰਨ ਤੂੰ ! ਇਹ ਕ੍ਰਿਪਾ ! ਮੇਰਾ ਅੰਤ ਸਫਲ ਹੋ ਗਿਆ, ਤੈਂ ਦਰਸ਼ਨ ਦਿੱਤੇ !'

ਕਲਗੀਧਰ—ਮੈਂ ਸਿਆਣ ਲੀਤਾ ਹੈ, ਬੱਚਾ ਮਹਾਂ ਸਿੰਘ ! ਮੰਗ, ਕੁਝ ਮੰਗ, ਵੇਲਾ ਥੋੜਾ ਹੈ, ਮੰਗ ਮੈਂ ਦਿਆਂ ਤੇ ਮੇਰੀ ਛਾਤੀ ਠਰੇ ਜੋ ਪੁੱਤ ਦੀ ਮੈਂ ਮੰਗ ਪੂਰੀ ਕੀਤੀ ਹੈ, ਬੱਚਾ ਮੰਗ। ਮਹਾਂ ਸਿੰਘ ਨੇ ਇਸ ਵੇਲੇ ਕੰਬਦੇ ਹੱਥ ਕੱਠੇ ਕਰਕੇ ਜੋੜੇ ਤੇ ਕਿਹਾ ''ਟੁੱਟੀ ਗੰਢੋ''। ਸਤਿਗੁਰ ਨੇ ਕਿਹਾ ''ਕੁਛ ਆਪਣੇ ਲਈ ਮੰਗ''। ਮਹਾਂ ਸਿੰਘ ਨੇ ਕਿਹਾ: ''ਪੰਥ ਲਈ, ਵੀਰਾਂ ਲਈ, ਮੇਰੇ ਵਰਗੇ ਖ਼ਰੂਦੀ ਪੁੱਤਰਾਂ ਲਈ ਦਾਨ ਦੇਹੁ, ਦਾਨ ਦੇਹੁ, ਦਾਨ ਦੇਹੁ, ਟੁੱਟੀ ਗੰਢੋ, ਟੁੱਟੀ ਗੰਢੋ, ਟੁੱਟੀ ਗੰਢੋ।'' ਸਤਿਗੁਰ ਦੇ ਨੈਣ ਇਸ ਵੇਲੇ ਵਾਤ-ਸਲ ਰਸ ਤੇ ਸਿੱਖ ਦੇ ਸਿੱਖੀ ਪ੍ਰੇਮ ਨਾਲ ਉੱਛਲ ਆਏ। ਅਚਰਜ ਮਿਹਰਾਂ ਨਾਲ ਤੱਕ ਰਹੇ ਸਨ ਕਿ ਮਹਾਂ ਸਿੰਘ ਦੇ ਮਿਟਦੇ ਨੈਣ ਫੇਰ ਖੁਲ੍ਹੇ, ਫੇਰ ਬੋਲਿਆ: ''ਸਾਡਾ ਲਿਖਿਆ ਕਾਗਦ ਭੈੜਾ ਕਾਗਦ ਪਾੜ ਦਿਓ।'' ਸਤਿਗੁਰ ਨੇ ਉਹ ਕਾਗਜ਼ ਜੇਬੇ ਵਿਚੋਂ ਕੱਢਿਆ, ਮਹਾਂ ਸਿੰਘ ਨੂੰ ਦਿਖਾਇਆ, ਸਤਿਗੁਰ ਨੇ ਕਾਗਜ਼ ਫਾੜਿਆ, ਟੁਕੜੇ ਟੁਕੜੇ ਕੀਤਾ, ਟੁਕੜੇ ਹਵਾ ਵਿਚ ਉਡਾ ਦਿਤੇ। ਆਖਿਆ ''ਲੈ ਬੱਚਾ ਮਹਾਂ ਸਿੰਘ, ਟੁੱਟੀ ਗੰਢੀ ਗਈ।'' ਹਾਂ ਜੀ, ਮਹਾਂ ਸਿੰਘ ਨੇ ਦੇਖ ਲਿਆ, ਕਾਗਤ ਪਾਟ ਗਿਆ, ਟੁੱਟੀ ਗੰਢੀ ਗਈ ਤੇ ਸ੍ਰੀ ਮੁਖ ਤੋਂ ਵਾਕ ਹੋਇਆ:—

''ਜਾਹੁ ਮਹਾਂ ਸਿੰਘ ਜਹਿੰ ਮਮਲੋਕ। ਬਸਹੁ ਸਦਾ ਕਬ ਨਹਿੰ ਤਹਿੰ ਸ਼ੋਕ। ਦੇ ਕਰ ਪ੍ਰਾਨ ਕੀਨ ਉਪਕਾਰ। ਤਿਸਕੋ ਫਲ ਤੁਹ ਭਇਓ ਅਪਾਰ'' ॥ ੩੭ ॥ [ਗੁ: ਪ੍ਰ: ਸੂ: ਐ. ੧=੧੨

ਹੁਣ ਮਹਾਂ ਸਿੰਘ ਨੇ ਇਕ ਲੰਮਾ ਸੁਖ ਦਾ ਸਾਹ ਲਿਆ ਤੇ ਨੈਣ ਮੁੰਦ ਲਏ। ਠੰਢੇ ਠੰਢੇ ਨੈਣ ਅੰਦਰਲੀ ਠੰਢ ਨਾਲ ਸੀਤਲ ਹੋ ਗਏ, ਨੈਣ ਮਿਟ ਗਏ, ਸਦਾ ਲਈ ਮਿਟ ਗਏ, ਪਰ ਖੁੱਲ੍ਹ ਗਏ ਸਦਾ ਲਈ ਇਸ ਦੇਸ਼ ਦੇ ਦੂਸਰੇ ਪਾਸੇ।

—o—

ਸੂਚਨਾ—ਉਪਰ ਲਿਖੇ ਭਾਈ ਮਹਾਂ ਸਿੰਘ ਜੀ ਜਥੇਦਾਰ ਦੇ ਅੰਤਮ ਸਮੇਂ ਦਿਲ ਦਾ ਨਕਸ਼ਾ ਸਿੱਕ ਤੇ ਤਾਂਘ ਕਲਗੀਧਰ ਦੇ ਦਰਸ਼ਨ ਤੇ ਮੇਹਰਾਂ, ਅਗਲੀ ਕਵਿਤਾ ਵਿਚ ਕੁਛ ਅੰਕਿਤ ਹਨ:—

੯੨. ਭਾਈ ਮਹਾਂ ਸਿੰਘ*।

ਭਾਈ ਮਹਾਂ ਸਿੰਘ ਜੀ ਸਚੇ ਸ਼ਹੀਦ ਦੀ ਆਤਮਾ ਆਪਣੇ ਅੰਤਮ ਸੁਆਸਾਂ ਵੇਲੇ ਇਸ ਪ੍ਰਕਾਰ ਸੰਬਾਦ ਕਰਦੀ ਹੈ:—

ਆਤਮਾ (ਮਾਨੋ ਦੇਹ ਨੂੰ ਆਖਦੀ ਹੈ)—

ਹੋ ਜ਼ਿੰਦਗੀ ਦੀ ਕਾਰ ਚੁੱਕੀ, ਦੇਸ਼ ਨਿਜ ਹੁਣ ਚੱਲੀਏ !
ਦੇ ਆਗਿਆ ਹੁਣ ਦੇਹ ਪਜ਼ਾਰੀ, ਨਾਲ ਖੁਸ਼ੀਆਂ ਘੱਲੀਏ।
ਧੰਨ ਹੈਂ ਤੂੰ ਧੰਨ ਪਜ਼ਾਰੀ ! ਧੰਨ ਤੈਨੂੰ ਆਖੀਏ !

*ਇਹ ਕਵਿਤਾ 'ਸਾਨੂੰ ਗੁਰਪੁਰਬ ਕਰਨ ਜੇਗਾ ਕਿਸ ਨੇ ਰਖਿਆ' ਦੇ ਨਾਮ ਹੇਠ ੨੯ ਪੋਹ ਸੰ: ਗੁ: ਨਾ: ਸਾ: ੪੩੪ (੧੧ ਜਨਵਰੀ ੧੯੦੫) ਵਿਚ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਈ ਸੀ।

ਉਪਕਾਰ ਤੇਰੇ ਸਦਾ ਪਯਾਰੇ
ਰਿਦੇ ਅਪਣੇ ਰਾਖੀਏ ।
ਤੂੰ ਧੰਨ ਹੈਂ ਜਿਨ੍ਹ ਕ੍ਰਿਪਾ ਕੀਤੀ
ਮੈਂ ਜਿਹੇ ਇਕ ਨੀਚ ਤੇ ।
ਗੁਰ ਸੇਵ ਸੰਦਾ ਸਮਾਂ ਦਿੱਤਾ,
ਰੱਖਿਆ ਜਗ ਕੀਚ ਤੇ ।
ਹਾਂ ਸੇਵ ਕਲਗ਼ੀ ਵਾਲੜੇ ਦੀ-
ਦਾਸ ਕੋਲੋਂ ਸੁਹਣੀਏਂ !
ਲੈ, ਰੋਗ ਬੇਮੁਖ ਹੋਣ ਦਾ
ਹਈ ਕੱਟਿਆ ਮਨ ਮੋਹਣੀਏਂ !
ਹਾਂ ਵਾਰਨੇ ਮੈਂ ਤੁੱਧ ਦੇ,
ਤੂੰ ਸਫਲ ਗੁਰੂ ਸੁਆਰੀਏ !
ਹੁਣ ਦੇਹੁ ਛੁੱਟੀ ਚਲੀਏ,
ਹੈ ਵਾਟ ਲੰਮੀ ਪਯਾਰੀਏ !
ਹੈ ਆਗਿਆ ਹੁਣ ਪ੍ਰਭੂ ਜੀ ਦੀ,
ਪਹੁੰਚ ਪਈਏ ਘਰਾਂ ਨੂੰ,
ਹੈ ਸਿੱਕ ਦਰਸ਼ਨ ਪਿਤਾ ਦੀ,
ਉਡ ਚੱਲੀਏ ਲਾ ਪਰਾਂ ਨੂੰ ।

ਦੇਹ (ਮਾਨੋਂ ਉਤਰ ਦੇਂਦੀ ਹੈ)-
ਹੋ ਤੁਰੇ ਜਾਂਦੇ ਲਾਲ ਜੀ !
ਨਹੀਂ ਅਟਕ ਸਕਦੇ ਜ਼ਰਾ ਬੀ,
ਜੀ ਨਹੀਂ ਚਾਹੇ ਵਿਛੁੜਨਾਂ,
ਮੈਂ ਰੋਂਵਦੀ ਹਾਂ, ਕਰਾਂ ਕੀ ?
ਚਲ ਸਕਾਂ ਨਾਹੀਂ ਨਾਲ ਮੈਂ,
ਹਾਂ ਨੀਚ ਮਿੱਟੀ ਅੰਧ ਮੈਂ;
ਛਡ ਸਕਾਂ ਨਾਹੀਂ ਸੰਗ ਸੁਹਣਾ,
ਖਾਂਵਦੀ ਹਾਂ ਰੰਜ ਮੈਂ ।
ਹੋ ਤੁਸੀਂ ਆਤਮ ਰੂਪ ਜੀ,
ਨਿਤ ਸਦਾ ਹੀ ਅਵਿਨਾਸ਼ ਹੋ !
ਮੈਂ ਨਾਸ਼ਵੰਤੀ ਬਿਨਸਦੀ,
ਵਿਗੜਾਂ ਕਦੀ ਮੈਂ ਰਾਸ ਹੋ ।
ਵਿਛੜਨਾਂ ਮੈਂ ਨਾਂ ਚਹਾਂ,
ਮੈਂ ਆਪਦੇ ਬਿਨ ਮਾਸ ਹਾਂ,
ਬੁਰਜੀਤ ਹਾਂ ਮੈਂ ਨਾਲ ਲੱਗੀ,
ਵਿੱਛੁੜੀ ਮੈਂ ਨਾਸ਼ ਹਾਂ ।

ਆਤਮਾ-
ਤੂੰ ਸਫਲ ਹੋਈ ਸਫਲ ਹੋਈ,
ਨਹੀਂ ਛੁੱਟੜ ਪਯਾਰੀਏ !
ਹੁਕਮ ਹੈ ਗੁਰ ਰੱਬ ਦਾ ਏ,
ਕਿਵੇਂ ਇਸ ਨੂੰ ਟਾਰੀਏ ?
ਹਾਂ, ਟਾਰੀਏ ਨਾਂ ਧਾਰੀਏ ਏ,
ਧਾਰਕੇ ਉਠ ਚੱਲੀਏ ।
ਹੁਣ ਛੱਡ ਛੇਤੀ ਚੱਲੀਏ,
ਤੇ ਜਾਇ ਪੱਤਣ ਮੱਲੀਏ ।
ਦੇ ਆਗਿਆ ਹੁਣ ਚੱਲੀਏ,
ਹੁਣ ਚੱਲੀਏ; ਹੁਣ ਚੱਲੀਏ,
ਹੁਣ ਰਹਿਣ ਨਾਹੀਂ ਬਣੇ ਸਾਨੂੰ,
ਚੱਲੀਏ, ਹੁਣ ਚੱਲੀਏ ।

ਦੇਹ-
ਇਕ ਸੋਚ ਸੋਚੋ ਲਾਲ ਜੀ !
ਹੈ ਕੌਮ ਟੁੱਟੀ ਗੁਰਾਂ ਤੋਂ,
ਇਉਂ ਛੱਡ ਟੁੱਟੀ ਤੁਰੇ ਜਾਂਦੇ,
ਚਹੁੰ ਸੱਦਾਂ ਧੁਰਾ ਤੋਂ*
ਹੈ ਤੁਸਾਂ ਸੇਵਾ ਸਿਰੇ ਚਾੜ੍ਹੀ,
ਆਪ ਸਨਮੁਖ ਚਲੇ ਹੋ,
ਪਰ ਬੇਮੁਖਾਈ ਹੈ ਲਿਖੀ ਸੋ
ਤੁਰਨ ਨੂੰ ਕਿਉਂ ਖਲੇ ਹੋ ?
ਹੁਣ ਤੁਰ ਚਲੇ ਹੋ ਆਪ ਪਯਾਰੇ
ਕੌਮ ਡੁੱਬੀ ਰਹੀ ਹੈ,
ਹੈ ਧੰਨ ਸਿੱਖੀ ਆਪ ਦੀ ਕੀ
ਸਫਲ ਸਿੱਖੀ ਇਹੀ ਹੈ ?

ਆਤਮਾ-
ਹਾਂ ਸੱਚ ਹੈ, ਏ ਸੱਚ ਪਯਾਰੀ,
ਦੁਖ ਕਲੇਜੇ ਰਿਹਾ ਹੈ:-
ਮੈਂ ਆਪ ਉਠ ਹਾਂ ਚੱਲਿਆ ਤੇ
ਪੰਥ ਟੁੱਟਾ ਰਿਹਾ ਹੈ !
ਹਾਂ, ਧੰਨ ਹੈਂ ਤੂੰ ਦੇਹਿ ਮੇਰੀ,
ਧੰਨ ਤੇਰੀ ਸਿੱਖਿਆ,
ਜੇ ਗੁਰੂ ਆ ਹੁਣ ਬਾਹੁੜੇ
ਤਾਂ ਪਾਠ ਜਾਵੇ ਲਿੱਖਿਆ ।

(ਵਾਹਿਗੁਰੂ ਵਲ ਧਿਆਨ ਕਰਕੇ)-
ਹਾਂ ਪ੍ਰਭੂ ਪਯਾਰੇ ਸੁਣੀਂ ਬਿਨਤੀ
ਮੌਤ ਰੋਕੀਂ ਪਯਾਰਿਆ !

*ਚਾਹੇ ਤੈਨੂੰ ਸੱਦਾ ਧੁਰਾਂ ਦਾ ਆਗਿਆ ਹੈ ।

ਹਾਂ ਭੇਜ ਕਲਗੀ ਵਾਲੜਾ ਤੂੰ
ਭੇਜ ਲਾਲ ਦੁਲਾਰਿਆ !

(ਗੁਰੂ ਦਾ ਧਿਆਨ ਧਰ ਕੇ)-
ਦੇਹ ਦਰਸ ਕਲਗੀ ਵਾਲਿਆ!ਆ
ਬਹੁੜ ਵੇਲੇ ਅੰਤ ਦੇ,
ਹੁਣ ਢਿੱਲ ਦਾ ਕੁਛ ਸ਼ਮਾ ਨਾ,
ਆ ਵਾਸਤੇ ਭਗਵੰਤ ਦੇ ।
ਹਾਂ ਚੱਲਿਆ ਹਾਂ, ਬਹੁੜ ਸਤਿਗੁਰ
ਬਹੁੜ ਕਲਗ਼ੀ ਵਾਲਿਆ !
ਤੂੰ ਆਸ ਪੂਰੀਂ ਆਪ ਆ ਕੇ
ਆਉ ਫੌਜਾਂ ਵਾਲਿਆ !
ਆ ਕਰੀਂ ਔਕੜ ਦੂਰ ਮੇਰੀ,
ਸਨਮੁਖੇ ਆ ਕਰ ਲਈਂ,
ਤੇ ਮੇਲ ਲੈਣੀ ਟੁੱਟ ਚੁੱਕੀ,
ਭੁੱਲ ਸਾਡੀ ਹਰ ਲਈਂ ।

(ਅਪਣੇ ਆਪ ਨਾਲ)-
ਹਾ ! ਜਿੰਦ ਨਾ ਹੈ ਤੁਰੇ ਮੇਰੀ
ਹੁਕਮ ਨੂੰ ਹੈ ਟਾਲਦੀ ।
ਜੇ ਹੁਕਮ ਮੰਨੇ, ਕਾਰ ਸਿੱਖੀ
ਇਸ ਸਮੇਂ ਨਹੀਂ ਪਾਲਦੀ ।
ਮੈਂ ਤੁਰਾਂ?ਰਹਾਂ ਉਡੀਕ ਕਰਦਾ ?
ਫਸ ਗਿਆ ਦੋਚੋਂਡ ਹਾਂ ।
ਤੇ ਝੁਕਾਂ ਜੇਕਰ ਇੱਕ ਪਾਸੇ,
ਦੂਜਿਓਂ ਫਿਰ ਚੋਂਡ ਹਾਂ ।

(ਫਿਰ ਗੁਰੂ ਧਿਆਨ ਵਿਚ)-
ਏ ਤਿਲ ਨ ਵਧਣੀ ਉਮਰਹੈ,ਇਸ
ਸਮੇਂ ਸਿਰ ਟੁਟ ਜਾਵਣਾ,
ਉਸ ਸਮੇਂ ਨਾਲੋਂ ਰਤਾ ਪਹਿਲੇ,
ਪਯਾਰਿਆ ਤੂੰ ਆਵਣਾ ।
ਹਾਂ ਸੁਰਖਰੋਈ ਸਿੱਖ ਦੀ ਤਦ
ਹੋਇ ਕਲਗ਼ੀ ਵਾਲਿਆ !
ਤੇ ਵੀਰ ਮਰਿਆਂ ਸਾਰਿਆਂ ਦੀ,
-ਬਚ ਜਿਨ੍ਹਾਂ ਨੇ ਪਾਲਿਆ-।
ਸੰਦੇਸ 'ਟੁੱਟੀ ਗੰਢ ਦੇਵਾਂ'
ਸੁਣ ਲਈਂ ਰਖਵਾਲਿਆ !
ਕਰ ਦਯਾ ਆਵੀਂ ਗੁਰੂ ਪਯਾਰੇ,
ਬਹੁੜ ਬਹੁੜਨ ਵਾਲਿਆ ।

ਇਸ ਫਿਕਰ ਦੇਵਿਚ ਸਿੱਖਸੀਗਾ,
ਪਿਆ ਘਾਇਲ ਸੋਚਦਾ,
ਹੈ ਪੀੜ ਅਪਣੀ ਚਿੱਤ ਨਾਹੀਂ,
ਪੰਥ ਮੇਲਣ ਲੋਚਦਾ;
ਹੈ ਜਾਨ ਟੂਟਦੀ ਕੁੜਕ ਮੁੜਦੀ
ਸਿੱਖ ਨੂੰ ਪਰਵਾਹ ਨਾ,
'ਏ ਕਿਵੇਂ ਸਿੱਖੀ ਜਾਇ ਬਖਸ਼ੀ'
ਰੜਕਦੀ ਏ ਚਾਹਿਨਾ ।
'ਮੈਂ ਮੇਲ ਜਾਵਾਂ ਕੌਮ ਟੁੱਟੀ
ਆਪ ਪਹਿਲੇ ਮਰਨ ਤੋਂ'
'ਏ ਰਹੇ ਨਾਹੀਂ ਵਿੱਛੁੜੀ
ਗੁਰੂ ਸੰਦੀ ਸ਼ਰਨ ਤੋਂ।'
ਹੈ ਬਿਨੈ ਕਰਦਾ ਗੁਰੂ ਅੱਗੇ,
ਪਿਆ ਧਰ ਸਿਰ ਮੂਧ ਹੈ;
ਹੈ ਲਹੂ ਵਗਦਾ ਫੱਟ ਚੀਸ਼ਣ
ਪਰ ਨ ਇਸ ਦੀ ਸੂਧ ਹੈ।
ਹਾਂ, ਸੂਧ ਹੈ ਇਸ ਸਿੱਕ ਵਾਲੀ
ਦਰਸ ਗੁਰ ਦਾ ਪਾ ਲਵਾਂ,
ਤੇ ਚਰਨ ਪਕੜਾਂ ਗੁਰੂ ਜੀ ਦੇ,
ਪੰਥ ਨੂੰ ਬਖਸ਼ਾ ਲਵਾਂ ।
ਉਹ ਪੰਥ ਪਾਲਿਕ ਗੁਰੂ ਪਧਾਰੇ,
ਪਧਾਰ ਕਰਦੇ ਸਾਰਿਆਂ,
ਹਾਂ, ਪਧਾਰਦੇ ਹਰ ਸਿੱਖ ਨੂੰ, ਜੋ
ਗਿਆ ਸੀਗਾ ਮਾਰਿਆ,
ਆ ਸਹਿਕਦੇ ਦੇ ਪਾਸ ਬੈਠਣ
ਲਹੂ ਪੂੰਝਣ ਚਿਹਰਿਓਂ,
ਤੇ ਗਰਦ ਝਾੜਨ ਆਪ ਹੱਥੀਂ,
ਧੰਨ ਤੇਰੀ ਮਿਹਰ ਓ !
ਹੁਣ ਗੋਦ ਅਪਣੀ ਸਿੱਖ ਦਾ ਸਿਰ
ਆਪ ਚਾ ਕੇ ਰੱਖਿਆ,
ਫਿਰ ਪਧਾਰ ਦੇਕੇ ਨੈਣ ਖੋਲ੍ਹੇ,
ਬਿਰਦ ਅਪਣਾ ਲੱਖਿਆ।
ਫਿਰ ਨੀਰ ਚੋਇਆ ਤ੍ਰਾਣ ਦਿੱਤਾ
ਪਧਾਰ ਦੇ ਸੁਰਜੀਤਿਆ,
ਤੇ ਅੰਤ ਛਿਨ ਦੀ ਲਾਲਸਾ ਨੂੰ
ਆਪ ਪੂਰਾ ਕੀਤਿਆ ।
ਸਿਖ ਨੈਣ ਖੁਲ੍ਹੇ ਦੇਖਦੇ ਹਨ:—
ਸਿੱਕ ਪੂਰੀ ਗਈ ਹੈ,
ਜੋ ਚਿੱਤ ਵਿਚ ਮੈਂ ਚਿਤਵਦਾ ਸਾਂ
ਚਿਤਵਨੀ ਉਹ ਲਈ ਹੈ ।
ਹੈ ਅੱਖ ਦੇ ਤਿਲ ਵਿਚ ਗੁਰ ਦਾ
ਰੂਪ ਹੁਣ ਪਰਕਾਸ਼ਦਾ,
ਹੈ ਮਿਹਰ ਦਾ ਝਲਕਾਰ ਪੈਂਦਾ,
ਪ੍ਰੇਮ ਰੰਗ ਵਿਗਾਸਦਾ ।
ਗੁਰਹੋਇਬਿਹਬਲ ਕਹਿਣ'ਪਧਾਰੇ
ਮੰਗ ਜੋ ਤੂੰ ਚਾਹਿ ਹੈ।
''ਜੋ ਚਾਹਿੰਗਾ ਸੋ ਪਾਇੰਗਾ, ਘਰ
ਮੇਂਡੜੇ ਨਹੀਂ ਨਾਂਹਿ ਹੈ'' ।
ਉਸ ਧੰਨ ਮੁਖ ਸਿੱਖ ਧੰਨ ਤਾਂ
ਬਲਿਹਾਰ ਹੋਵੇ ਖਾਲਸਾ !
ਓ ਬੁੱਲ੍ਹ ਖੁੱਲ੍ਹੇ ਅੰਤ ਦੇ, ਓ
ਬੋਲਦੇ ਕੀ ਖਾਲਸਾ !
ਓ ਆਖਦੇ ਕੀ ਬੁੱਲ੍ਹ ਪਾਵਨ,
ਬੋਲਦੇ ਕੀ ਬੈਨ ਹੈ ?
ਉਸ ਬੋਲਣੇ ਦਾ ਖਾਲਸਾ ਜੀ
ਅੱਜ ਤੁਹਾਨੂੰ ਚੈਨ ਹੈ ।
ਓ ਬੁੱਲ੍ਹ ਮਿਟਣੇ ਪਹਿਲਿਓਂ
ਕੀ ਬੋਲਦੇ ਹਨ ਸੋਹਿਣਾ ?
ਉਹ ਬੋਲਣਾ ਸੀ ਅੰਤ ਦਾ, ਅਤਿ
ਪਧਾਰ ਦਾ ਮਨ ਮੋਹਿਣਾ !
ਦੋ ਹੱਥ ਨਿਰਬਲ ਨਾਲ ਜੁੜਦੇ,
ਅੱਖੀਆਂ ਵਿਰਲਾਪ ਕੇ,
ਏ ਮਧੁਰ ਬੋਲੀ ਬੋਲਦੇ, ਤੇ
ਰਾਗ ਮੇਲ ਅਲਾਪ ਕੇ।
ਏ ਬਿਨੈ ਆਖਣ ਗੁਰੂ ਅੱਗੇ,
ਵਾਜ ਸੁਣੀਂ ਨ ਜਾਂਵਦੀ ।
ਤੇ ਕੰਨ ਨੀਵੇਂ ਗੁਰੂ ਕਰਦੇ,
ਵਾਜ ਕੀ ਹੈ ਆਂਵਦੀ:—
''ਇਸ ਟੁੱਟੜੀ ਨੂੰ ਮੇਲ ਲੈਵੋ,
ਗੰਢ ਲੈਵੋ ਵਿੱਛੁੜੀ ।
'' 'ਬੇਦਾਵਿ ਪੱਤਰ' ਪਾੜ ਸੁੱਟੋ;
ਕੱਜ ਲੈਵੋ ਉੱਛੜੀ''।
ਏ ਨਰਮ ਧੀਮੀਂ ਵਾਜ ਸੀਗੀ,
ਮਲੂਮ ਮੇਲਣ ਵਾਲੜੀ ।
ਏ ਪ੍ਰੇਮ ਦੀ ਸੀ ਰਾਗਣੀ, ਸਭ
ਪਾੜ ਮੇਲਣ ਵਾਲੜੀ ।
ਓ ਗੁਰੂ-ਹਿਰਦਾ ਪ੍ਰੇਮ ਵਾਲਾ,
ਦੇਖ ਸਿੱਖੀ ਪਧਾਰ ਨੂੰ,
ਓ ਦੂਰ ਗਿਆ ਹਦ ਲੰਘਕੇ,ਪਿਖ
ਸਿੱਖ ਦੀ ਇਸ ਕਾਰ ਨੂੰ ।
ਝਟ ਕੱਢ ਕਾਗਤ ਖੀਸਿਓਂ,ਦਿਖ-
ਲਾਇ ਪਧਾਰੇ ਸਿੱਖ ਨੂੰ ।
ਓ ਪਾੜ ਦਿੱਤਾ ਉਸੀ ਵੇਲੇ,
ਠੰਢ ਪਾਈ ਸਿੱਖ ਨੂੰ ।
ਫਿਰ ਲਾਇ ਛਾਤੀਨਾਲ ਸਿਰਨੂੰ,
ਗੁਰੂ ਉਸ ਨੂੰ ਆਖਦੇ—
''ਤੈਂ ਲਈ ਸਿੱਖੀ ਵਾਸਤੇ, ਕੁਛ
ਮੰਗ ਆਪਣੇ ਵਾਸਤੇ ।''
ਓ ਮੰਗਦਾ ਕੀ ? ਆਪ ਸੀ ਓ
ਗੁਰੂ ਦਾ ਤੇ ਗੁਰੂ ਨੂੰ
ਉਨ ਸੌਂਪ ਦਿੱਤਾ ਸੀਗ ਆਪਾ,
ਗੁਰੂ ਆਸਾ ਪੂਰੂ ਨੂੰ।
ਓ ਆਖਦਾ ''ਹੇ ਗੁਰੂ ਦੇਵੋ,
ਦਾਨ ਮੈਨੂੰ ਅੰਤ ਨੂੰ,
''ਹਾਂ ਮੇਲ ਲੈਵੋ, ਮੇਲ ਲੈਵੋ,
ਬਖਸ਼ ਲੈਵੋ ਪੰਥ ਨੂੰ ।''
ਗੁਰੂ ਜੀ—
''ਤੂੰ ਮੇਲ ਲੀਤੀ ਸਿਖ ਪਧਾਰੇ !
ਵਿੱਥ ਰਹੀ ਨਾ ਰਤਾ ਹੈ,
''ਏ ਧੰਨ ਸਿੱਖੀ, ਧੰਨ ਸਿੱਖੀ,
ਧੰਨ ਸਿੱਖੀ ਮਤਾ ਹੈ !
''ਤੂੰ ਜਾਉ ਸੋਖਾ ਪਾਇ ਵਾਸਾ
ਵਿੱਚ ਖਾਸ ਸਰੂਪ ਦੇ,
''ਸਚਖੰਡ ਵਾਸੀ ਹੋਹੁ ਪਧਾਰੇ
ਦਰਸ ਕਰ ਪ੍ਰਭ ਰੂਪ ਦੇ ।
''ਤੂੰ ਮੇਲ ਤੁੱਟਾਂ ਨੂੰ ਲਿਆ ਤੂੰ
ਆਪ ਮਿਲਿਓਂ ਕੰਤ ਨੂੰ'' ।
''ਹਾਂਸਦਾਮਿਲਿਓ ਸਦਾਮਿਲਿਓ
ਸਦਾ ਓਸ ਅਨੰਤ ਨੂੰ ।''
ਫਿਰ''ਧੰਨ ਸਤਿਗੁਰ''ਸਿੱਖ ਆਖੇ
ਮੀਟਿਆ ਮੁਖ ਗਿਆ ਸੀ ।

ਓ ਨੈਣ ਮੀਟੇ ਗਏ ਸੇ, ਜੁਟ ਹੱਥ ਦਾ ਖੁੱਲ ਪਿਆ ਸੀ।
ਓ ਸਿੱਖ ਪੂਰਾ ਹੋ ਗਿਆ, ਗੁਰ ਗੋਦ ਪਧਾਰਾ ਵੱਸਿਆ,
ਦਰਬਾਰ ਉੱਜਲ ਮੁੱਖੜਾ ਲੈ, ਜਾ ਸਰੂਪੇ ਵੱਸਿਆ।

ਮਹਾਂ ਸਿੰਘ ਜੀ ਦੇ ਚਲਾਣੇ ਮਗਰੋਂ ਸਾਰੇ ਸਿਖਾਂ ਦੀ ਦੇਖ ਭਾਲ ਹੋ ਗਈ, ਸਾਰਿਆਂ ਨੂੰ ਪਿਆਰ ਤੇ ਵਰਦਾਨ ਮਿਲੇ, ਇਕ ਇਕ ਦੀ ਸੰਭਾਲ ਸੂਰੇ ਸਤਿਗੁਰ ਨੇ ਕੀਤੀ। ਜਿਤਨੇ ਸ਼ਹੀਦ ਹੋਏ ਸੇ ਸਾਰਿਆਂ ਦਾ ਇਕ ਅੰਗੀਠਾ ਤਿਆਰ ਕੀਤਾ ਗਿਆ ਤੇ ਸਤਿਗੁਰ ਨੇ ਅਸੀਸ ਦੇ ਕੇ ਪਿਆਰੇ ਪੁੱਤਾਂ ਦੇ ਸਰੀਰ ਸਫਲ ਕੀਤੇ। ਜਿਸ ਵੇਲੇ ਅੰਗੀਠਾ ਬਲ ਰਿਹਾ ਸੀ, ਆਪ ਨੇ ਹੁਕਮ ਦਿੱਤਾ:—

ਏਹ ਮੁਕਤ ਹੋਏ ਮੁਕਤੇ, ਇਹ ਤਾਲ ਹੁਣ ਖਿਦਰਾਣਾ ਨਹੀਂ, ਮੁਕਤਸਰ ਹੈ।

ਮੁਕਤਿਆਂ ਦੀ ਯਾਦਗਾਰ ਰਹੇਗੀ, ਸ਼ਹੀਦ ਗੰਜ ਰਹੇਗਾ, ਨਗਰੀ ਵੱਸੇਗੀ, ਸਰੋਵਰ ਲਹਿ ਲਹਿ ਕਰੇਗਾ। ਅੰਨ ਧਨ ਬਹੁਤੇ ਹੋਣਗੇ*।

ਇਸ ਵੇਲੇ ਇਕ ਸਿਖ ਨੇ ਆਕੇ ਆਖਿਆ: "ਸੱਚੇ ਪਾਤਸ਼ਾਹ! ਇਕ ਝੰਗੀ ਲਾਗੇ ਇਕ ਮਾਈ ਦਾ ਸ਼ਰੀਰ ਹੈ, ਮਰੀ ਨਹੀਂ ਜਾਪਦੀ, ਤੁਰਕਾਂ ਨਾਲ ਲੜੀ ਹੈ ਤੇ ਘਾਇਲ ਜਾਪਦੀ ਹੈ"। ਸੁਣਕੇ ਗੁਰੂਜੀ ਮੁਸਕ੍ਰਾਏ ਤੇ ਉਧਰ ਗਏ। ਅਗੇ ਮਾਈ ਢੱਠੀ ਪਈ ਬੇਸੁਧ ਸੀ, ਪਾਸ ਉਹ ਤੁਰਕ ਦੇਹ ਭੀ ਪਈ ਸੀ, ਜਿਸਨੂੰ ਮਾਈ ਨੇ ਸਾਂਗ ਨਾਲ ਪਰੋ ਕੇ ਸੁਟਿਆ ਸੀ। ਪਾਸ ਉਹ ਲੋਥ ਭੀ ਪਈ ਸੀ, ਜਿਸ ਨੂੰ ਵਾਰ ਕਰਦਿਆਂ ਟਿੱਬੀ ਤੋਂ ਆਏ ਆਪ ਦੇ ਤੀਰ ਨੇ ਪ੍ਰੇ ਸੁਟਿਆ ਸੀ। ਪਾਸ ਆਕੇ ਸਤਿਗੁਰਾਂ ਕ੍ਰਿਪਾ ਦ੍ਰਿਸ਼ਟੀ ਨਾਲ ਡਿੱਠਾ, ਅਸੀਸ ਦਿਤੀ, ਹੋਸ਼ ਪਰਤ ਪਈ, ਮਾਈ ਉੱਠ ਖੜੀ ਹੋਈ। ਮਾਈ ਨੂੰ ਜ਼ਖਮ ਮਾਮੂਲੀ ਸਨ, ਸਦਮਾ ਖਾਕੇ ਬੇਸੁੱਧ ਪਈ ਸੀ। ਸਾਵਧਾਨ ਹੋਕੇ ਸਤਿਗੁਰਾਂ ਦੇ ਨਾਲ ਅੰਗੀਠੇ ਪਾਸ ਆਈ। ਉਸਦੇ ਘਾਵ ਬੱਧੇ ਗਏ, ਜਲ ਪਿਲਾਇਆ ਗਿਆ। ਜੰਗ ਦਾ ਸਾਰਾ ਵਿਰਤੰਤ ਮਾਈ ਨੇ ਸਤਿਗੁਰਾਂ ਨੂੰ ਆਪ ਦੱਸਿਆ ਕਿ ਆਪ ਦੇ ਚਲੇ ਜਾਣ ਮਗਰੋਂ ਕੀਕੂੰ ਗੁਰਮਤਾ ਹੋਇਆ? ਕੀਕੂੰ ਸਿੰਘ ਨਿੱਤਰੇ ਤੇ ਕੀਕੂੰ ਅਜਿੱਤ ਬਹਾਦਰੀ ਨਾਲ ਕੱਟ ਕੱਟਕੇ ਮਰੇ? ਸੁਣਕੇ ਸਤਿਗੁਰ ਜੀ ਦੇ ਨੈਣ ਕਈ ਵੇਰ ਪਿਆਰ ਨਾਲ ਭਰ ਭਰ ਕੇ ਆਏ ਤੇ ਅਸੀਸਾਂ ਦਿੰਦੇ ਰਹੇ। ਅੰਤ ਗੁਰੂ ਜੀ ਨੇ ਭਾਗੋ ਨੂੰ ਮਹਾਂ ਸਿੰਘ ਦੀ ਅੰਤਲੀ ਕਰਨੀ ਸੁਣਾਈ। ਭਾਗੋ ਦੀ ਬਹਾਦਰੀ ਤੇ ਕਰਨੀ ਉਤੇ ਗੁਰੂ ਜੀ ਨੇ ਵਰ ਦਿਤੇ ਤੇ ਸੰਗਤ ਵਿਚ ਮਹਿਮਾਂ ਹੋਈ!

ਸੂਚਨਾ—ਮਾਈ ਭਾਗੋ ਦੀ ਕਰਨੀ ਤ ਉਚਤਾ ਦਾ ਕੁਛ ਨਕਸ਼ਾ ਅਗਲੀ ਕਵਿਤਾ ਵਿਚ ਅੰਕਿਤ ਹੈ:—

੮੩. ਮਾਈ ਭਾਗੋ†।

ਦੁਨੀਆਂ ਦੀ ਉੱਗਲ ਤੋਂ ਉੱਚਾ ਦਾਗ਼ ਦੇਖ ਤੋਂ ਖਾਲੀ। ਤੇਰਾ ਤੰਬੂ ਨਿੱਕਾ ਜੇਹਾ, ਦੇਂਦਾ ਪਿਆ ਦਿਖਾਲੀ। ਨਿੰਦਾ ਦੀ ਨਹੀਂ ਪਹੁੰਚ ਓਸ ਥਾਂ ਜਿਸ ਟਿੱਬੀ ਤੈਂ ਡੇਰਾ, ਕੁਈ ਉਲਾਮ੍ਹਾਂ ਉੱਡ ਨ ਪਹੁੰਚੇ, ਉੱਚ ਟਿਕਾਣਾ ਤੇਰਾ। ਤੂੰ ਲੰਮੀ ਉੱਚੀ ਤੇ ਭਰਵੀਂ ਸੂਰਤ ਰੰਗ ਮਲਾਲੀ, ਤਰਸਾਂ ਵਾਲੀ ਪਰ ਭੈ ਨਾਹੀਂ, ਚੜ੍ਹੀ ਸੱਚ ਦੀ ਲਾਲੀ। ਸੱਚ ਉਭਰੇਂਦਾ ਸੀਨੇ ਤੇਰੇ, ਚਿਹਰੇ ਸਿਦਕ ਚੜ੍ਹੇਂਦਾ; ਤੋੜ ਨਿਭਾਵਣ ਵਾਲਾ ਖੇੜਾ ਲੂੰ ਲੂੰ ਵਿੱਚ ਵਸੇਂਦਾ। ਸੱਜੇ ਖੱਬੇ ਤੱਕੇਂ ਨਾਹੀਂ, ਪਿੱਛੇ ਮੁੜ ਨਾ ਦੇਖੇਂ, ਅੱਗੇ ਤਾਂਘ ਅਰੋੜੇ ਰੱਖੇਂ, ਅੱਗਾ ਅੱਗਾ ਵੇਖੇਂ। "ਸੱਚ" "ਸਿਦਕ" ਦੋ ਤਾਰੇ ਤੇਰੀ ਅਖੀਂ ਅਰਸ਼ੋਂ ਆਏ, ਨਜ਼ਰ ਉਚੇਰੀ ਅਰਸ਼ਾਂ ਵੰਨੇ, ਪੱਕੀ ਗਏ ਟਿਕਾਏ। ਟਕ ਬੰਨ੍ਹੀਂ ਦੋਹਾਂ ਤੇ ਤੂੰ ਹੈਂ, ਵਧਦੀ ਵਧਦੀ ਜਾਏਂ, ਇੱਕੋ ਸਾਂਗ ਹੱਥ ਦੀ ਤੇਰੀ ਦੁਨੀਆਂ ਰਾਹ ਦਿਖਾਏ। ਭਾਗੋ! ਤੂੰ ਭਾਗਾਂ ਹੈਂ

*ਛੀਰੇਸ਼ਪੁਰ ਦੇ ਜ਼ਿਲੇ ਵਿਚ ਇਹ ਟਿਕਾਣਾ ਹੁਣ 'ਮੁਕਤਸਰ' ਨਾਮੇ ਹੈ। ਨਗਰੀ, ਮੰਦਰ, ਸਰ ਸਭੋ ਕੁਛ ਹੁਣ ਵਿਦਮਾਨ ਹੈ ਤੇ ਦੋਸ਼ ਧਨ ਉਪਜਾਊ ਹੋ ਗਿਆ ਹੈ।

†ਇਹ ਪਸੰਗ ੜ ਪੋਹ ਸੰ: ਗੁ: ਨਾ: ਸਾ: ੪੪੯ (੧੭ ਦਸੰਬਰ ੧੯੧੪) ਨੂੰ ਗੁਰਪੁਰਬ ਸਪਤਮੀ ਦੇ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਿਆ ਸੀ।

ਵਾਲੀ, ਬਡੇ ਭਾਗ ਹਨ ਤੇਰੇ। ਭਾਗ ਗਏ ਤੋਂ ਪਾਸੋਂ ਪਾਪੀ ਪੰਜ ਦੂਤ ਚਕ ਡੇਰੇ। ਨਿਤਰੀ ਤੂੰ, ਨਿੱਤਰ ਵਿਚ ਥਲ ਦੇ ਸੱਚੀ ਸਾਂਗ ਘੁਕਾਈ, ਡੁੱਬੇ ਤਰੇ, ਨਿੱਤਰੇ ਵੀਰਨ ਤਿੱਖੀ ਤੇਗ ਚਲਾਈ। ਤੇਰੇ ਸਿਦਕ-ਸਿਤਾਰੇ ਬੀਰਾ ! ਕਿੰਨੇ ਰਾਹ ਲਗਾਏ, ਸੱਚੇ ਯਗ, ਸਿਦਕਾਂ ਯਗਵੇਦੀ, ਹਸ ਹਸ ਹੋਮ ਕਰਾਏ।

ਤੂੰ ਚਾਨਣ, ਸਾਗਰ ਘਰ ਚਾਨਣ, ਬੜਿਆਂ ਰਾਹ ਦਿਖਾਏਂ, ਤੈਂ ਵਲ ਤੱਕ ਬਚੇ ਕਈ ਬੇਹਿਥ, ਰਸਤੇ ਜਿਨਾਂ ਖੁੰਝਾਏ। ਤੂੰ ਮੀਨਾਰ, ਮੁਨਾਰਾ ਚਾਨਣ, ਤੂੰ ਪਾਂਧੀਆਂ ਦਾ ਤਾਰਾ, ਅੱਚੁਤ* ਸਦਾ ਨਿਰੋਲ ਲਿਸ਼ਕਦਾ ਤੇਰਾ ਹੈ ਚਮਕਾਰਾ।

—o—

ਸੂਚਨਾ—ਮੁਕਤਿਆਂ ਦਾ ਅੰਤਮ ਸੰਸਕਾਰ ਕਰਕੇ† ਸਤਿਗੁਰੂ ਜੀ ਅੱਗੇ ਕੂਚ ਕਰ ਗਏ। ਫਿਰ ਨਾਰੇ ਦੀ ਸਰਾਇ ਕੁਛ ਅਰਾਮ ਕਰਕੇ ਨੌਬੋਹੇ ਪਿੰਡ ਜਾ ਠਹਿਰੇ। ਜਿੱਥੋਂ ਦੇ ਹਰੀ ਕੇ ਗੋਤ ਦੇ ਜੱਟਾਂ ਨੇ ਸਰਦਾਰੀ ਦੇ ਘੁਮੰਡ ਵਿਚ ਚੰਗੀ ਸੇਵਾ ਨਾ ਕੀਤੀ ਪਰ ਡੋਗਰਾਂ ਨੇ ਰਾਤ ਪਹਿਰਾ ਚੰਗੀ ਤਰ੍ਹਾਂ ਦਿੱਤਾ, ਇਸ ਪਰ ਖੁਸ਼ ਹੋਕੇ ਡੋਗਰਾਂ ਨੂੰ ਜ਼ਿਮੀਆਂ ਦੇ ਮਾਲਕ ਹੋਣ ਦਾ ਵਰ ਦੇਕੇ ਗੁਰੂ ਜੀ ਅੱਗੇ ਟੁਰੇ ਤੇ ਰਾਤ ਵਜੀਦ ਪੁਰ‡ ਜਾ ਰਹੇ। ਦੂਏ ਦਿਨ ਸੈਂਕੜਿਆਂ ਨੇ ਅੰਮ੍ਰਿਤ ਛਕਿਆ। ਏਥੋਂ ਫੇਰ ਮੜੇ ਤੇ ਜਿਸ ਥਾਂ ਨੂੰ ਪਵਿੱਤ੍ਰ ਕਹਿਕੇ ਮੁਕਤਸਰ ਨਾਮ ਦੇ ਆਏ ਸੇ ਓਥੇ ਜਾ ਅੱਪੜੇ। ਪਿਆਰੇ ਮੁਕਤਿਆਂ ਦੇ ਦੁਸਹਿਰੇ ਦਾ ਅਰਦਾਸਾ ਸੋਧਿਆ ਤੇ ਦਾਹ ਦਾ ਟਿਕਾਣਾ ਬਣਾਇਆ। ਏਥੋਂ ਤ੍ਰੈ ਕੋਹ ਤੇ ਤੁਪਾਣੇ ਪਿੰਡ ਦੱਖਣ ਰੁਖ ਜਾ ਠਹਿਰੇ। ਭੁੰਦੜ ਪਿੰਡ ਹੋਏ ਦੁਪਹਿਰ ਜੰਗਲ ਵਿਚ ਆ ਟਿਕੇ, ਜਿੱਥੇ ਹੁਣ ਗੁਰੂ ਸਰ ਹੈ। ਇਥੋਂ ਬੇਹੜੀ ਜਾ ਰਾਤ ਰਹੇ। ਸਭ ਥਾਈਂ ਕਈ ਕੌਤਕ ਵਰਤੇ, ਜੀਅਦਾਨ ਹੋਏ। ਬੇਹੜੀ ਤੋਂ ਹਰੀਕੇ, ਹਰੀਕੇ ਤੋਂ ਕਾਲ ਝਿਰਾਣੀ ਜਾ ਠਹਿਰੇ। ਮਾਲੂਮ ਹੁੰਦਾ ਹੈ ਕਿ ਮੁੜਕੇ ਮੁਕਤਸਰ ਆਉਣਾ ਨਿਸ਼ਾਨ ਕਾਇਮ ਕਰਨ ਵਾਸਤੇ ਸੀ ਅਰ ਲਾਗੇ ਲਾਗੇ ਦੇ ਗਿਰਾਵਾਂ ਵਿਚ ਘੁੰਮਣਾ ਪਿਛਲੇ ਜੰਗਾਂ ਵਿਚ ਜ਼ਖਮੀ ਹੋਏ ਸਿੱਖਾਂ ਦੀ ਦਾਰੀ ਤੇ ਪਿਆਰ ਵਾਸਤੇ ਸੀ ਜੋ ਪਿਆਰਿਆਂ ਦੇ ਘਰੀਂ ਸੇਵਾ ਤੇ ਸੁਖ ਪਾ ਰਹੇ ਸੀ। ਇਨ੍ਹੀਂ ਗਿਰਾਈਂ ਜ਼ਖਮੀ ਖਾਲਸੇ ਦੀ ਸੁਰਤ ਲਈ। ਅੰਮ੍ਰਿਤ ਪ੍ਰਚਾਰ ਉਪਦੇਸ਼ ਕਰਦੇ ਅੱਗੇ ਟੁਰੇ, ਪ੍ਰਿਥੀ ਚੰਦ ਦੀ ਵੰਸ਼ ਦੇ ਸੋਢੀ ਆ ਮਿਲੇ, ਸੇਵਾ ਭਾਉ ਕੀਤਾ, ਅੰਮ੍ਰਿਤ ਛਕੇ, ਨੌ ਦਿਨ ਡੇਰਾ ਇਥੇ ਰਿਹਾ। ਏਥੇ ਹੀ ਪੰਜਾਬ ਦੀ ਫੇਰ ਸਾਰੀ ਸੰਗਤ ਤੇ ਮੁਕਤਸਰ ਦੇ ਮੁਕਤਿਆਂ ਦੇ ਸਨਬੰਧੀ ਫੇਰ ਵਹੀਰਾਂ ਪਾਕੇ ਆ ਮਿਲੇ। ਇਥੋਂ ਸੰਗਤਾਂ ਨੂੰ ਵਿਦਾ ਕਰਕੇ ਟੁਰੇ, ਇਕ ਟਿੱਬੇ ਤੇ ਜਾ ਚੜ੍ਹੇ, ਏਥੋਂ ਦੋ ਕੋਹ ਅੱਗੇ ਜੰਘੀਰਾਣੇ ਪਿੰਡ ਗਏ, ਫੇਰ ਸਾਹਿਬ ਚੰਦ ਪਿੰਡ ਠਹਿਰਕੇ ਛਤਿਆਣੇ ਜਾ ਉਤਰੇ। ਦੂਜੇ ਦਿਨ ਉਥੋਂ ਟੁਰੇ, ਇਕ ਟਿੱਬੀ ਦੇ ਲਾਗ ਮਾਲਵੇ ਦੇ ਸਿੰਘ ਤੇ ਬੈਰਾੜਾਂ ਨੇ ਜੋ ਸਤਿਗੁਰ ਜੀ ਦੀ ਫੌਜ ਦੇ ਸਿਪਾਹੀ ਸਨ, ਆਪਣੀ ਤਨਖਾਹ ਲੈਣ ਦੀ ਮੰਗ ਕੀਤੀ। ਤਨਖਾਹ ਦੀ ਮੰਗ ਤਾਂ ਕਈ ਦਿਨਾਂ ਦੀ ਸੀ, ਪਰ ਮਾਇਆ ਨਾ ਹੋਣ ਕਰਕੇ ਅਦਾ ਨਹੀਂ ਸੀ ਹੋਈ। ਪ੍ਰਸ਼ਾਦ ਪਾਣੀ ਸਰੀਰਕ ਲੋੜਾਂ ਦੀ ਤੰਗੀ ਕੋਈ ਨਹੀਂ ਸੀ, ਪਰ ਨਕਦੀ ਅਦਾ ਨਾ ਹੋ ਸਕੀ। ਏਥੇ ਤਨਖਾਹ ਦੇਣ ਦੇ ਤੇ ਹੋਰ ਹਾਲ ਅਗਲੇ ਪ੍ਰਸੰਗ 'ਇਬਰਾਹੀਮ-ਅਜਮੇਰ ਸਿੰਘ' ਵਿਚ ਵਰਣਿਤ ਹਨ:—

---

*ਨਾ ਮੁੱਕਣ ਵਾਲਾ।

†ਇਹ ਅੰਗੀਠਾ ਠੰਢਾ ਹੋਕੇ ਉਏ ਹੀ ਰਿਹਾ, ਕੁਛ ਦਿਨਾਂ ਮਗਰੋਂ ਸਤਿਗੁਰੂ ਜੀ ਫੇਰ ਆਏ ਤੇ ਨਿਸ਼ਾਨ ਕੰਮ ਕੀਤੇ। ਪਿੱਛੋਂ ਜਦੋਂ ਸਮੇਂ ਬੀਤੇ ਤੇ ਖਾਲਸੇ ਦੇ ਦਲਾਂ ਨੇ ਥਾਂ ਢੂੰਡਿਆ ਤਾਂ ਭਾਈ ਲੰਗਰ ਸਿੰਘ ਨੇ, ਜੋ ਤਦੋਂ ਸਤਿਗੁਰੂ ਜੀ ਦੇ ਨਾਲ ਸਨ ਤੇ ਫੇਰ ਹਰੀ ਕੇ ਪਿੰਡ ਰਹੇ, ਨਿਸ਼ਾਨ ਪਤਾ ਦਸਿਆ ਤਾਂ ਖਾਲਸੇ ਨੇ ਪੱਕਾ ਸ਼ਹੀਦ ਗੰਜ ਬਣਾਇਆ, ਤੇ ਮਾਘੀ ਦਾ ਮੇਲਾ ਯਾਦਗਾਰ ਬਣਾਇਆ। ਇਹ ਮੰਗ ਵਿਸਾਖ ਦਾ ਹੈ, ਪਰ ਮਾਘੀ ਠੰਢੀ ਰੁਤ ਕਰਕੇ ਥਾਪੀ ਸੀ, ਜੋ ਵਿਸਾਖ ਵਿਚ ਏਥੇ ਗਰਮੀ ਬਹੁਤ ਹੁੰਦੀ ਹੈ।

‡ਫੀਰੋਜ਼ਪੁਰ ਤੋਂ ਪੰਜ ਮੀਲ ਦੀ ਵਿੱਥ ਤੇ ਪੂਰਬ ਵਲ ਲੁਧਿਆਣੇ ਜਾਣ ਵਾਲੀ ਜਰਨੈਲੀ ਸੜਕ ਤੇ ਇਸ ਟਿਕਾਣੇ ਗੁਰਦਵਾਰਾ ਵਿਦਮਾਨ ਹੈ, ਨਾਮ 'ਗੁਰੂ ਸਰ' ਹੈ।

੮੪. ਇਬਰਾਹੀਮ–ਅਜਮੇਰ ਸਿੰਘ*।

੧. [ਚੋਜੀ ਦਰਸ਼ਨ]

ਇਕ ਟਿੱਬੇ ਦੇ ਪਾਸ ਇਕ ਅਬਲਕ ਘੋੜਾ ਖੜਾ ਹੈ, ਸਜੀਲਾ, ਫਬੀਲਾ, ਉੱਚੀ ਧੌਣ ਵਾਲਾ। ਇਸ ਦੀ ਪਿੱਠ ਤੇ ਦੀਨ ਦੁਨੀ ਦੇ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਸਵਾਰ ਹਨ, ਇੰਞ ਬੈਠੇ ਹਨ ਜਿਵੇਂ ਜੋਗੀ ਆਸਨ ਤੇ ਅਹਿੱਲ, ਅਡੋਲ ਬੈਠਦਾ ਹੈ। ਮਸਤਕ ਚਮਕ ਰਿਹਾ ਹੈ, ਵਿੱਦਯਤਾ ਦਗ ਦਗ ਕਰ ਰਹੀ ਹੈ। ਅੱਖਾਂ ਸਾਹਮਣੇ ਖੜਿਆਂ ਤੇ ਟਿਕ ਰਹੀਆਂ ਹਨ, ਨਾ ਖਫਾ ਹਨ, ਨਾ ਕ੍ਰਿਪਾਲ; ਅਛੋਹ, ਅਛਿੜ, ਅਡੋਲਤਾ ਵਿਚ ਟਿਕੀਆਂ ਹਨ।

ਅਗੇ ਖੜਿਆਂ ਨੇ ਵਾਗ ਨੂੰ ਹਥ ਪਾਇਆ ਹੈ ਤੇ ਆਖ ਰਹੇ ਹਨ:–

"ਸਾਹਿਬਾ! ਸਾਡੀ ਜੂਹ ਮੁਕ ਚੱਲੀ ਹੈ, ਅਗੇ ਸਾਬੂ ਕਾ ਦੇਸ਼ ਆ ਚਲਿਆ ਹੈ, ਸਾਡੀਆਂ ਤਲਬਾਂ ਐਥੇ ਚੁਕਾ ਦਿਓ, ਤਦ ਅਗੇ ਚਲੋਂ†"। ਆਪ ਬੋਲੇ– "ਤਲਬਾਂ ਚੁੱਕ ਜਾਣਗੀਆਂ, ਸੰਗਤਾਂ ਲਿਆਉਣਗੀਆਂ, ਵੰਡ ਅਸੀਂ ਕਰ ਦਿਆਂਗੇ, ਅੱਜ ਪੈਸੇ ਹਨ ਨਹੀਂ, ਦੇਗਾਂ ਮਸਤਾਨੀਆਂ ਹਨ, ਮਾਲਕ ਘੱਲੇਗਾ, ਪਰ ਜੇਰਾ ਕਰੋ।"

ਬੈਰਾੜਲੋਕ–ਬਹੁਤ ਜੇਰੇ ਕੀਤੇ, ਹੁਣ ਜੇਰੇ ਨਹੀਂ, ਅਸਾਂ ਤਾਂ ਪ੍ਰਸ਼ਾਦ ਲੰਗਰੋਂ ਛਕ ਲਏ, ਘਰ ਦਿਆਂ ਨੂੰ ਕੀ ਘੱਲੀਏ? ਪਿਛਲੀਆਂ ਤਲਬਾਂ ਦਿਓ, ਅਗੋਂ ਤੋਂ ਦਰਮਾਹੇ ਦੂਣੇ ਕਰ ਦਿਓ, ਤਦ ਅਗੇ ਕਦਮ ਪੁਟੇ। ਤੁਸੀਂ ਆਖਦੇ ਸਾਓ ਬਰਖਾ ਕਰਾਂਗੇ ਉਹ ਬੀ ਨਾ ਹੋਈ। ਮੀਂਹ ਪੈ ਜਾਂਦੇ ਤਾਂ ਸਾਡੇ ਪਿਛਲਿਆਂ ਦਾ ਗੁਜ਼ਾਰਾ ਪੈਲੀ ਬੰਨਾ ਕਰਕੇ ਹੋ ਜਾਂਦਾ।

ਅਡੋਲ ਤੇ ਅਹਿੱਲ ਅੱਖੀਆਂ ਅਸਮਾਨ ਵੱਲ ਹੋ ਗਈਆਂ। ਪਵਿੱਤ੍ਰ ਤੇ ਬਲੀ ਹੱਥ ਤੀਰ ਕਮਾਨ ਵਲ ਚਲੇ ਗਏ। ਤੀਰ ਚਲਿਆ ਤੇ ਟੇਢ ਦੇ ਕੇ ਅਸਮਾਨਾਂ ਵੱਲ ਚਲਿਆ। ਤੀਰ ਨਿਕਲ ਗਿਆ, ਪਰ ਕਮਾਨ ਉਸੇ ਤਰ੍ਹਾਂ ਸੂਤੀ ਪਈ ਹੈ ਤੇ ਹੱਥ ਤੰਦੀ ਤੇ ਹੈ। ਸੁਹਣੀ ਗਰਦਨ ਤਣੀ ਹੋਈ ਉਸੇ ਟੇਢ ਵਿਚ ਹੈ ਤੇ ਅੱਖਾਂ ਉਵੇਂ ਅਸਮਾਨ ਤੇ ਗੱਡੀਆਂ ਹਨ।

ਅਸਮਾਨ ਗਹਿਰਾ ਹੋ ਗਿਆ, ਝੜ ਪੈ ਗਿਆ, ਨੀਵਾਂ ਹੋ ਗਿਆ, ਬੂੰਦਾਂ ਉਤਰੀਆਂ, ਵੱਸ ਪਿਆ; ਮੋਲ੍ਹੇ ਧਾਰ ਹੋ ਗਿਆ, ਬੈਰਾੜ ਸਿਪਾਹੀ ਮੀਂਹ ਦੀ ਬੁਛਾੜ ਦੀ ਤਾਬ ਨਾ ਲਿਆਕੇ ਵਣਾਂ ਬੂਟਿਆਂ ਹੇਠ ਜਾ ਖੜੇ ਹੋਏ। ਸਤਿਗੁਰੂ 'ਤ੍ਰਿਪਲ ਪਲਟਨਹਾਰ' ਉਥੇ ਹੀ ਉਸੇ ਤਰ੍ਹਾਂ ਤਾੜੀ ਲਾਈ ਖੜੇ ਹਨ, ਜਿਵੇਂ ਖੜੇ ਸਨ। ਪਿਆਰ ਵਾਲੇ ਸਿੱਖਾਂ ਕੰਬਲੀਆਂ ਤਾਣ ਤਾਣ ਕੇ ਕੱਜਿਆ, ਪਰ ਆਪ ਨੂੰ ਨਾਂ ਮੀਂਹ ਦਾ ਭੈ ਹੈ ਨਾਂ ਕੰਬਲੀਆਂ ਦੀ ਟੇਕ ਦੀ ਪਰਵਾਹ। ਮੀਂਹ ਵੱਸ ਹਟਿਆ, ਬਲ ਜਲ ਹੋ ਗਏ। ਦੇਸ਼ ਵੱਸ ਪਿਆ; ਹੁਣ ਬੈਰਾੜ ਫੇਰ ਅਗੇ ਵਧੇ ਤੇ ਬੋਲੇ:–ਸਾਡੀਤਲਬ?

ਸਤਿਗੁਰੂ–ਰੁਪੱਯੇ ਕਿ ਸਿੱਖੀ?

ਬੈਰਾੜ (ਘਬਰਾ ਕੇ)–ਸਿੱਖੀ"'? ਰੁਪਏ?"' ਜੀ ਸਿੱਖ ਤਾਂ ਹਾਂ ਹੀ, ਰੁਪੱਯੇ ਦਿਓ?

ਸਤਿਗੁਰੂ–ਸਿੱਖੀ ਕਿ ਰੁਪੱਯੇ?

ਬੈਰਾੜ–ਰੁਪੱਯੇ ਬਖਸ਼ੋ, ਸਿੱਖ ਤਾਂ ਹਾਂ ਹੀ।

ਸਤਿਗੁਰੂ–ਅਗੇ ਚਲਕੇ ਸਹੀ।

ਬੈਰਾੜ–ਏਥੇ ਹੀ ਦਿਓ।

ਸਤਿਗੁਰ–

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥
ਦੈਨਹਾਰੁ ਸਦ ਜੀਵਨ ਹਾਰਾ ॥ ਮਨ ਮੂਰਖ ਕਿਉ ਤਾਹਿ ਬਿਸਾਰਾ ॥ ਦੋਸੁ ਨਹੀ ਕਾਹੂ ਕਉ ਮੀਤਾ ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥ ਦਰਦ ਨਿਵਾਰਹਿ ਜਾਕੇ ਆਪੈ ॥ ਨਾਨਕ ਤੇਊ ਗੁਰਮੁਖਿ ਧ੍ਰਾਪੈ ॥ [ਬਾ: ਅ: ੩੪

ਕਿਉਂ ਬਈ ਸੱਜਣੋਂ! ਸਿੱਖੀ ਕਿ ਰੁਪੱਯੇ?

ਬੈਰਾੜ–ਪਾਤਸ਼ਾਹ! ਰੁਪੱਯੇ ਦਾਨ ਕਰੋ।

ਹੁਣ ਪਿਛਲਾ ਵਹੀਰ ਆ ਮਿਲਿਆ, ਨਾਲ ਨਵੀਂ ਆਈ ਸੰਗਤ ਬੀ ਕੁਛ ਸੀ, ਇਸ ਵਹੀਰ ਵਿਚੋਂ ਇਕ ਸਿਖ ਅਗੇ ਵਧਿਆ, ਸਤਿਗੁਰ ਘੋੜੇ ਤੋਂ ਉਤਰੇ, ਸਿੱਖ ਨੇ ਮੱਥਾ ਟੇਕਿਆ। ਇਸ ਦੇ ਪਿਛੇ ਖੱਚਰ ਖੜੀ ਸੀ, ਇਸ ਪਰ ਛੱਟ ਸੀ, ਜਿਸ

*ਇਹ ਪ੍ਰਸੰਗ ਟ੍ਰੈਕਟ ਦੀ ਸੁਰਤ ਵਿਚ ਸੰ: ਗੁ: ਸਾ: ੪੫੧ (੧੯੩੦ ਈ:) ਦੇ ਗੁਰਪੁਰਬ ਸਪਤਮੀ ਪਰ ਪ੍ਰਕਾਸ਼ਿਆ ਸੀ।
†ਤਵਾ: ਖਾਲਸਾ ੧. ੩. ਸੂਰਜ ਪ੍ਰਕਾਸ਼ ਅੰ: ੧।

ਵਿਚ ਰੁਪੱਜੇ ਤੇ ਅਸ਼ਰਫੀਆਂ ਸਨ। ਇਹ ਛੱਟ ਅਗੇ ਧਰਕੇ ਸਿੱਖ ਨੇ ਕਿਹਾ:–

ਪਾਤਸ਼ਾਹ! ਆਪ ਦੀ ਮਾਇਆ ਹੈ।

ਗੁਰੂ ਜੀ–ਕਿਥੋਂ ਲਿਆਇਆ ਹੈਂ?

ਸਿੱਖ–ਆਪ ਦਾ ਖਜ਼ਾਨਾ ਅਤੁੱਟ ਹੈ। ਆਪ ਦਾ ਖਜ਼ਾਨਚੀ ਕੁਬੇਰ ਹੈ, ਕੇਵਲ ਲਿਆਵਨ ਹਾਰ ਤੇ ਪੇਸ਼ ਕਰਨ ਹਾਰ ਦਾਸ ਹੈ।

ਸਤਿਗੁਰਾਂ ਨੇ ਖੁਸ਼ ਹੋਕੇ ਪਿਆਰੇ ਦੀ ਨਿੰਮ੍ਰਤਾ ਤੇ ਦ੍ਰਵਕੇ ਉਸਨੂੰ ਗਲੇ ਲਾ ਕੇ ਆਖਿਆ 'ਨਿਹਾਲ'!

ਤੇ ਫੇਰ ਤੇੜੇ ਖੋਹਲਕੇ ਮਾਇਆ ਡਿੱਠੀ, ਆਖਿਆ–ਇਹਨ ਹਾਰ ਆ ਗਈ, ਕਰੋ ਸੇਵਾ। ਹੁਕਮ ਹੋ ਗਿਆ ਤੇ ਸਭ ਦੇ ਪੱਲੇ ਗਿਣ ਗਿਣ ਕੇ ਪੈ ਗਈ ਮਾਇਆ।

ਗੁਰੂ ਜੀ (ਬੈਰਾੜਾਂ ਦੇ ਜੱਥੇਦਾਰ ਵਲ ਮੂੰਹ ਕਰਕੇ)–ਦਾਨਿਆਂ, ਬੈਰਾੜਾਂ ਦ ਜਥੇਦਾਰਾ! ਤੈਨੂੰ ਕਿਸ ਹਿਸਾਬ ਦੇਈਏ, ਤੂੰ ਜਥੇਦਾਰ ਜੁ ਹੋਇਆ?

ਦਾਨਾ–ਪਾਤਸ਼ਾਹ! ਮੈਂ ਤਾਂ ਦਾਸ ਹਾਂ ਤੇ ਸਿੱਖੀ ਦਾਨ ਮੰਗਦਾ ਹਾਂ, ਮੈਨੂੰ ਮੋਹਨਹਾਰੀ ਦੇ ਲੜ ਨਾ ਲਾਓ, ਅਪਣੀ ਚਰਨੀਂ ਲਾਓ, ਮਾਇਆ ਆਪ ਦੀ ਬਖਸ਼ੀ ਹੋਈ ਹੈ ਤੇ ਉਹ ਬੀ ਨਾਲ ਨਹੀਂ ਜਾਂਦੀ।

ਗੁਰੂ ਜੀ–(ਮੁਸਕ੍ਰਾਏ ਨੇਤ੍ਰ ਮੂੰਦੇ। ਫੇਰ ਖੋਹਲੇ) ਦਾਨਿਆ! ਮਹਾਂ ਸਿੰਘ ਨੇ ਮਾਝੇ ਵਿਚ ਤੇ ਤੂੰ ਮਾਲਵੇ ਵਿਚ ਸਿੱਖੀ ਨੂੰ ਕਾਇਮ ਰੱਖ ਲਿਆ*, ਦੁਹੀਂ ਥਾਈਂ ਸਿੱਖੀ ਦਾ ਨੌਨਿਹਾਲ ਹੁਲਾਰੇ ਲਏਗਾ। ਜਾਹ:–

ਜਿਮ ਸਭਿ ਮਾਝੇ ਕੀ ਵਡਿਆਈ।
ਮਹਾਂ ਸਿੰਘ ਨੇ ਰਾਖਿ ਦਿਖਾਈ।
ਦੇਸ਼ ਮਾਲਵੇ ਕੀ ਤੂੰ ਰਾਖੀ।
ਉਪਜਹਿਂ ਸਿਖੀ ਕੇ ਅਭਿਲਾਖੀ ॥ ੩੦ ॥

[ਗੁ: ਪ੍ਰ: ਸੂ: ਅੰ: ੧–੧੭

ਹੁਣ ਬੈਰਾੜ ਵਿਦਾ ਹੋ ਗਏ, ਦਾਨਾ ਤੇ ਉਸ ਦੇ ਪ੍ਰੇਮੀ ੨੦ ਕੁ ਬੈਰਾੜ ਸਿਪਾਹੀ ਨਾਲ ਰਹੇ। ਪੰਜਾਹ ਕੁ ਪ੍ਰੇਮੀ ਸਿੱਖ ਜੋ ਪ੍ਰੇਮ ਦੇ ਪਰਵਾਨੇ ਸਨ, ਨਾਲ ਹੋਰ ਸਨ। ਕੁਛ ਪਿਆਰੇ ਸਿਖ ਆਂਵਦੇ ਜਾਂਦੇ ਰਹਿੰਦੇ ਸਨ। ਜੋ ਮਾਇਆ ਖੱਚਰ ਦੀ ਛੱਟ ਵਿਚੋਂ ਬਚ ਰਹੀ ਸੀ, ਸੋ ਉਚੇ ਦੱਬ ਦਿਤੀ। ਜਗ੍ਹਾ ਦਾ ਨਾਉਂ ਕੁਪਤ ਸਰ ਹੋਇਆ। ਦਾਨੇ ਨੇ ਬੇਨਤੀ ਕੀਤੀ "ਮੇਰੇ ਪਿੰਡ ਚਰਨ ਪਾਓ", ਸਤਿਗੁਰ ਨੇ ਉਧਰ ਵਾਗਾਂ ਮੋੜ ਦਿੱਤੀਆਂ। ਰਸਤੇ ਵਿਚ ਸਤਿਸੰਗ ਦੇ ਬਚਨ ਤੁਰ ਪਏ। ਚਲੇ ਚਲੇ ਜਾਂਦੇ ਇਕ ਲਹਿਲਹਾ ਬਨ ਆਗਿਆ, ਉਪਰੋਂ ਤ੍ਰਿਕਾਲਾਂ ਦਾ ਸਮਾਂ ਹੋ ਗਿਆ, ਇਕ ਸਿੱਖ ਨੇ ਕਿਹਾ: ਪਾਤਸ਼ਾਹ! ਸੋਦਰ ਦਾ ਵੇਲਾ ਹੋ ਗਿਆ ਹੈ। ਹੁਕਮ ਹੋਇਆ ਕਿ ਦੀਵਾਨ ਸਜੇ, ਸੋ ਉਥੇ ਹੀ ਦੀਵਾਨ ਸਜ ਗਿਆ। ਦਾਨੇ ਦਾ ਪਿੰਡ ਅਜੇ ਸਵਾ ਕੋਹ ਸੀ, ਜਦ ਦੀਵਾਨ ਸਜ ਗਿਆ ਤੇ ਡੇਰੇ ਲਗ ਗਏ, ਤਦ ਦਾਨਾ ਪ੍ਰੇਮੀ ਰਸਤ ਪਾਣੀ ਪਲੰਘ ਸਾਮਾਨ ਪਿੰਡ ਵਿਚੋਂ ਜਾਕੇ ਓਥੇ ਹੀ ਲੈ ਆਇਆ ਤੇ ਲੰਗਰ ਬੀ ਓਥੇ ਹੀ ਸਜ ਗਿਆ। ਪਿੰਡ ਦਾ ਚੌਧਰੀ 'ਸੂਮਾ' ਬੁਰੀ ਮਹਿੰ ਦਾ ਦੁੱਧ ਲੈ ਆਇਆ। ਸਤਿਗੁਰ ਜੀ ਬੋਲੇ: ਦੁੱਧ ਬੁਰੀ ਮਹਿੰ ਦਾ ਹੈ?

ਸੂਮਾ–ਜੀ ਪਾਤਸ਼ਾਹ!

ਸਤਿਗੁਰ ਹੱਸ ਪਏ ਤੇ ਰਾਤ ਬਿਸਰਾਮ ਕੀਤਾ। ਅੰਮ੍ਰਤ ਵੇਲੇ ਆਸਾ ਦੀ ਵਾਰ ਦਾ ਦੀਵਾਨ ਸਜ ਗਿਆ, ਦੂਰ ਦੂਰ ਤੱਕ ਖਬਰਾਂ ਧੁੰਮ ਗਈਆਂ ਸਨ। ਸੰਗਤਾਂ ਹੁੰਮ ਹੁਮਾਕੇ ਆ ਗਈਆਂ, ਕੜਾਹ ਪ੍ਰਸ਼ਾਦ ਤੇ ਰਸਦ ਦੁੱਧ ਤੇ ਹੋਰ ਸਾਮਾਨ ਅਗੰਮੀ ਆ ਗਏ, ਉਹ ਮੌਜ ਲੱਗੀ ਕਿ ਉਸ ਜੰਗਲ ਵਿਚ ਮੰਗਲ ਹੋ ਗਿਆ। ਸਤਿਗੁਰ ਪ੍ਰਸੰਨ ਹੋ ਬੋਲੇ ਇਹ ਜੰਗਲ ਤਾਂ 'ਲੱਖੀ ਜੰਗਲ*' ਹੈ, ਏਥੇ ਹੀ ਡੇਰਾ ਰਹੇ। ਕਈ ਦਿਨ ਉਥੇ ਟਿਕੇ। ਅਨੰਦ ਪੁਰ ਨਗਰੀ ਦੇ ਵਾਸੀ; ਓਥੋਂ ਤੋਂ ਵਿਛੁੜੇ ਪ੍ਰੇਮੀ ਤੇ ਹੋਰ ਪਿਆਰੇ ਦੂਰ ਦੂਰ ਤੋਂ ਦਰਸ਼ਨਾਂ ਵਾਸਤੇ ਆ ਰਹੇ ਸਨ, ਸੋ ਬਹੁਤ ਏਥੇ ਆ ਮਿਲੇ। ਅਨੰਦ ਪੁਰ ਵਾਲਾ ਮੰਗਲ ਬੱਝ ਗਿਆ। ਕਈ ਦਾਨੇ ਕਵੀ ਪੰਡਤ ਬੀ ਆ ਜੁੜੇ।

੨. [ਗੁਰੂ–ਲੱਖੀ ਜੰਗਲ]

ਜੰਗਲ ਵਿਚ ਮੰਗਲ, ਮੰਗਲ ਵਿਚ ਉਮਾਹ, ਅਨੰਦ, ਰਸ ਰੰਗ, ਰੱਬੀ ਹੁਲਾਰੇ, ਦੁਆਦ ਹੀ ਦੁਆਦ। ਇਕ ਦਿਨ ਲੌਂਢੇ ਪਹਿਰ ਸਤਿਗੁਰ ਬੈਠ ਗਏ, ਪ੍ਰੇਮੀ ਦੁਆਲੇ ਆ ਜੁੜੇ, ਦੰਦ ਦੇ ਦੁਆਲੇ ਪਰਵਾਰ ਪੈ ਗਿਆ, ਚੰਦ ਨੂੰ ਹਾਲੇ ਨੇ ਘੇਰ ਲਿਆ, ਸਤਿਗੁਰ

*ਰਜ ਪ੍ਰਕਾਸ਼, ਤਵਾਰੀਖ ਖਾ:, ਗੁਰਪੁਰ ਪ੍ਰਕਾਸ਼।

*ਪਾਤਸ਼ਾਹਾਂ ਦੇ ਦਫਤਰ ਵਿਚ ਜਿਸ ਜਗਾ ਦਾ ਨਾਮ ਲੱਖੀ ਜੰਗਲ ਲਿਖੀ ਦਾ ਸੀ ਉਹ ਟਿਕਾਣਾ ਬਠਿੰਡੇ ਤੋਂ ਪੰਜ ਸੱਤ ਮੀਲ ਖਰੇ ਮਹਿਮੇ ਪਿੰਡ ਦੇ ਲਾਗ ਸੀ।

ਦੇ ਕਵੀ-ਮਨ ਨੇ ਇਕ ਹੁਲਾਰਾ ਖਾਧਾ ਤੇ ਸੱਦ ਹੋਈ। ਹਾਂ, ਇਲਾਹੀ ਗਲੇ ਤੋਂ ਮਾਝ ਵਿਚ ਸ੍ਰੀ ਮੁਖਵਾਕ ਦੀ ਧੁਨਿ ਉਚਾਰਨ ਹੋਈ:—

ਸੁਣ ਕੇ ਸੱਦ ਮਾਹੀ ਦਾ ਮੇਂਹੀ ਪਾਣੀ ਘਾਹ ਮੁਤੋ ਨੇ। ਕਿੱਸੇ ਨਾਲ ਨ ਰਲੀਆ ਕਾਈ ਕੋਈ ਜੁ ਸ਼ਉਂਕ ਪਿਯੋ ਨੇ। ਗਿਆ ਫਿਰਾਕ ਮਿਲਿਆ ਮਿਤ ਮਾਹੀ ਤਾਹੀ ਸ਼ੁਕਰ ਕਿਤੋ ਨੇ।

ਜਦ ਸਤਿਗੁਰ ਨੇ ਇਹ ਸਦ ਡਾਢੀ ਰਸੀਲੀ ਸੁਰ ਵਿਚ ਦਿੱਤੀ ਤਾਂ ਅਚਰਜ ਰੰਗ ਛਾ ਗਿਆ, ਪਿਆਰਿਆਂ ਦੇ ਹਿਰਦੇ ਪਿਆਰ ਨਾਲ ਉੱਛਲ ਪਏ ਤੇ ਭਾਈ 'ਅੱਡਾ' ਛਾਪ ਵਾਲੇ ਕਵੀ ਜੀ ਬੋਲੇ:—

*ਗੁਰ ਗੋਬਿੰਦ ਜਿਨ੍ਹਾਂ ਦੇ ਸਿਰ ਤੇ ਤਿਨ੍ਹਾਂ ਨੂੰ ਕਮੀ ਨ ਕਾਈ। ਖਾਵਨ ਪੀਵਨ ਤੇ ਭੋਗਨ ਭੁੰਚਨ ਭਾਗ ਉਨ੍ਹਾਂ ਦੇ ਆਈ। ਕਰਨ ਅਰਦਾਸ ਸਤਿਗੁਰ ਦੇ ਅੱਗੇ ਸਤਿਗੁਰ ਦੇਗ ਸਹਾਈ। ਅੱਡਾ ਮੈਂ ਕੁਰਬਾਨ ਤਿਨ੍ਹਾਂ ਤੋਂ ਜਿਨ੍ਹਾਂ ਮਨ ਪਰਤੀਤ ਸਵਾਈ। ਮਨ ਪਰਤੀਤ ਜਿਨ੍ਹਾਂ ਦੇ ਫੁੱਠੀ ਕਾਜ ਉਨ੍ਹਾਂ ਦੇ ਹੋਏ। ਗੁਰ ਗੋਬਿੰਦ ਸਿੰਘ ਦਾ ਦਰਸ਼ਨ ਕੀਤਾਂ ਮੁਕਤ ਪ੍ਰਾਪਤ ਹੋਏ।

ਕੁਛ ਚਿਰ ਠਹਿਰਕੇ ਅੱਡਾ ਜੀ ਨੇ ਫੇਰ ਸੱਦ ਦਿਤੀ—

ਨਾਮ ਤੁਮਾਹਾ ਜਪ ਜਪ ਜੀਵਾਂ ਸੁਰਤ ਕਰਾਂ ਜਪੁ ਮਾਲੀ। ਆਠ ਪਹਿਰ ਹੀਏ ਵਿਚ ਰਖਦਾ ਸੁਰਤ ਸਤਿਗੁਰ ਵਾਲੀ। ਮਨ ਨੀਵਾਂ ਮਤ ਉੱਚੀ ਹੋਈ ਉਨਮਨ ਦੀ ਚੜ੍ਹ ਲਾਲੀ। ਗੁਰ-ਮੁਖ ਹਰਿ ਹਰਿ ਜਪ ਆਘਾਨੇ ਸਿਰ ਤੇ ਸਤਿ-ਗੁਰ ਵਾਲੀ‡।

ਜਦ ਅੱਡਾ ਜੀ ਸੱਦ ਦੇ ਚੁਕੇ ਤਾਂ ਕਵਿ ਜੀ 'ਬਿਹਾਰੀ' ਛਾਪ ਵਾਲੇ ਬੋਲੇ:—

ਯਾਰ ਯਾਰਾਂ ਕੋਲੋਂ ਵਿਦਾ ਜੁ ਮੰਗਦੇ ਆਖ ਦਿਖਾ ਕੀ ਕਰੀਐ ? ਸਿਰ ਕਾਟਿ ਰੀਸਾਲ ਬਣਾਈਐ ਪੇਸ਼ ਮਿੱਤ੍ਰਾਂ ਦੀ ਧਰੀਐ। ਜੇ ਸਿਰ ਦਿੱਤੇ ਰਾਜੀ ਬੀਵਨ ਸਿਰ ਦੇਂਦੇ ਢਿੱਲ ਨ ਕਰੀਐ ? ਸਿਰ ਸਦਕੇ ਕੁਰਬਾਨ 'ਬਿਹਾਰੀ' ਜੇ ਵਿਚਿ ਨਿਗਾਹਾਂ ਦੇ ਮਰੀਐ।

ਇਹ ਮਾਝ ਦੀ ਸੱਦ ਜਾਂ ਠਹਿਰੀ ਤਾਂ 'ਲਾਲ' ਕਵਿ ਜੀ ਬੋਲੇ:—

ਮਹਿਬੂਬਾਂ ਦੇ ਦਰਸ਼ਨ ਕਾਰਣ ਸੂਰਮਾਂ ਆਪ ਪਿਸਾਇਆ। ਦੇ ਦੇ ਧਮਕਾਂ ਨਿੱਕਾ ਕੀਤਾ ਪੱਥਰ ਜ਼ੋਰ ਸਹਾਇਆ। ਜਿਉਂ ਜਿਉਂ ਘਸੇ ਤਿਉਂ ਤਿਉਂ ਰੱਸੇ ਚੜ੍ਹਦਾ ਰੂਪ ਸਵਾਇਆ। 'ਲਾਲ' ਖਿਆਲ ਮੁਇਆਂ ਫਿਰ ਜੀਵੇ ਜਾਂ ਚਸ਼ਮਾਂ ਦਾਖਲ ਆਇਆ।

ਇਸ ਦੀ ਧੁਨਿ ਮੁੱਕਣ ਮਗਰੋਂ 'ਬਿਹਾਰੀ'*ਛਾਪ ਵਾਲੇ ਕਵੀ ਜੀ ਫਰ ਬੋਲੇ:—

ਇਸ ਨੇਹਾਂ ਮੈਂਡੇ ਸਤਿਗੁਰਾਂ ਵਾਲੇ ਮੈਂਡੇ ਸੀਨੇ ਅੰਦਰ ਪੁੜਿਆ। ਹੁਣ ਤਾਂ ਮੁੜਿਆਂ ਬਣਦੀ ਨਾਹੀਂ ਜਾਂ ਸਨਮੁਖ ਮੱਥਾ ਜੁੜਿਆ। ਭੰਨੀ ਭੰਨੀ ਪੱਤਣ ਵੰਞਾਂ ਅੱਗਹੁੰ ਬੇੜਾ ਹੁੜਿਆ। ਤਿੰਨ੍ਹਾਂ ਨਾਲੋਂ ਟੁੱਟੀਆ ਚੰਗੇਰੀ ਸਿਦਕ ਜਿਨ੍ਹਾਂ ਦਾ ਮੁੜਿਆ।

ਇਸ ਸੱਦ ਵਿਚ ਦੱਸੇ ਸਿਦਕ ਦੇ ਜੋਸ਼ ਵਿਚ ਭਰਕੇ ਆਪ ਨੇ ਹੋਰ ਇਕ ਸੱਦ ਲਾਈ:—

ਜੈਂ ਦੀ ਸਿੱਕ ਤੈਂ ਜੀਂ ਦਾ ਸਿੱਕਾ ਬਿਆ ਸਿੱਕਾ ਫਿੱਕਾ ਲੱਗੇ। ਜੈਂਦੇ ਦਰਦ ਤਈਂ ਦਾ ਦਾਰੂ ਬਿਆ ਦਾਰੂ ਕੀਹ ਲਗੇ। ਜੈਂਦਾ ਨਾਉਂ ਨੀਸਾਣ ਤਈਂ ਦਾ ਵੱਜ ਰਿਹਾ ਵਿਚ ਜੱਗੇ। ਸੱਜਨ ਕੋਲੋਂ‡ ਮੁਖ ਜਿ ਮੋੜਨ ਸੇ ਦਰਗਹਿ ਮੂਲ ਨ ਤੱਗੇ।

ਬਿਹਾਰੀ ਦੇ ਏਹ ਸਿਦਕਾ ਵਾਲੇ ਕਟਾਖ਼ਸ਼, ਪਰ ਕਮਜ਼ੋਰਾਂ ਲਈ ਰਤਾ ਚੁਭਵੇਂ ਖਿਆਲ ਉਤੇ 'ਨੰਦ ਲਾਲ' ਨੇ ਨਿੰਮ੍ਰਤਾ ਤੇ ਸੰਭਾਲ ਦੇ ਭਾਵ ਵਿਚ ਸੱਦ ਲਈ:—

ਏਕ ਦਿਹਾਂ ਮੈਂ ਸਤਿਗੁਰ ਕੋਲੋਂ ਪ੍ਰੇਮ ਸੁਰਾਹੀ ਪੀਤੀ। ਭਾਇ ਅਸਾਡੇ ਲਿਖੀ ਫਕੀਰੀ ਸੋ

*ਇਹ ਸਾਰੇ ਛੰਦ ਜੋ ਅੱਗੇ ਆਉਂਦੇ ਹਨ 'ਉਚਾਰ ਖਾਮੇ ਲੱਖੀ ਜੰਗਲ' ਕਰਕੇ ਪ੍ਰਸਿੱਧ ਹਨ। ਹੁਣ ਤਕ ਦੀ ਪੜਤਾਲ ਏਹ ਦੱਸਦੀ ਹੈ ਕਿ ਇਸੇ ਟਿਕਾਣੇ ਲੱਖੀ ਜੰਗਲ ਦੇ ਏਹ ਉਚਾਰੇ ਹਨ। ਏਹ ਭੀ ਖਿਆਲ ਹੈ ਕਿ ਸ਼ਾਯਦ ਏਹ ਉਚਾਰ ਬਠਿੰਡੇ ਵਾਲੇ ਲੱਖੀ ਜੰਗਲ ਵਿਚ ਹੋਏ ਹੋਨ, ਪਰ ਇਹ ਸਹੀ ਨਹੀਂ ਜਾਪਦਾ।

†'ਗੋਬਿੰਦ ਸਿੰਘ ਦਾ ਦਰਸ਼ਨ ਕੀਤਾ' ਭੀ ਪਾਠਾਂਤ ਹੈ।

‡ਪਾਠਾਂਤ੍ਰ ਇਹ ਭੀ ਹੈ 'ਨਿੰਦਕ ਦਾ ਘਟ ਖਾਲੀ'।

*ਇਹ ਕਵੀ ਜੀ ਭਾਗੀ ਬਾਦਰ ਪਿੰਡ ਤਲਵੰਡੀ ਦੇ ਲਾਗੇ ਦਮਦਮੇ ਦੇ ਇਲਾਕੇ ਵਿਚ ਹੋਏ ਹਨ।

†ਪਾਠਾਂਤ੍ਰ 'ਮੁਰਸ਼ਦ' ਭੀ ਹੈ।

‡ਪਾਠਾਂਤ੍ਰ 'ਮਿੱਤ੍ਰਾਂ ਕੋਲੋਂ' ਭੀ ਹੈ।

ਮਸਤਕ ਧਰ ਲੀਤੀ। ਪਿਛਲਾ ਜਨਮ ਅਕਾਰਥ ਖੋਇਆ ਹਰਿ ਕੀ ਭਗਤ ਨ ਕੀਤੀ। ਆਗੈ ਸਮਝ ਚਲਹੁ 'ਨੰਦ ਲਾਲਾ*' ਜੋ ਬੀਤੀ ਹੋ ਬੀਤੀ†।

ਇਸ ਵੇਲੇ ਇਕ 'ਬਿਹੰਗਮ' ਦੂਰ ਬੈਠੇ ਸੇ, ਇਨ੍ਹਾਂ ਦਾ ਵਰਤਾਰਾ ਮਸਤਾਨਾ ਸੀ, ਆਪਣੀ ਮਸਤੀ ਦੀ ਲੈ ਵਿਚ ਇਹ ਸੱਦ ਲਾ ਉਠੇ:–

ਮੁਸ਼ਕਲ ਮਿਲਣ ਮਾਹੀ ਨੂੰ ਹੀਰੇ ਔਝੜ ਡੂੰਗ ਬਲਾਈਂ। ਕਰ ਕਰ ਸ਼ੇਰ ਜ਼ਮਾਤੀਂ ਬੈਠੇ ਨਾਗ ਕੁੰਡਲ ਬਲ ਪਾਈ। ਪੰਧ ਮੁਹਾਲ ਨ ਦੇਂਦੇ ਜਾਵਣ, ਮਲ ਡਾਕੇ ਬਹਿਣ ਸਰਾਈਂ। ਆਂਗੇ ਬੇਪਰਵਾਹ ਰੰਝੇਟਾ ਭਾਣੇਂ ਮਿਲਣ ਰਜਾਈਂ‡।

ਇਸ ਵਿਚ ਰਜ਼ਾ ਤੇ ਭਾਣੇ ਦਾ ਸਿੱਖੀ ਅਟੁਲ, ਪਰ ਮੁਸ਼ਕਲ ਦੀ ਅੱਤਤਾਈ ਦਾ ਕਟਾਖਜ਼ ਸੀ, ਇਸ ਪਰ ਇਕ ਹੋਰ ਸਿਦਕਾਂ ਵਾਲੇ ਪ੍ਰੇਮੀ ਜੀ ਨੇ ਸੱਦ ਲਾਈ:–

ਬੇ ਫਿਕਰਾਂ ਨੋ ਫਿਕਰ ਨ ਕਾਈ ਸਦਾ ਰਹਿਣ ਮਤਵਾਲੇ। ਅੱਠੇ ਪਹਿਰ ਰਹਿਣ ਵਿਚ ਗਿਣਤੀ ਬਹੁਤੀ ਮਾਇਆ ਵਾਲੇ। ਇਸ ਮਾਇਆ ਤੇ ਦੂਰ ਖੜੋਤੇ ਕਈ ਵਿਰਲੇ ਸਾਧ ਸੁਖਾਲੇ। ਕੰਮ ਸੁਆਲੀਆਂ ਬੇੜੇ ਭਗਤਾਂ ਦੇ ਮੈਂਡਾ ਸਤਿਗੁਰ ਆਪ ਸੰਭਾਲੇ।

ਹੁਣ ਬਿਹਾਰੀ ਨੇ ਫੇਰ ਸੱਦ ਉਠਾਈ:–

ਆਸ਼ਕ ਆਸ਼ਕ ਸਭ ਕੋਈ ਆਖੇ ਟੇਢੀ ਪਗੜੀ ਧਰਕੇ। ਸਿਰ ਤੇ ਪਰੇ ਇਸ਼ਕ ਦਾ ਡੇਰਾ ਸਭ ਮੁਡ ਆਏ ਡਰ ਕੇ। ਮਾਨ ਮਨੀ ਤੇ ਖੁਦੀ ਤਕੱਬਰ ਕੋਈ ਨ ਰਹਿਓ ਜਰਕੇ। ਸੱਜਣਾਂ‡ ਦੇ ਓਸ ਮਹਿਲ ਬਿਹਾਰੀ! ਕੋਈ ਆਸ਼ਕ ਪਹੁਤਾ ਮਰਕੇ।

ਇਸ਼ਕ ਨਗੀਨਾ ਸੋਈ ਜਾਣਨ ਜਿਹੜੇ ਹੋਵਣ ਆਪ ਨਗੀਨੇ। ਇਸ਼ਕ ਮੁਸ਼ਕ ਦੀ ਸਾਰ ਕੀ ਜਾਣਨ ਕੋਈ ਕਾਇਰ ਲੋਕ ਕਮੀਨੇ। ਇਸ਼ਕ ਨਹੀਂ ਕੋਈ ਤਿਖੀਆਂ ਛੁਰੀਆਂ ਘਾਉ ਕਰਨ ਵਿਚ ਸੀਨੇ। ਤਨ ਦੀਆਂ ਤਪਤਾਂ ਮਿਟਨ ਬਿਹਾਰੀ ਜੇ ਦਿੱਸਣ ਗੁਰੂ ਨਗੀਨੇ*।

ਹੁਣ 'ਬਿਹਾਰੀ' ਜੀ ਫੇਰ ਉਮਾਹ ਭਰੀ ਸ਼ਾਂਤ ਵਾਲੀ ਧੁਨਿ ਵਿਚ ਬੋਲੇ:–

ਮਨ ਅਸਵਾਰ ਪਵਨ ਕਾ ਘੋੜਾ ਅਸਾਂ ਗਗਨ ਤਮਾਸ਼ੇ ਜਾਣਾ। ਗਗਨ ਅੰਦਰ ਇਕ ਬਾਗ਼ ਅਜਾਇਬ ਚੁਣ ਅੰਮ੍ਰਿਤ ਫਲ ਖਾਣਾ। ਮਿੱਠਾ ਬੋਲਣ ਤੇ ਨਾਮ ਅਰਾਧਨ ਸੀਤਲ ਪਵਨ ਫੁਹਾਰਾ। ਮਨ ਦੀਆਂ ਵਾਗਾਂ ਹੱਥ ਬਿਹਾਰੀ† ਤਿਨ੍ਹਾਂ ਕਉਣ ਮਿਲੈ ਅਸਵਾਰਾ।

ਹੁਣ ਫੇਰ 'ਬਿਹੰਗਮ' ਮਸਤ ਜੀ ਨੇ ਸੱਦ ਲਾਈ:–

ਮਹਿਬੂਬਾਂ ਦੇ ਵੇਖਣ ਕਾਰਨ ਕੱਖ ਗਲੀ ਦਾ ਬੀਵਾਂ। ਵੱਗੇ ਵਾਉ ਪੁਰੇ ਦੀ ਜਿਉਂ ਤਿਉਂ ਦਰ ਤੇ ਜਾਇ ਸਟੀਵਾਂ। ਆਂਦੇ ਜਾਂਦੇ ਦਾ ਦਰਸ਼ਨ ਪਾਵਾਂ ਚਰਨੀਂ ਕਦੇ ਛੁਹੀਵਾਂ। ਚਰਣ ਧੂੜ ਬਨ ਸਤਿਗੁਰ ਵਾਲੀ ਮਰਕੇ ਮੈਂ ਮੁੜਜੀਵਾਂ।

ਇਸ ਵੇਲੇ ਸ੍ਰੀ ਸਤਿਗਰ ਜੀ ਨੇ ਕ੍ਰਿਪਾ ਕਟਾਖਜ਼ ਨਾਲ ਤੱਕਿਆ, ਤਦ ਅੱਡਾ ਜੀ ਫੇਰ ਬੋਲੇ:–

ਗੋਬਿੰਦ ਸਿੰਘ ਗੁਰਾਂ ਗੁਰ ਸੂਰੇ ਮਿਹਰ ਆਪਣੀ ਕੀਤੀ। ਜਿਤ ਵਲ ਨਜ਼ਰ ਉਤੇ ਵਲ ਮੇਹਰ ਮਿਹਰ ਅਸਾਂ ਲੈ ਲੀਤੀ। ਕਾਹਦੇ ਇਸ਼ਕ ਤੇ ਸਿਦਕ ਅਸਾਡੇ ਸਾਡੀ ਭੁੱਲ ਪਰੀਤੀ। ਨਾਮ ਦਾਨ ਇਸ਼ਨਾਨ ਦਾਤ ਦੇ ਕਮੀਂ ਨ ਕੋਈ ਕੀਤੀ।

ਇਉਂ ਲੱਖੀ ਜੰਗਲ ਵਿਚ ਵਿਦਵਾਨਾਂ ਤੇ ਕਵੀਆਂ ਦੇ ਮੇਲੇ, ਵਿਛੁੜਿਆਂ ਪਿਆਰਿਆਂ ਅਨੇਕਾਂ ਦੇ ਮੇਲੇ ਹੋ ਗਏ ਤੇ ਕਈ ਦਿਨ ਅਨੰਦ ਮੰਗਲਾਚਾਰ ਹੁੰਦੇ ਰਹੇ। ਦਾਨਾ ਜੀ ਨੇ ਪਰਿਵਾਰ ਸਮੇਤ ਅੰਮ੍ਰਿਤ ਛਕਿਆ ਤੇ ਇਨ੍ਹਾਂ ਦਾ ਪਵਿੱਤ੍ਰ ਨਾਮ ਦਾਨ ਸਿੰਘ ਹੋਇਆ। ਦਾਨਾ ਸਿੰਘ ਜੀ ਨੇ ਏਸ ਟਿਕਾਣੇ ਬੜੀ ਟੁੱਟਕੇ ਸੇਵਾ ਕੀਤੀ, ਮਹਾਂ ਸਿੰਘ ਜੀ ਤਾਂ ਬੇਦਾਵਾ ਫੜਵਾਕੇ ਸਤਿਗੁਰ ਦੇ ਦਰ ਜਾ ਖੜੋਤੇ, ਪਰ ਦਾਨਾ ਸਿੰਘ ਜੀ ਨੇ ਸਿਦਕ ਸਬੂਰੀ ਵਿਚ ਸਾਦਕ ਨਿੱਤਰ ਕੇ ਫੇਰ ਮੇਵਾ ਦਾ ਰੰਗ ਮਾਣਿਆ। ਸਤਿਗੁਰ ਜੀ ਹੁਣ ਇਥੋਂ ਟੁਰਨ ਦੇ ਖਿਆਲਾਂ ਵਿਚ ਸਨ ਕਿ ਇਕ ਹੋਰ ਪ੍ਰੇਮ ਦੀ ਕਲੀ ਆ ਖਿੜੀ।

*ਇਹ ਭਾਈ ਨੰਦ ਲਾਲ ਜੀ ਫਾਰਸੀ ਵਾਲੇ ਕਵੀ ਨਹੀਂ, ਹੋਰ ਸੱਜਣ ਹਨ।

†ਪਾਠਾਂਤਰ 'ਪਿਛਲੀ ਹੋਇ ਨ ਬੀਤੀ' ਭੀ ਹੈ।

‡ਪਾਠਾਂਤਰ 'ਮਹਿਬੂਬਾਂ'।

*ਪਾਠਾਂਤਰ 'ਤੁੱਸ ਮਿਲਨ ਯਾਰ ਨਗੀਨੇ'।

†ਬਿਹਾਰੀ ਜੀ ਦੀਆਂ ਹੋਰ ਸੱਦਾਂ, ਦੇਖੋ ਪਸੰਗ ਬੀਬੀ ਦੇਸਾਂ।

੩. [ਇਬ੍ਰਹੀਮ]।

ਮਾਲਵਾ ਦੇਸ਼, ਛਤਿਆਣਾ ਪਿੰਡ, ਲੱਖੀ ਜੰਗਲ ਸਤਿਗੁਰ ਵਾਲਾ, ਇਕ ਟਿੱਬੀ, ਇਕ ਕੁਟੀਆ, ਸੱਯਦ ਫਕੀਰ, ਨਾਉਂ ਪ੍ਰਸਿੱਧ 'ਬਾਹਮੀ ਸੱਯਦ' ਅਸਲ ਨਾਮ 'ਇਬਰਾਹੀਮ ਸੱਯਦ', ਕੁਟੀਆ ਦੇ ਬਾਹਰ ਬੈਠੇ ਹਨ, ਨੈਣਾਂ ਤੋਂ ਤ੍ਰੁੱਪ ਤ੍ਰੁੱਪ ਹੰਝੂ ਕਿਰਦੇ ਹਨ ਤੇ ਆਪੇ ਨਾਲ ਗੱਲਾਂ ਕਰਦੇ ਹਨ:–

"ਮਨ ਦੀ ਨਾ ਬੁਝਣ ਵਾਲੀ ਤ੍ਰਿਖਾ ! ਤੂੰ ਕਦੇ ਨਾ ਲੱਥੀ। ਘਰ ਵਿਚ ਸਾਰਾ ਐਸ਼ੁਰਜ ਸੀ, ਸੋ ਡਿੱਠਾ, ਭੋਗਿਆ, ਰੱਜ ਨਾ ਆਈ। ਘਰ ਛੱਡ ਫਕੀਰ ਹੋਏ, ਦੁਖ ਭੁਖ ਸਹੇ, ਤਪ ਤਪੇ, ਰਿਆਜ਼ਤਾਂ* ਕੀਤੀਆਂ, ਚਿਲ੍ਹੇ ਕਟੇ, ਰੋਜ਼ੇ ਰਖੇ, ਆਪਾ ਮਾਰਿਆ, ਸੁਆਸ ਚੜ੍ਹਾਏ, ਨਾਤੀਆਂ ਧੋਤੀਆਂ ਭੀ ਕੀਤੀਆਂ, ਤ੍ਰਿਸ਼ਨਾ ਬੀ ਘਟੀ, ਪਰ ਪਿਆਸ ਨਾ ਬੁਝੀ। ਫੇਰ ਐਸ਼ੁਰਜ ਬਣਿਆਂ, ਮੁਰੀਦ ਮਿਲੇ, ਮਾਇਆ ਆਈ, ਹੁਕਮ ਮਨੀਜੇ, ਪਿਆਰ ਮਿਲੇ, ਤਲੀਆਂ ਹੇਠ ਹੱਥ ਰਖੀਜੇ, ਪਰ ਹੇ ਅਤ੍ਰਿਪਤ ਮਨ ! ਤੇਰੀ ਤ੍ਰੇਹ ਨਾ ਮਿਟੀ, ਪਰ ਨਾ ਮਿਟੀ। ਪਦਾਰਥ ਨੂੰ ਭੀ ਜੀ ਨਹੀਂ ਚਾਹੁੰਦਾ, ਕਿਸੇ ਦੇਸਦੀ ਵਸਤ ਦੀ ਲਾਲਸਾ ਨਹੀਂ, ਫੇਰ ਇਹ ਪਿਆਸ ਕਾਸ ਦੀ ? ਇਹ ਅਬੁਝ ਤ੍ਰਿਖਾ ਹੈ, ਇਹ ਨਾ ਸਮਝ ਆਉਣ ਵਾਲੀ ਭੰਝ ਮਾਇਕ ਹਉਬਲਿਖਾ ਨਹੀਂ, ਇਹ ਪਿਆਸ ਕੋਈ ਡੂੰਘੀ ਪਿਆਸ ਹੈ। ਹਾਇ ! ਮਿਲੇ; ਕੌਣ ਮਿਲੇ ? ਪਤਾ ਨਹੀਂ ਮਨ ਕਿਸਨੂੰ ਲੋਚਦਾ ਹੈ ?"

ਫਕੀਰ ਜੀ ਇਸ ਵੇਲੇ ਮਾਨੋਂ ਇਸ ਪ੍ਰਕਾਰ ਦੀ ਪੀੜਾ ਵਿਚ ਹਨ:–

ਤੜਪ ਪਈ ਤੜਪਾਂਦੀ ਅੰਦਰ ਸਿੱਕ ਕੁਈ
ਧੂਹ ਪਾਂਦੀ ਹੈ। ਅਣਬੁਝਦੀ ਕੁਈ ਭੰਝ
ਕਾਲਜਾ ਖੁਹ ਖੁਹ ਕੇ ਲਈ ਜਾਂਦੀ ਹੈ।
ਕੁਝ ਹੁੰਦਾ ਕੁਝ ਹੁੰਦਾ ਭਾਸੇ, ਕੀ ਭਾਸੇ ?
ਕੁਈ ਸਮਝ ਨਹੀਂ, ਪੀੜ ਕਲੇਜੇ ! ਨੀਰ
ਨੈਣ ਵਿਚ ਘੁਲਦੀ ਜਿੰਦੜੀ ਜਾਂਦੀ ਹੈ।

ਆਹ ! ਕੋਈ ਅਰਸ਼ਾਂ ਤੋਂ ਆਓ, ਮੇਰੀ ਲੱਗੀ ਨੂੰ ਪੁਗਾ ਦਿਓ। ਮੈਂ ਮੰਗਤੇ ਨੂੰ ਤਾਂ ਇਹ ਭੀ ਸਾਰ ਨਹੀਂ ਕਿ ਕੀ ਮੰਗਾਂ ? ਹਾਇ ! ਕਾਲਜਾ ਵੱਸ ਨਹੀਂ, ਹੇ ਚਮਕ ਰਹੇ ਤਾਰਿਓ ! ਚੰਦ ਕਿੱਥੇ ਨੇ ? ਕਿਉਂ ਡਲ੍ਹ ਡਲ੍ਹ ਅੱਖੀਆਂ ਭਰ ਰਹੇ ਹੋ ? ਤੁਹਾਨੂੰ ਪਤਾ ਹੈ ਕਿ ਆਹ ਤੁਹਾਡਾ ਚੰਦ ਹੈ, ਤੁਸੀਂ ਡਿੱਠਾ ਹੈ ਕਈ ਰਾਤਾਂ ਦਰਸ਼ਨਾਂ ਨਾਲ ਖੀਵੇ ਹੋਏ ਹੋ, ਪਰ ਮੈਨੂੰ ਵਲੱਲੇ ਨੂੰ ਇਹ ਭੀ ਪਤਾ ਨਹੀਂ ਕਿ ਮੇਰਾ ਚੰਦ ਕਿਹੜਾ ਹੈ ? ਕਿੱਥੇ ਹੈ ? ਕਦੇ ਡਿੱਠਾ ਨਹੀਂ, ਸੁਣਿਆਂ ਨਹੀਂ, ਸੁਪਨੇ ਨਹੀਂ ਆਇਆ, ਝਾਉਲਾ ਨਹੀਂ ਪਿਆ, ਪਰ ਹਾਇ ! ਫੇਰ ਸਦਾ ਨੈਣ ਡਲ੍ਹ-ਕਦੇ, ਕਲੇਜਾ ਸਰਕਦਾ ਤੇ ਅੰਦਰਲਾ ਫੜਕਦਾ ਹੈ, ਮੱਥਾ ਤੜਫਦਾ ਹੈ, ਕਲਾਈਆਂ ਝਰਨਾਟ ਖਾਂਦੀਆਂ ਤੇ ਛਾਤੀ ਬੁੱਰਾਂਦੀ ਹੈ।

ਇੰਨੇ ਨੂੰ ਆਏ ਇਕ ਸੁਹਣੇ ਭਦਵੇਂ ਜੁਆਨ ਸਿਪਾਹੀ।

ਸਿਪਾਹੀ–ਸੱਯਦ ਸਾਹਿਬ !

ਸੱਯਦ–ਆਈਏ, ਜੀ ਆਇਆਂ ਨੂੰ।

ਸਿਪਾਹੀ–ਅਵਾਜ਼ ਬੜੀ ਨਿੰਮ੍ਹੀ ਉਦਾਸੀ ਭਰੀ ਹੈ, ਸੁਖ ਹੈ ?

ਸੱਯਦ–ਓਹੋ ਵਹਿਣ ਦਾ ਦੌਰਾ ਹੈ, ਅੱਜ ਫੇਰ, ਅਗੇ ਤੋਂ ਰੋੜ੍ਹ ਵਧੀਕ ਹੈ।

ਸਿਪਾਹੀ–ਤੁਸੀਂ ਖਫੇ ਨਹੀਂ ਹੋਣਾ, ਮੈਂ ਚਿਰਕਾ ਆਇਆ ਹਾਂ, ਸੁਨੇਹਾ ਤਾਂ ਪੁੱਜ ਗਿਆ ਸੀ, ਪਰ ਰੋਝਾ ਵਧੇਰੇ ਸੀ।

ਸੱਯਦ–ਸ਼ੁਕਰ ਹੈ, ਰੋਝਾ ਹੀ ਸਹੀ, ਵਕਤ ਤਾਂ ਲੰਘ ਜਾਂਦਾ ਹੈ, ਸਾਡੇ ਵਿਹਲਿਆਂ ਦਾ ਤਾਂ ਵਕਤ ਭੀ ਨਹੀਂ ਲੰਘਦਾ; ਰੱਲ ਭੀ ਕਿਸ ਨਾਲ ਕਰੀਏ ? ਸਾਰੇ ਮੁਰੀਦ ਹਨ, ਕਿਸ ਨੂੰ ਦੱਸੀਏ ਕਿ ਅਜੇ ਤਾਂ ਅਪਣਾ ਕੁਛ ਨਹੀਂ ਬਣਿਆਂ ? ਧੁਰ ਟੇਕ ਨਹੀਂ ਦੱਝੀ। ਕਿਸ ਅਗੇ ਦੁਖ ਰੋਗ ਕਹੀਏ ? ਸਭੇ ਆਪ ਦੁਖੀ ਹਨ, ਕਿਸ ਨੂੰ ਮਿੱਤ ਕਹੀਏ ? ਕੋਈ ਵਿਹਲਾ ਨਹੀਂ। ਸੰਨਯਾਸ ਕਰੀਏ, ਕੀਤਾ, ਛਤਿਆਣੇ ਦੀ ਸਰਦਾਰੀ ਛੱਡੀ ਤੇ ਫਕੀਰੀ ਮੱਲੀ, ਪਰ ਦੇਖੋ ! ਮਨ ਕੁਛ ਮੰਗਦਾ ਹੀ ਮੰਗਦਾ ਹੈ।

ਸਿਪਾਹੀ–ਸੱਯਦ ਸਾਹਿਬ ! ਤੁਹਾਡੇ ਮਨ ਦੀ ਮੰਗ ਲੋਕਾਂ ਵਾਲੀ ਤਾਂ ਹੈ ਨਹੀਂ, ਇਹ ਤਾਂ ਲਗਨ ਹੈ। ਇਸ ਲੱਗੀ ਨੂੰ ਕੋਈ ਲਾਉਣ ਵਾਲਾ ਹੈ ਜੋ ਕਿਤੇ ਉਹਲੇ ਹੈ, ਉਹ ਬੁਝਾਵੇ ਤਾਂ ਬੁਝਾਵੇ। ਇਹ ਤਾਂ ਮੇਰੇ ਜਾਣੇ ਮਨ ਦੀ ਪਿਆਸ ਨਹੀਂ, ਅੰਦਰਲੇ ਦੀ ਭੰਝ ਹੈ, ਜੋ ਕਿਸੇ ਨਾ ਮਾਲੂਮ ਵਿਛੋੜੇ ਦੀ ਟਸਕ

*ਤਪ, ਹਠ। †ਅਤਿ ਤ੍ਰਿਸ਼ਨਾ।

ਖਾਂਦਾ ਹੈ। ਹੋਰ ਤੁਸਾਨੂੰ ਕੋਈ ਲਾਲਸਾ ਨਹੀਂ, ਮੈਂ ਜਾਣਦਾ ਹਾਂ, ਬਾਲ ਸਖਾਈ ਹਾਂ। ਭਲਾ ਜੀਉ! ਤੁਸਾਂ ਕਦੇ ਮੁਰਸ਼ਿਦ ਭੀ ਕੀਤਾ ਹੈ? ਵਡੇ ਸਾਈਂ ਲੋਕ ਏਸ ਟਿੱਬੀ ਤੇ ਧੂਣੀ ਤਾਇਆ ਕਰਦੇ ਸਨ। ਜਦੋਂ ਅਸੀਂ ਖੇਡਦੇ ਖੇਡਦੇ ਆ ਨਿਕਲਿਆ ਕਰਦੇ ਸਾਂ ਤਾਂ ਉਨ੍ਹਾਂ ਨੂੰ ਦੇਖਦੇ ਹੁੰਦੇ ਸਾਂ। ਤੁਸਾਂ ਉਨ੍ਹਾਂ ਤੋਂ ਫੈਜ਼ ਪਾਇਆ ਹੋਊ?

ਸੱਯਦ–ਕੱਠੇ ਖੇਡਦੇ ਆਇਆ ਕਰਦੇ ਸਾਂ, ਹਾਂ, ਉਨ੍ਹਾਂ ਦੇ ਹੀ ਮੈਂ ਚਰਨੀ ਲੱਗਾ, ਪਹਿਲਾਂ ਇਕ ਹੋਰ ਮਿਰਜ਼ੇ ਦੀ ਸੁਹਬਤ ਰਹੀ, ਫੇਰ ਸਾਈਂ ਲੋਕਾਂ ਨੂੰ ਪੀਰ ਬਣਾਇਆ। ਫੇਰ ਇਕ ਜੋਗੀ ਦੀ ਕਸ਼ਟ ਸਾਧਨਾ ਦੀ ਸਿਖ ਮਤ ਲਈ, ਪਰ ਬਣਿਆਂ ਕੁਝ ਨਾਂ।

ਸਿਪਾਹੀ–ਇਹ ਅਨੋਖੀ ਜੇਹੀ ਗਲ ਹੈ, ਜੋ ਮਿਲਿਆਂ ਤੇ ਸਾਧਨਾਂ ਕੀਤਿਆਂ ਕੁਛ ਨਾਂ ਬਣਿਆਂ ਤੇ ਫੇਰ ਭੰਝ ਬਣੀ ਰਹੀ।

ਸੱਯਦ–ਸੱਜਣ ਜੀ! ਵਿਆਹਾਂ ਨਿਕਾਹਾਂ ਵੇਲੇ ਕਿੰਨੇ ਸਾਧਨ ਹੁੰਦੇ ਹਨ, ਪੰਡਤ ਮੁੱਲਾਂ ਆਉਂਦੇ ਹਨ, ਦੇਉਤਿਆਂ ਤੇ ਉੱਚਿਆਂ ਦੀ ਅਰਾਧਨਾ ਕਰਦੇ ਹਨ, ਮੁੰਡੇ ਕੁੜੀ ਨੂੰ ਮੌਹਾਂ ਸੁਗੰਧਾਂ ਦੇਂਦੇ ਹਨ, ਸਾਰੇ ਹੀ ਜਤਨ ਸਾਧਨ ਹੁੰਦੇ ਹਨ, ਕਸਰ ਕੋਈ ਨਹੀਂ ਰਹਿੰਦੀ, ਪਰ ਕਦੇ ਡਿੱਠਾ ਨੇ ਕਿ ਸਾਰੇ ਹੀ ਡੂੰਘੇ ਪਿਆਰ ਵਿਚ ਇਕ ਜੋਤ ਹੋ ਗਏ ਹਨ। ਨਹੀਂ! ਪਿਆਰ ਦੇ ਕੀ ਸਾਧਨ, ਲੱਗਣ ਤਾਂ ਅਵੱਲੀਆਂ, ਨਾਂ ਲੱਗਣ ਤਾਂ ਪਏ ਸਾਧਨ ਤਪ ਕਰੇ।

ਸਿਪਾਹੀ–(ਤ੍ਰਬੁਕ ਕੇ) ਸੱਚ ਹੈ। (ਨੈਣੀ ਨੀਰ ਭਰ ਆਇਆ) ਜ਼ੋਰੋ ਜ਼ੋਰੀ ਕਦ ਲਗਦੀਆਂ ਹਨ? ਪ੍ਰੀਤ ਤਾਰਾਂ ਲਾਇਆਂ ਕਦ ਲਗੀਆਂ?

ਸੱਯਦ–ਦੁੱਖ ਇਕ ਹੋਰ ਹੈ, ਤ੍ਰਿੱਖੀ ਅਕਲ ਤੇ ਇਲਮ ਦੀ ਵਾਕਬੀ ਏਹ ਜਾਨ ਦੇ ਵੈਰੀ ਹੋ ਚੁੱਕੇ ਹਨ। ਪੀਰੀ ਫਕੀਰੀ ਦੀ ਮਾਨ ਵਡਿਆਈ ਇਹ ਦੁਸ਼ਮਨੇ ਜਾਨ ਹੋ ਰਹੀ ਹੈ, ਨਹੀਂ ਤਾਂ ਢੂੰਡ ਭਾਲ ਲੱਗੀ ਰਹੇ, ਹੋਰ ਨਹੀਂ ਤਾਂ ਇਹੋ ਹੀ ਸਹੀ।

ਸਿਪਾਹੀ–ਪੀਰ ਜੀ! ਆਪੇ ਦੀ ਸੋਝੀ ਬਿਨਾਂ ਟਿਕਾਉ ਨਹੀਂ, ਸੰਸਾਰ ਦੇ ਰੰਗ ਇਸ ਮਨ ਦੇ ਅੱਗੇ ਪੜਦਾ ਹਨ ਜੋ ਇਸ ਨੂੰ ਆਪੇ ਦੇ ਦਰਸ਼ਨ ਨਹੀਂ ਹੋਣ ਦੇਂਦੇ। ਆਪੇ ਦੇ ਅੱਗੇ ਆਪੇ ਦਾ ਹੀ ਪੜਦਾ ਹੈ, ਜੋ ਸਾਈਂ ਦੇ ਦੀਦਾਰ ਨਹੀਂ ਲੈਣ ਦੇਂਦਾ। ਫਿਰ ਜਿਨਾਂ ਆਪਾ ਤ੍ਰਿੱਖੀ ਸੋਝੀ ਵਾਲਾ, ਤ੍ਰਿੱਖੀ ਅਕਲ ਵਾਲਾ, ਇਲਮ ਵਾਲਾ, ਓਨਾਂ ਵਧੀਕ ਹੁੱਜਤੀ ਤੇ ਖੁੱਜਤੀ, ਓਨਾਂ ਵਧੀਕ ਸਹਿੰਸਿਆਂ ਵਾਲਾ ਤੇ ਖੁੰਦਾਂ ਪੁੱਟਣ ਵਾਲਾ ਤੇ ਓਨਾਂ ਹੀ ਵਧੀਕ ਆਪੇ ਦਾ ਪੜਦਾ ਆਪੇ ਦੇ ਅੱਗੇ ਗਾਹੜਾ। ਦਿੱਸੇ ਕੀ ਤੇ ਕੀਕੂੰ? ਮੈਨੂੰ ਤਾਂ ਜੋ ਚਾਰ ਸਤਰਾਂ ਸੁਣੀਆਂ ਸਨ ਬੜੀ ਵਾਰ ਹਨੇਰਾ ਹੋ ਢੁਕਦੀਆਂ ਹਨ ਤੇ ਆਪ ਤਾਂ ਭਾਰੇ ਪੜ੍ਹੇ ਹੋਏ ਹੋ।

ਸੱਯਦ–ਸੱਜਣਾਂ! ਗੱਲਾਂ ਬੜੇ ਪਤੇ ਦੀਆਂ ਸੱਟਣ ਲੱਗ ਗਿਆ ਹੈਂ। ਨੁਹਾਰ ਹੋਰ ਹੈ, ਤੌਰ ਹੋਰ ਹਨ, ਅਸਰ ਤਾਸੀਰ ਵਾਲੀ ਗਲ ਕਰਦਾ ਹੈਂ। ਕੀ ਹੋ ਗਿਆ ਹੈ? ਮੈਂ ਅੱਜ ਤੈਨੂੰ ਉਚੇਚੇ ਸੱਦ ਘੱਲਿਆ ਹੈ। ਯਾਰਾ! ਨਿੱਕੇ ਹੁੰਦਿਆਂ ਦਾ ਮਿੱਤ੍ਰ ਹੈਂ, ਕੁਛ ਦੱਸ ਅਸਾਂ ਨੂੰ ਬੀ। ਅੱਜ ਮੇਰੀ ਜਾਨ ਬੜੀ ਤ੍ਰੁੱਟਦੀ ਹੈ, ਇਉਂ ਹੁੰਦਾ ਹੈ ਜਿਵੇਂ ਸਾਰੇ ਦਾ ਸਾਰਾ ਪੰਘਰ ਕੇ ਢਲ ਚੱਲਿਆ ਹਾਂ। ਅਕਲਾਂ ਇਲਮ ਕੋਈ ਰਸਤਾ ਨਹੀਂ ਦੇਂਦੇ। ਇਸ ਵਲ-ਵਲੇ ਨੂੰ ਕੱਢਦਾ ਹਾਂ, ਪਰ ਨਿਕਲਦਾ ਨਹੀਂ।

ਸਿਪਾਹੀ–ਇਹ ਕੀਕੂੰ ਨਿਕਲੇ? ਕੋਈ ਓਪਰੀ ਸ਼ੈ ਹੈ, ਕੋਈ ਅਹੁਰ ਹੈ ਜੋ ਨਿਕਲੇ? ਹੋਈ ਤਾਂ ਕੁਦਰਤੀ ਕੋਸ਼ਿਸ਼। ਕਿਸੇ ਘੁੱਸੇ ਟਿਕਾਣੇ ਤੇ ਅੱਪੜਨ ਦੀ ਜਾਂ ਕਿਸੇ ਸੁਖਦਾਈ ਟਿਕਾਣੇ, ਅੱਪੜਨ ਦੀ ਇਹ ਭੰਝ ਹਰ ਇਨਸਾਨ ਨੂੰ ਹੈ। ਕਿਸੇ ਘਣੀ ਕਿਸੇ ਥੋੜੀ, ਕਿਸੇ ਨੂੰ ਕਦੇ ਇੱਕ ਅੱਧ ਵਾਰ ਲੱਗੀ ਤੇ ਝਲਕਾ ਦੇ ਗਈ, ਕਿਸੇ ਨੂੰ ਅਣ-ਬੁੱਝਵੀਂ ਹੋ ਗਈ। ਇਹ ਸ਼ਰ੍ਹਾ ਦੇ ਫਤਵਿਆਂ ਤੇ ਪੜ੍ਹਿਆਂ ਦੀਆਂ ਦਲੀਲਾਂ ਦੇ ਕਾਬੂ ਦੀ ਸ਼ੈ ਨਹੀਂ ਇਸ ਨੂੰ ਹਰ ਦੇਸ਼, ਹਰ ਥਾਂ ਪੜ੍ਹਿਆਂ ਨੇ ਮਾਰਿਆ, ਨੱਪਿਆ, ਪਾਤਸ਼ਾਹਾਂ ਨੇ ਤਸੀਹੇ ਦਿੱਤੇ, ਪਰ ਇਹ ਆਪੇ ਦੀ ਭੰਝ ਅਮਿੱਟ ਰਹੀ।

ਸੱਯਦ–ਫੇਰ ਹੁਣ, ਕੀ ਭੰਝ ਹੀ ਭੰਝ ਲੱਗੀ ਰਹੇ, ਉਡੀਕ ਹੀ ਉਡੀਕ, ਇੰਤਜ਼ਾਰ ਹੀ ਇੰਤਜ਼ਾਰ? ਮਿਲਾਪ ਨਹੀਂ, ਤ੍ਰਿਪਤੀ ਨਹੀਂ, ਵਸਾਲ ਨਹੀਂ। ਇਸੇ ਪੀੜ ਦੀਆਂ ਕਸਕਾਂ ਦਾ 'ਆਪਾ ਖਾਣਾਂ ਰਸ' ਹੀ ਮਹਾਂ ਰਸ ਜਾਣੀਏ!

ਸਿਪਾਹੀ (ਮਿੱਠਾ ਹਾਹੁਕਾ ਲੈਕੇ)–

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾਕੈ ਬਲਿ ਬਲਿ ਜਾਸਾ ॥ [ਸੁਖਮਨੀ

ਸੱਜਣਾਂ ! ਪਿਆਸ ਕਿੱਥੇ ਧਰੀ ਪਈ ਹੈ, ਪਿਆਸ ਲੱਗੇ ਤਾਂ ਪਾਣੀ ਮੰਗੇ ਨਾ।

ਸਾਚੇ ਨਾਮ ਕੀ ਲਾਗੈ ਭੂਖ ॥ ਊਤ ਭੂਖੇ ਖਾਇ ਚਲੀਅਹਿ ਦੂਖ ॥ [ਆ: ਮ: ੧

ਭੁੱਖ ਹੀ ਤਾਂ ਜੀ ਉੱਠਣਾ ਹੈ। ਭੁੱਖ ਹੀ ਨਹੀਂ ਤਾਂ ਮੌਤ ਹੈ। ਭੁੱਖ ਮੁਬਾਰਕ ਹੈ । ਹਾਂ, ਤ੍ਰੋਹ ਭਾਗੇ ਭਰੀ ਹੈ, ਲੱਗੇ ਸਹੀ, ਚਾਹੇ ਤ੍ਰੋਹ ਵਿਚ ਮਰ ਜਾਏ, ਪਰ ਸਾਈਂ ਜੀ ! ਤ੍ਰੋਹ ਨਾ ਮਿਟੇ, ਪਰ ਨਾ ਮਿਟੇ। (ਰੋ ਪਿਆ ਤੇ ਨਰਮ ਅਵਾਜ਼ ਵਿਚ ।

ਦੇਹੁ ਦਰਸੁ ਨਾਨਕ ਬਲਿਹਾਰੀ
ਜੀਅੜਾ ਬਲਿ ਬਲਿ ਕੀਨਾ ॥

ਸੱਜਦ–ਹੇ ਚਾਤ੍ਰਿਕ ਮਿੱਤ੍ਰ ! ਜਿਸ ਨੂੰ ਸ੍ਵਾਂਤੀ ਬੂੰਦ ਲੱਝ ਗਈ ਹੈ, ਓ ਬੰਦੀ ! ਜਿਸ ਨੂੰ ਉਹ ਜਲ ਦੀ ਬੂੰਦ ਮਿਲ ਗਈ ਹੈ, ਕਿ ਜਿਸ ਦਾ ਮੈਂ ਅਜੇ ਪਿਆਸਾ ਹਾਂ, ਤੇਰੇ ਵਾਕ ਸੁਹਾਵਣਾਂ ਵਾਲੇ ਹਨ, ਤੇਰੇ ਨੈਣ ਰਸੀਲੇ ਹੋ ਗਏ ਹਨ, ਤੇਰੀ ਬਾਣੀ ਵਿੱਚ ਮਿਠਾਸ ਆ ਗਈ ਹੈ, ਤੇਰੀਆਂ ਮੁਬਾਰਕ ਬਾਹਾਂ ਗਲੇ ਜਾ ਲਗੀਆਂ ਜਾਪਦੀਆਂ ਹਨ, ਤੂੰ ਦੱਸ ਉਪਦੇਸੜਾ, ਕੋਈ ਪਾ ਰਸਤੜੇ, ਤੂੰ ਵੰਡਾ ਦਿੱਸਾ। ਬਾਲ ਸਖੇ ! ਲੁਕੋ ਨਾ ਕਰ, ਤੇਰੀ ਗਲ ਨਿਰਾਲੀ ਹੈ, ਤੂੰ ਪਾਇਆ ਹੈ, ਤੂੰ ਪਾਇਆ ਹੈ, ਨਹੀਂ ਤਾਂ ਲਪਟ ਤੇਰੇ ਵਿਚ ਕਾਹਦੀ ਹੈ ?

ਸਿਪਾਹੀ (ਕਿੰਨਾਂ ਚਿਰ ਛਮਾਂ ਛਮ ਰੋਗਾਂ ਵਿਚ ਰਹਿ ਕੇ)– ਕਿਸ ਨੇ ਪਾਇਆ ਹੈ ? ਕੌਣ ਪਾ ਸਕਦਾ ਹੈ ? ਟੁੰਡੇ ਦਾ ਜੱਫੀ ਪਾਣਾ ਕੀ ? ਸਾਈਆਂ ! ਓਹ ਜੱਫੇ ਪਾਵੇ ਜੋ ਬਾਹਾਂ ਵਾਲਾ ਹੈ । ਹਦ ਵਾਲੇ ਦਾ ਬੇਹਦ ਨੂੰ ਕਲਾਈ ਵਿਚ ਲੈਣਾ ਕੀਹ ? ਓਹ ਝਾਵਲਾ ਦੇਵੇ, ਉਹ ਮਿਹਰ ਕਰੇ, ਉਹ ਆਪ ਗੋਦੀ ਲੈ ਲਵੇ। ਦਿੱਸੇ ਨੈਣੀਂ, ਵਸੇ ਅੰਦਰ, ਚਰਨੀਂ ਲਾ ਲਵੇ, ਸ਼ਰਨੀ ਪਾ ਲਵੇ, ਆਪੇ । ਟੁੰਡੇ ਨੇ ਗਲ ਕੀ ਲੱਗਣਾਂ ਤੇ ਰੁਹਲੇ ਨੇ ਕੀ ਪਹੁੰਚਣਾਂ ।

ਸੱਜਦ (ਮਹੀਨ ਤੇ ਠਹਿਰਵੀਂ ਸੁਰ ਨਾਲ)– ਠੀਕ ! ਫੇਰ ਬੈਠੇ ਰਹੀਏ ਆਸਵੰਦ ?

ਸਿਪਾਹੀ–'ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ ਤਿਲੈ' ॥

ਸੱਜਦ–ਠੀਕ, ਪਰ ਦਿਲ ਵਿਲਕਦਾ ਹੈ ਮਿਲਨ ਨੂੰ ।

ਸਿਪਾਹੀ–ਇਹੋ ਤਾਂ ਪਿਆਸ ਹੈ ਤੇ ਪਿਆਸ ਹੀ ਜਿੰਦ ਹੈ, ਤੇ ਜੀਉਂਦੇ ਨੂੰ ਹੀ ਕੋਈ ਕਦੇ ਗਲੇ ਆ ਲਾਉਂਦਾ ਹੈ। ਮੁਰਦੀਆਂ ਲੋਥਾਂ ਨੂੰ ਤਾਂ ਸਭ ਕੋਈ ਪਰੇ ਹੀ ਪਰੇ ਕਰਦਾ ਹੈ। ਹਾਂ ਜੀ, ਲੱਗੀ ਰਹੇ।

ਦੇਹੁ ਦਰਸ ਨਾਨਕ ਬਲਿਹਾਰੀ
ਜੀਅੜਾ ਬਲਿ ਬਲਿ ਕੀਨਾ ॥

ਸੱਜਦ–ਲੱਗੀ ਰਹੇ ਬਈ।

ਸਿਪਾਹੀ–ਲੱਗੀ ਰਹੇ ਬੀ ਮਿਹਰ ਹੈ, ਪਰ ਲਗੀ ਰਹੇ ਤੇ ਲਾਈ ਰਖੇ। ਹਾਂ, ਪਰ ਇਹ ਵੀ ਮੇਲਣਹਾਰ ਦੀ ਮਿਹਰ ਹੈ, ਤੇ ਮਿਹਰ ਓਸੇ ਵਿਚ ਵਸਦੀ ਤੇ ਓਸ ਦੀ ਸ਼ੈ ਹੈ, ਮੇਰੇ ਤਪ ਹਠ ਸਾਧਨ ਦੇ ਵੱਸ ਕਾਬੂ ਦੀ ਸ਼ੈ ਨਹੀਂ, ਪਰ ਮੈਂ ਝੱਲੀ ਤਾਂ ਅੱਡੀ ਰਖਾਂ:–

ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ ॥
ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ॥
ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥
ਹਰਿ ਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ
ਬਲਿਹਾਰਣੇ ॥ ੧੧ ॥ [ਫੁਨਹੇ

ਖ਼ਬਰੇ ਕਦੇ ਖ਼ੈਰ ਪਵੇ। ਐਉਂ ਪਿਆਸ ਨਾ ਬੁਝੇ ਕਿ ਲੋੜ ਚੁਕ ਜਾਵੇ। ਮਿਲੇ ਤਾਂ ਠੰਢ ਪਵੇ, ਆ ਵੱਸੇ ਤਾਂ ਡੰਝ ਬੁਝੇ। ਬੂੰਦ ਮੂੰਹ ਪਵੇ ਤਾਂ ਪ੍ਰਿਉ ਪ੍ਰਿਉ ਸ਼ਮਨ ਹੋਵੇ ।

ਸੱਜਦ–ਸੁਹਾਗਣੇ ! ਲਾ ਕੰਤ ਦੀ ਚਰਨੀਂ ਹਾਇ ! ਲੁਕੋ ਨਾ ਕਰ ।

ਸਿਪਾਹੀ–ਯਾਰਾ ! ਲੁਕੋ ਕਾਹਦੇ, ਲੱਗੀਆਂ ਦੇ ਲੁਕਾ ਕਦੇ ਹੁੰਦੇ ਹਨ ? ਰੂੰ ਦ ਸੰਦੂਕਾਂ ਵਿਚ ਚੰਗਿਆੜੇ ਲਕਾਏ ਜਾ ਸਕਦੇ ਹਨ ? ਮੇਰੀਆਂ ਤਾਂ ਲਗ ਗਈਆਂ ਤੇ ਲਗ ਗਈਆਂ ਨੀ ਜ਼ੋਰੋ ਜ਼ੋਰੀ । ਤੇ:–

ਸੱਜਦ–(ਤ੍ਰਬ੍ਹਕ ਕੇ)–ਕਿੱਥੇ ਏ ਕਿਸ ਤਰ੍ਹਾਂ ?

ਸਿਪਾਹੀ–ਆਪੇ ਵਿਚ, ਆਪੇ ਨਾਲ। ਆਪੇ ਦੇ ਪਿੱਛੇ; ਆਪੇ ਦੇ ਆਪੇ ਨਾਲ ।

ਸੱਜਦ–ਕਿਵੇਂ ?

ਸਿਪਾਹੀ–ਇਕ 'ਰੱਬ ਦੀਦਾਰ ਦੇ ਸ਼ੀਸ਼ੇ' ਵਿਚ ਮੂੰਹ ਤੱਕ ਬੈਠਾ ਸਾਂ ਕਿ ਮੈਂ ਆਪਣਾ ਰੂਪ ਦੇਖਾਂ। ਸ਼ੀਸ਼ੇ ਵਿਚ ਜੜੀ ਸੀ ਮੂਰਤ ਰੱਬ ਦੀ, ਮੈਂ ਆਪਾ ਦੇਖਣ ਲੱਗਾ ਉਸ ਮੂਰਤ ਦੇ ਦਰਸ਼ਨੀਂ ਹੀ ਰਚ

ਮਿਚ ਗਿਆ।

ਸੱਜਦ–ਬੁਝਾਰਤਾਂ ਸੁਆਦਲੀਆਂ ਹੁੰਦੀਆਂ ਹਨ, ਪਰ ਤਿਹਾਏ ਨੂੰ ਪਾਣੀ ਦੀ ਬੁਝਾਰਤ ਅਬਰਾ ਵਧਾਉਂਦੀ ਹੈ।

ਸਿਪਾਹੀ–ਇਹ ਬੁਝਾਰਤ ਖੁਲ੍ਹੇ, ਫੇਰ ਬੁਝਾਰਤ ਹੀ ਰਹਿੰਦੀ ਹੈ। ਦਫਤ੍ਰ ਲਿਖੇ ਗਏ, ਬੁਝਾਰਤ ਬੁਝਾਰਤ ਹੀ ਰਹੀ। ਕਾਜ਼ੀ, ਮੁੱਲਾਂ, ਪੰਡਤ, ਪਾਂਧੇ, ਗਿਆਨੀ ਪੜ੍ਹੇ ਲੋਕ ਦਿਨ ਰਾਤ ਖੁਹਲਦੇ ਹਨ, ਦਫਤਰ ਤੋਲਦੇ, ਕਥਾ ਵਖਿਆਨ ਦੇ ਪ੍ਰਕਾਸ਼ ਕਰਦੇ ਹਨ, ਪਰ ਹਾਇ! ਬੁਝਾਰਤ ਖੁਲ੍ਹਦੀ ਫੇਹ ਬੁਝਾਰਤ ਹੋ ਜਾਂਦੀ ਹੈ। ਸੀਨੇ ਤੋਂ ਸੀਨੇ ਨੂੰ ਟੁੱਪਦੀ ਹੈ, ਸੈਨਤਾਂ ਦੀ ਤਾਰ ਤੇ ਟੁਰਦੀ ਹੈ, ਅੱਖ ਮਟੱਕਿਆਂ ਦੀ ਸੜਕ ਉੱਤੇ ਫਿਰਦੀ ਹੈ। ਬੁਝਾਰਤ ਖੁਲ੍ਹਦੀ ਹੈ, ਪਰ ਅੰਦਰ ਵੜਦੀ ਫੇਰ ਬੁਝਾਰਤ ਹੋ ਜਾਂਦੀ ਹੈ। ਜਦੋਂ ਖੁਲ੍ਹ ਗਈ; ਨਾ ਥਨ, ਨਾ ਧੁਨਕਾਰ। ਕੱਸੀ ਰਹੇ ਤਾਰ, ਖਿੱਚੀ ਰਹੇ, ਤਾਂ ਇਲਾਹੀ ਨਾਦ। ਮੈਂ ਕੀ ਖੋਹਲਾਂ? ਖੋਲ੍ਹਣ ਦੇ ਦਾਵੇਦਾਰਾਂ ਦੀਆਂ ਉਮਰਾ ਸੇਵਾ ਕੀਤੀਆਂ, ਕੰਨ ਸੁਣ ਸੁਣਕੇ ਘਸ ਲੱਥੇ ਤੇ ਮਗਜ਼ ਸਮਝ ਸਮਝ ਕੇ ਪਤਲਾ ਪੈ ਗਿਆ, ਬੁਝਾਰਤ ਨਾ ਖੁੱਲ੍ਹੀ, ਬਣੇ ਤਾਂ ਕੀ ਬਣੇ? ਓਹੋ ਜੇਹੇ ਖੁਹਲਣਹਾਰ, ਪੜ੍ਹੇ ਤੇਤੇ ਪੜ੍ਹਾ ਦਿੱਤੀ ਡਾਰ। ਪੜ੍ਹ ਗਈਆਂ ਡਾਰਾਂ, ਪਰ ਜੋ ਪੜ੍ਹਦੇ ਹਨ ਸੋ ਨਹੀਂ ਬੁੱਕਦੇ। ਅਨਪੜ੍ਹੇ ਤੇਤੇ ਨੂੰ ਪੜ੍ਹੇ ਤੇਤੇ ਦੀ ਲਟਪਟ ਪੈਂਤੀ ਬੁਝਾਰਤ, ਤੇ ਪੜ੍ਹੇ ਤੇਤੇ ਨੂੰ ਪੜ੍ਹਦਿਆਂ ਸੁਣਦਿਆਂ ਬੁਝਾਰਤ। ਗੱਲ ਹੋਈ ਨੁਕਤਾ, ਬਿੰਦੀ ਲਗੀ ਹੋਈ ਕਿਸੇ ਦੇ ਮੱਥੇ। ਮੱਥੇ ਨਾਲ ਠਹਿਰੇ ਮੱਥਾ, ਲੱਗ ਜਾਏ ਬਿੰਦੀ। ਬਿੰਦੀ ਦੇ ਖੋਹਲਿਆਂ, ਫਰ ਬਿੰਦੀਆਂ ਭਾਵੇਂ ਨਿਕੀਆਂ, ਜਿਉਂ ਜਿਉਂ ਖੋਹਲੇ ਤਿਉਂ ਤਿਉਂ ਬਿੰਦੀਆਂ।

ਸੱਜਦ (ਹਾਹੁਕਾ ਲੈਕੇ –ਯਾਰਾ ਕੀ ਹੋ ਗਿਆ, ਕੁਝ ਦੱਸ ਬੀ, ਤੂੰ ਬੀ ਦੁਝਾਰਤ ਬਣ ਗਿਆ!

ਸਿਪਾਹੀ–ਦੱਸਾਂ ਹੀ ਦੱਸਾਂ, ਪਰ ਕੀ ਦੱਸਾਂ? ਹੱਛਾ ਦੱਸਾਂ? ਸੱਜਣ ਜੀ! ਮੈਂ ਸਿਖ ਹੋ ਗਿਆ ਹਾਂ।

ਸੱਜਦ–ਇਹ ਫੇਰ ਬੁਝਾਰਤ ਹੈ।

ਸਿਪਾਹੀ–ਇਹੋ ਤਾਂ ਮੈਂ ਆਖਦਾ ਹਾਂ।

ਸੱਜਦ–ਹੱਛਾ ਬਈ ਨਾ ਦੱਸ। ਇਹ ਤੁਾਂ ਅਸਾਂ ਬੀ ਦੁਝ ਲਿਆ ਹੈ ਕਿ:–

ਤੂੰ ਪਾਇਆ ਹੈ ਤੂੰ ਪਾਇਆ ਹੈ
ਪਰ ਸਾਥੋਂ ਖੂਬ ਛਿਪਾਇਆ ਹੈ।

ਚਲੋ ਤੇਰੇ ਹੀ ਦਰਸ਼ਨ ਮੇਲੇ ਕਰਿਆ ਕਰਾਂਗੇ, ਤੇਰੇ ਵਿੱਚੋਂ ਹੀ ਖੁਸ਼ਬੋ ਲੈਕੇ ਖੀਵੇ ਹੋ ਰਿਹਾ ਕਰਾਂਗੇ। ਸਾਨੂੰ ਬੀ ਇਕ ਲਪਟ ਦਾ ਹੀ ਚਸਕਾ ਹੈ। ਫੁੱਲਾਂ ਵਿਚੋਂ ਆ ਗਈ ਤਾਂ ਕੀਹ, ਜੇ ਫੁਲੇਰੇ ਕੋਲੋਂ ਆ ਗਈ ਤਾਂ ਕੀਹ। ਅਸਾਂ ਲਪਟ ਲੈਣੀ ਹੈ, ਅਤਰ ਨਹੀਂ ਕੱਢਣੇ, ਅਤਰਾਂ ਦੀ ਰਸਾਇਣ ਨਹੀਂ ਲੱਭਣੀ। ਅਸਾਂ ਸਮੁੰਦਰ ਅੱਪੜਨਾ ਹੈ, ਸਿੱਧੇ ਅੱਪੜ ਗਏ ਤਾਂ ਕੀਹ ਜੇ ਕਿਸੇ ਕੂਲ, ਨਾਲੇ, ਨਦੀ, ਦਰਯਾ ਨਾਲ ਰਲਕੇ ਜਾ ਮਿਲੇ ਤਾਂ ਕੀਹ?

ਸਿਪਾ:–ਪਰ ਬਈ ਖੁਸ਼ਬੋ ਕਿਸੇਦੇ ਕੈਦਦੀ ਨਹੀਂ।

ਸੱਜਦ–ਸਾਨੂੰ ਜੇ ਘਰ ਬੈਠਿਆਂ ਆਵੇ ਤਾਂ। ਅੱਜ ਤੂੰ ਨਹੀਂ ਆਇਆ ਤਾਂ ਸੱਦ ਘੱਲਿਆ ਹੈ। ਕੱਲ ਤੋਂ ਹੁਣ ਤੇਰੇ ਦਰਸ਼ਨ ਨੂੰ ਆਪ ਚੱਲਿਆ ਕਰਾਂਗੇ। ਤੂੰ ਖੋਚਲ ਨਾ ਕਰੀਂ, ਲੋਕ ਲਾਜ ਦੇ ਸਿਰ ਪਾਨੇ ਹਾਂ ਹੁਣ ਖੋਹ। ਜੇ ਕਹਿਣਗੇ ਲੋਕੀਂ ਸੋ ਪਏ ਕਹਿਣ, ਹਾਂ ਪਏ ਕਹਿਣ।

ਸਿਪਾਹੀ (ਹੱਸਕੇ)–ਐਉਂ ਨਾ ਬਈ।

ਸੱਜਦ–ਤੇ ਫੇਰ ਕਿਸਤਰ੍ਹਾਂ?

ਸਿਪਾਹੀ–ਦੋਵੇਂ ਹੋਏ ਨਾ ਯਾਰ, ਦੋਵੇਂ ਹੋਈਏ ਸੰਗੀ, ਸਤਿਸੰਗੀ।

ਸੱਜਦ–ਫੇਰ ਫੜ ਬਾਂਹ।

ਸਿਪਾਹੀ–ਮੈਂ ਸਿੱਖ ਹੋਇਆ ਹਾਂ, ਤੂੰ ਬੀ ਸਿੱਖ ਹੋ। ਫੜਾ ਬਾਂਹ ਜਿਸ ਨੇ ਮੇਰੀ ਫੜੀ ਹੈ ਉਸ ਨੂੰ।

ਸੱਜਦ–ਤੂੰ ਫੜਕੇ ਫੜਾ ਦੇਹ, ਚੱਲ।

ਸਿਪਾਹੀ–ਚੱਲ, ਨਹੀਂ ਬਈ 'ਸੰਸੇ ਦੀ ਨਦੀ' ਤਰ ਲੈ ਨਾਂ ਪਹਿਲੇ।

ਸੱਜਦ–ਤਰਾ ਲੈ। ਦੱਸ ਕਿਵੇਂ ਤਰਾਂ?

ਸਿਪਾਹੀ–ਮੈਂ ਸਿੱਖ ਹੋਇਆ ਹਾਂ। ਕੇਸ ਰੱਖੇ ਹਨ, ਅੰਮ੍ਰਿਤ ਛਕਿਆ ਹੈ, ਤੂੰ ਤਿਆਰ ਹੈਂ?

ਸੱਜਦ–ਮੇਰੀ ਅੰਦਰਲੀ ਲੱਗੀ ਨੂੰ ਠੰਢ ਪਾ! ਕੋਈ ਸ਼ਾਂਤਿ ਬੂੰਦ ਦੇਕੇ ਪਾ, ਕੇਸ ਰਖਾ, ਅੰਮ੍ਰਿਤ ਛਕਾ!

ਸਿਪਾਹੀ–ਬਈ ਠੰਢ ਤਾਂ ਪੈ ਜਾਊ, ਪਰ ਫੇਰ ਰਹੁ ਰੀਤਾਂ?

ਸੱਯਦ–ਜਿਸ ਦੇ ਆਖੇ ਠੰਢ ਪਊ, ਜਿਸ ਦੇ ਮੇਲਿਆਂ ਮਨ ਠਰੂ, ਉਸ ਦੇ ਸਾਰੇ ਕਹਿਣੇ ਮੁੱਲ ਵਾਲੇ ਤੇ ਮੰਨਣੇ। ਉਹ ਰਹਿਬਰ ਰਸਤੇ ਦਾ, ਭੁੱਲ ਉਥੇ ਕਿੱਥੇ ? ਉਹ ਜੋ ਆਖੇ ਉਹ ਮਿਰਯਾਦਾ, ਇਹ ਤਾਂ ਰਾਹ ਹੀ ਇਸ਼ਕ ਦਾ ਰਹਿਆ, ਚੂੰਚਰਾਂ ਕਾਹਦੀ ?

ਸਿਪਾਹੀ–ਮੈਂ ਤਾਂ ਅੜੀ ਕੀਤੀ ਸੀ।

ਸੱਯਦ–ਸਾਰੀ ਗਲ ਸੁਣਾਂ ਨਾ ਬਈ।

ਸਿਪਾਹੀ–ਸੁਣੋਂ ! ਮੈਨੂੰ ਪਿੰਡ ਦੇ ਗੱਭਰੂਆਂ ਕਿਹਾ: ਚੱਲ ਬਈ ਤੂੰ ਬਣ ਸਾਡਾ ਤੁੰਮਣਦਾਰ ਤੇ ਸਾਰੇ ਹੋਈਏ ਕੱਠੇ ਤੇ ਤੁੰਮਣ ਬੰਨ੍ਹਕੇ ਚੱਲੀਏ। ਇਕ ਜੋਧਾ ਆਇਆ ਹੈ, ਸਿਪਾਹੀ ਰਖਦਾ ਹੈ, ਤਲਬਾਂ ਫੇਰ ਦੇਂਦਾ ਹੈ, ਚੱਲ ਉਸ ਦੇ ਕੋਲ ਭਰਤੀ ਹੋ ਚੱਲੀਏ। ਸਾਰੇ ਘਰੀਂ ਬੈਠੇ ਕੀ ਕਰਦੇ ਹਾਂ ? ਤੇਰੇ ਆਸਰੇ ਚਾਰ ਪੈਸੇ ਲੈ ਆਵਾਂਗੇ ਤੇ ਜੇ ਕਈ ਨਹੁੰ ਅੜ ਗਿਆ, ਤੇਰਾ ਰਾਜ ਸਰਦਾਰੀ ਬਣ ਜਾਊ ਤਾਂ ਅਸੀਂ ਤੇਰ ਮੁਸਾਹਿਬ ਹੁੱਦੇਦਾਰ ਬਣਕੇ ਝੁੱਲ ਲੁੱਟਾਂਗੇ। ਲਓ ਸਾਈਂ ਜੀ ! ਜਾਂ ਅਸੀਂ ਗਏ ਖਿਦਰਾਣੇ ਤਾਂ ਉੱਪਰ ਵਾਰ ਤਾਂ ਉਹ ਜੋਧਾ ਕੌਣ ਸੀ ?

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ !

ਸਾਡੇ ਸਾਰੇ ਲੋਕਾਂ ਦਾ ਗੁਰੂ, ਕਿਸੇ ਦਾ ਸੁਣਿਆਂ ਕਿਸੇ ਦਾ ਮੰਨਿਆਂ, ਬਹੁਤਿਆਂ ਦਾ ਆਪ ਧਾਰਿਆ। ਅਨੰਦ ਪੁਰ ਤਾਂ ਵਰ੍ਹਾ ਦਿਨ ਵੈਰੀ ਦੇ ਦੰਦ ਭੰਨਕੇ ਸਾਥੀਆਂ ਦੇ ਦਿਲ ਛੱਡਣ ਕਰਕੇ ਛੱਡ ਆਇਆ ਸੀ, ਫੇਰ ਚਮਕੌਰ ਉਹ ਹੋਕਾ ਮਾਰੀ ਸੂ ਕਿ ਦੁਨੀਆਂ ਵਾਰਾਂ ਗਾਊ। ਫੇਰ ਏਥੇ ਆਕੇ ਵਜ਼ੀਰੇ ਦੇ ਉਹ ਦੰਦ ਭੰਨੇ ਸੂ ਕਿ ਗਲ੍ਹਰੇ ਵਾਂਙੂ ਚਊਂ ਚਊਂ ਕਰਦਾ ਮੁੜ ਗਿਆ ਹੈ। ਅਸੀਂ ਜਾਕੇ ਕੀ ਡਿੱਠਾ ਕਿ ਉਹ ਤਾਂ ਸਾਡਾ ਗੁਰੂ ਹੈ ਤੇ ਅਸੀਂ ਗੁਰੂ ਦੇ ਘਰ ਭਰਤੀ ਹੋ ਗਏ ਹਾਂ। ਖਾਣ ਪੀਣ ਨੂੰ ਖੁੱਲ੍ਹਾ ਮਿਲੇ, ਪਰ ਤਲਵਾਂ ਖੇਚਲ ਨਾਲ। ਖ਼ੈਰ ਮਤਲਬ ਦੀ ਗੱਲ ਇਹ ਹੈ ਕਿ ਮੈਨੂੰ ਤਾਂ ਦਰਸ਼ਨ ਕਰਦਿਆਂ ਚੁਫ਼ ਹੋ ਗਿਆ ਸੀ, ਜੋ ਠਰਕ ਮੁੰਹ ਦਾ ਅੰਦਰ ਸੀ ਉਹ ਪੂਰਾ ਆਇਆ। ਜਿਉਂ ਜਿਉਂ ਸੇਵਾ ਕੀਤੀ ਮੇਰਾ ਚਾਉ ਤੇ ਖਿੱਚ ਵਧਦੀ ਗਈ, ਤਲਬ ਤੇ ਸਰਦਾਰੀਆਂ ਦੇ 'ਸੁਪਨੇ' ਸੁਪਨੇ ਹੋ ਗਏ। ਟੁੱਟਕੇ ਸੇਵਾ ਵਿਚ ਚਾਉ, ਪਿਆਰ ਤੇ ਦਰਸ਼ਨਾਂ ਵਿਚ ਸਿੱਕ ਤੇ ਪ੍ਰੇਮ ਭਾਉ ਵੱਸ ਗਿਆ। ਪਹਿਲਾ ਅਸਰ ਇਹ ਹੋਇਆ ਕਿ ਜਗਤ ਦਾ ਮੋਹ ਟੁੱਟ ਗਿਆ, ਦੂਜਾ ਅਸਰ ਆਪੇ ਦਾ ਮੋਹ ਮਾਤ ਪੈ ਗਿਆ, ਤੇ ਕੁਛ ਹੋਗਿਆ। ਕੀਹ ਹੋ ਗਿਆ ? ਕੁਝ ਆਪਾ ਸੁਆਦ ਵਿਚ, ਉਚਤਾਣ ਵਿਚ; ਕਿਸੇ ਲਗਨ ਵਿਚ, ਖਬਰੇ ਕਿਸ ਵਿਚ ਉਹ ਮੇਰੇ ਆਪਣੇ ਲਈ ਬੁਝਾਰਤ ਹੈ, ਆਪਾ ਕਿਸੇ ਹੋਰਵੇਂ ਛੈਲ ਵਿਚ ਹੋਗਿਆ ਜੋ ਕਹੀ ਨਹੀਂ ਜਾਂਦੀ।

ਅੰਤ ਸਾਰਾ ਜਥਾ ਸਤਿਗੁਰੂ ਦੇ ਸਾਹਮਣੇ ਹੋ ਗਿਆ ਮਾਇਆ ਬਦਲੇ। ਓਹ ਪਾਤਸ਼ਾਹ ਹਨ ਦੀਨ ਦੁਨੀ ਦੇ, ਪਰ ਚੋਜੀ ਹਨ, ਮਾਇਆ ਆਉਂਦੀ ਹੈ ਲੁਟਾ ਦੇਂਦੇ ਹਨ, ਨਹੀਂ ਆਉਂਦੀ ਤਾਂ ਕੜਾਕੇ ਵਿਚ ਖੁਸ਼ ਰਹਿੰਦੇ ਹਨ। ਜਥੇ ਨੇ ਤਾਂ ਵਿਗਾੜੀ, ਪਰ ਮੇਰੇ ਅੰਦਰ ਆਪ ਹੋ ਬੈਠਾ, ਮੈਂ ਆਖਿਆ ਸਿੱਖੀ ਦਾਨ ਕਰ, ਅਪਨਾ ਲੈ ਮੈਨੂੰ, ਦੇਹ ਨਾ ਕੁਛ, ਮੈਨੂੰ ਲੈ ਲੈ, ਮੇਰੀ ਸੇਵਾ ਨਾ ਖਰੀਦ, ਮੈਨੂੰ ਖਰੀਦ ਲੈ। ਇਹ ਸੁਣਕੇ ਹੱਸ ਪਏ ਤੇ ਕਹਿਣ ਲੱਗੇ, 'ਨਿਹਾਲ !' ਉਨ੍ਹਾਂ ਦਾ 'ਨਿਹਾਲ' ਕਹਿਣਾ ਸੀ ਕਿ ਮੇਰੇ ਲੂੰ ਲੂੰ ਵਿਚ ਝਰਨਾਟ ਛਿੜੀ ਇਕ ਝੁਟਾ ਆਇਆ, ਅੱਖ ਤੇ ਹੋਵੇ ਫੋਲਾ ਤੇ ਉਹ ਛੁਟਕੇ ਢੈ ਪਏ ਤੇ ਦਿੱਸ ਪਵੇ ਸੰਸਾਰ ਐਉਂ ਮੈਨੂੰ ਹੋਇਆ। ਕੋਈ ਅਕਹਿ ਸੁਆਦ ਦਿੱਸ ਪਿਆ, ਬੱਸ ! ਮੈਂ ਕੀ ਕਹਾਂ ?

ਫੇਰ ਹੁਕਮ ਹੋਇਆ ਅੰਮ੍ਰਿਤ ਛਕ।

ਮੈਨੂੰ ਫੇਰ ਨੀਚਤਾ ਫੁਰੀ, ਮੈਂ ਕਿਹਾ ਪਾਤਸ਼ਾਹ ! ਮੈਨੂੰ ਕੁਛ ਹੋਰ ਛਕਾਓ।

ਹੁਕਮ ਹੋਇਆ ਕੇਸ ਰੱਖ, ਅੰਮ੍ਰਿਤ ਛਕ।

ਮੈਨੂੰ ਫੇਰ ਨੀਚਤਾ ਫੁਰੀ ਤੇ ਫੇਰ ਮੋੜ ਕੀਤਾ ਆਖਿਆ: ਪਾਤਸ਼ਾਹ ! ਕੇਸਾਂ ਨਾਲ ਕੀ ਕਰੋਗੇ ? ਹੱਸ ਪਏ ਤੇ ਚੋਜੀ ਜੀ ਕਹਿਣ ਲੱਗੇ, ਨਾਰਕੀ ! ਓ ਨਾਰਕੀ ! ਨਰਕ ਵਿਚੋਂ ਤੈਨੂੰ ਕੇਸਾਂ ਨਾਲ ਫੜ ਕੇ ਧੂਹ ਕੱਢਾਂਗੇ ? ਮੈਂ ਫੇਰ ਢੀਠਤਾ ਕੀਤੀ ਤੇ ਆਖਿਆ: ਪਾਤਸ਼ਾਹ ! ਮੇਰੀ ਦਾੜ੍ਹੀ ਜੁ ਹੈ। ਹੱਸ ਪਏ ਤੇ ਕਹਿਣ ਲੱਗੇ:–ਅਸਾਂ ਉੱਪਰ ਨੂੰ ਲਿਜਾਣਾ ਹੈ*। ਮੈਂ ਕੀ ਸਮਝਾਂ ਕਿ ਕੀਹ ਪਏ ਲਖੈਂਦ ਹਨ। ਫੇਰ ਮੈਂ ਪੁੱਛਿਆ: ਜੀ ਕੇਸਾਂ ਦਾ ਗੁਣ ? ਆਖਣ ਲੱਗੇ: ਮੇਰੀ ਖੁਸ਼ੀ। ਮੈਂ ਆਖਿਆ, ਜੀ ਮੇਰਾ ਲਾਭ ? ਕਹਿਣ ਲੱਗੇ, ਤੇਰਾ ਲਾਭ ਮੇਰੀ ਖੁਸ਼ੀ। ਮੈਂ ਢੀਠ

*ਦਾੜ੍ਹੀ ਖਿਚੇ ਤਾਂ ਦੇਹਾਂ ਨੂੰ ਜਾਈਦਾ ਹੈ।

ਨੇ ਫੇਰ ਚੁੱਕ ਆਖਿਆ, ਜੀ ਹੋਰ ਕੋਈ ? ਇਸ ਵੇਲੇ ਆਪ ਨੂੰ ਅਚਾਨਕ ਸੱਦ ਆ ਗਈ ਤੇ ਟੁਰ ਗਏ ਤੇ ਰਾਧਾ ਸਿੰਘ ਜੀ ਨੂੰ ਆਪ ਦੇ ਨਾਲ ਸਨ, ਮੇਰੇ ਪਾਸ ਬਹਿ ਗਏ। ਕਹਿਣ ਲਗੇ ਸੱਜਣਾਂ ! ਰੱਬੀ ਰਜ਼ਾ ਵਿਚ ਕਿਉਂ ਦਖਲ ? ਹਰਿ ਜਨ ਰਮਜ਼ ਦੇਂਦੇ ਹਨ, ਰਾਜ਼ ਨਹੀਂ ਦੇਂਦੇ । ਮੈਂ ਕਿਹਾ, ਹੇ ਤਾਰਿਆ ! ਤਾਰ ਦੇ ਖਾਂ । ਉਹ ਬੋਲੇ: ਜੋ ਰਸ, ਨੂੰ ਆਤਮ ਰੰਗ ਨੂੰ ਚੜ੍ਹ ਰਿਹਾ ਹੈ ਇਸ ਦੀ ਰਾਖੀ ਕੋਸ ਹਨ । ਜਿਵੇਂ ਰੂੰ ਦੀ ਰਜਾਈ ਪਾਈ ਦੀ ਹੈ ਕਿ ਸ਼ਰੀਰ ਦੀ ਨਿੱਘ ਬਚੀ ਰਹੇ, ਜਿਸ ਤਰ੍ਹਾਂ ਗਰਮ ਆਸਣ ਰੋਟੀ ਤੇ ਪਾਈਦਾ ਹੈ ਕਿ ਇਸ ਦੀ ਗਰਮੀ ਛੇਤੀ ਨਾ ਉੱਡੇ, ਇਸੇ ਤਰ੍ਹਾਂ ਆਤਮ ਸ਼ਕਤੀ ਦੀ ਗੱਲ ਹੈ । ਜੋ ਅੰਦਰੋਂ ਆਤਮ ਸ਼ਕਤੀ ਉਦੈ ਹੁੰਦੀ ਹੈ, ਉਸ ਦਾ ਮੁੱਢ ਸਿਰ ਵਿੱਚ ਹੈ । ਸਾਰੇ ਸ਼ਰੀਰਕ ਤੇ ਮਾਨਸਿਕ ਬਲਾਂ ਦਾ ਕਾਰਖਾਨਾਂ ਸਿਰ ਵਿਚ ਹੈ । ਦਾਮਨਿਕ ਸ਼ਕਤੀਆਂ ਤੇ ਬਿਜਲੀ ਹਾਰ ਤ੍ਰੁੱਖੀਆਂ ਤਾਕਤਾਂ ਸ਼ਰੀਰ ਦੀਆਂ ਤੇ ਮਨ ਦੀਆਂ ਦਾ ਕੇਂਦਰ ਸਿਰ ਵਿਚ ਹੈ । ਸਾਰੇ ਸ਼ਰੀਰ ਦਾ ਕਾਬੂ ਸਿਰ ਵਿਚ ਹੈ । ਸਾਰੇ ਸ਼ਰੀਰ ਦੀ ਚਾਲ ਚੇਸ਼ਟਾ ਹਰਕਤ ਸਿਰ ਦੇ ਵਿਚ ਕਾਰਖਾਨਾ ਰਖਦੀ ਹੈ । ਸਾਰੀ ਪ੍ਰਤੀਤੀ, ਮਲੂਮੀ, ਪੀੜ, ਰਸ, ਸੁਆਦ ਦਾ ਸਿਰ ਵਿਚ ਇਕ ਤਰ੍ਹਾਂ ਦਾ ਅਪਣਾ ਪ੍ਰਬੰਧ ਰਖਦੀ ਹੈ । ਹੁਣ ਸਿਰ ਦੀਆਂ ਸਾਰੀਆਂ ਸੂਖਮ ਦਾਮਨਿਕ ਰੌਆਂ ਦਾ ਕੋਈ ਰਾਖਾ ਲੋੜੀਏ ਜੋ ਉਨ੍ਹਾਂ ਨੂੰ ਉੱਡਣ ਨਾ ਦੇਵੇ, ਜ਼ਾਇਲ ਨਾ ਹੋਣ ਦੇਵੇ । ਜਿਵੇਂ ਪਾਣੀ ਦਾ ਦੇਗਚਾ ਤ੍ਰੁੜੀ ਵਿਚ ਨੱਪਿਆ ਉਸ ਦੀ ਨਿੱਘ ਨੂੰ ਨਹੀਂ ਉੱਡਣ ਦੇਂਦਾ, ਤਿਵੇਂ ਸਿਰ ਵਿਚ ਪੈਦਾ ਹੋਈਆਂ ਦਾਮਨਿਕ ਸ਼ਕਤੀਆਂ ਨੂੰ ਕੇਸ ਉੱਡਣ ਨਹੀਂ ਦੇਂਦੇ । ਕੁਦਰਤ ਨੇ ਕੇਸ ਇਸ ਵਾਸਤੇ ਪੈਦਾ ਕੀਤੇ ਹਨ ਕਿ ਸਿਰ ਦੇ ਉੱਪਰ ਇਹ ਬਚਾਉ ਦਾ ਸਾਮਾਨ ਰਹੇ ਤੇ ਉਹ ਸਾਮਾਨ ਦੱਖਿਆ ਦਾ ਆਪੂੰ ਰਹੇ ਕਿ ਨੂੰ ਦਾਮਨਿਕ ਸ਼ਕਤੀ ਨੂੰ ਜ਼ਾਇਲ ਨਾ ਹੋਣ ਦੇਵੇ, ਵਿਅਰਥ ਨਾ ਉੱਡਣ ਦੇਵੇ, ਤਾਕਿ ਮਨ ਦੇ ਅਧੀਨ ਸਾਰੀ ਦੀ ਸਾਰੀ ਤਾਕਤ ਜੋ ਦਿਮਾਗ਼ ਵਿਚੋਂ ਆਉਂਦੀ ਹੈ, ਕਾਇਮ ਰਹੇ ਤੇ ਮਾਨਸਿਕ ਰਮਜ਼ੋਰੀ ਨਾ ਪਵੇ । ਤੁਸਾਂ ਸੁਣਿਆਂ ਹੋਊ ਕਿ ਬੀਮਾਰ ਹੋਵੇ ਤਾਂ ਹਕੀਮ ਆਖਦੇ ਹਨ 'ਤਬੀਅਤ' ਬੀਮਾਰੀ ਨਾਲ ਲੜ ਰਹੀ ਹੈ ਤੇ ਆਖਦੇ ਹਨ, ਬੁਹਰਾਨ ਦਾ ਦਿਨ ਆਉਂਦਾ ਹੈ ਜਿਸ ਦਿਨ ਖਾਸ ਘੋਲ ਹੁੰਦਾ ਹੈ ਤਬੀਅਤ ਤੇ ਬੀਮਾਰੀ ਦਾ; ਤਬੀਅਤ ਜਿੱਤ ਜਾਵੇ ਤਾਂ ਰੋਗ ਹਟ ਜਾਂਦਾ ਹੈ । ਮੈਨੂੰ ਦੱਸਿਆ ਗਿਆ ਕਿ ਇਹ ਜੋ ਤਬੀਅਤ ਦੀ ਤਾਕਤ ਹੈ, ਇਹ ਉਨ੍ਹਾਂ ਸੂਖਮ ਦਾਮਨਿਕ ਰੌਆਂ ਦੇ ਆਸਰੇ ਹੈ ਜੋ ਸਿਰ ਵਿਚ ਮਨ ਤੋਂ ਹੁੰਦੀਆਂ ਹਨ । ਉਨ੍ਹਾਂ ਦਾਮਨਿਕ ਤਾਕਤਾਂ ਦਾ ਸਾਂਭਣਾ, ਸੰਭਾਲਣਾ, ਜ਼ਾਇਆ ਹੋਣ ਰੋਕਣਾ ਜ਼ਰੂਰੀ ਹੈ ਤ ਕੁਦਰਤ ਨੇ ਉਸ ਦਾ ਆਪ ਉਪਰਾਲਾ ਕੀਤਾ ਹੈ ਜੋ ਉਸ ਦੇ ਰੱਖਕ ਕੇਸ ਉਪਜਾਏ ਹਨ । ਮਨ ਦੀਆਂ ਦਾਮਨਿਕ ਤਾਕਤਾਂ ਦੀ ਸੋਝੀ ਫਕੀਰਾਂ ਨੂੰ ਹੁੰਦੀ ਹੈ, ਸੋ ਤੁਸੀਂ ਦੇਖ ਲਓ ਕਿ ਰਾਮ, ਕ੍ਰਿਸ਼ਨ, ਬੁੱਧ; ਪੂਰਬ, ਪੱਛਮ, ਉੱਤਰ, ਦੱਖਣ ਤੇ ਸਭ ਸਮੇਂ ਦੇ ਅਵਤਾਰਾਂ ਪੈਕੰਬਰਾਂ ਤੇ ਫਕੀਰਾਂ ਨੇ ਕੇਸ ਰਖੇ ਹਨ । ਉਨ੍ਹਾਂ ਨੂੰ ਪਤਾ ਹੈ ਕਿ ਕੁਦਰਤਨ ਪ੍ਰਾਪਤ ਤਾਕਤਾਂ ਤੇ ਫੇਰ ਸਾਡੇ ਸਾਧਨਾ ਯਾ ਉਪਰੋਂ ਮਿਹਰਾਂ ਨਾਲ ਸੂਖਮ ਦਾਮਨਿਕ ਤੇ ਮਿਕਨਾਤੀਸੀ ਕਿਸਮ ਦੀਆਂ ਵਧ ਗਈਆਂ ਸ਼ਕਤੀਆਂ ਸਿਰ ਦੇ ਅੰਦਰ ਜਨਮ ਰਖਦੀਆਂ ਹਨ । ਸਿਰ ਸਭ ਤਾਕਤਾਂ ਦਾ ਮਾਨੋਂ ਖਜ਼ਾਨਾ ਹੈ, ਸੋ ਉਸ ਨੂੰ ਉਦਾਲੇ ਰੱਖਿਆ ਦਾ ਸਾਮਾਨ—ਜੋ ਕਾਦਰ ਨੇ ਰਚਿਆ ਹੈ—ਰੱਖਣਾ ਚਾਹੀਏ ਤੇ ਉਸ ਦਾ ਪੂਰਨ ਲਾਭ ਉਠਾਉਣਾ ਚਾਹੀਏ, ਤਾਂਕਿ ਜੋ ਤਾਕਤ ਐਵੇਂ ਜ਼ਾਇਆ ਹੋਣੀ ਹੈ ਉਹ ਕਾਸਨੂੰ ਹੋਵੇ ।

ਸੱਜਦ—ਹੈ ਠੀਕ ! ਗੱਲ ਮੇਰੇ ਦਿਲ ਲੱਗੀ ਹੈ, ਮੇਰੇ ਸਾਈਂ ਲੋਕਾਂ ਦੇ ਬਾਉਲੀਆਂ ਹੋ ਗਈਆਂ ਸਨ, ਤਾਂ ਮੈਂ ਪੁੱਛਿਆ, ਹਜ਼ੂਰ ! ਇਹ ਕੀ ਹੈ ? ਤੇ ਕਿਉਂ ਲੰਮੇ ਕੀਤੇ ਹੱਨ ਇਹ ਕੇਸ ? ਆਖਣ ਲਗੇ: "ਭੋਲਿਆ ! ਸਰਵੀਆਂ ਥਾਵਾਂ ਤੇ ਹਰੇ ਹਰੇ ਆਪੇ ਉੱਗ ਤੇ ਉਚੇ ਹੋ ਆਉਂਦੇ ਹਨ" । ਮੈਂ ਤਦੋਂ ਨਾ ਸਮਝਿਆ ਕੀ ਆਖਦੇ ਹਨ ? ਅੱਜ ਸੋਝੀ ਆਈ ਕਿ ਸਿਰ ਸਰਵਾ ਥਾਂ ਹੈ । ਸਭ ਸੂਖਮ ਤਾਕਤਾਂ ਦਾ ਮੰਬਾ (ਮੰਚ) ਹੈ ਤੇ ਇਥੋਂ ਉਪਜੀਆਂ ਤਾਕਤਾਂ ਦੇ ਕਾਇਮ ਰੱਖਣ ਵਾਸਤੇ ਦੱਖਿਆ ਦੀ ਲੋੜ ਹੈ ਕਿ ਜੋ ਉਨ੍ਹਾਂ ਸ਼ਕਤੀਆਂ ਨੂੰ ਜ਼ਾਇਲ ਹੋਣੋਂ ਤੇ ਉੱਡਣੋਂ ਰੋਕੇ । ਬਹੁਤ ਖੂਬ ! ਸਾਡੇ ਮੁਹੰਮਦ

ਸਾਹਿਬ ਭੀ ਇਸ ਕਰਕੇ ਕੇਸਾਧਾਰੀ ਸਨ ਤੇ ਸੂਫੀ ਫਕੀਰ ਜੋ ਜਜ਼ਬੇ ਤੇ ਕਣੀਆਂ ਵਾਲੇ ਦੇਖੇ ਸੁਣੇ ਹਨ, ਅਕਸਰ ਕੇਸਾਂ ਵਾਲੇ, ਬਾਉਰੀਆਂ ਵਾਲੇ ਹੋਏ ਹਨ। ਇਸ ਗੱਲ ਦੀ ਸੋਝੀ ਫਕੀਰਾਂ ਨੂੰ ਹੈ, ਆਮ ਲੋਕਾਂ ਨੂੰ ਨਹੀਂ।

ਸਿਪਾਹੀ–ਫੇਰ ਮੈਨੂੰ ਰਾਧਾ ਸਿੰਘ ਜੀ ਨੇ ਦੱਸਿਆ ਜਿਵੇਂ ਗਰਮੀ ਤੇ ਨਿੱਘ ਹੈ, ਤਿਵੇਂ ਇਕ ਤਾਕਤ ਹੋਰ ਹੈ, ਬਿਜਲੀ ਯਾ ਉਸਦੀ ਇਕ ਹੋਰ ਸ਼ਕਲ ਮਿਕਨਾਤੀਸ। ਉਹ ਜੋ ਬਿਜਲੀ ਬੱਦਲਾਂ ਵਿਚੋਂ ਕੂੰਦੀ ਹੈ ਉਹ ਸਾਰੇ ਦਰਖਤ ਮਨੁਖਾਂ ਪਸੂ ਪੰਛੀਆਂ ਵਿਚ ਵਸਦੀ ਹੈ ਤੇ ਉਹ ਜੋ ਕਿਤੇ ਪ੍ਰਗਟੇ ਤਾਂ ਤੁਰਤ ਜ਼ਾਇਲ ਹੋ ਜਾਂਦੀ ਹੈ। ਉਸ ਸੱਤਿਆ ਦੇ ਕਈ ਰੱਖਤ ਸਾਮਾਨ ਹਨ, ਜਿਨ੍ਹਾਂ ਵਿਚੋਂ ਜ਼ਾਇਲ ਨਹੀਂ ਹੁੰਦੀ, ਜੈਸੇ ਕੇਸ। ਫਿਰ ਕਹਿਣ ਲੱਗੇ ਕਿ ਉਸ ਤੋਂ ਭੀ ਸੂਖਮ ਤਾਕਤਾਂ ਇਸ ਪ੍ਰਕਾਰ ਦੀਆਂ ਸੀਸ ਵਿਚ ਹਨ ਤੇ ਉਨ੍ਹਾਂ ਨੂੰ ਅਸੀਂ ਦਾਮਨਿਕ ਕਰਕੇ ਕਿਹਾ ਹੈ। ਦਾਮਨਿਕ ਸ਼ਕਤੀਆਂ ਬੜੀਆਂ ਜ਼ਬਰਦਸਤ ਤਾਕਤਾਂ ਨੂੰ ਕਹਿੰਦੇ ਹਨ, ਜੋ ਬੜੇ ਥੋੜੇ ਚਿਰ ਵਿਚ ਬੜਾ ਭਾਰਾ ਕੰਮ ਕਰ ਸਕਦੀਆਂ ਹਨ ਤੇ ਓਹ ਹਨ ਅਰੂਪ ਰੂਪ ਜੇਹੀਆਂ ਤੇ ਓਹ ਸਭ ਸਾਡੀ ਇੱਛਾ ਸ਼ਕਤੀ ਦੇ ਅਧੀਨ ਹਨ, ਅਸੀਂ ਉਨ੍ਹਾਂ ਨੂੰ ਮਰਜ਼ੀ ਨਾਲ ਵਰਤ ਸਕਦੇ ਹਾਂ। ਸਿਰ ਹੈ ਉਨ੍ਹਾਂ ਦਾ ਜਨਮ ਅਸਥਾਨ, ਖਜ਼ਾਨਾ ਤੇ ਕਾਬੂ ਅਸਥਾਨ। ਸਿਰ ਦੇ ਉਦਾਲੇ ਕੇਸ ਉਨ੍ਹਾਂ ਤਾਕਤਾਂ ਨੂੰ ਆਪੇ ਉੱਡਦੇ ਰਹਿਣੋਂ ਤੇ ਜ਼ਾਇਲ ਹੁੰਦੇ ਰਹਿਣੋਂ ਰੋਕਦੇ ਹਨ।

ਹਾਂ, ਅਸੀਂ ਮਨ ਨੂੰ ਖਿੰਡਾਈ ਰਖਦੇ ਹਾਂ ਤੇ ਓਹ ਤਾਕਤਾਂ ਕਮਜ਼ੋਰ ਹੋ ਜਾਂਦੀਆਂ ਹਨ। ਅਸੀਂ ਜੋ ਕਾਮ ਕ੍ਰੋਧ ਆਦਿਕ ਵਿਕਾਰਾਂ ਵਿਚ ਲਗਦੇ ਹਾਂ ਤਾਂ ਭੀ ਓਹ ਤਾਕਤਾਂ ਘਟ ਜਾਂਦੀਆਂ ਹਨ। ਤ੍ਰਿਸ਼ਨਾਂ ਦੇ ਜਿਤਨੇ ਕੰਮ ਹਨ ਸਾਰੇ ਖਿੰਡਾਉ ਦੇ ਹਨ, ਖਿੰਡਿਆਂ ਓਹ ਬਲ ਘਟਦੇ ਹਨ ਤੇ ਮਨ ਨੂੰ ਕੱਠਿਆਂ ਕੀਤਿਆਂ ਓਹ ਵਧਦੇ ਹਨ। ਤੁਸਾਂ ਡਿੱਠਾ ਹੋਊ ਕਿ ਕ੍ਰੋਧ ਕਰਨ ਦੇ ਮਗਰੋਂ ਸਰੀਰ ਢਿੱਲਾ ਤੇ ਹਵਿਆ ਜੇਹਾ ਹੋ ਜਾਂਦਾ ਹੈ। ਇਸੇ ਤਰ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਾਰੇ ਅੰਦਰਲੀਆਂ ਤਾਕਤਾਂ ਨੂੰ ਥੋੜੇ ਚਿਰ ਵਿਚ ਵਰਤ ਸਿੱਟਦੇ ਹਨ ਤੇ ਉਨ੍ਹਾਂ ਜ਼ਬਰਦਸਤ ਤਾਕਤਾਂ ਦੇ ਘਟ ਜਾਣ ਨਾਲ ਸਰੀਰ ਭੀ ਸਿਥਲ ਹੋ ਜਾਂਦਾ ਹੈ। ਓਹੀ ਤਾਕਤਾਂ ਅੰਦਰ ਪ੍ਰਬਲ ਹੋਣ ਤਾਂ ਬੀਮਾਰੀਆਂ ਦੇ ਅਵੈਵ ਜਦ ਅੰਦਰ ਜਾਂਦੇ ਹਨ ਤਦ ਹਰਜ ਨਹੀਂ ਪੁਚਾ ਸਕਦੇ, ਤੇ ਓਹ ਤਾਕਤਾਂ ਜਦ ਨਿਰਬਲ ਹੋਣ ਤਦ ਬੀਮਾਰੀ ਦੇ ਅਵੈਵ ਅੰਦਰ ਜਾ ਕੇ ਬਲ ਪਾ ਲੈਂਦੇ ਹਨ। ਸੋ ਸਰੀਰ ਅਰੋਗ ਰੱਖਣ ਲਈ, ਮਨ ਨੂੰ ਮਜ਼ਬੂਤ ਤੇ ਏਕਾਗ੍ਰ ਰੱਖਣ ਲਈ, ਮਨ ਦੇ ਵੱਸ ਵਿਚ ਸਾਰੀਆਂ ਅੰਦਰਲੀਆਂ ਦਾਮਨਿਕ ਤਾਕਤਾਂ ਰੱਖਣ ਲਈ ਜੋ ਜਦੋਂ ਲੋੜ ਪਵੇ ਜ਼ਬਰਦਸਤੀ ਨਾਲ ਵਰਤ ਸਕੇ, ਸਦਾ ਖਿੰਡਾਉ ਦੇ ਕੰਮਾਂ ਤੋਂ ਬਚਨਾਂ ਚਾਹੀਏ। ਐਸਾ ਕਰਨ ਨਾਲ ਤਾਕਤ ਅੰਦਰ ਰਹੇਗੀ ਤੇ ਆਪੇ ਤਾਕਤ ਦੇ ਜ਼ਾਇਲ ਹੁੰਦੇ ਰਹਿਣ ਨੂੰ ਰੋਕਣ ਵਾਸਤੇ ਤਾਕਤਾਂ ਦੇ ਉਪਜਾਉ ਮੰਝ ਅਰਥਾਤ ਸਿਰ ਨੂੰ ਸਦਾ ਐਸੇ ਸਾਮਾਨਾਂ ਨਾਲ ਢੱਕ ਰਖਣਾ ਚਾਹੀਏ, ਜਿਸ ਨਾਲ ਕਿ ਉਹ ਤਾਕਤ ਜ਼ਾਇਲ ਨਾ ਹੋਵੇ, ਅੰਦਰ ਹੀ ਕੈਮ ਰਹੇ। ਉਹ ਕੱਜਣ ਕੇਸ ਹਨ, ਕੇਸ ਉਨ੍ਹਾਂ ਨੂੰ ਉੱਡਣ ਨਹੀਂ ਦੇਂਦੇ, ਫੇਰ ਦਿਮਾਗ਼ ਦੇ ਸਾਰੇ ਰਸਤੇ ਖੁਲ੍ਹੇ ਤੇ ਸਾਫ ਭੀ ਰਖਦੇ ਹਨ। ਕੇਸ ਰੱਖੇ, ਕੇਸਾਂ ਨੂੰ ਸਦਾ ਸਾਫ ਰੱਖੇ, ਤੁਹਾਡੀਆਂ ਅੰਦਰਲੀਆਂ ਤਾਕਤਾਂ ਦਾਮਨਿਕ ਸ਼ਕਤੀਆਂ ਸੂਖਮ ਰੂਪਾਂ ਹੀ ਕੈਮ ਰਹਿਣਗੀਆਂ ਜਦੋਂ ਤੁਸੀਂ ਭਜਨ ਕਰੋਗੇ, ਕੋਈ ਸਾਧਨ ਕਰੋਗੇ, ਜਿਨ੍ਹਾਂ ਨਾਲ ਮਨ ਇਕਾਗ੍ਰ ਹੁੰਦਾ ਹੈ, ਤਦ ਇਸ ਦੇਹ ਅਰਥ ਹਨਕਿ ਤੁਸੀਂ ਆਪਣੇ ਅੰਦਰ ਮਾਮੂਲੀ ਤੋਂ ਵੱਧ ਤਾਕਤਾਂ ਪੈਦਾ ਕਰ ਰਹੇ ਹੋ ਅਰ ਬਹੁਤ ਬਲਵਾਨ ਹੋ ਰਹੇ ਹੋ ਤੇ ਤੁਹਾਨੂੰ ਰਾਖੀ ਦੀ ਬਹੁਤ ਲੋੜ ਹੈ। ਜੇ ਤਦੋਂ ਸਿਰ ਪਰ ਕੇਸ ਹੋਣਗੇ ਤਾਂ ਤਾਕਤਾਂ ਦੀ ਰਾਖੀ ਹੋਵੇਗੀ ਤੇ ਤੁਹਾਨੂੰ ਅੰਦਰੋਂ ਸੋਝੀ ਤੇ ਪ੍ਰਤੀਤ ਹੋ ਆਵੇਗੀ ਕਿ ਠੀਕ ਕੇਸ ਉਨ੍ਹਾਂ ਤਾਕਤਾਂ ਦੇ ਰਾਖੇ ਹਨ ਅਰ ਇਨ੍ਹਾਂ ਦਾ ਰੱਖਣਾ ਲਾਭਦਾਇਕ ਹੀ ਨਹੀਂ ਅਤਿ ਆਵਸ਼ਯਕ ਹੈ ਤੇ ਐਸੀ ਲੋੜ ਹੈ ਕਿ ਜਿਸ ਦੀ ਬੇਪ੍ਰਵਾਹੀ ਕੀਤੀ ਹੀ ਨਹੀਂ ਜਾ ਸਕਦੀ। ਇਥੇ ਆ ਕੇ ਅੰਦਰੋਂ ਸੋਝੀ ਫੁੱਸਦੀ ਹੈ ਕਿ ਕੇਸ ਆਤਮ ਜੀਵਨ ਦਾ ਹਿੱਸਾ ਹਨ, ਉੱਚੇ ਰੂਹਾਨੀ ਧਰਮ ਦਾ ਇਕ ਅੰਗ ਹਨ। ਸਾਧਾਰਨ ਹਾਲਤ ਵਿਚ ਕੇਸ ਰਖੋਗੇ ਤਾਂ ਅੰਦਰਲੀਆਂ ਸਾਧਾਰਨ ਦਾਮਨਿਕ ਸ਼ਕਤੀਆਂ

ਦੀ ਰਾਖੀ ਦੀ ਵਧੀਕ ਲੋੜ ਹੈ, ਕਿਉਂਕਿ ਜਿਤਨਾ ਵਧੀਕ ਤੁਸੀਂ ਬਲ ਸੰਭਾਲੋਗੇ ਉੱਨੇ ਘਟ ਬੀਮਾਰ ਹੋਵੋਗੇ, ਤੇ ਜੇ ਬੀਮਾਰ ਹੋਵੋਗੇ ਤਾਂ ਛੇਤੀ ਵੱਲ ਹੋਵੋਗੇ, ਇਉਂ ਸਰੀਰ ਨੂੰ ਵੀ ਸੁਖ ਹੋਸੀ। ਸਾਡਾ ਮਨ ਬੀ ਐਉਂ ਹਾਵੀ ਵਧੀਕ ਰਹੇਗਾ ਤੇ ਦਬੇਲ ਘੱਟ ਹੋਵੇਗਾ। ਆਮ ਵਰਤਨ ਵਿਚ ਬੀ ਤੁਸੀਂ ਉੱਚੇ ਤੇ ਹਾਵੀ ਰਹੋਗੇ। ਸੋ ਆਤਮਾ, ਮਨ, ਸ਼ਰੀਰ, ਸੁਭਾਵ ਸਾਰੇ ਸੁਖੀ ਰਹਿਣਗੇ।

ਸੱਯਦ—ਹੈ ਤਾਂ ਠੀਕ, ਰਾਧਾ ਸਿੰਘ ਜੀ ਦੀ ਗੱਲ ਦਿਲ ਲੱਗਦੀ ਹੈ, ਪਰ ਸੰਸਾਰ ਸਾਰਾ ਯਾ ਬਹੁਤਾ ਸਿਰ ਮੁੰਨਾਉਂਦਾ ਫਿਰਦਾ ਹੈ, ਫੇਰ ਇਸ ਹਿਸਾਬ ਸਾਰੇ ਮਾੜੇ ਹਨ ?

ਸਿਪਾਹੀ—ਮੈਂ ਬੀ ਬੜਾ ਹੁੱਜਤੀ ਹਾਂ, ਕਿਹੜਾ ਛੇਤੀ ਨਾਲ ਮੰਨ ਜਾਣ ਵਾਲਾ ਹਾਂ, ਚਾਰ ਅੱਖਰ ਬੀ ਢਿੱਡ ਵਿਚ ਹਨ, ਉਹ ਚੈਨ ਲੈਣ ਦੇਂਦੇ ਹਨ ? ਸਾਈਂ ਜੀ ! ਮੈਂ ਕਈ ਮਹੀਨੇ ਤੋਂ ਸਤਿਗੁਰਾਂ ਦੇ ਚਰਨਾਂ ਵਿਚ ਹਾਂ, ਉਨ੍ਹਾਂ ਦੇ ਸਰੀਰ ਤੇ ਪਹਿਰੇਦਾਰ ਹਾਂ, ਇਸ ਲਈ ਹਰ ਗੱਲ ਦਾ ਅਵਸਰ ਸਤਿਸੰਗ ਦਾ ਸਮਾਂ ਮੈਨੂੰ ਲੱਭਦਾ ਰਿਹਾ ਹੈ। ਏਹ ਹੁੱਜਤਾਂ ਮੈਂ ਪੜ੍ਹ ਚੁਕਾ ਹਾਂ। ਜੋ ਸਤਿਸੰਗੀ ਮਿੱਤ੍ਰ ਨੇ ਮੈਨੂੰ ਉੱਤਰ ਦੇਕੇ ਮੇਰੀ ਨਿਸ਼ਾ ਕੀਤੀ ਹੈ ਸੋ ਦੱਸਦਾ ਹਾਂ। ਲਓ ਸੁਣੋ:— ਪੜ੍ਹੇ ਹੋਏ ਦੀ ਅਕਲ ਸਦਾ ਲੋਕਾਂ ਵੱਲ ਜਾਂਦੀ ਹੈ, ਅਸੂਲ ਤੋਂ ਤ੍ਰੁਪਦੀ ਹੈ ਤੇ ਆਮ ਰੁਚੀ ਵਲ ਜਾ ਟਿਕਦੀ ਹੈ। ਆਮਲੋਕਾਂ ਨੂੰ ਮੈਂ ਨਾਮਾੜੇ ਕਿਹਾ ਹੈ ਨਾ ਚੰਗੇ। ਮੈਂ ਤਾਂ ਕੇਸਾਂ ਬਾਬਤ ਇਤ ਖਿਆਲ ਆਪ ਨੂੰ ਦੱਸਿਆ ਹੈ ਕਿ ਕੈਸੇ ਸੁਖਦਾਇਕ ਹਨ, ਜ਼ਰੂਰੀ ਹਿੱਸਾ ਸਰੀਰ ਤੇ ਮਨ ਦੀ ਤਾਕਤ ਦੀ ਰੱਖਿਆ ਦਾ ਹਨ ਜੋ ਆਪ ਕੁਦਰਤ ਨੇ ਯੋਗ ਥਾਂ ਤੇ ਪੈਦਾ ਕੀਤੇ ਹਨ। ਆਮ ਵਰਤਾਰੇ ਵਲ ਤੱਕੋਗੇ ਤਾਂ ਆਪ ਕੀ ਦੇਖੋਗੇ ਕਿ ਕਾਮ ਕ੍ਰੋਧ ਵਧਾਪ ਰਿਹਾ ਹੈ। ਲੋਕ ਜਾਣਦੇ ਹਨ ਕਿ ਸ਼ਰਾਬ ਜ਼ਹਿਰ ਹੈ, ਪਰ ਆਮ ਪੀਂਦੇ ਹਨ। ਲੋਕ ਜਾਣਦੇ ਹਨ ਕਿ ਕਾਮ ਕ੍ਰੋਧ ਕਾਯਾ ਨੂੰ ਗਾਲਦਾ ਹੈ, ਆਮ ਲੋਕ ਕਾਮੀ ਹਨ, ਕ੍ਰੋਧੀ ਹਨ, ਕਿੰਨੇ ਕੁ ਹਨ ਜੋ ਕਾਮ ਕ੍ਰੋਧ ਦੇ ਹਥੋਂ ਆਪਣੇ ਪੈਰੀਂ ਆਪ ਕੁਹਾੜਾ ਨਹੀਂ ਮਾਰ ਰਹੇ ? ਆਮ ਲੋਕ ਜਾਣਦ ਹਨ ਕਿ ਬਹੁਤ ਖਾਣਾ ਉਮਰ ਘਟਾਉਣਾ ਹੈ, ਸੁਆਦੀਕ ਭੋਜਨ ਤੇ ਮਠਿਆਈਆਂ ਅੰਤ ਜ਼ਹਿਰ ਦਾ ਕੰਮ ਕਰਦੀਆਂ ਹਨ ਤੇ ਲੋੜੋਂ ਵੱਧ ਭੋਜਨ ਅੰਦਰ ਲੈ ਜਾ ਕੇ ਨਰੋਏ ਰਹਿਣ ਦੇ ਜੜ੍ਹੀਂ ਤੇਲ ਦੇਂਦੀਆਂ ਹਨ, ਪਰ ਆਮ ਲੋਕ ਇਹ ਭੁੱਲ ਕਰ ਰਹੇ ਹਨ। ਹਕੀਮ ਦੱਸਦੇ ਹਨ ਕਿ ਸੌ ਵਿਚੋਂ ਨਿਨ੍ਵਿੰਨਵੇਂ ਬੀਮਾਰ ਲੋੜ ਤੋਂ ਵੱਧ ਖਾਣ ਦੇ ਕਾਰਨ ਰੋਗੀ ਹੁੰਦੇ ਹਨ। ਹਕੀਮ ਦੱਸਦੇ ਹਨ ਕਿ ਅਫੀਮ ਖਾਣ ਵਾਲਾ, ਹੁੱਕਾ ਪੀਣ ਵਾਲਾ, ਭੰਗ ਉਡਾਣ ਵਾਲਾ ਆਪਣੀ ਕਬਰ ਆਪ ਪੁੱਟਦਾ ਹੈ। ਸਾਰੇ ਅਫੀਮੀ, ਹੁੱਕਈ, ਭੰਗੀ ਇਸ ਗੱਲ ਨੂੰ ਜਾਣਦੇ ਹਨ, ਪਰ ਸਾਰੇ ਵਰਤਦੇ ਹਨ, ਸਾਰੇ ਦੁਖ ਪਾਉਂਦੇ ਹਨ। ਇਕ ਦੁੱਖ ਪਾਉਂਦਾ ਹੈ ਦੂਜਾ ਵੇਖਦਾ ਹੈ, ਪਰ ਫੇਰ ਨਹੀਂ ਟਲਦਾ। ਫਲ ਕੀ ਹੈ ? ਕਿ ਜਗਤ ਵਿਚ ਰੋਗ ਹੈ। ਆਮ ਲੋਕ ਆਪੋ ਆਪਣੇ ਟਿਕਾਣੇ ਵਿਚ ਥੋੜੀਆਂ ਬਹੁਤ ਅਹੁਰਾਂ (ਰੋਗ) ਵੇਖਦੇ ਹਨ, ਪਰ ਫੇਰ ਵੀ ਕੋਈ ਫਿਕਰ ਨਹੀਂ ਕਰ ਰਿਹਾ। ਕਥਾ ਸੁਣਦੇ ਹਨ ਕਿ ਸਾਡੇ ਵਡੇ ਭੀਮ ਵਰਗੇ ਕੱਦਾਵਰ ਤੇ ਬਲੀ ਹੁੰਦੇ ਸਨ। ਆਮ ਜਾਣਦੇ ਹਨ ਕਿ ਅਸੀਂ ਆਦਿ ਕਾਲ ਦੇ ਬਜ਼ੁਰਗਾਂ ਦੇ ਕੱਦ ਤੋਂ ਛੋਟੇ ਹੋ ਗਏ ਹਾਂ, ਪਰ ਸਾਰੇ ਉਹਨਾਂ ਵਰਗੇ ਜੀਵਨ ਬਸਰ ਨਹੀਂ ਕਰਦੇ। ਸੋ ਥਾਂ ਥਾਂ ਬੀਮਾਰੀ ਹੈ, ਹਰ ਜੀ ਵਿਚ ਕਮਜ਼ੋਰੀ ਹੈ, ਮੌਤ ਸਭ ਦੀ ਉਰੇ ਆ ਗਈ ਹੈ। ਜਿਥੇ ੧੦੦ ਬਰਸ ਆਮ ਉਮਰ ਹੁੰਦੀ ਸੀ ਉਥ ਸੌ ਵਰ੍ਹੇ ਦਾ ਬੁੱਢਾ ਕੋਈ ਦਿੱਸਦਾ ਹੈ। ਫੇਰ ਜੇ ਲੋਕਾਂ ਦੀ ਮੱਤ ਦਾ ਹੋ ਐਸਾ ਹੋ ਗਿਆ ਹੈ ਕਿ ਕਿਸੇ ਗੱਲ ਤੇ ਦੀਰਘ ਵਿਚਾਰ ਨਹੀਂ ਕਰਨੀ, ਜੀਵਨ ਨੂੰ ਕੋਈ ਪਲਟਾ ਦੇ ਕੇ ਉੱਤਮ ਤੇ ਨਰੋਆ ਨਹੀਂ ਬਨਾਉਣਾ, ਸੁਖ ਰਹਿਣੇ ਤੇ ਸੁਖ ਜੀਉਣੇ ਆਲਸੀ ਜੇਹੇ ਲਟਕ ਵਿਚ ਦਿਨ ਬਿਤਾਉਣੇ ਹਨ, ਤਾਂ ਕੀ ਇਹ ਵਤੀਰਾ ਅਸੂਲ ਬਣ ਜਾਵੇਗਾ ? ਜੇ ਹਕੀਮ ਤੇ ਵੈਦ ਸ੍ਰੀਰ ਤੇ ਤਬੀਅਤ ਦੇ ਅਸੂਲਾਂ ਦਾ ਪ੍ਰਚਾਰ ਨਹੀਂ ਕਰਨਗੇ ਤਾਂ ਕੀਹ ਉਨ੍ਹਾਂ ਦੇ ਅਸੂਲ ਗ਼ਲਤ ਹੋ ਜਾਣਗੇ ? ਕਦੇ ਨਹੀਂ ! ਅਸੂਲ ਅਸੂਲ ਹਨ, ਉਹਨਾਂ ਦੀ ਦਰੁਸਤੀ ਅਜ਼ਲੀ ਹੈ, ਵਰਤਾਰੇ ਗ਼ਲਤੀ ਵਾਲੇ ਗ਼ਲਤ ਹਨ, ਚਾਹੇ ਉਹ ਆਮ ਪ੍ਰਵਿਰਤੀ ਪਾ ਜਾਣ। ਆਮ ਹੋ ਗਈ ਗ਼ਲਤੀ ਕਦੇ ਦਰੁਸਤੀ ਦੀ ਥਾਂ ਨਹੀਂ ਮੱਲ ਸੱਕਦੀ, ਕਦੇ ਉਹ ਠੀਕ ਨਹੀਂ ਹੋ ਸਕਦੀ। ਫੇਰ ਫਲ ਜੋ ਹੈ ਉਸ ਲਈ ਹਰ ਕਈ ਸ਼ਹਨਤ ਨਹੀਂ ਕਰਦਾ। ਇਕ

ਆਦਮੀ ਅਫੀਮੀ ਹੈ, ਇਕ ਸੰਜਮ ਨਾਲ ਸਫਾ ਏ-ਨਸ਼ਾ ਜੀਵਨ ਰੱਖਦਾ ਹੈ, ਦੋਵੇਂ ਕਹਿੰਦੇ ਹਨ ਅਸੀਂ ਠੀਕ ਹਾਂ,ਪਰ ਕੁਝ ਵਰ੍ਹੇ ਬਾਦ ਇਕ ਬੀਮਾਰ ਹੋਜਾਂਦਾ ਹੈ ਤੇ ਦੂਜਾ ਅਰੋਗ ਰਹਿੰਦਾ ਹੈ। ਸਮਾਂ ਪਾਕੇ ਰੋਗੀ ਪਹਿਲੇ ਮਰ ਜਾਂਦਾ ਹੈ, ਦੂਜਾ ਲੰਮੀ ਉਮਰ ਭੋਗਦਾ ਹੈ। ਇਕ ਦਾ ਬੁਢਾਪਾ ਸੁਖਾਲਾ ਲੰਘਦਾ ਹੈ, ਦੂਜਾ ਬੁਢਾਪੇ ਵਿਚ ਚੁੜ ਚੁੜਕੇ ਮਰਦਾ ਹੈ। ਮੌਤ ਆਮ ਵਰਤਾਰਿਆਂ ਦੀਆਂ ਭੁੱਲਾਂ ਕਰਕੇ ਸਸਤੀ ਹੋਗਈ ਹੈ, ਨੇੜੇ ਆ ਗਈ ਹੈ, ਤੇ ਬਲ ਘਟ ਰਹੇ ਹਨ। ਕਮਜ਼ੋਰੀ ਤੇ ਬੀਮਾਰੀ ਹੋਰ ਵਧਗੀ, ਮੌਤ ਹੋਰ ਸੌਖੀ ਹੋ ਜਾਏਗੀ, ਇਲਮ ਵਧਣਗੇ, ਅਕਲਾਂ ਵਧਣਗੀਆਂ, ਸਰੀਰ ਦੇ ਨੇਮਾਂ ਦੀ ਹੋਰ ਸੋਝੀ ਹੋਵੇਗੀ; ਪਰ ਤਦ ਤਕ ਆਮ ਨੂੰ ਲਾਭ ਨਹੀਂ ਹੋਵੇਗਾ ਜਦ ਤਕ ਆਮ ਲੋਕਾਂ ਦੇ ਵਰਤਾਰੇ ਨਹੀਂ ਬਦਲਣਗੇ । ਫੇਰ ਦੂਸਰੀ ਗਲ ਇਹ ਹੋਵੇਗੀ ਕਿ ਆਮ ਲੋਕ ਅਕਲਾਂ ਤੇ ਵਾਕਬੀਆਂ ਵਧ ਜਾਣ ਤੇ ਬੀ ਮਨ ਤੇ ਸਰੀਰ ਦੋਹਾਂ ਕਰਕੇ ਸੁਖੀ ਤਦ ਤਕ ਨਹੀਂ ਹੋਣਗੇ ਜਦ ਤਕ ਕਿ ਮਾਨਸਿਕ ਸ਼ਕਤੀਆਂ ਨੂੰ ਵਿਚਾਰ ਲੈਕੇ ਅਮਲ ਨਹੀਂ ਕਰਨਗੇ। ਸਰੀਰ ਦੇ ਸੁਖ ਤੇ ਆਰਾਮ ਤਦ ਤਕ ਮੁਕੰਮਲ ਨਹੀਂ ਜਦ ਤਕ ਕਿ ਮਨ ਦੀ ਚਕਿਤਸਾ ਦੀ ਸੋਝੀ ਨਾ ਹੋਵੇ, ਕਿਉਂਕਿ ਮਨ ਸਰੀਰ ਨੂੰ ਚਲਾਉਣ ਵਾਲਾ ਹੈ ਤੇ ਮਨ ਨਿਰਾ ਪਸ਼ੂ ਮਨ ਨਹੀਂ । ਮਨ ਵਿਚ ਗਿਆਨ ਹੈ ਤੇ ਦਾਮਨਿਕ ਸ਼ਕਤੀਆਂ ਦਾ ਕਾਬੂ ਮਨ ਦਾ ਧਰਮ ਹੈ, ਜੇ ਨਹੀਂ ਕਾਬੂ ਪਾਂਦਾ ਤਾਂ ਪਸ਼ੂ ਸਮਾਨ ਹੁੰਦਾ ਹੈ। ਸੋ ਮਨ ਦੀਆਂ ਸ਼ਕਤੀਆਂ ਕਿੱਤੂੰ ਘਟਦੀਆਂ ਹਨ, ਕਿੰਕੁਰ ਵਧਦੀਆਂ ਹਨ, ਕਿੱਤੂੰ ਜ਼ਾਇਲ ਤੇ ਕਿੱਤੂੰ ਰੱਖਯਤ ਹੁੰਦੀਆਂ ਹਨ ? ਅਸੂਲ ਹਨ, ਜਿਨ੍ਹਾਂ ਤੇ ਅਮਲ ਜ਼ਰੂਰੀ ਹੈ। ਜੇ ਅਮਲ ਨਹੀਂ ਹੋ ਰਿਹਾ ਤਾਂ ਅਸੂਲ ਅਟੱਲ ਹਨ, ਜੋ ਉਨ੍ਹਾਂ ਪਰ ਟੁਰਨਗੇ ਸੁਖ ਪਾਉਣਗੇ, ਇਕ ਟੁਰੇਗਾ ਇਕ ਸੁਖ ਪਾਏਗਾ, ਸਾਰੇ ਟੁਰਨਗੇ ਸਾਰੇ ਸੁਖ ਪਾਉਣਗੇ । ਸਾਤਗੁਰਾਂ ਨੇ ਤਮਾਕੂ ਮਨ੍ਹਾਂ ਕੀਤਾ ਹੈ ਇਸ ਵਿਚ ਉਨ੍ਹਾਂ ਨੂੰ ਕੀ ਲਾਭ ਹੈ ? ਪਰ ਇਸ ਨਾਲ ਸਰੀਰ ਆਲਸੀ ਹੁੰਦਾ ਹੈ, ਸੂਖਮ ਪੱਠਿਆਂ ਨੂੰ ਵਾਧੂ ਉਛਾਲ ਮਿਲਦਾ ਹੈ ਜੋ ਪਿਛੋਂ ਨਿਰਬਲ ਕਰਦਾ ਹੈ, ਸੁਭਾ ਢਲਿੰਦੀ ਹੋ ਜਾਂਦਾ ਹੈ, ਉਮਰ ਘਟਦੀ ਹੈ, ਪਰ ਦੂਜੇ ਪਾਸੇ ਤੱਕੋ ਇਸ ਦਾ ਵਰਤਾਰਾ ਆਮ ਹੋ ਰਿਹਾ ਹੈ ਤੇ ਵਧ ਰਿਹਾ ਹੈ, ਜੋ ਇਕ ਹੜ੍ਹ ਦੀ ਤਰ੍ਹਾਂ ਆ ਰਿਹਾ ਹੈ। ਗੁਰਾਂ ਨੇ ਆਪਣਿਆਂ ਨੂੰ ਬਚਾ ਲਿਆ, ਹੋਕਾ ਦੇ ਦਿਤਾ ਹੈ ਬਚੋ । ਜੋ ਬਚਣਗੇ, ਸੋ ਸੁਖ ਪਾਉਣਗੇ, ਆਮ ਜੇ ਇਸ ਨੂੰ ਵਰਤਣਗੇ ਤਾਂ ਆਮ ਦੀ ਗ਼ਲਤੀ ਹੈ, ਇਸ ਨੇ ਦਰੁਸਤੀ ਨਹੀਂ ਬਣ ਜਾਣਾ। ਕਈ ਪੀਣ ਵਾਲੇ ਕਹਿਣਗੇ ਕਿ ਇਹ ਬੁਰੀ ਇੱਲਤ ਹੈ; ਪਰ ਛੱਡਣਗੇ ਨਹੀਂ, ਸੋ ਈ ਦੁਖ ਪਾਉਣਗੇ। ਸਤਿਗੁਰ ਜੀ ਨੇ ਤਾਂ ਮਨੁੱਖ ਨੂੰ ਚੋਟੀ ਦਾ ਮਾਨੁੱਖ ਬਨਾਉਣਾ ਹੈ, ਜੋ:–

ਸ਼ਰੀਰ ਦਾ ਅਰੋਗ ਹੋਵੇ, ਮਨ ਦਾ ਨਰੋਆ
ਹੋਵੇ ਤੇ ਆਤਮਾ ਦਾ ਬਲਵਾਨ ਹੋਵੇ ।

ਮੈਨੂੰ ਰਾਧਾ ਸਿੰਘ ਜੀ ਨੇ ਦੱਸਿਆ ਸੀ ਕਿ ਗੁਰਾਂ ਨੇ ਆਦਰਸ਼ਕ ਇਨਸਾਨ, ਨਿਰਭੈ ਨਿਰਛਲ ਆਤਮ ਰੌ ਨਾਲ ਜੀਵਤ ਸਾਜਨਾ ਹੈ । ਉਹ ਕਹਿੰਦੇ ਸਨ ਆਦਰਸ਼ਕ ਨਾ ਹੋਣਾ ਕੀਹ ਹੈ ? ਉਹ ਇਹ ਹੈ ਕਿ ਇਨਸਾਨ ਉਹ ਕੁਝ ਨਹੀਂ ਜੋ ਕੁਛ ਕਿ ਇਨਸਾਨ ਹੋਣਾ ਚਾਹੀਦਾ ਹੈ, ਉਹ ਇਹ ਹੈ ਕਿ ਸੂਰਤ ਸੀਰਤ ਅਰੋਗਤਾ ਵਾਲੀ; ਜਬੂ ਵਾਲੀ, ਚੜ੍ਹਦੀਆਂ ਕਲਾਂ ਵਾਲੀ, ਅਭੈ, ਸੁਤੰਤ੍ਰ ਤੇ ਲਿਵ ਵਿਚ ਵਸਣ ਵਾਲੀ ਹੋਵੇ। ਇਸ ਲਈ ਗ਼ਲਤੀਆਂ ਕੱਢਣੀਆਂ ਹਨ ਚਾਹੇ ਆਮ ਵਰਤਾਰੇ ਵਿਚ ਹੋਣ। ਦੇਖੋ ! ਧਰਮ ਦੇ ਰਹਿਬਰ ਜੋਗੀ ਸਾਰੇ ਸ਼ਰਾਬਾਂ ਤੱਕ ਅੱਪੜ ਪਏ ਸਨ, ਗੁਰੂ ਨਾਨਕ ਜੀ ਨੇ ਸ਼ਰਾਬ ਦੇ ਔਗੁਣ ਦੱਸਕੇ ਛੁਡਾ ਦਿੱਤੀ, ਜਿਨ੍ਹਾਂ ਨਾ ਛੱਡੀ ਓਹ ਚਾਹੇ ਬਹੁਤੇ ਹੋਣ, ਮਾੜਾ ਕਰ ਰਹੇ ਹਨ । ਗੁਰੂ ਜੀ ਦੇ ਅਟੱਲ ਵਾਕ ਮੌਜੂਦ ਹਨ । ਬਾਬਰ ਜੈਸੇ ਜ਼ਾਬਰ ਬਾਦਸ਼ਾਹ ਨੂੰ ਸ਼ਰਾਬ ਤੋਂ ਆਪ ਨੇ ਹੀ ਹੋੜਿਆ ਸੀ। ਸਤੀ ਦੀ ਰਸਮ ਬੜੀ ਖ਼ਰਾਬ ਹੈ, ਆਮ ਵਰਤਾਰੇ ਵਿਚ ਸੀ, ਤੀਜੇ ਸਤਿਗੁਰ ਨੇ ਹੋੜ ਦਿੱਤੀ। ਆਮ ਵਰਤਾਰੇ ਤੋਂ ਨਹੀਂ ਡਰੇ; ਅਸੂਲ ਥਾਪ ਦਿੱਤਾ। ਕੇਸ਼ ਆਤਮਕ ਸੱਤਤਾ ਦੇ ਰੱਖਯਕ ਹਨ, ਦਾਮਨਿਕ ਰੌਆਂ ਦੇ ਰਾਖੇ ਹਨ, ਮਾਨਸਿਕ ਤੇ ਅੰਤ੍ਰੀਵ ਉਤਪਤੀਆਂ ਤੇ ਤਾਕਤਾਂ ਨੂੰ ਜ਼ਾਇਲ ਹੋਣੋਂ–ਵਜ਼ਰਬ ਉੱਡਣੋਂ–ਬਚਾਉਣ ਵਾਲੇ ਹਨ, ਸਤਿਗੁਰਾਂ ਨੇ ਆਪ ਰਖੇ, ਗੁਰੂ ਅੰਗਦ ਜੀ ਨੂੰ ਰਖਾਏ, ਭਾਈ ਬੁੱਢੇ ਨੂੰ ਰਖਾਏ, ਆਪ ਦੇ ਪੁੱਤਰ

ਸ੍ਰੀ ਚੰਦ ਲਖਮੀ ਚੰਦ ਨੇ ਰਖੇ, ਜੋ ਆਮ ਵਰਤਾਰਾ ਜਗਤ ਦਾ ਨਾ ਰੱਖਣ ਦਾ ਸੀ ਤਾਂ ਗੁਰੂ ਨਾਨਕ ਆਮ ਵਰਤਾਰੇ ਤੋਂ ਨਹੀਂ ਡਰੇ, ਉਹਨਾਂ ਨੇ ਆਦਰਸ਼ਕ ਇਨਸਾਨ ਬਨਾਯਾ, ਲਿਵ ਟੁੱਟੇ ਤ੍ਰਿਸ਼ਨਾਂ ਰੂੜ੍ਹੇ ਇਨਸਾਨ ਨੂੰ ਲਿਵ ਧਾਰੀ ਕੀਤਾ। ਲਿਵ ਦੇ ਸਹਾਇਕ ਕੀਰਤਨ ਸਿਮਰਨ ਸਿਖਾਏ, ਅੰਦਰਲੀ ਸੱਤਯ ਦੀ ਸੰਭਾਲ ਲਈ ਕੋਸ਼ ਰਖੇ, ਓਹ ਜਾਣਨ ਉੱਚੇ ਹੋਰ ਭਾਵ ਜਿਨ੍ਹਾਂ ਕਰਕੇ ਕੋਸ਼ ਰਖੇ, ਪਰ ਜੋ ਰਖੇ ਸੋ ਠੀਕ ਰਖੇ, ਜਿਨ੍ਹਾਂ ਅਮਲ ਕੀਤਾ ਲਾਭ ਪਾਇਆ, ਸੋ ਅਸੂਲ ਤਾਂ ਇਹ ਹੈ; ਆਮ ਵਰਤਾਰਾ ਕੋਈ ਅਸੂਲ ਨਹੀਂ ਇਹ ਜੋ ਗ਼ਲਤ ਹੈ ਤਾਂ ਗ਼ਲਤ ਹੈ, ਆਮ ਹੋਣਾ ਇਸ ਨੂੰ ਕਿਵੇਂ ਬੀ ਦਰੁਸਤ ਅਰ ਅਸੂਲ ਨਹੀਂ ਬਣਾ ਕੱਢਦਾ ।

ਸੱਜਦ–ਠੀਕ ਜੀ ਠੀਕ ! ਆਪ ਤਾਂ ਥੋੜੇ ਮਹੀਨਿਆਂ ਵਿਚ ਫਕੀਰ ਹੀ ਨਹੀਂ ਹੋਏ, ਪੰਡਤ ਬੀ ਹੋ ਗਏ ਹੋ, ਕੋਈ ਹੋਰ ਲਾਭ ਭੀ ਦੱਸੋ ?

ਸਿਪਾਹੀ–ਮੈਂ ਭਾਈ ਰਾਧਾ ਸਿੰਘ ਜੀ ਤੋਂ ਪਾਈ ਸਿੱਖਿਆ ਆਪ ਨੂੰ ਸੁਣਾਈ ਹੈ ਕਿ ਦਾਮਨਿਕ ਲਾਭਾਂ ਤੋਂ ਵਧਕੇ ਆਤਮ ਲਾਭ ਤੋਂ ਉਤੇ ਹੋਰ ਕਿਹੜਾ ਲਾਭ ਹੈ, ਜਿਨ੍ਹਾਂ ਦੇ ਕਾਰਨ ਅੰਦਰਲਾ ਤਾਕਤ ਵਿਚ ਤੇ ਸਰੀਰ ਅਰੋਗਤਾ ਤੇ ਬਲ ਵਿਚ ਰਹਿੰਦਾ ਹੈ ? ਪਰ ਹੋਰ ਆਮ ਲਾਭ ਬੀ ਹਨ, ਅਸੀਂ ਲੋਕ ਕਮਜ਼ੋਰ ਹਾਂ, ਬਲ ਚਾਹੀਏ, ਸੂਰਤ ਜਥੇ ਵਾਲੀ ਚਾਹੀਏ, ਗ਼ੁਲਾਮ ਲੋਕਾਂ ਨੂੰ ਗੁਰੂ ਜੀ ਅਭੈ ਪੰਦ ਬਖਸ਼ ਰਹੇ ਹਨ, ਅਭੈ ਪੁਰਖ ਦਾ ਮਨ ਅਭੈ ਤੇ ਸਰੀਰ ਜਥੇ ਵਾਲਾ ਲੋੜੀਏ। ਸਦੀਆਂ ਤੋਂ ਤੁਰਕਾਂ ਦੀ ਗ਼ੁਲਾਮੀ ਨੇ ਸਾਡੀ ਸੁਰਤਿ ਤਬਾਹ ਕਰ ਰੱਖੀ ਹੈ, ਸੁਰਤਿ ਨੂੰ ਜਿਵਾ ਕੇ ਸ਼ਰੀਰ ਨੂੰ ਜ਼ਬਰਦਸਤ ਕਰਕੇ ਸਤਿਗੁਰ ਨੇ ਸਾਨੂੰ ਗ਼ੁਲਾਮੀ ਤੋਂ ਛੁਡਾਉਣਾ ਹੈ। ਉਨ੍ਹਾਂ ਐਸਾ ਇਨਸਾਨ ਬਨਾਉਣਾ ਹੈ ਕਿ ਇਨਸਾਨ, ਜ਼ਾਲਮ ਇਨਸਾਨ ਤੋਂ ਨਾ ਡਰੇ, ਸੀਰਤ ਤੇ ਸੂਰਤ ਜਥੇ ਵਾਲੀ ਧਾਰੇ।

ਸੱਜਦ–ਸੂਰਤ ਦਾ ਧਰਮ ਨਾਲ ਕੀ ਸੰਬੰਧ ?

ਇੰਨੇ ਨੂੰ ਰਾਧਾ ਸਿੰਘ ਜੀ ਨੱਠ ਪਏ । ਸਿਪਾਹੀ ਨੇ ਆਵਾਜ਼ ਮਾਰੀ ਤੇ ਸਾਰੀ ਗੱਲ ਬਾਤ ਸੁਣਾ ਕੇ ਕਿਹਾ ਕਿ ਸੱਜਦ ਸਾਹਿਬ ਨਾਲ ਆਪ ਵਿਚਾਰ ਦੀ ਗਲ ਬਾਤ ਕਰੋ । ਸੱਜਦ ਨੇ ਫਿਰ ਪ੍ਰਸ਼ਨ ਕੀਤਾ ਕਿ ਸੂਰਤ ਦਾ ਧਰਮ ਨਾਲ ਕੀ ਜੋੜ ਹੈ ?

ਰਾਧਾ ਸਿੰਘ–ਸੂਰਤ ਤਾਂ ਕੋਈ ਨਾ ਕੋਈ ਰਹੇਗੀ, ਅਸੂਰਤ ਅਸੀਂ ਹੋ ਨਹੀਂ ਸਕਦੇ, ਕਿਉਂਕਿ ਅਸੀਂ ਅਸੂਰਤ ਨਹੀਂ ਹਾਂ। ਸੋ ਜੇ ਪਟੇ ਰਖੇ ਤਾਂ ਇਕ ਸੂਰਤ, ਰੋਡ ਭੋਡ ਹੋਏ ਤਾਂ ਇਕ ਹੋਰ ਸੂਰਤ, ਜੇ ਮੁੱਛਾਂ ਨਹੀਂ ਤਾਂ ਇਕ ਹੋਰ ਸੂਰਤ, ਜੇ ਹਨ ਤਾਂ ਇਕ ਹੋਰ ਸੂਰਤ, ਜੋ ਤਬਦੀਲੀ ਕਰੋ ਪਿਛੇ ਕੋਈ ਨਾ ਕੋਈ ਸੂਰਤ ਹੋਵੇਗੀ, ਸੂਰਤ ਬਦਲੇਗੀ, ਪਰ ਸੂਰਤ ਉਡੇਗੀ ਨਹੀਂ। ਫਿਰ ਜੇ ਕੋਈ ਨਾ ਕੋਈ ਸੂਰਤ ਰਹਿਣੀ ਹੈ ਤਾਂ ਇਹ ਖਿਆਲ ਕਿ ਸੂਰਤ ਨਾ ਰਹੇ, ਵਿਅਰਥ ਹੈ। ਫੇਰ ਸੂਰਤ ਉਹ ਸੁਭਾਗ ਹੋਊ ਜਿਹੜੀ ਕੁਦਰਤੀ ਹੋਊ, ਸਭ ਤੋਂ ਸਾਦੀ, ਸੌਖੀ, ਤੇ ਕੁਦਰਤੀ ਸੂਰਤ ਉਹੋ ਹੋਊ ਜੋ ਕੁਦਰਤ ਨੇ ਸਾਜੀ ਹੈ; ਹੇਰਾ ਫੇਰੀ ਵਾਲੀ ਸੂਰਤ ਪਰ ਤਾਂ ਇਤਰਾਜ਼ ਹੋਵੇ, ਕੁਦਰਤੀ ਸੂਰਤ ਪਰ ਕਿਉਂ ਸ਼ੰਕਾ ?

ਸੱਜਦ–ਠੀਕ ਹੈ, ਤੁਸਾਂ ਤੋਂ ਤਮਾਕੂ ਬੀ ਛੁੱਟ ਗਿਆ ਹੈ ?

ਰਾਧਾ ਸਿੰਘ–'ਹਜ਼ਾਰ ਇੱਲਤ ਉਸ ਸੱਚੇ ਪਾਤਸ਼ਾਹ ਦੇ ਇਕ ਗ਼ਮਜ਼ੇ ਵਿਚ ਦੂਰ ਹੁੰਦੀ ਹੈ' ਭਾਈ ਨੰਦ ਲਾਲ ਜੀ ਆਖਦੇ ਹਨ ਤੇ ਮੈਂ ਪਰਤਾ ਕੇ ਡਿੱਠਾ ਹੈ। ਓਹ ਜਿਹੜ ਮੈਂ ਸ਼ੰਕੇ ਕੀਤੇ ਉਹ ਤਾਂ ਮੇਰੇ ਨੀਵੇਂ ਸੁਭਾਵ ਦੀਆਂ ਹੁੱਜਤਾਂ ਸਨ, ਨਹੀਂ ਤਾਂ ਨੇਹੁੰ ਕੀ ਤੇ ਸੰਸੇ ਕੀਹ ? ਦਰਸ਼ਨ ਕੀਤੇ ਪਾਪ ਝੜਦੇ ਹਨ, ਕੀਰਤਨ ਸੁਣਿਆਂ ਸਮਾਧੀ ਲੱਗਦੀ ਹੈ, ਉਪਦੇਸ਼ ਸੁਣਿਆਂ ਪੂਰਨ ਗਿਆਨ ਹੁੰਦਾ ਹੈ, ਨਾਮ ਲੀਤਿਆਂ ਲਿਵ ਲਗਦੀ ਹੈ ।

ਸੱਜਦ–ਹਾਂ ਸੱਚੀ, ਸਿੱਖ ਕੀਰਤਨ ਕਿਉਂ ਕਰਦੇ ਹਨ ?

ਰਾਧਾ ਸਿੰਘ–ਕੀਰਤਨ ਨਾਲ ਮਨ ਦਾ ਰੁਖ ਲਿਵ ਵਲ ਲੱਗਦਾ ਹੈ ਤੇ ਤ੍ਰਿਸ਼ਨਾ ਖਿੰਡਾਉ (ਇੰਤਸ਼ਾਰ) ਤੋਂ ਮੋੜਾ ਖਾ ਕੇ ਜੁੜਦਾ ਹੈ, ਇਹ ਲਾਭ ਤਾਂ ਇਕ ਹੈ, ਦੂਸਰੇ ਜੋ ਅਰਥ ਭਾਵ ਬਾਣੀ ਦੇ ਹਨ ਉਨ੍ਹਾਂ ਨਾਲ ਅੰਦਰ ਉਚੇ ਵਲਵਲੇ ਤੇ ਖੂਬਸੂਰਤ ਜਜ਼ਬੇ ਪੈਦਾ ਹੁੰਦੇ ਹਨ, ਪਸ਼ੂ ਬ੍ਰਿਤੀ, ਪਸ਼ੂ ਸੁਭਾਵ ਟੁੱਟਦਾ ਹੈ ਤੇ ਦੈਵੀ ਭਾਵ ਤੇ ਈਸ਼ਵਰੀ ਗੁਣ ਪ੍ਰਵੇਸ਼ ਕਰਦੇ ਹਨ। ਬਾਣੀ ਰਚਨਹਾਰ ਸਤਿਗੁਰੂ ਹਨ, ਸੁਤੇ

ਹੀ ਮਨ ਜੋ ਸਥੂਲ ਰੂਪ ਵੱਲ ਜਾਂਦਾ ਹੈ, ਤਾਂ ਬਾਣੀਆਂ ਦੇ ਕਰਤਿਆਂ ਵੱਲ ਜਾਂਦਾ ਹੈ। ਉਨ੍ਹਾਂ ਮਹਾਂ ਪੁਰਖਾਂ ਰੱਬੀ ਰੰਗ ਵਾਲਿਆਂ ਦੇ ਚਿੱਤ ਦਾ ਧਿਆਨ ਉਨ੍ਹਾਂ ਦੇ ਹਿਰਦੇ ਦਾ ਨਕਸ਼ਾ ਅੱਖਾਂ ਅੱਗੇ ਆ ਕੇ ਟਿਕਾਉ ਤੇ ਉਚਾਉ ਦਾ ਅਸਰ ਪਾਉਂਦਾ ਹੈ, ਜੀਕੂੰ ਅਸੀਂ ਦਿੱਸਦੇ ਸੰਸਾਰ ਦੀਆਂ ਸੂਰਤਾਂ ਮੂਰਤਾਂ ਮੋਹਨੀਆਂ ਰੰਗਤਾਂ ਵਿਚ ਮਗਨ ਹਾਂ, ਇਸ ਤਰ੍ਹਾਂ ਅਸੀਂ ਅਣ-ਡਿੱਠੇ ਦੇ ਅਰੂਪ ਅਰੰਗ ਸਰੂਪ ਦੇ ਪ੍ਰੇਮੀ ਹੋ ਜਾਂਦੇ ਹਾਂ, ਕੀਰਤਨ ਦਾ ਇਹ ਅਸਰ ਹੁੰਦਾ ਹੈ।

ਸੱਜਦ–ਬਹੁਤ ਖ਼ੂਬ ! ਫਿਰ ਸਿੱਖ ਤੇ ਗੁਰੂ ਦਿਨ ਰਾਤ ਮਰਾਕਬੇ (ਸਮਾਧੀ) ਵਿਚ ਬੈਠੇ ਨਹੀਂ ਦਿੱਸਦੇ। ਇਹ ਕੀ ਗੱਲ ਹੈ ?

ਰਾਧਾ ਸਿੰਘ–ਦਿਨ ਰਾਤ ਦਾ ਮਰਾਕਬਾ–ਹਾਂ ਸ਼ਰੀਰ ਦਾ ਮਰਾਕਬਾ* ਨਹੀਂ ਸਿਖਾਇਆ ਜਾ ਰਿਹਾ ਕਿ ਕੋਈ ਪੱਥਰ ਹੋ ਜਾਏ, ਸਿਖਾਇਆ ਜਾ ਰਿਹਾ ਹੈ:–'ਸੋ ਇਕਾਂਤੀ ਜਿਸੁ ਰਿਦਾ ਬਾਸਿ' ॥

ਟੁਰਦੇ ਫਿਰਦੇ, ਕੰਮ ਕਰਦੇ ਕਰਾਂਦੇ ਅੰਦਰਲੇ ਦਾ ਰੁਖ ਰੱਬ ਵੱਲ ਝੁਕਾਉ ਰਖੇ, ਅੰਦਰ ਐਉਂ ਰਹੇ ਜਿਸ ਤਰ੍ਹਾਂ ਰੱਬ ਦੇ ਨਾਲ ਲੱਗਾ ਹੋਇਆ ਹੈ। ਜਿਸ ਵੇਲੇ ਸ਼ਰੀਰ ਕੰਮ ਕਰੇ ਅੰਦਰ ਕੁਛ ਰੋ ਜੇਹੀ ਰੁਮਕਦੀ ਰਹੇ । ਜਿਉਂ ਜਿਉਂ ਰੋ ਪ੍ਰਬਲ ਹੁੰਦੀ ਜਾਏਗੀ, ਆਪਣਾ ਆਪ ਦਿਖਾਉਂਦੀ ਜਾਏਗੀ, ਪਰ ਜਦ ਤਕ ਸ਼ਰੀਰ ਦੀ ਖ਼ਾਤਰ ਦਾ ਰੁਖ ਸੰਸਾਰਾਕਾਰ ਹੈ, ਛੱਡ ਦੇਣਾ ਹੋ ਨਹੀਂ ਸਕਦਾ, ਛੱਡੂ ਤਾਂ ਫੇਰ ਫੜੂ। ਜਦ ਮਨ ਦਾ ਸੁਭਾਉ, ਮਨ ਦਾ ਰੁਖ, ਮਨ ਦਾ ਰੋ ਬਦਲੇਗਾ ਤਾਂ ਆਪੇ ਸੰਸਾਰ ਛੁੱਟ ਗਿਆ । ਮਨੋਂ ਛੱਡਣਾ ਹੈ ਨਾਂਕਿ ਸਰੀਰੋਂ, ਮਨ ਜਦ ਪਕੜ ਵਿਚ ਨਹੀਂ ਰਹੇਗਾ ਕਾਰਜ ਹੋ ਗਿਆ। ਸ਼ਰੀਰ ਨੇ ਤਾਂ ਇਕ ਦਿਨ ਰਹਿਣਾ ਨਹੀਂ, ਆਪੇ ਛੁੱਟ ਜਾਣਾ ਹੈ ਤੇ ਸ਼ਰੀਰ ਦੇ ਸੰਬੰਧ ਸਾਰੇ ਛੁੱਟ ਜਾਣੇ ਹਨ, ਨਹੀਂ ਛੁੱਟਦੀ ਤਾਂ ਮਨ ਦੀ ਪਕੜ । ਕਿਉਂਕਿ ਇਸ ਮਨ ਨੂੰ ਰੋ ਹੈ 'ਪਕੜ' ਦਾ ਪੁਰਾਣਾ। ਮਨ ਦਾ ਨੇ ਸਮੇਂ ਨਾਲ ਬਦਲਦਾ ਹੈ। ਸੋ ਲਗਾਤਾਰਤਾ ਦਾ ਉਪਦੇਸ਼ ਹੈ ਕਿ ਲੱਗਾ ਰਹੁ ਲਗਾਤਾਰ, ਚਾਹੇ ਮੱਧਮ, ਚਾਹੇ ਜ਼ੋਰਦਾਰ। ਇਸ ਤਰ੍ਹਾਂ ਕਰਦਿਆਂ ਅੰਦਰਲਾ ਰੁਖ 'ਰੱਬ ਰੁਖੀਆ' ਹੋ ਜਾਂਦਾ ਹੈ ਤੇ ਬਾਹਰੋਂ ਸ਼ਰੀਰ ਆਪਣੇ ਫਰਜ਼ਾਂ ਦੇ ਕੰਮ ਕਰਦਾ ਹੈ ਤੇ ਭਲਿਆਈ ਵਿਚ ਖੇਡਦਾ ਹੈ । ਸਿੱਖ ਦੇਸ਼ ਤੇ ਦੁਖੀ ਪਰਜਾ ਲਈ ਦਾਨੀ ਬੀ ਹਨ । ਹੁਣੇ ਸਤਿਗੁਰੂ ਜੀ ਰਾਜਧਾਨੀ, ਧਨ, ਧਾਮ, ਪਰਿਵਾਰ, ਪੁੱਤਰ, ਸਿੱਖ, ਪਿਆਰੇ, ਸੁਖ, ਸਾਮਾਨ ਸਭ ਲੁਟਾ ਕੇ ਆਏ ਹਨ, ਭਲੇ ਲਈ। ਦੁਖੀ ਪਰਜਾ ਦੇ ਸੰਕਟ ਹਰਨੇ ਨਮਿੱਤ ਸਭੋ ਕੁਛ ਵਾਰ ਆਏ ਹਨ । ਫੇਰ ਦੁਖੀ ਨਹੀਂ, ਉਸੇ ਤਰ੍ਹਾਂ ਪ੍ਰਸੰਨ ਹਨ, ਉਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਹਨ, ਰਸ ਰੰਗ ਵਿਚ ਹਨ, ਉੱਧਾਰ ਕਰਦੇ ਤੇ ਪਿਆਰਦੇ ਹਨ, ਆਪਣੇ ਇਗਾਨੇ ਜਿਨ੍ਹਾਂ ਦੀ ਖਾਤਰ ਸਭ ਕੁਝ ਵਾਰ ਆਏ ਹਨ, ਉਨ੍ਹਾਂ ਦੇ ਧੋਹ ਵਿਦ੍ਰੋਹ ਮੋਹ ਤੋੜੀ ਕਿਸੇ ਗੱਲ ਤੋਂ ਖ਼ਫ਼ੇ ਨਹੀਂ ਹੋਏ, ਫੇਰ ਦਾਨ ਦੇ ਰਹੇ ਹਨ, ਵਾਰ ਰਹੇ ਹਨ ਤੇ ਉੱਨਤ ਕਰ ਰਹੇ ਹਨ ।

ਸੱਜਦ–ਕ੍ਰਿਪਾ ਕਰਕੇ ਦੱਸੋ ਕਰਮ ਦਾ ਕੀ ਖਿਆਲ ਹੈ ? ਹਿੰਦੂਆਂ ਵਿਚ ਕਰਮ ਅਤੁੱਟ ਹੈ, ਸਾਡੇ ਵਿਚ ਅਮਲਾਂ ਤੇ ਨਿਬੇੜੇ ਹਨ ।

ਰਾਧਾ ਸਿੰਘ–ਸਾਈਂ ਜੀਵੇ ! ਕਰਮ ਦੇਹ ਧਾਰਕੇ ਜੀਵ ਕਰਦਾ ਹੈ। ਸੋ ਕਰਮ ਕਈ ਤਰ੍ਹਾਂ ਦੇ ਹਨ। ਇਕ ਕਰਮ ਸੰਸਾਰ ਦੇ ਪ੍ਰਬੰਧ ਅਰਥ ਹਨ, ਇਕ ਆਪਣੀ ਮੁਕਤੀ ਅਰਥ ਹਨ, ਇਕ ਅਕਰਮ ਕਰਮ ਹਨ। ਅਸੀਂ ਕਰਮ ਬੱਧ ਨਹੀਂ ਤੇ ਹਾਂ ਬੀ। ਨਾਮ ਜਪਣਾ ਕਰਮ ਹੈ ਪਰ ਇਹ ਅਕਰਮ ਕਰਮ ਹੈ। ਅਸੀਂ ਨਾਮ ਰੱਬ ਦਾ ਜਪਦੇ ਹਾਂ ਤਾਂ ਮਾਨੋ ਕਰਮ ਕਰਦੇ ਹਾਂ, ਪਰ ਇਸ ਨਾਲ ਅਸੀਂ ਰੱਬ ਦੇ ਧਿਆਨ ਵਿਚ ਰਹਿੰਦੇ ਹਾਂ। ਕਰਦੇ ਤਾਂ ਹਾਂ ਕਰਮ, ਪਰ ਇਸ ਨਾਲ ਪੱਕਦਾ ਹੈ ਰੱਬ ਜੀ ਦਾ ਧਿਆਨ। ਹਾਂ, ਰੱਬੀ ਗੁਣਾਂ ਦਾ ਪ੍ਰਵੇਸ਼ ਸਾਡੇ ਮਨ ਵਿਚ ਹੁੰਦਾ ਹੈ ਇਸ ਨਾਲ। ਰੱਬੀ ਗੁਣ ਚਿਤਵਦੇ ਅਸੀਂ ਫਿਰ ਉਸ ਸੁਭਾਵ ਵਾਲੇ ਹੋ ਜਾਂਦੇ ਹਾਂ। ਫੇਰ: ਐਸੇ ਕਰਮ ਸਾਥੋਂ ਨਹੀਂ ਹੁੰਦੇ ਕਿ ਜਿਨ੍ਹਾਂ ਤੋਂ ਦੁੱਖ ਪਹੁੰਚੇ।

ਸੋ ਜਿਸਨੂੰ ਕਰਮ ਕਹੀਦਾ ਹੈ ਉਹ ਨਾਮ ਨਾਲ ਆਪੇ ਸੁੱਛ ਹੋ ਜਾਂਦਾ ਹੈ। ਨਾਮ ਅਭਯਾਸੀ ਪਹਿਲਾ ਕਰਮ ਇਹ ਸਿਖਦਾ ਹੈ:–

"ਦੁਖੁ ਨ ਦੇਈ ਕਿਸੈ ਜੀਅ
ਪਤਿ ਸਿਉ ਘਰਿ ਜਾਵਹੁ ॥"

*ਸਮਾਧੀ

ਸੋ ਜਦ ਦੁੱਖ ਨਾ ਦੇਣਾ ਅਸੂਲ ਹੈ ਤਾਂ ਵਰਤੋਂ ਸਾਰੀ ਨਕੀ ਦੀ ਹੋ ਗਈ, ਇਸ ਤੋਂ ਅੱਗੇ ਨੇਕੀ ਤੇ ਫੇਰ ਨਿਸ਼ਕਾਮ ਨੇਕੀ ਹੈ, ਇਹ ਨੇਕੀ ਸੁਭਾਵ ਹੈ ਉਸ ਦਾ ਜਿਸ ਦੇ ਅੰਦਰ ਲਿਵ ਹੈ। ਜੇ ਲਿਵ ਨਹੀਂ ਤੇ ਨੇਕੀ ਕਰਦਾ ਹੈ ਤਾਂ ਨੇਕੀ ਦੀ ਜੜ ਸਵਾ ਗਿੱਠ ਉੱਚੀ ਜਾਣੋ, ਉਹ ਤੱਗੇਗੀ ਮੁਸ਼ਕਲ। ਐਉਂ ਕਰਮ ਤੁਸਾਂ ਸਮਝ ਲਿਆ ਹੈ ਕਿ ਹੈ ਤੇ ਨਹੀਂ ਬੀ ਹੈ। ਬਾਕੀ ਰਹੀ ਰੱਬ ਦੀ ਪ੍ਰਾਪਤੀ, ਇਹ ਸਾਡੇ ਕਿਸੇ ਕਰਮ ਦੇ ਬੂਟੇ ਦਾ ਫਲ ਨਹੀਂ ਇਹ ਮਿਹਰ ਹੈ ਮਿਹਰ ਸਾਥੋਂ ਬਾਹਰ ਹੈ, ਤੇ ਰੱਬ ਵਿਚ ਹੈ ਤੇ ਉਸਦੇ ਹੁਕਮ ਵਿਚ ਹੈ:

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ ॥ ੧੧੩ ॥

ਪਰ ਇਹ ਪੜ੍ਹਕੇ ਅਸਾਂ ਦਲਿੱਦ੍ਰੀ ਤੇ ਬੇਮੁਖ ਨਹੀਂ ਟਿਕਣਾ, ਅਸਾਂ ਦਿਨ ਰਾਤ ਲੱਗੇ ਰਹਿਣਾ ਹੈ: 'ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥ ੨੨੩ ॥

ਇਉਂ ਸਾਡੀ ਸਦਾ ਦੀ ਤਾਂਘ ਉਡੀਕ ਤੇ ਮੰਗ ਜਾਰੀ ਹੈ। ਸੋ ਨਾਮ ਝੋਲੀ ਹੈ ਜੋ ਅਸਾਂ ਕਰਤਾ ਪੁਰਖ ਅੱਗੇ ਅੱਠ ਪਹਿਰ ਅੱਡ ਰੱਖੀ ਹੈ, ਲਿਵ ਸਾਡੀ ਉਹ ਲਗਨ ਹੈ ਜੋ ਮਿਹਰ ਦੇ ਦਾਤੇ ਅਗੇ ਸਦਾ ਮੰਗਣ ਹਾਰ ਰਹਿੰਦੀ ਹੈ, ਖ਼ੈਰ ਪਾਉਣੀ ਉਸਦੇ ਵੱਸ ਹੈ। ਕਾਰਨ ਇਹ ਹੈ ਕਿ ਉਹ ਹੈ ਬੇਅੰਤ, ਨਾ ਉਹ ਦੇਸ਼ ਨਾਲ ਬੱਧਾ ਹੈ ਨਾ ਸਮੇਂ ਨਾਲ। ਅਸੀਂ ਹਾਂ ਕਾਲ ਵਿਚ, ਦੇਸ਼ ਵਿਚ। ਸਾਡਾ ਕੋਈ ਕਰਮ ਉਸ ਪੂਰ ਹਾਵੀ ਹੋ ਨਹੀਂ ਸਕਦਾ, ਨਾਮ ਸਾਨੂੰ ਉਸ ਦੇ ਧਿਆਨ ਵਿਚ ਰਖਦਾ ਹੈ, ਵਾਹਿਗੁਰੂ ਦੀ ਪੂਜਾ ਵਿਚ ਰਖਦਾ ਹੈ, ਐਉਂ ਉਸ ਦਾ ਪਿਆਰ ਵਧਦਾ ਹੈ ਤੇ ਜਗਤ ਦਾ ਮੋਹ ਤੁੱਟਦਾ ਹੈ, ਤਿਆਗੀ ਪੂਰਨ ਹੋ ਜਾਂਦੀ ਹੈ। ਪਰਵਾਰ ਤੇ ਧਰਮਾਨ ਨਾਲ ਮਾਨੋਂ ਦੇਸ਼ ਕਾਲ ਦੀ ਸਰਹੱਦ ਉੱਤੇ ਅੱਪੜ ਪਈਦਾ ਹੈ। ਅਰਥਾਤ ਅਪਣੇ ਹੱਦ ਬੰਨੇ ਵਾਲੇ, ਅੰਤ ਵਾਲੇ, ਮਿੱਤ ਵਾਲੇ ਸੁਭਾਵ ਦੇ ਅਖੀਰਲੇ ਕਿੰਗਰੇ ਤੇ ਜਾ ਖੜੋਈ ਦਾ ਹੈ। ਹੁਣ ਅੱਗੋਂ ਅਮਿੱਤ, ਅਨੰਤ, ਅਸੀਮਾਂ ਵਿਚ ਛਾਲ ਸਾਥੋਂ ਵੱਜ ਨਹੀਂ ਸਕਦੀ, ਉਹ ਅਨੰਤ ਦਾ ਕ੍ਰਿਸ਼ਮਾਂ ਹੈ, ਜੋ ਸਾਨੂੰ ਅਪਣੇ ਵਿਚ ਖਿੱਚ ਲੈਂਦਾ ਹੈ:-

ਬਾਹ ਪਕੜਿ ਠਾਕੁਰਿ ਹਉ ਘਿਘੀ ਗੁਣ ਅਵਗਣ ਨ ਪਛਾਣੈ ॥ [ਜੈਤਸਿਰੀ ਮਃ ਪ

ਇਹ ਨਦਰ ਹੈ, ਇਹ ਮਿਹਰ ਹੈ, ਪਰ ਇਹ 'ਨਦਰ' ਉਸ ਅਨੰਤ ਦਾ ਅਪਣਾ ਕ੍ਰਿਸ਼ਮਾ ਹੈ, ਉਸ ਦਾ ਕਟਾਖਜ ਹੈ, ਉਸ ਦਾ ਕੋਈ ਚੋਜ ਖੇਲ ਪਿਆਰ ਹੈ। ਸਾਡੇ ਕਰਮ ਦਾ ਇਹ 'ਫਲ', ਸਾਡੇ ਕਰਮ ਦੇ ਇਹ ਅਧੀਨ, ਸਾਡੇ ਕਰਮ ਦੇ ਵੱਸ ਦਾ ਇਹ ਕੌਤਕ, ਇਹ ਕਟਾਖਜ ਨਹੀਂ ਹੈ, ਨਾ ਹੋ ਸਕਦਾ ਹੈ। ਐਉਂ ਹੈ ਸਾਈਂ ਜੀ! ਮੁਕਤੀ ਦੀ ਪ੍ਰਾਪਤੀ। ਸਾਨੂੰ ਸਤਿਸੰਗ ਹੋਵੇ, ਦਾਤਾ ਮਿਹਰ ਕਰੇ ਤਾਂ ਅਸੀਂ ਉਠਦੇ ਬਹਿੰਦੇ, ਤੁਰਦੇ ਫਿਰਦੇ ਉਸ ਨੂਰੋ ਨੂਰ ਅਕਾਲ ਪੁਰਖ ਦੇ ਪਿਆਰ ਦੀ ਲਿਵ ਵਿਚ ਰਹੀਏ। ਸਾਡਾ ਜੀਵਨ ਹੋਵੇ ਲਿਵ ਦਾ ਨਾਮ ਦਾ, ਰਜ਼ਾ ਦਾ। ਇਹ ਜੀ ਉਠਣਾ ਹੈ:-'ਨਾਨਕ ਸੇ ਜਾਗੰਨਿ ਜਿ ਰਸਨਾ ਨਾਮੁ ਉਚਾਰਣੇ॥' ਜੀ ਉਠੇ ਦਾ ਸਾਈਂ ਨਾਲ ਸੰਜੋਗ ਸਾਈਂ ਦੀ ਨਦਰ ਹੈ:-

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ॥

ਹਾਂ ਜੀ-

ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ । ੩੯ ॥

ਜੋ ਨਾਮ ਵਿਚ ਆ ਗਏ ਹਨ, ਮਿਹਰ ਨਾਲ ਆਏ ਹਨ-ਹਾਂ, ਇਹ ਬੀ ਇਕ ਮਿਹਰ ਹੈ, ਅਪਣੇ ਜ਼ੋਰ ਟੱਕਾਰ ਨਾਲ ਇਹ ਬੀ ਨਹੀਂ।

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥

ਪਰ ਕੀਹ ਜਦ ਪਤਾ ਇਹ ਲੱਗ ਜਾਏ ਤਾਂ ਉੱਦਮ ਤੇ ਜਤਨ ਛੱਡ ਦੇਵੇ ? ਕਦੇ ਨਹੀਂ। ਹੁਕਮ ਹੈ:-

ਉਦਮੁ ਕਰਹੁ ਵਡਭਾਗੀ ਹੋ ਸਿਮਰਹੁ ਹਰਿ ਹਰਿ ਰਾਇ ॥

ਸੱਜਦ-ਫੇਰ ਨਾ ਜ਼ੋਰ ਕਰੇ, ਨਾ ਉੱਦਮ ਕਰੇ, ਇਹ ਤੀਸਰੀ ਹਾਲਤ ਕੀ ਹੋਈ ?

ਰਾਧਾ ਸਿੰਘ-

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ।

ਪ੍ਰਭ ਦੀ ਉਸਤਤ ਕਰਹੁ, ਕਹਿੰਦੇ ਹਨ ਕਰਹੁ,

ਪਰ ਨੇਰ ਨਾਲ ਨਹੀਂ:–

ਸਾਵਧਾਨਤਾ ਨਾਲ ਏਕਾਗ੍ਰਤਾ ਨਾਲ, ਅਰਬਾਤ ਆਲਸ ਨ ਕਰੇ ਸਾਵਧਾਨ ਰਹੇ,

ਨੇਰ ਨਾਲ ਨਾ ਸਮਝੋ ਮਿਹਰ ਨਾਲ ਸਮਝੋ।

ਮਿਹਰ ਸਮਝੋ ਪਰ ਹਰ ਹਾਲਤ ਕਰੋ। ਕੀ ?

ਨਾਮ ਅਰਾਧਨ–ਸਿਮਰਨ। ਫਲ ਕੀ ?

ਤੁਸਾਡਾ ਜੀ ਪੈਣਾ, ਆਪੇ ਦਾ ਟਿਕਾਉ, ਰਸ। ਇਸ ਅਵਸਥਾ ਤੇ ਮਿਹਰ ਹੋਉ, ਨਦਰ ਪਊ ਤਾਂ–

'ਨਾਨਕ ਨਦਰੀ ਨਦਰਿ ਨਿਹਾਲ' ਹੋ ਜਾਊ।

ਸੋ ਇਹ ਨਾਮ ਜਪਣਾ ਮਿਹਰ ਈ ਹੈ, ਪਰ ਇਹ ਨਾਮ ਜਪਣਾ ਗੁਰੂ ਜੀ ਦਸਦੇ ਹਨ ਕਿ ਘਾਲ ਥੀ ਹੈ:

'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ੧॥'

ਜੋ ਨਾਮ ਜਪੇਗਾ ਉਹ ਆਪ ਛੁਟੇਗਾ, ਹੋਰਨਾਂ ਨੂੰ ਛੁਡਾਏਗਾ, ਉਹ ਮਰਦ ਸਿੱਖ ਹੈ ਜੋ ਜਪਦਾ ਤੇ ਜਪਾਉਂਦਾ ਹੈ। ਸਤਿਗੁਰ ਜਪਣ ਤੇ ਜਪਾਉਣ ਵਾਲੇ ਦ ਸਦਕੇ ਹੁੰਦੇ ਹਨ।

ਸੱਯਦ–ਦੱਬ ਬੰਨ੍ਹਕੇ ਤੇ ਨਿੰਮ੍ਰਤਾ ਨਾਲ ਬੋਲੇ ਜਿਸ ਦਾ ਮਤਲਬ ਇਹ ਹੈ:–

ਤੂੰ ਡਿੱਠਾ ਅਸਾਂ ਦਿਖਾਲ ਤੁਝੇ।
ਕਰਿ ਦਰਸ਼ਨ ਨਾਲ ਨਿਹਾਲ ਤੁਝੇ।
ਤੂੰ ਜਪਿਆ ਅਸਾਂ ਜਪਾਲ ਤੁਝ।
ਅੰਗ ਪਿਆਰਾਂ ਵਾਲਾ ਪਾਲ ਤੁਝ।

੪. [ਅਜਮੇਰ ਸਿੰਘ]

ਲੱਖੀ ਜੰਗਲ ਵਿਚ ਮਾਨੋ ਮੁੜ ਆਨੰਦਪੁਰ ਬਣ ਗਿਆ। ਅੱਜ ਵੇਖੋ ਕੀ ਕੌਤਕ ਹੋ ਰਿਹਾ ਹੈ ? ਦੀਵਾਨ ਸਜ ਰਿਹਾ ਹੈ ਤੇ ਆਸਾ ਦੀ ਵਾਰ ਦਾ ਭੋਗ ਪੈ ਰਿਹਾ ਹੈ, ਸਤਿਗੁਰ ਜੀ ਮਸਨਦ ਤੇ ਬੈਠੇ ਹਨ, ਸੰਗਤ ਅਪਾਰ ਜੁੜੀ ਹੋਈ ਹੈ, ਕੜਾਹ ਪ੍ਰਸ਼ਾਦ ਵਰਤ ਰਿਹਾ ਹੈ, ਦਾਨਾ ਸਿੰਘ ਜੀ ਭੱਜੇ ਆਏ ਹਨ ਤੇ ਆਖਦੇ ਹਨ:–

ਸੱਚੇ ਪਾਤਸ਼ਾਹ ਜੀਓ ! ਮਹੰਤ ਸੁੱਖ ਬੁੱਧੂ ਘੁਦੇ ਪਿੰਡ ਤੋਂ ਆ ਰਹੇ ਹਨ, ਉਨ੍ਹਾਂ ਦੇ ਨਾਲ ਇਕ ਤਕੜੀ ਵਹੀਰ ਲੱਠ ਬਾਜ਼ਾਂ ਦੀ, ਸ਼ਸਤ੍ਰ ਧਾਰੀਆਂ ਦੀ ਹੈ, ਸ਼੍ਰੀ ਜੀ ਦੇ ਕਰ ਕਮਲਾਂ ਤੋਂ ਸ਼ਹੀਦੀ ਪ੍ਰਾਪਤ ਕਰਨ ਵਾਸਤੇ ਆ ਰਹੇ ਹਨ।

ਸਤਿਗੁਰ ਜੀ–ਅਸਾਂ ਉਨ੍ਹਾਂ ਦਾ ਕੀ ਗੁਵਾਇਆ ਹੈ ਜੋ ਸਾਨੂੰ ਮਾਰਨ ਆ ਰਹੇ ਹਨ ?

ਦਾਨਾ ਸਿੰਘ–ਮੇਰੇ ਸੂਹੀਏ ਨੇ ਦੱਸਿਆ ਹੈ ਕਿ ਜਦੋਂ ਸ਼੍ਰੀ ਜੀ ਕੋਟ ਕਪੂਰੇ ਨੂੰ ਗਏ ਹਨ ਤਦ ਮਲੂਕੇ ਦੇ ਕੋਠੇ ਪਾਸ ਇਕ ਸਿੰਘ ਜੀ ਸ਼ਿਕਾਰ ਖੇਡ ਰਹੇ ਸਨ, ਤਦ ਇਕ ਦਿਵਾਨੇ ਸਾਧੂ ਨੂੰ ਉਸ ਸਿੰਘ ਤੋਂ ਅਭੋਲ ਮੱਟ ਲੱਗ ਗਈ ਸੀ, ਜਿਸ ਨਾਲ ਉਹ ਚੜਾਈ ਕਰ ਗਿਆ ਸੀ। ਸ਼੍ਰੀ ਜੀ ਨੇ ਉਸ ਸਾਧ ਦੀ ਬਹੁਤ ਪਾਲਨਾ ਕੀਤੀ ਸੀ, ਸੰਗਤ ਵਲੋਂ ਜਥਾਸ਼ਕਤ ਸੇਵਾ ਮੱਦਦ ਹੋਈ ਸੀ, ਪਰ ਸੁੱਖੂ ਤੇ ਬੁੱਧੂ ਮਹੰਤ ਆਖਦੇ ਹਨ: ਬਦਲਾ ਲੈਣਾ ਹੈ, ਸੋ ਆ ਰਹੇ ਹਨ, ਆਖਦੇ ਹਨ 'ਮਾਰ ਲੈਣਾ ਹੈ'।

ਸਤਿਗੁਰ ਜੀ–ਸੂਹੀਏ ਨੂੰ ਫੇਰ ਘੱਲੋ, ਉਹ ਤਾਂ ਭੈ ਨੇ ਰਸਤੇ ਵਿਚ ਹੀ ਫੜ ਲਏ ਹਨ ਤੇ ਸਾਥੀ ਨੱਠੇ ਜਾਂਦੇ ਹਨ, ਵਹੀਰ ਖਿਸਕ ਰਹੀ ਹੈ, ਫਿਕਰ ਅਕਾਲ ਪੁਰਖ ਜਦ ਕਰ ਰਿਹਾ ਹੈ ਤਦ ਅਸੀਂ ਕਾਸ ਨੂੰ ਕਰੀਏ ? ਤੁਸੀਂ ਅਚਿੰਤ ਰਹੋ। ਜੇ ਪਤਾ ਕਰਨਾ ਹੈ ਤਾਂ ਕਰ ਲਓ, ਪਰ ਚੜ੍ਹਕੇ ਪਹੁੰਚਦਾ ਕੋਈ ਨਹੀਂ।

ਕੁਛ ਚਿਰ ਸਤਿਗੁਰੂ ਪ੍ਰੇਮੀਆਂ ਨੂੰ ਮਿਲਦੇ ਰਹੇ, ਘੱਟਾ ਕੁ ਬੀਤਿਆ ਹੋਊ ਕਿ ਦੋ ਸੱਜਣਾਂ ਨੇ ਆਕੇ ਮੱਥਾ ਟੇਕਿਆ। ਸਤਿਗੁਰ ਬੋਲ: ਓ ਸੰਤੋ ! ਸਾਜ਼ ਕਿਥੇ ਛੱਡ ਆਏ, ਜਾਓ ਲਿਆਓ ਤੇ ਮਾਲਵੇ ਦੀ ਕੋਈ ਸੱਦ ਸੁਣਾਓ। ਦੋਵੇਂ ਨੱਠੇ ਗਏ ਤੇ ਚੱਡ ਸਾਰੰਗੀ ਲੈ ਆਏ ਤੇ ਸੁਰ ਤਾਨ ਕਰਕੇ ਗਾਵੇਂ:–

ਕੱਚਾ ਕੋਠਾ ਵਿਚ ਵੱਸਦਾ ਜਾਨੀ।
ਸਦਾ ਨ ਮਾਪੇ ਨਿਤ ਨਹੀਂ ਜੁਆਨੀ।
ਚੱਲਣਾ ਅੱਗੇ ਨਾ ਹੋ ਗੁਮਾਨੀ।
*ਹਰਿ ਭਜ ਲੈ ਨ ਹੁਇ ਪਛੁਤਾਨੀ।

ਖੁਸ਼ ਹੋਕੇ ਸਤਿਗੁਰਾਂ ਨੇ ਕਿਹਾ: ''ਕੁਛ ਮੰਗੋ ?''

ਓਹ ਬੋਲੇ–ਪਾਤਸ਼ਾਹ ! ਚੜ੍ਹਕੇ ਆਏ ਸਾਂ, ਨਾਲ ਵਹੀਰ ਸੀ, ਰਸਤੇ ਵਿਚ ਸਭ ਤੋਂ ਭੈ ਛਾ ਗਿਆ ਸਾਰੇ ਸਾਥ ਛੱਡ ਗਏ। ਅਸੀਂ ਭੁੱਲ ਕੀਤੀ ਸੀ, ਚਾਹੀਦਾ ਸੀ ਆਪ ਦੀ ਸ਼ਰਨ ਆਉਣਾ, ਆਪ ਗੁਰੂ ਹੋ, ਗੁਰੂ ਦੀ ਸ਼ਰਨ ਨਿਉਂ ਕੇ ਜਾਈਦਾ ਹੈ। ਆਪ ਨੇ ਮਿਹਰ

*ਦੋਵੀ ਤੁਕ ਸ੍ਰੀ ਦਸਮ ਗ੍ਰੰਥ ਪ੍ਰਕਾਸ਼ ਵਿਚ ਨਹੀਂ ਹੈ, ਭਵਾਗੌਖ ਵਿਚ ਇਉਂ ਹੈ:–'ਹੁਣ ਹੋਹੁ ਸਿਆਣਾ ਨਹੀਂ ਪੁਰੁ ਨਿਦਾਨੀ'। ਤੇ ਪਾਠਾਂਤਰ ਇਉਂ ਭੀ ਹੈ, 'ਉਡਜਾ ਭੇਰ ਤਾਂ ਖਾਕ ਨਿਸ਼ਾਨੀ'

ਕੀਤੀ, ਬੇਅਦਬੀ ਕਰਨੋ ਬਚਾ ਲਿਆ। ਪਾਪ ਉਘੜ ਗਿਆ, ਝੰਗਾ ਹੋਇਆ! ਹੁਣ ਮਿਹਰ ਕਰੋ, ਬਖਸ਼ੋ ਤੇ ਕੁਛ ਦਿਨ ਸੇਵਾ ਦਾ ਨ ਕਰੋ। ਨਾਲ ਰਹੀਏ, ਹੱਥ ਸਫੱਲ ਕਰੀਏ, ਕੋਈ ਦੇ ਚਾਰ ਕੌਹ ਆਪਦਾ ਪਲੰਘ ਮੋਢੇ ਚਾ ਕੇ ਟੁਰੀਏ, ਜੋ ਅੰਦਰ ਦਾ ਗੁਮਾਨ ਤੇ ਮੈਲ ਧਪ ਜਾਵੇ। ਤੈਨੂੰ ਪਛਾਣੀਏਂ, ਤੇਰੇ ਨਾਮ ਦਾਨ ਦੇ ਪਰਵਾਹ ਵਿਚੋਂ ਕੋਈ ਚੁੱਭ ਭਰਕੇ ਅਸੀਂ ਬੀ ਖੀਵੇ ਹੋਈਏ।

ਤਦ ਸਤਿਗੁਰ ਨੇ ਸੇਵਾ ਦੀ ਆਗਯਾ ਸੰਗਤ ਵਿਚ ਰਹਿਣੇ ਕਰਨ ਦੀ ਬਖਸ਼ ਦਿੱਤੀ।

ਹੁਣ ਸਤਿਗੁਰ ਉੱਠਣ ਵਾਸਤੇ ਤਿਆਰ ਹੋਏ, ਤਦ ਕੀ ਵੇਖਦੇ ਹਨ ਕਿ ਦੂਰ ਇਕ ਮੁਸਲਮਾਨ ਫਕੀਰ ਚੰਗੇ ਸੁਹਣੇ ਰੂਪ ਰੰਗ ਵਾਲਾ ਗਲ ਵਿਚ ਪੱਲਾ ਪਾਈ ਖੜਾ ਹੈ, ਨੈਣਾਂ ਤੋਂ ਨੀਰ ਜਾਰੀ ਹੈ, ਚਿਹਰੇ ਦਾ ਰੰਗ ਦੱਸਦਾ ਹੈ ਕਿ ਅੰਦਰੋਂ ਕੁਛ ਦੱਝ ਰਿਹਾ ਹੈ ਤੇ ਪਿਆਰ ਦੇ ਜ਼ਜ਼ਬੇ ਵਿਚ ਗੁੰਮ ਹੈ। ਸਤਿਗੁਰ ਨੇ ਅਵਾਜ਼ ਦਿੱਤੀ:-

ਦਾਨਾ ਸਿੰਘ ਬਰਖੁਰਦਾਰ! ਇਹ ਪ੍ਰੇਮੀ ਕੌਣ ਹੈ?

ਦਾਨਾ ਸਿੰਘ-ਜੀ ਪਾਤਸ਼ਾਹ! ਚਰਨ ਕਮਲ ਦਾ ਭਉਰਾ ਹੈ।

ਸਤਿਗੁਰ-ਕਿਉਂ ਆਇਆ ਹੈ?

ਦਾਨਾ ਸਿੰਘ-ਜੀਅ ਦਾਤੇ ਜੀ, ਸ਼ਮਆ (ਦੀਵਾ) ਬਲੇ ਤਾਂ ਪਤੰਗੇ ਆਪੇ ਆ ਜਾਂਦੇ ਹਨ।

ਸਤਿਗੁਰ-ਅਸੀਂ ਤਾਂ ਤੁਰਕ ਰਾਜ ਦੀ, ਜ਼ਾਲਮ ਹੋ ਜਾਣ ਕਰਕੇ, ਇੱਟ ਨਾਲ ਇੱਟ ਵਜਾਉਣੀ ਹੈ ਤੇ ਇਹ ਤੁਰਕ ਕਿਵੇਂ ਸਾਡੇ ਆ ਗਿਆ ਹੈ?

ਦਾਨਾ ਸਿੰਘ-ਪਾਤਸ਼ਾਹ! ਅਤਿ ਪ੍ਰੇਮੀ ਹੈ* ਤੇ ਸ਼ਰਨ ਆਇਆ ਹੈ।

ਸਤਿਗੁਰ-ਅਕਾਲ ਪੁਰਖ ਦਾ ਦਰ ਸਦਾ ਖੁੱਲ੍ਹਾ ਹੈ, ਸਿਮਰਨ ਦਾ ਰਸਤਾ ਕਦੇ ਬੰਦ ਨਹੀਂ। ਕਿਸੇ ਲਈ ਕਦੇ ਬੰਦ ਨਹੀਂ।

ਦਾਨਾ ਸਿੰਘ-ਜਪਾਵੋ ਨਾ।

ਇਸ ਵੇਲੇ ਬੇਵਸਾ ਹੋ ਫਕੀਰ ਚਰਨਾਂ ਤੇ ਢਹਿ ਪਿਆ, ਹਾਂ, ਸ਼ਰੀਰ ਨੇ ਢਹਿ ਕੇ ਦੱਸ ਦਿੱਤਾ ਕਿ ਪਿਆ ਮੈ, ਦਰ ਦਰਸ਼ਨ ਦੇ ਪ੍ਰੇਮੀ, ਕਿਸ ਤਰ੍ਹਾਂ 'ਏਨੁ ਬਨੁ ਫਿਰਤ ਉਦਾਸ ਬੂੰਦ ਜਲਕਾਰਣੇ' ਡਿੱਗਦੇ ਹਨ।

ਸਤਿਗੁਰ ਸਿਰ ਤੇ ਹੱਥ ਫੇਰਕੇ-ਮਿੱਖੀ ਧਾਰੇਂਗੇ?

ਫਕੀਰ-ਜੋ ਬਖਸ਼ੋਗੇ।

ਸਤਿਗੁਰ-ਸਾਡੇ ਪਾਸ ਸਭ ਤੋਂ ਪਿਆਰੀ ਚੀਜ਼ ਮਿੱਖੀ ਹੈ।

ਫਕੀਰ-ਕਰੋ ਮਿਹਰ! (ਸਿਰ ਦਾ ਕੇ ਹੱਥ ਬੰਨ੍ਹ ਕੇ)।

ਸਤਿਗੁਰੂ-ਉੱਮਤ, ਕੁੱਸੇ ਹੋ ਜਾਏਗੀ?

ਫਕੀਰ-ਸਾਰੀਆਂ ਲਾਜਾਂ ਘਰ ਛਡ ਆਇਆ ਹਾਂ, ਆਤਮਾ ਵਿਚ ਇਕ ਪਿਆਸ ਹੈ, ਕਾਹਦੀ? ਪਤਾ ਨਹੀਂ, ਤ੍ਰਿਪਤੀ ਹੋਵੇ ਹੈ ਤਾਂ ਦਰਸ਼ਨ ਕਰਕੇ। ਇਕ ਭੁੱਖ ਹੈ, ਕਿਉਂ? ਸੋਝੀ ਨਹੀਂ, ਦੱਜ ਆਇਆ ਹੈ ਤਾਂ ਚਰਨ ਕਮਲ ਪਰਸਕੇ। ਮੈਨੂੰ ਕੀ ਕਹਨਾ ਹੈ? ਆਪ ਜਾਣੋਂ। ਉੱਮਤ ਦੇ ਲੋਕੀਂ ਮੇਰੇ ਅੰਦਰ ਠੰਢ ਨਹੀਂ ਪਾ ਸਕੇ, ਬਾਹਰ ਦੀ ਬਨਾਵਟ ਮੈਨੂੰ ਥਕਾ ਚੁੱਕੀ ਹੈ। ਹੁਣ ਤਾਂ ਇਕ ਇਹੋ ਓਟ ਹੈ (ਚਰਨ ਪਕੜਕੇ):-

'ਜਿਉ ਭਾਵੈ ਤਿਉ ਰਾਖ ਲੈ।'

ਸਤਿਗੁਰ-ਸਿੱਖੀ ਕਠਨ ਹੈ, ਗਾਖੜੀ ਹੈ। ਜੇ ਤੁਸੀਂ ਸਿੱਖ ਹੋ ਗਏ ਤਾਂ ਜਗਤ ਹੱਸੇਗਾ, ਜਗਤ ਦੁੱਖ ਦੇਵੇਗਾ। ਸਿੱਖੀ ਅਲੂਣੀ ਸਿਲਾ ਹੈ, ਉੱਚੇ ਰਸ ਨੂੰ ਪੈਂਦਿਆਂ ਸਮੇਂ ਲੱਗ ਜਾਂਦੇ ਹਨ। ਹਾਂ, ਸਿੱਖੀ ਕਮਾਉਣੀ ਕਸ਼ਟਾਂ ਦੇ ਬਨ ਵਿਚ ਡਿੱਗਣਾ ਹੈ। ਫੇਰ ਅੱਜ ਕੱਲ ਸਿੱਖੀ ਧਾਰਨੀ ਜਾਨ ਤਲੀ ਤੇ ਧਰਨੀ ਹੈ।

ਫਕੀਰ-ਪਰ ਜਾਨ ਕਿਸੇ ਤੜਪ ਵਿਚ ਹੈ, ਇਸ ਨੂੰ ਠੰਢ ਪਾਓ, ਫੇਰ ਜੋ ਹੋਇ ਸੋ ਹੋਇ। ਦਾਨਾ ਸਿੰਘ ਦੀ ਮਿਹਰ ਨਾਲ ਮੇਰੇ ਕਰਮ ਜਾਲ ਦੇ ਵਹਿਮ ਤੁੱਟੇ ਹਨ, ਮੇਰੇ ਸੰਸੇ ਨੱਸੇ ਹਨ, ਮੈਂ ਬੁਝਿਆ ਦੀਵਾ ਕਿਸੇ ਵਿਛੋੜੇ ਦੇ ਦਾਗ਼ ਨਾਲ ਦਾਗ਼ਿਆ ਪਿਆ ਹਾਂ ਕੋਈ ਛੋਹ ਲਾਕੇ ਜਗਾ ਦਿਓ।

ਸਤਿਗੁਰ-ਸਿੱਖੀ ਗਾਖੜੀ ਹੈ ਅੰਮ੍ਰਿਤ ਛਕਣਾ ਪਏਗਾ।

ਫ:-ਮੁਰਦਾਹਾਂ, ਦੇਹ ਕੋਈ ਆਬੇਹਯਾਤ ਦੀ ਬੂੰਦ।

ਸਤਿਗੁਰ-ਸਾਬਤ ਸੂਰਤ।

*ਇਕ ਪੁਰਾਤਨ ਗੀਤ ਫਕੀਰ ਦੀ ਪ੍ਰੇਮ ਮਈ ਅਵਸਥਾ ਦਾ ਲਖਾਯਕ ਹੈ:-

ਸਿਕਦੇ ਰਾਂਹਦੇ ਨੈਣ ਮੇਰੇ, ਸਿਕਦੇ ਰਾਂਹਦੇ।
ਰਾਤੀਂ ਦਿਹੋਂ ਸਾਨੂੰ ਧਯਾਨ ਤੁਮਾਂ ਦਾ ਜਿਉਂ ਦਰਯਾ ਪਏ ਵਾਂਹਦੇ।
ਸੂਰਤ ਤੇਰੀ ਸਾਈਆਂ ਜਗ ਵਿਚ ਜ਼ਾਹਰ ਉਹਲੇ ਕਿਉਂ ਛਪ ਬਾਂਹਦੇ।
ਨਾਨਕ ਗੁਰੂ! ਤੇਰਾ ਸਭ ਸਦਕਾ ਜੋ ਗੁਰ ਕੀ ਪੈਰੀ ਪਾਂਹਦੇ।

ਫਕੀਰ—ਜੋ ਰੱਬ ਨੇ ਬਣਾਈ, ਉਸ ਪਰ ਸ਼ੱਕ ਕਰਾਂ ਤਾਂ ਕੁਫ਼ਰ ਹੈ।

ਸਤਿ:—ਸਾਧ ਸੰਗਤ ਖਾਲਸਾ ਜੀ! ਇਹ ਕੌਣ ਹੈ?

ਫਕੀਰ—ਮੁਸਲਮਾਨ।

ਸਤਿਗੁਰ—ਕਿਹੜਾ?

ਹਿੰਦੂ ਜਿਨ੍ਹਾਂ ਨੂੰ ਗਿਲਾਨੀ ਕਰਦੇ ਹਨ, ਅਤੇ ਅਰਬ ਦੇ ਪੈਗੰਬਰ ਦੇ ਨਾਮ ਤੇ ਜੋ ਇਕ ਬਿਰਾਦਰੀ ਹੈ। ਯਾ ਈਮਾਨਦਾਰ, ਅੰਦਰੋਂ ਰੱਬ ਤੇ ਸਿਦਕ ਵਾਲਾ।

ਫਕੀਰ—ਓਹ ਜਿਨ੍ਹਾਂ ਦੇ ਪਰਛਾਵੇਂ ਤੋਂ ਹਿੰਦੂ ਨਫਰਤ ਕਰਦੇ ਹਨ, ਘ੍ਰਿਣਤ ਨੂੰ, ਉਸ ਨੀਵੇਂ ਨੂੰ ਕਬੂਲ ਕਰ।

ਸਤਿਗੁਰ—ਸਾਧ ਸੰਗਤ ਜੀ! ਇਹ ਮੁਸਲਮਾਨ ਹੈ, ਮੁਸਲਮਾਨ ਤੋਂ ਹਿੰਦ ਇਕ ਅਛੂਤ ਲੋਕਾਂ ਦਾ ਭਾਵ ਲੈਂਦੇ ਹਨ, ਤੁਸਾਂ ਖਾਲਸਾ ਕਰਨਾ ਹੈ?

ਸਭ ਖਾਲਸਾ—ਪਾਤਸ਼ਾਹ! ਤੇਰੇ ਦਰ ਏਕਤਾ ਹੈ।

ਸਤਿਗੁਰੂ—ਤੁਸੀਂ ਪ੍ਰਸੰਨ ਹੋ?

ਖਾਲਸਾ—ਆਪ ਦੀ ਰਜ਼ਾ ਵਿਚ ਆਪਣੀ ਮਰਜ਼ੀ ਮੇਲਣ ਵਾਲੇ ਦਾਸ ਪ੍ਰਸੰਨ ਹਨ।

ਸਤਿਗੁਰੂ—ਮਾਨ ਸਿੰਘ! ਅੰਮ੍ਰਿਤ ਤਿਆਰ ਕਰੋ ਤੇ ਸਾਈਂ ਜੀ ਨੂੰ ਛਕਾਵੋ। ਰੱਬੀ ਦੀਦਾਰ ਦੀ ਤੜਪ ਵਾਲਾ ਹਿੰਦਾ ਹੈ, ਦਰ ਦਰਸ਼ਨ ਦਾ ਪ੍ਰੀਤਮ ਹੈ, ਇਸ ਦੇ ਅੰਦਰ ਗੁਰ ਨਾਨਕ ਮਿਹਰ ਨਾਲ ਰੱਬੀ ਰੌ ਆ ਵਰਤੀ ਹੈ, ਅੰਮ੍ਰਿਤ ਦਾਨ ਕਰੋ, ਖਾਲਸਾ ਸਜਾਓ, ਜੋ ਕੱਚ ਪਿੱਲ ਨੇੜੇ ਨਾ ਫਟਕੇ।

ਹੁਕਮ ਹੁੰਦੇ ਹੀ ਫਕੀਰ ਦੇ ਡੇਰਿਓਂ ਸਵਾ ਸਵਾ ਮਣ ਰਸਤ ਕੜਾਹ ਪ੍ਰਸ਼ਾਦ ਲਈ ਆਈ, ਲੰਗਰ ਲਈ ਵੱਖਰੀ ਰਸਦ ਆਈ। ਹੁਣ ਪੰਜ ਪਿਆਰੇ ਆਏ, ਅੰਮ੍ਰਿਤ ਤਿਆਰ ਹੋਇਆ ਤੇ ਸਤਿਗੁਰੂ ਦੀ ਹਜ਼ੂਰੀ ਵਿਚ ਮਾਨ ਸਿੰਘ ਜੀ ਨੇ ਆਪਣੇ ਹੱਥੀਂ ਛਕਾਇਆ। ਪਾਤਸ਼ਾਹ ਨੇ ਨਾਮ ਅਜਮੇਰ ਸਿੰਘ* ਰਖਿਆ। ਯਥਾ:—

ਸੁਨ ਸ਼੍ਰੀ ਪ੍ਰਭ ਪ੍ਰਸੰਨਤਾ ਧਾਰੀ। ਪੂਰਬ ਭਲੀ ਰੀਤਿ ਤੈਂ ਡਾਰੀ। ਮੁਸਲਮਾਨ ਹੁਇ ਭਾਵਨ ਧਰੈ, ਮਿਲਨ ਪੰਥ ਮੈਂ ਜੋ ਹਿਤ ਕਰੈ। ੮॥ ਤਉ ਇਹੁ ਉਚਿਤ ਖਾਲਸੇ ਬੀਚ, ਅੰਮ੍ਰਿਤ ਲੈ ਊਚੋ ਕੈ ਨੀਚ। ਮਾਨ ਸਿਘ ਸਿਉਂ ਹੁਕਮ ਬਖਾਨਾ। ਖਰੇ ਹੋਹੁ ਕਰਿ ਸਿੱਖ ਸੁਜਾਨਾ॥ ੯॥ ਲੈ ਆਗਯਾ ਅੰਮ੍ਰਿਤ ਬਨਵਾਯੋ। ਖਰੇ ਹੋਇ ਤਤਕਾਲ ਛਕਾਯੋ। ਸ਼੍ਰੀ ਮੁਖ ਤੇ ਤਬਿ ਨਾਮ ਉਚਰਿਓ। ਭੁਜ ਅਜਮੇਰ ਸਿੰਘ ਤਿਹ ਧਰਿਓ॥ ੧੦॥ ਵਾਹਿਗੁਰੂ ਜੀ ਕੀ ਕਹਿ ਫਤੇ। ਭਾ ਕਲਜ਼ਾਣ ਉਚਿਤ ਮੁਦ ਚਿਤੇ। ਸਿਮਰਨ ਕਰਨ ਲਗਯੋ ਗੁਰ ਕੇਰਾ। ਗੁਰਬਾਣੀ ਪਠਿ ਸੰਝ ਸਵੇਰਾ॥੧੧॥ [ਪ੍ਰਃ ਪ੍ਰਃ ਸੂਃ ਅੰਃ ੧–੧੯

ਪ. [ਸਦਾ ਅੰਗ ਸੰਗ]

ਅਜਮੇਰ ਸਿੰਘ ਦਾ ਭੰਡਾਰਾ ਛਕ ਕੇ ਸੰਗਤਾਂ ਗਦ ਗਦ ਸਨ। ਖਾਲਸੇ ਵਿਚ ਪ੍ਰੇਮ ਹੁਲਾਰੇ ਲੈ ਰਿਹਾ ਸੀ। ਇਕ ਭਾਰੀ ਪੀਰੀ ਮੁਰੀਦੀ ਵਾਲੇ, ਵਿਦਵਾਨ, ਖੋਜੀ, ਜੱਗਯਾਸੂ, ਤਪੀ, ਪਰ੍ਹੇ ਦੇ ਆਗੂ ਦਾ, ਸਤਿਗੁਰ ਵਿਚ ਇਲਾਹੀ ਜਗਤ ਦੀ ਪ੍ਰਤੀਤੀ ਤੇ ਅਨੁਭਵ ਕਰਕੇ, ਉਨ੍ਹਾਂ ਦੇ ਆਦਰਸ਼ ਤੇ ਆ ਟਿਕਣਾ ਇਕ ਜੀਉਂਦੀ ਕਰਾਮਾਤ ਸੀ। ਉਧਰ ਫਕੀਰ ਵਲੋਂ ਆਪਣੇ ਦੀਨ ਮਜ਼ਹਬ ਤੇ ਇੱਜ਼ਤ ਦਾ ਨੁਛਾਵਰ ਕਰਨਾ ਉਹ ਕੁਰਬਾਨੀ ਸੀ ਕਿ ਜੋ ਦੇਸ਼ ਵਿਚ ਰੂਹ ਫੂਕਣ ਵਾਲੀ ਸੀ। ਅਜਮੇਰ ਸਿੰਘ ਦੀ ਕਥਾ ਸਾਰੇ ਮਾਲਵੇ ਵਿਚ ਫੈਲ ਗਈ। ਮੁਸਲਮਾਨਾਂ ਵਿਚ ਅਚਰਜ ਹੋਇਆ, ਸਿੱਖਾਂ ਵਿਚ ਵਿਸਮਾਦ ਹੋਇਆ, ਹਿੰਦੂ ਹੱਕੇ ਬੱਕੇ ਰਹਿ ਗਏ, ਭੰਡਾਰੇ ਤੇ ਲੰਗਰ ਵੇਲੇ ਬੀ ਕਿਸੇ ਨੇ ਕੁਛ ਨਹੀਂ ਆਖਿਆ, ਸਭ ਨੇ ਪ੍ਰਸ਼ਾਦਾ ਛਕਿਆ। ਸੱਚੇ ਜਿਵਾਲਣਹਾਰ ਇਹ ਭਾਰੀ ਕਿਲਾ ਫਤਹ ਕਰਕੇ ਇਹ ਪੱਕੀ ਨੀਂਹ ਧਰਕੇ ਕਿ ਸਿਖ ਧਰਮ ਸਰਬ ਦੇਸ਼ੀ ਤੇ ਸਰਬਕਾਲੀ ਹੈ, ਹੁਣ ਅਗੇ ਨੂੰ ਵਿਦਾ ਹੋਣ ਲਈ ਤਿਆਰ ਹੋਏ। ਇਹ ਤਯਾਰੀ ਉਸ ਤੜਫਦੀ ਰੂਹ ਲਈ ਭਾਰੀ ਵਿਯੋਗ ਸੀ, ਜਿਸ ਰੂਹ ਨੇ ਸੱਚੀ ਪਿਆਸ ਵਿਚ, ਸੱਚੀ ਤਲਾਸ਼ ਵਿਚ ਉਮਰਾ ਬਿਤਾਈ ਸੀ। ਉਸ ਨੂੰ ਠੰਢ ਪੈਂਦਿਆਂ ਸਾਰ ਠੰਢ ਦੇ ਸੋਮੇਂ ਤੋਂ ਵਿਛੁੜਦਿਆਂ ਇਕ ਸੱਲ ਪੈਂਦਾ ਸੀ, ਇਕ ਘਾਉ ਲਗਦਾ ਸੀ

*ਤਵਾਰੀਖ ਵਿਚ ਲਿਖਿਆ ਹੈ ਕਿ ਵਡੀ ਮਹਿੰਮਾ ਨਾਲ ਸਿੰਘ ਸਜਣ ਕਰਕੇ ਸਿੰਘਾਂ ਵਿਚ ਅਕਸਰ ਮਹਿੰਮਾ ਸਿੰਘ ਕਰਕੇ ਭੀ ਕੁਆਂਦੇ ਸਨ।

—ਮਰਮੀ ਘਾਉ—ਜਿਸ ਨੂੰ ਲੱਗੀਆਂ ਵਾਲੇ ਹੀ ਸਮਝ ਸਕਦੇ ਹਨ। ਪਿਆਰ ਨਾ ਲੱਗੇ ਤਾਂ ਸਾਰੇ ਦਾਨੇ ਹਨ ਤੇ ਸਿੱਖਿਆ ਦਾਤੇ ਹਨ, ਪਰ ਲੱਗੇ ਤਾਂ ਸਭ ਸੱਟੀ ਪੱਟੀ ਭੁੱਲ ਜਾਂਦੀ ਹੈ। ਫੇਰ ਜੇ ਪ੍ਰੇਮ ਰੂਹਾਨੀ ਪੱਖ ਦਾ ਹੋਵੇ ਤਾਂ ਅਕਲ ਪ੍ਰੇਮ ਤੇ ਹਾਵੀ ਨਹੀਂ ਪੈ ਸਕਦੀ। ਇਸ ਦਾ ਇਹ ਭਾਵ ਨਹੀਂ ਕਿ ਅਕਲੋਂ ਬਿਅਕਲੀ ਹੋ ਜਾਂਦੀ ਹੈ ਪਰ ਇਹ ਕਿ ਜਗਤ ਦੀ ਅਕਲ ਉਸ ਨੂੰ ਦਬਾ ਨਹੀਂ ਸਕਦੀ। ਅਜਮੇਰ ਸਿੰਘ ਨੂੰ ਦਿਓ ਉਪਦੇਸ਼ ਕਿ ਵਿਯੋਗ ਦੀ ਪੀੜਾ ਨਾ ਸਹੇ। ਕੁਛ ਲੇੜਹੈ? ਉਹ ਆਪ ਘੱਟਿਆਂ ਬੱਧੀ ਵਿਆਖਿਆ ਕਰ ਸਕਦਾ ਹੈ, ਪਰ ਇਸ ਅੰਦਰਲੀ ਪ੍ਰੇਮ ਪੀੜ ਨੂੰ ਕੌਣ ਸਿਖਾਵੇ? ਬਿਰਹਾ ਬਿਰਹਾ ਹੈ, ਗੱਲਾਂ ਨਹੀਂ।

ਆਏ ਹਨ ਹੁਣ ਦਾਨਾ ਸਿੰਘ ਜੀ, ਦਨਾਈ ਦਾਨ ਕਰ ਰਹੇ ਹਨ:—

ਦਾਨ ਸਿੰਘ—ਪਿਆਰੇ ਜੀ! ਸਤਿਗੁਰ ਅਪਣੇ ਰੌ ਦੇ ਮਾਲਕ ਹਨ। ਕਿਸੇ ਰੱਬੀ ਰੰਗ ਵਿਚ ਵਿਚਰ ਰਹੇ ਹਨ, ਕੌਣ ਕਹੇ ਇਉਂ ਨਹੀਂ ਇਉਂ ਕਰ। ਉਨ੍ਹਾਂ ਜਾਣਾ ਹੈ, ਕਿੱਥੇ? ਕਿਉਂ? ਉਹ ਜਾਣਦੇ ਹਨ, ਅਸਾਂ ਹੁਕਮ ਮੰਨਣਾ ਹੈ।

ਅਜਮੇਰ ਸਿੰਘ—ਠੀਕ ਹੈ, ਮੈਂ ਮੰਨਾਂ? ਹੈਂ..... ਮੈਂ ਮੰਨਣਾ ਹੈ, ਪਰ ਹੱਥ ਰੱਖ ਕਲੇਜੇ ਤੇ। ਵੇਖਿਆ ਈ। ਕੱਲ ਰਾਗੀਆਂ ਕੀਹ ਗਾਵਿਆਂ ਸੀ:—

ਵਿਛੋੜਾ ਸੁਣੇ ਭੁਖੁ ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥੩॥

ਰੱਖ ਖਾਂ ਹੱਥ ਮੇਰੇ ਕਾਲਜੇ ਤੇ (ਹੱਥ ਫੜ ਕੇ ਰੱਖ ਕੇ) ਵੇਖ ਕੀਹ ਹੁੰਦਾ ਹੈ? ਮੈਂ ਆਪੇ ਨੂੰ ਆਪ ਪਿਆ ਆਖਦਾ ਹਾਂ:—ਤੂੰ ਮਰਦ ਹੈਂ, ਵੱਡੀ ਉਮਰ ਦਾ ਹੈਂ, ਤੈਨੂੰ ਸਿਮਰਨ ਬਾਣੀ ਦਾਨ ਮਿਲਿਆ ਹੈ, ਜੀਵਨ ਕਣੀ ਪ੍ਰਾਪਤ ਹੋਈ ਹੈ, ਰੱਬ ਦਾ ਪਿਆਰ ਪੱਲੇ ਪਿਆ ਹੈ, ਤੂੰ ਖੁਦਾ ਪਰਸਤ ਹੈਂ, ਤੈਨੂੰ ਲਿਵ ਮਿਲੀ ਹੈ, ਤ੍ਰਿਸ਼ਨਾ ਤੇੜੀ ਗਈ ਹੈ, ਰਹੁ ਲਿਵ ਵਿੱਚ। ਵਿਆਪਕ ਹੈ ਪਰਮੇਸ਼ਰ, ਘਟ ਘਟ ਵਿਚ ਵੱਸਦਾ ਹੈ ਪਿਆਰਾ, ਰਹੁ ਉਸ ਦੇ ਧਿਆਨ ਵਿਚ, ਆਪੇ ਦਾ ਪਰਦਾ ਚਾਈ ਰੱਖ ਤੇ ਰਹੁ ਦੀਦਾਰ ਵਿੱਚ। ਪਰ ਮੈਂ ਕੀਹ ਕਰਾਂ? ਮੈਥੋਂ ਵਿੱਛੁੜਿਆ ਨਹੀਂ ਜਾਂਦਾ, ਮੈਂ ਸਿੰਘ ਹਾਂ, ਕੇਸਾਧਾਰੀ ਬੀਰ ਹੋਇਆ ਹਾਂ, ਮੈਂ ਖਾਲਸਾ ਹਾਂ, ਮੈਂ ਉਸ ਆਦਰਸ਼ ਦਾ ਪੰਧਾਊ ਹਾਂ ਜੋ ਸਤਿਗੁਰੂ ਆਖਦੇ ਹਨ ਕਿ ਰੱਬ ਦਾ ਹੁੰਦਾ ਹੈ ਕਿ ਐਸੇ ਬੰਦੇ ਹੋਣ। ਮੈਂ ਅਭੈ ਪਦ ਦਾ ਰਾਹੀ ਹਾਂ, ਮੈਂ ਸੂਰਬੀਰ ਵਰਿਆਮ ਫਕੀਰ ਹਾਂ, ਪਰ ਦਾਨਾ ਸਿੰਘ! ਮੈਂ ਸੁੱਕਾ ਬੰਜਰ ਨਹੀਂ, ਮੈਂ ਖੁਸ਼ਕ ਚਿਟਾਨ ਨਹੀਂ। ਮੈਂ ਦਿਲਹੀਨ ਰੁੱਖ ਬਿਰਖ ਨਹੀਂ, ਮੈਂ ਦਿਲ ਵਾਲਾ ਹਾਂ ਤੇ ਉਸ ਦਿਲ ਵਾਲਾ ਹਾਂ ਜਿਸ ਵਿਚ ਸਤਿਗੁਰਾਂ ਨੇ ਜਿੰਦ ਪਾ ਦਿੱਤੀ ਹੈ, ਜਿਸ ਨਾਲ ਦਿਲ ਹਰ ਉੱਤਮ ਵਲਵਲੇ ਨੂੰ ਲਖਦਾ ਹੈ, ਦ੍ਰਵਦਾ ਹੈ, ਦੱਸ ਮੈਂ ਕੀ ਕਰਾਂ? ਮੈਥੋਂ ਵਿੱਛੁੜ ਨਹੀਂ ਹੁੰਦਾ।

ਦਾਨਾ ਸਿੰਘ (ਵੈਰਾਗ ਮੂਰਤ ਹੋ ਕੇ)—ਸਿੰਘ ਜੀ! ਸਤਿਗੁਰ ਇਸ ਪ੍ਰੇਮ ਦੇ ਜਾਣੂੰ ਹਨ ਤੇ ਪਸੀਜਣ ਵਾਲੇ ਪ੍ਰੀਤਮ ਹਨ। ਓਹ ਦ੍ਰੱਵੀਭੂਤ ਹੁੰਦੇ ਹਨ, ਪਰ ਓਹ ਕਿਸੇ ਉਚੇ ਆਦਰਸ਼, ਕਿਸੇ ਮਰਮ, ਕਿਸੇ ਫਰਜ਼ ਦੇ ਮਗਰ ਹਨ। ਕਈ ਵਾਰ ਕਹਿ ਚੁਕੇ ਹਨ ਕਿ ਅਕਾਲ ਪੁਰਖ ਦੇ ਅਦੇਸ਼ ਦੇਸ਼ ਤੋਂ ਆਉਣ ਨੂੰ ਚਿੱਤ ਨਹੀਂ ਸੀ, ਹੁਕਮ ਕਰਕੇ ਆਏ ਹਾਂ, ਹੁਕਮ ਕਮਾਉਂਦੇ ਹਾਂ, ਪਰ ਸੁਰਤ ਪ੍ਰਭ ਚਰਨਾਂ ਵਿਚ ਹੀ ਰਹਿੰਦੀ ਹੈ, ਉਥੋਂ ਉਠਦੀ ਨਹੀਂ; ਪਿਆਰ ਨਹੀਂ ਮੁੜਦਾ ਤੇ ਚੇਤਾ ਨਹੀਂ ਵਿਸਾਰਾ ਖਾਂਦਾ। ਜੋ ਆਪ ਪ੍ਰੀਤਭਾਰ ਖੱਲ ਰਹੇ ਹਨ ਉਹ ਕਦ ਦੂਸਰੇ ਦੀ ਪ੍ਰੀਤ-ਤਰਬ ਦੀ ਝਰਨਾਟ ਨੂੰ ਨਹੀਂ ਪਛਾਣਦੇ, ਤੇ ਨਹੀਂ ਦ੍ਰਵਦੇ, ਪਰ ਅਸੀਂ ਉਨ੍ਹਾਂ ਦੇ ਚਿੱਤ ਨੂੰ ਨਹੀਂ ਸਮਝ ਸੱਕਦੇ। ਉਹ ਉਦਾਸ ਚਿੱਤ ਹੋ ਨਹੀਂ ਟੁਰ ਰਹੇ। ਜਿਸ ਹੁਕਮ ਨੇ ਰੱਬੀ ਦਰ ਤੋਂ ਐਥੇ ਲੈ ਆਂਦਾ ਹੈ ਉਹੋ ਹੁਕਮ ਹਰ ਪਿਆਰ, ਹਰ ਸੁਖ ਦੇ ਟਿਕਾਣੇ ਤੋਂ ਉਨ੍ਹਾਂ ਨੂੰ ਲਈ ਫਿਰਦਾ ਹੈ। ਤੁਸਾਂ ਲਈ ਮੈਂ ਬਿਨੈ ਕੀਤੀ ਸੀ, ਫੁਰਮਾਉਂਦੇ ਸਨ, ਓਦਰਨ ਦੀ ਜਾਗਾ ਨਹੀਂ, ਸਿਮਰਨ ਕਰਨ, ਸਿਮਰਨ ਕਰਨ। ਅਕਾਲ ਪੁਰਖ ਅੰਗ ਸੰਗ ਹੈ, ਸਤਿਗੁਰ ਨਾਨਕ ਦੀਆਂ ਰੱਖਾਂ ਹਨ, ਰਾਖੀਆਂ ਹਨ, ਪਿਆਰ ਹਨ।

ਅਜਮੇਰ ਸਿੰਘ—ਫੇਰ, ਕੀ ਹੁਕਮ ਹੋ ਗਿਆ ਹੈ ਕਿ ਮੈਂ ਏਥੇ ਹੀ ਰਹਾਂ ਤੇ ਸਤਿਗੁਰ ਟੁਰ ਜਾਣ?

ਦਾਨਾ ਸਿੰਘ—ਸਤਿਗੁਰ ਜੀ ਟੁਰ ਜਾਣ, ਇਹ

ਤਾਂ ਹੁਕਮ ਹੈ। ਤੁਸੀਂ ਏਥੇ ਰਹੋ, ਇਹ ਸਹਿਸੁਭਾ ਦੀ ਗੱਲ ਹੈ, ਹੁਕਮ ਜਾਂ ਆਗਯਾ ਨਹੀਂ ਹੈਗੀ।

ਅਜਮੇਰ ਸਿੰਘ (ਸੁਖ ਦਾ ਸਾਹ ਲੈਂਦੇ)—ਸ਼ੁਕਰ ਹੈ!

ਦਾਨਾ ਸਿੰਘ—ਕਿਉਂ ?

ਅਜਮੇਰ ਸਿੰਘ—ਮੂੰਹ ਵੇਟਾ ਗੱਲ ਵੱਡੀ ਹੈ। ਭਰਾ ਜੀਓ! ਮੈਂ ਕੀ ਕਰਾਂ ? ਮੇਰੇ ਵੱਸ ਨਹੀਂ, ਵਿਛੁੜਕੇ ਰਹਿਣਾ ਜੇ ਹੁਕਮ ਹੈ ਤਾਂ ਹੋ ਜਾਏਗਾ ? ਪਰ ਇਸ ਵੇਲੇ ਮੈਂ ਬੇਵੱਸ ਲੋਚਦਾ ਹਾਂ ਕਿ ਮੈਂ ਅੰਗ ਸੰਗ ਰਹਾਂ, ਮੈਂ ਸੇਵਾ ਕਰਾਂ, ਮੈਂ ਇਹ ਨੈਣ ਰੱਬੀ ਦੀਦਾਰ ਦੇ ਸ਼ੀਸ਼ੇ ਤੇ ਟਿਕਾ ਟਿਕਾਕੇ ਦਰਸ਼ਨ ਦਾ ਸ਼ਰਬਤ ਪੀਵਾਂ ਤੇ ਠਰਾਂ। ਮੇਰੇ ਅੰਦਰ ਦੁਖ ਵਰਤੇ, ਕੋਲੇ ਰਹਾਂ ਤੇ ਸੇਵ ਕਮਾਵਾਂ, ਜੇ ਮੇਰੇ ਦੱਬ, ਪੈਰ ਸਫਲ ਹੋਵਣ। ਜੇ ਸਤਿਗੁਰ ਕਿਵੇਂ ਬੀ ਨਹੀਂ ਅਟਕਦੇ ਤਾਂ ਮੈਂ ਆਪਣੀ ਅਟਕ ਭੰਨਾਂ ਤੇ ਚਰਨਾਂ ਵਿਚ ਹੋ ਟੁਰਾਂ, ਆਗਯਾ ਲੈ ਦੇਹ।

ਦਾਨਾ ਸਿੰਘ—ਅਚਰਜ ਹੋਕੇ, ਇਹ ਡਰਾ ਤੇ ਇਹ ਪਰਚਾ ਕੀਕੂੰ ਛਡੇਗੇ। ਤੁਹਾਡੇ ਪ੍ਰੇਮੀ ਕੇਡੇ ਚੰਗੇ ਹਨ ਕਿ ਤੁਹਾਡੇ ਸਿੰਘ ਸਜ ਜਾਣ ਤੇ ਬੀ ਖ਼ਫਾ ਨਹੀਂ ਹੋਏ ਸਿਵਾ ਗਿਣਤੀ ਤੇ ਸ਼ਰਈਆਂ ਦੇ।

ਅਜਮੇਰ ਸਿੰਘ—ਨੈਣ ਭਰਕੇ:—

ਸੰਮਨ ਜਉ ਇਸ ਪ੍ਰੇਮ ਕੀ ਦਮਕਿਹੁ ਹੋਤੀ ਸ਼ਾਟ ॥ ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰਿ ਦੀਨੇ ਕਾਟ ॥ [ਚਉਬੋਲੇ

ਤੁਸੀਂ ਦੀ ਪੜ੍ਹਿਆ ਕਰਦੇ ਹੋ, ਠੀਕ ਹੈ ਨਾ ... । ਮੈਂ ਪੀਰੀ ਮੁਰੀਦੀ ਤੇ ਇਸ ਤਰ੍ਹਾਂ ਦੀ ਆਈ ਪੂਜਾ ਨੂੰ ਕੀਹ ਕਰਨਾ ਹੈ ? ਮੈਨੂੰ ਦਿਲ ਦੀ ਠੰਢ ਦੀ ਲੋੜ ਹੈ, ਦੀਦਾਰ ਦੀ ਲੋੜ ਹੈ, ਹੋਰ ਲੋੜ ਮੁੱਕ ਚੁੱਕੀ ਹੈ।

ਦਾਨਾ ਸਿੰਘ—ਬੜੀ ਕੁਰਬਾਨੀ ਹੈ।

ਅਜਮੇਰ ਸਿੰਘ—ਕਾਹਦੀ ਕੁਰਬਾਨੀ ਹੈ ? ਰਹਿ ਜੁ ਨਹੀਂ ਹੁੰਦਾ। ਰਹਿ ਹੋਵੇ ਤਦ ਟੁਰਾਂ ਤਾਂ ਫੇਰ ਕੁਰਬਾਨੀ ਹੈ। ਦਿਲ ਦਾ ਦਾਰੂ ਦੀਦਾਰ ਹੋ ਗਿਆ ਹੈ, ਦਵਾ ਖਾਣੀ ਬੀ ਕੋਈ ਕੁਰਬਾਨੀ ਹੁੰਦੀ ਹੈ? ਇਹ ਤਾਂ ਦਾਤ ਹੈ ਤੇ ਆਪਣਾ ਭਲਾ ਹੈ, ਯਾ ਇਉਂ ਕਹੋ ਕਿ ਖ਼ੁਦਗਰਜ਼ੀ ਹੈ। ਮੈਂ ਤਾਂ ਆਪਣੇ ਮਨ ਦੀ ਠੰਢ ਲਈ ਵਿਛੁੜਦਾ ਨਹੀਂ, ਵਿਛੁੜ ਸਕਦਾ ਨਹੀਂ। ਹਾਂ, ਕਰ ਮਿਹਰ ਜਿਥ ਚਰਨੀਂ ਲਾਇਆ ਹਈ, ਚਰਨੀਂ ਸਮਾ ਬੀ ਦੇਹੁ, ਲੈ ਦੇਹ ਆਗਯਾ।

ਦਾਨਾ ਸਿੰਘ—ਤੋਲ ਲੈ, ਸੇਵਾ ਧਰਮ ਕਠਨ ਧਰਮ ਹੈ ਹਰ ਵੇਲੇ ਦੀ ਹਜ਼ੂਰੀ ਤੇ ਸੇਵਾ ਗਾਖੜੀ ਕਮਾਈ ਹੈ, ਪਾਸ ਰਹਿਕੇ ਸ਼ਬਦ ਦੀ ਦੇਟ ਉਸ ਤੋਂ ਔਖੀ ਹੈ। ਪਿਛੋਂ ਜੇ ਦਿਲ ਡੋਲੇ ਤਾਂ ਭਲਾ ਨਹੀਂ, ਪਹਿਲਾਂ ਕਦਮ ਨਾ ਪੱਟਣਾ ਚੰਗਾ ਹੈ, ਪੱਟਕੇ ਮੜਨਾ ਮਾੜਾ ਹੈ।

ਅਜਮੇਰ ਸਿੰਘ—ਦਾਨਿਆਂ! ਛੱਡ ਦਾਨਾਈਆਂ ਪਿਆਰ ਕਰ, ਨਦੀ ਨੂੰ ਸਮੁੰਦਰ ਵਿਚ ਡਿੱਗਣ ਦੇਹ, ਢਹਿਣ ਦੇਹ ਸ ਵਿਚ, ਬਹਤ ਦੂਰ ਤੋਂ ਆਈ ਹੈ, ਬੜੇ ਡੂਗਰ ਪੱਥਰ ਦੜੇ ਹੋਏ ਥਲਾ ਵਿਚ, ਰਗੜਾਂ ਵਿਚ ਰਗੜੀਂਦੀ ਤੇ ਟੱਕਰਾਂਦੀ ਆਈ ਹੈ, ਪੈਣ ਦੇਹ ਸੂ ਸਾਗਰ ਵਿਚ ਤੇ ਲੈਣ ਦੇਹ ਸੂ ਅਰਾਮ, ਕਿਉਂ ਡਰਾਉਂਦਾ ਤੇ ਹੋੜਦਾ ਹੈਂ ? ਤੂੰ ਤਾਂ ਮਹਰਮ ਹੈਂ ਆਪ, ਮਰਮੀ ਪੀੜਾਂ ਦਾ ਜਾਣੂੰ ਹੈਂ ਤੇ ਪੀੜਾਂ ਵਾਲਾ ਹੈਂ, ਰਹਿਣ ਦੇਹ ਸੂ ਚਰਨ ਸ਼ਰਨ, ਨਾਲ ਨਾਲ।

ਇਹ ਕਹਿਕੇ ਅਜਮੇਰ ਸਿੰਘ ਜੀ ਬਿਹਬਲ ਹੋ ਗਏ। ਦਾਨਾ ਸਿੰਘ ਦੇ ਨੈਣ ਬੀ ਨਾ ਰੁਕੇ। ਚੁਪ ਵਰਤ ਗਈ। ਆਹ! ਪਿਆਰਾਂ ਦੀਆਂ ਕਸਕਾਂ।

ਆ ਗਏ ਰੱਬੀ ਪਿਆਰ ਦੇ ਮਹਿਰਮ, ਹਾਂ, ਸਮੁੰਦਰ ਆ ਗਿਆ।

'ਗੁਰੂ ਸਮੁੰਦੁ ਨਦੀ ਸਭਿ ਸਿਖੀ'

ਹਾਂ, ਉਛਲ ਪਿਆ ਹੈ ਸ਼ਹੁ ਸਾਗਰ। ਧਾਈ ਨਦੀ ਨੂੰ ਅਤੀਂ ਉਛਲਕੇ ਗੁਰੂ ਸਮੁੰਦ ਲੈਣ ਆਇਆ ਹੈ, ਬਲ ਉਤੇ ਆ ਗਿਆ ਹੈ ਲੈਣ ਨਦੀ ਨੂੰ। ਆ ਗਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਰੂਹ ਫੂਕਣ ਵਾਲੇ, ਜਿਵਾਲਣਹਾਰੇ। ਅਜਮੇਰ ਸਿੰਘ ਦਾ ਸਿਰ ਆਪਣੀ ਸੀਤਲ ਛਾਤੀ ਨਾਲ ਲਾਇਆ, ਹਾਂ, ਪਿਆਰਾ ਸੀਸ ਝੁਕ ਰਿਹਾ ਹੈ ਦਰ ਦਰਸ਼ਨ ਦੇ ਪ੍ਰੇਮ ਦੇ ਸੀਸ ਉਤੇ; ਤੇ ਮਧੁਰ ਤੇ ਪਿਆਰੀ ਹੋ ਰਹੀ ਹੈ ਬਾਣੀ:—

ਚੱਲ ਪਧਾਰੇ ਰੱਬ ਨੁਆਰੇ ਅਜਮੇਰ ਸਿੰਘ! ਚਲ ਬਈ ਨਾਲ ਵਲ; ਖਾਲਸੇ ਵਿਚ ਅੰਗ ਸੰਗ ਰਹੁ, ਕਰ ਸਤਿਸੰਗਤ ਤੇ ਕੀਰਤਨ, ਜਪ ਤੇ ਜਪਾ, ਵਿਛੁੜਕੇ ਕਿਉਂ ਰਹਿਣਾ ਹੈ, ਰਹੁ ਬਈ ਨਾਲ।

ਇਹ ਅਚਾਨਕ ਬਹੁੜਨਾ, ਇਨਸਾਨੀ ਪੀੜ ਦਾ ਤੜੱਕ ਜਵਾਬ ਦੇਣਾ, ਸਾਰੇ ਸਿਖ ਗੁਰੂ ਸਾਹਿਬਾਂ ਦਾ ਇਕ ਅਨੋਖਾ ਢੰਗ ਰਿਹਾ ਹੈ। ਜਿਥੇ ਪੀੜ ਹੈ, ਝਰਨਾਟ ਹੈ, ਜਿਥੇ ਲੋੜ ਹੈ,ਕਸਕ ਹੈ ਉਥੇ ਹੀ ਅੱਪੜੇ ਹਨ। ਹਾਂ ਵਲਿੱਖਾਂ ਝਾਗ ਕੇ ਅੱਪੜੇ ਹਨ, ਏਦ ਝੱਲ ਕੇ ਅੱਪੜੇ ਹਨ ਕਿਸੇ ਵਿਲਪਦੀ ਰੂਹ ਦੀ ਪੁਕਾਰ ਸੁਣਕੇ ਕਦੇ ਕੰਨ ਨਹੀਂ ਮੋੜੇ ਤੇ ਬਹੁੜਨੋਂ ਕਦੇ ਚਰਣ ਨਹੀਂ ਹੋੜੇ । ਇਹ ਇਨਸਾਨ ਦੀ ਅੰਦਰਲੀ ਤੜਪ ਨੂੰ ਉੱਤਰ ਦੇਣਾ ਪੂਰਨ ਇਲਾਹੀ ਖਸਲੜ ਕਮਾਲ ਦੀ ਸਾਰੇ ਗੁਰੂ ਸਾਹਿਬਾਂ ਵਿਚ ਹੋਈ ਹੈ। ਦਿਲਾਂ ਦੇ ਮਹਿਰਮ ਦਿਲਾਂ ਨੂੰ ਠਾਰਦੇ ਹਨ। ਇਨਸਾਨ ਕਮਜ਼ੋਰ ਹੈ, ਇਨਸਾਨ ਦੇ ਅੰਦਰ ਅਗੰਮ ਦੇ ਸਾਮਾਨ ਹਨ । ਇਨਸਾਨ ਅੰਦਰਲੇ ਨੂੰ ਆਪ ਨਹੀਂ ਸਮਝਦਾ । ਅੰਦਰਲੇ ਦੇ ਉਛਾਲੇ ਤੇ ਵਲੇਵੇਂ, ਵਲਵਲੇ ਤੇ ਉਤਮੰਠਾ ਅਕਹਿ ਤੜਪਾਂ ਪੈਦਾ ਕਰਦੇ ਹਨ। ਇਨਸਾਨ ਦੇ ਅੰਦਰ ਕਦ ਕਦੇ ਨਾਂ ਬੁੱਝਦੀਆਂ ਨਾਂ ਸੁਝੀਂਦੀਆਂ ਡੰਝਾਂ ਲਾਉਣ ਵਾਲ ਤੁੰਗ ਉਠਦੇ ਹਨ। ਕੌਣ ਹੈ ਜੋ ਇਨ੍ਹਾਂ ਦੇ ਲਹਿਰਾਉ ਵੇਲੇ ਬਹੁੜੇ । ਸੁਧਾਰਕ ਤੇ ਸਿੱਖਜ਼ਾ ਦਾਤੇ; ਉਪਦੇਸ਼ ਦਾਤੇ ਤੇ ਮੱਤਾਂ ਦੇ ਦਾਤੇ, ਸਮਝਾਉਣ ਤੇ ਵਰਜਾਖੜਾ ਦੇਣ ਵਾਲੇ ਅਨੰਤ ਆਏ ਤੇ ਗਏ, ਪਰ ਇਨਸਾਨ ਦੀ ਪੁਕਾਰ, ਪੀੜ ਤੇ ਦਿਲੀ ਡੰਝ ਉੱਪਰ ਇਨ੍ਹਾਂ ਸਹਾਂ ਪੁਰਖਾਂ ਵਾਂਗ ਏਹ ਆਪ ਹੀ ਦੌੜੇ ਹਨ ਕਿਉਂ ਨਾ ਇਸ ਤੱਠਣ ਹਾਰੀ ਖਸਲਤ ਤੇ ਇਨਸਾਨ ਸਦਕੇ ਹੋਵੇ। ਕਿਉਂ ਨਾ ਦਿਲ, ਇਨਸਾਨ ਦਾ ਦਿਲ, ਇਨ੍ਹਾਂ ਦੇ ਮੋਹ ਵਿਚ ਦੌੜੇ? ਹਰ ਗੁਰੂ ਸਾਹਿਬ ਦੇ ਜੀਵਨ ਵਿਚ ਐਸੇ ਵਾਕਿਆ ਹਨ, ਜਦੋਂ ਆਪ ਇਸ ਸਮਝ ਨਾ ਆਉਣ ਵਾਲੇ ਅਨੰਤ ਭਾਵ ਨਾਲ ਭਰੇ ਇਨਸਾਨੀ ਦਿਲ ਦੀ ਅਬੁਝ ਤੇ ਅਸੁਝ ਬਿਲਬਲਾਹਟ, ਤੜਪ ਤੇ ਉਤਕੰਠਾ ਉਤੇ ਬੰਮ੍ਹਾਂ ਵਿਚੋਂ ਮਾਰਾਂ ਬਹੁੜਦੇ ਰਹੇ ਹਨ । ਆਪ ਆਪਣੇ ਰੂਹਾਨੀ ਔਜ, ਇਖਲਾਕੀ ਉੱਚਾਣ, ਜਬੂ, ਐਸ਼ਵਰਜ ਪ੍ਰਤਾਪ ਦੇ ਕਦੇ ਮਾਣ ਵਿਚ ਨਹੀਂ ਗਏ। ਗਰੀਬ, ਅਮੀਰ, ਬਿਰਧ, ਜੁਆਨ, ਮਰਦ, ਤੀਮੀਂ, ਹੀਣੇ, ਬਾਹੂ ਬਲ ਵਾਲੇ, ਜਿਸ ਦੇ ਅੰਦਰ ਬਿਰਹਾ ਕਸਕਿਆ, ਆਪ ਅੱਪੜੇ ਹਨ। ਹਾਂ ਜਿਥੇ ਇਨਸਾਨੀ ਦਿਲ ਤੜਪਿਆ ਹੈ, ਉਥੇ ਹੀ ਗੁਰੂ ਦੀ ਹਜ਼ੂਰੀ ਹਾਜ਼ਰ ਹੋਈ ਹੈ ਤੇ ਠੰਢੀ ਠੰਢੀ ਮਲ੍ਹਮ ਰੱਖਣਹਾਰ ਹੋਈ ਹੈ। ਇਨਸਾਨ ਦਾ ਦਿਲ ਕਿਉਂ ਨਾ ਇਸ ਮਿਹਰ ਭਰੀ ਹਮਦਰਦੀ ਤੇ ਏਸ ਪਿਆਰ ਲਹਿਰੇ ਦੀ ਝਰਨਾਟ ਪਰ ਮੋਹਿਤ ਹੋ ਜਾਏ ਅਰ ਕਹੇ ਕਿ ਮੇਰਾ ਆਸਰਾ, ਸਹਾਰਾ, ਰੋਸ਼ਨੀਘਰ, ਰਹਿਬਰ, ਰਸਤੇ ਦਾ ਰਾਹ ਦੱਸ, ਦਿਲ ਦੀ ਟੇਕ ਤੇ ਮਨ ਦਾ ਆਧਾਰ ਗੁਰੂ ਹੈ। ਅੱਜ ਬੀ ਦੇਖੋ ਸਮੁੰਦਰ ਉੱਛਲ ਕੇ ਦੂਰੋਂ ਚੱਲਕੇ ਆਈ ਨਦੀ ਨੂੰ ਆ ਮਿਲਿਆ ਹੈ ਤੇ ਆਖਦਾ ਹੈ:—ਹਾਂ ਜੀਉ, ਆਓ ਚਲੋ ਮੈਂ ਵਿਚ ਤੇ ਮੈਂ ਦੇ ਅੰਗ ਸੰਗ।

ਅਜਮੇਰ ਸਿੰਘ ਜੀ ਦੱਵ ਗਏ। ਦੂਵ ਤਾਂ ਅੱਗੇ ਹੀ ਰਹੇ ਸੇ, ਦੱਵ ਕੇ ਵਹ ਗਏ। ਹਾਂ ਜੀ, ਦੱਵਣਾ ਰੱਬੀ ਦਰਬਾਰ ਵਿਚ ਜਾਣ ਲਈ ਲਾਜ਼ਮੀ ਕ੍ਰਿਸ਼ਮਾ ਹੈ:—

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥
ਹਰਿ ਦਰਗਹ ਕਹੁ ਕੈਸੇ ਗਵੈ ॥

ਆਤਮਾ ਦੱਵ ਗਿਆ ਹੈ ਤਾਂ ਹੁਣ ਹਰਿ ਦਰਗਹ ਦੀ ਕੀ ਰੋਕ ਹੈ?

ਹਾਂ ਜੀ, ਦੂੱਵ ਰਹੇ ਅਜਮੇਰ ਸਿੰਘ ਹੋਰ ਦੱਵੇ ਹਨ, ਬਿਰਦ ਪਾਲਕ ਬਿਰਦ ਦੀ ਕਰਨੀ ਵੇਖਕੇ ਆਪਾ ਘੁਲਕੇ ਘੁਲ ਮਿਲ ਗਿਆ ਹੈ। ਚਰਨਾਂ ਨੂੰ ਲਪਟ ਗਏ ਹਨ ਤੇ ਬੋਲਦੇ ਹਨ, "ਧੰਨ ! ਧੰਨ ! ਧੰਨ !" ਪਰ ਗਲਾ ਰੁਕ ਗਿਆ ਹੈ, ਸ਼ੀਰ ਗਦਗਦ ਹੈ ਤੇ ਅਵਾਜ਼ ਰੂਹ ਵਿਚ ਹੀ ਗੁੰਜਾਰ ਦੇ ਰਹੀ ਹੈ ਤੇ ਅਨਹਤ ਰੂਪ ਵਿਚ ਕਹਿ ਰਹੀ ਹੈ, "ਧੰਨ ! ਧੰਨ ! ਧੰਨ !" ਤੇ ਸਤਿਗੁਰ ਅਨੁਭਵ ਕਰ ਰਹੇ ਤੇ ਕਹਿ ਰਹੇ ਹਨ:- "ਚਲੋ ਅਜਮੇਰ ਸਿੰਘ ! ਮੰਜਣਾਂ ! ਕੱਠੇ ਰਹਾਂਗੇ।" ਇਹ ਨਕਸ਼ਾ, ਇਹ ਝਾਕਾ ਗੁਰਸਿਖ ਸੰਗਮ ਦਾ ਸਦਾ ਅੱਖਾਂ ਅੱਗੇ ਟਿਕਿਆ ਰਹੇ।

ਸੂਚਨਾ—ਫੇਰ ਸਤਿਗੁਰ ਕਈ ਜ਼ਿਗਰਾਂ (ਬਾਜਕ, ਜੱਸੀ ਆਦਿ) ਵਿਚ ਹੁੰਦੇ ਧੱਕੇ ਪਿੰਡ ਆ ਗਏ, ਰਸਤੇ ਵਿਚ ਅਨੇਕਾਂ ਕੌਤਕ ਵਰਤੇ, ਮਿਹਰਾਂ ਹੋਈਆਂ। ਇਸ ਤੋਂ ਅਗੇ ਦੇ ਕੌਤਕਾਂ ਦਾ ਕੁਛ ਹਾਲ ਅਗਲੇ ਪ੍ਰਸੰਗ ਵਿਚ ਹੈ:—

੮੫. ਬੀਬੀ ਦੇਸਾਂ*।

੧.

ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥ ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਰਧਾ ਪੂਰਿ ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥ ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥ ਏਕ ਓਟ ਏਕੋ ਆਧਾਰੁ ॥ ਨਾਨਕ ਮਾਗੈ ਨਾਮੁ ਪ੍ਰਭ ਸਾਰੁ ॥ ੧ ॥ [ਸੁਖਮਨੀ–੨੦

ਸੁਖਮਨੀ ਦੀ ਇਹ ਪਿਆਰੀ ਪਿਆਰੀ ਪਉੜੀ ਪਹਾੜੀ ਦੀ ਮਿੱਠੀ ਮਿੱਠੀ ਸੁਰ ਵਿਚ ਕਿਸੇ ਤਿੱਖੇ ਕੋਇਲ ਵਰਗੇ ਗਲੇ ਤੇ ਵਿੱਧੇ ਹੋਏ ਮਨ ਤੋਂ ਗਾਵੀਂ ਜਾ ਰਹੀ ਹੈ। ਰਾਤ ਪਹਿਰ ਕੁ ਬੀਤ ਚੁਕੀ ਹੈ, ਨੀਲੇ ਅਕਾਸ਼ ਤੇ ਤਾਰਿਆਂ ਦੀ ਛਟਕ ਝਲ੍ਹਕ ਝਲ੍ਹਕ ਕਰ ਰਹੀ ਹੈ। ਦੇਸ਼ ਭਾਵੇਂ ਡਾਢਾ ਗਰਮ ਹੈ, ਪਰ ਮਾਰੂ ਥਲੇ ਦਾ ਹੈ ਤੇ ਥਲਾਂ ਨੂੰ ਏਹ ਸਆਉ ਹੈ ਕਿ ਦਿਨੇ ਅਤਿ ਤਪਦੇ ਹਨ, ਪਰ ਰਾਤ ਨੂੰ ਛਤੀ ਠਰ ਜਾਂਦੇ ਹਨ। ਇਸ ਵੇਲੇ ਮਿੱਠੀ ਮਿੱਠੀ ਠੰਢੀ ਠੰਢੀ ਹਵਾ ਵਗ ਰਹੀ ਹੈ, ਚੁਪ ਛਾ ਰਹੀ ਹੈ ਤੇ ਟਿਕਾਉ ਭਰੀ ਏਕਾਂਤ ਰਸਮਈ ਪ੍ਰਭਾਵ ਪਾ ਰਹੀ ਹੈ। ਇਸ ਟਿਕਾਉ ਦੇ ਸਮੇਂ ਉਪਰਲੀ ਬੇਨਤੀ ਦਾ ਗਾਇਨ ਹੋ ਰਿਹਾ ਹੈ ਤੇ ਆਤਮਾ ਅਰਦਾਸ ਵਿਚ ਜੁੜੀ ਪਈ ਹੈ।

ਰਾਤ ਕੁਛ ਹੋਰ ਬੀਤ ਗਈ ਤੇ ਇਹ ਆਵਾਜ਼ ਵੀ ਚੁੱਪ ਹੋ ਗਈ। ਅਵਾਜ਼ ਥੀ ਚੁਪ ਹੋ ਗਈ ਏ ਅੰਦਰੋਂ ਅਰਦਾਸ ਵੀ ਹੁਣ ਨਹੀਂ ਹੋ ਰਹੀ, ਪਰ ਲੋ ਉਸੇ ਦਰ ਵੱਲ ਉਸੇ ਰੱਬੀ ਨੂਰ ਵੱਲ ਲਗ ਰਹੀ ਹੈ। ..... ਅਰਦਾਸ ਕਬੂਲ ਹੋਕੇ ਚੁਪ ਦੇਸ਼ ਤੋਂ, ਆਪਣਾ ਜੁਵਾਬ ਲੈ ਆਈ ਹੈ। ਉਹ ਹੈ:–ਮਨ ਵਿਚ ਸਿਮਰਨ ਦਾ ਰਸ ਭਰੇ ਹੋਕੇ ਟੁਰ ਪੈਣਾ। ਸੁਰਤਿ ਨਾਮ ਵਿਚ ਪੋਤੀ ਗਈ ਹੈ, ਲੂੰ ਲੂੰ ਤੋਂ ਵਾਹਿਗੁਰੂ ਵਾਹਿਗੁਰੂ ਦੀ ਝੁਨਕਾਰ ਟੁਰ ਪਈ ਹੈ! ਨੈਣਾਂ ਵਿਚ ਇਕ ਸਰੂਰ ਹੈ, ਸਰੀਰ ਦਾ ਹਲਕਾਪਨ ਇੰਨਾ ਹੈ ਕਿ ਸਰੀਰ ਜਾਪਦਾ ਹੀ ਨਹੀਂ। ਸੁਆਦ ਹੈ, ਠੰਢ ਹੈ, ਟਿਕਾਉ ਹੈ, ਇਕ ਖਿੱਚ ਹੈ ਉਸ ਦਾ ਰੰਗ ਹੈ ਤੇ ਸਿਮਰਨ ਇਕ ਸੰਗੀਤ ਦੀ ਬੱਹ੍ਰਾਟ ਵਾਂਙੂ ਲੂੰਆਂ ਵਿਚ ਆਪੂੰ ਜਾਰੀ ਹੈ। ਠੰਢੀ ਠੰਢੀ ਹਵਾ ਦੀ ਤਰੰਤ ਮੱਥੇ ਤੇ ਅੱਖਾਂ ਤੇ ਆਕੇ ਵੱਜਦੀ ਇਕ ਅਚਰਜ ਰਸ ਭਰ ਰਹੀ ਹੈ। ਐਉਂ ਨਿਮਗਨ ਬੈਠਿਆਂ ਰਾਤ ਬੀਤ ਰਹੀ ਹੈ।

ਪਰ ਨਿੰਦ੍ਰਾਵਲੇ ਨੈਣ ਊਂਘ ਰਹੇ ਹਨ, 'ਜਗਤ-ਅੱਖ' ਘੂਕ ਸੁੱਤੀ ਪਈ ਹੈ, ਪਰ ਏਹ ਨੇਹੁੰ ਵਾਲੇ–ਰੱਬੀ ਨੇਹੁੰ ਵਾਲੇ–ਨੈਣ ਜਾਗ ਰਹੇ ਹਨ। ਨੇਹੁੰ ਵਾਲੇ ਨੈਣ ਜਾਗ ਕੇ ਪਿਆਰੇ ਦੀ ਛਬੀ ਵਿਚ ਮਸਤ ਹੋਰਹੇ ਹਨ। ਇਸਤਰ੍ਹਾਂ ਬੈਠਿਆਂ ਦੂਜਾ ਪਹਿਰਾ ਬੀ ਬੀਤ ਗਿਆ। ਭਾਗਾਂ ਵਾਲਾ ਹੈ ਇਹ ਸਰੀਰ ਜੋ ਸਤਿਗੁਰਾਂ ਦੀ ਬਖਸ਼ਿਸ਼ ਵਾਲੇ ਘਰ ਆਇਆ ਹੋਇਆ ਹੈ। ਭਾਈ ਭਗਤੂ ਪਰਲੋਕ ਜਾ ਚੁਕੇ ਹਨ, ਇਹ ਆਪ ਦੇ ਘਰ ਦੀ ਇਕ ਨੋਂਹ ਹੈ, ਜਿਸ ਦਾ ਪਤੀ ਭੀ ਸੱਚ ਖਡ ਪਿਆਨਾ ਕਰ ਚੁਕਾ ਹੈ। ਇਹ ਬਖਸ਼ੇ ਘਰਾਣੇ ਦੀ ਰੰਗ ਰੱਤੜੀ ਸ੍ਰੀ ਕਲਗ਼ੀਧਰ ਜੀ ਦੇ ਇਲਾਹੀ ਅਨੁਰਾਗ ਵਿਚ ਆਪਣਾ ਉੱਚ ਜੀਵਨ ਬਿਤਾ ਰਹੀ ਹੈ। ਜਦਕਦੇ ਸਮਾਂ ਲੱਝਾ ਹੈ, ਅਨੰਦਪੁਰ ਗਈ ਹੈ ਤੇ ਦਰਸ਼ਨਾਂਨਾਲ ਕ੍ਰਿਤਕ੍ਰਿਤਹੋਕੇ ਆਪਣੇ ਆਤਮਾਂ ਵਿਚ ਦਾਤੇ ਦੀ ਮਿਹਰਨਾਲ ਵਾਹਿਗੁਰੂਜੀ ਦਾ 'ਨਾਮਪ੍ਰੇਮ' ਵਿਚ ਵਾਧਾ ਹੀ ਵਾਧਾ ਲੈਕੇ ਆਈ ਹੈ। ਇਹ ਬੀਬੀ ਆਪਣੇਘਰ ਵਿਚਬਾਕੀ ਕੁਲ ਤੋਂ ਅਲੱਗਥਲੱਗਰਹਿੰਦੀ ਹੈ। ਸ਼ਰੀਕਾ ਵਡੇਰਾ ਹੈ, ਜੇਠਾਂ ਦੇ ਪਰਿਵਾਰ ਹਨ, ਉਹ ਨੇੜੇ ਨੇੜੇ ਹਵੇਲੀਆਂ ਵਿਚ ਰਹਿੰਦੇ ਹਨ,ਉਹਨਾਂ ਦੇ ਘਰੀਂ ਨਿੱਖਾਂ ਸੰਗਤਾਂ ਦੇ ਭੋਜਨ ਪਰਸੀਂਦੇ ਹਨ, ਪਰ ਇਸ ਪ੍ਰੇਮਣ ਨੂੰ ਕਿਸੇ ਨਾਲ ਲੰਙ ਦੇਣ ਨਹੀਂ। ਆਪਣੇ ਦਾਣਿਆਂ ਵਿਚ ਨਿਰਬਾਹ ਤੇ ਆਪਣੀ ਠੁੱਲੀ ਵਿਚ ਕਜੇਵਾਂ। ਬੱਸ ਉਲਝਣ ਉਲਝਾ ਇਕ ਸਾਈਂ ਦੇ ਨਾਮ ਦਾ, ਹੋਰ ਸਾਈਂ ਦੀਆਂ ਸੱਤੇ ਖੈਰੀਂ। ਰੋਟੀ ਪਕਾ ਲੈਣੀ ਤੇ ਖਾ ਲੈਣੀ, ਕੰਮ ਕਰਨਾ ਤਾਂ ਹਰਿ ਕੇ ਨਾਮ ਦਾ। ਜੇ ਬੀਬੀ ਦੇ ਹੱਥ ਚਲਣ ਤੇ ਜ਼ਰੂਰ ਨਿਚਲੇ ਨਾ ਰਹਿ ਸਕਣ ਤਾਂ ਫੁੱਟੀ ਚੁਣਨੀ, ਝੰਬਣੀ, ਵੇਲਣੀ, ਵੱਟਣੀ, ਕੱਤਣੀ, ਅਟੇਰਨੀ ਤੇ

*ਇਹ ਪ੍ਰਸੰਗ ੯ ਃ ਰੁ ਃ ਨਾ ਃ ਸਾ ਃ ੪੫੪ (੧੯੨੩ ਈ:) ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸੁਰਤ ਵਿਚ ਪ੍ਰਕਾਸ਼ਿਆ ਸੀ।

ਤੇ ਕੋਈ ਸੁਹਣੀ ਸ਼ੈ ਉਨਵਾਉਂਣੀ, ਜਦ ਕਦੇ ਕਿਸੇ ਅਨੰਦ ਪੁਰ ਜਾਣਾ, ਪਿਆਰੇ ਦੇ ਚਰਨ ਕਮਲਾਂ ਵਿਚ ਰੇਜ਼ਾ ਭੇਜ ਕੇ ਨਿਹਾਲ ਹੋ ਜਾਣਾ, ਸਾਰਾ ਕੰਮ ਕਰਦਿਆਂ ਬੀਬੀ ਦੇ ਧਿਆਨ ਨੇ ਚਰਨਾਂ ਕਮਲਾਂ ਵਿਚ ਜੁੜਿਆ ਰਹਿਣਾਂ, ਇਸੇ ਚਾਉ ਵਿਚ ਹੀ ਕਾਰ ਹੋਣੀ, ਧਿਆਨ ਨੇ ਇਸ ਆਸਰੇ ਬੇਮਲੂੰਮੇ ਟਿਕੇ ਰਹਿਣਾ, ਰਸਨਾ ਨੇ ਸਿਮਰਨ ਕਰਦੇ ਰਹਿਣਾ ਤੇ ਮਨ ਨੇ ਉਡਣੋਂ ਟਿਕਾਉ ਖਾਣਾ ਤੇ ਰੱਬੀ ਲਹਿਰ ਵਿਚ ਝੂਮਦੇ ਰਹਿਣਾ, ਲਿਵ ਵਿਚ ਜੁੜ ਜੁੜ ਜਾਣਾ। ਇਸ ਤਰ੍ਹਾਂ ਦੇ 'ਜੀਉਂਦੇ ਜਾਗਦੇ ਸਿਮਰਨ-ਰੰਗਾਂ' ਵਿਚ ਇਸ ਬੀਰ ਇਸਤ੍ਰੀ ਨੇ ਆਪਣਾ ਜੀਵਨ ਪਾ ਰਖਿਆ ਸੀ।

ਪਰ ਹਾਇ! ਐਡ ਸਹਣੇ ਰੰਗਾਂ ਵਿਚ ਰਹਿਣ ਵਾਲੀ ਹੁਣ ਦਿਲਗੀਰ ਹੋ ਹੋ ਜਾਂਦੀ ਹੈ। ਅਨੰਦ ਪੁਰ ਵਿਰਾਨ ਹੋ ਚੁਕਾ ਹੈ, ਅਰਸ਼ੀ ਜੋਤ ਉਸ ਨੂੰ ਛੱਡ ਚੁਕੀ ਹੈ, ਭਾਣੇ ਤ ਸਾਕੇ ਵਰਤ ਚਕੇ ਹਨ ਤੇ ਇਹ ਕੋਮਲ ਪ੍ਰੇਮ ਵਾਲੀ ਮਾਈ, ਜਿਸ ਦਾ ਨਾਮ ਦੇਸਾਂ ਸੀ, ਸਾਰੇ ਖੇਦ ਸੁਣ ਚੁਕੀ ਹੈ, ਚਮਕੌਰ ਦੇ ਸਾਕੇ ਕੰਨੀ ਪੈ ਚੁਕੇ ਹਨ। ਉਹ ਅਨੰਦ ਪੁਰ ਦੇ ਰੱਬੀ ਸੁਆਦਾਂ ਦੇ ਨਜ਼ਾਰੇ ਅੱਖਾਂ ਅਗੇ ਆਉਂਦੇ ਹਨ, ਦਿਲ ਖਿੱਚ ਹੋ ਜਾਂਦਾ ਹੈ, ਫੇਰ ਉਹ ਖੇਦ, ਉਹ ਜੰਗ, ਉਹ ਕਤਲਾਂ, ਉਹ ਪਿਆਰਿਆਂ ਦੇ ਵਿਛੋੜੇ, ਕਾਲੀਆਂ ਰਾਤਾਂ, ਘਮਸਾਨ, ਸਾਹਿਬਜ਼ਾਦਿਆਂ ਤੇ ਸਿੱਖਾਂ ਦੀਆਂ ਸ਼ਹਾਦਤਾਂ, ਜੋ ਸੁਣੀਆਂ ਸਨ ਅੱਖਾਂ ਅਗੇ ਫਿਰਦੀਆਂ ਹਨ, ਕਲੇਜਾ ਡਾਵਾਂ ਡੋਲ ਹੋਕੇ ਵਹਿ ਟੁਰਦਾ ਹੈ, ਘੜੀਆਂਹੀਵੈਰਾਗ ਦੇ ਵਿਚ ਬੀਤਦੀਆਂ ਹਨ, ਪਰਫੇਰ ਸੁਰਤ ਪਰਤਾ ਮਾਰਦੀ ਹੈ ਤੇ ਆਖਦੀ ਹੈ: 'ਪਿਆਰੇ ਦੇ ਚੋਜ ਹਨ, ਉਸ ਦੀ ਆਪਣੀ ਰਜ਼ਾ ਹੈ। ਉਸ ਨੂੰ ਕੌਣ ਦੁਖ ਦੇ ਸਕਦਾ ਹੈ ? ਏਹ ਸਾਡੇ ਦੁਖ ਹਨ ਜੋ ਉਨ੍ਹਾਂ ਨੇ ਮਾਰਨੇ ਹਨ, ਉਨ੍ਹਾਂ ਦਾ ਜੰਗ ਸਾਡੇ ਦੁਖਾਂ ਨਾਲ ਹੈ। ਸ੍ਰਿਸ਼ਟੀ ਦਾ ਭਾਰ ਹਰ ਰਹੇ ਹਨ, ਸਾਡੇ ਸਹੇੜੇ ਆਪਣੇ ਤੇ ਲੈਕੇ ਮੁਕਾ ਰਹੇ ਹਨ। ਮਾਲਕ ਹਨ, ਪਾਲਕ ਹਨ, ਚੋਜੀ ਹਨ। ਹਾਂ ਉਨ੍ਹਾਂ ਨੂੰ ਦੁਖ ਕਿਉਂ ਹੈ ? ਉਹਨਾਂ ਦੀ ਤਾਂ ਦੁਖ ਦਰਦ ਤੇ ਫਤਹ ਹੈ, ਉਹ ਤਾਂ ਅਕਾਲ ਦੇ ਆਪਣੇ ਹਨ।'

ਐਉਂ ਅਭਿਆਸੀ 'ਨਾਮ-ਅਭਿਆਸੀ ਮਨ' ਵੈਰਾਗ, ਪ੍ਰੇਮ ਤੇ ਟਿਕਾਉ ਵਿਚ ਘੁੰਮਦਾ ਰਹਿੰਦਾ ਸੀ ਕਿ ਇਹ ਖਬਰਾਂ ਕੰਨੀ ਪਈਆਂ—ਮੁਕਤਸਰ ਫੇਰ ਜੰਗ ਹੋਇਆ ਹੈ, ਖਾਲਸੇ ਨੇ ਤੁਰਕ ਮਾਰ ਭਜਾਏ ਹਨ। ਬਿਜੈਮਾਨ ਸਤਿਗੁਰ ਮਾਲਵੇ ਤੋਂ ਨਿੱਘ-ਮਾਲਵੇ ਆ ਬਿਰਾਜੇ ਹਨ, ਤਲਵੰਡੀ ਸਾਬੋ ਕੀ ਜੋਤ ਆ ਜਗੀ ਹੈ, ਦਮਦਮਾ ਰਚ ਲਿਆ ਨੇ, ਮੰਗਤਾਂ ਆ ਮਿਲੀਆਂ ਹਨ, ਉਸ 'ਹਰਖ ਸੋਗ ਬੈਰਾਗ ਅਨੰਦੀ ਖੇਲਰੀ ਦਿਖਾਇਓ' ਵਾਲੇ ਦਾਤਾ ਨੇ ਅਨੰਦਪੁਰ ਵਰਗਾ ਸਮਾਗਮ ਰਚ ਦਿੱਤਾ ਹੈ। ਉਹੋ ਦੀਵਾਨ ਤੇ ਕੀਰਤਨ ਹਨ, ਉਹੋ ਇਲਾਹੀ ਦਰਸ਼ਨ, ਉਹੋ ਅੰਮ੍ਰਿਤ ਦੇ ਪ੍ਰਵਾਹ ਜਾਰੀ ਹਨ ਤੇ ਉਹੋ ਹੰਸ-ਰੰਗ ਪ੍ਰੇਮੀਆਂ ਦੇ ਝੁੰਡ ਉਮਡ ਉਮਡ ਆ ਰਹੇ ਹਨ। ਇਸ ਤਰ੍ਹਾਂ ਦੀਆਂ ਗੱਲਾਂ ਸੁਣਕੇ ਦੇਸਾਂ ਦਾ ਜੀਉ ਦਰਸ਼ਨਾਂ ਨੂੰ ਤੜਫਦਾ ਹੈ, ਪਰ ਅਜੇ ਪੈਰ ਨਹੀਂ ਟਰਦੇ। ਹੁਣ ਕਿਸੇ ਮਾਈ ਨੇ ਪੱਕੀਆਂ ਸੋਆਂ ਦਾਤੇ ਦੇ ਸੁਖੀ ਚੋਜਾਂ ਦੀਆਂ ਆ ਦੱਸੀਆਂ ਹਨ, ਤਦੋ ਹੀ ਇਸ ਤਰ੍ਹਾਂ ਪਿਆਰ ਵਿਚ ਅਰਦਾਸਾਂ ਕਰ ਰਹੀ ਹੈ ਤੇ ਦਰਸ਼ਨ ਦਾਤ ਮੰਗ ਰਹੀ ਹੈ।

ਅਧੀ ਰਾਤ ਬੀਤ ਜਾਣ ਮਗਰੋਂ ਦੇਸਾਂ ਸੁੱਤੀ ਸੀ, ਸੋ ਤ੍ਰੈਪਹਿਰਾ ਝੱਟ ਬੀਤ ਗਿਆ। ਅੱਜ ਤ੍ਰੈਪਹਿਰੇ ਤੇ ਜਾਗ ਨਹੀਂ ਖੁੱਲ੍ਹੀ, ਜਾਂ ਕੁੱਕੜ ਬੋਲੇ ਤਾਂ ਅੱਭੜ ਵਾਹੀ ਉੱਠੀ:—

'ਇਉ ਕਿਉ ਕੰਤ ਪਿਆਰੀ ਹੋਵਾ ॥
ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥'

ਗਾਉਂਦੀ ਹਾਹੁਕਾ ਭਰਦੀ ਉੱਠੀ 'ਹਾਇ ! ਮੇਰਾ ਰਸ ਸੁਆਦ ਕਿਥੇ ਗਿਆ ? ਨੀਂਦ ਖਾ ਗਈ ?' ਨੀਂਦ ਵੈਰਨ ਬੀ ਤੇ ਨੀਂਦ ਸੁਖਦਾਈ ਬੀ ਹੈ। ਨੀਂਦ ਥਕਾਨ ਦੂਰ ਕਰਕੇ ਸੁਰਤ ਨੂੰ ਸੁਖੀ ਕਰਦੀ ਹੈ, ਪਰ ਕਦੇ ਉਚੇ ਸੁਖ ਦੇ ਘਰ ਵਿਚ ਗਈ ਹੋਈ ਸੁਰਤ ਨੂੰ ਹੇਠਾਂ ਬੀ ਲੈ ਆਉਂਦੀ ਹੈ। ਹੱਡਾ ਮਿੱਟੀ ਦੀ ਦੇਹ ਹੈ, ਨੀਂਦ ਭੁੱਖ ਦੋ ਇਸ ਦੀਆਂ ਲੋੜਾਂ ਹਨ। ਹੇ ਆਤਮਾ ! ਜਿੰਨਾਂ ਚਿਰ ਤੇਰਾ ਸਾਥ ਇਸ ਮਿੱਟੀ ਦੀ ਮੜੋਲੀ ਨਾਲ ਹੈ, ਇਸ ਦੇ ਗੁਣ ਤੇ ਸੁਭਾ ਵਰਤਣੇ ਹੋਏ। ਸ਼ੋਕ ਨਾ ਕਰ, ਤਕੜਾ ਹੋ, ਮਾਰ ਹੰਭਲਾ !' ਐਉਂ ਆਪੇ ਨਾਲ ਗੱਲਾਂ ਕਰਦੀ ਦੇਸਾਂ ਉੱਠੀ, ਉੱਠਕੇ ਆਪ ਨੂੰ ਸੁਚੇਤ ਕੀਤਾ ਤੇ 'ਭਲਕੇ ਉਠਿ ਹਰਿ ਨਾਮੁ ਧਿਆਵੈ' ਦੇ ਰੰਗ ਵਿਚ ਜੁੜ ਬੈਠੀ, ਪਰ ਅੱਜ ਜੁੜਿਆ ਜਾਏ ਨਾ ਜ ਨੀਂਦ ਜ਼ੋਰ ਕਰੇ। ਸੋ

ਦੇਸਾਂ ਉਠ ਖੜੀ ਹੋਈ ਤੇ ਮਿੱਠੀ ਮਿੱਠੀ ਸੁਰ ਵਿਚ ਟਹਿਲ ਕੇ ਜਪੁਜੀ ਸਾਹਿਬ ਦਾ ਪਾਠ ਕਰਨ ਲਗ ਪਈ। ਜਿਸ ਵੇਲੇ 'ਆਦੇਸ ਤਿਸੈ ਆਦੇਸੁ' ਤੇ ਆਈ ਤਾਂ ਮਨ ਰੁਝ ਗਿਆ, ਸਾਈਂ ਚਰਨਾਂ ਦੇ ਢੈ ਪਿਆ, ਵਿਆਪਕ ਵਾਹਿਗੁਰੂ ਦੇ ਚਰਨਾਂ ਕਮਲਾਂ ਦੀ ਛਹ ਦਾ ਮਾਨੋਂ ਝਲਕਾ ਵੱਜਾ। ਲੂੰ ਲੂੰ ਠਰ ਗਿਆ। ਦੇ ਭੋਗ ਜਪੁਜੀ ਸਾਹਿਬ ਦੇ ਅੰਉਂ ਪਾਏ। ਹੁਣ ਰੋ ਬੱਝ ਗਿਆ, ਦੇਸਾਂ ਫੇਰ ਬੈਠ ਗਈ, ਜੁੜ ਗਈ ਤੇ ਮਨ ਸਾਈਂ ਦੀ ਯਾਦ ਵਿਚ ਸੁਖੀ ਹੋ ਕੇ ਲੱਗ ਪਿਆ।

ਦਿਨ ਹੋ ਆਇਆ, ਹੁਨਾਲੇ ਦੇ ਸੂਰਜ ਨੇ ਨਿਕਲਦ ਹੀ ਤਿੱਖੇ ਤੀਰ ਛੱਡੇ। ਦੇਸਾਂ ਹੁਣ ਗੁਰਬਾਣੀ ਬੋਲਦੀ ਅਪਣੇ ਕੰਮ ਕਾਜ ਵਲ ਖਿਆਲ ਕਰਨ ਹੀ ਲੱਗੀ ਸੀ ਕਿ 'ਅਤੀਸੋ' ਸਹੇਲੀ ਆ ਗਈ। ਇਹ ਵੀ ਕੋਈ ਇਸ ਭੁੱਲ ਵਾਲੇ ਜਗਤ ਵਿਚ ਰੱਬ ਦੀ ਦੇਂਦੀ ਸੀ। ਇਸ ਨੇ ਆ ਨਵੇਂ ਹਾਲ ਸੁਣਾਏ। ਸੱਚੇ ਪਾਤਸ਼ਾਹ ਦੇ ਦਮਦਮੇ ਦੇ ਦੋਜਾਂ ਦੇ ਹਾਲ ਦੱਸੇ, ਪਰ ਨਾਲ ਇਕ ਮਾੜੀ ਗੱਲ ਦੱਸੀ ਕਿ ਤੁਹਾਡੇ ਘਰਾਣੇ ਦਾ ਵੱਡਾ ਦਿਆਲਾ ਅੱਡਾ ਵੱਡਾ ਆਦਮੀ ਹੋ ਕੇ ਸਤਿਗੁਰੂ ਦੇ ਦਰੋਂ ਉਦਾਸੀਆਂ ਲੈ ਆਇਆ ਹੈ। ਜਿਸ ਦਰੋਂ ਪਹਿਲੇ ਸਤਿਗੁਰਾਂ ਤੋਂ ਅਸੀਸਾਂ ਵਰ ਤੇ ਬਖਸ਼ਿਸ਼ ਮੰਜੀ ਮਿਲੀ ਸੀ, ਉਸ ਦਰੋਂ ਦਸਵੇਂ ਜਾਮੇ ਹੁਕਮ ਅਦੁਲੀ ਕਰ ਕੇ ਲੋਕ ਪ੍ਰਲੋਕ ਵਿਗਾੜ ਆਇਆ ਹੈ। ਓਹ ਦੀ ਵਿਥਿਆ ਇਹ ਹੈ:—

''ਦਿਆਲਾ ਜਦ ਸੱਚੇ ਪਾਤਸ਼ਾਹ ਜੀ ਨੂੰ ਮਿਲਿਆ ਹੈ ਤਾਂ ਉਹਨਾਂ ਕਿਹਾ—'ਗੁਰੂ ਕਿਆ ! ਤੁਸਾਂ ਤੇ ਗੁਰੂ ਸਾਹਿਬਾਂ ਜੀ ਦੀ ਅਤਿ ਮਿਹਰ ਹੋਈ ਹੈ, ਤੁਸੀਂ ਭਾਈ ਭਗਤੂ ਦੀ ਵੰਸ਼ ਹੋ, ਡਾਢੇ ਪਿਆਰੇ ਹੋ, ਹੁਣ ਸਿੰਘ ਸਜ ਜਾਓ, ਅੰਮ੍ਰਿਤ ਛਕੋ ਤੇ ਖਾਲਸਾ ਹੋ ਕੇ ਸੇਵਾ ਕਰੋ'। ਦਿਆਲੇ ਨੇ ਕਿਹਾ—'ਜੀ ! ਉਮਰ ਵਡੇਰੀ ਹੈ, ਸਿੱਖੀ ਤੁਸਾਂ ਤੇ ਆਪ ਦੇ ਵਡਿਆਂ ਬਖਸ਼ ਰਖੀ ਹੈ'। ਸਤਿਗੁਰਾਂ ਕਿਹਾ—'ਸਿੱਖੀ ਹੀ ਖਾਲਸਾ ਹੈ, ਖਾਲਸਾ ਹੀ ਸਿੱਖੀ ਹੈ। ਰੰਗ ਉਹੋ ਹੈ ਵੰਨ ਨਵਾਂ ਹੈ, ਰੰਗੇ ਜਾਓ'। ਪਰ ਦਿਆਲੇ ਨੇ ਨਾ ਮੰਨਿਆਂ ਤਾਂ ਬਖਸ਼ਿੰਦ ਜੀ ਨੇ ਕਿਹਾ:—'ਲਓ ਤੁਸਾਂ ਤੋਂ ਅਸੀਂ ਕੁਛ ਮੰਗਦੇ ਨਹੀਂ, ਦੇਂਦੇ ਹਾਂ, ਇਹ ਬਖਸ਼ਿਸ਼ ਹੈ ਲੈ ਲਓ। ਜੇ ਹੁਣ ਪ੍ਰੇਮ ਨਾਲ ਮਿਲਦੀ ਨਹੀਂ ਲੈਂਦੇ ਹੋ, ਤੇ ਮੇਰੇ ਆਪਣੇ ਹੱਥੋਂ ਨਹੀਂ ਲੈਂਦੇ ਹੋ ਤਾਂ ਸਮਾਂ ਅਜਿਹਾ ਆ ਰਿਹਾ ਹੈ ਕਿ ਤੁਸੀਂ ਤਰਲੇ ਕਰ ਕੇ ਸਿੱਖਾਂ ਦੇ ਦਰਾਂ ਤੇ ਰੁਲ ਰੁਲ ਕੇ ਇਹ ਦਾਤ —ਅੰਮ੍ਰਿਤ—ਮੰਗੋਗੇ'। ਇਹ ਕਹਿ ਕੇ ਮਾਲਿਕ ਜੀ ਚੁੱਪ ਹੋ ਰਹੇ ਤੇ ਦਿਆਲਾ ਗਮਾਂ ਨਾਲ ਭਰਿਆ ਹੋ ਟੁਰ ਆਇਆ ਹੈ।''

ਆਹ ! ਅਜ ਦਿਨ ਆਇਆ, ਪਹਿਲਾ ਦਿਨ ਆਇਆ ਕਿ ਬੀਬੀ ਦਸਾਂ ਨੂੰ ਪਤੀ ਦਾ ਵਿਯੋਗ 'ਭਾਣਾ' ਨਹੀਂ, ਪਰ 'ਕਹਿਰ' ਹੋ ਭਾਸਿਆ। ਸੋਚਦੀ ਹੈ ਕਿ ਜੇ ਪਤੀ ਜੀ ਅੱਜ ਜੀਉਂਦੇ ਹੁੰਦੇ, ਮੈਂ ਹੁਣੇ ਉਹਨਾਂ ਸਮੇਤ ਚਰਨਾਂ ਤੇ ਡਿੱਗਦੀ ਤੇ ਆਖਦੀ 'ਦਾਤਿਆ ! ਸਿੱਖੀ ਵੀ ਤੂੰ ਬਖਸ਼ੀ ਤੇ ਖਾਲਸਾ ਵੀ ਤੂੰ ਬਖਸ਼ਣਾ ਹੈ, ਨਾਮ ਅੰਮ੍ਰਿਤ ਦਾ ਦਾਤਾ ਤੂੰਹੀ ਹੈਂ, ਚਰਨਾਂ ਵਿਚ ਇਨਾ ਕੇ ਦੇਹ ਤੇਰੀ ਰਜ਼ਾ, ਖੰਡੇ ਦਾ ਅੰਮ੍ਰਿਤ ਸਾਜ ਕੇ ਨਾਮ ਅੰਮ੍ਰਿਤ ਦੇਹ ਤੇਰੀ ਰਜ਼ਾ। ਤੂੰ ਦਾਤਾ ਅਸੀਂ ਲੈਣ ਹਾਰ, ਦੇਹ ਦਾਤਾ ! ਭਰ ਸਾਡੇ ਝੋਲੇ !' ਪਰ ਹਾਇ ! ਕੀਹ ਕਰਾਂ ? ਕਿਸ ਦਿਆ ਖੰਭਾਂ ਤੇ ਉੱਡਾਂ ? ਜੇ ਸਿਰ ਦੇ ਸਾਈਂ, ਹਾਇ! ਇਕ ਨਿਸ਼ਾਨੀ ਛੱਡ ਜਾਂਦੇ—ਦੁਖ ਦਾ ਜਾਇਆ ਇੱਕ ਪੁੱਤ ਵੀ ਹੁੰਦਾ—ਮੈਂ ਉਡਦੀ ਤੇ ਜਾ ਚਰਨਾਂ ਤੇ ਲਾਲ ਦਾ ਸੀਸ ਧਰ ਕੇ ਆਖਦੀ, ਹੇ ਪ੍ਰਾਣ ਦਾਤੇ ! ਤੁਸਾਂ ਖੰਡੇ ਦਾ ਅੰਮ੍ਰਿਤ ਦੇਣ ਦਾ ਹੁਕਮ ਕੀਤਾ ਹੈ, ਲਓ ਇਹ ਹਾਜ਼ਰ ਹੈ; ਅੰਮ੍ਰਿਤ ਛਕਾਓ, ਚਰਨੀ ਲਾਓ ਤੇ ਜੇ ਲੋੜ ਹੈ ਤਾਂ ਓਸੇ ਰਾਹੇ ਟੋਰ ਦਿਓ ਜਿਸ ਰਾਹੇ ਅਪਣੇ ਹੱਥੀਂ ਟੋਰੇ ਜੇ ਅਜੀਤ ਸਿੰਘ ਤੇ ਜੁਝਾਰ ਸਿੰਘ। ਇਹ ਜੀਵਨ ਖੇਲ ਹੈ, ਤੇਰੇ ਹੱਥਾਂ ਦੀ ਖੇਲ ਹੈ। ਅਸੀਂ ਕੌਣ ਹਾਂ ਤੇ ਸਾਡਾ ਕੀ ਹੈ ? 'ਜੋ ਕੁਛ ਹੈ ਸੋ ਤੇਰਾ'। ਤੂੰ ਨਾਮ ਦੇਕੇ ਸਾਨੂੰ ਜਿਵਾ ਦਿੱਤਾ ਹੈ, ਤੇਰੇ ਨਾਮ ਦਾਨ ਨੇ ਆਤਮ ਲਖਾ ਦਿੱਤਾ ਹੈ। ਹੁਣ ਦੇਹ ਸਾਡੀ ਸਾਨੂੰ ਛਿੱਲਣ ਦੀਹਦੀ ਹੈ। ਹੇ ਪਾਤਸ਼ਾਹ ! ਜੇ ਛਿੱਲੜਾਂ ਨੂੰ ਕਿਸੇ ਅਰਥ ਲਾਕੇ ਤੁਸੀਂ ਰੀਝਦੇ ਹੋ ਤਦ ਸਾਨੂੰ ਇਸ ਤੋਂ ਵੱਧ ਕੀ ਖੁਸ਼ੀ ਹੈ ?.....ਪਰ ਆਹ ! ਮੈਂ ਕਿਥੇ ਹਾਂ ? ਮੈਂ ਤਾਂ ਅੰਉਂ ਗੱਲਾਂ ਕਰ ਰਹੀ ਹਾਂ ਕਿ ਮਾਨੋਂ ਸੱਚੀ ਮੁਚੀ ਪੁੱਤ ਵਾਲੀ ਹਾਂ, ਸੱਚੀ ਮੁੱਚੀ ਸੁਹਣੇ ਹੀਰੇ ਮ੍ਰਿਗ ਵਰਗੇ ਗੱਭਰੂ ਪੁੱਤ ਨੂੰ ਸਤਿਗੁਰਾਂ ਦੇ ਚਰਨਾਂ ਤੇ ਪਾਈ ਅਰਦਾਸ ਕਰ ਰਹੀ ਹਾਂ।.....ਲਓ ਮਹਾ-

ਰਾਜ ! ਜੇ ਸਾਡੇ ਮੱਠ ਨੇ ਭੁੱਲ ਕੀਤੀ ਹੈ ਤਾਂ ਭਾਈ ਭਗਤੂ ਦੇ ਨਾਮ ਵੱਟਾ ਨਾ ਲੱਗੇ, ਇਹ ਉਸੇ ਆਪਦੇ ਪਿਆਰੇ ਭਗਤੂ ਦੀ ਅੰਸ਼ ਹੈ, ਉਸੇ ਦਾ ਲਹੂ ਹੈ। ਪਾਤਸ਼ਾਹ ! ਇਸ ਦਾ ਸਿਰ ਹਾਜ਼ਰ ਹੈ, ਨਿਮਾਣੀ ਭੇਟ ਕਬੂਲੋ।"ਮੈਂ ਕਮਲੀ ਹੋ ਗਈ, ਕਿਵੇਂ ਮਾਨੋਂ ਸੱਚੀ ਮੁਚੀ ਮੈਂ ਪੁਤ ਪਈ ਭੇਟ ਕਰਦੀ ਹਾਂ। ਹੇ ਸ਼ਹਿਨਸ਼ਾਹ ! ਪੁੱਤ ਹੋਇਆ ਹੀ ਨਾ ਤੇ ਮੈਂ ਵੇਟ ਕੀ ਕਰਾਂ, ਐਵੇਂ ਅਭਿਲਾਖ।"ਚੰਗਾ ਮਨਾਂ ! ਅਜ ਤੂੰ ਵੀ ਦੁਖੀ ਕੀਤਾ, ਦੁਖੀ ਹੋਕੇ ਦੱਬ ਦੇ ਬਖਸ਼ੇ ਨਾਮ ਵਰਗੇ ਲਾਲ ਦੀ ਖਿਡਾਵੀ ਮਾਂ ਹੋਕੇ ਤੂੰ ਮਾਸ ਦੇ ਪੁਤਾਂ ਦਾ ਦੁਖ ਕੀਤਾ। ਛੱਡ ਦੇਹ ਖਿਆਲ"""। ਹਾਂ, ਕੀ ਕਰਾਂ ? ਇਹ ਗੱਲ ਖਾਂਦੀ ਹੈ ਕਿ ਭਾਈ ਭਗਤੂ ਦੀ ਅੰਸ਼ ਆਪਣੇ ਮਾਲਕ ਦੇ ਹੁਕਮ ਤੋਂ ਸਿਰ ਫੇਰ ਆਈ ਹੈ।"ਪਰ ਸਭ ਭਾਣਾ ਹੈ ਤੇ ਦੁਖ ਕਰਨਾ ਮੂਰਖਤਾ ਹੈ ! ਇਹ ਤਨ ਹਾਜ਼ਰ ਹੈ, ਚੱਲਾਂ ਤੇ ਆਖਾਂ, ਪਾਤਸ਼ਾਹ ! ਮੈਂ ਵੀ ਭਾਈ ਭਗਤੂ ਦੇ ਘਰਾਣੇ ਦੀ ਟਹਿਲ ਵਾਲੀ ਹਾਂ, ਮੈਨੂੰ ਅੰਮ੍ਰਿਤ ਛਕਾਓ ! ਜੇ ਲੋੜ ਸਮਝੋ ਤਾਂ ਸਰੀਰ ਕਿਸੇ ਜੁੱਧ ਜੰਗ ਜਾਂ ਕਿਸੇ ਸੇਵਾ ਵਿਚ ਸ਼ਹੀਦ ਕਰਾਕੇ ਸਫਲਾ ਕਰ ਲਓ। ਜੇ ਮਰਦ ਮੂੰਹ ਮੋੜ ਆਇਆ ਹੈ ਤਾਂ ਤ੍ਰੀਮਤ ਤੇ ਭਾਈ ਭਗਤੂ ਦੀ ਸਿਹਰ ਹੈ, ਇਹ ਹਾਜ਼ਰ ਹੈ।"""""ਏਹ ਵਾਸ਼ਨਾਂ ਹਨ। ਹਾਂ,ਵਾਸ਼ਨਾਂ, ਪਰ ਦੁਹਣੀਆਂ ਵਾਸ਼ਨਾਂ ਹਨ ! ਪਜਾਰੇ ਦੇ ਚਰਨਾਂ ਕਮਲਾਂ ਤੋਂ ਸਦਕੇ ਕਰ ਦੇਣ ਵਾਲੀਆਂ ਵਾਸ਼ਨਾਂ ਉਠੀਆਂ ਹਨ। ਹੇ ਮਨ ! ਤਕੜਾ ਰੋ, ਸਾਡੇ ਅਸੀਂ ਸੇਵਕ ਹਾਂ ਤੇ ਹੁਕਮੀ ਬੰਦੇ ਹਾਂ। ਤੇਨੂੰ ਹੁਕਮ ਨਾਮ ਸਿਮਰਨ ਦਾ ਹੈ, ਤੂੰ ਆਪਣਾ ਹੁਕਮ ਬਜਾ ਲਿਆ, ਐਸਾ ਨਾ ਹੋਵ ਕਿ 'ਹੋਰਨਾਂ ਨੂੰ ਮਿਲੇ ਹੁਕਮਾਂ' ਦੀਆਂ ਰੀਸਾਂ ਕਰਕੇ ਤੂੰ ਹਾਦੁਕਿਆ ਵਿਚ ਜਾ ਪਵੇਂ ਤੇ ਨੰ ਹੁਕਮ ਤੈਨੂੰ ਹੈ ਉਸਦੀ ਕਮਾਈ ਵਿਚ ਕਸਰ ਪੈ ਜਾਏ। ਤੈਨੂੰ ਹੁਕਮ ਸੀ 'ਦਮ ਬਦਮ ਵਾਹਿਗੁਰੂ ਜੀ ਦਾ ਸਿਮਰਨ ਕਰ' ਤੇਰਾ ਦਮ ਖਾਲੀ ਨਾ ਜਾਵੇ, ਤੈਥੋਂ ਮਾਲਕ ਨੇ ਇਹੋ ਸੇਵਾ ਮੰਗੀ ਹੈ। ਤੂੰ ਇਹੋ ਕਰ, ਗਾਫਲ ਨਾ ਹੋ। ਵੇਖ ਚੌਥੇ ਪਾਤਸ਼ਾਹ ਜੀ ਦੇ ਬੇਟੇ ਪ੍ਰਿਥੀਏ ਜੀ ਨੇ ਕਿੰਨੀ ਸੇਵਾ ਆਪਣੇਭਾਣੇ ਨਾਲ ਕੀਤੀ, ਪਰ ਥਾਂ ਕੋਈ ਨਾ ਪਈ ਤੇ ਛੋਟੇ ਬੇਟੇ ਗੁਰੂ ਅਰਜਨ ਦੇਵ ਜੀ ਨੇ ਪਿਤਾ ਗੁਰੂ ਜੀ ਦੇ ਹੁਕਮ ਵਿਚ ਸਾਈਂ ਦੀ ਯਾਦ ਤੇ ਧਿਆਨ ਮਗਨਤਾ ਦੀ 'ਹਰਿ-ਸੇਵਾ*' ਦੀ ਘਾਲ ਘਾਲੀ। ਉਹ ਥਾਂ ਪਈ। ਗੁਰੂ ਜੀ ਹੋਰ ਸੇਵਾ ਵਲ ਗਏ ਹੀ ਨਹੀਂ, ਉਹ ਦੇਖੋ ! ਕਿੰਨੀ ਕਬੂਲ ਪਈ ? ਆਪ ਗੁਰੂ ਹੋਏ ! ਉਹ ਗੁਰੂ ਕੇ ਹੁਕਮ ਵਿਚ ਸੇਵਾ ਸੀ। ਤੂੰ ਵੀ ਆਪਣੇ ਭਾਣੇ ਦੀ ਸੇਵਾ ਨਾਂ ਕਰ, ਹਾਂ। ਮਨਾਂ ! ਹੁਕਮੀ ਬੰਦਾ ਹੋ ਤਾਂ ਸੁਖ ਪਾਏਂਗਾ। ਵੇਖ ! ਹਾਹੁਕਿਆਂ ਤੇ ਹਾਵਿਆਂ ਵਿਚ ਤੇਰਾ ਕਿੰਨਾਂ ਸਮਾਂ ਐਵੇਂ ਲੰਘ ਗਿਆ, ਕਿੰਨਾਂ ਕਾਲ ਸਿਮਰਨ ਤੋਂ ਵਿਛੁੜੀ ਰਹੀ ? ਤਕੜੀ ਹੋ ਤੇ ਸੰਭਾਲ ਆਪਣੀ ਕਾਰ।

੨.

ਸਾਹਿਬ ਸ੍ਰੀ ਗੁਰੂ ਹਰਿਦ ਸਿੰਘ ਜੀ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰਦੇ ਅਗੇ ਹੀ ਅਗੇ ਵਧਦੇ ਹੁਣ ਪੱਕੇ ਪਿੰਡ ਆਏ। ਏਥੇ ਡੇਰੇ ਲਾਏ ਅਜੇ ਤੱਕ ਨਿਸ਼ਾਨ ਬਾਕੀ ਹੈ। ਜਿਥੇ ਸ੍ਰੀ ਜੀ ਦੀ ਸਵਾਰੀ ਦਾ ਘੋੜਾ ਜੰਡ ਵੱਢ ਕੇ ਨਵੇਂ ਕਿੱਲੇ ਘੜ ਕੇ ਬਧਾ ਸੀ, ਓਥੇ ਹੀ ਓਹੋ ਕਿੱਲਾ ਮਗਰੋਂ ਫੁਟ ਪਿਆ ਤੇ ਜੰਡ ਦਾ ਰੁੱਖ ਬਣ ਗਿਆ ਜੋ ਹੁਣ ਤੱਕ ਹੈ। ਸੰਗਤਾਂ ਦੇ ਵਹੀਰ ਦੀਨੇ ਤੋਂ ਸ਼ੁਰੂ ਹੋਏ ਸਨ ਤੇ ਹਰ ਕਿਆਮ ਤੇ ਉਤਾਰੇ ਦੇ ਥਾਂ ਦਰਸ਼ਨ ਕਰਨ ਪਹੁੰਚਦੇ ਸੇ, ਇਥੇ ਬੀ ਪਹੁੰਚੇ। ਤੀਸਰੇ ਦਿਨ ਦੇਜੀ ਮਹਾਰਾਜ ਨੇ ਅਗੇ ਕੂਚ ਕੀਤਾ। ਹੁਣ ਆਏ ਤਲਵੰਡੀ—'ਸਾਬੋ ਕੀ ਤਲਵੰਡੀ'। ਇਥੋਂ ਦਾ ਸਿਰਕਰਦਾ ਸੀ ਡੱਲਾ। ਡੱਲਾ ਇਕ ਭੱਟੀ ਦਾ ਰਾਜਾ ਸੀ, ਰਾਜਾ ਤਾਂ ਨਹੀਂ ਪਰ ਰਾਜਿਓਂ ਘੱਟ ਨਹੀਂ। ਤਲਵੰਡੀ ਦੇ ਸਾਰੇ ਵਾਸੀ ਇਸ ਦਾ ਹੁਕਮ ਮੰਨਦੇ ਸੇ, ਸਾਰੇ ਨੰਗਰ ਵਾਸੀ ਜੋਧੇ ਭੀ ਸੇ ਤੇ ਮੀਂਹ ਪਏ ਤੇ ਕ੍ਰਿਸਾਨ ਭੀ ਸੇ। ਏਤੀ ਬਾੜੀ ਦਾ ਕੰਮ ਕਾਜ ਕਰਦੇ, ਡੱਲੇ ਦੇ ਹੁਕਮ ਤੇ ਸਾਰੇ ਸ਼ਸਤ੍ਰਧਾਰੀ ਦੋ ਮੰਗ੍ਰਮ ਨੂੰ ਉਠ ਟੁਰਦੇ, ਆਲੇ ਦੁਆਲੇ ਦੇ ਗਿਰਾਵਾਂ ਦੇ ਲੋਕੀਂ ਬੀ ਡੱਲੇ ਦੇ ਹੁਕਮ ਵਿਚ ਸਨ। ਤਲਵੰਡੀ ਵਿਚ ਡੱਲੇ ਦਾ ਕਿਲਾ ਭੀ ਛੋਟਾ ਜਿਹਾ ਸੀ, ਠਾਠ ਬਾਠ ਭੀ ਜੰਗਲ ਦੇ ਅਮੀਰਾਂ ਵਰਗਾ ਸੀ ਤੇ ਆਪ ਉਹ ਸਿਪਾਹੀ ਤੇ ਜਥੇਦਾਰ ਭੀ ਪੂਰਾ ਸੀ, ਪਿਤਾ ਪਿਤਾਮਾ ਤੋਂ ਗੁਰੂ ਘਰ ਦਾ ਸਿੱਖ ਸੀ।

ਜਦ ਗੁਰੂ ਜੀ ਆਉਂਦੇ ਸੁਣੇ ਤੇ ਪਤਾ ਲੱਗਾ

*ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ ॥ ੨ ॥ [ਬਿਲਾ: ਮ: ੫

ਕਿ ਤਲਵੰਡੀ ਵੱਲ ਮੁਹਾੜਾਂ ਮੁੜ ਰਹੀਆਂ ਹਨ, ਤਦ ਡੱਲੇ ਨੇ ਅੱਗੋਂ ਹੀ ਆਦਰ ਭਾਉ ਦੇ ਸਾਮਾਨ ਕੀਤੇ, ਪੱਕੇ ਪਿੰਡ ਭੀ ਆਦਰ ਸਤਿਕਾਰ, ਲੰਗਰ, ਸੇਵਾ ਡੱਲੇ ਦੇ ਹੀ ਹੁਕਮ ਦੇਠ ਇਸ ਦੇ ਭਾਈਬੰਦਾਂ ਨੇ ਕੀਤੀ। ਡੱਲੇ ਦੇ ਗੋਤ੍ਰੀ ਤੇ ਸਜਨ ਰਸਤੇ ਵਿਚ ਹਰ ਥਾਵੇਂ ਸਤਿਗੁਰਾਂ ਦਾ ਆਦਰ ਕਰਦੇ ਰਹੇ। ਅਖੀਰ ਵਹੀਰ ਪਾ ਸਤਿਗੁਰ ਤਲਵੰਡੀ ਅੱਪੜੇ। ਅਜੇ ਨਗਰੋਂ ਬਾਹਰ ਹੀ ਸਨ ਕਿ ਚਾਰ ਸੌ ਸੂਰਮਿਆਂ ਨੂੰ ਨਾਲ ਲੈ ਕੇ ਡੱਲਾ ਅੱਗੋਂ ਆ ਮਿਲਿਆ ਤੇ ਚਰਨਾਂ ਤੇ ਸੀਸ ਧਰ ਕੇ ਕ੍ਰਿਤ ਕ੍ਰਿਤ ਹੋਇਆ। ਇਕ ਘੋੜਾ ਤੇ ਸੌ ਰੁਪੱਯਾ ਭੇਟ ਕੀਤੀ ਤੇ ਰਕਾਬ ਦੇ ਨਾਲ ਪੈਦਲ ਹੋ ਟੁਰਿਆ। ਜਾਂ ਪਿੰਡ ਨੇੜੇ ਆਇਆ ਤਾਂ ਇਕ ਥਾਉਂ ਗੁਰੂ ਜੀ ਅਟਕ ਗਏ ਤੇ ਛੇਤੀ ਨਾਲ ਘੋੜੇ ਤੋਂ ਉਤਰਕੇ ਖੜੇ ਹੋ ਗਏ। ਬੋਲੇ—"ਡੱਲਿਆ! ਡੇਰਾ ਇਥੇ ਹੀ ਕਰਾਂਗੇ, ਤੇਰੀ ਨਗਾਰੀ ਅੰਦਰ ਫੇਰ ਚੱਲਾਂਗੇ"।

ਡੱਲੇ ਨੇ ਸੀਸ ਨਿਵਾਇਆ। ਦੇਖਦੇ ਹੀ ਦੇਖਦੇ ਉਥੇ ਤੰਬੂ ਲੱਗ ਗਏ। ਇਹ ਥਾਉਂ ਸੀ, ਜਿਥੇ ਕਦ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਦਿਨ ਜੋਤ ਜਗਾ ਕੇ ਜੰਗਲ ਵਿਚ ਮੰਗਲ ਲਾ ਗਏ ਸੇ। ਨੇੜੇ ਹੀ ਕੋਈ ਪੁਰਾਤਨ ਵਰਮੀ ਸੀ ਜੋ ਦੇਖੀ ਉੱਚੀ ਸੀ, ਉਸੇ ਨੂੰ ਪੱਧਰਿਆਂ ਕਰਾਕੇ ਸਤਿਗੁਰਾਂ ਖੁਸ਼ ਹੋਕੇ ਆਖਿਆ—"ਇਹ ਅਨੰਦਪੁਰ ਦਾ ਦਮਦਮਾ ਹੈ", ਇਸ ਉਤੇ ਸ਼ਾਮਿਆਨਾਂ ਲੁਆ ਕੇ ਬੈਠੇ ਤੇ ਕਮਰ-ਕਸਾ ਖੁਹਲਿਆ। ਤਦ ਤੋਂ ਇਸ ਅਸਥਾਨ ਦਾ ਨਾਉਂ 'ਦਮਦਮਾ ਸਾਹਿਬ' ਪ੍ਰਸਿੱਧ ਹੋਇਆ।

ਪੰਜ ਚਾਰ ਦਿਨ ਡੇਰਾ ਇਸੇ ਤਰ੍ਹਾਂ ਰਿਹਾ, ਪ੍ਰਸ਼ਾਦ ਲੰਗਰ ਰਸਦ ਸਭ ਡੱਲੇ ਦੇ ਕਿਲੇ ਤੋਂ ਆਵੇ। ਦੋਨੋਂ ਵੇਲੇ ਦੀਵਾਨ ਸਜੇ। ਡੱਲੇ ਨੇ ਇਕ ਦਿਨ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਜੋ ਬੈਰਾੜ ਤਨਖਾਹਦਾਰ ਸਿਪਾਹੀ ਆਪ ਦੇ ਨਾਲ ਹਨ, ਇਨ੍ਹਾਂ ਨੂੰ ਆਪ ਹੁਣ ਵਿਦਾ ਕਰ ਦਿਓ ਕਿਉਂਕਿ ਪ੍ਰੇਮ ਦੀ ਸੇਵਾ ਵਾਲੇ ਆਪ ਦੇ ਨਾਲ ਬਹੁਤੇ ਹਨ ਤੇ ਹੁਣ ਲੋੜ ਭੀ ਕੋਈ ਨਹੀਂ। ਹੁਣ ਆਪ ਆਪਣੇ ਘਰ ਵਿਚ ਆ ਗਏ ਹੋ ਤੇ ਏਥੇ ਹੀ ਹੁਣ ਆਰਾਮ ਕਰੋ ਤੇ ਨੌਤਾਂ ਜਗਾਓ। ਸ੍ਰੀ ਗੁਰੂ ਜੀ ਨੇ ਸਾਰੇ ਦਲ ਨੂੰ ਜੋ ਤਨਖਾਹਦਾਰ ਸੀ, ਪ੍ਰਸ਼ਾਦ ਛਕਾਇਆ ਤੇ ਤਲਬਾਂ ਚੁਕਾਕੇ ਵਿਦਾ ਕੀਤਾ। ਇਕ ਦਲ ਤਾਂ ਪਹਿਲਾ ਟੁਰ ਚੁਕਾ ਸੀ ਜੋ ਬੇਦਾਵਾ ਤਕ ਅੱਪੜਿਆ ਸੀ, ਇਹ ਦੂਸਰਾ ਸੀ, ਜੋ ਬੇਮੁਖ ਨਹੀਂ ਹੋਇਆ, ਬਾਕੀ ਜੋ ਪੇਮ ਵਾਲੇ ਸੇ, ਸੋ ਨਾਲ ਰਹੇ। ਇਥੇ ਹੁਣ ਉਹੋ ਅਨੰਦਪੁਰ ਵਾਲਾ ਮੌਜ ਸਾਮਾਨ, ਖਾਲਸਈ ਪ੍ਰਚਾਰ ਅਰੰਭ ਹੋ ਗਿਆ। ਦੇਸ਼ ਜੰਗਲ ਦਾ ਸੀ ਰੋਤੇ ਵਾਲਾ, ਵਸੋਂ ਵਿਰਲੀ, ਲੋਕ ਸਿੱਧੇ, ਮੂਲੋਂ ਹੀ ਸਿੱਧੇ ਸਾਦੇ, ਪਾਤਸ਼ਾਹੀ ਸੈਨਾਂ ਪਾਣੀਆਂ ਦੀ ਬੁਤ ਖੁਣੋਂ ਕੋਈ ਲੰਮੀ ਮੁਹਿੰਮ ਏਥੇ ਪਹੁੰਚਾ ਨਹੀਂ ਸਕਦੀ ਸੀ।

ਇਕ ਦਿਨ ਕੀਰਤਨ ਸਗਰੋਂ ਦੀਵਾਨ ਵਿਚ ਸਾਹਿਬ ਜੀ ਕੁਛ ਬਚਨ ਬਿਲਾਸ ਕਰ ਰਹੇ ਸੇ ਕਿ ਡੱਲੇ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਰ ਅਨੰਦਪੁਰ ਦੇ ਸਾਕੇ ਪਰ ਬੜੀ ਹਮਦਰਦੀ ਪ੍ਰਗਟ ਕਰਦਿਆਂ ਆਖਿਆ ਕਿ "ਮਹਾਰਾਜ ਜੀ! ਮੇਰੀ ਕੌਮ ਦੇ, ਮੇਰੇ ਦਲ ਵਾਲੇ ਭਾਈਬੰਦ, ਜੰਗਲ ਦੇ ਵਾਸੀ ਬੜੇ ਰਾਠ ਹਨ। ਕਦੇ ਸੱਚੇ ਪਾਤਸ਼ਾਹ ਏਸ ਜੰਗ ਵਿਚ ਮੈਨੂੰ ਯਾਦ ਕਰਦੇ, ਤਾਂ ਇਹ ਦਾਸ ਭੀ ਜੰਗ ਵਿਚ ਆ ਰਲਦੇ। ਸ੍ਰੀ ਜੀ ਦੇ ਸੂਰਮਿਆਂ ਨੇ ਤੁਰਕਾਂ ਦੇ ਚੰਗੇ ਦੰਦ ਖੱਟੇ ਕੀਤੇ, ਪਰ ਜੇ ਵਿਚ ਮੇਰਾ ਦਲ ਵੀ ਹੁੰਦਾ ਤਾਂ ਆਪ ਦੀ ਰਜ਼ਾ ਵਿਚ ਤੁਰਕਾਂ ਨੂੰ ਦਲ ਹੀ ਸਿੱਟਦੇ"। ਤਦੋਂ ਆਪ ਮੁਸਕ੍ਰਾਏ ਤੇ ਬੋਲੇ—"ਡੱਲਿਆ! ਤੇਰੀ ਬਿਰਾਦਰੀ ਸਿੱਖ ਤਾਂ ਹੈ, ਪਰ ਬਾਣੀ ਨਾਮ ਵਿਚ ਢਿੱਲੀ ਹੈ ਤੇ ਖਾਲਸਾ ਨਹੀਂ ਸਜੀ"। ਡੱਲੇ ਆਖਿਆ—"ਪਾਤਸ਼ਾਹ! ਤੇਰੇਚਰਨਾਂ ਦੀ ਸਾਰੇ ਧੂੜ ਹਨ, ਪਰ ਬਹਾਦਰੀ ਤਾਂ ਡੋਲਿਆਂ ਦੀ ਸ਼ੈ ਹੈ ਤੇ ਡੋਲੇ ਇਨ੍ਹਾਂ ਦੇ ਬੜੇ ਤਕੜੇ ਹਨ, ਇਹ ਚਰੂਰ ਸੌ ਸੌ ਤੇ ਇਕ ਇਕ ਭਾਰੂ ਹੁੰਦਾ। ਕਈ ਵੇਰ ਇਨ੍ਹਾਂ ਨੂੰ ਮਾਮਲੇ ਪਏ ਹਨ, ਇਹ ਸ਼ਹਿਰਾਂ ਤੇ ਵੱਸਦੇ ਪਿੰਡਾਂ ਦੇ ਸਿਪਾਹੀਆਂ ਤੇ ਡਾਢੇ ਭਾਰੂ ਪੈਂਦੇ ਹਨ"। ਸਤਿਗੁਰਾਂ ਕਿਹਾ "ਡੱਲਿਆ! ਜੋ ਬੀਤ ਗਿਆ ਸਮਾਂ ਸੋ ਬੀਤ ਗਿਆ, ਜੋ ਹਕਮ ਸੀ ਵਰਤ ਗਿਆ, ਅਗੋਂ ਦਾ ਸੰਭਾਲਾ ਰੱਖੋ। ਹੁਣ ਤੁਸੀਂ ਜੀਉ ਉਠੋ, ਸਾਰੇ ਮਨ ਤੇ ਸਰੀਰ ਕਰਕੇ ਮੁਰਦਾਪਨ ਛਾ ਰਿਹਾ ਹੈ, ਇਸ ਨੂੰ ਕੱਢੋ"।

ਡੱਲੇ ਕਿਹਾ—ਸੱਤ ਹੈ, ਮਹਾਰਾਜ ਜੀ! ਪਰ ਅਰ-ਮਾਨ ਜੀ ਵਿਚ ਰਹਿ ਗਿਆ ਕਿ ਅਸੀਂ ਐਥੇ ਏਠੇ

ਰਹੇ ਐਡੇ ਅੱਡੇ ਕੱਦਾਵਰ ਜੁਵਾਨ ਦੇਵਾਂ ਨੂੰ ਪਰੇ ਸੱਟ ਦੇਣ ਵਾਲੇ, ਤੇ ਸਾਡੇ ਪਿਆਰੇ ਸਾਹਿਬਜ਼ਾਦੇ ਲਵੇ ਬੱਚੇ ਸਨਮੁਖ ਜੂਝਦੇ ਤੀਰਾਂ ਅਗੇ ਛਾਨਣੀ ਹੁੰਦੇ ਰਹੇ, ਧਿੱਗ ਹੈ ਸਾਡੇ ਜੀਉਣ ਦੇ।

ਸਤਿਗੁਰ ਫੇਰ ਮੁਸਕ੍ਰਾਏ ਤੇ ਬੋਲੇ—ਭੱਲਿਆ! ਉਹ ਬੀਤ ਗਈ ਤੇ ਬੀਤ ਗਈ। ਉਹ ਬੱਚੇ ਸ਼ੇਰ ਬੱਚੇ ਸਨ, ਜੀਉਂਦ ਸਨ, ਉਹ ਕੋਮਲ ਸ਼ਰੀਰਕ ਰਾਸ਼ਿਆਂ, ਗਿਲਜ਼ਿਆਂ ਤੇ ਮੁਗਲਾਂ ਦੇ ਆਹੂ ਲਾਹੁੰਦੇ ਗਏ ਹਨ। ਲੜਨਾਂ ਜਾਂ ਜਿੱਤਣਾਂ ਮਨੋਰਥ ਨਹੀਂ, ਮਨੋਰਥ ਤਾਂ ਪਰਜਾ ਦਾ ਸੁਖ ਹੈ:—ਆਤਮ ਸੁਖ, ਮਾਨਸਿਕ ਸੁਖ, ਸ਼ਰੀਰਕ ਸੁਖ। ਦੁੱਖ ਆ ਪਏ ਤੇ, ਮੁਰਦਿਹਾਨ ਛਾ ਗਿਆਂ ਤੇ ਸ਼ਰੀਰ, ਕੌਮ ਤੇ ਸ੍ਰਿਸ਼ਟੀ ਤੋਂ ਕਿਸੇ ਉੱਚੇ ਖਿਆਲ ਨਾਲ ਮੁੜਕੇ ਜੀਉਂਦੀਆਂ ਹਨ ਅਤੇ ਉੱਚੇ ਆਦਰਸ਼ ਤੇ ਨਜ਼ਰ ਟਿਕਾਕੇ ਉੱਚੀਆਂ ਹੁੰਦੀਆਂ ਹਨ। ਜੀਵ ਦੀ ਅੰਦਰੋਂ ਰੂਹ 'ਸਾਂਈ ਚਰਨੀਂ' ਜਾ ਠਹਿਕੇ ਤਾਂ ਜੀਵਨ ਰੁਮਕਾ ਆਉਂਦਾ ਹੈ। ਸੋ ਇਹੋ ਕੁਛ ਅਨੰਦਪੁਰ ਹੋਇਆ, ਇਹੋ ਕੁਛ ਖਾਲਸਾ ਹੈ, ਇਹੋ ਮਨੋਰਥ, ਇਹੋ ਜਿੱਤ ਹੈ। ਹਾਰ ਜਿੱਤ, ਬਾਹੂਬਲ ਤੇ ਬਾਹੁਨਾਬਲ, ਏਹ ਗਲਾਂ ਹੇਠਾਂ ਦੀਆਂ ਹਨ।

ਭੱਲੇ ਕਿਹਾ,—ਸੱਤ ਹੈ, ਸੱਚੇ ਪਾਤਸ਼ਾਹ! ਪਰ ਅਰਮਾਨ ਡਾਢਾ ਰਹਿ ਗਿਆ। ਮੇਰੇ ਐਡੇ ਐਡੇ ਜੁਵਾਨਾਂ ਦੇ ਹੁੰਦਿਆਂ ਮੇਰੇ ਸਿਰਾਂ ਦੇ ਸ਼ਾਹਜ਼ਾਦੇ ਮਾਰੇ ਗਏ। ਤੱਕੋ ਨਾ ਮਹਾਰਾਜ! ਮੇਰੇ ਬੀਰ ਕੇਡੇ ਦੇਉ ਕੱਦ ਹਨ?

ਸਤਿਗੁਰਾਂ ਤੱਕਿਆ, ਹੱਸੇ ਤੇ ਬੋਲੇ "ਭੱਲਿਆ! ਅਜੇ ਇਹ ਜੀਵੇ ਨਹੀਂ"।

ਇਹ ਗੱਲ ਕਰ ਹੀ ਰਹੇ ਸਨ ਕਿ ਲਾਹੌਰ ਦਾ ਇਕ ਸਿੱਖ ਕਾਰੀਗਰ ਆਇਆ, ਅੱਗੇ ਵਧਕੇ ਚਰਨਾਂ ਤੇ ਢੱਠਾ ਤੇ ਇਕ ਸੁਬਕ ਜੇਹੀ ਡਾਢੀ ਸੁਹਣੀ ਤੁਪਕ (ਬੰਦੂਕ) ਅਗੇ ਧਰਕੇ ਬੋਲਿਆ:—

'ਪਾਤਸ਼ਾਹ! ਨਿਮਾਣੀ ਭੇਟ ਹੈ'। ਸ੍ਰੀ ਗੁਰੂ ਜੀ ਨੇ ਚਾਈ ਤੇ ਪਰਖੀ। ਬੜੇ ਖੁਸ਼ ਹੋਏ ਆਖਣ ਲਗੇ: "ਇਹ ਨਵੀਂ ਕਾਢ ਹੈ, ਵਧੇਰੀ ਦੂਰ ਮਾਰ ਕਰਨ ਵਾਲੀ ਹੈ।" (ਭੱਲੇ ਵੱਲ ਤੱਕ ਕੇ ਬੋਲੇ):—

ਭੱਲਿਆ! ਸੱਜਣਾਂ! ਦੇ ਇਕ ਆਦਮੀ ਆਪਣੀ ਕੌਮ ਦੇ ਲੈ ਆਓ, ਆਪਸ ਵਿਚ ਪੰਜਾਹ ਪੰਜਾਹ ਕਦਮ ਦੀ ਵਿੱਥ ਤੇ ਦੱਖਣ ਪਾਸੇ ਵੱਲ ਔਸ ਰੁੱਖ ਤੋਂ ਪਰੇ ਖੜੇ ਕਰ ਦਿਓ, ਅਸੀਂ ਇਹ ਬੰਦੂਕ ਚਲਾਕੇ ਨਿਸ਼ਾਨਾ ਫੁੰਡਾਂਗੇ ਤੇ ਦੇਖਾਂਗੇ ਕਿ ਏਸ ਮਿੱਥ ਦੀ ਕਾਰੀਗਰੀ ਕਿੱਥੋਂ ਕੁ ਤੱਕ ਅੱਪੜੀ ਹੈ?" ਇਹ ਕਹਿਕੇ ਆਪ ਤਾਂ ਬੰਦੂਕ ਨੂੰ ਖੇਲ੍ਹਣ ਮੀਟਣ ਪਰਖਣ ਦੇ ਢੌਂਗਾਂ ਵਿਚ ਮਾਨੋ ਰੁੱਝ ਗਏ ਤੇ ਭੱਲੇ ਨੇ ਅਪਣੇ ਦਲ ਵੱਲ ਤੱਕਿਆ: ਆਧੇ ਕੁ ਆਦਮੀ ਤਾਂ ਤੱਕਣ ਤੋਂ ਪਹਿਲਾਂ ਖਿਸਕੰਤ ਹੋ ਗਏ ਸਨ। ਭੱਲੇ ਨੇ ਓਹਨਾਂ ਦੇਵ ਕੱਦ ਭਰਾਵਾਂ ਤੇ ਹੁਕਮੀ ਬੰਦਿਆਂ ਦੀਆਂ ਪਿੱਠਾਂ ਹੀ ਵੇਖੀਆਂ, ਬਾਕੀ ਸਿਰ ਨੀਵਾਂ ਪਾਈ ਸੋਚ ਰਹੇ ਸਨ। ਭੱਲਾ ਆਪ ਬੀ ਵਹਿਮੀਂ ਪੈ ਗਿਆ ਸੀ ਕਿ ਬੰਦੂਕ ਪਰਖਣ ਲਈ ਦੋ ਜੁਵਾਨ ਘਾਤ ਕਰ ਦੇਣੇ ਗੁਰੂ ਜੀ ਨੇ ਇਹ ਕੀ ਸੋਚੀ ਹੈ? ਅਕਾਰਥ ਜਾਨ ਕੌਣ ਦੇਵੇ? ਪਰ ਅਜੇ ਭੱਲੇ ਨੇ ਆਪਣੇ ਦਲ ਨੂੰ ਵੰਗਾਰਿਆ ਨਹੀਂ ਸੀ ਕਿ ਕੁਛ ਹੋਰ ਖਿਸਕ ਪਏ। ਹੁਣ ਭੱਲੇ ਨੇ ਬੜਾ ਹੀਆ ਕਰਕੇ ਤੇ ਆਪਣੀ ਅਬਰੋ ਦਾ ਧਿਆਨ ਕਰਕੇ ਲਲਕਾਰ ਕੇ ਅਵਾਜ਼ ਦਿੱਤੀ ਪਰ ਪਲੋ ਪਲੀ ਵਿਚ ਭੱਲਾ ਹੀ ਭੱਲਾ ਰਹਿ ਗਿਆ। ਤੈ ਸੋ ਜੁਆਨਾਂ ਨੇ, ਜਿਨ੍ਹਾਂ ਦੀ ਡੀਲ ਵੇਖਕੇ ਪਠਾਣ ਕੰਬ ਜਾਣ, ਆਪਣੀਆਂ ਛਬੀਲੀਆਂ ਦੇਹਾਂ ਲੈਕੇ ਤਲਵੰਡੀ ਵਿਚ ਆਕੇ ਮਿੱਟੀਦੀਆਂ ਕੰਧਾਂ ਦੇ ਅੰਦਰ ਖੁੱਲਾ ਸਾਹ ਲੀਤਾ, ਜਿੱਥੇ ਕਿ ਬੰਦੂਕ ਚੱਲੇ ਬੀ ਤਾਂ ਕੰਨਾਂ ਦੇ ਪਰਦੇ ਉਤੇ ਅਵਾਜ਼ ਦੀ ਸੱਟ ਦੇ ਸਿਵਾ ਹੋਰ ਕੋਈ ਮਾਰ ਨਾਂ ਕਰ ਸਕੇ। ਗੁਰੂ ਜੀ ਉਧਰ ਜਾਣਕੇ ਬੰਦੂਕ ਨਾਲ ਖੇਲਾਂ ਕਰਦੇ ਹੁਣ ਉਸ ਨੂੰ ਠੋਕ, ਭਰ ਪਲੀਤਾ ਸੁਲਗਾ, ਤਿਆਰ ਹੋ ਗਏ। ਭੱਲਾ ਨੀਵੀਂ ਗਿੱਚੀ ਪਾਈ ਬੈਠਾ ਹੈ, ਸਰੀਰ ਉਹੋ, ਕੱਦ ਉਹੋ ਭੱਲਾ ਉਹੋ, ਪਰ ਚਿਹਰੇ ਤੇ ਪਿਲੱਤਣ ਹੈ, ਇਕੱਲਾ ਹੈ ਤੇ ਸੋਚੀਂ ਗ਼ਰਕ ਹੈ। ਹੁਣ ਸੱਚੇ ਹੁਲਾਸੀ ਪਾਤਸ਼ਾਹ—ਘਰ ਬਾਰ, ਕਿਲੇ ਕੋਟ, ਪਾਤਸ਼ਾਹੀ ਅਮੀਰੀ, ਪੁੱਤ੍ਰ, ਪਿਆਰੇ, ਸਰਬੰਸ ਉਜਾੜ ਕੇ ਦਿਲਗੀਰ ਨਾਂ ਹੋਣ ਵਾਲੇ ਖਾਲਸਾ ਸਤਿਗੁਰੂ ਜੀ—ਹੱਸੇ ਤੇ ਇਕ ਸਿਖ ਨੂੰ ਬੋਲੇ: "ਖਾਲਸਾ ਜੀਉ! ਡੇਰੇ ਵਿਚ ਔਹ ਦੋ ਸਿੱਖ ਜੋ ਦੀਹਦੇ ਹਨ, ਓਹਨਾਂ ਨੂੰ ਹੁਕਮ ਸੁਣਾ ਦਿਓ ਕਿ 'ਇਕ ਸਿੱਖ ਬੰਦੂਕ ਦਾ ਨਿਸ਼ਾਨਾ ਪਰਖਣ ਵਾਸਤੇ ਲੋੜੀਏ, ਛੇਤੀ ਆਓ, ਜੋ ਤੋੜਾ ਬੁਝ ਨਾਂ ਜਾਏ', ਕਿਸੇ ਦਾ ਨਾਮ ਨਹੀਂ ਲੈਣਾ!"

"ਇਕ ਸਿੱਖ ਗੁਰੂ ਜੀ ਮੰਗਦੇ ਹਨ ਜੋ ਜਾਨ ਦੇਣ ਵਾਸਤੇ ਆਵੇ, ਕੰਮ ਕੇਵਲ ਬੰਦੂਕ ਪਰਖਣੀ ਹੈ।" ਇਹ ਹੁਕਮ ਜਦ ਗੁਰੂ ਕੇ ਡੇਰੇ ਵਿਚ ਪਹੁੰਚਾ, ਤਦ ਉਨ੍ਹਾਂ ਦੋਨਾਂ ਸਿੰਘਾਂ ਨੇ ਸੁਣਿਆਂ, ਦੋਵੇਂ ਪਗਾਂ ਬੰਨ੍ਹ ਰਹੇ ਸਨ, ਸੁਣਦੇ ਸਾਰ ਦੋਵੇਂ ਉਠ ਦੌੜੇ, ਇਕ ਨੇ ਅੱਧੀ ਪਗ ਬੱਧੀ ਹੱਥ ਵਿਚ ਫੜੀ ਸੀ, ਦੂਏ ਨੇ ਅਜੇ ਸ਼ੁਰੂ ਕੀਤੀ ਸੀ! ਗੁਰੂ ਕੇ ਹਜ਼ੂਰ ਅੱਪੜੇ ਤਾਂ ਇਕ ਨੇ ਕਿਹਾ:—"ਮਹਾਰਾਜ! ਮੇਰਾ ਹੱਕ ਹੈ", ਦੂਜਾ ਕਹੇ "ਮੇਰਾ"। ਗੁਰੂ ਜੀ ਮੱਥੇ ਤੇ ਰਤਾ ਕੁ ਵੱਟ ਪਾ ਕੇ ਬੋਲੇ—"ਕਿਉਂ ਝਗੜਦੇ ਆ ਰਹੇ ਹੋ? ਅਸਾਂ ਇਕ ਬੁਲਾਇਆ ਸੀ, ਦੋ ਕਿਉਂ ਆ ਗਏ ਹੋ?" ਇਕ ਨੇ ਹੱਥ ਜੋੜਕੇ ਕਿਹਾ:—"ਪਾਤਸ਼ਾਹ! ਸਿੰਘ ਨੇ ਨਾਮ ਨਹੀਂ ਲੀਤਾ, ਇਸ ਕਰਕੇ ਦੋਏ ਆ ਗਏ ਹਾਂ ਤੇ ਮੈਂ ਕਹਿੰਦਾ ਹਾਂ ਮੇਰਾ ਹੱਕ ਹੈ, ਕਿਉਂਕਿ ਪਹਿਲਾਂ ਮੈਂ ਸੁਣਿਆਂ ਹੈ!" ਦੂਜੇ ਨੇ ਕਿਹਾ—"ਪਾਤਸ਼ਾਹ! ਇਹ ਮੇਰਾ ਵੀਰ ਮੇਰੇ ਨਾਲੋਂ ਵਧੀਕ ਉੱਦਮੀ, ਭਜਨ ਵਾਲਾ ਤੇ ਸੂਰਮਾਂ ਹੈ, ਮੈਂ ਚਾਹੰਦਾ ਹਾਂ ਕਿ ਇਸ ਵੇਲੇ ਮੈਂ ਹਜ਼ੂਰ ਦੇ ਕੰਮ ਆਵਾਂ ਤੇ ਇਹ ਚੰਗਾ ਵੀਰ ਫੇਰ ਕਿਸੇ ਹੋਰ ਉਖੇਰੇ ਵੇਲੇ ਸ੍ਰੀ ਜੀ ਦੇ ਚਰਨਾਂ ਤੋਂ ਬਲਿਹਾਰ ਹੋਵੇ।"

ਇਹ ਸੁਣਕੇ ਭੱਲੇ ਦੇ ਕੰਨਾਂ ਵਿਚ ਸਰਲ ਸਰਲ ਹੋਈ ਤੇ ਸਰੀਰ ਵਿਚ ਝਰਨਾਟ ਆਈ, ਨੈਣ ਉੱਠੇ ਪਰ ਦਰਸ਼ਨ ਝੱਲ ਨਾ ਸਕੇ, ਹਾਂ, ਦੇਵ-ਕੱਦ ਜੋਧੇ ਦੇ ਨੈਣ ਝੁੱਪ ਝੁੱਪ ਕਿਰ ਪਏ। ਬਾਹਰ ਦੀ ਸੰਗਤ ਤੇ ਗੁਰਾਂ ਦੇ ਨਾਲ ਦੇ ਸਿੰਘ ਜੋ ਸਭਾ ਵਿਚ ਸਨ, ਸਾਰੇ ਡਾਢੇ ਪਿਆਰ ਦੇ ਰੰਗ ਵਿਚ ਗਦਗਦ ਕੰਠ ਹੋ ਗਏ! ਭੱਲੇ ਦਾ ਪੀਲਾ ਰੰਗ ਹੁਣ ਚਿੱਟਾ ਸੁਫੈਦ ਹੋ ਗਿਆ, ਸੋਚੇ: ਇਹ ਆਦਮੀ ਹਨ ਕਿ ਬਿਦੇਹ ਰੂਹਾਂ ਹਨ? ਇਹ ਸੂਰਮੇ ਹਨ ਕਿ ਬੀਤਰਾਗ ਜੋਗੀ ਹਨ? ਨਿਕੰਮੀ ਇਕ ਖੇਲ ਵਾਸਤੇ ਜਾਨ ਦੇਣ ਨੂੰ ਤਿਆਰ ਹਨ ਤੇ ਕਿਸ ਉਤਸ਼ਾਹ ਵਿਚ ਹਨ, ਕਿਸ ਪਿਆਰ ਵਿਚ ਹਨ ਤੇ ਇਕ ਦੂਸਰੇ ਤੇ ਵਾਧਾ ਕਿਸ ਪ੍ਰੇਮ ਤੇ ਤਿਆਗ ਵਿਚ ਮਾਰਦੇ ਹਨ*। ਕਈ ਰੰਗ ਖਿਆਲ-ਮੰਡਲ ਵਿਚੋਂ ਅਸਮਝ ਲੰਘਣ ਤੇ ਰੰਗ ਬਦਲਦਾ ਜਾਵੇ। ਕਦੇ ਚਿੱਟਾ ਕਦੇ ਕੱਚਾ ਸਾਵਾ, ਕਦੇ ਪੀਲਾ, ਕਦੇ ਮਿੱਟੀ ਰੰਗਾ, ਛੇਕੜ ਰੰਗ ਨੇ ਪਲਟਾ ਖਾਧਾ ਜਦੋਂ ਸਤਿਗੁਰੂ ਜੀ ਬੋਲੇ—"ਭੱਲਿਆ! ਉਦਾਸ ਨਾ ਹੋ। ਮੁਰਦਾ ਮੁਰਦਾ ਹੈ ਕਿਤਨਾ ਲੰਮਾ ਤੇ ਵੱਡਾ ਹੋਵੇ, ਮੁਰਦਾ ਮੁਰਦਾ ਹੈ ਚਾਹੇ ਕਿਤਨਾ ਵਿਦਵਾਨ ਹੋਵੇ, ਮੁਰਦਾ ਮੁਰਦਾ ਹੈ ਚਾਹੇ ਕਿਤਨਾ ਧਨ ਪਾੜ੍ਹ ਹੋਵੇ। ਮਨੁੱਖ ਮੁਰਦਾ ਹੈ, ਕੌਮ ਮੁਰਦਾ ਹੈ, ਦੇਸ਼ ਮੁਰਦਾ ਹੈ, ਜਿਨ੍ਹਾਂ ਵਿਚ ਜੀਵਨ ਰੌ ਟੁਮਕਦੀ ਨਹੀਂ, ਜੋ ਇੱਛਤ, ਅਬਰੇ, ਝੁੱਲ, ਅਨਖ, ਸਭ ਕੁਝ ਦੂਆ ਚੁਕੇ ਹਨ। ਤਕੜਾ ਹੋ, ਅੰਮ੍ਰਤ ਛਕ ਤੇ ਨਾਮ ਅੰਮ੍ਰਤ ਅਠ ਪਹਿਰ ਅੰਦਰ ਵਸਾਉ, ਤੂੰ ਮਨ ਤੇ ਆਤਮਾ ਕਰਕੇ ਜੀਵੇਂਗਾ। ਅਸਾਂ ਨਿਸ਼ਾਨਾਂ ਫੁੰਡਣ ਬਦਲੇ ਆਦਮੀ ਮਾਰ ਨਹੀਂ ਦੇਣੇ, ਏਨੂੰ ਖਾਲਸਾ ਦਾ ਆਦਰਸ਼ ਸਮਝਾਉਣਾ ਹੈ।

"ਜਿਤਨੇ ਆਦਮੀ ਜਗਤ ਵਿਚ ਦੇਖਦਾ ਹੈਂ ਇਹ ਸਾਰੇ ਬੁਤ ਤਾਂ ਆਦਮੀ ਦੇ ਹਨ, ਪਰ ਇਨ੍ਹਾਂ ਕਲਬੂਤਾਂ ਦੇ ਅੰਦਰ ਜਿੰਦ ਆਦਮੀ ਦੀ ਹੈ ਕਿ ਜਾਨਵਰ ਦੀ ਹੈ? ਇਹ ਰੱਲ ਪਰਖਣ ਵਾਲੀ ਹੈ। ਜਿਸ ਆਦਮੀ ਦੇ ਅੰਦਰ ਲਗਾਤਾਰ ਲਗਨ ਅਕਾਲ ਪੁਰਖ ਦੇ ਚਰਨਾਂ ਦੀ ਨਹੀਂ, ਜਿਸ ਦੇ ਅੰਦਰ ਭਗਤੀ ਦਾ ਭਾਉ ਨਹੀਂ, ਜਿਸ ਦੇ ਅੰਦਰ ਆਪਣੇ ਕਰਤਾ, ਆਪਣੇ ਕਾਰਨ ਵਾਹਿਗੁਰੂ ਦੇ ਮਿਲਾਉ ਦੀ ਚਾਹਨਾ ਨਹੀਂ ਹੈ, ਉਸ ਦੇ ਅੰਦਰ ਮਨੁੱਖਾ ਵਾਲੀ ਜਾਨ ਨਹੀਂ ਹੈ, ਨਾ ਉਸ ਦੇ ਵਿਚ ਅਸਲੀ ਬਲ ਹੈ ਅਤੇ ਨਾਂ ਅਸਲੀ ਖਸਲਤ। ਫਿਰ ਜਿਸ ਨੇ ਜੀਵਨ ਮਨੋਰਥ ਨਹੀਂ ਸਮਝਿਆ, ਉਹ ਉਸ ਆਦਰਸ਼ ਤੇ ਨਹੀਂ ਆਇਆ ਜਿਸ ਨਾਲ ਕਿ ਆਦਮੀ ਉਹ ਕੁਛ ਬਣ ਸਕੇ ਜੋ ਆਦਮੀ ਦਾ ਰਚਣਹਾਰ ਚਾਹੁੰਦਾ ਹੈ ਕਿ ਆਦਮੀ ਬਣੇ।

"ਭੱਲਿਆ! ਉਦਾਸ ਨਾ ਹੋ, ਤੇਰੇ ਆਦਮੀ ਬਹਾਦਰ ਹਨ, ਪਰ ਜਦ ਉਨ੍ਹਾਂ ਦੇ 'ਹੰਕਾਰ' ਤੋਂ ਵਛੇਰਾ ਦੁੱਖ ਉਨ੍ਹਾਂ ਉੱਤੇ ਝੁੱਲ ਪਏਗਾ ਤਾਂ ਉਹਨਾਂ ਦੀ ਬਹਾਦਰੀ ਉਥੇ ਲੰਮੀ ਪੈ ਜਾਵੇਗੀ, ਪਰ ਜੇ ਉਨ੍ਹਾਂ ਦੀ ਬਹਾਦਰੀ ਆਤਮਿਕ 'ਚੜ੍ਹਦੀਆਂ ਕਲਾਂ' ਵਿਚ ਹੈ ਤਦ ਉਸ ਬਹਾਦਰੀ ਦੀ ਨੀਂਹ ਉੱਚੀ ਜਾ ਚੜ੍ਹੀ ਹੈ, ਤਦ ਤਨ ਜਾਏਗਾ, ਧਨ ਜਾਏਗਾ, ਧਾਮ ਜਾਏਗਾ, ਸਰਬੰਸ ਜਾਏਗਾ, ਪਰ ਉਨ੍ਹਾਂ ਦੀ ਸੂਰਬੀਰਤਾ ਨਹੀਂ ਜਾਏਗੀ।

*ਇਸ ਵੇਲੇ ਗੁਰਾਂ ਨੇ ਬੰਦੂਕ ਦਾ ਮੂੰਹ ਉਚੇਰਾ ਕਰਕੇ ਚਲਾ ਦਿਤੀ ਸੀ, ਜੋ ਨਿਸ਼ਾਨਾ ਕਿਸੇ ਨੂੰ ਨਾ ਲੱਗੇ।

"ਸਰੀਰ ਵਡਾ ਮਲੂਮ ਹੁੰਦਾ ਹੈ, ਪਰ ਵੱਡਾ ਮਨ ਹੈ। ਖਿਆਲ ਦਾ ਮੰਡਲ ਵੱਡਾ ਹੈ,ਦੁਖ ਸੁਖ ਖਿਆਲ ਵਿਚ ਵਸਦਾ ਹੈ। ਜਦ ਖਿਆਲ ਵਿਚੋਂ ਪੀੜ ਜਿੱਤ ਲਈਦੀ ਹੈ ਤਾਂ ਸੂਰਮਾਂ ਅੱਗੇ ਵਧਕੇ ਘਾਉ ਖਾਕੇ ਮਰਦਾ ਹੋਇਆ ਬੀ ਪੀੜ ਨਹੀਂ ਮੰਨਦਾ। ਸਤੀ (ਭਾਵੇਂ ਮਾੜਾ ਕੰਮ ਹੈ) ਚਿਖਾ ਚੜ੍ਹਦੀ ਪੀੜ ਦੀ ਪਰਵਾਹ ਨਹੀਂ ਕਰਦੀ।

"ਖਿਆਲ ਵਿਚੋਂ ਪੀੜ ਤੇ ਫਤਹ ਪਾਉਣ ਲਈ ਖਿਆਲ ਬਲਵਾਨ ਕਰਨਾ ਲੋੜੀਏ। 'ਖਿਆਲ' ਪੂਰਾ ਤੇ ਅਸਲੀ ਠੀਕੇ ਦਾ ਬਲਵਾਨ ਵਾਹਿਗੁਰੂ ਦੀ ਸਮੀਪਤਾ ਨਾਲ ਹੁੰਦਾ ਹੈ, ਵਾਹਿਗੁਰੂ ਦੀ ਸਮੀਪਤਾ ਉਸ ਦੀ ਬਾਣੀ ਤੇ ਨਾਮ ਦੇ ਅੱਭਯਾਸ ਨਾਲ ਹੁੰਦੀ ਹੈ, ਇਸ ਕਰਕੇ ਗੁਰੂ ਘਰ ਵਿਚ ਬਾਣੀ ਤੇ ਨਾਮ ਦਾ ਪਿਆਰ ਹੈ। ਤੁਸੀਂ ਸਿੱਖ ਹੋ, ਪਰ ਜੰਗਲਾਂ ਵਿਚ ਵੱਸਦੇ ਬਾਣੀ ਨਾਮ ਨਾਲ ਘੱਟ ਜੁੜੇ ਹੋ। ਬਾਣੀ ਵਾਹਿਗੁਰੂ ਦਾ ਤੀਰ ਹੈ ਤੇ ਨਾਮ ਵਾਹਿਗੁਰੂ ਦਾ ਰੂਪ ਹੈ। ਬਾਣੀ ਛੋਕ ਪਾਕੇ ਮਨ ਵਿੰਨ੍ਹਦੀ ਹੈ ਤੇ ਨਾਮ ਪ੍ਰਵੇਸ਼ ਕਰਕੇ ਆਤਮਾ ਨੂੰ ਪ੍ਰਮਾਤਮਾ ਦੇ ਨਾਲ ਠਹਿਕਾ ਦੇਂਦਾ ਹੈ। ਫੇਰ ਰੱਬੀ ਜੋਤ ਆਤਮਾ ਵਿਚ ਹਰ ਵੇਲੇ ਆਉਂਦੀ ਹੈ, ਫੇਰ ਇਸ ਬੰਦੇ ਦਾ ਬਲ ਵਾਹਿਗੁਰੂ ਦੇ ਬਲ ਨਾਲ ਜੁੜਕੇ ਉਥੋਂ ਤਾਕਤ ਲੈਂਦਾ ਹੈ, ਇਸ ਕਰਕੇ ਅਸੀਂ ਆਖਦੇ ਹਾਂ ਕਿ–

'ਵਾਹਿਗੁਰੂ ਜੀ ਕਾ ਖਾਲਸਾ'

ਖਾਲਸਾ ਵਾਹਿਗੁਰੂ ਜੀ ਦਾ ਹੈ। ਐਉਂ ਨਹੀਂ ਜਿਵੇਂ ਕਿਲਾ, ਤਲਵੰਡੀ, ਛੋਲੇ ਤੇ ਬਾਜਰਾ ਤੇਰੀ ਮਾਲਕੀ ਹੈ ਤੇ ਓਹ ਮੁਰਦਾ ਚੀਜ਼ਾਂ ਤੇਰੇ ਕਬਜ਼ੇ ਵਿਚ ਹਨ, ਪਰ ਜਿਵੇਂ ਕਿਰਨਾਂ ਸੂਰਜ ਦੀਆਂ ਹਨ, ਜਿਵੇਂ ਬੂਟੇ ਨਾਲ ਲੱਗਾ ਫਲ ਬੂਟੇ ਦਾ ਹੈ, ਜਿਵੇਂ ਚਸ਼ਮੇਂ ਦੀ ਆੜ ਨਾਲ ਲੱਗਾ ਸਰੋਵਰ ਚਸ਼ਮੇਂ ਦਾ ਹੈ, ਹਾਂ ਭੋਲਿਆ ! ਤਿਵੇਂ ਖਾਲਸਾ ਵਾਹਿਗੁਰੂ ਦਾ ਹੈ ਅਪਣਾ ਤੇ ਉਸ ਦੇ ਆਪੇ ਨਾਲ ਪ੍ਰੋਤਾ।

"ਹੁਣ ਸਮਝ ਭੋਲਿਆ ! ਜਦ ਬਾਣੀ ਨਾਲ ਸਾਡੇ ਮਨ ਦਾ ਪਰਦਾ ਜੋ ਸਾਨੂੰ ਪਸੂ ਤੇ ਜੀਵ ਬਣਾ ਰਿਹਾ ਹੈ, ਫੱਟਿਆ ਤੇ ਨਾਮ ਨੇ ਸਾਡੇ ਅੰਦਰਲੇ ਨੂੰ ਵਾਹਿਗੁਰੂ ਨਾਲ ਨੇੜ ਦਿੱਤਾ, ਤਦ ਆਪਾ ਰੱਬ ਦਾ ਹੋ ਗਿਆ। ਉਸ ਦੇ ਨਾਲ ਹਰਦਮ ਜੁੜ ਗਿਆ। ਹੁਣ ਸਾਡਾ ਆਪਾ ਵਾਹਿਗੁਰੂ ਤੋਂ ਪਾਲਨਾ ਲੈ ਰਿਹਾ ਹੈ, ਹਰਦਮ ਸਮਰੱਥਾ ਬਲ ਤੇ ਸਾਰੇ ਗੁਣਾਂ ਦਾ ਸਾਂਝੀਵਾਲ ਹੋ ਰਿਹਾ ਹੈ, ਦੱਸ ਇਹ ਆਪਾ ਜੀ ਉੱਠਿਆ ਕਿ ਨਾ ?"

ਭੋਲਾ–ਜੀ ਸੱਚੇ ਪਾਤਸ਼ਾਹ !

ਗੁਰੂ ਜੀ–ਹੁਣ ਸਮਝ: ਸਰੀਰ ਦੀ ਮੌਤ–ਇਸ ਜੀਉ ਤੇ ਆਪੇ ਨੂੰ ਸਰੀਰ ਦੀ ਮੌਤ–ਕੀ ਸ਼ੈ ਰਹੀ ? ਕੁਛ ਬੀ ਨਾਂ ! ਮਰਨ ਦਾ ਭਰਮ ਬਿਲਾ ਗਿਆ, ਭਰਮ ਬਿਲਾ ਗਿਆ ਤਾਂ ਭੈ ਦੂਰ ਹੋ ਗਿਆ,ਜਿਸਦੇ ਅੰਦਰ ਵਾਹਿਗੁਰੂ ਜੀ ਜੋਤਿ ਨਾਲ ਸਨਬੰਧ ਹੋਕੇ ਹਰਦਮ ਭਾਸਦਾ ਹੈ ਕਿ ਆਹ ਮੈਂ ਮਿਲਿਆ ਪਿਆ ਹਾਂ, ਆਹ ਜੋਤ ਜਗ ਰਹੀ ਹੈ, ਉਹ ਆਪਣੇ ਜੀਵਨ ਨੂੰ ਕਦੇ ਨਾਂ ਮਰਨ ਵਾਲਾ ਵੇਖ ਰਿਹਾ ਹੈ। ਉਸ ਨੂੰ ਹੁਣ ਮੌਤ ਦਾ ਕੀ ਡਰ ਹੈ ? ਉਹ ਜਾਣਦਾ ਹੈ ਕਿ ਸਰੀਰ ਤਾਂ ਰਹਿਣਾ ਹੀ ਨਹੀਂ, ਇਸ ਨੇ ਮਰਨਾ ਹੀ ਹੈ; ਜੋ ਹਿੱਸਾ ਇਸ ਵਿਚ 'ਮੈਂ' ਦਾ ਸੀ ਸੋ ਹੁਣ ਜਾਗਦੀ ਜੋਤ ਨਾਲ ਲੱਗਕੇ ਜਾਗਤ ਹੋਇਆ ਹੈ ਤੇ ਜਗਮਗਾ ਰਿਹਾ ਹੈ*, ਤਦ ਉਹ ਮੌਤ ਤੋਂ ਕਿਉਂ ਡਰਦਾ ਹੈ ? ਮੌਤ ਦਾ ਡਰ ਫਤਹ ਹੋ ਗਿਆ। ਇਹ ਖਾਲਸਾ ਹੈ ਭਈ ! ਜਦੋਂ ਪੂਰਨ ਜੋਤ ਵਾਹਿਗੁਰੂ ਦੀ ਅੰਤਰ ਆਤਮੇ ਆਪਣੇ ਵਿਚ ਜਗ ਪਈ ਤਾਂ ਇਹ ਖਾਲਸਾ ਹੋ ਗਿਆ ਤੇ ਇਹ ਖਾਲਸਾ ਜੋਤ ਨਾਲ ਜੋ ਜਗਿਆ, ਵਾਹਿਗੁਰੂ ਦਾ ਹੋ ਗਿਆ। ਸੋ ਕਹੁ ਨਾ:–

ਵਾਹਿਗੁਰੂ ਜੀ ਕਾ ਖਾਲਸਾ।

ਉਹ ਵਾਹਿਗੁਰੂ ਸਦਾ ਹੈ ਤੇ ਇਹ ਨਾਲ ਰਲਕੇ ਸਦਾ ਹੋ ਗਿਆ†। ਜਦ ਇਹ ਜੋਤ ਜਗ ਪਈ,ਮੌਤ ਜਿੱਤੀ ਗਈ। ਭੋਲਿਆ ! ਲੈ ਹੋਰ ਤਰ੍ਹਾਂ ਸਮਝ:–

ਖੰਡਾ ਪ੍ਰਿਥਮੈਂ ਸਾਜ ਕੈ
ਜਿਨ ਸਭ ਸੰਸਾਰ ਉਪਾਇਆ।

ਸਾਈਂ ਨੇ ਪਹਿਲੇ ਖੰਡਾ ਸਾਜਿਆ। (ਖੰਡਾ= ਖੰਡਣ ਵਾਲਾ ਸ਼ਸਤ੍ਰ।) ਤਦੋਂ ਜਗਤ ਬਨਾਇਆ, ਜਦੋਂ ਪਹਿਲਾਂ ਜਗਤ ਨੂੰ ਭੰਨਣ ਦਾ ਸਾਮਾਨ ਕੀਤਾ। ਪਹਿਲਾਂ ਮੌਤ ਰਚੀ। ਸੋ ਖਾਲਸੇ ਨੂੰ ਸਮਝ ਆ ਗਈ ਕਿ ਸਰੀਰ ਦੀ ਮੌਤ ਬਰਹਕ ਹੈ ਫੇਰ ਖਾਲਸਾ ਸੋਚਦਾ

*'ਪੂਰਨ ਜੋਤ ਜਗੀ ਘਟ ਮੈਂ ਤਬ ਖਾਲਸਾ ਤਾਹਿ ਨਿਖਾਲਸ ਜਾਨੈ।' †'ਜਹਿ ਅਬਿਗਤੁ ਭਗਤ ਤਹ ਆਪਿ' ॥
ਪੁਨਾ–'ਬਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਬਿਰੁ ਹੋਸੀ'।

ਹੈ ਕਿ ਮੌਤ ਤਾਂ ਸਰੀਰ ਨੂੰ ਆਉਣੀ ਹੈ ਏ ਮੈਂ ਮਰਨਾ ਕੋਈ ਨਹੀਂ ਭਾਂ ਤੇ ਮੌਤ ਝੂਠੀ ਹੈ, ਮੇਰਾ ਮੌਤ ਦਾ ਕੋਈ ਸਨਬੰਧ ਨਹੀਂ, ਚੋਲਾ ਬਦਲਨਾ ਹੈ, ਕਿਵੇਂ ਬਦਲ ਗਿਆ। ਅਕਸਰ ਚੋਲਾ ਪੀੜ ਨਾਲ ਵਦਲਦਾ ਹੈ, ਸੋ ਜਦ ਆਪ ਜੋਤ ਸਰੂਪ ਵਿਚ ਰਮ ਰਿਹਾ ਹੈ, ਫਿਰ ਪੀੜਾ ਰੋਹ ਤੇ ਮੌਤ ਕੀ ? ਉਹ ਫਿਰ ਪੀੜਾ ਤੇ ਫਤਹ ਪਾ ਲੈਂਦਾ ਹੈ। ਐਉਂ ਉਹ ਸੂਰਬੀਰ ਮੌਤ ਤੇ ਪੀੜ ਤੋਂ ਅਭੈ ਹੋ ਜਾਂਦਾ ਹੈ।

ਭੱਲਾ—ਪਾਤਸ਼ਾਹ! ਅਸੀਂ ਜਾਂਗਲੀ ਲੋਕ ਹਾਂ ਤੇ ਆਪ ਮਿਹਰਾਂ ਕਰ ਰਹੇ ਹੋ, ਪਰ ਇਕ ਮੇਰਾ ਮੂਰਖ ਦਾ ਸੰਸਾ ਮੇਟਣਾਂ ! ਜਦ ਮੌਤ ਬਰਹੱਕ ਦਿੱਸੀ ਫੇਰ ਕਿਉਂ ਸੂਰਬੀਰਤਾ ਕਰੇਗਾ ? ਵੈਰਾਗ ਧਾਰਕੇ ਪਹਾੜਾਂ ਵਿਚ ਨਾ ਜਾ ਸਮਾਧੀ ਲਾਏਗਾ ? ਉਸਨੂੰ ਫਤਹ ਕਰਨ ਦਾ ਉਤਸਾਹ ਕਿ ਪਿਆਰ ਕਰਨ ਦਾ ਉਮਾਹ ਤੇ ਕੰਮ ਕਰਨ ਦਾ ਚਾਉ ਕਿਸ ਆਸਰੇ ਰਹੇਗਾ ? ਮਨ ਤੇ ਪੜਦਾ ਪਿਆ ਰਹੇ, ਜ਼ਿੰਦਗੀ ਅੰਦਰੋਂ ਲੈਣ ਨੂੰ, ਪਿਆਰ ਕਰਨ ਨੂੰ, ਹੱਸਣ ਖੇਡਣ ਨੂੰ ਉੱਮਲੀ ਰਹੇ ਤਾਂ ਹੀ ਤਾਂ ਸਾਰੇ ਕੰਮ ਹੋ ਸਕਦੇ ਹਨ। 'ਲੈਣ ਲੈਣ' ਦਾ ਚਾਉ ਹੀ ਤਾਂ ਮਨ ਨੂੰ ਕੰਮਾਂ ਵਿਚ ਲਈ ਫਿਰਦਾ ਹੈ, ਨਹੀਂ ਤਾਂ ਫੇਰ ਦਿਲ ਦਿਲਗੀਰ ਹੋਕੇ ਨਿੰਮੋਝਾਣ ਪਿਆ ਰਹੂ, ਜੀਉਂਣ ਦਾ ਕੀ ਸੁਆਦ ਤੇ ਕੰਮ ਕਕਨ ਦਾ ਕੀਹ ਲਾਭ ? ਜਾਂਗਲੀ ਆਦਮੀ ਹਾਂ, ਬਖਸ਼ ਲੈਣਾ, ਵਾਕ ਕੀਤੇ ਹਨ ਰੋਬਰੂ, ਪਰ ਸਮਝਣ ਲਈ।

ਗੁਰੂ ਜੀ—ਭੱਲਿਆ ! ਡਿੱਠਾ ਨਹੀਓਂ ਨਾ, ਤਾਹੀਓਂ ਪਿਆ ਆਖਦਾ ਹੈਂ ਨਾ। ਜਦ ਅੰਦਰ ਜੋਤ ਜਗੀ ਤਾਂ ਉਹ ਕੋਈ ਭਾਂਬੜ ਤਾਂ ਨਹੀਂ ਬਲ ਪੈਣਾ, ਉਹ ਸਾਡਾ ਅੰਦਰਲਾ ਜਗਤ ਦੇ ਆਧਾਰ ਅਨੰਤ ਸੱਤਾ ਦੇ ਨਾਲ ਲਗਕੇ ਉਸ ਦੇ ਅਸਰ ਨਾਲ ਇਕ ਉੱਚੇ ਉਤਸਾਹ, ਉੱਚੇ ਪ੍ਰਭਾਉ ਇਕ ਉਚਿਆਣ ਦੇ ਰੰਗ ਵਿਚ ਰਹੇਗਾ। ਉਹੋ ਅਸਲੀ ਸੱਤਿਆ, ਉਹੋ ਅਸਲੀ ਤਾਕਤ ਇਸ ਵਿਚ ਇਕ ਸੁਆਦ ਦਾ ਰੰਗ ਭਰੇਗੀ। ਇਹ ਉਸ ਵਿਚ ਜੀਏਗਾ, ਇਗਮੇਗਾ। ਸਾਈਂ ਅਨੰਦ ਰੂਪ ਹੈ, ਇਹ ਅਨੰਦ ਰਹੇਗਾ। ਸੋ ਅਨੰਦ ਤਾਂ ਆ ਗਿਆ। ਹੁਣ ਰਿਹਾ ਕੰਮ ਕਰਨ ਵਿਚ ਉਤਸਾਹ। ਸਾਈਂ ਨੇ ਜਗਤ ਰਚਿਆ ਹੈ, ਇਹ ਉਸ ਰਚਨਾ ਵਿਚ ਉਸ ਸਾਈਂ ਦੇ ਕੰਮ ਦਾ ਸਾਂਝੀਵਾਲ ਕਾਮਾ ਬਣੇਗਾ। ਸੋ ਇਹ ਗੱਲ ਅਸਾਂ ਖਾਲਸਾ ਆਦਰਸ਼ ਵਿਚ ਰੱਖੀ ਹੈ ਕਿ ਅੰਦਰਲਾ ਪਿਆ ਜਾਗ, ਮੌਤ ਤੇ ਪੀੜ ਗਈ ਜਿੱਤੀ, ਹੁਣ ਸਰੀਰ ਜੋ ਸਾਈਂ ਨੇ ਦਿੱਤਾ, ਉਸ ਨੂੰ ਸਫਲਾ ਕਰੋ। ਸਰੀਰ ਉਸ ਨੇ ਐਵੇਂ ਨਹੀਂ ਦਿੱਤਾ, ਇਹ ਕਿਸੇ ਕੰਮ ਵਾਸਤੇ ਹੈ। ਇਸ ਦਾ ਕੰਮ ਹੈ ਆਤਮਾਂ ਦਾ ਉਧਾਰ। ਤੁਸੀਂ ਉਧਰੇ ਹੋ, ਹੋਰਨਾਂ ਨੂੰ ਉਧਾਰੋ।

ਜਦ ਉਧਰੇ ਹੋਏ ਲੋਕ ਦੂਸਰਿਆਂ ਨੂੰ ਉਧਾਰਦੇ ਹਨ, ਤਦ ਲੋਕੀਂ ਈਰਖਾ ਕਰਦੇ ਹਨ। ਉਹ ਬੇ ਪ੍ਰਵਾਹ ਆਪਣੇ ਰੰਗ ਟੁਰਦੇ ਹਨ, ਨਿਰਵੈਰ ਹੁੰਦੇ ਹਨ, ਪਰ ਲੋਕੀਂ ਉਨ੍ਹਾਂ ਨੂੰ ਤੰਗ ਕਰਦੇ ਹਨ, ਉਹ ਸਹਾਰਦੇ ਹਨ। ਏਹਨਾਂ ਲੋਕਾਂ ਦੇ ਸੱਚੇ ਸੁੱਚੇ ਤੇ ਪਵਿੱਤ੍ਰ ਜੀਵਨ, 'ਸੱਚੀ ਜ਼ਿੰਦਗੀ' ਦਿਖਾ ਦੇਂਦੇ ਹਨ। ਫੇਰ ਪੁਰਾਣੇ ਮਰ ਚੁੱਕੇ ਧਰਮ ਦੇ ਆਗੂ, ਮੁਰਦਾ ਪੁਜਾਰੀ ਤੇ ਪੂਜਾ ਦਾ ਧਾਨ ਤੇ ਪਲ ਰਹੇ ਲੋਕੀਂ, ਜਿਨ੍ਹਾਂ ਵਿਚ ਧਰਮ ਦੀ ਅੰਸ਼ ਮੁੱਕ ਚੁੱਕੀ ਹੁੰਦੀ ਹੈ, ਘਬਰਾਉਂਦੇ ਹਨ, ਕਿਉਂਕਿ ਲੋਕਾਂ ਦੀ ਸ਼ਰਧਾ ਇਨ੍ਹਾਂ ਦੀ ਮੁਰਦਾ ਪ੍ਰਸਤੀ ਤੋਂ ਹਟ ਕੇ ਜੀਊਂਦੀ ਜ਼ਿੰਦਗੀ ਵੱਲ ਪਲਟਾ ਖਾਂਦੀ ਹੈ, ਏਹ ਫੇਰ ਉਨ੍ਹਾਂ ਨਾਲ ਈਰਖਾ ਕਰਦੇ ਹਨ। ਇਨ੍ਹਾਂ ਦੀ ਈਰਖਾ ਦੀ ਪੇਸ਼ ਨਹੀਂ ਜਾਂਦੀ, ਫੇਰ ਏਹ ਵਕਤ ਦੇ ਹਾਕਮਾਂ ਨੂੰ ਕੋਈ ਨਾ ਕੋਈ ਬੁੱਤਾ, ਧੋਖਾ, ਲਾਲਚ ਦੇਕੇ ਨਾਲ ਰਲਾ ਲੈਂਦੇ ਹਨ। ਰਾਜਾ ਨਾਲ ਨਾ ਰਲੇ ਤਾਂ ਰਾਜਾ ਨੂੰ 'ਰਾਜ-ਭੈ' ਦੱਸਦੇ ਹਨ ਕਿ ਏਹ ਲੋਕ ਬਹੁਤ ਹੋ ਗਏ ਹਨ, ਆਪੋ ਵਿਚ ਏਕੇ ਵਾਲੇ ਹਨ, ਐਸਾ ਨਾ ਹੋਵੇ ਕੋਈ ਰਾਜ ਉਪਦ੍ਰਵ ਕਰ ਦੇਣ, ਏਸ ਤਰ੍ਹਾਂ ਫੇਰ ਰਾਜਾ ਉਨ੍ਹਾਂ ਜੀਉਂਦਿਆਂ ਪਰ ਸਖਤੀ ਕਰਦਾ ਹੈ। ਉਹ ਉੱਤਰ ਨਹੀਂ ਦੇਂਦੇ, ਝੱਲਦੇ ਝੱਲਦੇ ਮਰ-ਮਿਟਦੇ ਹਨ। ਐਉਂ ਜੋਤ ਜਗ ਜਗ ਕੇ ਬੁੱਝਦੀ ਹੈ ਫੇਰ ਜਗਦੀ ਹੈ, ਫੇਰ ਐਉਂ ਬੁਝਦੀ ਹੈ। ਖਾਲਸੇ ਦੇ ਖਿਆਲ ਵਿਚ, ਖਾਲਸੇ ਦੇ ਆਦਰਸ਼ ਵਿਚ ਇਹ ਗੱਲ ਹੁਣ ਹੋਰਵੇਂ ਹੈ। ਉਹ ਇਉਂ ਹੈ ਕਿ ਜਦ ਅੰਦਰ ਜੋਤਿ ਜਗ ਪਈ ਤਦ ਹੋਰਨਾਂ ਅੰਦਰ ਜੋਤ ਜਗਾਕੇ ਉਨ੍ਹਾਂ ਨੂੰ ਖਾਲਸੇ ਬਨਾਉਣਾ ਹੈ ਤੇ ਇਸ ਕੰਮ ਵਿਚ ਉਤਸਾਹ ਤੇ ਉਮਾਹ 'ਅੰਦਰਲਾ ਰੱਬੀ ਪਿਆਰ ਵਾਲਾ' ਹੋਣਾ ਹੈ। ਜਦੋਂ ਰੋਕਾਂ ਪੈਣ, ਜ਼ੁਲਮ ਹੋਵੇ, ਤਦ ਨਿਰਵੈਰ ਰਹਿਣਾ

ਹੈ, ਪਰ ਨਿਰਵੈਰ ਰਹਿਣ ਲਈ ਭੱਜ ਨਹੀਂ ਜਾਣਾ, ਸਗੋਂ ਨਾਲ 'ਨਿਰਭਉ' ਰਹਿਣਾ ਹੈ। ਭੈ ਨਹੀਂ ਮੰਨਣਾ, ਭੈ ਦਾ ਸਮਾਂ ਆਵੇ, ਤਾਂ ਸੁਰਤ ਉੱਚੀ ਹੋਕੇ ਦੁਖ ਝੱਲੇ, ਜੇ ਭਰਾਵਾਂ ਤੇ ਕਸ਼ਟ ਪਏ ਤਾਂ ਇਹ ਸਰੀਰ ਮਿੱਥਿਆ ਹੈ, ਉਨ੍ਹਾਂ ਦੀ ਰਾਖੀ ਤੇ ਇਹ ਲਾ ਦੇਵੇ, ਸੋ ਖਾਲਸਾ ਰੱਖਿਆ ਕਰਨ, ਭਲੇ ਕਰਨ ਦੇ ਉਮਾਹ, ਪਿਆਰ ਤੇ ਜ਼ਿੰਦਗੀ ਦੇ ਹੁਲਾਰੇ ਵਿਚ ਝੂਲੇਗਾ। ਸੋ ਇਹ ਉਮਾਹ ਖਾਲਸੇ ਨੂੰ ਅਨਜਾਣ ਤੇ ਧੱਕੇ ਦੇ ਕੱਟਣ ਵਾਸਤੇ ਸ਼ਮਸ਼ੇਰ ਧਾਰੀ ਬਣਾਉਂਦਾ ਹੈ। ਪਰ ਇਸ ਦੇ ਨਾਲ ਖਾਲਸਾ ਪਾਪ ਤੇ ਆਚਰਨ ਤੇ ਗਿਰਾਉ ਵਿਚ ਨਹੀਂ ਵੱਸੇਗਾ, ਸਾਰੇ ਅੰਦਰਲੇ ਮਹਾਂਬਲੀ ਇਸ ਦੇ ਨੌਕਰ ਹੋ ਵਰਤਣਗੇ। ਸਾਹਿਬੀ ਖਾਲਸੇ ਦੀ ਹੋਵੇਗੀ, ਨੌਕਰੀ ਅੰਦਰਲੀਆਂ ਤਾਕਤਾਂ ਦੀ ਹੋਵੇਗੀ*। ਲੋਭ ਰਹੇਗਾ, ਪਰਮੇਸ਼ੁਰ ਨਾਲ ਲੋਕਾਂ ਨੂੰ ਜੋੜਨ ਦਾ। ਕਾਮਨਾ ਰਹੇਗੀ ਹਰ ਵੇਲੇ ਸਾਈਂ ਨਾਲ ਅੰਤਰ ਆਤਮੇ ਲਗੇ ਰਹਿਣ ਦੀ। ਕ੍ਰੋਧ ਰਹੇਗਾ ਆਪੇ ਨੂੰ ਹਰ ਨੀਚਤਾ ਤੋਂ ਉਚੇ ਰਖਣ ਦਾ। ਮੋਹ ਰਹੇਗਾ ਗੁਰੂ ਦੇ ਚਰਨਾਂ ਨਾਲ, ਗੁਰਮੁਖ ਨਾਲ, ਸਾਧ ਸੰਗਤ ਨਾਲ, ਜੀਉ ਉਠਿਆਂ ਬੈਦਿਆਂ ਨਾਲ, ਖਾਲਸੇ ਨਾਲ। ਹੰਕਾਰ ਰਹੇਗਾ, ਅਭੈ ਰਹਿਣ ਦੀ ਉਚਿਆਈ ਵਿਚ, ਅੰਦਰੋਂ ਜੋਤਿ ਨਾਲੋਂ ਵਿੱਥ ਨਾ ਪੈਣ ਵਿਚ, ਸ਼ਬਦ ਨਾਮ ਦੇ ਅਭਿਆਸ ਵਿਚ, ਨਾਮ ਨਾਲ ਵਿੱਥ ਨਾ ਪੈਣ ਦੀ ਸਾਵਧਾਨਤਾ ਦੇ ਰੂਪ ਵਿਚ, ਸਾਵਧਾਨ ਰਹਿਣ ਵਿਚ, ਆਪਣੇ ਮਨ ਉਤੇ ਕਿਸੇ ਦਾ ਮਾੜਾ ਅਸਰ ਪ੍ਰਭਾਉ ਨਾ ਪੈਣ ਦੇਣ ਵਿਚ। ਜਗਤ ਵਲ ਨੂੰ ਮਨ ਦਾ ਰੁਖ (ਫਨ ਖਿੱਲਰੇ ਭੁਜੰਗੀ ਵਰਗਾ, ਦੁਖ ਦੇਣ ਵਾਲਾ ਨਾ, ਪਰ) ਕਿਸੇ ਦੇ ਅਸਰ ਹੇਠ ਆਕੇ ਉਸ ਅਗੇ ਮਨ ਨੂੰ ਮਫਊਲੀਅਤ ਦੀ ਹਾਲਤ ਵਿਚ ਨਾ ਲੈ ਜਾਣ ਵਾਲਾ ਰੁਖ, ਸਦਾ ਸਾਖੀ ਤੇ ਫਾਇਲੀਅਤ ਵਿਚ ਰਹਿਣੇ ਦਾ ਰੁਖ। ਸੋ ਭੱਲਿਆ .....।

---

*ਮੇਰਾ ਤੇ ਮੇਰੇ ਇੰਦ੍ਰਿਆਂ ਦੇ ਝਗੜੇ ਤੇ ਗੁਰੂ ਸਾਹਿਬ ਨੇ ਇਹ ਫੈਸਲਾ ਕੀਤਾ ਕਿ ਸਰੀਰ ਦਾ ਮਾਲਕ ਤੂੰ ਹੈ ਸੋ ਸਾਰੇ ਇੰਦ੍ਰੇ ਮੇਰੀ ਮੇਵਾ ਵਿਚ ਲਾ ਦਿਤੇ। ਯਥਾ:-

ਸਗਲ ਦੂਤ ਮੇਰੀ ਸੇਵਾ ਲਾਏ ॥ ਤੂੰ ਠਾਕੁਰ ਇਹੁ ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥ [ਬਿ: ਪ੍ਰ: ਮ: ਪ

ਭੱਲਾ—ਮਹਾਰਾਜ! ਬੁੱਧ ਮੋਟੀ ਤੇ ਠੁੱਲੀ ਹੈ।

ਗੁਰੂ ਜੀ—ਸੌਖੀ ਕਰ ਦੱਸਾਂਗੇ, ਸੋ ਭੱਲਿਆ! ਖਾਲਸਾ ਅੰਦਰੋਂ ਜੋਤਿ ਨਾਲ ਜੁੜਾ ਰਹੇ, ਇਹ ਤੂੰ ਸਮਝੀ; ਫੇਰ ਹੋਰਨਾਂ ਦੇ ਘਟ ਜੋਤਿ ਜਗਾਵੇ, ਇਹ ਤੂੰ ਸਮਝੀ; ਤੀਸਰੀ ਗੱਲ ਇਹ ਹੈ ਕਿ ਧਰਮ ਦੇਖੀਆਂ ਨਾਲ ਨਿਰਵੈਰ ਰਹੇ, ਪਰ ਨਿਰਭਉ ਜ਼ਰੂਰ ਰਹੇ। ਨਿਰਭਉ ਰਹਿਣ ਵਾਲੇ ਨੂੰ ਜੰਗ ਤਕ ਨੌਬਤ ਬੀ ਕਈ ਵਰ ਪੁੱਜ ਜਾਂਦੀ ਹੈ, ਸੋ ਜੇ ਜੁੱਧ ਆ ਪਵੇ, ਫੇਰ ਮੌਤ ਤੇ ਪੀੜ ਨੂੰ ਜਿੱਤ ਚੁੱਕੇ ਨਿੱਗੀ ਸੂਰਮੇ ਬਣਦੇ ਹਨ, ਉਨ੍ਹਾਂ ਦੀ ਸੂਰਮਤਾਈ ਜਗਤ ਤੋਂ ਨਿਰਾਲੀ ਹੁੰਦੀ ਹੈ। ਓਹ ਕੰਮ ਕਰਦੇ ਹਨ ਆਪਣੇ ਵਾਹਿਗੁਰੂ ਦੀ ਪ੍ਰਸੰਨਤਾ ਦੇ ਉਤਸਾਹ ਵਿਚ। ਜੋ ਕਰਦੇ ਹਨ, ਉਸ ਨੂੰ ਅਰਪਦੇ ਹਨ, ਓਹ ਆਪਣੇ ਨਿਜ ਦੇ, ਗ੍ਰਿਹਸਤ ਦੇ, ਪਰਿਵਾਰ ਦੇ, ਕੌਮ ਦੇ, ਦੇਸ਼ ਦ ਤੇ ਸ੍ਰਿਸ਼ਟੀ ਦੇ ਸਾਰੇ ਕੰਮ ਕਰਦੇ ਹਨ, ਪਰ ਅੰਦਰੋਂ ਹਰ ਵੇਲੇ ਅਨੰਤ ਨਾਲ, ਵਾਹਿਗੁਰੂ ਨਾਲ ਲੱਗੇ ਰਹਿੰਦੇ ਹਨ। ਅੰਤਰ ਆਤਮੇ ਵਾਹਿਗੁਰੂ ਤੋਂ ਵਿਛੁੜ ਕੇ ਓਹ ਕੋਈ ਕੰਮ ਨਹੀਂ ਕਰਦੇ। ਜਿਵੇਂ ਬੱਚਾ ਮਾਂ ਦੀ ਗੋਦ ਵਿਚ ਬੈਠਦਾ, ਹੱਸਦਾ, ਖੇਲਦਾ, ਖਾਂਦਾ, ਪੀਂਦਾ, ਉੱਛਲਦਾ ਹੈ, ਗੋਦੋਂ ਵਿਛੁੜ ਕੇ ਰੋਂਦਾ ਤੇ ਘਬਰਾਉਂਦਾ ਹੈ; ਤਿਵੇਂ ਗੋਦੀ ਦੇ ਬਾਲ ਵਾਂਗੂ ਓਹ ਜਗਤ ਦੇ ਸਾਰੇ ਕੰਮ ਡਾਢੀ ਸੂਰਮਤਾਈ ਨਾਲ, ਬਲ ਨਾਲ, ਉਤਸਾਹ ਨਾਲ ਕਰਦੇ ਹਨ। ਹਾਂ ਕੰਮ ਕਰਦੇ ਹਨ, ਵਾਹਿਗੁਰੂ ਦੀ ਲਗਨ ਵਿਚ ਰਹਿਕੇ।

ਤੇਰੇ ਭਰਾ ਬੜੇ ਸੂਰਮੇ ਹਨ, ਪਰ ਖਾਲਸੇ ਵਰਗੇ ਨਹੀਂ। ਓਹ ਕਿਸੇ ਲੋਭ ਲਈ ਲੜਨਗੇ, ਕਿਸੇ ਭੈ ਪਿਆਂ ਲੜਨਗੇ, ਕਿਸੇ ਰਾਖੀ ਲਈ ਜੂਝਣਗੇ। ਜਦੋਂ ਆਪਣੇ ਤੋਂ ਬਲ ਵਧੇਰਾ ਪੈ ਜਾਏਗਾ, ਹਾਰ ਮੰਨ ਜਾਣਗੇ। ਜਦੋਂ ਜਿੱਤ ਜਾਣਗੇ, ਹੰਕਾਰ ਦੇ ਗੱਡੇ ਚੜ੍ਹ ਜਾਣਗੇ, ਫੇਰ ਉਹੋ ਜ਼ੁਲਮ, ਧੱਕੇ, ਵਧੀਕੀਆਂ ਆਪ ਕਰਨਗੇ ਜਿਨ੍ਹਾਂ ਲਈ ਉਨ੍ਹਾਂ ਨੇ ਵੈਰੀ ਨੂੰ ਮਾਰਿਆ ਸੀ। ਫੇਰ ਉਹ ਜਗਤ-ਨਿਆਉਂ ਵਿਚ ਆਪ ਮਾਰੇ ਜਾਣ ਦੇ ਜੋਗ ਬਣ ਜਾਣਗੇ। ਜੇ ਭੱਲਿਆ! ਓਹ ਹਾਰ ਜਾਣਗੇ ਤਾਂ ਜਿੱਤੇ ਹੋਏ ਵੈਰੀ ਦੇ ਅੱਗੇ ਆਪਣਾ ਮਨ ਭੀ ਹਾਰ ਦੇਣਗੇ, ਸੁਰਤਿ ਤੇ ਰੂਹ ਭੀ ਤਬਾਹ ਕਰ ਬੈਠਣਗੇ। ਮਨ

ਗ਼ੁਲਾਮੀ ਵਿਚ, ਸਰੀਰ ਗ਼ੁਲਾਮੀ ਵਿਚ ਟੁਰ ਜਾਏਗਾ, ਐਉਂ ਉਹ ਆਪ ਤੇ ਉਨ੍ਹਾਂ ਤੋਂ ਬਣੀ ਕੌਮ ਮੁਰਦਾ ਹੋ ਜਾਏਗੀ।

ਭੱਲਿਆ! ਹੰਕਾਰ ਦੇ ਆਸਰੇ ਆਦਮੀ ਸੂਰਮਗਤੀ ਕਰ ਗੁਜ਼ਰਦਾ ਹੈ, ਕੁਰਬਾਨ ਭੀ ਹੋ ਜਾਂਦਾ ਹੈ, ਪਰ ਨਿਰੇ ਹੰਕਾਰ ਦੇ ਆਸਰੇ ਵਾਲੇ ਨੂੰ ਤ੍ਰੈ ਡਰ ਹਨ– ੧. ਜਦੋਂ ਅਪਣੇ ਤੋਂ ਵੱਡੇ ਹੰਕਾਰੀ, ਵੱਡੇ ਬਲ ਵਾਲੇ ਤੇ ਵੱਡੇ ਜਥੇਬੰਦ ਨਾਲ ਟੱਕਰਨਗੇ; ਤਦ ਹਾਰ ਜਾਣਗੇ। ੨. ਹਾਰਕੇ, ਦੇਸ਼, ਧਨ, ਧਾਮ ਦੇਂਦੇ ਹੋਏ ਮਨ ਕਰਕੇ ਗ਼ੁਲਾਮ ਹੋ ਜਾਣਗੇ ਤੇ ਅੰਤ ਮੁਰਦਿਹਾਨ ਵਰਤੇਗੀ। ੩. ਜੇ ਜਿੱਤ ਗਏ ਤਾਂ ਆਪ ਜ਼ਾਲਮ ਧੱਕੇ ਖ਼ੋਰ ਬਣਨਗੇ, ਧੱਕੇ ਨਾਲ ਧਨ ਕੱਠਾ ਕਰਕੇ ਧਨੀ ਬਣਨਗੇ; ਧਨੀ ਹੋਕੇ ਐਸ਼ ਵਿਚ ਪੈਣਗੇ, ਐਸ਼ ਤੋਂ ਨਿਰਬਲ ਹੋ ਜਾਣਗੇ, ਨਿਰਬਲ ਹੋਕੇ ਫੇਰ ਮਨ ਅਸ਼ਕਤ ਤੇ ਮੁਰਦਾ ਹੋਕੇ ਸ਼ਰੀਰ, ਮਨ ਤੇ ਆਤਮਾ ਦਾ ਬਲ ਖੀਨ ਹੋ ਜਾਏਗਾ। ਚੌਥਾ ਉਨ੍ਹਾਂ ਦਾ ਇਕ ਹੋਰ ਨੁਕਸਾਨ ਨਿਸ਼ਚੇ ਹੋਵੇਗਾ ਕਿ ਓਹ ਪਰਲੋਕ ਗੁਆ ਲੈਣਗੇ। ਗੁਰੂ ਜੀ ਨੇ ਦੱਸਿਆ ਹੈ–

ਪਉੜੀ ॥ ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥ ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥ ਅਤਿ ਕ੍ਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥ ੯ ॥ [ਮਾ: ਵਾਃ ਮਾਃ ੩

ਸੋ ਨਿਰਾ ਹੰਕਾਰੀ ਕਿੱਤੇ ਚਾਹੇ ਹਾਰੇ, ਮਰਕੇ ਸੁਖੀ ਨਹੀਂ ਹੋਸਕਦਾ। ਇਸ ਲਈ ਨਿਰਾ ਹੰਕਾਰੀ ਸੂਰਮਾਂ ਆਦਰਸ਼ਕ ਸੂਰਮਾਂ ਨਹੀਂ ਹੈ।

ਖਾਲਸਾ ਅੰਦਰੋਂ ਜੋਤਿ ਜਗੀ, ਸਦਾ ਜਾਗਦੀ ਜੋਤਿ ਨੂੰ ਜਪਦਾ, ਹੰਕਾਰ ਤੋਂ ਉੱਠ ਚੜ੍ਹਦੀਆਂ ਕਲਾਂ ਵਿਚ ਵੱਸਦਾ ਹੈ। ਸਾਰੇ ਕੰਮ ਭੀ ਕਰਦਾ ਹੈ ਤੇ ਜੰਗ ਵਿਚ ਭੀ ਜਾ ਘਸਦਾ ਹੈ। ਨਾਂ ਤਾਂ ਉਹ ਨਿਰੇ ਤਿਆਗੀ ਵਾਂਗੂੰ ਢਹਿੰਦੀਆਂ ਕਲਾਂ ਵਿਚ ਜਾਂਦਾ ਹੈ, ਨਾ ਹੰਕਾਰੀ ਵਾਂਗੂ ਜ਼ੋਰ ਜ਼ੁਲਮ ਕਮਾਉਂਦਾ ਹੈ। ਉਹ ਜੰਗ ਵਿਚ ਜਾਂਦਾ ਹੈ, ਪਰ ਉਹ ਜੰਗ ਵਿਚ ਵੀ ਖੇਡੇਗਾ, ਉਹ ਧਰਮ ਪਿੱਛੇ, ਨੇਕੀ ਪਿੱਛੇ, ਉਪਕਾਰ ਪਿੱਛੇ ਜੁੱਧ ਵਿਚ ਜਾਏਗਾ, ਫਿਰ ਉਹ ਜਿੱਤ ਲਈ ਨਹੀਂ ਲੜੇਗਾ, ਉਹ.....

ਭੱਲਾ–ਤੇ ਜੀ ਫੇਰ ਉਹ ਕਾਹਦੇ ਲਈ ਲੜੇਗਾ? ਬਾਵਰਾ ਤਾਂ ਨਹੀਂ, ਐਵੇਂ ਲੜੇਗਾ?

ਗੁਰੂ ਜੀ (ਮਸਕ੍ਰਾ ਕੇ)–ਉਹ ਜਾਣਦਾ ਹੈ ਕਿ ਵਾਹਿਗੁਰੂ ਸਭ ਤੋਂ ਬਲੀ ਹੈ ਤੇ ਜਿੱਤ ਉਸ ਦੀ ਹੈ ਜੋ ਸਭ ਤੋਂ ਬਲੀ ਹੈ। ਸੋ ਜਿੱਤ ਸਦਾ ਰੱਬ ਦੀ ਹੈ ਤੇ ਅਸੀਂ ਤੈਨੂੰ ਦੱਸ ਆਏ ਹਾਂ ਕਿ ਖਾਲਸਾ ਉਹ ਹੈ ਜੋ ਵਾਹਿਗੁਰੂ ਦਾ ਹੋ ਚੁੱਕਾ ਹੈ। ਸੋ ਖਾਲਸਾ ਵਾਹਿਗੁਰੂ ਦਾ ਹੈ, ਵਾਹਿਗੁਰੂ ਦਾ ਖਾਲਸਾ ਜਾਣਦਾ ਹੈ ਕਿ ਜਿੱਤ ਸਦਾ ਵਾਹਿਗੁਰੂ ਦੀ ਹੈ, ਵਾਹਿਗੁਰੂ ਸਭ ਤੋਂ ਬਲੀ ਜੁ ਹੋਇਆ। ਹੁਣ ਤੂੰ ਸਮਝ ਲੈ ਕਿ ਖਾਲਸਾ ਵੀ ਵਾਹਿਗੁਰੂ ਦਾ ਤੇ ਜਿੱਤ ਵੀ ਵਾਹਿਗੁਰੂ ਦੀ, ਤਦ ਜਿੱਤ ਤੇ ਖਾਲਸਾ ਆਪੋ ਵਿਚ ਇਕ ਮਾਲਕ ਇਕ ਪਿਤਾ ਦੇ ਹੋਏ। ਇਉਂ ਜਿੱਤ ਖਾਲਸੇ ਦੀ ਹੋਈ, ਇਸ ਕਰਕੇ ਖਾਲਸਾ ਜਿੱਤ ਲਈ ਨਹੀਂ ਲੜਦਾ, ਖਾਲਸਾ ਜਾਣਦਾ ਹੈ ਕਿ ਜਿੱਤ ਮੇਰੇ ਵਾਹਿਗੁਰੂ ਦੀ ਹੈ ਤੇ ਮੈਂ ਵਾਹਿਗੁਰੂ ਦਾ ਹਾਂ, ਸੋ ਜਿੱਤ ਤਾਂ ਮੇਰਾ ਵਿਰਸਾ ਹੈ। ਮੈਂ ਜਿੱਤਣਾ ਹੈ ਤਾਂ ਉਸ ਬਲ ਨਾਲ ਜੋ ਮੇਰਾ ਨਹੀਂ ਪਰ ਜੋ ਅੰਦਰੋਂ ਸਾਈਂ ਨਾਲ ਲੱਗੇ ਰਹਿਣ ਕਰ ਕੇ ਸਾਈਂ ਵਿਚੋਂ ਮੇਰੇ ਵਿਚ ਆਉਂਦਾ ਹੈ, ਜਿੱਤ ਉਹਦੀ ਜਿਸ ਦਾ ਬਲ ਮੇਰੇ ਵਿਚ ਆ ਰਿਹਾ ਹੈ। ਤਾਂ ਤੇ ਖਾਲਸਾ ਲੜਦਾ ਹੈ ਅਸੂਲ ਲਈ, ਸਚ ਲਈ। ਸੱਚ ਤੇ ਅਸੂਲ ਜਦ ਜਗਤ ਦੇ ਜ਼ੁਲਮ ਨਾਲ ਤਬਾਹ ਹੋਣ ਲਗੇ, ਤਦ ਖਾਲਸੇ ਦਾ ਨੇਮ ਹੈ ਕਿ ਬੀਰਤਾ ਨਾਲ ਉਸ ਨੂੰ ਬਚਾਵੇ। ਜਗਤ ਦੇ ਜ਼ੁਲਮ ਅਗੇ ਆਪਣਾ ਖੂਬਸੂਰਤ ਆਪਾ ਲੰਮਾ ਨਾ ਪਾ ਦੇਵੇ, ਪਰ ਬੀਰਤਾ ਨਾਲ ਜ਼ੁਲਮ ਨੂੰ ਕੱਟ ਮੁੱਟੇ।

ਭੱਲਾ ਮਹਾਰਾਜ ਜੀ! ਮੈਂ ਮੂਰਖ ਨੇ ਤਾਂ ਇਹ ਡਿੱਠਾ ਹੈ ਕਿ ਜੋ ਨੰਗੀ ਬਣੇ, ਬਿਰਾਗੀ ਬਣੇ ਉਹ ਫੇਰ ਲੁਕ ਹੀ ਗਏ, ਤੇ ਜੋ 'ਲੈ ਲੈਣ' ਵਲ ਲੱਗੇ, ਉਹ ਜਰਵਾਣੇ ਡਾਕੂ, ਪਠਾਣਾਂ ਮੁਗ਼ਲਾਂ ਵਰਗੇ ਜ਼ਾਲਮ ਹਾਕਮ ਬਣੇ। ਜੋਗੀਆਂ ਨੇ ਕਦੇ ਜ਼ਾਲਮਾਂ ਦਾ ਮੂੰਹ ਨਾ ਮੋੜਿਆ ਤੇ ਜ਼ਾਲਮਾਂ ਨੇ ਕਦੇ ਮੁਖ ਨਾ ਵਰਤਾਈ, ਨਿਆਂ ਨਾ ਕੀਤਾ।

ਗੁਰੂ ਜੀ–ਖਾਲਸਾ ਸੋ ਜੋ ਅੰਦਰੋਂ ਨੰਗੀ ਹੋਵੇ, ਜੋਗ ਨਾਮ ਤੇ ਬਾਣੀ ਦਾ। ਖਾਲਸਾ ਸੋ ਜੋ ਜ਼ਾਲਮ ਦੀ ਇੱਟ ਆਵੇ, ਤਾਂ ਪੱਥਰ ਨਾਲ ਉਸ ਦੀ ਇੱਟ

ਭੁੰਨ ਦੇਵੇ। ਆਪੇ ਤੇ ਫਤੇਮੰਦ ਹੋਵੇ, ਮੌਤ ਨੂੰ ਤੁੱਛ ਸਮਝਕੇ ਡਰੇ ਨਾ, ਪਰ ਅੰਦਰਲੇ ਉਮਾਹ ਨਾਲ ਦੇਹੀ ਨੂੰ ਸਫਲਾ ਕਰੇ। ਹਰ ਇਕ ਸਿਖ ਨਿੱਤ ਜਗੀ ਵਾਲਾ, ਅੰਦਰੋਂ 'ਇੱਕ ਦੀ' ਟੇਕ ਵਾਲਾ, ਨਿਰਭੈ ਰਹਿਣ ਵਾਲਾ, ਪਰ ਭੈ ਨਾ ਦੇਣ ਵਾਲਾ, ਨਿਰਵੈਰ ਖਾਲਸਾ ਹੈ। ਐਸ ਸਾਰੇ ਸਿਖਾਂ ਦਾ ਇਕੱਠ ਖਾਲਸਾ ਹੈ। ਗੁਰੂ ਖਾਲਸਾ ਹੈ, ਖਾਲਸਾ ਭੀ ਗੁਰੂ ਹੈ, ਖਾਲਸਾ ਰੱਬ ਦੀ ਰੌਂਦ ਵਿਚ ਖੇਲ ਰਿਹਾ ਇਕ ਰੂਹਾਨੀ ਖਿਆਲ–ਧਿਆਨ- ਹੈ, ਆਦਰਸ਼ ਹੈ, ਜਿਸ ਉਤੇ ਹਰ ਸਿਖ ਦਾ ਖਿਆਲ ਟਿਕ ਰਿਹਾ ਹੈ, ਜਿਵੇਂ ਜਹਾਜ਼ ਚਲਾਉਣ ਵਾਲੇ ਦਾ ਖਿਆਲ ਆਪਣੀ ਸੇਧ ਦੇ ਸਿਤਾਰੇ ਉਤੇ ਯਾ 'ਚਾਨਣ-ਮੁਨਾਰੇ' ਦੇ ਦੀਵੇ ਤੇ ਟਿਕਦਾ ਹੈ। ਖਾਲਸਾ ਉਹ ਨਮੂਨਾ ਹੈ, ਜਿਸ ਉਤੇ ਆਇਆਂ ਜਗਤ ਦੀ ਕਲਿਆਨ ਹੁੰਦੀ ਹੈ।

ਭੱਲਾ–ਮੈਂ ਮੂਰਖ ਨੂੰ ਮੋਟੀ ਜਿਹੀ ਗੱਲ ਦੱਸੋ, ਜੇ ਖਾਲਸਾ ਹਾਰ ਜਾਏ ਤਾਂ ਰੱਬ ਦੀ ਹਾਰ ?

ਗੁਰੂ ਜੀ–ਨਹੀਂ ਸੁਹਣਿਆਂ ! ਵਾਹਿਗੁਰੂ ਦੀ ਹਾਰ ਕਦੇ ਨਹੀਂ। ਜਿਸ ਨੂੰ ਤੂੰ ਹਾਰ ਸਮਝਦਾ ਹੈਂ, ਉਹ ਭੀ ਜਿਕੂੰ ਤੈਨੂੰ ਸਮਝਾਯਾ ਹੈ, ਜਿੱਤ ਹੁੰਦੀ ਹੈ। ਇਹੋ ਤਾਂ ਖਾਲਸੇ ਦਾ ਮਨ ਨੀਵਾਂ ਹੈ ਤੇ ਮਨ ਉੱਚੀ ਸ਼ੁੱਭ ਦੇ ਵੜ ਵਿਚ ਹੈ ਤੇ ਉਹ ਮੱਤ ਵਾਹਿਗੁਰੂ ਦੀ ਰਖਵਾਲੀ ਵਿਚ ਟੁਰਦੀ ਹੈ ਤੇ ਦੱਸਦੀ ਹੈ ਕਿ ਜੋ ਹਾਰ ਹੈ ਇਸਦਾ ਫਲ ਜਿੱਤ ਨਿਕਲੇਗਾ।ਹਾਰ ਵੇਲੇ ਖਾਲਸਾ ਮੰਦਾ ਹੈ ਕਿ ਇਹ ਵਾਹਿਗੁਰੂ ਨੇ ਭਾਣਾ ਵਰਤਾਯਾ ਹੈ, ਸਾਡੀ ਸਮਝ ਸਮਝਦੀ ਨਹੀਂ, ਇਸ ਦਾ ਫਲ ਅੱਜ ਉਹ ਜਿੱਤ ਨਹੀਂ ਸੀ, ਜੋ ਅਸੀਂ, ਜਿੱਤ ਸਮਝਦੇ ਹਾਂ; ਇਸਦਾ ਫਲ ਅਗੇ ਚੱਲਕੇ ਜਿੱਤ ਹੈ। ਜਿਨ੍ਹਾਂ ਸਾਡੇ ਨਾਲ ਜੂਝਣ ਵਾਲਿਆਂ ਨੇ ਅੱਜ ਜਿੱਤ ਮਨਾਈ ਹੈ, ਇਹ ਜਿੱਤ ਉਨ੍ਹਾਂ ਦੀ ਹਾਰ ਦੀ ਨੀਂਹ ਪੱਟੀ ਗਈ ਹੈ। ਖਾਲਸਾ ਕਦੇ ਨਹੀਂ ਹਾਰੇਗਾ। ਹਾਂ ! ਜਿਸ ਦਿਨ ਨਾਮ ਨਾਲ ਪ੍ਰੀਤ ਛਡੇਗਾ, ਗੁਰਬਾਣੀ ਦਾ ਇਲਹਾਮ ਇਸ ਦੇ ਅੰਦਰ ਨਾ ਰਹੇਗਾ, ਜੋਤ ਨਾਲੋਂ ਵਿੱਥ ਕਰ ਜਾਏਗਾ, ਤਦੋਂ ਫੇਰ ਜੋ ਚੁਰਾਸੀ ਦੇ ਭਾਗ ਹੁੰਦੇ ਹਨ, ਵੇਖੇਗਾ। ਜਦ ਤਕ ਪੂਰਨਜੋਤ ਨੂੰ ਜਪਦਾ ਹੈ, ਗੁਰਬਾਣੀ ਦੀ ਰਖਾ ਤੇ ਮਨ ਨੂੰ ਪਾਲਦਾ ਹੈ, ਨਿਰਵੈਰ ਹੈ, ਭੈ ਦੇਂਦਾ ਨਹੀਂ, ਪਰ ਭੈ ਮੰਨਦਾ ਭੀ ਨਹੀਂ, ਤਦ ਤਕ ਕੌਣ ਹਰਾਉਣ ਵਾਲਾ ਜੰਮਿਆ ਹੈ ਖਾਲਸੇ ਨੂੰ ? ਇਹੋ 'ਉੱਚ ਜੀਵਨ' ਹੀ ਜਿੱਤ ਹੈ ਤੇ ਇਸ ਜੀਵਨ ਵਾਲਾ ਜਿਸ ਸੰਗ੍ਰਾਮ ਵਿਚ ਡਟੇਗਾ ਉਹ ਜਿੱਤੇਗਾ, ਕਦ ਕਿਵੇਂ, ਕਦੇ ਕਿਵੇਂ।

ਤੂੰ ਸਮਝਦਾ ਹੈਂ ਪਹਾੜੀਏ ਰਾਜੇ ਜਿੱਤੇ ਹਨ, ਖਾਲਸਾ ਸਮਝਦਾ ਹੈ ਕਿ ਗ਼ੁਲਾਮੀ ਦਾ ਤੌਕ ਉਨ੍ਹਾਂ ਨੇ ਆਪਣੇ ਗਲੇ ਵਿਚ ਹੋਰ ਪੀਡਾ ਕਰ ਲਿਆ ਹੈ। ਤੂੰ ਸਮਝਦਾ ਹੈ ਤੁਰਕਾਂ ਫਤਹ ਪਾਈ ਹੈ, ਖਾਲਸਾ ਸਮਝਦਾ ਹੈ ਕਿ ਉਨ੍ਹਾਂ ਨੇ ਸੱਚ ਤਯਾਗ ਕੇ ਆਪਣੀ ਜੜ੍ਹਾਂ ਤੇ ਕੁਹਾੜਾ ਆਪ ਮਾਰਿਆ ਹੈ। ਤੂੰ ਸਮਝਦਾ ਹੈਂ ਚਾਰ ਸਾਹਿਬਜ਼ਾਦੇ ਮਾਰੇ ਗਏ ਹਨ, ਖਾਲਸਾ ਸਮਝਦਾ ਹੈ ਕਿ ਉਨ੍ਹਾਂ ਦੇ ਲਹੂ ਦੀ ਬੂੰਦ ਬੂੰਦ ਤੋਂ 'ਸਦਾ ਖਾਲਸਾ ਫਲ' ਦੇਣ ਵਾਲੇ ਬ੍ਰਿਛ ਉੱਗ ਪਏ ਹਨ। ਤੂੰ ਸਮਝਦਾ ਹੈਂ ਮੁਗ਼ਲ ਰਾਜ ਨੇ ਖਾਲਸੇ ਤੇ ਫਤਹ ਪਾਈ ਹੈ, ਖਾਲਸਾ ਸਮਝਦਾ ਹੈ ਕਿ ਮੁਗ਼ਲ ਰਾਜ ਦੀ ਜੜ੍ਹ ਕੱਟੀ ਗਈ ਹੈ। ਜੜ੍ਹ ਕੱਟੀ ਜਾਣੀ ਫਤਹ ਹੈ, ਹੁਣ ਕਿਸੇ ਬੁੱਲੇ ਨੇ ਇਸ ਨੂੰ ਡੇਗ ਘੱਤਣਾ ਹੈ। 'ਸਾਂਈ ਸੰਗ ਜੁੜਿਆਂ' ਨਾਲ ਲੜਕੇ ਜ਼ਾਲਮ ਮੁਗ਼ਲਾਂ ਦੀ ਜੜ੍ਹ ਮੋਖ ਤਰੁਟ ਗਈ ਹੈ। ਖਾਲਸੇ ਦਾ ਜੁੱਧ ਧਰਮ ਰੱਖਿਆ ਲਈ ਸੀ, ਧਰਮ ਪੱਕਾ ਹੋ ਗਿਆ, ਝਾੜ ਝਾੜ ਤੋਂ ਖਾਲਸਾ ਉਗਮੇਗਾ। ਤੇਰੇ ਵਰਗੇ ਖਾਲਸੇ ਸਜਣਗੇ। ਜਿਸ ਖਾਲਸੇ ਨੂੰ ਵਜ਼ੀਰ ਖਾਂ ਮੁਕਾ ਗਿਆ ਹੈ, ਉਹ ਖਾਲਸਾ ਅਨੰਦਪੁਰ ਨਾਲੋਂ ਵਧੇਰੇ ਵਧ ਰਿਹਾ ਹੈ। ਜ਼ਾਲਮ ਸਰਹਿੰਦ ਦੀ ਇੱਟ ਨਾਲ ਇੱਟ ਖੜਕੇਗੀ; ਦਿੱਲੀ ਵਿਚ ਜ਼ਾਲਮ ਮੁਗ਼ਲ ਅੰਨ ਮੰਗਦੇ ਦਿੱਸਣਗੇ, ਤਖਤ ਤਾਜ, ਹੁਕਮ ਹਾਸਲ ਸੁਪਨਾ ਹੋ ਜਾਣਗੇ। ਧਰਮ ਛੋਡ ਕੇ ਜੋ ਬਿਜੈ ਉਨ੍ਹਾਂ ਨੇ ਸਮਝੀ ਹੈ ਉਹ ਹਾਰ ਹੈ, ਜਿੱਤ ਨਹੀਂ।

੩.

ਸੱਚੇ ਪਾਤਸ਼ਾਹ ਕੁਛ ਹੋਰ ਵਾਰਤਾਲਾਪ ਕਰਕੇ ਫੇਰ ਡੇਰੇ ਚਲੇ ਗਏ, ਪਰ ਭੱਲਾ ਕੁਛ ਨੀਮ ਬਾਵਰਾ ਜਿਹਾ ਫਿਰਦਾ ਰਿਹਾ। ਉਸ ਨੂੰ ਸਮਝ ਆਵੇ ਕਿ ਅਸੀਂ ਬੜੇ ਬਹਾਦੁਰ ਸਾਂ, ਪਰ ਗੁਰੂ ਜੀ ਨੇ ਛਿਨ ਵਿਚ ਕਾਇਰ ਸਾਬਤ ਕਰ ਦਿੱਤੇ। ਸੱਚ ਮੁੱਚ ਜਿਸ ਅਨੰਦ ਪੁਰ ਵਿਚ ਇਨ੍ਹਾਂ ਦੇਹੁੰ ਸਿੱਖਾਂ ਵਰਗੇ ਸੂਰਮੇ ਸਨ ਜੋ ਮੌਤ ਨੂੰ ਕੁਛ ਚੀਜ਼ ਨਹੀਂ ਸਮਝਦੇ, ਤਾਂ ਉਥੇ ਕਿੰਨਾ ਕੁ ਕਹਿਰ ਦਾ ਸੰਗ੍ਰਾਮ ਹੋਇਆ ਹੋਊ ?

ਜੋ ਸਭ ਕੁਛ ਵਾਰ ਕੇ ਫਿਰ ਅਭੈ ਹਨ ਤੇ ਅਛੋਭ ਹਨ ! ਮਰੇ ਸੂਰਮੇ ਤਕੜੇ ਹਨ, ਪਰ ਮੌਤ ਤੋਂ ਡਰਦੇ ਹਨ। ਅਸਲ ਬਹਾਦੁਰੀ ਨਿਰੀ ਵੱਡੀ ਡੀਲ ਵਿਚ, ਨਿਰੇ ਵੱਡੇ ਕੱਦ ਵਿਚ ਨਹੀਂ, ਨਿਰੀ ਕਿਸੇ ਜ਼ਾਤ ਵਿਚ ਨਹੀਂ, ਇਹ ਕੋਈ ਗੁਰੂ ਕੀ ਦਾਤ ਹੈ।

ਸ਼ਾਮਾਂ ਵੇਲੇ ਭੱਲਾ ਇਸ ਤਰ੍ਹਾਂ ਸਿਰ ਧੁਨ ਦਾ ਇਕ ਜੰਡ ਹੇਠ ਬੈਠਾ ਸੀ ਕਿ ਮਾਈ ਭਾਗੋ ਆ ਗਈ। ਲੰਮੀ ਡੀਲ, ਭਰਵਾਂ ਸਰੀਰ, ਹੱਥ ਵਿਚ ਲੰਮੀ ਦੁਸਾਂਗ, ਸਿਰ ਦੇ ਕੇਸ ਖੁਲ੍ਹੇ ਲਹਿਰੇ ਲੈ ਰਹੇ ਹਨ। ਮਾਈ ਮੁਕਤਸਰ ਦੇ ਜੰਗ ਮਗਰੋਂ ਇਤਨੀ ਆਤਮ ਆਰੂੜ ਅਵਸਥਾ ਵਿਚ ਚੜ੍ਹੀ ਸੀ ਕਿ ਉਸ ਨੂੰ ਤਨ ਦੇ ਕੱਪੜੇ ਦੀ ਬੀ ਸੋਝੀ ਨਹੀਂ ਸੀ ਰਹਿੰਦੀ*। ਉਸ ਦੇ ਚਿਹਰੇ ਤੇ ਰੱਬੀ ਨੂਰ ਤੇ ਤੇਜ ਐਨਾਂ ਸੀ ਕਿ ਜਿੱਧਰ ਜਾਵੇ ਸਭ ਦਾ ਸੀਸ ਚਰਨਾਂ ਵਲ ਝੁਕਦਾ ਸੀ। ਉਹ ਬੀਤ ਰਾਗ ਮਗਨਾਨੰਦ ਵਾਲੀ ਬੋਲੀ:–

ਓਇ ਭੱਲਿਆ ਮੱਲਿਆ ! ਨਿਰੇ ਮਾਸ ਦੇ ਥੈਲੇ ਬਹਾਦਰ ਨਹੀਂ ਹੁੰਦੇ, ਬਹਾਦਰ ਮਨ ਹੁੰਦਾ ਹੈ। ਸਰੀਰ ਤੇ ਮਨ ਬਲੀ ਹੈ, ਮਨ ਤੇ ਆਤਮਾ, ਆਤਮਾ ਤੇ ਪਰਮਾਤਮਾ। ਪਰਮਾਤਮ ਦੇਵ ਦਾ ਅੰਮ੍ਰਿਤ ਆਤਮਾ ਤੇ ਮਨ ਨੂੰ ਬਲਵਾਨ ਕਰਦਾ ਹੈ ਤੇ ਸਰੀਰ ਭੀ ਬਲਵਾਨ ਹੋ ਜਾਂਦਾ ਹੈ। ਦੇਖ ! ਮੈਂ ਇਸਨੂੰ ਫੇਰ ਮੈਂ ਆਤਮ ਰੰਗ ਦੀ ਜੱਗਤ-ਸੂ। ਅੰਮ੍ਰਿਤ ਛਕਕੇ ਮੈਂ ਖਾਲਸਾ ਹੋ ਗਈ, ਮੈਂ ਜੁੱਧ ਕੀਤਾ, ਮੈਂ ਫਤਹ ਪਾਈ, ਮੈਂ ਗਿਲਜੇ ਤੇ ਪਠਾਣਾਂ ਤੇ ਭਾਰੂ ਹੋਈ। ਜਿੱਤ ਪਾ ਕੇ ਮੁਕਤਸਰ ਫਤਹ ਕਰਕੇ ਮੈਂ ਮੋਈ ਜੀਵੀ, ਜੀਉਕੇ ਮੈਂ ਹੋਰ ਆਤਮ ਆਰੂੜ ਹੋਈ। ਫੇਰ ਮੈਂ ਖਾਲਸਾ ਹਾਂ, ਉਮਾਹ ਵਿਚ ਹਾਂ, ਜੋਤ ਦੇ ਰੰਗ ਵਿਚ ਹਾਂ, ਨਿਰਭੈ ਹਾਂ, ਨਿਰਵੈਰ ਹਾਂ, ਜੰਗ ਕਰਨ ਨੂੰ ਫੇਰ ਤਿਆਰ ਹਾਂ, ਸਭ ਤੋਂ ਉੱਚੀ ਹਾਂ, ਪਰ ਮੈਂ ਨਹੀਂ, ਮੇਰੇ ਵਿਚ ਜੋ ਆਪਾ ਹੈ, 'ਖਾਲਸਾ' ਖਾਲਸਾ ਹੈ, ਉਹ ਗੁਰੂ ਕਾ ਖਾਲਸਾ ਹੈ। ਖਾਲਸਾ ਬਿਜਈ ਹੈ ਸਰੀਰ ਉੱਤੇ, ਮਨ ਉੱਤੇ, ਜਗਤ ਉੱਤੇ। ਮੈਂ ਕੁਛ ਨਹੀਂ।.....ਤਕੜਾ ਹੋ !

*ਮਾਈ ਭਾਗੋ ਨੂੰ ਤਲਵੰਡੀ ਹੀ ਇਕ ਦਿਨ ਦਸਮੇ ਪਾਤਸ਼ਾਹ ਨੇ ਬੜੀ ਪਿਆਰ ਭਰੀ ਸ਼ਿਖਯਾ ਦੇਕੇ ਚਾਦਰੇ ਦੀ ਗਾਤੀ ਪਹਿਨਵਾ ਦਿਤੀ ਸੀ ਕਿ ਤੂੰ ਭਾ ਪੂਰਨ ਪਦ ਤੇ ਹੈਂ ਪਰ ਅਸੀਂ ਸਿਰਯਾਦਾ ਪੁਰਸ਼ੋਤਮ ਹਾਂ, ਸਾਡੇ ਨਾਲ ਰਹਿਣ ਵਾਲੇ ਸਰੀਰ ਸਭ ਸਿਰਯਾਦਾ ਵਿਚ ਟੁਰਨ ਇਹ ਸਾਡੀ ਸ਼ਿਖਯਾ ਹੈ।

ਭੱਲਾ (ਚਰਨਾਂ ਤੇ ਮੱਥਾ ਟੇਕ ਕੇ)–ਅੰਮਾਂ ! ਅੱਜ ਜੋ ਗੁਰਾਂ ਸਮਝਾਇਆ ਮੇਰੀ ਸਮਝੋਂ ਪਰੇ ਹੈ, ਮੈਂ ਗੁਆਰ ਜਾਂਗਲੀ, ਉਹ ਗੱਲਾਂ ਆਤਮਾਂ ਦੀਆਂ, ਮੈਂ ਬਾਵਰਾ ਹੋ ਰਿਹਾ ਹਾਂ।

ਮਾਈ–ਸੋਚਾਂ ਨਾ ਸੋਚ, ਛਕ ਅੰਮ੍ਰਿਤ ਬੱਚਿਆ ! ਸਤਿਗੁਰਾਂ ਤਾਂ ਆਤਮ ਬਾਣ ਮਾਰੇ। ਤੂੰ ਕਹਿਣਾ ਸੀ–ਜੀ ! ਸੱਤ ਹੈ ਮੈਨੂੰ ਵੱਲ ਦੱਸੋ ਕਿੰਵ ਬਣਾਂ ? ਮੂਰਖਾ ! ਇਕ ਤਾਂ ਹੁੰਦਾ ਹੈ ਗਯਾਨ, ਇਕ ਹੁੰਦਾ ਹੈ ਉੱਚੇ ਅੱਪੜਨ ਦਾ ਵੱਲ, ਤੂੰ ਵੱਲ ਕਿਉਂ ਨਾ ਪੁੱਛਿਆ ?

ਭੱਲਾ–ਮਾਂ ! ਮੂਰਖ ਤੂ ਹੋਇਆ ਉੱਕ ਗਿਆ।

ਮਾਈ–ਤੂੰ ਉੱਕਦਾ ਹੀ ਰਹਿੰਦਾ ਹੈਂ, ਇਕ ਵੇਲਾ ਆਉਣਾ ਹੈ ਕਿਤੇ ਫੇਰ ਨ ਉੱਕ ਜਾਈਂ।

ਭੱਲਾ–ਮਾਈ ! ਤੂੰ ਬਾਵਰੀ ਜਾਪਨੀ ਹੈਂ, ਵਿਚੋਂ ਕੇਡੀ ਸਿਆਣੀ ਹੈਂ ? ਤੂੰਹੋਂ ਰਸਤੇ ਪਾ ਦੇ।

ਮਾਈ–ਮੂਰਖ ਕਿ ਸਿਆਣੇ, ਮਸਤ ਕਿ ਹੋਸ਼ਾਂ ਵਾਲੇ, ਜੋ ਹਾਂ ਸੋ ਗੁਰੂ ਕੇ ਹਾਂ। ਜਿਉਂ ਪੋਰੇ ਕਰਨਾ। ਕਾਠ ਕੇ ਪੁਤਲੇ ਕਿਆ ਜਾਣਨ। ਮਸਤੀ ਸਿੱਖੀ ਵਿਚ ਰਵਾ ਨਹੀਂ, ਹੋਸ਼। ਹੋਸ਼ਾਂ ਵਾਲੀ ਮਸਤੀ, ਮਸਤੀ ਵਾਲੀ ਹੋਸ਼।

ਲੈ ਤਕੜਾ ਹੋ, ਕਾਕਿਆ ! ਬੱਲਿਆ ! ਬਾਣੀ ਪੜ੍ਹ, ਜਪੁ ਸਾਹਿਬ ਦਾ ਪਾਠ ਕਰ, ਤੈਨੂੰ ਸੂਝਤਿ ਆਵੇ ਤੇ ਮਨ ਦੀ ਮੈਲ ਲਹੇ; ਅੰਮ੍ਰਿਤ ਛਕ ਜੋ ਜੋਤ ਨਾਲ ਜੋਤ ਠਹਿਕਾ ਖਾ ਜਾਵੇ। ਨਾਮ ਜਪ ਜੋ ਜੋਤ ਨਾਲ ਠਹਿਕਾ ਵਜਦਾ ਹੀ ਰਹੇ, ਜਦ ਜੋਤ ਨਾਲ ਠਹਿਕਾ ਲੱਗਾ ਤੇ ਫੇਰ ਨਿੱਤ ਲਗਦਾ ਹੀ ਰਹਿਣ ਲੱਗ ਪਿਆ, ਤਦ ਆਪੇ ਖਾਲਸਾ ਬਣ ਗਿਆ, ਅਸਾਂ ਕੀਹ ਬਣਾਉਣਾ ਹੈ ? ਸੂਰਮਾਂ ਤੂੰ ਹੈਂ ਹੀ, ਆਪਣੇ ਸਰੀਰ ਦੀ ਮੌਤ ਤੇ ਜਿੱਤ ਪਾਈ, ਨਿਰਭੈ ਹੋ ਗਿਆ। ਭੋਲਿਆ ! ਅੱਬ ਨਾ ਗਿਣ, ਬੂਟੇ ਨਾ ਪਰਖ, ਅੰਬ ਖਾਹ। ਸੁਆਦ ਨਾ ਪਰਖ, ਛਕ ਤੇ ਅਮਲ ਕਰ। ਜਿੱਤ ਇਹ ਰਤਨ ਅਮੋਲਕ ਜਨਮ, ਕੋਈ ਦਿਨ ਦੀ ਖੇਡ ਹੈ।

ਭੱਲਾ–ਅੰਮਾਂ ਕਿਵੇਂ ਕਰਾਂ ?

ਭਾਗੋ–ਭੋਲਿਆ ! ਖਾਲਸਾ ਸਜ।

ਭੱਲਾ–ਕਿਵੇਂ ?

ਭਾਗੋ–ਪੂਰਨ ਜੋਤ ਅੰਦਰ ਜਗਾ ਤੇ ਨਾਲ ਲੱਗਾ ਰਹੁ।

ਡੱਲਾ—ਉਹ ਕਿਵੇਂ ?

ਭਾਗੋ- ਜਿਵੇਂ ਗੁਰੂ ਨੇ ਆਪ ਕਿਹਾ ਹੈ।

ਡੱਲਾ—ਕਿਵੇਂ ?

ਭਾਗੋ—'ਜਾਗਤ ਜੋਤ ਜਪੈ ਨਿਸਬਾਸਰ'।
ਦਿਨ ਰਾਤ ਵਾਹਿਗੁਰੂ ਨੂੰ ਜਪ।

ਡੱਲਾ—ਜਪਾਂ ਕਿਵੇਂ ?

ਭਾਗੋ—ਨਾਮ ਦਾਤੇ ਗੁਰੂ ਦੇ ਚਰਨ ਪਕੜ ਤੇ
ਕਹੁ ਜੀ ਨਾਮ ਦਾਨ ਦਿਓ।

ਡੱਲਾ—ਉਹ ਕਹਿਦੇਣਗੇ ਜਪੁ ਤੇ ਮੈਂ ਕੀਕੂੰਜਪੂੰ ?

ਭਾਗੋ—ਓਹ ਕਹਿਣਗੇ ਏਨੂੰ ਅੰਮ੍ਰਿਤ ਛਕ ਖੰਡੇਦਾ।

ਡੱਲਾ—ਫੇਰ ਛਕ ਲਿਆ, ਸ਼ਰਬਤ ਪੀ ਲਿਆ,
ਕਈ ਵੇਰ ਸ਼ਰਬਤ ਪੀਤੇ।

ਭਾਗੋ—ਮੂਰਖ ਜਾਂਗਲੀ ! ਅੰਮ੍ਰਿਤ ਤੇ ਸ਼ਰਬਤ ਇੱਕ ਹੈ ? ਦੇਖ ! ਸ਼ਰਬਤ ਕਈ ਵੇਰ ਪੀਤਾ, ਮੈਂ ਤ੍ਰੀਮਤ ਰਹੀ। ਅੰਮ੍ਰਿਤ ਪੀਤਾ, ਇਧਰ ਮੈਂ ਗਜਾਤ ਰੋਜ ਹੋ ਗਈ, ਚਾਨਣ-ਦਿਮਾਗ ਹੋ ਗਈ, ਜੋਤ ਜਗ ਪਈ, ਉਧਰ ਮੁਗਲਾਂ ਪਠਾਣਾਂ ਨੂੰ ਦੁਰਗਾ ਤੋਂ ਵਧੇਰੇ ਮੈਂ ਤੱਛ ਮੁੱਛ ਕੀਤਾ।

ਡੱਲਾ—ਆਹੋ ਆਹੋ ਅੰਮਾਂ ਪ੍ਰਤੱਖ ਗੱਲ ਹੋਈ। ਜੀ ਹਾਂ, ਪ ਰ ਤ ਖ ਜੀ ਸਾਮਰਤੱਖ, ਸਾ ਮ ਰ ਤ ਖ। ਠੀਕ ! ਹਾਂ, ਅੰਮਾਂ ! ਕਿਵੇਂ, ਕੀ ਕਰਾਂ ?

ਮਾਈ—ਸਤਿਗੁਰ ਆਤਮ ਰੰਗ ਵਾਲੇ, ਸਿੱਖ ਆਤਮਰੰਗ ਵਾਲੇ, ਅੰਮ੍ਰਿਤ ਛਕਾ ਕੇ ਤੇਰੇ ਵਿਚ ਆਤਮਾ ਦੀ ਰਾਸ ਭਰ ਦੇਣਗੇ, ਉਨ੍ਹਾਂ ਦਾ ਆਤਮ ਬਲ ਤੇਰੇ ਅੰਦਰ ਨਾਮ ਦਾਨ ਦਾ ਪ੍ਰਵੇਸ਼ ਕਰਕੇ ਨਿਵਾਸ ਕਰਾ ਦੇਵੇਗਾ। ਅੰਮ੍ਰਿਤ ਨਾਮ ਦੀ ਰਾਸ ਹੈ, ਘਟ ਜੋਤ ਜਗਣ ਦੀ ਪੂੰਜੀ ਹੈ, ਅੰਮ੍ਰਿਤ ਛਕ ਜੋ ਨਾਮ ਜਪੇਂ। ਨਾਮ ਜਪੇਂ, ਜੋਤ ਨਾਲ ਜਾਗ ਪਵੇ, ਜਾਗ ਪਿਆ ਖਾਲਸਾ, ਨਿਰਭੈ ਹੋਗਿਆ ਖਾਲਸਾ, ਫੇਰ ਤੂੰ ਖਾਲਸਾ ਤੇਰਾ ਗੁਰੂ ਖਾਲਸਾ, ਇਹ ਪੰਥ ਖਾਲਸਾ। ਜੋ ਪੰਥ ਦਾ ਸੋ ਤੇਰਾ, ਜੋ ਤੇਰਾ ਸੋ ਖਾਲਸੇ ਦਾ। ਅਕਾਲ ਪੁਰਖ ਦੀ ਗੋਦੀ ਖੇਡੇ ਖਾਲਸਾ, ਓਹ ਤੇਰੀ ਟੇਕ, ਫੇਰ ਜੀਉ ਪਿਆ ਤੂੰ। ਡੱਲਿਆ ! ਫੇਰ ਤੂੰ 'ਪੰਜ ਪਿਆਰਿਆਂ ਚਾਲੀ ਮੁਕਤਿਆਂ' ਵਾਂਗ ਖਾਲਸਾ, ਪਰ ਕਾਂਪ ਨਾ ਖਾਈਂ।

ਐਉਂ ਕਹਿੰਦੀ ਮਾਈ ਡੱਲੇ ਦੇ ਕੰਨ ਮਰੋੜਦੀ ਉਪਕਾਰੀ ਵਾਯੂ ਵਾਂਗੂੰ ਚਲੀ ਗਈ।

ਡੱਲਾ ਕੁਛ ਸੁਖੀ ਹੋ ਗਿਆ, ਕੁਛ ਬੇ ਮਲੂਮੇ ਵਾਹਿਗੁਰੂ ਉਚਾਰਨ ਲੱਗ ਪਿਆ। ਉਠ ਕੇ ਦੀਵਾਨ ਵਿਚ ਆਇਆ, ਅੱਗੇ ਭੋਗ ਪੈ ਹਟਿਆ ਸੀ ਰਹੁ-ਰਾਸ ਦਾ, ਮਹਾਰਾਜ ਬੈਠੇ ਸਨ ਤੇ ਓਸੇ ਵੇਲੇ ਮਾਤਾ ਸੁੰਦਰੀ ਜੀ ਆਣ ਅੱਪੜੇ ਸਨ, ਚਰਨ ਪਰਸ ਕੇ ਅੱਖਾਂ ਭਰ ਆਈਆਂ ਤੇ ਸੁੰਦਰੀ ਜੀ ਦੇ ਮੂੰਹੋਂ ਨਿਕਲਿਆ—"ਹੇ ਜਗਤ ਪ੍ਰਾਣ ਦਾਤਾ !—
ਮੇਰੇ ਚਾਰੇ ਲਾਲ..... ....."

ਇਹ ਕਹਿੰਦੀ ਦਾ ਗਲ ਰੁਕ ਗਿਆ ਤੇ ਸਾਰੀ ਸੰਗਤ ਤੇ ਐਸਾ ਵੈਰਾਗ ਛਾਯਾ ਕਿ ਸਭ ਦੇ ਮਾਨੋਂ ਸੰਘ ਮਿਲ ਗਏ, ਨੈਣ ਵਗ ਟੁਰੇ ਤੇ ਲੂੰ ਕੰਡੇ ਹੋ ਗਏ। ਸਤਿਗੁਰਾਂ ਦੇ ਨੈਣ ਮੁੰਦ ਗਏ, ਇਕ ਚੁੱਪ ਚਾਪ ਸਨਾਟੇ ਦਾ ਰੰਗ ਛਾ ਗਿਆ, ਅੱਧੀ ਘੜੀ ਕੋਈ ਬੋਲਿਆ ਨਹੀਂ, ਪੱਤ ਨਹੀਂ ਹਿੱਲਿਆ ਫੇਰ ਸਤਿਗੁਰਾਂ ਦੇ ਨੈਣ ਖੁੱਲੇ। ਇਕ ਡਾਢੀ ਮਿੱਠੀ ਚਾਨਣੀ ਉਨ੍ਹਾਂ ਤੋਂ ਬਰਸੀ, ਸਾਰੇ ਦੀਵਾਨ ਤੇ ਇਕ ਐਸਾ ਅਸਰ ਛਾਇਆ ਜ਼ਿਵੇਂ ਕੋਈ ਠੰਢੀ ਠੰਢੀ ਮਰ੍ਹਮ ਦਿਲਾਂ ਤੇ ਲੱਗ ਗਈ ਹੈ। ਫੇਰ ਮੁਖਾਰਬਿੰਦ ਖੁਲ੍ਹਿਆ, ਇਲਾਹੀ ਨਾਦ ਹੋਇਆ:—

ਰਾਖੁ ਸਦਾ ਪ੍ਰਭ ਅਪਨੈ ਸਾਥ ॥ ਤੂ ਹਮਰੋ ਪ੍ਰੀਤਮੁ ਮਨਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ ॥ ੧ ॥ ਰਹਾਉ ॥ ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ ॥ ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ ॥ ੧ ॥ ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ ॥ ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ ॥ ੨ ॥

[ਬਿਲਾਵਲ ਮਃ ੫

ਸ਼ਬਦ ਦੀ ਸਮਾਪਤੀ ਤੇ ਮਹਾਰਾਜ ਫੇਰ ਮੌਨ ਧਾਰ ਗਏ, ਸਾਰੇ ਹਿਰਦੇ ਸਾਈਂ- ਵਾਹਿਗੁਰੂ—ਦੇ ਮਾਨੋਂ ਚਰਨਾਂ ਨਾਲ ਲਿਪਟ ਗਏ, ਮਾਤਾ ਜੀ ਵੀ ਜੋਤਿ ਵਿਚ ਜੁੜ ਗਏ। ਇਸ ਹਾਲਤ ਵਿਚ ਇਕ ਨਿੱਕਾ ਜਿਹਾ ਬੂਟਾ ਆਇਆ, ਕੀ ਦੇਖਦੇ ਹਨ ਕਿ ਚਾਰੇ ਬੇਟੇ ਤੇਜਮਈ ਜਾਮੇ ਵਿਚ ਅਰਸ਼ਾਂ ਵਿਚ ਬਿਰਾਜ ਰਹੇ ਹਨ। ਇਹ ਝਲਕਾ ਕਈ ਸ਼ਰੀਰਾਂ ਨੂੰ ਵੱਜਾ, ਤਦੋਂ ਦਾਤਾ ਜੀ ਫੇਰ ਬੋਲੇ:—

'ਮਰੇ ਨਹੀਂ' ਇਹ ਜੀਂਵਦੇ ਅਟੱਲ ਗੋਦ ਵਿਚ ਕਾਰ। ਸਾਡੀ ਗੋਦੀ ਖਾਲਸਾ ਪੁੱਤਰ ਅਮਰ ਅਪਾਰ।'

ਠੰਢ ਪੈ ਗਈ । ਪੁੱਤਰ ਵਿਯੋਗ, ਦੋਵੀ ਪੁੱਤਰ ਵਿਯੋਗ, ਇਕ ਨਹੀਂ ਚਾਰ ਪੁੱਤਰ ਵਿਯੋਗ, ਇਤਨੇ ਜ਼ੁਲਮ, ਕਸ਼ਟ, ਬੇਰਹਿਮੀ, ਦੁੱਖਾਂ, ਤਸੀਹਿਆਂ ਦੇ ਮੂੰਹ ਆਕੇ ਪੁੱਤਰ ਵਿਯੋਗ ਦਾ ਕਸ਼ਟ ਮਾਂ ਦੇ ਹਿਰਦੇ ਤੋਂ ਇਸ ਅਰਸ਼ੀ ਦਾਤੇ ਦੀ ਮਿਹਰ ਨਾਲ ਸ਼ੁਕਰ ਵਿਚ ਪਲਟ ਗਿਆ। ਠੰਢ ਵਰਤ ਗਈ। ਹੱਸ ਬੋਲੇ ਸੁਆਮੀ ਤਦੋਂ:—

ਸ਼ੇਰ ਹੋ ਜਾਓ ਖਾਲਸਾ ! ਤੁਸੀਂ ਮੇਰੇ ਪੁੱਤਰ ਹੋ, ਉਨ੍ਹਾਂ ਪੁੱਤਰਾਂ ਦੇ ਖੂੰਨ ਤੋਂ ਜਨਮੇਂ ਹੋ। ਤੁਸੀਂ ਜਗਤ ਵਿਚ ਅਮਰ ਪੁੱਤਰ ਹੋ। ਖਾਲਸਾ ਸਦਾ ਜੀਏਗਾ। ਤੁਸੀਂ ਓਹ ਪੁੱਤਰ ਹੋ ਜੋ ਜਗਤ ਮਾਤਾਨੂੰ ਸੁਖ ਦਿਓਗੇ।

ਹੁਣ ਭੱਲਾ ਹੋਰ ਹੈਰਾਨ ਸੀ ਕਿ ਕਿਤਨਾ ਕਸ਼ਟ ਦਾ ਸਮਾ ਸੀ, ਕਿਵੇਂ ਸਤਿਗੁਰਾਂ ਨੇ ਠੰਢ ਵਰਤਾਈ ? ਆਪ ਦੁੱਖਦੇ ਹਨ, ਪਰ ਕਿਸਤਰ੍ਹਾਂ ਅਛੋਭ ਹਨ।

ਭੱਲੇ ਨੇ ਮਾਤਾ ਜੀ ਲਈ ਕਿਲ੍ਹੇ ਵਿਚੋਂ ਬਾਂ ਅਰਪਨ ਕੀਤੀ, ਪਰ ਉਨ੍ਹਾਂ ਨੇ ਉੱਥੇ ਹੀ ਤੰਬੂ ਲਗਵਾ ਕੇ ਚਰਨਾਂ ਕਮਲਾਂ ਵਿਚ ਰਹਿਣਾ ਪਸੰਦ ਕੀਤਾ।

ਏਥੇ ਗੁਰੂ ਜੀ ਦਾ ਪੱਕਾ ਰਹਿਣਾ ਵਿੱਦਤ ਹੁੰਦਾ ਗਿਆ ਤੇ ਸੰਗਤਾਂ ਦੀ ਆਵਾਜਾਈ ਪੱਕੀ ਹੋ ਗਈ। ਅਨੇਕ ਸਾਖੀਆਂ ਸਿੱਖਾਂ ਦੇ ਪ੍ਰੇਮ, ਗੁਰਾਂ ਦੇ ਤਾਰਨ ਹਾਰ ਬਿਰਦ ਦੀਆਂ ਵਰਤੀਆਂ। ਭੱਲੇ ਨੂੰ ਸਮਝ ਆ ਗਈ ਤੇ ਉਸਨੇ ਅੰਮ੍ਰਿਤ ਛਕਿਆ*। ਉਸ ਦੇ ਦੇਵ-ਕੱਦ ਵਾਲੇ ਭਾਈ ਬੰਦਾਂ ਅੰਮ੍ਰਿਤ ਛਕਿਆ, ਸਿੱਖੀਰਹੁ-ਰੀਤ ਵਿਚ ਆਕੇ ਬਾਣੀ ਨਾਮ ਦੇ ਆਸਰੇ ਉੱਚੇ ਮਨ ਹੋਕੇ ਇਨ੍ਹਾਂ ਗੱਲਾਂ ਦੀ ਸਮਝ ਆਈ ਕਿ ਸਾਡਾਪਹਿਲਾ ਬਲਬੀਰਤਾ,ਹਾਬੀ ਝੋਟੇ ਦੇ ਬਲ ਵਾਂਙੂ ਇਕ ਸਰੀਰਕ ਖੇਲ ਸੀ। ਹੁਣ ਜੋ ਬਲ ਆਇਆ ਹੈ, ਜਿਸ ਨੇ ਮੌਤ ਦਾ ਭੈ ਤੇ ਪੀੜਾ ਦਾ ਸੰਤਾਪ ਤੋੜ ਦਿੱਤਾ ਹੈ ਤੇ ਖਿਆਲ ਅਭੈ ਪਦ ਵਿਚ ਗੱਡ ਦਿੱਤਾ ਹੈ, ਇਹ ਅਸਲ ਸੂਰਬੀਰਤਾ ਹੈ। ਸਤਿਗੁਰੂ ਜੀ ਜਦ ਸਮਾਂ ਬਣੇ ਸੰਗਤਾਂ ਨੂੰ ਇਹ ਗੱਲ ਤਰ੍ਹਾਂ ਤਰ੍ਹਾਂ ਨਾਲ ਨਿਰਣੈ ਕਰਕੇ ਦੱਸਿਆ ਕਰਦੇ ਸੇ ਕਿ ਨਿਰਾ ਸ਼ਰੀਰ ਪਸ਼ੂਆਂ ਦਾ ਭੀ ਤਕੜਾ ਹੈ। ਸ਼ਰੀਰ ਤਕੜਾ ਜ਼ਰੂਰ ਚਾਹੀਏ, ਅਰੋਗ ਮਜ਼ਬੂਤ ਤੇ ਬਲਵਾਨ ਚਾਹੀਏ, ਪਰ ਨਾਲ ਮਨ ਦੀ ਸ਼ਕਤੀ ਦੇ ਆਸਰੇ ਉੱਚੇ ਖਿਆਲ, ਉੱਚੇ ਆਦਰਸ਼ ਦੇ ਆਸਰੇ ਜੋ ਅੰਦਰ ਉੱਚਾ ਹੁੰਦਾ ਹੈ, ਉਹ ਬੀਰਤਾ ਅਸਲ ਹੁੰਦੀ ਹੈ, ਨਿਰੇ ਹੰਕਾਰ ਦੇ ਗੱਡੇ ਚੜ੍ਹਕੇ ਧੱਕਾ ਕਰਨਾ, ਦੂਸਰੇ ਦਾ ਹੱਕ ਗੁਆਉਣਾ, ਹੈਂਕੜ ਵਿਚ, ਜ਼ੋਰ ਜ਼ੁਲਮ ਵਿਚ ਸੂਰਮਾਂ ਸਦਵਾਉਣਾ ਬੀਰਤਾ ਨਹੀਂ। ਇਹ ਉਹੋ ਅਨਜਾਯ ਹੈ, ਜਿਸ ਨੂੰ ਤੋੜਨ ਲਈ ਅਸੀਂ ਆਪਾ ਸਦਕੇ ਕਰ ਰਹੇ ਹਾਂ, ਇਸ ਲਈ ਖਾਲਸਾ ਜਤਨ ਸਦਾ ਕਰੇਗਾ ਕਿ ਇਹ ਆਤਮ ਅਸੂਲ ਬੀਰਤਾ ਦਾ ਕਾਇਮ ਰਹੇ। ਇਸ ਦੇ ਨਾਲ ਹੀ ਇਹ ਉਪਦੇਸ਼ ਭੀ ਹੁੰਦਾ ਰਹਿੰਦਾ ਕਿ ਸ਼ਰੀਰਕ ਬਲ ਭੀ ਵਧਾਉਣਾ ਹੈ, ਨਿਤਾਣੇ ਰੋਗੀ ਨਹੀਂ ਬਣ ਜਾਣਾ, ਐਸੇ ਸਾਧਨ ਨਹੀਂ ਕਰਨੇ ਜੋ ਸ਼ਰੀਰ ਬਲਹੀਨ ਹੋ ਜਾਵੇ।

ਖਾਲਸਾ ਖੁਸ਼ ਖਿੜਿਆ, ਅੰਦਰੋਂ ਜਾਗਦੀ ਜੋਤਿ ਦੀ ਛੁਹ ਵਿਚ ਬੀਰ ਬਾਂਕਰਾ ਛੈਲ ਛਬੀਲਾ ਹੁਣ ਦਮਦਮੇ ਦੇ ਚਾਰ ਚੁਫੇਰੇ ਗੱਜਣ ਲੱਗਾ। ਮਾਲਵੇ ਦੇ ਲੋਕ ਆ ਆ ਕੇ ਅੰਮ੍ਰਿਤ ਛਕਣ ਲਗੇ, ਇਧਰੋਂ ਪੰਜਾਬ ਆਦਿਕ ਥਾਵਾਂ ਤੋਂ ਸੰਗਤਾਂ ਪਹੁੰਚਣ ਲਗ ਪਈਆਂ। ਲਿਖਿਆ ਹੈ ਕਿ ਅੰਮ੍ਰਿਤਸਰ ਦੇ ਲਾਗੇ ਚੱਬੇ ਦੀ ਮਾਈ ਸੁਲੱਖਣੀ ਪੁੱਤਰ ਕਾਮਨਾ ਲਈ ਏਥੇ ਹੀ ਅੱਪੜੀ ਸੀ*। ਮਹਾਰਾਜ ਸ਼ਿਕਾਰ ਖੇਲਣ ਚੜ੍ਹੇ ਹੀ ਸਨ ਕਿ ਇਸ ਮਾਈ ਨੇ ਸੱਦ ਲਾਈ:—

ਸੁਹਣੀਏ ਦਾੜ੍ਹੀਏ ਬੀਬੀਏ ਪੱਰੇ,
ਬਿਨੈ ਕਰੇਂਦੀ ਗੁਰ ਗੋਬਿੰਦ ਸਿੰਘ ਅੱਗੇ।
ਗੋਤ ਵਢਾਇਣ ਰਹਿੰਦੀਆਂ ਚੱਬੇ।
ਅੱਫਲ ਜਾਂਦੀ ਨੂੰ ਇਕ ਫਲ ਲੱਗੇ।

ਸਦਾ ਹੁਲਾਸ ਤੇ ਹੁਲਾਰਿਆਂ ਵਿੱਚ ਰਹਿਣ ਵਾਲੇ ਸਤਿਗੁਰ ਨੇ ਕਿਹਾ, "ਤੇਰੇ ਕਰਮਾਂ ਵਿਚ

*ਇਸ ਦੇ ਅੰਮ੍ਰਿਤ ਛਕਣ ਦਾ ਪ੍ਰਸੰਗ ਅਗੇ ਆਪਣੇ ਥਾਂ ਸਿਰ ਆਵੇਗਾ, ਇਥੇ ਸਾਰੇ ਸਿਰ ਐਵੇਂ ਜ਼ਿਕਰ ਆਇਆ ਹੈ।

*ਕਈਆਂ ਦਾ ਖ਼ਿਆਲ ਹੈ ਕਿ ਇਹ ਵਾਕਿਆ ਚੱਬੇ ਦਾ ਹੈ ਜੋ ਅੰਮ੍ਰਿਤਸਰ ਨੇੜ ਹੈ, ਪਰ ਚੱਬੇ ਦਸਮ ਸਤਿਗੁਰੂ ਜੀ ਆਏ ਨਹੀਂ ਲਿਖੇ। ਇਹ ਖਿਆਲ ਭੀ ਹੈ ਕਿ ਇਹ ਮਾਈ ਹੋਰ ਸੀ ਤੇ ਚੱਬੇ ਵਾਲੀ ਮਾਈ ਛੇਵੇਂ ਗੁਰੂ ਨੂੰ ਚੱਬੇ ਹੀ ਮਿਲੀ ਸੀ। ਪ੍ਰਸੰਗ ਇਕੋ ਜਿਹਾ ਹੋਣ ਕਰਕੇ ਰਲਾ ਪੈਂਦਾ ਹੈ। †ਸ: ਪੋ: ਵਿਚ ਐਉਂ ਹੈ:—
ਬਿਨੈ ਕਰੇਂਦੀ ਸਤਿਗੁਰ ਗੋਬਿੰਦ ਸਿੰਘ ਅਗੇ। ਸੁਹਣੀ ਦਾੜ੍ਹੀ ਬੀਬੀ ਪੱਰੇ। ਗੋਤ ਵੜਾਇਚ ਪਿੰਡ ਹੈ ਚੱਬੇ। ਖਾਲੀ ਦਲੀ ਜੋ ਇਥ ਫਲ ਲਗੇ।

ਪੁੱਤ੍ਰ ਨਹੀਂ'' ''ਓਹ ਬੋਲੀ ਓਥੇ ਬੀ ਕਰਮ ਲਿਖਣ ਵਾਲਾ ਤੁੰਹੀ ਹੈਂ, ਜੇ ਓਥੇ ਨਹੀਂ ਸਾਜੇ ਲਿਖਿਆ ਤਾਂ ਹੁਣ ਲਿਖ ਦਿਓ ?'' ਆਪ ਹੱਸ ਬੋਲੇ, ''ਲਿਆ ਕਲਮ !'' ਕਿਸੇ ਨੇ ਦੁਆਤ ਕਲਮ ਅਗੇ ਕੀਤੀ; ਹੱਸਦੇ ਹੱਸਦੇ ਓਸ ਦੇ ਮੱਥੇ ਤੇ ਏਕਾ ਲਿਖਣ ਲਗੇ ਤਾਂ ਘੋੜਾ ਹਿੱਲ ਪਿਆ । ਏਕੇ ਦਾ ਸਾਤਾ ਵਹਿ ਗਿਆ, ਫਿਰ ਤਾਂ ਕੈਤਕੀ ਗੁਰੂ ਜੀ ਬਹੁਤ ਹੱਸੇ ਤੇ ਕਹਣ ਲਗੇ–''ਅੱਛਾ ਸੱਤੇ ਸਹੀ !'' ਲਿਖਿਆ ਹੈ ਕਿ ਇਸ ਦੇ ਘਰ ਸੱਤ ਬੇਟੇ ਹੋਏ ।

੪.

ਹੁਣ ਆਈ ਉਹ ਵਾਰਤਾ, ਜਿਸ ਦੀ ਦੁਖੀਆ ਅਸਾਂ ਇਸ ਪ੍ਰਸੰਗ ਦੇ ਅਰੰਭ ਵਿਚ ਵਾਚੀ ਸੀ। ਦਮਦਮੇ ਸਾਹਿਬ ਦੀਵਾਨ ਸਜ ਰਿਹਾ ਸੀ, ਮਹਾਰਾਜ ਨੇ ਕਈ ਵੇਰ ਲਿੱਖਣਾਂ ਘੜ ਕੇ ਸੱਟੀਆਂ ਤੇ ਆਖਿਆ ਏਥੇ ਗੁਰਬਾਣੀ ਦੇ ਲੇਖਕ ਹੋਣਗੇ । ਕਈ ਵੇਰ ਕਿਹਾ–ਏਥੇ ਅੰਬ ਲਗੇ ਹਨ, ਕਣਕਾਂ ਦੇ ਖੇਤ ਲਹਿ ਲਹਿ ਕਰ ਰਹੇ ਹਨ । ਭੱਲੇ ਨੇ ਕਿਹਾ–ਪਾਤਸ਼ਾਹ ! ਜੇ ਕਣਕਾਂ ਹੋ ਪਈਆਂ ਤਾਂ ਤੁਰਕ ਆ ਜਾਣਗੇ ਤੇ ਸਾਨੂੰ ਸੁਖੀ ਨਹੀਂ ਰਹਿਣ ਦੇਣਗੇ ! ਬਾਜਰਾ ਹੀ ਬਖਸ਼ੀ ਰਖੋ ! ਸਤਿਗੁਰਾਂ ਕਿਹਾ:– ਤਕੜਾ ਹੋ, ਕਾਂਪ ਨਾ ਖਾਹ, ਤੁਰਕ ਮਤ ਮਿਟਣਗੇ ਤੇ ਏਥੇ ਨਹਿਰਾਂ ਵਹਿਣਗੀਆਂ*, ਸਰਹਿੰਦ ਦੇ ਪਦਾਰਥ ਏਥੇ ਉੱਗਣਗੇ। ਇਸ ਤਰ੍ਹਾਂ ਕੌਤਕਾਂ ਵਿਚ ਭਾਈ ਭਗਤੂ ਦੇ ਪੁੱਤ ਭਾਈ ਗੌਰੇ ਦਾ ਪੁੱਤ ਦਿਆਲਾ ਆਇਆ ! ਰਸਮ ਰਿਵਾਜ ਮੁਜਬ ਗੁਰ ਗਾਦੀ ਅਗੇ ਆ ਕੇ ਨਿਵਿਆਂ, ਭੇਟਾ ਚੜ੍ਹਾਈ, ਤਦ ਮਾਲਕ ਜੀ ਹੱਸ ਬੋਲੇ, ਦਿਆਲਾ ਭਾਈ ! ਤੂੰ ਸੱਤਵੇਂ ਗੁਰਾਂ ਦੀ ਬਖਸ਼ਿਸ਼ ਹੈਂ, ਆਪ ਮਲਾਹ ਹੈਂ, ਪਰ ਬਈ ਬੇੜੀ ਪੁਰਾਣੀ ਹੋਈ ਹੈ । ਪੂਜਾ ਅਸਰ ਕਰ ਰਹੀ ਹੈ, ਜਰਜਰੀ ਬੇੜੀ ਨਵੀਂ ਕੀਚੇ । ਦਿਆਲੇ ਕਿਹਾ–ਜੀ ਉਮਰ ਵਡੇਰੀ ਹੈ, ਕਿਵੇਂ ਕਰਾਂ ? ਹੱਸ ਬੋਲੇ–ਪੁਰਾਣਾ ਦਿਆਲਾ ਅੰਦਰੋਂ ਟੋਰ ਦੇਹ, ਨਵਾਂ ਸਾਂਭ ਲੈ । ਫਿਰ ਬੋਲਿਆ–ਦੋ ਪੁਰਾਣੇ ਹਨ, ਨਵਾਂ ਕਿਵੇਂ ਬਣਾਂ ? ਮੁਤ ਕਿਵੇਂ ਉਪਜਾਂ ?

ਗੁਰੂ ਜੀ–ਗੁਰ ਕੇ ਗ੍ਰਿਹ ਜਨਮੋਂ ।

ਦਿਆਲਾ–ਗੁਰੂ ਜੀ ! ਸਿਖੀ ਤਾਂ ਖਾਨਦਾਨ ਵਿਚ ਹੈ, ਤੁਸਾਡੀ ਬਖਸ਼ਿਸ਼ ਹੈ ।

ਗੁਰੂ ਜੀ–ਮੁਤ ਜੀ ਉਠੋ, ਉਹ ਸਿੱਖੀ ਪੂਜਾ ਦੇਣ ਵਾਲੇ ਖਾ ਗਏ, ਮੁਤ ਜੀਓ ।

ਦਿਆਲਾ–ਕਿਵੇਂ ?

ਗੁਰੂ ਜੀ–ਅੰਮ੍ਰਿਤ ਛਕੋ, ਖਾਲਸਾ ਸਜੋ !

ਦਿਆਲਾ (ਭੈ ਖਾਕੇ)–ਪਾਤਸ਼ਾਹ ! ਸਿੱਖੀ ਵਿਚ ਰਖੋ ਤੇ ਨਿਬਾਹ ਲਓ,ਅੰਮ੍ਰਿਤ ਦੀ ਸਮਰੱਥਾ ਨਹੀਂ ।

ਗੁਰੂ ਜੀ–ਸਮਰੱਥਾ ਤਾਂ ਹੈ, ਕਾਣ ਹੈ ! ਕਾਣ ਦੂਰ ਕਰੋ ! ਹਕਮ ਤੇ ਆਓ !

ਪਰ ਦਿਆਲੇ ਨੇ ਹੁਕਮ ਨਾ ਮੰਨਿਆਂ 'ਜਿਵੇਂ ਹਾਂ ਰਹਿਣ ਦਿਓ' ਕਹਿੰਦਾ ਗਿਆ !

ਹੁਕਮ ਹੋਇਆ:–ਚੰਗਾ ! ਸਾਡਾ ਆਖਾ ਨਹੀਂ ਮੰਨਿਆਂ, ਵਕਤ ਆਵੇਗਾ, ਸਿੱਖਾਂ ਤੋਂ ਅੰਮ੍ਰਿਤ ਮੰਗੋਗੇ, ਤਰਲੇ ਕੱਢੋਗੇ ਤਾਂ ਖੈਰ ਮਿਲੇਗੀ । ਪਿਆਰੇ ਦੀ ਅੰਸ਼ ਬੀ ਮਸੰਦ ਹੋ ਗਈ ।

ਇਹ ਕਹਿਕੇ ਗੁਰੂ ਜੀ ਨੇ ਫੇਰ ਉਸ ਨੂੰ ਕੁਝ ਨਾ ਕਿਹਾ । ਪਰੰਤੂ ਇਹ ਗੱਲ ਇਨ੍ਹਾਂ ਦੇ ਆਪਣੇ ਖਿੰਡ ਦੇ ਆਲੇ ਦੁਆਲੇ ਫੈਲ ਗਈ । ਇਹ ਖ਼ਬਰ ਭਾਈ ਭਗਤੂ ਦੀ ਦੂਸਰੀ ਉਲਾਦ ਨੂੰ ਬੀ ਪਹੁੰਚੀ ਕਿ ਦਿਆਲੇ ਨੇ ਸਤਿਗੁਰਾਂ ਦਾ ਵਾਕ ਉਲੰਘਨ ਕੀਤਾ ਹੈ । ਸਭ ਤੋਂ ਪਹਿਲਾਂ ਇਹ ਖ਼ਬਰ ਦੇਸਾਂ ਨੂੰ ਪਹੁੰਚੀ ਸੀ, ਜੋ ਬਾਲਪਨੇ ਤੋਂ ਗੁਰੂ ਚਰਨਾਂ ਦੀ ਪ੍ਰੇਮਣ, 'ਵਾਹਿਗੁਰੂ ਵਿੱਚ ਵਿੱਥ ਨਾ ਪਵੇ' ਦੇ ਤਰਲੇ ਲੈਣ ਵਾਲੀ ਅਤੇ ਨਾਮ ਦੀ ਰਸੀਆ ਸੀ । ਪਤੀ ਨਾਲ ਕਦੇ ਜਾਕੇ ਸਾਹਿਬਾਂ ਦੇ ਦਰਸ਼ਨ ਕਰਕੇ ਇਹ ਬੀਬੀ ਤ੍ਰਿਤ ਕ੍ਰਿਤ ਹੋ ਚੁਕੀ ਹੋਈ ਸੀ ! ਤਦ ਦੀ ਕਦੇ ਵੀ ਉਨ੍ਹਾਂ ਦੇ ਚਰਨਾਂ ਕਵਲਾਂ ਤੋਂ ਦਿਲੋਂ ਉਹਲੇ ਨਹੀਂ ਸੀ ਹੋਈ, ਸਦਾ ਹਜ਼ੂਰੀ ਦਾ ਵਾਸ ਆਤਮਾ ਵਿਚ ਵਸਾਈ ਰਖਦੀ ਸੀ† । ਇਹ ਖਬਰ ਸੁਣਕੇ ਜੋ

*ਇਹ ਵਰ ਦਾਨ ਦੇਣੇ ਭਾਈ ਸੰਤੋਖ ਸਿੰਘ ਜੀ ਨੇ ਲਿਖੇ ਹਨ, ਉਨ੍ਹਾਂ ਦੇ ਲਿਖਣ ਤੋਂ ਕਿਤਨੇ ਵਰ੍ਹੇ ਹੀ ਅਗਰੋਂ ਮਾਲਵੇ ਵਿਚ ਨਹਿਰ ਆਈ । ਜਿਸ ਤੋਂ ਸਿੱਧ ਹੋਇਆ ਕਿ ਭਾਈ ਸੰਤੋਖ ਸਿੰਘ ਜੀ ਨੇ ਸਤਿਗੁਰਾਂ ਦੇ ਇਹ ਕਹੇ ਹੋਏ ਵਾਕ ਭਵੇਂ ਲਿਖੇ ਹਨ, ਜਦੋਂ ਨਹਿਰਾਂ ਨਹੀਂ ਸਨ ਚੱਲੀਆਂ । ਗੁਰੂ ਜੀ ਦਾ ਵਰ ਬੀ ਨਹਿਰਾਂ ਤੋਂ ਬਹੁਤ ਹੀ ਅਗੇਤਰਾ ਤੇ ਭਾਵੀ. ਸੰਤੋਖ ਸਿੰਘ ਜੀ ਦਾ ਲਿਖਣਾ ਬੀ ਨਹਿਰਾਂ ਤੋਂ ਬਹੁਤ ਅਗੇਤਰਾ ਹੈ ।

*ਸਤਿਗੁਰ ਕੈ ਜਨਮੈ ਗਵਨੁ ਮਿਟਾਇਆ ॥

†ਹਾਜਰਾ ਹਜੂਰਿ ਦਰਿ ਪੈਸਿ ਤੂੰ ਮਨੀ ॥ ਪੁਨਾ:–
ਹੈ ਹਜੂਰਿ ਕਤ ਦੂਰਿ ਬਤਾਵਹੁ ॥

ਵਿਆਕੁਲਤਾ ਇਸ ਬੀਬੀ ਨੂੰ ਹੋਈ ਸੋ ਪਿਛੇ ਅਸੀਂ ਦੱਸ ਆਏ ਹਾਂ । ਇਸ ਬੀਬੀ ਨੂੰ ਸਾਰੇ ਚਾਚੀ ਸੱਦਿਆ ਕਰਦੇ ਸੇ, ਕਿਉਂਕਿ ਏਹ ਛੋਟੀ ਨੌਂਹ ਸੀ !

ਅਗਲੇ ਦਿਨ ਪਿੰਡ ਵਿਚ ਪਸਰਦੀ ਇਹ ਕਥਾ ਭਾਈ ਭਗਤੂ ਦੇ ਦੂਸਰੇ ਪੁਤ੍ਰ ਜੀਉਂਣੇ ਦੀ ਉਲਾਦ ਦੇ ਪਰਿਵਾਰ ਵਿਚ ਪਸਰੀ । ਜੀਵਣ ਉਹ ਸਿੱਖ ਹੋਸੀ ਕਿ ਜਿਸ ਨੂੰ ਸਪਤਮ ਸਤਿਗੁਰੂ ਅਤਿ ਪਿਆਰ ਕਰਦੇ ਸੇ ਤੇ ਜਿਸ ਦੀ ਨਾਮ ਲੀਨਤਾ ਪ੍ਰਸਿੱਧ ਸੀ। ਇਸ ਨੂੰ ਵੰਗਾਰ ਕੇ ਇਕ ਬ੍ਰਾਹਮਣ ਦੇ ਮੋਏ ਯਾ ਮਰ ਰਹੇ ਪੁਤ੍ਰ ਨੂੰ ਲੋਕਾਂ ਜਿਵਾਲ ਲਿਆ ਸੀ ਤੇ ਇਸ ਨੇ ਆਪਣੀ ਜਾਨ ਉਸ ਦੇ ਬਦਲੇ ਵਿਚ ਦਿਤੀ ਸੀ। ਜਦੋਂ ਖਬਰ ਸਤਿਗੁਰਾਂ ਤਕ ਪੁਜੀ ਤਾਂ ਬੋਲੇ—ਤੁਸੀਂ ਬੜਾ ਪਾਪ ਕਮਾਇਆ ਹੈ ਇਕ ਮੁਰਦਾਰ ਜ਼ਿੰਦਗੀ ਨੂੰ ਜੀਵਾ ਕਰਨ ਲਈ ਤੁਸਾਂ ਮੇਰੇ ਜੀਉਂਦੇ ਪੁਤ੍ਰ ਦੀ ਜਾਨ ਭੇਟ ਦਿੱਤੀ ਹੈ।

ਇਸ ਜੀਉਣ ਦੇ ਚਾਰ ਬੇਟੇ ਸਨ, ਰਾਮਾ, ਫਤੂ, ਤਖਤਾ, ਬਖਤਾ । ਜਦ ਇਨ੍ਹਾਂ ਨੇ ਆਪਣੇ ਵਡੇ ਦਿਆਲੇ ਦੀ ਗੱਲ ਸੁਣੀ ਤਾਂ ਏਹ ਵੀ ਡਾਢੇ ਘਾਬਰੇ ਕਿ ਕੁਲ ਦੇ ਵਡੇ ਨੇ ਜੋ ਹੁਕਮ ਨਹੀਂ ਮੰਨਿਆਂ, ਇਹ ਕਿਤੇ ਸਾਰੀ ਕੁਲ ਦੀ ਅਵੱਗਯਾ ਨਾ ਹੋ ਜਾਵੇ। ਇਹ ਸੋਚ ਵਿਚਾਰ ਚਾਰੇ ਭਰਾ ਪਿੰਡੋਂ ਟੁਰਕੇ ਦਮਦਮੇ ਸਾਹਿਬ ਆਏ ਤੇ ਚਰਨਾਂ ਪੁਰ ਸੀਸ ਧਰਕੇ ਬੋਲੇ:—"ਸੱਚਿਆ ਪਾਤਸ਼ਾਹ ! ਕੁਲ ਦੇ ਵਡੇ ਨੇ ਆਪ ਦੀ ਬਖਸ਼ੀ ਦਾਤ ਨਹੀਂ ਲਈ, ਅਸੀਂ ਆਪ ਦੇ ਦਰ ਦੇ ਕੂਕਰ ਹਾਂ, ਝੋਲੀ ਅੱਡਕੇ ਖ਼ੈਰ ਲੈਣ ਆਏ ਹਾਂ, ਆਪ ਨੇ ਜੋ ਖਾਲਸਾ ਰੂਪ ਧਾਰਿਆ ਤੇ ਵਰਤਾਇਆ ਹੈ, ਸਾਨੂੰ ਬਖਸ਼ੋ ? ਇਹ ਕੁਲ ਆਪ ਦੀ ਮਿਹਰ ਦੀ ਵਰੋਸਾਈ ਹੋਈ ਹੈ। ਸਤਿਗੁਰ ਨੇ ਪ੍ਰਸੰਨ ਹੋਕੇ ਆਖਿਆ:"ਭਾਈ ਭਗਤੂ ਦੀ ਰੱਖ ਲਈ ਜੇ !" ਫੇਰ ਚੌਹਾਂ ਨੂੰ ਅੰਮ੍ਰਿਤ ਛਕਾਇਆ ਗਿਆ, ਰਾਮ ਸਿੰਘ, ਫਤੇ ਸਿੰਘ, ਤਖਤ ਸਿੰਘ ਤੇ ਬਖਤ ਸਿੰਘ ਚਾਰੇ ਸੂਰੇ ਗੁਰੂ ਕੇ ਸਿੰਘ ਸਜ ਗਏ।

ਇਸ ਵਾਰਤਾ ਨੂੰ ਕੁਛ ਮਹੀਨੇ ਬੀਤ ਗਏ, ਜੋ ਜੋ ਸੱਜਣ ਦਰਸ਼ਨਾਂ ਨੂੰ ਆਏ ਸਤਿਗੁਰਾਂ ਦੇ ਉਪਦੇਸ਼ ਤੇ ਕ੍ਰਿਪਾ ਤੋਂ ਸੁਖੀ ਹੋਕੇ ਗਏ । ਕਦੇ ਕਦੇ ਸਤਿਗੁਰ ਆਖਿਆ ਕਰਨ—ਰਾਮ ਸਿੰਘ ! ਤੁਹਾਡੇ ਪਿੰਡ ਜਾਣ ਦੀ ਧੂਹ ਪੈਂਦੀ ਹੈ, ਤੁਸੀਂ ਮਿਲ ਜਾਂਦੇ ਹੋ, ਫੇਰ ਬੀ ਕਈ ਵੇਰ ਚੱਲਣ ਨੂੰ ਚਿੱਤ ਕੀਤਾ ਹੈ। ਰਾਮ ਸਿੰਘ ਨੇ ਕਿਹਾ ਪਾਤਸ਼ਾਹ ! ਚਲੋ ਸਾਡੇ ਸੁਭਾਗ ਸਾਡਾ ਪਿੰਡ ਪਰ ਰੇਤੇ ਦਾ ਦੇਸ਼ ਹੈ, ਆਓ, ਭਾਗ ਲਾਓ। ਸਾਡੇ ਜਨਮ ਸਫਲ ਕਰੋ, ਪਰ ਹੈ ਆਪ ਨੂੰ ਖੇਚਲ। ਫੇਰ ਸ੍ਰੀ ਗੁਰੂ ਜੀ ਨੇ ਕਿਹਾ—ਭਈ ਚੱਲ। ਕਰ ਤਿਆਰੀ, ਅਸੀਂ ਆਵਾਂਗੇ।

ਧੰਨ ਭਾਗ ਜਾਣਕੇ ਚਾਰੇ ਭਰਾ ਚਲੇ ਗਏ। ਪਿੰਡ ਜਾਕੇ ਇਕ ਕੁੱਲਾ ਪਾਇਆ, ਡਾਢਾ ਮੋਟਾ ਬਰ ਕੱਖਾਂ ਦਾ ਉਤੇ ਪਾਇਆ ਜੋ ਤਪੇ ਨਾਂ ਤੇ ਅੰਦਰ ਕੱਕਾ ਰੇਤਾ ਵਿਛਾਕੇ ਪਾਣੀ ਪਾ ਪਾ ਕੇ ਠੰਢਾ ਠਾਰ ਕਰ ਦਿਤਾ ।

ਇਕ ਦਿਨ ਚੋਜੀ ਗੁਰੂ ਜੀ ਟੁਰ ਪਏ, ਨਾਲ ਮਾਤਾ ਜੀ ਬੀ ਡੋਲੇ ਸਵਾਰ ਸਨ, ਧੀਰ ਸਿੰਘ ਬੀ ਨਾਲ ਹੋ ਲਏ। ਪਹਿਲਾ ਭਾਗੀਬਾਦਰ ਪਿੰਡ ਆਏ, ਲੋਕਾਂ ਨੇ ਬੜਾ ਪ੍ਰੇਮ ਕੀਤਾ, ਰਾਤ ਓਥੇ ਰਹੇ।

ਇਥੋਂ ਸ਼ਮੀਰ ਦੇ ਕੋਟ ਵਾਲੇ ਆਪਣੇ ਪਿੰਡ ਲੈ ਗਏ, ਬੜਾ ਆਦਰਭਾਉ ਕੀਤਾ। ਲੈ ਜਾਣ ਵਾਲਿਆਂ ਵਿਚ ਇਕ ਪ੍ਰੇਮੀ ਕਵੀ ਬਿਹਾਰੀ ਸੀ ਜੋ ਦੀਵਾਨੇ ਸਾਧਾਂ ਦਾ ਆਗੂ ਸੀ ਤੇ ਕਵੀਸ਼ਰੀ ਭੀ ਕਰਦਾ ਸੀ, ਉਸ ਦੀਆਂ ਮਾਝਾਂ ਦਿਵਾਨੇ ਸਾਧ ਧਮਾਲਾਂ ਪਾਕੇ ਗਾਵਿਆਂ ਕਰਦੇ ਸਨ। ਇਨ੍ਹਾਂ ਨੇ ਸਤਿਗੁਰਾਂ ਨੂੰ ਸੁਹਣੇ ਥਾਂ ਡੇਰਾ ਦਿਤਾ, ਆਦਰ ਭਾ ਸੇਵਾ ਕੀਤੀ ਤੇ ਫੇਰ ਇਨ੍ਹਾਂ ਧਮਾਲ ਪਾਕੇ ਦੱਸੀ, ਜਿਸ ਨੂੰ ਵੇਖਕੇ ਸਤਿਗੁਰੂ ਜੀ ਖੁਸ਼ ਹੋਏ। ਬਿਹਾਰੀ* ਦੀਆਂ ਮਾਝਾਂ ਦੀ ਵੰਨਗੀ:—

੧. ਅੰਮਾਂ ਨੀ ਹਉਂ ਮਰਦੀ ਮਾਏ,
ਮੈਨੂੰ ਉੱਠਣ ਸੂਲ ਕਲੇਜੇ ।
ਬਿਰਹੁੰ ਕਸਾਈ ਅੰਦਰ ਵੜਿਆ,
ਜਿਨ ਕੀਤੀ ਰੇਜੇ ਰੇਜੇ ।
ਜਿਸ ਦਿਨ ਦੀ ਘਰ ਖੇੜੇ ਦੇ ਆਈ,
ਸੁੱਖ ਨਾ ਸੁੱਤੀ ਸੇਜੇ ।
ਤਿਨ੍ਹਾਂ ਵਿਟਹੁ ਕੁਰਬਾਨ 'ਬਿਹਾਰੀ'
ਜੋ ਚਾਕ ਅਸਾਥੋਂ ਭੇਜੇ ।
੨. ਕਰ ਮਸਲਤ ਦਰਿਯਾਉ ਜੇ ਤਰੀਐ,

*ਬਿਹਾਰੀ ਜਾਪਦਾ ਹੈ ਕਿ ਅਨੰਦ ਪੁਰ ਕਵੀਆਂ ਵਿਚ ਵੀ ਰਹਿ ਆਇਆ ਸੀ । ਇਸ ਕਵੀ ਦੀ ਰਚਨਾ ਪਿਛੇ ਸਫਾ ੨੦੪–੦੫ ਤੇ ਆ ਚੁਕੀ ਹੈ ।

ਮਸਲਤ ਲਾਵੇ ਬੈਠੇ ।
ਕਰ ਮਸਲਤ ਵੈਰੀ ਜਿਤ ਲੀਜੇ,
ਮਸਲਤ ਦਾਵਾ ਮੰਨੇ ।
ਕਰ ਮਸਲਤ ਗੜ੍ਹ ਆਕੀ ਲੀਜੇ,
ਮਸਲਤ ਲੋਹੇ ਛੰਨੇ ।
ਸਭੋ ਮਸਲਤ ਸਲਾਹੇ 'ਬਿਹਾਰੀ'
ਪਰ ਇਸ਼ਕ ਨ ਮਸਲਤ ਮੰਨੇ ।

੩. ਟੱਬ ਬਿਸਾਰਿਆ ਤੈਂ ਕਿਤ ਭਰਵਾਸੇ
ਤੈਂ ਕਿਉਂ ਗਮਾਨ ਕੀਤੋ ਈ ?
ਅਵੇ ਲਾਲਚ ਲਗ ਤੈਂ ਜਨਮ ਗਵਾਯਾ,
ਤੈਨੂੰ ਖੁਦੀ ਖ਼ਰਾਬ ਕੀਤੋਈ ।
ਧਰਮਰਾਇ ਤੈਥੋਂ ਲੇਖਾ ਮੰਗੇ,
ਤੇਰਾ ਭਾਈ ਬੰਦ ਨਾ ਕੋਈ ।
ਵੇ ਸਤਿਗੁਰ ਕੇ ਪਰਸਾਦ 'ਬਿਹਾਰੀ'
ਤੇਰੀ ਸਿਮਰਨ ਤੇ ਗਤਿ ਹੋਈ ।

੫.

ਦੇਸਾਂ ਆਪਣੇ ਘਰ ਬੈਠੀ ਹੈ, ਅਤੀਸੋ ਆਈ ਹੈ, ਪਿੰਡ ਵਿਚੋਂ ਖਬਰਾਂ ਲਿਆਈ ਹੈ ਕਿ ਤੇਰਾ ਸ਼ਰੀਕਾ ਭਾਈ ਜੀਉਣ ਦਾ ਪਰਿਵਾਰ ਜੋ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਹੈ, ਗੁਰੂ ਜੀ ਕੇ ਹਜ਼ੂਰ ਬਹੁਤ ਜਾਂਦਾ ਹੈ ਤੇ ਗੁਰੂ ਤੋਂ ਖੁਸ਼ੀਆਂ ਲੈਂਦਾ ਹੈ। ਗੁਰੂ ਜੀ ਕਦੇ ਕਦੇ ਰਾਮ ਸਿੰਘ ਨੂੰ ਕਹਿੰਦੇ ਰਹੇ ਹਨ ਕਿ ਤੇਰੇ ਪਿੰਡ ਚੱਲਣਾ ਹੈ। ਇਹ ਖਬਰ ਸੁਣਕੇ ਦੇਸਾਂ ਬਹੁਤ ਖੁਸ਼ੀ ਹੋਈ ਕਿ ਹੁਣ ਦਰਸ਼ਨ ਹੋਣਗੇ। ਫੇਰ ਅਤੀਸੋ ਨੇ ਦੱਸਿਆ ਕਿ ਰਾਮ ਸਿੰਘ ਆਦਿਕਾਂ ਨੇ ਆਪ ਦੇ ਉਤਾਰੇ ਵਾਸਤੇ ਪਿੰਡੋਂ ਬਾਹਰ ਬੜੇ ਸੁਹਣੇ ਛਾਉਂ ਹੇਠ ਇਕ ਕੱਖਾਂ ਦਾ ਵਡਾ ਬੰਗਲਾ ਪੁਆਯਾ ਹੈ ਤੇ ਕੱਕੀ ਰੇਤ ਵਿਛਾਰੇ ਉਸ ਨੂੰ ਠਾਰ ਰਹੇ ਹਨ। ਫੇਰ ਇਕ ਦਿਨ ਅਤੀਸੋ ਨੇ ਦੱਸਿਆ ਕਿ ਮਹਾਰਾਜ ਟੁਰ ਬੀ ਪਏ ਹਨ ਤੇ ਅੱਜਕਲ ਆਉਣ ਵਾਲੇ ਹਨ। ਦੇਸਾਂ ਲਈ ਸੱਭੇ ਖੁਸ਼ੀ ਦੀਆਂ ਖਬਰਾਂ ਸਨ, ਪਰ ਵਿਚ ਇਕ ਪੀੜਾ ਬੀ ਸੀ। ਉਹ ਇਹ ਸੀ ਕਿ ਇਹ ਸਤਵੰਤੀ ਅਕਸਰ ਘਰੇ ਰਹਿੰਦੀ ਤੇ ਬਾਹਰ ਅੰਦਰ ਖੁਲ੍ਹੀ ਨਹੀਂ ਫਿਰਦੀ ਸੀ, ਅਰ ਭਾਈ ਕਿਆਂ ਦਾ ਘਰ ਪਤਵੰਤਾ ਹੋਣ ਕਰਕੇ ਤੇ ਆਪ ਇਕੱਲੀ ਹੋਣ ਕਰਕੇ ਅੰਦਰੇ ਰਹਿਣਾ ਚੰਗਾ ਜਾਣਦੀ ਸੀ। ਨਿਮਾਣੀ ਹੋਣ ਕਰਕੇ ਸ਼ਰੀਕੇ ਦੀਆਂ ਬੀਬੀਆਂ ਇਸ ਨੂੰ ਪਿਆਰ ਦੀ ਥਾਂ ਹੁਣ ਨਿਰਾਦਰ ਨਾਲ ਤੱਕਦੀਆਂ ਸਨ। ਇਸ ਕਰਕੇ 'ਦੇਸਾਂ' ਆਪ ਸਭ ਤੋਂ ਪਰੇ ਪਰੇ ਰਹਿੰਦੀ ਸੀ। ਉਸ ਨੂੰ ਡਰ ਸੀ ਕਿ ਸ਼ਰੀਕੇ ਨੇ ਮੈਨੂੰ ਸੱਦਣਾਂ ਨਹੀਂ, ਆਪੇ ਗਈ ਤਾਂ ਖਬਰੇ ਭਤੀਏ ਜੇਠ ਕੋਈ ਗੁੱਸੇ ਹੋਣ ਕਿ ਸਾਡੀ ਤ੍ਰੀਮਤਾਂ ਦਾ ਕੀਹ ਕੰਮ ਹੈ ਮਰਦਾਵੇਂ ਥਾਵੀਂ ਆਉਣ ਦਾ। ਤੇ ਜੇ ਸਤਿਗੁਰੂ ਜਿਸ ਵੇਲੇ ਸ਼ਰੀਕੇ ਦੇ ਘਰ ਆਏ ਅਤੇ ਮੈਂ ਉਥੇ ਗਈ ਤਾਂ ਸ਼ਰੀਕਣੀਆਂ ਬੋਲੀਆਂ ਮਾਰਨਗੀਆਂ, ਮਨ ਦਾ ਕੋਈ ਵਿਸਾਹ ਨਹੀਂ ਕਿ ਉਨ੍ਹਾਂ ਦੀਆਂ ਬੋਲੀਆਂ ਨੂੰ ਝੱਲੇਗਾ ਕਿ ਨਹੀਂ। ਹੌਸਲਾ ਤਾਂ ਬੰਨ੍ਹ ਖੜੋਤੀ ਕਿ ਸਭ ਨਿਰਾਦਰ ਸਹਾਰ ਕੇ ਬੀ ਸ਼ਰੀਕੇ ਦੇ ਘਰ ਜਾ ਕੇ ਮੱਥਾ ਟੇਕ ਆਵਾਂਗੀ ਇਸ ਨਿਮਾਣੀ ਨੇ ਮੁੱਦਤਾਂ ਲਾ ਕੇ ਇਕ ਖੇਸ ਆਪਣੇ ਹੱਥੀਂ ਸਤਿਗੁਰ ਲਈ ਤਿਆਰ ਕੀਤਾ ਸੀ*। ਸੂਤ ਐਸਾ ਬਰੀਕ ਕੱਤਿਆ ਸੀ ਕਿ ਖੇਸ ਡਾਢਾ ਮੁਲਾਇਮ ਰੇਸ਼ਮ ਵਰਗਾ ਬਾਰੀਕ ਤੇ ਤੋਲ ਵਿਚ ਡਾਢਾ ਹਲਕਾ ਬਣਿਆ ਸੀ, ਕੰਨੀਆਂ ਤੇ ਡੋਰੇ ਰੇਸ਼ਮ ਦੇ ਪੁਵਾਏ ਸਨ। ਇਹ ਰੇਸ਼ਮ ਬੀ ਹੱਥੀਂ ਤਣਿਆ ਸੀ ਫੇਰ ਕਿਨਾਰੇ ਦੀ ਕਿੰਗਰੀ ਸੂਈ ਤੇ ਰੇਸ਼ਮ ਨਾਲ ਕੱਢੀ ਸੀ। ਕਈ ਵਰ੍ਹੇ ਦੀ ਭਜਨ ਭਰੀ ਲਗਨ ਨਾਲ ਇਹ ਸ਼ੈ ਤਿਆਰ ਹੋਈ ਸੀ। ਦਿਲ ਤਾਂ ਉਸ ਦਾ ਜਾਣਦਾ ਸੀ ਕਿ ਇਹ ਖੇਸ ਇਕ ਦੀਨ ਦੁਨੀ ਦੇ ਵਾਲੀ ਅੱਗੇ ਕੀ ਸ਼ੈ ਹੈ ? ਪਰ ਫੇਰ ਚਾਹੁੰਦੀ ਸੀ ਕਿ ਭੇਟ ਕਰਾਂ ਅਰ ਜਦ ਸਤਿਗੁਰ ਜੀ ਦੇ ਅੱਗੇ ਧਰਾਂ ਤਾਂ ਕਿਸੇ ਦੇ ਸਾਮ੍ਹਣੇ ਨਾ ਧਰਾਂ, ਕੋਈ ਬਿਧ ਬਣੇ ਜੋ ਮੈਂ ਇਕੱਲੀ ਹੋਵਾਂ ਤੇ ਸਤਿਗੁਰ ਹੋਣ, ਫੇਰ ਮੈਨੂੰ ਅੱਗੇ ਧਰਦਿਆਂ ਸ਼ਰਮ ਨਾ ਆਵੇ।

ਬੀਬੀ ਦੇ ਦਿਲੀ ਮਰਮਾਂ ਨੂੰ ਅਤੀਸੋ ਜਾਣਦੀ ਸੀ, ਉਹ ਕਦੇ ਕਦੇ ਕੋਈ ਆਪਣੀ ਅਕਲ ਦਾ ਰਸਤਾ ਦੱਸਦੀ ਬੀ ਹੁੰਦੀ ਸੀ, ਪਰ ਉਹ ਦੇਸਾਂ ਦੇ ਪਿਆਰ ਵਾਲੇ ਦਿਲ ਨੂੰ ਕਦੇ ਪੁਗਦਾ ਸੀ ਕਦੇ ਨਾ। ਅਤੀਸੋ ਨੇ ਦੇਸਾਂ ਨੂੰ ਸਲਾਹ ਦਿਤੀ ਕਿ ਤੁਸਾਂ ਧਿਆਨ ਧਰਕੇ ਤੇ ਨਾਮ ਜਪਕੇ ਖੇਸ ਵਣਾ ਲਿਆ। ਸੁਰਤ ਦਾ ਅੱਡਾਸ ਪਹਾਰ ਪ੍ਰੋਤੇ ਇਕ ਦੁਖ ਰਹਿਣ ਦਾ ਪਕਾਉਣਾ ਸੀ, ਉਹ ਪੱਕ ਗਿਆ, ਹੁਣ ਇਹ ਪਕੜ ਛੱਡ ਦਿਓ ਕਿ ਖੇਸ ਇਕ ਵੇਰ ਸਤਿਗੁਰਾਂ ਦੇ ਚਰਨਾਂ ਨਾਲ

*ਮਾਲਵੇ ਦੀਆਂ ਸਾਖੀਆਂ ਵਾਲੀ ਪੋਥੀ ਦੀ ਸਾਖੀ ੮੭ ।

ਦੁਹ ਜਾਵੇ। ਪਰ ਦੇਸਾਂ ਦੇ ਭਗਤੀ ਭਾਵ ਦੀ ਡੂੰਘਾਈ ਤਕ ਅਣੀਸੋ ਨਹੀਂ ਸੀ ਅੱਪੜ ਸਕਦੀ। ਇਸੇ ਤਰ੍ਹਾਂ ਇਕ ਦਿਨ ਉਸ ਨੇ ਪੁੱਛਿਆ ਸੀ ਕਿ ਗੁਰੂ ਤਾਂ ਉਪਦੇਸ਼ ਦੇਂਦੇ ਹਨ ਪਰ ਤੁਸੀਂ ਲੋਕ ਗੁਰਾਂ ਨਾਲ ਐਉਂ ਸਨਬੰਧਤ ਹੁੰਦੇ ਹੋ ਕਿ ਮਾਨੋਂ ਗੁਰੂ ਕੋਈ ਨੇੜੇ ਦਾ ਸਾਕੇਦਾਰ ਹੈ। ਇਸ ਪਰ ਬੀਬੀ ਦੇਸਾਂ ਨੇ ਕਿਹਾ ਸੀ—ਮੈਂ ਤਾਂ ਕੰਗਾਲ ਹਾਂ, ਸਾਡੇ ਪੰਥ ਸਾਰੇ ਵਿਚ ਜੀ ਜੀ ਉਨ੍ਹਾਂ ਨੂੰ ਆਪਣਾ ਸਾਕੇਦਾਰ ਤੋਂ ਉੱਤੇ, ਨਿਰਾ ਅਪਣਾ ਤੇ ਸਾਰਾ ਆਪਣਾ ਸਮਝਦਾ ਹੈ। ਕਾਰਨ ਇਹ ਹੈ ਕਿ ਇਹ ਗੁਰ-ਅਵਤਾਰ ਹੈ ਅਰ ਪਿਛਲੇ ਸਾਰਿਆਂ ਤੋਂ ਭਾਰੀ ਅਵਤਾਰ ਹੈ। ਇਹ ਸ੍ਰਿਸ਼ਟੀ ਨੂੰ ਅਪਨਾ ਕੇ ਪਿਆਰ ਕਰਦਾ ਹੈ ਤੇ ਸਾਡੀਆਂ ਪੀੜਾਂ ਨਾਲ ਪੀੜਤ ਹੁੰਦਾ ਹੈ। ਗੁਰੂ ਬ੍ਰਹਮ ਗਿਆਨੀ ਬ੍ਰਹਮ ਰੂਪ ਤੇ ਨਿਰਲੇਪ ਹੈ, ਪਰ ਸਾਡੀ ਪੀੜਾ ਤੋਂ ਅਛੋਹ ਨਹੀਂ। ਇਹ ਐਸਾ ਵਾਧਾ ਹੈ ਜੋ ਸਭ ਨੂੰ ਉਨ੍ਹਾਂ ਦਾ ਬਨਾਉਂਦਾ ਹੈ। ਹੁਣ ਦੇਖੋ ਕੀ ਵਰਤ ਰਿਹਾ ਹੈ? ਤੁਰਕ ਰਾਜ ਦੀ ਪੀੜਾ ਕੋਈ ਨਵੀਂ ਗਲ ਨਹੀਂ ਹੈ? ਸਦੀਆਂ ਤੋਂ ਇਹ ਕਿੱਚੀ ਦਾ ਫੋੜਾ ਦੁੱਖ ਦੇ ਰਿਹਾ ਹੈ, ਪਰ ਸਾਡੀ ਇਸ ਪੀੜਾ ਨੂੰ ਗੁਰੂ ਜੀ ਨੇ ਅਪਣੀ ਪੀੜਾ ਮੰਨਿਆ ਹੈ, ਫਕੀਰ ਹੋਕੇ ਸ਼ਹਿਨਸ਼ਾਹ ਨਾਲ ਜੰਗ ਰਚਾ ਦਿੱਤਾ ਨੇ। ਧਨ, ਧਾਮ, ਸੁਖ, ਇਹ, ਪੁੱਤ੍ਰ, ਸਰਬੰਸ ਵਾਰ ਘੱਤਿਆ ਨੇ। ਅਸਾਂ ਵਿੱਚੋਂ ਬੇਦਾਵੇ ਬੀ ਦੇਣ ਵਾਲੇ ਸਨ, ਭਲਬਾਂ ਲੈਣ ਦੀ ਖ਼ਾਤਰ ਸਾਮ੍ਹਣੇ ਆਕੀ ਹੋ ਖਲੋਣ ਵਾਲੇ ਬੀ ਸਨ, ਪਰ ਉਨ੍ਹਾਂ ਨੇ ਸਾਡੇ ਉੱਤੋਂ ਆਪਣਾ ਦਾਵਾ ਨਹੀਂ ਛੱਡਿਆ। ਕਿੰਨੇ ਕੈਦ ਸਹਾਰੇ ਨੇ, ਫੇਰ ਸਾਡੇ ਉਧਾਰ ਵਿਚ ਲਗੇ ਰਹੇ ਹਨ। ਓਹ ਆਪਣੀ ਆਤਮ-ਸੱਤਾ ਨਾਲ ਹਰ ਸ਼ਰਨਾਗਤ ਨੂੰ ਜਿਵਾਲਦੇ ਰਹੇ ਹਨ। ਹਰ ਇਕ ਸਿੱਖ ਸਿੱਧਾ ਉਨ੍ਹਾਂ ਦੇ ਆਤਮਾ ਦੀ ਛੁਹ ਤੋਂ ਜੀ ਉਠਿਆ ਹੈ। ਜੀਵੇ ਹੋਏ ਪ੍ਰਤੀਤ ਕਰਦੇ ਹਨ ਕਿ ਗੁਰੂ ਮੇਰਾ ਹੈ, ਇਹ ਬਾਪੂ ਹੈ ਚਾਹੇ ਮਾਂ ਹੈ, ਪਰ ਮੇਰਾ ਹੈ ਤੇ ਸਾਰਾ ਮੇਰਾ ਹੈ।

ਇਸ ਤਰ੍ਹਾਂ ਦੀਆਂ ਵਾਰਤਾ ਵਿਚ ਅਤੀਸੋ ਬੀ ਪ੍ਰੇਮਣ ਤੇ ਸਿਮਰਨ ਵਾਲੀ ਹੁੰਦੀ ਜਾਂਦੀ ਹੈ ਤੇ ਹਰ ਹਾਲ ਆਪਣੀ ਸਹੇਲੀ ਦੀ ਮਦਦ ਕਰਦੀ ਹੈ ਪਰ ਅੱਜ ਦੀ ਪੀੜਾ ਦਾ ਦਾਰੂ ਅਜੇ ਇਸ ਨੂੰ ਬੀ ਨਹੀਂ ਸੁੱਝਾ ਕਿ ਜਿਸਨਾਲ ਦੇਸਾਂ ਦੀ ਨਿਸ਼ਾਖਾਤਰ ਹੋ ਜਾਵੇ।

ਆਖ਼ਰ ਉਹ ਵੇਲਾ ਆਇਆ ਕਿ ਦਾਤਾ ਜੀ ਪਿੰਡ ਆਏ। ਕੋਖਾਂ ਦੇ ਕੁੱਲੇ ਵਿਚ ਆ ਥਿਰੇ, ਠੰਢਾ ਠਾਰ ਥਾਂ ਦੇਖ ਪ੍ਰਸੰਨ ਹੋਏ। ਪ੍ਰਸ਼ਾਦ ਤਿਆਰ ਹੋਇਆ, ਗੁਰੂ ਜੀ ਨੇ ਮੰਗਣ ਨੇ ਛਕਿਆ। ਮਹਾਰਾਜ ਕਿਸੇ ਕਿਸੇ ਵੇਲੇ ਅਚਾਨਕ ਚਾਰ ਚੁਫੇਰੇ ਤੱਕਦੇ ਹਨ ਜਿਸ ਦਾ ਕਾਰਨ ਕਿਸੇ ਦੀ ਸਮਝ ਨਹੀਂ ਪੈਂਦਾ। ਰਾਤ ਪਈ ਠੰਢ ਵਰਤੀ ਪਰ ਅਜੇ ਦਾਤੇ ਨੂੰ ਊ ਪੈਂਦੀ ਹੈ। ਰਾਤ ਬੀਤ ਗਈ, ਪਰ ਸਾਰੀ ਰਾਤ ਸਤਿਗੁਰ ਜੀ ਨੂੰ ਐਉਂ ਜਾਪੇ ਜਿਵੇਂ ਕੋਈ ਪ੍ਰੇਮੀ ਸਿਮਰਨ ਵਿਚ ਹੈ। ਦਿਨ ਹੋਇਆ, ਅੱਜ ਪ੍ਰਸ਼ਾਦ ਰਾਮ ਸਿੰਘ ਦੇ ਘਰ ਸੀ, ਸ੍ਰੀ ਗੁਰੂ ਜੀ ਨੇ ਉਥੇ ਜਾਕੇ ਛਕਣਾ ਸੀ। ਮਾਤਾ ਜੀ ਤਾਂ ਭਾਈਕਿਆਂ ਦੇ ਘਰ ਪਹਿਲੇ ਅੱਪੜ ਗਏ, ਗੁਰੂ ਜੀ ਘੋੜੇ ਤੇ ਚੜ੍ਹਕੇ ਪਿਛੋਂ ਚੱਲੇ, ਰਾਮਸਿੰਘ ਘੋੜੇ ਦੇ ਅੱਗੇ ਅੱਗੇ ਰਾਹ ਦੱਸਣ ਲਈ ਟੁਰਿਆ। ਸਾਹਿਬ ਹਰ ਕਦਮ ਤੇ ਠੁਡ ਤੱਕਣ, ਫੇਰ ਟੁਰ ਪੈਣ, ਜਦ ਪਿੰਡ ਵੜੇ ਤਾਂ ਇਕ ਥਾਵੇਂ ਘੋੜਾ ਅੜਕਿਆ। ਸ੍ਰੀ ਗੁਰੂ ਜੀ ਦੇ ਦਿਲ ਨੇ ਕੋਈ ਪਛਾਣਵੀਂ ਖਿੱਚ ਖਾਧੀ। ਘੋੜਾ ਥੰਮ੍ਹ ਲਿਆ, ਰਾਮ ਸਿੰਘ ਨੇ ਅਵਾਜ਼ ਦਿੱਤੀ—ਮਹਾਰਾਜ ਜੀ! ਘੋੜਾ ਲਈ ਆਓ! ਮੇਰੇ ਘਰ ਦਾ ਰਸਤਾ ਅੱਗੇ ਹੈ, ਪਰ ਗੁਰੂ ਜੀ ਛਾਲ ਮਾਰ ਕੇ ਦੇਸਾਂ ਦੀ ਡੇਉਢੀ ਜਾ ਵੜੇ। ਉਹ ਅੱਗੇ ਡੇਉਢੀ ਦੇ ਬਾਹਰਲੇ ਬੂਹੇ ਦੇ ਤਾਕ ਨਾਲ ਚੰਬੜੀ ਖੜੀ ਸੀ, ਐਉਂ ਕਿ ਜਾਪੇ ਨਾ ਜੋ ਕੋਈ ਖੜਾ ਹੈ, ਪਰ ਉਸ ਨੂੰ ਲੰਘਦੇ ਜਾਂਦੇ ਦਾਤਾ ਜੀ ਦੇ ਦਰਸ਼ਨ ਹੋ ਜਾਣ। ਜਦ 'ਨਾਥ ਅਨਾਥਾਂ ਬਾਣ ਪੁਰਾਂ ਦੀ' ਦੇ ਬਿਰਦ ਵਾਲੇ ਬਿਰਦਪਾਲ, ਦੀਨ ਦਨੀ ਦੇ ਮਾਲਕ ਡੇਉਢੀ ਅੰਦਰ ਆ ਵੜੇ ਤਾਂ ਬੀਬੀ ਦੇਸਾਂ ਨੇ ਤੱਕੇ, ਤੱਕੇ ਤੇ ਧਾਕੇ ਚਰਨਾਂ ਤੇ ਡਿੱਗ ਪਈ:—

"ਓ ਮੇਰੇ ਆਪਣੇ ਸਤਿਗੁਰ! ਓ ਮੇਰੇ ਦਾਤੇ ਸਤਿਗੁਰ! ਓ ਗ਼ਰੀਬਾਂ ਦੇ ਪਿਆਰੇ ਸਤਿਗੁਰ! ਓ ਨੀਚਾਂ ਦੇ ਪ੍ਰਤਿਪਾਲ ਸਤਿਗੁਰ!"

ਹਾੜੇ ਸਨ ਜੋ ਏਵੇਂ ਨਿਕਲ ਗਏ ਤੇ ਦੇਸਾਂ ਚਰਨਾਂ ਨਾਲ ਭੋਰੇ ਵਾਂਙੂ ਚੰਬੜ ਗਈ। ਉਹ ਸੁਹਾਵੇ ਨੈਣੇ ਵਾਲੇ ਚਰਨ ਮੱਥੇ ਨੂੰ ਛੋਹੇ, ਮਥਾ ਠਰ ਗਿਆ। ਬੀਬੀ ਦਾ ਆਪਾ ਪਾਰਸ ਦੁਹ ਲਗਣ ਵਾਂਙੂ ਦਮਕ ਉੱਠਿਆ। ਸ਼ੁਕਰ ਦਾ ਭਾਵ ਉਸ ਦੇ ਆਪੇ ਨੂੰ ਮਾਨੋਂ ਚਰਨਾਂ ਵਿਚ ਸਮਾ ਗਿਆ। ਉਸ ਦਿਲਾਂ ਦ

ਟੰਢ ਪਾਉਣ ਵਾਲੇ ਅਰਸ਼ੀ ਨੂਰ ਨੇ ਬੀਬੀ ਦੀ ਆਤਮਾ ਨੂੰ ਆਪਣੀ ਸੁਰਤ ਨਾਲ ਉਹ ਦੱਬੀ ਜੋਤ ਦਾ ਰੰਗ ਲਾਇਆ ਕਿ:–

ਦ੍ਰੁਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥'' ਦੇ ਮਿਲਾਪ ਦਾ ਲਹਿਰਾ ਬੀਬੀ ਦੇ ਆਤਮਾ ਨੇ ਖਾਧਾ:–

'ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪ੍ਰਸੰਨ ॥ ੧ ॥' ਪ੍ਰਸੰਨ ਜੁ ਹੋਗਿਆ। ਪ੍ਰਸੰਨ ਹੋਏ ਨੇ ਅਕਾਲ, ਅਸੀਮਾ, ਅਨੰਤ, ਅਰੂਪ, ਅਟੰਗ ਅਰੇਖ ਵਿਚ ਉਸਦੀ ਆਤਮਾ ਦਾ ਲੜ ਛੁਹਾ ਦਿੱਤਾ। ਦਸਾਂ ਕ੍ਰਿਤ ਕ੍ਰਿਤ ਹੋ ਗਈ। ਬੀਬੀ ਦੇ ਪ੍ਰੇਮ ਉਛਾਹ ਨਾਲ ਆਪ ਬੀ ਗਦ ਗਦ ਹੋ ਰਹੇ ਸੇ। ਹੁਣ ਆਪ ਨਿਵੇਂ, ਹਾਂ ਜੀ ! ਸ਼ਹਿਨਸ਼ਾਹ ਝੁਕੇ, ਢੱਠੀ ਪਈ ਤੇ ਚਰਨ ਕਮਲ ਦੀ ਮੌਜ ਵਿਚ ਸਮਾਈ ਦਾ ਸਿਰ ਪਿਆਰ ਨਾਲ ਠਕੋਰਿਆ, ਕਰ ਕਮਲਾਂ ਨਾਲ ਚਾਇਆ । ਕੰਬਦੀ ਕੰਬਦੀ ਉੱਠੀ, ਨੈਣ ਭਰ ਤੱਕਿਆ, ਪਰ ਜਲਵਾ ਝੱਲ ਨਾ ਦਿੱਸਿਆ, ਮੁੜ ਚਰਨਾਂ ਤੇ ਢਹਿ ਪਈ। ਮੁੜ ਦਾਤੇ ਨੇ ਉਠਾਇਆ, ਮੁੜਢੱਠੀ, ਮੁੜ ਦਾਤੇ ਨੇ ਚਾਇਆ ਤੇ ਵਰ ਦਿੱਤਾ– ''ਉਠ ਬੀਬੀ ! ਤੇਰੀ ਸਾਂਈ ਦਰ ਸਮਾਈ। ਨਿਹਾਲ ਬੀਬੀ ! ਭਾਈ ਭਗਤੂ-ਪਤਵਾਰ' ਧੰਨ, ਧੰਨ ਸਿੱਖੀ !''

ਉਹ ਨਿਮਾਣਾ ਖੇਸ ਜੋ ਬੀਬੀ ਦੀ ਕੱਛ ਵਿਚ ਸੀ, ਜਿਸ ਦਾ ਲਾਲ ਕੰਨੀ ਵਾਲਾ ਲੜ ਲਮਕਦਾ ਦਿਸ ਰਿਹਾ ਸੀ, ਡਾਢੇ ਪਿਆਰ ਨਾਲ ਸਤਿਗੁਰ ਨੇ ਖਿੱਚ ਲਿਆ।

'ਇਕੁ ਤਿਲੁ ਨਹੀਂ ਭੰਨੈ ਘਾਲੇ ॥'

ਨਿਮਾਣਿਆ ਦੀ ਕਾਰ, ਨਿੱਕੇ ਦਿਲਾਂ ਦਾ ਪਿਆਰ, ਕਿਵੇਂ ਕਬੂਲਦਾ ਹੈ ? ਖੇਸ ਹੇਠ ਵਿਛਾਉਣ ਲਈ ਸੀ, ਉਹਾ ਖੇਸ ਛਾਤੀ ਨਾਲ ਲਾ ਕੇ ਆਖਦਾ ਹੈ:–ਵਾਹਿਗੁਰੂ ਦਾ ਨਾਂ ਲੈ ਲੈ ਕੇ ਕੱਤਿਆ ਸੂਤ

ਰੂੰ ਰੂੰ ਵਿਚ ਤੂੰ, ਲੂੰ ਲੂੰ ਵਿਚ ਤੂੰ।
ਤੂੰਈਂ ਦਾ ਤਾਣਾ, ਤੂੰਈਂ ਦਾ ਪੇਟਾ।
ਤੂੰਈਂ ਦਾ ਕੱਤਣ ਤੂੰਈਂ ਦਾ ਤੁੰਮਣ।
ਤੂੰਈਂ ਦਾ ਖੇਸ, ਤੂੰਈਂ ਦਾ ਵੇਸ।
ਤੂੰਈਂ ਦੀ ਮਾਈ, ਤੂੰਈਂ ਵਿਚ ਸਮਾਈ।

ਮਨੁੱਖ ਦੀ ਦਿਲੀ ਪੀੜਾ ਨਾਲ ਆਪਣਾ ਦਿਲ ਲਾਕੇ ਪੀੜਾ ਹਰਨ ਵਾਲੇ ਦਾਤੇ ਦੇ ਅਪਣੇ ਨੈਣਾਂ ਵਿਚ–ਇਲਾਹੀ ਜੋਤ ਛਲੇ ਨੈਣਾਂ ਵਿਚ–ਦੋ ਤੁਪੇ ਕਿਸੇ ਡਾਢੇ ਅਰਸ਼ੀ ਪਿਆਰ ਦੇ ਭਰ ਆਏ। ਖੇਸ ਫੇਰ ਬੀਬੀ ਨੂੰ ਦੇਕੇ ਗੁਰੂ ਜੀ ਬੋਲੇ ''ਬੀਬੀ ਮੇਰੀ ਅਮਾਨਤ ਰਖ, ਮੈਂ ਆਕੇ ਰੋਟੀ ਖਾਸਾਂ।'' ਇਹ ਕਹਿੰਦੇ ਤੇ ਸਿਰ ਤੇ ਇਕ ਪਿਆਰ ਦਾ ਦਿਲਾਸਾ ਦੇਂਦੇ ਆਪ ਬਾਹਰ ਨਿਕਲੇ, ਬਿਜਲੀ ਦੀ ਫੁਰਤੀ ਨਾਲ ਘੋੜੇ ਤੇ ਚੜ੍ਹੇ ਤੇ ਉਡੀਕਦੇ ਰਾਮ ਸਿੰਘ ਦੇ ਦੁਹੇ ਜਾ ਉਤਰੇ। ਇਧਰ ਅਤੀਸੇ ਦੇਸਾਂ ਨੂੰ ਬਾਹੋਂ ਫੜ ਕੇ ਅੰਦਰ ਲੈ ਗਈ। ਖੇਸ ਅਤੀਸੇ ਨੇ ਅਦਬ ਨਾਲ ਉੱਚੀ ਥਾਵੇਂ ਧਰ ਦਿੱਤਾ ਤੇ ਫਿਰ ਆਪ ਕਿਸੇ ਰਸ ਵਿਚ ਡੁੱਬੀ ਮਗਨਾਨੰਦ ਭੈਣ ਨੂੰ ਸਹਿਜੇ ਸਹਿਜੇ ਘੁੱਟਣ ਦੱਬਣ ਲਗ ਪਈ।

ਰਾਮ ਸਿੰਘ ਆਪਣੇ ਵਿਹੜੇ ਲੈ ਜਾਕੇ ਖੁਸ਼ੀ ਹੋਇਆ, ਉਤਾਰਾ ਉੱਪਰਲੇ ਚੁਬਾਰੇ ਦੇਣਾ ਸੀ, ਪਰ ਚੁਬਾਰੇ ਨੂੰ ਪੌੜੀ ਨਾਲ ਦੇ ਘਰੋਂ ਸੀ। ਇਹ ਘਰ ਬਖਤੂ ਸਿੰਘ ਸ਼ਰੀਕ ਦਾ ਸੀ, ਸ਼ਰੀਕ ਦ ਘਰੋਂ ਗੁਰੂ ਜੀ ਨਾ ਲੰਘਣ, ਇਹ ਕਾਈ ਅਜੇ ਰਾਮ ਸਿੰਘ ਦੇ ਅੰਦਰ ਸੀ, ਸੋ ਉਸ ਨੇ ਦੁਣ ਗੁਰੂ ਜੀ ਨੂੰ ਆਪਣੇ ਵਿਹੜਿਓਂ ਕਾਠ ਦੀ ਪਉੜੀ ਰਸਤੇ ਉੱਪਰ ਚੜ੍ਹਾਇਆ। ਉਪਰ ਜਾਕੇ ਜਦ ਸਿੱਧੀ ਮਿੱਟੀ ਦੀ ਪਉੜੀ ਨਾਲ ਦੇ ਘਰੋਂ ਵੇਖੀ ਤਾਂ ਸਤਿਗੁਰ ਜੀ ਬੋਲੇ:–

ਇਹ ਕਰਾ ਰਾਮ ਸਿੰਘ ਤੈਂ ਕੀਨਾ।
ਕਠਨ ਥਾਨ ਕੋ ਮਾਰਗ ਦੀਨਾ।
ਕਰਤਿ ਸ਼ਰੀਕਾ ਇਤਹਿ ਚਢਾਏ।
ਐਸੇ ਨਹਿੰ ਤੁਝ ਕੋ ਬਨਿ ਆਏ ॥੨੨॥
[ਗੁ: ਪ੍ਰ: ਸੂਰਜ

ਖੈਰ ! ਰਾਤ ਗੁਰੂ ਜੀ ਉਸੇ ਚੁਬਾਰੇ ਰਹੇ। ਉਥੇ ਹੀ ਪ੍ਰਸ਼ਾਦ ਰਾਤ ਦਾ ਛਕਿਆ। ਸਵੇਰੇ ਉਠ ਕੇ ਉਥੇ ਹੀ ਇਸ਼ਨਾਨ ਕੀਤਾ। ਰਾਮ ਸਿੰਘ ਅਜੇ ਤਿਆਰੀ ਹੀ ਕਰ ਰਿਹਾ ਸੀ ਕਿ ਦੀਨਾ ਨਾਥ ਜਾ ਮਿੱਟੀ ਦੀ ਪਉੜੀ ਰਸਤਿਓਂ ਦੇਠਾਂ ਉਤਰ ਗਏ, ਤੇ ਬਖਤ ਸਿੰਘ ਤਖਤ ਸਿਘ ਦੇ ਵਿਹੜੇ ਜਾ ਪਹੁੰਚੇ। ਦੋਵੇਂ ਭਰਾ ਦੌੜਕੇ ਚਰਨੀਂ ਢੱਠੇ, ਪਲੰਘ ਛਾਹਿਆ, ਆਪ ਨੂੰ ਉੱਤੇ ਬਿਠਾਇਆ ਚਰਨ ਚੁੰਮੇ ਤੇ ਸਦਕੇ ਸਦਕੇ ਹੋ ਗਏ। ''ਧੰਨ ਹੋ ਦਿਲਾਂ ਦੇ ਜਾਣਨਹਾਰ ! 'ਇਕ-ਨਜ਼ਰ ਵੇਖਣ-ਹਾਰ ਪਿਆਰ ਦਾਤੇ ! ਧੰਨ ਤੂੰ' ਕਹਿਕੇ ਉਸਤਤਿ ਗਾਵੀਂ। ਪਰ ਉਹ ਵਿਤਕਰੇ

ਦੀਆਂ ਪਾਲਾਂ ਢਾਹੁਣ ਵਾਲਾ ਅਜੇ ਹੋਰ ਨੀਵੇਂ ਪਾਸੇ ਮਿਹਰ ਦੀ ਰੌ ਵਗਾਈ ਲੋਚਦਾ ਹੈ। ਰਾਮ ਸਿੰਘ ਫਤੇ ਸਿੰਘ ਬੀ ਹੁਣ ਆਗਏ ਸਨ.। ਬਖਤ ਸਿੰਘ ਦਾ ਇਕ ਬੱਚਾ ਸਤਿਗੁਰਾਂ ਦੀ ਗੋਦੀ ਆ ਬੈਠਾ। ਰਾਮ ਸਿੰਘ ਨੇ ਝਿੜਕਿਆ, ਕਹਿਣ ਲੱਗਾ: 'ਚਰਨੀ ਲੱਗ ਮੂਰਖ! ਮਹਾਂ ਪੁਰਖਾਂ ਦੀ ਬੇਅਦਬੀ ਕਰਦਾ ਹੈਂ? ਗਲੇ ਲਾਕੇ ਦਾਤੇ ਨੇ ਆਖਿਆ:—'ਰਾਮ ਸਿੰਘ! ਨਾਂ ਝਿੜਕ, ਇਹ ਬੱਚਾ ਇਕ ਉੱਚਾ, ਪੁਰਖ ਹੋਵੇਗਾ'। ਇਉਂ ਕਹਿਕੇ ਆਪ ਉਠੇ। ਕਹਿੰਦੇ ਹਨ ਕਿ ਵਿਹੜੇ ਦੀ ਪਰਲੀ ਕੰਧ ਵਿਚ ਇਕ ਬੂਹਾ ਕੱਚੀਆਂ ਇੱਟਾਂ ਨਾਲ ਚਿਣਕੇ ਬੰਦ ਕੀਤਾ ਹੋਇਆ ਸੀ ਇਥੇ ਆਕੇ ਦਾਤੇ ਨੇ ਹਲਕਾ ਜਿਹਾ ਧੱਕਾ ਪੈਰ ਦਾ ਦਿੱਤਾ ਤਾਂ ਇਹ ਚਿਣੀ ਹੋਈ ਕੰਧ ਪਰਲੇ ਪਾਸੇ ਜਾ ਪਈ, ਰਾਹ ਖੁਲ੍ਹ ਗਿਆ ਤੇ ਅੱਗੇ ਆ ਗਿਆ ਵਿਹੜਾ ਉਸ ਗ੍ਰੀਬ ਨਿਮਾਣੀ 'ਦੇਸਾਂ' ਦਾ, ਜਿਸਨੂੰ ਗ੍ਰੀਬ ਜਾਣਕੇ ਸ੍ਰੀਕੇ ਨੇ ਤਾਹਿਆ ਹੋਇਆ ਸੀ। ਵਿਤਕਰੇ ਦੀ ਪਾਲ ਭੰਨਣਹਾਰ ਨੇ ਹੁਣ ਅੱਗ ਕਦਮ ਵਧਾਏ ਤਾਂ ਕੀਹ ਦੇਖਦੇ ਹਨ ਕਿ ਇਕ ਕੋਠੇ ਵਿੱਚ ਥਾਂ ਡਾਢੀ ਸਾਫ ਕਰਕੇ ਚੌਂਕੀ ਧਰੀ ਹੈ, ਉੱਤੇ ਖੇਸ ਵਿਛਿਆ ਹੈ ਅੱਗੇ ਵਾਰ ਛੋਟੀ ਚੌਂਕੀ ਧਰੀ ਹੈ, ਇਸ ਪਰ ਥਾਲ ਪ੍ਰੋਸਿਆ ਪਿਆ ਹੈ ਤੇ ਦੇਸਾਂ ਚੌਂਕੀ ਦੇ ਪਾਸ ਬੈਠੀ ਪੱਖਾ ਕਰ ਰਹੀ ਹੈ। ਨੈਣ ਬੰਦ ਹਨ, ਸਰੀਰ ਸੁੱਧ ਵਿੱਚ ਨਹੀਂ ਜਾਪਦਾ, ਪਰ ਉਹ ਮਾਨੋਂ ਐਉਂ ਪੱਖਾ ਸਹਜੇ ਸਹਜੇ ਕਰ ਰਹੀ ਹੈ ਕਿ ਉਸ ਦੇ ਭਾਣੇ ਮਹਾਰਾਜ ਬੈਠੇ ਪ੍ਰਸ਼ਾਦ ਛਕ ਰਹੇ ਹਨ। ਦਾਤਾ ਜੀ ਮਲਕੜੇ ਅੱਗੇ ਵਧੇ ਤੇ ਚੌਕੀ ਉੱਪਰ ਬੈਠ ਗਏ ਤੇ ਪ੍ਰਸ਼ਾਦ ਜੋ ਪ੍ਰੋਸਿਆ ਪਿਆ ਸੀ, ਛਕਣ ਲੱਗ ਪਏ। ਰਾਮ ਸਿੰਘ, ਫਤਹਸਿੰਘ, ਤਖਤਸਿੰਘ ਤੇ ਬਖਤ ਸਿੰਘ ਅਚੰਭਾ ਹੋ ਰਹੇ ਸਨ ਕਿ ਇਹ ਕੀ ਕੌਤਕ ਵਰਤ ਰਿਹਾ ਹੈ, ? ਅਸੀਂ ਵੱਡੇ, ਅਸੀਂ ਬਖਸ਼ੇ ਹੋਏ ਪਿਛਲੇ ਗੁਰਾਂ ਦੇ, ਅਸੀਂ ਅੰਮ੍ਰਤ ਛਕਿਆ, ਇਹ ਪਰਾਏ ਪਰਿਵਾਰ ਵਿਚੋਂ ਆਈ ਗਰੀਬ ਕੰਗਲੀ ਕਰਮਾਂ ਦੀ ਮਾਰੀ, ਨਾ ਨਾਂ, ਨਾ ਥਾਂ, ਇਸਦੇ ਘਰ ਗੁਰੂ ਜੀ ਕਿਵੇਂ ਆ ਗਏ! ਕਿਸ ਤਰ੍ਹਾਂ ਕੰਧ ਢਾਹ ਕੇ ਆਏ ਹਨ! ਕਿਵੇਂ ਇਸਦਾ ਪ੍ਰਸ਼ਾਦ ਪ੍ਰੋਸਿਆ ਪਿਆ ਹੈ! ਕੀਕੂੰ ਜਾਣ ਗਏ ਕਿ ਦੇਸਾਂ ਥਾਲ ਲਾਕੇ ਉਡੀਕ ਰਹੀ ਹੈ ਤੇ ਕੀਕੂੰ ਆਉਂਦੇ ਹੀ ਛਕਣ ਲਗ ਪਏ ਹਨ ? ਕੁਛ ਘਬਰਾਉਂਦੇ ਤੇ ਕੁਛ ਸ਼ਰਮਿੰਦੇ ਹੁੰਦੇ ਸਨ, ਫਿਰ ਇਹ ਗਲ ਫੁਰਦੀ ਸੀ ਕਿ ਜਾਣੀ ਜਾਣ ਹਨ, ਗ਼ਰੀਬ ਨਿਵਾਜ ਹਨ, ਕੀੜੀ ਦੀ ਪੁਕਾਰ ਪਹਿਲਾਂ ਸੁਣਦੇ ਹਨ, ਹਾਥੀ ਦੀ ਚਿੰਘਾਰ ਪਿੱਛਾਂ ਸੁਣਦੇ ਹਨ। ਸਾਰੇ ਭਰਾ ਕੁਛ ਸ਼ਰੀਕੇ ਦੇ ਭਾਉ ਵਿਚ ਆਕੇ ਖਿਝਦੇ ਬੀ ਸਨ ਕਿ ਇਥ ਕਿਉਂ ਆ ਗਏ, ਪਰ ਚੰਦ ਕਿਸੇ ਕੁਨਾਲੀ ਨਾਲ ਸੁਕਾਇਆ ਨਹੀਂ ਜਾ ਸਕਦਾ। ਸਤਿਗੁਰ ਨੇ ਇਸ਼ਾਰਾ ਕਰਕੇ ਚਵ੍ਹਾਂ ਨੂੰ ਡੱਠੀ ਹੋਈ ਫੂੜੀ ਤੇ ਪਾਸ ਬਹਾਲਿਆ ਤੇ ਬੋਲੇ 'ਬੀਬੀ! ਪਾਣੀ!'

"ਪਾਣੀ"

ਪਾਣੀ ਸੁਣ ਕੇ ਤੱਬਕੀ ਨੈਣ ਖੁੱਲ੍ਹੇ, ਧਿਆਨ ਵਾਲੇ ਦਰਸ਼ਨ ਪ੍ਰਤੱਖ ਡਿੱਠੇ, ਮੱਥਾ ਟੇਕਿਆ। ਹੁਣ ਪਰਾਰ ਉਛਾਲ ਵਿੱਚ ਸ੍ਰੀਕੇ ਤੋਂ ਪੱਲਾ ਨੀਵਾਂ ਕਰਨ ਦਾ ਕਿਸ ਨੂੰ ਚੇਤਾ ਹੈ? ਘੜੇ ਵਿਚੋਂ ਰਾਤ ਦਾ ਠਰਿਆ ਜਲ ਆਂਦਾ, ਛੰਨਾਂ ਭਰ ਕੇ ਅੱਗੇ ਧਰਿਆ, ਖੁਸ਼ ਹੋਕੇ ਦਾਤੇ ਨੇ ਛਕਿਆ। ਉਸ ਗਰੀਬਣੀ ਦੇ ਪੱਕੇ ਹੋਏ ਪ੍ਰਸ਼ਾਦੇ ਚਵ੍ਹਾਂ ਅਮੀਰਾਂ ਨੂੰ ਖੁਲਾਏ ਤੇ ਫੇਰ ਸਿੰਘ ਨਾਦ ਵਿਚ ਬੋਲੇ:—

ਸੁਹਣਿਓ। ਅੰਦਰੋਂ ਪਾਲਾਂ ਢਾਓ, ਇਕ ਨਜ਼ਰ ਕਰੋ, ਤੁਸੀਂ ਸਤਿਗੁਰਾਂ ਨੇ ਉਪਦੇਸ਼ ਦਾਤੇ ਥਾਪੇ ਸੋ, ਤੁਸਾਂ ਵਿੱਚ ਪਿਆਰ ਲੋੜੀਏ।

ਚੇਤੇ ਰੱਖੋ! ਈਰਖਾ ਇਕ ਭੂਤ ਹੈ ਜਿਹੜਾ ਸਤਿਸੰਗ ਵਿੱਚ ਬੀ ਲੁਕ ਛਿਪ ਕੇ ਆ ਵੜਦਾ ਹੈ, ਇਸਦੀ ਬਾਹਲੀ ਖਬਰਦਾਰੀ ਰੱਖਿਆ ਕਰੋ। ਵਿਤਕਰਾ ਤੁਸਾਂ ਵਿੱਚ ਨਹੀਂ ਸ਼ੋਭਦਾ, ਤੁਸਾਂ ਅੰਮ੍ਰਿਤ ਛਕਿਆ ਹੈ, ਖਾਲਸਾ ਸਜੇ ਹੋ, ਤੁਸੀਂ ਬਖਸ਼ਿਸ਼ ਵਾਲੇ ਦੀ ਵੰਸ਼ ਹੋ, ਤੁਸਾਂ ਵਿੱਚ ਸ਼ਰੀਕਾ ਤੇ ਵਿਤਕਰਾ ਹੁਣ ਨਾ ਫੇਰਾ ਪਾਵੇ। ਭਜਨ ਬੰਦਗੀ ਵਾਲੇ ਦਾ ਅੰਦਰ—

"ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ"

ਵਾਲਾ ਲੋੜੀਏ। ਤੱਕੋ ਭਾਈ ਭਗਤੂ ਦੀ ਕਮਾਈ ਵੱਲ, ਤੱਕੋ ਜੀਉਣ ਵੱਲ। ਤੁਸੀਂ ਚੰਗੇ ਹੋ, ਬਾਣੀ ਪੜ੍ਹਦੇ ਹੋ, ਨਾਮ ਦਾ ਤਰਲਾ ਲੈਂਦੇ ਹੋ, ਹੁਣ ਅੰਮ੍ਰਿਤ ਛਕ ਕੇ ਨਵੇਂ ਰੰਗ ਵਿਚ ਆਏ ਹੋ, ਪ੍ਰੇਮ ਤੁਹਾਡਾ ਰੂਪ ਰੰਗ ਹੈ। ਘਬਰਾਉ ਨਹੀਂ, ਕਮਜ਼ੋਰੀਆਂ ਤੇ ਕਸਰਾਂ ਆ ਹੀ ਜਾਂਦੀਆਂ ਹਨ, ਪੂਰਾ ਨਾਮ ਸਾਈਂ ਦਾ ਹੈ। ਪਰ ਬਈ ਗਾਫਲ ਨਹੀਂ ਹੋਣਾ ਇਸ ਮਨ

ਤੇ ਸਦਾ ਪਹਿਰਾ ਦੇਣਾ। ਸਿਮਰਨ ਵਾਲੇ ਨੂੰ, ਬਾਣੀ ਦੇ ਪ੍ਰੇਮ ਨੂੰ ਪ੍ਰਚਾਰ ਦੀ ਵਰਤੋਂ ਲੋੜੀਏ। ਇਹ ਬੀਬੀ ਤੁਹਾਡੀ ਚਾਚੀ ਹੈ, ਮਾਤਾ ਹੈ, ਇਸ ਨੂੰ ਮਾਤਾ ਤੁੱਲ ਪਿਆਰ ਕਰੋ। ਅਜ ਤੋਂ ਬਾਦ ਇਸ ਨਾਲ ਕਿ ਆਪੋ ਵਿਚ ਸ਼ਰੀਕੇ ਦਾ ਭਾਵ ਤੁਸਾਂ ਵਿਚ ਕਦੇ ਫੇਰਾ ਨਾ ਪਾਵੇ।" ਰਾਮ ਸਿੰਘ! ਇਹ ਸਿਮਰਨ ਵਾਲੀ ਦੇਵੀ ਹੈ, ਇਸ ਦਾ ਭਾਉ ਤੇ ਭਗਤੀ ਸਾਨੂੰ ਧੂਹ ਕੇ ਇੱਥੇ ਲਿਆਯਾ ਹੈ। ਇਸ ਦੀ ਆਤਮਾ ਅਰੋਗ ਤੇ ਸੁਤੰਤ੍ਰ ਹੋਈ ਹੈ, ਇਹ ਸਾਈਂ ਦਰ ਥਾਂ ਪਈ ਹੈ, ਇਸ ਦਾ ਅਦਬ ਰੱਖੋਗੇ ਤਾਂ ਸੁਖ ਪਾਓਗੇ। ਸਾਈਂ ਦੇ ਦਰ ਜਾਤ, ਜਨਮ, ਉੱਚਤਾ, ਦੌਲਤ ਗਰਬ ਪ੍ਰਵਾਨ ਨਹੀਂ ਹੈ, ਓਥੇ ਸਿਦਕ, ਪਿਆਰ, ਹਲੀਮੀ, ਨਾਮ, ਸਾਈਂ ਲਗਨ ਵਿਚ ਰਹਿਣਾ ਪ੍ਰਵਾਨ ਹੈ, ਸੀਸ ਝੁਕਾਓ ਤੇ ਇਸ ਨੂੰ ਮਾਤਾ ਸਮਝ ਕੇ ਆਦਰ ਸਤਿਕਾਰ ਦਿਓ।

ਇਉਂ ਸੁਣਕੇ ਚੌਵਾਂ ਭਰਾਵਾਂ ਦੇ ਅੰਦਰੋਂ ਇਕ ਗੁਬਾਰ ਜਿਹੇ ਦਾ ਮਾਨੋਂ ਇਕ ਅੰਬਾਰ ਢੱਠਾ, ਦਿਲ ਖਿੜ ਆਇਆ, ਠੰਢੀ ਹੋਈ 'ਮਾਈ ਦੇਸਾਂ' ਠੰਢੀ ਠੰਢੀ ਦੇਵੀ ਨਜ਼ਰ ਆਈ ਤੇ ਚਾਰੇ ਭਿਰਾ ਦਾਤੇ ਦੀ ਮਿਹਰ ਦੇ ਸਦਕੇ ਹੁੰਦੇ ਹੋਏ ਚਰਨੀਂ ਢੈ ਕੇ ਬੋਲੇ—ਮਾਲਕਾ! ਬਖਸ਼ ਲੈ!

ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥ ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥

ਐਉਂ ਮਾਯਾ ਦੀ ਮੈਲ ਹਰਕੇ, ਅਪਣੇ ਮਗਰ ਲਗਿਆਂ ਦੇ ਮਨ ਉੱਜਲ ਕਰਕੇ ਦਾਤਾ ਸਾਈਂ ਉੱਠ ਖੜੇ ਹੋਏ, ਬੋਲੇ—ਰਾਮ ਸਿੰਘ! ਆਹ ਚਾ ਲੈ ਖੇਸ ਤੇ ਲੈ ਚਲ ਸਾਡੇ ਨਾਲ। ਇਹ ਤੁਸਾਡੀ ਮਾਤਾ ਨੇ ਗੁਰੂ ਗੁਰੂ ਜਪਕੇ ਤਯਾਰ ਕੀਤਾ ਹੈ, ਇਹ ਭੇਟ ਦਰ ਪ੍ਰਵਾਨ ਹੋਈ ਹੈ।

ਐਤੂੰ ਤਾਰਦੇ, ਠਾਰਦੇ, ਅਪਣਾਉਂਦੇ ਗਰੀਬ ਨਿਵਾਜ ਜੀ ਠੰਢੇ, ਸੁਹਾਵੇ, ਸੁਹਣੇ ਸਤਿਗੁਰੂ ਜੀ 'ਦੇਸਾਂ' ਦੇ ਘਰੋਂ ਟੁਰਕੇ ਫੇਰ ਬਾਹਰਲੇ ਕੱਖਾਂ ਦੇ ਕੁੱਲੇ ਵਲ ਆ ਗਏ।

ਸੂਚਨਾ—ਇਹ ਕੋਤਕ ਵਰਤਾਕੇ ਗੁਰੂ ਜੀ ਬਠਿੰਡੇ ਗਏ ਤੇ ਕਿਲੇ ਵਿਚ ਇਕ ਉਚੇ ਟਿਕਾਣੇ ਡੇਰਾ ਕੀਤਾ*। ਆਖਦੇ ਹਨ ਕਿ ਕਿਲ੍ਹੇ ਵਿਚੋਂ ਕੋਈ ਕਾਣਾ ਦੇਉ ਨਾਮੇਂ ਦੁਖਦਾਤਾ ਦੂਰ ਕੀਤਾ। ਏਥੇ ਬੀ ਬੜਾ ਹੀ ਪਰਚਾਰ ਹੋਇਆ, ਸੰਗਤਾਂ ਟੁੱਟਕੇ ਆਈਆਂ। ਮਾਈ ਭਾਗੋ, ਜੋ ਅਪਣੇ ਉਚੇ ਰੰਗਾਂ ਵਿਚ ਰਹਿੰਦੀ ਸੀ ਤੇ ਹੁਣ ਕਪੜੇ ਲੱਤ ਬੀ ਪਹਿਨਣੋਂ ਰਹਿ ਚੁਕੀ ਸੀ, ਸਤਿਗੁਰਾਂ ਦੀ ਆਗਿਆ ਹੋਣ ਤੇ ਕਪੜੇ ਪਹਿਨ ਕੇ ਵਿਚਰਨ ਲਗੀ†। ਮਾਈ ਦੀਆਂ ਚੜ੍ਹਦੀਆਂ ਕਲਾਂ ਉਨਮਨ ਸਮਾਧੀਆਂ, ਬੰਦਗੀ ਦੇ ਰੰਗ ਡਾਢੇ ਪ੍ਰਭਾਵ ਵਾਲੇ ਸੇ। ਇਸ ਤਰ੍ਹਾਂ ਭਾਈ ਦਿਆਲੇ ਦਾ ਅੰਮ੍ਰਿਤ ਛਕਣਾ ਤੇ ਹੋਰ ਅਨੇਕ ਕੋਤਕ ਵਰਤੇ। ਸਤਿਗੁਰ ਕਈ ਦਿਨ ਮਗਰੋਂ ਫੇਰ ਇਥੋਂ ਟੁਰਕੇ ਲੱਖੀ ਜੰਗਲ‡ ਦੇ ਵਿਚਦੀ ਹੁੰਦੇ ਰਾਤ ਰਸਤੇ ਗੁਜ਼ਾਰਦੇ ਫੇਰ ਦਮਦਮੇ (ਤਲਵੰਡੀ ਸਾਬੋ) ਆ ਗਏ। ਏਥੇ ਕਈ ਕੌਤਕ ਵਰਤੇ, ਅੱਜ ਲਗੀ ਤੇ ਮੀਂਹ ਵਸਾਇਆ। ਤਪਾਲੀ ਪਈ ਤਾਂ ਅੰਮ੍ਰਿਤ ਦਾਨ ਦੇਕੇ ਦੂਰ ਕੀਤੀ। ਇਨ੍ਹੀ ਦਿਨੀਂ ਡੱਲੇ ਵੱਲ ਸਰਹੰਦ ਦੇ ਨਵਾਬ ਦਾ ਪਰਵਾਨਾ ਆਇਆ ਕਿ ਗੁਰੂ ਜੀ ਨੂੰ ਸਾਡੇ ਹਵਾਲੇ ਕਰ ਦੇਹ, ਯਾ ਬਹੁ ਦੱਸ ਅਸੀਂ ਆਕੇ ਲੈ ਜਾਈਏ। ਡੱਲੇ ਨੇ ਜਵਾਬ ਘਲਿਆ ਕਿ ਗੁਰੂ ਜੀ ਮੇਰੀ ਜਾਨ ਦੇ ਨਾਲ ਹਨ, ਮੈਂ ਬੇਅਦਬੀ ਨਹੀਂ ਕਰ ਸਕਦਾ। ਇਨ੍ਹਾਂ ਰੋਤ ਬਲਿਆਂ ਵਿਚ ਮੈਂ ਤੇ ਗੁਰੂ ਜੀ ਤੁਹਾਡੇ ਹੱਥ ਨਹੀਂ ਆ ਸਕਦੇ। ਜੇਗ ਆ ਪਿਆ ਤਾਂ ਤਯਾਰ ਹਾਂ। ਡੱਲੇ ਦਾ ਪ੍ਰੇਮ ਇਨਾਂ ਵਧ ਗਿਆ ਸੀ ਕਿ ਆਪਣਾ ਤਨ, ਮਨ ਤੇ ਧਨ ਬੀ ਸਮਝਦਾ ਸੀ ਕਿ ਗੁਰਾਂ ਤੋਂ ਵਾਰ ਦਿਆਂ। ਅੰਮ੍ਰਿਤ ਛੱਕਣ ਦੀ ਅਜੇ ਕਸਰ ਸੀ, ਜੀਕੂੰ ਡੱਲੇ ਦਾ ਮਨ ਅੰਮ੍ਰਿਤ ਤੇ ਨਿਸ਼ਚਾਵਾਨ ਹੋਇਆ, ਅਗਲੇ ਪ੍ਰਸੰਗ ਵਿਚ ਹੈ:—

੮੬. ਕਰਾਮਾਤ, ਡੱਲਾ ਤੇ ਅੰਮ੍ਰਿਤ§।

੧. [ਕਰਾਮਾਤ]

ਛਤਿਆਣੇ ਦੀ ਟਿੱਬੀ ਦਾ ਸੱਯਦ ਇਬ੍ਰਾਹੀਮ ਵਿਦਵਾਨ, ਤਪੀ ਰਜ਼ਾਜ਼ਤੀ ਜਦ ਸਿੰਘ ਸਜ ਗਿਆ, ਤਦ ਉਸਦੀ ਆਤਮਾ ਦੀ ਠੰਢ ਨੇ, ਟਿਕਾਉ ਨੇ, ਬ੍ਰਹਮਾਨੰਦ ਨੇ ਜੋ ਉਸਨੂੰ ਪ੍ਰਾਪਤ ਹੋਏ ਉਸ ਨੂੰ ਸਤਿਗੁਰ ਦਾ ਹੋਰ ਭੇਰਾ ਬਣਾ ਦਿੱਤਾ ਤੇ ਇੰਨਾ ਪ੍ਰੇਮਾਤੁਰ ਕੀਤਾ ਕਿ ਡੇਰਾ, ਟਿਕਾਣਾ ਉਹ ਸੇਵਕੀ ਤੇ ਪਿਆਰੇ ਜੋ ਸਿੰਘ ਸਜਣ ਤੇ ਬੀ ਉਸ ਦੇ ਸਿਦਕ ਵਿਚ ਪੱਕੇ ਰਹੇ ਸਨ ਸਭ ਛੱਡਕੇ ਸਤਿਗੁਰ ਦੇ ਨਾਲ ਹੋ ਟੁਰਿਆ ਤੇ ਸਦਾ ਚਰਨ ਸ਼ਰਨ ਰਹਿਣ ਦੀ ਠਾਣ ਕੇ

*ਬਠਿੰਡੇ ਦੇ ਗੁਰਦੁਆਰੇ ਹਨ ਇਕ ਕਿਲ੍ਹੇ ਵਿਚ ਤੇ ਇਕ ਬਾਹਰ। †ਤੇਜ਼ ਕਛਹਿਰਾ, ਸਿਰ ਦਸਤਾਰਾ ਤੇ ਗਲ ਚਾਦਰ ਦੀ ਗਿਲਤੀ ਮਾਈ ਦੀ ਪੁਸ਼ਾਕ ਹੁੰਦੀ ਸੀ। ‡ਸਰਕਾਰੀ ਦਫਤਰਾਂ ਵਿਚ ਏਹ ਇਲਾਕਾ ਭਦੌੜ ਲੱਖੀ ਜੰਗਲ ਲਿਖੀਂਦਾ ਸੀ ਪਰ ਗੁਰੂ ਜੀ ਨੇ ਜਿਸਨੂੰ ਲੱਖੀ ਜੰਗਲ ਕਿਹਾ ਹੈ ਉਹ ਪਿੱਛੇ ਆ ਚੁਕਾ ਹੈ। ਇਕ ਲੱਖੀ ਜੰਗਲ ਸਿੰਧ ਵਿਚ ਬੀ ਦੱਸੀਂਦਾ ਹੈ। ਇਉਂ ਬੀ ਜਾਪਦਾ ਹੈ ਕਿ ਇਸ ਸਾਰੇ ਇਲਾਕੇ ਨੂੰ ਪਿਆਰ ਨਾਲ ਲਖੀ ਜੰਗਲ ਕਹਿ ਲੈਂਦੇ ਹਨ। §ਇਹ ਪ੍ਰਸੰਗ ੧੧ ਪੋਹ ਸੰਮਤ ੪੫੧ (੨੫ ਦਸੰਬਰ ੧੯੧੯) ਗੁਰਵਾਰ ਪੋਹ ਸੁਦੀ ਸਪਤਮੀ ਸਮੇਂ 'ਖਾਲਸਾ ਸਮਾਚਾਰ' ਵਿਖੇ 'ਕਲਗੀਆਂ ਵਾਲੇ ਦੇ ਰੰਗ' ਸਿਰਨਾਮੇ ਹੇਠ ਪ੍ਰਕਾਸ਼ਿਆ ਸੀ।

ਸੇਵਾ ਵਿਚ ਰਹਿ ਪਿਆ। ਸਤਿਗੁਰ ਜੀ ਕਈ ਪਿੰਡੀਂ ਹੁੰਦੇ ਹੋਏ ਉਸ ਟਿਕਾਣੇ ਆ ਟਿਕੇ ਸਨ ਕਿ ਜਿਸ ਨੂੰ ਆਪ ਨੇ ਦਮਦਮਾ ਆਖਿਆ ਤੇ ਦੋਖੇ ਮਹੀਨੇ ਨਿਵਾਸ ਰੱਖਿਆ, ਇਸ ਦੇ ਸਮਾਚਾਰ ਪਿਛੇ ਆ ਚੁਕ ਹਨ। ਇਥੇ ਇਕ ਦਿਨ ਅਜਮੇਰ ਸਿੰਘ ਜੀ ਤੇ ਦਾਨਾ ਸਿੰਘ ਜੀ ਏਕਾਂਤ ਬੈਠੇ ਉਸ ਸਰ ਦੇ ਕਿਨਾਰੇ ਵਾਰਤਾਲਾਪ ਕਰ ਰਹੇ ਸਨ ਕਿ ਜਿਸ ਵਿਚ ਇਕ ਦਿਨ ਸਤਿਗੁਰਾਂ ਨੇ ਲਿੱਖਣਾਂ ਘੜ ਘੜ ਸੁੱਟੀਆਂ ਤੇ ਆਖਿਆ ਸੀ–"ਲਿੱਖਣ ਸਰ", "ਏਥੇ ਬੜੇ ਲਿਖਾਰੀ ਹੋਣਗੇ"। ਅਜਮੇਰ ਸਿੰਘ ਤੇ ਦਾਨਾ ਸਿੰਘ ਜੀ ਦੇ ਪਾਸ ਰਾਇ ਡੱਲਾ ਆਕੇ ਬੈਠ ਗਿਆ ਤੇ ਆਖਣ ਲੱਗਾ:–

ਖਾਲਸਾ ਜੀ! ਮੈਂ ਨੰਗਲ ਵਾਸੀ ਆਦਮੀ ਹਾਂ, ਸਤਿਗੁਰ ਦਾ ਪ੍ਰੇਮੀ ਹਾਂ, ਬਹੁਤ ਦਿਨਾਂ ਤੋਂ ਅੰਗ ਸੰਗ ਹਾਂ, ਸਤਿਗੁਰ ਲੀਖੇ ਤੁਠੇ ਭੀ ਮੇਰੇ ਉਤੇ ਅਤਿ ਹਨ, ਮੈਂ ਉਨ੍ਹਾਂ ਨੂੰ ਕਰਾਮਾਤ ਦਾ ਸਾਹਿਬ ਮੰਨਦਾ ਬੀ ਹਾਂ, ਅੱਖੀਂ ਕਰਾਮਾਤਾਂ ਵੇਖ ਬੀ ਚੁਕਾ ਹਾਂ, ਔਂਤ ਲੱਗ ਜਾਣ ਤੇ ਮੈਂ ਬੇਨਤੀ ਕੀਤੀ ਕਿ ਮੀਂਹ ਵੱਸੇ, ਤਦ ਪਹਿਲੇ ਤਾਂ ਰਜ਼ਾ ਦਾ ਉਪਦੇਸ਼ ਕਰਦੇ ਰਹੇ, ਪਰ ਜਦ ਮੈਂ ਖਹਿੜਾ ਕੀਤਾ ਤਾਂ ਬਿਰਦਪਾਲ ਆਖਣ ਲਗੇ:–ਡੱਲਿਆ ਕੁਦਰਤ ਜੜ੍ਹ ਹੈ, ਜੀਵਨ ਚੇਤਨ ਹੈ, ਚੇਤਨ ਜੜ੍ਹ ਪਰ ਭਾਰੂ ਹੈ, ਇਸ ਜੜ੍ਹ ਕੁਦਰਤ ਨੂੰ ਹੁਕਮ ਦੇਹ ਕਿ ਮੀਂਹ ਪਾਵੇ। ਮੈਂ ਕਿਹਾ:–ਪਾਤਸ਼ਾਹ ਮੈਂ ਨਿਰਬਲ ਕੀਹ ਜਾਣਾਂ? ਆਪ ਦੇ ਹੁਕਮ ਵਿਚ ਸਾਰਾ ਕੁਛ ਹੈ, ਮਿਹਰ ਕਰੋ? ਕਹਿਣ ਲੱਗੇ, ਰਜ਼ਾ ਹੈ ਮੀਂਹ ਵੱਸੇ ਸੋ ਵੱਸੇਗਾ ਕੁਦਰਤ ਭੈ ਵਿਚ ਹੈ, ਮੱਚੇ ਦੀ ਵੇਗਾਰ ਕੱਢੇਗੀ। ਸੋ ਠੀਕ ਬਰਖਾ ਹੋਈ ਤੇ ਬਰਖਾ ਹੋਈ। ਹੁਣ ਜਦ ਤਪਾਲੀ ਪੈ ਗਈ ਹੈ, ਤਾਂ ਮੈਂ ਅਰਜ਼ ਕੀਤੀ ਪਾਤਸ਼ਾਹ! ਮਿਹਰ ਕਰੋ! ਤਾਂ ਹੁਕਮ ਹੋਇਆ ਜੋ ਅੰਮ੍ਰਿਤ ਛਕੇ ਸੋ ਰਾਜ਼ੀ। ਜੋ ਛਕਦਾ ਹੈ, ਨਾਲੇ ਤਾਂ ਪਿੰਡੇ ਦਾ ਤਾਪ ਉਤਰ ਜਾਂਦਾ ਹੈ, ਨਾਲੇ ਮਨ ਦੀ ਤਪਸ਼ ਤੁਟ ਜਾਂਦੀ ਹੈ, ਇਹ ਕੀ ਗੱਲ ਹੋਈ?

ਦਾਨਾ ਸਿੰਘ–ਤੁਹਾਡਾ ਕੀ ਮਤਲਬ ਹੈ ਕਿ ਇਹ ਕੁਛ ਕੋਈ ਭੁਲ ਭੁਲਾਵਾ ਹੈ?

ਡੱਲਾ–ਮੇਰਾ ਅੰਦਰ ਬਾਹਰ ਸੜੇ ਜੇ ਮੇਰੇ ਅੰਦਰ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਕਰਾਮਾਤੀ ਹੋਣ ਵਿਚ ਸ਼ੱਕ ਹੋਵੇ ਤਾਂ, ਮੈਨੂੰ ਪੱਕਾ ਭਰੋਸਾ ਅਰ ਅੱਖੀਂ ਡਿੱਠਾ ਤੇ ਹੱਡੀਂ ਵਰਤਿਆ ਭਰੋਸਾ ਹੈ। ਮੇਰੀ ਬੇਨਤੀ ਇਹ ਹੈ ਕਿ ਇਹ ਕਿਸ ਤਰ੍ਹਾਂ ਹੁੰਦਾ ਹੈ ਕਿ ਉਹਨਾਂ ਦੇ ਕਹਿਣ ਨਾਲ ਉਹ ਕੁਛ ਹੋ ਜਾਂਦਾ ਹੈ, ਜੋ ਕੁਛ ਕਿ ਹੋਣਾ ਔਖਾ ਦੀਹਦਾ ਹੈ? ਗੱਲ ਕੀ ਹੈ? ਹੈ ਤਾਂ ਸੱਚ, ਪਰ ਹੈ ਕਿਵੇਂ?

ਅਜਮੇਰ ਸਿੰਘ–ਡੱਲਿਆ! ਜਦ ਤੇਰੇ ਹੱਥ ਵਿਚ ਦੇਵੀਏ ਖਿੱਚੂ ਤੇ ਆਖੀਏ ਪੂਜਾ ਦੇਹ ਦਸਾਂ ਕ ਗਜ਼ਾਂ ਦੇ ਉਤੇ, ਤੂੰ ਦਸ ਬਾਰਾਂ ਗਜ਼ ਟੁਰਕੇ ਉਸ ਨੂੰ ਛੋੜਨ ਤਾਂ ਨਹੀਂ ਜਾਂਦਾ, ਉਥੋਂ ਹੀ ਰੇੜ੍ਹ ਦੇਂਦਾ ਹੈਂ, ਖਿੱਚੂ ਰਿੜਕੇ ਦੂਰ ਚਲਾ ਜਾਂਦਾ ਹੈ। ਚਾਹੀਦਾ ਇਹ ਸੀ ਕਿ ਖਿੱਚੂ ਤੇਰੇ ਹੱਥ ਨਾਲ ਧੱਕਿਆ ਤਦ ਤਕ ਰਿੜ੍ਹਦਾ ਜਦ ਤਕ ਕਿ ਤੇਰਾ ਹੱਥ ਖਿੱਚੂ ਦੇ ਨਾਲ ਲੱਗਾ ਉਸ ਨੂੰ ਰੇੜ੍ਹੀ ਜਾਂਦਾ, ਤੂੰ ਹੱਥ ਛੱਡ ਦਿੱਤਾ ਖਿੱਚੂ ਆਪੇ ਕੀਕੂੰ ਰਿੜ੍ਹਦਾ ਚਲਾ ਗਿਆ? ਦੇਖ ਗੱਡੇ ਤਦ ਤਕ ਤੁਰਦੀ ਹੈ ਜਦ ਤਕ ਬੈਲ ਦੁਈ ਜਾਂਦੇ ਹਨ। ਪੰਡ ਤਦ ਤਕ ਖੇਤ ਤੋਂ ਘਰ ਵਲ ਨੂੰ ਤੁਰੀ ਆਉਂਦੀ ਹੈ, ਜਦ ਤਕ ਪਾਂਡੀ ਸਿਰ ਤੇ ਚਾਈ ਟੁਰਿਆ ਰਹਿੰਦਾ ਹੈ। ਨਾਂ ਬੈਲਾਂ ਦੇ ਲੱਗਕੇ ਖਿੱਚੇ ਬਿਨਾਂ ਗੱਡੀ, ਨਾਂ ਪਾਂਡੀ ਦੇ ਸਿਰ ਡਾਹ ਚੁਕਕੇ ਤੁਰੇ ਇਨਾਂ ਪੰਡ ਇਕ ਥਾਂ ਤੋਂ ਦੂਸਰੀ ਥਾਂ ਜਾ ਸਕੇ, ਪਰ ਤੇਰਾ ਖਿੱਚੂ ਆਪੇ ਰਿੜ੍ਹਕੇ ਟਿਕਾਣੇ ਪੁਜ ਗਿਆ ਇਹ ਕੋਈ ਕਰਾਮਾਤ ਹੈ ਕਿ ਨਹੀਂ?

ਡੱਲਾ–ਇਹ ਕਾਹਦੀ ਕਰਾਮਾਤ ਹੈ? ਸਭ ਕੋਈ ਕਰ ਲੈਂਦਾ ਹੈ।

ਅਜਮੇਰ ਸਿੰਘ–ਕਰਾਮਾਤ ਕਰਾਮਾਤ ਹੈ, ਚਾਹੇ ਇਕ ਕਰ ਸਕੇ ਚਾਹੇ ਸਭ ਕੋਈ। ਤੂੰ ਦੱਸ ਕਰਾਮਾਤ ਹੈ ਕਿ ਨਹੀਂ?

ਡੱਲਾ–ਉਹ ਕਾਹਦੀ ਕਰਾਮਾਤ ਹੈ ਜੋ ਰੋਜ਼ ਵਰਤਦੀ ਹੈ, ਸਭ ਕੋਈ ਕਰਦਾ ਹੈ ਤੇ ਨਿੱਤ ਹੋਣ ਕਰਕੇ ਅਚਰਜ ਕੋਈ ਨਹੀਂ ਹੁੰਦਾ।

ਅਜਮੇਰ ਸਿੰਘ–ਤਾਂ ਤੂੰ ਕਰਾਮਾਤ ਅਸਚਰਜ ਕਰਨ ਵਾਲੀ ਗੱਲ ਨੂੰ ਸਮਝਦਾ ਹੈਂ। ਅਸਚਰਜ ਤਾਂ ਮਦਾਰੀ ਦੇ ਤਮਾਸ਼ੇ ਵਾਲੇ ਭੀ ਕਰ ਲੈਂਦੇ ਹਨ, ਪਰ ਤੂੰ ਜਾਣਦਾ ਹੈਂ ਕਿ ਓਹ ਸਾਰੀ ਚਾਲਾਕੀ ਤੇ ਹੱਥ ਨਾਟਕ ਹੈ, ਪਰ ਤੂੰ ਜਾਣਦਾ ਹੈਂ ਕਿ ਕਰਾਮਾਤ ਸੱਚ ਹੈ।

ਡੱਲਾ (ਘਬਰਾਕੇ)–ਠੀਕ ਆਂਹਦੇ ਹੋ, ਪਰ ਮੈਨੂੰ ਦੱਸੋ ਨਾਂ ਫੇਰ ਹੈ ਕੀ ?

ਅਜਮੇਰ ਸਿੰਘ–ਪਹਿਲੇ ਤੁਸੀਂ ਦੱਸੋ ਕਿ ਇੱਟ ਦਾ ਆਪੇ ਪੁਜ ਪੈਣਾ ਕਰਾਮਾਤ ਹੈ ਕਿ ਨਹੀਂ ?

ਡੱਲਾ–ਇਹ ਓਸ ਤਰ੍ਹਾਂ ਦੀ ਕਰਾਮਾਤ ਨਹੀਂ ਜਿਸ ਤਰ੍ਹਾਂ ਦੀ ਮੈਂ ਪੁਛਦਾ ਹਾਂ।

ਅਜਮੇਰ ਸਿੰਘ–ਪਰ ਹੈ ਕਰਾਮਾਤ ?

ਡੱਲਾ–ਲੱਗਦੀ ਤਾਂ ਹੈ।

ਅਜਮੇਰ ਸਿੰਘ–ਕਦੇ ਤੇਰੇ ਘਰ ਦੇ ਬੂਹੇ ਦੋ ਹੱਥਾਂ ਨਾਲ ਯਾ ਕਿਸੇ ਹੱਥ ਆਦਿਕ ਸਰੀਰਕ ਧੱਕੇ ਦਿੱਤੇ ਬਿਨਾਂ ਖੁੱਲੇ ਹਨ ? ਕਦੇ ਬੂਹੇ ਆਪ ਸਰੀਰਕ ਵਸੀਲੇਨਾਲ ਭੀੜੇ ਬਿਨਾਂ ਬੰਦ ਹੋਏ ਹਨ ?

ਡੱਲਾ–ਨਹੀਂ ਜੀ।

ਅਜਮੇਰ ਸਿੰਘ–ਕਦੇ ਤੇਰੀ ਮਰਜ਼ੀ ਮਾਤ੍ਰ ਨਾਲ ਘਰ ਦੇ ਬੂਹੇ ਖੁਲ੍ਹ ਯਾ ਬੰਦ ਹੋਏ ਹਨ ? ਤੂੰ ਚਾਹਿਆ ਹੋਵੇ ਕਿ ਬੂਹਾ ਬੰਦ ਹੋ ਜਾਏ ਤਾਂ ਬੰਦ ਹੋ ਗਿਆ ਹੋਵੇ, ਤੂੰ ਚਾਹਿਆ ਹੋਵੇ ਕਿ ਬੂਹਾ ਖੁਲ੍ਹ ਜਾਵੇ ਤਾਂ ਖੁਲ੍ਹ ਗਿਆ ਹੋਵੇ ?

ਡੱਲਾ–ਕਦੇ ਨਹੀਂ, ਕੋਈ ਖੁਹਲੇ ਭੀੜੇ ਤਾਂ ਖੁਲ੍ਹਦੇ ਭਿੜਦ ਹਨ, ਮੇਰੀ ਮਰਜ਼ੀ ਮਾਤ੍ਰ ਨਾਲ ਤਾਂ ਨਹੀਂ ਖੁਲ੍ਹਦੇ ਮਿਟਦੇ।

ਅਜਮੇਰ ਸਿੰਘ–ਪਰ ਸਵੇਰ ਨੂੰ ਜਦ ਤੂੰ ਜਾਗਦਾ ਹੈ ਤਾਂ ਤੇਰੀਆਂ ਅੱਖਾਂ ਦੇ ਬੂਹੇ, ਜਿਨ੍ਹਾਂ ਨੂੰ ਅੱਖਾਂ ਦੇ ਛੱਪਰ ਆਖਦੇ ਹਨ ਕਿਸ ਤਰ੍ਹਾਂ ਖੁਲ੍ਹਦੇ ਹਨ ? ਕੀ ਤੂੰ ਉਹਨਾਂ ਨੂੰ ਆਪਣੇ ਹੱਥਾਂ ਨਾਲ ਖੋਲ੍ਹਦਾ ਹੈਂ ਯਾ ਕੋਈ ਤੇਰੇ ਲਈ ਉਹਨਾਂ ਨੂੰ ਖੋਹਲਦਾ ਹੈ ?

ਡਲਾ (ਘਬਰਾ ਕੇ)–ਨਹੀਂ, ਓਹ ਆਪੇ ਖੁਲ੍ਹ ਜਾਂਦੇ ਹਨ।

ਅਜਮੇਰ ਸਿੰਘ–ਘਬਰਾਓ ਨਹੀਂ, ਸੋਚੋ, ਕੰਘੀ ਮਾਰੋ ਮਨ ਵਿੱਚ ! ਅੱਖਾਂ ਦੇ ਛੱਪਰ ਆਪੇ ਨਹੀਂ ਖੁਲ੍ਹਦੇ, ਤੁਸੀਂ ਅੰਦਰੋਂ ਚਾਹੁੰਦੇ ਹੋ ਕਿ ਖੁਲ੍ਹ ਜਾਣ, ਓਹ ਖਲ੍ਹ ਜਾਂਦੇ ਹਨ, ਤੁਸੀਂ ਇੱਛਾ ਕਰਦੇ ਹੋ ਉਹ ਬੰਦ ਹੋ ਜਾਣ, ਓਹ ਬੰਦ ਹੋ ਜਾਂਦੇ ਹਨ! ਕੇਵਲ ਤੁਹਾਡੀ ਇੱਛਾ ਨਾਲ, ਨਿਰਾ ਤੁਹਾਡੇ ਚਾਹੁਣ ਨਾਲ ਅੱਖਾਂ ਦੇ ਬੂਹੇ ਖੁਲ੍ਹ ਮਿਟ ਜਾਂਦੇ ਹਨ, ਕਿਸੇ ਸ਼ਰੀਰਕ ਵਸੀਲੇ ਦੀ ਲੋੜ ਨਹੀਂ ਪੈਂਦੀ।

ਡੱਲਾ–ਇਹ ਤਾਂ ਇਉਂ ਹੀ ਹੁੰਦਾ ਹੈ।

ਅਜਮੇਰ ਸਿੰਘ–ਕੀ ਇਹ ਕਰਾਮਾਤ ਨਹੀਂ ?

ਡੱਲਾ–ਹੈ ਤਾਂ ਅਚਰਜ ਪਰ ਰੋਜ਼ ਵਰਤਦਾ ਹੈ ਤੇ ਸਭ ਕੋਈ ਕਰ ਸਕਦਾ ਹੈ, ਇਸ ਕਰਕੇ ਕਦੇ ਧਿਆਨਿਆਂ ਨਹੀਂ ਕਿ ਕਿਵੇਂ ਨਿਰਾ ਚਾਹੁਣ ਮਾਤ੍ਰ ਨਾਲ ਸਰੀਰ ਦੇ ਦਰਵਾਜ਼ੇ ਖੁੱਲ੍ਹ ਮਿਟ ਜਾਂਦੇ ਹਨ।

ਅਜਮੇਰ ਸਿੰਘ–ਜਦੋਂ ਤੁਸੀਂ ਇਕ ਪਿੰਡ ਤੋਂ ਦੂਏ ਪਿੰਡ ਚਲੇ ਜਾਂਦੇ ਹੋ ਤਾਂ ਤੁਸੀਂ ਪਹਿਲਾਂ ਚਾਹੁੰਦੇ ਹੋ ਕਿ ਫਲਾਣੇ ਥਾਂ ਚੱਲੀਏ, ਫੇਰ ਚਾਹੁੰਦੇ ਹੋ ਟੁਰੀਏ, ਫਿਰ ਚਾਹੁੰਦੇ ਹੋ ਕਿ ਲੱਤ ਇਕ ਅਗੇ ਹੋਵੇ ਤੇ ਦੂਈ ਪਿਛੇ । ਫਿਰ ਪਿਛਲੀ ਅਗੇ ਜਾ ਪਵੇ ਤੇ ਫੇਰ ਜੋ ਪਿਛੇ ਰਹਿ ਗਈ ਹੈ ਓਹ ਓਸਤੋਂ ਅਗੇ ਜਾ ਪਵੇ ਤੇ ਐਉਂ ਚਾਹੀ ਜਾਂਦੇ ਹੋ ਤਾਂ ਵੇਖੋ ਅਚਰਜ, ਬਿਨਾਂ ਹਿਲਾਏ, ਬਿਨਾ ਚੁੱਕੇ, ਬਿਨਾ ਧੱਕਾ ਦਿੱਤੇ ਆਪੇ ਨਿਰਾ ਚਾਹੁਣ ਮਾਤ੍ਰ ਨਾਲ ਲੱਤਾਂ ਟੁਰੀ ਜਾਂਦੀਆਂ ਹਨ, ਡੱਲਿਆ ! ਕੀ ਇਹ ਕਰਾਮਾਤ ਨਹੀਂ ?

ਡੱਲਾ (ਹੋਰ ਅਚਰਜ ਹੋਕੇ)–ਕਦੇ ਗਉਲਿਆ ਨਹੀਂ ਸੀ। ਹੈ ਤਾਂ ਕਰਾਮਾਤ ਵਾਂਙ ਹੀ, ਪਰ ਸਭ ਕੋਈ ਕਰਦਾ ਹੈ ਤੇ ਰੋਜ਼ ਹੁੰਦਾ ਹੈ। ਕਦੇ ਅਚਰਜ ਨਹੀਂ ਹੋਈਦਾ।

ਅਜਮੇਰ ਸਿੰਘ–ਡੱਲਿਆ ! ਤੂੰ ਵੱਡਾ ਚੌਧਰੀ ਹੈਂ ਮਾਨੋਂ ਰਾਜਾ ਹੈਂ, ਫੇਰ ਤੂੰ ਸਿਪਾਹੀ ਰਾਜਾ ਹੈਂ। ਕਦੀ ਸਵਾਰੀ ਘੋੜੇ ਦੀ ਕੀਤੀ ਆ ?

ਡੱਲਾ (ਮੁਸਕ੍ਰਾ ਕੇ)–ਹੋਰ ਕੰਮ ਹੀ ਕੀਹ ਹੈ ?

ਅਜਮੇਰ ਸਿੰਘ–ਚਤਾ ਕਰਕੇ ਤੇ ਗਹੁ ਕਰਕੇ ਦੱਸ ਕਿ ਨਿੱਤ ਘੋੜਾ ਤਰੀ ਰਾਸ ਦੇ ਇਸ਼ਾਰੇ ਨਾਲ ਚਲਦਾ ਹੈ ਪਰ ਕਦੇ ਡਿੱਠਾ ਹਈ ?–ਕਦੇ ਇਕ ਅੱਧ ਵੇਰ ਐਸਾ ਵਰਤਿਆ ਹੈ ? ਕਿ ਤੂੰ ਘੋੜੇ ਤੇ ਚੜ੍ਹਕੇ ਕਿਸੇ ਨਵੇਂ ਟਿਕਾਣੇ ਨੂੰ ਤੁਰਿਆ ਹੈਂ, ਜਿਥੇ ਅਗੇ ਘੋੜਾ ਕਦੇ ਨਹੀਂ ਗਿਆ, ਫੇਰ ਜਿਥੋਂ ਤੂੰ ਕਿਤੇ ਰਸਤੇ ਤੋਂ ਸੱਜੇ ਖੱਬੇ ਰਾਸ ਮੋੜਕੇ ਟਿਕਾਣੇ ਦੀ ਸੇਧ ਕਰਨੀ ਸੀ, ਤੂੰ ਰਾਸ ਨਹੀਂ ਮੋੜੀ, ਪਰ ਚਿੱਤ ਵਿਚ ਉਥੇ ਪਹੁੰਚਣ ਦੀ ਤੀਖਣਤਾ ਯਾ ਅਤਿਸੈ ਇੱਛਾ ਤੈਨੂੰ ਉਸ ਥਾਂ ਦੇ ਧਿਆਨ ਵਿਚ ਗ਼ਰਕ ਕਰ ਰਹੀ ਹੈ, ਤੇ ਤੂੰ ਉਸ ਗ਼ਰਕਾਓ ਵਿਚ ਘੋੜੇ ਨੂੰ ਰਾਸ ਦਾ ਇਸ਼ਾਰਾ ਦੇਣਾ ਬੀ ਭੁੱਲ ਗਿਆ ਹੈਂ। ਪਰ ਦੇਖੋ ਉਸ ਮੋੜ ਤੇ ਜਿਥੋਂ ਤੂੰ ਰਾਸ ਮੋੜਨੀ ਸੀ, ਘੋੜਾ ਆਪੇ ਅਝਕ

ਗਿਆ ਹੈ, ਖੜੇ ਗਿਆ ਹੈ, ਯਾ ਤੇਰੇ ਮਨ ਦੇ ਚਾਹੇ ਰਸਤੇ ਵਲ ਮੁੜ ਪਿਆ ਹੈ, ਆਪੇ ਬਿਨਾਂ ਰਾਸ ਦੇ ਤਣੁਕੇ ਦਿੱਤੇ ਦੇ। ਇਹ ਵਾਕਿਆ ਰੋਜ਼ ਨਹੀਂ ਹੁੰਦੇ ਤੇ ਹਰੇਕ ਨਾਲ ਨਹੀਂ ਵਾਪਰਦੇ, ਪਰ ਕਦੇ ਕਦੇ ਕਿਸੇ ਅਸਵਾਰ ਨੇ ਐਸਾ ਡਿੱਠਾ ਹੈ ਯਾ ਕਿਸੇ ਨਾਲ ਵਰਤਿਆ ਹੈ। ਕੀ ਕਦੇ ਤੇਰੇ ਨਾਲ ਥੀ ਐਸਾ ਵਰਤਿਆ ਹੈ ?

ਡੱਲਾ—ਹਾਂ, ਇਕ ਦੋ ਵਾਰੀ ਐਸਾ ਹੋਇਆ ਹੈ, ਮੈਂ ਕਿਸੇ ਔਕੜ ਦੇ ਕੰਮ ਉਸ ਦੇ ਧਿਆਨ ਵਿਚ ਗ਼ਰਕ ਜਾ ਰਿਹਾ ਸਾਂ ਤੇ ਇੰਨਾਂ ਤ੍ਰਿੱਖਾ ਤੇ ਜ਼ੋਰਦਾਰ ਅੰਦਰੋਂ ਉਸ ਪਾਸੇ ਡੁਬ ਰਿਹਾ ਸਾਂ ਕਿ ਰਾਸ ਨਹੀਂ ਮੋੜੀ, ਪਰ ਮੇਰੀ ਹੈਰਾਨੀ ! ਤਦੇ ਹੀ ਮੈਨੂੰ ਪਤਾ ਲਗਾ ਜਾਂ ਘੋੜਾ ਬੂਹੇ ਅੱਗੇ ਜਾ ਖੜੋਤਾ, ਜਿੱਥੇ ਅੱਗੇ ਓਹ ਕਦੇ ਨਹੀਂ ਸੀ ਗਿਆ। ਹਾਂ, ਸਾਈਂ ਜੀਵੇ ਸਾਈਂ ਲੋਕ ਜੀ ! ਇਹ ਗੱਲ ਉੱਪਰਲੀਆਂ ਤੋਂ ਥੀ ਅਸਚਰਜ ਕਰਨ ਵਾਲੀ ਹੈ, ਪਰ ਇਹ ਬਹੁਤ ਘਟ ਵਰਤੋਂ ਵਿੱਚ ਕਦੇ ਕਦੇ ਹੋਣ ਵਾਲੀ ਹੈ।

ਅਜਮੇਰ ਸਿੰਘ—ਕੀ ਇਹ ਕਰਾਮਾਤ ਨਹੀਂ ?

ਡੱਲਾ—ਹੋਊ, ਪਰ ਮੇਰੇ ਕਰਨ ਦੀ ਤਾਂ ਨਹੀਂ ਨਾਂ, ਨਾ ਮੈਂ ਆਪ ਕਰ ਸਕਦਾ ਹਾਂ, ਆਪੇ ਕਦੇ ਕਦੇ ਹੋ ਜਾਂਦੀ ਹੈ।

ਅਜਮੇਰ ਸਿੰਘ—ਹੋ ਤਾਂ ਜਾਂਦੀ ਹੈ ਨਾਂ ? ਹੈ ਅਚਰਜ, ਪਰ ਐਸੀ ਹੈ ਜੋ ਵਰਤਦੀ ਹੈ ਤੇ ਆਮ ਆਦਮੀ ਸਮਝਦੇ ਹਨ ਕਿ ਵਰਤਦੀ ਹੈ ਤੇ ਹੈ ਓਸੇ ਤਰ੍ਹਾਂ ਦੀ ਜਿਸ ਤਰ੍ਹਾਂ ਦੀ ਕਿ ਕਰਾਮਾਤ ਹੁੰਦੀ ਹੈ।

ਡੱਲਾ—ਠੀਕ ਹੈ, ਪਰ ਸਤਿਗੁਰ ਤਾਂ ਬੀਮਾਰੀ ਉਤਾਰ ਦੇਂਦੇ ਹਨ।

ਅਜ: ਸਿੰਘ—ਤੂੰ ਭੀ ਕਈ ਵਾਰ ਬੀਮਾਰੀ ਉਤਾਰੀ ਹੋਊ। ਕੀ ਕਦੇ ਤੇਰੇ ਕਿਸੇ ਬੱਚੇ ਨੂੰ ਹਿਚਕੀ ਲੱਗੀ ਹੈ?

ਡੱਲਾ—ਕਈ ਵੇਰ।

ਅਜ: ਸਿੰਘ—ਕੀ ਕਦੇ ਐਸ ਤਰ੍ਹਾਂ ਦਾ ਇਲਾਜ ਕੀਤਾ ਜੇ ਕਿ ਬੱਚਾ ਆਇਆ ਹਿਚਕੀ ਲੈਂਦਾ ਤੇ ਤੁਸਾਂ ਆਉਂਦੇ ਨੂੰ ਆਖਿਆ ਹੋਵੇ, ਦੇਖ ਕਾਕਾ ! ਤੂੰ ਕੱਲ੍ਹ ਮਾਂ ਦੇ ਪੈਸੇ ਚੁਰਾ ਲਏ ਸਨ ਤੇ ਮੈਂ ਤੇਰੇ ਨਾਲ ਗੁੱਸੇ ਹੋਗਿਆ ਹਾਂ ਸੋ ਅੱਜ ਤੋਂ ਮੈਂ ਤੇਰੇ ਨਾਲ ਨਹੀਂ ਬੋਲਣਾ, ਤੇ ਤੇਰੇ ਐਸਾ ਕਹਿੰਦੇ ਸਾਰ ਮੁੰਡੇ ਦੀ ਹਿਚਕੀ ਬੰਦ ਹੋ ਗਈ ਹੋਵੇ ?

ਡੱਲਾ—ਹਾਂ ਹੋਇਆ ਹੈ, ਸਵਾ ਪਹਿਰ ਇਕ ਦਿਨ ਕਾਕੇ ਦੀ ਹਿਚਕੀ ਨਹੀਂ ਸੀ ਰੁਕੀ, ਫੇਰ ਮੈਂ ਉਸ ਨੂੰ ਕਿਸੇ ਤਰ੍ਹਾਂ ਦੀ ਗਲ ਆਖੀ ਤਾਂ ਹਟ ਗਈ ਪਰ ਜਦ ਉਸ ਨੂੰ ਪਤਾ ਲਗਾ ਗਿਆ ਕਿ ਮੈਂ ਉਹਨੂੰ ਗੱਲ ਵਿਲਾਣ ਵਾਸਤੇ ਆਖੀ ਸੀ, ਤਦ ਦੂਜੀ ਵੇਰ ਇਸ ਤਰ੍ਹਾਂ ਨਾ ਹਟੀ।

ਅਜ: ਸਿੰਘ—ਡੱਲਿਆ ! ਇਹ ਗੱਲ ਵੱਖਰੀ ਹੈ, ਪਰ ਹਿਚਕੀ ਹਟ ਤਾਂ ਗਈ ਸੀ ਨਾ, ਬਿਨਾਂ ਦਵਾ ਤੋਂ ਆਪੇ ਤੇਰੇ ਕੁਛ ਆਖਣ ਮਾਤ੍ਰ ਨਾਲ ਹੀ।

ਡੱਲਾ—ਹਾਂ ਜੀ।

ਅਜਮੇਰ ਸਿੰਘ—ਕੀ ਫੇਰ ਇਹ ਕਰਾਮਾਤ ਨਹੀਂ ਸੀ ?

ਡੱਲਾ (ਅਚਰਜ ਹੋ ਕੇ)—ਲਗਦੀਆਂ ਤਾਂ ਕਰਾਮਾਤਾਂ ਹਨ, ਪਰ ਉਸ ਤਰ੍ਹਾਂ ਦੀਆਂ ਨਹੀਂ ਜਿਸ ਤਰ੍ਹਾਂ ਦੀਆਂ ਗੁਰੂ ਮਹਾਰਾਜ ਕਰ ਲੈਂਦੇ ਹਨ ਤੇ ਮੈਂ ਸਮਝਣਾ ਇਹ ਹੈ ਕਿ ਓਹ ਕਿਵੇਂ ਹੁੰਦੀਆਂ ਹਨ ?

ਅਜ: ਸਿੰਘ—ਡੱਲਿਆ ! ਜੇ ਕਦੇ ਘੋੜੀ ਯਾ ਮਹਿੰ ਦਰਜਾ ਵਿਚ ਸੂ ਪਵੇ ਤਾਂ ਉਸਦਾ ਬੱਚਾ ਜੰਮਦਿਆਂ ਤਰਨ ਲੱਗ ਜਾਂਦਾ ਹੈ।

ਡੱਲਾ—ਠੀਕ ਹੈ।

ਅਜਮੇਰ ਸਿੰਘ—ਪਰ ਜੇ ਆਦਮੀ ਦਾ ਬੱਚਾ ਦਰਜਾ ਵਿਚ ਸੁੱਟੀਏ ਤਾਂ ਡੁੱਬ ਜਾਂਦਾ ਹੈ।

ਡੱਲਾ—ਠੀਕ ਹੈ।

ਅਜ: ਸਿੰਘ—ਪਰ ਫੇਰ ਆਦਮੀ ਦਾ ਬੱਚਾ ਦਰਜਾ ਵਿਚ ਤਰਦਾ ਹੈ, ਤੂੰ ਤਰਦਾ ਹੈਂ, ਤੇਰੇ ਕਾਕੇ ਤਰਦੇ ਹਨ, ਕੀ ਇਹ ਕਰਾਮਾਤ ਨਹੀਂ ਕਿ ਕੁਦਰਤ ਤੋਂ ਤਾਂ ਇਨਸਾਨ ਤਾਰੂ ਨਹੀਂ, ਪਰ ਕੁਦਰਤ ਤੇ ਹਾਵੀ ਹੋਕੇ ਤਰਨ ਲੱਗ ਜਾਂਦਾ ਹੈ ?

ਡੱਲਾ—ਹੈ ਤਾਂ ਠੀਕ, ਕਦੇ ਏਹ ਗੱਲਾਂ ਗਉਲੀ ਦੀਆਂ ਨਹੀਂ ਨਾ, ਪਰ ਤਦ ਵੀ ਮੈਨੂੰ ਉਸ ਕਰਾਮਾਤ ਦਾ ਵੇਰਵਾ ਦੱਸੋ ਜੋ ਸਤਿਗੁਰੂ ਜੀ ਕਰਦੇ ਹਨ।

ਅਜ: ਸਿੰਘ—ਲੈ ਸੁਣ—ਤੇਰੇ ਸ਼ਰੀਰ ਵਿਚ ਦੋ ਹਿੱਸੇ ਹਨ, ਇਕ ਸ਼ਰੀਰ, ਇਕ ਜਿਸ ਨੂੰ ਮਨ ਕਹਿ ਲਿਆ ਜਾਵੇ। ਸ਼ਰੀਰ 'ਦਿੱਸਦਾ' ਹੈ, ਮਨ 'ਪ੍ਰਤੀਤ' ਹੁੰਦਾ ਹੈ। ਇਸ ਮਨ ਦੇ ਪਿੱਛੇ ਹੋਰ ਤਾਕਤ ਹੈ, ਉਸ ਨੂੰ ਰੂਹ ਜਾਂ ਆਤਮਾ ਆਖਦੇ ਹਨ, ਪਰ ਉਸ ਦੀ ਗੱਲ ਫੇਰ ਕਰਾਂਗੇ। ਸ਼ਰੀਰ ਸਾਰੇ ਕੰਮ

ਸ਼ਰੀਰਕ ਹਰਕਤ (ਚੇਸ਼ਟਾ) ਨਾਲ ਕਰਦਾ ਹੈ, ਪਰ ਮਨ ਕੇਵਲ ਇੱਛਾ ਕਰਦਾ ਹੈ। ਜਿਸ ਤਰ੍ਹਾਂ ਸ਼ਰੀਰ ਕਈ ਬਲਵਾਨ ਹਨ, ਕਈ ਲਿੱਸੇ, ਪਤਲੇ, ਨਿਤਾਣੇ ਹਨ, ਇਸ ਤਰ੍ਹਾਂ ਮਨ ਭੀ ਕਈ ਨਿਰਬਲ ਹਨ, ਕਈ ਬਲਵਾਨ ਹਨ। ਜਿਸ ਤਰ੍ਹਾਂ ਬਲ ਵਾਲੇ ਸ਼ਰੀਰ ਦੀ ਚੇਸ਼ਟਾ (ਹਰਕਤ) ਤਾਕਤਵਰ ਹੈ, ਉਸੇ ਤਰ੍ਹਾਂ ਬਲ ਵਾਲੇ ਮਨ ਦੀ ਚੇਸ਼ਟਾ (ਇੱਛਾ) ਜ਼ਬਰਦਸਤ ਤੇ ਜ਼ੋਰ ਵਾਲੀ ਹੁੰਦੀ ਹੈ। ਜਿਸ ਨੂੰ ਤੂੰ ਕਰਾਮਾਤ ਸਮਝਦਾ ਹੈਂ; ਉਹ ਬਲਵਾਨ ਇੱਛਾ ਸ਼ਕਤੀ ਦੇ ਕਰਤੱਵ ਹਨ।

ਇਹ ਤੂੰ ਵੇਖ ਚੁੱਕਾ ਹੈਂ ਕਿ ਇੱਛਾ ਸ਼ਕਤੀ ਜਦ ਅੰਦਰੋਂ ਤੁਰਨ ਦੀ ਹੁੰਦੀ ਹੈ; ਤਾਂ ਤੈਨੂੰ ਲੈ ਟੁਰਦੀ ਹੈ। ਇੱਛਾ ਸ਼ਕਤੀ ਦਾ ਰੂਪ ਰੰਗ ਨਹੀਂ ਤੇ ਤੋਲ ਤਾਂ ਕੀ ਹੋਣਾ ਸੀ, ਪਰ ਤੇਰਾ ਸ਼ਰੀਰ ਤੈਨੂੰ ਮਣ ਦਾ ਹੈ, ਤੈਨੂੰ ਮਣ ਦੀ ਦੇਹ ਨੂੰ ਤੋਲਹੀਨ ਇੱਛਾ ਸ਼ਕਤੀ ਰੋਜ਼ ਲੈ ਟੁਰਦੀ ਹੈ,ਤੂੰ ਇਹ ਗਲ ਸਮਝਦਾ ਹੈਂ ਕਿ ਨਹੀਂ? ਫੇਰ ਅੱਖਾਂ ਦੇ ਛੱਪਰ ਇਕ ਤਰ੍ਹਾਂ ਅੱਖਾਂ ਦੇ ਦਰਵਾਜ਼ੇ ਹਨ, ਪਰ ਤੇਰੀ ਇੱਛਾ ਸ਼ਕਤੀ ਇਨ੍ਹਾਂ ਨੂੰ ਕੇਵਲ ਚਾਹੁਣ ਮਾਤ੍ਰ ਨਾਲ ਖੋਹਲ ਮੀਟ ਲੈਂਦੀ ਹੈ, ਤੈਨੂੰ ਘਰ ਦੇ ਬੂਹਿਆਂ ਵਾਂਗੂ ਹੱਥ ਨਾਲ ਖੁਹਲਣ ਮੀਟਣ ਦੀ ਲੋੜ ਨਹੀਂ ਪੈਂਦੀ। ਸੋ ਇਹ ਤੈਨੂੰ ਯਕੀਨ ਹੋਗਿਆ ਕਿ ਅੰਦਰ ਸਾਡ ਇੱਛਾ ਸ਼ਕਤੀ ਹੈ ਅਰ ਇਹ ਕੰਮ ਕਰਦੀ ਹੈ, ਨਾ ਕੇਵਲ ਚਾਹੁਣ ਦਾ, ਪਰ ਇਸ ਦਾ ਚਾਹੁਣਾ ਸ਼ਰੀਰ ਨੂੰ, ਦੇਹ ਨੂੰ ਹਰਕਤ ਵਿਚ ਲੈ ਆਉਂਦਾ ਹੈ। ਬਸ, ਸਿੱਧ ਹੋਇਆ ਕਿ ਇੱਛਾ ਸ਼ਕਤੀ ਹਰਕਤ (ਚੇਸ਼ਟਾ) ਕਰਾ ਸਕਦੀ ਹੈ ਅਰ ਦੇਹ ਪਰ ਹਾਵੀ ਸ਼ੈ ਹੈ।

ਭੱਲਾ (ਹੱਕਾ ਬੱਕਾ ਰਹਿ ਜਾਕੇ)—ਗੱਲ ਤਾਂ ਨੇੜਿਓਂ ਹੀ ਨਿਕਲਦੀ ਆਉਂਦੀ ਹੈ!

ਅਜ: ਸਿੰਘ—ਜਦ ਤੇਰਾ ਮਨ ਤੇਰੇ ਸਰੀਰ ਨੂੰ ਤੋਰਦਾ ਹੈ, ਅਰ ਉਹ ਮਨ ਵਜ਼ਨਦਾਰ ਰੂਪ ਰੰਗ ਦਾ ਨਹੀਂ ਤੇ ਵਜ਼ਨਦਾਰ ਸਰੀਰ ਨੂੰ ਮਰਜ਼ੀ ਮੁਤਾਬਕ ਵਾਹੁੰਦਾ ਹੈ, ਤਦ ਕਰਾਮਾਤਾਂ ਦਾ ਅਸੂਲ ਤੇ ਨਹੁੰ ਅੜਨ ਵਾਲਾ ਥਾਂ ਤਾਂ ਲਭ ਪਿਆ ਕਿ ਨਾ?

ਭੱਲਾ—ਕੀਕੂੰ?

ਅਜ: ਸਿੰਘ—ਜੀਕੂੰ ਤੂੰ ਮੈਂ ਸਾਰੇ ਗੱਲਾਂ ਕਰਦੇ ਹਾਂ, ਤਾਂ ਸਾਫ ਹੈ ਕਿ ਸਾਡੇ ਵਿਚੋਂ ਉਹ ਕੁਝ ਹੁੰਦਾ ਹੈ ਕਿ ਜਿਸ ਨੂੰ 'ਅਵਾਜ਼' ਯਾ 'ਧੁਨਿ' ਆਖਦੇ ਹਨ, ਜੇ ਅਵਾਜ਼ ਨਾ ਹੋਵੇ ਤਾਂ ਗੱਲਾਂ ਕੀਕੂੰ ਕਰੀਏ? ਇਹ ਅਵਾਜ਼ ਉੱਚੀ, ਨੀਵੀਂ, ਮੱਧਮ ਹੁੰਦੀ ਹੈ। ਇਹ ਅਵਾਜ਼ ਨਿੱਕੀ, ਵਿਚਕਾਰਲੀ ਤੇ ਲੰਮੀ ਹੁੰਦੀ ਹੈ। ਲੰਮੀ ਨੂੰ ਦੇਖ ਆਖਦੇ ਹਨ, ਜਦ ਕੋਈ ਹੇਕ ਕੱਢੇ ਤਾਂ ਆਖਦੇ ਹਨ ਹੋਰ ਉੱਚੀ ਕਰ। ਹੋਰ ਉੱਚੀ ਕਰੇ ਤਦ ਪਤਾ ਲੱਗਾ ਕਿ ਹੇਕ ਉੱਚੀ ਨੀਵੀ ਭੀ ਹੋ ਸਕਦੀ ਹੈ। ਬੱਸ ਐਥੋਂ ਸਾਰੇ 'ਗਾਇਨ', ਸਾਰੇ 'ਰਾਗ' ਦਾ ਅਸੂਲ ਲੱਭ ਗਿਆ।

ਭੱਲਾ (ਘਬਰਾ ਕੇ)—ਕੀਕੂੰ?

ਅਜ: ਸਿੰਘ—ਭੱਲਿਆ! ਅੱਗੋਂ ਤੂਣ ਬਹੁਤ 'ਧਿਆਨ ਦੇਣ' ਦੀ ਲੜ ਹੈ, ਐਵੇਂ ਹੇਕਾਂ ਸਾਰਾ ਜਹਾਨ ਕੱਢਦਾ ਹੈ, ਸਭ ਕੋਈ ਗਾਉਂਦਾ ਤੇ ਧੁਨਾਂ ਕੱਢਦਾ ਰਹਿੰਦਾ ਹੈ, ਪਰ ਜੋ ਧਿਆਨ ਦੇਂਦਾ ਹੈ ਕਿ ਹੇਕ ਦੇ ਉੱਚੇ ਨੀਵੇਂ ਕਿੰਨੇ ਟਿਕਾਣੇ ਹਨ, ਤਦ ਉਸ ਨੂੰ ਧਿਆਨ ਦੇ ਦੇਕੇ ਹੇਕਾਂ ਉਚੀਆਂ ਨੀਵੀਆਂ ਦੱਢਦਆਂ ਪਤਾ ਲੱਗ ਜਾਂਦਾ ਹੈ ਕਿ ਇਸ ਦੇ ਸੱਤ ਟਿਕਾਣੇ ਹਨ। ਫੇਰ ਉਹ ਆਪਣੇ ਯਾਦ ਰੱਖਣ ਲਈ ਉਨ੍ਹਾਂ ਸੱਤਾਂ ਟਿਕਾਣਿਆਂ ਦੇ ਨਾਮ ਧਰ ਲੈਂਦਾ ਹੈ:—

ਖਰਜ, ਰਿਖਭ, ਗੰਧਾਰ, ਮੱਧਮ, ਪੰਚਮ, ਧੈਵਤ, ਨਿਖਾਦ
ਸਾ ਰੇ ਗਾ ਮਾ ਪਾ ਧਾ ਨੀ।

ਜਦੋਂ ਕੋਈ ਇਨ੍ਹਾਂ ਟਿਕਾਣਿਆਂ ਵਿਚੋਂ ਕਿਸੇ ਟਿਕਾਣੇ ਦੀ ਅਵਾਜ਼ ਨਿਕਲੇ ਝੱਟ ਸਮਝ ਜਾਂਦਾ ਹੈ ਕਿ ਇਹ ਫਲਾਨੀ ਹੈ, ਪਰ ਹਰ ਕੋਈ ਇਹ ਟਿਕਾਣੇ ਨਹੀਂ ਸਿਆਣ ਸਕਦਾ। ਫੇਰ ਉਹ ਇਨ੍ਹਾਂ ਨੂੰ ਆਪੋ ਵਿਚ ਕਈ ਜੋੜਾਂ ਵਿਚ ਮਿਲਾਕੇ ਗਾਉਂਦਾ ਹੈ। ਓਹ ਸੁਆਦਲੀਆਂ ਬਣਦੀਆਂ ਹਨ, ਉਨ੍ਹਾਂ ਦਾ ਨਾਂ ਤਾਨਾਂ ਦੱਖਦਾ ਹੈ।ਫੇਰ ਇਨ੍ਹਾਂ ਨੂੰ ਉਹ ਧਿਆਨ ਤੇ ਗਹੁ ਨਾਲ ਸਿਆਣਦਾ, ਪਛਾਣਦਾ ਤੇ ਜੋੜਦਾ ਹੈ ਤੇ ਚੇਤੇ ਰੱਖਣ ਲਈ ਅੱਡ ਅੱਡ ਨਾਮ ਦੇਂਦਾ ਹੈ, ਓਹ ਫੇਰ ਰਾਗ ਰਾਗਣੀਆਂ ਬਣ ਜਾਂਦੇ ਹਨ। ਜਦ ਇਨ੍ਹਾਂ ਵਿਚ ਕੋਈ ਅਰਬ ਵਾਲੇ ਫਿਕਰੇ (ਯਾ ਟੱਪੇ ਯਾ ਛੰਦ) ਗਾਉਣ ਲਗ ਜਾਂਦਾ ਹੈ ਤਾਂ ਆਖਦੇ ਹਨ ਕਿ ਬੋਲ ਯਾ ਗੀਤ ਗਾਉਂਦਾ ਹੈ। ਹੁਣ ਧਿਆਨ ਨਾਲ ਸੋਚ ਲੈ ਕਿ ਜਿਵੇਂ ਆਮ ਲੰਕਾਂ ਦੀਆਂ ਹੇਕਾਂ ਵਿਚ ਤੇ ਇਕ ਗਵਯੇ (ਦੀਆਂ ਸੁੰਦਰ ਮੰਝੀਆਂ ਤਾਨਾਂ ਤੇ ਗੀਤਾਂ ਦੀਆਂ ਧਾਰਨਾਂ) ਦੇ ਗਾਇਨ

ਵਿਚ ਫਰਕ ਹੈ ਉਸੇ ਤਰ੍ਹਾਂ ਆਮ ਤੇਰੀਆਂ ਮੇਰੀਆਂ ਕਰਾਮਾਤਾਂ ਵਿਚ ਤੇ ਰੱਬੀ ਬੰਦਿਆਂ ਦੀਆਂ ਕਰਾਮਾਤਾਂ ਵਿਚ ਫਰਕ ਹੈ।ਤੇ ਜਿਵੇਂ "ਦੇਸ'ਰਾਗ ਦਾ ਅਸੂਲ ਤੇ ਮੂਲ ਹੈ, ਤਿਵੇਂ 'ਇੱਛਾ ਸ਼ਕਤੀ' ਕਰਾਮਾਤਾਂ ਦਾ ਅਸੂਲ ਹੈ।

ਇਹ ਇੱਛਾ ਸ਼ਕਤੀ ਕਈ ਪ੍ਰਕਾਰ ਦੀ ਹੈ। ੧. ਆਮ, ਜਿਸਤਰ੍ਹਾਂ ਦੀ ਕਿ ਜਣੇ ਖਣੇ ਦੀ ਹੁੰਦੀ ਹੈ। ਇਹ ਇੱਛਾ ਸ਼ਕਤੀ ਜਿਸ ਮਨ ਦੀ ਹੈ ਉਹ ਖਿੰਡਾਉ ਵਿਚ ਵੱਸਦਾ ਹੈ, ਅਰਥਾਤ ਮਨ ਨੂੰ ਏਕਾਗ੍ਰਤਾ ਦਾ ਕੋਈ ਸੁਭਾਉ ਨਹੀਂ, ਸੋਚਾਂ ਵਿਚਾਰਾਂ ਮਨੋਰਾਜਾਂ, ਮਨ ਦੇ ਵਹਿਣ, ਸੰਕਲਪ ਵਿਕਲਪ, ਤਰ੍ਹਾਂ ਤਰ੍ਹਾਂ ਦੇ ਫੁਰਨੇ ਇਸ ਮਨ ਨੂੰ ਫੁਰਦੇ ਰਹਿੰਦੇ ਹਨ, ਇਨ੍ਹਾਂ ਦਾ ਬੇ ਰੋਕ ਫੁਰਦੇ ਰਹਿਣਾ ਮਨ ਦੇ ਖਿੰਡਾਉ ਦੀ ਅਵਸਥਾ ਕਹੀ ਦੀ ਹੈ। ੨. ਇਕ ਮਨ ਐਸੇ ਹਨ ਜੋ ਇਕਾਗ੍ਰ ਹਨ, ਜੋ ਆਪਣੇ ਆਪ ਵਿਚ ਜੁੜਦੇ ਹਨ:—ਜੁੜਨ ਚਾਹੇ ਕਿਸੇ ਤਰਕੀਬ ਨਾਲ, ਪਰ ਜੁੜਦੇ ਹਨ। ਏਹ ਲੋਕ ਅਪਣੇ ਫੁਰਨੇ ਨੂੰ ਰੋਕਦੇ ਹਨ, ਮਨ ਜਦ ਵਹਿਣਾਂ ਵਿਚ ਰੁੜ੍ਹੇ ਤਾਂ ਹੋੜਦੇ ਹਨ, ਸੋਚਾਂ ਤ੍ਰਿਸ਼ਨਾਂ ਦਿਆਂ ਸੰਕਲਪਾਂ ਵਿਚ ਨੱਠੇ ਤਾਂ ਵਰਜ ਵਰਜ ਕੇ ਅੰਦਰ ਰਹਾਂਦੇ ਹਨ, ਇਹ ਸਾਰਾ ਤਰੱਦਦ ਮਨ ਨੂੰ ਇਕਾਗ੍ਰਤਾ ਵਿਚ ਲੈ ਜਾਂਦਾ ਹੈ। ਜੋ ਮਨ ਇਕਾਗ੍ਰ ਹੁੰਦੇ ਹਨ, ਉਹਨਾਂ ਦੀ ਇੱਛਾ ਸ਼ਕਤੀ ਬਲਵਾਨ ਹੋ ਜਾਂਦੀ ਹੈ। ਠੀਕ ਜਿਸ ਤਰ੍ਹਾਂ ਬਲਵਾਨ ਸਰੀਰ ਦੀ ਸਾਰੀ ਹਰਕਤ ਜ਼ੋਰਦਾਰ ਹੁੰਦੀ ਹੈ ਅਰ ਕਮਜ਼ੋਰ ਤੇ ਆਮ ਸਰੀਰਾਂ ਤੇ ਭਾਰੂ ਤੇ ਹਾਵੀ ਹੁੰਦੀ ਹੈ, ਜਿਸ ਤਰ੍ਹਾਂ (ਇਕਾਗ੍ਰ) ਬਲਵਾਨ ਮਨ ਦੀ 'ਇੱਛਾ ਸ਼ਕਤੀ' ਹੋਰਨਾਂ ਮਨਾਂ ਉੱਤੇ, ਜੀਵ ਧਾਰੀਆਂ ਉੱਤੇ, ਆਮ ਕੁਦਰਤ ਉੱਤੇ ਭਾਰੂ ਹੁੰਦੀ ਹੈ, ਆਮ ਇੱਛਾ ਸ਼ਕਤੀਆਂ ਉਸ ਤੇ ਭਾਰੂ ਨਹੀਂ ਪੈਂਦੀਆਂ। ੩. ਤੀਸਰੇ ਉਹ ਮਨ ਹਨ ਜੋ ਆਮ ਮਨਾਂ ਕੋਲੋਂ ਨਿਰਬਲ ਹਨ, ਇਨ੍ਹਾਂ ਵਿਚ ਖਿੰਡਾਉ ਬਹੁਤਾ ਹੁੰਦਾ ਹੈ, ਇਨ੍ਹਾਂ ਦੇ ਮਨ ਆਪਣੇ ਵਹਿਮਾਂ ਦੇ ਦੇਠ ਟੁਰਦੇ ਹਨ, ਇਹ ਜੋ ਕੁਝ ਚਾਹੁਣਗੇ ਤਾਂ ਰਤਾ ਜਿੰਨੇ ਦਬਾਉ ਨਾਲ—ਹਵਾਉ ਝੁਲਣ ਨਾਲ—ਬਦਲ ਜਾਣਗੇ। ਜਾਣਕੇ ਕਿਸੇ ਨੱਕੀ ਦੀ ਖਾਤਰ ਨਹੀਂ, ਪਰ ਸੁਭਾਵਕ ਇਨ੍ਹਾਂ ਮਨਾਂ ਵਿਚ ਕੋਈ ਜਿਗਰਾ ਨਹੀਂ, ਭੈ ਤੇ ਚਿੰਤਾ ਇਨ੍ਹਾਂ ਮਨਾਂ ਤੇ ਬਹੁਤ ਅਸਰ ਰਖਦੇ ਹਨ। ਜਿਵੇਂ ਬੀਮਾਰ ਸਰੀਰ ਬੀਮਾਰੀਓਂ ਉੱਠੇ ਨਿਰਬਲ ਹੁੰਦੇ ਹਨ ਅਤੇ ਥੱਕੇ ਟੁੱਟੇ ਹੁੱਟੇ, ਅੱਕੇ ਹਾਰੇ ਸਰੀਰ ਉਨ੍ਹਾਂ ਦੇ ਤੇ ਖੇਚਲਾਂ ਨਾਲ ਮਾਰੇ ਆਪਣੀ ਸਰੀਰਕ ਚੇਸ਼ਟਾ ਵਿਚ ਨਿਤਾਣੇ ਹੁੰਦੇ ਹਨ, ਇਸ ਤਰ੍ਹਾਂ ਭੈ, ਚਿੰਤਾ ਤੇ ਭਰਮ ਦੇ ਸ਼ਿਕਾਰ ਹੋਣ ਵਾਲੇ ਮਨ ਨਿਤਾਣੇ ਹੋ ਜਾਂਦੇ ਹਨ, ਉਨ੍ਹਾਂ ਦੀ ਇੱਛਾ ਸ਼ਕਤੀ ਨਿਤਾਣੀ ਹੁੰਦੀ ਹੈ। ਭੋਲਿਆ! ਮੈਂ ਔਖੀਆਂ ਗੱਲਾਂ ਤਾਂ ਨਹੀਂ ਕਰ ਰਿਹਾ?

ਭੋਲਾ—ਨਹੀਂ ਜੀ, ਇਹ ਤਾਂ ਸਾਫ ਸਮਝ ਪੈਂਦੀਆਂ ਹਨ, ਸਿੱਧੀਆਂ ਹਨ, ਪਰ ਹਨ ਪਤੇ ਦੀਆਂ ਜੋ ਅੰਦਰ ਘਰ ਕਰਦੀਆਂ ਹਨ।

ਅਜਮੇਰ ਸਿੰਘ—ਨਿਤਾਣੇ ਤੇ ਆਮ ਤਾਕਤ ਦੇ ਸਰੀਰ ਵਾਲੇ ਲੋਕੀ ਪਹਿਲਵਾਨਾਂ ਨੂੰ ਤੱਕ ਤੱਕ ਕੇ ਹੱਕੇ ਬਕੇ ਰਹਿ ਜਾਂਦੇ ਹਨ। ਰਾਣਾਂ ਤੇ ਮਹਾਂਬਲੀ ਅਜਿੱਤ ਸੂਰਮਿਆਂ ਦੇ ਸੰਗ੍ਰਾਮਾਂ ਦੇ ਕਰਤੱਵ ਸੁਣ ਵੇਖ ਕੇ ਉਂਗਲਾਂ ਟੁੱਕਣ ਲਗ ਜਾਂਦੇ ਹਨ। ਉਹਨਾਂ ਲਈ ਪਹਿਲਵਾਨ ਤੇ ਅਜਿੱਤ ਸੂਰੇ ਕਰਾਮਾਤਾਂ ਕਰ ਰਹੇ ਹਨ। ਇਸੇ ਤਰ੍ਹਾਂ ਬਲਵਾਨ ਇੱਛਾ ਸ਼ਕਤੀਆਂ ਵਾਲਿਆਂ ਦੇ, ਅਰਥਾਤ ਏਕਾਗ੍ਰ ਮਨਾਂ ਦੇ ਕਰਤੱਵ ਵੇਖ ਵੇਖ ਕੇ ਮਹਾਂ ਬਲੀ, ਜਿਨ੍ਹਾਂ ਨੂੰ ਸਤਿਗੁਰ ਨੇ 'ਨਿਧ ਮਹਾਂ ਬਲ ਸੂਰਾ' ਲਿਖਿਆ ਹੈ ਉਨਾਂ ਦੇ ਡਾਢੇ ਹੀ ਟਿਕੇ ਹੋਏ ਮਨਾਂ ਤੋਂ ਉਪਜੀ ਇੱਛਾ ਸ਼ਕਤੀ ਦੇ ਕ੍ਰਿਸ਼ਮੇਂ ਤੱਕ ਤੱਕ ਕੇ ਸਾਧਾਰਨ ਮਨ ਹਰਿਆਨ ਹੁੰਦੇ ਹਨ। ਸਮਝ ਨਹੀਂ ਸਕਦੇ ਤੇ ਆਖਦੇ ਹਨ ਕਰਾਮਾਤ। ਫੇਰ ਖਿਆਲ ਕਰਦੇ ਹਨ ਕਿ ਕਰਾਮਾਤ ਕੋਈ ਅਸੰਭਵ ਦਾ ਸੰਭਵ ਹੋਣਾ ਹੈ। ਅਸੰਭਵ ਕੁਛ ਨਹੀਂ, ਜਿੰਨਾਂ ਹੋਈ ਕਰ ਸਕਦਾ ਹੈ ਉਸ ਤੋਂ ਵਧੀਕ ਕਰਨਾ ਉਸ ਨੂੰ ਮੁਸ਼ਕਲ ਹੈ ਤੇ ਉਸ ਤੋਂ ਹੋਰ ਅੱਗੇ ਦਾ ਕੁਛ ਹੁੰਦਾ ਵੇਖਣਾ ਉਸ ਲਈ ਅਸੰਭਵ ਭਾਸਦਾ ਹੈ। ਉਸ ਮੁਸ਼ਕਲ ਗਲ ਨੂੰ ਭੀ ਜੇ ਕੋਈ ਕਰ ਲਵੇ ਤਾਂ ਉਸ ਨੂੰ ਕਮਾਲ ਯਾ 'ਪ੍ਰਬੀਨਤਾ' ਆਖਦੇ ਹਨ ਤੇ ਜਿਸ ਨੂੰ ਓ ਅਸੰਭਵ ਸਮਝਦੇ ਸਨ ਜਦ ਕੋਈ ਉਹ ਕਰ ਲਵੇ ਤਾਂ ਉਸ ਨੂੰ 'ਕਰਾਮਾਤ' ਯਾ 'ਕਰਾਮਤ' ਆਖਦੇ ਹਨ।

ਭੋਲਾ—ਪਰ ਦੱਸੋ ਨਾਂ ਜੀਓ ਜੀ! ਸਤਿਗੁਰ ਦੇ ਤਾਰੇ ਜੀਓ! ਓਹ ਕੀਕੂੰ ਏਕਾਗ੍ਰ ਹੋ ਜਾਂਦੇ ਹਨ?

ਕੀਕੂੰ ਬਲਵਾਨ ਹੁੰਦੇ ਹਨ ?

ਅਜਮੇਰ ਸਿੰਘ–ਬਈ ਇਹ ਦੋ ਪ੍ਰਕਾਰ ਹੈ, ਇਕ ਜਨਮ ਤੋਂ, ਦੂਜੇ ਸਾਧਨ ਤੋਂ। ਜਨਮ ਤੋਂ ਐਸੇ ਲੋਕ ਬਲਵਾਨ ਮਨ ਵਾਲੇ ਹੁੰਦੇ ਹਨ ਕਿ ਹੈਰਾਨ ਕਰ ਦੇਂਦੇ ਹਨ, ਪਰ ਏਹ ਲੋਕ ਬੜੇ ਦੁਰਲਭ ਹਨ, ਕਦ ਕਦੇ ਹੁੰਦੇ ਹਨ। ਜੋ ਲੋਕ ਚੋਟੀਦੇ ਬਲਵਾਨ ਮਨਵਾਲੇ ਹਨ ਉਹ 'ਮਹਾਂ ਪੁਰਖ' ਕਹੀਦੇ ਹਨ, ਜੋ ਜਨਮ ਤੋਂ ਐਸੇ ਹਨ ਉਹਨਾਂ ਦੇ ਕਰਤੱਵ ਸਮਝ ਵਿਚ ਨਹੀਂ ਪੈਂਦੇ। ਮੇਰਾ ਈਮਾਨ ਇਹ ਹੈ ਕਿ ਉਹ ਰੱਬ ਦੇ ਘੱਲੇ ਆਉਂਦੇ ਹਨ ਤੇ ਉਹਨਾਂ ਦਾ ਮਨ ਰਬ ਨਾਲ ਲੱਗਾ ਰਹਿੰਦਾ ਹੈ। ਜਿਸ ਤਰ੍ਹਾਂ ਤਾਰ ਦੇ ਇਕ ਸਿਰੇ ਤਣੁੱਕਾ ਦਿਓ ਤਾਂ ਧੁਨਿ ਉਪਜਦੀ ਹੈ, ਪਰ ਉਹ ਤਣੁੱਕੇ ਦੀ ਧੁਨਕਾਰ ਤਾਰ ਦੇ ਸਿਰੇ ਤੱਕ ਉਸ ਸਾਜ਼ ਵਿਚ ਸਾਰੇ ਜਾਂਦੀ ਹੈ ਸਰ ਹੋਈਆਂ ਤਰਬਾਂ ਵਿਚ। ਤਿਵੇਂ ਜੋਸਾਈਂ ਵਲੋਂ ਆਉਂਦਾ ਹੈ, ਉਹਦਾ ਮਨ ਰੱਬੀ ਇੱਛਾ ਸ਼ਕਤੀ ਦੀ ਧੁਨਕਾਰ ਦਾ ਅੰਤਲਾ ਸਿਰਾ ਹੁੰਦਾ ਹੈ ਅਰਬਾਤ ਜੋ ਰੱਬ ਦੀ ਇੱਛਾ ਸ਼ਕਤੀ ਹੈ, ਦੇਸ਼ਟਾ ਯਾ ਹਰਕਤ ਤਾਂ ਉਹ ਕਰਦੀ ਹੈ, ਪਰ ਉਸ ਦੀ ਝੁਨਕਾਰ ਇਹਨਾਂ ਦੇ ਮਨ ਤੇ ਵੱਜਦੀ ਹੈ। ਇਹਨਾਂ ਦਾ ਮਨ ਫੇਰ ਰੱਬੀ ਬਲ ਦੇ ਕ੍ਰਿਸ਼ਮੇਂ ਦੱਸਦਾ ਹੈ। ਰੱਬ ਦੀ ਇੱਛਾ ਸ਼ਕਤੀ ਨੂੰ ਸਤਿਗੁਰ ਨੇ 'ਰਜ਼ਾ' ਆਖਿਆ ਹੈ, ਰਜ਼ਾ ਦਾ ਬਲ ਇਨ੍ਹਾਂ ਦੇ ਮਨ ਨੂੰ ਬਲ ਦੇਂਦਾ ਹੈ।

ਭੱਲਾ–ਇਹ ਗੁਰੂ ਜੀ ਕਿਸ ਤਰ੍ਹਾਂ ਹੋਏ।

ਅਜਮੇਰ ਸਿੰਘ–ਰੱਬੀ ਰੌ ਵਾਲੇ ਬੀ, (ਬਲ ਤੇ ਗਿਆਨ ਦੀ ਨਿਰਮਲਤਾ ਕਰਕੇ) ਕਈ ਦਰਜੇ ਦੇ ਹਨ। ਇਹ ਮਹਾਰਾਜ ਚੋਟੀ ਦੇ ਨਿਰਮਲ ਗਿਆਨੀ ਤੇ ਮਹਾਂ ਬਲੀ ਸੂਰੇ ਹਨ, ਜਿਨ੍ਹਾਂ ਦੀ ਇੱਛਾ ਸ਼ਕਤੀ ਸਾਈਂ ਦੀ ਰਜ਼ਾ ਨਾਲ ਸੁਰ ਹੋਈ ਹੋਈ ਹੈ। ਭੱਲਿਆ ! ਕਦੇ ਕੋਈ ਸਤਾਰ, ਮੱਧਮ, ਡਿੱਠੀਹਈ?

ਭੱਲਾ–ਜੀ ਹਾਂ।

ਅਜ: ਸਿੰਘ–ਡਿੱਠੀ ਤਾਂ ਸਭ ਨੇ ਹੈ,ਕਦੇ ਧਿਆਨ ਲਾ ਕੇ ਡਿੱਠੀ ਹਈ ?

ਭੱਲਾ–ਹਾਂ, ਇਕ ਦਿਨ ਮਰਾਸੀ ਨੇ ਮੈਨੂੰ ਦਿਖਾਇਆ ਸੀ ਤਮਾਸ਼ਾ। ਉਸਨੇ ਵੱਡੀ ਤਾਰ ਉੱਤੇ, ਜਿਹ ਉੱਤੇ ਮਿਣਤੀ ਦੀ ਉਂਗਲ ਰੱਖਦਾ ਹੈ ਤੇ ਮਿਜ਼ਰਾਬ ਵਾਲੀ ਉਂਗਲ ਨਾਲ ਤਣੁੱਕੇ ਮਾਰਦਾ ਹੈ, ਉਸ ਦੇ ਉੱਤੇ ਉਂਗਲ ਰੱਖਕੇ ਤਣੁਕਾ ਦਿੱਤੇ ਪ੍ਰ, ਤਾਂ ਮੈਂ ਕੀ ਡਿੱਠਾ ਕਿ ਉਸ ਦੀ ਉਂਗਲ ਇਕ ਪਿੱਤਲ ਦੀ ਸਰੀ ਜੇਹੀ ਤੇ ਸੀ, ਜਿਸ ਨੂੰ ਉਹ ਸੁੰਦਰੀ ਕਹਿੰਦਾ ਸੀ, ਇਹੋ ਜਿਹੀਆਂ ੨੧ ਜਾਂ ੨੨ ਸਾਰੀ ਸਤਾਰ ਉਤੇ ਥੋੜੇ ਥੋੜੇ ਫਰਕ ਉਤੇ ਸਨ ਤੇ ਮੈਨੂੰ ਕਹਿਣ ਲੱਗਾ, ਏਸ ਟਿਕਾਣੇ ਦਾ ਨਾਂ 'ਸਾ' ਹੈ ਤੇ ਫੇਰ ਜੋ ਹੇਠਾਂ ਨਿੱਕੀਆਂ ਤਾਰਾਂ ਸਨ, ਮੈਨੂੰ ਕਹਿਣ ਲੱਗਾ ਇਹਨਾਂ ਦਾ ਨਾਂ 'ਤਰਬਾਂ' ਹੈ। ਤੁਸੀਂ ਤਰਬਾਂ ਵੰਨੇ ਤੱਕੋ, ਜਾਂ ਮੈਂ ਨੀਝ ਲਾਈ ਧਿਆਨ ਨਾਲ, ਤਦ ਮੈਂ ਕੀ ਡਿੱਠਾ ਕਿ ਉਪਰ ਮਰਾਸੀ ਤਣੁੱਕੇ ਤਾਂ ਪਿਆ ਦਿੰਦਾ ਹੈ ਬਾਜ਼ ਦੀ ਸੁਰ* ਨੂੰ ਤੇ ਹੇਠਾਂ ਇਕ ਤਰਬ ਖੁੱਰ ਖੁੱਰ ਕੰਬਦੀ ਪਈ ਹੈ। ਮੈਂ ਕਿਹਾ, ਓਇ ਮਰਾਸੀਆ ! ਇਹ ਕੀ ਜ ਦੂ ਕੀਤਾ ਈ ? ਟੁਨਕਾਰ ਕਿਤੇ ਮਾਰਨਾ ਹੈਂ, ਝਰਨਾਟਾਂ ਕਿਤੇ ਛੇੜਨਾ ਹੈਂ ? ਤਾਂ ਮਰਾਸੀ ਬੋਲਿਆ, ਇਹ ਮੇਰੀ ਹੱਥ ਚਲਾਕੀ ਨਹੀਂ, ਦੱਬੀ ਅਸੂਲ ਹੈ ਕਿ ਧੁਨਿ ਜਦ ਕਿਸੇ ਆਸਰੇ ਤੋਂ ਨਿਕਲੇ ਤਾਂ ਓਸੇ ਟਿਕਾਣੇ ਉਹੋ ਜਿਹੇ ਖਿੱਚੇ ਹੋਏ ਟਿਕਾਣੇ ਨਾਲ ਸੁਰ ਦੇਏ ਥਾਂ ਖੁੱਰ ਖੁੱਰ ਕਰਦੇ ਤੇ ਬਲ ਪੈਂਦੇ ਹਨ, ਇਹ ਕੁਦਰਤ ਦਾ ਨੇਮ ਹੈ। ਫੇਰ ਮੈਂ ਕਿਹਾ, ਇਹ ਜੋ ਤੂੰ ਤਰਬਾਂ ਦੀਆਂ ਖੂੰਟੀਆਂ ਦੇ ਕੰਨ ਮਰੋੜਦਾ ਹੈਂ, ਕਾਸ ਲਈ ? ਕਹਿਣ ਲੱਗਾ, ਇਸੇ ਲਈ ਕਿ ਮੈਂ ਤਰਬਾਂ ਨੂੰ ਬਾਜ਼ ਦੀਆਂ ਸੁਰਾਂ ਨਾਲ ਸੁਰ ਕਰਦਾ ਹਾਂ, ਸੁਰ ਕਰਨ ਦਾ ਅਰਥ ਹੈ ਦੋ ਤਾਰਾਂ ਨੂੰ ਇਕੋ ਅਵਾਜ਼ ਕੱਢਣ ਦੇ ਟਿਕਾਣੇ ਦੀ ਖਿੱਚ ਜਿੰਨਾਂ ਖਿੱਚ ਦੇਣਾ। ਜਦੋਂ ਦੋਹਾਂ ਨੂੰ ਅੱਡੋ ਅੱਡ ਤਣੁਕਾ ਦਿਓ, ਤਦ ਜੋ ਧੁਨਿ ਨਿਕਲੇਗੀ ਉਹ ਇੱਕੋ ਹੋਵੇਗੀ, ਓਦੋਂ ਅਸੀਂ ਆਖਦੇ ਹਾਂ ਦੋਨੋਂ ਤਾਰਾਂ 'ਇਕ ਸੁਰ' ਹਨ ਤੇ ਜਦੋਂ ਇਹ ਇਕ ਸੁਰਤਾ ਹੋਵੇਗੀ ਤਦ ਅਸੀਂ ਇਕ ਨੂੰ ਤਣੁੱਕਾ ਦਿਆਂਗੇ ਤਦ ਦੂਜੀ ਆਪੇ ਉਹੋ ਅਵਾਜ਼ ਦੇਵੇਗੀ, ਇੱਥੋਂ ਤਾਈਂ ਕਿ ਅੱਖਾਂ ਨਾਲ ਵੇਖੋ ਤਾਂ ਕੰਬਦੀ ਬੱਰਰ ਬੱਰਰ ਕਰਦੀ ਦਿੱਸੇਗੀ।

ਅਜ: ਸਿੰਘ–ਸਾਈਂ ਜੀਵੀ ਬੱਸ ! ਹੁਣ ਸਮਝ ਜਾਏਂਗਾ, ਰੱਬ ਨੂੰ ਮਿਥਲੈ ਕਿ ਉਸਦੀਮਰਜ਼ੀ ਜਿਸਨੂੰ 'ਰਜ਼ਾ' ਆਖਦੇ ਹਨ,ਇਕ ਬਾਜ਼ ਦੀ ਤਾਰਹੈ।ਮਿਣਤੀ ਅਰਬਾਤ ਗਿਆਨ ਤੇ ਖਿੱਚ,ਯਾ ਇਉਂ ਕਹੋ ਕਿ ਬਲ

*ਵਜਾਉਣ ਵਾਲੇ ਸਾਜ਼ਾਂ ਦੀ ਜਿਹੜੇ ਦੀ ਤਾਰ ਨੂੰ ਬਾਜ਼ ਦੀ ਸੁਰ ਆਖਦੇ ਹਨ।

ਤੇ ਤਣੁੱਕਾ ਅਰਥਾਤ 'ਹੁਕਮ' ਓਸੇ ਵਿਚ ਵਰਤਦੇ ਹਨ ਤੇ ਇਧਰ ਕੋਈ ਮਨ ਹੈ ਮਨੁੱਖ ਦਾ ਜੋ ਤੂੰ ਮਿਥ ਲੈ ਕਿ ਤਰਥ ਹੈ। ਹੁਣ ਜੋ ਇਹ ਤਰਥ 'ਰਜ਼ਾ' ਨਾਲ ਸੁਰ ਹੋਈ ਹੋਈ ਹੈ ਤਾਂ ਬੋਲੇਗੀ ਬਾਜ਼, ਪਰ ਨਾਲ ਬੋਲ ਪਏਗੀ ਇਹ ਤਰਥ। ਰਜ਼ਾ ਚਾਹੇਗੀ ਕਿ ਆਹ ਕੁਛ ਹੋਵੇ, ਤਦ ਰੱਬੀ ਸੁਰ ਨਾਲ ਸੁਰ ਹੋਏ ਮਨ ਦੀ ਇੱਛਾ ਸ਼ਕਤੀ ਨੂੰ ਹੋਵੇਗਾ ਗਿਆਨ ਕਿ ਆਹ ਕੁਛ ਹੋਣਾ ਹੈ ਤੇ ਉਹ ਇੱਛਾ ਕਰੇਗਾ ਕਿ ਹੋਵੇ ਆਹ ਕੁਛ ਤੇ ਉਹ ਹੁਛ ਹੋਵੇਗਾ ਜੋ ਰੱਬੀ ਰਜ਼ਾ ਵਿਚ ਸੀ, ਅਸੀਂ ਸਮਝਾਂਗੇ ਕਿ ਇਸ ਨੇ ਕੀਤਾ ਹੈ ਤੇ ਅਸਲ ਵਿਚ ਹੈ ਇਹ ਕਿ ਉਸ ਦਾ ਮਨ ਸੁਰ ਹੈ ਕਾਦਰ (ਅਨੰਤ) ਦੇ ਮਨ ਨਾਲ, ਜੋ ਜੋ ਕਾਦਰ ਦੀ ਰਜ਼ਾ ਚਾਹੁੰਦੀ ਹੈ ਸੋ ਕੁਛ ਉਸ ਦੀ ਮਰਜ਼ੀ ਉਸ ਦੀ ਇੱਛਾ ਸ਼ਕਤੀ ਕਰਦੀ ਹੈ। ਅਸੀਂ ਆਖਦੇ ਹਾਂ ਕਿ ਇਸ ਦੀ ਕਰਾਮਾਤ ਹੈ, ਇਸ ਦੀ ਸਿੱਧੀ ਹੈ, ਇਸਦਾ ਮੁਅਜਜ਼ਾ ਹੈ, ਇਸ ਦਾ ਪਰਚਾ ਹੈ, ਪਰ ਉਹ ਹੈ ਤਾਰ ਦੀ ਧੁਨਿ, ਜਿਸਦੀ ਆਂਸ਼ ਦਿੱਤੀ ਹੈ ਸੁਰ ਹੋਈ ਤਰਥ ਨੇ। ਪਰ ਮੈਂ ਇਹ ਗਲ ਪਵਿਤ੍ਰ ਮਨਾਂ ਦੀ ਕੀਤੀ ਹੈ, ਰੱਬ ਦੀ ਅਰਾਧਨਾਂ ਵਾਲਿਆਂ ਦੀ। ਫ਼ੀਰਾਰਾਧਨ ਵਾਲਿਆਂ ਦੀ ਗਲ ਹੋਰਵੇਂ ਹੁੰਦੀ ਹੈ।

ਭੱਲਾ—ਪਰ ਸੁਹਣਿਆਂ ਜੇ ਕਦੇ ਤਰਥ ਬੋਲ ਪਵੇ ਤਾਂ ਕੀਹ ਉਸ ਦੀ ਇਕਸੁਰਤਾ ਬਾਜ਼ ਦੀ ਤਾਰ ਉਤੇ ਉਹੋ ਜਿਹਾ ਚਾਹੇ ਥ੍ਰੀਕ ਅਸਰ ਨਹੀਂ ਕਰਦੀ ਤੇ ਉਹ ਉਹੋ ਸੁਰ ਨਹੀਂ ਬੋਲਦੀ ?

ਅਜ: ਸਿੰਘ—ਜ਼ਰੂਰ ਕਰਦੀ ਹੈ, ਜਦੋਂ ਰਬ ਨਾਲ ਜੁੜੇ ਦਿਲ, ਇਕਸੁਰ ਹੋਏ ਮਨ ਕਦੇ ਕਿਸੇ ਅਤਿ ਮਿਹਰ ਆਦਿ ਦੇ ਘਰ ਵਿਚ ਕੁਛ ਚਾਹੁੰਦੇ ਹਨ ਤਾਂ ਸਾਈਂ ਮਿਹਰ ਨਾਲ ਪੂਰਾ ਖੜੋਂਦਾ ਹੈ। ਯਥਾ:—

ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ [ਧਨਾ: ਮ: ੧
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥ [ਸ੍ਰੀਰਾ: ਰਵਿ:

ਭੱਲਿਆ ! ਸਾਫ ਹੈ ਕਿ ਹੋਰ ਸੋਖੀ ਕਰਕੇ ਆਖਾਂ ?

ਭੱਲਾ—ਸਾਫ ਹੈ ਜੀ, ਠੰਢ ਪੈ ਗਈ ਹੈ, ਸੋਝੀ ਹੋ ਆਈ ਹੈ, ਪਰ ਨਾਲ ਤ੍ਰਿਸ਼ਨਾ ਹੋ ਆਈ ਹੈ ਕਿ ਮੈਂ ਕੀਟ ਕੀਕੂੰ ਐਸਾ ਹੋਵਾਂ ?

ਅਜ: ਸਿਘ—ਡਰ ਨਹੀਂ।

'ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥'

ਹੁੰਦਾ ਹੀ ਹੁੰਦਾ ਹੈ।

ਇਸ ਦੇ ਦੋ ਹੀ ਰਸਤੇ ਹਨ:—

੧. 'ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ।'

ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਹਨ ਇਨ੍ਹਾਂ ਨੇ ਨਦਰ ਤੋਂ ਪਾਈ ਹੈ। ਉਹ ਸਾਈਂ ਨਾਲ ਜਨਮ ਤੋਂ ਪਹਿਲਾਂ ਤੋਂ ਇਕ ਸੁਰ ਹਨ, ਜੈਸੇ ਗੁਰੂ ਜੀ ਨੇ ਆਪ ਦੱਸਿਆ ਹੈ:—

'ਚੁਭੀ ਰਹੀ ਸੂਤ ਪ੍ਰਭੁ ਚਰਨਨ ਮਹਿੰ ॥'

ਇਹ ਨਹੀਂ ਪਤਾ ਉਨ੍ਹਾਂ ਤੇ ਮਿਹਰ ਕਿਉਂ ਹੈ ? ਤੇ ਮਿਹਰ ਦਾ ਕਾਰਨ ਲੱਭੇ ਹੀ ਕਿਸਤਰ੍ਹਾਂ ? ਬੱਸ ਹੈ ਜਾਣਨਾ ਕਿ ਉਹ ਮਿਹਰ ਪਾਤ੍ਰ ਹਨ, ਇਸੇ ਕਰਕੇ ਪੰਚਮ ਗੁਰੂ ਜੀ ਨੇ ਗੁਰ ਨਾਨਕ ਦੇਵ ਤੇ ਉਨ੍ਹਾਂ ਦੇ ਕਾਇਆਂ ਪਲਟੇ ਸਤਿਗੁਰਾਂ ਲਈ ਇਹ ਵਾਕ ਕਹੇ ਹਨ:—

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਭੱਲਾ—ਹੋਰ ਭੀ ਕਿਸੇ ਪਾਈ ਹੈ ਇਸ ਤਰ੍ਹਾਂ ?

ਅਜ: ਸਿੰਘ—ਬਹੁਤਿਆਂ ਪਾਈ, ਪਰ ਦਰਜੇ ਦਰਜੇ ਵਾਰ। ਪੂਰਨ ਤੇਰ ਤੇ ਪਾਈ ਹੈ ਏਹਨਾਂ ਦਸਾਂ ਸਤਿਗੁਰਾਂ ਨੇ, ਏਹਨਾਂ ਦਸਾਂ ਵਿਚ ਤੇ ਹੋਰਨਾਂ ਵਿਚ ਫਰਕ ਘੱਟ ਹੈ ਪਾਉਣ ਵਿਚ, ਫਰਕ ਤਾਂ ਹੈ ਪੂਰਨਤਾਈ ਵਿਚ।

ਭੱਲਾ—ਤਾਂ ਇਕ ਤਾਂ ਹੋਈ ਨਾ ਜਨਮ ਤੋਂ ਪ੍ਰਾਪਤ, ਜਿਸ ਦੇ ਅਸੀਂ ਜ਼ਾਣੂ ਨਹੀਂ ਤੇ ਦੂਜੀ ?

੨. ਅਜ: ਸਿੰਘ—ਦੂਜੀ ਮਿਹਨਤ ਨਾਲ, ਘਾਲ ਨਾਲ, ਮੁਸ਼ੱਕਤ ਨਾਲ।

ਭੱਲਾ—ਕਿਵੇਂ ?

ਅਜਮੇਰ ਸਿੰਘ:—

ਇਕ ਦੂ ਜੀਭੇ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ਇਹ ਪਤ ਦੀਆਂ ਪਵੜੀਆਂ ਹਨ, ਇਨ੍ਹਾਂ ਨਾਲ 'ਇੱਕ ਈਸ' ਈਸ਼ੂਰ ਨਾਲ, ਕੁਦਰਤ ਦੇ ਕਾਦਰ ਨਾਲ ਜਿਸਦਾ ਨਾਉਂ ਈਸ਼ੂਰ ਹੈ, ਇਕ ਸੁਰ ਹੋਈਦਾ ਹੈ। ਉਹ ਤ੍ਰੀਕਾ ਹੈ ਇਸ ਇਕ ਜੀਭ ਨੂੰ ਲੱਖ ਜੀਭ ਕਰਨਾ ਤੇ ਫੇਰ ਸਾਈਂ ਦਾ ਨਾਮ ਸਿਮਰਨਾ ਤੇ ਫੇਰ

ਇਕ ਗੇੜ ਵਿਚ ਲੱਖ ਗੇੜ ਦੇਣਾ।

ਭੱਲਾ—ਮੈਂ ਅਜੇ ਨਹੀਂ ਸਮਝਿਆ।

ਅਜਮੇਰ ਸਿੰਘ—ਪਰਮੇਸ਼ਰ ਦਾ ਨਾਮ ਜਪਣਾ, ਨਾਮ ਜਪਣ ਦੇ ਓਹੋ ਅਰਥ ਹਨ ਜੋ ਮਿਰਾਸੀ ਨੇ ਤੈਨੂੰ ਤਰਥ ਦਿਖਾਕੇ ਕਿਹਾ ਸੀ। ਧਿਆਨ ਕਰ, ਲਾ ਧਿਆਨ, ਜਮਾ ਧਿਆਨ, ਫੇਰ ਤੂੰ ਵੇਖੇਂਗਾ ਕਿ ਤਰਥ ਆਂਸ਼ ਦੇਂਦੀ ਹੈ? ਨਾਮ ਜਪਦਿਆਂ ਧਿਆਨ ਜੰਮਦਾ ਹੈ ਕਾਦਰ ਉਤੇ, ਜੰਮਦਾ ਜੰਮਦਾ ਧਿਆਨ ਪਿਆਰ ਵਿਚ ਜਾਂਦਾ ਹੈ। ਪਿਆਰ ਨਾਲ ਮਨ ਸੁਰ ਹੋ ਜਾਂਦਾ ਹੈ ਕਾਦਰ ਨਾਲ, ਮਨ ਸੁਰ ਹੋਇਆ ਬੋਲਦਾ ਹੈ—ਆਂਸ਼ ਦੇਂਦਾ ਹੈ—ਰੱਬੀ ਸਰਾਂ ਦੀ।

ਭੱਲਾ—ਤੇ ਤੁਸੀਂ ਕਿਹਾ ਸੀ ਫਰਨਾ ਰੋਕੋ?

ਅਜਮੇਰ ਸਿੰਘ—ਜਦ ਅਸੀਂ ਵਾਹਿਗੁਰੂ ਦੇ ਗੁਣਾਂ ਦਾ, ਉਸ ਦੇ ਪਿਆਰ ਦਾ, ਉਸ ਦੇ ਅੰਗ ਸੰਗ ਹੋਣ ਦਾ ਧਿਆਨ ਬਾਰ ਬਾਰ ਕਰਾਂਗੇ ਤਾਂ ਹੋਰ ਫੁਰਨੇ ਆਪੇ ਰੁਕਦੇ ਜਾਣਗੇ।

ਭੱਲਾ—ਠੀਕ।

ਅਜਮੇਰ ਸਿੰਘ—ਇਸ ਵਿਸ਼ੇ ਤੇ ਤੁਸੀਂ ਰੋਜ਼ ਸਤਿਗੁਰਾਂ ਦੇ ਮਹਾਂ ਵਾਕ ਸੁਣਦੇ ਹੋ, ਮੈਂ ਕੀ ਕੀ ਆਖਾਂ? ਧਿਆਨ ਦੇਕੇ ਸੁਣਿਆਂ ਕਰੋ ਤਾਂ ਸਫਲ ਹੋ ਜਾਓਗੇ।

ਭੱਲਾ—ਇਹ ਜੋ ਲੋਕ ਤਾੜੀਆਂ ਲਾਉਂਦੇ ਤੇ ਅੱਖਾਂ ਨੂਟ ਬੈਠਦੇ ਹਨ, ਮੈਂ ਸਮਝਦਾ ਸਾਂ ਇਹ ਧਿਆਨੀ ਹਨ।

ਅਜਮੇਰ ਸਿੰਘ—ਸਾਰੇ ਤਰਲੇ ਲੈ ਰਹੇ ਹਨ ਧਿਆਨ ਦੇ, ਕਿਉਂ ਕਿ ਧਿਆਨ ਦੇ ਜੰਮਣ ਨਾਲ ਹੀ ਮਨ ਦੀ ਏਕਾਗ੍ਰਤਾ ਹੈ, ਏਕਾਗ੍ਰ ਮਨ ਜਿਸ ਪਾਸੇ ਇੱਛਾ ਕਰਗਾ ਉਹ ਪਾਸਾ ਅਕਸਰ ਸਿੱਧ ਹੋ ਜਾਏਗਾ; ਇਸੇ ਨੂੰ ਸਿੱਧੀ, ਇਸੇ ਨੂੰ ਕਰਾਮਾਤ ਭੀ ਆਖਦੇ ਹਨ। ਸਾਡਾ ਮਨ ਜੋ ਸਾਧਾਰਨ ਮਨ ਹੈ, ਕੁਦਰਤੀ ਤੌਰ ਤੇ ਇੰਨਾਂ ਬਲ ਰੱਖਦਾ ਹੈ ਕਿ ਅੱਖਾਂ ਖੁਹਲ ਲਵੇ ਤੇ ਮੀਟ ਲਵੇ, ਪਰ ਇਸ ਤੋਂ ਵਧੀਕ ਕੁਦਰਤ ਤੇ ਹਾਵੀ ਹੋਣ ਵਾਸਤੇ ਏਕਾਗ੍ਰਤਾ ਦੇ ਕਿਸੇ ਅਭਿਆਸ ਦੀ ਲੋੜ ਹੈ। ਜਿੰਨਾਂ ਜਿੰਨਾਂ ਕੋਈ ਮਨ ਨੂੰ ਏਕਾਗ੍ਰ ਕਰ ਲਊ, ਉੱਨਾਂ ਉਹ ਬਲਵਾਨ ਹੋਊ। ਜੋਗੀ ਲੋਕ ਕਲਜਾਨ ਲਈ ਸਹੀ, ਪਰ ਸਿੱਧੀਆਂ ਦੀ ਖ਼ਾਤਰ ਕਈ ਸਾਧਨ ਕਰਦੇ ਹਨ।

ਭੱਲਾ—ਮੈਨੂੰ ਇਕ ਗੱਲ ਸਮਝਾਓ। ਤੁਸੀਂ ਆਖਸੋ ਜੰਗਲ ਦਾ ਰਹਿਣ ਵਾਲਾ ਐਨਾ ਸਤਿਸੰਗ ਕਰਕੇ ਤੇ ਅਕਾਸ਼ ਤੱਕ ਖਿਆਲ ਦੀ ਉਡਾਰੀ ਲੈਕੇ ਫੇਰ ਹੇਠਾਂ ਸੰਸੇ ਦੀ ਉਜਾੜ ਵਿਚ ਆ ਪਿਆ ਹੈ, ਪਰ ਇਕੋ ਵੇਰ ਪਾਰ ਕਰ ਦਿਓ ਸੰਸੇ ਤੋਂ। ਮੈਂ ਆਪਣੇ ਸਤਿਗੁਰ ਦਾ ਹਾਲ ਤਾਂ ਸਮਝਿਆ ਕਿ ਓਹ ਜਨਮ ਮਰਨ ਰਹਿਤ ਹਨ, ਕਿਸੇ ਪੂਰਨ ਪਦ ਉਤੇ ਹਨ ਤੇ ਪਰਉਪਕਾਰ ਲਈ ਆਏ ਹਨ, ਅਰਥਾਤ ਸਾਨੂੰ ਜੀਅਦਾਨ ਦੇਣ ਤੇ ਰੱਬ ਨਾਲ ਮਿਲਾ ਦੇਣ। ਮਿਲਾ ਦੇਣਾ ਹੈ ਇਕਸੁਰ ਕਰ ਦੇਣਾ, ਰੱਬੀ ਆਂਸ਼ ਦੇ ਉਸ ਦਾਇਰੇ ਵਿਚ ਲਿਆ ਦੇਣਾ ਕਿ ਜਿਸ ਵਿਚ ਰਜ਼ਾ ਦ ਤਣੁੱਕੇ ਸਾਨੂੰ ਹੀ ਕੁਝ ਫੁਰਨਾਟ ਦੇਣ। ਜੀਅਦਾਨ ਬੀ ਮੈਂ ਸਮਝਿਆ ਹੈ ਕਿ ਸਤਿਗੁਰ ਦੇ ਆਉਣ ਤੋਂ ਪਹਿਲਾ ਮੈਂ ਮੁਰਦਾ ਸਾਂ, ਹੁਣ ਮੇਰੇ ਅੰਦਰ ਜਿੰਦ ਦਾ ਰੁਮਕਾ ਹੈ, ਮੈਂ ਪ੍ਰਤੀਤ ਕਰਦਾ ਹਾਂ ਕਿ ਜਿੰਦ ਦਾ ਰੁਮਕਾ ਹੈ। ਕਰਾਮਾਤ ਜਿਸ ਪਰ ਮੈਂ ਹੈਰਾਨ ਸਾਂ, ਮੈਂ ਸਮਝੀ ਹੈ। ਇਹ ਅਸੰਭਵ ਸੰਭਵ ਨਹੀਂ ਹੁੰਦੇ। ਨਿਤਾਣੀਆਂ ਤੇ ਸਾਧਾਰਨ ਇੱਛਾ ਸ਼ਕਤੀਆਂ ਆਪਣ ਤੋਂ ਬਲਵਾਨ ਅਰ ਮਹਾਂ ਬਲੀ ਇੱਛਾ ਸ਼ਕਤੀਆਂ ਦੇ ਕਰਤੱਵ ਅਰ ਕ੍ਰਿਸ਼ਮੇ ਦੇਖਕੇ ਉਸ ਨੂੰ ਮੁਸ਼ਕਲ ਤੇ ਅਸੰਭਵ ਆਖਦੀਆਂ ਹਨ, ਅਸਲ ਵਿਚ ਉਹੋ ਅਸੂਲ ਕੰਮ ਕਰਦਾ ਹੈ ਕਿ ਮਨ ਹਾਵੀ ਹੈ ਉਪਰ ਕੁਦਰਤ ਦੇ। ਹੁਣ ਇਕ ਝਾਵਲ ਜਹੀ ਕੱਢ ਦਿਓ ਕਿ ਇਕ ਸਰੀਰ ਦੇ ਵਿਚ ਵੱਸਦੇ ਮਨ ਨੇ ਉਸ ਸਰੀਰ ਦੇ ਤਾਂ ਬੂਹੇ ਖੁਹਲ ਮੀਟ ਲਏ, ਉਸ ਨੂੰ ਨਸਾ, ਭਜਾ, ਲਿਟਾ, ਸੁਆ, ਬਿਠਾ ਲਿਆ, ਪਰ ਆਪਣੇ ਸਰੀਰ ਤੋਂ ਬਾਹਰ ਦੇ ਸਰੀਰਾਂ ਯਾ ਮਨਾਂ ਉਪਰ ਕਿਸ ਪ੍ਰਕਾਰ ਅਸਰ ਪਾ ਲੈਂਦਾ ਹੈ। ਮੈਂ ਇਹ ਸੰਸਾ ਨਹੀਂ ਕਰਾਂਗਾ ਕਿ ਅਸਰ ਨਹੀਂ ਪਾਉਂਦਾ, ਨਾਂ, ਮੈਂ ਤਾਂ ਇਹ ਪੁਛਦਾ ਹਾਂ ਕਿ ਕਿਸ ਪ੍ਰਕਾਰ ਅਸਰ ਪਾਉਂਦਾ ਹੈ?

ਅਜ:ਸਿੰਘ—ਵਰਣਨ ਹੋ ਤਾਂ ਚੁਕਾ ਹੈ, ਪਰ ਹੋਰ ਖੁਹਲਦਾ ਹਾਂ। ਜਦੋਂ ਗੱਡੀ ਹੱਕਣੀ ਹੋਵੇ ਜਾਂ ਕੋਈ ਭਾਰ ਦੀ ਪੰਡ ਕਿਤੇ ਪੁਚਾਉਣੀ ਹੋਵੇ ਤਦ 'ਹੱਕਣ' ਤੇ 'ਚਾਉਣ' ਵਾਲਾ ਸਰੀਰ ਨਾਲ ਜਾਂਦਾ ਹੈ, ਇਹ ਹੈ ਨਾਂ ਸਰੀਰ ਦੀ ਤਾਕਤ ਦਾ ਨਿਯਮ, ਪਰ ਤੁਸਾਂ

ਇੱਠਾ ਹੋਊ ਕਿ ਜਦੋਂ ਹੱਥ ਨੇ ਰੋੜ੍ਹ ਦਿੱਤਾ ਖਿੱਚੂ, ਤਦ ਸਰੀਰ ਬੈਠਾ ਰਿਹਾ ਆਪਣੇ ਟਿਕਾਣੇ ਪਰ ਖਿੱਚੂ ਪਹੁੰਚ ਗਿਆ ਦੂਰ ਟਿਕਾਣੇ, ਸਰੀਰ ਖਿੱਚੂ ਦੇ ਨਾਲ ਨਹੀਂ ਗਿਆ । ਸੋ ਇਹ ਬੀ ਤੁਸਾਂ ਡਿੱਠਾ ਕਿ ਇਸੇ 'ਸਰੀਰਕ ਤਾਕਤ' ਦਾ ਹੈ ਇਹ ਬੀ ਨਿਯਮ। ਭੁਲੇਵਾ ਨਾ ਪਵੇ। ਖਿੱਚੂ ਨੂੰ ਐਨੀ ਦੂਰ ਪੁਚਾਉਣਾ ਹੈ, ਖਿੱਚੂ ਨੂੰ ਜ਼ਰੂਰ ਪੁਚਾਉਣਾ ਹੈ, ਖਿੱਚੂ ਨੂੰ ਹੱਥ ਨਾਲ ਚੁਕਕੇ ਨਹੀਂ ਪੁਚਾਉਣਾ, ਬੈਠੇ ਬਿਠਾਏ ਪੁਚਾਉਣਾ ਹੈ, ਇਹ ਤਾਂ ਹੈਨ ਮਨ ਦੇ ਕੰਮ ਤੇ ਇੱਛਾ ਸ਼ਕਤੀ ਦੇ ਕਰਤਬ, ਪਰ ਜੋ ਰੋੜ੍ਹਾ ਦਿੱਤਾ ਹੈ ਸੋ ਹੱਥ ਨੇ ਤੇ ਜੋ ਤਾਕਤ ਦਿੱਤੀ ਹੈ ਇੱਛਾ ਸ਼ਕਤੀ ਦੇ ਤਾਬੇ ਸੋ ਹੱਥ ਨੇ। ਇਹ ਸਾਫ ਸਮਝਦੇ ਹੋ ਨਾਂ ?

ਡੱਲਾ—ਜੀ ਹਾਂ।

ਅਜਮੇਰ ਸਿੰਘ—ਲਓ ਹੁਣ ਵਿਚਾਰ ਕਰੋ ਕਿ 'ਸਰੀਰੀ ਤਾਕਤ' ਦਾ ਇਕ ਨਿਯਮ ਹੋਰ ਸਿੱਧ ਹੋਯਾ ਕਿ ਖਾਸ ਹਾਲਤਾਂ ਵਿਚ ਆਪ ਇਕ ਟਿਕਾਣੇ ਬੈਠ ਕੇ ਇਕ ਸ਼ੈ ਨੂੰ ਦੂਰ ਪੁਚਾ ਸਕਦੀ ਹੈ। ਜਦੋਂ ਖਿੱਚੂ ਹਥੋਂ ਨਿਕਲ ਚੁਕਾ ਹੈ, ਸਰੀਰ ਦੀ ਤਾਕਤ ਜੋ ਇਸ ਨੂੰ ਮਿਲ ਚੁਕੀ ਹੈ, ਅਗੇ ਕੰਮ ਕਰ ਰਹੀ ਹੈ । ਇਸੇ ਤਰ੍ਹਾਂ 'ਇੱਛਾ ਸ਼ਕਤੀ' ਵਿਚ ਇਕ ਨਿਯਮ ਹੈ ਕਿ ਜਿਸ ਸ਼ਰੀਰ ਵਿਚ ਬੈਠੀ ਹੈ ਉਸ ਤੇ ਹਾਵੀ ਹੈ ਤੇ ਉਸ ਨੂੰ ਸੰਭਾਲਦੀ ਫੇਰਦੀ ਹੈ, ਪਰ ਦੂਸਰੀ ਤਾਕਤ ਉਸ ਵਿਚ ਇਹ ਬੀ ਹੈ ਕਿ ਸਰੀਰ ਤੋਂ ਬਾਹਰ ਬੀ ਅਸਰ ਪਾ ਲਵੇ।

ਡੱਲਾ—ਸਾਈਂ ਜੀਵੀ, ਇਹੋ ਮੁਸ਼ਕਲ ਹੱਲ ਕਰੋ ਨਾ ?

ਅਜਮੇਰ ਸਿੰਘ—ਤੁਸਾਂ ਨੂੰ ਯਾਦ ਹੈ ਕਿ ਗੱਲਾਂ ਕਰਦੇ ਤੁਸੀਂ ਦੱਸ ਆਏ ਸਾਓ ਕਿ ਤੁਸੀਂ ਇਕ ਦਿਨ ਕਿਸੇ ਨੂੰ ਕਿਸੇ ਨਵੇਂ ਟਿਕਾਣੇ, ਜਿਸ ਦਾ ਘੋੜਾ ਜਾਣੂੰ ਨਹੀਂ ਸੀ, ਘੋੜੇ ਚੜ੍ਹਕੇ ਮਿਲਣ ਗਏ ਸੇ । ਜਿਸ ਨੂੰ ਮਿਲਣਾ ਸੀ ਉਸ ਦੇ ਮਿਲਣ ਦੀ ਤਾਂਘ ਵਿਚ ਤੁਸੀਂ ਐਨੇ ਲੀਨ ਸਾਓ ਕਿ ਮੋੜ ਤੇ ਜਾਕੇ ਘੋੜੇ ਦੀ ਰਾਸ ਮੋੜਨੀ ਵੀ ਭੁੱਲ ਗਏ ਸਾਓ, ਪਰ ਘੋੜਾ ਆਪੇ ਮੋੜ ਮੁੜ ਪਿਆ ਸੀ। ਸੋ ਗੱਲ ਕੀ ਸੀ ? ਤੁਹਾਡੇ ਮਨ ਦੀ ਇੱਛਾ ਸ਼ਕਤੀ ਨੇ ਘੋੜੇ ਦੇ ਮਨ ਤੇ ਹਾਵੀ ਹੋਕੇ ਉਸ ਨੂੰ ਮੋੜ ਲਿਆ। ਤੁਹਾਡੇ ਹੱਥਾਂ ਨੇ ਰਾਸ ਨਹੀਂ ਮੋੜੀ, ਸਰੀਰਕ ਕਰਤੱਵ ਨਹੀਂ ਹੋਇਆ, ਪਰ ਘੋੜਾ ਮੁੜ ਪਿਆ । ਦੱਸੋ ਕੌਣ ਹੇਤੂ ਸੀ ਜਿਸ ਨੇ ਘੋੜੇ ਨੂੰ ਮੋੜਿਆ ? ਤੁਹਾਡਾ ਮਨ ਆਪੇ ਘੋੜੇ ਦੇ ਮਨ ਨੂੰ ਮੋੜ ਰਿਹਾ ਸੀ, ਘੋੜੇ ਨੇ ਤੁਹਾਡੀ ਮਨ ਦੀ ਸ਼ਕਤੀ ਦੇ ਅਗੇ ਮੋੜਾ ਖਾਧਾ।

ਡੱਲਾ (ਸਾਹ ਲੈਂਦੇ)—ਠੀਕ ਹੈ।

ਅਜਮੇਰ ਸਿੰਘ—ਕਦੇ ਐਸਾ ਹੋਇਆ ਹੈ ਕਿ ਤੁਸੀਂ ਪਰਦੇਸ ਗਏ ਹੋ, ਫੇਰ ਘਰ ਪਰਤੇ ਹੋ, ਘਰ ਸੁਨੇਹਾ ਨਹੀਂ ਘੱਲਿਆ ਕਿ ਮੈਂ ਆ ਰਿਹਾ ਹਾਂ, ਜਦ ਘਰ ਆਏ ਹੋ ਸਾਰੀਆਂ ਨਾਰਾਂ, ਪੁਤ੍ਰ, ਨੌਕਰ ਸੁਤੇ ਪਏ ਹਨ; ਪਰ ਨਿੱਕੀ ਵਹੁਟੀ ਬਾਰੀ ਵਿਚ ਬੈਠੀ ਰਸਤਾ ਤੱਕ ਰਹੀ ਹੈ। ਦੀਵਾ ਬਾਰੀ ਦੇ ਬਾਹਰ ਦੇ ਜਾਲੇ ਵਿਚ ਰਸਤੇ ਤੇ ਚਾਨਣਾ ਪਾ ਰਿਹਾ ਹੈ । ਤੁਸਾਂ ਲਈ ਪ੍ਰਸ਼ਾਦ, ਪਾਣੀ, ਪਲੰਘ ਤਿਆਰ ਹੈ। ਤੁਸਾਂ ਪੁਜ ਕੇ ਹੈਰਾਨ ਹੋਕੇ ਪੁਛਿਆ ਹੈ ਕਿ ਭਾਗਵਾਨੇ ! ਤੋਨੂੰ ਕਿਸ ਤਰ੍ਹਾਂ ਪਤਾ ਸੀ ਕਿ ਮੈਂ ਅੱਜ ਰਾਤ ਅੱਪੜਨਾ ਹੈ ? ਤਾਂ ਅਗੋਂ ਉੱਤਰ ਮਿਲਿਆ ਹੋਵੇ ਕਿ ਅੱਜ ਆ ਮੁਹਾਰੇ ਮੇਰਾ ਦਿਲ ਕਹਿੰਦਾ ਸੀ ਕਿ ਤੁਸੀਂ ਆਓਗੇ, ਮੈਂ ਬਥੇਰਾ ਆਖਦੀ ਸਾਂ ਵਹਿਮ ਹੈ, ਪਰ ਮਨ ਚੰਦ੍ਰਾ ਘੜੀ ਮੁੜੀ ਕਹਿੰਦਾ ਸੀ—ਨਹੀਂ, ਆ ਰਹੇ ਹਨ, ਦੇਖੋ ਮਨ ਭਾਗੇ ਭਰਿਆ ਸੱਚਾ ਨਿਕਲਿਆ।

ਡੱਲਾ—ਇਸ ਤਰ੍ਹਾਂ ਤਾਂ ਇਕ ਤੋਂ ਵਧੀਕ ਵਾਰ ਹੋਇਆ ਹੈ।

ਅਜਮੇਰ ਸਿੰਘ—ਇਕ ਗੱਲ ਹੋਰ ਜ਼ਰੂਰ ਹੋਈ ਹੋਊ। ਜੀਕੂੰ ਤੁਸਾਂ ਦੇ ਅੰਤਿ ਪਿਆਰ ਵਿਚ ਵਹੁਟੀ ਖਿੱਚੀ ਪਈ ਸੀ, ਤੁਸੀਂ ਬੀ ਓਸ ਦਿਨ ਘੋੜੇ ਤੇ ਚੜ੍ਹੇ ਘਰ ਮੁੜੇ ਆਉਂਦੇ ਉਸੇ ਦੇ ਪਿਆਰ ਵਿਚ ਬਹੁਤ ਖਿੱਚੇ ਹੋਏ ਆ ਰਹੇ ਸੀ। ਮਨ ਮੁੜ ਮੁੜ ਉਸੇ ਦੇ ਪਿਆਰ ਰੋੜ੍ਹੇ ਵਿਚ ਆ ਰੁੜ੍ਹਦਾ ਸੀ ਤੇ ਤੀਬ੍ਰਤਾ ਹੁੰਦੀ ਸੀ ਕਿ ਉਡਕੇ ਪਹੁੰਚਾਂ। ਕਈ ਵੇਰ ਵਹੁਟੀ ਦੀ ਸੂਰਤ ਅੱਖਾਂ ਅਗੇ ਲੰਘਦੀ ਹੋਊ; ਕਈ ਵੇਰ ਪਿਆਰ ਨਾਲ ਝਰਨਾਟ ਛਿੜ ਜਾਂਦੀ ਹੋਊ।

ਡੱਲਾ—ਠੀਕ ਹੈ।

ਅਜਮੇਰ ਸਿੰਘ—ਸੋ ਫੇਰ ਸਮਝ ਲਓ ਕਿ ਤੁਹਾਡੇ ਮਨ ਦਾ ਭਾਵ ਤੁਹਾਡੇ ਸਰੀਰ ਤੋਂ ਬਾਹਰ ਤੇ ਦੂਰ ਬੈਠੀ ਇਸਤ੍ਰੀ ਦੇ ਮਨ ਤੇ ਤੁਹਾਡੇ ਪਹੁੰਚਣ ਦਾ ਪਤਾ ਦੇ ਰਿਹਾ ਸੀ । ਤੁਹਾਡੀ ਇੱਛਾ ਸ਼ਕਤੀ ਤੁਹਾਡੇ

ਸ਼ਰੀਰ ਤੋਂ ਬਾਹਰ ਕੰਮ ਕਰ ਰਹੀ ਸੀ, ਪਰ ਅਸਰ ਕਿਸ ਵੇਲੇ ਪਾ ਸਕੀ; ਜਿਸ ਵੇਲੇ ਕਿ ਤੁਹਾਡਾ ਅਤੇ ਤੁਹਾਡੀ ਇਸਤ੍ਰੀ ਦਾ ਮਨ 'ਇੱਕ ਸ਼ਰਨ' ਵਿਚ ਆਏ, ਅਰਥਾਤ ਦੋਵੇਂ ਮਨ ਪਿਆਰ ਦੀ ਬਹੁਲਤਾ ਵਿਚ ਇਕ ਸ਼ਰਨਾਟ ਵਿਚ ਆ ਗਏ। ਇਸ ਦਾ ਕਾਰਨ ਖਿਆਲ ਕਰੋ ਹੋਇਆ ਕੀ ? ਦੋਹਾਂ ਦੇ ਧਿਆਨ ਨੇ ਪਰਸਪਰ ਲੱਗਕੇ ਦੁਹਾਂ ਮਨਾਂ ਵਿਚ 'ਇਕ ਸ਼ਰਨਾਟ' ਛੇੜੀ, ਸੋ ਅਸਰ ਪੈਗਿਆ ਤੁਹਾਡੀ ਇੱਛਾ ਸ਼ਕਤੀ ਦਾ ਤੇ ਅਗੰਮ ਵਾਚ ਲਿਆ ਤੁਹਾਡੀ ਇਸਤ੍ਰੀ ਨੇ। ਹੁਣ ਇਹ ਸੰਭਵ ਸੀ, ਪਰ ਪਿਆਰ ਨਾਲ—ਹਾਂ ਧਿਆਨ ਵਿੱਚ—ਜੁੜ ਗਏ ਮਨਾਂ ਲਈ ਇਹ ਅਸੰਭਵ ਹੈ, ਖਿੰਡੇ ਤੇ ਕਦੇ ਨਾ ਜੁੜੇ ਮਨਾਂ ਲਈ। ਜੋ ਮਨ ਪਰਸਪਰ ਜੁੜਦੇ ਹਨ ਚਾਹੇ ਕਦੇ ਤੇ ਕਿਵੇਂ ਜੁੜਨ ਓਹ ਇਕ ਦੂਜੇ ਤੇ ਅਸਰ ਪਾਉਂਦੇ ਹਨ, ਜੋ ਮਨ ਕੁਦਰਤ ਦੇ ਮਹਾਨ ਤੇ 'ਸਾਂਝੇ ਮਨ' (ਕਾਦਰ) ਨਾਲ ਜੁੜਦੇ ਹਨ, ਓਹ ਜੁੜੇ ਹਨ ਸਾਰੇ ਬ੍ਰਹਮੰਡ ਦੇ ਮਨਾਂ ਨਾਲ ਤੇ (ਜੁੜਨ ਦੀ ਸ਼ਕਤੀ ਅਨੁਸਾਰ) ਅਸਰ ਪਾਉਂਦੇ ਹਨ ਸਾਰੇ ਮਨਾਂ ਤੇ, ਸਾਰੀ ਕੁਦਰਤ ਉੱਤੇ। ਜੇ ਤੁਸੀਂ ਚਾਹੋ ਕਿ ਹਾਵੀ ਹੋ ਜਾਵੋ ਇਸ ਸ਼ਕਤੀ ਵਿੱਚ ਤਾਂ ਸਾਧਨ ਕਰੋ ਇਕਾਗ੍ਰਤਾ ਦੇ। ਜਿਸ ਤਰ੍ਹਾਂ ਸਾਧਿਆਂ ਸਰੀਰ ਦੀ ਤਾਕਤ ਹਾਵੀ ਹੋਜਾਂਦੀ ਹੈ ਸਾਧਾਰਨ ਸ਼ਰੀਰਾਂ ਤੇ, ਇਸ ਤਰ੍ਹਾਂ ਸਾਧੀ ਹੋਈ ਮਨ ਦੀ ਸ਼ਕਤੀ ਹਾਵੀ ਹੋ ਜਾਂਦੀ ਹੈ ਦੂਸਰੇ ਮਨਾਂ ਤੇ, ਕੁਦਰਤ ਉੱਤੇ। ਪਰਤਾਵਾ ਕਰਨਾ ਹੈ ਤਾਂ ਇਕ ਟੁਰੀ ਜਾਂਦੀ ਕੀੜੀ ਵਲ ਧਿਆਨ ਨਾਲ ਤੱਕੋ ਤੇ ਖਿਆਲ ਨੂੰ ਹੋੜਕੇ ਅੰਦਰੋਂ ਚਾਹੋ ਕਿ ਕੀੜੀ ਫਲਾਣ ਪਾਸੇ ਟੁਰੇ। ਤੁਸੀਂ ਕੀਹ ਤੱਕੋਗੇ ਕਿ ਜਿਸ ਕੀੜੀ ਨੂੰ ਤੁਹਾਡੀ ਸ਼ਰੀਰ ਦੀ ਇਕ ਉਂਗਲ ਮਲ ਸਕਦੀ ਹੈ, ਉਹ ਆਪਣੇ ਰਾਹੇ ਟੁਰਦੀ ਹੈ ਤੇ ਤੁਹਾਡੇ ਮਨ ਦੀ ਸ਼ਕਤੀ ਅੱਗੇ ਨਹੀਂ ਝੁਕਦੀ, ਪਰ ਜੇ ਤੁਸੀਂ ਹਰ ਰੋਜ਼ ਏਹੀ ਅਭਿਆਸ ਕਰੋ ਤਾਂ ਕੁਛ ਦਿਨ ਬਾਦ ਕੀੜੀ ਤੁਹਾਡੀ ਮਨ ਦੀ ਹਰਕਤ ਦੇ ਮਗਰ ਟਰੇਗੀ। ਤਸੀਂ ਦੋ ਜੋ ਵੱਖੋ ਵੱਖ ਠੀਕਰਿਆਂ ਵਿਚ ਬੀਜੋ, ਉੱਗ ਪਿਆ ਤੇ ਇਕ ਵਲ ਤੱਕੋ ਹੀ ਨਾ, ਦੂਸਰੇ ਨੂੰ ਇਕ ਘੜੀ ਰੋਜ਼ ਬੈਠਕੇ ਉੱਚੀ ਉੱਚੀ ਆਖੋ ਛੇਤੀ ਵਧ। ਤੁਸੀਂ ਦਸ ਵੀਹ ਦਿਨ ਬਾਦ ਕੀਹ ਦੇਖੋਗੇ ਕਿ ਦੂਸਰਾ ਅਰਥਾਤ ਤੁਹਾਡਾ ਧਿਆਨ ਲੈਣ ਵਾਲਾ ਜੌਂ ਪਹਿਲੇ ਤੋਂ ਕਿਤੇ ਵਧੀਕ ਵਧ ਗਿਆ ਹੈ। ਘਾਹ ਦੇ ਤੀਲੇ ਤੇ ਕੀੜੀ ਕੀਹ ਮੈਂ ਹਾਥੀਆਂ ਨੂੰ ਮਨੁੱਖ ਦੀ ਮਰਜ਼ੀ ਦੇ ਮਗਰ ਟੁਰਦੇ ਡਿੱਠਾ ਹੈ। ਅਭਿਆਸ ਵਾਲੇ ਪੁਰਖਾਂ ਦੀ ਇੱਛਾਸ਼ਕਤੀ ਦੇ ਅੱਗੇ ਸ਼ੇਰਾਂ ਦੇ ਮਨ ਝੁਕੇ ਹਨ, ਰੋਗੀ ਰਾਜ਼ੀ ਹੋਏ ਹਨ ਤੇ ਬਿਪਤਾਂ ਦੂਰ ਹੋਈਆਂ ਹਨ।

ਡੱਲਾ—ਹੁਣ ਮੇਰੀ ਨਿਸ਼ਾ ਖ਼ਾਤਰ ਹੋ ਗਈ ਹੈ। ਇਕ ਸੰਸੇ ਦਾ ਰੇਤ ਕਿਣਕਾ ਰੜਕਦਾ ਹੈ, ਉਹ ਕੱਢ ਦਿਓ, ਡੇਰ ਤੁਹਾਨੂੰ ਬਹੁਤ ਲੱਗ ਚੁਕੀ ਹੈ। ਸੋ ਮੈਂ ਥੋੜੇ ਵਿਚ ਆਖਦਾ ਹਾਂ। ਲਿਖਿਆ ਹੈ:—

'ਧਿਗੁ ਸਿਧੀ ਧਿਗੁ ਕਰਮਾਤਿ ॥'

ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਕਿਹਾ ਸੀ:—

'ਬਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਬੇਨਾਹੀ'

ਇਹ ਕੀ ਗਲ ਹੈ ? ਜੇ ਸ਼ੈ ਧ੍ਰਿਗ ਹੈ ਉਹ ਗੁਰੂ ਸਾਹਿਬ ਆਪ ਕਿਉਂ ਰੱਖਦੇ ਹਨ ? ਜੋ ਸ਼ੈ ਗੁਰੂ ਜੀ ਆਖਦੇ ਹਨ ਸਾਡੇ ਪਾਸ ਨਹੀਂ, ਉਹ ਫੇਰ ਉਹਨਾਂ ਪਾਸ ਹੈ, ਕਿਉਂ ?

ਅਜਮੇਰ ਸਿੰਘ (ਦੱਸਕੇ)—ਡੱਲਿਆ ! ਅਜੇ ਤਾਂ ਸਮਾਂ ਸਾਧਾਰਨ ਹੈ, ਤਦ ਇੰਨੇ ਸੰਸੇ ਹਨ। ਗੁਰੂ ਜੀ ਆਖਦੇ ਹਨ ਸਮਾਂਤਰਕ ਵਿਵੇਕ ਦਾ ਇੰਨਾ ਆਵੇਗਾ ਕਿ ਸੰਸਾ ਰਾਜ ਕਰੇਗਾ। ਤਦੋਂ ਜੀਉਂਦੇ ਮਨਾਂ ਦਾ ਕਾਲ ਪੈ ਜਾਣ ਦਾ ਡਰ ਹੈ। ਖੈਰ ! ਉੱਤਰ ਸੁਣੋ—ਇਹ ਸਿੱਧ ਹੋਗਿਆ ਕਿ ਕਰਾਮਾਤ ਹੈ, ਇਹ ਮਨ ਦੀ 'ਇੱਛਾ ਸ਼ਕਤੀ' (ਮਾਨਸਿਕ ਸੱਤਤਾ) ਦੇ ਕਰਤੱਵ ਹਨ ਜੋ ਕੁਦਰਤੀ ਹਨ ਤੇ ਵਧੀ ਹੋਈ ਤਾਕਤ ਦੇ ਕ੍ਰਿਸ਼ਮੇ ਹਨ, ਅਸੰਭਵ ਨਹੀਂ, ਮੂਰਖਾਂ ਦੇ ਖਿਆਲ ਨਹੀਂ।

ਹੁਣ ਪਿੱਛੇ ਮੁੜੋ ਤਾਂ ਪਤਾ ਲੱਗੇਗਾ ਕਿ ਇਹ ਧ੍ਰਿਗ ਕਿਉਂ ਹੈ।

ਜਦੋਂ ਅਭਿਆਸ ਕਰਕੇ ਮਨ ਇਕਾਗ੍ਰ ਕੀਤਾ, ਮਨ ਬਲਵਾਨ ਹੋ ਗਿਆ। ਬਲਵਾਨ ਮਨ ਸ਼ੁਭ ਕੰਮ ਕਰਦਾ ਸ਼ੋਭਦਾ ਹੈ, ਖੇਡਾਂ ਕਰਦਾ ਨਹੀਂ ਸ਼ੋਭਦਾ, ਕਿਉਂਕਿ ਵਧੀਕ ਬਲਵਾਨ ਹੋਕੇ ਮਨ ਸ਼ੁਭ ਕੰਮਕਰੇ ਤਾਂ ਜੋਗ ਹੈ, ਤਮਾਸ਼ੇ ਕਰੇ ਤਾਂ ਅਸ਼ੋਭਨੀਕ ਹੈ। ਫੇਰ ਮਨ ਵਿਚ ਤਾਕਤ ਹੈ, ਜਿਸ ਨਾਲ ਕਿ ਉਹ ਕੰਮ ਕਰਦਾ ਹੈ, ਪਰ ਮਨ ਵਿਚ ਰੁਚੀਆਂ ਹਨ ਵੰਨ

ਦੀਆਂ ਜਿਸ ਤਰਾਂ ਪਸ਼ੂਆ ਵਿਚ ਰੁਚੀ ਹੈ ਭੋਗ ਦੀ, ਪਰ ਸੋਝੀ ਨਹੀਂ ਕਿ ਚੰਗਾ ਮਾੜਾ ਕੀ ਹੈ ਤੇ ਰੋਕ ਨਹੀਂ ਕਿ ਮਾੜੇ ਤੋਂ ਕਿਵੇਂ ਵਰਜਣਾ ਹੈ? ਇਸ ਤਰ੍ਹਾਂ ਇਨਸਾਨ ਦੇ ਮਨ ਵਿਚ ਤ੍ਰੈ ਵਸਤਾਂ ਹਨ।

੧. ਰੁਚੀ, ਇਹ ਜਾਨਵਰਾਂ ਨਾਲ ਸਾਂਝੀ ਹੈ। ਜਾਨਵਰ ਤੇ ਇਨਸਾਨ ਦੋਹਾਂ ਵਿਚ 'ਰੁਚੀ' ਹੈ ਇਕੋ ਜੇਹੀ।

੨. ਸੋਝੀ, ਕਿ ਏਹ ਰੁਚੀ ਚੰਗੀ ਹੈ ਕਿ ਮਾੜੀ। ਇਹ ਸੋਝੀ ਇਨਸਾਨ ਦੇ ਮਨ ਵਿਚ ਹੀ ਹੈ।

੩. ਕਾਬੂ, ਅਰਥਾਤ ਵਸੀਕਾਰ ਹੈ ਉਸ ਰੁਚੀ ਨੂੰ ਜੋ ਮਾੜੀ ਹੈ ਰੋਕ ਲੈਣ ਦਾ ਤੇ ਵੇਗ ਤਕ ਅੱਪੜਨ ਤੋਂ ਬਚਾ ਲੈਣ ਦਾ। ਇਹ ਸ਼ੈ ਭੀ ਇਨਸਾਨ ਵਿਚ ਹੀ ਹੈ।

ਸੋ ਆਦਮੀ ਪਾਸ ਰੁਚੀ ਹੈ, ਪਰ ਰੁਚੀ ਦੀ ਪਰਖ ਵਾਲੀ ਸੋਝੀ ਹੈ ਤੇ ਪਰਖ ਵਿਚ 'ਮਾੜੀ' ਆਈ ਵਲੋਂ ਰੁਕਣ ਦਾ ਕਾਬੂ ਹੈ। ਏਹ ਤ੍ਰੈਹਾਂ ਦਾ ਸੰਗਮ ਕਿਉਂ ਹੈ? ਇਸ ਲਈ ਕਿ ਇਨਸਾਨ ਨੇ ਭੁੱਕੀ ਕਰਨੀ ਹੈ ਤੇ ਕੀਤੀ ਵੀ ਹੈ। ਮਨ ਦੀ ਮੰਜ਼ਲ ਜਿਥੇ ਅੱਪੜਨਾ ਹੈ, ਬੜੀ ਉੱਚੀ ਹੈ ਤੇ ਉਹ ਸਾਰੀ ਕੁਦਰਤ ਤੇ ਹਾਵੀ ਹੋ ਜਾਣਾ ਤੇ ਸਾਰੇ ਅਸਰਾਂ ਨੂੰ ਕਬੂਲ ਕਰਨ ਵਾਲੀ ਅਵਸਥਾ ਤੋਂ ਉਚਾ ਉਠਣਾ ਹੈ। ਉਠਕੇ ਕਿਸੇ ਅਤਿ ਉੱਚੇ, ਪਰ ਸੁਵਾਦਲੇ ਟਿਕਾਣੇ ਟਿਕਣਾ ਹੈ, ਜਿਸ ਨੂੰ ਅਭੈ ਪਦ ਕਹਿੰਦੇ ਹਨ ਅਰਥਾਤ ਸਰਬ ਭੈਆਂ, ਸਾਰੇ ਅਸਰਾਂ ਤੋਂ ਨਿਕਲਕੇ ਅਸਰ ਨਾ ਕਬੂਲਣ ਵਾਲੇ ਬਣ ਜਾਣਾ ਹੈ। ਕਿਸੇ ਦੇ ਹਾਵੀ ਪਨੇ ਅਰ ਭਾਰੂ ਹੋਣ ਅਗੇ ਦਬੇਲ ਹੋ ਜਾਣ ਤੋਂ ਸੁਤੰਤਰ ਹੋ ਜਾਣਾ ਹੈ। ਇਹ ਹੈ ਮੰਅਰਾਜ (ਚੋਟੀ) ਜਿਥੇ ਅੱਪੜਨਾ ਹੈ ਅਸਾਂ। ਉਸ ਦਾ ਰਸਤਾ ਹੈ:- ਇਕਾਗ੍ਰਤਾ, ਟਿਕਾਉ। ਇਹ ਇਕਾਗ੍ਰਤਾ ਤੇ ਟਿਕਾਉ ਮਨ ਦੀ ਰੁਚੀ ਕਰਕੇ ਦੋ ਸ਼ਕਲਾਂ ਅਖ-ਤਿਆਰ ਕਰ ਸਕਦਾ ਹੈ, ਅਰਥਾਤ ਮਨ ਦੀ ਰੁਚੀ ਦੀਆਂ ਦੋ ਹਾਲਤਾਂ ਹਨ:-

੧. ਤ੍ਰਿਸ਼ਨਾਂ।

੨. ਲਿਵ।

'ਤ੍ਰਿਸ਼ਨਾ' ਹੈ, ਜੋ ਚੰਗਾ ਲੱਗੇ, ਜਿਸ ਵਲ ਰੁਚੀ ਜਾਵੇ ਉਸ ਨੂੰ ਲੈਣ ਦੀ ਇੱਛਾ।

'ਲਿਵ' ਹੈ, ਜੋ ਚੰਗਾ ਲਗੇ ਪਹਿਲਾਂ ਉਸ ਨੂੰ ਸੋਝੀ ਨਾਲ ਪਛਾਣਨਾ ਤੇ 'ਵਸੀਕਾਰ' ਜਾਂ ਕਾਬੂ ਨਾਲ ਜੇ ਮਾੜਾ ਹੋ ਤਾਂ ਵਰਜਣਾ। ਤੇ ਅੰਤ ਸਭ ਵਾਸ਼ਨਾਂ ਤੋਂ ਨਿਰਇੱਛਾ ਹੋਕੇ 'ਆਪੇ' ਵਿਚ ਟਿਕਣਾ ਤੇ 'ਅਨੰਤ' ਵਿਚ ਟੁੱਭਾ ਲਾਉਣਾ।

ਹੁਣ ਸਭ ਤੋਂ ਚੰਗਾ ਹੈ ਮੇਰੇ ਉਪਰ ਕਹੇ 'ਪਦ' ਵਿਚ ਅੱਪੜਨਾ। ਇਹ ਪਦ ਅੰਤ ਹੈ, ਫਲ ਹੈ, ਸਿੱਟਾ ਹੈ 'ਲਿਵ' ਵਾਲੇ ਮਨ ਦੀ ਰੁਚੀ ਦਾ। ਇਹ ਤ੍ਰਿਸ਼ਨਾ ਵਾਲੇ ਮਨ ਦੀ ਰੁਚੀ ਦਾ ਸਿੱਟਾ ਨਹੀਂ ਹੈ। ਤ੍ਰਿਸ਼ਨਾਂ ਮਨ ਨੂੰ ਲੰਪਟ ਕਰਦੀ ਹੈ ਵੇਗਾਂ ਨਾਲ, ਲਿਵ ਭੋਗਾਂ ਤੋਂ ਸੁਤੇ ਵੈਰਾਗ ਕਰਾਉਂਦੀ ਹੈ ਤੇ ਉਹਨਾਂ ਤੋਂ ਉਚਾ ਲੈ ਜਾਂਦੀ ਹੈ, ਆਪੇ ਨੂੰ ਆਪੇ ਵਿਚ ਜੋੜਕੇ ਉੱਚਾ। ਸੋ ਤੁਸਾਂ ਸਮਝ ਲਿਆ ਹੋਊ ਕਿ ਏਕਾਗ੍ਰਤਾ ਦੇ ਸਾਧਨ ਸਭ ਤ੍ਰਿਸ਼ਨਾਂ ਤੋਂ ਉਚੇ ਹੋਕੇ ਪਰਮ ਪਦ ਤੇ ਅੱਪੜਨ ਲਈ ਕਰਨੇ ਹਨ।

ਪਰ ਸੋਚੋ, ਜਦ ਮਨ ਸਾਧਨ ਕਰਕੇ ਜੋੜਿਆ ਅਰਥਾਤ ਏਕਾਗ੍ਰ ਕੀਤਾ ਤੇ ਉਸ ਦੀ ਵਧ ਗਈ ਤਾਕਤ ਨੂੰ ਮਨ ਦੀ 'ਰੁਚੀ' ਦੇ ਮੰਗੇ ਲਾਕੇ ਵਰ-ਤਿਆ ਤ੍ਰਿਸ਼ਨਾਂ ਵਿਚ, ਤਾਂ ਕੀ ਕੀਤਾ? ਪਸ਼ੂ ਬ੍ਰਿਤੀ ਨੂੰ ਰੁਖ ਤੇ ਬਲ ਵਧੇਰੇ ਦੇ ਦਿਤਾ। 'ਰੁਚੀ' ਨੂੰ ਤਾਂ 'ਸੋਝੀ' ਨਾਲ ਤੋਲਨਾ ਤੇ 'ਵਸੀਕਾਰ' ਨਾਲ ਕਾਬੂ ਕਰਨਾ ਸੀ ਤੇ ਮਨ ਨੂੰ ਲਿਵ-ਆਪੇ ਵਿਚ ਤੇ ਰੱਬ ਵਿਚ ਜੁੜਨ-ਦਾ ਰੁਖ ਦੇਣਾ ਸੀ। ਅਸਾਂ ਮਨ ਨੂੰ ਜੋੜਕੇ ਵਰਤਿਆ ਰੁਚੀ ਦੇ ਵਧੇਰੇ ਕਾਮਯਾਬ ਹੋਣ ਵਲ, ਫਲ ਕੀ ਹੋਊ ਕਿ ਤ੍ਰਿਸ਼ਨਾਂ ਵਧੂ। ਇਹ ਅਸੀਂ ਸਿੱਧ ਕਰ ਆਏ ਹਾਂ ਕਿ ਤ੍ਰਿਸ਼ਨਾਂ ਖਿੰਡਾਉ ਹੈ, ਮੈਲ ਹੈ, ਤੇ ਨੀਵੇਂ ਲੈ ਜਾਣ ਵਾਲੀ ਹੈ। ਸੋ ਮਨ ਇਕਾਗ੍ਰ ਕਰਕੇ ਤ੍ਰਿਸ਼ਨਾਂ ਦੇ ਕੰਮ ਵਿਚ ਲਾਉਣਾ, ਕੀਤੇ ਨੂੰ ਅਨਕੀਤਾ ਕਰਨਾ ਹੈ। ਮਿਹਨਤ ਕਰਕੇ ਪੱਥਰ ਨੂੰ ਪਹਾੜ ਤੇ ਪੁਚਾਕੇ ਮੁੜ ਹੇਠਾਂ ਡੇਗ ਦੇਣ ਦੀ ਕਰਨੀ ਹੈ, ਇਸ ਕਰਕੇ ਸਤਿਗੁਰ ਆਖਦੇ ਹਨ:-

'ਧਰੁ ਸਿਧੀ ਧਰੁ ਕਰਮਾਤਿ ॥'

ਫੇਰ ਸਤਿਗੁਰ ਤੋਂ ਇਹ ਹੁੰਦਾ ਕਿਉਂ ਹੈ? ਇਸ ਲਈ ਕਿ ਉਹਨਾਂ ਦਾ ਮਨ ਇਕਾਗ੍ਰ ਹੈ, ਬਲਵਾਨ ਹੈ। ਇਹ ਮਨ ਦਾ ਬਲ ਹੀ ਕਰਾਮਾਤ ਦੀ ਸ਼ਕਤੀ ਹੈ। ਉਹਨਾਂ ਦਾ ਮਨ ਵਾਹਿਗੁਰੂ ਨਾਲ ਇਕ ਸੁਰ ਹੈ, ਵਾਹਿਗੁਰੂ ਦਾ ਬਲ ਉਨ੍ਹਾਂ ਵਿਚ ਆਪਣੀ ਰੌ ਭੇਜਦਾ ਹੈ। ਇਹ ਉਹਨਾਂ ਵਿਚ ਕਰਾਮਾਤ ਦਾ ਸੁਤੇ

ਨਿਵਾਸ ਹੈ। ਜਦ ਰੱਬ ਦੀ ਰਜ਼ਾ ਕੁਛ ਹੁੰਦੀ ਹੈ, ਭਾਵ ਇਹਕਿ ਕੁਦਰਤ ਦੇ ਸਾਂਝੇ,ਵਡੇ,ਇਕ 'ਮਹਾਨ ਮਨ' (=ਕੁਦਰਤ ਦੇ ਕਾਦਰ ਦੇ ਮਨ) ਵਿਚੋਂ ਕੋਈ ਸ਼ਕਤੀ ਪ੍ਰਕਾਸ਼ ਪਾਉਣਾ ਚਾਹੁੰਦੀ ਹੈ, ਤਾਂ ਸਤਿਗੁਰ ਦਾ ਉਸ ਨਾਲ ਇਕ ਸੁਰ ਹੋਇਆ ਮਨ ਉਸਦੀ ਝਣਾਟ ਵਿਚ ਆਉਂਦਾ ਹੈ, ਤੇ ਜੋ ਕ੍ਰਿਸ਼ਮਾ ਉਸ ਤੋਂ ਪੈਦਾ ਹੁੰਦਾ ਹੈ, ਉਹ ਰੱਬ ਦੇ ਹੁਕਮ ਦਾ ਪ੍ਰਕਾਸ਼ ਹੁੰਦਾ ਹੈ ਜਿਸ ਦੇ ਉਹ ਬਦਰੱਕੇ ਹਨ। ਉਹਨਾਂ ਦੇ ਮਨ ਦੀ 'ਰੁਚੀ' ਉਸ ਕ੍ਰਿਸ਼ਮੇ ਦੇ ਟਿਣ ਦੀ ਜ਼ਿੰਮੇਵਾਰ ਨਹੀਂ। ਜੇ ਐਉਂ ਨਹੀਂ ਸਮਝੇ ਤਾਂ ਐਉਂ ਸਮਝ ਲਓ ਕਿ ਉਹਨਾਂ ਦਾ ਮਨ ਲਿਵ ਵਿਚ ਵੱਸਦਾ ਹੈ। ਉਹ ਆਪਣੀ ਸਾਧਾਰਨ ਤਾਕਤ ਨੂੰ, ਜਾਂ ਵਧੀ ਹੋਈ ਤਾਕਤ ਨੂੰ ਤ੍ਰਿਸ਼ਨਾਂ ਦੇ ਕੰਮ ਵਿਚ ਨਹੀਂ ਵਰਤਦੇ ਹਨ। ਪਰ ਲਿਵ ਧਾਰੀ ਹੋਣ ਕਰਕੇ ਤਾਕਤ ਉਨ੍ਹਾਂ ਵਿਚ ਵਧੀਕ ਹੁੰਦੀ ਹੈ ਤੇ ਕਿਸੇ ਉੱਚੀ ਤਾਕਤ ਦੇ ਤਾਬੇ ਉਸ ਤੋਂ ਅ ਏ ਬਲ ਨਾਲ ਓਹ ਹਿਲਦੇ ਭੀ ਹਨ ਤੇ ਇਸ ਹਿਲਾਉ ਨੂੰ ਉਹ ਪਰਉਪਕਾਰ ਦੇ ਕੰਮਾਂ ਵਿਚ ਵਰਤਦੇ ਹਨ। ਸਭ ਤੋਂ ਉੱਚਾ ਪਰਉਪਕਾਰ 'ਜੀਅਦਾਨ' ਹੈ, ਸੋ ਉਹ ਤਾਕਤ ਸਭ ਤੋਂ ਵਧਕੇ ਜੀਅਦਾਨ ਦੇਣ ਤੇ ਵਰਤਦੇ ਹਨ। ਤਦੋਂ ਆਖਦੇ ਹਨ ਕਿ:–

ਬਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੈ ਨਾਹੀ।

ਕਿਉਂਕਿ ਉਹ ਲਿਵ ਵਾਲੇ ਹਨ, ਉਨ੍ਹਾਂ ਦੀ ਦ੍ਰਿਸ਼ਟੀ ਇਹ ਹੈ ਕਿ:–

'ਪ੍ਰਤਿਨਾਮ ਬਿਨ ਬਾਦਰ ਛਾਈ।'

ਜਿਨ੍ਹਾਂ ਦੀ ਇਹ ਅਵਸਥਾ ਹੈ, ਉਹ ਸਰਬ ਤ੍ਰਿਸ਼ਨਾਂ ਦੇ ਤ੍ਰਿਸਕਾਰ ਵਿਚ ਵੱਸਦੇ ਹਨ। ਉਹ ਸਿੱਧੀ ਤੇ ਕਰਾਮਾਤ ਨੂੰ ਤ੍ਰਿਸ਼ਨਾਂ ਦੇ ਹੀ ਮੰਡਲ ਦਾ ਕੰਮ ਸਮਝਣ ਕਰਕੇ ਧ੍ਰਿਗ ਆਖਦੇ ਹਨ। ਕਿੰਤੂ ਪਰਉਪਕਾਰੀ ਹੋਣ ਕਰਕੇ ਤੇ ਵਾਹਿਗੁਰੂ ਜੀ ਦੇ ਮਿਲਾਪ ਕਰਾਉਣ ਨੂੰ ਸਭ ਤੋਂ ਉੱਚਾ ਪਰਉਪਕਾਰ ਸਮਝਣ ਕਰਕੇ 'ਨਾਮ ਦਾਨ' ਨੂੰ ਸਭ ਤੋਂ ਵੱਡੀ ਕਰਾਮਾਤ ਜਾਣਦੇ ਹਨ ਤੇ ਆਪਣੀ ਵਧੀ ਹੋਈ ਤਾਕਤ ਨੂੰ 'ਲੋਕਾਂ ਦੀ ਆਪਣੇ ਵਰਗੀ ਲਿਵ ਲੁਆ ਦੇਣ ਦੇ' ਕੰਮ ਤੇ ਖਰਚ ਕਰਦੇ ਹਨ। ਅਰਥਾਤ ਆਪ ਲਿਵਧਾਰੀ ਹਨ ਤੇ ਲੋਕਾਂ ਦੀ ਲਿਵ ਸਾਈਂ ਵਿਚ ਲੁਆਉਂਦੇ ਹਨ, ਇਹ ਹੈ ਸੁਤੇ ਤੇ ਸਹਿਜ ਰੰਗ ਵਿਚ ਵੱਸ ਰਹੀ ਕਰਾਮ ਤ ਦਾ ਵਰਤਾਉ, ਜੋ ਕਰਨਾ ਉਹ ਅਸਲ ਤੇ ਸੁੱਚੀ ਕਰਾਮਾਤ ਸਮਝਦੇ ਹਨ ਤੇ ਆਖਦੇ ਹਨ:–

ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਮੁਦਾਤਿ॥

ਇਹ ਅਚਿੰਤ ਮਨ–ਇਹ ਅੰਦਰਲੇ ਦੀ ਅਵਸਥਾ ਕਿ ਜਿੱਥੇ ਜਾਕੇ ਅਨੇਕ ਚਿੰਤਨ ਖ਼ਤਮ ਹੈ–ਅਨੰਤ ਵਿਚ ਪ੍ਰਵੇਸ਼ ਰੱਖਦਾ ਹੈ। ਅਨੇਕ ਚਿੰਤਨ ਦੇਸ਼ ਕਾਲ ਵਿਚ ਹੈ। 'ਕੁਦਰਤਿ ਸਰਬ ਵੀਚਾਰੁ'=ਵਿਚਾਰ ਮਾਤ੍ਰ ਸਾਰਾ ਅੰਦਰਲੇ ਦਾ ਫੁਰਨਾ ਕੁਦਰਤ ਦਾ ਹਿੱਸਾ ਹੈ ਤੇ ਕੁਦਰਤ ਅੰਤ ਵਿਚ ਹੈ। ਇਥੋਂ ਉੱਠਕੇ ਅਚਿੰਤ ਪਦ ਵਿਚ ਪਹੁੰਚਾ ਮਾਨੋ ਅਨੰਤ ਵਿਚ ਪਰਵੇਸ਼ ਹੈ, ਅਨੰਤ ਵਿਚ 'ਦੇਸ਼ ਕਾਲ' ਨਹੀਂ। ਸਾਡਾ ਸਾਰਾ ਚਿੰਤਨ ਦੇਸ਼ ਕਾਲ ਅਤ੍ਰਿਕਤ ਹੋ ਹੀ ਨਹੀਂ ਸਕਦਾ, ਸੋ ਜਿੱਥੇ ਅਨੇਕ ਚਿੰਤਨ ਲੰਘਕੇ ਅਚਿੰਤ ਪਦ ਦੀ 'ਮਿਹਰ' ਹੋ ਗਈ ਹੈ, ਉੱਥੇ ਅਨੰਤ ਵਿਚ ਪਰਵੇਸ਼ ਹੈ। ਇਹੋ ਹੈ ਲਿਵ ਦਾ ਪਰਮਪਦ। ਇਸ ਪਰ ਖਰਚ ਕਰਦੇ ਹਨ ਬਲ ਸਤਿਗੁਰੂ। ਇਸ ਵਿਚ ਲੋਕਾਂ ਨੂੰ ਪਹੁੰਚਾਉਣਾ ਇਹ ਹੈ ਪਰਯੋਜਨ ਇਨ੍ਹਾਂ ਦਾ। ਤੇ ਇਹ ਅਸਲ ਕਰਾਮਾਤ ਹੈ, ਕਰਾਮਾਤਾਂ ਸਿਰ ਕਰਾਮਾਤ ਹੈ। ਸਤਿਗੁਰੂ ਇਸ ਨੂੰ ਆਖਦੇ ਹਨ ਕਰਾਮਾਤ ਹੈ। ਇਸਦਾ ਇਹ ਅਰਥ ਨਹੀਂ ਕਿ ਹੋਰ ਕਰਾਮਾਤ ਹੈ ਹੀ ਨਹੀਂ। ਨਾ, ਇਹ ਤਾਂ ਹੈ ਵਿਹਤ ਕਰਾਮਾਤ, ਇਹ ਹੈ ਸਭ ਤੋਂ ਵਡੀ ਕਰਾਮਾਤ, ਇਹ ਹੈ ਕਰਾਮਾਤ ਜੋ ਹਰਿਜਨਾਂ ਨੂੰ ਸ਼ੋਭਦੀ ਹੈ। ਇਸ ਗੱਲ ਦੇ ਸਿਰੇ ਚਾੜ੍ਹਨ ਵਿਚ ਕਿ ਤ੍ਰਿਸ਼ਨਾਂ ਕੁੱਠੇ ਲੋਕ ਲਿਵ ਵਿਚ ਆਉਣ 'ਨਾਨਕ ਗੁਰਮੁਖਿ ਹਰਿਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ' ਆਖਿਆ ਹੈ। ਵਾਹਿਗੁਰੂ ਜੋ 'ਕ੍ਰਿਸ਼ਮੇ ਅਪਣੇ ਮਰਜ਼ੀ ਦੇ ਸਤਿਗੁਰ ਰੂਪੀ ਤਰਬ ਵਿਚੋਂ ਪ੍ਰਕਾਸ਼ ਕਰੇ ਓਹ ਰਜ਼ਾ ਦੇ ਕ੍ਰਿਸ਼ਮੇ ਹਨ, ਇਹ ਉਹ ਕਰਾਮਾਤ ਨਹੀਂ ਜਿਸ ਨੂੰ ਉਹ ਧ੍ਰਿਗ ਆਖਦੇ ਹਨ। ਹਾਂ, ਜੋ ਮਨ ਦੀ ਇਕਾਗ੍ਰਤਾ ਦੇ ਅਭਿਆਸ ਕਰਕੇ ਉਸ ਨੂੰ ਆਪਣੀ ਤ੍ਰਿਸ਼ਨਾਂ ਦੇ ਪਾਲਣ ਦੇ ਲਈ ਕਰਾਮਾਤ ਵਰਤਦੇ ਹਨ ਓਹ ਠੀਕ ਨਹੀਂ ਹਨ, ਕਿਉਂਕਿ ਓਹ ਉਸ ਬਲ ਨੂੰ, ਜਿਸ ਨੇ ਤ੍ਰਿਸ਼ਨਾਂ ਦੇ ਬੰਧਨ ਕੱਟਣੇ ਹਨ, ਓਹਨਾਂ ਬੰਧਨਾਂ ਨੂੰ ਹੋਰ ਪੱਕਿਆਂ ਕਰਨ ਵਾਸਤੇ ਵਰਤਦੇ ਹਨ। ਛੈਣੀ ਤੇ ਹਥੌੜੀ ਹਥਕੜੀ ਕੱਟਣ ਵਾਸਤੇ

ਮਿਹਨਤ ਕਰਕੇ ਪ੍ਰਾਪਤ ਕੀਤੀ ਤੇ ਫੇਰ ਉਨ੍ਹਾਂ ਦੀ ਹੀ ਸੰਗਲੀ ਬਣਾ ਕੇ ਹੋਰ ਹੱਥੀਂ ਪਾ ਲਈ, ਇਹ ਮਨੋਰਥ ਦੀ ਸਿੱਧੀ ਨਹੀਂ, ਮਨੋਰਥ ਦੀ ਬਰਬਾਦੀ ਤੇ ਉਲਟ ਪ੍ਰਾਪਤੀ ਹੈ; ਇਸ ਨੂੰ, ਸਤਿਗੁਰੂ ਜੀ ਤਾਂ ਬੜੇ ਉਚੇ ਹੋਏ, ਤੁਸੀਂ ਕੀ ਤੇ ਮੈਂ ਕੀ ਸਾਰੇ ਮਾੜਾ ਹੀ ਕਹਾਂਗੇ ?

ਹੋਰ ਦੱਸੋ ਮਿੱਤ੍ਰ ਜੀ ! ਕਰਾਮਾਤ ਦੀ ਕੋਈ ਗੱਲ ਕਰਨੀ ਜੇ, ਕਿ ਸਤਿਗੁਰੂ ਦੀ ਮਿਹਰ ਨਾਲ ਸੋਝੀ ਨੇ ਆਕੇ ਦਿਲ ਨੂੰ ਸੰਸੇ ਤੋਂ ਪਾਰ ਕੀਤਾ ਹੈ ?

ਡੱਲਾ (ਚਰਨ ਪਕੜਕੇ, ਅਜਮੇਰ ਸਿੰਘ ਜੀ ਪਏ ਹੋ ਬਚਣ ਦੇ ਯਤਨ ਵਿਚ ਹੋ ਕੇ)—ਮਿੱਤ੍ਰ ! ਘੋਲ ਘੁਮਾਈਆਂ ਦੁੱਧ ਤੋਂ, ਸੰਸਾ ਨਹੀਂ ਕੱਟਿਆ, ਅਤਰਨੀ ਨਦੀ ਤੋਂ ਪਾਰ ਕੀਤਾ ਹਈ ਤੇ ਸਿੱਖੀ ਸਿਦਕ ਦੇ ਕੰਢੇ ਲਾਇਆ ਹਈ। ਮੈਨੂੰ ਹੁਣ ਸੋਝੀ ਹੋ ਆਈ ਹੈ ਕਿ ਮਨ ਬੜਾ ਬਲਵਾਨ ਹੈ, ਮਨ ਇਕਾਗ੍ਰ ਹੋਕੇ ਬਲ ਵਿਚ ਵਸਦਾ ਹੈ, ਬਲੀ ਹੋਣ ਲਈ ਧਿਆਨ ਦਾ ਜੁੜਨਾ ਤੇ ਫੁਰਨੇ ਦਾ ਵਸ ਵਿਚ ਹੋਣਾ ਜ਼ਰੂਰੀ ਹੈ। ਤ੍ਰਿਸ਼ਨਾ ਖਿੰਡਾਉ ਹੈ, ਖਿੰਡਾਉ ਅੰਦਰੋਂ ਨਿਤਾਣੇ ਹੋਣਾ ਹੈ, ਮਨ ਦੀ ਤਾਕਤ ਨੂੰ ਅਭਿਆਸਾਂ ਨਾਲ ਵਧਾ ਕੇ ਫੇਰ ਤ੍ਰਿਸ਼ਨਾਂ ਤੇ ਲਾਉਣਾ, ਫੇਰਮੈਲੇ ਹੋਣਾ, ਨਿਤਾਣੇ ਦੇਣਾ ਤੇ ਤ੍ਰਿਸ਼ਨਾ ਵਿਚ ਬੱਝਣਾ ਹੈ, ਸੋ ਮਨ ਨੂੰ ਇਕਾਗ੍ਰ ਕਰਨਾ ਤੇ ਤ੍ਰਿਸ਼ਨਾਂ ਵਾਲੀ 'ਰੁਚੀ' ਨੂੰ ਤੋੜਕੇ ਮਨ ਨੂੰ 'ਲਿਵ' ਵਿਚ ਲਾਉਣਾ ਤੇ ਲਿਵ ਲੱਗ ਜਾਵੇ ਤੇ ਲਿਵ ਲੁਆਉਣ ਦੇ ਕੰਮ ਕਰ ਲੈਣੇ ਤੇ ਆਪੇ ਤੋਂ ਨਾ ਟੁੱਟਣਾ ਇਹ ਕਰਾਮਾਤ ਅਸਲ ਕਰਾਮਾਤ ਹੈ, ਪਰ ਨਾਲ ਹੀ ਮੈਨੂੰ ਇਹ ਸੋਝੀ ਵੀ ਆਈ ਹੈ ਕਿ ਮਨ ਸ਼ਰੀਰ ਵਾਂਙੂ ਇਕ ਤਾਕਤ ਹੈ, ਮਨ ਬਲਵਾਨ ਹੋਕੇ ਆਪਣੇ ਖਿਆਲ ਨਾਲ ਆਪਣਾ ਤੇ ਦੂਸਰੇ ਦਾ ਭਲਾ ਕਰ ਸਕਦਾ ਹੈ, ਪਰ ਜੇ ਕਰੇ ਤਾਂ ਰਜ਼ਾ ਵਿਚ ਤੇ ਵਿਤ ਵਿਚਾਰਕੇ ਕਰੇ।

ਅਜਮੇਰ ਸਿੰਘ—ਹਾਂ ਠੀਕ ਹੈ, ਦੇਖੋ ਹੁਕਮ ਹੈ:—

"ਜੋ ਕਿਛੁ ਅਪੁਨੀ ਓਟ ਸਮਾਰੈ ॥ ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥"

ਅਰਥਾਤ—ਜੋ ਮਨ ਦੀ ਸ਼ਕਤੀ ਨੂੰ ਵਿਤ ਤੋਂ ਵਧਕੇ ਵਰਤੇਗਾ, ਉਸ ਦਾ ਮਾਨਸਕ ਬਲ ਟੁੱਟੇਗਾ, ਜਿਵੇਂ ਵਿਤੋਂ ਵਧ ਸ਼ਰੀਰਕ ਜ਼ੋਰ ਲਾਇਆਂ ਸ਼ਰੀਰ ਥੱਕਦਾ ਤੇ ਹੁੱਟਦਾ ਹੈ, ਤਿਵੇਂ ਮਾਨਸਿਕ ਬਲ ਵਿਤੋਂ ਵਧਕੇ ਲਾਯਾਂ ਮਨ ਦਾ ਬਲ ਹਾਰਦਾ ਹੈ।

ਇਕ ਹੋਰ ਗੱਲ ਚੇਤੇ ਰੱਖਣੀ। ਵਾਹਿਗੁਰੂ ਦੇ ਦਰ ਦਰਸ਼ਨ ਦੇ ਪ੍ਰੇਮੀ ਮਨ ਨੂੰ ਨਿਰਾ ਇਕਾਗ੍ਰ ਨਹੀਂ ਕਰਦੇ, ਪਰ ਨਿਰਮਲ ਬੀ ਕਰਦੇ ਹਨ, ਨਿਰਮਲ ਤੇ ਇਕਾਗ੍ਰ ਮਨ ਫੇਰ ਆਤਮ ਰਸ ਯਾ ਆਤਮ ਆਨੰਦ ਵਿਚ ਖਿੜਦੇ ਹਨ, ਓਹ —ਵਾਹ ਵਾਹ- ਦੇ ਭਾਵ ਵਿਚ ਸਦਾ ਅਨੰਦ, ਖੇੜੇ ਰਸ ਸੁਆਦ ਵਿਚ ਵੱਸਦੇ ਹਨ, ਓਹ ਬੱਝੇ ਮਨ ਯਾ ਭਾਰੇ ਮਨ ਨਹੀਂ ਰਹਿੰਦੇ।

ਡੱਲਾ—ਠੀਕ ਹੈ ! ਸ੍ਰੀ ਜੀ ! ਮੈਨੂੰ ਤਾਂ ਹਣ ਸੁਝਦਾ ਹੈ ਕਿ ਸਾਰੇ ਕਰਾਮ ਤ ਹੀ ਹੋ ਰਹੀ ਹੈ। ਹਕੀਮ ਦੀ ਦਵਾ ਉਹ ਅਸਰ ਨਹੀਂ ਕਰਦੀ ਜਿੰਨੀ ਕਿ ਉਸ ਦੇ ਆਉਣ ਤੇ ਧੀਰਜ ਦੇਣ ਨਾਲ ਆਪਣੇ ਤਾਕਤ ਫੜ ਗਏ ਮਨ ਦੀ ਤਾਕਤ ਕਰਦੀ ਹੈ। ਸਾਰੇ ਸੇਵਕ ਰੋਗੀ ਦੇ ਕੋਲ ਹੁੰਦੇ ਹਨ, ਹਕੀਮ ਆਉਂਦੇ ਸਾਰ ਪੁੜੀਂ ਨਹੀਂ ਪਾ ਦੇਂਦੇ, ਪਰ ਉਸ ਦਾ ਦਰਸ਼ਨ ਰੋਗੀ ਨੂੰ ਧੀਰਜ ਦੇਂਦਾ ਹੈ ਤੇ ਚਿਹਰੇ ਨੂੰ ਤਕੜੇ ਕਰਦਾ ਹੈ। ਉਸ ਦੇ ਦਰਸ਼ਨ ਤੋਂ ਸਾਡੇ ਖਿਆਲ ਵਿਚ ਬਲ ਭਰਦਾ ਹੈ, ਉਸ ਦਾ ਮਨ ਅਰੋਗਤਾ ਦਾਨ ਦਾ ਅਭਿਆਸੀ ਹੋਣ ਕਰਕੇ ਇਸ ਵਿਸ਼ੇ ਵਿਚ ਸ ਧਾਰਨ ਮਨਾਂ ਤੋਂ ਕੁਛ ਵਧੇਰੇ ਬਲ ਰੱਖਦਾ ਹੈ। ਉਸ ਦੀ ਇੱਛਿਆ ਸ਼ਕਤੀ ਬੀਮਾਰ ਦੇ ਮਨ ਤੇ ਅਰੋਗਤਾ ਦਾਨ ਕਰਦੀ ਹੈ, ਅਰਥਾਤ ਦਵਾ ਨਾਲੋਂ ਹਕੀਮ ਦੀ ਇੱਛਾ ਸ਼ਕਤੀ ਵਧੇਰੇ ਅਸਰ ਕਰਦੀ ਹੈ। ਜੋ ਹਕੀਮ ਆਪਣੀ ਇੱਛਿਆ ਸ਼ਕਤੀ ਨਾਲ ਬੀਮਾਰ ਦੇ ਮਨ ਉਤੇ ਅਸਰ ਨਹੀਂ ਪਾ ਸਕਦਾ (ਜਿਸ ਅਸਰ ਦਾ ਸਬੂਤ ਬੀਮਾਰ ਦਾ ਭਰੋਸਾ ਬੱਝ ਜਾਣਾ ਹੈ) ਉਸ ਦੀ ਦਵਾ ਕਈ ਵੇਰ ਨਾਕਾਮਯਾਬ ਰਹਿੰਦੀ ਹੈ।

ਮਾਂ ਲੋਰੀ ਦੇਂਦੀ ਹੈ, ਉਸ ਦੇ ਮਨ ਦੀ ਮੁਰਾਦ ਬੱਚੇ ਦੇ ਮਨ ਨੂੰ ਨੀਂਦ ਵਲ ਲੈ ਜਾਂਦੀ ਹੈ। ਮਾਂ ਦੇ ਪਿਆਰ ਨਾਲ ਪਕਾਏ ਭੋਜਨ ਵਿਚ ਮਾਂ ਦੀ ਪਿਆਰ ਦੀ ਇੱਛਾ ਸ਼ਕਤੀ ਕੋਈ ਬੇਅਲੂੰਮ ਰਸ ਭਰ ਦੇਂਦੀ ਹੈ। ਸਾਡੇ ਸੱਜੇ ਖੱਬੇ, ਆਲੇ ਦੁਆਲੇ ਇਸ ਦੇ ਕ੍ਰਿਸ਼ਮੇ ਦਿਨ ਰਾਤ ਹੋ ਰਹੇ ਹਨ, ਕਰਾਮਾਤ ਹੀ ਕਰਾਮਾਤ ਹੈ; ਪਰ ਸਾਡੇ ਨੈਣ

ਦੇਂਦ ਹਨ, ਧਿਆਨ ਤ੍ਰਿਸ਼ਨਾਂ ਵਿਚ ਦਿੰਡ ਕੇ ਪਰੇਸ਼ਾਨ ਹੋ ਰਿਹਾ ਹੈ।

ਅਜਮੇਰ ਸਿੰਘ ਹੁਣ ਇਕ ਲਾਲੀ ਨਾਲ ਲਾਲ ਹੋ ਗਿਆ। ਅੱਖਾਂ ਸਰੂਰ ਵਿਚ ਆ ਗਈਆਂ, ਸਰੀਰ ਵਿਚ ਇਕ ਲਹਿਰਾਉ ਦਿੱਸਿਆ, ਅੰਦਰ ਇਕ ਰਸ ਭਰ ਗਿਆ, ਬੜੀ ਮਸਤ ਪਰ ਗੰਭੀਰ ਆਵਾਜ਼ ਹੋ ਗਈ, ਲਹਿਰਾਉਂਦਾ ਲਹਿਰਾਉਂਦਾ ਰਤਾ ਕੁ ਉਠਿਆ ਤੇ ਬੋਲਿਆ :–

ਸਭ ਕਰਾਮਾਤ ਹੈ, ਸੂਰਜ ਦਾ ਜਲਵਾ ਕਰਾਮਾਤ ਹੈ, ਚੰਦ੍ਰਮਾਂ ਦਾ ਜਮਾਲ ਕਰਾਮਾਤ ਹੈ, ਬਿਜਲੀ ਦਾ ਤੇਜ ਕਰਾਮਾਤ ਹੈ, ਬੱਦਲ ਦੀ ਕੜਕ ਕਰਾਮਾਤ ਹੈ। ਛੇ ਸਤ ਇੰਚ ਲੰਮੀ ਤੇ ਚਾਰ ਇੰਚ ਚੌੜੀ ਉੱਚੀ ਇਸ ਖੋਪਰੀ (ਸਿਰ ਦੇ ਹੱਥ ਲਾਕੇ) ਵਿਚ ਸੈਂਕੜੇ ਗਜ ਲੰਮੀਆਂ ਉਚੀਆਂ ਚੌੜੀਆਂ ਕਿਤਾਬਾਂ ਵਿਚ ਲਿਖੇ ਭਾਵਾਂ ਦਾ ਸਮਾ ਜਾਣਾ ਕਰਾਮਾਤ ਹੈ। ਲੱਖ ਆਦਮੀ ਨੂੰ ਮਿਲਕੇ, ਲੱਖ ਦੇ ਅੱਡੋ ਅੱਡ ਫਰਕ ਨੂੰ ਬਿਨਾਂ ਸ਼ਰਤ ਲਖ ਜਾਣਾ ਤੇ ਮਿਲਿਆਂ ਤੇ ਹਰ ਇਕ ਨੂੰ ਸਿਆਣ ਜਾਣਾਂ ਕਰਾਮਾਤ ਹੈ। ਇਸ ਖੋਪਰੀ ਵਿਚ ਪਈ ਮਿੱਝ ਦਾ ਕੁਦਰਤ ਦੇ ਨੇਮਾਂ ਤੇ ਭੇਤਾਂ ਨੂੰ ਪਾੜ ਕੱਢਣਾ ਕਰਾਮਾਤ ਹੈ। ਇਸ ਮਨ ਦਾ ਇਸ ਸਰੀਰ ਨੂੰ ਰਥ ਬਣਾਕੇ ਟੋਰਨਾ ਕਰਾਮਾਤ ਹੈ, ਇਸ ਮਨ ਦਾ ਇਸ ਰਥ ਨੂੰ ਰੋਕ ਲੈਣਾ, ਅਟਕਾ ਲੈਣਾ, ਮੋੜ ਲੈਣਾ, ਕਰਾਮਾਤ ਹੈ। ਕੀ ਨਹੀਂ ਕਰਨਾ ਠੀਕ, ਕੀ ਕਰਨਾ ਠੀਕ ਹੈ ਇਹ ਫੁਰ ਪੈਣਾ ਕਰਾਮਾਤ ਹੈ, ਉਸ ਕਰਨੋਂ ਰੁਕ ਜਾਣਾ ਕਰਾਮਾਤ ਹੈ। ਜਲ ਕਰਾਮਾਤ ਹੈ, ਥਲ ਕਰਾਮਾਤ ਹੈ, ਅੰਬਰ ਵਿਚ, ਵਿੱਥ ਵਿਚ, ਧਰਤੀ ਸੂਰਜ ਚੰਦ ਨਛੱਤਰਾਂ ਦਾ ਉਡਦੇ ਜਾਣਾ ਕਰਾਮਾਤ ਹੈ, ਦੇਸ਼ (ਵਿੱਥ, ਅਕਾਸ਼) ਕਰਾਮਾਤ ਹੈ। ਇਸ ਵਿਚ ਬਿਨਾਂ ਆਸਰੇ ਵੱਸਣਾ ਕਰਾਮਾਤ ਹੈ, ਇਸ ਦਾ ਬਿਨਾਂ ਥੰਮ੍ਹਾਂ, ਬਿਨਾਂ ਆਸਰੇ ਸਾਰੇ ਪਸਰਨਾ ਕਰਾਮਾਤ ਹੈ, ਤੂੰ ਕਰਾਮਾਤ ਹੈਂ, ਮੈਂ ਕਰਾਮਾਤ ਹਾਂ।

ਕਰਾਮਾਤ ਅਸਚਰਜ ਹੈ, ਅਸਚਰਜ ਅਦਭੁਤ ਹੈ, ਅਦਭੁਤ ਵਿਸਮਾਦ ਹੈ, 'ਮਾਈ ਰੀ ਪੇਖਿ ਰਹੀ ਬਿਸਮਾਦ ॥'

ਹਾਂ, ਸਭ ਤੋਂ ਵੱਡਾ ਵਿਸਮਾਦ ਸਤਿਗੁਰੂ ਕਲਗੀਆਂ ਵਾਲਾ ਹੈ। ਵਿਸਮਾਦ ਹੈ ਕਿ ਉਹ ਫਿਨਸ ਨ ਹੈ, ਵਿਸਮਾਦ ਹੈ ਕਿ ਉਸ ਵਿਚ ਰੱਬੀ ਜਲਵਾ ਹੈ, ਵਿਸਮਾਦ ਹੈ ਕਿ ਓਹ ਭਗਵੰਤ ਰੂਪ ਹੈ। ਵਿਸਮਾਦ ਹੈ ਕਿ ਵਿਸਮਾਦ ਕਰਦਾ ਹੈ ਤੇ ਵਿਸਮਾਦ ਵਿਚ ਲੈ ਜਾਂਦਾ ਹੈ।ਪਉ ਓਇ ਡੱਲਿਆ! ਉਸ ਵਿਸਮਾਦ ਦੀ ਸ਼ਰਨ, ਤੈਨੂੰ ਲੈ ਜਾਵੇ ਵਿਸਮਾਦ ਵਿਚ, ਤੂੰ ਚੜ੍ਹ ਜਾਵੇਂ ਅਨੰਦ ਨੂੰ। ਓਏ ਸਾਥੋਂ ਕੀ ਪੁੱਛਦਾ ਹੈਂ ? ਓਇ ਪਉ ਸ਼ਰਨ ਤੇ ਲੈ ਵਿਸਮਾਦ ਦਾ ਡੇਬਾ। ਮੋਈਆਂ ਅਕਲਾਂ ! ਅਕਲ ਪੈਰ ਹੀਨ ਹੈ, ਖੰਭ ਹੀਨ ਹੈ, ਇਕ ਆਲ੍ਹਣੇ ਤੋਂ ਚੱਠ ਬੋਟ ਹੈ, ਜੋ ਜੀਉਂਦਾ ਤਾਂ ਹੈ ਤੇ ਚੀਂ ਚੀਂ ਬੀ ਕਰਦਾ ਹੈ, ਪਰ ਵਿਸਮਾਦ ਵਿਚ ਨਹੀਂ ਉਡਦਾ। ਕੱਢ ਓਇ ਏਸ ਨੂੰ ਖੰਭ, ਉੱਡ ਓਏ ! ਵਿਸਮਾਦ ਵਿਚ, ਓਇ ਡੱਲਿਆ ! ਪਉ ਸ਼ਰਨ, ਪੀ ਅੰਮ੍ਰਿਤ ਤੇ ਝੂਮ ਤੇ ਗਾਉਂ ਮੇਰੇ ਨਾਲ, ਆ ਓਇ ਗਾਉਂ, ਮੇਲ ਸੁਰ ਵਿਖੇ ਸੁਰ, ਤੱਕ ਓਇ ਮੇਰੀ ਵੱਲ, ਤੱਕ ਖੋਹਲ ਮੂੰਹ, ਖੋਹਲ ਗਲਾ, ਛੇੜ ਸੁਰ ਤੇ ਮੇਲ ਆਸਾ ਦੀ ਆਂਸ਼, ਹਾਂ ਓਹਾ..., ਸੁਰ ਮੇਲ ਕੇ ਆ ਵਿਸਮਾਦ ਦੇ ਪੰਘੂੜੇ ਚੜ੍ਹ, ਗਾਉ:–

ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਲੇ ਫਿਰਹਿ ਜੰਤ ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਣੀ ਵਿਸਮਾਦੁ ਖਾਣੀ ॥ ਵਿਸਮਾਦੁ ਸਾ ਦ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਰੋਗੁ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮ ਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥

ਹਾਂ ਜੀ !

ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥

ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੇ ਭਾਗਿ ।.....
ਵਿਸਮਾਦ ਦੇਖੈ ਹਾਜਰਾ ਹਜੂਰਿ ॥.....
ਵੇਖਿ ਵਿਡਾਣੁ ਰਹਿਆ ਵਿਸਮਾਦੁ ॥.....
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਹਾਜਰਾ ਹਜੂਰਿ
ਹਾਜਰਾ ਹਜੂਰਿ
ਹਜੂਰਿ
ਹਜੂਰਿ
ਹਜੂਰਿ

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

੨. [ਡੱਲੇ ਦਾ ਅੰਮ੍ਰਿਤ*]।

ਅੱਜ ਡੱਲਾ ਘਰ ਜਾਕੇ ਸੌਂ ਨਹੀਂ ਸਕਿਆ, ਪਹਿਲੇ ਪਹਿਰ ਹੀ ਸ਼ਸਤ੍ਰ ਲਾਕੇ ਗੁਰੂ ਜੀ ਦੇ ਪਲੰਘ ਦੇ ਪਹਿਰੇ ਤੇ ਆ ਗਿਆ। ਜਾਂ ਸਤਿਗੁਰਾਂ ਅਵਾਜ਼ ਦਿੱਤੀ, ਪਹਿਰੇ ਪਰ ਕੌਣ ? ਤਾਂ ਡੱਲੇ ਕਿਹਾ:-'ਦਾਸ ਡੱਲਾ' ਐਉਂ ਸਾਰੀ ਰਾਤ ਡੱਲਾ ਖੜਾ ਰਿਹਾ। ਜਦ ਸਤਿਗੁਰ ਦਾ ਅਵਾਜ਼ਾ ਆਵੇ ਤਾਂ ਡੱਲਾ ਹੀ ਅਵਾਜ਼ ਦੇਵੇ। 'ਦਾਸ ਡੱਲਾ ਖੜਾ ਹੈ।' ਸਤਿਗੁਰਾਂ ਇਕ ਦੋ ਵਾਰ ਆਖਿਆ, 'ਡੱਲਿਅ ! ਜਾਓ ਅਰਾਮ ਕਰੋ', ਪਰ ਡੱਲਾ ਕਿਸੇ ਪਿਆਰ ਭਰੇ ਰੰਗ ਵਿਚ ਸਾਰੀ ਰਾਤ ਖੜਾ ਰਿਹਾ। ਸਵੇਰੇ ਸਤਿਗੁਰਾਂ ਉੱਠ ਕੇ ਆਖਿਆ 'ਡੱਲਿਆ ! ਕੁਛ ਮੰਗ ?' ਡੱਲੇ ਨੇ ਹੱਥ ਜੋੜ ਕੇ ਸੀਸ ਨਿਵਾ ਦਿੱਤਾ ਜਾਂ ਸਤਿਗਰਾਂ ਤੀਸਰੀ ਵਾਰ ਇਹੋ ਬਚਨ ਕੀਤਾ ਤਾਂ ਡੱਲੇ ਬੇਨਤੀ ਕੀਤੀ:-

ਸ੍ਰੀ ਪ੍ਰਭੁ ! ਜਹਾਂ ਬਾਸ ਤੁਮ ਠਾਨਾ ॥ ਇਕ ਪੀਢੀ ਕਹੁ ਮੁਹਿ ਦਿਹੁ ਬਾਨਾ। ਅਪਨ ਨਜੀਕ ਰਾਖੀਅਹਿ ਮੋਹੀ ॥ ਅਵਰ ਨ ਮੋ ਉਰ ਮੈਂ ਇਛ ਹੋਹੀ। [ਸੂ: ਪ:

ਸਤਿਗੁਰਾਂ ਬਚਨ ਕੀਤਾ-ਫੇਰ ਅੰਮ੍ਰਤ ਛਕੋ, ਡੱਲਾ ਸਿੰਘ ਕਹਾਵੋ ਤੇ ਸਿਦਕ ਦੀ ਕਮਾਈ ਕਰੋ।

ਡੱਲਾ (ਹੱਥ ਜੋੜ ਕੇ)-ਪਾਤਸ਼ਾਹ ! ਮੈਂ ਤਾਂ ਬਹੁਤ ਅੰਮ੍ਰਿਤ ਛਕਿਆ ਹੈ।

ਸਤਿਗੁਰ-ਡੱਲਾ ! ਅਸਾਂ ਤਾਂ ਤੈਨੂੰ ਛਕਦਿਆਂ ਨਾ ਡਿੱਠਾ, ਨਾ ਸੁਣਿਆਂ ਹੈ।

ਡੱਲਾ-ਹੇ ਸਤਿਗੁਰ ! ਆਪ ਦੇ ਥਾਲ ਵਿੱਚੋਂ ਆਪ ਦਾ ਅੰਮ੍ਰਿਤ ਪ੍ਰਸ਼ਾਦ ਮੈਂ ਲੈ ਕੇ ਰੋਜ਼ ਛਕਦਾ ਰਿਹਾ ਹਾਂ।

ਗੁਰੂ ਜੀ-ਡੱਲਿਆ, ਅੰਮ੍ਰਤ ਛਕ ਜੋ ਸ਼ਸਤ੍ਰ ਨਾਲ ਤਿਆਰ ਹੁੰਦਾ ਹੈ !

ਡੱਲਾ-ਪਾਤਸ਼ਾਹ ! ਆਪ ਜੋ ਕੜਾਹ ਪ੍ਰਸ਼ਾਦ ਰੋਜ਼ ਛਕਦੇ ਹੋ ਕ੍ਰਿਪਾਨ ਭੇਟਾ ਹੋਕੇ ਸ੍ਰੀ ਜੀਦੇ ਮੁਖਾਰ-ਬਿੰਦ ਲਗਦਾ ਹੈ, ਸੋ ਆਪ ਦਾ ਬਖਸ਼ਿਆ ਸ਼ਸਤ੍ਰ ਸਜਿਆ ਅੰਮ੍ਰਿਤ ਜਾਣ ਕੇ ਦਾਸ ਛਕਦਾ ਰਿਹਾ ਹੈ।

ਗੁਰੂ ਜੀ ਇਹ ਵਾਕ ਸੁਣ ਕੇ ਬੜੇ ਖੁਸ਼ੀ ਹੋ ਕੇ ਮੁਸਕ੍ਰਾਏ ਤੇ ਬਚਨ ਕੀਤਾ, ਡੱਲਿਆ ਖੰਡੇ ਦਾ ਅੰਮ੍ਰਿਤ ਛਕ।

ਜੋ ਅੰਮ੍ਰਤ ਖੰਡੇ ਕੋ ਲੈਹੈ।
ਗੁਰ ਕੇ ਸ ਜਹਾਜ਼ ਚਢਿ ਜੈਹੈ।

ਡੱਲੇ ਨੇ ਨੈਣ ਭਰ ਕੇ ਸੀਸ ਨਿਵਾਇਆ ਤੇ ਬਿਗਸ ਕੇ ਆਖਿਆ, ਸਤ ਬਚਨ ਪਾਤਸ਼ਾਹ ਜੀਓ !

ਅਗਲੇ ਦਿਨ ਸੌ ਹੋਰ ਸਜਣਾਂ ਸਮੇਤ ਡੱਲੇ ਨੇ ਅੰਮ੍ਰਤ ਛਕਿਆ ਤੇ ਡੱਲ ਸਿੰਘ ਬਣ ਗਿਆ। ਇਸ ਵਾਰਤਾ ਤੋਂ ਖਾਲਸੇ ਵਿਚ ਅੰਮ੍ਰਤ ਦੇ ਨਾਲ 'ਖੰਡੇ ਦਾ ਅੰਮ੍ਰਿਤ' ਜੋ ਪਹਿਲਾਂ ਬੀ ਸੀ ਹੁਣ ਵਿਸ਼ੇਸ਼ ਪ੍ਰਸਿਧ ਹੋਇਆ, ਅਰ ਬੋਲ ਚਾਲ ਵਿਚ ਆਮ ਹੋ ਗਿਆ। ਜਦੋਂ ਡੱਲਾ ਅੰਮ੍ਰਤ ਛਕ ਕੇ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਸਤਿਗੁਰਾਂ ਸਿਰੋਪਾਉ ਬਖ-ਸ਼ਿਆ, ਜਿਸ ਵਿਚ ਇਕ ਵਡੀ ਖੜਗ, ਇਕ ਢਾਲ ਤੇ ਇਕ ਜੋੜੀ ਜੜਾਊ ਕੜਿਆਂ ਦੀ ਸੀ; ਅਤੇ ਆਪਣੇ ਬਸਤ੍ਰ*। [ਸੂ.ਪ: ਐਨ ੧

੩. [ਰਾਮਾਂ ਤਿਲੋਕਾ ਤੇ ਚਮਕੌਰ†]।

ਇਕ ਦਿਨ ਸੱਚੇ ਪਾਤਸ਼ਾਹ ਦਮਦਮੇਂ ਬੈਠੇ ਜੋਤ ਜਗਾ ਰਹੇ ਸਨ ਕਿ ਰਾਮਾ ਤੇ ਤਿਲੋਕਾ ਦੋਵੇਂ ਭਰਾ ਰਸਦ ਪਾਣੀ ਦੇ ਗੱਡੇ ਲਦਵਾ ਕੇ ਲੈ ਆਏ। ਚਰਨਾਂ ਤੇ ਮੱਥਾ ਟੇਕ ਕੇ ਬੈਠ ਗਏ। ਸਤਿਗੁਰਾਂ ਬੜੇ ਪਿਆਰ ਨਾਲ ਬਿਠਾਇਆ ਤੇ ਆਦਰ ਦਿੱਤਾ।

*ਇਸ ਪ੍ਰਸੰਗ ਦਾ ਇਹ ਹਿੱਸਾ ਇਸ ਸੰਚਯ ਲਈ ਵਿਸਾਖ ਮੰ: ੪੫੬ ਨਾਨਕ ਸ਼ਾਹੀ ਵਿਚ ਲਿਖਿਆ ਗਿਆ ਸੀ।

*ਬਸਤ੍ਰ ਏਹ ਸਨ-ਦੋ ਦਸਤਾਰਾਂ, ਦੋ ਚੋਗੇ, ਦੋ ਘੁਟੰਨੇ।

†ਇਹ ਬੀ ਇਸ ਸੰਚਯ ਲਈ ਵਿਸਾਖ ੪੫੬ ਨਾ: ਸ਼ਾ: ਨੂੰ ਲਿਖਿਆ ਗਿਆ ਸੀ।

ਪਾਸ ਇਕ ਸਿੰਘ ਨੇ ਆਖਿਆ, ਸੱਚੇ ਪਾਤਸ਼ਾਹ ਚਮਕੌਰ ਦੇ ਸ਼ਹੀਦਾਂ ਦਾ ਦਾਹ ਇਨ੍ਹਾਂ ਪਿਆਰਿਆਂ ਨੇ ਕੀਤਾ ਸੁਣਿਆ ਹੈ, ਇਨ੍ਹਾਂ ਦੇ ਮੂੰਹੋਂ ਪ੍ਰਸੰਗ ਸੁਣਿਆਂ ਲੋੜੀਏ।

ਰਾਮਾ ਸਿੰਘ—ਸੱਚੇ ਪਾਤਸ਼ਾਹ ! ਅਸੀਂ ਸਰਹਿੰਦ ਟਕੇ ਤਾਰਨ ਗਏ ਹੋਏ ਸਾਂ ਕਿ ਉੱਥੇ ਅਸਾਂ ਚਮਕੌਰ ਦੇ ਸਾਕੇ ਦੀ ਗੱਲ ਸੁਣੀ, ਹੋਰ ਸੇਵਾ ਦਾ ਵੇਲਾ ਤਾਂ ਲੰਘ ਚੁਕਾ ਸੀ, ਆਪ ਦੇ ਕਿਸੇ ਦਿਸ਼ਾ ਸਹੀ ਸਲਾਮਤ ਚਲੇ ਜਾਣ ਦੀ ਖ਼ਬਰ ਕੰਨੀ ਪੈਂਦੀ ਸੀ, ਪਰ ਇਹ ਪਤਾ ਨਹੀਂ ਸੀ ਜੋ ਕਿੱਧਰ ਗਏ ਹਨ। ਸਾਨੂੰ ਉਸ ਵੇਲੇ ਅਪਣੇ ਸਤਿਗੁਰਾਂ ਦੀ ਕਰਨੀ ਉੱਤੇ ਸੇਵਾ ਦਾ ਚਾਉ ਆਇਆ। ਸੋ ਚਮਕੌਰ ਵਲ ਕੂਚ ਕੀਤਾ, ਰਸਤੇ ਵਿਚ ਕਪੜੇ ਅੱਧੇ ਰਾਣੇ ਕਰ ਲਏ, ਮਿੱਟੀ ਮਲ ਲਈ, ਸਿਰ ਨੰਗਾ ਕਰਕੇ ਸੁਆਹ ਮਲੀ ਤੇ ਬਉਲਿਆਂ ਦਾ ਰੂਪ ਬਣਾ ਲਿਆ। ਏਸ ਤਰ੍ਹਾਂ ਸ਼ਹੀਦਾਂ ਹਾਰ ਮਿੱਟੀ ਛਾਣਦੇ ਅੱਪੜ ਗਏ। ਤੁਰਕ ਸੈਨਾਂ ਕੂਚ ਕਰ ਗਈ ਤੇ ਕਰ ਰਹੀ ਸੀ। ਥੋੜੀ ਸੈਨਾਂ ਅਜੇ ਸੀ, ਅਸਾਂ ਜਾ ਕੇ ਆਪਣੇ ਪਿਆਰੇ ਸਿੰਘਾਂ ਦੇ ਛਾਨਣੀ ਸਰੀਰ, ਅੰਗ ਕੱਟੇ ਲਹੂ ਨਾਲ ਧਰਤੀ ਰੱਤੀ ਹੋਈ ਵੇਖੀ, ਇਕ ਪਾਸੇ ਕੁਛ ਲੋਥਾਂ ਦੇ ਢੇਰ ਬੁਝਾਏ ਗਏ ਬਾਲਣ ਵਿਚ ਕੱਠੇ ਵੀ ਕੀਤੇ ਪਏ ਸੇ। ਇਕ ਮਾਈ ਦਾ ਅੱਗ ਨਾਲ ਅੱਧ ਸੜਿਆ ਸਰੀਰ ਵੀ ਮਿਆ ਸੀ, ਮਾਨੋਂ ਇਸ ਮਾਈ ਨੇ ਸਸਕਾਰ ਦਾ ਜਤਨ ਕੀਤਾ ਹੈ, ਪਰ ਸਿਰੇ ਨਹੀਂ ਚੜ੍ਹ ਸਕਿਆ ਤੇ ਆਪ ਵੀ ਸ਼ਹੀਦ ਹੋਈ ਹੈ। ਅਸਾਂ ਸ਼ਹੀਦਾਂ ਹਾਰ ਘੁੰਮਦੇ, ਲੱਕੜਾਂ ਦੇ ਮੇਹੜੇ ਵੀ ਕੱਠੇ ਕੀਤੇ, ਪਰ ਖਿਲਰਵੇਂ ਸੱਟੇ ਤੇ ਲੋਥਾਂ ਦੀ ਭਾਲ ਪਛਾਣ ਵੀ ਕੀਤੀ। ਤੁਰਕਾਂ ਵਿਚ ਵੀ ਅਸੀਂ ਮੰਗਦੇ ਪਿੰਨਦੇ, ਬਾਵਰਾਪਨ ਦਿਖਾਉਂਦੇ ਫਿਰੇ ਤਾਂ ਸਾਨੂੰ ਪਤਾ ਲਗਾ ਕਿ ਸਾਕੇ ਵਾਲੇ ਦਿਨ ਦੀ ਸਗਵੀਂ ਰਾਤ ਹੀ ਇਕ ਮਾਈ ਨੇ ਸਿੰਘਾਂ ਦੇ ਸਸਕਾਰ ਦਾ ਜਤਨ ਕੀਤਾ ਹੈਸੀ, ਪਰ ਤੁਰਕ ਸੈਨਾਂ ਨੇ ਉਸ ਨੂੰ ਭੀ ਅੱਗ ਦੀ ਭੇਟ ਕੀਤਾ ਤੇ ਅੰਗੀਠਾ ਬੀ ਠੰਢਾ ਕਰ ਦਿੱਤਾ। ਅਗਲੇ ਦਿਨ ਤੁਰਕ ਲੋਥਾਂ ਦੀ ਭਾਲ ਕਰ ਹਟੇ, ਅਪਣੇ ਮੁਰਦਿਆਂ ਨੂੰ ਚਾਕੇ ਲੈ ਗਏ ਤੇ ਸਾਡੇ ਬੀਰਾਂ ਦੇ ਸਸਤ੍ਰ ਆਦਿ ਲੈ ਗਏ। ਆਪ ਵੱਲੋਂ ਉਨ੍ਹਾਂ ਨੂੰ ਤਸੱਲੀ ਹੋ ਚੁਕੀ ਸੀ ਕਿ ਸਹੀ ਸਲਾਮਤ ਨਿਕਲ ਗਏ ਹਨ।

ਅਸਾਂ ਹੁਣ ਬੜੀ ਕਠਨਤਾ ਨਾਲ ਸਾਹਿਬਜ਼ਾਦਿਆਂ ਦੇ ਸਰੀਰ ਲੱਭੇ। ਉਨ੍ਹਾਂ ਦਾ ਅੰਗ ਅੰਗ ਤੀਰਾਂ ਤਲਵਾਰਾਂ ਨਾਲ ਵਿੱਧਾ ਪਿਆ ਸੀ। ਪਹਿਲਾਂ ਇਕ ਥਾਂ ਅੰਗੀਠਾ ਸਜਾਕੇ ਅਸਾਂ ਉਨ੍ਹਾਂ ਨੂੰ ਦਾਹ ਦਿੱਤਾ। ਕੁਛ ਦੇਰ ਮਗਰੋਂ ਤੁਰਕ ਅਖਿਦੀਏ ਆਏ, ਸਾਨੂੰ ਨਚਦਿਆਂ ਤੇ ਬਾਉਲਿਆਂ ਵਾਙੂ ਗਾਉਂਦਿਆਂ,ਖੇਹਉਡਾਉਂਦਿਆਂ ਤੇ ਅੱਗ ਨਾਲ ਖੇਡਦਿਆਂ ਦੇਖਕੇ ਓਹ ਤਸੱਲੀ ਪਾਕੇ ਚਲੇ ਗਏ ਕਿ ਏਹ ਸ਼ੁਦਾਈ ਹਨ। ਬਾਕੀ ਲੋਥਾਂ ਅਜੇ ਉਵੇਂ ਹੀ ਪਈਆਂ ਸਨ, ਓਹਨਾਂ ਨੂੰ ਵਧੇਰੇ ਤਸੱਲੀ ਹੋ ਗਈ ਕਿ ਇਹ ਸ਼ੁਦਾਈ ਹਨ, ਜੇ ਕਦੀ ਸਿੱਖ ਹੁੰਦੇ ਤਾਂ ਸਾਰੀਆਂ ਲੋਥਾਂ ਸਾੜਦੇ, ਨਾਲ ਹੁਣ ਓਹਨਾਂ ਨੂੰ ਪ੍ਰੇਜਨ ਬੀ ਕੋਈ ਰਹਿ ਨਹੀਂ ਸੀ ਗਿਆ। ਫੇਰ ਅੱਧੀ ਰਾਤ ਨੂੰ ਅਸਾਂ ਦੂਸਰੇ ਥਾਂ ਸਾਰੇ ਸਿੰਘਾਂ ਦੇ ਸਰੀਰ ਤੇ ਕੱਟੇ ਵੱਢੇ ਅੰਗ ਕੱਠੇ ਕਰਕੇ ਮੋਤੇ ਲੱਕੜਾਂ, ਕੱਖ ਕਾਨੇ, ਪ੍ਰਾਲੀ, ਜੋ ਲੱਭਾ ਪਾਕੇ ਅੱਗ ਦੇ ਦਿੱਤੀ। ਦੂਣ ਸਾਰੀ ਬਾਕੀ ਰਾਤ ਵਿਚ ਅੰਗੀਠਾ ਬਲਦਾ ਰਿਹਾ, ਪਰ ਕੋਈ ਨਹੀਂ ਆਇਆ। ਅਗਲਾ ਦਿਨ ਅਸੀਂ ਸਾਰਿਆਂ ਨੇ ਉਸੇ ਤਰ੍ਹਾਂ ਨੇੜੇ ਤੇੜੇ ਬਿਤਾਇਆ। ਸਾਨੂੰ ਕਈ ਫੇਰ ਕਦੀ ਕਿ , ਕਦੀ ਕਿਤੇ ਤੁਰਕ ਸਿਪਾਹੀਆਂ ਡਿੱਠਾ, ਪਰ ਸਾਡੀ ਕ੍ਰਿਯਾ ਪੱਕੇ ਸ਼ੁਦਾਈਆਂ ਦੀ ਤੱਕ ਕੇ ਉਨ੍ਹਾਂ ਨੂੰ ਭਰਮ ਨਹੀਂ ਪਿਆ। ਰਾਤ ਅਸਾਂ ਉਥੇ ਹੀ ਕੱਟੀ, ਅੰਗੀਠੇ ਠੰਢੇ ਪੈ ਗਏ, ਤਦ ਅਸਾਂ ਚਾਟੀਆਂ ਲੈ ਕੇ ਉਹਨਾਂ ਦੇ ਅੰਦਰ ਤੇ ਬਾਹਰ ਕੋਲਿਆਂ ਨਾਲ ਪਤਾ ਆਦਿਕ ਨਿਸ਼ਾਨ ਲਿਖ ਕੇ ਮੂੰਹ ਤੇ ਚੱਪਣੀਆਂ ਦੇ ਕੇ ਉਤੋਂ ਬੰਨ੍ਹ ਕੇ ਦੁਹਾਂ ਅੰਗੀਠਿਆਂ ਪਾਸ ਟੋਏ ਪੁੱਟ ਕੇ ਪੁੱਠੀਆਂ ਰੱਖ ਕੇ ਦੱਬ ਦਿਤੀਆਂ,ਜੋ ਠੰਢ ਠੰਢੀਰ ਹੋਏ ਤੇ ਨਿਸ਼ਾਨ ਆਕੇ ਪੱਕੇ ਕਰ ਦਿਆਂਗੇ ਜੋ ਔਡੇ ਭਾਰ ਸੂਰਬੀਰਤਾ ਦੇ ਸਾਕੇ ਦੇ ਪੱਕੇ ਨਿਸ਼ਾਨ ਲੋਪ ਨਾ ਹੋ ਜਾਣ। ਫੇਰ ਅਸੀਂ ਉਥੋਂ ਲੁਕ ਕੇ ਟੁਰ ਆਏ।

ਸਤਿਗੁਰ ਜੀ ਦੇ ਗੰਭੀਰ ਨੈਣ ਅਸਮਾਨਾਂ ਵੱਲ ਉੱਠੇ, ਫੇਰ ਮਿਹਰ ਨਾਲ ਭਰਕੇ ਦੋਹਾਂ ਭਰਾਵਾਂ ਵੱਲ ਤੱਕੇ, ਫੇਰ ਪਿਆਰੇ ਬੁੱਲ੍ਹ ਖੁੱਲ੍ਹੇ: ਪਿਆਰਿਓ ! ਦੁਛ ਮੰਗ ਲਓ ! ਕੁਛ ਮੰਗ ਲਓ !!

ਰਾਮਾ–ਪਾਤਸ਼ਾਹ ! ਏਸ ਦੇਸ਼ ਵਿਚ ਮਾਨਾਂ ਫੁੱਲਰਾਂ ਦਾ ਜ਼ੋਰ ਹੈ, ਸਾਡੀ ਕੁਛ ਵਟੀਂਦੀ ਨਹੀਂ ਹੈ, ਜਦ ਦੇ ਆਏ ਹਾਂ ਸਾਡੇ ਪੈਰ ਨਹੀਂ ਜੰਮੇ। ਭਾਵੇਂ ਆਪ ਨੇ ਅੰਨ ਧਨ ਬਖਸ਼ਿਆ ਹੈ, ਪਰ ਮਾਲਕੀ ਨਹੀਂ ਅਜੇ ਪੂਰੀ ਪੂਰੀ ਕਿਧਰੇ ਹੋਈ।

ਸਤਿਗੁਰ ਜੀ–ਜ਼ਿਮੀਂ ਨਹੀਂ, ਤੁਸੀਂ ਦੇਸ਼ ਦੇ ਮਾਲਕ ਹੋਏ। ਸ੍ਰੀ ਗੁਰੂ ਹਰਿ ਰਾਇ ਜੀ ਦਾ ਵਰ ਹੁਣ ਫਲੇਗਾ ! ਅੰਮ੍ਰਿਤ ਛਕੋ ਸਿੰਘ ਸਜੋ ਹਾਂ, ਜ਼ਿਮੀਂ ਨਹੀਂ, ਤੁਸੀਂ ਰਾਜ ਪਾਓਗੇ, ਰਾਜ ਕਰੋਗੇ।

ਇਹ ਵਰ ਸੁਣਕੇ ਉਨ੍ਹਾਂ ਸੀਸ ਨਿਵਾਇਆ। ਬੜੇ ਉਤਸਾਹ ਨਾਲ ਭਾਈਚਾਰੇ ਸਮੇਤ ਅੰਮ੍ਰਿਤ ਛਕਿਆ। ਇਹੋ ਬੰਸ ਫੂਲਕਿਆਂ ਦਾ ਹੈ, ਜਿਸ ਦੀ ਵੰਸ਼ ਹੁਣ ਪਟਿਆਲਾ, ਨਾਭਾ, ਜੀਂਦ ਵਿਚ ਅੱਜ ਤਕ ਰਾਜ ਕਰਦੀ ਰਹੀ ਹੈ।

——o——

ਸੂਚਨਾ–ਫੇਰ ਬੈਰੋਵਾਲੀਏ ਜੱਟ ਸ਼ਰਨ ਆਏ। ਅੰਮ੍ਰਿਤ ਛਕ ਕੇ ਸਿੰਘ ਸਜੇ, ਇਨ੍ਹਾਂ ਨੂੰ ਵੀ ਜ਼ਿਮੀਆਂ ਦੇ ਮਾਲਕ ਹੋਣ ਦਾ ਵਰਦਾਨ ਮਿਲਿਆ। ਏਥੇ ਹੀ ਸਤਿਗੁਰੂ ਜੀ ਨੇ ਮਾਲਵੇ ਨੂੰ ਕਣਕਾਂ ਕਮਾਦਾਂ ਦੇ ਖੇਤਾਂ ਅੱਬ ਅਨਾਰਾਂ ਦੇ ਬਾਗਾਂ ਤੇ ਨਹਿਰਾਂ ਨਾਲ ਲਹਿ ਲਹਿ ਕਰਨ ਦਾ ਵਰਦਾਨ ਦਿਤਾ*।

ਏਥੇ ਹੀ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਜੋ ਦਮਦਮੇ ਵਾਲੀ ਬੀੜ ਦੇ ਨਾਮ ਤੇ ਪ੍ਰਸਿੱਧ ਹੈ। ਇਹ ਬੀੜ 'ਮੁਸਤਨਿਦ ਆਖਰੀ ਬੀੜ' ਹੋਈ, ਆਖਦੇ ਹਨ ਕਿ ਖਾਲਸੇ ਦੇ ਦਲਾਂ ਵਿਚ ਇਸ ਦਾ ਹੀ ਅਖਵਾਰਾ ਚਲਦਾ ਸੀ, ਜੋ ਵਡੇ ਘੱਲੂਘਾਰੇ ਤਕ ਦਲਾਂ ਦੇ ਅੰਗ ਸੰਗ ਸੀ। ਪਿੰਡ ਕੁਠਾਲਾ ਰਿਆਸਤ ਮਾਲੇਰ ਕੋਟਲਾ ਦੇ ਇਕ ਸ਼ਹੀਦੀ ਅਸਥਾਨ ਵਿਚ ਇਕ ਦੀਵ ਹੈ, ਜਿਸ ਦੀ ਬਾਬਤ ਕਿਹਾ ਜਾਂਦਾ ਹੈ ਕਿ ਵਡੇ ਘੱਲੂਘਾਰੇ ਦੇ ਵੇਲੇ ਬਾਬਾ ਸੁੱਖਾ ਸਿੰਘ ਜੀ ਦੇ ਜਥੇ ਨੇ ਇਹ ਬੀੜ ਇਸ ਟਿਕਾਣੇ ਟਿਕਾਈ ਸੀ। ਵਿਸ਼ੇਸ਼ ਲਈ ਦੇਖੋ ਅਖਬਾਰ ਖ਼ਾਲਸਾ ਸਮਾਚਾਰ ਤ੍ਰੋਕ ੧੮ ਮਈ ੧੯੨੩ ਈ. ਜ਼ਿਲਦ ੩੪ ਨੰਬਰ ੨੫, ਪੰਨਾ ੫। ਇਹ ਰਵਾਯਤ ਹੈ ਕਿ ਬਾਬਾ ਦੀਪ ਸਿੰਘ ਜੀ ਨੇ ਚਾਰ ਉਤਾਰੇ ਦਮਦਮੇ ਵਾਲੀ ਬੀੜ ਦੇ ਹੋਰ ਕਰਾਏ ਸੀ, ਇਨ੍ਹਾਂ ਤੋਂ ਹੀ ਫੇਰ ਉਤਾਰੇ ਹੋਏ ਤੇ ਛਾਪੇ ਵਿਚ ਏਹੋ ਮੁਸਤਨਿਦ ਬੀੜ ਪ੍ਰਵਿਰਤ ਹੋਈ। ਹੁਣ ਵਡੇ ਵਡੇ ਨਾਮੀ ਬਖਸ਼ਿਸ਼ਾਂ ਵਾਲੇ ਤੇ ਸੰਤਾਂ ਦੇ ਵਹੀਰ ਆਉਣ ਲਗ ਪਏ ਸਨ, ਅਨੇਕ ਵਾਰਤਾ ਵਰਤੀਆਂ, ਪਰ ਗੁਰੂ ਜੀ ਆਪਣੇ ਕਿਸੇ ਆਪ ਵਿਚ ਦੇਖਣ ਜਾਣ ਨੂੰ ਤਿਆਰ ਸੇ, ਸਭ ਦੇ ਹੋਜ਼ਦਿਆਂ ਆਪ ਆਪਣੇ ਦਾਈਏ ਵਿਚ ਪੱਕੇ ਟਰ ਪਏ। ਵਡੇ ਵਡੇ ਮਲਵਈ ਸਰਦਾਰ ਭੱਲ ਸਿੰਘ ਵਰਗੇ ਤੇ ਬਖਸ਼ਿਸ਼ਾਂ ਵਾਲੇ ਰਾਮਾ ਸਿੰਘ ਵਰਗੇ ਨਾਲ ਨਾ ਗਏ। ਸਤਿਗੁਰਾਂ ਨੇ ਪਰਵਾਰ ਨੂੰ ਦਿੱਲੀ ਟੋਰਿਆ ਤੇ ਆਪ ਦਮਦਮੇ ਤੋਂ ਕਤਕ ੧੭੬੩ ਬਿ: ਨੂੰ ਦੱਖਣ ਵੱਲ ਟੁਰੇ, ਰਸਤੇ ਵਿਚ ਕਈ ਹਾਲ ਵਰਤੇ, ਪਹਿਲਾ ਡੇਰਾ 'ਕੇਵਲ' ਪਿੰਡ ਕੀਤਾ, ਰਾਤ ਓਥੇ ਰਹੇ। ਅਗਲੀ ਭਲਕ 'ਝੋਰੜ' ਪਿੰਡ ਪਹੁੰਚ ਦੁਪਹਿਰਾ ਕਟਿਆ ਤੇ ਰਾਤ 'ਝੰਡੇ' ਪਿੰਡ ਜਾ ਰਹੇ। ਦਿਨ ਚੜ੍ਹਨ ਤੋਂ ਪਹਿਲੇ ਕੂਚ ਕਰਕੇ ਸਰਸੇ ਜਾ ਬਿਰਾਜੇ ਓਥੇ ਵਰਤਿਆ ਇਕ ਦੀਨਾ ਬੰਧੂ ਤੋਂ ਦੇਂਦੀ ਛੋੜ ਬਿਰਦ ਦਾ ਕੌਤਕ ਅਗਲੇ ਪ੍ਰੰਗ ਵਿਚ ਹੈ:–

੯੭. ਖੁੱਲ੍ਹਾਂ ਦਾ ਦਾਤਾਂ।

੧.

ਪੰਜਾਬ-ਦੱਖਣੀ ਪੰਜਾਬ ਤੇ ਸਰਸਾ ਨਗਰੀ‡, ਸਰਸੇ ਤੋਂ ਥੋੜੀ ਵਿੱਥ ਤੇ ਖੁਡਾਲਾ ਤਦੋਂ ਇਕ ਘੁੱਘ ਵੱਸਦਾ ਟਿਕਾਣਾ ਸੀ। ਇਥੇ ਇਕ ਪੁਰਾਣਾ ਮਕਾਨ ਹੈ, ਇਸ ਦੇ ਹੇਠਾਂ ਇਕ ਡੇਰਾ ਹੈ ਹਨੇਰਾ ਤੇ ਠੰਗ, ਮੈਲਾ ਤੇ ਕੁਛ ਬੁੱਸੀ ਦੇਈ ਹਵਾ ਵਾਲਾ। ਇਸ ਵਿਚ ਬੈਠਾ ਹੈ ਇਕ ਸਿੰਘ ਭਾਈ ਗੁਲਾਬ ਸਿੰਘ। ਇਹ ਕੋਈ ਜਗੀਰਦਾਰ ਅਮੀਰ ਨਹੀਂ ਸੀ, ਪਰ ਕਿਰਤੀ ਸਿੰਘ, ਮੁਨਿਆਰੇ ਦਾ ਕੰਮ ਕਰਦਾ ਸੀ। ਸੁਨਿਆਰਾ ਸਿੰਘ ਹੋ ਗਿਆ ਸੀ ਤੇ ਸਿੰਘ ਹੋਕੇ ਚੋਰੀ ਦਾ ਰਵਾਦਾਰ ਨਹੀਂ ਸੀ, ਅੰਦਰੋਂ ਬਾਹਰੋਂ ਸੁੱਚਾ ਸੀ, ਏਸੇ ਕਰਕੇ ਇਸ ਦਾ ਕੰਮ ਬਹੁਂ ਚੱਲਦਾ ਸੀ। ਸਭ ਦਾ–ਕੀ ਹਿੰਦੂ ਕੀ ਮੁਸਲਮਾਨ–ਏਸ ਤੇ ਇਤਬਾਰ ਸੀ। ਆਪਣੀ ਕਿਰਤ ਦੇ ਨਾਲ ਇਹ ਆਤਮ ਕਿਰਤ ਦਾ ਬੀ ਰਸਿਕ ਸੀ। ਅੰਮ੍ਰਿਤ ਵੇਲੇ ਉੱਠ ਬੈਠਣਾ, ਆਪਣੇ ਮਨ ਨੂੰ ਵਾਹਿਗੁਰੂ ਜੀ ਵਿਚ

---

*ਏਹ ਬਚਨ ੧੭੬੩ ਬਿ: ਦੇ ਹਨ। ਸੂਰਜ ਪ੍ਰਕਾਸ਼ ਦਾ ਕਰਤਾ ਬਿਕ੍ਰਮੀ ਸਦੀ ੧੯੦੦ ਵਿਚ ਅਪਣੀ ਪੁਸਤਕ ਮੁਕਾ ਚੁਕਾ ਸੀ ਤੇ ਨਹਿਰਾਂ ਮਾਲਵੇ ਵਿਚ ੧੯੪੧ ਬਿ: ਵਿਚ ਚੱਲੀਆਂ ਹਨ। ਸੋ ਕਵੀ ਸੰਤੋਖ ਸਿੰਘ ਜੀ ਨੇ ਭਵਿੱਖਤ ਵਾਕ ਨਹਿਰਾਂ ਟੁਰਨ ਤੋਂ ਅੱਧੀ ਸਦੀ ਦੇ ਲਗ ਪਗ ਪਹਿਲੇ ਲਿਖੇ ਹਨ।

†ਇਹ ਪ੍ਰਸੰਗ ੧ ਮਾਘ ਸੰ: ਗੁ: ਨਾ: ਸਾ: ੪੫੯ (੧੩ ਜਨਵਰੀ ੧੯੨੭) ਕੁਰਪੁਰਬ ਸਪਤਮੀ ਸਮੇਂ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

‡ਤਵਾ: ਖਾ: ਵਿਚ ਲਿਖਿਆ ਹੈ ਕਿ ਓਦੋਂ ਸਰਸਾ ਨਿੱਕਾ ਜਿਹਾ ਕਸਬਾ ਸੀ।

ਲਾਉਣਾ, ਸਤਿਗੁਰ ਦੇ ਚਰਨਾਂ ਦੀ ਓਟ ਲੈਣੀ, ਐਉਂ ਟਿਕੇ ਮਨ ਤੇ ਫੇਰ ਟਿਕੇ ਮਨ ਵਿਚ ਆਪੇ ਨੇ ਆਪੇ ਦਾ, ਆਪੇ ਦੇ ਮਾਲਿਕ ਦੀ ਆਤਮ ਛੋਹ ਦਾ ਰਸ ਅਨੁਭਵ ਕਰਨਾ, ਫਿਰ ਉਠਦੇ ਖਹਿੰਦੇ ਨਿੱਕੇ ਨਿੱਕੇ ਰਸ ਵਿਚ ਨਿਮਗਨ ਰਹਿਣਾਂ। ਪਰ ਦੇਖੋ ਕਈ ਦਿਨਾਂ ਤੋਂ ਵਿਚਾਰਾ ਇਸ ਤੰਗ ਤੇ ਹਨੇਰੇ ਭੋਰੇ ਵਿਚ ਬੈਠਾ ਹੈ, ਕਦੇ ਅੱਠੀਂ ਪਹਿਰੀਂ, ਕਦੀ ਸੋਲਾਂ ਪਹਿਰੀਂ ਇਕ ਪਤਾਲਾ ਪਾਣੀ ਦਾ ਤੇ ਇਕ ਜਵਾਂ ਦੀ ਰੋਟੀ ਨਸੀਬ ਹੁੰਦੀ ਹੈ, ਜੋ ਇਹ ਸ਼ੁਕਰ ਕਰਕੇ ਖਾਂਦਾ ਹੈ, ਖਾਂਦਾ ਹੈ ਤੇ ਕਹਿੰਦਾ ਹੈ "ਧੰਨ ਮੇਰਾ ਕਲਗੀਆਂ ਵਾਲਾ ਪਾਤਸ਼ਾਹ !" ਜਿਹੜਾ ਪਹਿਰੇਦਾਰ ਰੋਟੀ ਲਿਆਉਂਦਾ ਹੈ, ਉਹ ਆਪਣੇ ਦੀਵੇ ਦੇ ਚਾਨਣੇ ਵਿਚ, ਜੋ ਉਹ ਰਾਹ ਵੇਖਣ ਲਈ ਨਾਲ ਲਿਆਉਂਦਾ ਹੈ, ਇਸ ਦੇ ਟਿਕੇ ਹੋਏ ਚਿਹਰੇ ਨੂੰ ਦੇਖਦਾ ਹੈ ਤੇ ਸ਼ੁਕਰਾਨੇ ਦੇ ਅਡੋਲ ਅਬਿਰਕਵੇਂ ਵਾਕ ਸੁਣਦਾ ਹੈ ਤਾਂ ਹੱਕਾ ਬੱਕਾ ਰਹਿ ਜਾਂਦਾ ਹੈ, ਪਰ ਹੁਕਮ ਦਾ ਬੱਧਾ ਆਪਣਾ ਨਾ-ਸੁਹਾਵਾਂ ਕੰਮ ਕਰਕੇ ਟੁਰ ਜਾਂਦਾ ਹੈ। ਅੱਜ ਇਸ ਸਿਪਾਹੀ ਦੇ ਨਾਲ ਇਕ ਮੌਲਵੀ ਆਇਆ ਹੈ, ਮਹਿੰਦੀ ਨਾਲ ਰੰਗੀ ਹੋਈ ਦਾੜ੍ਹੀ, ਚਿਹਰੇ ਦਾ ਮਾਸ ਪਤਲਾ, ਹੱਡੀਆਂ ਦੇ ਉਭਾਰ ਨਾ ਲੁਕਾ ਸਕਣ ਵਾਲਾ, ਅੱਖਾਂ ਐਉਂ ਜਿਵੇਂ ਆਪਣੇ ਖੋਲਾਂ ਵਿਚ ਕੁਛ ਖੋਖਲੀਆਂ ਹਨ ਤੇ ਉਨ੍ਹਾਂ ਦਾ ਪ੍ਰਭਾਵ ਵੀ ਸੱਖਣਾ ਸੱਖਣਾ। ਬੁੱਲ੍ਹਾਂ ਉੱਤੇ ਇਕ ਮੁਸਕ੍ਰਾਹਟ ਪੋਲੀ ਪੋਲੀ, ਜੀਭ ਉੱਤੇ ਇਕ ਰਾਗ ਦੀ ਧੁਨ ਜੋ ਬਾਹਰੋਂ ਫੜਕੇ ਨੱਕ ਤੇ ਛੋਪਲੀ ਜੇਹੀ ਧਰੀ ਹੋਈ ਜਾਪਦੀ ਸੀ, ਗਾਉਂਦਾ ਗਾਉਂਦਾ ਆਇਆ ਦੋ ਦੀਵਿਆਂ ਦੇ ਚਾਨਣੇ ਵਿਚ, ਓਸ ਭੋਰੇ ਅੰਦਰ:-

ਜ਼ਿੰਦੜੀ ਖਾ ਪੀ ਲੈ, ਏਹੋ ਹੀ ਮੌਜ ਬਹਾਰ,
ਜ਼ਿੰਦੜੀ ਨੱਚ ਕੁੱਦ ਲੈ, ਏਹੋ ਹੀ ਪਾਰ ਉਤਾਰ,
ਜ਼ਿੰਦੜੀ ਮਿਲ ਗਿਲ ਲੈ,ਪਉਂਦੀ ਕੋਈ ਨਸਾਰ,
ਜ਼ਿੰਦੜੀ ਗਾ ਹੱਸ ਲੈ,ਤੂੰ ਹੈਂ ਦਿਨ ਦੋ ਕਿ ਚਾਰ।
ਜ਼ਿੰਦੜੀ ਖਾ ਪੀ ਲੈ.....

ਸਿੰਘ ਹੁਰਾਂ ਦੇ ਕੋਲ ਆਕੇ ਖਿੜ ਖਿੜ ਹੱਸਿਆ, ਇਕ ਚੁਟਕੀ ਮਾਰੀ ਤੇ ਫੇਰ ਦੋਵੇਂ ਹੱਥਾਂ ਨਾਲ ਗਿੱਧਾ ਮਾਰ ਕੇ ਤੇ ਰਤਾ ਕੁ ਨੱਚਣ ਵਾਂਗੂੰ ਕੁੱਦ ਕੁੱਦ ਕੇ:-

ਜ਼ਿੰਦੜੀ ਖਾ ਪੀ ਲੈ, ਤੂੰ ਕਰ ਲੈ ਮੌਜ ਬਹਾਰ,
ਜ਼ਿੰਦੜੀ ਅੱਜ ਕਰ ਲੈ, ਕੱਲ ਨੂੰ ਨਹੀਂ ਕਰਾਰ,
ਜ਼ਿੰਦੜੀ ਅੱਜ ਕਰ ਲੈ,
ਕਰ ਲੈ ਮੌਜ ਬਹਾਰ, ਜ਼ਿੰਦੜੀ.....

ਵਾਹ ਭਈ ਖਾਲਸਾ ! ਚੰਗੀ ਮੱਤ ਸਿੱਖੀ ਆ। ਦੂਲਿਆ, ਸੁਹਣਿਆ ! ਕਿਥੇ ਆ ਪਿਆ ਹੈਂ ? ਮਿੱਟੀ, ਗਰਦ, ਗੁਬਾਰ ਵਿੱਚ ! ਹੈਂ ! ਕੋਈ ਸੱਪ ਅਠੂਹਾਂ ਨਿਕਲੇ, ਏ ਜ਼ਿੰਦੜੀ ਸੁਹਣੀ ਸੁਹਣੀ ਭੰਗ ਕੇ ਵਰਾ ਜਾਏ। ਕੁਛ ਆਪੇ ਤੇ ਤਰਸ ਕਰ, ਕੇਹਾ ਗੋਰਾ ਗੋਰਾ ਪਿੰਡਾ ਹੈ, ਸਡੌਲ ਚਿਹਰਾ ਹੈ, ਹੈਂ ! ਆ ਉੱਠ ਚਲ ਬਾਹਰ, ਕਿੱਥੇ ਭੇਲਿਆ ! ਭੋਰਿਆਂ ਵਿਚ ਸੂਰਜ ਚੰਦ ਨਾਲ ਟੁੱਸ ਕੇ ਆ ਬੈਠਾ ਹੈਂ, ਆ ਉੱਠ, ਚੱਲੀਏ।

ਸਿੰਘ ਜੀ ਚਲੋ ਮਹਾਰਾਜ ਮੌਲਵੀ ਸਾਹਿਬ ਚਲੋ ਲੈ ਚੱਲੋ।

ਮੌਲਵੀ—ਚਲੋ ਭਈ ਸਿਪਾਹੀ, ਚਲੋ ਖੋਲੋ ਬੂਹੇ, ਚਲੋ ਅਗੇ।

(ਸਿੰਘ ਜੀ ਨੂੰ) ਚੱਲ ਚਾਚਾ, ਤੇਰੇ ਪੁਣੇ ਸੁੰਦਰੀਆਂ ਦੀਆਂ ਬਾਹਾਂ ਦੇ ਨੱਕ ਮੂੰਹ ਬੁੱਟੇ ਹਨ ਤੇ ਕਹਿੰਦੀਆਂ ਹਨ, ਕਿੱਥੇ ਗਿਆ ਸਾਡੇ ਹਾਰ ਸ਼ਿੰਗਾਰ ਬਨਾਉਣ ਵਾਲਾ: (ਚੁਟਕੀ ਮਾਰਕੇ)

ਕਰ ਲੈ ਮੌਜ ਬਹਾਰ, ਜ਼ਿੰਦੜੀ ਅੱਜ ਕਰ ਲੈ।
ਕੱਲ ਦਾ ਕੀ ਇਤਬਾਰ,ਜ਼ਿੰਦੜੀ ਅੱਜ ਕਰ ਲੈ।

(ਕੁੱਦਵਾਂ ਨਾਚ ਦਾ ਗੇੜਾ ਲੈਕੇ ਤੇ ਚੁਟਕੀ ਮਾਰਕੇ, ਫਿਰ ਤਾੜੀ ਨਾਲ ਤਾਰ ਦੇਕੇ):

ਓ ਕਰ ਲੈ ਮੌਜ ਬਹਾਰ ਜ਼ਿੰਦੜੀ ਕਰ ਲੈ ਨੀ।

ਹਾਂ ਸਿੰਘ ਜੀ ! ਫੇਰ ਤਕੜੇ ਹੋਵੋ ਚੱਲੋ।

ਸਿੰਘ ਜੀ—ਸੱਤ ਬਚਨ ਜੀ, ਚਲੋ ਅਗੇ ਲਗੋ।

ਮੌਲਵੀ—ਦੇਖੋ ਨਾ, ਜ਼ਰਾ ਦੱਸ ਦਿਓ ਨਾ ਕਾਕੀ ਕਿਥੇ ਹੈ, ਅਸੀਂ ਭੀ ਧੀਆਂ ਭੈਣਾਂ ਵਾਲੇ ਹਾਂ, ਸਾਡੇ ਦਾੜੇ ਤੱਕੋ ਲੰਮੇਂ, ਮੁੱਛਾਂ ਵੇਖੋ ਸ਼ਰਈ, ਸਾਵਾ ਸਾਵਾ ਚਿਹਰਾ ਵੇਖੋ ਨੂਰ ਭਰਿਆ, ਪਰ ਹੰਮ ਪਈਆਂ ਧੀਆਂ, ਹੁਣ ਕੀ ਕਰੀਏ ? ਘਰ ਰੱਖੀਏ ? ਸਹੁਰਾ ਤੋਣ ਦਾ ਆਟਾ, ਅੰਦਰ ਪਈ ਚੂਹੇ ਨਹੀਂ ਛੱਡਦੇ, ਬਾਹਰ ਸੱਟੀਏ ਤਾਂ ਭੜੂਏ ਕਾਂ ਆ ਪੈਂਦੇ ਹਨ। ਧੀ ਨਾ ਘਰ ਰੱਖਣ ਦਾ ਧਨ ਨਾ ਬਾਹਰ ਐਵੇਂ ਸੁੱਟਣ ਦਾ। ਕੋਈ ਖੋਤਾ ਭਾਰ ਚਾਣ ਵਾਲਾ ਜੇ ਲੱਭ ਪਵੇ ਤਾਂ ਓਸ ਦੇ ਮੱਥੇ ਮਾਰੀ, ਜਾਹ ਬਈ

ਗਲੋਂ ਲਹੁ ਤੇ ਸੁਖੀ ਵਸ। (ਫੇਰ ਹੱਸ ਪਿਆ) ਤੇ ਭੋਲਿਆ ਹੋਰ ਕੀਹ ? ਤੈਨੂੰ ਤਾਂ ਖੋਤਾ ਆਪ ਲਭ ਪਿਆ ਹੈ (ਪੌੜੀਆਂ ਵਲ ਤੱਕ ਕੇ ਕਿ ਨਾਲ ਆਇਆ ਸਿਪਾਹੀ ਦੂਰ ਚਲਾ ਗਿਆ ਹੈ। ਫੇਰ ਸਿੰਘ ਜੀ ਦੇ ਕੰਨ ਕੋਲ ਹੋਕੇ) ਖੋਤਾ ਆਪ ਪਿਆ ਮਿੰਨਤਾਂ ਕਰਦਾ ਹੈ, ਮਾਰੋ ਸੁ ਮੱਥੇ। ਖੋਤੇ ਉੱਤੇ ਝੁੱਲ ਹੈ ਸੋਨੇ ਦੀ, ਮੋਤੀਆਂ ਦੀ ਮਾਲਾ ਸੂ ਗਲੇ ਲਟਕਦੀ, ਚਾਂਦੀ ਦੀ ਖੁਰਲੀ ਤੇ ਚਰਦਾ ਹੈ, ਹਾਂ, ਸੱਚੀਂ ਖੀਸਾ ਭਰਿਆ ਸੂ ਦੀਨਾਰਾਂ* ਨਾਲ ਤੇ ਹੁਕਮ ਲਭ ਪਿਆ ਸੂ ਸ਼ੇਰਾਂ ਵਾਲਾ, ਫੇਰ ਜੇ ਐਡਾ ਸੁਹਣਾ ਖੋਤਾ ਤੇਰੇ ਪੈਰੀਂ ਪਵੇ—ਭਲਿਆ ਮਾਣਸਾ !—ਤਾਂ ਮਾਰ ਸੁ ਕੁੜੀ ਮੱਥੇ ਤੇ ਕਹੁ ਸੁ, 'ਲਓ ਖੋਤਾ ਜੀ ! ਚਾਓ ਭਾਰ, ਅਸੀਂ ਹੌਲੇ ਫੁੱਲ ਹੋਏ' ਤ ਨ ਲ ਲਾਹ ਲਓ ਸੁ ਮੋਤਸਰੀਆਂ ਤੇ ਕੱਢ ਲਓ ਸੁ ਦੀਨਾਰ ਬੋਝਿਓਂ ਤੇ ਹੁਕਮ ਹਾਸਲ ਵੀ ਫੜ ਲਓ ਸੁ ਵਾਗ ਹੱਥ ਵਿਚ ਆਪਣੇ, ਕੁੜੀ ਮਾਰੋ ਕੰਡ ਵਿਚ ਸੋਟਾ ਤੇ ਤਸੀਂ ਖਿਚੋ ਲਗਾਮ ਅੱਗੋਂ, ਅਸੀਂ ਨਾਲ ਨਾਲ ਹੁੱਜਾਂ ਦੇਣ ਤੇ ਟਿਚ ਟਿਚ ਕਰਨ ਨੂੰ ਤਿਆਰ, ਬੱਸ ਕਾਰਜ ਰਾਸ। ਚਾਰ ਦਿਨਾਂ ਦੀ ਜ਼ਿੰਦਗੀ, ਖਾਓ ਪੀਓ ਕਰੋ ਬਹਾਰਾਂ। ਹਾਂ ਐਸ਼ਾਂ ਲੁੱਟੋ। ਕਿੱਥੇ ਆ ਪਏ ਓ ਏਤਰਸ ਆਪੇ ਤੇ, ਬੇਤਰਸ ਕਾਕੀ ਤੇ, ਬੇਤਰਸ ਸਾਡੇ ਤੇ। ਚੱਲੋ ਚੱਲੀਏ। ਜ਼ਰਾ ਬਸ ਮਲਕੜੇ ਕੰਨ ਵਿਚ ਦੱਸ ਦਿਓ ਕਾਕੀ ਦਾ ਪਤਾ, ਬਾਕੀ ਕੰਮ ਖੋਤਾ ਆਪੇ ਕਰ ਲਏਗਾ।

ਸਿੰਘ—ਮੌਲਵੀ ਸਾਹਿਬ ! ਕਾਕੀ ਹੈ ਸਲਾਮਤੀ ਦੀ ਗੋਦ ਵਿਚ, ਮੈਂ ਹਾਂ ਇਜ਼ਤ ਦੇ ਪੰਘੂੜੇ ਉਤੇ।

ਮੌਲਵੀ—ਕੁਛ ਸਿੱਧੀ ਗਲ ਉਚਾਰੋ ਨਾਂ ?
ਕਿਉਂ ?'''ਸਖੀ ਹੋ ਗਰਦ ਗੁਬਾਰ ਵਿਚ ?

ਸਿੰਘ ਜੀ—ਧਰਮ ਹੈ ਤਾਂ ਸ਼ਰਮਾਂ ਹੈ,
ਸ਼ਰਮ ਹੈ ਤਾਂ ਜ਼ਿੰਦਗੀ; ਜ਼ਿੰਦਗੀ ਹੈ ਤਾਂ ਖੇੜਾ,
ਖੇੜਾ ਹੈ ਤਾਂ ਇਨਸਾਨ।

ਮੌਲਵੀ (ਸੋਚ ਵਾਲੀ ਨਜ਼ਰ ਬਣਾ ਕੇ)—
ਧਰਮ ? ਵਹਿਮੀਆਂ ਦੇ ਦਿਮਾਗ਼ ਦਾ
ਝੁੱਗ—ਉਡਾਰ।

ਸ਼ਰਮ ਮਾੜੇ ਕਰਮਾਂ ਦਾ ਹੈ ਫਲ। ਕਮਜ਼ੋਰ ਦਿਲਾਂ ਦੀ ਖ਼ਿਜਕ। ਬਾਕੀ ਰਹੀ ਜ਼ਿੰਦਗੀ, ਸੋ ਹੈ ਮੌਜ ਬਹਾਰ ਵਾਸਤੇ, ਐਸ਼ ਵਾਸਤੇ ! ਐਸ਼ਾਂ ਬਿਨਾ ਕਾਹਦੇ ਖੇੜੇ। ਹਾਂ, ਆਓ ਖਾਓ ਪੀਓ, ਕਰੋ ਮੌਜ ਬਹਾਰਾਂ ਤਾਂ ਖਿੜੋ। ਭੋਲਿਆ ਬੰਦੀ ਖਾਨਿਆਂ ਵਿਚ ਖੇੜੇ ?

ਸਿੰਘ ਜੀ—ਮਾੜੇ ਕਰਮਾਂ ਦਾ ਫਲ ਹੈ ਸ਼ਰਮਿੰਦਗੀ ਨਾਕਿ ਸ਼ਰਮ। ਸ਼ਰਮ ਆਖਦੇ ਹਨ ਇੱਜ਼ਤ† ਨੂੰ, ਅਪਣੇ ਆਪੇ ਨੂੰ ਆਪੇ ਦੀ ਨਜ਼ਰ ਵਿਚ ਸਤਿਕਾਰ ਪ੍ਰਾਪਤ ਰਹੇ, ਇਹ ਹੈ ਸ਼ਰਮ। ਧਰਮ ਹੈ ਆਤਮਾ ਦਾ ਆਪੇ ਨਾਲ, ਆਪੇ ਦੇ ਮਾਲਿਕ ਨਾਲ ਨੇਹੁੰ, ਪਿਆਰ। ਖੇੜਾ ਹੈ ਉਹ ਜੋ ਆਪੇ ਦਾ ਆਪੇ ਵਿਚ ਵਿਕਾਸ ਹੈ, ਜਿਵੇਂ ਰੁੱਖਾਂ, ਅਲੂਚਿਆਂ, ਨਾਸ਼ਪਾਤੀਆਂ ਨੂੰ ਪੱਕਣ ਵੇਲੇ ਆਪੇ ਦਾ ਵਿਕਾਸ ਦੇਂਦਾ ਹੈ ਖੇੜਾ। ਬਾਕੀ ਨਿਰੀ ਦੇਹ ਹੈ ਫੋਹ ਦਾ ਪੁਤਲਾ। ਧਰਮ ਹੀਨ ਸ਼ਰਮਹੀਨ ਮੈਲੇ ਅੰਦਰ ਵਾਲੇ ਨੂੰ ਐਸ਼ ਦਾ ਨਸ਼ਾ ਬੇਹੋਸ਼ੀ ਦੇ ਦੇਂਦਾ ਹੈ।

ਮੌਲਵੀ—ਵਾਹ ਸਿੰਘ ਜੀ ! ਮੈਂ ਕਿਹਾ ਸੁਨਿਆਰੇ ਹਨ, ਕੁਝ ਦੂਰ ਦੀ ਸੋਝੀ ਹੋਵੇਗੀ ਨੇ, ਵਾਹ ਖੋਤਾ ਹੀ ਖੂਹ ਵਿਚ ਚਾ ਸੱਟਿਆ ਨੇ। ਭੋਲਿਓ ! ਜੇ ਦੇਹ ਨਹੀਂ ਤਾਂ ਆਪਾ ਕਿੱਥੇ ? ਦੇਹੀ ਤਾਂ ਆਪੇ ਦਾ ਦੀਵਾ ਰੌਸ਼ਨ ਕਰਦੀ ਹੈ। ਫਿਰ ਜੇ ਖਾਣਾ, ਪੀਣਾ, ਹੱਸਣਾ ਸੌਣਾ ਖੁੱਲ੍ਹਾ ਨਹੀਂ ਮਿਲਦਾ, ਤਾਂ ਦੇਹ ਵਿਚਾਰੀ ਕਿੱਥੇ ? ਦੇਹ ਤਾਂ ਮੂਲ ਮੁੱਢ ਹੈ ਤੇ ਇਸ ਨੂੰ ਪਾਲਣਾ ਪੋਸਣਾ, ਰਿਸ਼ਟ ਪੁਸ਼ਟ ਕਰਨਾ ਧਰਮ ਹੈ ਤੇ ਫੇਰ ਇਸ ਨਾਲ ਮੌਜਾਂ ਐਸ਼ਾਂ ਕਰਨੀਆਂ ਇਹ ਖੇੜਾ ਹੈ। ਖਾਲਸਿਆ ! ਤੇਰਾ ਕਿਹੜਾ ਵਿਹੜਾ ਹੈ ਜਿਥੇ ਅਲੇਲ ਵਛੇਰੇ ਵਾਂਙੂ ਪਿਆ ਕੁੱਦੇਂ ? ਉੱਠ ਚੱਲ, ਪਾਲ ਧਰਮ।

'ਦੇਹੀ ਰੱਖ' ਧਰਮ ਹੈ।
'ਦੇਹੀ ਪਾਲ' ਸ਼ਰਮ ਹੈ।
'ਐਸ਼' ਖੇੜਾ ਹੈ।
ਹੋਰ ਸਭ ਝੇੜਾ ਹੈ ?

ਫੇਰ ਨੱਚ ਕੇ ਭਆਟੜੀ ਲੈ ਤੇ ਚੁਟਕੀ ਮਾਰ ਕੇ :-

ਕਰ ਲੈ ਮੌਜ ਬਹਾਰ ਜਿੰਦੜੀ ਕਰ ਲੈ ਨੀ,
ਕੱਲ ਦੀ ਕਿਸ ਨੂੰ ਸਰ ਅੱਜੋ ਈ ਕਰ ਲੈ ਨੀ।

ਭੋਲਿਓ ! ਚੱਲੋ, ਕਿਉਂ ਆਪਣੀ ਜਾਨ ਗਵਾਉਂਦੇ ਹੋ ? ਕਾਕੀ ਨੂੰ ਰੁਲਾਉਂਦੇ ਹੋ, ਆਖ਼ਰ ਕਿਸੇ ਚਾਰ ਪੈਸੇ ਦਾ ਕਮਾਊ ਸਾਰਾ ਦਿਨ ਅੱਗ ਅੱਗੇ

*ਮੁਹਾਰ। †ਇੱਜ਼ਤ, ਪਤ।

ਬਹਿ ਕੇ ਫੂਕਾਂ ਮਾਰ ਮਾਰ ਆਪਣਾ ਸਿਰ ਤੇ ਸੋਨੇ ਦੀ ਜ਼ਾਨ ਖਾਣ ਵਾਲੇ ਮਿਹਨਤੀ ਮਜ਼ੂਰ ਦੇ ਮੱਥੇ ਮਾਰੋ ਹੀ ਗੇ ਕਿ ਨਾ ? ਉਸ ਨਾਲੋਂ ਡੱਲਕੇ ਦਾ ਹਾਕਮ, ਸੁਹਣਾ ਸਜਾਦਾ, ਗੋਲ ਗੋਲ, ਚਿੱਟਾ ਚਿੱਟਾ ਰਈਸ ਮਾੜਾ ਹੈ ਜੋ ਤੁਹਾਡੇ ਚਰਨੀ ਹੱਥ ਲਾ ਕੇ ਧੀ ਲੈਂਦਾ ਹੈ, ਤੁਹਾਡੇ ਆਰ ਬੁਖ਼ਾਰ ਸੋਨੇ ਨਾਲ ਭਰਦਾ ਹੈ ? ਨਿੱਤ ਦੀ ਫੂਕਣੀ ਤੇ ਹਥੌੜੀ ਅਤੇ ਲੱਕ ਗੋਡੇ ਦੁੱਨ ਕੁਕੜੀ ਵਾਂਗ ਆਂਡਿਆਂ ਤੇ ਬੈਠਣੀ ਤੋਂ ਛੁਟਕਾਰਾ ਦੇ ਕੇ ਘੋੜ ਸਵਾਰੀ, ਰਥਾਂ ਦੀ ਸੈਲ, ਬਾਗ਼ ਬਗ਼ੀਚੇ ਦੇਂਦਾ ਹੈ। ਹੋਰ ਕੀ ਲੈਣਾ ਨੇ ? ਸਿੰਘ ਜੀ ! ਮੈਂ ਕੋਈ ਰਜ਼ੀਲ ਨਹੀਂ, ਸ਼ਰੀਫ ਟੱਬਰ ਵਾਲਾ ਹਾਂ। ਜੇ ਤਾਂ ਨਾਜ਼ਮ ਤੁਸਾਡੀ ਇਸਤ੍ਰੀ ਵੱਲ ਅੱਖ ਮੈਲੀ ਕਰੇ ਤਾਂ ਮੈਂ ਕੀ ਅਸੀਂ ਸਾਰੇ ਹੀ ਲਾਨਤ ਫੇਰੀਏ ਮਲਊਨ ਨੂੰ, ਪਰ ਉਹ ਤਾਂ ਕੁਆਰੀ ਬੇਟੀ ਮੰਗਦਾ ਹੈ। ਬੇਟੀ ਤੇ ਬੇਰੀ ਵਾਲੇ ਘਰ ਕਿਸ ਦੀ ਮੰਗ ਨਹੀਂ ਪੈਂਦੀ ਤੇ ਕੌਣ ਹੈ ਜਿਸ ਦੇ ਘਰ ਬੇਟੀ ਤੇ ਬੇਰੀ ਹੈ ਤੇ ਉਹ ਚਾਕਰੀ ਕਰਨ ਆਏ ਜਾਂ ਕੁਝ ਬੇਰ ਮੰਗਣ ਆਏ ਅੱਗੇ ਸ਼ਰਮਾਂ ਧਰਮਾਂ ਦੇ ਢੁੱਚਰ ਡਾਹ ਕੇ ਲੜਦਾ ਤੇ ਅੱਖਾਂ ਨੂੰ ਘਸੁੰਨੀਆਂ ਦੇ ਦੇ ਰੋਂਦਾ ਹੈ। ਅੱਲਾ ਨੇ ਦਿੱਤੀ ਬੇਟੀ, ਪਰਾਇਆ ਧਨ ਕਿਸੇ ਦੇ ਮੱਥੇ ਮਾਰਨਾ ਹੀ ਹੈ ਨਾ, ਫੇਰ'''?ਹੋਂ'''? ਮਿਹਣਾ ਕਾਹਦਾ ਤੇ ਲੱਜ ਕਾਹਦੀ ? ਹਾਂ, ਕਾਹਦੀ ਕਾਣ ਤੇ ਕੇਹੀ ਬੱਜ ?

ਸਿੰਘ ਜੀ—ਮੌਲਵੀ ਸਾਹਿਬ ! ਹੋਸ਼ ਦੀ ਦਵਾ ਖਾਓ, ਕਿਉਂ ਭੁਤਲਾਉਂਦੇ ਹੋ ਜਾਗ ਪਿਆ ਨੂੰ ? ਭੁਤਲਦੇ ਹਨ:-

ਸ਼ਰੀਰ ਦੇ ਗ਼ੁਲਾਮ, ਮਾਇਆ ਦੇ ਲੋਭੀ,
ਝੂਠ ਦੇ ਗੁਵਾਂਢੀ, ਸ਼ਰਮ ਹਯਾ ਦੇ ਵੈਰੀ,
ਗ਼ੀਰਤ ਦੀ ਅੱਖ ਤੋਂ ਮੁਨਾਖੇ।

ਹਾਂ, ਭੁਤਲਦੇ ਹਨ:-

ਗੁਰੂ ਦੀ ਹੋਂਦ ਤੋਂ ਬੇਖਬਰ,
ਤੇ ਓਹ ਜਿਨ੍ਹਾਂ ਮੰਨਿਆਂ ਹੈ ਕਿ ਅਸਾਂ ਮਰ ਜਾਣਾ ਹੈ ਸ਼ਰੀਰ ਦੇ ਮਰਨ ਨਾਲ, ਜਿਨ੍ਹਾਂ ਜਾਤਾ ਹੈ ਕਿ ਅਸੀਂ ਹਾਂ ਪਸ਼ੂ ਪੰਖੀਆਂ ਵਰਗੇ ਜੰਤੂ, ਪਰ ਵਧੇਰੇ ਚਾਲਾਕ ਤੇ ਅਕਲਈਏ।
ਹਾਂ, ਜਿਨ੍ਹਾਂ ਦੀ ਨਜ਼ਰ ਖੰਭ ਹੀਨ ਹੈ, ਨਹੀਂ ਉੱਡ ਸਕਦੀ ਮਿੱਟੀ ਦੇ ਦੇਸ਼ੋਂ ਜੀਵਨ ਦੇ ਗਗਨ ਮੰਡਲਾਂ ਵਿਚ।

ਮੌਲਵੀ—ਊਈ ਰੱਬਾ ! ਊਈ ਅੱਕਾ ! ਮੌਲਵੀ ਸਾਂ ਮੈਂ ਤੇ ਇਹ ਮਿਲ ਪਿਆ ਏ ਮੈਨੂੰ ਅੱਗੋਂ ਵੱਡਾ ਮੌਲਵੀ, ਪਰ ਕੱਬਾ ਮੌਲਵੀ, ਮੌਲਵੀ ਕਿ ਪੰਡਿਤ ? ਪੰਡਿਤ ਪਰ ਆਪਣੀ ਪੈਰੀਂ ਕੁਹਾੜਾ ਮਾਰਨ ਵਾਲਾ ਪੰਡਿਤ। ਮੈਂ ਭਲੀ ਮੱਤ ਦਿੱਤੀ ਜੇ ਤੈ ਬਣ ਗਿਆ ਜੇ ਭੁਤਲਾਣ ਵਾਲਾ। ਚੰਗਾ ਬਈ,ਨੇਕੀ ਦਾ ਬਦਲਾ —ਤਦੇ ਕਹੀਦਾ ਹੈ ਨਾ ਨੇਕੀ ਦਾ ਬਦਲਾ—ਦੁੱਖ, ਪਰ ਕਰ ਭਲਾ ਹੋਵੀ ਭਲਾ। ਉਹ ਜਾਣੇ ਮਨਾਂ ! ਤੂੰ ਰੋਂਦੇ ਰੋਗੀ ਨੂੰ ਘੁੱਟ ਪਾ ਹੀ ਦੇ ਕੌੜੇ ਦਾਰੂ ਦਾ। ਸੁਣ ਓਇ ਦੁਲਿਆ ! ਸੁਹਣਿਆਂ ਫਿਲਸਫੇ ਘੋਟੂਆ ! ਪੜ੍ਹੀ ਸੁਣੀਂਦਾ ਹੈ ਦੋ ਘੜੀ ਦੇ ਪਰਚਾਵੇ ਲਈ ਕਿ ਵਹਿਮੀ ਹੋਣੇ ਲਈ ? ਦੋ ਤੇ ਦੋ ਚਾਰ ਹੁੰਦੇ ਨੀ, ਤਿੰਨ ਨਹੀਓਂ ਹੁੰਦੇ। ਰੋਟੀ ਖਾਣੀ ਹੈ ਤਾਂ ਜੀਉਣਾ ਹੈ, ਪਿਆ ਘੋਟ ਖਾਂ ਮਸਲੇ, ਬਿਨਾਂ ਰੋਟੀ ਢਿੱਡ ਭਰਦਾ ਹੈ ? ਤੂੰ ਹਣ ਕੈਦ ਹੈਂ ਗੰਦੇ ਬਾਂ, ਤੰਗ ਬਾਂ, ਹਨੇਰੇ ਬਾਂ; ਨਿਕਲ ਖਾਂ ਬਾਹਰ ਖਿਆਲਾਂ ਦੀਆਂ ਉੱਚ ਉਡਾਰੀਆਂ ਨਾਲ, ਨਿਕਲ, ਦੱਸ ਨਿਕਲ ਕੇ ? ਬੂ ਚੜ੍ਹਦੀ ਆ ਸਿਰ ਨੂੰ, ਰੋਕ ਖਾਂ ਇਸ ਨੂੰ। ਮੈਂ ਚਾਲੀ ਮੇਰੀ ਗੱਲ ਆਖੀ ਹੈ ਜੋ ਧੀ ਪਰਾਇਆ ਧਨ ਹੈ. ਦੇਹ, ਕਰਜ਼ਾ ਲਾਹ, ਸੁਰਖਰੂ ਹੋ ਤੇ ਇਸ ਕੈਦੋਂ ਛੁੱਟ। ਬੜੀ ਗ਼ੀਰਤ ਹੈ, ਤਾਂ ਲੈ ਕੁਝ ਨਾ, ਧਰਮ ਦਾ ਸਾਕ ਕਰ ਦੇਹ, ਆਪਣੀ ਗਰੀਬੀ ਵਿਚ ਬੈਠਾ ਰਹੁ, ਕਿਰਤ ਕਰ, ਬੰਦਗੀ ਕਰ। ਜੇ ਲੋਕਾਂ ਦੀ ਦੰਦ-ਕਥਾ ਤੇ ਜਿਭ-ਕਹਾਣੀਆਂ ਤੇ ਹੀ ਜੀਉਣਾ ਹਈ ਤਾਂ ਕਰ ਖਾਂ ਅੰਦਾ, ਜਿੱਦਾ ਮੈਂ ਕਿਹਾ ਹੈ, ਆਪੇ ਜਗਤ ਕਹੇਗਾ: ਪੁੰਨ ਦਾ ਭੋਲਾ ਤੋਰਿਆ ਸੂ, ਧਰਮ ਦਾ ਸਾਕ ਕੀਤਾ ਸੂ।

ਸਿੰਘ ਜੀ—ਤੁਰਕ ਹਾਕਮ ਨਾਲ ਧੀ ਦਾ ਸਾਕ ਕਰਾਂ ? ਗਲ ਸੰਘੀ ਨਹੁੰ ਲੈ ਕੇ ਭੋਲਾ ਤੋਰਾਂ ਤੇ ਆਖਾਂ ਮੈਂ ਪੁੰਨ ਕੀਤਾ ਹੈ ? ਹੈਂ ! ਚਾਲੀ ਮੇਰੇ ਤੋਲਣ ਹਾਰਿਆ !

ਮੌਲਵੀ—ਹੁਣ ਕੋਈ ਰੋਕ ਅਟਕਾ ਬਾਕੀ ਹੈ ? ਫੂਕਾਂ ਮਾਰਨ ਵਾਲੇ ਮਿੱਤਰਾ ! ਰਾਜਪੂਤਾਨੇ ਦੇ ਗਰਦਨ ਫਰਾਜ਼ ਰਾਜਿਆਂ ਨੇ ਤਾਂ ਧੀਆਂ ਦੇ ਭੋਲੇ ਪਾ ਦਿਤੇ ਅਕਬਰ ਨੂੰ, ਜਹਾਂਗੀਰ ਨੂੰ, ਸ਼ਾਹਜਹਾਨ ਨੂੰ ਤੇ ਔਰੰਗਜ਼ੇਬ ਨੂੰ, ਜੋ ਹਿੰਦੂ ਮੁਸਲਮਾਨ ਦੇ

ਨਾਤੇ ਦੀ ਅਟਕ ਸੀ ਸੋ ਖੋਹਲ ਦਿੱਤੀ ਉਚ ਧੌਣੇ ਰਾਜਪੂਤਾਂ ਨੇ। ਫੇਰ.....? ਹੁਣ ਦੱਸ ਨਾਂ? ਜੋ ਰਾਹ ਵਡੇ ਲੋਕਾਂ ਸਦੀਆਂ ਦੇ ਬੰਦ ਪਏ ਖੋਹਲ ਦਿੱਤੇ, ਫੇਰ ਛੋਟੇ ਲੋਕ ਮਗਰ ਕਿਉਂ ਨਾ ਟੁਰ ਪੈਣ। ਤੂੰ ਕਦੇ ਸੁਣਿਆਂ ਨਹੀਂ:-'ਵਡਿਆਂ ਪਾਏ ਗਾਹ, ਤੇ ਓਹੋ ਬਣ ਗਏ ਰਾਹ' ਪੜ੍ਹ ਖਾਂ, ਹਾਂ ਕੀਕੂੰ ਆਖਦੇ ਨੀ ਪੰਡਿਤ:-'ਮਹਾਜਨਾ ਯੇਨ ਗਤ: ਸ ਪੰਥ:*'। ਠੀਕ ਕਿ ਨਾ?

ਸਿੰਘ ਜੀ-ਐਉਂ ਮੁਸਲਮਾਨਾਂ ਵੀ ਹਿੰਦੂਆਂ ਨੂੰ ਡੋਲੇ ਦਿੱਤੇ ਹਨ? ਕਿਤੇ? ਹੈਂ...?

ਮੌਲਵੀ (ਘਬਰਾ ਕੇ, ਮੱਥੇ ਦੇ ਮਾਸ ਦੀ ਹੱਥ ਨਾਲ ਚੁਟਕੀ ਭਰਕੇ)-ਸਿੰਘ ਜੀ! ਲੋਕਾਂ ਦੀਆਂ ਕਥਾ ਕਹਾਣੀਆਂ ਨਾਲ ਕੀ? ਪ੍ਰਤੱਖ ਨੂੰ ਆਰਸੀ ਕਾਹਨੂੰ ਵਿਖਾਣੀ? ਆਓ, ਮੈਂ ਤਿਆਰ ਹਾਂ ਮੇਰੀ ਕਾਕੀ ਦਾ ਨਾਤਾ ਲਓ ਤੁਸੀਂ ਆਪਣੇ ਕਾਕੇ ਨੂੰ। ਆਓ ਸਿੰਘ ਜੀ! ਮੈਂ ਲਪੌੜੀਆ ਨਹੀਂ, ਅਮਲੀ ਬੰਦਾਂ ਹਾਂ, ਜੋ ਕਹਿੰਦਾ ਹਾਂ ਕਰਦਾ ਹਾਂ, ਚਲੋ ਗ਼ੋਰਤ ਧੋ ਲਓ, ਜੇ ਐਦਾਂ ਹੀ ਖ਼ੁਸ਼ ਹੋ ਤਾਂ ਆਓ ਉਠੋ ਚੱਲੀਏ। ਹੁਣ ਤੁਸੀਂ ਅਸੀਂ ਕੁੜਮ ਹੋ ਗਏ, ਕੁੜਮਾਂ ਦਾ ਆਖਿਆ ਨਹੀਂ ਮੋੜੀਦਾ, ਅਤੇ ਕੱਚੇ ਕਵਾਰੇ ਸਾਕੀਂ ਤਾਂ ਕੁੜਮਾਂ ਦੇ ਇਸ਼ਾਰੇ ਸੈਨਤ ਨੂੰ ਬੀ ਕਦੇ ਰੱਦ ਨਹੀਂ ਕਰੀਦਾ।

ਸਿੰਘ ਜੀ-ਸਰਕਾਰੀ ਮੌਲਵੀ ਤੇ ਦਰਬਾਰੀ ਮਸਖ਼ਰੇ ਜੀ! ਸਿੱਧਾ ਹੀ ਚੰਦ੍ਰਮਾਂ ਵੇਖੋ, ਪਾਣੀ ਵਿਚ ਚੰਦ ਦੇਖਣ ਦੀ ਖੇਚਲ ਕਿਉਂ? ਸਿੱਧੇ ਨਾਜ਼ਮ ਸਾਹਿਬ ਨੂੰ ਅਪਣੀ ਧੀ ਦਾ ਡੋਲਾ ਦੇਕੇ ਸਾਰੇ ਸੁਖ, ਸਾਰੇ ਸਾਮਾਨ ਤੇ ਐਸ਼ਾਂ, ਜਿਨ੍ਹਾਂ ਦੇ ਹਰੇ ਹਰੇ ਪੱਠੇ ਪਾਕੇ ਬਾਘੇ ਨੂੰ ਮੋਂਹਦੇ ਹੋ, ਆਪਣੇ ਅਗੇ ਹੀ ਕਿਉਂ ਨਾ ਪਾ ਲਓ? ਮੇਰਾ ਤਾਂ ਮੂੰਹ ਓਹਨਾਂ ਨੂੰ ਚੱਬ ਨਹੀਂ ਸਕਦਾ ਤੇ ਤੁਸੀਂ ਓਹਨਾਂ ਲਈ ਹਰਿਆਏ ਫਿਰਦੇ ਹੋ, ਨਿੱਤਰੋ, ਜਾਓ। ਨੇਕੀ ਕਰਨ ਆਏ ਆਖਦੇ ਹੋ, ਨੇਕੀ ਹੋ ਜਾਏ, ਆਪਣੀ ਧੀ ਦੇਕੇ ਮੇਰੀ ਬੰਦਖਲਾਸ ਕਰਾਓ ਤੇ ਧੀ ਦੇ ਕੇ ਜੋ ਕੁਝ ਲੱਭਣਾ ਹੈ ਓਹ ਕਾਫਰ ਦੇ ਘਰ ਨਾ ਜਾਵੇ, ਮੋਮਨ ਲੈ ਕੇ ਐਸ਼ ਕਰੇ।

ਮੌਲਵੀ (ਬੁਲ੍ਹ ਵੱਟ ਕੇ ਤੇ ਫਿਰ ਹੱਸ ਕੇ)-ਜਿੰਦੜੀ (ਤਿਉੜੀ ਦੇਕੇ) ਕਰ ਲੈ ਮੌਜ ਬਹਾਰ। (ਤ੍ਰਬ੍ਰਕ ਕੇ) ਕਰ ਲੈ ਨੀ..., ਹਾਂ।

ਸੁਹਣਿਆ! ਖੋਤਾ ਰੀਝ ਪਿਆ ਹੈ ਕੁਲਥਾਂ* ਉਤੇ, ਭੜੂਆ ਜੇ ਭੰਗੂਰ† ਖਾਏ ਤਾਂ ਅਸੀਂ ਥਾਲ ਭਰੀ ਖਲੋਤੇ ਹਾਂ। ਪਰ ਛੋਲੇ ਖਾਂਦਿਆਂ ਪੀੜ ਪੈਂਦੀ ਸੂ, ਰਿਹਾੜੇ ਪੈ ਗਿਆ ਹੈ, ਕਹਿੰਦਾ ਹੈ: ਕੁਲੱਥ ਹੀ ਖਾਣੇ ਹਨ, ਜਿਵੇਂ ਹਕੀਮ ਦੱਸ ਗਿਆ ਸੂ ਕਿ ਕੁਲੱਥ ਤੇ ਭੱਖੜਾ ਭਿਉਂ ਕੇ ਪੀ, ਪੀੜ ਵਲ ਹੋ ਜਾਊਗੀ‡। ਅੱਗੋਂ ਤੂੰ ਬੀ ਟੱਕਰਿਆ ਹੈਂ, ਮਾਫ ਕਰੀਂ ਯਾਰਾ! ਉਸ ਤੋਂ ਵੱਡਾ ਝਗ ਸਿਆਲ ਦਾ ਸਾਂਵਲਾ§, ਤੈਨੂੰ ਆਖਦੇ ਹਾਂ ਲੈ ਭੰਗੂਰ, ਮੁਗਲ ਖ਼ੂਨ ਨਾਲ ਖ਼ੂਨ ਮੇਲ; ਤੂੰ ਕਹਿੰਦਾ ਹੈਂ ਭੰਗੂਰ ਨਹੀਂ ਲੈਣੇ, ਕਲੱਥ ਨਹੀਂ ਦੇਣੇ। ਪਤਾ ਨਹੀਂ ਦੋਹਾਂ ਨੂੰ ਕੇਹੀ ਗੁਰਦੇ ਦੀ ਪੀੜ ਹੈ। ਇਕ ਕੁਲੱਥਾਂ ਬਿਨਾਂ ਰਹਿੰਦਾ ਨਹੀਂ ਇਕ ਵਿਛੋੜਦਾ ਨਹੀਂ, ਅੰਗੂਰਾਂ ਵਰਗੇ ਭੰਗੂਰ ਦੋਹਾਂ ਨੂੰ ਨਹੀਂ ਭਾਉਂਦੇ। ਕਲਜੁਗ ਦੇ ਸਾਂਵਲੇ ਬੀ ਨਖ਼ਰੇਦਾਰ ਹੋ ਗਏ ਹਨ।

ਸਿੰਘ ਜੀ-ਹਾਂ, ਕਲਜੁਗ ਦੇ ਇਰਾਕੀ¶ ਬੜੇ ਫਿਰੋਤਨੀ$ ਵਾਲੇ ਤੇ ਹਲੀਮੀ ਵਾਲੇ ਹੋ ਗਏ ਹਨ ਕਿ ਖੇਤਿਆਂ ਅੱਗੇ ਪਏ ਅਰਜ਼ੋਈਆਂ ਕਰਦੇ ਹਨ, ਕੇ ਅਗੋਂ ਗੱਥਰ ਨਹੀਂ ਪੈਂਦੀਆ ਪਰ ਉਹ ਫਿਰੋਤਨੀ ਤੇ ਪਰਉਪਕਾਰ ਦਾ ਅਮੁੱਕ ਖਜ਼ਾਨਾਂ ਦੋਹੀਂ ਹੱਥੀਂ ਨਛਾਵਰ ਕਰੀ ਹੀ ਜਾਂਦੇ ਹਨ, ਇਹ ਇਕ ਕੰਮ ਤਾਂ ਕਲਜੁਗ ਨੇ ਸਤਿਜੁਗ ਵਾਲਾ ਕਰ ਦਿਖ ਦਿਆ ਹੈ।

ਮੌਲਵੀ-ਨਹੀਂ ਓਏ ਮਿੱਤਰਾ! ਕਲਜੁਗ ਬੜਾ ਖਚਰਾ ਈ। ਦਖ! ਇਰਾਕੀਆਂ ਦੀ ਫਿਰੋਤਨੀ ਅੱਗੇ ਦੇਸੀ ਟੱਟੂ ਧੀਆਂ ਦੇ ਡੋਲੇ ਲੈ ਕੇ ਆ ਗਏ, ਇਰਾਕੀਆਂ ਦੇ ਪਾਤਸ਼ਾਹਾਂ ਓਹ ਬੇਗਮਾਂ ਬਣਾ ਕੇ ਉਹਨਾਂ ਦੇ ਪੇਟੋਂ ਹੋਇਆਂ ਨੂੰ ਆਪਣੇ ਤਖਤ ਤਾਜ ਸੌਂਪ ਦਿੱਤੇ। ਹੁਣ ਤਖਤ ਉਤੇ ਦੇਸੀ

*ਉਹ ਹੀ ਰਾਹ ਹੈ ਜਿਸ ਪਰ ਟੁਰ ਪਏ ਵਡੇ ਲੋਕ।

*ਇਕ ਪ੍ਰਕਾਰ ਦੇ ਰੁਆਂਹ।

ਦੂਜਾ ਅਰਥ-(ਕ ਲੱਥਾ) ਜੋ ਮਾੜੀ ਥਾਂ ਲੱਥਾ ਹੋਵੇ, ਨੀਵਾਂ।

†ਭਿ ਜੋ ਹੋਏ ਛੋਲੇ। ‡ਇਹ ਦੁਇ ਚੀਸ਼ਾਂ ਚਾਰ ਪਹਿਰ ਭਿਉਂਕੇ ਤੇ ਫੇਰ ਪਾਣੀ ਇਹ ਪੀਂਦੇ ਰਹਿਣ ਨਾਲ ਗੁਰਦੇ ਦੀ ਦਰਦ ਦੇ ਦੇਰੇ ਹਟ ਜਾਂਦੇ ਦੱਸੀਦੇ ਹਨ। §ਖੋਤਾ।

¶ਅਰਬੀ ਘੋੜੇ। $ਨਿੰਮਰਤਾ। ਜਹਾਂਗੀਰ, ਸ਼ਾਹਜਹਾਂ, ਔਰੰਗਸ਼ੇਬ ਦੀਆਂ ਮਾਵਾਂ ਰਾਜਪੂਤਨੀਆਂ ਸਨ।

ਟੱਟੂਆਂ ਦੇ ਦੋਹਤੇ ਹਨ, ਉਨ੍ਹਾਂ ਦਾ ਅਪਣਾ ਖ਼ੂਨ ਹੈ, ਪਰ ਅਜ਼ ਬੀ ਕਿਤੇ ਕਿਤੇ ਖੋਤੇ ਦੀ ਅੜੀ ਤੇ ਟੱਟੂ ਦੀ ਚਿਦ ਖੜੀ ਹੋ ਜਾਂਦੀ ਹੈ, ਕਹਿੰਦੇ ਹਨ ਅਸੀਂ ਨਹੀਂ ਸਾਕ ਕਰਦੇ

ਸ਼ਿੰਘ ਜੀ—ਪਰ ਜਿਨ੍ਹਾਂ ਟੱਟੂਆਂ ਦੇ ਮੂੰਹ ਲਗ ਮ ਨਹੀਂ, ਪਿੱਠ ਤੇ ਛੱਟ ਨਹੀਂ, ਟੀਹਾ ਟੰਬਾ ਟੰਗ ਨਹੀਂ, ਜਿੱਥੇ ਰਾਤ ਪਈ ਸੌਂ ਗਏ, ਜਿੱਥੇ ਦਿਨ ਹੋਇਆ ਚਰਨ ਲਗ ਪਏ, ਧੌਣ ਜਿਨ੍ਹਾਂ ਨੇ ਸਿੱਧੀ ਰਖੀ ਹੈ ਓਹ ਇਰਾਕੀਆਂ ਦੀ ਚਲਾਕੀ ਹੇਠ ਅਜੇ ਨਹੀਂ ਆਏ।

ਮੌਲਵੀ (ਹੁਣ ਕਿਚਕਿਚਾਕੇ, ਪਰ ਫਿਰ ਚੱਕਰ ਖਾਕੇ)—ਲੈ ਬਈ ਸੱਜਣਾ ! ਹੁਣ ਗੱਲ ਹਾਸੇ ਹਾਸੇ ਨਹੀਂ ਮੁਕਦੀ ਦਿੱਸਦੀ, ਅਸਾਂ ਕਿਹਾ ਸੀ ਕਿ ਹੱਸ ਖੇਡਕੇ ਕਲ੍ਹਾ ਮੁੱਕ ਜਾਏਗੀ, ਪਰ ਤੂੰ ਪੱਕਾ ਸੁਨਿਆਰਾ ਹੈਂ, ਹੁਣ ਆਖਰੀ ਗੱਲ ਸੁਣ ਲੈ ਇਹ ਹਾਸਾ ਨਹੀਉਂ। ਜੇ ਤਾਂ ਕਾਕੀ ਦੇਵੇਂ ਦੇ, ਯਾ ਪਤਾ ਹੀ ਦੱਸ ਦੇਵੇਂ ਕਿ ਕਿੱਥੇ ਹੈ, ਤਾਂ ਨਾਜ਼ਮ ਸਾਹਿਬ ਮੰਗਾ ਲੈਣਗੇ ਆਪੇ, ਤੇ ਤੂੰ ਹੋ ਜਾਏਂਗਾ ਰਿਹਾ ! ਤੇ ਜੇ ਨਾ ਦੱਸੇਂ ਤਾਂ ਤੇਰਾ ਹੋ ਜਾਏਗਾ ਸਿਰ ਕਲਮ, ਹਾਂ ਯਾਦ ਰਖ—ਘੜਕੇ ਕਲਮ ਨੂੰ ਦੇਈਦਾ ਹੈ ਕੱਤ, ਕਾਜ਼ੂ ਦਾ ਕੱਤ, ਜਾਣਨਾ ਹੈ ਨਾ ?

ਸਿੰਘ (ਹੱਸਕੇ)—ਸੋਨੇ ਦੇ ਸੰਗ ਨੇ ਸਾਨੂੰ ਨਾਉਂ ਦਿੱਤਾ ਹੈ ਸੁਨਿਆਰਾ, (ਸੋਨੇ+ਹਾਰਾ ਜਾਂ ਸ੍ਵਰਨ, ਕਾਰ=ਸੋਨੇ ਦਾ ਕਿੱਤਾ ਕਰਨ ਵਾਲਾ)। ਅਸੀਂ ਹਾਂ ਸੋਨੇ ਦੇ ਸੇਵਕ, ਸੋਨਾ ਹੈ ਨਰਮ ਕੋਮਲ, ਪਰ ਅਥੁਕ, ਅਟੁੱਟ । ਸਨਾ ਹੈ ਪੀਲਾ, ਪਰ ਨਹੀਂ ਖਾਂਦਾ ਜੰਗਾਲ, ਜਿਸ ਨਾਲ ਲਗੇ ਉਸ ਨੂੰ ਦੇਂਦਾ ਹੈ ਆਪਣੀ ਚਮਕ, ਪਰ ਨਹੀਂ ਲੱਦਾ ਕਿਸੇ ਦਾ ਰੰਗ; ਜੰਮਦਾ ਹੈ ਖਾਣਾਂ ਵਿਚ, ਪਰ ਬੈਠਦਾ ਹੈ ਸਿਰ ਸ਼ਾਹਾਂ ਦੇ ਬਣਕੇ ਤਾਜ। ਛੋਂਹਦੇ ਨਹੀਂ ਇਸ ਨੂੰ ਫਕੀਰ ਤੇ ਸੰਨਜ਼ਾਸੀ, ਪਰ ਚੜ੍ਹ ਬੈਠਦਾ ਹੈ ਸੋਨਾ ਉਨ੍ਹਾਂ ਦੇ ਰੋਂਢਿਆਂ, ਛਤਰੀਆਂ* ਦੇ ਗੁੰਬਦਾਂ ਉੱਤੇ ਬਣਕੇ ਕਲਸ। ਅਸੀਂ ਕਰਦੇ ਹਾਂ ਸੋਨੇ ਦੀ ਸੇਵਾ ਤਾਂ ਕਮਲੀਆਂ ਹੋਈਆਂ ਫਿਰਦੀਆਂ ਹਨ ਬੇਗਮਾਂ ਤੇ ਰਾਣੀਆਂ ਸੋਨੇ ਦੇ ਮਗਰ; ਬਾਕੀ ਰਹੀ ਗੱਲ ਜਿਸ ਲਈ ਆਏ ਹੋ ਤੁਸੀਂ, ਮੌਲਵੀ ਹੋਕੇ ਅਸਪ੍ਰਰੇਪਨ ਦਾ ਮੁਲੰਮਾ ਲਾਕੇ ਮੈਨੂੰ ਮੋਹਣ, ਸੋ ਮੈਂ ਹਾਜ਼ਰ ! ਚਲੋ ਜੇ ਹੁਣ ਆਪ ਦੀ ਜ਼ਰਾਫਤ ਤੋਂ ਮੁੱਕ ਗਿਆ ਹੈ ਉੱਪਰਲਾ ਸ੍ਵਰਨ ਪਾਜ ਤੇ ਹੇਠੋਂ ਨਿਕਲ ਪਿਆ ਹੈ ਮੌਲਵੀਪਣੇ ਦਾ ਤਰਾਮਾ* ਹੁਣ ਦੇਂਦੇ ਹੋ ਤ੍ਰਾਸ ਪ੍ਰਾਣ ਹਰਨ ਦਾ, ਜੀ ਸਦਕੇ ! ਦਿਓ । ਮਰ ਜਿਣਨੀ ਸਰੀਰ ਸਾਰੇ ਇਕ ਦਿਨ ਜ਼ਰੂਰ ਕਿਸੇ ਭੈੜੇ ਰੋਗ ਨਾਲ, ਸੋ ਜੇ ਮਰੇ ਖੰਜਰ ਕਿ ਸ਼ਮਸ਼ੇਰ ਨਾਲ ਤਾਂ ਛੇਤੀ ਮੁੱਕੇਗਾ ਕੰਮ ਜੋ ਮੁੱਕਣਾ ਸੀ ਕਿਸੇ ਲਮਕਵੇਂ ਕਸ਼ਟ ਨਾਲ । ਬਾਕੀ ਰਿਹਾ ਮੇਰਾ ਆਪਣੀ ਕਾਕੀ ਨੂੰ ਲਾਲਚ ਕਿ ਡਰ ਅੱਗੇ ਦੇ ਦੇਣਾ, ਸੋ ਪ੍ਰਾਣਾਂ ਤੱਕ ਤਾਂ ਸੰਭਵ ਨਹੀਂ, ਮਰਨ ਮਗਰੋਂ ਹੋਵੇ ਜੇ ਉਸਦੇ ਭਾਗ !

ਮੌਲਵੀ—ਮੈਂ ਮੌਲਵੀ ਹਾਂ ਮੈਨੂੰ ਪੇਟਦਾ ਮੌਲਵੀਬੀ ਕਹਿ ਲਓ, ਪਰ ਮੇਰੇ ਨਾਲ ਲੁੱਸੇ ਨਾ ਹੋਵੋ। ਮੈਂ ਤੁਹਾਨੂੰ ਸਿੱਖਾਂ ਨੂੰ ਮੂਰਖ ਸਮਝਦਾ ਹਾਂ। ਧਰਮ ਤੇ ਸ਼ਰਮ, ਗ਼ੈਰਤ ਤੇ ਖੁਲ੍ਹ, ਅਜ਼ਾਦੀ ਤੇ ਧਰਮ ਦੀ ਖੁਲ੍ਹ ਕੀ ਨਵੇਂ ਮਾਲੇ ਘੜ ਮਾਰੇ ਨੇ ? ਆਏ ਦਿਨ ਦੁਖ ਪਾਉਂਦੇ ਹੋ ? ਭੋਲਿਓ ! ਚਾਰ ਰੋਜ਼ਾ ਜ਼ਿੰਦਗੀ ਹੈ। ਖਾਓ ਪੀਓ, ਅਨੰਦ ਕਰੋ । ਦੀਨਦਾਰ ਕੌਣ ਹੈ ? ਪਾਤਸ਼ਾਹ, ਪਾਤਸ਼ਾਹੀ ਦੀ ਖ਼ਾਤਰ ਸੱਕੇ ਭਰਾ ਮਰਵਾਉਂਦੇ ਹਨ, ਬੱਚਿਆਂ ਤੇ ਪਿਤਾ ਨੂੰ ਕੈਦ ਪਾਉਂਦੇ ਹਨ, ਉੱਤੇ ਦੀਨ ਦਾ ਚੋਗਾ ਪਾਉਂਦੇ ਹਨ, ਹਿੰਦੂਆਂ ਨੂੰ ਪੈਂਹਦੇ ਹਨ ਲਾਲਚ ਵਿਚ ਤੇ ਫਤਵਾ ਕਢਦੇ ਹਨ ਕੁਰਾਨ ਵਿਚੋਂ। ਸਭ ਰਿਆਕਾਰੀ ਹੈ। ਦੁਨੀਆਂ ਜ਼ੂਰਨ (ਫ਼ਰੇਬ) ਹੈ, ਅਰ ਫ਼ੇਬ ਬਿਨਾਂ ਹਾਸਲ ਨਹੀਂ ਹਦੀਂ ਸੋ ਅਸਾਂ ਸਮਝ ਲਿਆ ਹੈ, ਨਦੀ ਦੇ ਰੋ ਨਾਲ ਤੁਰ ਪਏ ਹਾਂ, ਖਾਂਦੇ ਪੀਂਦੇ ਦਿਨ ਗੁਜ਼ਾਰਦੇ ਹਾਂ। ਮੁਸਲਮਾਨ ਹਾਂ, ਇਸ ਪਰਦੇ ਹੇਠ ਹਜ਼ਾਰ ਐਬ ਫੁਲੀਂਦਾ ਨਹੀਂ, ਹੋਰ ਇਸਲਾਮ ਕਾਹਦਾ ਤੇ ਮੌਲਵੀ ਕਿਸ ਦੇ ? ਤੈਨੂੰ ਮੱਤ ਦੇਂਦਾ ਹਾਂ ਸੱਚੀ ਤੇ ਦਿਲੋਂ, ਸੋਚ ਖਾਕੇ ਕਿ ਕਿਉਂ ਦੁਖ ਪਾਉਂਦਾ ਹੈਂ ? ਧੀ ਦੇਹ, ਕਜ਼ੀਆ ਮੁਕਾ, ਸੁਖੀ ਹੋ। ਮੈਂ ਕਿਸੇ ਦੀਨ ਨੂੰ ਸੱਚਾ ਨਹੀਂ ਸਮਝਦਾ (ਪਉੜੀਆਂ ਵੱਲੇ ਤੱਕ ਕੇ ਕਿ ਸਿਪਾਹੀ ਦਲ੍ਹੀਜ਼ੋਂ ਪਰੇ ਦੂਰ ਹੈ, ਨੇੜੇ ਤਾਂ ਨਹੀਂ), ਸਭ ਮਖ਼ੌਲ ਹੈ, ਮੇਰਾ ਦੀਨ ਤੇਰਾ ਧਰਮ ਵਹਿਮ ਹਨ, ਖਾ ਪੀ ਮੌਜ

*ਮਹਾਭਮਾ ਦੀ ਸਮਾਧ।

*ਤੰਬਾ। †ਅੱਦੁਨੀਆਂ ਜ਼ੂਰਨ ਲਾ ਯਹਸਲੋ ਇੱਲਾ ਬਿੱਜ਼ੂਰੇ।

ਕਰ, ਛੋਡ ਵਹਿਮ, ਨਿੱਤਰ ਤੇ ਆਰਾਮ ਲੈ। ਚਾਰ ਦਿਨ ਦੀ ਜ਼ਿੰਦਗੀ ਹੈ ਸੁਖ ਨਾਲ ਬੀਤੇ, ਧਰਮ ਈਮਾਨ ਠੱਗੀਆਂ ਹਨ। ਸਮਝ ਤੇ ਸੁਖੀ ਹੋ ਜਾਹ, ਏਸ ਕਸ਼ਟ ਤੋਂ ਛੁਟ।

ਸਿੰਘ ਜੀ—ਮੁਬਾਰਕ ! ਮੁਬਾਰਕ !! ਮੁਬਾਰਕ !!!

ਜੋ ਦੀਨ; ਜੋ ਕੌਮ ਇਥੇ ਅੱਪੜ ਪਈ ਹੈ ਮੁੱਕੀ ਕਿ ਮੁੱਕੀ। ਕਲਜੁਗੀਆਂ ਵਾਲਾ ਸਾਨੂੰ ਸਚ ਕਹਿੰਦਾ ਹੁੰਦਾ ਹੈ ਕਿ ਏਸੀਂ ਸੱਚ ਤੇ ਖੜੇ ਹੋ ਜਾਓ ਤੁਸੀਂ ਦੇਸ਼ ਦੇ ਰਾਜੇ ਹੋ ਜਾਓਗੇ। ਕਲਜੁਗੀਆਂ ਵਾਲਾ ਸੱਚ ਕਹਿੰਦਾ ਹੁੰਦਾ ਹੈ,ਕਿ:ਗ਼ੁਲਾਮੀ ਵਿਚ ਲੋਕਾਂਨੂੰਪਾਉਣ ਵਾਲਾ ਯਾ ਇਕ ਕੌਮ ਦੂਜੇ ਨੂੰ ਗ਼ੁਲਾਮ ਬਨਾਉਣ ਵਾਲੀ-ਗ਼ੁਲਾਮੀ ਉਤੇ ਜ਼ੁਲਮ ਕਰਦੀ—ਆਪਣੇ ਆਚਰਨ ਤੇ ਗਿਰਦੀ ਜਾਂਦੀ ਹੈ, ਗ਼ੁਲਾਮਾਂ ਦੇ ਐਬ ਉਸ ਵਿਚ ਵੜਦੇ ਜਾਂਦੇ ਹਨ, ਉਹ ਅੰਤ ਇਖ਼ਲਾਕੋਂ ਪਤਿਤ ਹੋ ਜਾਂਦੀ ਹੈ ਤੇ ਮਰ ਮੁਕਦੀ ਹੈ।

ਤੁਸਾਂ ਜੋ ਕਿਹਾ ਹੈ ਦੁਨੀਆਂਦਾਰ ਦੀ ਅਕਲ ਇਹੋ ਕੁਛ ਦੱਸਦੀ ਹੈ, ਪਰ ਮੈਂ ਕਿਸੇ ਹੋਰ ਰਾਹੇ ਪੈ ਗਿਆ ਹਾਂ। ਧਰਮ ਅਣਖ, ਸਚ ਮੇਰੇ ਲਈ ਅਮੋਲਕ ਤੇ ਅਸਲੀ ਰਤਨ ਹਨ।

ਧੀਆਂ ਦੇ ਸਾਕ ਕਰਨੇ ਪਵਿੱਤਰ ਤੇ ਹਯਾ ਵਾਲੀਆਂ ਰਸਮਾਂ ਤੇ ਮਿਰਯਾਦਾਂ ਹਨ। ਧੀ ਵੰਞੀ ਹੁੰਦੀ ਹੈ, ਪਰ ਸ਼ਰਮ ਧਰਮ ਨਾਲ, ਦਿਲ ਦੀ ਸੁਤੰਤਰਤਾ ਨਾਲ ਯੋਗ ਵਰ ਨੂੰ, ਜਿਸ ਨਾਲ ਪਤਾ ਹੋਵੇ ਕਿ ਧੀ ਦਾ ਆਸ਼ਾ ਧੀ ਦਾ ਸੁਭਾਵ ਰਹਿਤ ਬਹਿਤ ਮਿਲੇਗੀ, ਦੋਏ ਇਕ ਮਨ ਹੋ ਵਰਤਣਗੇ, ਇਸ਼ਟ ਉਪਾਸਨਾ ਆਸ਼ਾ ਔਮੈਦਾਂ ਦੀ ਝਰਨਾਟ ਆਪੇ ਵਿਚ ਮਖਾਲਫ਼ ਕਿਸਮ ਦੀ ਵਗਕੇ ਓਹਨਾਂ ਦੇ ਜੀਵਨ ਨਿਰਬਾਹ ਵਿਚ ਰਗੜ ਨਹੀਂ ਉਤਪੰਨ ਕਰੇਗੀ; ਦੋਏ-ਅੱਲਾ ਰਹਿਮਤ ਕਰੇ ਤਾਂ—ਇਕ ਜੋਤ ਹੋ ਜਾਣਗੇ। ਪਿਆਰ ਬੇਰੋਕ ਪਿਆਰ, ਸੁੱਚਾ ਸੱਚਾ ਪਿਆਰ—ਦੋਹਾਂ ਨੂੰ ਇੱਕ ਕਰੇਗਾ, ਦੋਹਾਂ ਦੀ ਦਿਲਧੜਕ ਸਾਂਝੀ ਵੱਜੇਗੀ। ਇਹ ਯਤਨ ਮਾਪਿਆਂ ਕਰਨੇ ਹਨ ਧੀ ਦੇਣ ਵੇਲੇ, ਇਹ ਇਕ ਧਰਮ ਹੈ, ਇਹ ਮੇਰਾ ਅਸੂਲ ਹੈ, ਇਹ ਇਖ਼ਲਾਕ ਹੈ, ਜਿੱਥੇ ਇਹ ਗੱਲ ਦਿਸ ਆਵੇਗੀ ਮੈਂ ਨਾਤਾ ਪਾ ਦਿਆਂਗਾ।

ਇਕ ਵਿਗ਼ਈ ਤੇ ਜ਼ਾਲਮ ਹਾਕਮ ਦੇ ਜ਼ੁਲਮ ਅੱਗੇ ਝੁਕ ਕੇ ਯਾ ਉਸ ਦੇ ਦਿਤੇ ਲਾਲਚ ਅੱਗੇ ਨਰਮ ਹੋਕੇ ਨਾਤਾ ਪਾ ਦੇਣਾ ਮੈਂ ਆਪਣੇ ਫਰਜ਼ ਦੀ ਅਦਾਯਗੀ ਨਹੀਂ ਸਮਝਦਾ, ਪਾਪ ਸਮਝਦਾ ਹਾਂ। ਕਾਕੀ ਅੱਲਾ ਵਲੋਂ ਅਮਾਨਤ ਹੈ ਮੇਰੇ ਪਾਸ, ਮੇਰਾ ਫਰਜ਼ ਹੈ ਨਿਰੋਲ ਓਸਦੇ ਭਲੇ ਲਈ ਓਸ ਦੇ ਅਨਕੂਲ ਵਰ ਨੂੰ ਢੂੰਡਣਾ ਤੇ ਨਾਤਾ ਕਰਨਾ। ਇਹ ਹੈ ਫਰਜ਼ ਮੇਰਾ, ਇਹ ਫਰਜ਼ ਸਿਰੇ ਚੜ੍ਹੇਗਾ। ਤਲਵਾਰ ਦੀ ਆਬਦਾਰਧਾਰ, ਨਾ ਦੀਨਾਰਦੀ ਝੁਲਾਵੀਂ ਚਮਕਾਰ ਮੈਨੂੰ ਇਸ ਤੋਂ ਗਿਰਾਵੇਗੀ। ਤਹਾਨੂੰ ਪਤਾ ਹੀ ਹੈ ਕਿ ਮੈਂ ਸਿੱਖ ਹਾਂ ! ਮਰੇ ਪੰਜਵੇਂ ਤੇ ਨਾਵੇਂ ਗੁਰੂ ਨੇ ਸੀਸ ਦਿੱਤੇ, ਮੇਰੇ ਛਵੇਂ ਗੁਰੂ ਨੇ ਖੰਡਾ ਖੜਕਾਕੇ ਇੱਜ਼ਤ ਨਾਲ ਮਰਨ ਦੀ ਜਾਚ ਸਾਨੂੰ ਸਿਖਾਲੀ, ਮੇਰੇ ਅੰਦਰ ਨੂਰ ਦਸਾਂ ਗੁਰਾਂ ਨੇ ਭਰਿਆ, ਮੇਰੇ ਨੈਣਾਂ ਦੇ ਸਾਹਮਣੇ ਮੇਰੇ ਦਸਵੇਂ ਗੁਰੂ ਦੀ ਤਸਵੀਰ ਹੈ, ਉਨ੍ਹਾਂ ਦੇ ਕਸ਼ਟ ਹਨ, ਚਾਰ ਸਾਹਿਬਜ਼ਾਦੇ ਤੇ ਹਜ਼ਾਰਾਂ ਸਿੱਖਾਂ ਦੀ ਸ਼ਹਾਦਤ ਹੈ। ਮੈਂ ਜਾਗ ਪਿਆ ਬੰਦਾ ਹਾਂ, ਮੇਰੇ ਗੁਰੂ ਨੇ 'ਖੁਲ੍ਹ ਦੀ ਦੇਵੀ' ਪ੍ਰਗਟ ਕੀਤੀ ਹੈ, ਮੈਂ ਖੁੱਲ੍ਹ ਦੀ ਦੇਵੀ ਦੀ ਜਗਵੇਦੀ ਤੇ ਹਵਨ ਹੋਣ ਲਈ ਤਿਆਰ ਖੜੀ ਬਲੀ ਹਾਂ,ਹਾਂ ਅਪਣੇ ਤਨ ਦੀ ਕੁਰਬਾਨੀ ਦੇਣ ਨੂੰ ਤਯਾਰ ਹਾਂ!

੨.

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੌ ਮਹੀਨੇ ਨੌਂ ਦਿਨ ਦਮਦਮੇਂ ਸਾਹਿਬ ਰਹਿਕੇ ਨੌਂ ਘੜੀ ਦਿਨ ਚੜੇ ਅੱਗੇ ਟੁਰ ਪਏ। ਕੱਤਕ ਦੀ ਤਿੱਥ ਸ਼ੁਦੀ ਪੰਚਮੀ ਸੀ, ਸੰਮਤ ੧੭੬੩ ਸੀ*। ਪਹਿਲੀ ਮਜ਼ਲ ਸੱਤ ਅੱਠ ਕੋਹ 'ਕੇਵਲ' ਪਿੰਡ ਜਾ ਕੀਤੀ, ਓਥੇ ਸਿੱਖ ਸੰਗਤ ਬੀ ਅੱਪੜ ਗਈ, ਨਾਮੀ ਨਾਮੀ ਸਿੰਘ ਬੀ ਨਾਲ ਸਨ, ਜੈਸੇ ਭਾਈ ਦੂਪੇ ਦੇ ਪੋਤ੍ਰੇ-ਧਰਮ ਸਿੰਘ, ਧਰਮ ਸਿੰਘ, ਭਾਈ ਭਗਤੂ ਦੇ-ਰਾਮ ਸਿੰਘ ਫਤਹ ਸਿੰਘ। ਡੱਲਾ ਸਿੰਘ ਰਾਇ ਸਾਬੇਕਾ। ਅਗਲੇ ਦਿਨ ਉਪਕਾਰੀ ਵਾਯੂ ਦੀ ਤਰ੍ਹਾਂ ਸਤਿਗਰ ਦਾ ਡੇਰਾ ਫੇਰ ਚਾਲੇ ਪੈ ਗਿਆ; ਪੰਜ ਛੇ ਕੋਹ ਤੇ ਜਾ 'ਝੋਰੜ' ਪਿੰਡ ਡੇਰਾ ਕੀਤਾ। ਏਹੋ ਫੇਰ ਟੁਰੇ ਤਾਂ ਛੇ ਕੁ ਕੋਹ ਅੱਗੇ ਚਲੇ 'ਖੰਡੇ' ਪਿੰਡ ਜਾ ਡੇਰਾ ਕੀਤਾ।

ਹੁਣ ਰੋਜ ਦਾ ਡੇਰਾ ਸਿੱਖਾਂ ਵਿਚ ਵਿਚਾਰ

*ਤਵਾਰੀਖ ਖਾਲਸਾ।

ਉਤਪਤ ਕਰ ਗਿਆ ਕਿ ਕਿਤੇ ਲੰਮੀ ਧਾਈ ਨਾ ਹੋਵੇ ਤੇ ਅਸੀਂ ਘਰਾਂ ਬਾਰਾਂ ਤੋਂ ਤਿਆਰ ਬੀ ਨਹੀਂ ਹੋ ਆਏ। ਜੇ ਤਾਂ ਸਤਿਗੁਰ ਏਥੇ ਟਿਕਦੇ ਤਾਂ ਸੇਵਾ ਤੇ ਘਰ ਦੇ ਕੰਮ ਦੁਇ ਮਾਮਲੇ ਹੰਦੇ ਜਾਂਦੇ, ਹੁਣ ਦੋਇ ਕੰਮ ਕੀਕੂੰ ਹੋਣ। ਫੈਸਲੇ ਦਾ ਵੇਲ ਆ ਗਿਆ ਹਾਂ ਮਾਨੋਂ ਪਰਤਾਵੇ ਦਾ ਵੇਲਾ ਆ ਗਿਆ, ਘਰ ਕਿ ਗੁਰੂ ? ਅੱਗੇ ਤਾਂ ਸਮਝਦੇ ਸਨ ਕਿ ਅਸੀਂ ਗੁਰੂ ਕੇ ਹਾਂ ਤੇ ਨਾਲ ਨਿਭਾਂਗੇ, ਸੀਸ ਵਾਰਾਂਗੇ। ਸੀਸਾਂ ਦੀ ਮੰਗ ਦਾ ਸਮਾਂ ਤਾਂ ਨਹੀਂ ਪਿਆ, ਪਰ ਘਰਾਂ ਤੋਂ ਵਿਛੋੜੇ ਦਾ ਮੌਕਾ ਆ ਗਿਆ। ਹਣ ਦਿਲਾਂ ਨੂੰ ਪਤਾ ਲੱਗਾ ਕਿ ਮੋਹ ਪ੍ਰਬਲ ਹੈ। ਖਾਸ ਕਰ ਦੋ ਤ੍ਰੈ ਵਡੇ ਵਡੇ ਲੋਕਾਂ ਨੂੰ; ਰਾਇ ਡੱਲਾ ਸਿੰਘ ਨੂੰ ਰਾਜ ਦਾ ਮੋਹ ਤੇ ਰਾਮ ਸਿੰਘ ਫਤੇ ਸਿੰਘ ਨੂੰ ਘਰਾਂ ਦਾ ਮੋਹ ਬਹੁਤ ਪ੍ਰਬਲ ਪੈ ਗਿਆ। ਰਾਮ ਸਿੰਘ ਨੇ ਬੇਨਤੀ ਕੀਤੀ ਕਿ ਪਾਤਸ਼ਾਹ ! ਆਗਯਾ ਦਿਓ ਤਾਂ ਫਤੇ ਸਿੰਘ ਜਾਵੇ, ਘਰ ਸੰਮ੍ਹਾਲੇ ਤੇ ਮੈਂ ਨਾਲ ਰਹਾਂ। ਸਤਿਗੁਰ ਬੋਲੇ-ਮੈਨੂੰ ਨਿਜ ਦੀ ਕੋਈ ਲੋੜ ਨਹੀਂ, ਮੇਰੇ ਨਾਲ ਆਪਣੀ ਕਲਿਆਨ ਲਈ ਉਸ ਮਹਾਨ ਕਾਰਜ ਲਈ ਜੋ ਵਾਹਿਗੁਰੂ ਨੇ ਸੌਂਪਿਆ ਹੈ ਰਹਿਣਾ ਹੈ ਤਾਂ ਜੀ ਸਦਕੇ ਰਹੋ। ਮੇਰੀ ਲੋੜ ਲਈ ਰਹਿਣਾ ਹੈ ਤਾਂ ਲੋੜ ਵਾਹਿਗੁਰੂ ਦੇ ਹੁਕਮ ਦੀ ਹੈ, ਪਰਜਾ ਦੇ ਕਸ਼ਟ ਦੀ ਹੈ, ਧਰਮ ਬਚਾਉਣ ਦੀ ਹੈ, ਚਿਤ ਮੰਨੇ ਆਪਾ ਵਾਰੋ, ਨਾ ਮੰਨੇ ਤਾਂ ਸੁੱਖ, ਚਤੁਰਾਈ ਨਾਲ ਨਾ ਜਾਓ, ਜਾਣਾ ਤੁਸਾਂ ਦਾ ਜਾਪਦਾ ਹੈ ਸਿੱਧ, ਫਿਰ ਬਹਾਨਾ ਨਾ ਕਰੋ, ਸੁਖਾਂ ਨਾਲ ਜਾਓ।

ਸਵੇਰੇ ਅੰਮ੍ਰਿਤ ਵੇਲੇ ਸਤਿਗੁਰਾਂ ਨੇ ਡੱਲੇ ਨੂੰ ਆਵਾਜ਼ ਮਾਰੀ, ਤਦੋਂ ਇਕ ਬੇਨਵਾ ਫਕੀਰ ਬੋਲ ਪਿਆ। ਇਹ ਫਕੀਰ ਸਤਿਗੁਰ ਦੇ ਡਰੇ ਦੇ ਨਾਲ ਮੁੱਦਤਾਂ ਤੋਂ ਰਹਿੰਦਾ ਸੀ। ਪਿਆਰ ਵਾਲਾ ਸੀ, ਅਦਬ ਰੱਖਦਾ ਸੀ, ਕੀਰਤਨ ਦਾ ਪ੍ਰੇਮੀ ਸੀ, ਪਰ ਸੀ ਖੁਲਾਸਾ ਤੇ ਬੇਪਰਵਾਹ। ਜਦੋਂ ਸਤਿਗੁਰਾਂ ਡੱਲੇ ਨੂੰ ਸੱਦ ਮਾਰੀ ਤਾਂ ਇਹ ਬੋਲਿਆ:-

ਨਾ ਡੱਲਾ ਨਾ ਮੱਲਾ ਤੇ ਗੁਰੂ ਨਾਲ ਅੱਲਾ;
ਅੱਲਾ ਹੀ ਅੱਲਾ ਤੇ ਗੁਰੂ ਸ਼ੇਰ ਇਕੱਲਾ !

ਅੱਧੀ ਰਾਤ ਵੇਲੇ ਬੇਨਵਾ ਨੇ ਡਿੱਠਾ ਸੀ ਕਿ ਡੱਲਾ ਸਤਿਗੁਰ ਦੇ ਡੇਰੇ ਦੀ ਪ੍ਰਕਰਮਾ ਕਰਕੇ ਮੱਥਾ ਟੇਕਕੇ ਵਿਦਾ ਹੋ ਗਿਆ, ਤੇ ਫਤਹ ਸਿੰਘ ਉਸ ਤੋਂ ਪਹਿਲਾਂ ਹੀ ਖਿਸਕ ਗਿਆ ਸੀ।

ਸਿਦਕ ਦੇ ਘਾਟ ਪਾਰ ਉਤਰਨਾ ਬੜੀ ਕਠਨ ਖੇਡ ਹੈ। ਡੱਲਾ ਤੇ ਫਤਹ ਸਿੰਘ ਸਿਦਕ ਵਾਲੇ ਸਨ, ਪਰ ਸਿਦਕ ਡੋਲ ਗਿਆ। ਓਧਰ ਤੱਕੋ ਉਸ ਅਝੱਵੀਂ ਮੂਰਤੀ ਵਲ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲ, ਉਹਨਾਂ ਦੇ ਦਾਈਏ ਦੀ ਦ੍ਰਿੜਤਾ, ਖਿਸਕਦੇ ਸਾਮਾਨਾਂ ਤੋਂ ਬੇਅਸਰ ਰਹਿਣ ਵਾਲੀ ਪਕਿਆਈ ! ਹੱਸ ਪਏ ਤੇ ਐਤਨਾ ਹੀ ਬੋਲੇ: ਪੀੜ੍ਹੀ ਜਿੰਨੀ ਥਾਂ ਗੁਰ ਚਰਨਾਂ ਵਿਚ ਮੰਗਣ ਵਾਲਾ ਡੱਲਾ, ਅਨੰਦ ਪੁਰ ਦੇ ਚਮਕੌਰ ਦੇ ਜੰਗ ਵੇਲੇ ਪਾਸ ਨਾ ਹੋਣ ਦੇ ਹਾਵੇ ਭਰਨ ਵਾਲਾ ਡੱਲਾ, ਟੁਰਨ ਲੱਗਾ ਦਰਸ਼ਨ ਬੀ ਨਹੀਂ ਦੇ ਗਿਆ। ਹਾਂ, 'ਵਿਸ਼ਾਲ-ਚਿੱਤ' ਗੁਰੂ ਗੋਬਿੰਦ ਸਿੰਘ ਜੀ ਜਾਣਦੇ ਹਨ ਕਿ ਦੇਸ਼ ਸਦੀਆਂ ਦੀ ਗ਼ੁਲਾਮੀ ਨਾਲ, ਜ਼ਾਲਮਾਂ ਦੇ ਜ਼ੁਲਮ ਨਾਲ, ਸੂਰਤ ਹੀਨ-ਮੋਈ ਸੂਰਤ ਵਾਲਾ—ਹੋ ਚੁਕਾ ਹੈ, ਮਰ ਮਿਟੀਆਂ, ਦਬੇਲ ਹੋ ਚੁਕੀਆਂ, ਗ਼ੁਲਾਮੀ ਵਿਚ ਪੀੜ੍ਹੀਆਂ ਤੋਂ ਜੰਮ ਪਲ ਚੁਕੀਆਂ ਕੌਮਾਂ ਵਿਚ ਮੁੜਕੇ ਧਰਮ ਦੀ ਜਾਨ ਭਰ ਦੇਣੀ, ਮੁੜਕੇ ਖ਼ੁੱਲ੍ਹ ਦਾ ਸਵਾਦ ਰਮਾ ਦੇਣਾ, ਮੁੜਕੇ ਆਪਾ ਵਾਰਨ ਦਾ ਮਾਦਾ ਭਰ ਦੇਣਾ ਕੋਈ ਖੇਡ ਨਹੀਂ ਹੈ। ਇਹ ਸਹਿਜੇ ਸਹਿਜੇ ਭਰੇਗਾ। ਭਰ ਗਿਆ ਹੈ, ਹਾਂ, ਦਾਤੇ ਨੇ ਇਨਸਾਨੀ ਕੜਾਸ ਤੋਂ ਵੱਧ ਭਰ ਦਿੱਤਾ ਹੈ, ਪਰ ਇਸ ਵਿਚ ਪੁਰਾਣੇ ਸੁਭਾ ਦੇ ਖੁੱਸ ਨੇ ਫੇਰਾ ਪਾਉਣਾ ਹੋਇਆ, ਕਈਆਂ ਨੇ ਘਬਰਾਉਣਾ ਹੋਇਆ। ਸੋ ਹੋਵੇ ਘਬਰਾ, ਤੇ ਹੋਣ ਖਿਸਕੰਤ ਬਤੇਰੇ, ਜਦ ਕਿ ਸੱਚਾ ਵੈਦ ਕਿਸੇ ਹਾਰ ਨਾ ਮੰਨਣ ਵਾਲਾ ਸਦਾ ਅਪਣੇ ਦਾਈਏ ਵਿਚ ਪੱਕਾ ਪਰ ਗੰਭੀਰ ਸੂਰਮਾਂ, ਦਾਨਾਂ; ਫਕੀਰ ਪਰ ਰਸੀਆ, ਸੰਨਯਾਸੀ ਪਰ ਸਫਲ ਕਰਨ ਵਾਲਾ ਸੰਨਯਾਸ ਨੂੰ, ਅਪਣੇ ਕੰਮ ਵਿਚ ਲੱਗ ਰਿਹਾ ਹੈ।

ਸਤਿਗੁਰਾ ਸਵੇਰੇ ਕੂਚ ਓਸੇ ਤਰ੍ਹਾਂ ਇਸ ਥਾਉਂ ਤੋਂ ਬੀ ਕੀਤਾ, ਜਿਸ ਤਰ੍ਹਾਂ ਕਿ ਰੋਜ਼ ਹੁੰਦਾ ਸੀ, ਮਾਨੋਂ ਕੁਛ ਹੋਇਆ ਹੀ ਨਹੀਂ। ਸੱਤ ਅੱਠ ਕੋਹ ਅੱਗੇ ਚਲ ਸਰਸੇ ਦੇ ਕਸਬੇ ਆ ਡੇਰਾ ਕੀਤਾ। ਓਥੋਂ ਦੇ ਲੋਕਾਂ ਨੇ ਆਗਤ ਭਾਗਤ ਚੰਗੀ ਕੀਤੀ।

ਜਦੋਂ ਨੂੰ ਕਿ ਸਾਹਿਬ ਪ੍ਰਸ਼ਾਦਿ ਛਕ ਚੁਕੇ, ਚੁਲਾ ਕਰ ਲਿਆ ਤੇ ਅਲੱਗ ਆਕੇ ਬੈਠੇ, ਤੇ ਦਰਸ਼ਨ

ਕਰਨ ਆਏ ਲੋਕੀ ਪ੍ਰਸ਼ਾਦ ਛਕਕੇ ਟੁਰ ਗਏ, ਤਦ ਸਰਸੇ ਦਾ ਇਕ 'ਸੱਖ ਭਾਈ ਜੱਸਾ ਸਿੰਘ ਜੋ ਅੰਮ੍ਰਿਤ ਛਕਣ ਤੋਂ ਪਹਿਲਾਂ ਉਥੋਂ ਦਾ ਇਕ ਵਪਾਰੀ ਸੀ ਤੇ ਪਿਛੇ ਦਾ ਪੰਜਾਬੋਂ ਆਇਆ ਭਾਈ ਸੰਤ ਸਿੰਘ ਜੀ ਚਮਕੌਰ ਦੀ ਸ਼ਹੀਦੀ ਵਾਲੇ ਦਾ ਹਮਵੰਡੀ ਸੀ, ਸਤਿਗੁਰ ਨੂੰ ਏਕਾਂਤ ਬੈਠੇ ਦੇਖਕੇ ਬੇਨਤੀ ਕਰਨ ਲੱਗਾ: ਸਚੇ ਪਾਤਸ਼ਾਹ ! ਆਪ ਦੇ ਬਿਰਾਜਣ ਦਾ—ਸੁਖ ਆਸਣ ਹੋਣ ਦਾ—ਸਮਾਂ ਹੈ, ਤੇ ਮੈਂ ਇਕ ਦੁੱਖ ਭਰੀ ਵਾਰਤਾ ਅਰਜ਼ ਕਰਨੀ ਹੈ।

ਆਪ ਬੋਲੇ:—ਕਹੁ ਪਿਆਰਿਆ ! ਅਸੀਂ ਸਦਾ ਹੀ ਸੁਖ ਆਸਣ ਹਾਂ।

ਸਿਖ—ਪਾਤਸ਼ਾਹ ! ਸਾਡੇ ਵਿਚ ਇਕ ਸੁਨਿਆਰੇ ਜਾਤ ਤੋਂ ਸਜਿਆ ਸਿੰਘ ਹੈਸੀ, ਜਿਸ ਦਾ ਨਾਮ ਗੁਲਾਬ ਸਿੰਘ ਸੀ, ਅੰਮ੍ਰਿਤ ਉਸ ਨੇ ਅਨੰਦ ਪੁਰ ਸਾਹਿਬ ਛਕਿਆ ਸੀ, ਉਹ ਬੁੱਧ ਦਾ ਚਤੁਰ ਤੇ ਕੁਛ ਫਾਰਸੀ ਤੇ ਕੁਛ ਸੰਸਕ੍ਰਿਤ ਪੜ੍ਹਿਆ ਬੀ ਸੀ। ਪਹਿਲਾਂ ਸਾਧਾਂ ਦਾ ਸੁਹਬਤੀ ਸੀ। ਪਾਤਸ਼ਾਹ ! ਜਦ ਤੋਂ ਉਹ ਸਤਿਗੁਰ ਦਾ ਹੋਇਆ, ਤਿਆਰ ਬਰ ਤਿਆਰ ਹੋ ਗਿਆ, ਅਸੀਂ ਏਥੇ ਤੇ ਘਰ ਸਿੰਘਾਂ ਦੇ ਹਾਂ, ਥੋੜੇ ਸਹਿਜਧਾਰੀ ਹਨ, ਬਾਕੀ ਸਾਰੇ ਹੋਰ ਲੋਕ ਹਨ। ਭਾਈ ਗੁਲਾਬ ਸਿੰਘ ਜੀ ਨਾਲ ਮਜੋਦ 'ਦਰਗਾਹ' ਦੇ ਖੁਣਸਦੇ ਸਨ ਕਿ ਉਹਦੇ ਸਤਿਸੰਗ ਨਾਲ ਲੋਕੀ ਧਰਮ ਤੇ ਪੱਕੇ ਰਹਿੰਦੇ ਸਨ। ਉਹਨਾਂ ਖੁਡਾਲੇ ਦੇ ਹਾਕਮ ਨੂੰ ਸੁੰਹ ਪਾਈ ਕਿ ਗੁਲਾਬ ਸਿੰਘ ਦੀ ਬੇਟੀ ਸੁੰਦਰ ਹੈ, ਵਰ ਪ੍ਰਾਪਤੀ ਦੀ ਉਮਰੇ ਹੈ, ਖੋਸ ਲਓ। ਸੋ ਜਦੋਂ ਕਿ ਹਾਕਮ ਦੀ ਘੱਲੀ ਖੁਡਾਲੇ ਤੋਂ ਵਾਹਰ ਆਈ, ਸਾਨੂੰ ਪਤਾ ਲੱਗ ਗਿਆ ਸੀ। ਸਮਾਂ ਥੋੜਾ ਸੀ, ਅਸਾਂ ਤੋਂ ਹੋਰ ਤਾਂ ਨਾ ਸਰ ਆਈ, ਬੀਬੀ ਉਸ ਦੇ ਘਰੋਂ ਲਿਆ ਕੇ ਲੁਕਾ ਲਈ। ਸਿਪਾਹੀਆਂ ਆਕੇ ਉਸ ਦਾ ਘਰ ਛਾਣਿਆ, ਬੀਬੀ ਨਾ ਲੱਭੀ ਤੇ ਕੁਛ ਪੇਸ਼ ਨਾ ਗਈ ਤਾਂ ਗੁਲਾਬ ਸਿੰਘ ਨੂੰ ਚੋਰੀ ਲੈ ਗਏ। ਖੁਡਾਲੇ ਲਿਜਾਕੇ ਭੋਰੇ ਵਿਚ ਪਾ ਛਡਿਆ ਹੈ। ਬਹੁਤ ਲਾਲਚ ਦਾਬੇ ਮਿਲ ਰਹੇ ਹਨ, ਪਰ ਭਾਈ ਸਾਹਿਬ ਅਹਿੱਲ ਖੜੇ ਹਨ। ਦੂਏ ਚੌਥੇ ਨਵੀਂ ਕਥਾ ਉਥੋਂ ਦੀ ਸੁਣੀਂਦੀ ਹੈ। ਸੋ ਪਾਤਸ਼ਾਹ ! ਜੇ ਕਾਕੀ ਦੇ ਦੇਈਏ ਤਾਂ ਦੂਲੇ ਸਿਖ ਦੀ ਖਲਾਸੀ ਹੁੰਦੀ ਹੈ, ਜੇ ਨਹੀਂ ਦੇਂਦੇ ਤਾਂ ਸਿੱਖ ਬੜਾ ਪਿਆਰਾ ਹੈ, ਆਪ ਦੇ ਚਰਨਾਂ ਦਾ ਦਾਸ ਤੇ ਸਾਡਾ ਸਿਰਤਾਜ ਹੈ, ਪੂਰਾ ਗੁਰਮੁਖ ਹੈ, ਜੇ ਉਹ ਹਾਕਮਾਂ ਮਾਰ ਘੱਤਿਆ ਤਾਂ ਅਸੀਂ ਬੜੇ ਵਿਆਕੁਲ ਹੋਵਾਂਗੇ। ਬਲ ਹੈ ਨਹੀਂ ਜੋ ਛੁਡਾ 'ਲਆਈਏ, ਈਨ ਮੰਨਣ ਨੂੰ ਜੀ ਨਹੀਂ ਕਰਦਾ। ਜੇ ਕਾਕੀ ਦੇਕੇ ਸਿਖ ਦੀ ਬੰਦ ਖਲਾਸ ਕਰਾਈਏ ਤਾਂ ਜੇਹੇ ਬਣੀਏ ਮਹਾਜਨ, ਤੇਹੇ ਅਸੀਂ, ਅਸੀਂ ਆਪਣੀ ਸ਼ਾਨ ਸਿੰਘ ਹੋਕੇ ਕਿਵੇਂ ਮੈਲੀ ਕਰੀਏ ?

ਸਤਿਗੁਰ ਸੁਣਦੇ ਗਏ, ਨਜ਼ਰ ਉੱਚੀ ਹੁੰਦੀ ਗਈ, ਸੁਹਣਿਆਂ ਨੈਣਾਂ ਦੇ ਕਾਲੇ ਕਾਲੇ ਰੋਲੇ ਉੱਪਰ ਦੇ ਕੂਲੇ ਕੂਲੇ ਛੱਪਰਾਂ ਵਿਚ ਹੁੰਦੇ ਗਏ। ਹੇਠਲੀ ਸੁਫੈਦੀ ਵਿਚ ਲਾਲ ਲਾਲ ਡੋਰੇ ਫਿਰ ਗਏ। ਫਿਰ ਅਚਾਨਕ ਅਧਖੁਲੇ ਨੈਣ ਸਾਰੇ ਖੋਹਲ ਕੇ ਬੋਲੇ—ਜੱਸਾ ਸਿੰਘ ਫਿਕਰ ਨਾ ਕਰੋ, ਵਾਹਿਗੁਰੂ ਰੱਖੇਗਾ।

(ਡੇਰੇ ਵਲ ਤੱਕ ਕੇ) ਕੋਈ ਭੁਜੰਗੀ ਹੈ ?

ਇਕ ਸਿੰਘ ਦੌੜਕੇ ਆਇਆ—ਪਾਤਸ਼ਾਹ !

ਸਤਿਗੁਰ—ਸਾਡਾ ਅਬਲਕ ਲੈ ਆਓ, ਪੰਜ ਸਿੰਘ ਸ਼ਸਤ੍ਰ ਲਾ ਕੇ ਸਵਾਰ ਹੋ ਕੇ ਆ ਜਾਓ, ਮੁਹਿੰਮ ਤੇ ਜਾਣਾ ਹੈ।

ਜੱਸਾ ਸਿੰਘ—ਸੱਚੇ ਪਾਤਸ਼ਾਹ, ਆਪ ਨਾ ਜਾਓ, ਜੱਸਾ ਸਿੰਘ ਤੇ ਗੁਲਾਬ ਸਿੰਘ ਦੀ ਖ਼ਾਤਰ ਆਪਣੇ ਆਪ ਨੂੰ ਜੋਖੋਂ ਵਿਚ ਨਾ ਪਾਓ। ਆਪ ਹੋ ਤਾਂ ਸਭ ਕੁਛ ਹੈ। ਅਸੀਂ ਕੌਣ ਹਾਂ ? ਤੁੱਛ ਜੀਵ। ਪਾਤਸ਼ਾਹ ! ਆਪ ਨਾਲ ਸਿੰਘ ਥੋੜੇ ਹਨ, ਡੱਲੇ ਵਰਗੇ ਸੂਰਮੇ ਟੁਰ ਗਏ ਹਨ।

ਗੁਰੂ ਜੀ—ਤਕੜਾ ਹੋ ਭੋਲਿਆ ! ਵਾਹਿਗੁਰੂ ਸਾਡਾ ਸੈਨਾਪਤਿ ਨਾਲ ਹੈ, ਡੱਲੇ ਮਾਲੇ ਨੇ ਕੀਹ ਕਰਨਾ ਸੀ ? ਸਰੀਰੀ ਸੂਰਮਿਆਂ ਦੇ ਕੰਮ ਨਹੀਂ, ਏਥੇ ਮਨ ਦੇ ਸੂਰਮਿਆਂ ਦੀ ਲੋੜ ਹੈ, ਜਿਨ੍ਹਾਂ ਸਰੀਰ ਨਾਲ ਮੋਹ ਤੋੜਕੇ ਰੱਬ ਨਾਲ ਲਾਇਆ ਹੈ। ਜਾਨਾਂ ਤੇ ਉਹੋ ਖੇਡ ਸਕਦੇ ਹਨ ਜਿਨ੍ਹਾਂ ਜਾਨ ਵਾਹਿਗੁਰੂ ਨੂੰ ਦਿੱਤੀ ਹੈ। ਦੁਨੀਆਂ ਦੇ ਸੂਰਮੇ ਸਾਝੇ ਡਰ ਤੇ ਸਾਝੇ ਲਾਭ ਲਈ ਸੂਰਮਗਤੀ ਕਰਦੇ ਹਨ, ਪਰ ਸੰਨਆਸੀ ਸੂਰਮੇ ਪਰਾਏ ਦੇ ਭਲੇ ਲਈ ਸੂਰਮਗਤੀ ਕਰਦੇ ਹਨ। 'ਬੀਰਤਾ' ਉਤਸਾਹ ਵਿਚ ਵਸਦੀ ਹੈ, 'ਕਾਮਨਾ' ਭੈ ਵਿਚ ਵਸਦੀ ਹੈ।

ਸਿੰਘ–ਪਾਤਸ਼ਾਹ ! ਖੁਡਾਲੇ ਦਾ ਹਾਕਮ ਨਬੀ ਬਖਸ਼ ਚੁਗੱਤਾ ਹੈ, ਤਰਸੋਂ ਸੱਖਣਾ ਹੈ, ਇਲਾਕਾ ਉਸ ਤੋਂ ਡਰਦਾ ਹੈ, ਉਸ ਪਾਸ ਕੁਛ ਸੈਨਾ ਬੀ ਹੈ।

ਗੁਰੂ ਜੀ–ਫਿਕਰ ਨਾ ਕਰੋ,ਮੇਰੇ ਨਾਲ ਅਕਾਲ ਹੈ।

ਇੰਨੇ ਨੂੰ ਅਬਲਕ ਆ ਗਿਆ, ਆਪ ਸ਼ਸਤ੍ਰ ਲਾ ਕੇ ਸਵਾਰ ਹੋ ਗਏ, ਪੰਜ ਸਿੰਘ ਸਨੱਧਬਧ ਹੋਰ ਸਵਾਰ ਹੋ ਗਏ। ਜੱਸਾ ਸਿੰਘ ਭੇਟੇ ਦਾ ਪਤਾ ਦੱਸਣ ਲਈ ਨਾਲ ਇਕ ਤਕੜੇ ਟੱਟੂ ਤੇ ਸਵਾਰ ਹੋ ਲਿਆ। ਜੱਸਾ ਸਿੰਘ ਨੂੰ ਖੁਡਾਲੇ ਦਾ ਸਾਰਾ ਪਤਾ ਸੀ ਤੇ ਉਹ ਜਾਣਦਾ ਸੀ ਕਿ ਭੋਰਾ ਕਿੱਥ ਕੁ ਹੈ। ਸਤਿਗੁਰ ਟੁਰ ਗਏ ਪਰ ਪਿੱਛੋਂ ਪੰਜ ਦਸ ਸਿੰਘ ਹੋਰ ਤਿਆਰ ਬਰ ਤਿਆਰ ਹੋ ਕੇ ਆਪ ਦੇ ਮਗਰੇ ਚਾਲੇ ਪੈ ਗਏ।

੩.

ਖੁਡਾਲੇ ਦੀ ਜੂਹ ਵਿੱਚ ਰੁੱਖਾਂ ਦੀਆਂ ਝੰਗੀਆਂ ਦਾ ਸੁਹਣਾ ਛਾਂਦਾਰ ਇਕ ਬਾਗ਼ ਸੀ। ਏਥੇ ਹਾਕਮ ਨਬੀ ਖਾਂ ਦੀ ਮਜਲਸ ਲਗ਼ ਰਹੀ ਸੀ, ਮਸਨਦ ਤੇ ਆਪ ਬੈਠੇ ਸੀ, ਇਰਦ ਗਿਰਦ ਸ਼ਤ੍ਰੰਜੀਆਂ ਵਿਛੀਆਂ ਸਨ, ਇਨ੍ਹਾਂ ਪਰ ਮੂੰਹ ਚਿਤ ਲਗਦੇ ਬੈਠੇ ਸਨ, ਗੱਲਾਂ ਬਾਤਾਂ ਹੋ ਰਹੀਆਂ ਸਨ:–

ਨਬੀ ਖਾਂ–ਮੌਲਵੀ ਸਾਹਿਬ ਨੇ ਬੜੀ ਦੇਰ ਲਾਈ ਹੈ।

ਮੁਨਸ਼ੀ-ਮੌਲਵੀ ਸਾਹਿਬ ਬੜੇ ਗੱਪੀ ਹਨ, ਬੋਲਣ ਦੀ ਮਰਜ਼ ਹੈ ਨੇ, ਜਦ ਸ਼ੁਰੂ ਹੋਏ ਫਰ ਬਸ ਖੁੱਲ ਪਏ ਚੁੱਪ ਕੌਣ ਕਰਾਏ ?

ਹ ਮੁਸ ਹਬ–ਹੈਨ ਪਰ ਬੜੇ ਜੁਗਤੀਏ। ਮਖੌਲ ਕਰਦ ਹਨ ਕਿ ਸਟੀਪਟੀ ਭੁਲਾ ਦੇਂਦੇ ਹਨ ਅਜੋਂ ਕਿਸ ਨੂੰ ਅਹੁੜਦੀ ਨਹੀਂ।

ਮੁਮੱਦਹ ਹੈਨ ਮੌਲਵੀ, ਪਰ ਮਸਖ਼ਰਿਆਂ ਦੇ ਕੌਨ ਕੁਤਰਦੇ ਹਨ।

ਕਾਜ਼ੀ–ਇੱਕੋ ਗਲ ਅਫਸੋਸਨਾਕ ਹੈ ਕਿ ਦੀਨਦਾਰ ਨਾਮ ਦੇ ਹਨ, ਵਿਚੋਂ ਹਨ ਪੱਕੇ''''' ਪੱਕੇ''''' ਦਹਿਰੀਏ* ।

ਹਾਕਮ–ਨਊਚਬਿੱਲਾ !'''ਸੱਚ ? ਕਾਜ਼ੀ ਸਾਹਿਬ !

ਕਾਜ਼ੀ–ਪਹਿਲੇ ਤਾਂ ਇਹ ਸ਼ੱਕ ਨਹੀਂ ਸੀ ਜਦ ਦਾ ਹੈਅਤਾਂ ਪੜ੍ਹੇ ਹਨ, ਤਦ ਦੇ ਕੁਸਕਦੇ ਬਿਰ-ਕਦੇ ਤਾਂ ਨਹੀਂ, ਪਰ ਅੰਦਰ ਨੱਪੀਆਂ ਕਦੇ ਬੁੱਲ੍ਹਾਂ ਤੋਂ ਤਿਲਕ ਪੈਂਦੀਆਂ ਹਨ।

੧. ਮੁਸ ਹਬ–ਨਹੀਂ ਕਾਜ਼ੀ ਸਾਹਿਬ, ਮਾਫ ਕਰਨਾ, ਆਪ ਬਹੁਤ ਵਹਿਮੀ ਹੋ, ਜ਼ਰਾ ਸੁਭਾਵ ਹੈ ਮਸਖ਼ਰਾ, ਕਹਿ ਦੇਂਦੇ ਹਨ ਖਰੀਆਂ ਖਰੀਆਂ, ਜ਼ਰੀਫ ਲੋਕ ਏਸੇ ਤਰ੍ਹਾਂ ਦੇ ਹੁੰਦੇ ਹਨ।

ਕਾਜ਼ੀ–ਹੈ ਤਾਂ ਠੀਕ, ਪਰ ਅੱਲਾ ਨਾਲ ਬੀ ਗੁਸਤਾਖੀ, ਨਬੀ ਰਸੂਲ ਨਾਲ ਬੀ ਦਰੀਦਾ ਦਹਨੀ (ਮੂੰਹ ਪਾਟੀ ਗੱਲ ਕਰਨੀ) ?

ਨਬੀ ਖ਼ਾਂ–ਫੇਰ ਆਪ ਦੀ ਕੀ ਮਰਜ਼ੀ ਹੈ, ਮਨਸੂਰ ਦਾ ਭਰਾ ਬਣਾਈਏ ?

ਕਾਜ਼ੀ–ਨਹੀਂ ਕਹੀਂ ਜੁਨਾਬ,ਜ਼ਰਾ ਸਮਝਾਉਣ ਨਾਲ ਠੀਕ ਹੋ ਜਾਣਗੇ।

ਨਬੀ ਖ਼ਾਂ–ਕਿਸੇ ਨੂੰ ਘੱਲੋ ਤਾਂ, ਕਿਤੇ ਭੋਰੇ ਵਿਚ ਸੱਪ ਤਾਂ ਨਹੀਂ ਨੇ ਡਸ ਗਿਆ।

ਇਸ ਪ੍ਰਕਾਰ ਚੋਰ ਚਿਰ ਤਕ ਕਈ ਵੇਰ ਫਿਕਰ ਹੋਇਆ, ਅੰਤ ਨੂੰ ਦੂਰ ਕੁਛ ਧੂੜ ਦਿੱਸੀ। ਨਜ਼ਰਾਂ ਉਧਰ ਪਈਆਂ, ਪਰ ਹਵਾ ਤ੍ਰਿੱਖੀ ਚਲ ਰਹੀ ਸੀ, ਖਾਸ ਗਹੁ ਨਾ ਕੀਤਾ ਕਿਸੇ ਨੇ। ਕੁਛ ਚਿਰ ਮਗਰੋਂ ਇਕ ਅਹਿਦੀਆ ਭੱਜਾ ਆਇਆ ਤੇ ਦਮਕਸ਼ੀ* ਨਾਲ ਮੂਧਾ ਢੇ ਪਿਆ। ਕਿੰਨਾਂ ਚਿਰ ਇਸ ਨੂੰ ਘੱਟਿਆ ਦੱਬਿਆ ਤਾਂ ਸਾਹ ਆਇਆ, ਸਾਹ ਆਇਆ ਤਾਂ ਬੋਲਿਆ:–

ਗ਼ਜ਼ਬ ਹੋ ਗਿਆ !

ਹਾਕਮ–ਕਿਆ ਹੁਆ ?

ਅਹਿਦੀਆ–ਹਜ਼ੂ'''ਤ''''ਹਜ਼ੂ''''''ਰ''''ਹਜ਼ੂ'' ''ਰ'' '''ਗਜ਼ਬ।

ਕਾਜ਼ੀ–ਓ ਮਲਊਨ ਬਕ ਬੀ, ਕੀ ਗ਼ਜ਼ਬ ਹੋ ਗਿਆ ?

ਹਾਕਮ–ਬਕ ਲਾਅਨਤੀ।

ਅਹਿਦੀਆ–ਸਿ''' ਸਿ''' ਸਿੱਖ''' ਸਿੱਖ, ਸਿੱਖਾ ਆ ਪਏ।

ਹਾਕਮ (ਘਬਰਾ ਕੇ)-ਹੈਂ ?

ਅਹਿਦੀਆ–ਹਾਂ'''ਹਜ਼ੂਰ, ਸਿ''ਸਿ'''ਸਿੱਖ।

ਹਾਕਮ–ਏਥੇ ਕਿੱਥੇ ਆ ਗਏ ?

ਤੂਬੂਕ ਕੇ ਸਾਰੇ ਉੱਠ ਬੈਠੇ। ਬੇਫਿਕਰ ਬੈਠੇ

*ਇਕ ਭਰਾ ਦਾ ਨਾਸਭੱਕ ਜੋ ਖ਼ੁਮਾਨੇ ਨੂੰ ਖੁਦਾ ਸਮਝੇ।
†ਪਦਾਰਥ ਵਿਦਯਾ।

*ਸਖਤ ਸਾਹ ਚੜ੍ਹ ਜਾਣ ਦੀ ਹਾਲਤ।

ਸਨ, ਅਚਾਨਕ ਬਿਜਲੀ ਆ ਪਈ। ਛੇਤੀ ਆਪਾ ਸੰਭਾਲ ਕੇ ਉਠੇ, ਪਰ ਜਾਣ ਕਿੱਥੇ? ਪਿੰਡ ਪਰੇ ਹੈ, ਕੁਤਵਾਲੀ ਪਰੇ ਹੈ। ਏਥੇ ਨਿਸ਼ਚਿੰਤ ਏਂਠੇ ਸਨ, ਤਲਵਾਰਾਂ ਤਾਂ ਪਾਸ ਹਨ, ਹੋਰ ਕੁਛ ਨਹੀਂ। ਕੁਛ ਲੁਕਣ ਛਿਪਣ ਦੀ ਆੜ ਉੜ ਭਾਲਦੇ ਫਿਕਰ ਦੁੜਾ ਰਹੇ ਸਨ ਕਿ ਮੌਲਵੀ ਸਾਹਿਬ ਅੱਪੜ ਪਏ।

ਹਾਕਮ–ਕੀ ਕਟਕ ਲਿਆਏ ਹੋ?

ਮੌਲਵੀ–ਜੁਨਾਬ ! ਘਬਰਾਈਏ ਨਹੀਂ, ਖ਼ੈਰ ਹੈ, ਖ਼ੁਦਾ ਖ਼ੈਰ ਕਰੇਗਾ। ਸੱਪਾਂ ਨਾਲ ਖੇਡਣਾ, ਬਾਂਬੀਆਂ ਵਿਚ ਦੱਬ ਦੇਣਾ ਤੇ ਫੇਰ ਮੂੰਹ ਪੀਲੇ ਕਰਨੇ? 'ਦਰਗਾਹ' ਵਾਲਿਆਂ ਨੇ ਤਾਂ ਆਪਨੂੰ ਅੱਗੇ ਡਾਹਿਆ, ਆਪਣੇ ਮੂੰਹ ਥੀ ਪਾਣੀ ਭਰ ਆਇਆ, 'ਕਮੀਨ ਮਜ਼ਦੂਰ ਹੈ, ਹਲਵਾ ਹੈ ਖਾ ਲਵਾਂਗੇ ਬਿਨ ਚਿੱਥੇ', ਖਾਓ।

ਕਾਜ਼ੀ–ਮੌਲਵੀਪੁਣਾ ਡੋਬ ਛੱਡਿਆ ਨੇ ਕਦੇ ਸੰਜੀਦਾ ਬਾਤ ਨਾ ਕੀਤੀ, ਜਦ ਬੋਲੇ ਦਿਲ ਲਗੀ। ਕਬਰ ਵਿਚ ਥੀ ਜ਼ਰਾਫਤ ਦਾ ਕਫਨ ਪਹਿਨ ਕੇ ਜਾਓਗੇ? ਖ਼ਬਰ ਆਈ ਹੈ ਕਿ ਸਿੱਖ ਆ ਪਏ, ਵਕਤ ਨਾਜ਼ਕ ਹੈ, ਆਪ ਜਲਦੀ ਦੱਸੋ ਕਿ ਕੀਹ ਗਲ ਹੈ।

ਮੌਲਵੀ–ਫਿਕਰ ਨਾ ਕਰੋ, ਕਜ਼ਾ ਨਹੀਂ ਖੁੱਸਦੀ ਮੇਰੇ ਮੁੰਡੇ ਥੀ ਹਲਵਾ ਪੂਰੀ ਲਿਆਉਣਗੇ। ਖ਼ਤਰਾ ਹੈ, ਪਰ ਕੋਈ ਐਸੀ ਬਾਤ ਨਹੀਂ ਹੈ। ਖ਼ੁਦਾ ਖ਼ੈਰ ਕਰੇਗਾ।

ਹਾਕਮ–ਫੇਰ ਮੁਇੰਮਾ ! ਬਕੋ ਥੀ ਕੁਛ ?

ਮੌਲਵੀ–'ਸਿੱਖ ਆ ਪਏ' ਗ਼ਲਤ ਖ਼ਬਰ ਹੈ, 'ਸਿੱਖਾਂ ਦੇ ਰਸੂਲ ਅੱਲਾ ਆ ਪਏ' ਇਹ ਸਹੀ ਖ਼ਬਰ ਹੈ।

ਨਬੀ ਖਾਂ–ਫੇਰ ਠੱਠਾ ? ਮੈਂ ਹੁਣ ਆਪ ਨੂੰ ਮੌਕੂਫ ਕਰਾਂਗਾ।

ਮੌਲਵੀ–ਬਹੇ ਕਿਸਮਤ, ਮੈਂ ਸਿੱਖਾਂ ਦੇ ਨਬੀ ਦੀ ਬੈਅਤ ਲੈ ਲਵਾਂਗਾ* ।

ਸਾਰੇ–ਲਾਅਨਤ, ਮੌਲਵੀਪਣੇ ਦੇ ਫਿਟਕਾਰ।

ਮੌਲਵੀ–ਮੈਂ ਤਾਂ ਲੈਂਦਾ ਲਵਾਂਗਾ, ਤੁਸੀਂ ਹੁਣੇ ਲਵੋਗੇ, ਨਾ ਲਵੋਗੇ ਤਾ ਦੇਖਾਂਗਾ।

ਨਬੀ ਖਾਂ–ਮਰੇ ਤੇਰਾ ਹਾਸਾ, ਕੁਛ ਬਕ ਵੀ ?

*ਗੁਰ ਦੀਖਿਆ ਲੈ ਲਵਾਂਗਾ।

ਮੌਲਵੀ–ਏਧਰੇ ਆ ਰਹੇ ਸਨ। (ਸਾਰੇ ਘਬਰਾ ਗਏ) ਘਬਰਾਓ ਨਹੀਂ, ਹਾਂ, ਹੌਲੇ ਆ ਰਹੇ ਸਨ, ਸੋਚ ਸਮਝ ਲਵੋ। ਹਾਂ, ਅਜੇ ਨਹੀਂ।

ਨਬੀ ਖਾਂ–ਇਹ ਤਾਂ ਬਕਦਾ ਨਹੀਂ, ਮੌਮਨੋ ! ਤਲਵਾਰਾਂ ਸੂਤ ਲਓ ਤੇ ਜ਼ਾਨਾਂ ਤੇ ਖੇਲੋ, ਹੋਰ ਦੁਣ ਵਕਤ ਨਹੀਂ।

ਮੌਲਵੀ–ਤਲਵਾਰਾਂ ਸੂਤ ਲਵੋ, ਪਰ ਰੱਖੋ ਨੀਵੀਆਂ, ਜਾਨ ਤੇ ਖੇਡਣ ਦੀ ਲੋੜ ਨਹੀਂ, ਥੋੜੀ ਅਕਲ ਦੀ ਲੋੜ ਹੈ।

ਕਾਜ਼ੀ (ਖਿਝ ਕੇ)–ਤੈਨੂੰ ਦਿੱਲੀ ਭੇਜਕੇ ਜਾਮਾਂ ਮਸਜਦ ਦੀਆਂ ਪੌੜੀਆ ਤੇ ਕਤਲ ਕਰਾਉਣਾ ਪੈਣਾ ਹੈ। ਸਰਮੱਦ ਦੇ ਨਾਲ ਤੇਰੀ ਕਬਰ ਬਣੇ। ਮਰਦੂਦ ! ਸੰਜੀਦਾ ਹੋਹੁ ਤੇ ਹਾਲ ਕਹੁ।

ਮੌਲਵੀ–ਬਹੇ ਕਿਸਮਤ ! ਜਿਨ੍ਹਾਂ ਪੌੜੀਆਂ ਤੇ ਹਜ਼ਾਰਾਂ ਕਾਫਰਾਂ ਦਾ ਖ਼ੂਨ ਢੱਠਾ ਓਥੇ ਹੀ ਮੇਰਾ ? ਕਾਫਰਾਂ ਦੇ ਖ਼ੂਨ ਨਾਲ ਮੇਰਾ ਖ਼ੂਨ ਰਲਾਉਂਦੇ ਹੋ, ਵਾਹ ਕਾਜ਼ੀ ਸਾਹਿਬ !

ਲੋ ਹੁਣ ਸੁਣੋ:–ਗੁਲਾਬ ਸਿੰਘ ਨਾਲ ਮੈਂ ਬੜਾ ਸਿਰ ਖਪਾਇਆ।

ਹਾਕਮ–ਸਿਰ ਤੇਰਾ ਖਾ ਜਾਏ ਚੀਲ, ਮਰਦੂਦ ! ਹਾਲ ਦੱਸ ਕਿ ਸਿੱਖ ਕਿਸ ਤਰ੍ਹਾਂ ਆ ਪਏ? ਕਿੱਥੇ ਕੁ ਹਨ ? ਅਸੀਂ ਆਪਣੀ ਫੌਜ ਤੱਕ ਅੱਪੜ ਸਕਦੇ ਹਾਂ ਕਿ ਨਹੀਂ ? ਪਲ ਪਲ ਜਾ ਰਹੀ ਹੈ, ਕੀ ਪਤਾ ?

ਮੌਲਵੀ–ਤੁਸੀਂ ਹੁਣ ਕਿਤੇ ਨਹੀਂ ਅੱਪੜ ਸਕਦੇ, ਆਪ ਦੇ ਸਿਪਾਹੀ ਕਿੰਨੇ ਕੁ ਹਨ ? ਸਾਰੇ–ਪੰਝੀ, ਸਿਲਹਖਾਨੇ ਦੀਆਂ ਕੁੰਜੀਆਂ ਸਿੱਖਾਂ ਪਾਸ ਹਨ ਤੇ ਬੇਹਥਿਆਰ ਹਨ ਆਪ ਦੇ ਸਿਪਾਹੀ। ਸਿੱਖ ਆਏ ਹਨ ਬਿਜਲੀ ਵਾਂਙੂ, ਅਵੇਸਲੇ ਪਏ ਪਏ ਹੀ ਨੱਪ ਲਏ ਓਹਨਾਂ ਨੇ ਆਪ ਦੇ ਜੋ ਸਨ।

ਹਾਕਮ–ਕਿੰਨੇ ਕੁ ਮਰੇ ਹਨ ਸਾਡੇ ?

ਮੌਲਵੀ–ਇਕ ਬੂੰਦ ਨਹੀਂ ਢੱਠੀ ਰੱਤ ਦੀ।

ਹਾਕਮ–ਸੱਚ ਬਤਾ।

ਮੌਲਵੀ–ਸੱਚ, ਰੱਤ ਦੀ ਇਕ ਬੂੰਦ ਨਹੀਂ ਢੱਠੀ। ਇਕ ਚਪੇੜ ਨਹੀਂ ਪਈ ਕਿਸੇ ਨੂੰ, ਮੈਨੂੰ ਇਕ ਝਿੜਕ ਪਈ ਹੈ, ਮੈਂ ਕੁਛ ਲੱਗਾ ਸਾਂ ਮਸਖ਼ਰੀ ਕਰਨ, ਪਰ ਓਸ ਝਿੜਕ ਨਾਲ ਹੀ ਖੁੰਬ ਠੱਪੀ ਗਈ, ਫੇਰ ਨਹੀਂ ਮੈਂ ਕੁਸਕਿਆ। ਬੀਬਾ ਰਾਣਾ

ਬਣ, ਕੈਨ ਤੇ ਹੱਥ ਧਰ, ਸਿਰ ਨਿਹੁੜਾ ਸੁਣਦਾ ਸੁਣਦਾ ਮੁਰੀਦ ਹੋ ਗਿਆ ਹਾਂ, ਮੁਣਿਆਂ ਨੇ ?

ਕਾਜ਼ੀ–ਮਸਖਰੇ ! ਹਰ ਗੱਲ ਦੀ ਹੱਦ ਹੁੰਦੀ ਹੈ।

ਹਾਕਮ–ਕਸਮੇਂ ! ਮੈਂ ਹੁਣ ਤੰਗ ਪੈ ਗਿਆ ਹਾਂ।

ਮੁਸਾਹਬ–ਪਤਾ ਨਹੀਂ ਜੇ ਕਿ ਸ਼ਹਿਨਸ਼ਾਹ ਨੇ ਮਸਖਰੇ ਕਲਾਉਂਤ, ਨਾਚੇ, ਗਵੱਯੇ ਸਭ ਦਰਬਾਰ ਵਿਚ ਕੱਢ ਦਿੱਤੇ ਹਨ ! ਆਪ ਬੀ ਡਰੋ !

ਮੌਲਵੀ–ਮੈਂ ਕਸਬ ਦਾ ਮਸਖ਼ਰਾ ਨਹੀਂ ਮੈਂ ਦੀਨਦਾਰ, ਮੁੱਤਕੀ ਪਰਹੇਜ਼ਗਾਰ ਮੌਲਵੀ ਹਾਂ।

ਮਸਾਹਿਬ–ਫੇਰ ਮਸਖ਼ਰੇ ਨੇ ਕਿਉਂ ? ਵਕਤ ਦੀ ਨਜ਼ਾਕਤ ਵੀ ਨਹੀਂ ਪਛਾਣਦੇ ?

ਮੌਲਵੀ–ਰਹਿ ਨਹੀਂ ਹੁੰਦਾ ਤੇ ਨਾਜ਼ਕ ਵਕਤ ਤੁਹਾਥੋਂ ਚੰਗਾ ਪਛਾਣਦਾ ਹਾਂ, ਨਿਭਾ ਆਇਆ ਹਾਂ, ਤਦੇ ਅਰਾਮ ਨਾਲ ਬੈਠੇ ਹੋ; ਨਹੀਂ ਤਾਂ ਹੁਣ ਤਕ ਸਾਰੇ ਕੁੱਕੜ ਵਾਂਙੂ ਤੁਸੀਂ ਕੈਨਾਂ ਤੇ ਹੱਥ ਧਰ ਕੇ ਪਏ ਬਾਂਗਾਂ ਦੇਂਦੇ–ਸਤਿ ਸ੍ਰੀ ਅਕਾਲ ! ਜੀ ਭੁੱਲ ਗਏ, ਜੀ ! (ਕੈਨਾਂ ਤੇ ਹੱਥ ਧਰ ਕੇ)।

ਹਾਕਮ ਮੌਲਵੀ ਦੀ ਖੂ ਨੂੰ ਜਾਣਦਾ ਸੀ, ਠਠੰਬਰ ਕੇ ਬੋਲਿਆ–'ਫੇਰ ਕੁਛ ਦੱਸ ਬੀ ? ਜੇ ਸਮੇਂ ਦੀ ਨਜ਼ਾਕਤ ਨਜ਼ਿੱਠ ਆਇਆ ਹੈਂ ਤਾਂ ਸਾਡੇ ਨਾਲ ਤਾਂ ਨਜ਼ਾਕਤਾਂ ਨਾ ਸਾੜ'।

ਮੌਲਵੀ–ਜੀ ਹਜ਼ੂਰ ! ਲੈ ਸੁਣੋ–

ਹਾਕਮ–ਛੇਤੀ।

ਮੌਲਵੀ–ਮੈਂ ਤਾਂ ਸਾਰੀ ਸੁਣਾਵਾਂਗਾ, ਛੇਤੀ ਬੇਸੁਆਦ ਹੈ।

ਹਾਕਮ–ਅੱਛਾ,ਮਾਰ ਟੱਕਰਾਂ, ਜਿਵੇਂ ਤੇਰਾ ਜੀ ਕਰੇ।

ਮੌਲਵੀ–ਅੱਛਾ, ਮੈਂ ਮੁਖਤਸਿਰ ਅਰਜ਼ ਕਰਦਾ ਹਾਂ:–''ਮੈਂ ਗੁਲਾਬੂ ਨਾਲ ਜਾ ਕੇ ਆਪਣਾ ਸਾਰਾ ਹੁਨਰ ਵਰਤਿਆ। ਤਮਸਖਰ ਦਾ ਖਾਤਮਾ ਕੀਤਾ ਤੇ ਹਾਸੇ ਹਾਸੇ ਵਿਚ ਜੀਕੂੰ ਮੈਂ ਕਈ ਪਰੀਆਂ ਸ਼ੀਸ਼ੇ ਉਤਾਰੀਆਂ ਤੇ ਕਈ ਦਉ ਗੁਲਾਬਦਾਨਾਂ ਵਿਚ ਪਾਏ, ਇੱਥੇ ਬੀ ਓਵੇਂ ਹੀ ਤ ਣ ਲਾਏ, ਪਰ ਖ਼ੁਦਾ ਦੀ ਕਸਮ ਖਾਕੇ ਕਹਿੰਦਾ ਹਾਂ ਕਿ ਅੱਜ ਮੈਂ ਹਾਰ ਮੰਨੀ, ਮੇਰੇ ਸੰਜੀਦਾ ਸੁਖਨ ਦਾ ਬਾਸਲੀਕਾ ਜੁਵਾਬ, ਮੇਰੇ ਡਰ ਦਾਬੇ ਦਾ ਬੇਖੌਫ ਜੁਵਾਬ, ਮੇਰੇ ਮਖੌਲ ਜੁਗਤ ਦਾ ਜੁਗਤ ਨਾਲ ਮੂੰਹ ਤੋੜ ਜੁਵਾਬ, ਕਿਸੇ ਗੱਲੋਂ ਨਹੀਂ ਹਾਰਿਆ ਉਹ ਰੱਬ ਦਾ ਬੰਦਾ। ਬੱਸ ਕਮਾਲ'''।

ਨਾਜ਼ਮ–ਕਿੱਸਾ ਕੋਤਾਹ ਕਰ, ਸਿੱਖਾਂ ਦੇ ਹਮਲੇ ਦੀ ਗੱਲ ਦੱਸ ?

ਮੌਲਵੀ–ਲੌ ਹਜ਼ੂਰ ! ਬੱਸ, ਜੁਨਾਬ ਅੱਲਾ ਤੁਹਾਡਾ ਭਲਾ ਕਰੇ। ਮੈਂ ਕਿੱਥੇ ਸਾਂ ? ਤੁਸਾਂ ਗੱਲ ਟੁੱਕ ਲਈ ਸੀ, ਹਾਂ, ਸੱਚੀ ਚੇਤੇ ਕਰਾਓ ਨਾ, ਮੈਂ ਕਿੱਥੇ ਸਾਂ, ਬੱਸ ਹਜ਼ੂਰ ਫੇਰ''''''।

ਹਾਕਮ–ਬੜਾ ਨਟਖਟ ਹੈਂ, (ਤਲਵਾਰ ਦੀ ਮੁੱਠ ਤੇ ਹੱਥ ਧਰ ਕੇ) ਬਕਨਾ ਏਂ ਕਿ ਨਹੀਂ ?

ਮੌਲਵੀ (ਤ੍ਰਬੂਕਵੀਂ ਸ਼ਕਲ ਬਣਾਕੇ)–ਜੀ ਜਨਾਬ ! ਓ ਨਾ ਮੰਨਿਆਂ। ਫਿਰ ਮੈਂ ਸੁਣਾਵਾਂ ਉਸ ਦੀ ਗੁਫਤਗੂ ਦੇ ਫਿਲਸਫੇ ਜੇ ਉਸਨੇ ਆਖਰੀ ਜੁਵਾਬ ਵਿਚ ਆਖੇ ਕਿ ਅੱਗੋਂ ਟੁਰ ਪਵਾਂ ?

ਨਾਜ਼ਮ (ਤਲਵਾਰ ਅੱਧੀ ਮਿਆਨੋਂ ਕੱਢ ਕੇ)–ਫਿਲਸਫਾ ਰੱਖ ਘਰ, ਸਿੱਖਾਂ ਦੀ ਕਹੁ।

ਮੌਲਵੀ–ਜੁਨਾਬ ! ਮੈਂ ਭੁੱਲ ਭੁੱਲ ਜਾਂਦਾ ਹਾਂ ਤਲਵਾਰ ਮਿਆਨ ਕਰੋ ਨਾ, ਮੈਨੂੰ ਡਰ ਲੱਗਦਾ ਹੈ ਤੇ ਬਿੜਕ ਬਿੜਕ ਜਾਂਦਾ ਹਾਂ, ਛੇਤੀ ਛੇਤੀ ਸੁਣੋ, ਹੁਣ ਤਾਂ ਸਿੱਖ ਖਬਰੇ ਇੱਥੇ ਨਾ ਆ ਜਾਣ।

ਮੁਸਾਹਿਬ–ਨਾ ਹਿੰਜਾਰ ! ਤੂੰ ਭੰਡ ਹੈਂ, ਮੌਲਵੀ ਕਿਸ ਬਨਾਇਆ ਤੈਨੂੰ ? ਬਕਦਾ ਆਪ ਨਹੀਂ ਛੇਤੀ ਛੇਤੀ ਸੁਣੋਂ, ਸੁਣੋਂ ਸੁ ਇਹਦੇ ਕੰਨ।

ਮੌਲਵੀ–ਹਾਂ ਜੀ, ਮੇਰੀ ਗੁਫਤਗੂ ਦਾ ਸਿਲਸਲਾ'''ਹਾਂ, ਆ ਗਿਆ ਯਾਦ, ਬੱਸ ਹਜ਼ੂਰ ! ਮੈਂ ਆਖਰੀ ਮੌਤ ਦਾ ਹੁਕਮ ਸੁਣਾਇਆ; ਕਿਸ ਸੰਜੀਦਗੀ ਨਾਲ, ਕਿਸ ਸਾਦਗੀ ਨਾਲ, ਕਿਸ ਸਿਦਕ ਨਾਲ, ਕਿਨ੍ਹਾਂ ਸ਼ਾਇਸਤਾ ਲਫਜ਼ਾਂ ਵਿਚ ਉਸ ਨੇ ਮਨਜ਼ੂਰ ਕੀਤਾ, ਮੈਂ ਝੁਕ ਗਿਆ। ਮੈਂ ਕਹਾਂ ਮੇਰੇ ਅੱਲਾ ! ਲਾਅਨਤ ਇਸ ਪੇਟ ਜ਼ਾਲਮ ਦੇ, ਕਾਸ਼ ! ਇਹ ਮੇਰੀ ਥਾਂ ਹੋਵੇ ਤੇ ਮੈਂ ਇਸਦੀ। ਇਹ ਈਮਾਨ ਦੇ, ਨਾ ਨਾ, ਮੈਂ ਭੁੱਲ ਗਿਆ, ਇਹ ਕੁਫਰ ਦੇ, ਹਾਂ ਹਾਂ, ਇਹ ਹੋਸ਼ ਦੇ ਖਿਆਲ ਮੇਰੇ ਦਿਮਾਗ਼ ਵਿਚੋਂ ਫਾਨੂਸ ਦੀਆਂ ਤਸਵੀਰਾਂ ਦੇ ਪਰਛਾਵੇ ਵਾਂਙੂ ਗੁਜ਼ਰ ਹੀ ਰਹੇ ਸਨ ਕਿ ਪਉੜੀਆਂ ਦੇ ਉੱਪਰੋਂ ਜਬੂ ਵਾਲੀਆਂ ਅਵਾਜ਼ਾਂ ਆਈਆਂ। ਮੈਂ ਤੱਕਿਆ ਤਾਂ ਇਕ ਮਿਸਾਲਚੀ ਹੇਠਾਂ ਉਤਰ ਰਿਹਾ ਸੀ ਬੜੀ ਤੇਜ਼ ਮਿਸਾਲ, ਹਜ਼ੂਰ ਐਸਾ ਨੂਰ ਕਿ ਜੈਸਾ ਕਦੇ

ਜੁਨਾਬ ਦਾ ਹੁੰਦਾ ਹੈ (ਸਾਰੇ ਬੇਵਸੇ ਹੱਸ ਪਏ)। ਬੱਸ, ਜੁਨਾਬ ਉਹ ਆ ਖੜੋਤਾ, ਸਿੱਖ ਦਾ ਚਿਹਰਾ ਚਮਕ ਪਿਆ। ਮਗਰੋਂ ਇਕ ਸਨੱਧਬੱਧ, ਨਾ ਸੱਚੀ, ਮੁਸੱਲਾ ਸਿੱਖ ਆ ਗਿਆ, ਦੋਊ ਕੱਦ, ਫਰਿਸ਼ਤਾ ਸੂਰਤ, ਦਿਲ ਕੰਬੇ, ਪਰ ਚ ਹੇ ਕੰਬਦਾ ਕੰਬਦਾ ਪੈਰੀਂ ਜਾ ਲੱਗਾ। ਮੈਂ ਤ੍ਰਬੁਕ ਪਿਆ, ਮੈਂ ਪੋਸਤੀ ਵਾਙੂ ਥਰਥਰਾ ਉਠਿਆ, ਹਾਇ ਨੀ ਮਾਂ! ਹੋਰ, ਹੋਰ ਆ ਗਿਆ। ਮੈਂ ਤਾਂਕਿਆ ਨੈਣ ਝੁਕ ਪਏ। ਇਕ ਹੋਰ, ਇਕ ਹੋਰ ਲਓ ਉਸ ਭੋਰੇ ਵਿਚ ਚਾਰ ਹੋ ਗਏ ਤੇ ਉੱਪਰ ਭੋਰੇ ਦੇ ਮੂੰਹ ਅੱਗੇ ਦਿੱਸਣ ਦੋ, ਇਕ ਦੇ ਹਥ ਨੰਗੀ ਤਲਵਾਰ ਤੇ ਇਕ ਦੇ ਭਰੀ ਬੰਦੂਕ।

ਹਾਕਮ–ਕਿੱਸਾ ਮੁਖਤਸਿਰ ਕਰ, ਇੰਤਹਾ ਤੇ ਪਹੁੰਚ ਜਲਦੀ।

ਮੌਲਵੀ–ਜੀ ਹਜ਼ੂਰ। ਗੱਲ ਟੁੱਕ ਦੇਂਦੇ ਹੋ ਤਾਂ ਮੇਰੇ ਖਯਾਲ ਦੀ ਤਾਰ ਟੁੱਟ ਜਾਂਦੀ ਹੈ। ਖਿਆਲ ਦਾ ਸਿਲਸਿਲਾ ਗੁੰਮ ਹੋ ਜਾਂਦਾ ਹੈ, ਮੁੜ ਲੱਭਣ ਤੇ ਵਕਤ ਲੱਗਦਾ ਹੈ।

ਹਾਕਮ–ਮਾਰ ਟੱਕਰਾਂ।

ਮੌਲਵੀ–ਜੀ ਸੱਚੀ ਮੁੱਚੀ ਟੱਕਰ ਵੱਜ ਹੀ ਗਈ, ਉਨ੍ਹਾਂ ਚੌਹਾਂ ਵਿਚੋਂ ਇਕ ਦੇ ਕਦਮਾਂ ਨਾਲ। ਮੈਨੂੰ ਕੀ ਪਤਾ ਸੀ ਕਿ ਮੇਰਾ ਕਾਫਰ ਸਿਰ ਕਿਸ ਨਾਲ ਪਿਆ ਛੁਹੰਦਾ ਹੈ? ਪਰ ਕ ਮ ਜੋ ਖੁਦਾ ਪਾਕ ਦੀ ਬੇਵਸਾ ਮੇਰਾ ਸਿਰ ਕਦਮਾਂ ਨਾਲ ਛੁਹ ਗਿਆ, ਤੇ ਓਹ ਸਾਜੇ ਆਪ''''''ਆਪ'''।

ਹਾਕਮ (ਕਾਹਲਾ ਹੋਕੇ)–ਕੌਣ?

ਮੌਲਵੀ–ਜੀ ਆਪ, ਅੱਲਾ ਵਾਲਾ, ਨਬੀ ਰਸੂਲ, ਸਿੱਖਾਂ ਦਾ ਗੁਰੂ, ਜੀ ਗੁਰੂ ਗੋਬਿੰਦ ਸਿੰਘ ਆਪ!

ਹਾਕਮ (ਘਬਰਾ ਕੇ)–ਆਪ? ਭੋਰੇ ਵਿੱਚ! ਸੁਨਿਆਰੇ, ਇਕ ਗ਼ੀਬ ਕੰਗਾਲ ਦੀ ਰਿਹਾਈ ਵਾਸਤੇ ਗੋਦੇ ਕੈਦਖਾਨੇ ਵਿਚ? ਆਪ! ਅੱਲਾਹ! ਨਹੀਂ ਨਹੀਂ, ਇਤਨੇ ਬੜੇ ਆਦਮੀ ਦਾ ਇੰਨਾਂ ਨੀਵਾਂ ਉਤਰਨਾ, ਮੈਂ ਨਹੀਂ ਮੰਨਦਾ, ਤੂੰ ਮਸਖਰੇ ਪਨ ਵਿੱਚ ਅਪਣਾ ਇਤਬਾਰ ਵੀ ਖੋ ਲਿਆ ਹੈ।

ਮੌਲਵੀ–ਹਾਂ, ਹਜ਼ੂਰ! ਹੁਣੇ ਫੇਰ ਇਤਬਾਰ ਕਾਇਮ ਹੋ ਜਾਏਗਾ।

ਕਾਜ਼ੀ–ਜੇ ਸੱਚ ਹੈ ਤਾਂ ਤੂੰ ਕਾਫਰਹੈਂ ਮੁਸ਼ਰਿਕ ਹੈਂ।

ਮੌਲਵੀ–ਪਰ ਤਸਾਂ ਸਾਰਿਆਂ ਮੌਮਨਾਂ ਦੀ ਜਾਨ ਬਚਾਉਣ ਵਾਲਾ ਹਾਂ।

ਪਰ ਫੇਰ, ਦੁਨੀਆਂ ਵਿੱਚ ਹਮਾਤੜਾਂ ਮੂੰਹ ਫਟਾਂ ਦੀ ਕਦਰ ਕਿੱਥੇ? ਪਹਿਲੇ ਦਿਨ ਹੀ ਕਿਹਾ ਸੀ, ਮਜੋਰਾਂ ਦੇ ਕਹੇ ਨਾ ਲੱਗੋ, ਸਿੱਖਾਂ ਨੂੰ ਨਾ ਛੇੜੋ, ਪਰ ਕਿਸੇ ਨ ਮੰਨਿਆਂ''''। ਹੁਣ ਫੇਰ ਬੇਇਤਬਾ''''।

ਹਾਕਮ–ਓ ਮੁਕਾ ਵੀ ਗੱਲ, ਕਿੱਸੇ ਫੋਲਣ ਲੱਗਾ ਏਂ''''!

ਮੌਲਵੀ–ਜੀ ਬੱਸ, ਸਿੱਖ ਨੇ–ਹਾਂ ਓਸ ਗੁਲਾਬ ਸਿੰਘ ਨੇ ਉਹਨਾਂ ਨੂੰ ਪਛਾਣ ਲਿਆ ਪੈਰਾਂ ਤੇ ਢੱਠਾ ਚਰਨ ਚੁੰਮਿਓ ਸੁ। ਕਿਸੇ ਕਦੇ ਨਾ ਡਿੱਠੇ ਪਿਆਰ ਨਾਲ ਮੇਰਾ ਜੀ ਵੀ ਉੱਛਲ ਪਿਆ, ਐਉਂ ਕਦੇ ਭਾਗਾਂ ਵਾਲੇ ਅਰਬੀ ਮਦੀਨੇ ਸ਼ਰੀਫ ਵਿੱਚ ਹਜ਼ਰਤ ਦੇ ਪੈਰ ਚੁੰਮਦੇ ਹੋਣਗੇ, ਹਾਇ, ਸਾਨੂੰ ਕਿਸ ਤਰ੍ਹਾਂ ਦਾ ਦੀਨ ਹੁਣ ਪੱਲੇ ਪਿਆ ਹੈ? ਸੁੱਕ ਭੜੁੱਕਾ, ਖੁਸ਼ਕ। ਬੱਸ ਖ਼ੈਰ! ਜੀ ਸਿੱਖ ਤਾਂ ਫੇਰ ਉਨ੍ਹਾਂ ਦੀ ਮੁਕੱਦਸ ਪਿੰਡਲੀ ਨਾਲ ਜੱਫੀ ਪਾ ਕੇ ਲਿਪਟ ਗਿਆ ਤੇ ਇਕ ਸੂਤੀ ਤਲਵਾਰ ਵਾਲਾ ਮੇਰੇ ਸਿਰ ਖੜਾ ਹੋ ਗਿਆ। ਮੈਂ ਕਿਹਾ ਜੁਨਾਬ! ਮੈਂ ਸ਼ਸਤ੍ਰ ਹੀਨ ਹਾਂ ਤੇ ਔਹਦੇਦਾਰ ਨਹੀਂ। ਗੁਲਾਬ ਸਿੰਘ ਦਾ ਮਿਤ੍ਰ ਹਾਂ, ਸਮਝਾਉਣ ਆਇਆ ਸਾਂ, ਹਾਂ, ਮੈਂ ਦੁਨੀਆਂਦਾਰ, ਮੇਰੀ ਸਮਝੌਤੀ ਬੀ ਐਸੀ ਹੀ ਸੀ। ਫਿਰ ਸਿੱਖ ਜੀ, ਓਹੋ ਗੁਲਾਬ ਸਿੰਘ–ਉੱਠ ਖੜਾ ਹੋਇਆ, ਅੱਲਾ ਦੇ ਨੂਰ ਨੇ ਉਸ ਨੂੰ ਛਾਤੀ ਨਾਲ ਲਾਇਆ। ਕਾਹਨੂੰ ਕਦੇ ਕਿਸੇ ਪਿਤਾ ਨੇ ਪੁਤ੍ਰ ਨੂੰ ਏਡੇ ਪਿਆਰ ਨਾਲ ਛਾਤੀ ਲਾਇਆ ਹੋਣਾ ਹੈ। ਮੇਰਾ ਜੀ ਕਰੇ ਕਾਸ਼! ਮੈਂ ਸਿੱਖ ਹੁੰਦਾ, ਕਾਸ਼! ਮੈਂ ਕੈਦੀ ਹੁੰਦਾ, ਕਾਸ਼! ਇਸ ਪਿਆਰਾਂ ਨਾਲ ਧੜਕਦੀ ਛਾਤੀ ਨਾਲ ਮੇਰਾ ਸਿਰ ਲੱਗਦਾ, ਹਾਸਾ ਨਹੀਂ ਜੇ''''। ਹਾਂ ਵੱਟੇ ਅੱਖਾਂ, ਤੁਸਾਂ ਤਾਂਕਿਆ ਨਹੀਂ ਨਾਂ, ਤੱਕਦੇ ਤਾਂ ਪਰਵਾਨੇ ਵਾਙ ਸਾਰੀਆਂ ਹੋਸ਼ਾਂ ਦੇ ਖੰਭ ਸੜਵਾ ਬੈਠਦੇ। ਪਿਆਰ ਕੋਈ ਕਹਿਰ ਦੀ ਸ਼ੈ ਹੈ। ਸੱਚ।

ਹਾਕਮ–ਜਲਦੀ ਕਰ ਜਲਦੀ।

ਮੌਲਵੀ–ਹਾਂ ਸੱਚੀ ਸਿਖ, ਫੇਰ ਜਦ ਨਿਖੜਿਆ ਤਾਂ ਮੇਰੀ ਸਫਾਰਸ਼ ਕੀਤੀਓ ਸੁ ਕਿ ਇਹ ਖਰਾ ਆਦਮੀ ਹੈ, ਲੂਣ ਖਾਣ ਕਰਕੇ ਮੈਨੂੰ ਭੈੜੀ ਮੌਤ ਦੇਂਦਾ ਸੀ, ਪਰ ਇਹ ਮਾਲਕਾਂ ਨੂੰ ਬੀ ਮੇਰੇ

ਜ਼ੁਲਮ ਕਰਨੋਂ ਰੋਕਦਾ ਰਿਹਾ ਹੈ। ਤਦ ਉਸ ਨੂਰੀ ਵਜੂਦ ਨੇ ਅਪਣੇ ਤੀਰ ਦੀ ਨੋਕ ਮੇਰੇ ਸਿਰ ਤੇ ਲਾਈ। ਮੈਂ ਸੱਚ ਆਖਦਾ ਹਾਂ: ਮੈਂ ਕਾਫਰ, ਮੈਂ ਮਨਕਰ, ਮੈਂ ਦਹਿਰੀਏ ਦੇ ਅੰਦਰ ਬੀ ਝਰਨਾਟ ਛਿੜੀ, ਝਰਨ ਝਰਨ ਹੋ ਗਿਆ ਬਦਨ, ਕਦਮਾਂ ਤੇ ਮੈਂ ਹੁਣ ਢੱਠਾ, ਜਿਹੜਾ ਮੈਂ ਪਹਿਲੇ ਕਿਹਾ ਸੀ ਤੇ ਤੁਸੀਂ ਕਾਹਲੇ ਹੋਏ ਸ ਓ। ਕਸਮ ਹੈ ਅੱਲਾ ਪਾਕ ਦੀ—ਇਕ ਹੈ ਅੱਲਾ ਤੇ ਇੱਕੋ ਹੈ ਉਸ ਦਾ ਰਸੂਲ। ਨਾ ਅੱਲਾ ਦੋ ਜੇ, ਨਾ ਨਬੀ ਦੋ ਜੇ! ਕਿਉਂ ਵਿਹਰ ਵਿਹਰ ਤੱਕਦੇ ਜੇ ? ਤੁਸੀਂ ਨਹੀਂ ਮੁਵਾਹਦ, ਮੈਂ ਮੁਵਾਹਦ ਹਾਂ, ਜੋ ਅੱਲਾ ਨੂੰ ਬੀ ਵਾਹਿਦ ਤੇ ਰਸੂਲ ਨੂੰ ਬੀ ਵਾਹਦ ਮੰਨਦਾ ਹਾਂ। ਬੱਸ ਇਕੋ ਅੱਲਾ ਹੈ ਜੋ ਘੱਲਦਾ ਹੈ ਇੱਕੋ ਰਸੂਲ ਹਰ ਜ਼ਮਾਨੇ ਹਰ ਮੁਲਕ, ਨਾਮ, ਵੇਸ, ਕੰਮ ਵੱਖੋ ਵੱਖਰੇ। ਰਸੂਲ ਓਹੋ ਇੱਕੋ ! ਕਦੇ ਇੱਕ ਜ਼ਮਾਨੇ ਦੇ ਰਸੂਲ ਆਏ ਜੇ ! ਹੁਣ ਵੇਖੋ ਫੇਰ ਉਹੋ ਰਸੂਲ ਆਇਆ ਜੇ। ਸੱਚ, ਬਈ ਵੱਟੇ ਕਚੀਚੀਆਂ, ਮੈਂ ਮੋਮਨ ਹਾਂ, ਰਸੂਲ ਨੂੰ ਪਛਾਣਦਾ ਹਾਂ, ਤੁਸੀਂ ਨਹੀਂ ਪਛਾਣਦੇ, "ਨਾ ਸਹੀ, ਝਗੜਾ ਕਾਹਦਾ।

ਹਾਕਮ (ਖਿੜ੍ਹੇ ਹਾਸੇ ਨਾਲ)—ਤੂੰ ਕਊ ਦੀ ਲੱਕੜ ਹੈਂ, ਟੁੱਟੇਂਗਾ ਪਰ ਝੁਕੇਂਗਾ ਨਹੀਂ, ਚੱਲ ਤੁਰ ਅਪਣੀ ਰਾਹੇ। ਨਹੀਂ ਆਈ ਊ (ਤਲਵਾਰ ਦਿਖਾ ਕੇ)।

ਮੌਲਵੀ—ਬੱਸ ਜੀ, ਕਦਮ ਛੁਹੇ ਕੀ, ਸਿਰ ਵਿੱਚ ਝਰਨਾਟ ਪੈ ਕੇ ਸਰੂਰ ਆ ਗਿਆ, ਮੈਂ ਕਿਹਾ: ਇਹ ਸੁਆਦ ਇਲਾਹੀ ਹੈ। ਮੈਂ ਕਿਹਾ: ਅੱਜ ਬਈ ਪੀਰਾ ਤੇਰੀ ਨਿਮਾਜ਼ ਪੜ੍ਹੀ। ਉਹ ਨਿਮਾਜ਼ ਪੜ੍ਹੀ ਤਾਂ ਰੋਜ਼, ਪਰ ਛ ਦਿਆਂ ਲੋਕਾਂ ਦੇ ਅਜ ਪੜ੍ਹੀ ਖੁਸ਼ੀ ਦੀ, ਸ਼ੁਕਰ ਹੈ ਕੋਈ ਤੱਕਦਾ ਨਹੀਂ ਪਿਆ ਐਸ ਵੇਲੇ, ਮੈਂ ਪੜ੍ਹੀ ਤੇਰੀ ਨਿਮਾਜ਼। ਸੱਚ ਜਾਣੇ ਮੈਂ ਉਹ ਹਜ਼ (ਸੁਅ ਦ) ਤੱਕਿਆ, ਜੋ ਜ਼ਰੂਰ ਅੱਲਾ ਦਾ ਸੀ। ਮੈਂ ਕਸਮ ਖਾਂਦਾ ਹਾਂ ਕਿ ਅੱਲਾ ਹੈ, ਅੱਲਾ ਹੈ, ਅੱਲਾ ਹੈ, ਉਸ ਦਾ ਨਬੀ ਹੈ, ਹੈ, ਹੈ।

ਕਾਜ਼ੀ—ਤੇਰੀ ਕਤਰਨੀ ਬੱਸ ਵੀ ਕਰੇਗੀ ?

ਮੌਲਵੀ—ਬੱਸ ਜੀ ! ਫੇਰ ਮੈਂ ਅਮਾਨ ਮੰਗੀ, ਮੈਂ ਆਖਿਆ: ਸਾਡ ਹਾਕਮ ਦਾ ਦੇਸ਼ ਨਹੀਂ, ਇਹ ਪੂਜਾ ਖਾਣੇ ਅਸੀਂ ਮੌਲਵੀ, ਮੁਜਾਵਰ, ਮੁਫਤੀ, ਕਾਜ਼ੀ ਸਾਰੇ ਜ਼ਿੰਮੇਵਾਰ ਹਾਂ, ਤੁਸੀਂ ਅਮਾਨ ਦਿਓ ਮੈਨੂੰ, ਮੇਰੇ ਮਾਲਕ ਨੂੰ, ਸਾਰੇ ਨਗਰ ਨੂੰ। ਉਹ ਸੁਣ ਕੇ ਬੋਲੇ, ਸਚੀਂ ਮੈਂ ਭੁੱਲ ਗਿਆ, ਹਾਂ·····(ਹੁਣ ਸਾਰੇ ਬੜੇ, ਚੁਪ ਚਾਪ ਧਿਆਨ ਨਾਲ ਸੁਣ ਰਹੇ ਸਨ) ਹਾਂ ਜੀ। ਪਹਿਲਾਂ ਇਸ ਤੋਂ ਗੁਰੂ ਸਾਹਿਬ ਸਾਰਾ ਹਾਲ ਸਿੱਖ ਪਾਸੋਂ ਸੁਣ ਚੁਕੇ ਸਨ। ਸੋ ਜੀ, ਮੇਰੀ ਅਰਜ਼ੋਈ ਸੁਣ ਕੇ ਆਖਣ ਲਗੇ: ਅਸੀਂ ਆਪਣੇ ਸਿੱਖ ਨੂੰ ਲੈਣ ਆਏ ਹਾਂ, ਤੁਹਾਨੂੰ ਮਾਰਨ ਨਹੀਂ ਆਏ, ਪਰ ਅਸਾਂ ਨਬੀ ਖਾਂ ਨੂੰ ਨੁਮੱਤ ਦੇਣੀ ਹੈ, ਉਹ ਕਿੱਥੇ ਹੈ ? ਲਓ ਹਜ਼ੂਰ ਮੈਨੂੰ ਪਤਾ ਤਾਂ ਸੀ, ਪਰ ਮੈਂ ਦਿਲ ਵਿੱਚ ਕਿਹਾ, ਹਾਂ ਤਾਂ ਮੈਂ ਮਸਖਰਾ, ਪਰ ਅਜ ਮੈਂ ਬੀ ਸਲਤਨਤ ਦੀ ਸਿਆਸਤ ਦੀ ਚਾਲ ਵਰਤਾਂ, ਮੈਂ ਕਿਹਾ: ਇੱਥੇ ਹੀ ਹੈਨ, ਹਜ਼ੂਰ ਦੀ ਖਿਦਮਤ ਬਾਬਤਕਤ ਵਿੱਚ ਮੈਂ ਲੈ ਆਵਾਂਗਾ ਉਨ੍ਹਾਂ ਨੂੰ। ਆਪ ਅੱਲਾ ਦੇ ਰਸੂਲ ਹੋ, ਫਕੀਰ ਹੋ ਤੇ ਉਹ ਆਪ ਦੀ ਮੱਤ ਸੁਣਨਗੇ ਅਮਲ ਕਰਨਗੇ। ਲਓ ਜੀ ਫੇਰ ਅਸੀਂ ਭੋਰੇ ਤੋਂ ਬਾਹਰ ਆਏ।···· ਹਾਂ, ਸੱਚੀ ਮੈਂ ਭੁੱਲ ਗਿਆ,ਜਿਸ ਵੇਲੇ ਸਿਖ ਉਠਿਆ ਤਾਂ ਆਂ ਹਜ਼ਰਤ ਨੇ ਸਿਰ ਛਾਤੀ ਨਾਲ ਲਾ ਕੇ ਪਿਆਰ ਦਿੱਤਾ ਸੀ। ਨਾ ਸੱਚ, ਇਹ ਤਾਂ ਮੈਂ ਅਗੇ ਦੱਸ ਚੁਕਾ ਹਾਂ। ਮੈਂ ਉਸ ਵੇਲੇ ਉਨ੍ਹਾਂ ਦੇ ਨੈਣ ਤੱਕੇ, ਨਿਰੇ ਮਾਂ ਲੱਗਦੇ ਸਨ, ਬੱਚੇ ਨੂੰ ਗਲ ਲਾਕੇ ਸਾਰੇ ਹੀ ਪਿਆਰ ਵਿੱਚ ਪੰਘਰੇ ਹੋਏ। ਹਾਂ, ਓਹ ਦਰਸ਼ਨ, ਓਹ ਦੀਦ ਰੇ, ਮੈਂ ਕਹਾਂ ਇਬਾਦਤਗਾਹਾਂ ਤੋਂ ਇਹ ਕੈਦ ਖ ਨਾ ਦੇਂਗਾ।

ਕਾਜ਼ੀ—ਕਿਧਰੇ ਕਿਸੇ ਸਿੱਟੇ ਤੇ ਬੀ ਅੱਪੜ।

ਮੌਲਵੀ—ਜੀ ਲਓ ਸਿੱਟੇ ਬੀ ਲਓ, ਨਾੜ ਬੀ ਲਓ, ਸਾਰੀ ਕਣਕ ਤੁਹਾਡੇ ਘਰ।

ਲਓ ਅੱਲਾ ਤੁਹਾਡਾ ਭਲਾ ਕਰੇ, ਜਦ ਬਾਹਰ ਆਏ ਤਾਂ ਮੈਂ ਕਿਹਾ: ਹਜ਼ੂਰ ! ਆਪ ਦੀ ਫੌਜ ਕਿੰਨੀ ਕੁ ਹੈ ? ਹੁਕਮ ਕਰੋ ਜੋ ਦਾਣੇ ਪੱਠੇ ਦਾ ਬੰਦੋਬਸਤ ਕਰਾਵਾਂ ? ਆਖਣ ਲਗੇ: ਮੇਰੇ ਨਾਲ ਅੱਲਾ ਹੈ। ਮੈਂ ਉਪਰ ਤੱਕਿਆ ਤਾਂ ਨੀਲਾ ਆਕਾਸ਼, ਪਰ ਵਿਚ ਇਕ ਦੂਰ ਖੜੋਤੀ ਫੌਜ ਦੀ ਬੱਝੀ ਕਤਾਰ ਦਾ ਮੈਨੂੰ ਝਾਂਵਲਾ ਪਵੇ, ਮੈਂ ਕਿਹਾ: ਵਾਹ ਫੌਜਾਂ ਵਾਲੇ ਅੱਲਾ !!

ਕਾਜ਼ੀ—ਮੁੱਕ ਬੀ ਕਿਤੇ ਕਿ ਕਾਫਰਾਂ ਨਾਲ

ਰਲਕੇ ਮਰਵਾਣਾਂ ਈਂ।

ਮੌਲਵੀ–ਮੋਮਨਾਂ ਨਾਲ ਰਲ ਕੇ ਕਾਫਰਾਂ ਨੂੰ ?

ਲੈ ਜੀ, ਫੇਰ ਮੈਂ ਕਿਹਾ, ਆਪ ਚਲੋ ਜਿੱਥੇ ਡੇਰਾ ਹੈ। ਫੁਰਮਾਵਣ ਲੱਗੇ ! ਡੇਰਾ ਸਰਸੇ ਹੈ, ਮੈਂ ਕਿਹਾ ਫੇਰ ਪਧਾਰੀਏ, ਸਿਖ ਆਪਣਾ ਲੈ ਜਾਈਏ, ਸਾਡੇ ਤੇ ਰਹਿਮਤ ਰਹੇ। ਤਦ ਮੁਸਕ੍ਰਾਏ ਆਂ ਹਜ਼ਰਤ ਤੇ ਫੁਰਮਾਇਓ ਨੇ, ਖਹਲ ਕੇ ਅਪਣੇ ਸਿੱਪ ਵਰਗੇ ਚਮਕਦੇ ਤੇ ਲਾਲਾਂ ਵਾਂਗੂ ਲਾਲ ਲਬ ਜਿਨ੍ਹਾਂ ਵਿਚੋਂ ਦਿੱਸ ਪਏ ਚੰਦਾਂ ਵਰਗ ਦਿੱਟੇ ਦੰਦ ਤੇ ਫੇਰ ਕਿਰੇ ਦੁਰੇ ਨਾਯਾਬ (ਕੀਮਤੀ ਮੋਤੀ, ਇਹ ਲਫਜ਼:–ਕਿ ਅਸਾਂ ਨਵੀ ਖਾਂ ਨੂੰ ਮਿਲਣਾ ਹੈ। ਮੈਂ ਕੋਸ਼ਸ਼ ਕੀਤੀ ਕਿ ਆਪ ਨੂੰ ਐਡੇ ਕੀਮਤੀ ਦਰਸ਼ਨ ਨਾ ਹੋਣ, ਮਤਾਂ ਖ਼ੁਦ ਗ਼ਰਜ਼ਾਂ ਦੀ ਚਾਂਦੀ ਕਲੀ ਬਣ ਜਾਏ, ਪਰ ਉਨ੍ਹਾਂ ਨੇ ਪੇਸ਼ ਨਾ ਜਾਣ ਦਿੱਤੀ, ਆਖਣ ਜ਼ਰੂਰ ਮਿਲਣਾ ਹੈ. ਫੇਰ ਮੈਂ ਕਿਹਾ ਕਿ ਜੁਨਾਬ ਤਕਲੀਫ ਨਾ ਫੁਰਮਾਓ, ਓਹ ਆਪ ਜੁਨਾਬ ਦੀ ਖਿਦਮਤ ਵਿੱਚ ਹਾਜ਼ਰ ਹੋ ਜਾਣਗੇ।

ਹਾਕਮ–ਮੈਨੂੰ ਫਸਾ ਆਇਆ ਹੈਂ ? 'ਨਾ ਪਾਇ ਰਫਤਨ, ਨਾ ਜ਼ਾਇ ਮਾਂਦਨ*' ਪਰ ਇਹ ਦੱਸ ਕਿ ਸ਼ਹਿਰ ਦਾ ਪਹਿਰੇਦਾਰ ਕਿੱਥੇ ਸੀ ? ਫੌਜ ਨੂੰ ਕੀ ਮੋਤ ਪਈ ?

ਮੌਲਵੀ–ਜੋ ਘਰੋਂ ਮਰਨ ਮਾਰਨ ਮੰਡ ਕੇ ਟੁਰਦੇ ਹਨ ਓਹ ਅਵੇਸਲੇ ਤੇ ਸੁਖ ਰਹਿਣੇ ਪਹਿਰੇਦਾਰਾਂ ਦਾ ਮੱਕੂ ਮੁਹਰੇ ਬੰਨ੍ਹਦੇ ਹਨ। ਪਹਿਲੇ ਓਹ ਪੁੱਜੇ ਬਿਜਲੀ ਦੀ ਤੇਜ਼ੀ ਨਾਲ, ਪੁਜਦੇ ਸਾਰ ਦਰਵਾਜ਼ੇ ਦੇ ਪਹਿਰੇਦਾਰ ਦੀਆਂ ਕੱਸ ਲਈਆਂ ਮਸ਼ਕਾਂ, ਫਿਰ ਗਏ ਸਿਲਹਖਾਨੇ, ਪਹਿਰੇਦਾਰ ਓਥੇ ਦੋ ਸਨ, ਬੰਨ ਲੀਤੇ ਅੱਖ ਫਰਕਣ ਦੀ ਫੁਰਤੀ ਨਾਲ ਦੋਵੇਂ ਤੇ ਸਿਲਹਖਾਨੇ ਨੂੰ ਜੰਦਰਾ ਮਾਰਿਆ ਤੇ ਆਪ ਦੇ ਪਿਆਦੇ ਕੋਈ ਕਿਤੇ, ਕੋਈ ਕਿਤੇ, ਜਿੱਥੇ ਸਨ ਉਥੇ ਹੀ ਰਹਿ ਗਏ। ਸ਼ਸਤ ਹੀਨ ਤਾਂ ਸਨ ਸਾਰੇ, ਫੇਰ ਸਨ ਕਿੰਨੇ ਕੁ ਤੇ ਕਿੱਡੇ ਕੁ ? ਤੇ ਓਹ ਤਾਂ ਇਕ ਇਕ ਜੁਆਨ ਪਿੱਪਲ ਦੇ ਰੁੱਖ ਜੇਡਾ ਹੈ। ਬੱਸ ਜੀ, ਫੇਰ ਉਨ੍ਹਾਂ ਭੇਰਾ ਲੱਭ ਲਿਆ। ਇਕ ਸਿੱਖ ਸੁੰਹੀਆਂ ਨਾਲ ਸੀ। ਸੱਚੀ ਹਾਂ ਮੈਂ ਭੁੱਲ ਗਿਆ, ਘਰੋਂ ਟੁਰੇ ਸਨ ਛੇ, ਇਕ ਆਂ ਹਜ਼ਰਤ ਤੇ ਪੰਜ ਹੋਰ ਤੇ ਕੋਈ ਉਨ੍ਹਾਂ ਦੇ ਅੱਪੜਦੇ ਸਾਰ ਦਸ ਬਾਰਾਂ ਹੋਰ ਅੱਪੜ ਪਏ, ਮਗਰੋਂ ਹੁਣ ਤਾਈਂ ਪਤਾ ਨਹੀਂ ਕਿੰਨੇ ਹੋ ਗਏ ਹੋਣਗੇ।

ਕਾਜ਼ੀ–ਹੁਣ ਫੇਰ ਮੁਕਾ ਗੱਲ।

ਮੌਲਵੀ–ਬੱਸ ਮੁੱਕ ਗਈ।

ਹਾਕਮ–ਕਿਵੇਂ ?

ਮੌਲਵੀ–ਬੱਸ ਉਹ ਦਰਵਾਜ਼ਿਓਂ ਬਾਹਰ ਚਬੂਤਰੇ ਤੇ ਬੈਠੇ ਹਨ, ਦੁਹਾਨੂੰ ਉਡੀਕਦੇ ਹਨ। ਜੇ ਤੁਸੀਂ ਚੱਲੋ ਤਾਂ ਵਾਹਵਾ, ਨਹੀਂ ਤਾਂ ਓਹ ਆ ਜਾਣਗੇ। ਫੇਰ ਖ਼ੈਰ ਹੈ ਕਿ ਨਹੀਂ ? ਮੈਨੂੰ ਪਤਾ ਨਹੀਂ।

ਕਾਜ਼ੀ–ਆਪ ਜਾਣ ਵਿਚ ਹਾਣਤ ਹੈ।

ਮੌਲਵੀ–ਹੱਕ ਲੌ ! ਮੈਂ ਤਾਂ ਮਖ਼ਬਰਾ ਹਾਂ, ਨਾਲੇ ਕਦਮਾਂ ਨਾਲ ਲੱਗ ਆਇਆ ਹਾਂ, ਮੇਰੀ ਥਾਂ ਤਾਂ ਖ਼ਬਰੇ ਹੁਣ ਰੁਲਾਬ ਸਿੰਘ ਦੀ ਬਾਵੇਂ ਦੇਰੇ ਵਿਚ ਹੋਊ, ਤਸਾਂ ਮੋਮਨਾਂ ਤੋਂ ਏਹੋ ਹੀ ਆਸ ਹੋ ਸਕਦੀ ਹੈ ਪਰ ਮੈਂ ਖਰੀ ਗੱਲ ਕਹਿਣੀ ਹੈ, ਸੁਣ ਲਓ:– ਓਹ ਮਾਮੂਲੀ ਇਨਸਾਨ ਨਹੀਂ ਬਾਬਰਕਤ ਵਜੂਦ ਹੈ,ਆਪ ਚੱਲਣਾਂ ਸਿਆਸੀ* ਨੁਕਤੇ ਤੋਂ ਵੀ ਚੰਗਾ ਹੈ, ਆਪਣਾ ਹੀਜ ਪਿਆਜ਼ ਗੁੱਝਾ ਰਹੇਗਾ, ਘਰ ਆਏ ਦਾ ਆਦਰ ਹੋ ਜਾਏਗਾ, ਭੁੱਲ ਸਾਡੀ ਹੈ ਹੀ। ਉਹ ਇਕ ਕੌਮ ਦੇ ਪੀਰ ਹਨ, ਪੀਰ ਸਭ ਦੇ ਸਾਂਝ ਹੁੰਦੇ ਹਨ, ਸ਼ੁਭ ਮਤ ਸਭ ਤੋਂ ਲੈਣੀ ਅਕਲਮੰਦੀ ਹੈ, ਗੱਲ ਛੇਤੀ ਮੁੱਕ ਜਾਏਗੀ, ਵਧਾਣ ਨਾ ਵਧੇਗਾ। ਅੱਗੇ ਮੈਂ ਉਹਨਾਂ ਨੂੰ ਦੱਸ ਆਇਆ ਹਾਂ ਕਿ ਸਾਡੇ ਹਾਕਮ ਦਾ ਕਸੂਰ ਨਹੀਂ, ਉਸ ਨੂੰ ਕਿਸੇ ਸਿਖਾ ਪੜ੍ਹਾ ਕੇ ਗ਼ਲਤੀ ਕਰਵਾਈ ਹੈ।

ਕਾਜ਼ੀ–ਹਾਕਮ ਦੀ ਗ਼ਲਤੀ ਮੰਨ ਆਇਆ ਹੈਂ, ਬਰੋਰਤ !

ਮੌਲਵੀ–ਗ਼ੈਰਤ ਵੰਡੀਣ ਵੇਲੇ ਮੈਂ ਗ਼ੈਰਹਾਜ਼ਰ ਸਾਂ ਤੇ ਕੰਮ ਸੁਆਰਣ ਦੀ ਅਕਲ ਵੇਲੇ ਤੁਸੀਂ ਸਭ ਸੁੱਤੇ ਪਏ ਸੀ ਤੇ ਮੈਂ ਜਾਗਦਾ ਸਾਂ। ਚੱਲੋ ਮੈਂ ਅਪਣੀ ਨਿਮਕ ਹਲਾਲੀ ਕਰ ਆਇਆ ਹਾਂ ਅਗੋਂ ਜੋ ਦੁਹਾਨੂੰ ਗ਼ੈਰਤ ਵਾਲੇ ਲੋਕਾਂ ਨੂੰ ਭਾਵੇ ਕਰੋ।

ਹਾਕਮ–ਕਾਹਲਾ ਪੈ ਗਿਆ ਹੈਂ ? ਮਰਦੂਦ ! ਅਸੀਂ ਕਿਸ ਜੇਰੇ ਨਾਲ ਤੇਰੇ ਕਿੱਸੇ ਸੁਣੇ ਹਨ ?

ਮੌਲਵੀ–ਦੁਨਾਬ ਦੀ ਬਜ਼ੁਰਗੀ ਹੈ, ਮੈਂ ਕਾਹਲਾ

*ਨਾ ਆਦਮੀ ਜਾ ਸਕੇ ਨਾ ਟੁਕ ਸਕੇ।

*ਨੀਤੀ।

ਨਹੀਂ, ਮੈਂ ਕਹਿੰਦਾ ਹਾਂ ਕਿ ਉਸ ਵੇਲੇ ਮੈਂ ਇਕੱਲਾ ਸਾਂ, ਹੁਣ ਸਾਰੇ ਹਨ, ਮੈਂ ਇੰਨੀ ਅਕਲ ਤਾਂ ਕਰ ਹੀ ਆਇਆ ਹਾਂ ਨਾ ਕਿ ਆਪ ਨੂੰ ਸੋਚਣ ਦਾ ਵਕਤ ਮਿਲੇ ਹੋਰ ਕਛ ਸਰਿਆ ਹੈ ਕਿ ਨਹੀਂ ? ਤੁਸੀਂ ਜਾਣੋ, ਹਣ ਸੋਚ ਲਵੋ. ਜੋ ਠੀਕ ਹੋਵੇ ਕਰੋ।

ਕਾਜ਼ੀ-ਰਾਜ ਔਰੰਗਜ਼ੇਬ ਦਾ ਹੈ, ਇਹ ਗੁਰੂ ਸਰਹਿੰਦ ਦੇ ਨਵਾਬ ਤੋਂ ਹਾਰ ਖਾਕੇ ਆਇਆ ਹੈ. ਕੀ ਕਰੇਗਾ ਸਾਡਾ ? ਸਡੀ ਤਾਕਤ ਕਾਬਲ ਤੋਂ ਕਰਨਾਟਕ ਤਕ ਹੈ।

ਮੌਲਵੀ-ਠੀਕ ਹੈ ਜਦ ਤਾਈਂ ਤਾਕਤ ਦਿੱਲੀਓਂ ਆਵੇਗੀ ਤਦ ਤਕ ਤੁਸੀਂ ਕਬਰਾਂ ਵਿੱਚ ਆਰਾਮ ਫਰਮਾ ਰਹੇ ਹੋਵੋਗੇ, ਤੇ ਜਿਸ ਨੂੰ ਹਾਰਿਆ ਕਹਿੰਦੇ ਹੋ ਉਹ ਖਿਦਰਾਣੇ ਦੀ ਢਬ ਤੇ ਪੰਜ ਹਜ਼ਾਰ ਦੇ ਬੁਥਾੜ ਭੰਨ ਕੇ ਆਇਆ ਹੈ, ਵਜ਼ੀਰ ਖਾਂ ਸਰਹਿੰਦੀ ਦੀ ਹੋਸ਼ ਟਿਕਾਣੇ ਕਰ ਆਇਆ ਹੈ। ਫੇਰ ਨਿਹੱਤਾ, ਨਿਰਛੈ ਫਿਰ ਰਿਹਾ ਹੈ। ਹਾਂ, ਸੱਚੀ ਸ਼ਹਿਨਸ਼ਾਹ ਵਲੋਂ ਬੀ ਪਰਵਾਨਾ ਜਾਰੀ ਹੋਗਿਆ ਹੈ ਕਿ ਉਨ੍ਹਾਂ ਨੂੰ ਕੋਈ ਕੁਛ ਨਾ ਕਹੇ, ਪਰ ਬਈ ਤੁਸੀਂ ਦਾਨੇ ਹੋ ਫਰ ਬੀ ਸੋਚ ਲਵੋ।

ਮਸਖਰੇ ਦੀ ਇਹ ਗਲ ਪਸੰਦ ਆ ਗਈ, ਦਿਲ ਖੁਭ ਗਈ।

ਨਾਜ਼ਮ-ਫਿਰ ਕਿੰਞ ਕਰੀਏ?

ਮਸਖਰਾ-ਘਰ ਆਏ ਮਿਹਮਾਨ ਸਮਝ ਕੇ ਕਛ ਆਦਰ ਦਾ ਸਾਮਾਨ ਮਠਿਆਈ ਫਲ ਆਦਿਕ ਪਹਿਲੇ ਘੱਲ ਦਿਓ, ਪਿੱਛੋਂ ਜਾ ਕਦਮ ਬੋਸੀ ਕਰੋ, ਬਹੈਸੀਅਤ ਇਕ ਫਕੀਰ ਦੇ ਆਦਰ ਕਰੋ।

ਕਾਜ਼ੀ-ਜਾਣਾ ਹੱਤਕ ਹੈ, ਉਹ ਆ ਜਾਣ।

ਮਸਖਰਾ-ਉਨ੍ਹਾਂ ਦਾ ਆਉਣਾ ਤੁਹਾਡੀ ਹਾਣਤ ਹੈ ਉਹ ਆਉਣਗੇ ਤਾਂ ਹੈਸੀਅਤ ਹੋਵੇਗੀ, ਫਾਤਹਿ ਦਾ ਮਫਤੂਹ ਦੀ ਗੋਸ਼ਮਾਲੀ ਕਰਨ ਆਉਣਾ*।

ਕਾਜ਼ੀ-ਤੇ ਓਥੇ ਗਿਆਂ ਉਨ੍ਹਾਂ ਗੋਸ਼ਮਾਲੀ ਕਰਨੀ ਹੈ, ਜ਼ਰੂਰ।

ਮਸਖਰਾ-ਓਥੇ ਤਾਂ ਗੋਸ਼ਮਾਲੀ ਕਰਾਉਣ ਜਾਣਾ ਹੈ ਬਹੈਸੀਅਤ ਇਕ ਸ਼ਰੀਫ ਇਨਸਾਨ ਦੇ, ਪਾਸ ਇਕ ਵਲੀ ਦੇ।

੧. ਮੁਸਾ:-ਮੌਲਵੀ ਸਾਹਿਬ ਦੀਰਾਇਸਲੀਮ ਹੈ।

ਦੂਸਰਾ-ਠੀਕ ਹੈ।

ਮਸੱਦੀ-ਚੱਲਣਾ ਠੀਕ ਹੈ, ਅਸੀਂ ਹਮਰਕਾਬ ਜਾਵਾਂਗੇ।

ਇਸਤਰ੍ਹਾਂ ਦੇ ਬਖੇੜੇ ਝਗੜੇ ਮਗਰੋਂ ਸਾਰੇ ਪਿਛਲੇ ਰਸਤੇ ਹਾਕਮ ਦੇ ਘਰ ਪੁੱਜੇ, ਓਥੋਂ ਕੁਛ ਨਜ਼ਰਾਨਾ ਤੇ ਸੰਦੇਸ਼ਾ ਮੀਰ ਮੁਨਸ਼ੀ ਹੱਥ ਘੱਲਿਆ, ਫੇਰ ਸਾਰੇ ਤਿਆਰ ਹੋਕੇ ਆਪ ਅੱਪੜੇ। ਜਾਕੇ ਬੜੇ ਅਦਬ ਨਾਲ ਮਿਲੇ, ਸਤਿਗੁਰਾ ਹਥ ਨਾਲ ਆਦਰ ਦਿਤਾ ਤੇ ਫੇਰ ਵਾਰਤਾਲਾਪ ਸ਼ੁਰੂ ਹੋਈ:-

ਮੌਲਵੀ ਹਜ਼ੂਰ ਅਨਵਰ ਆਪ ਦੇ ਕਦਮਾਂ ਦੇ ਯੁਮਨ ਨਾਲ ਅਸੀਂ ਅੱਜ ਫੈਜ਼ਯਾਬ ਹੋਏ ਹਾਂ, ਆਪ ਦੀਨ ਦੇ ਹਾਦੀ ਹੋ,ਸਭ ਦੇ ਸਾਂਝੇ ਹੋ, ਆਪ ਨੂੰ ਕਿਸੇ ਨਾਲ ਦ੍ਵੈਖ ਨਹੀਂ, ਸਾਡੇ ਪਾਸੋਂ ਇਕ ਚੁੱਕੇ ਚੁਕਾਏ ਉਕਾਈ ਹੋ ਗਈ ਜੋ ਗੁਲਾਬ ਸਿੰਘ ਜੀ ਨੂੰ ਤਸਦੀਆ ਪੁਜਾ ਹੈ, ਸੋ ਆਪ ਨੇ ਅਪਣੀ ਫਕੀਰਾਨਾ ਸਿਹਰ ਵਿਚ ਚਿੱਤੋਂ ਭੁਲਾ ਦਿੱਤੀ ਹੋਣੀ ਹੈ, ਸਾਡੇ ਸਰਿਆਂ ਵਲੋਂ ਇਸ ਨਾਵਾਜਬ ਹੋਣਹਾਰ ਤੇ ਇਜ਼ਹਾਰ ਅਫਸੋਸ ਹੈ।

ਇਸ ਤਰ੍ਹਾਂ ਦੀ ਰਸਮੀ ਗੁਫਤਗੂ ਸੁਣ ਕੇ ਸਤਿਗੁਰੂ ਜੀ ਦੇ ਗੰਭੀਰ ਨੈਣ ਹੋਰ ਗੰਭੀਰ ਹੋ ਗਏ। ਝੁੱਲ, ਜੋ ਰਤਾ ਰਤਾ ਦੇਦਾਂ ਹੇਠ ਹੁੰਦੇ ਸਨ ਝੁੱਲ ਨਹੀਂ ਮਿਟੇ ਰਹੇ। ਆਪ ਸੁਣਦੇ ਰਹੇ ਅਰ ਅਡੋਲ ਬੈਠੇ ਰਹੇ; ਫੇਰ ਜਦ ਚੁੱਪ ਹੋਈ ਸਿਰ ਜ਼ਰਾ ਕੁ ਹਿਲਾਇਆ ਤੇ ਹੱਥ ਨਾਲ ਪਧਾਰ ਦਾ ਇਸ਼ਾਰਾ ਕਰਕੇ ਉੱਠ ਖੜੋਤੇ। ਨਬੀ ਖਾਂ ਦੇ ਮੋਢੇ ਤੇ ਹਥ ਧਰਕੇ ਅਪਣੇ ਮਗਰ ਆਉਣ ਦਾ ਇਸ਼ਾਰਾ ਕੀਤਾ। ਕਛ ਦੂਰ ਚਲ ਗਏ, ਗੁਰੂ ਸਾਹਿਬ ਤੇ ਹਾਕਮ, ਨਜ਼ਰੋਂ ਉਹਲੇ ਹੋ ਗਏ। ਏਥੇ ਨਬੀ ਖਾਂ ਬੇਵਸਾ ਪੈਰਾਂ ਤੇ ਢਹਿ ਪਿਆ ਤੇ ਸਤਿਗੁਰ ਜੀ ਨੇ ਕੁਛ ਪਿਆਰ ਦੇ ਬਚਨ ਕੀਤੇ ਜੋ ਸਮਾ ਗਏ ਉਸਦੇ ਅੰਦਰ ਲਹਿ ਗਏ ਬੱਲੇ ਹੀਏ ਵਿਚ, ਹਸ਼ ਪਰਤੀ ਰਜ ਮਦ ਤੋਂ। 'ਜੁਨਾਬ, ਮਿਹਰ' ਦੋ ਲਫਜ਼ ਬਾਰ ਬਾਰ ਉਸਦੇ ਮੂੰਹੋਂ ਨਿਕਲਦੇ ਰਹੇ, ਫੇਰ ਸਤਿਗੁਰ ਮੁੜੇ, ਮਗਰੇ ਮਗਰ ਆਇਆ ਸਿਰ ਨਿਹੁੜਾਈ ਕਿਸੇ ਰੰਗ ਵਿਚ, ਹੋਸ਼ ਵਿਚ,ਯਾਦ ਵਿਚ ਨਬੀ ਖਾਂ। ਫਿਰ ਨਹੀਂ ਉਹ ਕਦੇ ਕੁਸਕਿਆ ਕੋਈ ਵਾਧੂ ਗੱਲ, ਜਾਂ ਜ਼ੋਰ ਜ਼ੁਲਮ ਧੱਕਾ ਕੀਤਾ ਕੋਈ। ਕੋਈ ਮੁਹਰ

*ਜਿਤੇ ਹੋਏ ਸੂਰਮੇ ਦਾ ਹਾਰੇ ਹੋਏ ਨੂੰ ਸਜ਼ਾ ਦੇਣਾ।

ਲਗ ਗਈ ਮੂੰਹ ਤੇ, ਅੰਦਰ ਕੁਛ ਵਾਪਰ ਗਿਆ ਜਿਸਨੂੰ ਉਹ ਜਾਣਦਾ ਹੋਊ, ਪਰ ਫਿਰ ਪਰਜਾ ਉਸ ਦੇ ਵਕਤ ਵਿਚ ਸੁਖੀ ਰਹੀ।

ਸਤਿਗੁਰ ਦਾਤੇ ਬਸੰਤ ਰੁਤ ਦੀ ਅੰਮ੍ਰਿਤ ਵੇਲੇ ਦੀ ਮਿੱਠੀ ਮਿੱਠੀ, ਪਿਆਰੀ ਪਿਆਰੀ ਵਾਯੂ ਵਾਂਙੂ ਕੈਦੋਂ ਛੁਡਾਏ ਸਿਖ ਨੂੰ, ਨਾਲ ਲੈਕੇ ਸਰਸੇ ਆ ਗਏ। ਗੁਲਾਬ ਸਿੰਘ ਦੀ ਲੁਕਾਈ ਕਾਕੀ ਪਿਤਾ ਦੇ ਗਲ ਮਿਲੀ, ਵਿਛੁੜਿਆ ਪਰਿਵਾਰ ਫਿਰ ਮਿਲਿਆ, ਸੁਖ ਵਰਤੀ, ਠੰਢ ਪਈ।

ਆਖੋ—ਧੰਨ ਖੁੱਲ੍ਹਾਂ ਦਾ ਦਾਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ!

—o—

ਗੀਤ—

ਦਰਸ਼ਨ-ਜੋਦੜੀ

[ਰਾਗ ਪਹਾੜੀ, ਤਾਲ ੩]

ਅਸਥਾਈ—

ਇਕ ਵੇਰੀ ਫੇਰ ਦਿਖਾਈਂ, ਵੇ ਦਿਖਾਈਂ
ਮੈਂ ਕਮਲੀ ਦਿਆ ਸੁਹਣਿਆਂ।
ਕਲਗੀ ਦੀ ਝਮਕ ਦਿਖਾਈਂ ਵੇ ਦਿਖਾਈਂ
ਮੈਂ ਕਮਲੀ ਦਿਆ ਸੁਹਣਿਆਂ!

ਅੰਤਰਾ—

ਅਵੇ ਆ ਕਲਗੀ ਵਾਲਿਆ!
ਕਿਵੇਂ ਆ ਕਲਗੀ ਵਾਲਿਆ!
ਇਕ ਵੇਰੀ ਝਾਤ ਪੁਆਈਂ, ਵੇ ਪੁਆਈਂ
ਮੈਂ ਕਮਲੀ ਦਿਆ ਸੁਹਣਿਆਂ।

੨. ਪਛੜ ਪਛੜ ਮੈਂ ਵੇ ਆਈ, ਵੇ ਆਈ!
ਮੈਂ ਕਮਲੀ ਦਿਆ, ਸੁਹਣਿਆਂ।
ਇਕ ਫੇਰਾ ਫੇਰ ਤੂੰ ਪਾਈਂ, ਤੂੰ ਪਾਈਂ
ਮੈਂ ਕਮਲੀ ਦਿਆ ਸੁਹਣਿਆਂ!
ਅਵੇ ਆ ਕਲਗੀ ਵਾਲਿਆ!
ਕਿਵੇਂ ਆ ਕਲਗੀ ਵਾਲਿਆ!
ਇਕ ਵੇਰੀ ਝਾਤ ਪੁਆਈਂ, ਵੇ ਪੁਆਈਂ
ਮੈਂ ਕਮਲੀ ਦਿਆ ਸੁਹਣਿਆਂ!

੩. ਸਿਕਦੇ ਮੈਂ ਨੈਣ ਠਰਾਈਂ, ਵੇ ਠਰਾਈਂ
ਮੈਂ ਕਮਲੀ ਦਿਆ ਸੁਹਣਿਆਂ।
ਇਕ ਵੇਰੀ ਠੰਢਕ ਪਾਈਂ, ਵੇ ਪਾਈਂ,
ਮੈਂ ਕਮਲੀ ਦਿਆ ਸੁਹਣਿਆਂ।
ਅਵੇ ਆ ਕਲਗੀ ਵਾਲਿਆ!
ਕਿਵੇਂ ਆ ਕਲਗੀ ਵਾਲਿਆ!
ਇਕ ਵੇਰੀ ਝਾਤ ਪੁਆਈਂ, ਵੇ ਪੁਆਈਂ
ਮੈਂ ਕਮਲੀ ਦਿਆ ਸੁਹਣਿਆਂ।

੪. ਇਕ ਵੇਰ ਚਰਨ ਚੁਮਾਈਂ, ਵੇ ਚੁਮਾਈਂ
ਮੈਂ ਕਮਲੀ ਦਿਆ ਸੁਹਣਿਆਂ।
ਸੁਹਣੇ ਓ ਚਰਨ ਚੁਮਾਈਂ, ਵੇ ਚੁਮਾਈਂ
ਮੈਂ ਕਮਲੀ ਦਿਆ ਸੁਹਣਿਆਂ।
ਅਵੇ ਆ ਕਲਗੀ ਵਾਲਿਆ!
ਕਿਵੇਂ ਆ ਕਲਗੀ ਵਾਲਿਆ!
ਇਕ ਵੇਰੀ ਝਾਤ ਪੁਆਈਂ, ਵੇ ਪੁਆਈਂ
ਮੈਂ ਕਮਲੀ ਦਿਆ ਸੁਹਣਿਆਂ।

ਸੂਚਨਾ—ਭੰਗਾਣੀ ਜੁਧ ਪਿਛੇ (ਪੂਰਬਾਰਧ ਵਿਚ) ਆ ਚੁਕਾ ਹੈ, ਪੀਰ ਬੁਧੂ ਸ਼ਾਹ ਦਾ ਕੁਛ ਹਾਲ ਉਸ ਵਿਚ ਸੀ। ਇਹ ਪਹਿਲਾ ਥੀ ਪੱਕਾ ਸ਼ਰਦੀ ਨਹੀਂ ਸੀ, ਇਸ ਕਰਕੇ ਇਸ ਨਾਲ ਹਾਕਮ ਤੇ ਸ਼ਰਦੀ ਵਢਕੇ ਖੁਣਸਦੇ ਸਨ, ਜਦੋਂ ਇਹ ਭੰਗਾਣੀ ਵਿਚ ਗੁਰੂ ਕੀ ਸੇਵਾ ਕਰ ਆਇਆ ਤਾਂ ਰਾਜ ਕੋਪ ਅੰਦਰੋਂ ਅੰਦਰ ਵਧ ਗਿਆ ਸੀ। ਪਰ ਇਸਦਾ ਪ੍ਰਤਾਪ ਤੇ ਸਿਖਾਂ ਦਾ ਵਧਦਾ ਰੋਅਬ ਸਹਾਈ ਰਿਹਾ। ਜਦੋਂ ਅਨੰਦਪੁਰ ਦੀ ਰਾਜਧਾਨੀ ਲੁਟ ਗਈ ਤੇ ਚਮਕੌਰ ਦਾ ਸਾਕਾ ਹੋਇਆ ਤਾਂ ਉਸਮਾਨ ਖਾਨ ਹਾਕਮ ਸਢੌਰਾ ਨੂੰ ਆਪਣੇ ਆਪ ਯਾ ਸਰਹਿੰਦ ਤੋਂ ਆਏ ਇਸ਼ਾਰੇ ਨਾਲ ਦਲੇਰੀ ਪੈ ਗਈ ਬੁਧੂ ਸ਼ਾਹ ਨੂੰ ਕਤਲ ਕਰ ਦੇਣ ਦੀ। ਏਹੋ ਹਾਲ ਕੁਛ ਅਗਲੇ ਪ੍ਰਸੰਗ ਤੋਂ ਵਿਦਿਤ ਹੋ ਜਾਏਗਾ। ਯਾਦ ਰਹੇ ਕਿ ਸੰਮਤ ੧੭੬੬-੬੭ ਵਿਚ ਬਾਬੇ ਕੰਦੇ ਨੇ ਇਸ ਅਪਰਾਧ ਵਿਚ ਸਢੌਰੇ ਤੇ ਹਮਲਾ ਕਰਕੇ ਉਸਮਾਨ ਖਾਂ ਨੂੰ ਮੌਤ ਦਾ ਦੰਡ ਦਿਤਾ ਸੀ।

੮੯. ਨਸੀਰਾਂ ਯਾ ਨਸੀਰ ਬੇਗ਼ਮ*।

ਸੱਚ ਦੀ ਸ਼ਮਾ ਦੇ ਪਰਵਾਨੇ।

੧. [ਇਕ ਪਰਿਵਾਰ ਨੁਛਾਵਰ]।

ਅਪਣੇ ਮਹਿਲ ਸਚੌਰੇ ਵਿਚ ਨਸੀਰਾਂ† ਉਦਾਸ ਬੈਠੀ ਨੇ ਲੰਮਾਂ ਹਾਹੁਕਾ ਲੈਕੇ ਗਾਇਆ:—

ਫੁੱਲ ਖਿੜੇ ਫੁਲਵਾੜੀ ਸਹੀਓ,
ਅੰਬ ਸ਼ਗੂਫੇ ਨਾਲ ਭਰੇ।
ਬੁਲਬੁਲ ਭੌਰੇ ਆਨ ਜੁੜੇ ਹਨ,
ਕੋਇਲ ਕੂ ਕੂ ਕੂਕ ਕਰੇ।
ਦੋਵੇਂ ਲਾਲ ਅੱਖ ਦੇ ਤਾਰੇ,
ਨਜ਼ਰ ਨ ਆਵਣ ਸੁੰਞ ਪਈ।
ਅੰਮੀ ਜਾਇਆ ਵੀਰ ਨ ਦਿੱਸੇ,
ਨੈਣੀਂ ਨੀਰ ਅਸਾਰ ਝਰੇ।

ਸੈਦ ਖਾਨ—ਪਿਆਰੀ ਭੈਣ ਜੀਉ! ਤੁਸੀਂ ਆਲਿਮ ਹੋ, ਦੀਨਦਾਰ ਹੋ, ਫਕੀਰੀ ਖ਼ਾਨਦਾਨ ਵਿਚ ਆਦਰ ਜੋਗ ਹੋ, ਜ਼ਰਾ ਦਿਲ ਨੂੰ ਢਾਰਸ ਦਿਓ, ਜੋ ਅੱਲਾ ਦੀ ਮਰਜ਼ੀ ਸੀ ਹੋ ਗਈ, ਹੁਣ ਸਬਰ ਸ਼ਕਰ ਤੋਂ ਕੰਮ ਲਓ, ਇਸ ਤਰ੍ਹਾਂ ਦਿਨ ਰਾਤ ਰੁੜ੍ਹਿਆਂ ਕੀਹ ਬਣੇਗਾ?

ਨਸੀਰਾਂ—ਮੇਰੇ ਵੀਰ ਜੀਉ! ਮੈਂ ਬਥੇਰਾ ਜ਼ੋਰ ਲਾਉਂਦੀ ਤੇ ਏਸ ਅਸੋਜ਼ ਮਨ ਨੂੰ ਸਮਝਾਉਂਦੀ ਹਾਂ, ਇਨ੍ਹਾਂ ਸੜਦੇ ਹੰਝੂਆਂ ਨੂੰ ਅੱਖਾਂ ਦੇ ਪਿੱਛੇ ਬੰਨ੍ਹ ਬੰਨ੍ਹ ਬਹਾਉਂਦੀ ਹਾਂ, ਪਰ ਕਲੇਜੇ ਦੀ ਤੜਪ ਕੁਝ ਪੇਸ਼ ਨਹੀਂ ਜਾਣ ਦਿੰਦੀ। ਕਲੇਜੇ ਨੂੰ ਵੀ ਥੰਮ੍ਹਦੀ ਹਾਂ, ਕੁਰ ਨ ਪੜ੍ਹਦੀ ਹਾਂ, ਹਦੀਸਾਂ ਵਿਚਾਰਦੀ ਹਾਂ, ਪਰ 'ਵੀਰ ਵਿਛੋੜਾ' ਤੇ 'ਪੁੱਤਾਂ ਦਾ ਸੱਲ' ਮੱਲੋ ਮੱਲੀ ਬਿਹਬਲ ਕਰ ਘੱਤਦਾ ਹੈ। ਹਾਂ ਤਾਂ ਮੈਂ ਬੇਸਬਰੀ, ਪਰ ਵੀਰਾ! ਉਸ ਕਾਲਜੇ ਦਾ ਕੀ ਹਾਲ ਹੋਵੇ ਜਿਸ ਦੇ ਇੱਕੋ ਦਿਨ ਦੋ ਅੱਖਾਂ ਦੇ ਤਾਰੇ ਤੇ ਇਕ ਵੀਰ ਇਸ ਸੰਸਾਰ ਵਿਚੋਂ ਗ਼ਾਇਬ ਹੋ ਜਾਵਣ? ਸ਼ਾਹ ਸਾਹਿਬ ਬੀ ਬੜਾ ਹੀ ਸਮਝੌਂਦੇ ਹਨ, ਪਰ ਵੀਰ ਜੀ! ਪੱਤੋ ਵਲ੍ਹੂੰਧਰਿਆਂ ਦਰੱਖਤਾਂ ਦੇ ਫੱਟ ਬੀ ਉਸੇ ਵੇਲੇ ਨਹੀਂ ਸੁੱਕ ਜਾਂਦੇ, ਮੈਂ ਤਾਂ ਆਦਮ ਜ਼ਾਤ ਤ੍ਰੀਮਤ ਹਾਂ।

ਸੈਦ ਖਾਨ—ਬੀਬੀ ਰਾਣੀ ਤੇ ਚੰਗੀ ਚੰਗੀ ਭੈਣ ਜੀਉ! ਤੁਸੀਂ ਸੱਚੇ ਹੋ, ਮੇਰਾ ਆਪਣਾ ਤੁਸਾਂ ਤੋਂ ਬੁਰਾ ਹਾਲ ਹੈ, ਮੈਂ ਜਿਸ ਵੇਲੇ ਕਾਬਲ ਵਿਚ ਅਜ਼ੀਜ਼ਾਂ (ਪਿਆਰਿਆਂ) ਦੀ ਮੌਤ ਸੁਣੀ, ਮੈਂ ਬਿਹਬਲ ਹੋ ਗਿਆ ਸਾਂ, ਹੁਣ ਤਕ ਮੇਰੇ ਅੰਦਰੋਂ ਅੱਗ ਦੀ ਖਿੱਚ ਦਾ ਗੁਬਾਰ ਉੱਠਦਾ ਹੈ ਕਿ ਅੱਖਾਂ ਤੋਂ ਪਾਣੀ ਹੀ ਨਿਕਲਦਾ ਹੈ, ਪਰ ਕੀਤਾ ਕੀ ਜਾਵੇ? ਮੌਤ ਉਹ ਦੁਖ ਹੈ ਜਿਸ ਦਾ ਦਾਰੂ ਨਹੀਂ ਹੈ, ਇਹ ਐਸੀ ਹੋ ਚੁਕਣੀ ਹੈ ਕਿ ਮੁੜਨਹੀਂ ਬਦਲ ਸਕਦੀ। ਹਾਰ ਵੈਰਾਗ ਕਰੋ, ਸਿਵਾ ਆਪੇ ਨੂੰ ਸਾਜ਼ਨ ਖੋਰਨ ਦੇ ਹੋਰ ਕੁਝ ਨਹੀਂ। ਅੰਤ ਦਿਨ ਗੁਜ਼ਾਰ ਰੋ ਧੋ ਖਪ ਖਪਾ ਕੇ ਕਲੇਜੇ ਨੂੰ ਕੋਈ ਨਾ ਕੋਈ ਢੱਕਣ ਆ ਹੀ ਜਾਂਦਾ ਹੈ! ਭਾਵੇਂ ਵਿਛੋੜੇ ਦੇ ਦਾਗ ਧੋਤਿਆਂ ਨਹੀਂ ਕਦੇ ਲੱਥੇ, ਪਰ ਦਿਨ-ਕਟੀ ਹੋਣ ਹੀ ਲੱਗ ਪੈਂਦੀ ਹੈ। ਹਾਂ, ਜੇ ਕਦੇ ਅੱਲਾ ਰਹਿਮ ਕਰੇ, ਕੋਈ ਸਬਰ ਸ਼ਕਰ ਦਾ ਤੋਸ਼ਾ ਦਰੋਂ ਘਰੋਂ ਘੱਲ ਦੇਵੇ ਤਾਂ ਮਨ ਛੇਤੀ ਸੁਖੀ ਹੋ ਜਾਂਦਾ ਹੈ। ਅੱਲਾ ਦੇ ਪਿਆਰ ਵੱਲ ਦਖ਼ ਕੀਤਿਆਂ ਜ਼ੋਰ ਖ਼ਬਦੇ ਹੋ ਆਉਂਦਾ ਹੈ।

ਨਸੀਰਾਂ—ਤੇ ਵੀਰ ਵੇ! ਜਿਸ ਦੇ ਪੁੱਤ ਸ਼ੀਹਾਂ ਜੇਡੇ ਜੁਆਨ, ਯੂਸਫ ਵਰਗੇ ਸੁਹਣੇ, ਲਹੂ ਲੁਹਾਨ ਹੋ ਖ਼ਾਕ ਵਿਚ ਰਲ ਧੂਲ ਮਿੱਟੀ ਹੋ ਚੁਕੇ ਹੋਣ ਤੇ ਦੋ ਹਰ ਓਸੇ ਕਿਸਮਤ ਲਈ ਈਦ ਦੇ ਬੱਕਰੇ ਵਾਂਗੂ ਪਲ ਰਹੇ ਹੋਣ, ਉਸ ਮਾਂ ਨੂੰ ਕਿਹੜਾ ਸਬਰ ਆਕੇ ਹੌਂਸਲਾ ਬਨ੍ਹਾਵੇ? ਵੀਰਾ! ਦੋ ਭੇਟਾ ਦੇ ਬੈਠੀ, ਦੋ ਹੋਰ ਭੇਟਾ ਦੇਣ ਲਈ ਪਾਲ ਰਹੀ ਹਾਂ। ਕਾਸ਼! ਮੈਂ ਔਤ੍ਰੀ ਹੁੰਦੀ, ਮੇਰੀ ਨਿਕਰਮਣ ਕੁੱਖ ਸਦਵੀ ਨਾ ਹੁੰਦੀ, ਨਾ ਹੀਰੇ ਮਿਰਗ ਪਾਲਦੀ, ਨਾ ਕੁਹੀਂਦੇ ਮਰਦੇ ਵੇਖਦੀ।

ਇਹ ਕਹਿ ਨਸੀਰਾਂ ਦੀਆਂ ਭੁੱਬਾਂ ਨਿਕਲ ਗਈਆਂ, ਰੋਂਦੀ ਰੋਂਦੀ ਬੇਸੁਧ ਹੋ ਗਈ। ਗੋਲੀਆਂ ਬਾਂਦੀਆਂ ਅਰਕ ਗੁਲਾਬ ਤੇ ਕਿਉੜੇ ਨੂੰ ਭੱਜੀਆਂ। ਇਕ ਨੇ ਝੋਲੀ ਪਾ ਲਿਆ, ਇਕ ਦੰਦਨ ਖੁਹਲਣ

---

*ਇਹ ਪੁਸ੍ਤਕ ਸੰ: ਰੁ: ਨਾ: ਸਾ: ੪੪੯ (੧੯੧੭ ਈ:) ਨੇ ਗੁਰਪੁਰਬ ਸ੍ਰਾਤਮੀ ਸਮੇਂ ਟ੍ਰੈਕਟ ਦੀ ਸੂਰਤ ਵਿਚ 'ਸੁਹਣਿਆਂ ਦੇ ਸਲਭਾਨ' ਨਾਮ ਹੇਠ ਪ੍ਰਕਾਸ਼ਿਆ ਸੀ।

†ਪੀਰ ਬੁਧੂ ਸ਼ਾਹ ਦੀ ਇਸਤ੍ਰੀ ਦਾ ਨਾਮ।

ਨੱਠੀ, ਇਕ ਸ਼ਾਹ ਸਾਹਿਬ ਵਲ ਦੀਵਾਨ ਖਾਨੇ ਦੌੜੀ ਗਈ। ਗੱਲ ਕੀ ਪਲੋ ਪਲੀ ਵਿਚ ਸ਼ਾਹ ਸਾਹਿਬ ਆ ਗਏ, ਹੋਸ਼ ਲਿਆਉਣ ਦਾ ਜਤਨ ਹੋਣ ਲਗ ਪਿਆ ਤੇ ਜਤਨ ਕਾਰਗਰ ਹੋ ਗਿਆ। ਬੀਬੀ ਦੀ ਹੋਸ਼ ਪਰਤ ਆਈ ਪਰ ਨਿਢਾਲ ਅਤਿ ਸੀ।

ਸੈਦ ਖਾਨ ਆਪੇ ਨੂੰ ਰੋਕਦਾ ਸੀ, ਪਰ ਉਸ ਪਾਸੋਂ ਨਾ ਰਿਹਾ ਗਿਆ, ਰੋਕਦੇ ਰਾਕਦੇ ਸ਼ਾਹ ਸਾਹਿਬ ਨਾਲ ਗੱਲੀਂ ਜੁੱਟ ਪਿਆ, ਆਖਣ ਲੱਗਾ "ਆਪ ਵੱਡੇ ਹੋ ਤੇ ਮੇਰੇ ਸਭ ਤਰ੍ਹਾਂ ਆਦਰ ਯੋਗ ਹੋ, ਮਿਹਰ ਕਰੋ ਤੇ ਇਕ ਦਾਨ ਦਿਓ, ਦੂਸਰੇ ਸਾਹਿਬਜ਼ਾਦਿਆਂ ਨੂੰ ਮੈਦਾਨ ਜੰਗ ਵਿਚ ਨਹੀਂ ਟੋਰਨਾ। ਆਪ ਫਕੀਰ ਹੋ, ਫਕੀਰਾਂ ਨੂੰ ਜੰਗ ਜੱਦਲਾਂ ਨਾਲ ਕੀਹ ? ਇਹ ਮੁਲਕਗੀਰੀਆਂ ਖੁਸਰਵਾਂ (ਪਾਤਸ਼ਾਹਾਂ) ਨੂੰ ਹੀ ਸਲਾਮਤ ਰਹਿਣ। ਤਹਾਨੂੰ ਅੱਲਾ ਨੇ ਸੁਖ ਹੀ ਸੁਖ ਬਖਸ਼ਿਆ ਹੈ, ਅੱਲਾ ਦੀ ਯਾਦ ਵਿਚ ਸੁਖੀ ਦਿਨ ਗੁਜ਼ਾਰੋ। ਭੀਰ, ਤੁਫੰਗ, ਗੋਲੇ, ਕੁਚ, ਖੂੰਨ, ਮਰਨਾ, ਮਾਰਨਾ, ਇਹ ਅਸਾਂ ਸਿਪਾਹੀਆਂ ਲਈ ਅੱਲਾ ਨੇ ਲਿਖ ਦਿੱਤੀਆਂ ਹਨ, ਸੋ ਸਿਰ ਮੱਥੇ ਉੱਤੇ।

ਸ਼ਾਹ ਸਾਹਿਬ—ਖਾਨ ਜੀਉ ! ਮੈਂ ਸਿਪਾਹੀ ਨਹੀਂ, ਨਾ ਮੁਲਕਗੀਰੀ ਦੀ ਹਵਸ ਹੈ, ਨਾ ਮੈਂ ਜੰਗ ਵਿਚ ਸ਼ਾਮਲ ਹੋਣ ਦਾ ਕਾਰਨ ਹਿਰਸ ਹੈ। ਮੈਂ ਤਾਂ 'ਇਸ਼ਕ' ਤੇ 'ਅਸੂਲ' ਦੇ ਨੁਕਤੇ ਤੋਂ 'ਸ਼ਰੀਕੇ ਜੰਗ' ਹੋਇਆ ਸਾਂ ਏ—ਅੱਲਾ ਮੈਨੂੰ ਸਬਰ ਦੇਵੇ ਮੈਂ—ਵਡਭਾਗ ਹਾਂ ਕਿ ਮੇਰੇ ਪੁੱਤ੍ਰ ਮੇਰੇ ਮਹਿਬੂਬ ਦੇ ਕੰਮ ਆਏ। ਦੋ ਗੋਸ਼ਤ ਦੇ ਟੁਕੜੇ ਜਿਨ੍ਹਾਂ ਵਬਾ, ਮਰੀ, ਹਾਦਸੇ, ਕਿਸੇ ਹੀਲੇ ਅੰਤ ਮਰਨਾ ਹੀ ਸੀ, ਉਹ ਇਕ ਅੱਲਾ ਦੀ ਖ਼ਿਦਮਤ, ਦੂਜੇ ਰਸੂਲ ਦੀ ਖ਼ਿਦਮਤ, ਤੀਜੇ ਅਸੂਲ ਪ੍ਰਸਤੀ ਲਈ ਤਸੱਦਕ (ਸਦਕੇ) ਹੋ ਗਏ। ਮੈਂ ਸੋਭ੍ਰਾ ਹੋ ਗਿਆ ਹਾਂ, ਨਸੀਬਾਂ ਦੀ ਕੁੱਖ ਹਰੀ ਹੋ ਗਈ ਹੈ। ਰਹਿੰਦੀ ਦੁਨੀਆਂ ਤਕ ਇਸ ਦੀ ਕੁਰਬਾਨੀ ਉਤੇ ਅਰਸ਼ਾਂ ਤੋਂ ਰਹਿਮਤ ਬਰਸੇਗੀ।

ਸੈਦਖਾਨ—ਸ਼ਾਹ ਸਾਹਿਬ ! ਮੈਨੂੰ ਖੁਦ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਮੈਂ ਸਿਪਾਹਗੀਰੀ ਦੇ ਵਿਰੁੱਧ ਕੁਛ ਆਖਾਂ। ਮੈਂ ਆਪ ਸਿਪਾਹੀ ਹਾਂ, ਪੰਜ ਹਜ਼ਾਰੀ ਦਾ ਦਰਜਾ ਕਈ ਬਹਾਦਰੀਆਂ ਕਰਕੇ ਪਾ ਚੁੱਕਾ ਹਾਂ, ਪਰ ਪਤਾ ਨਹੀਂ ਹਮਸ਼ੀਰਾ ਸਾਹਿਬਾ ਦੇ ਸਦਮੇ ਨੇ ਮੈਨੂੰ ਕਿਉਂ ਕਮਜ਼ੋਰ ਕਰ ਦਿੱਤਾ ਹੈ? ਬਰਖੁਰਦਾਰਾਂ ਦੀ ਤੇ ਵੀਰਦੀ ਮੌਤ ਮੈਂ ਕਾਬਲਵਿਚਸੁਣੀ ਸੀ, ਸੁਣਦੇਸਾਰ ਗ਼ਮਜ਼ਦਾ ਤੇ ਸਖ਼ਤਉਦਾਸ ਹੋਗਿਆ ਸਾਂ, ਖਯਾਲ ਸੀ ਕਿ ਮੈਂ ਵਤਨ ਆਕੇ ਕੁਛ ਸੁਖੀ ਹੋ ਜਾਸਾਂ ਪਰ ਇੱਥੇ ਆਕੇ ਹੋਰ ਬੀ ਦੁਖੀ ਹੋਗਿਆ ਹਾਂ। ਖੈਰ ! ਕੁਛ ਹੈ ਤੇ ਕਿਸੇ ਤਰ੍ਹਾਂ ਹੈ, ਚਾਹੇ ਕਮਜ਼ੋਰੀ ਹੈ ਚਾਹੇ ਮੁਹੱਬਤ, ਇਹ ਇਕਰਾਰ ਮੈਂ ਆਪ ਤੋਂ ਜ਼ਰੂਰ ਲੈਣਾ ਹੈ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਆਪ ਮੈਦਾਨ ਜੰਗ ਵਿਚ ਨਹੀਂ ਘੱਲੋਗੇ।

ਸ਼ਾਹ ਸਾਹਿਬ—ਖਾਨ ਸਾਹਿਬ ! ਆਪ ਕਿਹੜੇ ਭੁਲੇਖੇ ਵਿਚ ਹੋ, ਮੈਂ ਕਿਸੇ ਨੂੰ 'ਸ਼ਰਬਤ ਸ਼ਹਾਦਤ' ਪਿਲਾ ਸਕਦਾ ਹਾਂ, ਇਹ ਅੱਲਾ ਦੀ ਰਹਿਮਤ ਹੈ। ਵੱਡੇ ਬਰਖੁਰਦਾਰ ਤੇ ਆਪ ਭਾਈ ਸਾਹਿਬ ਤੇ ਮੇਰੇ ਛੋਟੇ ਭਈ ਸਾਹਿਬ ਨਸੀਬਾਂ ਵਾਲੇ ਸਨ ਜੋ ਓਹ ਉਹ 'ਆਬਿ ਕੌਸਰ' ਪੀ ਗਏ, ਜਿਸ ਦਾ ਜ਼ਿਕਰ ਕਰਦੇ ਹਨ ਕਿ ਬਹਿਸ਼ਤਾਂ ਵਿਚ ਹੁੰਦਾ ਹੈ। ਨਹੀਂ ਨਹੀਂ, ਰਸੂਲਾਂ ਦਾ ਰਸੂਲ ਆਪ ਜਗਤ ਵਿਚ ਆਇਆ ਹੈ ਤੇ 'ਆਬਿ ਕੌਸਰ' ਨਾਲ ਇੱਥੇ ਲੈ ਆਇਆ ਹੈ ਤੇ ਇਹ 'ਆਬਿ ਕੌਸਰ' 'ਸ਼ਰਬਤੇ ਸ਼ਹੀਦੀ' ਹੈ, ਜੋ ਉਸ ਦੇ ਫੁਰਮਾਨ ਵਿਚ, ਉਸ ਦੀ ਪ੍ਰਭੀ ਵਿਚ, ਜਾਨ ਨਿਸਾਰਾਂ, ਮੁਹੱਬਤ ਦੇ ਬੰਦਿਆਂ ਨੂੰ ਉਸ ਦੀ ਨਜ਼ਰ ਮੁਹੱਬਤ ਸ਼ਿਨਾਸ (ਪਿਆਰ ਪਛਾਣਨ ਵਾਲੀ ਦ੍ਰਿਸ਼ਟੀ) ਜਾਮ (ਪਿਆਲੇ) ਭਰ ਭਰ ਕੇ ਪਿਲਾਉਂਦੀ ਹੈ। ਮੈਂ ਬੀ ਉਸ ਮਹਿਫਲ ਵਿਚ ਗਿਆ ਸਾਂ, ਪੁੱਤ ਤੇ ਭਾਈ ਸਾਹਿਬ ਨਸੀਬਾਂ ਵਾਲੇ ਸਨ, ਪੀ ਗਏ, ਮਾਲਾ ਹੋ ਗਏ, ਜੱਨਤ ਨਸੀਬ ਹੋ (ਸੁਰਗ ਪਹੁੰਚ) ਗਏ, ਮੈਂ ਜੀਉਂਦਾ ਵਾਪਸ ਆ ਗਿਆ। ਮੇਰਾ ਨਸੀਬਾ ਯਾਵਰ ਹੁੰਦਾ, ਮੈਂ ਵੀ ਉਹ ਨਸ਼ਾ ਪੀ ਲੈਂਦਾ ਜੋ ਤਲਵਾਰ ਦੀ ਨੋਕ ਨਾਲ ਪੀਤਾ ਜਾ ਕੇ ਅਮਰ ਪਦ ਤੇ ਲੈ ਜਾਂਦਾ ਹੈ।

ਨਸੀਬਾਂ—ਵੀਰਨ ਜੀਉ ! ਸ਼ਾਹ ਸਾਹਿਬ ਨੂੰ ਨਾ ਸਮਝਾਓ, ਇਨ੍ਹਾਂ ਦੇ ਦਿਲ ਨੂੰ ਠੇਚਲ ਨਾ ਦਿਓ। ਇਹ ਕਿਸੇ ਨਸ਼ੇ ਵਿਚ ਹਨ, ਮੈਂ ਬਦਨਸੀਬ ਨਾ ਉਸ ਨਸ਼ੇ ਵਿਚ ਹਾਂ, ਨਾ ਪਹਿਲੋਂ ਮਰ ਗਈ ਕਿ ਅਪਣੇ ਦੁਲਾਰਿਆਂ ਦੀਆਂ ਖੂਨ ਆਲੂਦ (ਲਹੂ

ਲਿੱਬੜੀਆਂ) ਲਾਸ਼ਾਂ ਦਾ ਨਜ਼ਾਰਾ ਇਨ੍ਹਾਂ ਨਿੱਜ ਨਾ ਹੁੰਦੇ ਨੈਣਾਂ ਨਾਲ ਨਾ ਵੇਖਦੀ। ਕਾਸ਼! ਮੇਰੇ ਅੱਲਾ! (ਅਸਮਾਨਾਂ ਵਲ ਤੱਕਕੇ) ਕਾਸ਼! ਐ ਮੇਰੇ ਖ਼ੁਦਾ! ਐ ਮੇਰੇ ਰਸੂਲ! ਮੈਨੂੰ ਵੀ ਮੇਰੇ ਲਾਲਾਂ ਪਾਸ ਬੁਲਾ ਲੈ, ਯਾ ਹੇ ਮੇਰੇ ਅੱਲਾ! ਉਸ ਨਸ਼ੇ ਦੀ ਕੋਈ ਬੂੰਦ ਮੈਨੂੰ ਵੀ ਪਿਲਾ ਕਿ ਜਿਸ ਦੇ ਅਮਲ (ਨਸ਼ੇ) ਨਾਲ ਵਿਛੋੜੇ ਦੀ ਖੰਜਰ, ਭਰਾਵਾਂ ਤੇ ਪੁੱਤ੍ਰਾਂ ਦੇ ਵਿਛੋੜੇ ਦੀ ਸਾਂਗ ਮੇਰੇ ਸ਼ੌਹਰ (ਪਤੀ) ਦੇ ਦਿਲ ਪਰ ਬੇਅਸਰ ਪੈ ਰਹੀ ਹੈ। ਇਉਂ ਕਹਿੰਦੀ ਨਸੀਰਾਂ ਫਿਰ ਬੇਹੋਸ਼ ਹੋ ਗਈ।

ਹੁਣ ਛੋਟੇ ਨਹੀਂ ਮਾਰੇ ਗਏ, ਸ਼ਾਹ ਸਾਹਿਬ ਨੇ ਡੋਲੇ ਤੋਂ ਫੜਕੇ ਨੈਣ ਅਕਾਸ਼ਾਂ ਵੱਲ ਕਰਕੇ ਜ਼ਰਾਕੁ ਦਬਾਇਆ ਤਾਂ ਕੁਛ ਪਲਾਂ ਮਗਰੋਂ ਨੈਣ ਖੁਲ੍ਹ ਗਏ ਤੇ ਸਹਿਜੇ ਬੋਲੀ:–

(ਉੱਪਰ ਤੱਕਕੇ) "ਮੇਰੇ ਅੱਲਾ! ਮੇਰੇ ਅੱਲਾ! (ਹੇਠਾਂ ਤੱਕ ਕੇ) ਸ਼ਾਹ ਸਾਹਿਬ! ਵੀਰਨ ਜੀਉ! ਲਾਲ ਤਾਂ ਜੀਉਂਦੇ ਹਨ। ਹਾਂ ਜੀ, ਮੈਂ ਅੱਖੀਂ ਡਿੱਠੇ ਹਨ, ਵੀਰਨ ਜੀਉ! ਸੁਣੋ:

ਇਕ ਜ਼ਿਮੀਂ ਮੈਂ ਦੇਖੀ ਹੈ ਹੁਣੇ ਹੁਣੇ, ਸੋਨੇ ਦੀ ਹੈ ਤੇ ਵਿਚ ਮੋਤੀ ਤੇ ਹੀਰੇ ਜੜੇ ਹਨ। ਉਸ ਪਰ ਇਕ ਨੀਲੇ ਰੰਗ ਦਾ ਘੋੜਾ ਹੈ ਜਿਸ ਪਰ ਇਕ ਕਲਗੀਦਾਰ 'ਹੁਸਨ ਦਾ ਵਜੂਦ' ਖੜਾ ਹੈ। ਕਲਗੀ ਦੀ ਹਰ ਨੋਕ ਵਿਚ ਇਕ ਇਕ ਸੂਰਜ ਹੈ, ਮੱਥੇ ਤੇ ਜ਼ਿਗਾ ਹੈ, ਜਿਸ ਵਿਚ ਨਗਾਂ ਦੀ ਥਾਂ ਨਿੱਕੇ ਨਿੱਕੇ ਚੰਦਰਮਾਂ ਜੜੇ ਹਨ। ਗਲ ਜਾਮਾ ਹੈ, ਜਿਸ ਪਰ ਅਸਮਾਨ ਦੇ ਤਾਰਿਆਂ ਦੀ ਰੁਪਹਿਲੀ ਕਹਿਕਸ਼ਾਂ (ਅਕਾਸ਼ ਰੰਗਾ) ਵਾਙੂ ਅਫਸ਼ਾਂ (ਛਿੜਕ ਉ) ਪਈ ਲਿਸ਼ਕਦੀ ਹੈ, ਮੋਢਿਆਂ ਦੇ ਮਗਰ ਤੀਰਕਮਾਨ ਹੈ, ਪਰ ਉਹ ਕੋਈ ਬਿਜਲੀਆਂ ਹਨ ਜੋ ਅੱਖ ਦੇ ਇਕ ਇਕ ਚਮਕਾਰੇ ਵਿਚ ਹਜ਼ਾਰ ਹਜ਼ਾਰ ਲਿਸ਼ਕਾਰੇ ਮਾਰਦੀਆਂ ਹਨ। ਵੀਰਨ! ਇਸ 'ਹੁਸਨ ਵਜੂਦ' ਦੇ ਚਿਹਰੇ ਪਰ ਐਸਾ ਜਮਾਲ ਹੈ ਕਿ ਯੂਸਫ ਸੁਣਿਆ ਹੈ, ਮੇਰੀ ਜਾਚੇ ਇਨ੍ਹਾਂ ਦੇ ਮੁਬਾਰਕ ਕਦਮਾਂ ਦੀਆਂ ਤਲੀਆਂ ਯੂਸਫ ਤੋਂ ਸੁਹਣੀਆਂ ਹੋਸਨ। ਫੇਰ ਵੀਰਨ ਜੀਉ! (ਅੱਖਾਂ ਮੀਟ ਗਈ)...ਹਾਂ (ਨੈਣ ਖੋਲ੍ਹਕੇ ਫੇਰ) ਮੇਰੇ ਵੀਰਨ ਜੀਉ! ਇਸ ਚਿਹਰੇ ਵਿਚ ਰੋਅਬ ਉੱਠਦਾ ਸੀ ਚੜ੍ਹਦੇ ਸੂਰਜ ਵਾਙੂ, ਇਕ ਜਲਾਲ ਫੱਕ੍ਰਾਟੇ ਮਾਰਦਾ ਸੀ, ਮੇਰੇ ਤਾਂ ਨੈਣ ਬੰਦ ਹੋ ਹੋ ਜਾਂਦੇ ਸਨ। ਵੀਰਨ ਜੀਉ! ਇਹ ਕੌਣ ਸੀ? ਹਾਂ ਕੌਣ ਸੀ? ਜੀਉ ਜੀ! ਮੈਂ ਤੱਕ ਕੇ ਏਸੁੱਧ ਹੋ ਚੱਲੀ ਸਾਂ ਤਾਂ ਕੀ ਡਿੱਠਾ ਕਿ ਚਿਹਰੇ ਤੇ ਪਿਆਰ, ਰਸੀਲੀ, ਨਿਮਕੀ, ਨਰਮੀ, ਕੋਮਲਤਾਈ ਆ ਗਈ, ਅਵਾਜ਼ ਬੁਲਬੁਲ ਵਾਂਙ ਦਿਲ ਖਿੱਚ ਹੋ ਨਿਕਲੀ, ਨੈਣਾਂ ਤੋਂ ਮਿੱਠੇ ਤੇ ਰਸੀਲੇ ਪਿਆਰ ਦਾ ਮੀਂਹ ਵੱਸ ਉੱਠਿਆ, ਆਖਣ ਲੱਗੇ:–

'ਆਓ ਮੇਰੇ ਸ਼ੇਰੋ! ਮਾਂ ਨੂੰ ਮਿਲੋ'।

ਤਾਂ ਵੀਰਨ ਜੀਉ! ਮੇਰੇ ਦੋਵੇਂ ਸ਼ੇਰ ਨਮੂਦਾਰ ਹੋ ਗਏ, ਤੇ ਮੇਰੇ ਗਲੇ ਲਿਪਟਕੇ ਬੋਲੇ:–'ਅੰਮੀਂ! ਅਸੀਂ ਜੀਉਂਦੇ ਹਾਂ, ਅਸੀਂ ਅਰਸ਼ਾਂ ਵਿਚ ਸੁਖੀ ਤੇ ਉੱਚੇ ਹਾਂ, ਅੰਮੀਂ! ਅੱਬਾ (ਪਿਤਾ) ਨੂੰ ਆਖੀਂ ਅੱਲਾ ਤੇਰੇ ਤੇ ਰਹਿਮਤ ਕਰੇ, ਇਹ ਦਰਜਾ, ਹੇ ਅੱਬਾ! (ਪਿਤਾ) ਤੇਰੀ ਰਹਿਮਤ ਤੋਂ ਸਾਨੂੰ ਨਸੀਬ ਹੋਇਆ ਹੈ'। ਇੰਨੇ ਨੂੰ ਮੇਰੇ ਦੇਵਰ ਤੇ ਵੀਰ ਜੀ ਬੀ ਆ ਗਏ ਖੁਸ਼ ਖੁਸ਼ ਵੀਰ ਜੀ ਮੇਰੇ ਸਿਰ ਤੇ ਪਿਆਰ ਦੇਕੇ ਬੋਲੇ:–'ਹਮਸ਼ੀਰਾ ਸਾਹਿਬਾ! ਅਸਾਂ ਜੰਨਤ* ਪਾਈ, ਤੁਸੀਂ ਸਾਡੇ ਸੋਹਿਲੇ ਗਾਉਣ ਦੀ ਥਾਂ ਵੈਣ ਪਾਉ ਦੇ ਹੋ? ਭਰਾਵਾਂ ਦੇ ਦਰਜੇ ਵਧਣ ਤੇ ਭੈਣਾਂ ਰੋਣ?'

ਮੇਰੇ ਵੀਰਨ ਜੀਉ! ਫੇਰ ਓਸ 'ਹੁਸਨ ਵਜੂਦ' ਨੇ ਮੇਰੀ ਵੱਲ ਤੱਕਿਆ, ਮੈਂ ਬੇਅਖ਼ਤਿਆਰ ਹੋ ਪੈਰਾਂ ਪਰ ਡਿੱਗ ਪਈ, ਤੀਰ ਜੋ ਉਨ੍ਹਾਂ ਦੇ ਹੱਥਾਂ ਵਿਚ ਸੀ, ਜੋ ਕਿਸੇ ਪਾਰਸ ਵਰਗੇ 'ਕਦੇ ਚਮਕ ਤੋਂ ਅਦ-ਮਕ ਨਾ ਹੋਣ ਵਾਲੇ' ਧਾਤੂ ਦਾ ਬਣਿਆ ਜਾਪਦਾ ਸੀ, ਮੇਰੇ ਸਿਰ ਨਾਲ ਲਾਕੇ ਕਿਹਾ 'ਤੇਰੀ ਨਜ਼ਰ ਕਬੂਲ।' ਬੇਟੇ ਦਿੱਤੇ, ਹਾਂ, ਤੂੰ ਸਾਨੂੰ ਵੀਰ ਦੇਵਰ ਤੇ ਬੇਟੇ ਦਿੱਤੇ, ਅਸਾਂ ਤੈਨੂੰ 'ਨਾਮ' ਬਖਸ਼ਿਆ। ਤੇ ਵੀਰਨ ਜੀਉ! ਮੇਰੇ ਮੂੰਹੋਂ–ਨਹੀਂ ਲੂੰ ਲੂੰ ਥੀਂ ਨਿਕਲਿਆ:– ਵਾਹਿਗੁਰੂ!

ਫੇਰ ਮੈਨੂੰ ਕਿਸੇ ਨੇ ਮੋਢੇ ਤੋਂ ਫੜ ਕੇ ਪਿਆਰ ਦਿੱਤਾ ਤੇ ਮੇਰੇ ਨੈਣ ਖੁੱਲ੍ਹ ਗਏ।

ਹਾਂ, ਅੱਖੋ! ਮਿਟ ਜਾਓ। ਇਹ ਦਰਸ਼ਨ ਨਾ ਹਟੇ, ਅੱਖਾਂ ਅੱਗੋਂ ਨਾ ਹਟੇ।"

ਇਹ ਕਹਿਕੇ ਨਸੀਰਾਂ ਨੇ ਫਿਰ ਨੈਣ ਬੰਦ ਕਰ ਲਏ।

*ਸੁਵਰਗ।

ਕਮਰੇ ਵਿਚ ਇਕ ਸੰਨਾਟੇ ਦਾ ਆਲਮ ਛਾ ਗਿਆ; ਚੁੱਪ ਹੋ ਗਈ। ਸੈਦਖਾਨ ਦੇ ਨੈਣ ਬੰਦ ਹਨ, ਸ਼ਾਹ ਸਾਹਿਬ ਚੁੱਪ ਹਨ, ਪਰ ਪਲ ਮਗਰੋਂ ਸ਼ਾਹ ਸਾਹਿਬ ਦੇ ਗਲੇ ਨੂੰ ਕੋਈ ਅਰਸ਼ ਦੀ ਤਰਬ ਮਾਨੋ ਆ ਲੱਗੀ, ਇਕ ਇਲਾਹੀ ਸੁਰ ਵਿਚ ਗਾਉਂ ਉੱਠੇ:–

ਐ ਖੁਸਰਵੇ ਖੂਬਾਂ ਨਚ੍ਹਤੇ ਸੂਏ ਗਦਾ ਕੁਨ;
ਰਹਮ ਬਮਨ ਸੋਖਤਹਏ ਬੇ ਸਰੋ ਪਾ ਕੁਨ।
ਦਾਰਦ ਦਿਲੇ ਦਰਵੇਸ਼ ਤਮੱਨਾਏ ਨਿਗਾਹੇ
ਬਾਂ ਚਸ਼ਮੇ ਸਹਾਹ ਮਸਤ ਬਯਕ ਗ਼ਮਜ਼ਹਦਵਾਕੁਨ।
ਗਰ ਲਾਫ਼ ਜ਼ਨੱਦ ਮਾਹ ਕਿ ਮਾਨਦ ਬਜ਼ਮਾਲਤ,
ਬਿਨੁਮਾਏ ਦੁਖੇ ਖੇਸ਼ੇ ਮਾਹ ਅੰਗੁਸ਼ਤ ਨੁਮਾ ਕਨ।
ਐ ਸਰਵੇਚਮਨ ! ਅਜ਼ ਚਮਨੈ ਬਾਗ਼ੇ ਜ਼ਮਾਨੇ ਬਖ਼ਾਮ,
ਦਰੀਂ ਬਜ਼ਮੇ ਦੋ ਸਦ ਜਾਮਾ ਕਬਾ ਕੁਨ।
ਸ਼ਮਾ ਓ ਗੁਲੋ ਪਰਵਾਨਾ ਓ ਬੁਲਬੁਲ ਹਮ ਜਮ੍ਹਾਂਅੰਦ
ਐ ਦੋਸਤ ਬਿਆ ਰਹਮ ਬ ਤਨਹਾਈਏ ਮਾ ਕੁਨ।
ਬਾ ਦਿਲਸ਼ੁਦਗਾਂ ਜ਼ੋਹੋ ਰਫ਼ਾ ਤਾ ਬਕੈ ਆਖ਼ਰ,
ਆਹੰਗੇ ਵਫ਼ਾ ਤ ਕੇ ਜਫ਼ਾ ਬਹਰੇ ਖ਼ੁਦਾ ਕੁਨ।
ਮਸ਼ਨੌ ਸੁਖਨੇ ਦੁਸ਼ਮਨੇ ਬਦਗੋਏ ਮੁਦਾ ਰਾ,
ਬਹਾਫ਼ਜ਼ੇ ਮਿਸਕੀਂ ਖ਼ੁਦ ਐ ਦੋਸਤ ਵਫ਼ਾ ਕੁਨ।

ਅਰਥਾਤ:–

ਸੁਹਣਿਆਂ ਦੇ ਸੁਲਤਾਨ ਸ਼ਾਹ ਜੀ !
ਨਜ਼ਰ ਫ਼ਕੀਰਾਂ ਵੱਲ ਕਰੋ।
ਕੰਗਲਿਆਂ ਦਿਲ ਸੜਿਆਂ ਉੱਤੇ,
ਰਹਿਮਤ ਅਪਣੀ ਨਾਲ ਧਰੋ।
ਇਸ ਦਰਵੇਸ਼ ਨਿਮਾਣੇ ਦਾ ਦਿਲ
ਤਰਸੇ ਨਦਰ ਤੁਸਾਡੀ ਨੂੰ,
ਕਾਲੀ ਮਸਤ ਅੱਖ ਤੋਂ ਅਪਣੀ
ਦਿਓ ਮਟੱਕਾ ਪੀੜ ਹਰੋ।
ਜੇਕਰ ਚੰਦ ਗੱਪ ਇਹ ਮਾਰੇ:
'ਤੇਰੇ ਜੇਹਾ ਸੁਹਣਾ ਮੈਂ'
ਰੁਖ਼ ਦਿਖਲਾ ਕੇ ਉਸ ਨੂੰ ਅਪਣਾ
ਸ਼ੋਭਾ ਉਸ ਦੀ ਸਗਲ ਹਰੋ।
ਤੂੰ ਹੈਂ ਸਾਰੂ ਚਾਲ ਜਿਸ ਸੁਹਣੀ,
ਬਾਰੋਂ ਇਸ ਦਮ ਆਪ ਟੁਰੋ,
ਦੋ ਮੈ ਪੜਦੇ ਪਾੜ 'ਚੰਦ ਜੀ !'
ਮਜਲਸ ਸਾਡੀ ਆਨ ਵੜੋ।
ਸ਼ਮਾ, ਗੁਲਾਬ, ਪਤੰਗੇ, ਬੁਲਬੁਲ,
ਸਾਰੇ ਏਥੇ ਆਨ ਜੁੜੇ,
ਆ ਹੁਣ ਬੋਲੀ ! ਪਾਸ ਇਕੱਲਿਆਂ,
ਫ਼ੈਸਲ ਸਾਡੀ ਤੇ ਰਹਿਮ ਕਰੋ।
ਦਿਲ ਦੇ ਚੁਕਿਆਂ ਪਰ ਕੀ ਧੱਕਾ
ਕਦ ਤਕ ਮਿਲਨ ਜੁਦਾਈਆਂ ਜੀ ?
ਰੱਬ ਵਾਸਤੇ ਮਾਰ ਜੁਦਾਈਆਂ,
ਸਮਾਂ ਬਿਰਦ ਦਾ, ਪਾਲ ਵਰੋ।
ਦੂਤੀ ਦੁਸ਼ਮਨ ਦੀ ਹੁਣ ਲੂਡੀ
ਰੱਬ ਵਾਸਤੇ ਸੁਣਨੀ ਨਾਂ,
ਅਪਨਾਏ ਕੰਗਲੇ 'ਹਾਫ਼ਜ਼' ਨੂੰ
ਲੜ ਲਾ ਓ, ਲਜ ਪਾਲ ਧਰੋ।

ਇਸ ਤਰ੍ਹਾਂ ਆਖਦੇ, ਗਾਉਂਦੇ ਸ਼ਾਹ ਸਾਹਿਬ ਜੀ ਚੁੱਪ ਹੋ ਗਏ ਤੇ ਚੁੱਪ ਹੋਏ ਅਪਣੇ ਆਪ ਵਿਚ ਮਗਨ ਹੋ ਗਏ। ਸਾਹਮਣੇ ਨਸੀਰਾਂ ਉਸੇ ਧਿਆਨ ਨੂੰ ਸੁਰਤਿ ਦਾ ਜੱਫਾ ਮਾਰੀ ਮਗਨ ਬੈਠੀ ਸੀ ਤੇ ਸੱਜੇ ਪਾਸੇ ਸੈਦ ਖਾਂ ਜੀ ਸ਼ਾਹ ਸਾਹਿਬ ਦੀ ਰਾਗ ਧੁਨੀ ਵਿਚ ਮਸਤ ਹੋ ਰਹੇ ਸਰੂ ਵਾਗੂੰ ਝੂੰਮਦੇ ਝੂੰਮਦੇ ਮਗਨ ਹੋ ਗਏ।

੨.

ਇਹ ਸ਼ਾਹ ਸਾਹਿਬ ਬੁੱਧੂਸ਼ਾਹ* ਫ਼ਕੀਰ ਹਨ ਜੋ ਜ਼ਾਗੀਰਦਾਰ, ਪਦ ਰਥਾਂ ਦੇ ਮਾਲਕ ਵੀ ਹਨ ਤੇ ਚਲੇ ਵੀ ਬੇਅੰਤ ਰੁੱਖਦੇ ਹਨ ਤੇ ਰਾਜ ਦਰਬਾਰ ਸਾਵੇ ਸਤਿਕਾਰੇ ਪਿਆਰੇ ਵੀ ਜਾਂਦੇ ਹਨ। ਨਸੀਰਾਂ ਆਪ ਦੀ ਘਰ ਵਾਲੀ ਹੈ ਤੇ ਸੈਦ ਖਾਂ ਜੀ ਨਸੀਰਾਂ ਦੇ ਭਰਾ ਲਗਦੇ ਹਨ। ਬੁੱਧੂਸ਼ਾਹ ਸਮੇਂ ਦੇ ਭਾਰੀ ਪੀਰ ਸਨ, ਤਪੀ ਵੀ ਸਨ, ਪਰ ਕਿਸੇ ਦਰਵੇਸ਼ ਦੇ ਆਪ ਨੂੰ ਲੋੜਵੰਦ ਸਮਝਦੇ ਸੇ। ਸ੍ਰੀ ਕਲਗੀਧਰ ਜੀ ਦਾ ਜਸ ਸੁਣਕੇ ਪਾਵਟੇ ਦਰਸ਼ਨਾਂ ਵਾਸਤੇ ਗਏ, ਦਰਸ਼ਨ ਕੀਤੇ, ਕੀਤੇ ਕੀ ? ਦਰਸ਼ਨ ਹੋਏ। ਦਰਸ਼ਨ ਹੁੰਦੇ ਹੀ ਆਪ ਦਰਸ਼ਨ ਸਮਾ ਗਏ, ਕਵੀ ਸੰਤੋਖ ਸਿੰਘ ਜੀ ਉਸ ਮੇਲ ਨੂੰ ਇਉਂ ਦੱਸਦੇ ਹਨ:–

'ਐਸੀ ਮਿਲਨੀ ਅਬਿ ਮਿਲ ਗਇਓ।
ਲੇ ਦਰਸ਼ਨ ਕਉ ਮਨ ਦੇ ਦਇਓ।

*ਇਨ੍ਹਾਂ ਦਾ ਅਸਲ ਨਾਮ ਸੀ, ਸੱਯਦ ਸ਼ਾਹ ਬਦਰੁੱਦੀਨ। ਸਢੌਰਾ ਜੋ ਅੰਬਾਲੇ ਦੇ ਜ਼ਿਲੇ ਵਿਚ ਹੈ ਆਪ ਦਾ ਨਿਵਾਸ ਸਥਾਨ ਸੀ।

ਅਸ ਬਿਵਹਾਰ ਬਿਨਾਂ ਮੁਖ ਬੋਲੈ।
ਹੋਇ ਚੁਕਸੇ ਤੁਰਨ ਬਿਨ ਤੋਲੈ ॥'

ਇਸ ਤਰ੍ਹਾਂ ਗੁਰ ਚਰਨਾਂ ਕਮਲਾਂ ਦਾ ਭੌਰਾ ਹੋਕੇ ਬੁੱਧੂ ਸ਼ਾਹ ਨੇ ਜੀਵਨ ਕਣੀ ਪ੍ਰਾਪਤ ਕੀਤੀ*, ਗੁਰ ਆਦਰਸ਼ ਤੋਂ ਗਿਆਤ ਪਾਈ, ਫਿਰ ਸਵੇਰੇ ਅਪਣੇ ਨੱਗਰ ਆ ਕੇ ਸਾਈਂ ਸਿਮਰਨ ਵਿਚ ਸੁਖੀ ਦਿਨ ਬਿਤਾਉਣ ਲੱਗਾ। ਇਕ ਵੇਰ ਬੁੱਧੂ ਸ਼ਾਹ ਨੇ ਪੰਜ ਸੌ ਪਠਾਣਾਂ ਦਾ ਇਕ ਦਲ ਸਤਿਗੁਰ ਜੀ ਦੀ ਫੌਜ ਵਿਚ ਨੌਕਰ ਰਖਾਇਆ ਸੀ। ਕੁਝ ਚਿਰ ਮਗਰੋਂ ਭੰਗਾਣੀ ਦਾ ਜੁੱਧ ਛਿੜ ਪਿਆ, ਇਸ ਜੁੱਧ ਵਿਚ ਉਹ ਪਠਾਣ ਵੈਰੀ ਦਲ ਨਾਲ ਜਾ ਰਲੇ। ਬੁੱਧੂ ਸ਼ਾਹ ਨੂੰ ਸੁਣ ਕੇ ਬਹੁਤ ਖੇਦ ਹੋਇਆ, ਸੋ ਉਹ ੭੦੦ ਮੁਰੀਦ, ਅਪਣੇ ਦੋ ਪੁੱਤਰ, ਇਕ ਭਾਈ ਤੇ ਨਸੀਰਾਂ ਦੇ ਪਿਆਰੇ ਇਕ ਵੀਰਨ ਜੀਉ ਨੂੰ ਨਾਲ ਲੈ ਕੇ ਆਪ ਪਹੁੰਚੇ ਅਰ ਸਤਿਗੁਰ ਜੀ ਦੀ ਤਾਇਆ ਹੋਕੇ ਖੂਬ ਲੜੇ। ਇਸੇ ਜੁੱਧ ਵਿਚ ਆਪ ਦੇ ਦੋ ਲਾਇਕ ਸੁਹਣੇ ਜੁਆਨ ਪੁੱਤਰ ਤੇ ਇਕ ਭਰਾ ਸ਼ਹੀਦ ਹੋ ਗਏ, ਨਸੀਰਾਂ ਦਾ ਭਾਈ ਵੀ ਸ਼ਹੀਦ ਹੋਇਆ, ਫਤਹ ਸਤਿਗੁਰ ਅਟੱਲ ਅਦਿੱਲ ਪ੍ਰਤਾਪੀ ਗੁਰੂ ਕਲਗੀਆਂ ਵਾਲੇ ਦੀ ਹੋਈ। ਬੁੱਧੂ ਸ਼ਾਹ ਉੱਤੇ ਸਤਿਗੁਰਾਂ ਦੀ ਅੱਤ ਮਿਹਰ ਹੋਈ, ਅਰਸ਼ੀ ਖੁਸ਼ੀਆਂ ਦੇ ਨਾਲ ਇਕ ਪੁਸ਼ਾਕ ਸਿਰੋਂ ਪਾ, ਅੱਧੀ ਅਪਣੀ ਦਸਤਾਰ, ਕੰਘਾ, ਇਕ ਕਟਾਰ ਬਖਸ਼ੀਸ਼ ਹੋਏ। ਮੁਰੀਦਾਂ ਨੂੰ ਪੰਜ ਹਜ਼ਾਰ ਦੀ ਮਠਿਆਈ ਪ੍ਰਸ਼ਾਦ ਮਿਲਿਆ। ਇਹ ਦਾੜ੍ਹਾਂ ਲੈਕੇ ਤੇ ਸਤਿਗੁਰ ਜੀ ਦੀ ਫਕੀਰੀ ਦਾ ਅਸਲੀ ਰੂਪ ਦੇਖਕੇ ਤੇ ਸਿੱਖੀ ਦਾ ਵਰਤਾਰਾ ਸਿੱਖ ਕੇ ਸ਼ਾਹ ਜੀ ਅਪਣੇ ਪਿੰਡ ਸੁਖੀ ਵਾਪਸ ਆਏ।

ਪਰੰਤੂ ਮਾਂ ਦੀ ਮਮਤਾ ਕਹਿਰ ਦੀ ਕੋਮਲ ਵਸਤੂ ਹੈ, ਜਿਸ ਨੇ ਨਸੀਰਾਂ ਵਰਗੀ ਪਤੀ ਦੀ ਪਿਆਰੀ ਤੇ ਵਿੱਦਵਾਨ ਇਸਤ੍ਰੀ ਨੂੰ ਵੀ ਪੁੱਤਰ ਵਿਯੋਗ ਤੇ ਵੀਰ ਵਿਯੋਗ ਵਿਚ ਘਾਇਲ ਕਰ ਛੱਡਿਆ ਹੈ, ਢਾਰਸਾ ਦੇਂਦੀ ਤੇ ਭਾਣੇ ਮੰਨਣ ਦੇ ਜਤਨ ਕਰਦੀ ਹੈ। ਪੀਰ ਜੀ ਵੀ ਕਈ ਵੇਰ ਸਮਝਾ ਚੁੱਕੇ ਹਨ, ਪਰ ਐਸੇ ਐਸੇ ਰੋਜ਼ੂਵੇਂ ਬਿਰਹਾਂ ਵਿਚ ਰੁੜ੍ਹਦੀ ਹੈ ਕਿ ਮਰਨ ਮਰਾਂਦ ਹੋਕੇ ਬਚਦੀ ਹੈ। ਅੱਜ ਨਸੀਰਾਂ ਦੇ ਭਾਈ ਮੈਦ ਖਾਂ-ਜੋ ਕਾਬਲ ਕਿਸੇ ਸਰਕਾਰੀ ਕੰਮ ਗਏ ਹੋਏ ਸਨ-ਵਾਪਸ ਆਏ ਹਨ, ਆਪ ਪੰਜ ਹਜ਼ਾਰੀ ਹਨ, ਭਾਰੇ ਅਹੁਦੇਦਾਰ ਤੇ ਬਹਾਦਰ ਹਨ, ਪਰ ਦਿਲ ਬੜਾ ਮਿੱਠਾ ਤੇ ਪਿਆਰ ਵਾਲਾ ਦੱਖਦੇ ਹਨ। ਪਰਮੇਸ਼ੁਰ ਦੇ ਭਉ ਵਾਲੇ ਵੀ ਹਨ, ਬੰਦਗੀ ਦਾ ਸ਼ੌਕ ਵੀ ਹੈ, ਪਰ ਬੰਦਗੀ ਦਾ ਪਿਆਰ ਤੇ ਰਸ ਨਹੀਂ ਪਿਆ। ਅੱਜ ਇਸ ਭੈਣ ਭਣਵੱਯੇ ਨੂੰ ਬੁਲਾਉਣ ਆਏ ਇਸ ਢੰਗ ਵਿਚ ਡੁੱਬੇ ਹਨ? ਪੀਰ ਜੀ ਦਾ ਕੀਰਤਨ ਤੇ ਦੈਣ ਜੀ ਦੇ ਦੇਏ ਦਰਸ਼ਨ ਨੇ ਵਿੰਨ੍ਹ ਸੁੱਟਿਆ ਹੈ। ਕੁਛ ਚਿਰ ਤਾਂ ਮਜਲਸ ਟਿਕੇ ਰਹੇ, ਫੇਰ ਉੱਠੇ ਤਾਂ ਕੁਛ ਬਉਰਾਨੇ ਜੇਹੇ ਦਿੱਸਦੇ ਸਨ। ਪੀਰ ਜੀ ਨੇ ਬੀ ਇਹ ਹਾਲਤ ਦੇਖੀ।

ਨਸੀਰਾਂ ਹੁਣ ਸੁਖੀ ਹੋ ਰਹੀ ਸੀ, ਉੱਠਦੀ, ਬਹਿੰਦੀ, ਟੁਰਦੀ, ਫਿਰਦੀ 'ਵਾਹਿਗੁਰੂ' 'ਵਾਹਿਗੁਰੂ' ਕਰਦੀ ਦਿੱਸਦੀ ਸੀ ਤੇ ਸ਼ੁਕਰ ਸ਼ੁਕਰ ਦੇ ਮੋਤੀ ਬੀ ਕਦੇ ਕਦੇ ਨੈਣੀਂ ਭਰ ਲਿਆਉਂਦੀ ਸੀ। ਪੀਰ ਜੀ ਪ੍ਰਸੰਨ ਸਨ ਕਿ ਆਖ਼ਰ ਦਿਲ ਦਾ ਮਹਿਰਮ ਨੂੰ ਵੀ ਸਤਿਗੁਰ ਨੇ ਰੱਬੀ ਦਾਤਾਂ ਬਖਸ਼ ਦਿੱਤੀਆਂ ਹਨ ਅਰ ਕਿਤਨੀ ਦੂਰੀ ਤੋਂ ਉਸ ਦੇ ਆਤਮਾਂ ਵਿਚ ਨਾਮ ਦਾ ਪਰਵਾਹ ਚਲਾ ਦਿੱਤਾ ਹੈ। ਪਰ ਹਣ ਪੀਰ ਜੀ ਨੂੰ ਸੈਦ ਖਾਂ ਜੀ ਦਾ ਫਿਕਰ ਹੋ ਰਿਹਾ ਸੀ।

ਉਸੇ ਦਿਨ ਸ਼ਾਮਾਂ ਵੇਲੇ ਇਕ ਬਾਗ਼ ਦੇ ਵਿਚਾਲੇ ਬਾਰਾਂਦਰੀ ਵਿਚ ਪੀਰ ਜੀ ਇਕੱਲੇ ਬੈਠੇ ਸਨ ਕਿ ਸੈਦ ਖਾਂ ਜੀ ਆ ਗਏ, ਪਿਆਰ ਨਾਲ ਆਪ ਨੇ ਸੈਦ ਖਾਂ ਜੀ ਨੂੰ ਪਾਸ ਬਿਠਾਇਆ ਤੇ ਵਾਰਤਾਲਾਪ ਛਿੜ ਪਈ:-

ਮੈਦ ਖਾਨ-ਸ਼ਾਹ ਸਾਹਿਬ! ਇਹ ਅੱਜ ਸਵੇਰੇ ਕੀ ਇਲਾਹੀ ਮਾਜਰਾ ਸੀ?

ਪੀਰ ਜੀ-ਕੁਛ ਨਹੀਂ, ਕੇਵਲ ਮੇਰੇ ਪ੍ਰੀਤਮ ਜੀ ਦਾ ਇਕ ਬਾਏਂ (ਖੇਡ) ਹੱਥ ਦਾ ਕਰਤਬ।

ਸੈਦ ਖਾਨ-ਇਹ ਹਮਸ਼ੀਰਾ ਸਾਹਿਬਾ ਦਾ ਪ੍ਰਤਾਪ ਵਾਲਾ ਸੁਪਨਾ ਨਿਰਾ ਖ੍ਵਾਬ ਹੀ ਨਹੀਂ ਸੀ? ਕੁਛ ਅਸਲੀਅਤ ਬੀ ਸੀ?

ਪੀਰ-ਸਾਰੀ ਅਸਲੀਅਤ ਸੀ।

ਸੈਦ ਖਾਨ-ਕਿਆ ਜੋ ਕੁਛ ਉਸ ਨੇ ਦੇਖਿਆ ਸਾਰਾ ਸੱਚ ਸੀ?

ਪੀਰ-ਜੀ ਹਾਂ, ਇਹੀ ਹੈ ਨਾ ਜਿਸ ਨੂੰ ਇਬ

*ਦੇਖੋ ਪਿਛੇ ਭੰਗਾਣੀ ਜੁਧ।

ਰਾਨੀ ਪੈਗ਼ੰਬਰ ਆਖਦੇ ਸਨ ਕਿ 'ਰੋਇਆ' ਉਤ-ਰਿਆ ਤੇ ਸੂਫ਼ੀ ਆਖਦੇ ਹਨ ਕਿ ਫਕੀਰ ਨੇ ਹਜ਼ਾਰਾਂ ਕੋਹਾਂ ਤੋਂ ਆਪਣੇ ਕ੍ਰਿਪਾ ਪਾਤ੍ਰ ਪਰ 'ਹਲੂਲ' ਕੀਤਾ ਹੈ। ਤਾਤਪਰਯ ਇਹ ਹੈ ਕਿ ਸਤਿਗੁਰ ਸਮਰੱਥ ਹੈ, ਮੇਰੇ ਸਿਰ ਉਸ ਸਮਰੱਥ ਨੇ ਹੱਥ ਧਰਿਆ, ਉਸ ਦੀ ਮਹਾਂ ਪਵਿੱਤ੍ਰ ਸੇਵਾ ਵਿਚ ਮੇਰੇ ਪੁੱਤਰ ਸ਼ਹੀਦੀ ਦਾ ਮਾਨ ਪਾ ਗਏ, ਹੁਣ ਜਾਣੀ ਜਾਣ ਜਾਣਦਾ ਹੈ ਕਿ ਮੇਰੇ ਦਿਲ ਨੂੰ ਉਸ ਦੇ ਪਿਆਰ ਦਾ ਮਿੱਠਾ ਨਸ਼ਾ ਹੈ, ਪਰ ਮੇਰੀ ਇਸਤ੍ਰੀ ਕੋਰੀ ਹੈ ਤੇ ਇਸ ਕਰਕੇ ਉਸ ਦੁੱਖ ਨੂੰ ਸਹਿ ਨਹੀਂ ਰਹੀ, ਇਸ ਲਈ ਦਾਤੇ ਮਹਾਂ ਬਲੀ ਨੇ ਅੱਜ ਮਿਹਰ ਕਰਕੇ ਉਸ ਦੇ ਆਤਮਾ ਵਿਚ ਨਾਮ ਦੀ ਕਣੀ ਪਾ ਦਿੱਤੀ ਹੈ ਅਰ ਉਸ ਦੇ ਪੁਤਰ ਜੀਉਂਦੇ ਦਿਖਾਲ ਕੇ ਟੰਢ ਪਾ ਦਿੱਤੀ ਹੈ ਤੇ ਆਪਣੇ ਦਰਸ਼ਨਾਂ ਨਾਲ ਨਿਹਾਲ ਕਰ ਦਿੱਤਾ ਹੈ, ਤੁਸੀਂ ਪਰਤੱਖ ਅਸਰ ਦੇਖ ਲਓ, ਕਿ ਉਸ ਵੇਲੇ ਤੋਂ ਬ੍ਰਾਬਰ ਜ਼ਿਕਰ ਕਰ (ਨਾਮ ਜਪ) ਰਹੀ ਹੈ, ਅਰ ਪ੍ਰਸੰਨ ਮੁਖ ਫਿਰ ਰਹੀ ਹੈ।

ਸੈਦ ਖਾਨ–ਮੈਂ ਇਉਂ ਨਹੀਂ ਸੀ ਸਮਝਦਾ। ਸ਼ਾਹ ਸਾਹਿਬ! ਕਿਆ ਸੱਚ ਮੁੱਚ ਗੁਰੂ ਗੋਬਿੰਦ ਸਿੰਘ ਐਸੇ 'ਸਾਹਿਬ ਕਸ਼ਫ' ਹਨ?

ਪੀਰ-ਜੀ ਹਾਂ, ਇਸ ਤੋਂ ਬਹੁਤ ਵਿਆਦਾ।

ਸੈਦ ਖਾਂ–ਲੋਕਾਂ ਵਿਚ ਤੁਹਾਡੀ ਬਦਨਾਮੀ ਹੁੰਦੀ ਹੈ ਕਿ ਆਪ ਨੇ ਖ਼ਾਨਦਾਨੀ ਫਕੀਰ ਹੋਕੇ ਹਿੰਦੂ ਮੁਰਸ਼ਿਦ ਕੀਤਾ ਹੈ?

ਬੁੱਧੂ ਸ਼ਾਹ–ਪਰਵਾਹ ਨਹੀਂ, ਮੈਂ ਤਾਂ ਸੱਚ ਦੀ ਸ਼ਮਾਂ (ਦੀਵੇ) ਦਾ ਪ੍ਰਵਾਨਾ ਹਾਂ, ਸੱਚ ਓਥੇ ਹੈ, ਉਹ ਸੱਚ ਹੈ। ਮੈਂ ਉਸ ਦੇ ਪ੍ਰੇਮ ਵਿਚ ਹਾਂ, ਉਹ ਜੀਵਨ ਹੈ, ਮੇਰਾ ਜੀਵਨ ਆਧਾਰ ਹੈ। ਬਦਨਾਮੀ ਨੂੰ ਮੈਂ ਕੀ ਕਰਾਂ? ਜਗਤ ਸਦਾ ਬਦਨਾਮੀਆਂ ਕਰਦਾ ਹੈ। ਕਮਜ਼ੋਰ ਹੈ ਉਹ ਜੋ ਬਦਨਾਮੀਆਂ ਤੋਂ ਡਰਦਾ ਹੈ। ਬਦਨਾਮੀ ਨਿਸ਼ਾਨੀ ਹੈ ਵੱਡੇ ਹੋਣ ਦੀ, ਬਦਨਾਮੀ ਬਦਖਾਹਾਂ ਦੇ ਦਿਲਾਂ ਦੀ ਮੈਲ ਹੈ, ਜੋ ਇਉਂ ਰੌਸ਼ਨ ਕਦੀ ਹੈ ਸਾਨੂੰ, ਜੀਕੂੰ ਕਾਲੀਆਂ ਬਦਲੀਆਂ ਅਪਣੇ ਘੇਰੇ ਵਿੱਚ ਚੰਦ ਦਾ ਜਲਵਾ ਸੋ ਗੁਣਾਂ ਵਧਾ ਦੇਂਦੀਆਂ ਹਨ। ਖਾਂ ਸਾਹਿਬ ਪਰਵਾਹ ਨਾ ਕਰੋ। ਲੋਕਾਂ ਦਾ ਵਕਤ ਨਹੀਂ ਗੁਜ਼ਰਦਾ ਰੱਲਾਂ ਬਿਨਾ, ਦਿਲ ਚੰਗਾ ਨਹੀਂ ਕਿ ਚੰਗੀਆਂ ਗਲਾਂ ਕਰਨ। ਲੋਕ ਗਲਾਂ ਕਰਦੇ ਹਨ ਮਾੜੀਆਂ, ਨਿੰਦਾ ਦੀਆਂ। ਨਿੰਦਾ ਜਗਤ ਦਾ ਆਧਾਰ ਹੈ, ਜਿਸ ਆਸਰੇ ਦਿਨ ਕਟੀ ਕਰਦੇ ਹਨ, ਇਸ ਪਰ ਅਪਣੇ ਜੀਵਨ ਦੀ ਟੇਕ ਨਹੀਂ ਰੱਖੀ ਦੀ, ਜੀਵਨ ਦੀ ਟੇਕ ਇੱਕ 'ਸੱਚ' ਹੈ।

ਖਾਂ ਸਾਹਿਬ–ਬਹੁਤ ਖੂਬ! ਪਰ ਬੇਅਦਬੀ ਮਾਫ, ਖਫਾ ਨਾ ਹੋਵੋ ਤਾਂ ਇਕ ਅਰਜ਼ ਕਰਾਂ?

ਪੀਰ ਜੀ–ਹੁਕਮ ਕਰੋ, ਖ਼ਫਗੀ? ਭਲਾ ਆਪ ਨਾਲ?

ਖਾਂ ਸਾਹਿਬ–ਜੇ ਕਰ ਗੁਰੂ ਗੋਬਿੰਦ ਸਿੰਘ ਜੀ ਐਸੇ ਬਜ਼ੁਰਗ ਹਨ ਤਾਂ ਜੰਗਜਦਲ ਕਿਉਂ ਸ਼ੁਰੂ ਹਨ?

ਪੀਰ ਜੀ–ਜੰਗ ਕੈਸੇ? ਉੱਬੇ ਤਾਂ ਵਾਹਦਤ ਦਾ ਦਰਿਯਾ* ਠਾਠਾਂ ਮਾਰ ਰਿਹਾ ਹੈ, ਇਸ਼ਕ ਦੀਆਂ ਕਾਂਗਾਂ ਭਰ ਜੋਬਨ ਤੇ ਹਨ, ਯਾਦ ਇਲਾਹੀ ਦੇ ਹੜ੍ਹ ਚੜ੍ਹ ਰਹੇ ਹਨ। ਨਾ ਉੱਬੇ ਮੁਲਕਗੀਰੀ ਦੀ ਹਿਰਸ ਹੈ, ਨਾ ਹਕੂਮਤ ਦੀ ਹਵਸ ਹੈ, ਇਕ ਅੱਲਾ ਦੇ ਇਸ਼ਕ ਦਾ ਸਮੁੰਦਰ ਲਹਿਰੇ ਲੈ ਰਿਹਾ ਹੈ।

ਖਾਂ ਸਾਹਿਬ–ਪਰ ਆਖਰ ਆਪ ਦਾ ਸ਼ਰੀਕੇ ਜੰਗ ਹੋਣਾ, ਸਾਹਿਬਜ਼ਾਦਿਆਂ ਦਾ ਸ਼ਰਬਤ ਸ਼ਹੀਦੀ ਪੀਣਾ, ਇਹ ਜੰਗ ਨਹੀਂ ਤਾਂ ਕੀ ਹੈ?

ਪੀਰ ਜੀ–ਤੁਸੀਂ ਦੱਸੋ ਆਸਾਮ ਤੋਂ ਅਫ-ਗ਼ਾਨਿਸਤਾਨ ਤੱਕ ਅਰ ਕਸ਼ਮੀਰ ਤੋਂ ਦੱਖਣ ਤੱਕ ਕੋਈ ਬੰਦਾ ਹੈ ਜੋ ਇਸ ਵੇਲੇ ਸੁਪਨੇ ਵਿਚ ਖਿਆਲ ਕਰ ਸਕਦਾ ਹੋਵੇ ਕਿ ਮੁਗ਼ਲੀਆ ਸਲਤਨਤ ਕਦੇ ਤਬਾਹ ਹੋ ਸਕਦੀ ਹੈ?

ਸੈਦ ਖਾਨ–ਐਸਾ ਖਿਆਲ ਕਰਨਾ ਕਮਲਾ-ਪਨ ਖਿਆਲ ਕੀਤਾ ਜਾਵੇਗਾ।

ਪੀਰ ਜੀ–ਤੇ ਜੇ ਕੋਈ ਔਰੰਗਜ਼ੇਬ ਨਾਲ ਲੜਨਾ ਚਾਹੇ ਤਾਂ ਉਹ ਕੋਈ ਪਾਤਸ਼ਾਹ ਹੋਵੇ, ਕਿਲੇ ਕੋਟ ਫੌਜਾਂ ਲਸ਼ਕਰ ਖਜ਼ਾਨੇ ਵਾਲਾ ਹੋਵੇ, ਕਿ ਇਕ ਕੋਨੇ ਬੈਠਾ ਫਕੀਰ? ਜੋ ਆਖਦਾ ਹੈ ਕਿ ਮੁਗ਼ਲੀਆ ਸਲਤਨਤ ਦੀ ਇੱਟ ਨਾਲ ਇੱਟ ਖੜਕਾ ਦੇਣੀ ਹੈ, ਹੋਵੇ ਫਕੀਰ ਤੇ ਹੱਥ ਵੀ ਔਰੰਗਜ਼ੇਬ ਜਿਹੇ ਪਾਤਸ਼ਾਹ ਨਾਲ ਹੱਥ ਵਟਾਉਣ ਨੂੰ ਤਿਆਰ ਹੋਵੇ, ਕਦੇ ਉਹ ਜੰਗ ਜਦਲ ਤੇ ਮੁਲਕਗੀਰੀ ਦਾ ਹਵਸੀ ਹੋ ਸਕਦਾ ਹੈ?

*ਵਾਹਿਗੁਰੂ ਦੀ ਏਕਤਾ ਦੇ ਅਨੁਭਵ ਦਾ ਦਰਯਾ।

ਸੈਦ ਖਾਨ–ਫੇਰ ਹੈ ਕੀ ?

ਪੀਰ ਜੀ–ਅਸੂਲ ਪਰਸਤੀ।

ਸੈਦ ਖਾਨ–ਕਿਸ ਤਰ੍ਹਾਂ ? ਹਾਂ, ਉਹ ਕਿਸਤਰ੍ਹਾਂ ?

ਪੀਰ ਜੀ–ਉਹ ਇਸਤਰ੍ਹਾਂ ਕਿ ਬਾਬਰ ਨੇ ਜਦ ਪੰਜਾਬ ਫਤੇ ਕੀਤਾ ਹੈ ਤਾਂ ਸੈਦਪੁਰ ਵਿਚ ਸਖਤ ਕਤਲਾਮ ਸ਼ੁਰੂ ਕੀਤਾ। ਅੱਲਾ ਦਾ ਨੂਰ ਗੁਰੂ ਨਾਨਕ ਤਦੋਂ ਪੰਜਾਬ ਦੀ ਧਰਤੀ ਨੂੰ ਚੰਦ ਲਾ ਰਿਹਾ ਸੀ, ਉਹ ਬੇਧੜਕ ਬਾਬਰ ਦੇ ਸਾਹਮਣੇ ਜਾ ਚਮਕਿਆ ਤੇ 'ਰੋਅਬਸ਼ਾਹੀ' ਪਰ 'ਰੋਅਬ ਇਲਾਹੀ' ਐਸਾ ਪਾਇਆ ਕਿ ਪਾਤਸ਼ਾਹ ਨੂੰ ਉਨ੍ਹਾਂ ਦੇ ਹੁਕਮ ਮੂਜਬ ਕਤਲਾਮ ਬੰਦ ਕਰਨੀ ਪਈ। ਉਸ ਵੇਲੇ ਬਾਬਰ ਨੇ ਗੁਰੂ ਜੀ ਤੋਂ ਦੁਆਇ ਖ਼ੈਰ ਮੰਗੀ, ਤਾਂ ਸਤਿਗੁਰੂ ਨੇ ਕਿਹਾ "ਹੇ ਬਾਬਰ ! ਸ਼ਰਾਬ ਬੰਦ ਕਰ ਨਾਲੇ ਜੋ ਪਠਾਣਾਂ ਤੇ ਫਤਹ ਪਾਕੇ ਜ਼ੁਲਮ ਤੋਂ ਹੱਥ ਸੰਕੋਚੇਂਗਾ, ਪਰਜਾ ਦੇ ਧਰਮ ਵਿਚ ਧੱਕਾ ਨਹੀਂ ਕਰੇਂਗਾ, ਸਮਤਾ ਰੱਖੇਂਗਾ, ਹਿੰਦੁਸਤਾਨ ਨੂੰ ਵਤਨ ਬਨਾਏਂਗਾਂ ਤਾਂ ਰਾਜ ਕਰੇਂਗਾ, ਪਰ ਜਦ ਇਨਸਾਫ ਛੱਡਿਆ, ਪਠਾਣਾਂ ਵਾਂਙੂ ਦੀਨ ਵਿਚ ਦਖਲ ਦਿੱਤਾ, ਤਦੋਂ ਸਮਾਪਤੀ ਸਮਝਣੀ।" ਦੂਣ ਔਰੰਗਜ਼ੇਬ ਨੇ ਦੀਨ ਵਿਚ ਜਬਰ ਸ਼ੁਰੂ ਕੀਤਾ ਹੈ, ਕਸ਼ਮੀਰ ਤੇ ਹੋਰ ਜਗਾ ਤੋਂ ਦੁਖੀ ਲੋਕ ਉਨ੍ਹਾਂ ਦੇ 'ਸੱਜਾਦਾ ਨਸ਼ੀਨ' ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਪਹੁੰਚੇ। ਚੁਨਾਂਚਿ ਆਪ ਨੇ ਔਰੰਗਜ਼ੇਬ ਨੂੰ ਖਤ ਲਿਖਿਆ ਕਿ ਪਾਤਸ਼ਾਹ ਲਈ ਰਵਾ ਨਹੀਂ ਹੈ ਕਿ ਪਰਜਾ ਦੇ ਧਰਮ ਵਿਚ ਧੱਕੇ ਦਾ ਵਰਤਾਉ ਕਰੇ, ਤੂੰ ਇਸ ਗਲ ਤੋਂ ਰੁਕ ਜਾਹ ਪਰ ਔਰੰਗਜ਼ੇਬ ਨੇ ਮੰਨਣ ਦੀ ਥਾਂ ਗੁੱਸਾ ਖਾਕੇ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ। ਹੁਣ ਉਨ੍ਹਾਂ ਦੇ 'ਸਜਾਦਾ ਨਸ਼ੀਨ ਗੁਰੂ ਗੋਬਿੰਦ ਸਿੰਘ ਜੀ ਉਸੇ ਅਸੂਲ ਪਰ ਖੜੇ ਹਨ ਕਿ ਪਾਤਸ਼ਾਹ ਨੂੰ ਪਰਜਾ ਦੇ ਧਰਮ ਵਿਚ ਦਖਲ ਦੇਣ ਦਾ ਹੱਕ ਨਹੀਂ ਹੈ। ਇਸ ਅਸੂਲ ਨੂੰ ਕਹਿ ਨਹੀਂ ਰਹੇ, ਅਮਲੀ ਜਾਮਾ ਪਹਿਨਾ ਰਹੇ ਹਨ, ਅਰ ਇਤਨਾਂ ਮਕਦੂਰ ਰੱਖਦੇ ਹਨ ਕਿ ਮੁਗ਼ਲੀਆ ਸਲਤਨਤ ਤੋਂ ਨਿਰਭੈ ਹਨ ਤੇ ਆਖਦੇ ਹਨ ਕਿ ਸਲਤਨਤ ਹੁਣ ਤਬਾਹ ਹੋ ਜਾਏਗੀ।

ਸੈਦ ਖਾਂ ਬਹੁਤ ਖ਼ੂਬ ! ਹੈ ਬੀ ਠੀਕ, ਔਰੰਗਜ਼ੇਬ ਜ਼ਿਦ ਵਿਚ ਹੈ, ਜ਼ੁਲਮ ਪਰ ਜ਼ੁਲਮ ਕਰ ਰਿਹਾ ਹੈ ਤੇ ਸਮਝਦਾ ਹੈ ਕਿ ਜ਼ਬਰਦਸਤ ਹੋ ਰਿਹਾ ਹਾਂ, ਪਰ ਅਸਲ ਵਿਚ ਸਲਤਨਤ ਦੀ ਜੜ੍ਹ ਆਪ ਖੋਖਲੀ ਕਰ ਰਿਹਾ ਹੈ। ਪਰ ਹਾਂ, ਇਹ ਦੱਸੋ ਕਿ ਇਹ ਜੰਗ ਤਾਂ ਹਿੰਦੂ ਰਾਜਿਆਂ ਨਾਲ ਸੀ, ਮੁਗ਼ਲੀਆ ਰਾਜ ਨਾਲ ਤਾਂ ਜੰਗ ਨਹੀਂ ਸੀ ?

ਪੀਰ ਜੀ–ਠੀਕ, ਪਰ ਆਪ ਉਹਦੇਦਾਰ ਸਰਕਾਰੀ ਹੋ, ਸਲਤਨਤ ਦੀਆਂ ਰਮਜ਼ਾਂ ਨੂੰ ਸਮਝਦੇ ਹੋ। ਔਰੰਗਜ਼ੇਬ ਬਾਖ਼ਬਰ ਪਾਤਸ਼ਾਹ ਹੈ ਉਸ ਦੇ ਖੁਫੀਆ ਅਖਬਾਰ ਨਵੀਸ ਗੁਰੂ ਜੀ ਦੇ ਨੇੜੇ ਤੇੜੇ ਰਹਿੰਦੇ ਤੇ ਖਬਰਾਂ ਘੱਲਦੇ ਹਨ। ਉਹ ਜਾਣਦਾ ਹੈ ਕਿ ਮੈਂ ਉਨ੍ਹਾਂ ਦੇ ਵਾਲਦ (ਪਿਤਾ ਜੀ) ਸਾਹਿਬ ਨੂੰ ਬੇਗੁਨਾਹੇ ਕਤਲ ਕੀਤਾ ਹੈ, ਉਹ ਜਾਣਦਾ ਹੈ ਕਿ ਉਨ੍ਹਾਂ ਦੇ ਮੁਰੀਦਾਂ ਦੀ ਗਿਣਤੀ ਲੱਖਾਂ ਤੋਂ ਲੰਘ ਚੁਕੀ ਹੈ। ਉਹ ਜਾਣਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਦੂਹ ਵਾਲਦ ਸਾਹਿਬ ਦੇ ਕਤਲ ਨਾਲ ਦੱਬੀ ਨਹੀਂ ਤੇ ਉਹ ਇਹ ਵੀ ਚਾਹੁੰਦਾ ਹੈ ਕਿ ਉਹ ਮਾਰੇ ਜਾਣ, ਪਰ ਉਹ ਝਜਕਦਾ ਬੀ ਹੈ ਕਿ ਇਸ ਕਤਲ ਦਾ ਅਸਰ ਪੰਜਾਬ ਵਿਚ ਸ਼ੋਰਸ਼ ਬਪਾ ਨਾ ਕਰ ਦੇਵੇ। ਦੱਖਣ ਵਿਚ ਮਰਹਟੇ ਸਿਰ ਚਕ ਰਹੇ ਹਨ, ਤੁਸੀਂ ਹੁਣ ਬਾਰਕ ਜ਼ਈਆਂ ਦੇ ਇੰਤਜ਼ਾਮ ਕਰਦੇ ਆਏ ਹੋ, ਸੋ ਉਸ ਨੇ ਪਹਾੜੀ ਰਾਜਿਆਂ ਨੂੰ ਇਸ਼ਾਰਾ ਕੀਤਾ ਕਿ ਇਸ ਫਕੀਰ ਦੇ ਬਾਲਕ ਨੂੰ ਕਚਲ ਸੱਟੋ। ਇਸ ਇਸ਼ਾਰੇ ਪਰ ਸਾਰੇ ਪਹਾੜੀਏ ਚੜ੍ਹ ਆਏ ਸਨ*। ਅੱਗੇ ਉਹ ਜੁਲਾਹਿਆ ਫਕੀਰ ਨਹੀਂ ਕਿ ਮੁਰਦਾ ਦਿਲੀ ਨਾਲ ਦਬ ਜਾਏ, ਉਹ ਪੁਰਜਲਾਲ ਰੱਬੀ ਨੂਰ ਹੈ, ਉਸ ਨੇ ਤਲਵਾਰ ਦਾ ਜੁਵਾਬ ਖੰਡੇ ਦੀ ਢਾਲ ਬਣਾਕੇ ਦਿੱਤਾ ਹੈ ਤੇ ਕਿਹਾ ਹੈ ਕਿ ਮੈਂ ਅਪਣੇ ਅਸੂਲ ਤੇ ਖੜਾ ਹਾਂ ਅਰ ਅਸੂਲ ਪਰ ਸ਼ਹੀਦ ਹੋਵਾਂਗਾ, ਪਰ ਕਦੇ ਦਬਾਂਗਾ ਨਹੀਂ। ਇਹ ਰਾਜ ਗ਼ਾਰਤ ਹੋ ਜਾਏਗਾ, ਅੱਲਾ ਨੂੰ ਹੁਣ ਇਸ ਦਾ ਰਖਣਾ ਮਨਜ਼ੂਰ ਨਹੀਂ , ਇਸ ਕਰਕੇ ਉਸ ਨੇ ਚੜ੍ਹ ਆਏ ਹਿੰਦੂ ਰਾਜਿਆਂ ਨੂੰ, ਜੋ ਔਰੰਗਜ਼ੇਬ ਦੇ ਇਸ਼ਾਰੇ ਪਰ ਨੱਚ ਰਹੇ ਹਨ, ਪਹਿਲਾਂ ਸਮਝਾਇਆ ਕਿ ਅਪਣੀ ਗ਼ੈਰਤ ਕੌਮੀ ਤੇ ਧਰਮ ਦੀ ਆਨ ਨੂੰ ਸੰਭਾਲੋ,

*ਦੇਖੋ ਜੰਗ ਨਾਮਾ ਯਾ ਵਾਰ ਗੁਰੂ ਗੋਬਿੰਦ ਸਿੰਘ ਜਿਸ ਵਿਚ ਭੰਗਾਣੀ ਦੇ ਜੁੱਧ ਬਾਬਤ (ਜੋ ਰਾਜਿਆਂ ਦਾ ਗੁਰੂ ਜੀ ਨਾਲ ਸੀ) ਬੇਬੁਨਿਸਾ ਔਰੰਗਜ਼ੇਬ ਨੂੰ ਸਮਝਾਉਂਦੀ ਹੈ ਕਿ ਗੁਰੂ ਜੀ ਨਾਲ ਜੰਗ ਨਾ ਕਰੋ।

ਕਿਉਂ ਤੁਹਾਡੀਆਂ ਰਗਾਂ ਦਾ ਖ਼ੂਨ ਸਰਦ ਹੋ ਗਿਆ ਹੈ ? ਪਰ ਜਦ ਓਹ ਲੜਾਈ ਪਰ ਉਤਰ ਹੀ ਪਏ ਤਾਂ ਖ਼ੂਬ ਚਣੇ ਚਬਾਏ ਤੇ ਪਸਪਾ ਕਰ ਦਿੱਤਾ ਹੈ। ਫਿਰ ਦੇਖ ਲਓ ਕਿ ਇਕ ਗਿੱਠ ਜ਼ਮੀਂ ਪਰ ਕਬਜ਼ਾ ਨਹੀਂ ਕੀਤਾ, ਭੱਜੇ ਜਾਂਦੇ ਰਾਜਿਆਂ ਦਾ ਪਿੱਛਾ ਤੱਕ ਨਹੀਂ ਕੀਤਾ।

ਸੈਦ ਖਾਂ—ਹੁਣ ਸਾਰੀ ਗੱਲ ਮੇਰੀ ਸਮਝ ਵਿਚ ਆ ਗਈ ਹੈ ਕਿ ਮਾਮਲਾ ਅਸੂਲ ਪਰਸਤੀ ਦਾ ਹੈ, ਬਲਕਿ ਇਹ ਤਾਂ ਔਰੰਗਜ਼ੇਬ ਦੀ ਬਿਹਤ੍ਰੀ ਅਰ ਉਸ ਦੀ ਭ ਲਆਈ ਦੀ ਗੱਲ ਹੈ, ਉਹ ਧਰਮ ਵਿਚ ਜ਼ਬਰਦਸਤੀ ਨਾ ਕਰੇ ਤਾਂ ਰਾਜ ਦੀ ਪਕਿਆਈ ਵਧ ਜਾਵੇ, ਪਰ ਹਕੂਮਤ ਦਾ ਨਸ਼ਾ (ਰਾਜ਼ਮਦ)ਬੁਰੀ ਬਲਾ ਹੈ। ਹਾਂ, ਇਕ ਗਲ ਮੇਰੀ ਸਮਝ ਨਹੀਂ ਪੈਂਦੀ ਕਿ ਅਸੂਲ ਪਰਸਤੀ ਠੀਕ, ਗੁਰੂ ਜੀ ਦਾ ਹਵਾ ਹਿਰਸ ਤੋਂ ਪਾਕ ਹੋਣਾ ਠੀਕ, ਪਰ ਇਹ ਮਾਰਨ, ਕਤਲ, ਜ਼ਬਰ, ਕਿਸ ਤਰ੍ਹਾਂ ਫਕੀਰੀ ਵਿਚ ਰਵਾ ਹੈ ?

ਪੀਰ ਜੀ—ਏਥੇ ਹੀ ਸਾਰਾ ਭੇਦ ਹੈ ਤੇ ਮੈਂ ਬੀ ਹੈਰਾਨ ਹੁੰਦਾ ਸਾਂ, ਪਰ ਇਹ ਗੁਰੂ ਜੀ ਦੀ 'ਸੁਹਬਤੇ ਫੈਜ਼ ਰਸਾਂ' (ਪਰਉਪਕਾਰੀ ਸਤਿਸੰਗ) ਬਿਨਾਂ ਗੱਲ ਖੁੱਲ੍ਹਦੀ ਹੀ ਨਹੀਂ। ਅਸਲ ਵਿਚ ਕੀ ਮਸਲਮਾਨ ਫਕੀਰ, ਕੀ ਸੂਫੀ ਤੇ ਕੀ ਹੋਰ, ਕੀ ਹਿੰਦੂ ਵੇਦਾਂਤੀ, ਜੋਗੀ ਤੇ ਸੰਨਿਆਸੀ, ਸਭ ਇਕ ਭੁੱਲ ਕਰ ਰਹੇ ਹਨ, ਧਰਮ ਨੂੰ ਓਹ ਇਕ ਗ਼ਰੀਬੀ, ਕਮਜ਼ੋਰੀ, ਕਾਇਰੀ, ਬੁਜ਼ਦਿਲੀ ਨਾਲ ਤਾਬੀਰ (ਅਰਥ) ਕਰ ਰਹੇ ਹਨ ਤੇ ਪੜ੍ਹ ਸੁਣਕੇ ਬੀ ਇਹੋ ਪਤਾ ਲੱਗਦਾ ਹੈ ਕਿ ਆਜਜ਼ੀ (ਨਿੰਮ੍ਰਤਾ) ਕਰਨੀ ਗੁਨਾਹ ਹੈ ਬਚਣਾ, ਭਜ ਕੇ ਟੁਰਨਾ, ਵੈਰਾਗ, ਇਹ ਫਕੀਰੀ ਤੋ ਸਾਧਗੀਰੀ ਹੈ। ਇਹ ਠੀਕ ਹੈ ਪਰ ਫਕੀਰ ਦੀ 'ਮਨ ਦੀ ਦਸ਼ਾ ਕੀ ਹੋਵੇਗੀ ?' ਕਦੇ ਕਿਸੇ ਨਹੀਂ ਵਿਚਾਰੀ। ਕਿਉਂਕਿ ਜ਼ਿੰਦਾ ਫਕੀਰ ਨਹੀਂ ਲੱਭਦਾ, ਇਸ ਲਈ ਲੋਕ ਵੈਰਾਗ ਤੋਂ ਟੁਰਕੇ ਮਨ ਦੀ ਕਮਜ਼ੋਰੀ ਵਿਚ ਨਿਵਾਸ ਕਰ ਲੈਂਦੇ ਹਨ। ਮੈਂ ਜਦ ਗੁਰੂ ਜੀ ਦਾ ਬਣ ਗਿਆ ਤਾਂ ਮੈਨੂੰ ਅਸਲ ਅਸੂਲ ਉਨ੍ਹਾਂ ਦੇ ਇਲਾਹੀ ਜੀਉਂਦੇ ਧਰਮ ਦਾ ਖੁੱਲਿਆ: ਧਰਮ ਕਮਜ਼ੋਰੀ ਨਹੀਂ, ਪਰ ਰੂਹ ਦੀ ਤਾਕਤਵਰੀ। ਧਰਮ ਕਾਇਰਤਾ ਨਹੀਂ ਪਰ ਰੂਹ ਦੀ ਬਹਾਦਰੀ। ਧਰਮ ਨਿਰਾ ਵੈਰਾਗ ਨਹੀਂ, ਪਰ ਅੰਤ੍ਰੀਵ ਖ਼ੁਸ਼ੀ, ਮੰਗਲ। ਧਰਮ ਹਾਰਨਾ ਨਹੀਂ ਹੈ, ਪਰ ਅਸੂਲੀ ਫਤਹ।

ਸੈਦ ਖਾਂ ਦੰਦ ਕੇ (ਚੁਭਕ ਕੇ)—ਹੈਂ !

ਪੀਰ ਜੀ—ਹਾਂ।

ਸੈਦ ਖਾਂ—ਕੀਕੂੰ ?

ਪਰ ਜੀ—ਇਹ ਗੱਲਾਂ ਨਾਲ ਸਮਝ ਨਹੀਂ ਪੈਂਦੀ। ਹੱਡੀਂ ਵਾਪਰੇ ਤਾਂ ਸਮਝ ਪੈਂਦੀ ਹੈ। ਜੀਕੂੰ ਕੋਈ ਰੋਹੜੂ ਦਾ ਟੱਟੂ ਹੋਵੇ, ਜਿਸ ਦਾ ਦਿਨ ਰਾਤ ਭਾਰ ਹੇਠ ਦੱਬੇ ਰਹਿਣ ਨਾਲ ਮੱਚ ਮਰ ਚੁਕਾ ਹੋਵੇ, ਉਸ ਨੂੰ ਕੀ ਪਤਾ ਹੈ ਕਿ ਕੋਤਲ ਘੋੜੇ ਦਾ ਮੱਚ ਕੀ ਸ਼ੈ ਹੈ ? ਉਹ ਆਪਣੀ ਹੀਣੀ, ਨੀਵੀਂ, ਨਿਤਾਣੀ ਦਸ਼ਾ ਨਿੰਮ੍ਰਤਾ, ਵੈਰਾਗ ਤੇ ਫਕੀਰੀ ਸਮਝ ਲਵੇ ਤਾਂ ਕੀ ਠੀਕ ਹੈ ?

ਸੈਦ ਖਾਂ—ਨਹੀਂ, ਉਹ ਤਾਂ ਨੀਮ ਮੁਰਦਾ ਦਸ਼ਾ ਹੈ।

ਪੀਰ ਜੀ—ਇਸੀ ਤਰ੍ਹਾਂ ਮੈਨੂੰ ਕਲਗ਼ੀਆਂ ਵਾਲੇ ਤੋਂ ਸੋਝੀ ਮਿਲੀ ਹੈ ਕਿ ਹਿੰਦੁਸਤਾਨ ਵਿਚ ਧਰਵਿਰਤ ਫਕੀਰੀ ਅਕਸਰ ਵੇਰ ਇਸ 'ਨੀਮ ਮੁਰਦਾ ਹਾਲਤ' ਦਾ ਨਾਮ ਹੋ ਗਿਆ ਹੈ, ਪਰ ਅਸਲ ਵਿਚ ਫਨੀਅਰ ਸੱਪ ਦੀ ਫਨ ਖਿਲਾਰੇ ਵਾਲੀ ਦਸ਼ਾ ਵਰਗੀ 'ਸੁਰਤ ਦੀ ਖੜੀ ਦਸ਼ਾ' ਫਕੀਰੀ ਪਹਿਲੂ ਦੀ ਨਬੀਰ ਹੈ।

ਸੈਦ ਖਾਂ ਅੱਲਾ ਮਗ਼ਫ਼ਿਰਤ ਕਰੇ (ਮਾਫ ਕਰੇ) ਇਹ ਜ਼ੁਲਮ ਨਹੀਂ ? ਸੱਪ ਤੇ ਫਕੀਰੀ !

ਪੀਰ ਜੀ—ਤੁਸੀਂ ਟਪਲਾ ਖਾਧਾ, ਮੈਂ ਸੱਪ ਦੇ ਜ਼ਹਿਰ, ਉਸ ਦੀ ਈਜ਼ਾ ਰਸਾਨੀ (ਦੁੱਖ ਦੇਣਾ) ਤੇ ਜਾਨਾਂ ਮਾਰਨ ਨੂੰ ਫਕੀਰੀ ਨਹੀਂ ਕਹਿ ਰਿਹਾ, ਮੈਂ, ਕੇਵਲ ਉਸ ਦੀ ਉੱਚੀ ਡੋਲ, ਫਾਇਲੀ ਪਹਿਲੂ* ਉਸ ਦੇ ਉੱਚੇ ਦੁਖ ਦਾ ਜ਼ਿਕਰ ਕੀਤਾ ਹੈ।

ਸੈਦ ਖਾਂ ਮੈਂ ਨਹੀਂ ਸਮਝ ਰਿਹਾ।

ਪੀਰ ਜੀ—ਸਮਝਣਾਂ ਕਠਨ ਹੈ, ਕਿਉਂਕਿ ਅੰਦਰ ਸੁਰਤਿ ਸੁੱਤੀ ਪਈ ਹੈ, ਇਨਸਾਨੀਅਤ† ਤੇ ਮਰਦਊ ਦਾ ਅਸਲੀ ਮੱਚ ਆਪਣੇ ਹੁਲਾਰੇ ਵਿਚ ਨਹੀਂ ਹੈ। (ਮਾਫ ਕਰਨਾ) ਤਬਅਤ ਵਿਚੋਂ ਜ਼ਹਿਰ ਸਾਫ ਨਹੀਂ, ਇਸ ਕਰਕੇ ਕਠਨਤਾ ਹੈ। ਪਰ ਮੈਂ ਕੁਛ ਅਰਜ਼ ਕਰਦਾ ਹਾਂ, ਜ਼ਰਾ ਧਿਆਨ ਕਰਕੇ ਸੁਣਨਾ। ਤੁਸੀਂ ਫਾਇਲ ਤੇ ਮਫਊਲ ਤਾਂ ਸਮਝਦੇ ਹੋ? ਆਪਣੇ ਅੰਦ-

*Subjective attitude.

†ਤਬੀਅਤ-ਅੰਦਰਲਾ।

ਰਲੇ ਦਾ ਰੁਖ ਹਰ ਸ਼ੈ ਹਰ ਪ੍ਰਾਣੀ ਨਾਲ ਫਾਇਲੀ* ਹਾਲਤ ਦਾ ਹੋਣਾ ਇਹ ਫਕੀਰੀ ਹੈ, ਸੱਚੀ ਇਨਸਾਨੀਅਤ ਤੇ ਮਰਦਊ ਇਹੀ ਹੈ। ਔਉਂ ਸਮਝੋ:–

ਹਰ ਆਦਮੀ ਜਿਸ ਨਾਲ ਆਪ ਦਾ ਵਾਹ ਪੈਂਦਾ ਹੈ ਉਹ ਆਪਣੇ ਗੁਣ, ਸੁਭਾਉ ਗਲ ਬਾਤ ਦਾ ਕੁਝ ਨਾ ਕੁਝ ਅਸਰ ਤੁਸਾਂ ਪਰ ਛੋੜ ਜਾਂਦਾ ਹੈ। ਜਦ ਤਕ ਆਪ ਇਸ ਤਰ੍ਹਾਂ ਅਸਰਾਂ ਨੂੰ ਕਬੂਲ ਕਰਦੇ ਹੋ ਤੁਹਾਡਾ ਅੰਦਰਲਾ ਮਫਉਲ ਹੁੰਦਾ ਹੈ, ਜੇ ਕੋਈ ਐਸੀ ਕਰਾਮਾਤ ਹੋ ਜਾਵੇ ਕਿ ਤੁਹਾਡਾ ਅੰਦਰਲਾ ਕਿਸੇ ਦੇ ਅਸਰ ਹੇਠ ਨਾ ਲੱਗੇ, ਸਿੱਧਾ ਖੜਾ ਰਹੇ, ਹਰ ਅਸਰ ਜੋ ਪਏ ਸੋ ਹੇਠਾਂ ਤਿਲਕ ਜਾਏ ਤੇ ਤੁਹਾਡਾ ਅਸਰ ਹੋਰਨਾਂ ਪਰ ਪਏ, ਤਾਂ ਤੁਹਾਡੇ ਅੰਦਰਲੇ ਦੀ ਦਸ਼ਾ 'ਹਾਲਤ ਫਾਇਲੀਤਾ' ਵਾਲੀ ਹੋਵੇਗੀ। ਜਦੋਂ ਇਹ ਘਟਨਾ ਤੁਹਾਡੇ ਅੰਦਰ ਘਟ ਜਾਏ ਤਦੋਂ ਤੁਸਾਂ ਨੂੰ ਆਪਣੇ ਅੰਦਰਲੇ ਵਿਚ ਸੁਆਦ, ਰਸ, ਤਾਕਤ ਇਕ ਉਮਾਹ ਪ੍ਰਤੀਤ ਦੇਵੇਗਾ, ਕਾਇਰਤਾ ਤੇ ਨਿਪੁੰਸਕਤਾ ਅੰਦਰਲੇ ਵਿਚ ਨਹੀਂ ਭਾਸੇਗੀ।

ਸੈਦ ਖਾਂ–ਫੇਰ ਚੌਰੋਜ਼ਖਾਂ ਤੇ ਤੈਮੂਰ ਮੈਸੇ ਜ਼ਾਲਮਾਂ ਤੇ ਫਕੀਰਾਂ ਵਿਚ ਫਰਕ ਕੀਹ ਬਾਕੀ ਰਹੇਗਾ ?

ਪੀਰ ਜੀ–ਬਹੁਤ ਖੂਬ ! ਜ਼ਾਲਮ ਦੇ ਅੰਦਰਲੇ ਵਿਚ ਤ੍ਰਿਸ਼ਨਾ ਹੁੰਦੀ ਹੈ, ਉਹ ਤ੍ਰਿਸ਼ਨਾ ਦਾ ਬੰਧਾ ਹਰੇਕ ਉਤੇ ਹਾਵੀ ਹੋਣ ਦਾ ਪਹਿਲੂ ਅਖਤਿਆਰ ਕਰਦਾ ਹੈ, ਫਕੀਰ ਅੰਦਰੋਂ ਤ੍ਰਿਸ਼ਨਾ ਦਾ ਜ਼ਹਿਰ ਦੂਰ ਕਰਦਾ ਹੈ, ਤੇ ਆਪਣੇ ਅੰਦਰਲੇ ਦੇ ਅਸਲੇ ਵਿਚ ਚਮਕਦਾ ਹੈ। ਅੰਦਰਲੇ ਦਾ ਅਸਲਾ ਇਹ ਹੈ ਕਿ ਉਹ ਆਪਣੇ ਆਪ ਵਿਚ ਮਗਨ ਰਹੇ, ਅਪਣੇ ਵਿਚ ਟਿਕੇਗਾ ਜਿਵੇਂ ਸਿਆਣੇ ਕਹਿੰਦੇ ਹਨ ਅਪਣੇ ਸਰੂਪ ਵਿਚ ਇਸਥਿਤ ਹੋਵੇ ਤਾਂ ਖੁਸ਼, ਦੁਖ, ਰਸ, ਆਨੰਦ ਸਰੂਪ ਹੈ। ਜੇ ਓਹ ਆਦਮੀਆਂ ਜਾਨਵਰਾਂ, ਵਸਤਾਂ ਵਿਚ ਫਿਰੇ ਤੁਰੇ, ਵਰਤੋਂ ਵਿਹਾਰ ਕਰੇ ਤਾਂ ਹਰ ਦਿੱਸਦੀ ਸ਼ੈ ਤੇ ਜਾਨਦਾਰ ਨਾਲ ਉਸ ਦੇ ਅੰਦਰਲੇ ਦੀ ਭੇਲ, (ਰੁਖ) ਫਾਇਲੀ ਸੂਰਤ ਦੀ ਹੋਵੇਗੀ, ਅੰਦਰਲੇ ਦਾ ਰੁਖ ਹੋਰਨਾਂ ਪਰ ਹਾਵੀ ਹੋਵੇਗਾ, ਪਰ ਉਸ ਦੇ ਮਨ ਉਤੇ ਹਾਵੀ ਕੋਈ ਨਹੀਂ ਹੋਵੇਗਾ।

ਸੈਦ ਖਾਂ–ਮੈਂ ਕਾਬਲ ਵਿਚ ਸੁਣਿਆ ਸੀ ਕਿ ਪੰਜਾਬ ਵਿਚ ਇਕ ਫਕੀਰ ਆਖਦਾ ਹੈ ਕਿ ਮੈਂ ਸਵਾ ਲੱਖ ਨਾਲ ਇਕ ਮੁਰੀਦ ਨੂੰ ਲੜਾ ਸਕਦਾ ਹਾਂ, ਤਾਂ ਮੈਂ ਸੁਦਾ ਸਮਝਕੇ ਹੱਸਿਆ ਸਾਂ।

ਪੀਰ ਜੀ–ਉਸ ਦਾ ਇਹੋ ਅਰਥ ਹੈ ਕਿ ਸਵਾ ਲੱਖ ਆਦਮੀ ਜੇ ਗੁਰੂ ਗੋਬਿੰਦ ਸਿੰਘ ਦੇ ਸਿਖ ਪਰ ਅਸਰ ਪਾਵੇ ਤਾਂ ਸਿਖ ਦੀ ਸੂਰਤ (ਉਸ ਦਾ ਅੰਦਰਲਾ) ਉਨ੍ਹਾਂ ਦੇ ਅਗੇ ਹਾਲਤ ਮਫਉਲੀਅਤ (ਅਸਰ ਕਬੂਲਣ ਵਾਲੀ) ਵਿਚ ਨਹੀਂ ਜਾਵੇਗੀ। ਉਸ ਦੀ ਆਪਣੀ ਅੰਦਰਲੀ ਹਾਲਤ ਫਾਇਲੀ ਕਾਇਮ ਰਹੇਗੀ। ਸੋ ਦੇਖ ਲਓ ਫਰਕ ਹੁਣ ਆਪੇ।

ਸੈਦ ਖਾਂ–ਪਰ ਸ਼ਾਹ ਸਾਹਿਬ ! ਆਪ ਇਕ ਬੜਾ ਗਜ਼ਬ (ਧੱਕਾ) ਕਰ ਰਹੇ ਹੋ, ਕਿਆ ਫਰੇਤਨੀ (ਨਿੰਮ੍ਰਤਾ), ਗ਼ੀਬੀ, ਰਹਮ, ਵੈਰ ਗ ਇਹ ਚੀਜ਼ਾਂ ਕਾਇਰਤਾ ਹਨ, ਅੱਜ ਫਕੀਰੀ ਵਿਚ ਇਨ੍ਹਾਂ ਨੂੰ ਥਾਂ ਨਹੀਂ ਹੈ ? ਜੇ ਦੀਨ ਵਿਚੋਂ ਏਹ ਦੂਰ ਹਨ ਤਾਂ 'ਦੀਨ' ਅਰ 'ਜਬਰ' ਇੱਕੋ ਹੋ ਗਏ ?

ਪੀਰ ਜੀ–ਨਹੀਂ ਜੀਉ! ਵੈਰਾਗ, ਰਹਿਮ, ਫਰੇਤਨੀ, 'ਫਾਦ ਜ਼ਹਿਰ' ਹਨ, ਅਥਾਤ ਮਨ ਵਿਚਵਲੇ ਜ਼ਹਿਰਾਂ ਦੇ ਅਸਰਾਂ ਨੂੰ ਕੱਟਣ ਵਾਲੇ ਦਾਰੂ ਹਨ, ਫਕੀਰੀ ਦੇ ਰੁਕਨ ਹਨ, ਪਰ ਲਾਗੂ ਕ ਵੈਦ ਦੇ ਹੱਥ ਵਿਚ।

ਸੈਦ ਖਾਂ–ਮੈਂ ਨਹੀਂ ਸਮਝਿਆ।

ਪੀਰ ਜੀ–'ਤ੍ਰਿਸ਼ਨਾ' 'ਲੈ ਲਵਾਂ' 'ਆਪਣੇ ਆਪ ਨੂੰ ਅਗੇ ਕਰਕੇ ਦਾਵਾ ਜਮਾਉਣ ਦੀ ਲਾਲਸਾ' ਇਹ ਇਕ ਦਸ਼ਾ ਹੈ, ਜੋ ਹਰ ਮਨ ਤੇ ਹਾਵੀ ਹੈ, ਤੇ ਇਹ ਤ੍ਰਿਸ਼ਨਾ ਹੈ ਜੋ ਇਕ ਤਰ੍ਹਾਂ ਦਾ ਜ਼ਹਿਰ ਹੈ, ਜਿਸ ਨੇ ਸਾਡੇ ਅੰਦਰਲੇ ਦੇ ਅਸਲੀ ਨੂਰਾਨੀ ਚਿਹਰੇ ਨੂੰ ਛੁਪਾ ਰੱਖਿਆ ਹੈ। ਇਸ ਜ਼ਹਿਰ ਨੂੰ ਮਾਰਨ ਵਾਲਾ 'ਫਾਦ' (ਦਾਰੂ) ਵੈਰਾਗ ਹੈ। 'ਰਹਿਮ, ਦਇਆ, ਤਿਆਗ, ਨਿੰਮ੍ਰਤਾ' ਸਾਰੇ ਵੈਰਾਗ ਵਿਚ ਮੈਂ ਸ਼ਮਲ ਸਮਝਦਾ ਹਾਂ। ਸੋ ਲਾਇਕ ਮੁਰਸ਼ਿਦ, ਮੇਰੇ ਕਾਮਲ ਰੱਬ ਰੂਪ ਮੁਰਸ਼ਿਦ ਤੇ ਰਸੂਲ ਗੁਰੂ ਗੋਬਿੰਦ ਸਿੰਘ ਨੇ ਇਹ ਦੱਸਿਆ ਕਿ ਵੈਰਾਗ ਦਾਰੂ ਹੈ ਜੋ ਤ੍ਰਿਸ਼ਨਾ ਦੀ ਬਿਖ ਨੂੰ ਕੱਟਦਾ ਹੈ, ਜਦ ਬਿਖ ਦੂਰ ਹੋ ਗਈ ਫੇਰ

*ਸਾਖੀ ਰੂਪ, ਇਸ ਨੂੰ ਪੂਰੂ ਜੀ ਨੇ ਆਪਣੇ ਆਦਰਸ਼ ਵਿਚ 'ਚੜ੍ਹਦੀ ਕਲਾ' ਭੀ ਦੱਸਿਆ ਹੈ। †ਮਨ ਦਾ ਉਚੇ ਉਠਕੇ ਦ੍ਰਿਸ਼ਟਾ ਪਦ ਆਪਣੇ ਆਪ ਨੂੰ ਪ੍ਰਤੀਤ ਕਰਨਾ।

ਚਿੱਤ ਦੀ ਅਵਸਥਾ—ਅੰਦਰਲੇ ਦਾ ਕੁਦਰਤੀ ਸਰੂਪ—ਕੀ ਹੋਊ ? 'ਮੰਗਲਮ', ਮੰਗਲ ਹੀ ਮੰਗਲ, ਫਰਹਤ ।

ਵੈਰਾਗ ਧਰਮ ਦੀ ਮੰਜ਼ਲ ਨਹੀਂ,
ਵੈਰਾਗ ਧਰਮ ਦਾ ਰਸਤਾ ਹੈ ।

ਧਰਮ ਹੈ 'ਅਨੰਤ' ਨਾਲ ਰਾਗ, 'ਅਨੰਤ' ਮੰਗਲ ਹੈ, ਉਸ ਮੰਗਲ ਨਾਲ ਰਾਗ ਕਰਕੇ ਮੰਗਲ ਰੂਪ ਹੋਈਦਾ ਹੈ। ਉਹ ਮੰਗਲ ਜੋ ਤ੍ਰਿਸ਼ਨਾ ਰਹਿਤ ਹੈ।

ਸੈਦ ਖਾਂ—ਫੇਰ ਗੁਰੂ ਜੀ ਨੂੰ ਜੋ ਤ੍ਰਿਸ਼ਨਾ ਰਹਿਤ ਮੰਗਲ ਵਿਚ ਹਨ, ਜੰਗ ਦੀ ਕੀ ਲੋੜ ਹੈ ?

ਪੀਰ ਜੀ—ਉਨ੍ਹਾਂ ਨੂੰ ਤਾਂ ਲੋੜ ਨਹੀਂ ਪਰ ਜਗਤ ਨੂੰ ਲੋੜ ਹੈ। ਜਿਨ੍ਹਾਂ ਪਰ ਜ਼ੁਲਮ ਹੋ ਰਿਹਾ ਹੈ ਉਨ੍ਹਾਂ ਨੂੰ ਲੋੜ ਹੈ । ਰੱਬ ਦੇ ਬਣ ਏ ਬੰਦੇ ਜੋ ਨਿਰਭੈ, ਸੁਤੰਤ੍ਰ ਇਨਸਾਨੀਅਤ ਦੇ ਕਮਾਲ ਵਿਚ ਚਾਹੀਦੇ ਹਨ, ਓਹ ਤਲਵਾਰ ਦੇ ਜ਼ੋਰ ਬੁਜ਼ਦਿਲ, ਕਾਇਰ, ਨਿਮਾਣੇ ਬਣਾਏ ਜਾ ਰਹੇ ਹਨ। ਹਿੰਦੂ ਹੀ ਨਹੀਂ ਸੂਫੀ, ਤੇ ਹੋਰ ਮੁਸਲਮਾਨ ਫਕੀਰ ਬੀ ਮਾਰੇ ਜਾ ਰਹੇ ਹਨ। ਹਾਂ, ਅੱਲਾ ਦੀ ਕਾਇਨਾਤ ਨੂੰ ਤਬਾਹ ਕੀਤਾ ਜਾ ਰਿਹਾ ਹੈ, ਇਸ ਦੀ ਰੱਖਿਆ ਵਾਸਤੇ ਲੋੜ ਹੈ ਕਿ ਕੋਈ ਤ੍ਰਿਸ਼ਨਾ ਰਹਿਤ ਬੀਰ ਬਾਂਕਰਾਂ ਟਾਕਰਾ ਕਰੇ। ਜੇ ਅੱਜਜ਼ ਵਿਚ ਬਘਿਆੜ ਆ ਵੜੇ ਤਾਂ ਅੱਯਾਲੀ ਦਾ ਕੀ ਧਰਮ ਹੈ? ਤੁਸੀਂ ਵਿਚਾਰ ਕਰ ਲਓ। ਕੀ ਉਸਦੀ ਫਰੇਤਨੀ ਤੇ ਅਹਿੰਸਾ ਉਸ ਵੇਲੇ ਅੱਜਜ਼ ਨੂੰ ਬਚਾ ਸਕੇਗੀ ? ਕੀ ਅਯਾਲੀ ਅਹਿੰਸਾ ਦਾ ਪੱਜ ਬਣਾ ਕੇ ਅੱਜਜ਼ ਦੀ ਰਖਵਾਲੀ ਕਰ ਸਕਦਾ ਹੈ, ਤੇ ਕੀਹ ਰਾਖੀ ਕਰਨਾ ਉਸ ਦਾ ਧਰਮ ਨਹੀਂ ?

ਗੁਰੂ ਗੋਬਿੰਦ ਸਿੰਘ ਦਾ ਆਦਰਸ਼ ਹੈ ਕਿ 'ਇਨਸਾਨ ਉਹ ਹੈ ਜੋ ਤ੍ਰਿਸ਼ਨਾ ਦੋ ਜ਼ਹਿਰ ਤੋਂ ਪਾਕ ਹੋਵੇ, ਉਸਦੇ ਅੰਦਰਲੇ ਵਿਚ ਖੁਸ਼ੀ, ਉਮਾਹ ਤੇ ਸੁਤੰਤਰਤਾ ਹੋਵੇ, ਜਗਤ ਨਾਲ ਪਯਾਰ ਹੋਵੇ ਪਰ ਅੰਦਰੋਂ ਦੁਖ ਫਾਇਲੀ ਰੁਖ ਹੋਵੇ।' ਨਾ ਤਾਂ ਉਹ 'ਕਾਇਰ' ਨੂੰ ਅਤੇ ਨਾ ਹੀ 'ਜ਼ਾਲਮ ਸੱਫਾਕ' ਨੂੰ ਇਨਸਾਨੀ ਆਦਰਸ਼ ਸਮਝਦੇ ਹਨ, ਕਿਉਂਕਿ ਕਾਇਰ ਵਿਚ ਇਨਸਾਨੀ ਮਦ ਤੇ ਮਰਦਊ ਪੁਣੇ ਦਾ ਮਦ ਨਹੀਂ ਹੈ, ਉਸਦੇ ਅੰਦਰ ਉਸਦਾ ਅਸਲੀ ਰੂਪ ਉਮਾਹ ਤੇ ਸੁਤੰਤ੍ਰਤਾ ਵਾਲਾ ਜ਼ਾਇਲ ਤੇ ਤਬਾਹ ਯਾ ਗੁੰਮ ਤੇ ਦਬਾ ਹੇਠ ਹੋ ਰਿਹਾ ਹੈ, ਅਤਬਾਤ ਕਾਇਰ ਆਪਣੇ ਆਪ ਨੂੰ ਉਸ ਆਦਰਸ਼ ਤੋਂ ਗਿਰਾ ਰਿਹਾ ਹੈ ਜਿਸ ਪਰ ਅੱਲਾ ਨੇ ਉਸ ਨੂੰ ਬਣਾਇਆ ਸੀ। ਤੇ ਜ਼ਾਲਮ ਦੂਜਿਆਂ ਨੂੰ ਉਸ ਆਦਰਸ਼ ਤੋਂ ਗਿਰਾ ਰਿਹਾ ਹੈ, ਜਿਸ ਪਰ ਅੱਲਾ ਨੇ ਬੰਦਾ ਸਾਜਿਆ ਸੀ। ਉਹ ਬਨੀ ਨੌਅ ਇਨਸਾਨ (ਆਦਮੀਜ਼ਾਤ) ਨੂੰ ਧੱਕੇ ਤੇ ਜ਼ੁਲਮ ਨਾਲ ਗਿਰਾ ਕੇ ਨਿਤਾਣੇ ਜਾਨਵਰ ਬਣਾ ਰਿਹਾ ਹੈ। ਮੇਰਾ ਮਤਲਬ ਹੈ ਇਨਸਾਨ ਨੂੰ ਖੁਦਾ ਨੇ:—

'ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥' ਸਰਦਾਰ ਬਣਾਇਆ ਹੈ । ਕਾਇਰ ਉਸ ਦਸ਼ਾ ਨੂੰ ਆਪ ਆਪਣੇ ਵਿਚੋਂ ਤਬਾਹ ਕਰ ਰਿਹਾ ਹੈ ਤੇ ਜ਼ਾਲਮ ਉਸ ਨੂੰ ਦੂਜਿਆਂ ਵਿੱਚੋਂ ਧੱਕੇ ਨਾਲ ਤਬਾਹ ਕਰ ਰਿਹਾ ਹੈ। ਦੋਵੇਂ ਅੱਲਾ ਦੇ ਆਦਰਸ਼ ਨੂੰ ਗਿਰਾ ਰਹੇ ਹਨ।

ਕਾਇਰ ਖੁਦਕੁਸ਼ੀ (ਆਤਮਘਾਤ) ਕਰ ਰਿਹਾ ਹੈ। ਜ਼ਾਲਮ ਦੂਸਰਿਆਂ ਦਾ ਖ਼ੂਨ (ਘਾਤ) ਕਰ ਰਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਇਹ ਹੈ ਕਿ ਇਨਸਾਨ 'ਇਨਸਾਨ ਤੇ ਮਰਦ' ਹੋਵੇ, ਨਾ ਤਾਂ ਆਪਣੇ ਆਪਨੂੰ ਤਬਾਹਕਰੇ,ਨਾ ਦੂਸਰੇਨੂੰ ਤਬਾਹ ਕਰੇ।

ਉਨ੍ਹਾਂ ਦਾ ਆਦਰਸ਼ ਇਹ ਹੈ ਕਿ ਜਿਸ ਕਿਸਮ ਦੇ ਜ਼ਾਲਮ ਤੇ ਜ਼ਬਰਦਸਤ ਔਰੰਗਜ਼ੇਬ ਨੇ ਆਪਣੇ ਸਿਪਾਹੀ ਬਣਾਏ ਹਨ, ਐਸੇ ਸਵਾ ਲਖ ਸਿਪਾਹੀ ਪਰ ਇਕ ਇਨਸਾਨ ਐਸਾ ਹੋਵੇ ਜੋ ਇਕੱਲਾ ਭਾਰੂ ਹੋਵੇ। ਐਸਾ ਤਾਕਤਵਰ, ਸੁਤੰਤ੍ਰ ਖੁਸ਼ ਤੇ ਹਾਲਤ ਫਾਇਲੀ ਨੂੰ ਅੰਦਰ ਕਾਇਮ ਰੱਖਣ ਵਾਲਾ ਇਨਸਾਨ ਮੈਂ ਤਿਆਰ ਕਰਾਂ ਤੇ ਉਹ ਇਨਸਾਨ ਦੂਸਰੇ ਇਨਸਾਨਾਂ ਨੂੰ ਆਪਣੇ ਵਰਗਾ ਬਨਾਉਣ ਵਿਚ ਕੋਸ਼ਸ਼ ਕਰੇ। ਜ਼ੋਰ ਜ਼ੁਲਮ ਕਰਕੇ ਹੋਰਨਾਂ ਨੂੰ ਕਮਜ਼ੋਰ ਤੇ ਗੁਮਰਾਹ (ਗੁਆਚਿਆ ਹੋਇਆ) ਨਾ ਕਰੇ । ਇਸ ਵੇਲੇ ਓਹ ਇਕ ਪਾਸੇ ਕਾਇਰ ਹੋ ਚੁੱਕੀ ਪਰਜਾ ਨੂੰ ਉੱਚਾ ਕਰ ਰਹੇ ਹਨ, ਦੂਜੇ ਪਾਸੇ ਦਰਿੰਦਾ ਹੋ ਚੁਕੇ ਜ਼ਾਲਮ ਨੂੰ ਹੇਠਾਂ ਲਿਆ ਰਹੇ ਹਨ। ਹੁਣ ਆਪ ਸੋਚ ਲਵੋ ਕਿ ਉਨ੍ਹਾਂ ਦਾ ਆਦਰਸ਼ ਆਪ ਦੀ ਸਮਝ ਵਿਚ ਆ ਗਿਆ ਹੈ ?

ਸੈਦ ਖਾਂ—ਹਾਂ, ਸ਼ੱਕ ਰਹਾ ਹੋ ਗਏ ਹਨ, ਪਰ ਅੰਦਰ ਵਾਪਰਿਆ ਨਹੀਂ ।

ਪੀਰ ਜੀ—ਅੰਦਰ ਵਾਪਰੇਗਾ, ਜਿਸ ਦਿਨ

ਦਰਸ਼ਨ ਹੋਣਗੇ। ਹਾਲੇ ਇਹ ਦੱਸੋ ਕਿ ਕਿਆ ਮੈਂ ਇਸ 'ਬਰਤਰੀਂ ਇਨਸਾਨ' (ਉੱਚੇ ਤੋਂ ਉੱਚੇ ਮਰਦ) ਗੁਰੂ ਗੋਬਿੰਦ ਸਿੰਘ ਦੀ ਤਕਲੀਦ (ਪੈਰਵੀ) ਵਿਚ ਗ਼ਲਤੀ ਪਰ ਹਾਂ? ਅਰ ਕੀ ਮੇਰੇ ਨਿੰਦਕ ਦਰੁਸਤੀ ਪਰ ਹਨ?

ਸੈਦ ਖਾਂ—ਤਸੀਂ ਦਰੁਸਤੀ ਪਰ ਹੋ, ਨਿੰਦਕ ਗ਼ਲਤੀ ਪਰ ਹਨ, ਪਰ ਇਹ ਹਾਲਤ ਅੰਦਰਲੇ ਦੀ ਐਸੀ ਸਖ ਰੂਪ ਅਰ ਫਾਇਲੀ ਰੁਖ਼ ਵਾਲੀ ਪ੍ਰਾਪਤ ਕੀਕੂੰ ਹੋਵੇ?

ਪੀਰ ਜੀ—ਮੈਂ ਦੱਸ ਜ਼ ਆਇਆ ਹਾਂ ਕਿ 'ਸਾਡੇ ਅੰਦਰਲੇ ਦਾ ਉੱਚੇ ਤੋਂ ਉੱਚਾ ਅੰਤ' 'ਮੰਗਲ' ਆਨੰਦ ਹੈ। ਇਹ ਮੰਗਲ ਰੂਪ ਹੈ ਤੇ ਮੰਗਲ ਰਹੇਗਾ ਪਰ ਤ੍ਰਿਸ਼ਨਾਂ ਨਾਲ ਅਸਾਂ ਇਸ ਵਿਚ ਭੈ, ਭਰਮ, ਈਰਖਾ, ਲਾਲਚ ਪਾ ਕੇ ਇਸ ਨੂੰ

ਯਾ ਨਿਤਾਣੇ ਯਾ ਜ਼ਾਲਮ

ਬਣਾ ਰੱਖਿਆ ਹੈ। ਦੋਹਾਂ ਦਾ ਦਾਰੂ 'ਵੈਰਾਗ' ਹੈ

ਵੈਰਾਗ ਨਾਲ ਜ਼ਾਲਮ ਦੇ ਅੰਦਰੋਂ ਜ਼ੁਲਮ ਦੀ ਤ੍ਰਿਸ਼ਨਾ ਹਟਦੀ ਹੈ ਤੇ ਵੈਰਾਗ ਨਾਲ ਨਿਤਾਣੇ ਦੇ ਅੰਦਰੋਂ ਸਰੀਰ ਨਾਲ ਮੋਹ ਤਟਦਾ ਹੈ, ਉਸਦਾ ਭੈ ਦੂਰ ਹੁੰਦਾ ਹੈ ਤੇ 'ਨਿਰਭੈਤਾ' ਆਉਂਦੀ ਹੈ; 'ਵਹਿਮ' ਦੂਰ ਹੁੰਦਾ ਹੈ, 'ਭਰਮ' ਕਟੀਂਦਾ ਹੈ।

ਸੈਦ ਖਾਂ—ਫੇਰ ਹੰਕਾਰ ਨਹੀਂ ਰਹਿੰਦਾ, ਜੇ ਹੰਕਾਰ ਨਹੀਂ ਰਹਿੰਦਾ ਤਾਂ ਆਦਮੀ ਅੰਦਰੋਂ ਉੱਚਾ ਕੀਕੂੰ ਰਹਿੰਦਾ ਹੈ?

ਪੀਰ ਜੀ—ਇਕ ਹੰਕਾਰ ਹੈ, ਇਕ 'ਉਚਿਆਣ' ਹੈ। ਜੋ ਸੱਚ ਮੁੱਚ ਅੰਦਰੋਂ ਦਰੁਸਤ ਨਹੀਂ ਹੋ ਗਿਆ ਤੇ ਸਮਝਦਾ ਹੈ ਮੈਂ ਉੱਚਾ ਹਾਂ ਉਹ ਹੰਕਾਰੀ ਹੈ, ਪਰ ਜੋ ਵੈਰਾਗ ਕਰਕੇ ਸਾਫ ਹੋ ਗਿਆ ਤੇ ਨਾਮ ਜਪ ਕੇ ਏਕਾਗਰ ਹੋ ਗਿਆ ਹੈ, ਉਹ ਸੱਚੀ ਮੁੱਚੀ (ਅਪਣੇ ਅੰਦਰਲੇ ਵਿਚ) ਕਿਸੇ ਉਚਿਆਣ ਤੇ ਅੱਪੜ ਗਿਆ ਹੈ*। ਉਸ ਨੂੰ ਜੋ ਆਪਣੇ ਅੰਦਰਲੇ ਦਾ ਅੰਦਰ ਉੱਚਾਪਨ ਦਿੱਸਦਾ ਹੈ ਤੇ ਹੋਰ ਹਰ ਦਿੱਸਦੇ ਨਾਲ ਉਸ ਦੇ ਅੰਦਰਲੇ ਦਾ ਰੁਖ਼ ਫਾਇਲੀ ਹੋ ਗਿਆ ਹੈ, ਇਹ ਹੰਕਾਰ ਨਹੀਂ, ਇਹ ਇਨਸਾਨੀਅਤ, ਹਾਂ ਇਨਸਾਨ ਦੀ ਸਭ ਤੋਂ ਉੱਚੀ ਹਾਲਤ ਹੈ। ਇਸ ਅੰਦਰਲੇ ਦੇ ਰੰਗ ਨੂੰ ਜਾਂ ਹਾਲਤ ਨੂੰ ਗੁਰੂ ਗੋਬਿੰਦ ਸਿੰਘ ਜੀ 'ਚੜ੍ਹਦੀਆਂ ਕਲਾਂ' ਆਖਦੇ ਹਨ। ਇਹ ਚੜ੍ਹਦੀਆਂ ਕਲਾਂ ਅੰਦਰਲੇ ਦੀ ਸੁੱਚੀ ਉਚਿਆਣ ਹੈ, ਇਹ ਹੰਕਾਰ ਯਾ ਹਉਮੈਂ ਨਹੀਂ ਹੈ। ਹੰਕਾਰ ਨੂੰ ਚੜ੍ਹਦੀਆਂ ਕਲਾਂ ਕਹਿਣਾ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਵਿਚ ਗ਼ਲਤੀ ਕਰਨਾ ਹੈ। ਚੜ੍ਹਦੀਆਂ ਕਲਾਂ ਇਕ ਕਮਾਲ ਹੈ, ਇਸ ਦੇ ਤ੍ਰੈ ਪਹਿਲੂ ਲਹਿਰਦੇ ਹਨ:—

ਚੜ੍ਹਦੀਆਂ ਕਲਾਂ

੧—'ਆਪੇ' ਵਿਚ ਇਹ ਸੁਖ ਰੂਪ ਹੈ।
੨—ਉੱਪਰ 'ਅਨੰਤ' ਵੱਲ ਇਸ ਵਿਚ ਲਗਾਤਾਰ ਖਿੱਚ ਤੇ ਲਿਵ ਹੈ।
੩—ਬਾਹਰ 'ਜਗਤ' ਨਾਲ ਇਸਦਾ ਰੁਖ ਸਾਖੀ ਰੂਪ (ਫਾਇਲੀ) ਹੈ ਤੇ ਵਰਤੋਂ ਪ੍ਰੇਮ ਹੈ।

ਸੈਦ ਖਾਂ—ਕੀ ਗੁਰੂ ਗੋਬਿੰਦ ਸਿੰਘ ਜੀ ਉਪਕਾਰੀ ਵੀ ਹੈਨ?

ਪੀਰ ਜੀ—ਜਗਤ ਦਾ ਉਪਕਾਰ ਇਹ ਹੈ ਕਿ ਆਪ ਬੇਇਨਸਾਫੀ ਕਰਨੀ, ਜ਼ੁਲਮ ਕਰਨਾ, ਲੋਕਾਂ ਤੰਗ ਹੋਣਾ, ਦੁਖ ਪਾਉਣੇ, ਫੇਰ ਓਹਨਾਂ ਦੀ ਮੱਦਦ ਕਰਨੀ ਤੇ ਨਾਮ ਉਪਕਾਰ ਧਰਨਾ। ਗੁਰੂ ਗੋਬਿੰਦ ਸਿੰਘ ਜੀ ਦਾ ਉਪਕਾਰ ਇਹ ਹੈ ਕਿ ਉਹ ਆਪ ਇਕ ਮੁਕੰਮਲ ਇਨਸਾਨ ਦਾ ਨਮੂਨਾ ਹੈ ਅਰ ਲੋਕਾਂ ਵਿਚ ਬੈਠਕੇ ਇਹ ਨਮੂਨਾ ਦੱਸ ਰਿਹਾ ਹੈ ਤੇ ਜਾਚ ਸਿਖਾ ਰਿਹਾ ਹੈ ਕਿ ਹਰ ਆਦਮੀ ਇਸ ਨਮੂਨੇ ਦਾ ਆਦਮੀਬਣੇ। ਫਿਰ ਉਹ ਆਪਣੇ ਆਤਮ ਬਲ ਨਾਲ ਮੁਰਦਿਆਂ ਵਿਚ ਰੂਹ ਫੂਕ ਕੇ ਐਸੇ ਇਨਸਾਨ ਪੈਦਾ ਕਰ ਰਿਹਾ ਹੈ—ਮਰਦ ਤੋਂ ਮਰਦ ਪੈਦਾ ਹੋ ਰਿਹਾ ਹੈ। ਉਂਞ ਉਹ ਆਪ ਤਾਂ ਗੁਰੂ ਹੈ ਤੇ ਇਹ ਇਲਾਹੀ ਤਾਕਤ ਗੁਰੂ ਦੀ ਹੈ। ਮੇਰਾ ਮਤਲਬ ਇਹ ਹੈ ਕਿ ਓਹ ਰਸੂਲ ਹੈ ਉਹ ਇਨਸਾਨੀ ਕਮਾਲ ਦਾ ਬੀ ਨਮੂਨਾ ਹੈ, ਅਮਲੀ ਤੌਰ ਤੇ ਉਹ ਹਰ ਇਨਸਾਨ ਨੂੰ ਕਾਮਲ ਇਨਸਾਨ ਬਣਾਉਂਦਾ ਹੈ। ਇਹ ਉਸਦਾ ਸਭ ਤੋਂ ਉੱਚਾ ਉਪਕਾਰ ਹੈ।

ਸੈਦ ਖਾਂ—ਕਿਆ ਹੋਰ ਇਨਸਾਨ ਪਸ਼ੂ ਹਨ?

ਪੀਰ ਜੀ—ਜੋ ਦੂਸਰਿਆਂ ਪਰ ਭੈ ਪਾ ਕੇ ਉਨ੍ਹਾਂ ਦੇ ਆਤਮਾਂ ਨੂੰ ਕਮਜ਼ੋਰ ਕਰਦੇ ਹਨ ਓਹ ਇਨਸਾਨ ਨਹੀਂ ਹਨ, ਦਰਿੰਦੇ (ਪਾੜ ਖਾਣੇ ਪਸ਼ੂ) ਹਨ ਤੇ ਜੋ

*ਯੋਗ ਵਿਚ ਬੀ ਲਿਖਿਆ ਹੈ 'ਤਦਾ ਦ੍ਰਸ਼ੂ ਸ੍ਵਰੂਪੇ ਅਵਸਥਾਨਮੁ।' ਅਰਥਾਤ—ਦਿਸ਼ਟਾ ਦੀ ਆਪਣੇ ਦ੍ਰਿਸ਼ਟਾ ਸਰੂਪ ਵਿਚ ਇਸਥਿਤੀ। [ਯੋ: ਦ: ੧. ੨

ਆਪ ਭੈ ਖਾਕੇ ਡਰਦੇ, ਕਾਇਰ ਹੁੰਦੇ ਨਿੱਘਰਦੇ ਜਾਂਦੇ ਹਨ, ਓਹ ਭੇਡਾਂ ਬੱਕਰੀਆਂ ਵਾਂਗੂ ਬਲਹੀਨ ਪਸ਼ੂ ਹਨ। ਇਸੇ ਕਰਕੇ ਸਤਿਗੁਰ ਨੇ ਇਹ ਆਦਰਸ਼ ਦੱਸਿਆ ਹੈ:-

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥'

ਅਰਥਾਤ-ਨਾ ਤਾਂ ਡਰ ਦੇਕੇ ਦੂਜੇ ਇਨਸਾਨਾਂ ਨੂੰ ਇਨਸਾਨੀਅਤ ਤੋਂ ਗਿਰਾਉਂਦਾ ਹੈ। ਨਾ ਕਿਸੇ ਦਾ ਡਰ ਮੰਨ ਕੇ ਆਪੇ ਨੂੰ ਗਿਰਨ ਦੇ ਰਸਤੇ ਪਾਉਂਦਾ ਹੈ।

ਸੈਦ ਖਾਂ-ਪਰ ਜਦ ਗੁਰੂ ਗੋਬਿੰਦ ਸਿੰਘ ਜੀ ਜੰਗ ਕਰਦੇ ਹਨ ਤਾਂ ਦੂਸਰਿਆਂ ਪਰ ਤੇ ਨਹੀਂ ਪਾਉਂਦੇ ?

ਪੀਰ ਜੀ-ਏਥੇ ਹੀ ਤਾਂ ਉਨ੍ਹਾਂ ਦੀ ਸੁੰਦਰਤਾ ਹੈ, ਉਹ ਭੈ ਮਾਰਿਆਂ ਪਰ ਭੈ ਨਹੀਂ ਪਾਉਂਦੇ। ਉਹ ਜ਼ੁਲਮਾਂ ਪਰ ਤੇ ਪਾਇਕੇ ਉਨ੍ਹਾਂ ਦਾ ਜ਼ੁਲਮ ਤੋੜਦੇ ਹਨ ਕਿ ਉਹ ਦੂਸਰਿਆਂ ਨੂੰ ਭੈ ਨਾ ਦੇਣ ਤੇ ਭੈ ਮਾਰਿਆਂ ਨੂੰ ਆਖਦੇ ਹਨ: ਡਰੋ ਨਾ, ਮੈਂ-

ਸਵਾ ਲਾਖ ਸੰਗ ਏਕ ਲੜਾਊਂ।
ਤਬੈ ਗੁਰਬਿੰਦ ਸਿੰਘ ਨਾਮ ਕਹਾਊਂ।

ਉਨ੍ਹਾਂ ਦਾ ਮਨਸ਼ਾ ਇਹ ਹੈ ਕਿ ਜੀਕੂੰ ਹਰ ਬੂਟਾ ਜਦ ਆਪਣੇ ਕਮਾਲ ਨੂੰ ਪਹੁੰਚਦਾ ਹੈ, ਤਾਂ ਖਿੜਦਾ ਹੈ, ਤਿਵੇਂ ਹਰ ਇਨਸਾਨ ਜੋ ਕਮਾਲ ਤੇ ਹੈ, ਉਹ ਖੇੜੇ ਵਿਚ ਚਾਹੀਦਾ ਹੈ। ਓਹ ਐਸਾ ਇਕ ਇਨਸਾਨ ਲੱਖਾਂ ਕਾਇਰਾਂ ਤੋਂ ਕੀਮਤੀ ਸਮਝਦੇ ਹਨ। ਇਸ ਜੀਊਂਦੇ ਬੂਟੇ ਦੀ ਮੁਰਦੇ ਬੂਟੇ ਖਾਦ ਦਿੰਦੇ ਹਨ। ਪਰ ਗੁਰੂ ਜੀ ਇਹ ਨਹੀਂ ਚਾਹੁੰਦੇ ਕਿ ਇਸ ਕਿਸਮ ਦਾ ਕਾਮਲ ਇਨਸਾਨ ਜਗਤ ਤੇ ਰਹੇ ਹੀ ਨਾ, ਜਾਂ ਇਕੋ ਹੋਵੇ ਯਾ ਓਹ ਜ਼ਾਲਮ ਬਣ ਜਾਵੇ। ਉਨ੍ਹਾਂ ਦਾ ਆਦਰਸ਼ ਇਹ ਹੈ ਕਿ ਇਹ ਇਨਸਾਨ ਹਰਇਕ ਵਿਚ 'ਜ਼ਿੰਦ ਕਣੀ' ਫੂਕਣ ਵਾਲਾ ਹੋਵੇ, ਅਰਥਾਤ ਉਹ ਇਹ 'ਕਾਮਲ ਦਾ ਨਮੂਨਾ' ਬਣਾਕੇ ਫੇਰ ਏਸ ਦਾ ਵਾਧਾ ਲੋਚਦੇ ਹਨ ਕਿ ਸਭ ਕੋਈ ਏਸ ਕਮਾਲ ਤੇ ਅੱਪੜੇ। ਇਸ ਕਰਕੇ ਕਾਇਰਾਂ ਨੂੰ ਨਿਰਭੈ ਕਰਦੇ ਹਨ, ਭੈ ਦਾਇਕਾਂ ਨੂੰ ਪਹਿਲਾਂ ਉਪਦੇਸ਼ ਨਾਲ, ਪਿਆਰ ਨਾਲ ਸਮਝ ਉਂਦੇ ਹਨ, ਜੇ ਲੋੜ ਪਵੇ ਤਾਂ ਤਲਵਾਰ ਨਾਲ ਬੀ ਦਰੁਸਤ ਕਰਦੇ ਹਨ ਕਿ ਓਹ ਦੂਜਿਆਂ ਨੂੰ ਭੈ ਨਾ ਦੇਣ। ਤਾਕਿ 'ਕਾਮਲ ਨਮੂਨੇ ਦਾ ਇਨਸਾਨ' ਪੈਦਾ ਹੋਣ ਤੇ ਵਧਣ ਦਾ ਅਵਸਰ ਬਣੇ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥

ਸੈਦ ਖਾਂ-ਤੁਸਾਂ ਕਈ ਵੇਰ ਗੱਲਾਂ ਵਿਚ 'ਨਾਮ' ਦਾ ਜ਼ਿਕਰ ਕੀਤਾ ਹੈ, ਇਹ ਕੀ ਗੱਲ ਹੈ ?

ਪੀਰ ਜੀ-ਜਿਸ ਤਰ੍ਹਾਂ ਕਾਇਰ ਭੈ ਗ੍ਰਸੇ ਅਤੇ ਜ਼ਾਲਮ ਭੈ ਦੇਣ ਹਾਰੇ ਅਰਥਾਤ 'ਤ੍ਰਿਸ਼ਨਾਲੂ' ਮਨਾਂ ਨੂੰ ਮੈਂ ਦੱਸਿਆ ਸੀ ਕਿ 'ਅਭੈ ਪਦ' ਤੇ ਲੈ ਜਾਣ ਵਾਸਤੇ ਵੈਰਾਗ ਦਾਰੂ ਹੈ, ਜੋ ਤ੍ਰਿਸ਼ਨਾਂ ਦੀ ਮੈਲ ਕੱਟ ਦੇਂਦਾ ਹੈ, ਇਸੇ ਤਰ੍ਹਾਂ 'ਨਾਮ' ਸਾਫ ਹੋਏ ਮਨ ਨੂੰ 'ਹਰ ਪਲ ਵਿਚ ਫਾਇਲੀ ਹਾਲਤ ਵਿਚ ਰੱਖਣ ਦਾ ਯਤਨ' ਹੈ। ਇਹ ਇਨਸਾਨ ਨੂੰ ਕਮਾਲ ਵਿਚ ਲਿਜਾਂਦਾ ਤੇ ਨਮੂਨੇ ਦਾ ਇਨਸਾਨ 'ਅਭੈ ਪਦ' ਤੇ ਇਸਥਿਤ ਆਦਮੀ ਬਣਾਉਂਦਾ ਹੈ। 'ਨਾਮ' ਅੰਦਰਲੇ ਦੀ 'ਅਨੰਤ' ਨ ਲ ਲਿਵ ਹੈ।

ਸੈਦ ਖਾਂ-ਸਮਝਦਾ ਹਾਂ, ਪਰ ਵਾਪਰਦਾ ਨਹੀਂ।

ਪੀਰ ਜੀ-ਅੰਦਰ ਵਾਪਰੇਗਾ, ਜਿਸ ਦਿਨ ਦਰਸ਼ਨ ਹੋਣਗੇ। ਅਜੇ ਤਹਾਡਾ ਅੰਦਰਲਾ ਸੁੱਤਾ ਪਿਆ ਹੈ।

'ਮਨੁ ਸੋਇਆ ਮਾਇਆ ਬਿਸਮਾਦਿ।'

ਇਸ 'ਮਾਇਆ ਵਿਸਮਾਦ' ਪਰ 'ਰੱਬੀ ਵਿਸਮਾਦ' ਝਲਕਾ ਮਾਰੇਗਾ, ਜੀਕੂੰ ਸਵੇਰੇ ਨਸੀਰਾਂ ਪਰ ਰੱਬੀ ਵਿਸਮਾਦ ਨੇ ਝਲਕਾ ਮਾਰਿਆ ਹੈ। ਉਸੇ ਵੇਲੇ ਦੀ ਉਸ ਦੀ ਸੁਰਤ ਜਾਗ ਉੱਠੀ ਹੈ, ਹੁਣ ਉਹ ਨਾਮ ਨਾਲ ਅਦਰਲੇ ਦੇ ਕਮਾਲ ਤੇ ਅੱਪੜੇਗੀ। ਦੇਖੋ, ਜਾਗਦੇ ਸਾਰ ਪੁੱਤਰਾਂ ਦੇ ਵਿਯੋਗ ਦਾ ਦੁਖ ਦੂਰ ਹੋ ਗਿਆ ਹੈ। ਇਹ ਹੈ ਕਲਗੀਆਂ ਵਾਲੇ ਦਾ ਕਮਾਲ ! ਜੋ ਓਹ ਇਨਸਾਨਾਂ ਵਿਚ ਪਾ ਰਹੇ ਹਨ।

ਇਸ ਕਮਾਲ ਤੇ ਪਹੁੰਚੇ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਵੈਦ ਬਣਾਇਆ ਜਾਵੇ, ਅਰ ਬੀਮਾਰ ਬੰਦੇ ਉਸ ਦੀ ਸਪੁਰਦੀ ਵਿਚ ਦਿੱਤੇ ਜਾਣ।

ਇਹ ਇਨਸਾਨ ਹੈ ਕਿ ਜਿਸ ਦੇ ਸਪੁਰਦ ਬੱਚੇ ਕੀਤੇ ਜਾਣ, ਕਿ ਉਨ੍ਹਾਂ ਨੂੰ ਸਿੱਖਿਆ ਦੇਕੇ ਤੇ ਰੂਹ ਫੂਕ ਕੇ ਕਾਮਲ ਬੰਦੇ ਬਣਾਵੇ।

ਇਹ ਇਨਸਾਨ ਹੈ ਕਿ ਇਨਸਾਫ ਦੀ ਕੁਰਸੀ ਤੇ ਬਹਾਇਆ ਜਾਵੇ, ਕਿ ਉਹ ਪਸ਼ੂ ਬ੍ਰਿਤੀ ਵਾਲੇ ਇਨਸਾਨਾਂ ਵਿਚ ਇਕ ਤੋਲ ਕਾਇਮ ਰਖੇ।

ਇਸ ਨਮੂਨੇ ਦਾ ਇਨਸਾਨ ਕਾਮਲ ਇਨਸਾਨ ਹੈ ਕਿ ਹਕੂਮਤ ਦੇ ਤਖਤ ਤੇ ਬਹਾਇਆ ਜਾਵੇ, ਨ

ਭੈਦਾਇਕ ਮਨੁੱਖਾਂ ਨੂੰ ਹੱਦ ਬੰਨੇ ਵਿਚ ਰੱਖੇ, ਤੇ 'ਅਭੈ ਪਦ' ਦੇ ਆਦਰਸ਼ ਨੂੰ ਇਨਸਾਨੀਅਤ ਲਈ ਪ੍ਰਾਪਤ ਹੋਣ ਜੋਗ ਰਹਿਣ ਦੇਵੇ।

ਹਾਂ ਜੀ, ਇਹ ਇਨਸਾਨ ਹੈ, ਜੋ ਧਰਮ ਦੀ ਵਾਗ ਡੋਰ ਹੱਥ ਦੇਣ ਦੇ ਲਾਇਕ ਹੈ, ਜੋ ਆਪ 'ਅਭੈ ਪਦ' ਪਰ ਹੋਵੇ, ਹੋਰਨਾਂ ਨੂੰ ਸਿਖਜਾ ਰਹਿਬਰੀ ਦੇਕੇ ਅਭੈ ਪਦ ਤੇ ਲਿਆਵੇ:—

'ਜਨੁ ਨਾਨਕੁ ਪ੍ਰਭਿ ਮੰਗੈ ਤਿਸੁ ਗੁਰ ਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ' ॥

ਸਾਰੀ ਸ੍ਰਿਸ਼ਟੀ ਇਸ ਮੁਕੰਮਲ ਇਨਸਾਨ, ਬੰਦੇ ਕਹੋ ਸੇਵਕ ਕਹੋ ਉਸ ਦੀ ਦਰਸ਼ਨ ਤਾਂਘ ਵਿਚ ਹੈ, ਜੋ ਸੱਚੀ ਉਚਿਆਣ ਅੰਦਰਲੀ ਵਿਚ ਸ਼ਿਟੇਮਣ ਅਵਸਥਾ ਵਿਚ ਹੈ, ਤੇ ਉਸਦਾ ਜਾਗਦਾ ਅੰਦਰਲਾ ਸਭ ਸ੍ਰਿਸ਼ਟੀ ਦੀ ਸੁਰਤ ਨੂੰ ਜਾਗਦੀ ਵੇਖਣ ਦਾ ਉਪਕਾਰੀ ਹੈ।

ਸ ਜੀ! ਇਹ ਰਾਜ ਤ੍ਰਿਸ਼ਨਾ ਹੈ। ਇਹ ਭੂਮੀ ਭੁੱਖ ਹੈ! ਇਹ ਮੁਲਕਗੀਰੀ ਦੀ ਹਵਸ ਹੈ! ਇਹ ਰਾਜ ਮਦ ਹੈ! ਇਹ ਤ੍ਰਿਸ਼ਨਾ ਹੈ! ਇਹ ਹਿੰਦੂ ਪ੍ਰਸਤੀ ਹੈ ਜੋ ਜਗਤ ਕਹੇ ਸੋ ਕਹੇ, ਪਰ ਇਹ ਕਲਗੀਆਂ ਵਾਲੇ ਦੇ ਦਿਲ ਦੀ ਤਸਵੀਰ ਦਾ ਨਿਮਾਣਾ ਜਿਹਾ ਖ਼ਾਕਾ ਹੈ, ਜੋ ਮੇਰੇ ਜਿਹਾ ਗ਼ਰੀਬ ਖਿੱਚ ਸਕਦਾ ਹੈ। ਪਰ ਭਾਈ ਸਾਹਿਬ:—

'ਸ਼ੁਨੀਦਾ ਕੈ ਬਵਦ ਮਾਨਿੰਦਿ ਦੀਦਹ'
(ਅਰਥਾਤ ਸੁਣਿਆਂ ਵੇਖੇ ਤੁੱਲ ਨਹੀਂ ਹੁੰਦਾ।)

ਤ.

'ਮੇਰੇ ਵੀਰਨ! ਮੈਂ ਅੱਜ ਕੀਹ ਦੇਖ ਰਹੀ ਹਾਂ? ਭੈਣ ਸਦਕੇ ਪਧਾਰੇ ਵੀਰਨ! ਅਭਾਗ ਭੈਣ ਅੱਜ ਕੀ ਦੇਖ ਰਹੀ ਹੈ? ਮੈਂ ਘੋਲੀ ਮੇਰੇ ਵੀਰਨ! ਮੇਰੀਆਂ ਬੇਨੂਰ ਅੱਖਾਂ ਅੱਜ ਕੀਹ ਤੱਕ ਰਹੀਆਂ ਹਨ? ਮੇਰੇ ਵੀਰਨ ਇਕ ਸਭਜ਼ੇ ਘੋੜੇ ਪਰ ਸਵਾਰ ਹਨ, ਰਾਨ ਪਟੜੀ ਕੈਸੀ ਜੰਮੀ ਹੈ! ਭੈਣ ਸਦਕੜੇ! ਮੈਂ ਪਾਸ ਹੁੰਦੀ ਤਾਂ ਹਿੰਦੂ ਭੈਣ ਵਾਂਙੂ ਵੀਰਨ ਦੀ ਆਰਤੀ ਉਤਾਰਦੀ, ਵੀਰ ਜੰਗ ਵਿਚ ਖੜਾ ਹੈ, ਢਾਲ ਮੋਢੇ ਕੈਸੀ ਫਬ ਰਹੀ ਹੈ? ਤੀਰਾਂ ਦਾ ਭੱਥਾ ਕੈਸਾ ਲਟਕ ਰਿਹਾ ਹੈ? ਤਲਵਾਰ ਲੱਕ ਹੈ, ਹੱਥ ਨੇਜ਼ਾ ਨਹੀਂ, ਪਰ ਸ਼ੁਕਦੀ ਸ਼ੁੰਕਾਰਦੀ ਬੰਦੂਕ ਹੈ। ਵੀਰ ਨੇ ਘੋੜਾ ਖੜਾ ਕੀਤਾ ਹੈ, ਕੈਸਾ ਬੇਦਮ ਖੜਾ ਹੈ, ਮਾਨੋਂ ਘੋੜਾ ਪੱਥਰ ਦਾ ਹੈ। ਵੀਰਨ ਵੱਲ ਤੱਕੋ, ਸਾਹ ਵੱਟ ਕੇ ਸ਼ਿਸਤ ਬੱਧੀ ਹੈ, ਵੇ ਵੀਰਨ! ਠਹਿਰ ਜਾਹ, ਮੈਂ ਘੋਲੀ ਠਹਿਰ ਜਾ, ਬੰਦੂਕ ਦਾ ਘੋੜਾ ਨਾ ਦਬਾਈਂ ਵੀਰ ਵੇ! ਇਹ ਗੋਲੀ ਤੇਰੇ ਕਾਲਜੇ ਵਿਚ ਵੱਜਣੀ ਏਂ। ਪਰ ਹਾਇ! ਵੀਰਨ ਨੂੰ ਪਤਾ ਨਹੀਂ, ਤੇ ਮੈਂ ਘਰ ਬੈਠੀ ਹਾਂ, ਵੀਰਨ ਮੇਰੀ ਅਵਾਜ਼ ਨਹੀਂ ਸੁਣਦਾ। ਹਛਾ ਕੀ ਹੋਯਾ? ਮੈਂ ਕਿਹੜੀ ਕਾਇਰ ਹਾਂ, ਦੇ ਸ਼ਹੀਦਾਂ ਦੀ ਮਾਂ ਹਾਂ, ਇਕ ਸ਼ਹੀਦ ਦੀ ਭੈਣ ਹਾਂ ਇਕ ਜੀਉਂਦੇ ਸ਼ਹੀਦ ਦੀ ਟਹਿਲਣ ਹਾਂ। ਖੜੋ ਖਾਂ ਵੀਰਾ, ਮੈਂ ਆਈ। ਐਹ ਮੈਂ ਹਿਲਾ ਦਿੱਤਾ, ਘੋੜੇ-ਬੰਦੂਕ ਦੇ ਘੋੜੇ—ਤੋਂ ਹੱਥ ਹਿਲਾ ਦਿਤਾ; ਗੋਲੀ ਤਾਂ ਨਿਕਲ ਗਈ, ਪਰ ਨਿਸ਼ਾਨਾ ਉੱਕ ਗਿਆ। ਖ਼ਫ਼ਾ ਨਾ ਹੋ ਮੇਰੇ ਵੀਰਨ! ਮੈਂ ਬੜਾ ਉਪਕਾਰ ਕੀਤਾ ਹੈ, ਇਹ ਨਿਸ਼ਾਨਾ ਜੋ ਤੈਂ ਵੰਡਣਾ ਸੀ ਤੇਰਾ ਆਪਣਾ ਆਪ ਸੀ। ਲੈ ਵੀਰਨ ਜੀਉ! ਭੈਣ ਚੱਲੀ ਜੇ। ਖ਼ਫ਼ਾ ਹੋਕੇ ਨਾ ਨਾ ਤੱਕੋ, ਹੱਸ ਪਓ। ਹੱਸੋ ਤਾਂ ਫੇਰ ਨਿੱਕੀ ਜਿਹੀ ਗੁਸਤਾਖ਼ ਭੈਣੀ ਤੁਰ ਜਾਵੇ ਨਾ, ਮੁਸਕ੍ਰਾ ਦਿਓ ਨਾ, ਭੈਣ ਦਾ ਪਿਆਰ ਤੱਕੋ ਨਾ। ਵੀਰਨ ਹੱਸ ਪਾ, ਭੈਣ ਠਰ ਗਈ। ਲੈ ਵੀਰਾ! ਵਾਹਿਗੁਰੂ ਚਿੱਤ ਆਵੇ!! ਭੈਣ ਵਲੋਂ ਵਿਦਅ, ਅਲ ਵਿਦਅ।

ਇਹ ਇਕ ਚਿੱਠੀ ਹੈ ਜੋ ਸੈਦਖਾਨ ਜੀ ਰਾਤ ਵੇਲੇ ਤਾਰਿਆਂ ਨਾਲ ਛਟਕੀ ਪਰ ਹਨੇਰੀ ਰਾਤ ਵਿਚ ਪੜ੍ਹ ਰਹੇ ਹਨ। ਮੈਦਾਨ ਜੰਗ ਵਿਚ ਪਲੰਘ ਤੇ ਲੇਟੇ ਹੋਏ ਖੈਮੇ ਦੇ ਬਾਹਰ ਪਏ ਹਨ, ਦਾਸ ਦੀਵਾ ਲਈ ਖੜਾ ਹੈ ਤੇ ਕਾਸਦ ਕੁਛ ਵਿੱਥ ਤੇ ਜੁਵਾਬ ਉਡੀਕ ਰਿਹਾ ਹੈ।

ਸੈਦ ਖਾਂ ਜੀ ਨੇ ਚਿੱਠੀ ਪੜ੍ਹੀ, ਤ੍ਰਿਬੁਕ ਉਠੇ, ਚਿੱਠੀ ਨੇ ਕਿਸੇ ਅੰਦਰਲੇ ਸੋਮੇਂ ਨੂੰ ਹਿਲਾ ਦਿੱਤਾ, ਨੈਣਾਂ ਤੋਂ ਹੰਝੂ ਵਗ ਟੁਰੇ, ਸ਼ਰੀਰ ਕੰਬ ਉਠਿਆ, ਤ੍ਰੋਲੀ ਪੈ ਗਈ, ਲੂੰ ਕੰਡਿਆ ਗਏ, ਅੰਦਰਲਾ ਕਿਸੇ ਅਦਰਲੇ ਡੂੰਘ ਵਿਚ ਲਹਿ ਗਿਆ: 'ਵਾਹ ਅਣ ਦਿੱਸਦੇ ਹਿੱਸ ਇਸ ਜਗਤ ਦੇ! ਤੇਰੀਆਂ ਡੂੰਘਾਈਆਂ ਅਸਗਾਹ ਹਨ।'

ਸੈਦ ਖਾਂ ਜੀ ਉਠੇ, ਕਾਗਜ਼ ਲਿਆ, ਕਲਮ ਪਕੜੀ, ਕਲਮ ਦਾ ਸੀਨਾ ਚਿਲਕਿਆ, ਸਿਆਹੀ

ਦੇ ਹੰਝੂ ਭਰ ਲਿਆਈ ਤੇ ਕਾਗਜ਼ ਦੇ ਤਖਤੇ ਤੇ ਬਹਿਕੇ ਮੋਤੀ ਪ੍ਰੋਤਿਓਸੁ:–

'ਪਿਆਰੀ ਭੈਣੀ ! ਭੈਣ ਦਾ ਸਾਕ ਮੁਤਬੱਰਕ। ਖ਼ਿੱਤਹ ਪੰਜਾਬ ਦੀ ਖਾਸ ਖਸੂਸੀਅਤ:–'ਭੈਣ ਵੀਰਨ ਦਾ ਪਿਆਰ'। ਸਦਕੇ,'ਹਮਸ਼ੀਰਾ ! ਮੇਰੇ ਦੱਧ ਦੀ ਸਾਂਝਣ', ਤੇਰੇ ਪਿਆਰ ਦੇ ਸਦਕੇ। ਜ਼ਿੰਦਗੀ ਬਖਸ਼ ਭੈਣ ! ਤੇਰੀ ਰਮਜ਼ ਆ ਪਹੁੰਚੀ ਤੇ ਪਛਾਣੀ, ਮੈਂ ਘਾਇਲ ਹੋਇਆ ਪਿਆ ਹਾਂ, ਬਿਸਮਿਲ ਤੜਪ ਰਿਹਾ ਹਾਂ। ਤੂੰ ਮੇਰਾ ਨਿਸ਼ਾਨਾ ਉਕਾਇਆ, ਮੈਂ ਆਪ ਨਿਸ਼ਾਨਾ ਹੋ ਚੁੱਕਾ ਹਾਂ, ਯਾ ਜਿਵੇਂ ਨਿਸ਼ਾਨਾ ਉਕਾਇਆ ਈ ਤਿਵੇਂ ਹੁਣ ਮੈਨੂੰ ਓਸ ਤੀਰੰਦਾਜ਼ ਦੀ ਸ਼ਿਸਤ ਹੇਠਾਂ ਲਿਆ ਤੇ ਸਿਫਾਰਸ਼ ਕਰ–'ਬਿਸਮਿਲ ਨੂੰ ਮੌਤ ਦੇ ਘਾਟ ਉਤਾਰੇ'। 'ਦਰੇਗਾ ਦਰਦ ! ਕਿ ਦਰ ਜੁਸਤਜੂਏ ਗੰਜਿ ਹਜ਼ੂਰ। ਬਸੇ ਸ਼ੁਦਮ ਬਗਦਾਏ ਬਰ ਕਰ ਮੇ ਨ ਸ਼ੁਦ*।' ਮੇਰੀ ਅੰਮੀ ਜਾਈ, ਮੇਰੇ ਸਾਂਝੇ ਦੁੱਖ ਦੀਆਂ ਅੰਮ੍ਰਿਤਧਾਰਾਂ ਦੀ ਸਾਂਝਣ, ਮੇਰੇ ਦੁਖ ਸਖ ਦੀ ਹਮਦਰਦ ਭੈਣ, ਮੇਰੀ ਪ੍ਰੇਮ ਪੀੜਾ ਦੀ ਦਰਦ ਵੰਡ ਉ ਬਣ ਗਈ , ਮੱਸ ਹੁਣ ਕਾਰਜ ਰਾਸ ਹੈ। ਕਹੁ ਦਾਤੇ ਨੂੰ ਹੁਣ ਮੈਂ ਖੁਲ੍ਹ ਤੋਂ ਘਬਰਾ ਗਿਆ ਹਾਂ, ਆਪਣੇ ਜਾਲ ਵਿਚ ਮੈਨੂੰ ਫਸਾਵੇ, ਕਿਵੇਂ ਆਪਣੇ ਪਿੰਜਰੇ ਵਿਚ ਪਾ ਲਵੇ, ਕਿਸੇ ਅਸੀ†ਰ ਵਿਚ ਮੁਬਤਲਾ ਕਰੇ, ਯਾ ਤੀਰ ਦਾ ਨਿਸ਼ਾਨਾ ਕਰਕੇ ਮੇਰਾ ਸ਼ਿਕਾਰ ਕਰੇ, ਮੈਂ ਸੁੰਞ੍ਹਤਾ ਦੇ ਜੀਵਨ ਤੋਂ ਅਵਾਜ਼ਾਰ ਹਾਂ, ਢੰਗੀ ਭਣੀ ! ਦਆ ਕਰ, ਸਿਫਾਰਸ਼ ਕਰ, ਆਵੇ ਸੁਭਾਗ ਦਿਨ ਕਿ ਮੈਂ–

ਹੋਵਾਂ ਕੈਦ ਪਿੰਜਰੇ ਤੇਰੇ,
ਪਿੰਜਰਾ ਤੂੰ ਨਿਜ ਹੱਥ ਫੜੇਂ।
ਚਾਈ ਫਿਰੇਂ ਤੂੰ ਕੈਦੀ ਅਪਣਾ,
ਕੈਦੀ ਖੁਸ਼ ਹੋ ਹਸੇ ਖਿੜੇ।
ਵਾਹਵਾ ਕੈਦ ਸੁਭਾਗੀ ਸਹੀਓ,
ਮਿਲੀ ਹਜ਼ੂਰੀ ਕੈਦ ਪਿਆ;
ਸਭ ਫਿਕਰਾਨੇ ਪਏ ਸਜ਼ਾਦ‡ ਨੂੰ,
ਕੁੱਛੜ ਰਹਿੰਦੇ ਅਸੀਂ ਚੜ੍ਹੇ। [ਸੈਦ ਖਾਂ।

ਕਾਸਦ ਜੁਵਾਬ ਲੈਕੇ ਹਵਾ ਹੋ ਗਿਆ, ਪਰ ਸੈਦ ਖਾਂ ਜੀ ਨੂੰ ਨੀਂਦ ਨਹੀਂ ਆ ਰਹੀ। ਤਾਰੇ ਅਕਾਸ਼ ਵਿਚ ਉਸ ਨੂੰ ਕਿਸੇ ਦੇ ਇਸ਼ਕ ਰੱਤੇ ਇੰਤਜ਼ਾਰ ਵਿਚ ਮੁਜ਼ਤੂਬ (ਬੇਕਰਾਰ) ਨਜ਼ਰ ਪੈਂਦੇ ਹਨ। ਅਕਾਸ਼ ਦੀ ਨੀਲੀ ਚਾਦਰ ਐਉਂ ਦਿੱਸਦੀ ਹੈ ਕਿ ਆਪਣੇ ਪਿੱਛੇ ਕਿਸੇ ਡਾਢੇ ਸੁਆਦਲੇ ਭੇਤਾਂ ਵਾਲੇ ਭੇਤ ਨੂੰ ਛੁਪਾਈ ਤਣੀ ਖੜੀ ਹੈ ਤੇ ਜਿਸ ਭੇਤ ਦਾ ਖੁੱਲ੍ਹਣਾ ਸ਼ਾਇਦ ਸਾਰੇ ਜਗਤ ਨੂੰ ਪੰਘਾਰ ਕੇ ਉਸ ਛਿਪ ਭੇਦ ਵਿਚ ਰਲਾ ਮਿਲਾ ਇਸ ਦਿੱਸਦੇ ਫੈਲੇ ਮਿਟਾ ਦੇਵੇ। ਤਾਰੇ ਆਸ਼ਕ ਨੈਣ ਹਨ, ਜੋ ਜਗਤ ਤੋਂ ਦੂਏ ਜਲ ਉੱਠ ਕੇ ਭੇਤ ਦੀ ਥਾਹ ਲੈਣ ਗਏ ਇਸ ਪੁਲਾੜ ਰੂਪੀ ਚੱਦਰ ਨਾਲ ਅਟਕ ਗਏ ਹਨ ਤੇ ਅੱਗੇ ਚੱਦਰ ਰਾਹ ਨਹੀਂ ਦਿੰਦੀ ਤੇ ਹੁਣ ਲਟਕੇ ਆਪਣੀਆਂ ਜ਼ਮੀਨੀ ਹਸਰਤਾਂ ਤੇ ਅਕਾਸ਼ ਵਿਚੋਂ ਅਗੰਮਤਾ ਦੇ ਦੁੱਖਾਂ ਨੂੰ ਡਲ੍ਹਕ ਡਲ੍ਹਕ ਰੋ ਰਹੇ ਸਨ, ਵਾਇ ! ਹਸਰਤ।

ਇਉਂ ਸੋਚਦੇ ਸੈਦ ਖਾਨ ਜੀ ਰਾਤ ਲੰਘਾ ਰਹੇ ਹਨ। ਕਵੀ ਮੰਤੋਖ ਸਿੰਘ ਜੀ ਲਿਖਦੇ ਹਨ:–

ਸੈਦ ਖਾਨ ਜਿਸ ਢਿਗ ਸਰਦਾਰੀ।
ਜਿਸ ਕੇ ਸਕਲ ਸੈਨ ਅਨੁਸਾਰੀ।
ਤਿਸ ਕੇ ਜਾਗੇ ਭਾਗ ਵਿਸ਼ਾਲਾ।
ਉਪਜੋ ਪ੍ਰੇਮ ਆਨਿ ਤਿਸਕਾਲਾ।
ਸਜਸ ਗੁਰੂ ਕੋ ਸੁਨਤੋ ਰਹਿਓ।
ਨਹੀਂ ਬਿਲੰਚਨ ਤੇ ਕਬਿ ਲਹਿਓ।.....
ਸੈਦ ਖਾਨ ਸੁਨਿ ਸੁਨਿ ਗੁਨ ਗਨ ਕੋ।
ਚਾਹਤਿ ਪਿਖਜੋ ਪ੍ਰੇਮ ਕਰ ਮਨ ਕੋ।

ਹਾਂ ਜੀ, ਇਹ ਉਹੀ ਸੈਦਖਾਨ ਜੀ ਹਨ, ਜੋ ਮੁੱਦਤਾਂ ਹੋਈਆਂ ਤਾਂ ਸਢੌਰੇ ਪੀਰ ਬੁੱਧੂ ਸ਼ਾਹ ਦੇ ਘਰ ਮਾਤਮ ਪੁਰਸੀ ਕਰਨ ਗਏ ਸਨ ਤੇ ਕਲਗੀਆਂ ਵਾਲੇ ਦੇ ਨਾਮ ਤੇ ਗੁਣਾਂ ਤੋਂ ਜਾਣੂੰ ਹੋ ਆਏ ਸਨ।ਨਸੀਰਾਂ ਦਾ ਡਿੱਠਾ ਉਹ ਦਿੱਬ੍ਯ ਦਰਸ਼ਨ, ਉਹ ਕਲਗੀਆਂ ਵਾਲੇ ਦਾ ਅਨੂਪਮ ਝਾਕਾ, ਜਿਸ ਨੇ ਉਸ ਦਾ ਜਨਮ ਪਲਟ ਦਿੱਤਾ ਸੀ ਤੇ ਪੀਰ ਬੁੱਧੂ ਸ਼ਾਹ ਦਾ ਉਹ ਕਥਨ, ਕਲਗੀਆਂ ਵਾਲੇ ਦੇ ਆਦਰਸ਼ ਦਾ ਨਜ਼ਾਰਾ, ਇਹ ਦੋ ਗੱਲਾਂ ਸੈਦ ਖਾਨ ਜੀ ਕਦੇ ਨਹੀਂ ਭੁੱਲੇ। ਕੰਮ

*ਅਫਸੋਸ ਹੈ ਅਰ ਪੀੜਾ ਹੈ ਕਿ ਉਸ ਦੀ ਹਜ਼ੂਰੀ ਦੇ ਖਜ਼ਾਨੇ ਲਈ ਕਈ ਫਕੀਰਾਂ ਦੇ ਦਰਵਾਜ਼ਿਆਂ ਪਰ ਗਿਆ, ਪਰ ਹਜ਼ੂਰੀ ਪ੍ਰਾਪਤ ਨਾ ਹੋਈ। †ਕੈਦ ‡ਪਿੰਜਰੇ ਪਾਉਣ ਵਾਲਾ ਸ਼ਿਕਾਰੀ।

ਕ ਜ ਸਰਕਾਰੀ ਕਰਦੇ ਹਨ, ਪਰ ਓਪਰੇ ਮਨ, ਦਿਲ ਵਿਚ ਧੜਕਨ ਹੋਰ ਲੱਗ ਰਹੀ ਹੈ। 'ਮੈਨੂੰ ਕਦ ਦਰਸ਼ਨ ਹੋਣ' ਵਰਿਹਾਂ ਤੇ ਵਰਹੇ ਬੀਤ ਗਏ ਹਨ ਪਰ ਇਹ ਚਾਹ ਕੋਈ ਦਿਨ ਖਾਲੀ ਨਹੀਂ ਜਾਂਦਾ ਕਿ ਹੁਲਾਰਾ ਨਹੀਂ ਮਾਰਦੀ। ਜਦੋਂ ਕੋਈ ਗੱਲ ਬੁੱਧੂ ਸ਼ਾਹ ਦੀ ਯਾਦ ਆ ਕੇ ਸੁਖ ਦਿੰਦੀ ਹੈ ਤਾਂ ਜੀ ਉੱਛਲਦਾ ਹੈ ਕਿ ਨਸੀਰਾਂ ਵਾਂਗੂ ਇਕ ਦਮ ਮੇਰੀ ਕਾਇਆਂ ਕਿਉਂ ਨਹੀਂ ਪਲਟਦੀ ? ਬੁੱਧੂ ਸ਼ਾਹ ਵਾਂਗੂ ਮੇਰਾ ਰੰਗ ਕਿਉਂ ਨਹੀਂ ਜੰਮਦਾ ? ਪਰ ਨਾਲ ਉਹ ਪੀਰ ਦਾ ਵਾਕ ਕੰਨਾਂ ਵਿਚ ਗੂੰਜ ਉੱਠਦਾ ਹੈ:-

'ਅੰਦਰ ਵਾਪਰੇਗਾ ਜਦ ਦਰਸ਼ਨ ਹੋਣਗੇ।'

ਐਉਂ ਸਮਾਂ ਲੰਘਦਾ ਗਿਆ, ਸਰਕਾਰੀ ਅਫਸਰ ਹੋਣ ਕਰਕੇ ਤੇ ਪਰ੍ਹੇ ਦਾ ਮੁਸਲਮਾਨ ਹੋਣ ਕਰਕੇ ਗੁਰੂ ਜੀ ਪਾਸ ਜਾਣੋਂ ਸੰਗਦਾ ਹੈ, ਪਰ ਕਲੇਜੇ ਵਿਚ ਵੜ ਗਈ ਕਰਕ ਕਸਕਾਂ ਮਾਰਦੀ ਹੈ ਤੇ ਪਿਆਰੇ ਦੇ ਦਰਸ਼ਨਾਂ ਦੀ ਸਿੱਕ ਨੂੰ ਸੁੱਕਣ ਨਹੀਂ ਦੇਂਦੀ। ਸਮੇਂ ਸਮਾਂ ਬਲੀ ਨੇ ਰੰਗ ਪਲਟੇ, ਔਰੰਗਜ਼ੇਬ ਦੇ ਇਹ ਮਨਸੂਬੇ ਕਿ ਗੁਰੂ ਗੋਬਿੰਦ ਸਿੰਘ ਦੀ ਪਹਾੜੀ ਰਾਜਿਆਂ ਦੇ ਹਥੋਂ ਅਲਖ ਮੁੱਕ ਜਾਵੇ ਤੇ ਸ਼ਾਹੀ ਉੱਦਮ ਨੂੰ ਹੋਰ ਦੱਬ ਕਾਲੇ ਨਾ ਕਰਨੇ ਪੈਣ, ਪੂਰੀ ਨਾ ਹੋਈ। ਜਿੰਨੀ ਵੇਰ ਰਾਜੇ ਚੜ੍ਹੇ, ਹਾਰ ਖਾ ਕੇ ਗਏ! ਅਖੀਰ ਸੂਬਾ ਸਰਹਿੰਦ ਨੂੰ ਸ਼ਾਹੀ ਇਸ਼ਾਰਾ ਆਇਆ, ਕਿ ਰਾਜਿਆਂ ਦੀ ਮਦਦ ਕਰੇ, ਪਰ ਪੇਸ਼ ਨਾ ਗਈ। ਇਕ ਵੇਰ ਸ਼ਾਹਜ਼ਾਦਾ ਆਇਆ, ਉਹ ਮਿੱਤ੍ਰ ਤੇ ਮੁਰੀਦ ਬਣਕੇ ਗਿਆ। ਹੁਣ ਅਖੀਰ ਔਰੰਗਜ਼ੇਬ ਲਈ ਆਖਰੀ ਹੀਲਾ ਬਾਕੀ ਸੀ, ਕਿ ਉਸ ਨੇ ਸ਼ਾਹੀ ਸੈਨਾ ਘੱਲੀ ਕਿ ਹਿਮਾਲਾ ਤੋਂ ਆ ਰਹੇ ਹੜ੍ਹ ਨੂੰ ਠੱਲ੍ਹ ਪਾਏ। ਇਸ ਸੈਨਾ ਵਿਚ ਇਕ ਅਹੁਦੇਦਾਰ ਸੈਦ ਖਾਂ ਸੀ*, ਦੁਖੀ ਸੀ ਕਿ ਕਿਸ ਦੰਦਰੇ ਕੰਮਨੂੰ ਚੱਲਿਆ ਹਾਂ, ਪਰ ਸੁਖੀ ਸੀ ਕਿ ਸ਼ਾਇਦ ਜੀਵਨ ਦਾ ਕਾਰਜ ਇਸੇ ਮੁਹਿੰਮ ਪਰ ਫਤਹ ਹੋ ਜਾਵੇ। ਅਨੰਦਪੁਰ ਦੇ ਬਾਹਰ ਮੈਦਾਨ ਪਿਆ ਸੀ ਤੇ ਰੋਜ਼ ਜੁੱਧ ਹੁੰਦਾ ਸੀ।

ਜਿਸ ਰਾਤ ਦਾ ਅਸਾਂ ਉੱਪਰ ਵਰਣਨ ਕੀਤਾ ਹੈ, ਇਸ ਤੋਂ ਕੁਛ ਦਿਨ ਪਹਿਲਾਂ ਸੈਦ ਖਾਨ ਨੇ ਇੱਕ ਨਿਸ਼ਾਨਾ ਬੰਦੂਕ ਦਾ ਤੱਕਿਆ ਸੀ, ਇਸ ਦੇ ਭਾਣੇ ਕੋਈ ਸਿੱਖ ਸੂਬੇਦਾਰ ਖੜਾ ਸੀ, ਪਰ ਉਸ ਦੇ ਪਿੱਛੇ ਵਾਰ ਕਲਗੀਧਰ ਘੋੜੇ ਪਰ ਸਨ। ਜੇ ਨਿਸ਼ਾਨਾ ਠੀਕ ਬੈਠਦਾ ਤਾਂ ਸ਼ਾਇਦ ਸ੍ਰੀ ਹਜ਼ੂਰ ਜੀ ਦੇ ਲੱਗਦਾ ਪਰ ਅਚਾਨਕ ਉਸਦੀਆਂ ਅੱਖਾਂ ਅਗੇ ਨਸੀਰਾਂ ਦੀ ਸ਼ਕਲ ਆਈ ਤੇ ਲੂੰ ਕੰਡੇ ਹੋ ਗਿਆ, ਅਰ ਘੋੜਾ ਦਬਾਉਣ ਵੇਲੇ ਹੱਥ ਉੱਖੜ ਗਿਆ ਅਤੇ ਗੋਲੀ ਖਾਲੀ ਗਈ। ਇਹ ਉਸ ਨੂੰ ਇਕ ਐਵੇਂ ਇਤਫ਼ਾਕੀਆ ਗੱਲ ਲੰਘ ਗਈ ਸੀ, ਪਰ ਅੱਜ ਫੈਣ ਦੀ ਚਿੱਠੀ ਨੇ ਪਰੇਸ਼ਾਨ ਕਰ ਦਿੱਤਾ, ਕਿ ਹੈਂ ! ਮੈਂ ਉਸ ਪਿਆਰੇ ਨੂੰ ਹੀ ਮਾਰਨ ਲੱਗਾ ਸਾਂ, ਜਿਸ ਦੇ ਪਜ਼ਾਰ ਵਿਚ ਸਿਰ ਧੁਨ ਰਿਹਾ ਹਾਂ। ਫੇਰ ਅਚਰਜ ਲਗਾ ਕਿ ਉਸ ਵੇਲੇ ਨਸੀਰਾਂ ਨੂੰ ਕੀਕੂੰ ਪਤਾ ਲੱਗਾ ? ਉਹ ਲਿਖਦੀ ਹੈ ਕਿ ਮੈਂ ਤੇਰਾ ਬੰਦੂਕ ਤੋਂ ਹਥ ਹਿਲਾਇਆ ਸੀ। ਹੈ ਭੀ ਠੀਕ, ਅਕਾਰਨ ਮੇਰਾ ਹਥ ਕੰਬ ਗਿਆ ਸੀ, ਅਰ ਉਸ ਵੇਲੇ ਨਸੀਰਾਂ ਯਾਦ ਬੀ ਆ ਰਹੀ ਸੀ। ਅੱਲਾ! ਗ਼ੈਬ ਦੇ ਭੇਤ ਕਿਤਨੇ ਡੂੰਘੇ ਹਨ ? ਮੈਂ ਇਲਮ ਹੈਅਤ* ਪੜ੍ਹਕੇ ਕੇਵਲ ਦਿੱਸਣ ਵਾਲੇ ਨੂੰ ਸਮਝਦਾ ਸਾਂ ਕਿ ਹੈ, ਪਰ ਨਾਂ ਦਿੱਸਣ ਵਾਲੇ ਹਿੱਸੇ ਵਿਚ ਕਿੰਨਾ ਕੁਛ ਹੈ, ਜਿਸ ਦੇ ਮਾਮ ਅਲੱਭ ਹਨ। ਇਸ ਦਾ ਮੈਂ ਜਾਣੂੰ ਨਹੀਂ ਸਾਂ। ਹੱਛਾ ਭੈਣ ! ਤੇਰਾ ਭਲਾ ਹੋਵੇ, ਜੀਹਨੂੰ ਉਸ ਵੇਲੇ ਉਕਾਰੇ ਬਚਾਇਆ ਈ, ਹੁਣ ਦਰਸ਼ਨ ਤੇ ਦੋ ਗੱਲਾਂ ਬੀ ਕਰਾ ਦੇਹ। ਫਿਰ ਆਪ ਨੇ ਅੱਧੀ ਰਾਤ ਵੇਲੇ ਉੱਠ ਕੇ ਦੁਆ ਕੀਤੀ—

ਅੰਤਰਜਾਮੀ ਪੀਰਨ ਪੀਰ। ਉਰ ਕੀ ਲਖਹਿੰ ਪ੍ਰੇਮ ਕੀ ਧੀਰ। ਤੌ ਅਬਿ ਤਜ ਤੁਰੰਗ ਕੁਦਾਵਹਿੰ। ਕਲਗੀ ਝੂਲਤ ਰੂਪ ਦਿਖਾਵਹਿੰ॥ ਅਬ ਉਤਕੰਠਾ ਲਖਿ ਚਿਤ ਮੇਰੀ। ਏਕ ਬਾਰ ਇਤ ਪਾਵਹਿੰ ਫੇਰੀ। [ਗੁ: ਪ੍ਰ: ਸੂ:

ਰਾਤ ਬੀਤੀ, ਦਿਨ ਹੋ ਆਇਆ, ਇਧਰ ਤੁਰਕ ਸੈਨਾਂ ਤਿਆਰ ਹੋਈ, ਓਧਰ ਸਿੱਖ ਸੈਨਾਂ, ਆਹਮੋ ਸਾਹਮਣੇ ਆ ਡਟੇ। ਪਰ ਸਤਿਗੁਰ ਜੀ ਅੱਜ ਹੋਰ ਆਹਰੇ ਹਨ, ਪ੍ਰੇਮ ਦੀਆਂ ਪਛਾਣਨ ਵਾਲੇ:—

ਸਹਿ ਨ ਸਕੇ ਬ੍ਰਿਹੁ ਪ੍ਰੇਮੀ ਕੇਰਾ। ਬੜੀ ਪ੍ਰਾਤ ਤੇ ਉਠਿ ਬਿਨ ਦੇਰਾ। ਹੈ ਤਿਆਰ ਤਬਿ ਹੀ ਕਟ ਕਸੀ। ਸਦਾ ਪ੍ਰੇਮ ਕੇ ਜੋ ਹੈਂ ਬਸੀ। ਧਨੁਖ ਬਾਨ ਨਿਜ ਪਾਨ ਸੰਭਾਰਾ। ਭਏ ਤੁਰੰਗਮ ਪਰ ਅਸਵਾਰਾ। ਕਰਤਿ ਸ਼ੀਘ੍ਰਤਾ ਹਯ ਚਪਲਾਏ।

*ਸੈਦਾਬੇਗ ਹੋਰ ਸੈਨਾਪਤ ਸੀ।

*ਪਦਾਰਥ ਵਿਦ੍ਯਾ।

ਤਤਛਿਨ ਖਾਨ ਅੱਗੂੰ ਕੋ ਆਏ। [ਗੁ: ਪ੍ਰ: ਸੂ:

ਸੈਦ ਖਾਨ ਦੇ ਦੇਖ ਕੇ ਅਸਚਰਜ ਨਾਲ ਰੰਗ ਬਦਲ ਗਏ। ਹੈਂ! ਉਹ ਦਰਸ਼ਨ ਜਿਸ ਨੂੰ ਤੜਫ-ਦਿਆਂ ਇਹ ਦਿਨ ਆਏ ਸਨ, ਇਸ ਤਰ੍ਹਾਂ ਮੈਦਾਨ ਜੰਗ ਵਿਚ ਅਪਣੇ ਸਾਹਮਣੇ ਸਾਮਰਤੱਖ ਹੋ ਗਿਆ ਹੈ। ਇਕ ਦਮ ਸਭ ਕੁਝ ਭੁੱਲ ਗਿਆ, ਝੁਕ ਕੇ ਸਲਾਮ ਕੀਤੀ, ਨੈਣ ਭਰ ਆਏ ਤੇ ਬੇਵਸੇ ਬੋਲ ਉੱਠਿਆ:-

ਖੁਦਾ ਆਇਦ! ਖੁਦਾ ਆਇਦ! ਕਿ ਮੇ ਆਇਦ
ਖੁਦਾ ਬੰਦਹ ? ਹਕੀਕਤ ਦਰ ਮਿਜਾਜ
ਆਇਦ ਕਿ ਮੁਰਦਹ ਰਾ ਕੁਨੱਦ ਜ਼ਿੰਦਹ*।

ਪਰ ਚੋਜੀ ਸਤਿਗੁਰ ਬੋਲੇ, ਆਓ ਖਾਨ ਜੀ! ਦੋ ਦੱਬ ਕਰੀਏ। ਖਾਨ ਵਿਚ ਮੁਕਾਬਲੇ ਵਿਚ ਦੋ ਹਥ ਦਾਣ ਦੀ ਸਾਮਰੱਥ ਕਿੱਥੇ ਬਾਕੀ ਸੀ? ਝੱਟ ਘੋੜੇ ਤੋਂ ਹੇਠ ਉੱਤਰ ਆਇਆ ਤੇ ਰਕਾਬ ਵਿਚ ਪਏ ਚਰਨ ਕਮਲ ਤੇ ਸੀਸ ਧਰ ਦਿੱਤਾ। ਸਤਿਗੁਰ ਜੀ ਨੇ:-

ਕ੍ਰਿਪਾ ਦ੍ਰਿਸ਼ਟਿ ਤੇ ਧਰਿ ਸਿਰ ਹਾਥਾ। ਤਤਛਿਨ
ਸੇਵਕ ਕੀਨਿ ਸਨਾਥਾ। [ਰ: ਪ੍ਰ: ਸੂ:

ਸਤਿਗੁਰ ਦੀ ਮਿਹਰ ਪਾਈ, ਨਾਮ ਦਾ ਪ੍ਰਵੇਸ਼ ਲੂੰ ਲੂੰ ਵਿਚ ਹੋ ਗਿਆ, ਵੈਰਾਗ ਨੇ ਆ ਡੇਰੇ ਲਾਏ, ਉਸੀ ਦਮ ਸਭ ਕੁਝ ਤਿਆਗ ਕੇ ਬਨਾਂ ਨੂੰ ਪਧਾਰ ਗਿਆ।

ਇਹ ਮਾਜਰਾ ਐਨ ਸ਼ੱਤ੍ਰੂ ਦਲ ਦੇ ਵਿਚ ਬੀਤਿਆ, ਜਿਸ ਵੇਲੇ ਸਤਿਗੁਰੂ ਇਸ ਮੈਦਾਨ ਜੰਗ ਤੇ ਮੱਚੇ ਰੰਗ ਵਿਚ ਵਾਹਿਗੁਰੂ ਜੀ ਦੇ ਇਕ ਬੰਦੇ ਨੂੰ ਜ਼ਿੰਦਾ ਕਰਨ ਆਏ, ਕੋਈ ਪ੍ਰਭਾਵ ਛਾਇਆ ਕਿ ਦੋਨੋਂ ਦਲਾਂ ਦਾ ਧਿਆਨ ਇਧਰ ਜੁੜ ਗਿਆ, ਸ਼ਾਇਦ ਦਲਾਂ ਦਾ ਖਿਅ ਲ ਹੋ ਗਿਆ ਹੋਵੇ ਕਿ ਦੁਹਾਂ ਦਾ ਸ਼ਖਸੀ ਜੰਗ ਹੋਣ ਲੱਗਾ ਹੈ। ਤੀਰ ਗੋਲੀ ਸਭ ਨੂੰ ਚਲਾਉਣੀ ਭੁੱਲ ਗਈ। ਜਦੋਂ ਇਸ ਮੱਚੇ ਮੈਦਾਨ ਵਿਚ ਇਕ ਰੂਹ ਦਾ ਕਲਿਆਨ ਹੋ ਗਿਆ, ਸੈਦ ਖਾਂ ਨੇ ਕਦਮਾਂ ਤੇ ਸਿਰ ਧਰ ਦਿੱਤਾ ਤੇ ਦੋ ਗੱਲਾਂ ਕਰਕੇ ਟੁਰ ਗਿਆ, ਅਸਚਰਜਤਾ ਛਾ ਗਈ, ਤੁਰਕ ਦਲ ਦੰਗ ਰਹਿ ਗਿਆ। ਇਸ ਛਿਨ ਮੱਚੇ ਪਾਤਸ਼ਾਹ ਘੋੜੇ ਨੂੰ ਅੱਡੀ ਲਾ ਕੇ ਆਪਣੇ ਦਲ ਵਿਚ ਚਲੇ ਗਏ। ਹੁਣ ਤੁਰਕ ਸਰਦਾਰਾਂ ਨੂੰ ਹੋਸ਼ ਆਈ ਕਿ ਕਲਗੀਧਰ ਜੀ ਸਾਡੇ ਵਿਚ ਆਕੇ ਨਿਹਤੇ ਨਿਕਲ ਗਏ, ਅਰ ਸਾਡੇ ਸਰਦਾਰ ਪਰ ਕੀ ਧੂੜ ਗਏ ਕਿ ਉਹ ਸੈਨਾਂ ਬੇ ਸਰਦਾਰੀ ਛੋੜ ਕੇ ਟੁਰ ਗਿਆ। ਹਾ, ਦੁਨੀਆਂ! ਪ੍ਰਤੱਖ ਵੇਖਕੇ ਵੀ ਤੈਨੂੰ ਸੰਸੇ ਪੈਂਦੇ ਰਹੇ! ਗੱਲ ਕੀ, ਉੱਧਰ ਸੈਦ ਖਾਂ ਜੀ ਦੁਆਬੇ ਥਾਣੀਂ ਹੁੰਦੇ ਕਾਗਜ਼ੇ ਦੇ ਉੱਪਰ ਵਾਰ ਪਰਬਤਾਂ ਵਿਚ ਇਕ ਰੰਗ ਨਾਮ ਦੀ ਲਿਵ ਵਿਚ ਮਗਨ ਹੋਣ ਲਈ ਟਿਕ ਗਏ। ਇਧਰ ਜੰਗ ਮਚਿਆ ਰਿਹਾ, ਉਧਰ ਨਸੀਰਾਂ ਤੇ ਬੁੱਧੂ ਸ਼ਾਹ ਨੂੰ ਸਾਰਾ ਮਾਜਰਾ ਸੁਣ ਕੇ ਠੰਢ ਪੈ ਗਈ ਹੈ ਵੀਰਨ ਦੀ ਕਲਿਆਣ ਹੋ ਗਈ। ਪਰ ਸਮਾਂ ਆਪਣੇ ਅਨੇਕ ਰੰਗ ਵਿਚ ਵਟੀਂਦਾ ਟੁਰੀ ਗਿਆ।

੪.

ਇਕ ਸੁਹਣੀ ਜੇਹੀ ਪਹਾੜੀ ਦੇ ਇਕ ਸਿਰੇ ਚਿਟਾਨ, ਵੱਡਾ ਸਾਰਾ ਚਿਟਾਨ ਖੜਾ ਹੈ। ਇਸ ਦੇ ਪਾਸ ਦੀ ਇਕ ਪਗਡੰਡੀ ਜ਼ਰਾ ਹੇਠਾਂ ਨੂੰ ਜਾਂਦੀ ਹੈ। ਦੂਰ ਸਾਰੇ ਜਾ ਕੇ ਨਿੱਕਾ ਜਿਹਾ ਚਸ਼ਮਾਂ ਨਿਕਲਦਾ ਹੈ, ਸੋ ਡ ਢੀ ਨਿੱਕੀ ਜਿਹੀ ਕੂਲ੍ਹ ਬਣ ਕੇ ਹੇਠਾਂ ਵਗਦਾ ਚਲਾ ਜਾਂਦਾ ਹੈ। ਇਥੇ ਕੁ ਵਾਰ ਇਕ ਤ੍ਰਿਣਕੁਟੀ-ਪੱਤਰਾਂ ਤੇ ਕੱਖਾਂ ਦੀ ਕੁੱਲੀ-ਹੈ, ਉੱਪਰ ਕੁਛ ਇਕ ਵਧੇ ਹੋਏ ਚਿਟਾਨ ਦੀ ਨੀਮ ਕੰਦਰਾ ਵਰਗੀ ਓਟ ਤੇ ਛਾਇਆ ਹੈ। ਏਥੇ ਸੈਦ ਖਾਨ ਜੀ ਟਿਕ ਰਹੇ ਹਨ। ਸਿਮਰਨ, ਨਿਰੰਤਰ ਸਿਮਰਨ ਦਾ ਜੀਵਨ ਹੈ। ਰਸ ਆਰੂਢ ਹਨ, ਸ਼ਰੀਰ ਦਾ ਨਿਰਬਾਹ ਕੁਦਰਤ ਕਰ ਰਹੀ ਹੈ, ਜਲ ਚਸ਼ਮੇਂ ਤੋਂ ਮਿਲ ਜਾਂਦਾ ਹੈ। ਛਕਣ ਲਈ ਏਥੇ ਕੁਛ ਕੁਦਰਤੀ ਰਤਾਲੂ ਦੀ ਵੇਲ ਉੱਗਦੀ ਹੈ, ਹੇਠੋਂ ਉਸ ਦੀ ਭੇਲੀ ਨਿਕਲਦੀ ਹੈ, ਉਸ ਨੂੰ ਧੂਣੀ ਵਿਚ ਭੁੰਨ ਲੈਂਦੇ ਹਨ। ਕਦੇ ਗਿਰਾਂ ਤੋਂ ਕੋਈ ਅੰਨ ਲੈ ਆਉਂਦਾ ਹੈ। ਕਦੇ ਜੇ ਕਣਕ ਦੇ ਪਾ ਦਾਣੇ ਲੱਭ ਜਾਣ ਤਾਂ ਦਾਣਾ ਦਾਣਾ ਕਰਕੇ ਕਚਾ ਦੱਬ ਛਡਦੇ ਹਨ। ਹਾਲਤ ਮਗਨਤਾ ਦੀ ਬਹੁਤ ਰਹਿੰਦੀ ਹੈ। ਬਾਜ਼ੇ ਵੇਲੇ ਦੋ ਚਾਰ ਦਿਨ ਇਕ ਰਸ ਟਿਕ ਰਹਿੰਦੇ ਹਨ, ਕਿਸੇ ਲੋੜ ਲਈ ਨਹੀਂ ਉਠਦੇ, 'ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ

*ਰੱਬ ਆਉਂਦਾ ਹੈ, ਰੱਬ ਆਉਂਦਾ ਹੈ, ਕਿ ਰੱਬ ਦਾ ਪਿਆਰਾ ਆਉਂਦਾ ਹੈ? ਹਾਂ, 'ਜਬਾਰਬ' ਸਬੂਲ ਨਾਮੇ ਵਿਚ ਆ ਰਿਹਾ ਹੈ ਕਿ ਮੁਰਦੇ ਨੂੰ ਜਿਵਾ ਦੇਵੇ।

ਨਾਮ ਸੁਖ ਵਾਸੁ ॥ ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ' ਵਾਲਾ ਰੰਗ ਹੈ। ਜੋ ਸੰਸਾਰ ਦਾ ਕਦੇ ਅਕਸ ਰਿਦੇ ਪਰ ਪੈਂਦਾ ਹੈ ਤਾਂ ਨਸੀਰਾਂ ਤੇ ਬੁੱਧੂ ਸ਼ਾਹ ਦਾ ਉਪਕਾਰ ਜਾਂ ਮੈਦਾਨ ਜੰਗ ਦਾ ਨਕਸ਼ਾ। ਇਹ ਨਕਸ਼ਾ ਹਣ ਵਿਆਕੁਲ ਕਰਦਾ ਹੈ, ਕਿਉਂਕਿ ਕਲਗੀਧਰ ਜੀ ਦੇ ਪਾਸੇ ਨੂੰ ਘੋੜੇ ਵਿਚ ਦੇਖਕ ਦਿਲ ਵਿਚ ਤ੍ਰੰਗ ਉੱਠਦਾ ਹੈ ਕਿ ਤੇਰਾ ਤਿਆਗ ਨਿਕੰਮਾਂ ਹੈ,ਜਿਸ ਵੇਲੇ ਤੇਰੇ ਦਾਤਾ ਸਤਿਗੁਰੂ ਜੰਗਵਿਚ ਰੁੱਝ ਰਹੇ ਹਨ,ਤੂੰ ਕਿਉਂ ਜੰਗਲਾਂ ਨੂੰ ਆਇਆ, ਕਿਉਂ ਨਾ ਸਤਿਗੁਰ ਦੇ ਦਲ ਵਿਚ ਸ਼ਾਮਲ ਹੋਕੇ ਸਤਿਗੁਰ ਦੇ ਵੈਰੀਆਂ ਨਾਲ ਲੜਦਾ ਮਾਰਦਾ ਮਰ ਗਿਆ ? ਇਹ ਅਸਲ ਜੀਵਨ ਮੁਕਤੀ ਹੁੰਦੀ। ਇਸ ਤਰ੍ਹਾਂ ਦੇ ਪ੍ਰੇਮ ਵਿਚ 'ਹੁਕਮ' ਦਾ ਚੇਤਾ ਕਰਕੇ ਠੰਢ ਵਰਤ ਜਾਂਦੀ। ਪਰ ਜਦੋਂ ਉਸ ਦੇ ਮਨ ਦ ਪ੍ਰਕਾਸ਼ਿਤ ਮੰਡਲ ਪਰ ਅਨੰਦਪੁਰ ਦੇ ਸੰਕਟ ਦਾ ਨਕਸ਼ਾ ਪੈਂਦਾ ਤਾਂ ਉਤਾਵਲਾ ਹੋ ਜਾਂਦਾ। ਇਕ ਦਿਨ ਆਪ ਡਾਢੀ ਅਰਦਾਸ ਵਿਚ ਲੱਗ ਪਏ ਕਿ 'ਹੇ ਕਲਗੀਧਰ ਜੀ ! ਆਗਯਾ ਦਿਓ ਮੈਂ ਆ ਕੇ ਜੰਗ ਮਚਾਵਾਂ'। ਪੂੰਜੂ ਅਰਧ ਰਾਤ੍ਰੀ ਨੂੰ ਸੁਪਨ ਆਇਆ ਕਿ ਕਲਗੀਧਰ ਜੀ ਕਹਿ ਰਹੇ ਹਨ, 'ਘਬਰਾਓ ਨਹੀਂ, ਮੇਰੇ ਜੰਗ ਵੈਰ ਵਿਰੋਧ ਹਾਰ ਜਿੱਤ ਨਹੀਂ ਹਨ, ਜ਼ਾਲਮ ਨੂੰ ਦੱਸਣਾ ਹੈ ਕਿ ਮਰਦ, ਜਿਸ ਦੇ ਅੰਦਰ ਜਾਗ ਆ ਗਈ ਹੈ, ਉਹ ਭੈ ਨਹੀਂ ਮੰਨਿਆਂ ਕਰਦੇ। ਜੀਵਨ ਮਰਨ, ਜਸ ਅਪਜਸ ਉਹ ਕਿਸੇ ਗੱਲੇ ਨਹੀਂ ਹਿੱਲਿਆ ਕਰਦੇ, ਉਹ ਨਿਰਭੈ ਹਨ, ਸੱਚ ਤੇ ਖੜੇ ਹਨ, ਕਿਸੇ ਦੀ ਟੱਕਰ ਨਾਲ ਨਹੀਂ ਡਿੱਗਦੇ, ਜੋ ਟਕਰਾਉਂਦਾ ਹੈ, ਉਹ ਅੰਤ ਆਪ ਡਿੱਗਦਾ ਹੈ। ਅਸੀਂ ਹਾਰ ਜਿੱਤ, ਹਾਣ ਲਾਭ, ਸਦਾ ਉਤਸ਼ਾਹ ਵਿਚ ਹਾਂ ਅਰ ਅਜਿੱਤ ਹਾਂ। ਸਾਨੂੰ ਕਿ ਸਾਡੇ ਸੂਰਿਆਂ ਨੂੰ, ਕੋਈ ਨਹੀਂ ਜਿੱਤ ਸਕਦਾ। ਹਾਂ, ਜਦ ਮਨ ਸੋਂ ਜਾਣ ਤਾਂ ਏਹੀ ਹਾਰ ਹੈ, ਫੇਰ ਜਿੱਤ ਕੋਈ ਨਹੀਂ, ਤੁਸੀਂ ਸਾਡੇ ਲਈ ਸ਼ੋਕ ਨਾ ਕਰੋ, ਜੋ ਅਸਾਂ ਕਿਹਾ ਹੈ, ਫਲਦਾਰ ਹੋਵੇਗਾ। ਧਰਮ ਵਿਚ ਧੱਕਾ ਕਰਨ ਵਾਲੇ ਨਸ਼ਟ ਹੋ ਜਾਣਗੇ ਤੇ ਚੜ੍ਹਦੀਆਂ ਕਲਾ ਵਾਲੇ ਭੁਜੰਗੀ ਜਗਤ ਨੂੰ ਅਭੈ ਕਰਨਗੇ।ਤੁਸੀਂ ਸੈਦਖਾਨ ਜੀ! ਟਿਕੇ ਰਹੋ,ਭਜਨ ਕਰੋ।'

*ਤਰਜ਼।

ਇਹ ਹੁਕਮ ਸੁਣਕੇ ਠੰਢ ਪੈ ਗਈ, ਫੇਰ ਬਿਆਕੁਲ ਨਹੀਂ ਹੋਏ। ਕੁਛ ਸਮਾਂ ਹੋਰ ਲੰਘਿਆ।

ਹੁਣ ਸੈਦ ਖਾਂ ਦੀ ਜੇ ਕਦੇ ਕਿਸੇ ਟਿਕਾਉ ਵੇਲੇ ਅਨੰਦਪੁਰ ਦੇ ਮੈਦਾਨ ਵਿਚ ਨਜ਼ਰ ਜਾਂਦੀ ਹੈ, ਤਾਂ ਸੁੰਞ ਦਿੱਸਦੀ ਹੈ, ਸ਼ਹਿਰ ਉਜਾੜ ਹੈ, ਨਾ ਸਿੱਖ ਹਨ ਨਾ ਤੁਰਕ। ਸਤਿਗੁਰ ਬੀ ਨਜ਼ਰ ਨਹੀਂ ਪੈਂਦੇ, ਹਣ ਫੇਰ ਬਿਆਕੁਲਤਾ ਹੁੰਦੀ ਹੈ। ਜਦ ਬੀ ਧਿਆਨ ਅਨੰਦ ਪੁਰ ਜਾਂਦਾ ਹੈ, ਸਤਿਗੁਰ ਨੂੰ ਨਾ ਵੇਖ ਕੇ ਤੜਫਦਾ ਹੈ। ਅਪਣੇ ਰਿਦੇ ਮੰਡਲ ਵਿਚ ਤਾਂ ਦਿੱਬਫੜਤਾ ਹੈ, ਸੁਖ ਹੈ, ਰਸ ਹੈ, ਅਨੰਦ ਹੈ,ਪਰ ਜਦ ਉਧਰ ਧਿਆਨ ਜੋੜਦੇ ਹਨ, ਤਾਂ ਸੁੰਞ ਦਿੱਸਦੀ ਹੈ। ਅਰਦਾਸ ਕਰਦੇ ਹਨ ਤਾਂ ਜੁਵਾਬ ਨਹੀਂ। ਅੰਦਰ ਰੂਪ ਦਰਸਦੇ ਹਨ ਤਾਂ ਕਲਗੀਧਰ ਜੀ ਤੇਜ ਪ੍ਰਤਾਪ ਵਿਖੇ ਖੜੇ ਮੁਸ਼ਕ੍ਰਾਉਂਦੇ ਦਿੱਸਦੇ ਹਨ।

ਕੁਝ ਸਮਾਂ ਬੀਤਣ ਤੇ ਪ੍ਰੇਮ ਨੇ ਉਤਕੰਠਾ ਅੱਤ ਵਧਾਈ; ਤਿਆਗ, ਵਿਰਾਗ ਭੁੱਲ ਗਏ ਤੇ ਆਪ ਨਿਕਲ ਹੀ ਖੜੇ ਹੋਏ। ਪਹਾੜੇ ਪਹਾੜ ਅਨੰਦਪੁਰ ਆਏ, ਅਗੇ ਉਜਾੜ ਤੱਕੀ। ਸਾਰੇ ਮਾਜਰੇ ਸੁਣੇ। ਕੀਕੂੰ ਖਾਲਸੇ ਨੇ ਓਹ ਜੁੱਧ ਮਚ ਏ ਜੋ ਕੋਈ ਨਹੀਂ ਮਚਾ ਸਕਦਾ, ਕੀਕੂੰ ਨਿਕਲਣਾ ਪਿਆ ਤੇ ਕੀਕੂੰ ਚਮਕੌਰ ਜੁੱਧ ਹੋਇਆ ਤੇ ਸਾਹਿਬਜ਼ਾਦੇ ਚੜ੍ਹੇ ਤੇ ਕੀਕੂੰ ਸਰਹਿੰਦ ਵਿਚ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ ? ਕੀਕੂੰ ਸਤਿਗੁਰ ਮਾਲਵੇ ਅੱਪੜੇ, ਮੁਕਤਸਰ ਜੁਧ ਹੋਇਆ। ਸਾਹਿਬ ਅੱਗੇ ਚਲੇ ਗਏ ? ਸ਼ਾਂਤ ਚਿਤ ਵਿਚ ਦੁਖ ਉਪਜੇ ਤੇ ਰੋਣ ਆਵੇ। ਪਿਆਰ ਦੀਆਂ ਤਰਬਾਂ ਕਸ ਖਾਣ ਤੇ ਬੇਵਸੇ ਲੈ ਟੁਰਨ। ਇਸ ਤਰ੍ਹਾਂ ਦਮਦਮੇ ਅੱਪੜੇ*।

ਸੈਦ ਖਾਂ ਦਾ ਖਿਆਲ ਸੀ ਕਿ ਪਤ ਨਹੀਂ ਹੁਣ ਕੀ ਰੰਗ ਹੋਵੇਗਾ ? ਪਰ ਜੋ ਗੱਲਾਂ ਬੁੱਧੂ ਸ਼ਾਹ ਨੇ ਕਹੀਆਂ ਸਨ ਤੇ ਜੋ ਕੁਛ ਹੱਡ ਵਰਤਿਆ ਸੀ ਓਹੋ ਸਾਮਰਤੱਖ ਸੀ। ਸਤਿਗੁਰ ਜੀ ਉਸੇ ਤਰ੍ਹਾਂ ਅਨੰਦ ਦੇ ਖੇੜੇ ਵਿਚ ਇਲਾਹੀ ਨੂਰੀ ਰੰਗਤ ਤੇ ਅਰਸ਼ੀ ਮੌਜ ਵਿਚ ਸਨ। ਚਿਹਰੇ ਪਰ ਕੋਈ ਉਦਾਸੀ ਨਹੀਂ ਸੀ, ਅਨੰਦਪੁਰ ਦੀ ਰਾਜਧਾਨੀ ਦੀ ਤਬਾਹੀ ਦਾ

*ਨਵੀਂ ਖੋਜ ਤੇ ਵਾਕਫੀ ਦੀ ਰੌਸ਼ਨੀ ਵਿਚ ਇਥੋਂ ਤੇ ਇਸ ਤੋਂ ਅਗੇ ਪ੍ਰਸੰਗ ਵਿਚ ਸੁਧਾਈ ਕੀਤੀ ਗਈ ਹੈ।

ਕੋਈ ਝੋਰਾ ਨਹੀਂ ਸੀ। ਸਾਹਿਬਜ਼ਾਦਿਆਂ ਦੇ ਵਿਛੋੜੇ ਦੇ ਗ਼ਮ ਦੀ ਕੋਈ ਲੀਕ ਮੱਥੇ ਤੇ ਨਹੀਂ ਸੀ, ਪਿਆਰਿਆਂ, ਮੁਕਤਿਆਂ, ਸਚਿਆਰਿਆਂ, ਪੂਰਿਆਂ ਸਿਖਾਂ ਦੀ ਜੁਦਾਈ ਦੀ ਕੋਈ ਕਾਈ ਮਸਤਕ ਤੇ ਦਿੱਸ ਨਹੀਂ ਸੀ ਪੈਂਦੀ, ਸਫਰ ਦੇ ਖੇਦਾਂ ਤੇ ਆਪਣੇ ਬਿਗਾਨਿਆਂ ਦੇ ਟੋਏ ਦੇਣ ਦਾ ਕਿਤੇ ਹਾਵਾ ਨਹੀਂ ਸੀ ਰੜਕਦਾ ਦਿੱਸਦਾ, ਜਿਉਂ ਕੀ ਤਿਉਂ ਜਾਗਤੀ ਜੋਤ, ਜਿਵੇਂ ਬੱਦਲਾਂ ਦੇ ਫਟਨ ਤੇ ਸੂਰਜ ਦੀ ਰੌਸ਼ਨੀ ਲਿਸ਼ਕਾਂ ਮਾਰਦੀ ਹੈ; ਉਸੇ ਤਰ੍ਹਾਂ ਜਲਾਲ ਵਾਲਾ ਨੂਰੀ ਚਿਹਰਾ ਚਮਕਾਂ ਮਾਰ ਰਿਹਾ ਸੀ।

ਸੈਦ ਖਾਂ ਜੀ ਖੁਸ਼ੀ ਵਿਚ ਸਨ ਤੇ ਸ਼ੁਕਰ ਕਰ ਰਹੇ ਸਨ ਕਿ ਮੈਨੂੰ ਫੇਰ ਦਰਸ਼ਨ ਹੋ ਗਏ।

ਲਿਖਿਆ ਹੈ ਕਿ ਦਮਦਮੇ ਵਿਚ ਦੂਰ ਦੂਰ ਤੋਂ ਚੰਗੇ ਚੰਗੇ ਨਾਮੀ ਸਿਖ ਤੇ ਸੰਗਤਾਂ ਆਕੇ ਮਿਲ ਪਈਆਂ ਸਨ। ਓਥੇ ਉਹੋ ਅਨੰਦਪੁਰ ਵਾਙੂ ਰੌਣਕਾਂ ਲਗ ਪਈਆਂ ਸਨ। ਇਕ ਦਿਨ ਅੰਮਿਤ ਵੇਲੇ ਆਸਾ ਦੀ ਵਾਰ ਲੱਗੀ, ਸਤਿਗੁਰ ਦੀਵਾਨ ਵਿਚ ਅ ਸਜੇ, ਭੋਗ ਪਿਆ, ਅਰਦਾਸ ਹੋਈ, ਕੜਾਹ ਪ੍ਰਸ਼ਾਦ ਵਰਤਿਆ, ਦੀਵਾਨ ਵਿਚ ਇਲਾਹੀ ਰੰਗ ਹੈ, ਸਤਿਗੁਰ ਦੀ ਦਿੱਬਜ਼ ਮੂਰਤੀ ਦਮਕ ਰਹੀ ਹੈ, ਸਿਖ ਪ੍ਰਸੰਨ ਮੁਖ ਦਰਸ਼ਨ ਦਾ ਅਹਿਲਾਦ ਲੈ ਰਹੇ ਹਨ ਕਿ ਮੇਵੜੇ ਨੇ ਅਰਦਾਸ ਕੀਤੀ, 'ਸੱਚੇ ਪਾਤ-ਸ਼ਾਹ! ਇਕ ਗ਼ਰੀਬ ਮੁਸਾਫਰ ਪੰਜਾਬ ਤੋਂ ਆਇਆ ਹੈ, ਉਸ ਪਾਸ ਇਕ ਰੁੱਕਾ ਹੈ ਸੈਦ ਖਾਨ ਵਾਸਤੇ। ਆਖਦਾ ਹੈ ਸਢੌਰੇ ਤੋਂ ਹੋ ਆਇਆ ਹਾਂ, ਮੈਂ ਪਹਿਲੇ ਪਹਾੜ ਗਿਆ ਸੀ ਤੇ ਸੈਦ ਖਾਨ ਨੂੰ ਸਾਰੇ ਟੋਲਿਆ ਹੈ, ਓਥੋਂ ਮੈਨੂੰ ਦੱਸੇ ਟਿਕਾਣੇ ਤੋਂ ਦੱਸ ਪਈ ਕਿ ਓਹ ਟੁਰ ਗਏ ਹਨ। ਓਥੋਂ ਟੁਰਕੇ ਉਨ੍ਹਾਂ ਨੂੰ ਟੋਲਦਾ ਏਥੇ ਆਇਆ ਹਾਂ ਇਕ ਰੁੱਕਾ ਹੈ ਜੋ ਉਨ੍ਹਾਂ ਦੇ ਹੱਥਦੇਣਾ ਹੈ। ਸਤਿਗੁਰ ਜੀ ਮੁਸਕ੍ਰਾਏ, ਮੁਸਾਫਰ ਨੂੰ ਦੀਵਾਨ ਵਿਚ ਬੁਲਾ ਲਿਆ। ਸੈਦ ਖਾਨ ਨੇ ਉਸ ਤੋਂ ਰੁੱਕਾ ਲੈਕੇ ਸਤਿਗੁਰ ਜੀ ਦੀ ਆਗਜ਼ਾ ਵਿਚ ਪੜ੍ਹਿਆ, ਉਸ ਮਹਾਂ ਤਿਆਗੀ ਵੈਰਾਗ ਮੂਰਤੀ ਦੇ ਚਿਹਰੇ ਲਾਲੀ ਭਖ ਕੇ ਕਈ ਅੱਥਰੂ ਆ ਗਏ। ਸਤਿਗੁਰ ਜੀ ਬੋਲੇ:— 'ਸਾਧੂ ਸੈਦ ਪਿਆਰੇ ਜੀਉ! ਪੱਤਰ ਸੁਣਾ ਦਿਓ'। ਤਦ ਆਪ ਨੇ ਪੱਤਰ ਸੁਣਾਇਆ:—

"ਸਹੀਓ ਨੀ ਅਜ ਫਾਗ ਮਚਜ਼ਾ ਜੇ
ਸੁਹਣੇ 'ਆਪ' ਮਚਾਇਆ।
'ਰੱਤੂ' ਦਾ ਰੰਗ ਅੱਜ ਉਡੇਗਾ
ਹੋਰ ਰੰਗ ਨਹੀਂ ਭਾਇਆ।
'ਸੀਸ' ਕੁਮਕੁਮੇ ਅੱਜ ਚੱਲਣਗੇ
ਅਤਰ 'ਉਲਾਦ' ਖਿਲਾਯਾ।
'ਆਪਾਵਾਰ' ਗੁਲਾਲ ਉਡੇਗਾ
ਆਟਾ ਨਹੀਂ ਉਡਾਯਾ।
ਆਓ ਸਹੀਓ ਰਲ ਹੋਲਾ ਖੇਡੋ
'ਸ਼ਹੁ' ਖੇਡਣ ਨੂੰ ਆਯਾ।

ਪਿਆਰੇ ਵੀਰਨ! ਪਤਾ ਨਹੀਂ ਤੁਸੀਂ ਕਿੱਥੇ ਹੋ, ਪਰਬਤਾਂ ਵਿਚ ਹੋ ਕਿ ਕਿਤੇ ਹੋਰਥੇ? ਮੈਂ ਕਾਸਦ ਪਹਾੜ ਤੁਸਾਂ ਪਾਸ ਘੱਲ ਰਹੀ ਹਾਂ। ਤੁਸੀਂ ਕਿਤੇ ਹੋਵੋ, ਹੁਣ ਜੀਉਂਦੇ ਦਿੱਸਦੇ ਹੋ। ਜੀਓ! ਜੁਗ ਜੁਗ ਜੀਓ! ਵੀਰਨ ਜੀਓ! ਭੈਣ ਨੂੰ ਵਧਾਈ ਦਿਓ! ਇਹ ਕਾਸਦ ਮੇਰਾ ਹੱਥੀਂ ਪਾਲਿਆ ਬੱਚਾ ਹੈ, ਇਹ ਮੇਰੀ ਮੁਰਾਦ ਪੂਰੀ ਕਰੇਗਾ, ਮੇਰਾ ਰੁੱਕਾ ਤੁਸਾਨੂੰ ਪੁਚਾਏਗਾ। ਲੋੜ ਕੋਈ ਨਹੀਂ, ਵੀਰਨ! ਪਰ ਤੁਸਾਨੂੰ ਖੀਵੇ ਹੋਇਆਂ ਨੂੰ ਵੇਖਣ ਦੀ ਸਿੱਕ ਸੀ, ਸੋ ਕੋਈ ਨਹੀਂ, ਅੱਗੇ ਚੱਲ ਵੇਖਾਂਗੇ। ਦੇਖ ਵੀਰਨ! ਮੇਰੇ ਮਿੱਟੀ ਦੇ ਨੈਣਾਂ ਨੇ ਕਲਗ਼ੀਆਂ ਵਾਲੇ ਦੇ ਸਹਣੇ ਸਰਾਰ ਦੇ ਦਰਸ਼ਨ ਬੀ ਨਹੀਂ ਜੇ ਪਾਏ, ਹਾਂ, ਪਰ ਉਹ ਜੋ ਤੁਸਾਡੇ ਪਾਸ ਬੈਠਿਆਂ ਇਲਾਹੀ ਦਰਸ਼ਨ ਹੋਏ ਸਨ, ਬੱਸ ਉਨ੍ਹਾਂ ਦਰ-ਸ਼ਨਾਂ ਦੀ ਮੋਹੀ ਮੈਂ ਫੇਰ ਨਹੀਂ ਜੇ ਮੋਈ। ਭੈਣ ਨੂੰ ਦਿਓ ਵਧਾਈ। ਵੀਰਨ ਜੀ! ਅੱਜ ਫਾਗ ਮਚਿਆ ਜੇ। ਸਢੌਰੇ, ਸਾਡੇ ਘਰ ਪਰ ਦਲ ਚੜ੍ਹ ਆਇਆ ਹੈ ਉਸਮਾਨ ਖਾਨ ਦਾ, ਵੈਰੀਆਂ ਦਾ ਦਲ ਕਾਹਨੂੰ ਆਖਾਂ, ਸਾਡਾ ਸੁਆਮੀ ਹੋਲਾ ਖੇਡਣ ਆਇਆ ਹੈ। ਸ਼ਾਹ ਸਾਹਿਬ ਤੇ ਛੋਟੇ ਸ਼ਹਜ਼ਾਦੇ ਜਤਨ ਵਿਚ ਹੈਨ।

(ਬਾਕੀ ਕੱਲ੍ਹ ਲਿਖਸਾਂ)

ਲਓ ਵੀਰਨ ਜੀ! ਅੱਜ ਕਾਰਜ ਰਾਸ। ਮੈਂ ਸੁਭਾਗ ਹੋਗਈ; ਦੋ ਲਾਲ ਤੇ ਇਕ ਵੀਰ ਅੱਗੇ* ਸ਼ਰਬਤ ਸ਼ਹੀਦੀ ਪੀ ਗਏ, ਅੱਜ ਸ਼ਾਹ ਸਾਹਿਬ ਤੇ ਇਕ ਲਾਲ ਅਰਸ਼ਾਂ ਨੂੰ ਜਾ ਚੜ੍ਹੇ ਦੀ ਖ਼ਬਰ

*ਭੇਗਾਣੀ ਜੁੱਧ ਵਿਚ।

ਮੈਂ ਪਾ ਲਈ*। ਇਕ ਪਤਾ ਨਹੀਂ ਕਿੱਥੇ ਹੈ ਤੇ ਕਿਵੇਂ ਹੈ। ਮੈਂ ਸੁਲੱਖੀ ਭਾਗ ਸੁਲੱਖੀ ਹੋ ਗਈ। ਕਿਉਂ ਨਾ ਹੋਈਏ? ਤੁਹਾਨੂੰ ਪਤਾ ਹੈ ਕਲਗੀਆਂ ਵਾਲੇ ਨੇ ਆਪਣੇ ਚਾਰੇ ਲਾਲ ਹੱਸ ਹੱਸ ਕੇ ਸ਼ਹੀਦੀ ਦੇ ਮੈਦਾਨ ਘੱਲੇ ਸੇ। ਪਰਿਵਾਰ ਧਨ ਧਾਮ, ਰਾਜਧਾਨੀ ਸਭ ਸਾਡੇ ਤੋਂ ਸਦਕੇ ਕਰ ਦਿੱਤੀ। ਸ਼ੁਕਰ ਹੈ ਅੱਜ ਇਸ ਗਰੀਬਣੀ ਦੇ ਚਾਰੇਾਂ ਲਾਡਲੇ, ਸਿਰ ਦੇ ਸਾਈਂ ਤੇ ਵੀਰਨ ਜੀਉ ਉਸ ਕਲਗੀਆਂ ਵਾਲੇ ਦੀ ਸੇਵਾ ਵਿਚ ਮੈਥੋਂ ਵਿਛੁੜ ਚੁਕੇ ਹਨ। ਬਾਗ, ਕਿਲਾ, ਹਵੇਲੀ ਲੁੱਟੇ ਗਏ ਹਨ, ਮੈਂ ਇਕ ਗਰੀਬ ਦੇ ਘਰ ਬੈਠੀ ਹਾਂ, ਮੇਰੀ ਸੁੰਹ ਹੋ ਰਹੀ ਹੈ, ਮੈਂ ਨਾ. ਉ.ਾਂ ਦੇ ਹੱਥਾਂ ਵਿਚ ਫਸਾਂਗੀ, ਨਾ ਖੁਦਕੁਸ਼ੀ ਕਰਾਂਗੀ। ਜੇ ਬਚ ਰਹੀ ਤਾਂ ਤੁਸਾਂ ਪਾਸ ਆਸਾਂ, ਨਹੀਂ ਤਾਂ ਨੂਝਕੇ ਮਰਾਂਗੀ। ਕੌਣ ਹੈ ਜੋ ਕਲਗੀਧਰ ਦੇ ਧੀਆਂ ਪੁੱਤ੍ਰਾਂ ਨੂੰ ਜਿੱਤ ਸਕਦਾ ਹੈ? ਅਸੀਂ ਅਜਿੱਤ ਸੂਰਮੇ ਹਾਂ। ਜਿਨ੍ਹਾਂ ਮੌਤ ਜਿੱਤ ਲਈ ਹੈ ਉਨ੍ਹਾਂ ਪਰ ਤ੍ਰਿਸ਼ਨਾਲੂ ਨੈਪੇ ਕੀ ਵਾਰ ਕਰ ਸਕਦੇ ਹਨ? ਲਓ ਵੀਰ ਜੀ! ਹੁਣ ਅਰਸ਼ਾਂ ਤੇ ਮਿਲਾਂਗੇ। ਵੈਰੀਆਂ ਨੂੰ ਮੇਰਾ ਪਤਾ ਲੱਗ ਗਿਆ ਹੈ। ਲੁਕਣਾ ਧਰਮ ਨਹੀਂ, ਗਰੀਬਾਂ ਦਾ ਇਹ ਘਰ ਲੁਟ ਜਾਏਗਾ, ਸੋ ਮੈਂ ਚੱਲੀ ਹਾਂ।

ਵੇਖ ਵੀਰਨ! ਫੈਣ ਦਾ ਲੱਕ ਟੁੱਸਿਆ ਹੈ, ਸਿਰ ਤੇ ਦੁਪੱਟਾ ਮੱਥੇ ਤੇ ਮਜ਼ਬੂਤ ਤਾਜ ਬਣ ਗਿਆ ਹੈ, ਫੈਣੀ ਪਾਸ ਢਾਲ ਵੀ ਹੈ, ਖਜਰ ਆਬਦਾਰ ਹੈ, ਹੱਥ ਅਜਫਹਾਨੀ ਤਲਵਾਰ ਹੈ, ਚਿਹਰਾ ਮੇਰਾ ਖੁਸ਼ ਹੈ, ਹਿੰਦੂ ਤ੍ਰੀਮਤ ਸਤੀ ਹੋਣ ਜਾਂਦੀ ਹੈ, ਮੈਂ ਸ਼ਹੀਦ ਹੋਣ ਚੱਲੀ ਹਾਂ। ਸ਼ਰਨ ਨਹੀਂ ਮੰਨਣੀ, ਕੈਦ ਨਹੀਂ ਪੈਣਾ, 'ਸ਼ਰਬਤੇ ਸ਼ਹੀਦੀ' ਪੀਣਾ ਹੈ। ਕਲਗੀਆਂ ਵਾਲੇ ਨੇ ਅੰਮ੍ਰਿਤ ਨਹੀਂ ਛਕਾਇਆ, ਮੈਂ ਇਹੋ ਅੰਮ੍ਰਿਤ ਪੀਆਂਗੀ ਤੇ ਸੁਰਖਰੂ ਜਾਵਾਂਗੀ। ਦੇਖ ਵੀਰਨ! ਉਹ ਰੋਂਦੂ ਫੈਣ ਕਲਗੀਆਂ ਵਾਲੇ ਦੇ ਨਾਜ਼ ਉਤੇ, ਲਾਡ ਉਤੇ, ਫਖ਼ਰ ਉਤੇ ਐਉਂ ਚੱਲੀ ਜੇ, ਜੀਕੂੰ ਸ਼ਮਾਂ ਤੇ ਪਤੰਗਾ ਜਾਂਦਾ ਹੈ। ਮੌਤ ਨਾਲ ਲੜਨ ਚੱਲੀ ਹਾਂ, ਹਾਂ, ਮੌਤ ਨੂੰ ਮਾਰਨ ਚੱਲੀ ਹਾਂ। ਇਸ ਵੇਲੇ ਚੜ੍ਹਦੀਆਂ ਕਲਾਂ ਸਲਾਮਤ ਹਨ ਤੇ ਕਾਵੜ ਦੇ ਚੰਦ ਹਿਰਦੇ ਦੇ ਅਸਮਾਨ ਵਿਚ ਚਮਕ ਰਹੇ ਹਨ:-

ਚਲ ਵੇ ਦਿਲਾ ਕੱਰ ਸੁਹਣੇ ਦਾ ਲਾਹੀਏ,
ਸਿਰ ਦੇ ਸ਼ੁਕਰ ਮਨਾਈਏ।
ਸਿਰ ਦਾ ਭਾਰ ਗਰਦਨੋਂ ਉਤਰੇ,
ਪੰਛ ਫਿਕਰਾਂ ਦੀ ਲਾਹੀਏ।
ਭੌਰੇ ਵਾਂਗ ਸੁਤੰਤਰ ਹੋ ਕੇ,
ਕਮਲਾ ਪੁਰ ਨੂੰ ਜਾਈਏ।
ਪਾ ਗੁੰਜਾਰ ਦੁਆਲੇ ਕਮਲਾਂ
ਸਦਕੇ ਹੋ ਹੋ ਜਾਈਏ।

ਅਪਣੇ ਵੀਰਨ ਦੀ ਨਸੀਰਾਂ, ਮੌਤ ਪਰ ਫਾੜਿਹਾ ਨਸੀਰਾਂ, ਚੜ੍ਹਦੀਆਂ ਕਲਾਂ ਵਿਚ ਖੇਡਦੀ ਨਸੀਰਾਂ, ਸ਼ਮਸ਼ੇਰ ਆਬਦਾਰ ਵਾਲੀ ਨਸੀਰਾਂ!"

ਇਹ ਪੱਤਰ ਸੁਣਕੇ 'ਵਾਹ ਕਲਗੀਧਰ' ਦੀ ਗੁੰਜਾਰ ਗੂੰਜ ਉੱਠੀ। ਹੇ ਮਰਦਾਂ ਦੇ ਮਰਦ! ਕੀਹ ਜਾਦੂ ਅਰਸ਼ ਤੋਂ ਤੂੰ ਲੈਕੇ ਆਇਆ ਕਿ ਮੁਰਦਿਆਂ ਵਿਚ ਰੂਹਾਂ ਫੂਕ ਦਿੱਤੀਆਂ? ਉਹ ਬੰਦੇ ਬਣਾਏ ਕਿ ਜਿਨ੍ਹਾਂ ਨ ਮੌਤ ਪਰ ਛਤਹ ਪਾਈ? ਉਹ ਤ੍ਰੀਮਤਾਂ ਬਣਾਈਆਂ ਕਿ 'ਮਰਦ' ਹੋ ਕੇ ਅਰਸ਼ਾਂ ਨੂੰ ਚੜ੍ਹੀਆਂ?

ਕਲਗੀਧਰ ਜੀ ਇਸ ਵੇਲੇ ਨੈਣ ਮੂੰਦੇ ਚੁੱਪ ਬੈਠੇ ਸਨ। ਫੇਰ ਕਮਲਾਂ ਤੋਂ ਸੁਹਣੇ ਨੈਣ ਖੁਲ੍ਹੇ, ਮੁਸਕ੍ਰਾਏ, ਸੈਦ ਖਾਂ ਵਲ ਤੱਕੇ 'ਮੁਬਾਰਕ'। ਫੇਰ ਕਾਸਦ ਵਲ ਤੱਕੇ, ਉਸ ਨੇ ਦੱਸਿਆ ਕਿ ਕਿਵੇਂ ਨਸੀਰਾਂ ਤਲਵਾਰ ਲੈਕੇ ਨਿਕਲੀ ਤੇ ਸਨਮੁਖ ਹੋਕੇ ਜੂਝੀ ਤੇ ਕਿਵੇਂ ਟੁਕੜੇ ਟੁਕੜੇ ਹੋਕੇ ਸ਼ਹੀਦ ਹੋਈ। ਧੰਨ ਧੰਨ ਕਹਿੰਦੇ ਸਤਿਗੁਰ ਜੀ ਨੇ ਫੇਰ ਹੁਕਮ ਦਿਤਾ ਕਿ "ਕੜਾਹ ਪ੍ਰਸ਼ਾਦਿ ਹੋਰ ਆਵੇ, ਬੁੱਧੂ ਸ਼ਾਹ ਦੇ ਪਰਿਵਾਰ ਤੇ ਉਸ ਦੀ ਪਿਆਰੀ ਜੀ ਉੱਠੀ 'ਨਸੀਰ ਬੇਗਮ' ਦਾ ਅਰਦਾਸਾ ਸੁਧੇ।" ਕੜਾਹ ਪ੍ਰਸ਼ਾਦਿ ਆਇਆ। ਜਗਤ ਦੇ ਵਾਲੀ ਦੇ ਹਜ਼ੂਰ ਅਰਦਾਸਾ

*ਅਸਮਾਨ ਖਾਂ ਹਾਕਮ ਸਰਹੰਦ ਨੇ ਅਨੰਦਪੁਰ ਦੀ ਰਾਜਧਾਨੀ ਉਜੜੀ ਦੇਖਕੇ ਸਮਝਿਆ ਕਿ ਸਿਖ ਤਾਕਤ ਨਸ਼ਟ ਹੋ ਗਈ ਹੈ ਸੋ ਉਸ ਨੇ ਦੀਨੀ ਤਅੱਸਬ ਵਿਚ ਬਧੂ ਸ਼ਾਹ ਨੂੰ ਗੁਰੂ ਜੀ ਨਾਲ ਸਬੰਧ ਦੱਸ ਕਰਕੇ ਕਤਲ ਕਰਵਾ ਦਿਤਾ ਸੀ।

†ਆਖਰੋ ਹਨਕਿਸਭ ਤੋਂ ਛੋਟਾ ਬੱਚਾ ਕਿਸੇ ਲੁਕਾਕੇ ਬਚਾਲਿਆ ਸੀ, ਜਿਸਦੀ ਵੰਸ਼ ਹੁਣ ਹੈ। ਬੰਦੇ ਬਹਾਦਰ ਨੇ ਸਰਹੰਦ ਪਹੁੰਚਕੇ ਅਸਮਾਨ ਖਾਂ ਨੂੰ ਇਸ ਪਾਪ ਬਦਲੇ ਫਾਂਸੀ ਦਿਵਾਯਾ ਸੀ। ਸੂ:ਪ:ਵਿਚ ਭੀ ਇਕ ਥਾਂ ਦਾ ਬਚ ਨਿਕਲਣਾ ਲਿਖਿਆ ਹੈ। [ਐ:ਰ.ਫ.੨੨

ਧਿਆ ਗਿਆ। ਆਪ ਨੇ ਅਸੀਸ ਦਿੱਤੀ:–

"ਨਿਹਾਲ ! ਸੱਚ ਖੰਡ ਨਿਵਾਸ ॥"

ਕੁਛ ਦਿਨ ਰਹਿਕੇ ਸੈਦ ਖਾਨ ਜੀ ਨੂੰ ਫੇਰ ਆਗਜ਼ਾ ਪਹਾੜ ਜਾ ਕੇ ਹੀ ਬੰਦਗੀ ਕਰਨੇ ਦੀ ਹੋਈ। ਆਪ ਸਾਹਿਬ ਕੁਛ ਸਮੇਂ ਬਾਦ ਦੱਖਣ ਨੂੰ ਟੁਰ ਪਏ।

ਗੀਤ

ਸੁਹਣਿਆਂ ਦੇ ਸੁਲਤਾਨ ਸ਼ਾਹੁ ਜੀ ਦਰਸ਼ਨ ਅਸਾਂ ਦਿਖਾਓ ਜੀ।
ਇਕ ਝਲਕਾ ਦੇ ਪਾਤਸ਼ਾਹੁ ਜੀ ਘਾਇਲ ਅਸਾਂ ਕਰਾਓ ਜੀ।
ਬੁੱਧੂ ਸ਼ਾਹ ਨਸੀਰਾ ਵਿੰਨ੍ਹੇ ਸਾਨੂੰ ਵਿੰਨ੍ਹ ਵਿਖਾਓ ਜੀ।
'ਹੁਸਨ ਵਜੂਦ' ਪਿਆਰੇ ਪ੍ਰੀਤਮ ! ਪਿੰਜਰੇ ਅਪਣੇ ਪਾਓ ਜੀ।
ਸਿੱਕ ਸਿਕੇਂਦਿਆਂ ਦਰ ਢੱਠਿਆਂ ਨੂੰ ਚਾ ਅਪਣੇ ਲੜ ਲਾਓ ਜੀ।
ਤੂੰ ਹੈਂ ਸ਼ਮਅ ਸੱਚ ਦੀ ਸੁਹਣੇ ! ਤੜਪ ਆਪਣੀ ਪਾਓ ਜੀ।
ਪਰਵਾਨਾ ਕਰ ਲਓ ਆਪਣਾ ਬਿਸਮਿਲ ਅਸਾਂ ਬਨਾਓ ਜੀ।
ਹੋ ਸ਼ੈਦਾ, ਤੈਂ ਦੁਆਲੇ ਘੁੰਮੀਏ, ਸਾਨੂੰ ਘੋਲ ਘੁਮਾਓ ਜੀ।
ਕਰ ਨੌਛਾਵਰ ਨਾਮ ਆਪ ਤੋਂ ਅਪਣੇ ਅਸਾਂ ਬਨਾਓ ਜੀ।
ਹੇ ਵਰਯਾਮ ਕਲਗੀਆਂ ਵਾਲੇ ! ਝਾਕਾ ਇੱਕ ਦਿਖਾਓ ਜੀ।
'ਹੁਸਨ ਵਜੂਦ' ਗ਼ਮਜ਼ਿਆਂ ਵਾਲੇ, ਕ੍ਰਿਪਾ ਕਟਾਖ਼ ਚਲਾਓ ਜੀ।
ਕਰ ਅਪਣਾ, ਅਪਣੇ ਨੂੰ ਅਪਣਾ, ਅਪਨਾਓ ਅਪਨਾਓ ਜੀ।
ਆਓ ਅਜ ਸਰਦਾਰ ਜਗਤ ਦੇ, ਅਜ ਆਓ ਅਜ ਆਓ ਜੀ।

ਸੂਚਨਾ–ਪਿਛੇ ਸ਼ਰਸੇ ਦਾ ਪ੍ਰਸੰਗ ਆ ਚੁਕਾ ਹੈ। ਸ਼ਰਸੇ ਤੋਂ ਕੂਚ ਕਰਕੇ ਟੁਰੂ ਜੀ ਧੂ ਸਿੰਘਾਣੇ ਆਏ, ਏਥੋਂ ਭਾਦਰੇ, ਨੈਹਰ, ਮਹੋਵੇ ਆਦਿ ਅਸਥਾਨਾਂ ਪਰ ਮੁਕਾਮ ਕਰਦੇ ਟੁਰੂ ਪਹੋਰੇ। ਫਿਰ ਦਾਦੂ ਦੁਆਰੇ (ਨਰਾਇਣ ਪਹੇ) ਠਹਿਰਨੇ ਦਾ ਪ੍ਰਸੰਗ ਵਰਤਿਆ। ਫੇਰ ਹੇਠਾਂ ਜਾਕੇ ਅਜਮੇਰ ਲਾਗੇ ਪੁਸ਼ਕਰ ਤੀਰਥ ਜਾ ਡੇਰਾ ਕੀਤਾ। ਇਨ੍ਹਾਂ ਦੁਹਾਂ ਥਾਵਾਂ ਦੇ ਪ੍ਰਸੰਗ ਅਗੇ ਹਨ:–

੯੯. ਦਾਤਾ ਜੀ ਦਾਦੂ ਦੁਆਰੇ*।

੧.

ਨਰੈਣ ਪੁਰ ਵਿਚ ਦਾਦੂ ਜੀ ਦੇ ਦੁਆਰੇ ਦੇ ਇਕ ਦਾਲਾਨ ਵਿਚ ਬੈਠੇ ਹਨ ਮਹੰਤ ਜੈਤ ਰਾਮ ਜੀ, ਕਿ ਇਕ ਸਾਧੂ ਨੇ ਆਕੇ ਨਮਸਕਾਰ ਕੀਤੀ, ਜਿਸ ਨੂੰ ਦੇਖ ਕੇ ਮਹੰਤ ਜੀ ਬੋਲੇ:–ਆਓ ਸਾਧ ਰਾਮ ! ਜੋ ਹੋ ਦਾਦੂ ਜੀ ਕੀ।

ਸੰਤ–ਜੋ ਹੋ ਦਾਦੂ ਜੀ ਕੀ, ਨਮਸਕਾਰ, ਦੰਡੌਤ ਮਹੰਤ ਸਾਹਿਬ !

ਜੈਤ ਰਾਮ–ਤੁਸੀਂ ਬਾਹਰ ਤੇ ਆਏ ਹੋ, ਕੋਣ ਰਾਜਾ ਆ ਉਤਰਿਆ ਹੈ ਦੁਆਰੇ ਦੇ ਬਾਹਰ ? ਬੋਹੜਾਂ ਤਲੇ। ਨਾਲ ਸੈਨਾ ਹੈ, ਘੋੜਿਆਂ ਦੀ ਹਿਨਹਿਨਾਟ ਤੇ ਮਰਦਾਂ ਦੀ ਚਹਿਲ ਪਹਿਲ ਸੁਣਾਈ ਦੇ ਰਹੀ ਹੈ?

ਸੰਤ–ਜੀ, ਬੜਾ ਸੁਆਦੀਕ ਜੋਧਾ ਹੈ, ਨਿਧਾ ਹੈ ਪਰ ਜੋਧਾ ਨਹੀਂ; ਰਾਜਾ ਹੈ, ਪਰ ਰਾਜਾ ਨਹੀਂ।

ਜੈਤ ਰਾਮ ਅੱਛਾ, ਕੀਕੂੰ ਹੈ ਤੇ ਕੀਕੂੰ ਨਹੀਂ ?

ਸੰਤ–ਗੱਦੀ ਰਾਜ ਗੱਦੀ ਨਹੀਂ, ਪਰ ਫਕੀਰ ਗੱਦੀ ਦਾ ਗੱਦੀ ਨਸ਼ੀਨ ਹੈ। ਪ੍ਰਤਾਪ, ਲਭ ਵਾਲੇ ਜ਼ੋਰ ਦਾ ਨਹੀਂ, ਪਰ ਤਿਆਗਦੇ ਬਲ ਦਾ ਪ੍ਰਤਾਪ ਹੈ।

ਜੈਤ:–ਬੁਝਾਰਤਾਂ ਪਾ ਰਹੇ ਹੋ, ਸਾਧ ਰਾਮ ! ਅਣਮਿਲਵੀਆਂ ਗੱਲਾਂ ਕਹਿ ਕੇ ਹੈਰਾਨ ਕਰ ਰਹੇ ਹੋ!

ਸੰਤ–ਸ੍ਰੀ ਜੀਉ ! ਸਾਹਿਬ ਗੁਰੂ ਗੋਬਿੰਦ ਸਿੰਘ ਹੈ, ਗੁਰ ਨਾਨਕ ਦੇਵ ਜਗਤ ਗੁਰੂ ਦੀ ਗੱਦੀ ਦਾ

*ਇਹ ਪ੍ਰਸੰਗ ਗੁਰਪੁਰਬ ਸਪਤਮੀ ਨੂੰ ਸ਼ਨੀਵਾਰ ੧੭ ਪੋਹ ਸੰ: ਗੁ: ਨਾ: ਸਾ: ੪੬੨, ਬਿ: ੧੯੮੭, ਦਸੰਬਰ ਦੀ ੨੭ ਈ: ੧੯੩੦ ਈ ਨੂੰ ਸੀ, ਪਰ ਟੈਕਟ ਦੀ ਛਵਲ ਵਿਚ ਪ੍ਰਕਾਸ਼ਿਆ ਸੀ।

ਦਸਵਾਂ ਗੱਦੀ ਨਸ਼ੀਨ। ਗੁਰੂ ਨਾਨਕ ਨੂੰ ਜਾਣਦੇ ਹੀ ਹੋ, ਉਨ੍ਹਾਂ ਦੀ ਪ੍ਰਸਿੱਧੀ ਘਰ ਘਰ ਹੈ। ਕਲਜੁਗ ਦੇ ਅਵਿਤਾਰ ਪੂਰਨ ਅਵਿਤਾਰ, ਭਗਤੀ ਅਵਿਤਾਰ, ਪਿਆਰ ਦੇ ਅਵਿਤਾਰ, ਸੁਲਹ ਦੇ ਅਵਿਤਾਰ ਜਗਤ ਨੂੰ ਆਪੋ ਵਿਚ ਭਰਾ ਬਣਾ ਦੇਣ ਵਾਲੇ ਤੇ ਭਰਾਵਾਂ ਨੂੰ ਸਾਂਝਾ ਪਿਤਾ ਦਿਖਾ ਦੇਣ ਵਾਲੇ ਗੁਰੂ ਨਾਨਕ, ਗੁਰੂ ਨਾਨਕ"।

ਇਹ ਕਹਿੰਦਿਆਂ ਸੰਤ ਦੇ ਨੈਣ ਉੱਪਰ ਹੋ ਹੋ ਕੇ ਬੰਦ ਹੋ ਗਏ ਤੇ ਬੋਲ ਰੁਕ ਗਿਆ।

ਜੈਤ (ਸਿਰ ਨਿਵਾ ਕੇ):—ਧੰਨ ਗੁਰੂ ਨਾਨਕ ਭਗਤੀ ਅਵਤਾਰ ਤੇ ਭਗਤਾਂ ਦੇ ਸ਼ਿਰੋਮਣਿ, ਨਾਰਾਇਣ ਤੇ ਨਾਰਾਇਣ ਦੇ ਅਵਤਾਰ, ਸ਼ਾਂਤੀ ਤੇ ਧੀਰਜ, ਵਾਹ ਪਰ ਉਨ੍ਹਾਂ ਦੀ ਗੱਦੀ ਤੇ ਤਲਵਰੀਆ ? ਹੈਂ !

ਸੰਤ (ਨੈਣ ਖੁਹਲ ਕੇ) ਤੇ ਕੀ ਗੁਰੂ ਨਾਨਕ ਜੀ ਤਲਵਰੀਏ ਨਹੀਂ ਸਨ ? ਕਿਸੇ ਅੱਗੇ ਝੁਕੇ ਹਨ, ਕਿਸੇ ਅੱਗੇ ਹਾਰੇ ਹਨ। ਕਿਸੇ ਦੀ ਸ਼ਰਨ ਪਏ ਹਨ ਜੋ ਆਇਆ ਸੋ ਸ਼ਰਨ, ਜੋ ਅੜਿਆ ਸੋ ਪੂਜੇ।

ਜੈਤ (ਸੋਚ ਕੇ):—ਹਾਂ। ਪਰ ਕੀਕੂੰ ? ਤਲਵਾਰ ਨਾਲ ?

ਸੰਤ—ਨਹੀਂ ਆਤਮ ਬਲ ਦੀ ਤਲਵਾਰ ਨਾਲ।

ਜੈਤ:—ਠੀਕ, ਪਰ ਸੰਤ ਜੀ। ਉਵੇਂ ਤਾਂ ਸੱਭਾ ਬਾਂ ਹਾਰੇ ਦਾ ਠਿਆਂ ਮੰਨਦੇ ਰਹੇ ਹਨ।

ਸੰਤ—ਪਰ ਹਾਰੇ ਦੇ ਨਿਆਂ ਵਿਚ ਜਿੱਤਦੇ ਤੇ ਵਾਦੀ ਨੂੰ ਹਰਾਉਂਦੇ ਰਹੇ ਹਨ। ਜ ਕਿਸੇ ਕਿਹਾ, ਖੁਦਾ ਦੇ ਘਰ ਵੱਲ ਪੈਰ ਕਿਉਂ ਕੀਤੇ ਹਨ, ਤਾਂ ਕਿਹਾ ਜਿਧਰ ਖੁਦਾ ਦਾ ਘਰ ਨਹੀਂ ਮੇਰੇ ਪੈਰ ਭੁਆਕੇ ਉੱਧਰੇ ਕਰ ਦੇਹ। ਬਾਦ ਨਹੀਂ ਕੀਤਾ, ਸੰਬਾਦ ਨਹੀਂ ਰਚਿਆ, ਸ਼ੰਕਾ ਕਰਨ ਵਾਲੇ ਦੀ ਮੰਨ ਲਈ ਪਰ ਦੇਖੋ ਇਸ ਹਾਰ ਮੰਨਣ ਵਿਚ ਵਾਦੀ ਹਾਰ ਗਿਆ, ਆਪ ਜਿੱਤ ਗਏ। 'ਹਾਰ ਵਿਚ ਜਿੱਤ' ਇਹ ਗੁਰ ਨਾਨਕ ਦਾ ਕ੍ਰਿਸ਼ਮਾਂ ਸੀ ਸਾਰੇ ਜੀਵਨ ਦਾ। ਜੇ ਨਵਾਬ ਨੇ ਕਿਹਾ ਮੇਰੇ ਨਾਲ ਨਿਮਾਜ਼ ਪੜ੍ਹੋ, ਤਾਂ ਕਿਹਾ ਵਾਹ ਵਾਹ ਚੱਲੋ, ਪਰ ਨਿਮਾਜ਼ ਪੜ੍ਹੀ ਕੋਈਨਾਂ। ਜਾਂ ਉਨ੍ਹਾਂ ਪੁਛਿਆ ਕਿ ਆਪ ਬਚਨ ਦੇਕੇ ਹਾਰੇ ਹੋ, ਤਾਂ ਫੁਰਮਾਇਓ ਨੇ ਕਿ ਤੁਸਾਂ ਆਪਣੇ ਨਾਲ ਖੁਦਾ ਦੀ ਨਿਮਾਜ਼ ਪੜ੍ਹਨ ਆਂਦਾ ਸੀ, ਘੋੜਿਆਂ ਦੀ ਸੁਦਾ-ਗਰੀ ਤੇ ਵਛੇਰਿਆਂ ਦੀ ਰਾਖੀ ਦੀ ਨਿਮਾਜ਼ ਪੜ੍ਹਨ ਮੈਨੂੰ ਨਹੀਂ ਸੀ ਆਂਦਾ। ਇਕਰਾਰ ਖੁਦਾ ਦੀ ਨਿਮਾਜ਼ ਪੜ੍ਹਨ ਦਾ ਸੀ। ਸੋ ਦੇਖ ਲਓ ਹਾਰ ਵਿਚ ਆਪ ਜਿੱਤੇ ਹਨ ਤੇ ਨਵਾਬ ਨੇ, ਕਾਜ਼ੀ ਨੇ, ਆਪਣੀ ਹਾਰ ਮੰਨੀ ਤੇ ਉਨ੍ਹਾਂ ਦੀ ਜਿੱਤ ਮੰਨੀ ਹੈ।

ਜੈਤ:—ਠੀਕ ਕਿਹਾ ਨੇ, ਐਸੇ ਪਿਆਰ ਪੁੰਜ ਦੀ ਗੱਦੀ ਤੇ ਤਲਵਰੀਆ ?

ਸੰਤ—ਉਹੋ ਗੱਲ ਹੈ, ਆਤਮ ਬਲ ਹੀ ਵਡਾ ਬਲ ਹੈ। ਮੈਨੂੰ ਸੰਗ ਆ ਉਂਦੀ ਹੈ ਗਲ ਕਰਦਿਆਂ, ਮੈਂ ਹਾਂ ਦਾਸ, ਆਪ ਹ ਮਹਾਂ ਪੁਰਖ, ਮੂੰਹ ਨਿੱਕਾ ਵੱਡੀ ਬਾਤ ! ਮੈਂ ਕੀਹ ਦੱਸਾਂ, ਆਪ ਜਾਣਦੇ ਹੋ।

ਜੈਤ:—ਨਹੀਂ ਸਾਧ ਰਾਮ ! ਤੁਸੀਂ ਸਾਰੀ ਗੱਲ ਸੁਣਾਓ ਨਾਂ ! ਗੁਰੂ ਨਾਨਕ ਦਾ ਗੱਦੀ ਨਸ਼ੀਨ ਆਵੇ ਤੇ ਮੈਂ ਸਤਿਕਾਰ ਨਾ ਕਰਾਂ ਇਹ ਬੀ ਹੈਫ ਹੈ। ਪਰ ਜੇ ਮੈਂ ਹਥਿਆਰ ਤੇ ਤਲਵਾਰ ਧਾਰੀ ਦੇ ਪਾਸ ਟੁਰਕੇ ਜਾਵਾਂ ਤਾਂ ਬੀ ਮੈਨੂੰ ਹੈਫ ਹੈ। ਇਸ ਲਈ ਦੱਸ ਸਾਰੀ ਗੱਲ ਜੋ ਸਮਝ ਪੈ ਜਾਵੇ। ਤੂੰ ਕੁਛ ਟੋਹਾਂ ਪਤੇ ਲੈਕੇ ਆਇਆ ਜਾਪਦਾ ਹੈਂ।

ਸੰਤ—ਆਪ ਵਿਚ ਜੋਤ ਉਹੋ ਗੁਰੂ ਨਾਨਕ ਦੀ ਹੈ। ਨਾਮ ਦਾ ਰੰਗ ਉਹੋ ਜਿਹਾ ਲਾਉਂਦੇ ਹਨ। ਧਰਮ ਚਾਰ ਪੁੱਤ ਵਾਰ ਆਏ ਹਨ। ਸਾਰਾ ਪਾਤਸ਼ਾਹੀ ਠਾਠ ਲੁਟਾ ਆਏ ਹਨ, ਪਰ ਫੇਰ ਅਛੋਹ ਹਨ। ਕਈ ਰਤਾ ਭਰ ਗਏ ਦਾ ਪਛੁਤਾਵਾ ਯਾ ਗੁਆਚੇ ਦਾ ਹਾਵਾ ਨਹੀਂ। ਰੇਖਾਂ ਵਾਹਕੇ ਰੇਖਾਂ ਮਿਟਾ ਦੇਣ ਵਿਚ ਜਿਵੇਂ ਹਰਖ ਸ਼ੋਕ ਨਹੀਂ ਇਵੇਂ ਅਤੀਤ ਰਹੇ ਹਨ। ਹੈਨ ਫਕੀਰ, ਟਾਕਰਾ ਵਕਤ ਦੇ ਪਾਤਸ਼ਾਹ ਨਾਲ ਹੈ, ਫੌਜਾਂ ਕਿਲੇ ਤੋਪਾਂ ਰਚ ਲਈਆਂ ਹਨ ਤੇ ਉਹ ਘਮਸਾਨ ਘਾਲੇ ਹਨ ਕਿ ਤੁਰਕਾਨੀ ਹੰਭ ਉੱਠੀ ਹੈ। ਇੱਧਰ ਜੰਗ ਜਦਲ ਦੇ ਠਾਠ ਹਨ, ਉੱਧਰ ਨਾਮ ਭੰਗ ਨਿੱਤ ਨਵਾਂ ਹੈ। ਕੀਰਤਨ—ਹਰੀ ਜਸ—ਹੁੰਦਾ ਹੈ, ਉਪਦੇਸ਼ ਕਰਦੇ ਤੇ ਤਾਰਦੇ ਹਨ। ਬੜੇ ਤਿਆਗੀ ਤੇ ਤਪੀ ਚਰਨ ਪਕੜਦ ਤੇ ਸ਼ਰਨ ਮੰਗਦੇ ਹਨ।

ਜੈਤ:—ਅਸਚਰਜ ਹੈ, ਜੰਗ ਤੇ ਹਰੀ ਪ੍ਰੇਮ ! ਤੁਸਾਨੂੰ ਪਤੀਆ ਆ ਗਿਆ ਕਿ ਹਰੀ ਪ੍ਰੇਮ ਵਿਚ ਰੱਤੇ ਹਨ ?

ਸੰਤ—ਰੱਤੇ ਕੀਹ ਹਰੀ ਪ੍ਰੇਮ ਦਾ ਸਰਸ਼ਾਰ ਚਸ਼ਮ

ਹਨ, ਡੁੱਲ੍ਹ ਡੁੱਲ੍ਹ ਪੈ ਰਿਹਾ ਹੈ ਪ੍ਰੇਮ ਆਪਦੇ ਨੈਣ ਸੋਮਿਆਂ ਤੋਂ। ਦੇਖੋ ਆਪ ਫ਼ੁਰਮਾਉਂਦੇ ਹਨ:–

"ਸਾਚ ਕਹਉ ਸੁਨ ਲੇਹੁ ਸਭੈ ਜਿਨਿ
ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥"

ਜੈਤ:–ਨਮਸਕਾਰ! ਇਹ ਖੁਸ਼ਬੋ ਗੁਰ ਨਾਨਕ ਦੀ ਹੈ। ਪਰ ਜੰਗ ਤੇ ਪ੍ਰੇਮ ਕਿਵੇਂ ਕੱਠੇ?

ਸੰਤ–ਔਰੰਗੇ ਦੇ ਹੱਥੋਂ ਪ੍ਰੇਮ ਤੇ ਭਗਤੀ ਵਾਲਿਆਂ ਦੀ ਰਾਖੀ ਨਮਿੱਤ ਜੰਗ ਕੀਤੇ ਨੇ। ਫਕੀਰ ਨੇ ਇਸ ਲਈ ਤਲਵਾਰ ਪਕੜ ਲਈ ਹੈ ਕਿ ਜ਼ਾਲਮ ਦੇ ਹੱਥੋਂ ਸੰਤ ਫਕੀਰ ਨਹੀਂ ਮਰਨ ਦੇਣੇ ਤੇ ਪਰਜਾ ਨਹੀਂ ਪੀੜਤ ਰੋਣ ਦੇਣੀ। ਪ੍ਰਯੋਜਨ ਸ੍ਵਾਰਥ ਦਾ ਨਹੀਂ, ਲੋਭਦਾ ਨਹੀਂ, ਰਾਜ ਤੇ ਤ੍ਰਿਸ਼ਨਾ ਦਾ ਨਹੀਂ ਪਰ ਨਿਰੋਲ ਦੀਨ ਰੱਖਿਆ ਦਾ ਹੈ। ਦੱਸੋ ਰਾਮ ਜੀ ਨੇ ਰਾਖਸ਼ਾਂ ਨੂੰ ਤਲਵਾਰ ਦਿਖਾਈ ਸੀ ਕਿ ਨਾ? ਕ੍ਰਿਸ਼ਨ ਜੀ ਨੇ ਦੁਸ਼ਟਾਂ ਦੇ ਪ੍ਰਹਾਰ ਲਈ ਪਾਂਡਵਾਂ ਨੂੰ ਤਲਵਾਰ ਫੜਾਈ ਸੀ ਕਿ ਨਾ? ਆਪ ਰਥਵਾਹੀ ਰਣ ਵਿਚ ਬਣੇ ਸਨ ਕਿ ਨਾ? ਤਿਵੇਂ ਕਲਜੁਗ ਵਿੱਚ ਇਹ ਸੰਤ ਉਬਾਰਨ ਅਵਤਾਰ ਪ੍ਰਗਟਿਆ ਹੈ।

ਜੈਤ.–ਚਲੋ ਫਿਰ ਦਰਸ਼ਨ ਕਰੀਏ।

ਸੰਤ–ਚੱਲੋ, ਆਪ ਵੇਖੋ, ਤਸੱਲਾ ਕਰੋ।

ਬਾਹਰ ਬੋੜ੍ਹ ਹੇਠਾਂ ਡੇਰਾ ਪਾਇਆ ਨੇ*, ਅਪਣੇ ਹੀ ਘਰ ਆਏ ਨੇ, ਉਹ ਪਛਾਣਦੇ ਹਨ ਆਤਮ ਰੋਗ ਨੂੰ, ਸ੍ਰੀ ਦਾਦੂ ਜੀ ਦੇ ਹੀ ਮਹਿਮਾਨ ਆਕੇ ਹੋਏ ਜਾਪ ਰਹੇ ਹਨ।

ਜੈਤ:–ਤਦ ਚੱਲੋ ਸਾਧ ਰਾਮ ਘਰ ਆਏ ਅਤਿੱਥੀ ਨੂੰ ਸਿਰ ਚਾਈਦਾ ਹੈ ਤੇ ਏਹ ਤਾਂ ਗੁਰੂ ਨਾਨਕ ਦੇ ਦੇਏ, ਹਾਂ, ਗੁਰ ਨਾਨਕ ਹੋਏ ਆਪ! ਦਾਦੂ ਦੇ ਘਰ ਨਾਨਕ ਆਵੇ ਤਾਂ ਦਾਦੂ ਬਲਿਹਾਰੇ ਜਾਵੇ।

੨.

ਬੋੜ੍ਹ ਦੇ ਹੇਠਾਂ ਛੋਟਾ ਜਿਹਾ ਸ਼ਾਮਿਯਾਨਾ ਤਣ ਰਿਹਾ ਹੈ, ਹੇਠਾਂ ਸਿੰਘਾਸਣ ਵਿਛ ਰਿਹਾ ਹੈ, ਉੱਪਰ ਬੈਠੇ ਹਨ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ। ਚਉਰ ਕਰ ਰਿਹਾ ਹੈ ਇਕ ਸਿੰਘ, ਹੋਰ ਸਿੰਘ, ਆ ਆ ਕੇ ਬੈਠ ਰਹੇ ਹਨ, ਕੋਈ ਪਹੁੰਚ ਰਹੇ ਹਨ ਕੋਈ ਕਿੱਲੇ ਗੱਡ ਰਿਹਾ ਹੈ ਤੇ ਘੋੜੇ ਬੰਨ੍ਹ ਰਿਹਾ ਹੈ।ਹੌਲੇ ਹੌਲੇ ਸਾਰਾ ਵਹੀਰ ਅੱਪੜ ਰਿਹਾ ਹੈ। ਦਿਨ ਦੇ ਕਿਆਮ, ਰਸਤ ਪਾਣੀ, ਆਰਾਮ ਦੇ ਪ੍ਰਬੰਧ ਹੋ ਰਹੇ ਹਨ। ਦੇਈ ਦਰਸ਼ਨ ਨੂੰ ਆ ਰਿਹਾ ਹੈ, ਕੋਈ ਖਬਰ ਪਾ ਕੇ ਰਸਤ ਲਿਆ ਰਿਹਾ ਹੈ, ਕੋਈ ਘਾਹ ਦਾਣਾ ਲਿਆ ਰਿਹਾ ਹੈ। ਦਾਤਾ ਜੀ ਦੇ ਪੁੱਜਣ ਦੀ ਖ਼ਬਰ ਸਾਰੇ ਫੈਲ ਚੁੱਕੀ ਸੀ ਤੇ ਲੋਕ ਦਰਸ਼ਨਾਂ ਲਈ ਆ ਰਹੇ ਸਨ ਕਿ ਇੰਨੇ ਨੂੰ ਮਹੰਤ ਸਾਹਿਬ ਵੀ ਪੁੱਜ ਗਏ। ਮਹੰਤ ਦਰਸ਼ਨ ਕਰਕੇ ਨਿਹਾਲ ਹੋ ਗਿਆ। ਅੱਗੇ ਹੋਕੇ ਚਰਨਾਂ ਤੇ ਸੀਸ ਧਰਿਆ। ਸਤਿਗੁਰ ਨੇ ਆਦਰ ਨਾਲ ਸਿਰ ਸੰਭਾਲਿਆ ਤੇ ਪਿਆਰ ਨਾਲ ਉਠਾਕੇ ਆਪਣੇ ਪਾਸ ਬਹਾਲ ਲਿਆ। ਆਪ ਮਹੰਤ ਸੀ ਅਭਿਆਸੀ ਆਦਮੀ ਤੇ ਆਪਣੇ ਨਿਸ਼ਚੇ ਕੀਤੇ ਸਿੱਧਾਤਾਂ ਤੇ ਅਮਲ ਕਰਨ ਵਾਲਾ ਤੇ ਕਰਨੀ ਕਰਤੂਤ ਵਿਚ ਪੱਕਾ, ਪਾਸ ਬੈਠਦੇ ਹੀ ਸਤਿਗੁਰੂ ਦੀ ਆਤਮ ਸੱਤਿਆ ਦੀ ਰੌ ਪਛਾਣ ਗਿਆ।

ਮਹੰਤ–ਆਪ ਬੜੇ ਸਾਕੇ ਵਰਤਾਕੇ ਆਏ ਹੋ, ਪਰ ਸਭ ਤੋਂ ਵਧੀਕ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਸੁਣਕੇ ਦੁੱਖ ਹੁੰਦਾ ਹੈ। ਧੰਨ ਹੋ ਆਪ,ਦੇ ਲਾਲ ਬਹਾਦਰ ਤਾਂ ਅੱਖਾਂ ਅੱਗੇ ਸ਼ਹੀਦ ਕਰਾਏ ਤੇ ਸੀ ਨਾ ਕੀਤੀ ਤੇ ਦੋ ਕਸ ਬੇਦਰਦੀ ਨਾਲ ਸ਼ਹੀਦ ਕੀਤੇ ਗਏ ਸੁਣੇ ਤੇ ਝੱਲ ਲਿਆ। ਆਪ ਮਹਾਂਪੁਰਖ ਹੋ, ਆਪ ਤੋਂ ਝੱਲੇ ਗਏ ਇਹ ਸੱਲ, ਨਹੀਂ ਤਾਂ ਪੁਤਰਾਂ ਦਾ ਸੱਲ ਗ੍ਰਿਹਸਤੀ ਲਈ ਬੁਰਾ, ਫੇਰ ਇੱਕੋ ਵਾਰੀ ਚੌਹਾਂ ਪੁਤਰਾਂ ਦਾ, ਭਗਵਾਨ ਰੱਖਿਆ ਕਰੇ। ਖਿਮਾਂ ਕਰਨੀ, ਦਾਵੇ ਵਿਚ ਦੁਖ ਹੀ ਹੁੰਦਾ ਹੈ, ਸ੍ਰੀ ਦਾਦੂ ਜੀ ਨੇ ਤਦੇ ਕਿਹਾ ਹੈ:–

ਦਾਦੂ ਦਾਵਾ ਦੂਰ ਕਰ ਬਿਨ ਦਾਵੇ ਦਿਨ ਕੱਟ।
ਕੇਤੀ ਸੋਦਾ ਕਰ ਗਏ ਏਸ ਪਸਾਰੀ ਦੇ ਹੱਟ।

ਗੁਰੂ ਜੀ–ਠੀਕ ਹੈ, ਦਾਵਾ ਦਾਝਨ ਦਾ ਮੂਲ ਹੈ, ਨਿਰਦਾਵੇ ਰਹਿਣਾ ਬੇਸ਼ੱਕ ਰਹਿਣਾ ਹੈ, ਦਾਵੇ ਹੀਨ ਸੁਖੀ ਤੇ ਖੁਸ਼ ਰਹਿ ਸਕਦਾ ਹੈ, ਪਰ ਮਹੰਤ ਜੀ! ਦਾਵੇ ਦਾਵੇ ਦਾ ਫਰਕ ਹੈ।ਇਕ ਦਾਵਾ ਹੈ ਨਿਜ ਦੇ ਸ੍ਵਾਰਥ ਲਈ, ਆਪੇ ਲਈ ਸਭ ਕੁਛ ਲੋਚਣਾ ਤੇ ਦੂਜੇ ਨੂੰ ਵਾਵਣਾ, ਕੋਈ ਜ਼ਮਾਂਦਰੂ ਹੱਕ ਸਮਝਣਾ ਕਿ ਮੇਰਾ ਹਰ ਸ਼ੈ ਉਪਰ ਹੈ ਤੇ ਹੋਰ ਸਾਰੇ ਤੀਜ ਹਨ! ਇਹ ਦਾਵਾ ਆਪਣੇ ਆਪ ਵਿਚ ਦੁਖ ਦਾ ਸਾਹਮਣਾ ਕਰਾਵੇਗਾ,ਸਭੋਂ ਇਹ ਦਾਵਾ ਤਾਂ ਜਿੱਤ ਹੋਕੇ ਪ੍ਰਾਪਤੀ ਹੋ ਜਾਣ ਪਰ ਬੀ ਦੁਖ ਦਾਤਾ ਹੀ ਬਣੇਗਾ। ਕਿਉਂਕਿ

*ਇਥੇ ਅਜੇ ਭਾਈ ਨਿਸ਼ਾਨ ਦੱਸੀਦਾ ਹੈ।

ਮਨ ਦਾ ਧਰਮ ਹੈ ਕਿ ਇਹ ਇਕ ਬਿਜੈ ਪ੍ਰਾਪਤੀ ਦੇ ਬਾਦ ਦੂਜੀ ਵੱਲ ਤੇ ਦੂਜੀਤੋਂ ਤੀਜੀ ਵੱਲ ਲੈ ਜਾਂਦਾ ਹੈ,ਐਉਂ ਸਦਾ ਅਤ੍ਰਿਪਤ ਤੇ ਅਸ਼ਾਂਤਿ ਰੱਖਦਾ ਹੈ,ਅਰ ਫਿਰ ਦੂਜਿਆਂ ਦੇ ਦਾਵੇ ਨਾਲ ਟਕਰਾ ਪੈਣ ਕਰਕੇ ਮੁਕਾਬਲਾ ਆ ਪੈਂਦਾ ਹੈ। ਪਰ ਮਹੰਤ ਜੀ ! ਇਕ ਦਾਵਾ ਹੋਰ ਹੈ, ਮਨ ਤ੍ਰਿਪਤ ਹੈ ਤੇ ਸ਼ਾਂਤਿ ਹੈ, ਸਾਈਂ ਚਿੱਤ ਹੈ ਤੇ ਸਾਈਂ ਦੇ ਰੰਗ ਰਸ ਦਾ ਸੁਆਦ ਬਣਿਆ ਰਹਿੰਦਾ ਹੈ ਪਰ ਉਸ ਦੀ ਨਜ਼ਰ ਪੈਂਦੇ ਹਨ ਦਾਵੇ ਵਾਲੇ ਬੰਦੇ, ਜਿਨ੍ਹਾਂ ਨੇ ਅਨੇਕਾਂ ਗ਼ਰੀਬਾਂ, ਦੁਖੀਆਂ, ਦਰਦ ਵੰਦਾਂ ਨੂੰ ਉਹਨਾਂ ਦੇ ਜਾਇਜ਼ ਹੱਕਾਂ ਤੋਂ ਵਾਂਜ ਕੇ ਦੁਖੀ ਕਰ ਰੱਖਿਆ ਹੈ, ਯਾਂ ਸੰਤਾਂ ਸਾਧੂਆਂ ਨੂੰ ਬਿਪਤਾ ਵਿਚ ਪਾਇਆ ਹੈ ਤੇ ਪ੍ਰਜਾ ਇਨ੍ਹਾਂ ਦਾਵੇਦਾਰਾਂ ਦੇ ਹੱਥੋਂ ਤੰਗ ਹੈ। ਏਹ ਦਾਵੇਦਾਰ ਆਪਣੇ ਘਰ ਛੱਡ ਕੇ ਦੂਏ ਦੇ ਘਰ ਆ ਕੇ ਉਥੋਂ ਦੇ ਮਾਲਿਕ ਹੋਕੇ ਉਨ੍ਹਾਂ ਦੇ ਹੱਕ ਨਹੀਂ ਪਛਾਣਦੇ, ਪੂਰਾ ਨਹੀਂ ਤੋਲਦੇ, ਦੁਖ ਤੇ ਪੀੜਾ ਦੀ ਅਵਾਜ਼ ਤੇ ਨਹੀਂ ਪਸੀਜਦੇ, ਸਗੋਂ ਆਪਣੇ ਦਾਵੇ–ਝੂਠੇ ਦਾਵੇ ਹੀ ਜ਼ੋਰ ਜ਼ੁਲਮ ਨਾਲ ਪੁਗਾਉਂਦੇ ਹਨ। ਐਸੇ ਪਾਪੀਆਂ ਦੇ ਦਾਵੇ ਭੰਨਣ ਲਈ ਵਾਹਿਗੁਰੂ ਹੁਕਮ ਦੇਂਦਾ ਹੈ ਫਕੀਰਾਂ ਨੂੰ:–ਕਿ ਸਭ ਕੁਛ ਮੇਰਾ ਹੈ, ਤੁਸੀਂ ਮੇਰੇ ਪੁੱਤਰ ਹੋ, ਅਚੁੱਤ ਤਨਹ ਤੁਸੀਂ ਹੋ, ਮੇਰੇ ਵਾਰਸ ਹੋਕੇ ਦਾਵਾ ਬੰਨ੍ਹ ਤੇ ਝੂਠੇ ਦਾਵੇਦਾਰਾਂ ਦੇ ਦਾਵੇ ਤੋੜ ਦਿਓ। ਮਹੰਤ ਜੀ ! ਐਉਂ ਦਾਵੇਦਾਰ ਬਣਕੇ ਉੱਠਣਾਂ ਪੈਂਦਾ ਹੈ। ਅੱਗੋਂ ਝੂਠੇ ਦਾਵਿਆਂ ਵਾਲੇ ਮੁਕਾਬਲਾ ਕਰਦੇ ਹਨ, ਫੇਰ ਸਾਰੇ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਸਾਹਮਣਾ ਕਰਨਾ ਅਪਣਾ ਧਰਮ ਬਣ ਜਾਂਦਾ ਹੈ, ਕਿਉਂਕਿ ਉਸਦਾ ਫਲ ਸ੍ਰਿਸ਼ਟੀ ਦੀ ਪੀੜਾ ਹਰਨਾ ਹੈ। ਜੋ ਅਪਣੇ ਸਿਰ ਕਸ਼ਟ ਝੱਲ ਲੈਣ ਨਾਲ ਅਨੇਕਾਂ ਦਾ ਉਧਾਰ ਹੋਵੇ ਤਾਂ ਉਸ ਦਾਵੇ ਦੇ ਦੁੱਖ ਝੱਲਣੇ ਸੁੱਖਾਂ ਤੋਂ ਪਿਆਰੇ ਹੋਣੇ ਚਾਹੀਦੇ ਹਨ। ਮਹੰਤ ਸਾਹਿਬ ! ਤੁਸੀਂ ਫਕੀਰ ਦੇ ਚੇਲੇ ਹੋ, ਸਾਈਂ ਦੇ ਪਿਆਰੇ ਹੋ, ਭਿਆਗ ਤੇ ਖਿਮਾਂ ਵਿੱਚ ਆਪਣੀ ਗੁਜ਼ਾਰ ਸਕਦੇ ਹੋ, ਪਰ ਜੇ ਆਪ ਦੇ ਕਾਲਜੇ ਜਗਤ ਪੀੜਾ ਪੁੜ ਜਾਵੇ ਤਾਂ ਆਪ ਫੇਰ ਮੁਸ਼ਕਲਾਂ ਦੇ ਸਾਹਮਣੇ ਕਰੋਗੇ ਤੇ ਸੰਕਟਾਂ ਦੇ ਵਿੱਚ ਹੀ ਲੰਘੋਗੇ। ਉਸ ਵੇਲੇ ਆਪ ਦਾ ਇਲਾਹੀ ਰੰਗ ਆਪ ਨੂੰ ਬੰਦਗੀ ਵਿਚ ਐਉਂ ਸੁਰਜੀਤ ਰੱਖੇਗਾ ਕਿ ਮੇਰਾ ਦਾਵਾ ਮੇਰਾ ਨਹੀਂ ਪਰ ਅਸਲੀ ਦਾਵੇਦਾਰਾਂ ਦਾ ਦਾਵਾ ਮੇਰੀ ਵਕੀਲਣੀ ਵਿਚ ਆ ਵੜਿਆ ਹੈ। ਇਸੇ ਤਰ੍ਹਾਂ ਦੀ ਹਾਲਤ ਵਿਚ ਅਸਾਂ ਇਹ ਚਉਣਾ ਚਾਹਿਆ ਹੈ ਤੇ ਖਾਲਸਾ ਇਸੇ ਤਰ੍ਹਾਂ ਦਾ ਉਪਕਾਰੀ ਸਾਜਿਆ ਹੈ, ਇਸ ਕਰਕੇ ਆਪ ਦਾ ਵਾਕ ਸੁਣ ਕੇ ਅਸੀਂ ਆਖਦੇ ਹਾਂ:–

ਦਾਦੂ ! ਦਾਵਾ ਬੰਨ੍ਹ ਕੇ ਦੁਸ਼ਮਨ ਲਈਏ ਲੁੱਟ* । ਇਕੋ ਰਹਿਸੀ ਖਾਲਸਾ ਹੋਰ ਮਰੇਸੀ ਹੁੱਟ ।

ਮਹੰਤ–ਸੱਤ ਕਿਹਾ ਹੈ ਆਪ ਨੇ, ਪਰ ਸਭ ਰੋਗਾਂ ਦਾ ਦਾਰੂ ਸ੍ਰੀ ਦਾਦੂ ਜੀ ਨੇ ਤਾਂ ਛਿਮਾਂ ਨੂੰ ਆਖਿਆ ਹੈ, ਇਸੇ ਕਰਕੇ ਉਨ੍ਹਾਂ ਨੇ ਫ਼ੁਰਮਾਇਆ ਹੈ:–

ਦਾਦੂ ਸਮਾ ਵਿਚਾਰ ਕੇ ਕਲਿ ਕਾ ਕੀਜੈ ਭਾਇ ॥ ਜੇ ਕੋ ਮਾਰੈ ਢੀਮ ਈਂਟ ਲੀਜੈ ਸੀਸ ਚੜ੍ਹਾਇ ॥

ਗੁਰੂ ਜੀ–ਠੀਕ ਹੈ ਜੇ ਜਗਤ ਤੋਂ ਪਰੇ ਹੋਕੇ ਪਰਵਿਰਤੀ ਤੇ ਦੂਰ ਰਹਿ ਕੇ ਨਿਰਵਿਰਤੀ ਵਿਚ ਦਿਨ ਗੁਜ਼ਾਰਨੇ ਹੋਣ ਤਾਂ ਸੁਹਣੀ ਸਿਖਿਆ ਹੈ। ਹਾਂ ਹਿਰਦੇ ਨੂੰ ਨਿਰਵੈਰ ਰੱਖਣੇ ਲਈ ਵੈਰ ਕਰਨ ਵਾਲੇ ਨਾਲ ਵੈਰ ਨਾ ਕਰਨਾ ਆਤਮ ਗੁਣ ਹੈ, ਤੇ ਸਾਡੇ ਘਰ ਵਿਚ ਬੀ ਸਲਾਹੁਤ ਰਖਦਾ ਹੈ। ਘਸੁੰਨ ਮਾਰਨ ਵਾਲੇ ਦੇ ਪੈਰ ਚੁੰਮਣੇ ਗੁਰੂ ਨਾਨਕ ਸਾਹਿਬ ਜੀ ਵਿਚ ਬੀ ਆਏ ਹਨ ਪਰ ਉਹਦਾ ਭਾਵ ਹਿਰਦੇ ਦੀ ਨਿਰਵੈਰਤਾ ਤੇ ਸਰਬ ਪਿਆਰ ਤੋਂ ਹੈ। ਐਨਾ ਪਿਆਰ ਵਿਚ ਉੱਚਾ ਹੋਵੇ ਕਿ ਦੂਰੇ ਕੀਤੇ ਦਾ ਰੋਸ ਨਾ ਕਰੇ, ਐਤਨਾ ਪ੍ਰੇਮ ਕਰੇ ਕਿ ਦੂਰੇ ਦਾ ਬੀ ਭਲਾ ਕਰੇ। ਮਹੰਤ ਜੀ ! ਇਹ ਆਪਣੀ ਨਿੱਕੀ 'ਮੈਂ' ਨੂੰ ਹਉਮੈ ਤੋਂ ਸਾਫ ਕਰਨੇ ਨਮਿਤ ਹੈ। ਜੀਵ ਦਾ ਆਪਾ ਅੱਗਯਾਨ ਵਿਚ ਹੋਣ ਕਰਕੇ ਹਉਂ ਧਾਰਦਾ ਹੈ ਤੇ ਹਉਂ ਨੂੰ ਜੋ ਰੁਚੇ ਉਸਦੇ ਲੈਣ ਵਲ ਜਤਨ ਕਰਦਾ ਹੈ, ਜੋ ਹਉਂ ਦੇ ਵਾਂਛਤ ਵਸਤਾਂ ਦੀ ਪ੍ਰਾਪਤੀ ਦੇ ਰਸਤੇ ਵਿਚ ਰੋਕ ਪਾਵੇ ਤਾਂ ਇਹ ਉਸ ਨਾਲ ਖੁਣਸਦਾ ਤੇ ਵੈਰ ਕਰਦਾ ਹੈ। ਇਹ ਕ੍ਰੋਧ ਹੈ, ਇਸੇ ਯਤਨ ਵਿਚ ਲੱਗਾ ਮੁੱਖਾਂ ਚੁੱਕਾਂ ਵਿਚ ਫਾਕਾ ਜੀਵ ਭ੍ਰਮ ਤੇ ਦੁੱਖ ਦਰਦ ਵਿਚ ਫਸਿਆ ਜੀਵਨ

*ਸਭ ਨੂੰ ਲਈਏ ਲੁੱਟ, ਏ ਪਾਠਾਂਤਰ ਹੈ।

ਕਟਦਾ ਹੈ। ਇਸ ਸ਼ਾਰੇ ਕਲੇਸ਼ ਦੇ ਮੰਡਲ ਨੂੰ ਦੂਰ ਕਰਨ ਵਾਸਤੇ ਪ੍ਰੇਮ ਦਾਰੂ ਹੈ,ਜਿਸ ਦੀ ਵਰਤੋਂ ਨਾਲ ਜੀਵ ਅੰਦਰੋਂ ਸੁਖੀ ਹੋ ਜਾਂਦਾ ਹੈ। ਫਿਰ ਜੀਵ ਨੂੰ ਕਿਸੇ ਪਾਸੇ ਮੋਹ ਦਾ ਜਕੜ ਬੰਦ ਤੇ ਕਿਸੇ ਪਾਸੇ ਵੈਰ ਦ੍ਵੈਖ ਦਾ ਭਬਾਕਾ ਉੱਠ ਉੱਠ ਤੰਗ ਨਹੀਂ ਕਰਦੇ, ਇਸ ਕਰਕੇ ਪਹਿਲਾ ਸਬਕ ਇਹੋ ਸਿਖਾਈਦਾ ਹੈ:–

''ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥'' [ਗਉਃ ਵਾਃ ਮਃ ਪ

ਭਈ ! ਜੇ ਨੇਕੀ ਨਹੀਂ ਹੋ ਆਉਂਦੀ ਤਾਂ ਬਦੀ ਕਰਨਾ ਤਾਂ ਛੋਡ ਦੇਹ।

ਜਦੋਂ ਬਦੀ ਛੱਡਦੇਵੇ ਤਾਂ ਕਹੀਦਾ ਹੈ,ਨੇਕੀ ਕਰ–

''ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥''

ਜਦ ਨੇਕੀ ਸਿੱਖ ਜਾਂਦਾ ਹੈ ਤਾਂ ਕਹੀਦਾ ਹੈ:–

''ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥''

ਜਦ ਐਉਂ ਕਰਦਿਆਂ ਨਿੰਦਾ ਹੁੰਦੀ ਹੈ ਤਾਂ ਕਹੀਦਾ ਹੈ:–

''ਕਰਿ ਪੁਨਹੁ ਨੀਚ ਸਦਾਈਐ ॥''

ਇਸ ਤਰ੍ਹਾਂ ਮਨ ਨਿਰਮਲਤਾਈ ਵਿਚ ਟੁਰ ਪੈਂਦਾ ਹੈ, ਬਦੀਆਂ ਤੋਂ ਮੂੰਹ ਮੋੜਦਾ ਹੈ, ਫਿਰ ਨਾਲ ਹੀ ਨਾਮ ਵਿਚ ਟੋਰ ਦੇਈਦਾ ਹੈ ਤਾਂ ਪੰਡਾਂ ਮੂੰਹੀਂ ਮੈਲ ਕਟੀਂਦੀ ਹੈ ਤੇ ਮਨ ਜੋ ਨਿਰਮਲ ਹੋਇਆ ਸੀ ਉੱਚਾ ਹੋ ਆਉਂਦਾ ਹੈ। ਐਉਂ ਕਰਦਿਆਂ ਫਿਰ ਜੀਵ ਦੀ ਗਤੀ ਉਨਮਨ ਹੋ ਜਾਂਦੀ ਹੈ। ਉਸ ਨੂੰ ਫਿਰ ਸਾਈਂ ਨਾਲ ਨੇਹੁ ਲਗਦਾ ਹੈ। ਸਾਈਂ ਨਾਲ ਲੱਗ ਕੇ ਆਪਾ ਸਿੱਧਾ ਹੋ ਜਾਂਦਾ ਹੈ ਤੇ ਹਉਂ ਦੇ ਵਲ ਨਿਕਲ ਜਾਂਦੇ ਹਨ, ਅਵਿੱਦਯਾ ਦੀ ਕਾਈ ਕਟ ਜਾਂਦੀ ਹੈ ਤੇ ਹਰਖ ਸ਼ੋਕ ਰਾਗ ਦ੍ਵੈਖ ਦੂਰ ਹੋ ਜਾਂਦੇ ਹਨ। ਐਉਂ ਦਾ ਜਦ ਰੰਗ ਲਗ ਜਾਵੇ ਤੇ ਫੇਰ ਹੁਕਮ ਵਰਤੇ ਕਿ ਜਗਤ ਵਲ ਤੱਕੋ, ਤੇ ਜਗਤ ਦੁਖੀ ਨਜ਼ਰ ਪਵੇ ਤਾਂ ਦੁੱਖ ਹਰਨ ਦਾ ਸਾਮਾਨ ਕਰਨਾ ਪੈਂਦਾ ਹੈ, ਚਾਹੇ ਉਹ ਉਪਦੇਸ਼ ਹੋਵੇ ਚਾਹੇ ਨਾਮ ਦੀ ਦਾਤ ਦੇਣੀ ਹੋਵੇ ਤੇ ਚਾਹੇ ਉਸ ਵਿੱਚ ਜੰਗ ਆ ਪਵੇ। ਜੰਗ ਆ ਪਵੇ ਤਾਂ ਫੇਰ ਸਾਰਾ ਕੁਛ ਸਾਹਸ ਵਾਲਾ, ਬੀਰਤਾ ਵਾਲਾ ਕਰਨਾ ਪੈਂਦਾ ਹੈ। ਮਨ, ਮਹੰਤ ਜੀ ! ਜਦ ਉਨਮਨ ਹੋ ਚੁਕਾ ਹੈ, ਜਾਗ ਚੁਕਾ ਹੈ, ਹਉਂ ਦੇ ਵਲ ਕੱਢ ਚੁਕਾ ਹੈ, ਸਾਈਂ ਨਾਲ ਲੱਗ ਕੇ ਸਾਈਂ ਰੰਗ ਨਾਲ ਰੰਗੀਜ ਚੁਕਾ ਹੈ, ਉਸ ਨੇ ਜੇ ਪਰਾਏ ਹਿਤ ਲਈ ਤਲਵਾਰ ਪਕੜੀ ਹੈ ਤਾਂ ਉਸ ਦੇ ਗਿਆਨਵਾਨ ਹੋ ਚੁਕੇ ਮਨ ਵਿਚ ਮੁੜ ਅਗਿਆਨ ਨਹੀਂ ਆ ਰਿਹਾ, ਉਹ ਤਾਂ ਪਰ ਹਿਤ ਲਈ ਦੁੱਖ ਪਾ ਰਿਹਾ ਹੈ।

ਆਪਨ ਬਿਗਾਰ ਬਿਰਾਨਾ ਸਾਂਢੈ ॥ [ਗੌਃ ਰਵਿਃ

ਉਸ ਦੇ ਅੰਦਰ ਤ੍ਰਿਸ਼ਨਾ ਨਹੀਂ, ਉਸ ਨੂੰ ਰਾਗ ਦ੍ਵੈਖ ਕਿੱਥੇ ? ਹੁਣ ਉਹ ਉਸ ਨੂੰ ਕਿ ਜੋ ਸਾਧੂਆਂ ਨੂੰ, ਗ਼ਰੀਬਾਂ ਨੂੰ, ਬੇਦੋਸ਼ਿਆਂ ਨੂੰ ਇੱਟਾਂ ਮਾਰ ਰਿਹਾ ਹੈ ਸਮਝਾਵੇਗਾ; ਜੇ ਉਹ ਨਾ ਸਮਝੇ ਤਾਂ ਉਹ ਉਸ ਨੂੰ ਮਾਰਨ ਲਈ ਡਟ ਖੜੋਵੇਗਾ, ਜੇ ਉਹ ਅੱਗੋਂ ਇਸ ਵੇਲੇਖਿਮਾ ਧਾਰ ਖੜੋਵੇ ਤਾਂ ਆਪ ਬੀ ਮਰੇਗਾ, ਜਿਸ ਦੀ ਰਖਜਾ ਕਰਨ ਲੱਗਾ ਸੀ ਉਹ ਬੀ ਮਰੀਵੇਗਾ, ਤਾਂ ਉਸ ਦਾ ਰਖਜਾ ਕਰਨ ਦਾ ਯਾ ਪਰ ਸੁਧਾਰਥ ਕਰਨ ਦਾ ਪਰੋਜਨ ਹਾਨੰ ਹੋ ਜਾਵੇਗਾ। ਜੇ ਉਹ ਪਰਸੁਧਾਰਥ ਸਿਰੇ ਚਾੜਨਾ ਚਾਹੇ ਤਾਂ ਅੱਗੋਂ ਰੋਕ ਕਰੇਗਾ, ਰੋਕ ਵਿੱਚ ਕਸ਼ਮਕਸ਼ ਹੋਵੇਗੀ ਉਸ ਵਿਚ ਤਾਣ ਲਾਵੇਗਾ, ਤਾਣ ਲਾਉਂਦਿਆਂ ਝੱਲੇਗਾ ਪਰ ਮਾਰੇਗਾ ਬੀ, ਐਉਂ ਉਹ ਜਾਪੇਗਾ ਅਖਿਮਾਂ ਵਿੱਚ, ਕ੍ਰੋਧ ਵਿਚ, ਪਰ ਹੋਵੇਗਾ ਉਹ ਦੂਸਰਿਆਂ ਦੇ ਭਲੇ ਲਈ ਕ੍ਰੋਧ ਸਹਾਰ ਰਿਹਾ,ਉਸ ਲਈ ਫੇਰ ਇਹ ਨਿਆਇ ਖਿਮਾਂ ਤੁੱਲ ਹੋਵੇਗਾ। ਸੋ ਹੇ

ਦਾਦੂ ! ਸਮਾ ਬਿਚਾਰ ਕੈ ਕਲਿਕਾ ਕੀਜੈ ਭਾਇ ॥ ਜੇ ਕੋ ਮਾਰੈ ਈਂਟ ਢੀਮ ਪਾਥਰ ਹਨੈ ਰਿਸਾਇ* ॥

ਅਸਾਂ ਉਪਰ ਦੱਸੇ ਇਨਸਾਨ ਵਰਗੇ ਬੰਦੇ ਪੈਦਾ ਕਰਕੇ ਖਾਲਸਾ ਸਾਜਿਆ ਹੈ, ਪੱਥਰ ਇਨ੍ਹਾਂ ਦੇ ਹੱਥ ਐਉਂ ਫੜਾਏ ਹਨ। ਏਹ ਤ੍ਰਿਸ਼ਨਾਲੂ ਜਰਵਾਣੇ ਨਹੀਂ ਸਾਜੇ, ਏਹ ਰੱਖਜਾ ਕਰਨ ਵਾਲੇ ਸੰਨਜਾਸੀ ਬੀਰ ਸਾਜੇ ਹਨ।

ਤੁਸੀਂ ਆਪਣੇ ਚੁਗਿਰਦੇ ਨਜ਼ਰ ਮਾਰੋ ਕਿ ਸਮੇਂ ਵਿਚ ਪੀੜਾ ਤੇ ਕਸ਼ਟ ਵਾਪਰ ਰਿਹਾ ਹੈ ਕਿ ਨਹੀਂ, ਤੇ ਇਸਦਾਦਾਰੂ ਕਰਨਾਇਸ ਵੇਲੇ ਧਰਮਹੈਕਿਨਹੀਂ।

ਗੁਰੂ ਕਹਯੋ ਆਯੋ ਕਲਿ ਕਾਲਾ। ਦੁਸ਼ਮਨ ਕੋ ਭਾ ਤੇਜ ਕਰਾਲਾ ॥੨੬॥ ਮੰਤ ਗ਼ਰੀਬ ਧੋਨੁ ਦਿਜ ਦੋਖੀ ॥ ਕਰਹਿ ਅਵੈਰਜਾ ਮੂਰਖ

*'ਪਾਥਰ ਤਿਸੈ ਟਿਕਾਉ' ਬੀ ਪਾਠਾਂਤ੍ਰ ਹੈ।

ਰੇਖੀ ।। ਤਿਨ ਸੋਂ ਦੰਡ ਕਰਨ ਬਨਿ ਆਵੈ ।। ਧਰਨੀ ਛਿਮਾਂ ਨਹੀ ਨਿਬਹਾਵੈ ।।੨੭।। ਤੇਗ ਤੁਪਕ ਤੀਰਨ ਖਰਿ ਧਰਿ ਕਰ ।। ਕਰਹਿੰ ਦਿਖਾਵਨ ਤੇਜ ਤਰਾਤਰ ।। ਤਉ ਕਲਿਕਾਲ ਬਿਖੈ ਬਨਿ ਆਵੈ ।। ਜੀਤਹਿ ਹਤਿ ਚਿੰਤਾ ਬਿਸਰਾਵੈ ।।੨੮।। [ਸ੍ਰੀ ਪ੍ਰਕਾਸ਼

ਮਹੰਤ ਜੀ! ਅਸਾਂ ਲੋਭੀ, ਕਪਟੀ, ਸੁਆਰਥੀਆਂ ਤੇ ਭੁੱਲਿਆਂ ਨੂੰ ਧਨ ਧਾਮ ਧਰਤੀ ਦੀ ਤ੍ਰਿਸ਼ਨਾਂ ਵਾਸਤੇ ਫੋਕੇ ਸੂਰਮੇਂ ਨਹੀਂ ਬਣਾਇਆ, ਪਰ ਸ਼ੁਭ ਗੁਣ ਵਾਲਿਆਂ ਤੇ ਨਾਮ ਰੰਗ ਵਾਲਿਆਂ ਨੂੰ ਸ਼ਸਤ੍ਰ ਪਹਿਨਾਏ ਹਨ ਕਿ ਜ਼ੁਲਮ ਦੂਰ ਕਰਕੇ ਧਰਮ ਦਾ ਰਾਜ ਪੈਦਾ ਕਰ ਦੇਣ। ਯਥਾ:—

ਸੁਧ ਬੁਧ ਸਹਿਤ ਭਲੇ ਗੁਨ ਸਾਰੇ ।। ਨਰ ਉਤਰੇ ਕਲਿਜੁਗ ਨਿਰਵਾਰੇ ।। ਧਰਹਿੰ ਸ਼ਸਤ੍ਰ ਸਿਮਰਹਿੰ ਸਤਿਨਾਮੂ ।। ਧਰਮ ਧਰਹਿੰ ਪਹੁੰਚਹਿੰ ਸੁਰ ਧਾਮੂ ।੨੯। ਇਸ ਕਾਰਨ ਤੇ ਪੰਚ ਉਪਾਯੇ।। ਦੇ ਆਯੁਧ ਰਸਬੀਰ ਵਧਾਯੇ ।। [ਸ੍ਰੀ ਪ੍ਰਕਾਸ਼

ਏਹ ਸੂਰਮੇ ਜੋ ਨਾਮ ਬਾਣੀ ਦੇ ਅਭਿਆਸੀ ਹਨ ਤੇ ਜੋ ਪਰਮਾਰਥ ਲਈ ਲੜੇ ਹਨ ਤੇ ਲੜਨਗੇ, ਜੋਗੀਆਂ ਤੋਂ ਉੱਤਮ ਪਦਵੀ ਪਾਉਣਗੇ। ਤੁਸੀਂ ਦੱਸੋ ਇਨ੍ਹਾਂ ਨੂੰ ਹੁਣ ਨਿਰਦਾਵੇ ਹੋਣਾ ਸਿਖਾਈਏ, ਤੇ ਦੋਖੀ ਦੁਸ਼ਮਨ ਅਗੇ ਲੰਮੇ ਪੈ ਜਾਣ ਦੀ ਖਿਮਾਂ ਦਾ ਉਪਦੇਸ਼ ਦੇਵੀਏ ਕਿ ਸੂਰਬੀਰਤਾ ਦਾ ਉਪਦੇਸ਼ਕਰਕੇ ਦੁਸ਼ਮਨ ਦੇ ਜ਼ੁਲਮ ਅੱਗੇਸਤ ਤੇਖਲੋ ਕੇ ਹਠ ਕਰਨਾਤੇ ਪਾਪ ਅਗੇ ਨਾ ਝੁਕਣਾ ਸਿਖਾਈਏ ਧਰਤੀ ਦਾ ਭਾਰ ਹਰਨਾ ਸਿਖਾਈਏ ਤੇ ਸਾਰੇ ਸਾਧੂਆਂ ਗ਼ਰੀਬਾਂ ਆਤੁਰ ਹੋਏ ਨੇਕਾਂ ਨੂੰ ਸੁਖੀ ਕਰੀਏ ?

ਮਹੰਤ ਜੀਓ! ਗੁਰੂ ਅਰਜਨ ਦੇਵ ਜੀ ਨੇ 'ਉਫ' ਤਕ ਨਾ ਕਰਕੇ ਸਰੀਰ ਦੇ ਦਿਤਾ, ਖਿਮਾ ਦੀ ਅਵਧੀ ਕੀਤੀ। ਸਾਡੇ ਪਿਤਾ ਜੀ ਨੇ ਸੀਸ ਦਿਤਾ 'ਸੀ' ਨਾ ਕੀਤੀ, ਸ਼ਾਂਤ ਰਹੇ, ਖਿਮਾਂ ਤੇ ਅਹਿੰਸਾ ਦੀ ਅਵਧੀ ਕੀਤੀ ਪਰ ਜ਼ਾਲਮ ਜ਼ੁਲਮ ਤੋਂ ਨਹੀਂ ਟਲਿਆ। ਇਸ ਲਈ ਉਸ ਨੂੰ ਉਸੇ ਦੇ ਤ੍ਰੀਕੇ ਨਾਲ ਜ਼ੁਲਮ ਤੋਂ ਵਰਜਣਾ ਹੈ।

ਮਹੰਤ ਜੀ ! ਸਾਰੇ ਚੰਗੇ ਲੋਕ ਧਰਮ ਧਾਰਕੇ ਤੇ ਧਰਮ ਕੇਵਲ ਤਿਆਗ ਵਿੱਚ ਸਮਝ ਕੇ ਬਨਾਂ ਨੂੰ ਟੁਰ ਜਾਂਦੇ ਰਹੇ ਹਨ। ਦੇਸ਼ ਨਿਤਾਣਾ ਹੋ ਤੁਰਕਾਂ ਦੇ ਵੱਸ ਪੈ ਗਿਆ ਹੈ। ਹੁਣ ਘਰ ਘਰ ਕਸ਼ਟ ਹੈ, ਇਸ ਕਸ਼ਟ ਨੂੰ ਹਰਨਾ ਹੈ। ਨਾ ਧਰਮ ਨੂੰ ਰਾਜ ਦਾ ਪਿਛਲੱਗ ਬਨਾਕੇ,ਪਰ ਰਾਜਸੀ ਲੋਕਾਂ ਨੂੰ ਧਰਮੀ ਬਨਾਕੇ। ਖਾਲਸਾ ਧਰਮੀ ਹੈ, ਇਸ ਦਾ ਆਦਰਸ਼ ਅੰਤਰ ਆਤਮੇਂ ਪੂਰਨ ਜੋਤ ਦਾ ਜਾਗਣਾ ਹੈ* । ਐਸੇ ਜਾਗੇ ਤੇ ਰੌਸ਼ਨ ਮਨਾਂ ਦਾ ਜਗਤ ਵਿੱਚ ਰਹਿਕੇ, ਗ੍ਰਿਹਸਤ ਧਰਮ, ਰਾਜ ਧਰਮ, ਨੀਤੀ ਧਰਮ ਵਿਚ ਜੀਉਣਾ ਜੀਵਨ ਹੈ। ਹਾਂ, ਧਰਮ ਮੁੱਖ ਰਖਣਾ ਹੈ। ਖਾਲਸੇ ਦਾ ਤੇਜ ਧਰਮ ਦੀ ਨੀਂਹ ਕਰਕੇ ਹੈ । ਖਾਲਸਾ ਪੂਰਨ ਸਾਧੂ, ਗੁਰਮੁਖ, ਨਾਮ ਦਾ ਰਸੀਆ, ਬਾਣੀ ਦਾ ਪ੍ਰੇਮੀ, ਉੱਚੇ ਜੀਵਨ ਵਿੱਚ ਜਾਗਦਾ ਵਿਚਰੇਗਾ, ਪਰ ਫਰਕ ਸਿਰਫ ਇਹ ਹੈ ਕਿ ਲੋੜ ਪਈ ਤੇ ਗ੍ਰਿਹਸਤ ਦੇ ਸਾਰੇ ਧਰਮ ਨਿਬਾਹੇਗਾ। ਸਿਪਾਹੀ ਸਿਪਾਹਗੀਰੀ ਕਰਦਾ, ਕਿਰਤੀ ਕਿਰਤ ਕਰਦਾ, ਰਾਜਾ ਰਾਜ ਕਰਦਾ, ਉੱਚੇ ਧਰਮ ਜੀਵਨ ਵਾਲੇ ਹੋਣਗੇ। ਖਾਲਸਾ ਜੋ ਅਸਲ ਖਾਲਸਾ ਰਹੇਗਾ, ਓਹ ਧਰਮ ਨੂੰ ਸਭ ਤੋ ਅੱਗੇ ਰਖੇਗਾ, ਇਹ ਭੁੱਲ ਕਦੇ ਨਾ ਕਰੇਗਾ ਕਿ ਧਰਮ ਨੂੰ ਪਿੱਠ ਦੇਕੇ ਰਾਜਸੀ ਮਾਮਲਿਆਂ ਵਿਚ ਪਵੇ, ਯਾ ਰਾਜਸੀ ਮਾਮਲੇ ਸਿੱਖਾਂ ਦਾ ਮੁਖ ਕੰਮ ਹੋਣ ਤੇ ਧਰਮ ਪਿੱਛੇ ਪੈ ਜਾਵੇ;ਯਾ ਨੀਤੀਆਂ ਵਿੱਚ ਪੈਕੇ ਧਰਮ ਤੋਂ ਪਗ ਖਿਸਕਾਏ ਤੇ ਧਰਮ ਨਾਲ ਨੀਤੀ ਦੀਆਂ ਕਾਮਯਾਬੀਆਂ ਪ੍ਰਾਪਤ ਕਰੇ। ਜਦੋਂ ਜਦੋਂ ਖਾਲਸਾ ਇਹ ਭੁੱਲ ਕਰੇਗਾ, ਤਦੋਂ ਤਦੋਂ ਪੰਥ ਦੀ ਜੜ ਖੋਖਲੀ ਹੋਵੇਗੀ।

ਮਹੰਤ ਸਾਹਿਬ ਪਾਸ ਇਨ੍ਹਾਂ ਗੱਲਾਂ ਦਾ ਉੱਤਰ ਕੋਈ ਨਹੀਂ ਸੀ। ਉਹ ਚੰਗੇ ਤੇ ਖਰੇ ਪੁਰਖ ਸਨ। ਉਹ ਸਮਝ ਗਏ ਕਿ ਗੁਰੂ ਜੀ ਉਹ ਕੰਮ ਕਰ ਰਹੇ ਹਨ ਜੋ ਅਸੀਂ ਨਹੀਂ ਕਰ ਸਕਦੇ । ਫੇਰ ਗੁਰੂ ਜੀ ਦੀ ਉਹ ਸਮਦ੍ਰਿਸ਼ਟੀ ਤੇ ਸਮਝ ਹੈ ਕਿ ਆਪਣੇ ਕੰਮ ਦੇ ਹੰਕਾਰ ਵਿਚ ਨਹੀਂ ਹਨ ਅਰ ਸਾਨੂੰ ਮਾੜਾ ਨਹੀਂ ਕਹਿ ਰਹੇ। ਜਿਸ ਉੱਚ ਦ੍ਰਿਸ਼ਟੀ ਵਿਚ ਤੇ ਉੱਚ ਕਰਨੀ ਵਿਚ ਖੜੋਕੇ ਆਪ ਨੇ ਦਾਦੂ ਜੀ ਦੇ ਵਾਕਾਂ ਪਰ ਅਪਣੇ ਵਾਕਕਹੇ ਹਨ ਉਹ ਠੀਕ ਹੈ,ਦਰੁਸਤ ਹੈ।

ਮਹੰਤ ਜੀ ਇਨ੍ਹਾਂ ਵਿਚਾਰਾਂ ਵਿਚ ਸਨ ਕਿ ਕੋਲੋਂ ਇਕ ਸਿਖ ਨੇ ਸਹਿਜ ਨਾਲ ਕਿਹਾ: ਸ਼੍ਰੀ ਮਹੰਤ ਜੀ!

*ਪੂਰਨ ਜੋਤ ਜਗੈ ਘਟ ਮੈਂ ਤਬ ਖਾਲਸਾ ਤਾਹਿ ਨਖਾਲਸ ਜਾਨੈ। [ਭਗਤ ਸਵੈਯੇ

ਸਾਈਂ ਨੇ ਕਲਗੀਆਂ ਵਾਲੇ ਨੂੰ ਪਰਜਾ ਦਾ ਰਖਵਾਰਾ ਕਰਕੇ ਘੱਲਿਆ ਹੈ, ਜੇ ਭੇਡਾਂ ਵਿਚ ਬਾਘ ਆ ਵੜੇ, ਉਸ ਵੇਲੇ ਅਯਾਲੀ ਜੇ ਰਖਵਾਲਾ ਹੈ ਖਿਮਾ ਧਾਰ ਬਹੇ ਤਾਂ ਇਸਦਾ ਕੀਹ ਅਰਥ ਬਣੇਗਾ ? ਮਹੰਤ ਸਾਹਿਬ ਦੀ ਸਮਝ ਵਿਚ ਇਸ ਮੋਟੇ ਦ੍ਰਿਸ਼ਟਾਂਤ ਨੇ ਬੜਾ ਕੰਮ ਕੀਤਾ, ਹੱਸ ਪਿਆ ਤੇ ਕਹਿਣ ਲਗਾ: ਸੱਚ ਹੈ ਸਤਿਗੁਰੂ ਜੀ ਆਪ ਸਰਬੱਗ ਹੋ ਤੇ ਸਮਰੱਥ ਹੋ ! ਆਪ ਦੀ ਕਰਨੀ ਸ਼ਲਾਘਾ ਯੋਗ ਹੈ। ਅਸੀ ਨਿਰਵਿਦਤੀ ਦੇ ਸੁਖ ਦੇ ਇੱਕ ਪੱਖ ਦੇ ਜਾਣਕਾਰ ਸਾਧੂ ਲੋਕ ਹਾਂ।

ਫੇਰ ਦਾਦੂ ਜੀ ਦੇ ਗੱਦੀ ਦੇ ਮਹੰਤ ਜੀ ਨੇ ਸ਼੍ਰੀ ਗੁਰੂ ਜੀ ਨੂੰ ਨਿੰਮ੍ਰਤਾ ਨਾਲ ਕਿਹਾ: 'ਪਾਤਸ਼ਾਹ ! ਦਾਦੂ ਜੀ ਦਾ ਹੁਕਮ ਹੈ ਕਿ ਜੋ ਐਥੇ ਆਵੇ ਉਸ ਨੂੰ ਭੋਜਨ ਛਕਾਓ। ਆਪ ਮਿਹਰਾਂ ਕਰਕੇ ਏਥੇ ਆਏ ਹੋ, ਅਸੀਂ ਆਪ ਦੇ ਨਾਲ ਹੋ ਕੇ ਹਿੱਸਾ ਵੰਡਾਉਣ ਜੋਗੇ ਤਾਂ ਨਹੀਂ ਪਰ ਇੰਨੀ ਮਿਹਰ ਤਾਂ ਕਰੋ ਕਿ ਅੱਜ ਦਾ ਭੋਜਨ ਇੱਥੇ ਪਾਓ।'

ਸ਼੍ਰੀ ਗੁਰੂ ਜੀ ਸੁਣ ਕੇ ਮੁਸਕਰਾ ਪਏ ਤੇ ਪਰਤਾਵਣੇ ਵਾਸਤੇ ਇਸ ਪ੍ਰਕਾਰ ਦੇ ਵਾਕ ਕਹੇ:—

ਸੰਤ ਜੀ ! ਸਾਡੇ ਨਾਲ ਬਾਜ਼ ਹਨ ਜਿਨ੍ਹਾਂ ਨੂੰ ਦੁਣ ਤਾਈਂ ਖ਼ੁਰਾਕ ਨਹੀਂ ਮਿਲੀ। ਪਹਿਲੇ ਇਨ੍ਹਾਂ ਨੂੰ ਰਜਾ ਲਓ, ਫੇਰ ਸਾਨੂੰ ਦੇਗ ਦਿਓ, ਅਸੀਂ ਭੋਜਨ ਆਪ ਦਾ ਪਾ ਲਵਾਂਗੇ।

ਇਹ ਵਾਕ ਸੁਣ ਕੇ ਭਲੇ ਮਹੰਤ ਦੇ ਜੀ ਵਿਚ ਦੁਚਿਤਾਈ ਉਪਜ ਪਈ ਕਿ ਸਾਡਾ ਧਰਮ ਅਹਿੰਸਾ ਹੈ, ਅਸਾਂ ਨੇ ਮਾਸ ਖਾਣਾ ਨਹੀਂ, ਖੁਆਣਾ ਨਹੀਂ, ਜੇ ਮਾਸ ਬਾਜ਼ਾਂ ਨੂੰ ਖੁਆਈਏ ਤਾਂ ਹਿੰਸਕ ਹੋ ਗਏ ਤੇ ਜੇ ਨਾ ਖੁਆਈਏ ਤਾਂ ਉਹ ਭੁੱਖੇ ਹਨ, ਉਹ ਭੁੱਖੇ ਰਹੇ ਤਾਂ ਸਤਿਗੁਰੂ ਜੀ ਭੋਜਨ ਨਹੀਂ ਖਾਣਗੇ। ਇਸ ਗੱਲ ਨੂੰ ਸਤਿਗੁਰੂ ਜੀ ਬੀ ਜਾਣਦੇ ਹਨ ਕਿ ਸਾਡਾ ਮਾਸ ਨਾ ਖਾਣਾ ਪਖੰਡ ਲਈ ਨਹੀਂ, ਸਾਡਾ ਨਿਸ਼ਚਾ ਹੀ ਇਸੀ ਪ੍ਰਕਾਰ ਹੈ, ਕੀਹ ਜਾਣੀਏ ਪਰਖਣ ਹਿਤ ਹੀ ਏਹ ਵਾਕ ਕਹਿ ਰਹੇ ਹੋਣ। ਫਿਰ ਸੰਤਦਾ ਹਿਰਦਾ ਅਪਣੀ ਸਚਿਆਈ ਤੇ ਅਰਦਾਸ ਵਿੱਚ ਚਲਾ ਗਿਆ ਤੇ ਉਸ ਨੂੰ ਸੱਚ ਤੇ ਭਰੋਸਾ ਹੋ ਆਇਆ, ਹੱਥ ਬੰਨ੍ਹ ਕੇ ਆਖਣ ਲਗਾ: ਪਾਤਸ਼ਾਹ ! ਅੱਜ ਅਸੀਂ ਆਪਦੇ ਬਾਜ਼ਾਂ ਅੱਗੇ ਬੇਨਤੀ ਕਰਾਂਗੇ ਕਿ ਇਹ ਦੁਆਰਾ ਗ਼ੀਬਾਂ ਸਾਧਾਂ ਦਾ ਹੈ, ਇੱਥੇ ਮਾਸ ਨਹੀਂ ਬਣਦਾ, ਜੁਆਰ ਬਾਜਰਾ ਸਾਡਾ ਖਾਣਾ ਹੈ ਤੁਸੀਂ ਸਾਡੇ ਪ੍ਰਾਹੁਣੇ ਹੋ, ਸਾਡਾ ਭਾਉ ਅੰਗੀਕਾਰ ਕਰੋ ਤੇ ਅੱਜ ਦਾ ਦਿਨ ਜੁਆਰ ਬਾਜਰਾ ਹੀ ਖਾ ਲਓ। ਮੈਨੂੰ ਆਸ ਹੈ ਓਹ ਆਪ ਦੇ ਹਨ ਤੇ ਆਪ ਦੇ ਹੋਣ ਕਰਕੇ ਸਾਡੇ ਭਾਉ ਨੂੰ ਅੰਗੀਕਾਰ ਕਰਨਗੇ ਤੇ ਆਪ ਦੀ ਮਿਹਰ ਨਾਲ ਅਪਣੇ ਸੁਭਾਵ ਤੇਹਠ ਨਹੀਂ ਧਾਰਨਗੇ, ਆਪ ਇਨ੍ਹਾਂ ਨੂੰ ਆਗਯਾ ਕਰ ਦਿਓ ਕਿ ਜੁਆਰ ਬਾਜਰੀ ਪ੍ਰਵਾਨ ਕਰਲੈਣ।

ਸ਼੍ਰੀ ਗੁਰੂ ਜੀ ਮੁਸਕ੍ਰਾਏ ਤੇ ਬੋਲੇ: ਰੰਗਾਸਾਧ ਰਾਮ ਜੀ ਭਾਉ ਪ੍ਰਵਾਨ ਹੈ।

ਨਿਰਾ 'ਭੋਜਨ' ਪਿਆਰ ਨਹੀਂ, 'ਭਾਉ' ਪਿਆਰ ਹੈ।

੩.

ਜੈਤ ਰਾਮ ਗੁਰੂਜੀ ਦੇ ਦਰਸ਼ਨਾਂ ਨਾਲ ਨਿਹਾਲ ਹੋ ਗਿਆ ਸੀ। ਪਾਸ ਬੈਠਕੇ ਆਤਮਕ ਪ੍ਰਭਾਵ ਦਾ ਬਹੁ ਪੈ ਗਿਆ ਸਾਸ੍ਹ। ਬਚਨ ਬਿਲਾਸ ਕਰਕੇ ਉਨ੍ਹਾਂ ਦੀ ਬਲ ਬੁੱਧੀ ਤੇ ਹਰ ਤਰ੍ਹਾਂ ਦੀ ਗੌਰਵਤਾ ਦਾ ਕਾਇਲ ਹੋ ਗਿਆ ਸੀ। ਆਪਦੀਆਂ ਕੁਰਬਾਨੀਆਂ ਤੇ ਸਾਕੇ, ਕਿਸੇ ਮੌਕਿਆ ਤੇ ਇਖ਼ਲਾਕੀ ਕਮਜ਼ੋਰੀ ਨਾ ਦਿਖਾਉਣੀ, ਇਹ ਸਾਰੇ ਗੁਣ ਸੋਚ ਸੋਚ ਕੇ ਮਹੰਤ ਅਪਣੇ ਜੀ ਹੀ ਜੀ ਵਿਚ ਅਸ਼ ਅਸ਼ ਕਰਰਿਹਾ ਸੀ। ਉਸ ਦੇ ਅੰਦਰ ਇਹ ਭਾਵਨਾ ਦ੍ਰਿੜ ਹੋ ਗਈ ਕਿ ਇਹ ਜ਼ਰੂਰ ਅਵਤਾਰ ਹੈ। ਜੀਵ ਵਿੱਚ ਐਤਨੇ ਗੁਣ ਕਿੱਥੇ ! ਮਹੰਤ ਇਸ ਭਾਉ ਵਿੱਚ ਗ਼ਦ ਗ਼ਦ ਹੋ ਰਿਹਾ ਸੀ ਕਿ ਉਸ ਨੂੰ ਸਰਬ ਗੁਣ ਸੰਪੰਨ ਈਸ਼ੁਰ ਰੂਪ ਜਗੋਤੀ ਦੇ ਮਨੁੱਖ ਜਾਮੇ ਵਿੱਚ ਦਰਸ਼ਨ ਹੋਏ ਹਨ। ਇਸ ਤਰ੍ਹਾਂ ਦੇ ਭਾਵਾਂ ਵਿੱਚ ਉਸ ਨੇ ਰਸਦ ਆਂਦੀ ਤੇ ਲਾਂਗਰੀਆਂ ਦੇ ਅੱਗੇ ਧਰ ਦਿੱਤੀ। ਫਿਰ ਆਪ ਜੁਵਾਰ ਬਾਜਰੀ ਦਾ ਤੁਅਮਾਬਣਾਕੇਲੈਕੇਬਾਜਾਂ ਪਾਸ ਗਿਆ,ਤੇ ਕਿਹਾ ਕਿ ਸਤਿਗੁਰ ਦੇ ਸੇਵਾਦਾਰੋ ! ਅੱਜਦਾ ਦਿਨਸਾਡੀ ਖਾਤਰ ਅੰਨ ਪੁਰ ਨਿਰਬਾਹ ਕਰ ਲਓ,ਭੋਜਨ ਵੱਲ ਨਾ ਤੱਕੋ ਪਰ ਸਾਡੀ ਭਾਵਨਾ ਵੱਲ ਤੱਕੋ। ਬਾਜ ਤੁਅਮੇ ਵਲ ਤੱਕਦੇ ਰਹੇ। ਫੇਰ ਜੈਤ-ਰਾਮ ਜੋ ਭਗਤ ਗਿਆਨੀ ਸੀ ਸਮਝ ਗਿਆ ਕਿ ਮੇਰੇ ਵਾਕਾਂ ਵਿੱਚ ਕੁਛ ਹਉਂ ਦੀ ਬੂ ਹੈ, ਇਹ ਸਤਿਗੁਰੂ ਦੇ ਘਰ ਨਹੀਂ ਚਾਹੀਦਾ ਤਾਂ ਬੋਲਿਆ: ਸਤਿਗੁਰੂ ਦੇ ਸੇਵਕੋ ਅੱਜ ਸਤਿਗੁਰੂ ਨੇ ਗਰੀਬਾਂ ਦਾ ਅੰਨ-ਜਲ

ਪਰਵਾਨ ਕੀਤਾ ਹੈ, ਆਪਣੇ ਸਤਿਗੁਰ ਦੀ ਖਾਤਰ ਅੰਨ ਦਾ ਭੋਜਨ ਪਾ ਲਓ। ਦਾਤੇ ਨੇ ਮਿਹਰ ਕੀਤੀ ਹੈ, ਅੰਨ ਪਰਵਾਨ ਕੀਤਾ ਹੈ, ਤੁਸੀਂ ਉਸ ਦੇ ਹੋ ਉਸ ਦੇ ਸਦਕੇ ਉਸ ਦੀ ਖ਼ਾਤਰ ਅੰਨ ਪਾ ਲਓ। ਬਾਜਾਂ ਨੇ ਤਤਕਾਲ ਉਹ ਜੁਆਰ ਦਾ ਤੁਅਮਾ ਖਾਣਾ ਸ਼ੁਰੂ ਕਰ ਦਿੱਤਾ। ਇਸ ਵੇਲੇ ਸਿੱਖ ਤੇ ਸਾਧੂ ਸਾਰੇ ਹੱਕੇ ਬੱਕੇ ਹੋਕੇ ਤੱਕ ਰਹੇ ਸਨ ਅਰ ਹੈਰਾਨ ਹੋ ਰਹੇ ਸਨ ਕਿ ਇਹ ਕੀਹ ਕੌਤਕ ਵਰਤ ਰਿਹਾ ਹੈ। ਬਾਜ਼ਾਂ ਨੂੰ ਇਉਂ ਖੁਆਕੇ ਸਾਧੂ ਡੇਰੇ ਚਲੇ ਗਏ ਤੇ ਆਪੋ ਵਿੱਚ ਆਖਣ ਕਿ ਸੱਚ ਮੁਚ ਸਤਿਗੁਰੂ ਕਲਾ ਵਾਲਾ ਹੈ, ਜਿਸ ਦੇ ਬਾਜ਼ ਬੀ ਆਪਣੇ ਸੁਭਾਵ ਨੂੰ ਛੱਡ ਦੇਂਦੇ ਹਨ*। ਕੋਈ ਕਹੇ ਦੇਖੋ ਬਈ ਅਸਚਰਜ ਹੋਈਦਾ ਸੀ ਕਿ ਅਵਤਾਰ ਹੋ ਕੇ ਸ੍ਰੀ ਰਾਮ ਕ੍ਰਿਸ਼ਨ ਜੁੱਧਾਂ ਜੋਧਾਂ ਵਿੱਚ ਕੀਵੇਂ ਰਚਦੇ ਤੇ ਸ਼ਿਕਾਰ ਖੇਡਦੇ ਸਨ। ਅੱਜ ਪ੍ਰਤੱਖ ਵੇਖਿਆ ਹੈ ਕਿ ਅਵਤਾਰੀ ਵਜਕਤੀਆਂ ਸੱਚ ਮੁਚ ਅਛੋਹ ਹਨ। ਇਕ ਨੇ ਕਿਹਾ ਹਰ ਜ਼ੋਰਾਵਰ ਤੇ ਵਧਕੇ ਕੰਮ ਯਾ ਕੁਰਬਾਨੀ ਕਰਨ ਵਾਲੇ ਨੂੰ ਲੋਕੀ ਅਵਤਾਰ ਕਹਿਣ ਲਗ ਪੈਂਦੇ ਹਨ। ਜੈਤਰਾਮ ਨੇ ਕਿਹਾ ਇਹ ਭੀ ਸੱਚ ਹੈ ਪਰ ਹਰ ਜੋਧਾ ਹਰ ਕੁਰਬਾਨੀ ਕਰਨ ਵਾਲਾ ਹਰ ਤਿਆਗੀ ਵੈਰਾਗੀ ਹਰ ਕੋਈ ਉਹ ਜੋ ਸਰਬ ਸਾਧਾਰਨ ਤੋਂ ਵਧਕੇ ਕੋਈ ਕੰਮਕਰੇ ਚੰਗਾ ਤਾਂ ਹੋ ਸਕਦਾ ਹੈ, ਪਰ ਅਵਤਾਰੀ ਅੰਸ਼ ਵੱਖਰੀ ਸ਼ੈ ਹੈ। ਪਛਾਣ ਵਾਲੇ ਉਸਨੂੰ ਪਛਾਣਦੇ ਹਨ। ਅਵਤਾਰੀ ਅੰਸ਼ ਵਾਲੇ ਦੀ ਸੁਰਮਗਤੀ ਆਤਮਕ ਚੜ੍ਹਦੀਆਂ ਕਲਾਂ ਵਿੱਚ ਹੁੰਦੀ ਹੈ; 'ਹੰਕਾਰ ਦੇ ਬਲਕਾਰ ਯਾ ਹਉ ਵਾਲੀ ਤਿਆਗ ਬ੍ਰਿਤੀ' ਵਿੱਚ ਨਹੀਂ ਹੁੰਦੀ। ਅਵਤਾਰੀ ਅੰਸ਼ ਵਾਲੇ ਦਾ ਪ੍ਰਭਾਵ ਨਾਮ ਦੇ ਰਸੀਆਂ ਤੇ ਬ੍ਰਹਮ ਗਿਆਨੀਆਂ ਪਰ ਸੀਤਲਤਾ ਤੇ ਖਿੱਚ ਦਾ ਅਸਰ ਪਾਉਂਦਾ ਹੈ। ਅਵਤਾਰੀ ਅੰਸ਼ ਵਾਲੇ ਦੇ ਕੰਮਾਂ ਵਿੱਚ ਆਤਮ ਸਤਜਾ ਦਾ ਪ੍ਰਕਾਸ਼ ਹੁੰਦਾ ਹੈ, ਉਸ ਦੇ ਕਰਤੱਬ ਸਦਾਚਾਰੀ ਹੁੰਦੇ ਹਨ, ਸ਼ਰੋਂ ਸਦਾਚਾਰ ਉਸ ਤੋਂ ਟੁਰਦਾ ਹੈ। ਥੋੜੀ ਪਰਖ ਕਰਨ ਤੇ ਪਤਾ ਲਗ ਜਾਂਦਾ ਹੈ ਕਿ ਉਹ ਕਿਸੇ ਅਸਰ ਨਾਲ ਲਿਪਾਇਮਾਨ ਨਹੀਂ ਹੁੰਦਾ, ਜੈਸੇ ਉਸ ਸਿੱਖ ਨੇ ਕਿਹਾ ਸੀ, ਉਹ ਜਲ ਵਿਚ ਕਮਲ ਵਾਙੂ ਨਿਰਮਲ ਹੁੰਦਾ ਹੈ। ਛੇਕੜਲੀ ਗਲ ਇਹ ਬੀ ਹੈ ਕਿ ਉਸ ਵਿਚੋਂ ਆਤਮ ਸਤਜਾ ਕਰਾਮਾਤ ਦੀ ਸ਼ਕਲ ਵਿੱਚ ਸੁਤੇ ਪ੍ਰਕਾਸ਼ ਪਾਉਂਦੀ ਹੈ। ਉਹ ਕਰਾਮਾਤ ਨਹੀਂ ਕਰਦਾ, ਨਾ ਕਰਨੀ ਪਸੰਦ ਕਰਦਾ ਹੈ, ਪਰ ਉਸ ਦੀ ਸੁਤੇ ਇਕਾਗ੍ਰਤਾ ਤੇ ਸੁਤੇ ਆਤਮ ਆਰੂਢਤਾ ਉਸ ਤੋਂ ਕੁਛ ਨ ਕੁਛ ਲੱਛਣ ਦਿਖਲਵਾ ਜਾਂਦੀ ਹੈ। ਜਿਵੇਂ ਕਿਸੇ ਅਤਿ ਦੁਖੀ ਨੂੰ ਦੇਖਕੇ ਜੇ ਉਹ ਸੁਤੇ ਪਸੀਜ ਪੈਣ ਤਾਂ ਅਗਲੇ ਉੱਤੇ ਅਰੋਗਤਾ ਦਾ ਅਸਰ ਪੈ ਜਾਂਦਾ ਹੈ। ਉਹ ਇਸ ਨੂੰ ਲੁਕਾਉਂਦੇ ਹਨ ਤੇ ਜੋਸ਼ ਵਿਚ ਆਕੇ ਕਿਸੇ ਖਿੱਚ ਵਿੱਚ ਨਹੀਂ ਜਾਂਦੇ, ਕਿੰਤੂ ਪਰਮਾਰਥ ਦੇ ਕਿਸੇ ਟਿਕਾਣੇ ਮਿਹਰ ਦੇ ਘਰ ਵਿੱਚ ਕਦੇ ਆ ਗਿਆਂ ਸੁਤੇ ਸਿੱਧ ਉਹਨਾਂ ਤੋਂ ਕੁਛ ਹੋ ਜਾਂਦਾ ਹੈ, ਜਿਵੇਂ ਅੱਜ ਸਾਡੇ ਇਸ ਸਰਲਤਾ ਪਰ ਪ੍ਰਸੰਨ ਹੋ ਗਏ ਹਨ ਕਿ ਸਾਡਾ ਨੇਮ ਮਾਸ ਨਾ ਖਾਣਾ ਹੈ ਤੇ ਇਸ ਗਲ ਪਰ ਅਸੀਂ ਸੱਚੇ ਦਿਲੋਂ ਟਿਕੇ ਹੋਏ ਹਾਂ। ਇਸ ਲਈ ਉਨ੍ਹਾਂ ਦੀ ਆਤਮ ਸਤਜਾ ਨੇ ਬਾਜ਼ਾਂ ਦੇ ਸੁਭਾਵ ਪਰ ਆਪਣਾ ਬਲ ਪਾ ਵਿਖਾਲਿਆ ਹੈ। ਮੇਰਾ ਖ਼ਿਆਲ ਸੀ ਕਿ ਮੇਰੇ ਜੁੜੇ ਮਨ ਦਾ ਪ੍ਰਭਾਉ ਬਾਜ਼ਾਂ ਤੇ ਅਸਰ ਕਰੇਗਾ ਪਰ ਮੈਂ ਪਤਿਆ ਕੇ ਡਿੱਠਾ ਕਿ ਗੁਰੂ ਜੀ ਦੇ ਮਨੋਮਨ ਪ੍ਰੇਰਨਾ ਨਾਲ ਉਨ੍ਹਾਂ ਦੇ ਦ੍ਰਿਸ਼ਟਾ ਪਾਸੇ ਵਲੋਂ ਬਾਜ਼ਾਂ ਦੀ ਚਿੱਤ ਬ੍ਰਿਤੀ ਤੇ ਪਾਏ ਪ੍ਰਭਾਵ ਨਾਲ ਬਾਜ਼ਾਂ ਦਾ ਮਨ ਫਿਰ ਗਿਆ। ਇਸ ਪ੍ਰਕਾਰ ਦਾ ਕ੍ਰਿਸ਼ਮਾ ਜੀਵ ਸ਼ੈਲੀ ਦਾ ਅਭਯਾਸੀ ਪੁਰਖ ਨਹੀਂ ਵਿਖਾਲ ਸਕਦਾ; ਪਰ ਗੁਰੂ ਜੀ ਵਿਚ ਇਹ ਸਤਜਾ ਹੈ, ਉਹ ਅਵਤਾਰੀ ਮਹਾਂ ਪੁਰਖ ਹਨ। ਫਿਰ ਦੇਖੋ ਕਿ ਇਸ ਸਤਜਾ ਨੂੰ ਗੁਰੂ ਜੀ ਅਪਣੀ ਕੋਈ ਵਡਮਾਣੀ ਨਹੀਂ ਸਮਝਦੇ ਨਾ ਹੀ ਗੁਰੂ ਜੀ ਨੇ ਇਹ ਕ੍ਰਿਸ਼ਮਾਂ ਆਪਣੀ ਆਤਮ ਸਤਜਾ ਜਣਾਵਨ ਵਾਸਤੇ ਦਿਖਾਇਆ ਹੈ, ਉਨ੍ਹਾਂ ਨੂੰ ਤਾਂ ਸਾਡੀ ਸੱਚੀ ਬੇਬਸੀ ਤੇ ਤਰਸ ਆ ਗਿਆ, ਮਿਹਰ ਦੇ ਘਰ ਚਲੇ ਗਏ ਤਾਂ ਇਹ ਸੁਤੇ ਸਿੱਧ ਕਰਾਮਾਤ ਹੋ ਗਈ। ਜਿਸ ਹਾਲਤ ਨੂੰ ਯਥਾਰਥ ਕਹੀਦਾ ਹੈ, ਜਾਂ ਜਿਸ ਨੂੰ ਉਹ ਸਿਖ ਗਿਆਨੀ, ਗੁਰੂ ਜੀ ਦੇ ਨਾਲ ਦਾ ਸਿੱਖ, ਜੋ ਮੇਰੇ ਨਾਲ ਗੱਲਾਂ ਕਰਦਾ ਸੀ ਸਹਿਜ ਆਖਦਾ ਸੀ, ਉਸ ਸਹਿਜ ਵਿੱਚ ਕਰਾਮਾਤ ਘੱਟ ਪ੍ਰਗਟ ਹੁੰਦੀ ਹੈ। ਕਰਾਮਾਤ ਦਿਖਾਲਣ ਦਏ ਮਿਹਰ ਯਾ ਕਹਿਰ ਦੇ ਮਕਾਨ ਤੇ ਜ਼ਾਨਾ ਪੈਂਦਾ ਹੈ। ਇਸ ਕਰਕੇ ਰੱਬ ਦੇ ਬੰਦੇ ਕਰਾਮਾਤ ਨਹੀਂ ਕਰਦੇ, ਰਜ਼ਾ ਪਰ ਟਿਕਦੇ

*ਸੂ ਪ੍ਰਕਾਸ਼ ਅੰ: ੧. ਬ੭।

ਹਨ, ਸਹਿਜ ਦਾ ਰਸ ਮਾਣਦੇ ਹਨ ਤੇ ਇਹ ਕਰਾਮਾਤ ਕਰਕੇ ਖੁਸ਼ ਹੁੰਦੇ ਹਨ ਕਿ ਕਿਸੇ ਨੂੰ ਰੱਬ ਦੇ ਪਿਆਰ ਵਿੱਚ ਪਾ ਦੇਣ, ਕਿਸੇ ਨੂੰ 'ਵਾਹਿਗੁਰੂ ਜੋਗ' ਵਿੱਚ ਜੋੜ ਦੇਣ, ਕਿਸੇ ਨੂੰ ਗਿਆਨ ਦਾਨ ਕਰ ਦੇਣ। ਅਸੀਂ ਲੋਕ ਅਭਿਆਸੀ ਹਾਂ, ਸਾਡਾ ਵੇਗ ਜੋਗ ਅਭਿਆਸ ਵੱਲ ਬਹੁਤ ਹੈ ਤੇ ਸਾਡਾ ਰੁਖ ਕਰਾਮਾਤ ਦਿਖਾਲਣ ਵੱਲ ਬਹੁਤ ਪੈਂਦਾ ਰਹਿੰਦਾ ਹੈ, ਪਰ ਉਸ ਸਿੱਖ ਨੇ ਦੱਸਿਆ ਸੀ ਕਿ ਗੁਰੂ ਘਰ ਵਿੱਚ ਸੁਤੇ ਸਿੱਧ ਕਰਾਮਤ ਹੋ ਜਾਂਦੀ ਹੈ, ਨਾਟਕ ਚੇਟਕ ਯਾ ਸੁਆਰਥ ਲਈਕਦੇ ਸਹਿਜ ਦੇ ਘਰੋਂ ਨਹੀਂ ਉਠਦੇ। ਨਾਵੇਂ ਸਤਿਗੁਰਾਂ ਦਾ ਸਾਕਾ ਉਸ ਨੇ ਸੁਣਾ ਕੇ ਕੈਸਾ ਸਪਸ਼ਟ ਕਰ ਦਿੱਤਾ ਸੀ।

ਸੋ ਸਾਧੂ ਜਨੋ ! ਸਭ ਤੋਂ ਵਡੀ ਪਰਖ ਕਿ ਮਹਾਂ ਪੁਰਖ ਵਿੱਚ ਈਸ਼ਵਰੀ ਅੰਸ਼ ਹੈ ਕਿ ਨਹੀਂ ਉਹ ਸੁਤੇ 'ਗਿਆਨ ਆਰੂਢ' ਹੈ ਕਿ ਨਹੀਂ, ਉਹ ਸੁਤੇ 'ਦ੍ਰਿਸ਼ਟਾ' ਪਦ ਵਿੱਚ ਟਿਕਿਆ ਹੈ ਕਿ ਨਹੀਂ, ਇਹ ਹੈ ਕਿ ਉਸ ਦੇ ਸਹਿਜੇ ਕਹੇ ਵਾਕ ਅਮੋਘ ਬਾਣ ਹੁੰਦੇ ਹਨ; ਜੋ ਉਨ੍ਹ ਵਾਕਾਂ ਪੂਰ ਤੁਰਨ ਉਸ ਨੂੰ ਆਪਣੀ ਵਾਕ ਸਤਜਾ ਤੇ ਧਿਆਨ ਸਤਜਾ ਨਾਲ ਆਤਮ ਰੰਗ ਲਾ ਦੇਂਦੇ ਹਨ, ਮਾਇਆ ਦੀ ਨੀਂਦ ਖੋਲ੍ਹ ਕੇ ਪਰਮਾਰਥ ਦੇ ਰਸਤੇ ਪਾ ਦੇਂਦੇ ਹਨ, ਤੇ ਉਨ੍ਹਾਂ ਦੀ ਇੱਛਿਆ, ਉਨ੍ਹਾਂ ਦੀ ਸੈਨਤ, ਉਨ੍ਹਾਂ ਦੇ ਵਾਕ, ਪਰਮੇਸ਼ਰ ਪਰਾਇਣ ਕਰ ਦਿੰਦੇ ਹਨ। ਇਹ ਸਭ ਤੋਂ ਵੱਡੀ ਕਰਾਮਾਤ ਉਨ੍ਹਾਂ ਵਿਚ ਹੁੰਦੀ ਹੈ।

ਜੋ ਮਹਾਂ ਪੁਰਖ ਜਗਤ ਦਾ ਭਲਾ ਕਈ ਹੋਰ ਪ੍ਰਕਾਰਾਂ ਨਾਲ ਕਰਦੇ ਹਨ, ਪਰ ਉਨ੍ਹਾਂ ਵਿੱਚ ਅਵਤਾਰੀ ਅੰਸ਼ ਨਹੀਂ ਹੁੰਦੀ, ਜਿਵੇਂ ਕਿਸੇ ਮਲੇਛ ਨੂੰ ਮਾਰਕੇ ਗਰੀਬਾਂ ਦੀ ਰੱਛਾ ਕਰਨੀ, ਕਿਸੇ ਨੂੰ ਧਨ ਧਾਮ ਲੈ ਦੇਣੇ, ਆਪਾ ਵਾਰ ਜਾਣਾ, ਉਹ ਆਪ ਆਪਣੀ ਇਸ ਕਮੀ ਨੂੰ ਮੰਨਦੇ ਹਨ। ਉਨ੍ਹਾਂ ਵਿਚ ਅਗਿਆਨ ਕੱਢ ਕੇ ਗਿਆਨ ਅਰੂਢ ਕਰ ਦੇਣ ਦੀ ਸਤਜਾ ਨਹੀਂ ਹੁੰਦੀ। ਮੈਨੂੰ ਅੱਜ ਆਪ ਪ੍ਰਭਾਵ ਤੱਕਕੇ ਤੇ ਪ੍ਰੀਖਜਾ ਕਰਕੇ ਤਸੱਲੀ ਹੋਈ ਹੈ ਕਿ ਇਸ ਮਹਾਨ ਜੋਧੇ ਵਿਚ ਅਵਤਾਰਤਾ ਹੈ, ਇਹ ਜੋਗੀ ਹੈ, ਇਸ ਨੂੰ ਸਿੱਧੀ ਸੁਤੇ ਪ੍ਰਾਪਤ ਹੈ, ਇਹ ਸੁਤੇ ਗਿਆਨੀ ਹੈ ਅਰ ਜੋ ਖੇਡ ਕਰ ਰਿਹਾ ਹੈ, ਜਗਤ ਦੇ ਭਲੇ ਹਿਤ ਕਰ ਰਿਹਾ ਹੈ। ਇਸ ਦੀ ਬਹਾਦਰੀ, ਸੂਰਬੀਰਤਾ, ਕੁਰਬਾਨੀ ਉਪਕਾਰ ਵਿਚ ਹਉਮੈਂ ਦੀ ਕੋਈ ਰਿਜ਼ਮ ਮਾਤ੍ਰ ਨਹੀਂ, ਮੈਂ ਤਾਂ ਕਹਾਂਗਾ ਕਿ ਇਸ ਦੇ ਅੰਦਰ ਲੇਸ਼ਾਵਿਦਜਾ ਤਕ ਨਹੀਂ ਹੈ।

ਇਧਰ ਤਾਂ ਇਉਂ ਬਚਨ ਬਿਲਾਸ ਹੋ ਰਹੇ ਸਨ, ਉਧਰ ਡੇਰੇ ਵਿਚ ਸਿੱਖਾਂ ਵਿੱਚ ਭੀ ਵਿਚਾਰਾਂ ਹੋ ਰਹੀਆਂ ਸਨ। ਇਕ ਸਿੰਘ ਇਕ ਹੋਰ ਦਾਨੇ ਨੂੰ ਪੁੱਛ ਰਿਹਾ ਸੀ ਕਿ ਕਿਵੇਂ ਬਾਜ਼ਾਂ ਨੇ ਸੁਭਾਵ ਵਿਰੁੱਧ ਕੰਮ ਕੀਤਾ ? ਦੂਸਰਾ ਕਹਿ ਰਿਹਾ ਸੀ ਸਤਿਗੁਰੂ ਦੀ ਇੱਛਾ ਨੇ ਬਾਜ਼ਾਂ ਦੇ ਮਨ ਤੇ ਅਸਰ ਕੀਤਾ ਹੈ। ਅਸੀਂ ਦੇਖਦੇ ਹਾਂ ਕਿ ਕਈ ਲੋਕ ਅਪਣੇ ਕਰਤਬਾਂ ਵਿਚ ਐਸਾ ਅਸਰ ਆਪਣੀ ਇੱਛਾ ਦਾ ਦੂਸਰੇ ਦੀ ਇੱਛਾ ਪਰ ਪਾ ਦੇਂਦੇ ਹਨ। ਉਸ ਦੇ ਪੱਕੇ ਹੋਏ ਸੁਭਾਵ ਨੂੰ ਆਪਣੀ ਇੱਛਾ ਦੇਹ ਲਿਆ ਕੇ ਉਸ ਤੋਂ ਅੰਦਰਲੇ ਭੇਤ ਕੱਢ ਲੈਂਦੇ ਹਨ। ਫਿਰ ਕਈ ਵੇਰ ਉਹ ਦੂਏ ਨੂੰ ਐਸਾ ਨੀਮ ਮੂਰਛਾ ਕਰ ਲੈਂਦੇ ਹਨ ਕਿ ਕੌੜੀ ਸ਼ੈ ਖੁਲਾ ਕੇ ਕਹਿੰਦੇ ਹਨ ਇਹ ਮਿਠੀ ਹੈ ਤਾਂ ਉਸ ਨੂੰ ਮਿਠੀ ਲਗਦੀ ਹੈ, ਤਦ ਸਰਬ ਸ਼ਕਤੀਆਂ ਦੇ ਮਾਲਿਕ ਸਤਿਗੁਰੂ ਜੀ ਦਾ ਤੁੱਛ ਜਿੰਨੀ ਬਾਜ਼ਾਂ ਦੀ ਮਰਜ਼ੀ ਪਰ ਪ੍ਰਭਾਵ ਪਾ ਲੈਣਾ ਕਿਹੜੀ ਵੱਡੀ ਗੱਲ ਹੋਈ। ਇਹ ਪੱਕ ਜਾਣੋ ਸਤਿਗੁਰਾਂ ਨੇ ਇਹ ਲੋਕਾਂ ਵਾਂਗੂੰ ਮਿਥ ਕੇ ਤੇ ਜ਼ੋਰ ਲਾ ਕੇ ਨਹੀਂ ਕੀਤਾ। ਸਾਧੂ ਦੀ ਸਰਲਤਾ ਤੇ ਨਿਸ਼ਚੇ ਦੀ ਪਰਪੱਕਤਾ ਪਰ ਰੀਝ ਪਏ ਹਨ, ਉਸ ਖੁਸ਼ੇ ਵੇਲੇ ਸੁਤੇ ਸਿੱਧ ਉਨ੍ਹਾਂ ਦਾ ਚਿੱਤ ਕੀਤਾ ਕਿ ਬਾਜ਼ ਅੰਨ ਖਾ ਲੈਣ, ਤਾਂ ਉਨ੍ਹਾਂ ਦੀ ਸੁਤੇ ਬਲਵਾਨ ਇੱਛਾ ਦਾ ਅਸਰ ਬਾਜ਼ਾਂ ਪਰ ਪੈ ਗਿਆ।

ਸਿੱਖ—ਭਲਾ ਅਨੰਦ ਪੁਰ ਵਿੱਚ ਜੋ ਸਤਿਗੁਰਾਂ ਨੇ ਬ੍ਰਹਮ ਭੋਜ ਕੀਤਾ ਸੀ ਤੇ ਮਾਸ ਖਾਣ ਵਾਲੇ ਨੂੰ ਅੰਨ ਖਾਣ ਵਾਲਿਆਂ ਤੋਂ ਵਧੀਕ ਦੱਛਨਾ ਦੇਣੀ ਆਖੀ ਸੀ, ਉਸ ਵੇਲੇ ਮਾਸਾਹਾਰੀਆਂ ਨੂੰ ਕਿਉਂ ਵਧਾ ਦਿਤਾ ਸੀ ਤੇ ਏਥੇ ਮਾਸ ਨਾ ਖਾਣ ਵਾਲਿਆਂ ਤੇ ਕਿਉਂ ਰੀਝੇ ਹਨ ?

ਦੂਜਾ ਦਾਨਾ ਸਿੱਖ (ਜੋ ਤਕੜਾ ਅਭਿਆਸੀ ਤੇ ਪਠਿਤ ਸੀ)—ਪਿਆਰਿਆ ! ਨਾ ਤਦੋਂ ਮਾਸ ਖਾਣ ਨਾਲ ਪਿਆਰ ਸੀ, ਤੇ ਨਾ ਹੁਣ ਮਾਸ ਨਾ ਖਾਣ ਨਾਲ ਕੋਈ ਰਾਗ ਸੀ। ਤਦੋਂ ਭੀ ਇਸ ਅਸੂਲ ਨੂੰ ਪ੍ਰਤਿਪਾਦਨ ਕਰ ਰਹੇ ਸਨ ਕਿ ਅਪਣੇ ਸਹੀ ਕੀਤੇ ਨਿਸ਼ਚੇ ਪਰ ਸਚਿਆਈ ਤੇ ਦਿਆਨਤਦਾਰੀ ਨਾਲ

ਕੌਣ ਟੁਰ ਰਿਹਾ ਹੈ ਤੇ ਕੌਣ ਹੈ ਜੋ ਅਸੂਲ ਤਾਂ ਹੋਰ ਦੱਸਦਾ ਹੈ ਪਰ ਟੁਰਦਾ ਉਸ ਦੇ ਵਿਰੁੱਧ ਹੈ। ਤਦੋਂ ਬੀ 'ਸਚਿਆਰ' ਦੀ ਪਰਖ ਤੇ ਕਦਰ ਕੀਤੀ ਸੀ, ਹੁਣ ਬੀ 'ਸਚਿਆਰ' ਦੀ ਪਰਖ ਤੇ ਕਦਰ ਕੀਤੀ ਹੈ। ਜੋ ਜੈਤ ਰਾਮ ਮੰਨ ਜਾਂਦਾ ਕਿ ਹੱਛਾ ਜੀ! ਬਾਜ਼ਾਂ ਨੂੰ ਮਾਸ ਪਾ ਦੇਂਦੇ ਹਾਂ ਤੇ ਤੁਸੀਂ ਅੰਨ ਪਾ ਲਓ ਤਾਂ ਸਤਿਗੁਰ ਜੀ ਇਸ ਨੂੰ ਅਪਣੇ ਨਿਸ਼ਚੇ ਪਰ ਦ੍ਰਿੜ੍ਹ ਵਿਸ਼ਵਾਸੀ ਨਾ ਸਮਝਦੇ। ਜਦ ਉਸ ਨੇ ਕਿਹਾ ਕਿ ਮੈਂ ਬਾਜ਼ਾਂ ਨੂੰ ਅੰਨ ਪਾਉਣ ਦੀ ਬੇਨਤੀ ਕਰਾਂਗਾ ਤਾਂ ਸੱਚ ਦੇ ਪਿਆਰੇ ਸਤਿਗੁਰ ਨੇ ਸਮਝ ਲਿਆ ਕਿ ਇਹ ਆਪਣੇ ਨਿਸ਼ਚੇ ਪਰ ਪੱਕਾ ਹੈ ਇਹ ਸੱਚਾ ਪੁਰਖ ਹੈ, ਇਸ ਦਾ ਅੰਨ ਸ੍ਵੀਕਾਰ ਕਰਨਾ ਚਾਹੀਏ ਤੇ ਇਸ ਪਰ ਆਤਮ ਰੰਗਦੀ ਮਿਹਰ ਕਰਨੀ ਚਾਹੀਏ, ਤਾਂ ਬਾਜ਼ਾਂ ਦੇ ਮਨ ਨੂੰ ਪੂਰ ਦਿੱਤਾ।

ਸਿੱਖ–ਸਿੰਘ ਜੀ! ਫੇਰ ਅਸੀਂ ਮਾਸਾਹਾਰੀ ਹਾਂ ਕਿ ਨਹੀਂ?

ਦਾਨਾ ਸਿੱਖ–"ਮਾਸੁ ਮਾਸੁ ਕਰਿ ਮੂਰਖੁ ਝਗੜੈ ਗਿਆਨੁ ਧਿਆਨੁ ਨਹੀ ਜਾਣੈ।" ਆਦਿ ਪਾਤਸ਼ਾਹੀ ਦਾ ਮਹਾਂਵਾਕ ਹੈ। ਮੁਸਲਮਾਨ ਵਾਂਗੂ ਸਾਡੇ ਵਿਚ ਮਾਸ ਖਾਣਾ ਪੁੰਨ ਨਹੀਂ, ਜਿਸ ਤਰ੍ਹਾਂ ਉਨ੍ਹਾਂ ਵਿਚ ਹੈ ਕਿ ਹੱਥੀਂ ਬੱਕਰੇ ਪੁੱਤਾਂ ਵਾਂਙੂ ਪਾਲ ਕੇ ਕੁਰਬਾਨੀ ਕਰੋ ਤੇ ਮਾਸ ਖਾਓ। ਨਾ ਜੈਨੀਆਂ ਵਾਂਗੂ ਖਿਆਲੀ ਅਹਿੰਸਾ ਸਾਡਾ ਧਰਮ ਹੈ ਕਿ ਮੂੰਹਾਂ ਤੇ ਟਾਕੀਆਂ ਬੰਨ੍ਹੋ ਤੇ ਪਾਣੀ ਦੂਜਿਆਂ ਦੇ ਮੈਲੇ ਕੀਤੇ ਪੀਓ ਤੇ ਜੂਆਂ ਤਕ ਨੂੰ ਮਨੁਖਾਂ ਦੇ ਲਹੂ ਪਿਲਾਓ ਤੇ ਹਿੰਸਕ ਪਸ਼ੂਆਂ ਅੱਗੇ ਬੀ ਆਪ ਮਰੋ ਪਰ ਉਨ੍ਹਾਂ ਨੂੰ ਨਾ ਮਾਰਨ ਦਿਓ। ਸਾਡਾ ਧਰਮ ਹੈ ਨਾਮ ਜਪਣਾ, ਅੰਦਰ 'ਜਾਗਤ ਜੋਤ*' ਹਰ ਦਮ ਜਗੇ, ਸੁਰਤ ਸਾਈਂ ਨਾਲ ਲਗੀ ਸਦਾ ਜੀਵੇ ਤੇ ਜਾਗੇ†, ਸਾਡਾ ਮਨ ਚੜ੍ਹਦੀਆਂ ਕਲਾ ਵਿਚ ਰਹੇ‡, ਕਰਮ ਸਾਡੇ ਭਲੇ ਦ ਹੋਣ ਤੇ ਬਚਨ ਸਾਡੇ ਠੰਢ ਪਾਉਣ ਵਾਲੇ ਤੇ ਸਾਈਂ ਵੰਨੇ ਪੂਰਨ ਵਾਲੇ ਹੋਣ§। ਖਾਣ ਪੀਣ ਲਈ ਵਿਹਤ ਅਵਿਹਤ ਦਾ ਮਸਲਾ ਸਾਡਾ ਇਕੋ ਹੈ ਕਿ ਜਿਸ ਸ਼ੈ ਦੇ ਖਾਣ ਨਾਲ ਮਨ ਵਿੱਚ ਵਿਕਾਰ ਉਪਜਣ ਤੇ ਤਨ ਨੂੰ ਪੀੜਾ ਹੋਵੇ ਸੋ ਵਰਜਿਤ ਹਨ। ਇਹ ਅਸੂਲ ਸਾਰੇ ਜਗਤ ਵਿੱਚ ਇੱਕੋ ਅਰਥ ਰੱਖਦਾ ਹੈ ਤੇ ਹਰ ਪ੍ਰਾਣੀ ਲਈ ਇਕੋ ਜੇਹਾ ਹੈ। ਸਭ ਕੋਈ ਅਪਣੇ ਲਈ ਦੇਖ ਲਵੇ ਕਿ ਬੀਮਾਰ ਕਰਨ ਵਾਲੇ ਪਦਾਰਥ ਤੇ ਮਨ ਵਿਚ ਵਿਕਾਰ ਉਪਜਾਉਣ ਵਾਲੇ ਪਦਾਰਥ ਮਨ੍ਹੇ ਹਨ, ਸੋ ਨਾ ਖਾਵੇ। ਆਦਿ ਪਾਤਸ਼ਾਹੀ ਨੇ ਫੁਰਮਾਯਾ ਹੈ:–

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥

ਇਸ ਤੁਕ ਵਿਚੋਂ ਇਕ ਹੋਰ ਭਾਵ ਬੀ ਨਿਕਲਦਾ ਹੈ ਕਿ ਮਾੜਾ ਧਾਨ ਬੀ ਨਹੀਂ ਖਾਣਾ। ਜਿਵੇਂ ਚੋਰੀ ਦਾ ਮਾਲ ਖਾਧਿਆਂ ਜਦ ਪਤਾ ਲਗ ਜਾਏਗਾ ਤਾਂ ਰਾਜਾ ਪੀੜਾ ਦੇਵੇਗਾ ਤੇ ਚੋਰੀ ਦਾ ਧਾਨ ਖਾਧਿਆਂ ਸੁਰਤ ਵਿਕਾਰੀ ਬੀ ਹੁੰਦੀ ਹੈ।

ਸਿੱਖ–ਠੀਕ ਹੈ, ਪਰ ਕੀਹ ਦਿਲ ਦੀਆਂ ਖੁਸ਼ੀਆਂ ਤੇ ਐਸ਼ਾਂ ਦੇ ਵਾਸਤੇ ਗੁਲਛੱਰੇ ਉਡਾਉਣ ਵਾਲੇ ਇਸ ਤੁਕ ਨੂੰ ਬਹਾਨਾ ਬਣਾਕੇ ਇਸ ਦੇ ਆਸ਼ੇ ਦੇ ਉਲਟ ਵਰਤਾਉ ਨਹੀਂ ਕਰਨਗੇ?

ਦਾਨਾ ਸਿੱਖ–ਫਿਰ ਕੁੜਿਆਰ ਤਾਂ ਕਦੇ ਕਿਸੇ ਰੱਸੇ ਨਾਲ ਨਹੀਂ ਬੱਝੇ। ਤਾਂਤੇ ਉਹ ਆਪਣੀ ਕਰਨੀ ਦੇ ਫਲ ਭੋਗਣ ਦੇ ਆਪ ਜ਼ੁੰਮੇਵਾਰ ਹਨ, ਸਤਿਗੁਰ ਨੇ ਤਾਂ ਜਗਤ ਵਜਾਪੀ ਅਸੂਲ ਦੱਸ ਦਿੱਤਾ ਹੈ, ਅਮਲ ਕਰਨਾ ਸਚਿਆਈ ਨਾਲ ਜੱਰਜਾਸੂ ਦਾ ਧਰਮ ਹੈ। ਗੁਰੂ ਕਾ ਅਸੂਲ ਪੱਕਾ ਤੇ ਅਹਿੱਲ ਹੈ।

ਸਿੱਖ–ਠੀਕ ਆਖਿਆ ਨੇ।

ਦਾਨਾ ਸਿੱਖ–ਸਿੱਖ ਮੁਸਲਮਾਨਾਂ ਵਾਙੂ ਇਕ ਪਾਸੇ ਯਾ ਜੈਨੀਆਂ ਵਾਂਙੂ ਦੂਏ ਪਾਸੇ ਅਤੀ ਤੇ ਨਾ ਪਹੁੰਚ ਜਾਣ ਤੇ ਵਾਹਿਗੁਰੂ ਪ੍ਰੇਮ ਦੇ ਆਦਰਸ਼ ਦੀ ਥਾਂ ਖਾਣਾ ਪੀਣਾ ਹੀ ਅਸਲ ਨਾ ਬਣਾ ਲੈਣ, ਸਤਿਗੁਰ ਜੀ ਇਸ ਗੱਲ ਖਾਤਰ ਅਨੇਕ ਕੌਤਕ ਕਰਦੇ ਰਹਿੰਦੇ ਹਨ। ਮਹਾਂ ਪ੍ਰਸ਼ਾਦ ਬਣਦਾ ਹੈ ਪਰ ਦੇਖ ਲਓ ਕਿ ਮਹਾਂ ਪ੍ਰਸ਼ਾਦ ਜ਼ਰੂਰ ਹੀ ਰਿੰਨ੍ਹਣੇ ਦੀ ਮਜਬੂਰੀ ਨਹੀਂ ਹੈ। ਜੋ ਨਹੀਂ ਖਾਣਾ ਠੀਕ ਸਮਝਦੇ ਉਨ੍ਹਾਂ ਨੂੰ ਦੂਸਰਾ ਭੋਜਨ ਮਿਲ ਜਾਂਦਾ ਹੈ। ਸਿੰਘ ਜੀ ਅਸੂਲ ਨਾਮ ਜਪਣਾ ਤੇ ਵਾਹਿਗੁਰੂ ਪ੍ਰੇਮ ਤੇ

---

* ਜਾਗਤ ਜੋਤ ਜਪੈ ਨਿਸ ਬਾਸਰ
ਏਕ ਬਿਨਾ ਮਨ ਨੈਕ ਨ ਆਨੈ।
†ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
‡ਅਨਦ ਬਿਨੋਦ ਤਿਤੈ ਘਰਿ ਸੋਹਹਿ ॥
§ਜਨ ਆਵਨ ਕਾ ਇਹੈ ਸੁਆਉ।
ਜਨ ਕੈ ਸੰਗਿ ਚਿਤਿ ਆਵੈ ਨਾਉ ॥

ਵਾਹਿਗੁਰੂ ਗਿਆਨ ਵਿਚ ਜੀਵੇ ਹੋ ਜਾਣਾ ਹੈ, ਬਾਕੀ ਤਨ ਦੀ ਪੀੜਾ ਤੇ ਮਨ ਦੀ ਸੋਝੀ ਕਰਕੇ ਟੁਰਨਾ ਹੈ ਇਨ੍ਹਾਂ ਵਿਸ਼ਿਆਂ ਤੇ ਝਗੜੇ ਕਰਨੇ ਗੁਰ ਨਾਨਕ ਦੇਵ ਜੀ ਨੇ ਮੂਰਖਤਾ ਦੱਸੇ ਹਨ। ਜੋ ਪਰਮੇਸ਼ਰ ਤੋਂ ਭੁੱਲੇ ਹਨ ਉਹ ਲੇਖੇ ਵਿਚ ਹਨ, ਅਭਿਮਾਨ ਵਿਚ ਹਨ, ਉਹ ਜੇ ਮਾਸ ਨਾ ਖਾ ਕੇ ਯਾ ਖਾ ਕੇ ਆਕੜਾਂ ਕਰਨ ਤਾਂ ਦੁਇ ਗੱਲਾਂ ਮੂਰਖਤਾ ਦੀਆਂ ਹਨ। ਜੋ ਜੀਉ ਉਠੇ ਹਨ ਪਰ ਮਾਸ ਖਾ ਕੇ ਮਨ ਵਿਕਾਰੀ ਹੋ ਜਾਂਦਾ ਨੇ, ਓਹ ਆਪੇ ਨਾ ਖਾਣਗੇ ਜੋ ਇੰਨੇ ਮਨ ਦੇ ਉੱਚੇ ਹੋ ਗਏ ਹਨ ਕਿ ਖਾ ਕੇ ਬੀ ਬ੍ਰਿਤੀ ਅਰੂੜ ਰਹਿੰਦੇ ਹਨ,ਉਨ੍ਹਾਂ ਪਰ ਕਿੰਤੂ ਕਰਨਾ ਨਹੀਂ ਬਣਦਾ।

ਸਿੱਖ–ਛੀਕ।

ਇੰਨੇ ਨੂੰ ਲੰਗਰ ਤਿਆਰ ਹੋ ਗਿਆ ਸੀ, ਅਵਾਜ਼ਾ ਤਿਆਰੀ ਦਾ ਆ ਗਿਆ ਤੇ ਸਾਰੇ ਜਣੇ ਲੰਗਰ ਵਿਚ ਚਲੇ ਗਏ।

੪.

ਪ੍ਰਸ਼ਾਦੇ ਛਕ ਕੇ ਸਭ ਨੇ ਆਰਾਮ ਕੀਤਾ। ਤੀਜੇ ਪਹਿਰ ਜਦੋਂ ਸਤਿਗੁਰ ਜੀ ਫਿਰ ਤਿਆਰ ਬਰ-ਤਿਆਰ ਹੋਕੇ ਸਜ ਗਏ ਤਾਂ ਮਹੰਤ ਜੀ ਆ ਗਏ ਅਰ ਬੜੇ ਸਤਿਕਾਰ ਨਾਲ ਬਿਨੈ ਕਰਨ ਲਗੇ ਕਿ ਡੇਰੇ ਦੇ ਅੰਦਰ ਚੱਲ ਕੇ ਚਰਨ ਪਾਓ, ਸ੍ਰੀ ਦਾਦੂ ਜੀ ਦਾ ਅਸਥਾਨ ਦੇਖੋ ਤੇ ਸਾਨੂੰ ਭਾਗ ਲਾਓ, ਜਿੱਥੇ ਜਿੱਥੇ ਚਰਨ ਪਾ ਜਾਓਗੇ ਅਸੀਂ ਯਾਦ ਰੱਖਿਆ ਕਰਾਂਗੇ ਕਿ ਏਹ ਥਾਉਂ ਸੁਭਾਗੇ ਹੋ ਚੁਕੇ ਹੋਏ ਹਨ।

ਮਹੰਤ ਦੀ ਸ਼ਰਧਾ ਵੇਖਕੇ ਸ੍ਰੀ ਗੁਰੂ ਜੀ ਨੇ ਨਾਂਹ ਨਾ ਕੀਤੀ* ਤੇ ਅੰਦਰ ਚੱਲਣ ਲਈ ਤਿਆਰ ਹੋ ਗਏ। ਨਾਲ ਕੁਛ ਸਿੰਘ ਬੀ ਤਿਆਰ ਹੋਏ।

ਦਾਦੂ ਜੀ ਆਪਣੇ ਸਮੇਂ ਵਿਚ ਸੱਚੇ ਢੂੰਡਾਊ ਤੇ ਫਿਰ ਭਗਤੀ ਤੇ ਜੋਗ ਦੇ ਚੰਗੇ ਫਕੀਰ ਹੋਏ ਹਨ। ਉਨ੍ਹਾਂ ਦੀ ਸਚਜਾਈ ਦੀ ਘਾਲ ਤੇ ਭਗਤੀ ਪਰ ਸਤਿਗੁਰ ਖੁਸ਼ ਸੇ। ਅਚਰਜ ਨਹੀਂ ਕਿ ਦਾਦੂ ਜੀ ਸ੍ਰੀ ਗੁਰੂ ਘਰ ਵਿਚ ਕਦੇ ਆਏ ਹੋਣ। ਬਾਹਰਲੇ ਸਬੂਤਾਂ ਲਈ ਤਾਂ ਇਤਿਹਾਸ ਖੋਜ ਦੀ ਲੋੜ ਹੈ, ਪਰ ਅੰਦਰਲੀ ਉਗਾਹੀ ਲਈ ਇਸ ਲੇਖ ਦੇ ਅਖੀਰ ਕੁਛ ਭਜਨ ਦਾਦੂ ਜੀ ਦੇ ਦਿੱਤੇ ਹਨ, ਜਿਨ੍ਹਾਂ ਤੋਂ ਪੱਕੀ ਝਲਕ ਵਿਖਾਈ ਦੇਂਦੀ ਹੈ ਕਿ ਦਾਦੂ ਜੀ ਨੂੰ ਗੁਰੂ ਘਰ ਦੀ ਵਾਕਫੀ ਸੀ, ਅਚਰਜ ਨਹੀਂ ਕਿ ਚੌਥੇ ਪੰਜਵੇਂ ਸਤਿਗੁਰਾਂ ਦੇ ਵੇਲੇ ਆਪ ਦਰਸ਼ਨ ਪਰਸ਼ਨ ਬੀ ਕਰ ਗਏ ਹੋਣ ਤੇ ਕ੍ਰਿਤਾਰਥ ਬੀ ਹੋ ਗਏ ਹੋਣ। ਦਾਦੂ ਜੀ ਦਾ ਜਨਮ ਸੰ:੧੬੦੧ਬਿ: ਵਿਚ ਅਹਮਦਾ-ਬਾਦ ਵਿਚ ਹੋਣ ਦਾ ਪਤਾ ਚਲਦਾ ਹੈ। ਆਪ ਦੇ ਮਾਤਾ ਪਿਤਾ ਦਾ ਪਤਾ ਠੀਕ ਠੀਕ ਨਹੀਂ ਚਲਦਾ। ਪੋਹ ਦੇ ਠੰਢੇ ਠਾਰ ਮਹੀਨੇ ਵਿਚ ਆਪ ਦਾ ਮਸੂਮ ਸਰੀਰ ਨਦੀ ਕਿਨਾਰੇ ਪਿਆ ਇਕ ਨਾਗਰ ਬ੍ਰਾਹਮਨ ਨੂੰ ਲੱਭਾ ਸੀ, ਜਿਸ ਨੇ ਤਰਸ ਖਾਕੇ ਚਾ ਲਿਆ ਤੇ ਘਰ ਲਿਆ ਕੇ ਪਾਲਣ ਦਾ ਪ੍ਰਬੰਧ ਕੀਤਾ। ਆਪਣੇ ਘਰ ਉਲਾਦ ਨਾ ਹੋਣ ਕਰਕੇ ਬ੍ਰਾਹਮਨ ਨੇ ਇਨ੍ਹਾਂ ਦੀ ਪਾਲਣਾ ਪੋਸਣਾ ਪੁਤਰਾਂ ਵਾਂਙ ਕੀਤੀ। ਬਚਪਨ ਵਿਚ ਹੀ ਜੋਗ ਆਦਿ ਦੇ ਮਸਲੇ ਤੇ ਸ਼ਾਸਤ੍ਰ ਦੇ ਸੰਸਕਾਰ ਕੰਨੀ ਪੈਂਦੇ ਰਹੇ ਪਰ ਉਹ ਕਾਫੀ ਨਾ ਹੋਏ ਦਿਲ ਨੂੰ ਠਹਿਰਾਉਣ ਲਈ। ਫਿਰ ਆਪ ਇਕ ਤਿਆਗੀ ਸਾਧੂ ਨਿਤਾ ਨੰਦ ਨਾਮੇ ਦੇ ਸਤਿਸੰਗ ਵਿਚ ਗਏ ਤੇ ਇਨ੍ਹਾਂ ਦੇ ਅਸਰ ਹੇਠ ਹੀ ਸੰਨਿਆਸ ਧਾਰਨ ਕਰ ਲੀਤਾ।ਇਸ ਤੋਂ ਮਗਰੋਂ ਆਪ ਬੰਦਗੀ ਵਿਚ ਰਹੇ ਤੇ ਦੇਸ਼ਾਟਨ ਬੀ ਕੀਤਾ। ਇਸੇ ਸਮੇਂ ਵਿਚ ਹੀ ਜੇ ਕਦੇ ਆਪ ਸੱਤਵੇਂ ਯਾ ਨਾਵੇਂ ਸਤਿ–ਗੁਰਾਂ ਨੂੰ ਮਿਲੇ ਹੋਣ ਤਾਂ ਅਸਚਰਜ ਨਹੀਂ। ਅੰਤ ਆਪ ਅਜਮੇਰ ਤੋਂ ਚਾਲੀ ਪੰਜਤਾਲੀ ਮੀਲ ਪਰੇ ਨਰੈਣ ਪੁਰ ਨਾਮੇ ਪਿੰਡ ਵਿਚ ਟਿਕ ਗਏ। ਆਪ ਦੇ ਉਪਦੇਸ਼ ਨਾਲ ਸੰਪ੍ਰਦਾ ਚਲ ਪਈ ਜੋ ਹੁਣ ਤਕ ਹੈ ਤੇ "ਦਾਦੂ ਪੰਥੀ" ਕਹਿਲਾਉਂਦੀ ਹੈ। ਦਾਦੂ ਜੀ ਦੀ ਸਮਾਧ ਇਸੇ ਟਿਕਾਣੇ ਹੈ। ਆਪ ਬੜੇ ਤਿਆਗੀ ਸੇ, ਕੰਬਲੀ ਤੇ ਤੂੰ ਬੀ ਆਪ ਦਾ ਸਾਰਾ ਲਟਾ ਪਟਾ ਹੁੰਦਾ ਸੀ, ਬਾਣੀ ਬੀ ਆਪ ਨੇ ਉਚਾਰੀ ਹੈ, ਜਿਸ ਦੀ ਵੰਨਗੀ ਅਸੀਂ ਇਸ ਲੇਖ ਦੇ ਅਖੀਰ ਪਰ ਦਿਆਂਗੇ। ਉਪਦੇਸ਼ ਆਪਦਾ ਹਲੀਮੀ ਤੇ ਤਿਆਗ ਤੇ ਭਗਤੀ ਦਾ ਹੈਸੀ। ਜੈਤ ਰਾਮ ਆਪ ਦੀ ਗੱਦੀ ਉੱਤੇ ਮਹੰਤ ਹੋਇਆ ਹੈ ਜੋ ਅੱਜ ਸਤਿਗੁਰੂ ਜੀ ਨੂੰ ਮਿਲਿਆ ਹੈ। ਇਸ ਮਿਲਾਪ ਦੀ ਨਿਸ਼ਾਨੀ ਇਸ ਵਕਤ ਤਕ ਗੁਰੂ ਜੀ ਦੇ ਬੈਠਣੇ ਦਾ ਨਿਸ਼ਾਨ ਮੌਜੂਦ ਹੈ। ਸੋ ਗੁਰੂ ਜੀ ਜੈਤ ਰਾਮ ਦੇ ਪਿਆਰ ਕਹਕੇ ਅਰ ਦਾਦੂ ਜੀ ਦੀ ਤਪੱਸਜਾ ਤੇ ਭਗਤੀ ਦੀ ਜ਼ਿੰਦਗੀ ਕਰਕੇ ਤੇ ਅਚਰਜ

*ਤੀਜੇ ਪਹਿਰ ਗੁਰੂ ਜੀ ਮਹੰਤ ਦੀ ਸ਼ਰਧਾ ਵੇਖਕੇ ਜਦ ਉਹਨਾ ਦੇ ਡੇਰੇ ਅੰਦਰ ਗਏ। [ਭਵਾ: ਖਾ:

ਨਹੀਂ ਕਿ ਦਾਦੂ ਜੀ ਦੇ ਗੁਰੂ ਘਰ ਨਾਲਕਿਸੇ ਸੰਬੰਧ ਕਰਕੇ, ਜਿਸ ਦੀ ਝਲਕ ਉਨ੍ਹਾਂ ਦੀ ਬਾਣੀ ਵਿਚ ਹੈ, ਅੰਦਰ ਗਏ ਅਰ ਉਸ ਸਤਿ ਪੁਰਖ ਦੀ ਸਮਾਧ ਨੂੰ ਦੇਖਕੇ ਪ੍ਰਸੰਨ ਹੋਏ। ਇਸ ਵੇਲੇ ਗੁਰੂਜੀ ਨੇ ਸੋਚਿਆ ਕਿ ਆਇਆ ਇਹ ਸਾਡੇ ਨਾਲ ਖਾਲਸਾ ਜਿਨ੍ਹਾਂ ਵਿਚ ਬਹੁਤੇ ਨਵੀਨ ਸਜੇ ਸਿੰਘ ਹਨ ਤਿਆਰ ਬਰ ਤਿਆਰ ਹਨ ਕਿ ਨਾ, ਇਸ ਲਈ ਦਾਦੂ ਜੀ ਦੀ ਸਮਾਧ ਵਲ ਤੱਕਕੇ ਚਾਉ ਤਾਂ ਉਸ ਦੀ ਯਾਦ ਨਾਲ ਨੈਣਾਂ ਵਿੱਚ ਆਇਆ, ਪਰ ਤੀਰ ਨਾਲ ਨਮਸਕਾਰ ਕੀਤੀ । ਤਦੋਂ ਯਾਤਰਾ ਕਰਕੇ ਤੇ ਮਹੰਤ ਦਾ ਟਿਕਾਣਾ ਵੇਖਕੇ ਉਸਨੂੰ ਪ੍ਰਸੰਨ ਕਰਕੇ ਸਤਿਗੁਰੂ ਜੀ ਨੇ ਡੇਰੇ ਆਕੇ ਆਰਾਮ ਕੀਤਾ; ਤਦੋਂ ਅੰਦਰ ਨਾਲ ਗਏ ਸਿੰਘਾਂ ਨੇ ਆਕੇ ਬਿਨੈ ਕੀਤੀ:–

ਸਦਾ ਅਭੁਲ ਆਪ ਊਰ ਮਾਹੁੰ ॥

ਪਰ ਹੁਣ:–

ਭਏ ਉਚਿਤ ਦੈਬੇ ਤਨਖਾਹੁ ॥

ਅਸੀਂ ਜਾਣਦੇ ਹਾਂ ਕਿ ਆਪ:–

ਬਖਸ਼ਹੁ ਜਗ ਔਗੁਣ ਸਮੁਦਾਇ ॥

ਪਰ ਹੁਣ ਆਪ:–

ਲੇਹੁ ਖਾਲਸੇ ਤੇ ਬਖਸ਼ਾਇ ॥
ਸੁਨਿ ਬਿਬੇਕ* ਕੋ ਭਏ ਪ੍ਰਸੰਨ ॥
ਕਹਜੋ ਕਿ 'ਗੁਰੂ ਖਾਲਸਾ' ਧੰਨ ॥
ਕਰੀ ਨਮੋ ਹਮ ਪਰਖਨ ਹੇਤ ॥
ਭਏ ਸਿੰਘ ਕੈ ਨਹੀ ਸੁਚੇਤ ॥
ਲਿਹੁ ਤਨਖਾਹ ਅਵਾਜ ਸੁਨਾਵਹੁ ॥

ਇਸ ਬਿਧਿ ਕੀ ਨਿਤ ਰਹਤ ਕਮਾਵਹੁ ॥ [ਸ੍ਰੀ ਮੁ:

ਇਹ ਬਚਨ ਸੁਣਕੇ ਖਾਲਸੇ ਦਾ ਦੀਵਾਨ ਸਜਕੇ ਤਨਖਾਹ ਸੋਚਣ ਲੱਗਾ, ਅਖੀਰ ਸਵਾ ਸੌ ਰੁਪੱਯਾ ਫੈਸਲਾ ਹੋਇਆ ਜੋ ਸਤਿਗੁਰਾਂ ਨੇ ਹੱਸ ਹੱਸਕੇ ਦਿੱਤਾ ਤੇ ਖਾਲਸੇ ਨੇ ਉਸ ਰੁਪੱਯੇ ਦਾ ਲੰਗਰ ਦਾ ਤੰਬੂ ਬਣਵਾਇਆ।

ਗੁਰੂ ਜੀ ਦੀ ਇਸ ਚੇਸ਼ਟਾ ਪਰ ਖਾਲਸੇ ਨੂੰ ਇਕ ਖੁਸ਼ੀ ਤਾਂ ਇਹ ਹੋਈ ਕਿ ਮਾਲਕ ਨੇ ਸਾਡੀ ਪਰਖਣਾ ਕੀਤੀ ਤੇ ਖਾਲਸਾ ਪੂਰਾ ਉਤਰਿਆ ਗੁਰੂ ਕੀ ਮਿਹਰ ਨਾਲ। ਦੂਸਰੀ ਖੁਸ਼ੀ ਇਹ ਹੋਈ ਕਿ ਜਿਸਨੂੰ ਅਸੀਂ ਸੱਚਾ ਗੁਰੂ ਸਮਝਦੇਹਾਂ, ਜਿਸ 'ਇਕ' ਦੇ ਇਕ ਬਚਨ ਉੱਤੇ ਹਜ਼ਾਰਾਂ ਸਿੱਖਾਂ ਦੇ ਸਮੁਦਾਇ ਜਾਨਾਂ ਵਾਰ ਗਏ ਤੇ ਹੁਣ ਜੋ ਅਸੀਂ ਨਾਲ ਹਾਂ ਜਾਨਾਂ ਤਲੀ ਤੇ ਧਰੀ ਖੜੇ ਹਾਂ। ਹਾਂ, ਜਿਸ ਦੇ ਬਚਨ ਤੇ ਲੱਖਾਂ ਸਿੱਖ ਤਨ ਮਨ ਲਈ ਖੜੇ ਦੇਸਾਂ ਪ੍ਰਦੇਸਾਂ ਵਿੱਚ ਵੱਸ ਰਹੇ ਹਨ, ਉਹ ਗੁਰੂ ਐਸਾ ਦੁਲਾ, ਪਿਆਰਾਂ ਵਾਲਾ ਤੇ ਗ਼ਰੀਬ ਨਿਵਾਜ਼ ਤੇ ਦਾਸਾਂ ਨੂੰ ਵਡਿਆਉਣ ਵਾਲਾ ਹੈ ਕਿ ਉਨ੍ਹਾਂ ਦੇ ਕਹੇ ਬਚਨ ਤੇ ਗੁੱਸਾ ਨਹੀਂ ਕਰਦਾ, ਸਗੋਂ ਖੁਸ਼ ਹੁੰਦਾ ਹੈ। ਅਸੀਂ ਸੁਭਾਗਜ ਹਾਂ ਕਿ ਐਸੇ ਰੱਬੀ ਨੂਰ ਦੇ ਲੜ ਲੱਗੇ ਹਾਂ। ਆਪ ਭਗਵੰਤ ਰੂਪ* ਹੋਕੇ, ਅਭੁੱਲ ਹੋਕੇ ਪਾਪਾਂ ਦੇ ਬਖਸ਼ਣ ਦੀ ਤੌਫੀਕ ਤੇ ਤਾਣ ਰੱਖਕੇ, ਪਰਖਣ ਹਿਤ ਕੀਤੇ ਕੌਤਕ ਉੱਤੇ ਬੀ ਆਪਣੇ ਬੱਧੇ ਅਸੂਲ ਤੇ ਖੜਾ ਹੈ। ਹਾਂ ਖਾਲਸਾ ਖੁਸ਼ ਸੀ ਤੇ ਗਦ ਗਦ ਸੀ, ਸਿਆਣੇ ਸਿੱਖ ਇਹ ਬੀ ਵਿਚਾਰਦੇ ਸਨ ਕਿ ਇਹ ਗੱਲ ਤਦੋਂ ਕਿ ਜਦੋਂ ਕਦੇ ਪੰਥ ਵਿੱਚ ਸ਼ਰਧਾਭਗਤੀ ਤੇ ਪਿਆਰ ਘਟਿਆ, ਜਦੋਂ ਨਾਮ ਸਿਮਰਨ ਤੇ ਬਾਣੀ ਦਾ ਪ੍ਰੇਮ ਰਤਾਕੁ ਹੇਠਾਂ ਨੂੰ ਗਿਆ ਤਾਂ ਓਸ ਸੂਰੇ ਗੁਰੂ ਦੇ ਬੰਦੇ ਇਸ ਵਾਕਿਆ ਨੂੰ ਨਜ਼ੀਰ ਬਣਾਕੇ ਉਪੱਦ੍ਰਵ ਕਰਿਆ ਕਰਨਗੇ, ਪਰ ਉਹ ਦੇਖਦੇ ਸਨ ਕਿ ਸੂਰਾ ਗੁਰੂ ਭੂਤ ਭਵਿੱਖਤ ਦਾ ਜਾਣਕਾਰ ਹੈ ਤੇ ਸੱਭੇ ਕੁਛ ਜਾਣਕੇ ਕੌਤਕ ਕਰਦਾ ਹੈ। ਸਤਿਗੁਰੂ ਜੀ ਦਾ ਆਸ਼ਾ ਪੰਥ ਵਿਚ ਜਥੇਬੰਦੀ ਕਾਇਮ ਕਰਨ ਦਾ ਸੀ ਜਿਸ ਦੀ ਨੀਂਹ ਆਪ ਧਰੀ ਸੀ। ਖਾਲਸੇ ਨੂੰ ਸਰਬ ਕਾਲ ਲਈ ਆਪਣੇ ਦਿੱਤੇ ਅਟੱਲ ਅਸੂਲਾਂ ਤੇ ਟੁਰਨ ਦੀ ਆਗਯਾ ਕੀਤੀ ਸੀ ਤੇ ਇਹੋ ਪ੍ਰਯੋਜਨ ਸੀ ਕਿ ਬਾਲਕ ਖਾਲਸਾ ਸਿੱਖ ਜਾਵੇ ਕਿ ਅਸੂਲ ਪ੍ਰਸਤੀ ਸਾਡਾ ਧਰਮ ਹੈ। ਪੰਥ ਗੁਰੂ ਹੈ ਪਰ ਗੁਰੂ ਦੇ ਨਾਲ। ਗੁਰੂ ਜੇ ਵਿਚ ਨਹੀਂ ਤਾਂ ਪੰਥ 'ਗੁਰੂ ਪੰਥ' ਨਹੀਂ। ਜਿਵੇਂ ਜੰਞ ਲਾੜੇ ਦੇ ਨਾਲ ਜੰਞ ਹੈ ਜੇ ਲਾੜਾ ਹੈ ਹੀ ਨਹੀਂ ਤਾਂ ਕਿਸੇ ਜਨ ਸਮੂਹ ਕਿਸੇ ਮਨੁੱਖਾਂ ਦੀ ਭੀੜ ਨੂੰ ਜੰਞ ਨਹੀਂ ਕਿਹਾ ਜਾ ਸਕਦਾ। ਸੰਗਤ ਦੀ ਵਡਿਆਈ ਦਾ ਅਸੂਲ ਸਤਿਗੁਰਾਂ ਦੇ ਘਰ ਵਿੱਚ ਆਦਿ ਤੋਂ ਹੈ, "ਵਿਚ ਸੰਗਤ ਹਰਿ ਪ੍ਰਭੁ ਵਸੈ ਜੀਉ।" ਪਰ ਸੰਗਤ ਯਾ ਪੰਥ ਹੈ ਗੁਰੂ ਨਾਲ, ਸਿਖ ਹੈ ਗੁਰੂਕਰਕੇ ਜੇ ਗੁਰੂ ਨਹੀਂ ਤਾਂ ਸਿਖ ਕਿਸਦਾ

*ਵਿਵੇਕ, ਗਯਾਨ, ਵੀਚਾਰ।

*ਵਹੁ ਪੂਰਣਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ ॥ [ਵਾ: ਭਾ: ਗੁਰਦਾਸ ਸਿੰਘ

ਤੇ ਸੰਗਤ ਕਿਵੇਂ ਹੈ । ਇਸੇ ਕਰਕੇ ਜਦੋਂ ਗੁਰੂ ਜੀ ਨੇ ਖਾਲਸੇ ਨੂੰ ਗੁਰੂ ਥਾਪਿਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪਿਆ ਕਿ ਗੁਰੂ ਸਣੇ ਖਾਲਸਾ ਗੁਰੂ ਹੈ । ਜਿਵੇਂ ਗੁਰੂ ਜੀ ਆਪਣੇ ਹੀਨ ਹਯਾਤ ਆਪਣੇ ਸਮੇਤ ਖਾਲਸਾ ਆਖਦੇ ਸਨ ਤੇ ਉਸ ਸੂਰੇ ਗੁਰੂ ਸਣੇ ਖਾਲਸਾ ਗੁਰੂ ਸੀ, ਤਿਵੇਂ ਹੁਣ ਗੁਰੂ ਗ੍ਰੰਥ ਸਣੇ ਖਾਲਸਾ ਗੁਰੂ ਹੈ । ਇਸ ਵਾਕਿਆ ਨੂੰ ਬੜੇ ਅਦਬ ਨਾਲ ਪੜ੍ਹਨਾ ਸੁਣਨਾ ਚਾਹੀਏ ਤੇ ਅਮਿੱਤ ਤੇ ਅਨੰਤ ਸਤਿਕਾਰ ਨਾਲ ਭਰ ਜਾਣਾ ਚਾਹੀਦਾ ਹੈ ਉਸ ਸੂਰੇ ਗੁਰੂਵਾਸਤੇ ਜਿਸ ਨੇ ਗੁਰੂ ਹੋਕੇ, ਸਮਰੱਥ ਹੋਕੇ, ਇਕੱਲੇਨੇ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਾਜਿਆ, ਤੇ ਫੇਰ ਉਸ ਨੂੰ ਆਪੇ ਗੁਰੂ ਥਾਪ ਦਿੱਤਾ । ਹਾਂ ਜਿਸ ਦੇ ਆਪਣੇ ਦਿਮਾਗ਼ ਵਿਚੋਂ ਖਾਲਸਾ ਦਾ ਆਦਰਸ਼ ਉਪਜਿਆ ਤੇ ਜਿਸ ਨੇ ਖਾਲਸਾ ਬਣਾਇਆ, ਉਸ ਨੇ ਉਹਨਾਂ ਤੋਂ ਜੋ ਤਲੀ ਤੇ ਸਿਰ ਰੱਖਕੇ ਉਸ ਦੇ ਚਰਨਾਂ ਤੋਂ ਸਦਕੇ ਕਰਨ ਆਏ ਸਨ, ਉਨ੍ਹਾਂ ਤੋਂ ਜੋ ਉਸਦੇ ਸਾਜੇਨਿਵਾਜੇ ਸਨ, ਆਪ ਅੰਮ੍ਰਿਤਛਕਿਆ। ਇਹ ਆਪਣੇਬੱਧੇਅਸੂਲਾਂਦੀ ਹੱਦਦਰਜੇਦੀਕਮਾਈ ਹੈ । ਓਹੋ ਰੰਗ ਵੇਖਣ ਲਈ ਸਤਿਗੁਰ ਨੇ ਅੱਜ ਦਾ ਕੌਤਕ ਵਰਤਾਇਆ ਹੈ ਸੀ। 'ਪੰਥ ਵਿਚ ਕੋਈ ਗੱਲ ਅਸੂਲ ਵਿਰੁੱਧ ਨਾ ਟੁਰੇ' ਇਹ ਸਤਿਗੁਰੂ ਜੀ ਨੇ ਖਾਲਸੇ ਨੂੰ ਇਸ ਕੌਤਕ ਵਿਚ ਸਿਖਾਈ ਹੈ । ਇਹ ਕੌਤਕ ਬੇ ਸਤਿਕਾਰੀ ਦਾ ਪਟਾ ਨਹੀਂ, ਨਾ ਇਸ ਦਾ ਇਹ ਭਾਵ ਹੈ ਕਿ ਮਹਾਂ ਪੁਰਖਾਂ ਤੇ ਸਤਿਗੁਰਾਂ ਦੀ ਯਾਦਗਾਰ ਹੀ ਨਾ ਬਣੇ । ਅਨੰਦ ਪੁਰੋਂ ਟੁਰਨ ਵੇਲੇ ਇਸ ਸੂਰੇ ਸਤਿਗੁਰ ਜੀ ਨੇ ਅਦੁਤੀ ਸਾਕਾ ਵਰਤਾਉਣ ਵਾਲੇ ਗੁਰ ਤੇਗ ਬਹਾਦਰ ਜੀ ਦੇ ਅਸਥਾਨ ਦੀ ਸੇਵਾ ਲਈ ਇਕ ਸਾਧੂ ਨੂੰ ਥਾਪਿਆ । ਜਾਣਦੇ ਸਨ ਕਿ ਅਨੰਦ ਪੁਰ ਵਿਚ ਲੁੱਟ ਮਚੇਗੀ, ਸਭ ਲੋਕ ਦੌੜ ਜਾਣਗੇ, ਬਰਬਾਦੀ ਤੇ ਉਜਾੜ ਆਵੇਗੀ, ਪਰ ਕਿੰਨੇ ਖ਼ਬਰਦਾਰ ਸਨ ਉਸ ਪਵਿੱਤਰ ਸਥਾਨ ਦੀ ਰੱਖਿਆ ਲਈ, ਕਿੰਨੇ ਸੋਚਵਾਨ ਸਨ ਉਸ ਪੰਥਵਿਚ ਜਾਨਭਰਦੇਣ ਵਾਲੇ ਪਵਿੱਤ੍ਰ ਟਿਕਾਣੇ ਨੂੰ ਹਰੀ ਕੌਮ ਰੱਖਣ ਵਾਸਤੇ । ਇਹ ਸਾਧੂ, ਜਿਸ ਨੂੰ ਥਾਪਿਆ ਸੀ, ਐਸਾ ਬੰਦਗੀ ਵਾਲਾ ਤੇ ਖਾਲਸੇ ਦੀ ਰਹੁਰੀਤ ਤੇ ਗੁਰੂਕੇ ਅਸੂਲਾਂ ਦਾ ਜਾਣਕਾਰ ਸੀ ਕਿ ਜਦੋਂ ਗੁਰੂ ਜੀ ਦੇ ਆਪਣੇ ਸਨਬੰਧੀਆਂ ਵਿਚੋਂ ਇਕ ਅਨੰਦਪੁਰ ਵਿਚ ਮੁਖੀਆ ਹੋ ਗਿਆ ਤੇ ਗੁਰੂ ਮੰਦਰ ਵਿਚ ਗੁਰੂ ਬਣਕੇ ਪੂਜਵਾਉਣ ਲੱਗਾ ਤਾਂ ਇਸ ਗੁਰੂ ਦੇ ਬਣਾਏ ਸਾਧੂ ਦਾ ਹੀ ਹੀਆ ਸੀ ਕਿ ਇਸ ਨੇ ਜਾਕੇ ਕਿਹਾ ਕਿ ਇਹ ਅਸੂਲ ਵਿਰੁਧ ਹੈ, ਤੁਸੀਂ ਗੁਰੂ ਪਦ ਪਰ ਨਹੀਂ ਥਾਪੇ ਗਏ । ਸੋ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂਤੇਗ ਬਹਾਦਰ ਜੀਦੇ ਅਸਥਾਨ ਦੇ ਸਦਾ ਆਬਾਦ ਰਹਿਣ ਦਾ ਫਿਕਰ ਤੇ ਪ੍ਰਬੰਧ ਕਰਨਾ ਦੱਸਦਾ ਹੈ ਕਿ ਆਪ ਦਾ ਤਾਤਪਰਜ ਯਾਦਗਾਰਾਂ ਦੇ ਅਸਥਾਨਾਂ ਨੂੰ ਯਾਦਗੀਰੀ ਲਈ ਕਾਇਮ ਰੱਖਣਾ ਹੈਸੀ । 'ਗੋਰ ਮੜੀ ਮਠ ਭੂਲ ਨ ਮਾਨੈ' ਦੇ ਸਪਸ਼ਟ ਵਾਕ ਬੀ ਇਸ ਲਈ ਉਚਾਰੇ ਸਨ ਕਿ ਇਨ੍ਹਾਂ ਦੀ ਅੰਧ ਪੂਜਾ ਨਾ ਹੋਵੇ । ਫਿਰ ਪਰੰਪਰਾ ਤੋਂ ਪੰਜਵੇਂ ਸਤਿਗੁਰਾਂ ਤੇ ਹੋਰ ਗੁਰੂ ਸਾਹਿਬਾਂ ਦੇ ਦੇਹੁਰੇ ਟੁਰੇ ਆਏ ਹਨ ਜੋ ਕੌਮ ਦੇ ਨੈਣਾਂ ਅਗੇ ਜੀਉਂਦਾ ਇਤਿਹਾਸ ਤੇ ਰੂਹ ਫੂਕ ਦੇਣ ਵਾਲੇ ਚਾਨਣ ਮੁਨਾਰੇ ਬਣਕੇ ਕਾਇਮ ਹਨ ।

ਦੂਸਰੀ ਗੱਲ ਇਹ ਹੈ ਆਪ ਨੂੰ ਤਨਖਾਹ ਲੱਗੀ ਆਪ ਦੇ ਉਸ ਨੂੰ ਪ੍ਰਵਾਨ ਕਰਨ ਤੋਂ ਇਹ ਭਾਵ ਸੀ ਕਿ ਪੰਥ ਦੇ ਫੈਸਲੇ ਅਗੇ ਹਰ ਇਕ ਸਿਖ ਸਿਰ ਝੁਕਾਵੇ, ਇਕ ਇਕ ਦੀ ਖ਼ੁਦੀ ਪੰਥਕ ਜਥੇਬੰਦੀ ਅਗੇ ਆਕੀ ਨਾ ਹੋਵੇ, ਕਿਉਂਕਿ ਜਥੇਬੰਦੀ ਦਾ ਅਸੂਲ ਇਹੋ ਹੈ ਕਿ ਇਕ ਦੀ ਅਵਾਜ਼ ਪਰ ਸਮੂਹ ਦੀ ਅਵਾਜ਼ ਬਲਵਾਨ ਹੋਵੇ । ਹਰ ਇਕ ਜੋ ਯਕਾ ਯਕਾ ਹੈ, ਫਰਦ ਹੈ, ਉਹ ਸਮੂਹ ਦੇ ਅਗੇ ਝੁਕੇ ਤੇ ਆਪਣੀ ਇਕੱਲੀ ਆਵਾਜ਼ ਨਾਲ ਜ਼ਿਦ ਤੇ ਹਠ ਕਰਕੇ ਜਥੇਬੰਦੀ ਨੂੰ ਨਾ ਤੋੜੇ ।

''ਮਤਾਂ ਕੋਈ ਮਾਨਨੀਯ ਵਜਕਤੀ ਕਦੇ ਆਪਣੇ ਸਤਿਕਾਰ ਯਾ ਜ਼ਿੱਦ ਵਿਚ ਹੋਕੇ ਪੰਥ ਅਗੇ ਆਕੜ ਕੇ ਧੜੇਬੰਦੀ ਦੀ ਨੀਂਹ ਰੱਖ ਦੇਵੇ'' ਇਸ ਭੁੱਲ ਤੋਂ ਬਚਾਉਣ ਲਈ ਸਤਿਗੁਰਾਂ ਨੇ ਇਹ ਸਬਕ ਸਿਖਾਇਆ ਕਿ ਜਦ ਮੈਂ ਆਪਣੇ ਬੱਧੇ ਅਸੂਲ ਦਾ ਸਤਿਕਾਰ ਕਰਦਾ ਹਾਂ ਤਾਂ ਹਰ ਸਿਖ ਉਸ ਦਾ ਸਤਿਕਾਰ ਕਰੇ । ਪਰ ਇਸਦਾ ਅਰਥ ਇਹ ਬੀ ਨਹੀਂ ਹੈ ਕਿ ਮਾੜੀ ਨਿਯਤ ਨਾਲ ਚਾਰ ਸਰੀਰ ਰਲਕੇ ਹਰ ਇਕ ਦੇ ਸਤਿਕਾਰ ਤੇ ਹਮਲਾ ਕਰਨ ਤੁ

ਆਪਣੇ ਇਸ ਪੱਗ-ਉਛਾਲ ਦੇ ਮਾੜੇ ਕੰਮਨੂੰ ਵਿਹਤ ਦੱਸਣ ਲਈ ਬੇ ਸਤਿਕਾਰੀ ਨਾਲ ਇਸ ਸਾਖੀ ਨੂੰ ਪੇਸ਼ ਕਰਨ, ਐਸਾ ਕਰਨਾ ਬੀ ਜਥੇਬੰਦੀ ਨੂੰ ਸੱਟ ਮਾਰਨੀ ਹੈ। ਕਿਉਂਕਿ ਜਦ ਪੰਥਕ ਫੈਸਲਿਆਂ ਦੀ ਨੀਂਹ ਨਿਰੋਲ ਅਸੂਲ ਪ੍ਰਸਤੀ ਤੇ ਹਰ ਤਰ੍ਹਾਂਦੇ ਜ਼ਾਤੀ ਵੈਰ ਵਿਰੋਧ ਤੋਂ ਸਫਾਈ ਪਰ ਨਾਂ ਹੋਵੇਗੀ ਤਾਂ ਜਥੇਬੰਦੀ ਤੋਂ ਵਿਸ਼ਵਾਸ ਘਟਣ ਲਗ ਜਾਏਗਾ ਤੇ ਜਥੇਬੰਦੀ ਆਪੇ ਟੁੱਟਣ ਲਗ ਜਾਏਗੀ। ਜਥੇਬੰਦੀ ਪਰ ਵਿਸ਼ਵਾਸ਼ ਹੋਣਾ ਇਹੋ ਜਥੇਬੰਦੀ ਦੀ ਤਾਕਤ ਹੈ, ਤੇ ਵਿਸ਼ਵਾਸ ਤਾਂ ਹੁੰਦਾ ਹੈ ਜੇ ਇਸ ਜਥੇਬੰਦੀ ਦੇ ਫਰਦ ਅਸੂਲ ਪ੍ਰਸਤ ਹੋਣ, ਧੜੇ ਬੰਦੀ ਵਿੱਚ ਨਾ ਪੈਣ ਤੇ ਜ਼ਾਤੀ ਗਲਾਂ ਨੂੰ ਦਿਲੋਂ ਭੁੱਲ ਕੇ ਨਿਰੋਲ ਪੰਥ ਦੇ ਭਲੇ ਲਈ ਉਹ ਕੁਛ ਕਰਨ ਕਿ ਜੋ ਕੁਛ ਕਰਨਾ ਹਰ ਸਮੇਂ ਆ ਬਣੇ। ਦੂਜੇ ਸਿੱਖ ਮਾਮਲਿਆਂ ਦੇ ਫੈਸਲੇ ਵੇਲੇ ਸਿਖੀ ਸਿਦਕ ਵਾਲੇ ਨਾਮ ਤੇ ਬਾਣੀ ਦੇ ਪ੍ਰੇਮੀ, ਸਿੱਖ ਧਰਮ ਨੂੰ ਸਮਝਣ ਵਾਲੇ, ਰਹਿਣੀ ਕਹਿਣੀ ਦੇ ਸੂਰਿਆਂ ਦੀ ਸ਼ਮੂਲੀਅਤ ਜ਼ਰੂਰੀ ਹੈ। ਨਾਵਾਕਫੀ ਵਾਲਾ ਦਿਖਾਵੇ ਦਾ ਸਿਖ ਤੇ ਨਾਸਤਕ ਕਿਵੇਂ ਅਸੂਲ ਪ੍ਰਤਿਪਾਦਨ ਕਰ ਸਕਦਾ ਹੈ।

ਇਸੇ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰ ਤੇ ਥਾਪੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਮ ਸਿਮਰਨ ਸਿਖਾਲਦੇ ਹਨ, ਪ੍ਰੇਮ ਸਿਖਾਲਦੇ ਹਨ ਤੇ ਸੱਚ ਦੀ ਪੈਰਵੀ ਸਿਖਾਲਦੇ ਹਨ ਤੇ ਇਨ੍ਹਾਂ ਦੀ ਰੌਸ਼ਨੀ ਵਿਚ ਤੁਰਦਾ ਪੰਥ ਗੁਰੂ ਆਦਰਸ਼ਾਂ ਪਰ ਠੀਕਤੁਰਦਾ ਹੈ। ਜੇ ਸਿਖ ਇਨ੍ਹਾਂ ਅਸੂਲਾਂ ਪਰ ਟੁਰਨ ਤਾਂ ਉਨ੍ਹਾਂ ਦੀ ਜਥੇਬੰਦੀ ਵਿਚ ਕਦੇ ਫੁੱਟ ਤੇ ਧੜੇਬੰਦੀ ਨਹੀਂ ਪੈ ਸਕਦੀ, ਉਨ੍ਹਾਂ ਵਿਚ ਗੁਰੂ ਆਪ ਵਰਤਦਾ ਹੈ।

ਇਥੋਂ ਹੁਣ ਦੱਖਣ ਵੱਲ ਕੂਚ ਦੀ ਤਿਆਰੀ ਹੋਈ। ਪਹਿਲਾ ਦਿਨ ਤੇ ਦੇਰ ਤਕ ਰਾਤ ਨੂੰ ਤੇ ਅੰਮ੍ਰਿਤ ਵੇਲੇ ਟੁਰਦਿਆਂ ਤਕ ਦੂਰ ਦੂਰ ਤੋਂ ਸਿਖ, ਜਿਨ੍ਹਾਂ ਨੂੰ ਖਬਰਾਂ ਪੁੱਜੀਆਂ, ਆਉਂਦੇ ਰਹੇ। ਦੂਰ ਨੇੜੇਦੇ ਹੋਰ ਲੋਕ ਬੀ ਪਰਮਾਰਥਦੇ ਚੁੰਡਾਊਆਉਂਦੇ ਤੇ ਨਾਮ ਦਾਨ ਪ੍ਰਾਪਤ ਕਰਦੇ ਰਹੇ। ਸਾਧੂ ਜੈਤਰਾਮ ਨੇ ਬੜੇ ਸਨਮਾਨ ਨਾਲ ਆਪਨੂੰ ਟੋਰਿਆ। ਜਾਪਦਾ ਹੈ ਕਿ ਆਪ ਦਾ ਪ੍ਰੇਮ ਬੜਾ ਅਧਿਕ ਹੋ ਗਿਆ ਸੀ ਕਿਉਂਕਿ ਜਦੋਂ ਸ੍ਰੀ ਸਤਿਗੁਰੂ ਜੀ ਮੁੜ ਦੱਖਣ ਆਏ ਤੇ ਟਿਕੇ* । ਬੁਰਹਾਨਪੁਰ ਗਏ ਹਨ ਤੇ ਜੋਗੀ ਜੀਵਣ ਦਾਸ ਦੀ ਭਾਵਨਾ ਪੂਰਨ ਕੀਤੀ ਹੈ, ਤਦੋਂ ਜੈਤਰਾਮ ਮਹੰਤ ਓਥੇ ਬੀ ਪੁਜਾ ਹੈ ਤੇ ਸਤਿਗੁਰੂ ਜੀ ਦੇ ਦਰਸ਼ਨ ਮੇਲੇ ਕਰਕੇ ਫੇਰ ਨਿਹਾਲ ਹੋਇਆ ਹੈ। ਉਥੇ ਜਦ ਮਹੰਤ ਜੀਨੂੰ ਪਤਾ ਲੱਗਾ ਕਿ ਗੁਰੂ ਜੀ ਦੱਖਣ ਜਾ ਰਹੇ ਹਨ ਤੇ ਗੁਦਾਵਰੀ ਦੇ ਤਟ ਕਿਤੇ ਟਿਕਣਗੇ ਤਾਂ ਬੰਦੇ ਦੀ ਕਥਾ ਇਸੇ ਨੇ ਸਤਿਗੁਰੂ ਜੀ ਨੂੰ ਸੁਣਾਕੇ ਵਰਜਿਆ ਸੀ ਕਿ ਆਪ ਨੇ ਉੱਧਰ ਨਾ ਜਾਣਾ ਕਿਉਂਕਿ ਉਹ ਚੋਟਕੀ ਫਕੀਰ ਹੈ ਅਰ ਆਪਣੇ ਬੀਰਾਂਦੁਆਰਾਸਾਧਾਂ ਸੰਤਾਂ ਦਾ ਅਪਮਾਨ ਕਰਦਾ ਹੈ। ਜੈਤਰਾਮ ਜੀ ਨੇ ਆਪਣੀ ਹੱਡ ਬੀਤੀ ਭੀ ਸੁਣਾਈ ਸੀ ਕਿ ਪਲੰਘ ਤੇ ਪਹਿਲਾਂ ਮੈਨੂੰ ਬਿਠਾ ਕੇ ਫੇਰ ਉਲਟਵਾ ਮਾਰਿਆ। ਸਤਿਗੁਰਾਂ ਨੇ ਸੁਣਕੇ ਆਖਿਆ ਸੀਕਿ ਜੈਤਰਾਮ ਜੀ, ਇਹੋ ਜੇਹੇ ਆਦਮੀਆਂ ਨੂੰ ਸਾਧਣਾ ਤਾਂ ਸਾਡਾ ਮੁੱਖ ਧਰਮ ਹੈ,ਅਸੀਂ ਉਸਦੇ ਮਠ ਜ਼ਰੂਰ ਜਾਵਾਂਗੇ ਤੇ ਉਸ ਨੂੰ ਬੰਦਾ ਬਣਾਵਾਂਗੇ; ਤੁਸੀਂ ਫਿਕਰ ਨਾ ਕਰੋ, ਸਾਡੇ ਸੀਸ ਉਤੇ ਅਕਾਲ ਪੁਰਖ ਦਾ ਹੱਥ ਹੈ। ਅਕਾਲ ਪੁਰਖ ਦੀ ਸ਼ਕਤੀ ਉਸਨੂੰ ਜ਼ੇਰ ਕਰੇਗੀ,ਤੇ ਉਹ ਸੇਵਾ ਕਰੇਗਾ। ਤਵਾਰੀਖ ਖਾ: ਵਿਚ ਤਾਂ ਲਿਖਿਆ ਹੈ ਕਿ ਗੁਰੂ ਜੀ ਨੇ ਇਹ ਬੀ ਆਖਿਆ ਸੀ ਕਿ ਤੁਸੀਂ ਕੋਈ ਸਾਧੂ ਆਪਣਾ ਨਾਲ ਘੱਲੋ ਜੋ ਉਥੇ ਵਰਤਣ ਵਾਲੇ ਕੌਤਕ ਨੂੰ ਤੱਕੇ ਤੇ ਫਿਰ ਆਪ ਨੂੰ ਆਕੇ ਦੱਸੇ ਕਿ ਉਹ ਬੰਦਾ ਬਣ ਗਿਆ ਹੈ ਤੇ ਸੇਵਾ ਵਿਚ ਲਗ ਪਿਆ ਹੈ ਤਾਂ ਜੋ ਆਪ ਦਾ ਫਿਕਰ ਦੂਰ ਹੋਵੇ ਤੇ ਵਾਹਿਗੁਰੂ ਜੀ ਦੀ ਸ਼ਕਤੀ ਦਿਖਾਈ ਦੇਵੇ ਕਿ ਓਹ ਆਪਣੇ ਕੰਮ ਕੀਕੂੰ ਸਿਰੇ ਚਾੜ੍ਹਦਾ ਹੈ।

ਸੋ ਜੈਤਰਾਮ ਜੀ ਨੂੰ ਪਿਆਰ ਕਰਕੇ ਉਸ ਦੇ ਭਜਨ ਬੰਦਗੀ ਵਾਲੇ ਮਨ ਨੂੰ ਰਸੀਆ ਬਣਾਕੇ ਸ੍ਰੀ ਸਤਿਗੁਰੂ ਜੀ ਉਪਕਾਰੀ ਵਾਯੂ ਵਾਂਙੂ ਅਗੇ ਟੁਰ ਪਏ ਤੇ ਅਸਾਂ ਲਈ ਇਹ ਉਪਦੇਸ਼ ਦੇ ਗਏ ਕਿ ਸਦਾ ਜੀਵਨ ਨੂੰ ਸੱਚ ਪਰ ਟਿਕਾਓ ਤੇ ਅਸੂਲ ਪਰ ਖੜੇ ਹੋਕੇ ਬਨਾਵਟਾਂ ਤੋਂ ਬਚਣ ਦੇ ਯਤਨ ਵਿਚ ਤੇ ਨਾਮ ਪ੍ਰੇਮ ਵਿਚ ਰਹੋ।

*ਗੁਰੂ ਜੀ ਇਥੋਂ ਦਖਣ ਨੂੰ ਜਾ ਰਹੇ ਸੇ। ਪਰ ਬਘੌਰ ਤਕ ਜਾਕੇ ਫੇਰ ਮੁੜੇ ਤੇ ਦਿੱਲੀ ਆਏ। ਮੁੜ ਬਹਾਦਰ ਸ਼ਾਹ ਨਾਲ ਦੱਖਣ ਨੂੰ ਗਏ ਤੇ ਬੁਰਹਾਨ ਪੁਰ ਟਿਕੇ ਸਨ।

੫.

ਕੁਛਕ ਭਜਨ ਦਾਦੂ ਜੀ ਦੀ ਬਾਣੀ ਦੇ ਅਸੀਂ ਅਗੇ ਦੇਂਦੇ ਹਾਂ। ਇਨ੍ਹਾਂ ਦਾ ਪ੍ਰਯੋਜਨ ਇਹ ਹੈ ਕਿ ਇਨ੍ਹਾਂ ਵਿਚ ਗੁਰਬਾਣੀ ਦੀ ਝਲਕਹੈ*, ਗੁਰੂ ਆਦਰਸ਼ਾਂ ਦੀ ਖੁਸ਼ਬੂ ਹੈ, ਜਾਪਦਾ ਹੈ ਕਿ ਆਪ ਸਤਿਗੁਰਾਂ ਨੂੰ ਮਿਲੇ ਹੋਸਣ ਅਰ ਕੋਈ ਸੁਖ ਸੰਜੋਗ ਪ੍ਰਾਪਤ ਕੀਤਾ ਹੋਸੀ ਤੇ ਗੁਰਬਾਣੀ ਦੀ ਵਾਕਬੀ ਪਾਈਹੋਸੀ। ਦਾਦੂ ਜੀ ਅਹਿਮਦਾਬਾਦ ਵਿਚ ਜਨਮੇ ਤੇ ਹਿੰਦੁਸਤਾਨ ਦੇ ਹੀ ਰਹਿਣ ਵਾਲੇ ਸੇ, ਪਰ ਬਾਣੀ ਵਿਚ ਪੰਜਾਬੀ ਦੇ ਪਦ ਆਏ ਹਨ, ਬਲਕਿ ਪਹਿਰੇਪੰਜਾਬੀ ਵਿਚ ਹੀ ਹੈਨ; ਜੋ ਦੱਸਦੇ ਹਨ ਕਿ ਪੰਜਾਬ ਵਿਚ ਜ਼ਰੂਰ ਆਏ ਤੇ ਰਹੇ ਹੋਣਗੇ। ਪੰਜਾਬ ਵਿਚ ਆਕੇ ਰਹਿਕੇ ਗੁਰੂ ਸਾਹਿਬਾਂ ਦੇ ਦਰਸ਼ਨ ਮੇਲੇ ਹੋਣੇ ਬਹੁਤ ਹੀ ਸੰਭਵ ਤੇ ਹੋਣ ਵਾਲੀ ਗਲ ਹੈ, ਜੇ ਕੋਈ ਸੱਜਣ ਆਪ ਦੇ ਜੀਵਨ ਬਾਬਤ ਯਾ ਗੁਰੂ ਘਰ ਨਾਲ ਮੇਲ ਹੋਣ ਬਾਬਤ ਇਤਿਹਾਸਕ ਰੋਸ਼ਨੀ ਪਾ ਸੱਕੇ ਤਾਂ ਬਹੁੰ ਉਪਕਾਰ ਹੈ।

੧. ਆਰਤੀ, ਰਾਗ ਧਨਾਸਰੀ।

ਨਿਰੰਕਾਰ ਤੇਰੀ ਆਰਤੀ ਏ ਅਨੰਤ ਭਵਨ ਕੇ ਰਾਇ ॥ ਸਰਬ ਨਿਰੰਤਰ ਰਵਿ ਰਹੇ ਮਹਿਮਾ ਕਹੀ ਨ ਜਾਇ ॥੧॥ਰਹਾਉ॥ ਸੁਰ ਨਰ ਸਭਿ ਸੇਵਾ ਕਰੈਂ ਬ੍ਰਹਮਾ ਬਿਸਨੁ ਮਹੇਸ। ਦੇਵ ਤੁਮ੍ਹਾਰਾ ਭੇਵ ਨ ਜਾਨੈ ਪਾਰ ਨ ਪਾਵੈ ਸੇਸ। ਚੰਦ ਸੂਰ ਆਰਤੀ ਕਰੈਂ ਨਮੋ ਨਿਰੰਜਨ ਦੇਵ। ਧਰਨ ਪਵਨ ਆਕਾਸ ਅਰਾਧੈਂ ਸਭੈ ਤੁਮਾਰੀ ਸੇਵ। ਸਕਲ ਭਵਨ ਸੇਵਾ ਕਰੈਂ ਮੁਨਿ ਅਰੁ ਸਿੱਧ ਸਮਾਧ। ਦੀਨ ਲੀਨ ਹ੍ਵੈ ਰਹੇ ਸੰਤ ਜਨ ਅਵਿਗਤ ਕੇ ਆਗਾਧ। ਜੈ ਜੈ ਜੀਵਨਿ ਰਾਮ ਹਮਾਰੀ ਭਗਤ ਕਰੈਂ ਲਿਵ ਲਾਇ। ਨਿਰੰਕਾਰ ਤੇਰੀ ਆਰਤੀ ਕੀਜੈ ਦਾਦੂ ਬਲਿ ਬਲਿ ਜਾਇ।

ਆਦਿ ਪਾਤਸ਼ਾਹੀ ਜੀ ਦੀ ਆਰਤੀ ਰਾਗ ਧਨਾਸਰੀ ਵਿਚ ਹੈ, ਇਹ ਬੀ ਧਨਾਸਰੀ ਵਿਚ ਹੈ। ਖਿਆਲ, ਚੰਦ, ਸੂਰ, ਪਵਨ, ਵਲੋਂ ਆਰਤੀ ਹੋਣ ਦੇ ਉਸ ਨਾਲ ਮਿਲਦੇ ਹਨ, ਪਦ 'ਲਿਵਲਾਇ' ਖਾਸ ਧਿਆਨ ਜੋਗ ਹੈ। ਫਿਰ ਹਿੰਦੀ ਸੰਸਕ੍ਰਿਤ ਵਾਲੇ ਪਦ 'ਨਿਰਾਕਾਰ' ਵਰਤਦੇ ਹਨ, 'ਨਿਰੰਕਾਰ' ਪੰਜਾਬ ਦਾ ਵਰਤਾਰਾ ਹੈ ਤੇ ਆਦਿ ਪਾਤਸ਼ਾਹੀ ਨੇ ਵਰਤਿਆ ਹੈ।

੨ ਪਹਿਰੇ। ਸ੍ਰੀ ਰਾਗ।

ਪਹਿਲੈ ਪਹਿਰੈ ਰੈਣ ਦੈ ਵਣਜਾਰਿਆ ਮਿਤ੍ਰਾ ਤੂੰ ਆਇਆ ਇਹ ਸੰਸਾਰ ਵੇ। ਮਾਇਆ ਦਾ ਰਸ ਪੀਵਣ ਲੱਗਾ ਵਿਸਰਿਆ ਸਿਰਜਣਹਾਰ ਵੇ। ਸਿਰਜਣਹਾਰ ਵਿਸਾਰਨ ਕੀਆ ਮਾਤ ਪਿਤਾ ਕੁਲ ਨਾਰ ਵੇ। ਝੂਠੀ ਮਾਇਆ ਆਪ ਬੰਧਾਇਆ ਚੇਤੈ ਨਹੀ ਗਵਾਰ ਵੇ। ਗਵਾਰ ਨ ਚੇਤੇ ਅਉਗੁਣ ਕੇਤੇ ਏਧਿਆ ਸਭਿ ਪਰਵਾਰ ਵੇ। ਦਾਦੂ ਦਾਸ ਕਹੈ ਵਣਜਾਰਿਆ ਤੂੰ ਆਇਆ ਇਹ ਸੰਸਾਰ ਵੇ।

ਦੂਜਾ ॥ ਦੂਜੈ ਪਹਿਰੈ ਰੈਣਿ ਦੇ ਵਣਜਾਰਿਆ ਮਿਤ੍ਰਾ ਤੂੰ ਰੱਤਾ ਤਰੁਣੀ ਨਾਲ ਵੇ। ਮਾਇਆ ਮੋਹਿ ਫਿਰੈ ਮਤਵਾਲਾ ਰਾਮ ਨ ਸਕਯਾ ਸੰਭਾਲ ਵੇ। ਰਾਮ ਨ ਸੰਭਾਰੇ ਦੱਤਾ ਨਾਰੇ ਅੰਧਿ ਨ ਸੂਝੈ ਕਾਲ ਵੇ। ਹਰਿ ਨਾਹਿ ਧਿਆਇਆ ਜਨਮ ਗੰਵਾਇਆ ਦਹਿ ਦਿਸ ਫੂਟੈ ਤਾਲਿ ਵੇ। ਦਹਿ ਦਿਸ ਫੂਟਾ ਨੀਰ ਨਿਖੂਟਾ ਲੇਖਾ ਦੇਵਣ ਸਾਲ ਵੇ। ਦਾਦੂ ਦਾਸਿ ਕਹੈ ਵਣਜਾਰਯਾ ਤੂੰ ਰੱਤਾ ਤਰੁਣੀ ਨਾਲ ਵੇ ॥ ੨ ॥

ਤੀਜਾ ॥ ਤੀਜੈ ਪਹਿਰੈ ਰੈਣ ਦੈ ਵਣਜਾਰਿਆ ਮਿਤ੍ਰਾ ਤੈ ਬਹੁਤ ਉਠਾਇਆ ਭਾਰ ਵੇ। ਜੋ ਮਨ ਭਾਇਆ ਸੋ ਕਰ ਆਇਆ ਨਾ ਕੁਛ ਕੀਆ ਬਿਚਾਰ ਵੇ। ਬਿਚਾਰ ਨ ਕੀਆ ਨਾਂਵ ਨ ਲੀਆ ਕਿਉਂ ਕਰ ਲੰਘੈ ਪਾਰ ਵੇ। ਪਾਰ ਨ ਪਾਵੈ ਫਿਰ ਪਛੁਤਾਵੈ ਡੁਬਣ ਲਗਾ ਭਾਰ ਵੇ। ਡੁਬਨ ਲੱਗਾ ਬੇੜਾ ਭੱਜਾ ਹਾਥ ਨ ਆਇਆ ਸਾਰ ਵੇ। ਦਾਦੂ ਦਾਸ ਕਹੈ ਵਣਿਜਾਰਯਾ ਤੈਂ ਬਹੁਤ ਉਠਾਇਆ ਭਾਰ ਵੇ ॥੩॥

ਚੌਥਾ ॥ ਚਉਥੈ ਪਹਿਰੇ ਰੈਣ ਦੈ ਵਣਜਾਰਿਆ ਮਿਤ੍ਰਾ ਤੂੰ ਪੱਕਾ ਹੋਇਆ ਪੀਰ ਵੇ। ਜੋਬਨ ਰਹਿਆ ਜਰਾ ਬਿਆਪੀ ਨਾਹਾਂ ਸੁਧ ਸਰੀਰ

*ਦਾਦੂ ਜੀ ਦੀ ਬਾਣੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਭਗਤ ਬਾਣੀ ਨਾਲ ਬੀ ਕਈ ਥਾਈਂ ਮੇਲ ਦਿਸ ਪੈਂਦਾ ਹੈ, ਭਗਤ ਬਾਣੀ ਭਾ ਹਿੰਦ ਵਿਚ ਪਰਵਿਰਤ ਹੋਸੀ ਹੀ।

ਵੇ। ਸੁਧ ਨ ਪਾਈ ਰੈਣ ਗਵਾਈ ਨੈਨਹੁ ਆਇਆ ਨੀਰ ਵੇ। ਭਉਜਲ ਬੋੜਾ ਡੁਬਣ ਲਗਾ ਕੋਇ ਨ ਬੰਧੈ ਧੀਰ ਵੇ। ਕੋਈ ਧੀਰ ਨ ਬੰਧੈ ਜਮ ਕੈ ਫੰਧੈ ਕਿਉਂ ਕਰ ਲੰਘੈ ਤੀਰ ਵੇ। ਦਾਦੂ ਦਾਸ ਕਹੈ ਵਣਜਾਰਾ ਤੂੰ ਪੱਕਾ ਹੋਇਆ ਪੀਰ ਵੇ ॥੪॥

ਆਦਿ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਿਚ ਪਹਿਰੇ ਉਚਾਰਨ ਕੀਤੇ ਹਨ, ਦਾਦੂ ਜੀ ਨੇ ਵੀ ਸਿਰੀ ਰਾਗ ਹੀ ਪਹਿਰੇ ਉਚਾਰਨ ਵਾਸਤੇ ਲੀਤਾ ਹੈ। ਗੁਰੂ ਜੀ ਨੇ ਵਣਜਾਰੇ ਦੇ ਪੁੱਤ ਮਰਨ ਪਰਥਾਇ ਇਹ ਸ਼ਬਦ ਉਚਾਰਿਆ ਸੀ, ਦਾਦੂ ਜੀ ਨੇ ਬੀ ਸੰਬੋਧਨ ਵਣਜਾਰੇ ਦਾ ਹੀ ਲੈ ਲੀਤਾ ਹੈ। ਓਥੇ ਬੀ ਪਦ ਵਣਜਾਰਿਆ ਮਿੱਤ੍ਰਾ ਹੈ ਏਥੇ ਬੀ ਪਦ ਵਣਜਾਰਿਆ ਮਿੱਤ੍ਰਾ ਹੀ ਵਰਤਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬੋਲੀ ਪੰਜਾਬੀ ਹੈ, ਇੱ-ਥੇ ਬੀ ਪੰਜਾਬੀ ਵਰਤੀ ਗਈ ਹੈ, ਚਾਹੇ ਸ੍ਰੀ ਦਾਦੂ ਜੀ ਪੰਜਾਬੀ ਨਹੀਂ ਸਨ। ਇਥੋਂ ਹੀ ਪੱਕਾ ਅਨੁਮਾਨ ਹੁੰਦਾ ਹੈ ਕਿ ਆਪ ਨਾ ਕੇਵਲ ਪੰਜਾਬ ਵਿਚ ਆਏ ਸਗੋਂ ਪੰਜਾਬ ਵਿਚ ਇਤਨਾ ਚਿਰ ਰਹੇ ਕਿ ਇਥੋਂ ਦੀ ਬੋਲੀ ਵਿਚ ਕਵਿਤਾ ਰਚਣ ਲਗ ਪਏ।ਫਿਰ ਪਹਿਰੇਲਿਖਣੇ ਤੇ ਸਿਰੀ ਰਾਗ ਵਿਚ ਲਿਖਣੇ ਤੇ ਛੇ ਤੁਕੇ ਬੰਦ ਗੁਰਬਾਣੀ ਦੇ ਪਹਿਰਿਆਂ ਵਾਂਗੂ ਲਿਖਣੇ, ਇਕ ਤੁਕ ਨੂੰ ਪਲਟਾ ਦੇਣਾ ਉਸੇ ਤਰ੍ਹਾਂ, ਚੌਹਾਂ ਪਹਿਰਿਆਂ ਵਿਚ ਗੁਰਬਾਣੀ ਵਾਂਙ ਚਾਰ ਅਵਸਥਾ ਲਿਖਣੀਆਂ ਬਿਨਾ ਗੁਰਬਾਣੀ ਦੇ ਪਹਿਰਿਆਂ ਨਾਲ ਪੂਰੀ ਵਾਕਫੀ ਦੇ ਹੋ ਨਹੀਂ ਸਕਦਾ। ਇਸ ਲਈ ਇਹ ਅਨੁਮਾਨ ਕਰਨਾ ਕਿ ਦਾਦੂ ਜੀ ਨੇ ਗੁਰਬਾਣੀ ਦੇ ਚਸ਼ਮੇਂ ਤੋਂ ਅੰਮ੍ਰਿਤ ਪੀਤਾ ਸੀ ਸੱਚ ਤੋਂ ਦੂਰ ਨਹੀਂ ਹੋਵੇਗਾ।

੩. ਰਾਗ ਟੋਡੀ। ਕਾਫੀ।

ਨਾਉ ਰੇ ਨਾਉ ਰੇ ਨਾਉ ਰੇ। ਸਗਲ ਸਿਰੋਮਣਿ ਨਾਉ ਰੇ। ਮੈਂ ਬਲਿਹਾਰੀ ਜਾਉਂ ਰੇ। ੧। ਰਹਾਉ। ਦੁਤਰਿ ਤਾਰੈ ਪਾਰ ਉਤਾਰੈ ਨਰਕ ਨਿਵਾਰੈ ਨਾਉ ਰੇ। ਤਾਰਨ ਹਾਰਾ ਭਉਜਲ ਪਾਰਾ ਨਿਰਮਲ ਸਾਚਾ ਨਾਉ ਰੇ। ਨੂਰ ਦਿਖਾਵੈ ਤੇਜ ਮਿਲਾਵੈ ਜੋਤਿ ਜਗਾਵੈ ਨਾਉਂ ਰੇ। ਸਭ ਸੁਖਦਾਤਾ ਅੰਮ੍ਰਿਤ ਰਾਤਾ ਦਾਦੂਮਾਤਾ ਨਾਉ ਰੇ।

ਹਿੰਦੀ ਸੰਸਕ੍ਰਿਤ ਵਿਚ ਪਦ 'ਨਾਮ' ਵਰਤੀਂਦਾ ਹੈ। 'ਨਾਉਂ' ਠੇਠ ਪੰਜਾਬੀ ਪਦ ਹੈ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਿ ਪਾਤਸ਼ਾਹੀ ਤੋਂ ਵਰਤੀਣਾ ਅਰੰਭ ਹੋਇਆ ਹੈ, ਹਿੰਦੀ ਪਦ 'ਭਵਜਲ' ਹੈ, 'ਭਉਜਲ' ਪੰਜਾਬੀ ਹੈ, 'ਸਗਲ' ਵੀ 'ਸਕਲ' ਪਦ ਦੀ ਪੰਜਾਬੀ ਸੂਰਤ ਹੈ।

੪. ਫੁਨਹੇ।

ਮਾਪ ਮਾਪ ਦਰਯਾਉ ਦਿਵਾਨੇ ਹੋਇ ਰਹੇ ॥ ਅੰਤ ਨ ਪਾਰਾਵਾਰ ਔਰ ਆਗੇ ਗਏ। ਚਲਿ ਚਲਿ ਰਹਿ ਗਏ ਹਾਰ ਅੰਤ ਨ ਪਾਈਐ ॥ ਦਾਦੂ ਥਾਕਾ ਪੰਥ ਤਹਾਂ ਅਬਿ ਪਾਈਐ ॥

'ਫੁਨਹੇ' ਇਸ ਛੰਦ ਦਾ ਨਾਮ ਪੰਜਾਬੀ ਹੈ ਜੋ ਸੰਸਕ੍ਰਿਤ ਦੇ ਪੁਨਾ ਪਦ ਤੋਂ ਬਣਿਆ ਹੈ। ਪੁਰਾਤਨ ਨਾਮ ਚਾਂਦ੍ਰਾਯਣ ਤੇ ਅੜਿਲ* ਹੈਸੀ, ਸਭ ਤੋਂ ਵਧੀਕ ਪ੍ਰਸਿੱਧ ਫੁਨਹੇ ਪੰਜਵੀਂ ਪਾਤਸ਼ਾਹੀ ਦੇ ਹਨ। ਦਾਦੂ ਜੀ ਦੀ ਰਚਨਾ ਵਿਚ ਬੀ ਇਹ ਛੰਦ ਵਰਤਕੇ ਨਾਮ 'ਫੁਨਹੇ' ਦਿੱਤਾ ਹੈ।ਵਜੀਦ ਤੇ ਕਾਮਨ ਦਾਸ ਫਕੀਰਾਂ ਨੇ ਬੀ 'ਫੁਨਹੇ' ਇਸੇ ਵਜ਼ਨ ਤੇ ਪੰਜਾਬੀ ਵਿਚ ਕਹੇ ਹਨ।

੫. ਰਾਗ ਕਾਨੜਾ

ਆਉ ਵੇ ਸਜਣ ਆਉ ॥ ਸਿਰ ਧਰ ਧਰ ਪਾਉ ਵੇ ਸਜਣ ਆਉ ॥ ਜਾਨੀ ਮੈਂਡਾ ਜਿੰਦ ਅਸਾਡੇ ਤੂੰ ਰਾਵੇਂ ਦਾ ਰਾਉ ਵੇ ॥ ੧ ॥ ਰਹਾਉ ॥ ਇੱਥਾਂ ਉੱਥਾਂ ਜਿੱਥਾਂ ਕਿੱਥਾਂ ਹਉਂ ਜੋਵਾਂ ਤੁਝ ਨਾਲ ਵੇ। ਮੀਆਂ ਮੈਂਡਾ ਆਉ ਅਸਾਡੇ ਤੂੰ ਲਾਲੋਂ ਸਿਰ ਲਾਲ ਵੇ ॥੧॥ ਤਨ ਡੇਵਾਂ ਅੈ ਮਨ ਭੀ ਡੇਵਾਂ ਡੇਵਾਂ ਪਿੰਡ ਪਰਾਨ ਵੇ। ਸੱਚਾ ਸਾਈਂ ਮਿੱਲਿ ਇਥਾਈਂ ਜਿੰਦ ਕਰਾਂ ਕੁਰਬਾਨ ਵੇ। ਤੂੰ ਪਾਕੈਂ ਸਿਰ ਪਾਕ ਵੇ ਸਜਣ ਤੂੰ ਖੂਬੈਂ ਸਿਰ ਖੂਬ ॥ ਦਾਦੂ ਭਾਵੇਂ ਸੱਜਨ ਆਵੇ ਤੂੰ ਮਿੱਠਾ ਮਹਿਬੂਬ ਵੇ।

ਇਹ ਠੇਠ ਪੰਜਾਬੀ ਹੈ। ਸਗੋਂ ਇਸ ਵਿਚ ਪਦ, ਇਥਾਂ, ਉੱਥਾਂ, ਮੈਂਡਾ, ਡੇਵਾਂ, ਇਥਾਂਈ, ਲਹਿੰਦਾ ਪੰਜਾਬੀ ਦੇ ਹਨ।

*ਅੜਿਲ ਦੇ ਚਾਰ ਰੂਪ ਹਨ, ਤੀਸਰਾ ਤੇ ਚੌਥਾ ਫੁਨਹੇ ਨਾਲ ਮਿਲਦੇ ਹਨ।

੬. ਰਾਗ ਕਿਦਾਰਾ ।।

ਹਮਾਰੇ ਤੁਮਹੀ ਹੋ ਰਖਪਾਲ।। ਤੁਮ ਬਿਨ ਅਉਰ ਨਹੀ ਕੋ ਮੋਰੈ ਭਉ ਦੁਖ ਮੇਟਣ ਹਾਰ ।। ੧ ।। ਰਹਾਉ ।। ਬੈਰੀ ਪੰਜ ਨਿਮਖ ਨਹੀਂ ਨਿਆਰੇ ਰੋਕ ਰਹੇ ਜਮ ਕਾਲ ।। ਹਾ ਜਗਦੀਸ ਦਾਸ ਦੁਖ ਪਾਵੈ ਸੁਆਮੀ ਕਰਉ ਸੰਭਾਲ । ੧ । ਤੁਮ ਬਿਨ ਰਾਮ ਦਹੈਂ ਇਹ ਦੁੰਦਰ ਦਸਹੁ ਦਿਸਾ ਸਭ ਸਾਲ । ਦੇਖਤ ਦੀਨ ਦੁਖੀ ਕਿਉਂ ਕੀਜੈ ਤੁਮ ਹੋ ਦੀਨ ਦਿਆਲ । ਨਿਰਭਉ ਨਾਉਂ ਹੋਤ ਹਰਿ ਦੀਜੈ ਦਰਸਨ ਪਰਸਨ ਲਾਲ । ਦਾਦੂ ਦੀਨ ਲੀਨ ਕਰ ਲੀਜੈ ਮੇਟਹੁ ਸਭੈ ਜੰਜਾਲ ।

ਪਦ 'ਨਿਰਭਉ' ਤੇ 'ਨਾਉ' ਠੇਠ ਪੰਜਾਬੀ ਤੇ ਗੁਰੂ ਨਾਨਕ ਦੇਵ ਜੀ ਨੇ ਵਰਤੇ ਹਨ। 'ਹੋਤ' ਪਦ ਵੀ ਪੰਜਾਬੀ ਰਪ ਹੈ ਹਿਤ ਦਾ ਤੇ ਗੁਰਬਾਣੀ ਵਿਚ ਹੈ ।

ਸੋ ਉਪਰ ਦਿੱਤੀਆਂ ਵੰਨਗੀਆਂ ਤੋਂ ਅੰਦਰਲੀ ਉਗਾਹੀ ਮਿਲਦੀ ਹੈ ਕਿ ਸ੍ਰੀ ਦਾਦੂ ਜੀ ਪੰਜਾਬੀ ਵਿਚ ਲਿਖ ਸਕਣ ਵਾਲੇ, ਗੁਰਬਾਣੀ ਦੇ ਵਾਕਫ, ਗੁਰਬਾਣੀ ਦੀ ਉੱਚ ਖਿਆਲੀ ਤੋਂ ਜਾਣਕਾਰ ਤੇ ਲਾਭ ਉਠਾਏ ਹੋਏ ਮੱਜਣ ਸਨ । ਗੁਰੂ ਘਰ ਨਾਲ ਆਪ ਦਾ ਚੰਗਾ ਤਅੱਲਕ ਪਿਆ ਹੋਣਾ ਸੁਹਣਾ ਅਨੁਮਾਨ ਹੋ ਰਿਹਾ ਹੈ । ਦਸਮੇ ਗੁਰੂ ਜੀ ਮਹੰਤ ਪੁਰ ਮਿਹਰ ਦਾ ਕਾਰਨ ਇਹੋ ਹੋ ਸਕਦਾ ਹੈ ਤੇ ਮਹੰਤ ਜੈਤਰਾਮ ਜੀ ਦਾ ਪ੍ਰੇਮ ਤੇ ਸਤਿਕਾਰ ਦਾ ਕਾਰਣ ਬੀ ਇਹੀ ਹੋਵੇ ਤਾਂ ਸੱਚ ਤੋਂ ਦੂਰ ਨਹੀਂ ਸਮਝਣਾ ਚਾਹੀਏ ।

—o—

੯੦. ਪੁਸ਼ਕਰ–ਚੇਤਨ ਬ੍ਰਹਮਨ ਤੇ ਭਾਈ ਪ੍ਰਿਥੀ*।

ਸਨੇ ਸਨੇ ਵਿਚਰਦੇ ਸੀ ਗੁਰੂ ਜੀ ਪੁਸ਼ਕਰ ਪਹੁੰਚੇ। ਇਹ ਟਿਕਾਣਾ ਅਜਮੇਰ ਤੋਂ ਤ੍ਰੈ ਕੁ ਕੋਹ ਤੇ ਇਕ ਭਾਰੀ ਝੀਲ ਹੈ, ਜੋ ਹਿੰਦੂਆਂ ਦਾ ਇਕ ਮਹਾਨ ਤੀਰਥ ਹੈ, ਇਥੇ ਅੱਪੜਕੇ ਬਾਹਰ ਡੇਰਾ ਕੀਤਾ ਤੇ ਅਗਲੇ ਦਿਨ ਉਸ ਘਾਟ ਇਸ਼ਨਾਨ ਕੀਤਾ ਜਿਥੇ ਕਦੇ ਗੁਰੂ ਨਾਨਕ ਦੇਵ ਜੀ ਠਹਿਰੇ ਸਨ†। ਗੁਰੂ ਨਾਨਕ ਦੇਵ ਜੀ ਨੂੰ ਏਥੇ ਬੀ ਸਿਧ ਆਕੇ ਮਿਲੇ ਸਨ ਤੇ ਕੁਛ ਚਰਚਾ ਕੀਤੀ ਸਾਨੇ ਤੇ ਉਸ ਚਰਚਾ ਵਿਚ ਸੰਤੁਸ਼ਟ ਹੋਕੇ ਯਸ਼ ਕਰਦੇ ਵਿਦਾ ਹੋਏ ਸਨ । ਗੁਰੂ ਗੋਬਿੰਦ ਸਿੰਘ ਜੀ ਆਏ ਸੁਣਕੇ 'ਚੇਤਨ' ਬ੍ਰਹਮਨ ਆ ਮਿਲਿਆ ਤੇ ਦਾਨ ਪਾਕੇ ਸੁਖੀ ਹੋਇਆ । ਗੁਰੂ ਜੀ ਦਾ ਨਾਮ ਸੁਣਕੇ ਤੇ ਇਹ ਪਤਾ ਪਾਕੇ ਕਿ 'ਚੇਤਨ' ਬ੍ਰਹਮਨ ਬੜੀ ਸ਼ਰਧਾ ਨਾਲ ਜਾਕੇ ਮਿਲਿਆ ਹੈ, ਉਸ ਥਾਂ ਦੇ ਹੋਰ ਬ੍ਰਹਮਨ ਤੇ ਬਨੀਏ ਆਦਿ ਲੋਕ ਦਰਸ਼ਨਾਂ ਨੂੰ ਆਏ । ਖਾਲਸੇ ਦਾ ਰੰਗ ਰੂਪ ਸਭ ਨਵਾਂ ਦੇਖ ਕੇ ਪੁੱਛਣ ਲਗੇ. 'ਇਨ੍ਹਾਂ ਸਿਖਾਂ ਦੀ ਜਾਤ ਕੀ ਹੈ? ਹਿੰਦੂ ਹਨ ਕਿ ਕੁਛ ਹੋਰ' ! ਤਦ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਤੀਸਰਾ ਪੰਥ ਹੈ, ਧਰਮ ਰਖਜਾ ਲਈ ਰਚਿਆ ਗਿਆ ਹੈ। ਮਜ਼ਲੂਮ ਹਿੰਦੂ ਜਾਤੀ, ਸਾਧੂ ਬ੍ਰਹਮਣ ਸਭ ਦੀ ਰਖਜਾ ਕਰ ਰਿਹਾ ਹੈ ਤੇ ਕਰੇਗਾ, ਖਾਲਸੇ ਦੇ ਹਾਲ ਤੇ ਮਾਰੀਆਂ ਤੇਗਾਂ ਦੇ ਸਮਾਚਾਰ ਸੁਣਕੇ ਸਭ ਲੋਕ ਖੁਸ਼ ਹੋਏ ਤੇ ਮੱਥਾ ਟੇਕਕੇ ਵਿਦਾ ਹੋਏ । ਜਿਤਨੇ ਦਿਨ ਗੁਰੂ ਜੀ ਟਿਕੇ, ਦੀਵਾਨ ਸਜਦੇ ਰਹੇ. ਲੋਕੀ ਆਉਂਦੇ ਰਹੇ ਤੇ ਕਈਆਂ ਦਾ ਉਧਾਰ ਹੋਯਾ ।

ਇਨ੍ਹਾਂ ਵਿਚੋਂ ਯਾਦ ਵਿਚ ਤੇ ਲਿਖਤ ਵਿਚ ਰਹਿ ਗਈ ਇਕ ਵਾਰਤਾ ਭਾਈ ਪ੍ਰਿਥੀ ਜੀ ਦੀ ਹੈ।ਆਪ ਬੀ ਬ੍ਰਹਮਨ ਹੀ ਸੇ ਤੇ ਪੰਜਾਬੀ ਸੇ,ਨੱਕੇ ਵਿਚ ਆਪ ਦਾ ਜਨਮ ਪਿੰਡ ਸੀ, ਪਰ ਤਪੱਸਜਾ ਕਰਨ ਦੀ ਖਾਤਰ ਘਰੋਂ ਨਿਕਲੇ ਤੀਰਥਾਟਨ ਕਰਦੇ ਪੁਸ਼ਕਰ

*ਇਹ ਲੇਖ ਇਸ ਸੰਥੇ ਲਈ ਸਤੰਬਰ ੧੯੪੨ (ਸੰ: ਗੁ: ਨਾ: ਸਾ: ੪੭੩) ਨੂੰ ਲਿਖਕੇ ਸ਼ਾਮਲ ਕੀਤਾ ਗਿਆ ਸੀ।

†ਇਸ ਥਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ਼ਨਾਨ ਤੋਂ 'ਗੋਬਿੰਦ ਘਾਟ' ਸੱਦਦੇ ਸਨ । ਅਸਾਂ ਪਹਿਲੀ ਵੇਰ ਜਦ ਥਾਂ ਡਿੱਠਾ ਤਾਂ ਲੋਕੀ ਫ਼ਖਰ ਨਾਲ ਇਹ ਗੱਲ ਦੱਸਦੇ ਸਨ, ਪਰ ਹੁਣ ਕੁਛ ਇਹ ਨਾਉਂ ਤੇ ਸਾਖੀ ਬਦਲਣ ਦਾ ਯਤਨ ਹੋ ਰਿਹਾ ਹੈ ।

ਟਿਕ ਗਏ ਸਨ। ਯੋਗ ਸਾਧਨ, ਤਪ, ਹਠ, ਬ੍ਰਤ ਉਹ ਕੀਤੇ ਸੋ ਪਰ ਹਿਰਦੇ ਦੀ ਠੰਢ ਪ੍ਰਾਪਤ ਨਹੀਂ ਸੀ ਹੋਈ। ਗੁਰੂ ਜੀ ਦਾ ਨਾਮ ਗੁਰ ਨਾਨਕ ਦੀ ਗਾਦੀ, ਪੂਜਾ ਰਖਜਾਦੇ ਹਾਲ ਸੁਣਕੇ 'ਪ੍ਰਿਥੀ' ਬ੍ਰਹਮਣ ਦਰਸ਼ਨਾਂ ਨੂੰ ਆਇਆ। ਅਗੇ ਦੀਵਾਨ ਸਜ ਰਿਹਾ ਤੇ ਕੀਰਤਨ ਹੋ ਰਿਹਾ ਸੀ। ਪ੍ਰਿਥੀ ਜੀ ਦੂਰੋਂ ਦਰਸ਼ਨ ਕਰਕੇ ਆਪ ਤੋਂ ਆਪ ਨਿਉਂ ਗਏ ਤੇ ਨਮਸਕਾਰ ਕਰਕੇ ਓਥੇ ਹੀ ਬਹਿ ਗਏ। ਤਪਾਂ ਨਾਲ ਸਾਧੇ ਮਨ ਤੇ ਕੀਰਤਨ ਦਾ ਅਸਰ ਤੇ ਦਰਸ਼ਨ ਦਾ ਪ੍ਰਭਾਵ ਵਿਸਮਾਦੀ ਰੰਗ ਲਾ ਗਿਆ। ਮਨ ਕਿਸੇ ਅਸਚਰਜ ਦੇ ਰਸ ਵਿਚ ਜੁੜ ਗਿਆ। ਅਜ ਆਪੇ ਵਿਚੋਂ ਆਪੇ ਦਾ ਰਸ ਆਇਆ। ਭੋਗ ਪੈ ਗਿਆ ਤਾਂ ਆਪ ਉਥੋਂ ਹੀ ਰਸ ਮੱਤੇ ਆਪਣੇ ਟਿਕਾਣੇ ਚਲੇ ਗਏ। ਅਗਲੇ ਦਿਨ ਅੰਮ੍ਰਿਤ ਵੇਲੇ ਫੇਰ ਆਏ। ਆਸਾ ਦੀ ਵਾਰ ਸੁਣੀ, ਭੋਗ ਪੈਣ ਦੇ ਮਗਰੋਂ ਜਦੋਂ ਗੁਰੂ ਜੀ ਉਠੇ ਤੇ ਦੂਰ ਇਕੱਲੇ ਜਾ ਟਿਕੇ, ਪ੍ਰਿਥੀ ਜੀ ਮਗਰੇ ਗਏ ਤੇ ਏਥੇ ਆਪ ਨੇ ਆਪਣੇ ਤਪ ਹਠ ਬ੍ਰਤਾਂ ਦੇ ਸਾਧਨ ਤੇ ਛੇ ਸ਼ਾਸਤ੍ਰਾਂ ਦੀ ਘੋਖਨਾ ਦੀਆਂ ਮਿਹਨਤਾਂ ਸੁਣਾਕੇ ਆਪਣੇ ਖੁਸ਼ਕ ਰਹਿਣ ਦਾ ਤੇ ਕੀਰਤਨ ਨਾਲ ਰਸ ਵਿਚ ਆਕੇ ਨਿਰੁੱਧ ਹੋ ਜਾਣ ਦਾ ਨਵਾਂ ਤਜਰਬਾ ਕਹਿਕੇ ਅਰਜ਼ ਗੁਜ਼ਾਰੀ ਕਿ ਮੇਰੀ ਕਲਜ਼ਾਨ ਕਰੋ। ਸ੍ਰੀ ਗੁਰੂ ਜੀ ਨੇ ਆਪਣਾ ਪ੍ਰੇਮ ਮਾਰਗ ਉਸ ਨੂੰ ਸਮਝਾਇਆ। ਵਾਹਿਗੁਰੂ ਜੀ ਜੋ 'ਪ੍ਰੇਮ' ਰੂਪ ਹਨ, ਉਨ੍ਹਾਂ ਦੀ ਪ੍ਰਾਪਤੀ ਮਨ ਦੇ 'ਪ੍ਰੇਮ' ਦੁਆਰਾ ਦੱਸੀ ਤੇ ਪ੍ਰੇਮ ਲਈ ਵਾਹਿਗੁਰੂ ਜੀ ਦੀ ਸਿਫਤ ਸਲਾਹ ਦਾ ਮਾਰਗ ਸਮਝਾਯਾ। ਸਿਫਤ ਸਲਾਹ ਵਾਲਾ ਆਪਣੇ ਪਯਾਰੇ ਦੇ ਨਾਮ ਸਿਮਰਨ ਵਿਚ ਲੱਗਾ ਹੋਇਆ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ, ਕਸ਼ਟ ਸਾਧਨਾਂ ਦੀ ਲੋੜ ਨਹੀਂ ਰਹਿੰਦੀ। ਇਉਂ ਸੁਣਕੇ ਤੇ ਪਰਤੱਖ ਤਜਰਬਾ ਦੇਖਕੇ ਪ੍ਰਿਥੀ ਗੁਰੂ ਮਾਰਗ ਵਿਚ ਆਕੇ ਸਿਖ ਹੋਕੇ ਸੁਖੀ ਹੋ ਗਿਆ। ਜਦੋਂ ਗੁਰੂ ਜੀ ਪੁਸ਼ਕਰ ਤੋਂ ਵਿਦਾ ਹੋਣ ਲਗੇ ਤਾਂ ਭਾਈ ਪ੍ਰਿਥੀ ਨੂੰ ਆਗਯਾ ਕੀਤੀ ਕਿ ਪੰਜਾਬ ਆਪਣੇ ਇਲਾਕੇ ਵਿਚ ਜਾਓ ਤੇ ਗੁਰਸਿਖੀ ਦਾ ਪ੍ਰਚਾਰ ਕਰੋ।

ਭਾਈ ਪ੍ਰਿਥੀ ਜੀ ਪੰਜਾਬ ਆ ਗਏ, ਲਾਹੌਰ ਦੇ ਜ਼ਿਲੇ ਪਿੰਡ ਮਾਣਕ ਆ ਡੇਰਾ ਲਾਇਆ। ਗੁਰੂ ਕਾ ਯਸ਼ ਤੇ ਹਰੀ ਕੀਰਤਨ ਸ਼ੁਰੂ ਕਰ ਦਿੱਤਾ। ਆਪ ਦੇ ਉੱਚ ਜੀਵਨ, ਪਵਿਤ੍ਰ ਕਰਨੀ, ਆਤਮਿਕ ਪ੍ਰਭਾਵ ਤੇ ਸਤਿਸੰਗ ਨਾਲ ਸਾਰੇ ਇਲਾਕੇ ਵਿਚ ਸਿੱਖੀ ਫੈਲ ਗਈ। ਆਪ ਸਹਿਜਧਾਰੀ ਸਨ, ਪਰ ਆਪਦੇ ਉਪਦੇਸ਼ ਨਾਲ ਅਨੇਕਾਂ ਸਿੰਘ ਸਜੇ, ਇਹ ਡੇਰਾ ਹੁਣ ਤੱਕ ਵਸਦਾ ਹੈ।

ਇਤਿਹਾਸਿਕ ਪਹਿਲੂ

ਭਾਈ ਪ੍ਰਿਥੀ ਜੀ ਦੇ ਡੇਰੇ ਦੇ ਮਹੰਤ ਮਿਹਰਦਾਸ ਜੀ ਨੇ ਮੁਆਫੀ ਦੀ ਪੁੱਛ ਗਿੱਛ ਸਮੇਂ ੨੭ ਅਪ੍ਰੈਲ ਸੰਨ ੧੯੬੬ ਨੂੰ ਡਿਪਟੀ ਕਮਿਸ਼ਨਰ ਲਾਹੌਰ ਪਾਸ ਇਕ ਦਰਖਾਸਤ ਵਿਚ ਇਹ ਗੱਲ ਲਿਖੀ ਸੀ ਕਿ ਇਹ ਡੇਰਾ ਭਾਈ ਪ੍ਰਿਥੀ ਜੀ ਦਾ ਹੈ ਜੋ ਦਸਮੇ ਪਾਤਸ਼ਾਹ ਜੀ ਦੇ ਪੂਰਨ ਸਿਖ ਹੋਏ ਹਨ।

ਇਸੀ ਤਰ੍ਹਾਂ ਜਨਵਰੀ ੧੯੦੫ ਵਿਚ ਗੁਰਦੁਆਰੇ ਦੇ ਸੇਵਾਦਾਰਾਂ ਨੇ ਸਰਦਾਰ ਅਬਦੁਲ ਰਹਿਮਾਨ ਡਿਪਟੀ ਕਲਕਟਰ ਨੂੰ ਗੁਰਦੁਆਰੇ ਦੇ ਹਾਲ ਦੱਸੇ। ਉਕਤ ਸਰਦਾਰ ਨੇ ਜੋ ਸਰਟੀਫੀਕੇਟ ਦਿਤਾ ਉਸ ਵਿਚ ਲਿਖਿਆ ਹੈ ਕਿ ੧੭੬੩ ਬਿਕ੍ਰਮੀ ਵਿਚ ਬਹਾਦਰ ਸ਼ਾਹ ਦੇ ਰਾਜ ਵਿਚ ਭਾਈ ਪ੍ਰਿਥੀ ਜੀ ਨੇ ਇਹ ਡੇਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਕਾਇਮ ਕੀਤਾ। ਇਥੇ ਲੰਗਰ ਚਲਾਇਆ ਤੇ ਪ੍ਰਚਾਰ ਅਰੰਭਿਆ।

ਸੂਚਨਾ—ਪੁਸ਼ਕਰ ਤੋਂ ਟੁਰਕੇ ਆਪ ਲਾਲੀ, ਘਮਰੋਦਾ ਤੇ ਕੁਲਾਯਤ ਹੁੰਦੇ ਹੋਏ ਜਾ ਰਹੇ ਸਨ ਕਿ ਰਸਤੇ ਵਿਚ (ਸੂਰਜ ਪ੍ਰਕਾਸ਼ ਅਨੁਸਾਰ) ਭਾਈ ਦਯਾ ਸਿੰਘ ਜੀ ਦੱਖਣ ਤੋਂ ਆ ਮਿਲੇ। ਤੇ ਉਨ੍ਹਾਂ ਦੱਸਿਆ ਕਿ ਔਰੰਗਜ਼ੇਬ ਨੇ ਦਿੱਲੀ ਪਰਵਾਨੇ ਲਿਖ ਭੇਜੇ ਹਨ ਕਿ ਸਤਿਗੁਰੂ ਜੀ ਜਿਸ ਪਾਸੇ ਜਾਣ, ਕੋਈ ਅੜੋ ਜੰਗ ਨਾ ਕਰੇ, ਜਿਥੇ ਚਾਹੁਣ ਵਿਚਰਨ। ਇਹ ਭੀ ਦੱਸਿਆ ਕਿ ਗੁਰਜਦਾਰ ਦਿੱਲੀ ਵਲ ਚਲੇ ਗਏ ਸਨ ਤੇ ਅਸੀਂ ਆਪ ਦੀ ਸੁਧ ਇਧਰ ਦੀ ਪਾਕੇ ਇਥੇ ਆ ਪਹੁੰਚੇ ਹਾਂ ਤੇ ਇਹ ਭੀ ਖਬਰ ਓਥੇ ਆਮ ਫੈਲ ਗਈ ਹੈ ਕਿ ਔਰੰਗਜ਼ੇਬ ਬੀਮਾਰ ਹੋ ਗਿਆ ਹੈ ਤੇ ਬੜਾ ਸਖਤ ਬੀਮਾਰ ਹੈ। ਏਥੇ ਹੀ ਕਿਸੇ ਮੁਕਾਮ ਤੇ ਸਾਹਿਬ ਰਾਮ ਕੌਰ ਜੀ ਦੀ ਮਾਤਾ ਭਾਈ ਰਾਮ ਕੌਰ ਜੀ ਨੂੰ ਦੱਖਣ ਵਲੋਂ ਸੰਦੇਸ਼ੇ ਨਾਲ ਲੈ ਜਾਣ ਲਈ ਆ ਮਿਲੀ। ਇਸ ਲਈ ਇਥੇ ਸਾਹਿਬ ਰਾਮ ਕੌਰ ਜੀ ਦਾ ਹਾਲ ਦੇ'ਦੇ ਹਾਂ, ਜੋ ਉਨ੍ਹਾਂ ਦਾ ਮਾਨੋਂ ਜੀਵਨ ਹੈ:—

੯੧. ਭਾਈ ਸਾਹਿਬ ਭਾਈ ਰਾਮ ਕੌਰ ਜੀ

ਅਥਵਾ

ਸ੍ਰੀ ਬਾਬਾ ਗੁਰਬਖਸ਼ ਸਿੰਘ ਜੀ*।

੧.

ਸਾਹਿਬ ਸੀ ਗੋਇੰਦ ਸਿੰਘ ਜੀ ਦੀ ਗੱਦੀ ਨਸ਼ੀਨੀ ਦਾ ਦਿਨ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਖਸ਼ੇ ਗੁਰਿਆਈ ਦੇ ਸਾਮਾਨ ਨਾਲ ਲੈਕੇ ਸ੍ਰੀ ਬਾਬਾ ਗੁਰਦਿੱਤਾ ਦੇ ਅਨੁਜ‡ ਬਾਬਾ ਹਰਦਿੱਤਾ ਜੀ ਆਏ, ਨਾਲ ਭਾਈ ਰਾਮ ਕੌਰ ਜੀ ਸਨ। ਜਦੋਂ ਦੀਵਾਨ ਸਜਿਆ ਤੇ ਸਭ ਸਾਹਿਬਜ਼ਾਦੇ, ਬਖਸ਼ਿਸ਼ਾਂ ਵਾਲੇ, ਮਸੰਦ, ਪ੍ਰੇਖ ਸੰਗਤਾਂ ਗੁਰਮੁਖ ਅਤੇ ਉੱਚੇ ਰਸਾਂ ਵਾਲੇ ਪਜਾਰੇ ਜੁੜ ਬੈਠੇ ਤਾਂ ਬਾਲਕ ਰੂਪ ਰਾਮ ਕੌਰ ਜੀ ਨੇ ਆਪਣੇ ਚਾਚੇ ਦੇ ਨਾਲਅਗੇ ਹੋਕੇ ਦਸਮੇ ਪਾਤਸ਼ਾਹ ਦੇ ਅਗੇ ਪੰਜ ਪੈਸੇ, ਨਲੇਰ, ਸ੍ਰੀ ਸਾਹਿਬ ਰਖਕੇ (ਜੋ ਦਿੱਲੀ ਤੋਂ ਆਏ ਸਨ) ਨਮਸਕਾਰ ਕੀਤੀ। ਸ੍ਰੀ ਹਰਦਿੱਤਾ ਜੀ ਨੇ ਆਖਿਆ: ਧੰਨ ਗੁਰੂ ਤੇਗ ਬਹਾਦਰ, ਇਹ ਦਾਤ ਜੋਤ ਉਨ੍ਹਾਂ ਦੀ ਘੱਲੀ ਆਪ ਦੀ ਇਮਾਨਤ ਹਾਜ਼ਰ ਹੈ। ਤਾਂ ਦੇਖੋ ਕਿ ਸਾਹਿਬਜ਼ਾਦਾ ਜੀ ਪਾਤਸ਼ਾਹਾਂ ਦੇ ਪਾਤਸ਼ਾਹ ਪਿਤਾ ਗੁਰੂ ਜੀ ਵਾਂਙੂ ਲਸੇ, ਚਮਕੇ ਤੇ ਤੇਜ ਦਾ ਐਸਾ ਚਮਕਾਰ ਮਾਰਿਆ ਕਿ ਦੇਖਣਹਾਰ ਮੋਹਿਤ ਹੋ ਗਏ।ਹੁਣ ਸ੍ਰੀ ਰਾਮ ਕੌਰ ਜੀ ਨੇ ਕੇਸਰ ਹੱਥ ਵਿਚ ਲਿਆ ਤੇ ਚਾਚਾ ਜੀ ਦੀ ਸਹਾਇਤਾ ਨਾਲ ਸੁਹਣੇ ਮਸਤਕ ਉਤੇ ਤਿਲਕ ਦਾ ਮੰਗਲਮਯ ਬਿੰਦੂ ਲਾਇਆ ਤਾਂ ਨਿੱਕਾ ਜਿਹਾ ਅੰਗੂਠਾ ਛੋਂਹਦੇ ਸਾਰ ਹੱਥ ਵਿਚ ਝਰਨਾਟ ਪਈ ਤੇ ਦੂਸਰੀ ਛਿਨ ਬਉਰਾਨਿਆ ਸਿਰ ਚਰਨਾਂ ਤੇ ਜਾ ਲੱਗਾ। ਇਹ ਚਰਨ-ਛੋਹ ਹੋਰ ਕਾਂਬਾ ਛੇੜ ਗਈ। ਸਰੀਰ ਵਿਚ ਇਕ ਰੌ ਫਿਰ ਗਈ, ਵਾਹ ਵਾਹ ਦੀ ਤੇ ਅੰਦਰ ਵਿਕਾਸ਼ ਹੋ ਗਿਆ:–

'ਨਾਨਕ ਭਗਤਾ ਸਦਾ ਵਿਗਾਸੁ'।

ਇਹ ਵਿਗਾਸ ਰੂਪ ਭਗਤੀ, ਸਿਫਤ ਸਲਾਹ ਦੇ ਟੋਗ ਨਾਲ ਰੰਗੀ ਗਈ ਵਾਹ ਵਾਹ ਨਾਲ ਪ੍ਰਾਪਤ ਹੋਣ ਵਾਲੀ ਸਦਗਤੀ, ਛੁਹ ਮਾਤ੍ਰ ਨਾਲ ਝੋਲੀ ਆ ਪੈਣ ਵਾਲੀ ਉਚਿਆਈ ਗੁਰੂ ਬਾਬੇ ਨੇ ਬਖਸ਼ੀ ਸੀ ਸ੍ਰੀ ਬਾਬੇ ਬੁੱਢੇ ਨੂੰ ਘਾਲਾਂ ਨਾਲ। ਚਾਹੇ ਪ੍ਰੇਮ ਲੱਗ ਗਿਆ ਸੀ ਉਸ ਨੂੰ ਬੀ ਦਰਸ਼ਨ ਕਰਦੇ ਸਾਰ ਹੀ। ਪਰ ਦੇਖੋ ਇਕ ਬਾਲਕਾ ਛੋਟੀ ਅਵਸਥਾ ਵਿਚ: ਅੱਜ ਕਿਵੇਂ ਇਸ ਨੂੰ ਝੱਲਦਾ ਹੈ। ਇਸ ਨੇ ਛੁਹ ਮਾਤ੍ਰ ਨਾਲ, ਘਾਲਾਂ ਵਾਲੀ ਉਮਰਾ ਅਰੰਭ ਹੋਣ ਤੋਂ ਪਹਿਲਾਂ ਹੀ ਉਹ ਸ਼ੈ ਪਾ ਲਈ ਹੈ। 'ਦਾਤ ਜੋਤ ਖਸਮੈ ਵਡਿਆਈ'। ਕੌਤਕਹਾਰ ਵਾਹਿਗੁਰੂ ਵਿਖਾਲਦਾ ਹੈ ਕਿ ਸਰੀਰ ਤਾਂ ਬਾਲਕ ਜੁਆਨ ਬਿਰਧ ਹੁੰਦਾ ਹੈ, ਬੁੱਧੀ ਬਚਪਨ ਵਿਚ ਹੋਰ, ਜੁਵਾਨੀ ਵਿਚ ਹੋਰ ਤੇ ਬੁਢੇਪੇ ਵਿਚ ਹੋਰ ਰੰਗ ਵਿਖਾਲਦੀ ਹੈ, ਪਰ ਸ਼ਰੀਰ ਦੇ ਅੰਦਰ ਬੈਠਾ ਆਪਾ ਆਤਮਾ –ਬਾਲ ਬੁੱਢਾ ਜਵਾਨ ਨਹੀਂ। ''ਨਾ ਇਹੁ ਬੂਢਾ ਨਾ ਇਹੁ ਬਾਲਾ''। ਤਜਰਬੇ ਕਰਕੇ, ਸਰੀਰ ਨੂੰ ਸਾਵਧਾਨਤਾ ਨਾਲ ਸਾਧ ਕੇ, ਮਨ ਰਾਗ,ਦ੍ਵੈਖ ਹਰਖ ਸ਼ੋਕ ਤੋਂ ਮਾਂਜਕੇ, ਬੁੱਧੀ ਸੰਸੇ ਤੋਂ ਧੋਕੇ,ਆਸਅੰਦੇਸੇ ਦੇ ਪਟ ਤੋੜਕੇ ਅਤੇ ਹਉਮੈ ਨੂੰ ਹਉਂ ਤੋਂ ਨਿਖਾਰਕੇ, ਜਿਸ ਤੱਤ ਵਸਤੂ ਨਾਲ ਜਾ ਠਹਿਕਣਾ ਹੈ ਉਹ ਛੁਹ ਮਾਤ੍ਰ ਨਾਲ ਭੀ ਦੇ ਦੇਣੀ–ਅਨਜਾਣੇ ਤੇ ਬੇਪਤੇ ਹੀ ਰੰਗ ਲਾ ਦੇਣਾ–ਸਾਈਂ ਦੇ ਕੌਤਕਾਂ ਵਿਚ ਹੈ, ਚਾਹੇ ਮਨ ਬੁੱਧੀ ਅਜੇ ਕਿਸੇ ਰੰਗ ਵਿਚ ਹੋਣ। ਅਰਥਾਤ ਅੰਦਰ ਉੱਚਤਾ ਦੀ ਪ੍ਰਤੀਤੀ, ਹਲਕਾਪਨ ਤੇ ਆਪੇ ਦਾ ਦ੍ਰਿਸ਼ਟਾ ਵਰਗਾ ਰੁਖ (ਫਾਇਲੀ ਰੁਖ) ਲਾ ਦੇਣਾ ਸਾਈਂ ਦੀ ਮਿਹਰ ਵਿਚ ਹੈ।

ਇਸ ਬੱਚੇ ਨੂੰ ਏਥੁਦੀ ਜਿਹੀ ਵਿਚ ਮੱਥੇ ਟੇਕਣ ਵਿਚ ਪਿਆਂ ਦੇਰ ਹੋ ਗਈ ਤਾਂ ਚਾਚੇ ਨੇ ਚਾਇਆ। ਬੱਚੇ ਨੂੰ ਛੁੰਹਦਿਆਂ ਸਾਰ ਇਕ ਝਰਨਾਟ ਜੇਹੀ ਚਾਚੇ ਨੂੰ ਬੀ ਛਿੜੀ। ਰਸੀਆ ਸੀ ਉਹ ਬੀ ਵਾਹ ਵਾਹ ਦਾ, ਪਰ ਇਹ ਝਰਨ ਅਨੋਖੀ ਸੀ, ਇਕ ਵੇਰ ਉਸਦਾ ਬੀ ਅੰਦਰਲਾ ਮੁੱਛ ਮੁੱਧ ਹੋਕੇ ਅਕਾਲ ਜੀ

---

*ਇਹ ਪ੍ਰਸੰਗ ਗੁਰਪੁਰਬ ਸਪਤਮੀ, ਜੋ ਸੰ: ੪੬੬ ਗੁਰ ਨਾ: ਸਾ: ਪੋਹ ਦੀ ੧੮, ਸ਼ੁਕਰਵਾਰ ਸੰ: ਬਿ: ੧੮੬੧ ਮੁਤਾਬਕ ੧੧ ਜਨਵਰੀ ੧੮੦੫ ਨੂੰ ਸੀ, ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

†ਇਹ ਪ੍ਰਸੰਗ ਪਿਛੇ ਪੁਰਬਾਰਧ ਵਿਚ ਆ ਚੁਕਾ ਹੈ। ‡ਛੋਟੇ ਭਰਾ। §ਲ: ਪੰ: ਮੁਜਬ ਉਮਰ ਤੇ ਚਾਰ ਸਾਲ ਦੀ ਸੀ।

ਨਾਲ ਠਹਿਕਿਆ। ਹਰਦਿੱਤਾ ਜੀ ਦੇ ਮਨ ਦੇ ਮਾਨੋਂ ਪਰਦੇ ਪਾਟ ਗਏ। ਜਾਣਨਾ, ਖ਼ਯਾਲਨਾ, ਪ੍ਰਤੀਤੀ*, ਤ੍ਰੈਏ ਇਕ ਛਿਨ ਲਈ ਮਾਨੋ ਅਟਕ ਖਲੋ ਹੋ ਗਏ। ਆਪਾ ਪਰਮ ਆਪੇ ਦੀ ਰੰਗਣੇਂ ਜਾ ਪਿਆ; ਅਨੰਤ ਨਾਲ ਜਾ ਛੁਹਿਆ। ਅਰਥਾਤ ਅੰਤ ਦੇ ਘੜੇ ਵਿਚ ਆਏ 'ਆਪੇ' ਨੇ ਪਰਮ ਆਪੇ ਨਾਲ ਜਾ ਮੇਲ ਖਾਧਾ। ਜੀਵਤੱਤ ਪਰਮਤੱਤ ਨੂੰ ਜਾ ਮਿਲਿਆ, ਕਿਸੇ ਬੇਹੋਸ਼ੀ ਵਿਚ ਨਹੀਂ, ਸਿਆਣਾਂ ਦੀ ਚੋਟੀ ਤੋਂ ਪਰੇ ਵਿਸਮਾਦ ਦੀ ਚੋਟੀ ਤੇ। ਬੱਚੇ ਦਾ ਸਿਰ ਚਾਉ'ਦਿਆ ਸਿਆਣੇ ਦਾ ਸਿਰ ਬੀ ਧਰਤੀ ਵਲ ਝੁਕਿਆ, ਗਿਆ ਪਰਮਾਤਮ ਅਗਨੀ ਦੇ ਸ਼ੁਅਲੇ ਵਾਲੇ ਦਿਬਜ ਸ਼ਰੀਰ ਦੇ ਚਰਨਾਂ ਵਲ। ਜਗਤ ਦੇ ਭਾਣੇ ਸੰਗਤ ਵਿਚੋਂ ਦੋ ਸ਼ਿਰੋਮਣੀਆਂ ਦੇ ਮਸਤਕ ਟਿਕੇ ਹਨ ਗੁਰੂ ਜੀ ਦੇ ਚਰਨਾਂ ਕਵਲਾਂ ਤੇ, ਪਰ ਵਾਸਤਵ ਵਿਚ ਗੁਰੂ ਸਿੱਖ ਵਿੱਚ ਹੀਰਿਆਂ ਦੀ ਸਾਂਟ ਹੋ ਗਈ ਹੈ।

ਇਸ ਦਿਨ ਤੋਂ ਮਗਰੋਂ ਬਾਲਕਾ ਰਾਮ ਕੌਰ ਚਾਚੇ ਸਮੇਤ ਕੁਝ ਦਿਨ ਅਨੰਦ ਪੁਰ ਰਿਹਾ, ਦਰਸ਼ਨ ਮੇਲੇ ਕਰਦਾ ਰਿਹਾ। ਉਹ ਜੋ ਚਰਨ ਛੁਹ ਨਾਲ ਵਿਸਮਾਦੀ ਰੰਗ ਲੱਗਾ ਸੀ ਹੁਣ ਕਿਵੇਂ ਹੈ। ਹੈ ਤਾਂ ਬੱਚਾ, ਬੁੱਧੀ ਨਹੀਂ ਪਕੜਦੀ ਉਸ ਖੇਲ ਨੂੰ, ਪਰ ਉਸ ਦੇ ਅੰਦਰ ਖਿੱਚ ਹੈ, ਦਰਸ਼ਨ-ਲੋਚਾ ਹੈ। ਸਰੂਪ ਦੇਖਦਾ ਹੈ ਤਾਂ ਖਿੜਦਾ ਹੈ, ਨਹੀਂ ਦੇਖਦਾ ਤਾਂ ਖਿੱਚ ਵਿੱਚ ਬੀ ਰੰਗ ਰਹਿੰਦਾ ਸੂ ਡਿੱਠੇ ਹੋਏ ਦੀ ਸਿਫਤ ਸਲਾਹ ਦਾ, ਤੇ ਵਾਹ ਵਾਹ ਦਾ ਉਚਾਰਨ ਸੁਤੇ ਹੁੰਦਾ ਰਹਿੰਦਾ ਹੈ। ਪਰ ਦਰਸ਼ਨ-ਤਾਂਘ ਬੇ ਮਲੂੰਮੇ ਲਗੀ ਰਹਿੰਦੀ ਹੈ। ਜਦੋਂ ਚਾਚੇ ਦੀ ਪਿੱਛੇ ਪਰਤਣ ਦੀ ਸਲਾਹ ਹੋਵੇ ਤਦੋਂ ਬਾਲਕੇ ਦਾ ਜੀ ਨਾ ਕਰੇ ਵਿਛੁੜਨ ਤੇ ਪਰ ਵਰੇਸ ਛੋਟੀ ਹੋਣ ਕਰਕੇ ਤੇ ਮਾਂ ਦਾ ਸਿਕਦਾ ਪੁੱਤ੍ਰ ਹੋਣ ਕਰਕੇ ਚਾਚੇ ਨੇ ਵਾਪਸ ਜਾਣਾ ਜ਼ਰੂਰੀ ਜਾਤਾ, ਸੋ ਵਿਛੁੜਨਾ ਪਿਆ ਤੇ ਸਾਹਿਬ ਰਾਮ ਕੌਰ ਜੀ ਆਪਣੇ ਨਗਰ ਆ ਗਏ।

ਚਾਚੇ ਭਾਈ ਹਰਦਿੱਤੇ ਜੀ ਨੇ ਭਤੀਜੇ ਦੀ ਪਾਲਣਾ ਪਿਆਰ ਨਾਲ ਕੀਤੀ। ਗੁਰੂ ਘਰ ਦੀ ਆਤਮ ਵਿਦਯਾ ਤੇ ਸ਼ਸਤ੍ਰ ਵਿਦਯਾ ਦੁਏ ਸਿਖਾਈਆਂ। ਸੰਗਤ ਦਾ, ਪਰਜਾ ਦਾ, ਸੈਨਾਂ ਦਾ, ਸਾਰੇ ਪ੍ਰਬੰਧ ਆਪ ਨੇ ਵਡੇ ਹੋ ਕੇ ਕਰਨੇ ਸਨ। ਪਰ ਜੋ ਅੰਦਰ ਤਣੁੱਕਾ ਵੱਜ ਕੇ ਖਿੱਚ ਲਗ ਗਈ ਸੀ ਉਹ ਉਮਰਾ ਵਧਦੀ ਦੇ ਨਾਲ ਟੁਰੀ ਰਹੀ, ਜੋ ਰੰਗਣ ਚੜ੍ਹੀ ਸੀ ਗੂੜ੍ਹੀ ਹੁੰਦੀ ਗਈ। ਅਜੇ ਬਾਰਾਂ ਚੌਦਾਂ ਬਰਸਾਂ ਦੇ ਹੀ ਸਨ ਕਿ ਬਾਬੇ ਬੁੱਢੇ ਜੀ ਦੀ ਸਮਾਧ ਦੇ ਨੇੜ ਮੇਲੇ ਪਰ ਸੰਗਤਾਂ ਆਈਆਂ। ਉਨ੍ਹਾਂ ਵਿਚ ਇਕ ਆਪਣੀ ਵਰੇਸ ਦੇ ਲਗ ਪਗ ਦਾ ਗੱਭਰੂ ਸੀ-ਰਾਮਾ-, ਉਸ ਵਲ ਤੱਕ ਕੇ, ਜੀ ਨੂੰ ਭਾ ਗਿਆ, ਆਖਣ ਲਗੇ, ਹੇ ਰਾਮਾ! ਕਿਥੇ ਜਾਣਾ ਈ ਪਰਤ ਕੇ, ਟਿਕ ਜਾ ਸਾਡੇ ਪਾਸ ਤੇ ਕਹੁ ਵਾਹਿਗੁਰੂ। ਰਾਮੇ ਨੇ ਆਖਿਆ 'ਵਾਹਿਗੁਰੂ' ਤੇ ਸੀਸ ਝੁਕ ਗਿਆ। ਇਹ ਰਾਮਾ ਫਿਰ ਸਦਾ ਆਪ ਦੀ ਸੇਵਾ ਵਿਚ ਹੀ ਰਿਹਾ ਤੇ ਸੇਵਾ ਕਰਦਾ ਸੁਖ ਦੇ ਘਰ ਅੱਪੜਿਆ।

੨.

ਵਡੇਰੀ ਉਮਰ ਵਿਚ ਤਾਂ ਪਤਾ ਲਗਦਾ ਹੈ ਕਿ ਮੈਨੂੰ ਖਿੱਚ ਹੈ, ਪਿਆਰ ਹੈ; ਕਿੰਤੂ ਛੋਟੀ ਉਮਰੇ ਧੂਹ ਤਾਂ ਪੈਂਦੀ ਹੈ ਪਰ ਪਤਾ ਨਹੀਂ ਲਗਦਾ ਕਿ ਇਹ ਕੀਹ ਹੈ। ਮਨ ਖਿੱਚੀਂਦਾ ਹੈ ਤੇ ਜਿੱਧਰ ਦੀ ਪਿਆਰ-ਤਾਂਘ ਹੋਵੇ ਉਧਰ ਦਾ ਰੁੱਖ ਰੱਖਦਾ ਹੈ। ਭਾਵੇਂ ਅਵਸਥਾ ਛੋਟ' ਸੀ ਪਰ ਖਿੱਚ ਅੰਦਰ ਤਕੜੇ ਹੱਥ ਪਾ ਕੇ ਲੱਗੀ ਹੋਈ ਸੀ। ਹਰ ਸਾਲ ਤੇ ਕਈ ਵੇਰ ਸਾਲ ਤੋਂ ਭੀ ਪਹਿਲਾਂ ਚਾਚਾ ਜੀ ਨੂੰ ਇਹ ਪ੍ਰਬੰਧ ਕਰਨਾ ਪੈਂਦਾ ਹੈ ਕਿ ਬਾਲਕਾ ਅਨੰਦ ਪੁਰ ਜਾਵੇ ਤੇ ਸ਼੍ਰੀ ਗੁਰੂ ਜੀ ਦੇ ਦਰਸ਼ਨ ਪਾਵੇ। ਕਈ ਵੇਰ ਮਾਤਾ ਨਾਲ ਜਾਂਦੀ, ਕਈ ਵੇਰ ਚਾਚਾ ਅਤੇ ਕਦੇ ਕੋਈ ਹੋਰ ਘਰ ਦਾ ਬੰਦਾ ਨਾਲ ਜਾਂਦਾ। ਅਨੰਦ ਪੁਰ ਵਾਸ ਦੇ ਦਿਨ ਬੜੇ ਚਾਉ ਤੇ ਅਨੰਦ ਦੇ ਲੰਘਦੇ। ਗੁਰੂ ਜੀ ਬੀ ਬੜਾ ਪਿਆਰ ਕਰਦੇ। ਕਦੇ 'ਬੁੱਢੇ ਕੇ' ਕਹਿ ਕੇ ਅਵਾਜ਼ ਮਾਰਦੇ, ਕਦੇ 'ਰਮਦਾਸਕੇ' ਕਹਿਕੇ ਬੁਲਾਉਂਦੇ; ਕਦੇ ਮਨੋਹਰ ਗਲੇ ਤੋਂ ਰਾਮਕੌਰ' ਦੀ ਹੀ ਸਾਦੀ ਪਰ ਖਿੱਚਵੀਂ ਸੱਦ ਮਾਰਦੇ। ਇਸ ਤਰ੍ਹਾਂ ਕਿਸ਼ੋਰ ਅਵਸਥਾ ਬੀਤੀ, ਹੁਣ ਜੋਬਨ ਦਾ ਮੁੱਢ ਸੀ ਕਿ ਆਪ ਦੇ ਵਿਆਹ ਲਈ ਆਗਯਾ ਹੋ ਗਈ। ਚਾਚੇ ਸ਼੍ਰੀ ਰਾਮ ਕੌਰ ਜੀ ਨੇ ਘਰ ਦੀ ਵਿਦਯਾ ਭੀ ਲਈ, ਸ਼ਸਤ੍ਰ ਦਾ ਹੁਨਰ ਭੀ ਸਿੱਖ ਲਿਆ, ਕੀਰਤਨ ਦੇ ਰਸੀਏ ਭੀ ਹੋ ਗਏ ਪਰ ਮਨ ਵਧੇਰੇ ਅੰਤਰ ਮੁਖ ਕਿਸੇ ਸੁਖ ਪ੍ਰਤੀਤੀ ਤੇ ਉਚਿਆਣ ਵਿਚ ਵਸਦਾ ਸੀ। ਇਹ ਸੁੱਛਤਾ ਤੇ ਨਿਰਮਲਤਾ ਦੀ ਪ੍ਰਤੀਤੀ

*Knowing, thinking and feeling.

ਬੜੀ ਅਮੋਲਕ ਸੀ। ਆਪ ਦਾ ਦੁਖ ਕੁਝ ਆਪੇ ਵਿਚ ਘੁਰਮ ਜੇਹੇ ਰਹਿਣ ਦਾ ਵਧ ਰਿਹਾ ਸੀ ਕਿ ਜਦੋਂ ਵਿਆਹਦੀ ਆਗਜਾ ਹੋਈ ਸੀ। ਸੋ ਹੁਣ ਭਕਨੇ ਪਿੰਡ, ਜੋ ਅੰਮ੍ਰਿਤਸਰ ਦੇ ਜ਼ਿਲੇ ਵਿਚ ਹੈ, ਇਕ ਸੰਧੂ ਘਰਾਣੇ ਵਿਚ ਆਪ ਦਾ ਵਿਆਹ ਹੋ ਗਿਆ, ਰਾਮ ਦੇ ਘਰ ਰਾਜ ਆ ਗਿਆ ਅਰਥਾਤ ਭਾਈ ਰਾਮ ਕੌਰ ਦੇ ਘਰ ਰਾਜ ਦੇਵੀ ਆ ਗਈ।

ਜਦੋਂ ਵਿਆਹ ਹੋ ਕੇ ਜੰਞ ਵਿਦਾ ਹੋਈ ਤਾਂ ਪਿੰਡ ਭਕਨੇ ਦੇ ਲੋਕੀਂ ਹੱਥ ਬੰਨ੍ਹਕੇ ਆ ਖੜੋਤੇ ਕਿ ਭਾਈ ਸਾਹਿਬ ਆਪ ਬਾਬੇ ਬੁੱਢੇ ਜੀ ਦੀ ਵੰਸ਼ ਵਿਚੋਂ ਹੋ। ਆਪ ਉਨ੍ਹਾਂ ਦੀ ਗੱਦੀ ਦੇ ਮਾਲਕ ਤੇ ਗੁਰੂ ਨਾਨਕ ਜੀ ਦੇ ਵਜ਼ੀਰ ਹੋ, ਸਾਡੇ ਪਿੰਡ ਚਰਨ ਪਾਏ ਜੇ, ਸਾਡੇ ਪਿੰਡ ਦੀ ਦਾਸੀ ਕਬੂਲੀ ਜੇ, ਸਾਡੇ ਤੇ ਮਿਹਰ ਕਰੋ ਕਿ ਸਾਡੇ ਪਿੰਡ ਜ਼ਹਿਰੀਲੇ ਸੱਪ ਬਹੁਤ ਹਨ ਤੇ ਪਾਣੀ ਦਾ ਟੋਟਾ ਹੈ, ਪਿੰਡ ਉੱਜੜਦਾ ਜਾਂਦਾ ਹੈ ਤੇ ਗ਼ਰੀਬੀ ਪ੍ਰਵੇਸ਼ ਕਰ ਰਹੀ ਹੈ: ਦੁਖੀ ਹਾਂ, ਸਾਨੂੰ ਸੁਖੀ ਕਰਦੇ ਜਾਓ। ਆਪ ਅਰਜ਼ਈ ਸੁਣਦੇ ਰਹੇ ਤੇ ਅੱਖਾਂ ਮੀਟਦੇ ਗਏ, ਫਿਰ ਨੈਣ ਖੁਹਲੇ ਤੇ ਆਖਣ ਲੱਗੇ ਭਾਈ ਗੁਰੂ ਨਾਨਕ ਦਾ ਘਰ ਬੇਅੰਤ ਦਾ ਘਰ ਹੈ ਤੇ ਬੇਅੰਤ ਦਾਤਾਂ ਦਾ ਦਾਤਾ ਹੈ, ਪਰ ਤੁਸੀਂ ਭੀ ਕੁਝ ਕਰੋ ਨਾ। ਰਾਹਕ ਬੋਲੇ ਜੇ ਆਪ ਆਗਜਾ ਕਰੋ। ਕਹਿਣ ਲੱਗੇ, ਜੇ ਕਿਸੇ ਕਰਾਮਾਤ ਨਾਲ ਤੁਹਾਡਾ ਦੁੱਖ ਦੂਰ ਥੀ ਹੋ ਗਿਆ ਤਾਂ ਥੀ ਤੁਸੀਂ ਫੇਰ ਦੁਖੀ ਦੇ ਜਾਸੋ। ਦੁੱਖ ਘਟਦੇ ਹਟਦੇ ਨਹੀਂ, ਪਰ ਸ਼ਕਲਾਂ ਵਟਾ ਲੈਂਦੇ ਹਨ। ਦੁੱਖ ਦੂਰ ਤਾਂ ਹੁੰਦੇ ਹਨ ਜੇ "ਐਸਾ ਦਾਰੂ ਲੋੜਿਲਹੁ ਜਿਤੁ ਵੈਰੀ ਰੋਗਾ ਘਾਣਿ।" ਰੋਗਾਂ ਦੇ ਘਾਣ ਹੀ ਦੂਰ ਹੋਣ ਤਾਂ ਸੁਖ ਹੁੰਦਾ ਹੈ, ਤੁਸੀਂ ਸ਼ਰਨ ਲਓ ਕਲਗੀਆਂ ਵਾਲੇ ਪਾਤਸ਼ਾਹ ਦੀ ਜੋ ਅਨੰਦਪੁਰ ਜੋਤ ਜਗਾਈ ਬੈਠਾ ਹੈ। ਮਸਤਕ ਟੇਕੋ ਤੇ ਆਖੋ 'ਵਾਹਿਗੁਰੂ', ਅੱਜ ਤੋਂ ਇਹ ਨਾਮ ਜਪੋ। ਨਾਮ ਦਾਰੂ ਹੈ ਸਾਰੀਆਂ ਦੁਖ ਨਿਵਿਰਤੀਆਂ ਲਈ। ਬਾਣੀ ਪੜ੍ਹਿਆ ਕਰੋ, ਆਏ ਗਏ ਦੀ ਸੇਵਾ ਕਰਿਆ ਕਰੋ, ਜੋ ਘਾਲ ਕਰਕੇ ਕਮਾਓ ਵੰਡ ਛਕੋ। ਐਉਂ ਦੁਖ ਦੂਰ ਹੋਣਗੇ। ਨਾਮ ਦਾਰੂ ਸਦਾ ਹਿਤ ਨਾਲ ਸੇਵੋ। ਪਾਣੀ ਵਧੇਗਾ, ਧਰਤੀ ਧਨ ਉਪਜਾਵੇਗੀ, ਸਰਪ ਬਿਖ ਹੀਨ ਹੋ ਜਾਣਗੇ। ਇਹ ਵਰ ਪਾਕੇ ਲੋਕ ਖੁਸ਼ ਹੋਏ। ਪਿੰਡ ਵਿਚ ਨਾਮ ਬਾਣੀ ਦਾ ਪ੍ਰਵਾਹ ਚੱਲ ਪਿਆ, ਲੋਕੀਂ ਮਨ ਕਰਕੇ ਸੁਖੀ ਹੋ ਗਏ। ਨਾਮ ਦੇ ਮਗਰੇ ਸਭ ਕੁਝ ਹੈ।

ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ॥ [ਵਾ: ਸਾਰੰ: ਮ: ੧

ਪੁਨਾ:—ਮੁਕਤਿ ਜੁਗਤਿ ਨਾਵੈ ਦੀ ਦਾਸੀ ॥ [ਭਾ: ਗੁ:

ਦੱਸੀਦਾ ਹੈ ਕਿ ਪਿੰਡ ਦੇ ਲੋਕੀਂ ਤਦ ਤੋਂ ਸਿੱਖੀ ਵਿਚ ਆਏ ਤੇ ਇਨਾਂ ਬਾਹਰਲੀਆਂ ਲੋੜਾਂ ਵਿਚ ਭੀ ਸੁਖੀ ਹੋ ਗਏ।

ਇਸ ਸਾਖੀ ਤੋਂ ਇਕ ਗੱਲ ਘਾਲੀ ਸਿੱਖਾਂ ਤੇ ਸੰਤਾਂ ਦੇ ਸਿੱਖਣ ਵਾਲੀ ਹੈ ਕਿ ਆਪਣੀ ਏਕਾਗ੍ਰਤਾ ਦੀ ਤਾਕਤ ਨੂੰ ਕਰਾਮਾਤਾਂ ਵਿਚ ਖਰਚਣ ਨਾਲੋਂ ਐਉਂ ਵਰਤਿਆ ਜਾਵੇ ਕਿ ਵਾਹਿਗੁਰੂ ਜੀ ਦੇ ਨਾਮ ਅਭਯਾਸ ਵਿਚ ਤੇ ਆਪਾ ਸੁਧਾਰਨ ਵਿਚ ਲਗ ਪਵੇ, ਜਿਸ ਨਾਲ ਕਿ ਉਹ ਆਪ ਉਸ ਵਸਤੂ ਦਾ ਮਾਲਕ ਹੋ ਜਾਵੇ ਜੋ ਵਸਤੂ ਕਿ ਨਾਮ ਅਭਯਾਸ ਵਿਚ ਰੱਖੀ ਹੋਈ ਹੈ ਤੇ ਜੋ ਰੋਗਾਂ ਦੇ ਘਾਣ ਦੂਰ ਕਰਦੀ ਹੈ। 'ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ ਸੁਪਨੈ ਨਹੀ ਆਵੈ' ॥ ਸਭ ਤੋਂ ਵਡਾ ਰੋਗ ਹਉਮੈ ਹੈ, ਜਿਸ ਨੂੰ ਨਾਮ ਕੱਟਦਾ ਹੈ।

ਜਦੋਂ ਆਪ ਭਕਨੇ ਤੋਂ ਡੇਲਾ ਲੈ ਕੇ ਟੁਰ ਰਹੇ ਸਨ ਤਾਂ ਉਥੋਂ ਦਾ ਇਕ ਮਿਰਾਸੀ, ਜਿਸ ਦਾ ਨਾ ਮੁਰਾਦ ਸੀ, ਆ ਹਾਜ਼ਰ ਹੋਇਆ। ਇਹ ਬੜਾ ਰਸੀਆ ਗਵੈਯਾ ਸੀ ਤੇ ਗਲਾ ਬੀ ਗੰਧਰਬਾਂ ਵਰਗਾ ਰੱਖਦਾ ਸੀ। ਇਸ ਨੇ ਬੇਨਤੀ ਕੀਤੀ ਕਿ ਮੈਨੂੰ ਨਾਲ ਲੈ ਚਲੋ। ਸਿਫਾਰਸ਼ ਭੀ ਹੋਈ, ਆਪ ਭੀ ਕੀਰਤਨ ਦੇ ਰਸੀਏ ਸਨ ਖੁਸ਼ ਹੋ ਗਏ, ਤੇ ਮੁਰਾਦ ਨੂੰ ਨਾਲੇ ਹੀ ਝੰਡੇ ਰਮਦਾਸ ਲੈ ਆਏ। ਏਥੇ ਲਿਆ ਕੇ ਇਸ ਨੂੰ ਗੁਰਮੁਖੀ ਪੜ੍ਹਾਈ ਤੇ ਗੁਰਬਾਣੀ ਕੰਠ ਕਰਵਾਈ। ਮੁਰਾਦ ਨੂੰ ਗੁਰਬਾਣੀ ਨੇ ਰੰਗ ਲਾ ਦਿੱਤਾ, ਰਸੀਆ ਹੋ ਗਿਆ ਬਾਣੀ ਦਾ, ਇਸਦਾ ਕੀਰਤਨ ਭਾਈ ਸਾਹਿਬ ਸੁਣਦੇ ਰਹੇ। ਇਸ ਦੀ ਔਲਾਦ ਦੇ ਬੰਦੇ ਬਾਬੇ ਬੁੱਢੇ ਦੇ ਗੁਰਦੁਆਰੇ ਕੀਰਤਨ ਕਰਦੇ ਆਏ ਹਨ।

ਹੁਣ ਆਪ ਗੱਭਰੂ ਹੋ ਗਏ ਸਨ, ਬਹੁਤ ਸਮਾਂ ਅਨੰਦਪੁਰ ਸਾਹਿਬ ਰਹਿੰਦੇ, ਥੋੜਾ ਸਮਾਂ ਰਮਦਾਸ ਆ ਰਹਿੰਦੇ। ਅਵਸਥਾ ਆਪਦੀ ਅੰਤਰ ਮੁਖ ਰਹਿਣ ਦੀ ਵਧਦੀ ਗਈ। ਪਰ ਸ੍ਰੀ ਸਤਿਗੁਰੂ ਸੁਆਮੀ ਜੀ ਆਪ ਨੂੰ ਬਹੁਤਾ ਇਸ ਰੰਗ ਵਿਚ ਰਖਦੇ ਕਿ ਆਪ ਅੰਤਰ ਆਤਮੇ ਤਾਂ ਲਿਵ ਵਿੱਚ ਰਹਿਣ, ਬਾਹਰ

ਉਸ ਲਿਵ ਦਾ ਵਿਕਾਸ਼ੀ ਅਸਰ ਪਵੇ ਕਿ ਆਪ ਦੇ ਹੱਥੋਂ ਭਲਾ ਹੋਵੇ। ਸ੍ਰੀ ਭਾਈ ਰਾਮ ਕੌਰ ਜੀ ਦਾ ਸਰੀਰ ਨਿਰਵਿਕਾਰ ਸੀ, ਮਨ ਸ਼ੁੱਛ ਤੇ ਆਤਮਾ ਸਾਈਂ ਪ੍ਰੇਮ ਵਿਚ ਸੀਤਾ ਰਹਿੰਦਾ ਸੀ। ਬਾਬੇ ਬੁੱਢੇ ਫਾੜੂ ਆਪ ਬੜੇ ਪ੍ਰੇਮੀ ਤੇ ਨਾਮ ਦੇ ਘਾਲੀ ਸਨ। ਪਰ ਇਸ ਰਸਤੇ ਵਿਚ ਬੜੇ ਕਠਨ ਮਰਹਲੇ ਆ ਜਾਂਦੇ ਹਨ। ਤਾਂ ਤੇ ਸ੍ਰੀ ਗੁਰੂ ਜੀ ਅਪਣੇ ਪਿਆਰੇ ਸਿੱਖ ਨੂੰ ਉੱਚੀ ਤੋਂ ਉੱਚੀ ਥਾਵੇਂ ਲਿਜਾਣ ਲਈ ਸਿਖਜਾ, ਸਮੋਧ ਤੇ ਪਰਤਾਵਿਆਂ ਨਾਲ ਕੁੰਦਨ ਬਣਾ ਰਹੇ ਸੇ। ਵੇਰਵੇ, ਸਾਰੇ ਜੀਵਨ ਫਾੜੂ ਤ੍ਰੀਕ ਵਾਰ ਸਵਿਸਥਾਰ ਲਿਖੇ ਹੋਏਨਹੀਂ ਮਿਲਦੇ ਪਰਜੋਸਾਖੀਆਂ ਵਿਕੋਲਿੱਤ੍ਰੀਆਂ ਮਿਲਦੀਆਂ ਹਨ, ਇਸ ਪ੍ਰਕਾਰ ਹਨ–

ਸਾਹਿਬ ਦੀਵਾਨ ਸਜਾਏ ਬੈਠੇ ਸਨ, ਅੱਗੇਇਕ ਕੁਦੰਡ (ਧਨੁਖ) ਇਤਨਾ ਭਾਰੀ ਪਿਆ ਸੀ ਕਿ ਜਿਸ ਦੀ 'ਪਨਚ ਖਿੱਚਿਆਂ ਕਮਾਨ ਨਿਉਂ ਜਾਏ' ਇਹ ਗੱਲ ਸੰਭਵ ਨਹੀਂ ਸੀ ਜਾਪਦੀ। ਭਾਈ ਜੀ ਆਪ ਬੜੇ ਤਕੜੇ ਸੇ ਤੇ ਸ਼ਸਤ੍ਰ ਵਿਦਯਾ ਭੀ ਜਾਣਦੇ ਸੇ। ਸੋਚਦੇਸੇ ਕਿ ਇਹ ਅਤਿਭਾਰੀਤੇ ਕਰੜਾ ਕੁਦੰਡਦਰਸ਼ਨੀ ਹੋਣਾ ਹੈ, ਚੱਲ ਸਕਣਾ ਕਠਨ ਹੈ, ਸਾਹਿਬਾਂਦਾ ਸਰੀਰ ਲੰਬੇਰਾ ਤੇ ਪਤਲਰਾ ਹੈ। ਇਹ ਸੰਸਾ ਜੋ ਫੁਰ ਰਿਹਾ ਸੀ,ਸਾਹਿਬਾਂਨੇ ਲਖਲਿਆ।ਹੁਕਮਦਿਤਾਹਾਥੀ ਘੋੜੇ ਲਿਆਓ, ਬਨ ਦੇ ਸਲੇ ਸ਼ਿਕਾਰ ਨੂੰ ਚੱਲਣਾ ਹੈ। ਭਾਈ ਜੀ ਨੂੰ ਭੀ ਆਪ ਨੇ ਨਾਲ ਲੈ ਲਿਆ, ਹੱਥ ਵਿਚ ਉਹ ਭਾਰੀ ਕੁਦੰਡ ਤੇ ਤੀਰ ਭੀ ਚਾ ਲਏ। ਅੰਦਰੋਂ ਬਾਹਰ ਆਗਏ ਤੇ ਓਥੇ ਖੜੇਕੇ ਲੱਗੇ ਹਾਥੀ ਆਦਿਕ ਸਾਮਾਨ ਦੀ ਉਡੀਕ ਕਰਨ। ਫਿਰ ਕਹਿਣ ਲਗੇ ਕਿ ਜਦ ਤਕ ਉਡੀਕਣਾ ਹੈ ਤੀਰ ਚਲਾਈਏ। ਕਮਾਨ ਤੇ ਚੜ੍ਹਾਕੇ ਇਕ ਬੂਟੇ ਦੀ ਜੜ੍ਹ ਵਲ ਸ਼ਿਸਤ ਬੱਧੀ ਤੇ ਜ਼ੋਰ ਨਾਲ ਖਿੱਚਕੇ ਤੀਰ ਛੱਡਿਆ। ਕਮਾਨ ਚਿਰੜਾਈ ਤੇ ਤੀਰ ਭਜਾਨਕ ਅਵਾਜ਼ ਦੇਂਦਾ ਬੂਟੇ ਦੀ ਜੜ੍ਹ ਵਿਚ ਜਾ ਵਜਾ ਤੇ ਉਸ ਨੂੰ ਉਖੇੜ ਕੇ ਧਰਤੀ ਵਿਚ ਧਸ ਗਿਆ। ਜਦ ਤਕ ਹਾਥੀ ਨਾ ਆਇਆ ਆਪ ਸਹਿ ਸੁਭਾ ਤੀਰ ਚਲਾਉਂਦੇ ਰਹੇ ! ਇਹ ਬਲ ਇਹ ਪ੍ਰਾਕ੍ਰਮ ਵੇਖਕੇ ਸਾਰੇ ਹੈਰਾਨ ਹੁੰਦੇ ਰਹੇ। ਪਰ ਰੂਹਾਨੀ ਮਰਮਾਂ ਦੇ ਮਹਿਰਮ ਭਾਈ ਸਾਹਿਬ ਨੂੰ ਇਕ ਦਮ ਹੋਸ਼ ਆਈ ਤੇ ਦਿਲ ਵਿਚ ਵਿਤ੍ਰੇਕ ਕਰਕੇ ਵਿਚਾਰਨ ਲਗ ਪਏ ਕਿ ਸਰਬ ਸ਼ਕਤੀ ਧਰਿ ਗੁਰੂ ਜੀ ਦੀ ਤਾਕਤ ਤੇ ਮੈਨੂੰ ਸ਼ੰਕਾ ਨਹੀਂ ਸੀ ਫੁਰਨਾ ਚਾਹੀਦਾ। ਇਹ ਮਾਯਾ ਮੈਨੂੰ ਕਿਵੇਂ ਪੈ ਗਈ। ਮੇਰੇ ਜੀਅ ਜਾਨ ਮੇਰੇ ਪ੍ਰਾਣ ਗੁਰੂ ਜੀ, ਮੈਂ ਸਿਖ ਓਹ ਸਾਹਿਬ, ਮੈਂ ਜੀਵ ਓਹ ਮੇਰੇ ਬ੍ਰਹਮ ਫਿਰ ਮੈਨੂੰ ਸੰਸਾ ਕਿਉਂ ਪਿਆ ? ਵਾਹ ਸਤਿਗੁਰ ਤੇਰੇ ਚੋਜ ! ਮੇਰੀ ਨਜਨਤਾ ਤੇ ਤੇਰੀ ਮਾਇਆ ! ਕੀਕੂੰ ਮੇਰਾ ਮਨ ਸੰਸੇ ਬ੍ਰਿਤੀ ਨੂੰ ਜਿੱਤ ਜਿੱਤਕੇ ਫੇਰ ਸੰਸੇ ਦੇ ਘਰ ਜਾ ਵੜਦਾ ਹੈ !

ਸਾਹਿਬ ਤੱਕੇ ਤੇ ਮੁਸਕ੍ਰ ਏ। ਆਖਣ ਲਗੇ, ਬੱਚਿਆ ! ਸਰਬ ਸ਼ਕਤੀਮਾਨ ਹੋਣਾ ਹੋਰ ਗੱਲ ਹੈ, ਪਰ ਕਮਾਈ ਕੁਛ ਹੋਰ ਸ਼ੈ ਹੈ। ਹਰ ਜੀਵ ਜੋ ਸਿੱਧੇ ਰਸਤੇ ਟੁਰਦਾ ਹੈ ਕਿਸੇ ਸ਼ਕਤੀ ਦੇ ਘਰ ਅੱਪੜਦਾਹੈ। ਜੋ ਬੰਦਾ ਨਾਮ ਵਿਚ ਆ ਜਾਂਦਾ ਹੈ ਉਹ ਮਨ ਦੀਆਂ ਰੁਚੀਆਂ ਤੇ ਬੁੱਧੀ ਦੀਆਂ ਸੰਸੇ ਬ੍ਰਿਤੀਆਂ ਤੋਂ ਉਚੇਰਾ ਉਠਕੇ ਨਿਸ਼ਚੇ ਦੇ ਘਰ ਥਾਣੀ ਸ਼ੁੱਧ ਚੇਤਨਤਾ ਵਿਚ ਜਾਂਦਾ ਹੈ। ਉਸ ਦੇ ਅੰਦਰ ਪਹਿਲਾਂ ਆਪਣੇ ਸਰੀਰ ਤੇ ਕਾਬੂ ਪੈਦਾ ਹੁੰਦਾ ਹੈ, ਉਹ ਜੋਧ ਮਹਾਂ ਬਲਸੂਰ ਹੋ ਜਾਂਦਾ ਹੈ। ਕਰਮ ਦੀ ਨਿਰਮਲਤਾ ਤੇ ਸ਼ੁੱਛਤਾ, ਹਲਕਾਪਨ ਤੇ ਰਸ ਪੈਦਾ ਕਰਦੀ ਹੈ। ਇਹ ਰਸ ਸਮਿੱਜ ਸਮਿੱਜ ਕ ਬਲ ਬਣਦਾ ਹੈ, ਇਹ ਮਾਨਸਕ ਬਲ ਸਰੀਰ ਨੂੰ ਬਲਵਾਨ ਕਰਦਾ ਹੈ, ਇਹ ਅੰਦਰ ਦਾ ਬਲ ਨਿਰਬਲ ਦੇਹ ਨੂੰ ਬੀ ਬਲ ਦੇਂਦਾ ਹੈ। ਬਲ ਕਈ ਪ੍ਰਕਾਰ ਦੇ ਹਨ, ਜੋ ਅੰਦਰ ਦਾ ਬਲੀ ਹੈ ਉਹ ਸਰੀਰ ਦੀ ਮਾਮੂਲੀ ਤਾਕਤ ਤੋਂ ਵਧੇਰੇ ਬਲਵਾਨ ਕੰਮ ਕਰੇਗਾ। ਇਸ ਕਰਕੇ ਨਾਮ ਸਮਰੱਥ ਦਾਤਾਰ ਹੈ। ਸਰੀਰਕ ਬਲ ਬੀ ਅੱਭਜਾਸ ਨਾਲ ਵਧਦਾ ਹੈ, ਜੇ ਨਾਲ ਮਾਨਸਕ ਬਲ ਬੀ ਹੋਵੇ ਤੇ ਇਸ ਬਲ ਦੀ ਸੇਧ ਦਰੁਸਤ ਹੋਵੇ, ਨਾਟਕਾਂ ਚੇਟਕਾਂ ਵਿਚ ਨਾ ਲਗੇ, ਤਾਂ ਅੱਭਜਾਸੀ ਸਭ ਤਰ੍ਹਾਂ ਬਲ ਵਾਲਾ ਹੋ ਜਾਂਦਾ ਹੈ। ਅਭਜਾਸੀ ਦਾ–ਗਜਾਨੀ ਦਾ ਬਲ ਸਰਬ ਨੂੰ ਸੁਖਦਾਈ ਹੁੰਦਾ ਹੈ। ਇਹ ਬਲ ਦੁਖ ਦਾਤਾ ਨਹੀਂ ਹੁੰਦਾ।

ਉੱਚ ਜੀਵਨ ਦੀ ਇਕ ਗੱਲ ਦਰਸਾਕੇ ਕੇਤਕੀ ਉਸਤਾਦ ਨੇ ਹੋਰ ਖੇਡ ਰਚੀ। ਹੁਣ ਸਾਰਾ ਸਾਮਾਨ ਬਨਾਂ ਨੂੰ ਜਾਣ ਦਾ ਤੇ ਹਾਥੀ ਆਦਿਕ ਆਗਏਸਨ। ਮਹਾਵਤ ਨੇ ਹਾਥੀ ਬਿਠਾਇਆ,ਆਪ ਚੜ੍ਹਨ ਲਈ ਤਿਆਰ ਹੋਏ ਤਾਂ ਬੋਲੇ: 'ਕੱਈ ਹੈ ਜੋ ਸਾਡਾ ਭਾਰ

ਉਠਾ ਸਕੇ, ਉਹ ਮੋਢਾ ਦੇਵੇ ਤਾਂ ਅਸੀਂ ਹਾਥੀ ਤੇ ਚੜ੍ਹ ਜਾਈਏ ।' ਭਾਈ ਰਾਮ ਕੌਰ ਜੀ ਸਰੀਰ ਦੇ ਬਹੁਤ ਤਕੜੇ ਤੇ ਮਜ਼ਬੂਤ ਸੇ। ਅੱਗੇ ਵਧੇ ਤੇ ਮੋਢਾ ਡਾਹ ਕੇ ਹਾਥੀ ਦੇ ਲਾਗੇ ਖੜੇ ਹੋ ਗਏ। ਸਾਹਿਬਾਂ ਮੋਢੇ ਦਾ ਆਸਰਾ ਲੈ ਕੇ ਐਸਾ ਭਾਰ ਪਾਇਆ ਕਿ ਭਾਈ ਰਾਮ ਕੌਰ ਜੀ ਭੀ ਸਹਾਰ ਨਾ ਸਕੇ। ਡਿੱਗੇ ਤਾਂ ਨਹੀਂ ਪਰ ਭਾਰ ਨਾਲ ਝੁਕ ਗਏ। ਜਦ ਝੁਕੇ ਤਾਂ ਉਨ੍ਹਾਂ ਦੇ ਮਨ ਵਿਚ ਵੀਚਾਰ ਫੁਰ ਪਈ:—'ਇਹ ਵੀ ਬੁੱਢਿਆ! ਤੇਰੇ ਨਾਲ ਕੇਤਕ ਵਰਤਿਆ ਹੈ। ਸਤਿਗੁਰ ਦਾ ਭਾਰ ਕੌਣ ਝੱਲ ਸਕਦਾ ਹੈ? ਤੂੰ ਭੱਜ ਆਇਆ ਮੈਂ ਗਰਬੀਆ! ਕਿ ਮੈਂ ਹਾਂ ਜੋ ਭਾਰ ਝੱਲ ਸਕਦਾ ਹਾਂ। ਪਹਿਲਾ ਕੇਤਕ ਕਰਕੇ ਸਤਿਗੁਰ ਨੇ ਤੇਰੀ ਬੁੱਧ ਉੱਜਲ ਕੀਤੀ ਹੈ ਕਿ ਇਹ ਵਿਵੇਕ ਦੀ ਤਾਕਤ ਸੰਸਿਆਂ ਵਾਸਤੇ ਨਹੀਂ ਸੀ ਦਿੱਤੀ ਗਈ, ਇਹ ਤਾਂ ਪਰਮਾਤਮਾਂ ਦੇ ਰਸਤੇ ਟੋਲਣ ਵਾਸਤੇ ਦੀਵਾ ਸੀ ਤੇ ਨਿਸ਼ਚੇ ਦੇ ਘਰ ਪਹੁੰਚਣਾ ਇਸ ਦਾ ਧਰਮ ਸੀ। ਹੁਣ ਦਾਤਾ ਦੱਸਦਾ ਹੈ ਕਿ ਅਗਲੀ ਮੰਜ਼ਲ ਜੋ 'ਅਹੰ' ਦੀ ਹੈ ਉਹ ਨਿਵਾਰਣੀ ਹੈ। ਅੰਦਰ ਜੋ ਪਕੜ ਵਾਂਙੂ ਹਉਂ ਦਾ ਫੁਰਣਾ ਫੁਰਦਾ ਹੈ ਇਹ ਭਾਰੀ ਰੋਕ ਹੈ। ਇਕ ਤਾਂ ਮੈਂ ਗੁਰੂ ਸ਼ਕਤੀ ਵਿਚ ਸੰਸਾ ਖਾਧਾ ਸੀ, ਇਕ ਆਪ ਨੂੰ ਭਾਰ ਚੁੱਕਣ ਦੇ ਸਮਰੱਥ ਸਮਝਿਆ ਸੀ। ਗੁਰੂ ਸੱਚੇ ਨੇ ਪਹਿਲਾਂ ਮੈਨੂੰ ਅਪਣਾ ਇਨਸਾਨੀ ਕਮਾਲ ਦੱਸਿਆ ਹੈ ਤੇ ਹੁਣ ਗੁਰਸਾਈ ਦੀ ਤਾਕਤ ਵਿਖਾਲੀ ਹੈ। ਸੱਚ ਮੁੱਚ ਸੰਸਾ ਤੇ ਹਉਂ ਚਾਹੇ ਮੈਂ ਜਿੱਤ ਲਏ ਸਨ, ਅਜੇ ਮੇਰੇ ਅੰਦਰ ਫੇਰੇ ਪਾਉਂਦੇ ਹਨ। ਮੇਰੀ ਨਜ਼ੂਨਤਾ ਹੈ ਤੇ ਮਾਯਾ ਪ੍ਰਬਲ ਹੈ, ਪਰ ਮਾਯਾ ਮੈਨੂੰ ਪੂਰਨ ਕਰਨ ਵਾਸਤੇ ਪਾਈ ਜਾਂਦੀ ਦਿੱਸਦੀ ਹੈ। ਜਾਂ ਇਹ ਲਿਸ਼ਕਾਰਾ ਮਨ ਵਿਚ ਵੱਜ ਗਿਆ ਤਾਂ ਸਰੀਰੋਂ ਸਿੱਧੇ ਹੋ ਗਏ। ਸਾਹਿਬ ਹੱਥੀ ਤੇ ਚੜ੍ਹ ਗਏ ਤੇ ਹੱਥ ਨੀਵਾਂ ਕਰਕੇ ਆਖਣ ਲਗੇ:—"ਆ ਜਾ ਚੜ ਬਹੁ ਸਾਡੇ ਨਾਲ!" ਭਾਈ ਸਾਹਿਬ ਨੇ ਬੇਨਤੀ ਕੀਤੀ: "ਮੈਂ ਨੀਵਾਂ ਹਾਂ, ਬੇਅਦਬ ਹਾਂ, ਅੱਗੇ ਹੀ ਅਵੱਗਯਾ ਪਿਆ ਕਰਦਾ ਹਾਂ, ਮੈਨੂੰ ਬਖਸ਼ੋ ਤੇ ਚਰਨਾਂ ਵਿਚ ਥਾਂ ਬਖਸ਼ੋ।" ਪਰ ਸਾਹਿਬਾਂ ਨੇ ਇਕ ਨਾ ਮੰਨੀ ਤੇ ਮੱਲੋ ਮੱਲੀ ਭਾਈ ਰਾਮ ਕੌਰ ਦਾ ਹੱਥ ਫੜਕੇ ਉਤੇ ਖਿੱਚ ਲਿਆ ਤੇ ਹੌਦੇ ਵਿਚ ਬਹਾਲ ਲਿਆ। ਫਿਰ ਆਪ ਹੱਸ ਪਏ ਤੇ ਬੋਲੇ: ਰਮਦਾਸ ਕੇ! ਗੁਰ ਗੱਦੀ ਦਾ ਭਾਰ ਬੜਾ ਗਰੂਵਾ ਹੈ, ਇਸ ਨੂੰ ਕੌਣ ਸਹਾਰ ਸਕਦਾ ਹੈ, ਜਿਤਨਾ ਕਿ ਤੂੰ ਸਹਾਰਿਆ ਹੈ, ਇਹ ਇਸ ਕਰਕੇ ਸਹਾਰਿਆ ਗਿਆ ਹੈ ਕਿ ਬਾਬੇ ਬੁੱਢੇ ਤੇ ਗੁਰ ਨਾਨਕ ਪਾਤਸ਼ਾਹ ਦੀ ਅਤਿ ਮਿਹਰ ਹੋਈ ਸੀ, ਉਹ ਮਿਹਰ ਤੁਸਾਂ ਦੇ ਸਿਰ ਤੇ ਹੈ। ਤਾਹੀਓਂ ਗੁਰੂ ਨੂੰ ਤਿਲਕ ਦੇਣਾ ਤੁਸਾਂ ਦੇ ਸਪੁਰਦ ਰਿਹਾ ਹੈ ਤੇ ਤੁਹਾਡਾ ਖਾਨਦਾਨ ਤਿਲਕਣ ਬਾਜ਼ੀਆਂ ਵਿਚੋਂ ਸਹੀ ਸਲਾਮਤ ਨਿਕਲਦਾ ਰਿਹਾ ਹੈ।

ਰਾਮ ਕੌਟ—ਪਾਤਸ਼ਾਹ! ਜਦੋਂ ਤੁਸਾਂ ਫੁਰਮਾਇਆ, 'ਕੋਈ ਹੈ ਸਾਡਾ ਭਾਰ ਜੋ ਉਠਾ ਸਕੇ' ਤਾਂ ਮੇਰੇ ਮਨ ਕਿਉਂ ਆਈ ਕਿ ਮੈਂ ਹਾਂ ਤੇ ਮੈਂ ਉਠਾ ਸਕਦਾ ਹਾਂ? ਕਦੋਂ ਇਹ ਕਾਈਆਂ ਦੂਰ ਹੋਸਨ? 'ਅਸ ਮਾਯਾ ਤੇ ਆਪ ਬਚਾਵਹੁ ॥ ਰਾਖਹੁ ਨਿਸ਼ਚਾ ਨਹੀ ਡੁਲਾਵਹੁ ॥' [ਸੂ: ਮ:

ਗੁਰੂ ਜੀ—ਪਿਆਰਿਆ! ਅੰਦਰਲੀਆਂ ਘਾਤਾਂ ਬੁਰੀਆਂ ਹਨ, ਤੂੰ ਤਾਂ ਭਗਤ ਹੈਂ, ਰਸੀਆ ਹੈਂ, ਮਿਹਰ ਪ੍ਰਾਪਤ ਹੈਂ, ਸੋਨਾ ਹੈਂ, ਤੈਨੂੰ ਕੁੰਦਨ ਕਹਨਾ ਹੈ, ਇਸ ਕਰਕੇ ਇਹ ਕੇਤਕ ਸੀ, ਮੇਰੇ ਪਿਆਰੇ! ਮਨ ਨੂੰ ਪਛਾਨਣਾ ਖਰਾ ਕਠਨ ਕੰਮ ਹੈ।

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥

ਫਿਰ ਵਾਕ ਹੈ:—

ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥

ਇਸ ਮਨ ਨੂੰ ਅਲੱਗ ਕਰ ਵੇਖਣਾ ਬਹੁਤ ਕਠਨ ਹੈ। ਬਹੁ ਤਾਂ ਪੈਂਦਾ ਹੈ ਜੋ ਪਹਿਲਾਂ ਨਾਮ ਦੀ ਘਾਲ ਹੋਵੇ, ਫੇਰ ਨਾਮ ਦਾ ਰਸ ਪਵੇ, ਰਸ ਅੰਦਰ ਸਮਿੱਜੇ। ਗੁਰਬਾਣੀ ਦਾ ਗਾਨਣਾ ਗਾਹਨੁਮਾਈ ਕਰੇ ਤਾਂ ਅੰਦਰਲੇ ਦੇ ਕਈ ਪਰਤ ਸਹੀ ਹੁੰਦੇ ਹਨ। ਇਕ ਮਨ ਹੈ ਜੋ ਹੁਚੀ ਅਰੁਚੀ ਵਿੱਚ ਰਹਿੰਦਾ ਹੈ, ਸੁਖ ਮਿਲੇ ਤਾਂ ਰਾਗ ਕਰਦਾ ਹੈ, ਦੁਖ ਮਿਲੇ ਤਾਂ ਦ੍ਵੇਖ ਕਰਦਾ ਹੈ। ਇਹ ਭਲੇ ਬੁਰੇ ਦੀ ਵਿਤ੍ਰੇਕ ਦੀ ਪਰਵਾਹ ਨਹੀਂ ਕਰਦਾ। ਫਿਰ ਭਾਈ! ਬੁੱਧੀ ਦਾ ਮੰਡਲ ਹੈ, ਇਸ ਦਾ ਰਾਗ ਦ੍ਵੇਖ ਵਾਲੇ ਮਨ ਤੇ ਠੰਡਾ ਹੈ, ਇਹ ਬੁੱਧੀ ਵਿਤ੍ਰੇਕ ਕਰਦੀ ਹੈ ਤੇ ਸੁਖਦਾਈ ਤੇ ਦੁਖਦਾਈ ਦਾ ਪਰਖ ਦੱਸਦੀ ਹੈ। ਫਿਰ ਇਹ ਬੁੱਧੀ ਜੇ ਕੁਝ ਉਚੇਰਾ

ਤੋ ਸਫਾ ਹੋ ਜਾਵੇ ਤਾਂ ਧਰਮ ਅਧਰਮ ਦੱਸਦੀ ਹੈ, ਤੋਲਦੀ ਹੈ, ਪਰ ਸੰਸਾ ਤੇ ਨਿਸ਼ਚੇ ਕਰਨਾ ਇਸ ਦਾ ਧਰਮ ਹੈ। ਧਰਮ ਅਧਰਮ ਦੀ ਸਮਝ ਦੇ ਨਾਲ ਕੁਛ ਮੈਲ ਲਹਿ ਜਾਂਦੀ ਹੈ, ਜੋ ਰਹਿ ਜਾਂਦੀ ਹੈ ਉਸ ਨੂੰ ਵਿਸ਼ਵਾਸ਼ ਜਿੱਤਦਾ ਹੈ। ਇਸ ਦੇ ਨਾਲ ਇਕ ਹੋਰ ਪਰਤ ਹੈ ਅੰਦਰਲੇ ਦਾ 'ਅਹੰ'। ਜੋ ਇਸ ਨੂੰ ਅਪਣੀ (ਮੈਂ) ਦੇ ਘੇਰੇ ਵਿਚ ਰਖਦਾ ਹੈ। ਜੋ ਅਪਣੇ ਆਪ ਨੂੰ ਅਹੰ (ਮੈਂ ਹਾਂ) ਮਾਤ੍ਰ ਵਿਚ ਵਿਖਾਲਦਾ ਹੈ। ਇਸ ਤੋਂ ਜਦ ਉੱਚੇ ਉਠ ਜਾਈਏ ਤਾਂ ਆਪਾ ਨਿਖਰਦਾ ਹੈ। ਇਹ ਹੈ ਸ਼ੁੱਧ ਚੇਤਨਤਾ, ਕੋਈ ਇਸ ਨੂੰ 'ਸ਼ੁੱਧ ਮਨ' ਕਹਿ ਦੇਂਦਾ ਹੈ। ਕੋਈ 'ਅ+ਮਨ', ਕੋਈ 'ਚਿੱਤ' ਕਹਿ ਲੈਂਦਾ ਹੈ, ਪਰ ਇਹ ਹੈ ਕੋਈ ਅਮੋਲਕ ਮੁੱਲ ਵਾਲੀ ਵਸਤੂ। ਇਸ ਵਿਚ ਕੋਈ ਮਨ ਬਾਣੀ ਤੋਂ ਪਰੇ ਦੀ ਸੋਝੀ ਹੈ, ਉਹ ਸੱਤ ਵਸਤੂ ਨੂੰ ਸਿਆਣਦੀ ਜਾਚਦੀ ਅੰਤ ਉਸ ਨਾਲ ਮਿਲ ਜਾਂਦੀ ਹੈ—ਅਮਰ ਰੰਗ ਵਿਚ। ਇਹ ਸਿਆਣ ਅਨੁਭਵ ਹੈ। ਇਕ ਭੁਲੇਖਾ ਨਹੀਂ ਪਾਣਾ ਚਾਹੀਏ ਕਿ ਹਉਮੈ ਤੋਂ ਨਿਖਰਿਆਂ ਅਸਾਂ ਨਿਰਬਲ ਹੋ ਜਾਣਾ ਹੈ। ਸਗੋਂ ਹਉਂ ਦੀ ਮੈਲ ਗਈ ਤਾਂ ਅਸਲੀ ਬਲ ਜਾਗਦਾ ਹੈ। ਜਦੋਂ ਚਿੱਤ ਆਪਣੇ ਆਪ ਵਿਚ ਆਉਂਦਾ ਹੈ ਤਾਂ ਉਸ ਵਿਚ ਆਪੇ ਦਾ ਬਲ ਹੁੰਦਾ ਹੈ। ਫੇਰ ਸਤ ਨੂੰ ਯਾ ਪਰਮ ਤੱਤ ਨੂੰ ਮਿਲ ਪਿਆਂ ਅਗੰਮੀ ਸ਼ਕਤਿ ਉਪਜਦੀ ਹੈ ਕਿਉਂਕਿ ਫੇਰ ਤਾਂ ਪਰਮ ਤਤ ਦੀ ਮਹਾਨ ਸ਼ਕਤਿ ਦੀ ਸਾਂਝੀਵਾਲਤਾ ਆ ਜਾਂਦੀ ਹੈ। ਕੁਛ ਔਉਂ ਜਿਵੇਂ ਨਦੀ ਸਮੁੰਦਰ ਵਿਚ ਮਿਲ ਕੇ ਨਦੀ 'ਸਮੁੰਦਰ-ਬਲ' ਦੀ ਸਾਂਝੀਵਾਲਤਾ ਵਿਚ ਅੱਪੜਦੀ ਹੈ। ਤਾਹੀਂ ਗੁਰੂ ਸੋਚੇ ਨੇ 'ਅਹੰ' ਦੀ ਨਵਿਰਤੀ ਵਾਲੇ ਲਈ ਦੱਸਿਆ ਹੈ ਕਿ ਉਹ ਸੂਰਾ ਤੇ ਵਡਿਆਮ ਹੋ ਜਾਂਦਾ ਹੈ।

ਨਾਨਕ ਸੋ ਸੂਰਾ ਵਡਆਮੁ ਜਿਨਿ
ਵਿਚਹੁ ਦੁਸਟੁ ਅਹੰਕਰਣੁ ਮਾਰਿਆ.....
ਕਰਮ ਖੰਡ ਕੀ ਬਾਣੀ ਜੋਰੁ ॥.....
ਤਿਥੈ ਜੋਧ ਮਹਾ ਬਲ ਸੂਰ ॥..... [ਜਪੁਜੀ।

ਪਰ ਹੋਸ਼ ਚਾਹੀਦੀ ਹੈ ਕਿ ਇਸ ਬਲ ਨੂੰ ਤੇ ਪਸ਼ੂ ਸ਼ਕਤੀ ਨੂੰ, ਜੋ ਸਾਕਤਾਂ ਤੇ ਜਰਵਾਣਿਆਂ ਵਿਚ ਹੁਦੀ ਹੈ, ਇੱਕੋ ਨਾ ਸਮਝ ਲਿਆ ਜਾਵੇ। ਉਨ੍ਹਾਂ ਦੇ ਮਨ ਤੇ ਬੁੱਧਿ ਪਸ਼ੂ ਬ੍ਰਿਤੀ ਵਿਚ ਵਰਤਦੇ ਹਨ। ਗੁਰੂ ਨਾਨਕ ਜੀ ਦੇ ਬਖਸ਼ੇ ਗਿਆਨਦਾ ਗਿਆਨੀ ਹੋਣਾ ਨਾ ਨਿਰਬਲ ਤਜਾਗੀ ਹੋਣਾ ਹੈ, ਨਾਪ ਸ਼ੁਭ ਬ੍ਰਿਤੀ ਦੇ ਜਰਵਾਣੇ ਹੋਣਾ ਹੈ। ਪੂਰੂ ਗਿਆਨੀ ਹੋ ਜਾਣਾ, ਭਗਤ ਹੋ ਜਾਣਾ, ਸ਼ੁਭ ਗੁਣ ਨਿਪੁੰਨ ਹੋ ਜਾਣਾ, ਮਾਨਸਕ ਸ਼ਰੀਰਕ ਬਲ ਨਾਲ ਬਲਵਾਨ ਹੋ ਜਾਣਾ ਹੈ, ਅਤੇ ਸਾਰੀਆਂ ਗਿਣਤੀਆਂ ਪਰਖਾਂ ਤੇ ਕੀਮਤਾਂ ਤੋਂ ਉੱਪਰ ਉਠ ਕੇ ਇਕ ਰਤਨ ਅਮੋਲਕ ਪਾ ਲੈਣਾ ਹੈ।

ਨਾਨਕ ਗਿਆਨ ਰਤਨੁ ਪਰਗਾਸਿਆ ਹਰਿ
ਮਨਿ ਵਸਿਆ ਨਿਰੰਕਾਰੀ ਜੀਉ। [ਸੋ: ਮ: ੧

ਇਸ ਪ੍ਰਕਾਰ ਦੀ ਇਕ ਹੋਰ ਵਾਰਤਾ ਭਾਈ ਰਾਮ ਕੌਰ ਜੀ ਦੇ ਪਰਤਾਵੇ ਪਰਖ ਦੀ ਲਿਖੀ ਹੋਈ ਮਿਲਦੀ ਹੈ, ਉਹ ਇਉਂ ਹੈ:—

ਇਕੋਰਾਂ ਆਪ ਅਨੰਦ ਪੁਰ ਆਏ ਹੋਏ ਸਨ, ਦੀਵਾਨ ਲਗ ਰਿਹਾ ਸੀ, ਆਪ ਜੀ ਬੀ ਸੰਗਤ ਸਮੇਤ ਆਏ ਤੇ ਮੱਥਾ ਟੇਕ ਕੇ ਬਿਰਾਜ ਗਏ। ਸਤਿਗੁਰੂ ਜੀ ਦੀ ਆਗਜਾ ਅਨੁਸਾਰ ਇਕ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਆਇਆ ਤੇ ਸੂੰਹ ਚਾਦਰਿਆਂ ਤੇ ਵਿਛਾ ਕੇ ਉਨ੍ਹਾਂ ਉਤੇ ਸਜਾ ਕੇ ਉੱਤੇ ਚਾਦਰੇ ਪਾ ਦਿੱਤੇ ਗਏ। ਹੁਕਮ ਹੋਇਆ ਖਾਲਸਾ ਜੀ, ਸਾਧ ਸੰਗਤ ਜੀ ! ਕੜਾਹ ਪ੍ਰਸ਼ਾਦਿ ਅੱਜ ਵਰਤੇਗਾ ਨਹੀਂ, ਸਭ ਜਣੇ ਇਸ ਨੂੰ ਲੁੱਟ ਲਓ ਤੇ ਲੁੱਟ ਕੇ ਖਾਓ। ਇਹ ਆਗਜਾ ਦੇ ਕੇ ਗੁਰੂ ਜੀ ਮਹਿਲਾਂ ਨੂੰ ਚਲੇ ਗਏ। ਪਿੱਛੋਂ ਲੁੱਟ ਪਈ ਤੇ ਸਭ ਨੇ ਗੱਫੇ ਲਾਏ। ਪਰ ਸ਼੍ਰੀ ਰਾਮ ਕੌਰ ਜੀ ਆਪਣੇ ਟਿਕਾਣੇ ਟਿਕੇ ਰਹੇ, ਆਪ ਨੇ ਸਮਾਧੀ ਲਾਈ ਰੱਖੀ ਤੇ ਆਪ ਵਲ ਤੱਕ ਕੇ ਆਪ ਦੀ ਸੰਗਤ ਬੀ ਨਾ ਉੱਠੀ। ਜਦੋਂ ਕਾਰਜ ਹੋ ਚੁਕਾ, ਆਪ ਦੇ ਨੈਣ ਖੁੱਲ੍ਹੇ, ਚੁਫੇਰੇ ਤੱਕ ਕੇ, ਸੰਗਤਿ ਅਚੱਲ ਬੈਠੀ ਦੇਖੀ, ਫਿਰ ਸਹਿਜ ਨਾਲ ਉਠੇ ਤੇ ਆਪਣੇ ਡੇਰੇ ਚਲੇ ਗਏ। ਸਾਰੇ ਨਗਰ ਵਿਚ ਕੀਰਤ ਪਸਰ ਗਈ ਕਿ ਸਾਹਿਬ ਰਾਮ ਕੌਰ ਜੀ ਸਮ ਬ੍ਰਿਤੀ ਵਾਲੇ ਹਨ, ਜਿਨ੍ਹਾਂ ਨੇ ਕੜਾਹ ਪ੍ਰਸ਼ਾਦਿ ਦੀ ਲੁੱਟ ਵਿਚ ਹਿੱਸਾ ਨਹੀਂ ਲਿਆ। ਪਰ ਸਤਿਗੁਰਾਂ ਸੁਣਿਆਂ ਤਾਂ ਮੁਸਕਰਾਏ। ਅਗਲੇ ਦਿਨ ਫਿਰ ਦੀਵਾਨ ਲੱਗਾ। ਸਤਿਗੁਰ ਦੀ ਜਗਮਗ ਜੋਤ ਬਿਰਾਜ ਰਹੀ ਸੀ, ਸ੍ਰੀ ਰਾਮ ਕੌਰ ਜੀ ਬੀ ਸੰਗਤ ਸਮੇਤ ਆਕੇ ਚਰਨ ਕਮਲਾਂ ਵਿਚ ਸਮ ਰਹੇ ਸਨ, ਸਾਹਿਬਾਂ ਨੇ ਸ਼੍ਰੀ ਰਾਮ ਕੌਰ ਜੀ ਵਲ

ਡਿੱਠਾ ਤੇ ਹੱਸ ਕੇ ਬੋਲੇ, ਕਿਉਂ ਜੀ ਤੁਸਾਂ ਕੱਲ ਲੋਟੀ ਨਹੀਂ ਪਾਈ ? ਸ੍ਰੀ ਰਾਮ ਕੌਰ ਜੀ ਨੇ ਸੀਸ ਨਿਵਾ ਦਿਤਾ ਤੇ ਵਧੇਰੇ ਅਦਬ ਵਿਚ ਹੋ ਗਏ।

ਇਸ ਵੇਲੇ ਦੀ ਸਤਿਗੁਰਾਂ ਦੀ ਰੂਹਾਨੀ ਰਮਜ਼ ਜ਼ਰਾ ਡੂੰਘੀ ਗੱਲ ਜਾਪਦੀ ਹੈ। ਸਾਹਿਬ ਰਾਮ ਕੌਰ ਜੀ ਨੇ ਕੜਾਹ ਨਹੀਂ ਲੁੱਟਿਆ,ਇਸ ਵਿਚ ਤਿਆਗ ਹੈ ਤੇ ਪਦਾਰਥਾਂ ਵਲੋਂ ਬ੍ਰਿਤੀ ਦੀ ਅਚਾਹਤਾ ਹੈ। ਪਰੰਤੂ ਨਿਰਾ ਤਿਆਗ ਕੋਈ ਆਪਣੇ ਆਪ ਵਿਚ ਕਮਾਲ ਨਹੀਂ, ਕਿਸੇ ਕਮਾਲ ਦੀ ਪ੍ਰਾਪਤੀ ਦਾ ਸਹਾਇਕ ਹੈ। ਇਸ ਕਰਕੇ ਕਿਤੇ ਤਿਆਗ ਦਾ ਤਿਆਗ ਭੀ ਜਾਕੇ ਮਿੱਖਣਾ ਪੈਂਦਾ ਹੈ ਅਰ ਉਹ 'ਤਿਆਗ ਦਾ ਤਿਆਗ' 'ਗ੍ਰਹਿਣ' ਨਹੀਂ ਹੁੰਦਾ। ਇਸਵੇਲੇ ਸਤਿਗੁਰਾਂ ਦਾ ਹੁਕਮ ਹੁਣ ਵਿਸ਼ੇਸ਼ ਵਸਤੂ ਸੀ,ਇਸ ਦੇ ਅੱਗੇ ਤਿਆਗ ਦਾ ਤਿਆਗ ਲੋੜੀਂਦਾ ਸੀ। ਹੁਕਮ ਅਨੁਸਾਰ ਰਾਮ ਕੁਇਰ ਜੀ ਦਾ ਕੜਾਹ ਪ੍ਰਸ਼ਾਦ ਲੁੱਟਕੇ ਲੈ ਲੈਣਾ ਗ੍ਰਹਿਣ ਬ੍ਰਿਤੀ ਕਦੇ ਨਾ ਬਣਦਾ, ਕਿਉਂਕਿ ਤਿਆਗ ਤਾਂ ਉਨ੍ਹਾਂ ਦੇ ਸੁਭਾਵ ਭੂਤ ਹੋ ਚੁੱਕਾ ਸੀ। ਹੁਣ ਹੁਕਮ ਹੋਏ ਤੇ ਕਿਸੇ ਹੋਰ ਭਾਵ ਨਾਲ ਤਿਆਗ ਦਾ ਸਾਵਧਾਨ ਰੱਖਣਾ ਇਕ ਲੇਸ਼ਾਵਿਦਯਾ ਦੀ ਯਾ ਸੂਖਮ ਹਉਂ ਦੀ ਸੂਰਤ ਰਖਦਾ ਸੀ, ਜੋ ਰਜ਼ਾ ਮੰਨਣ ਦੀ ਲਹਿਰ ਵਿਚ ਇਕ ਰੁਕਾਵਟ ਸੀ। ਇਸ ਨੂੰ ਤਿਆਗਣਾ ਚਾਹੀਦਾ ਸੀ। ਤਿਆਗ-ਬ੍ਰਿਤੀ ਦੀ ਹਉਂ ਨੂੰ ਤਿਆਗਣਾ ਤਯਾਗ ਦਾ ਤਯਾਗ ਹੈ ਤੇ ਗਯਾਨ ਅਵਸਥਾ ਹੈ।'ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ।।' ਇਸ ਪਰਮ ਸੂਖਮ ਹਉਂ ਨੂੰ ਭੀ ਸਤਿਗੁਰ ਸੂਰੇ ਨੇ ਦੂਰ ਕੀਤਾ ਹੈ।

ਲੁੱਟਣ ਵਿਚ ਬ੍ਰਿਤੀ ਦਾ ਵਿਖੇਪ ਹੋ ਸਕਦਾ ਸੀ, ਪਰ ਸਤਿਗੁਰੂ ਚਾਹੁੰਦੇ ਸਨ ਕਿ ਸੁਰਤ ਦਾ ਪਕਾਉ ਇੰਨਾ ਡਾਢਾ ਹੋਵੇ ਕਿ ਬੀਤਰਾਗ ਮਹਾਂ ਪੁਰਖਾਂ ਨੂੰ ਕਰੜੀ ਪਰਵਿਰਤੀ ਦੇ ਆ ਪਿਆਂ ਵੀ ਵਿਖੇਪ ਨਾ ਹੋਵੇ। ਵਿਖੇਪ ਵਾਲੇ ਕੰਮ ਉਨ੍ਹਾਂ ਦੇ ਸੁਤੇ ਸਿੱਧ ਹੁੰਦੇ ਜ਼ਾਣ ਤੇ ਬ੍ਰਿਤੀ ਉਚਯਾਣ ਦੀ ਪ੍ਰਤੀਤੀ ਵਿੱਚ (ਉਨਮਨੀ ਦਸ਼ਾ ਵਿਚ) ਵਿਖੇਪ ਮੰਡਲ ਤੋਂ ਉਚੇਰੀ ਰਹੇ। ਜਿਵੇਂ ਗੱਡੀ ਦਾ ਪਿੰਜ ਸਾਰਾ ਧਰਤੀ ਨਾਲ ਹਰ ਛਿਨ ਨਹੀਂ ਛੁਹ ਰਿਹਾ ਹੁੰਦਾ, ਉਸ ਦਾ ਇਕ ਅੰਸ਼ ਧਰਤੀ ਨਾਲ ਛੁਹੰਦਾ ਹੈ ਤੇ ਬਾਕੀ ਸਾਰਾ ਧਰਤੀਤੋਂ ਉੱਚਾ ਰਹਿੰਦਾ ਹੈ ਤਿਵੇਂ ਪਰਵਿਰਤੀ ਦੇ ਕੰਮਾਂ ਨੂੰ ਟੋਰਨ ਲਈ ਗਯਾਨੀ ਦੀ ਸਾਰੀ ਬ੍ਰਿਤੀ ਲੱਗਣੀ ਨਹੀਂ ਲੋੜੀਦੀ, ਸਾਰੀ ਬ੍ਰਿਤੀ ਉੱਚੀ ਰਹੇ ਤੇ ਪਹੀਏ ਜਿੰਨੀ ਬ੍ਰਿਤੀ ਦੀ ਛੁਹ ਪ੍ਰਵਿਰਤੀ ਦੀ ਧਰਤੀ ਨੂੰ ਛੁਹੰਦੀ ਟੁਰੀ ਜਾਵੇ ਤੇ ਕਾਰਜ ਸਾਰਦੀ ਜਾਵੇ।

ਰਾਮ ਕੁਇਰ ਜੀ ਦੀ ਸੰਗਤ ਨੇ ਆਪ ਦੀ ਰੀਸ ਕਰਕੇ ਨਹੀਂ ਸੀ ਲੁੱਟ ਪਾਈ। ਉਨ੍ਹਾਂ ਨੂੰ ਜੋ ਸੂਰੇ ਸਤਿਗੁਰੂ ਨੇ ਪ੍ਰਸ਼ਨ ਕੀਤਾ ਕਿ ਤੁਸਾਂ ਕਿਉਂ ਨਹੀਂ ਲਿਆ, ਤਾਂ ਉਨ੍ਹਾਂ ਨੇ ਦਿਲ ਖੋਲ੍ਹਕੇ ਦੱਸ ਦਿੱਤਾ ਕਿ ਹਜ਼ੂਰ ਚਿੱਤ ਤਾਂ ਰਸਾਂ ਕਸਾਂ ਤੇ ਫਤਹ ਨਹੀਂ ਪਾ ਚੁੱਕਾ ਹੋਇਆ, ਪਰ ਬਾਬਾ ਜੀ ਵੱਲ ਤੱਕ ਕੇ ਰੁਕੇ ਰਹੇ ਹਾਂ। ਸੰਗਤ ਦੀ ਆਪ ਤੇ ਕਾਬੂ ਦੀ ਸਿਫਤ ਤਾਂ ਇਸ ਰਮਜ਼ ਵਿਚ ਉਪਮਾ ਯੋਗ ਹੈ, ਪਰ ਹੁਕਮ ਹੋਣ ਦੀ ਹਾਲਤ ਵਿਚਰੁਕਣਾ ਤੇ ਅੰਦਰੋਂ ਜੀ ਕਰਨਾ ਇਕ ਬਨਾਵਟ ਜੇਹੀ ਸੀ। ਜਦੋਂ ਮਾਲਕ ਦੀ—ਗੁਰੂ ਦੀ—ਰਜ਼ਾ ਹੋ ਚੁਕੀ ਹੈ ਕਿ ਐਸ ਤਰ੍ਹਾਂ ਸਾਰੇ ਕੜਾਹ ਪ੍ਰਸ਼ਾਦ ਛਕੋ ਤਾਂ ਤਿਆਗੀ ਤੇ ਗਿਆਨਵਾਨ ਪੁਰਖਾਂ ਦੇ ਖਾਣ ਵਿਚ ਤਿਆਗ ਨਾਸ਼ ਨਹੀਂ ਹੁੰਦਾ, ਤੇ ਰਹਿਣ ਨਹੀਂ ਚੰਬੜਦਾ, ਸਗੋਂ ਰਜ਼ਾ ਪਰ ਟੁਰਦੀ ਸੁਰਤ ਮਾਲਕ ਨਾਲ ਇਕ ਸੁਰ ਹੁੰਦੀ ਹੈ। ਰਜ਼ਾ ਵਿਚ ਮਰਜ਼ੀ ਦਾ ਮੋਲਣਾ, ਰਜ਼ਾ ਵਿਚ ਆਪਣੀ ਮਰਜ਼ੀ ਦਾ ਗ਼ਰਕ ਕਰ ਦੇਣਾ, ਇਹੀ ਤਾਂ ਰੂਹਾਨੀ ਪਰਮ ਪਦ ਹੈ, ਇਹ ਆਪਣੇ ਆਪ ਦੀ ਤਬਾਹੀ ਨਹੀਂ ਸਗੋਂ ਕਮਾਲ ਹੈ। ਜਿਵੇਂ ਸਾਜ਼ ਤੇ ਲਗੀ ਤਰਬ ਨਾਦ ਬਾਜ਼ ਦੀ ਤਾਰ ਨਾਲ ਮੇਲ ਪਾ ਲੈਂਦੀ ਹੈ ਤਾਂ ਉਹ ਨਿਤਾਣੀ ਤੇ ਤਬਾਹ ਨਹੀਂ ਹੁੰਦੀ ਸਗੋਂ ਇਕ ਸੁਰ ਹੋ ਜਾਣ ਕਰਕੇ ਸੁਰੀਲੀ ਤੇ ਤਾਣ ਵਾਲੀ ਹੋ ਜਾਂਦੀ ਹੈ। ਜਦ ਬਾਜ਼ ਦੀ ਸੁਰ ਬੋਲਦੀ ਹੈ ਤਾਂ ਤਰਬ ਬਿਨਾਂ ਛੇੜੇ ਬਿਨਾਂ ਹਿਲਾਏ ਉਸ ਨਾਲ ਬੋਲਦੀ ਹੈ। ਸਗੋਂ ਜੇ ਕਦੇ ਤਰਬ ਨੂੰ ਛੇੜੇ ਤਾਂ ਦੇਖੋ ਕਿ ਉਸ ਸੁਰ ਪਰ ਬਾਜ਼ ਦੀ ਤਾਰ ਵਿਚੋਂ ਖ਼ਾਰਟ ਜਾਂਦੀ ਹੈ ਤੇ ਉਹ ਬਰਕਦੀ ਵਿੱਸਦੀ ਹੈ। ਸੂਰਾ ਸਤਿਗੁਰੂ ਐਉਂ ਆਪਣੀਆਂ ਤਰਬਾਂ ਨੂੰ ਐਨ ਠੀਕ ਠੀਕ ਤਰ੍ਹਾਂ ਨਾਲ ਸੁਰ ਕਰ ਰਿਹਾ ਸੀ ਤੇ ਲੇਸ਼ ਜਿੰਨਾ ਭੀ ਲੋਕ ਲਾਜ ਆਦਿ ਦਾ ਖਿਆਲ ਗ਼ੈਰੀਅਤ ਦੀ ਬੂ ਰੱਖਣ ਵਾਲਾ ਆਪਣੇ ਸਭ ਤੋਂ ਵਡੇਪਿਆਰੇ ਨੂੰ ਰੂਬਰੂ ਵਿਚ ਨਹੀਂ ਸੀ ਰਹਿਣ ਦੇਣਾ ਚਾਹੁੰਦਾ, ਕਿਉਂਕਿ ਓਹਨਾਂ ਨੂੰ ਸੂਰਾ ਗੁਰੂ ਸਾਈਂ ਦੀ ਰਜ਼ਾ ਵਿਚ

ਇਕਸੁਰਤਾ ਪ੍ਰਦਾਨ ਕਰ ਰਿਹਾ ਸੀ*।

ਦੂਸਰੀ ਭੇਤ ਦੀ ਗੱਲ ਇਹ ਭੀ ਇਸ ਖੇਲਵਿਚ ਸਹੀ ਹੁੰਦੀ ਹੈ ਕਿ ਗੁਰੂ ਜੀ ਚਾਹੁੰਦੇ ਸਨ ਕਿ ਬਾਬਾ ਜੀ ਆਪਣੀ ਸਮਾਧੀਆਂ ਵਿਚ ਨਿੰਦ੍ਰਾਵਲੀ ਘੂਰਮ ਅਵਸਥਾ ਵਿਚ ਨਾ ਜਾ ਪੈਣ। ਵਿਸਮਾਦ ਤੇ ਲਿਵ-ਲੀਨਤਾ ਤਾਂ ਰਹੇ ਪਰ ਹੋਸ਼ਹੀਣੀ ਮਸਤੀ ਯਾ ਵਿਚਲੀ ਹੋਈ ਹੋਸ਼ ਦੀ ਮਸਤੀ ਨਾ ਆ ਵਿੱਚ ਵੜੇ। ਕੜਾਹ ਪ੍ਰਸ਼ਾਦਿ ਘਰ ਦੀ ਵਸਤੂ ਹੈ, ਸੰਗਤ ਨੂੰ ਗੁਰੂ ਦੇਂਦਾ ਹੈ ਤੇ ਉਤਸਾਹ ਲਈ ਆਖਦਾ ਹੈ ਲੁੱਟ ਲਓ! ਇਹ ਕੌਤੂਹਲ ਤੇ ਚੜ੍ਹਦੀਆਂ ਕਲਾਂ ਦਾ ਕੌਤਕ ਇਕ ਖੇੜੇ ਦਾ ਰੰਗ ਸੀ, ਜਿਸ ਵਿਚ ਕੋਈ ਪਾਪ ਨਹੀਂ ਸੀ। ਉਛਾਲ ਤੇ ਉਤਸਾਹ ਜੋ ਨਿਸ਼ਪਾਪ ਹੈ ਸਰੀਰ ਨੂੰ ਹਿਲਾਉਂਦਾ ਤੇ ਮਨ ਨੂੰ ਖੇੜਦਾ ਹੈ। ਭਗਤ ਦਾ ਖੇੜਾ ਸੁਰਤ ਦਾ ਵਿਕਾਸ ਹੈ। 'ਨਾਨਕ ਭਗਤਾ ਜਦਾ ਵਿਗਾਸੁ।' ਵਿਕਾਸ ਰੰਗ ਹੈ ਜੋ ਭਗਤੀ ਨੂੰ ਲਗਦਾ ਹੈ। ਹੁਕਮ ਵਿਚ ਬਾਬਾ ਜੀ ਦਾ ਕਿਣਕਾ ਮਾਤ੍ਰ ਭੀ ਉੱਠ ਕੇ ਯਤਨ ਨਾਲ ਲੈ ਲੈਂਦੇ ਤਾਂ ਹੁਕਮ ਹੋਣ ਕਰਕੇ ਸੁਰਤ ਨੂੰ ਇਕ ਹੋਰ ਵਿਗਾਸ ਮਿਲਣਾ ਸੀ। ਇਸ ਪ੍ਰਕਾਰ ਸੂਰਾ ਗੁਰੂ ਅਪਣੇ ਸਿੱਖਾਂ ਨੂੰ ਨਾਮ ਵਿਚ ਰਸੀਆ ਕਰਕੇ, ਜਾਗਤ ਜੋਤ ਅੰਦਰ ਜਗਾ ਕੇ, ਇਕ ਦੇ ਰੰਗ ਵਿਚ ਉੱਚ ਪੂਰਤੇ ਕਰਕੇ ਖੇੜਿਆਂ ਦੇ ਘਰ ਵਸਾਕੇ ਕਿਸੇ ਜੀਉਂਦੀ ਜਾਗਦੀ ਅਵਸਥਾ ਵਿਚ ਲਿਜਾ ਰਿਹਾ ਸੀ।

੪.

ਉਪਰ ਤਾਂ ਸਨ ਵੰਨਗੀਆਂ ਉਨ੍ਹਾਂ ਦੇ ਗੁਰੂ-ਪ੍ਰੇਮ ਗੁਰੂ ਮਿਹਰ ਨਾਲ ਅਨੰਦ ਪੂਰ ਜਾ ਕੇ ਉੱਨਤ ਹੋਣ ਦੀਆਂ। ਹੁਣ ਲਓ ਉਨ੍ਹਾਂ ਦੇ ਕੁਛ ਹਾਲ ਉਨ੍ਹਾਂ ਦੇ ਆਪਣੇ ਨੱਗਰ ਝੰਡੇ ਰਮਦਾਸ ਦੇ।

ਆਮ ਪ੍ਰਸਿੱਧ ਗੱਲ ਇਕ ਐਉਂ ਭੀ ਹੈ ਕਿ ਸ੍ਰੀ ਭਾਈ ਰਾਮ ਕੁਇਰ ਜੀ ਮਸਤਾਨੇ ਫਕੀਰ ਸਨ ਤੇ ਬੇਹੋਸ਼ੀ ਜੇਹੀ ਵਿਚ ਘੂਰਮ ਰਹਿੰਦੇ ਸਨ। ਕਥਾ ਕਰਨ ਵਾਲੇ ਬਾਜ਼ੇ ਵੇਲੇ ਹੋਰ ਵਾਧਾ ਕਰ ਛੋੜਦੇ ਹਨ। ਪਰ ਸਾਹਿਬ ਦਸਮੇਸ਼ ਜੀ ਦੇ ਪਿਆਰੇ ਸਿੱਖ ਕਦੇ ਬੇਹੋਸ਼ੀ ਵਾਲੀ ਮਸਤੀ ਵਿਚ ਨਹੀਂ ਹੋ ਸਕਦੇ, ਉਹ ਸਨ–

ਬਾਲਕ ਸਮਤਾ ਬੇਦ ਜੁ ਕਹੇ॥
ਤਿਸ ਮੈਂ ਸਦਾ ਬਰਤਤੇ ਰਹੇ॥ [ਸ੍ਰੀ ਪ੍ਰ: ਗ੍ਰ: ੧

ਭਾਈ ਨੰਦ ਲਾਲ ਜੀ ਗੁਰਸਿੱਖੀ ਦੀ ਇਸ ਅਵਸਥਾ ਦੀ ਪਛਾਣ ਦੱਸ ਗਏ ਹਨ ਕਿ ਬੇਹੋਸ਼ੀ ਯਾ ਮਸਤੀ ਗੁਰੂ ਘਰ ਵਿਚ ਨਹੀਂ ਰੱਖੀ।

ਦਰ ਮਜ਼ਹਬੇ ਮਾ ਗ਼ੈਰ ਪਰਸਤੀ ਨ ਕੁਨੰਦ।
ਸਰ ਤਾ ਬਕਦਮ ਬਹੋਸ਼ ਮਸਤੀ ਨ ਕੁਨੰਦ।

ਗੁਰੂ ਘਰ ਵਿਚ ਘੂਰਮ ਬੇਹੋਸ਼ੀ ਦੀ ਕਿਸਮ ਦੀਆਂ ਤੇ ਸੂਫੀ ਮੁਸਲਮਾਨਾਂ ਵਾਲੇ ਹਾਲ ਸਰੀਖੀਆਂ ਤੇ ਖੇਡਾਂ ਦੇਣ ਵਾਲ਼ੂ ਸਿਰ ਮਾਰਨ ਦੀਆਂ ਮਸਤੀਆਂ ਵਿਹਤ ਨਹੀਂ ਹਨ। ਸਿੱਖ ਸਦਾ ਹੋਸ਼ ਵਿਚ ਵੱਸਦੇ ਹਨ। ਪਰ ਇਸ ਹੋਸ਼ ਦਾ ਮਤਲਬ 'ਅਲਿਵ*ਹੋਸ਼' ਬੀ ਨਹੀਂ। ਗੁਰਬਾਣੀ ਨਾਲ ਮਨ ਨੂੰ, ਦ੍ਰੁੱਧੀ ਨੂੰ ਉੱਜਲ ਨਾ ਕਰਨਾਂ, ਸੁਰਤ ਨੂੰ ਨਾਮ ਦੇ ਪ੍ਰਵਾਹ ਨਾਲ ਲਿਵ ਵਾਲਾ ਤੇ ਅੰਮ੍ਰਿਤ ਮਯ ਨਾ ਕਰ ਲੈਣਾ ਤੇ ਨਿਰੀ ਪੰਡਤਾਈ, ਦਰਸ਼ਨ ਵਿਦ੍ਯਾ ਤੇ ਆਮ ਵਾਕਫੀ ਨਾਲ ਸਮਝਣਾ, ਕਿ ਇਹ ਉਹ ਲਿਵ ਵਾਲੀ ਹੋਸ਼ ਹੈ, ਭੁੱਲ ਹੈ। ਇਹ ਉਹ ਹੋਸ਼ ਨਹੀਂ, ਇਹ ਅਲਿਵ ਹੋਸ਼ ਹੈ, ਸਾਈਂ ਤੋਂ ਵਿੱਥ ਤੇ ਰੱਖਦੀ ਹੈ। ਹੋਸ਼ ਤੋਂ ਭਾਈ ਨੰਦ ਲਾਲ ਜੀ ਦੀ ਮੁਰਾਦ ਹੈ ਨਾਮ ਦੀ ਲਿਵ ਵਾਲੀ ਅਵਸਥਾ, ਜੋ ਮਸਤੀਆਂ ਵਿਚ ਨਹੀਂ ਡੁਬਦੀ, ਪਰ ਸਿਫਤ ਸਲਾਹ ਦੇ ਘਰ ਵਸਦੀ, ਜਗਤ ਤੇ ਜਗਤ ਦੇ ਪਦਾਰਥਾਂ ਤੋਂ ਨਵਰਤ ਨਾ ਕਰਦੀ ਹੋਈ ਹਰ ਰੰਗ, ਹਰ ਸ਼ੈ ਵਿਚ ਉਸ ਦੀ ਵਿਸਮਾਦੀ ਛੁਹ ਲੈਕੇ ਉੱਚੀ ਟੁਰਦੀ ਹੈ। ਸੁੰਦਰਤਾ ਦਾ ਅਹਿਸਾਸ ਜੋ ਨਾਮ ਦੀ ਲਿਵ ਤੋਂ ਉਪਜੇ, ਸ਼ੁਧ ਨੇਕੀ ਦਾ ਅਹਿਸ.ਸ ਜੋ ਰਾਗ ਦ੍ਵੈਖ ਤੋਂ ਉਚੇਰਾ ਹੋਵੇ, ਸਤਿ ਦਾ ਅਹਿਸਾਸ ਜੋ ਮਨ ਬੁਧਿ ਹੰਕਾਰ ਦੇ ਪੜਦੇ ਪਾੜਕੇ ਅਸਲੀਅਤ ਦੇ ਜਾ ਦਰਸ਼ਨ ਕਰਾਵੇ, ਏਹ ਹਨ

*ਇਸ ਵੇਲੇ ਬਾਬਾ ਜੀ ਪੂਰੀ ਗੁਰੂ ਜੀ ਦੇ ਸ੍ਰਾਪ ਦੇ ਵਾਕ ਉਚਰਨ ਵਾਲੀ ਗਲ ਜੋ ਲਿਖੀ ਮਿਲਦੀ ਹੈ ਕੂੜੀ ਜਾਪਦੀ ਹੈ। ਸੂਰੇ ਸਤਿਗੁਰੂ ਨੇ ਕਸਰਾਂ ਤਾਂ ਕਢਣੀਆਂ ਹਨ ਪਰ ਆਪਣੇ ਅਤਿ ਪਿਆਰੇ ਸਿਖ ਨੂੰ, ਆਦਿ ਗੁਰਾਂ ਤੋਂ ਸਾਰੇ ਪਾਤਸ਼ਾਹੀਆਂ ਦੇ ਵਰੋਸਾਏ ਵੈਸ਼ ਦੇ ਹੀਰੇ ਨੂੰ ਸ੍ਰਾ ਦੇਣਾ, ਗੁਰੂ ਦਸਮੇਸ਼ ਦੇ ਸੁਭਾਵ ਤੇ ਵਰਤਾਰੇ ਦੇ ਉਲਟ ਹੈ। ਇਹ 'ਲੱਕ-ਕਥਾ' ਮਗਰੋਂ ਜਦ ਕੋਈ ਭਾਣੇ ਵਰਤਣ ਤਾਂ ਲੋਕੀਂ ਘੜ ਘੜਾ ਲੈਂਦੇ ਹਨ ਤੇ ਉਹ ਅਗੋਂ ਹੋਰ ਪੈਂਦੀਆਂ ਹਨ। ਜਾਪਦਾ ਹੈ ਕਿ ਸੋਸਾਖੀ ਦੇ ਹਸਤਾਖੇਪ ਕਰਨ ਵਾਲੇ ਨੇ ਸ੍ਰਾਪ ਦੀ ਗਲ ਪਾਈ ਤੇ ਹੋਰਨਾਂ ਨੇ ਨਕਲ ਕੀਤੀ ਹੈ।

*ਲਿਵ ਵਿਹੂਣੀ।

ਅਹਿਸਾਸ ਜੋ ਉੱਚੇ ਹੋ ਹੋ ਵਿਸਮਾਦ ਵਿਚ ਤਾਂ ਲੈ ਜਾਣ ਤੇ ਲਿਵ ਵਿਚ ਬੀ ਰੱਖਣ, ਮੇਲ ਬੀ ਪ੍ਰਦਾਨ ਕਰਨ ਪਰ ਨੀਂਦ੍ਰਾ ਬੇਹੋਸ਼ੀਆਂ ਤੇ ਤਮੋਗੁਣੀ ਮਸਤੀਆਂ ਵਿਚ ਨਾ ਲੈ ਜਾਣ, ਕਿਉਂਕਿ ਫ਼ਰਮਾਨ ਹੈ:–

ਖ਼ਬਰਦਾਰ ਗਿਆਨੀ ਸਦਾ ਸਦ ਜਾਗਤ ॥
ਸ੍ਰੀ ਭਾਈ ਗੁਰਦਾਸ ਜੀ ਫ਼ਰਮਾਉਂਦੇ ਹਨ:–
ਭਾਇ ਭਗਤ ਭੈ ਚਲਣਾ
ਮਸਤ ਅਲਮਸਤ ਸਦਾ ਹੁਸ਼ਿਆਰੀ ॥

[ਵਾ: ਭਾ: ਗੁ: ਵਾ: ੧੧-੧੨

ਭਾਈ ਰਾਮ ਕੌਰ ਜੀ ਦੀ 'ਮਸਤੀ ਨਿੰਦ੍ਰਾ' ਜਾਂ ਬੇਹੋਸ਼ੀ ਯਾ ਹਾਲ* ਦੀ ਕਿਸਮ ਦੀ ਨਹੀਂ ਸੀ, ਉਹ ਉਨ੍ਹਾਂ ਦੀ ਪ੍ਰਬੁੱਧ ਅਵਸਥਾ ਸੀ, ਨਾਮ ਦੀ ਲਿਵ ਸੀ। ਉਹ ਵਿਕਾਸ਼ ਦੇ ਬੰਦੇ ਹਨ, ਸਿਫ਼ਤ ਦੇ ਰੰਗ ਰੰਗੇ ਰਹਿੰਦੇ ਸਨ, ਇਸੇ ਕਰਕੇ ਸਤਿਗੁਰ ਨਾਲ ਪ੍ਰੇਮ ਮਗਨ ਭੀ ਸਨ। ਪਰਵਾਰ ਵਾਲੇ ਭੀ ਸਨ, ਰਾਜ ਭਾਗ ਭੀ ਸੀ, ਘੋੜੇ ਤੇ ਸੈਨਾ ਭੀ ਰਖਦੇ ਸੀ, ਸ਼ਿਕਾਰ ਭੀ ਚੜ੍ਹਦੇ ਸੀ, ਘੋੜ ਸਵਾਰ ਬੀ ਪਰਲੇ ਦਰਜੇ ਦੇ ਸਨ, ਪਰ ਰਹਿੰਦੇ ਸਦਾ ਨਾਮ ਦੀ ਲਿਵ ਵਿਚ ਤੇ ਸਾਈਂ ਦੇ ਰੰਗ ਵਿਚ ਸਨ। ਇਸ ਕਰਕੇ ਜਦ ਆਪ ਦੀ ਇਸਤ੍ਰੀ ਚਲਾਣਾ ਕਰ ਗਈ ਤਾਂ ਫੇਰ ਦੂਸਰਾ ਵਿਆਹ ਹੋਇਆ†। ਨਹੀਂ ਤਾਂ ਮਸਤ ਅਵਸਥਾ ਜੋ ਨਿੰਦ੍ਰਾ ਤੇ ਘੁਰਮਤਾਈ ਦੀ ਹੋਵੇ ਉਹ ਵਿਆਹ ਤੋਂ ਉਪ੍ਰਾਮ ਕਰਦੀ ਤੇ ਗੁਦੜੀ ਵਿਚ ਲਪੇਟਕੇ ਕਿਸੇ ਨਦੀ ਦੇ ਕੰਢੇ ਲੰਮਿਆਂ ਪਾ ਛੋੜਦੀ।

ਜਦੋਂ ਦੂਸਰਾ ਵਿਆਹ ਕੀਤਾ, ਡੋਲਾ ਲੈਕੇ ਟੁਰੇ ਤੇ ਟੁਰਦੇ ਟੁਰਦੇ ਪਿੰਡ ਭਰੋਕੇ ਦੇ ਲਾਗੇ ਆਏ ਤਾਂ ਨੰਦ ਨੂੰ ਤ੍ਰੇਹ ਲਗਣ ਤੇ ਪਾਣੀ ਨਾ ਲੱਭਾ। ਇਸ ਵੇਲੇ ਆਪ ਦੀ ਨਿਗਾਹ ਪਈ ਜ਼ਿਮੀਂਦਾਰਾਂ ਤੇ ਜੋ ਮਾਲ ਡੰਗਰ ਇਕ ਰੁਖ਼ ਲਈ ਜਾਂਦੇ ਸਨ। ਆਪ ਨੇ ਪੁਛਿਆ ਕਿ ਇਹ ਸਾਰੇ ਕਿੱਧਰ ਨੂੰ ਜਾ ਰਹੇ ਹਨ? ਰਾਮੇ ਨੇ ਪੁਛਕੇ ਆ ਪਤਾ ਦਿੱਤਾ ਕਿ ਇਨ੍ਹਾਂ ਦੇ ਪਿੰਡ ਜੇਠ ਹਾੜ ਪਾਣੀ ਨਹੀਂ ਰਹਿੰਦਾ, ਇਸ ਕਰਕੇ ਲੋਕ ਮਾਲ ਨੂੰ ਪਾਣੀ ਪਿਲਾਉਣ ਲਈ ਰਾਵੀ ਨਦੀ ਤੇ ਲੈ ਜਾਂਦੇਹਨ। ਇਹ ਸੁਣਕੇ ਸੁੰਦਰਤਾ ਦੀ ਅਦਰਲੀ ਪ੍ਰਤੀਤੀ ਵਿਚ ਰਹਿਣ ਵਾਲੇ ਭਾਈ ਜੀ ਨੇਕੀ ਦੇ ਅਹਿਸਾਸ ਵਿਚ ਆਏ। ਆਪਣੇ ਘੋੜੇ ਨੂੰ ਅੱਡੀ ਲਾਈ ਤੇ ਪਿੰਡ ਦੇ ਚੁਗਿਰਦੇ ਘੰਮੇ, ਇਕ ਥਾਂ ਅਟਕ ਗਏ। ਜਿਥੇ ਘੋੜਾ ਅਟਕਿਆ ਸੀ ਉਤਰਕੇ ਨਿਸ਼ਾਨ ਕਰ ਦਿੱਤਾ ਤੇ ਕਹਿਣ ਲਗੇ ਇਥੇ ਖੂਹ ਲਗਵਾ ਦਿਓ, ਅਤੁੱਟ ਜਲ ਨਿਕਲੇਗਾ, ਗਿਰਾਂ ਦੇ ਬੰਦੇ ਮਾਲ ਡੰਗਰ ਸੁਖੀ ਹੋ ਜਾਣਗੇ। ਹੁਕਮ ਹੋਣ ਦੀ ਡੇਰ ਸੀ, ਉਥੇ ਖੂਹ ਲੱਗ ਗਿਆ ਜੋ ਹੁਣ ਤੱਕ ਹੈ, ਸਾਹਿਬ ਰਾਮ ਕੌਰ ਦਾ ਖੂਹ ਸਦਾਉਂਦਾ ਹੈ, ਤੇ ਉਸ ਸਮੇਂ ਤੋਂ ਹੁਣ ਤਕ ਨੇਕੀ ਦਾ ਚਸ਼ਮਾਂ ਹੋ ਕੇ ਸੁਖ ਦੇ ਰਿਹਾ ਹੈ।

ਸਦਾ ਸਾਈਂ ਦੇ ਰੰਗ ਰੱਤੇ, ਸਦਾ ਲਿਵ ਵਾਲੇ, ਸਦਾ ਹੋਸ਼ ਵਾਲੇ ਭਾਈ ਰਾਮ ਕੌਰ ਜੀ ਸਿਖੀ ਦੀ ਚੋਟੀ ਤੇ ਖੜੇ ਸਤਿਗੁਰਾਂ ਦ ਪਜਾਰੇ ਸਿੱਖ ਤੇ ਵਜ਼ੀਰ, ਇਨ੍ਹਾਂ ਰੰਗਾਂ ਵਿਚ ਟੁਰੇ ਰਹੇ। 'ਇਸਤ੍ਰੀ ਆਪ ਦੀ ਦੂਸਰੀ ਤੇ ਫਿਰ ਤੀਸਰੀ ਭੀ ਚੜ੍ਹ ਗਈ। ਚੌਥਾ ਵਿਆਹ ਭੀ ਆਪ ਨੇ ਕੀਤਾ, ਪਰ ਸਾਰਾ ਪਰਵਿਰਤੀ ਦਾ ਅਸਰ ਆਪ ਦੇ ਸਦਾ ਰੰਗ ਰੱਤੇ ਮਨ ਤੇ ਨਹੀਂ ਪਿਆ। ਡੇਰੇ ਤੇ ਘਰ ਦੇ ਪ੍ਰਬੰਧ ਦਾ ਪ੍ਰਵਾਹ ਸੁਤੇ ਚਲਦਾ ਰਿਹਾ। ਪਹਿਲਾਂ ਚਾਚਾ ਤੇ ਫੇਰ ਪੁਤ੍ਰ ਪ੍ਰਬੰਧ ਕਰਦੇ ਰਹੇ, ਆਪ ਦੀ ਆਗਿਆ ਪਾਲਣ ਹੁੰਦੀ ਰਹੀ। ਜਦੋਂ ਆਪ ਆਪਣੇ ਰੰਗ ਵਿਚ ਬਹੁਤ ਰਹਿਣ ਲਗ ਪਏ ਤਾਂ ਘਰ ਘੱਟ ਰਹਿੰਦੇ ਸਨ, ਬਾਬੇ ਬੁੱਢੇ ਜੀ ਦੇ ਸਥਾਨ ਤੇ ਵਧੇਰੇ ਵਾਸ ਕਰਦ ਸਨ। ਆਪ ਦੀ ਸਪੁੱਤ੍ਰੀ ਬੀਬੀ ਸੱਖਾ ਦਾ ਵਿਆਹ ਹੋ ਗਿਆ। ਜਦੋਂ ਕਾਕੀ ਵਿਦਾ ਹੋਣ ਲੱਗੀ ਤਾਂ ਅਸੀਸ ਦਿੱਤੀ, 'ਬੱਚੀ, ਵਾਹਿਗੁਰੂ ਤੇਰਾ ਨਾਮ ਨਾਲ ਵਿਛੋੜਾ ਨਾ ਪਾਵੇ, ਰੰਗ ਰਤੜੀ ਰਹੀਂ।' ਬੀਬੀ ਨੂੰ ਅਸੀਸ ਨੇ ਸੁਖੀ ਕਰ ਦਿੱਤਾ, ਬੀਬੀ ਦਾ ਜੀਵਨ ਐਸਾ ਪਵਿੱਤ੍ਰ ਤੇ ਨਾਮ ਰਸੀਆ ਹੋਇਆ ਕਿ ਉਸ ਦੀ ਯਾਦਗਾਰ ਵਿਚ ਪਿੰਡ ਦੇ ਲੋਕਾਂ ਨੇ ਮੰਦਰ ਬਣਵਾਇਆ ਹੋਇਆ ਹੈ।

ਇਸ ਤਰ੍ਹਾਂ ਦੂਸਰੀ ਬੀਬੀ ਧਰਮੋਂ ਦਾ ਵਿਆਹ ਹੋ ਗਿਆ। ਜਦੋਂ ਅਜੇ ਬੀਬੀ ਪੇਕੇ ਘਰ ਪਹਿਲੇ

*ਮੁਸਲਮਾਨਾਂ ਵਿਚ ਕਵਾਲੀ ਪਾਕੇ ਜੋ ਸਿਰ ਮਾਰਦੇ ਬੇਸੁਧੀਆਂ ਵਿਚ ਜਾਂਦੇ ਹਨ ਉਸ ਨੂੰ ਹਾਲ ਖੇਡਣਾ ਕਹਿੰਦੇ ਹਨ।

†ਇਹ ਵਿਆਹ ਖਾਨਕਾਹ ਡੋਗਰਾਂ ਦੇ ਪਿੰਡ ਵਰਨ ਵਿਚ ਭਾਈ ਸੁਜਾਨੇ ਨਾਮ ਦੇ ਗੁਰ ਸਿਖ ਦੀ ਨਾਮ ਪ੍ਰੇਮਣ ਬੀਬੀ ਸੁਦਜਨ ਜੀ ਨਾਲ ਹੋਇਆ ਸੀ।

*ਇਸ ਪਿੰਡ ਦਾ ਨਾਮ ਢਾਲਾ ਨੁਸ਼ਹਿਰਾ ਦੱਸਦੇ ਹਨ।

ਫੇਰੇ ਹੀ ਆਈ ਹੋਈ ਸੀ ਮਗਰੋਂ ਪਿੰਡ* ਤੇ ਤੁਰਕਾਂ ਦੀ ਵਾਹਰ ਆ ਪਈ, ਪਿੰਡ ਲੁਟ ਲਿਆ ਤੇ ਕਤਲ ਆਮ ਕਰ ਦਿੱਤੀ। ਕੁਝ ਬਚੇ ਸੇ, ਉਹ ਬੀ ਓਹ ਜੋ ਮੁਸਲਮਾਨ ਹੋ ਰਹਿਏ ਸੇ। ਬੀਬੀ ਮੁੜ ਉਸ ਪਿੰਡ ਨਹੀਂ ਗਈ, ਸਾਰੀ ਉਮਰ ਭਜਨ ਕਰਦੀ ਰਹੀ, ਤੇ ਪਿਤਾ ਜੀ ਜਦ ਤਕ ਜੀਵੇ ਬੀਬੀ ਨੂੰ ਸਤਿਮਾਰਗ ਵਿਚ ਸਹਾਇਤਾ ਦੇਂਦੇ ਰਹੇ।

ਜਦੋਂ ਲੋਕੀ ਸ੍ਰੀ ਰਾਮ ਕੌਰ ਜੀ ਦੀ ਅੱਗੇ ਲਿਖੀ ਕਥਾ ਸੁਣਦੇ ਹਨ ਤਾਂ ਬੀ ਸਮਝਦੇ ਹਨ ਕਿ ਆਪ ਬੇਸੁਧ ਮਸਤਾਨੇ ਰਹਿੰਦੇ ਸਨ। ਕਥਾ ਇਹ ਹੈ :– ਕਿਸੇ ਗਾਹਕ ਨੇ ਆਕੇ ਪ੍ਰਸਾਦਿ ਛਕਾਇਆ ਪ੍ਰਸਾਦਿ ਅਤਿ ਸ੍ਵਾਦੀ ਸੀ, ਆਪ ਕਹਿਣ ਲਗੇ ਤੇਰੇ ਘਰ ਕਾ ਸੀ ਜੋ ਐਸਾ ਸ੍ਵਾਦੀਕ ਪ੍ਰਸਾਦਿਛਕਾਇਆਹਈ? ਤਾਂ ਉਸ ਨੇ ਕਿਹਾ ਕਿ ਖਜਾਹ ਸੀ ਪਿਤਾ ਦਾ। ਆਪ ਮੁਸਕਰਾਏ ਤੇ ਕਹਿਣ ਲਗੇ: ਤੁਹਾਡੇ ਸਦਾ ਖਜਾਹ ਹੁੰਦੇ ਰਹਿਣ। ਉਹ ਘਬਰਾਇਆ। ਜਦੋਂ ਉਨ੍ਹਾਂ ਦੇ ਪਰਿਵਾਰ ਵਿਚ ਕੁਛ ਮੌਤਾਂ ਹੋ ਗਈਆਂ ਤਾਂ ਉਨ੍ਹਾਂ ਸਮਝਿਆ ਕਿ ਭਾਈ ਜੀ ਦਾ ਸ੍ਰਾਪ ਲੱਗ ਗਿਆ ਹੈ ਤਾਂ ਛੇਤੀ ਨਾਲ ਇਕ ਵਿਆਹ ਰਚ ਦਿੱਤਾ ਤੇ ਫੇਰ ਬੜੀ ਭਾਵਨਾਂ ਨਾਲ ਪ੍ਰਸ਼ਾਦ ਲੈ ਕੇ ਗਏ। ਭਾਈ ਰਾਮ ਕੌਰ ਜੀ ਫੇਰ ਛਕ ਕੇ ਪ੍ਰਸੰਨ ਹੋਏ ਤੇ ਕਹਿਣ ਲਗੇ ਅੱਜ ਤੁਹਾਡੇ ਕੀਹ ਸੀ ਕਿ ਐਸਾ ਸ੍ਵਾਦੀਕ ਭੋਜਨ ਬਣਿਆ? ਤਾਂ ਓਹ ਆਖਣ ਲਗੇ ਜੀ ਸ਼ਾਦੀ ਸੀ ਤਾਂ ਆਪ ਬੋਲੇ ਐਸੀ ਭਾਵਨਾਂ ਵਾਲਿਆਂ ਦੇ ਨਿਤ ਸ਼ਾਦੀਆਂ ਹੀ ਰਹਿਣ।

ਇਸ ਸਾਖੀ ਦੇ ਦੋ ਅਰਥ ਨਿਕਲਦੇ ਹਨ। ਇਕ ਤਾਂ ਇਹ ਕਿ ਆਪ ਦੀ ਵਾਕ ਸੱਤਾ ਪ੍ਰਬਲ ਸੀ। ਦੂਸਰੇ ਇਹ ਕਿ ਆਪ ਦੀ ਮਸਤੀ ਮਸਤੀ ਨਹੀਂ ਸੀ, ਲਿਵ ਲੀਨਤਾ ਸੀ, ਜਿਸ ਵਿਚ ਨਾਮ ਦੀ ਲਿਵ ਤੇ ਹੋਸ਼ ਦੁਇ ਹੁੰਦੀਆਂ ਹਨ†। ਪ੍ਰਸ਼ਾਦ ਦਾ ਸ੍ਵਾਦੀਕ ਅਨੁਭਵ ਕਰ ਲੈਣਾ ਤੇ ਅਸੀਸ ਦੇਣ ਲਈ ਉਮਾਹ ਉਠਣਾ ਇਹ ਤਾਂ 'ਗਿਆਨੀ ਦੀ ਹੋਸ਼' ਹੈ। ਉਸ ਵੇਲੇ ਖਜਾਹ ਪਦ ਦੇ ਅਰਥ ਸੋਚਣ ਯਾ ਪੁਛਣ ਵਲ ਨਾ ਪੈਣਾ ਇਹ ਨਾਮ ਦੇ ਲਿਵ ਰੂਪ ਹੋਕੇ ਚਲ ਰਹੇ ਪ੍ਰਵਾਹ ਦਾ ਸੂਚਕ ਹੈ। ਸਾਖੀ ਅਗਲੀ ਗੱਲ ਨਹੀਂ ਦੱਸਦੀ ਕਿ ਇਸ ਸਮੇਂ ਭਾਈ ਜੀ ਨੇ ਉਨ੍ਹਾਂਨੂੰ ਸੱਚਾ ਉਪਦੇਸ਼ ਦੇਕੇ ਨਾਮ ਤੇ ਪ੍ਰੇਮ ਦੇ ਰਸਤੇ ਪਾਇਆ ਕਿ ਨਾ, ਜੋ ਉਨ੍ਹਾਂ ਦੀ ਕਲਜਾਣ ਹੋ ਜਾਵੇ; ਪਰ ਖਜਾਲ ਹੈ ਕਿ ਐਸਾ ਹੋਇਆ ਹੋਣਾ ਹੈ। ਇਸਤਰ੍ਹਾਂ ਭਾਈ ਰਾਮ ਕੌਰ ਜੀ ਦੇ ਜੀਵਨ ਨੂੰ ਤੇ ਉਨ੍ਹਾਂ ਦੀਆਂ ਆਪਣੀਆਂ ਉਨ੍ਹਾਂ ਨਾਲ ਵਰਤੀਆਂ ਸਤਿਗੁਰਾਂ ਦੀਆਂ ਰਮਜ਼ਾਂ ਨੂੰ ਸਮਝ ਸਕਣਾ ਖਰਾ ਕਠਨ ਹੋ ਜਾਂਦਾ ਹੈ ਤੇ ਗੁਰ ਸਿੱਖੀ ਦੇ ਕਟਾਖਜ ਲੋਕੀਂ ਇਉਂ ਵਰਣਨ ਕਰ ਲੈਂਦੇ ਹਨ ਕਿ ਜਿਵੇਂ ਕਿਸੇ ਸਾਧਾਰਨ ਤਮੋ ਗੁਣੀ ਮਸਤੀਆਂ ਵਾਲੇ ਨਿੰਦ੍ਹਾ ਬ੍ਰਿਤੀ ਵਾਲੇ ਬਾਵਲੇ ਦੀਆਂ ਕਰੀਦੀਆਂ ਹਨ। ਕਰਨੀ ਦੇ ਸੂਰੇ ਗਯਾਨ ਵਿਚ ਮਹਾਂ ਪੂਰੇ ਸਾਹਿਬ ਰਾਮ ਕੌਰ ਗੁਰੂ ਘਰ ਦਾ ਰਤਨ ਸੇ ਅਤੇ ਪੂਰਨ ਪਦ ਦੇ ਪ੍ਰਖ ਤੇ ਸਿੱਖੀ ਆਦਰਸ਼ਾਂ ਵਿਚ ਨਿਪੁਨ ਸੇ। ਇਹ ਗੱਲ ਜ਼ਰੂਰ ਜੀਵਨ ਵਾਕਯਾਤ ਤੋਂ ਭਾਸਦੀ ਹੈ ਕਿ ਆਪ ਦਾ ਤਬੀਅਤ ਦਾ ਰੁਖ ਅੰਤਰ ਮੁਖ ਰਹਿਣ ਦਾ ਸੀ ਤੇ ਇਸ ਹੱਦ ਤਕ ਸੀ ਕਿ ਬਹੁਤੀ ਵੇਰ ਚਾਰੇ ਪੁਤ੍ਰਾਂ ਤੇ ਪਰਿਵਾਰ ਨੂੰ ਸੰਸਾਰ ਵਿਹਾਰ ਆਪੂੰ ਕਰਨੇ ਪੈਂਦੇ ਸਨ ਤੇ ਕਈ ਵੇਰ ਇਸ ਅਵਸਥਾ ਨੂੰ ਡੂੰਘੇਰੇ ਹੁੰਦਿਆਂ ਵੇਖਕੇ ਸ੍ਰੀ ਕਲਗੀਧਰ ਜੀ ਨੇ ਐਸੇ ਕੌਤਕ ਵਰਤਾਏ ਸਨ ਕਿ ਸ੍ਰੀ ਰਾਮ ਕੌਰ ਜੀ ਹੋਸ਼ਾਂ ਵਾਲੀ ਮਗਨਤਾ ਵਿਚ ਰਹਿਣ*। ਭਾਈ ਸਾਹਿਬ ਜੀ ਆਪਣੇ ਘਰ ਆਪਣੇ ਰੰਗ ਵਿਚਰਦੇ ਸਨ, ਜੇ ਉਹ ਮਸਤੀ ਹੁੰਦੀ ਜੋ ਬੇਹੋਸ਼ੀ ਦੇ ਰੁਖ ਦੀ ਹੁੰਦੀ ਹੈ ਤਾਂ ਘਰੋਂ ਮਸਤਾਨੇ ਹੋਕੇ ਪਏ ਰਹਿੰਦੇ ਤੇ ਜੇ ਖੁਸ਼ਕ ਗਯਾਨ ਵਿਚ ਆਰੂੜ ਬੈਠੇ ਰਹਿਣ ਵਾਲੇ ਸਨ ਤਾਂ ਬੀ ਗੁਰੂ ਕੇ ਦੁਆਰੇ ਜਾਣ ਦੀ ਲੋੜ ਨਾ ਪ੍ਰਤੀਤ ਕਰਦੇ, ਪਰ ਆਪ ਸਾਲ ਵਿਚ ਕਈ ਵਾਰ ਤੜਫ ਤੜਫ ਉਠਦੇ ਤੇ ਚੁੰਬਕ ਵਲ ਧ੍ਰੂਕੀਂਦੀ ਤਾਰ ਵਾਂਙੂ ਆਪਣੇ ਆਤਮਾ ਦੇ ਅਧਾਰ ਦੇ ਜੀਉਂਦੇ ਮਿਕਨਾਤੀਸ ਵਲ ਖਿੱਚੇ ਜਾਂਦੇ ਤੇ ਚਰਨਾਂ ਕਵਲਾਂ ਵਿਚ ਜਾਕੇ ਸੁਖੀ ਤੇ ਖੁਸ਼ ਹੁੰਦੇ ਤੇ ਮਹੀਨਿਆਂ ਬੱਧੀ ਚਰਨਾਂਮ੍ਰਿਤ ਨੈਣ ਕਟੋਰਿਆਂ ਨਾਲ ਭਰ ਭਰ ਪੀਂਦੇ ਰਹਿੰਦੇ। ਏਹ ਗੱਲਾਂ ਪੂਰਨ ਪ੍ਰੇਮਾ ਭਗਤੀ ਤੇ ਸ਼ੁੱਧ ਅਨੁਭਵੀ ਅਵਸਥਾ ਦੀਆਂ ਸੂਚਕ ਹਨ।

*ਸਤਰਾਹ ਸੌਧੂਆਂ ਜ਼ਿਲਾ ਸਿਆਲ ਕੋਟ।

†ਮਸਤ ਅਲਮਸਤ ਸਦਾ ਦੁਸ਼ਿਆਰੀ॥ [ਭਾ: ਗੁ:

*ਏ ਮਨ ਮੇਰੇ ਸਦਾ ਰੰਗਿ ਰਾਤੇ ਸਦਾ ਹਰਿ ਕੇ ਗੁਣ ਗਾਉ॥ [ਵਡਹੰਸ ਮ: ੩

੫.

[ਸ਼੍ਰੀ ਬਾਬਾ ਫੁਰਬਖਸ਼ ਸਿੰਘ ਜੀ]

ਹੁਣ ਸਮਾਂ ਆਇਆ ਕਿ ਜਗਤ ਰੱਖਯਕ ਗੁਰੂ ਜੀ ਨੇ ਹੋਰ ਕੌਤਕ ਅਨੰਦ ਪੁਰ ਵਿਚ ਵਰਤਾਇਆ, ਆਪਣੇ ਆਦਰਸ਼ ਨੂੰ ਸਦਾ ਜੀਉਂਦਾ ਰੱਖਣ ਲਈ ਤੇ ਆਪਣੇ ਖਾਲਸਾ ਸਰੂਪ ਨੂੰ ਸਦਾ ਲਈ ਦਿੱਸਦੇ ਜਗਤ ਵਿਚ ਕ੍ਰਿਯਮਾਨ ਰੱਖਣ ਤੇ ਜਗਤ ਨਿਸਤਾਰਣ ਲਈ।

ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਅਨੰਦ ਪੁਰ ਰੰਗ ਲਗਾ ਰਹੇ ਹਨ। ਜੋਤਾਂ ਜਗ ਰਹੀਆਂ ਹਨ। ਜਗਤ ਦਾ ਭਾਰ ਹਰਨ ਲਈ, ਪਰਜਾ ਨੂੰ ਸੁਖੀ ਕਰਨ ਲਈ, ਸੰਤਾਂ ਨੂੰ ਸੁਖ ਦੇਣ ਲਈ ਹੁਣ ਆਪ ਨੇ ਖਾਲਸਾ ਸਾਜਿਆ ਹੈ। ਖਾਲਸਾ ਸਦਾ ਜਾਰੀ ਰਹੇ ਇਸ ਪ੍ਰਯੋਜਨ ਲਈ ਆਪ ਨੇ ਇਕ ਅਮਰ ਪੁੰਜ ਦਾ ਕੀਤਾ ਹੈ ਜੋ ਉਨ੍ਹਾਂ ਦੇ ਆਦਰਸ਼ ਨੂੰ ਧਾਰਨ ਕਰ ਬੈਠਾ ਹੈ। ਇਸ ਦੀ ਦੀਖਯਾ ਲਈ, ਇਸ ਵਿਚ ਰੂਹਾਨੀ ਮਾਨਸਿਕ ਤੇ ਸ਼ੀਰਕ ਬਲ ਭਰਨ ਲਈ, ਅੰਮ੍ਰਿਤ ਦੀ ਮਿਠਯਾਦਾ ਟੋਰੀ ਹੈ। ਨਾਮ ਦੇ ਕੇ ਇਕ ਇਕ ਨੂੰ ਜੀਵਾਲ ਕੇ ਜੋ ਕੌਮ ਬਣਾਈ ਹੈ ਉਸ ਨੂੰ ਜਥੇਬੰਦ ਕਰਕੇ ਸਮੂਹ ਦਾ ਇਕ ਵਜੂਦ ਬੰਨ੍ਹ ਦਿੱਤਾ ਹੈ। ਉਸ ਸਮੂਹ ਨੂੰ ਭੀ ਖਾਲਸਾ ਆਖਿਆ। ਇਕ ਇਕ ਦੁਲਾ ਸਿੱਖ ਜੋ ਅੰਮ੍ਰਿਤ ਨਾਲ ਜੀ ਉਠਿਆ ਹੈ ਖਾਲਸਾ ਹੈ। ਇਨ੍ਹਾਂ ਜੀਵਿਆਂ ਦੀ ਜਥੇਬੰਦੀ ਭੀ ਖਾਲਸਾ ਹੈ। ਗੁਰੂ ਆਪ ਭੀ ਖਾਲਸਾ ਹੈ, ਖਾਲਸੇ ਦਾ ਗੁਰੂ ਭੀ ਹੈ, ਖਾਲਸੇ ਦਾ ਪਿਤਾ ਭੀ ਹੈ ਤੇ ਆਪ ਭੀ ਖਾਲਸਾ ਹੈ। ਖਾਲਸੇ ਨੂੰ ਗੁਰੂ ਹੋਕੇ ਅੰਮ੍ਰਿਤ ਛਕਾਇਆ। ਖਾਲਸੇ ਨੂੰ ਆਪ ਨੇ ਪਿਤਾ ਹੋਕੇ ਜਥੇਬੰਦ ਕੀਤਾ, ਲੋਕਾਂ ਦੀ ਜਥੇਬੰਦੀ ਵਾਂਙੂ ਨਹੀਂ, ਪਰ ਪੁੱਤ੍ਰ ਬਣਾ ਕੇ ਪਰਿਵਾਰ ਦਾ ਮਾਣ ਬਖਸ਼ਕੇ। ਫਿਰ ਖਾਲਸੇ ਨੂੰ ਆਖਿਆ ਇਹ ਹੈ 'ਗੁਰੂ ਖਾਲਸਾ'। ਗੁਰੂ ਖਾਲਸਾ ਜ਼ੁਬਾਨੀ ਹੀ ਨਹੀਂ ਕਿਹਾ ਕਰਕੇ ਦਿਖਾਇਆ: ਆਪ ਗੁਰੂ ਹੁੰਦਿਆਂ ਹੋਇਆਂ ਭੀ ਖਾਲਸੇ ਦੇ ਅੱਗੇ ਖੜੇ ਰਹੇ! 'ਖਾਲਸਾ ਜੀ! ਅੰਮ੍ਰਿਤ ਛਕਾਓ।' ਖਾਲਸੇ ਤੋਂ ਆਪ ਨੇ ਅੰਮ੍ਰਿਤ ਛਕਿਆ। ਫੇਰ ਖਾਲਸਾ ਪੁਤ੍ਰ ਤੇ ਗੁਰੂ ਪਿਤਾ।

'ਹਾਂ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ।'

ਜਦੋਂ ਆਪ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਸੀ ਤਾਂ ਆਖਿਆ ਸੀ, ਚਾਰ ਮੇਰੇ ਜਾਏ ਜੇ ਤੂੰ ਮਾਰ ਲਏ ਤਾਂ ਕੀ ਹੋਇਆ ਅਜੇ ਮੇਰਾ ਅਮਰ ਭੁਜੰਗੀ ਜੀਉਂਦਾ ਹੈ, ਇਸ ਦੇ ਅੱਗੇ ਤੋਂ ਤੂੰ ਨਹੀਂ ਛੁੱਟ ਸਕਦਾ*। ਤੂੰ ਚੰਗਿਆੜੇ ਬੁਝਾ ਲਏ ਤਾਂ ਕੀ ਹੋਇਆ, ਉਹ ਅੱਗ ਜੋ ਭਾਂਬੜ ਕਰਕੇ ਬਲੀਹੀ ਹੈ, ਉਹਨੂੰ ਬੁਝਾਏਂਗਾ ਤਾਂ ਜਾਣੇਂਗਾ। ਏਹ ਸਾਰੀਆਂ ਗੱਲਾਂ ਆਪਣੇ ਅਮਰ ਕਰਕੇ ਸਾਜੇ ਜਾਨਸ਼ੀਨ ਖਾਲਸੇ ਨੂੰ ਆਖਰਹੇ ਸਨ। ਹਾਂ ਖਾਲਸਾ ਸਤਿਗੁਰੂ ਜੀ! ਦੇ ਆਦਰਸ਼ ਨੂੰ ਉਹਲੇ ਨਾ ਕਰੋ, ਆਦਰਸ਼ ਸਾਹਮਣੇ ਰੱਖੋ, ਤੁਸੀਂ ਸਿੱਖ ਹੋ, ਤੁਸੀਂ ਪੁੱਤ੍ਰ ਹੋ, ਤੁਸੀਂ ਪਰਿਵਾਰ ਹੋ, ਤੁਹੀਂ ਗੁਰੂ ਖਾਲਸਾ ਹੋ। ਤੁਸੀਂ ਇਕ ਇਕ ਨੇ ਕੇਵਲ ਫਰਦੀ ਯਾ ਜ਼ਾਤੀ ਤੁੱਕੀ ਹੀ ਨਹੀਂ ਕਰਨੀ, ਤੁਸੀਂ ਖਾਲਸਾ ਜਥੇਬੰਦੀ ਦੀ ਸਮਸ਼ਟੀ ਤੁੱਕੀ ਬੀ ਕਰਨੀ ਹੈ। ਇੰਦਾ ਇਕੱਲਾ ਆਤਮ ਤੁੱਕੀ ਚੰਗੀ ਕਰ ਸਕਦਾ ਹੈ, ਕਿੰਤੂ ਗੁਰੂ ਬਾਬਾ ਸਿਖਾਲਦਾ ਹੈ ਕਿ ਆਪ ਉੱਨਤ ਹੋਵੋ ਅਤੇ ਅੰਤ੍ਰੀਵ ਉੱਨਤੀ ਦਾ ਬਾਹਰ ਭੀ ਪ੍ਰਭਾਵ ਪਾਵੇ; ਤੇ ਭਲਾ ਕਰੋ। ਭਾਈਚਾਰਾ ਇਨਸ਼ਾਨ ਦੂਰ ਨਹੀਂ ਰਹ ਸਕਦਾ। ਆਪਣਾ ਰੰਗ ਭਾਈ ਚਾਰੇ ਵਿਚ ਭੀ ਦਿਓ ਜੋ ਤੁਹਾਡਾ ਚੁਫਿਰਦਾ ਉੱਨਤ ਹੋਵੇ। ਖਾਲਸਾ ਪੰਥ ਗੁਰੂ ਹੋਕੇ—ਪੰਥ ਖਾਲਸਾ ਜਥੇਬੰਦ ਹੋਕੇ—ਜਗਤ ਵਿਚ ਸੁਖ ਵਰਤਾਓ। ਆਪੋ ਵਿੱਚ ਮੱਕੇ ਵੀਰਾਂ ਵਾਂਙ ਰਹੋ, ਖਾਲਸੇ ਤੋਂ ਆਪਾ ਵਾਰੋ, ਨਾਮ ਵਿਚ, ਬਾਣੀ ਵਿਚ, ਆਚਰਨ ਵਿਚ, ਨੇਕੀ ਵਿਚ, ਉਚੇ ਸੁੱਚੇ ਹੋਕੇ ਸਤਿ ਨੂੰ ਪ੍ਰਾਪਤ ਕਰੋ। ਨਿਰਭੈ ਪਦ ਵਿਚ ਖੇਡੋ, ਸ਼ਕਤੀਵਾਨ ਹੋਵੋ, ਚਾਨਣੇ ਵਾਲੇ ਹੋਵੋ ਤੇ ਚਾਨਣਾ ਦਿਓ। ਨਿਰਭੈ ਵਿਚਰੋ ਪਰ ਭੈ ਨਾਂ ਦਿਓ। ਸ਼ਕਤੀਵਾਨ ਹੋਵੋ ਪਰ ਜਰਵਾਣੇ ਨਾ ਬਣੋ। ਅੰਦਰੋਂ ਬਾਹਰੋਂ ਅਸਲੀਅਤ ਤੇ ਸਚਾਈ ਉਤੇ ਪਹਿਰਾ ਦਿਓ।

ਇਉਂ ਜਦ ਖਾਲਸਾ ਮੂਹਤੀਮਾਨ ਹੋਇਆ ਸੀ। ਤਦੋਂ ਸ੍ਰੀ ਭਾਈ ਰਾਮਕੌਰ ਜੀ ਝੰਡੇ ਰਮਦਾਸਕੇ ਸਨ। ਜਦੋਂ ਭਾਈ ਜੀ ਅਨੰਦ ਪੁਰ ਆਏ ਤਾਂ ਉਨ੍ਹਾਂ ਨੇ ਡਿੱਠਾ ਕਿ ਮੇਰੇ ਪ੍ਰੀਤਮ ਜੀ ਨੇ ਨਵਾਂ ਰੰਗ ਵਰਤਾਇਆ ਹੈ। ਆਖਦੇ ਹਨ ਕਿ ਕਿਸੇ ਨੇ ਸਤਿਗੁਰੂ ਜੀ

*ਫਾਰਸੀ ਮੁਹਾਵਰੇ ਵਿਚ ਮਾਰ ਪੈਚੀਦਹ ਜ਼ੰਜੀਰ ਨੂੰ ਕਹਿੰਦੇ ਹਨ। †ਆਤਿਸ਼ਦਮਾਂ = ਭੜਕ ਰਹੀ ਅੱਗ।

ਨੂੰ ਕਿਹਾ ਕਿ ਆਪਦੇ ਘਰ ਦੇ ਜੋ ਸਾਜੇ ਨਿਵਾਜੇ ਵਜ਼ੀਰੀ ਦੀ ਪਦਵੀ ਰੱਖਦੇ ਹਨ ਬਾਬੇ ਬੁੱਢੇ ਕੋ, ਉਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਤਾਂ ਗੁਰੂ ਜੀ ਮੁਸਕ੍ਰਾਏ ਤੇ ਫੁਰਮਾਵਣ ਲੱਗੇ ਕਿ ਰਾਮ ਕੌਰ ਗੁਰੂ ਕਾ ਹੈ ਆਪੇ ਅੰਮ੍ਰਿਤ ਛਕੇਗਾ* ।

ਜਦੋਂ ਰਾਮ ਕੌਰ ਜੀ ਨੇ ਅਨੰਦ ਪੁਰ ਪ੍ਰੀਤਮ ਜੀ ਦੇ ਦਰਸ਼ਨ ਕੀਤੇ, ਨਵਾਂ ਠਾਟ, ਨਵਾਂ ਰੰਗ, ਨਵਾਂ ਬਾਣਾ ਡਿੱਠਾ ਤਾਂ ਮੋਹਿਤ ਰਿਦਾ ਹੋਰ ਮੋਹਿਤ ਹੋ ਗਿਆ । ਸਾਰਾ ਵਰਤਾਰਾ ਦੇਖਕੇ ਆਪਦੇ ਮਨ ਚਾਉ ਉਪਜਿਆ ਤੇ ਅੰਮ੍ਰਿਤ ਯਾਚਨਾ ਕੀਤੀ । ਸਤਿਗੁਰੂ ਜੀ ਨੇ ਆਪ ਪਿਆਰ ਨਾਲ ਲੈਕੇ ਅੰਮ੍ਰਿਤ ਵੇਲੇਅੰਮ੍ਰਿਤ ਛਕਾ ਕੇ ਸ੍ਰੀ ਰਾਮ ਕੌਰ ਜੀ ਨੂੰ ਬਾਬਾ ਗੁਰਬਖਸ਼ ਸਿੰਘ ਨਾਮ ਬਖਸ਼ਕੇ ਸਿੰਘ ਸਜਾ ਲਿਆ । ਹੁਣ ਬ੍ਰਹਮ ਗਿਆਨੀ ਤਤ ਵੇਤਾ ਪਰਮ ਤਤ ਨੂੰ ਪ੍ਰਾਪਤ ਮਹਾਂ ਪੁਰਖ ਜੀ ਖਾਲਸਾ ਹੋ ਗਏ ਹਨ । ਆਪ ਘੋੜੇ ਦੀ ਸਵਾਰੀ ਸ਼ਸਤ੍ਰ ਵਿਦਯਾ ਦੇ ਪਹਿਲੋਂ ਹੀ ਚੰਗੇ ਜਾਣੂ ਸਨ, ਸ਼ਸਤ੍ਰ ਸਜਾਉਂਦੇ ਸਨ, ਗੁਰੂ ਜੀ ਨਾਲ ਕਈ ਵੇਰ ਸ਼ਿਕਾਰ ਬੀ ਜਾਂਦੇ ਸਨ । ਕੁਝ ਸਮਾਂ ਇਸ ਤਰ੍ਹਾਂ ਸੱਚੇ ਪਾਤਸ਼ਾਹ ਦੇ ਦਰਸ਼ਨਾ ਨੰਦ ਵਿਚ ਬੀਤਿਆ । ਇਹ ਭੀ ਲਿਖਿਆ ਮਿਲਦਾ ਹੈ ਕਿ ਇਕ ਦਿਨ ਗੁਰੂ ਜੀ ਨੇ ਸ੍ਰੀ ਗੁਰਬਖਸ਼ ਸਿੰਘ ਜੀ ਨੂੰ ਆਖਿਆ:– ਬੁੱਢਿਆ ! ਤੇਰੀ ਉਮਰ ਵਡੀ ਹੋਵੇਗੀ ਤੂੰ ਚਿਰ ਕਾਲ ਜੀਓਂਗਾ । ਸਾਡਾ ਘਰ ਉਰਾਰ ਤੇਰਾ ਪਾਰ, ਤੇਰਾ ਘਰ ਉਰਾਰ ਸਾਡਾ ਪਾਰ, ਜਿਵੇਂ ਕ੍ਰਿਸ਼ਨ ਊਧੋ ਨੂੰ ਛੱਡ ਗਏ ਸਨ । ਇਸ ਦਾ ਅਰਥ ਇਹ ਹੈ ਕਿ ਜਦੋਂ ਤੂੰ ਪ੍ਰਲੋਕ ਸੈਂ ਅਸੀਂ ਇੱਥੇ ਆ ਗਏ ਸਾਂ, ਹੁਣ ਤੂੰ ਇੱਥੇ ਰਹੇਂਗਾ ਅਸੀਂ ਪ੍ਰਲੋਕ ਚਲੇ ਜਾਵਾਂਗੇ । ਮਤਲਬ ਇਹ ਕਿ ਤੂੰ ਸਾਡੇ ਮਗਰੋਂ ਬਹੁਤ ਚਿਰ ਜੀਵੇਂਗਾ ।

ਇਕ ਦਿਨ ਆਗਯਾ ਹੋਈ ਕਿ ਆਪਣੇ ਪਿੰਡ ਜਾਓ ਤੇ ਗੁਰਸਿੱਖੀ ਦਾ ਪ੍ਰਚਾਰ ਕਰੋ । ਇਹ ਆਗਯਾ ਪਾ ਕੇ ਆਪ ਆਪਣੀ ਰਾਜਧਾਨੀ ਆ ਗਏ ।

ਆਪ ਦੇ ਘਰ ਆਉਣ ਤੇ ਆਪ ਦੀ ਕੁਲ ਵਿਚ ਅੰਮ੍ਰਿਤ ਪ੍ਰਚਾਰ ਹੋਇਆ । ਸਭ ਤੋਂ ਪਹਿਲਾਂ ਆਪ ਦੇ ਸਪੁੱਤ੍ਰ ਮੋਹਰੀ ਜੀ ਨੇ ਅੰਮ੍ਰਿਤ ਛਕਿਆ ਤੇ ਸਿੰਘ ਸਜ ਕੇ ਮੋਹਰ ਸਿੰਘ ਹੋ ਗਏ । ਇਹ ਅਜੇ ਬੱਚੇ ਹੀ ਸਨ, ਛੇ ਸਤ ਸਾਲ ਦੀ ਆਰਬਲਾ ਹੋਸੀ, ਪਰ ਭਾਈ ਜੀ ਨੇ ਅੰਮ੍ਰਿਤ ਛਕਾ ਦਿੱਤਾ । ਇਸ ਤੋਂ ਉਪ੍ਰੰਤ ਆਪ ਦੇ ਪਰਿਵਾਰ ਨੇ ਇਹੋ ਧਾਰਨਾ ਧਾਰਨੀ ਅਰੰਭ ਕੀਤੀ । ਫਿਰ ਆਪਣੀ ਸੇਵਕੀ ਦੇ ਮੰਡਲ ਵਿਚ ਆਪ ਨੇ ਇਹੋ ਪਰਚਾਰ ਟੋਰ ਦਿੱਤਾ । ਫਿਰ ਭਾਈ ਜੀ ਨੇ ਝੰਡੇ ਤੋਂ ਕੋਹ ਕੁ ਭਰ ਵਿੱਥ ਤੇ ਇਕ ਪਿੰਡ ਵਸਾਇਆ, ਇਸ ਦਾ ਨਾਉਂ ਆਪਦੇ ਨਾਮ ਤੇ 'ਕੋਟ ਗੁਰਬਖਸ਼ ਸਿੰਘ' ਰਖਿਆ । ਇਹ ਪਿੰਡ ਆਪ ਦੇ ਪੁੱਤ੍ਰ ਮੋਹਰ ਸਿੰਘ ਲਈ ਖਾਸ ਨੀਯਤ ਕੀਤਾ ਗਿਆ ਤੇ ਜ਼ਿਮੀਂ ਰਮਦਾਸ ਦੀ ਜ਼ਿਮੀਂ ਵਿਚੋਂ ਇਸ ਦੇ ਨਾਂ ਲਾਈ ਗਈ । ਇਸ ਤਰ੍ਹਾਂ ਭਾਈ ਸਾਹਿਬ ਜੀ ਨੇ ਆਪਣੇ ਨਿਜ ਪਜਾਰੇ ਸੇਵਕ ਰਾਮੇ ਲਈ ਇਕ ਪਿੰਡ ਬੰਨ੍ਹਿਆ ਜਿਸ ਦਾ ਨਾਮ 'ਰਾਮੇ ਦੀ ਤਲਵੰਡੀ' ਰੱਖਯਾ, ਭੋਂ ਨਾਲ ਲਾ ਦਿੱਤੀ ਤੇ ਇਹ ਰਾਮੇ ਦੀ ਉਪਜੀਵਕਾ ਲਈ ਓਸਨੂੰ ਬਖਸ਼ ਦਿੱਤਾ।ਇਸ ਤਰ੍ਹਾਂ ਦੇ ਵਿਵਹਾਰ ਕਰਦੇ ਅੰਮ੍ਰਿਤ ਦਾ ਪ੍ਰਚਾਰ ਵਧਾਉਂਦੇ ਭਾਈ ਸਾਹਿਬ ਜੀ ਹੁਣ ਸਿੰਘਾਂ ਦੀ ਮੰਡਲੀ ਨਾਲ ਲੈਕੇ ਸਾਹਿਬਾਂ ਦੇ ਦਰਸ਼ਨਾਂ ਨੂੰ ਅਨੰਦਪੁਰ ਨੂੰ ਗਏ ਤੇ ਆਪਣੇ ਅਰਸ਼ੀ ਦਾਤਾ ਜੀ ਦੀਆਂ ਖੁਸ਼ੀਆਂ ਲਈਆਂ ।

੬.

ਅਨੰਦ ਪੁਰ ਕੁਛ ਦਿਨ ਰਹਿ ਕੇ ਸਾਹਿਬ ਜੀ ਦੀ ਆਗਯਾ ਬਾਬਾ ਜੀ ਨੂੰ ਅੰਮ੍ਰਿਤਸਰ ਜਾਣੇ ਦੀ ਹੋਈ । ਬਾਬਾ ਗੁਰਬਖਸ਼ ਸਿੰਘ ਜੀ ਸ੍ਰੀ ਅੰਮ੍ਰਿਤਸਰ ਪਹੁੰਚੇ । ਇੱਥੇ ਗੁਰਸਿੱਖੀ ਤੇ ਮਾਝੇ ਵਿੱਚ ਅੰਮ੍ਰਿਤ ਦੀ ਰੀਤੀ ਟੋਰੀ ਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਕੁਝ ਸੇਵਾ ਕੀਤੀ । ਲਿਖਯਾ ਤਾਂ ਅਜੇ ਤਕ ਨਹੀਂ ਮਿਲਯਾ ਪਰ ਜਾਪਦਾ ਹੈ ਕਿ ਅਕਾਲ ਬੁੰਗੇ ਵਿਚ ਅੰਮ੍ਰਿਤ ਛਕਾਉਣ ਦੀ ਮਿਰਯਾਦਾ ਇਨ੍ਹਾਂ ਦਿਨਾਂ ਵਿਚ ਹੀ ਟੁਰੀ ਸੀ। ਮਾਝੇ ਵਿਚ ਹੁਣ ਅੰਮ੍ਰਿਤ

---

*ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਦੀ ਵਾਰਤਾ ਤਾਂ ਲਿਖੀ ਹੈ ਪਰ ਅੰਮ੍ਰਿਤ ਛਕਣ ਦਾ ਪ੍ਰਮਾਣ ਨਹੀਂ ਦਿੱਤਾ । ਉਂਵ ਭਾਈ ਸੰਤੋਖ ਸਿੰਘ ਜੀ ਨੇ ਆਪ ਦਾ ਨਾਮ ਜੋ ਅੰਮ੍ਰਿਤ ਛਕਣ ਪਰ ਰੱਖਿਆ ਗਿਆ ਸੀ ਗੁਰਬਖਸ਼ ਸਿੰਘ–ਕਈ ਥਾਈਂ ਲਿਖਿਆ ਹੈ । ਗੁਰਬਿਲਾਸ ਪਾ: ੧੦ ਵਿਚ ਲਿਖਿਆ ਹੈ ਕਿ 'ਰਾਮ ਕੁਇਰ ਤੇ ਕ੍ਰਿਪਾਨਿਧਿ ਗੁਰਬਖਸ਼ ਸਿੰਘ ਕਰ ਦੀਨ' । ਜੀਵਨ ਬਾਬਾ ਬੁੱਢਾ ਵਿਚ ਸ੍ਰੀ ਰਾਮ ਕੁਇਰ ਜੀ ਦਾ ਆਪ ਯਾਚਨਾ ਕਰਕੇ ਅੰਮ੍ਰਿਤ ਛਕਣਾ ਲਿਖਿਆ ਹੈ, ਤੇ ਇਹ ਭੀ ਲਿਖਿਆ ਹੈ ਕਿ ਅੰਮ੍ਰਿਤ ਆਪ ਸਤਿਗੁਰਾਂ ਨੇ ਨਿਜ ਕਰ-ਕਮਲਾਂ ਨਾਲ ਛਕਾਇਆ ਸੀ । ਆਪ ਦੇ ਸਿੰਘ ਨਾਮ–ਗੁਰਬਖਸ਼ ਸਿੰਘ–ਤੇ ਆਪ ਦਾ ਵਸਾਇਆ ਪਿੰਡ ਹੁਣ ਤਕ ਹੈ । ਆਪ ਦਾ ਸਿੰਘ ਨਾਮ ਸੋ ਸਾਖੀ ਵਿਚ ਵੀ ਕਈ ਥਾਈਂ ਆਇਆ ਹੈ ।

ਦਾ ਪ੍ਰਚਾਰ ਬੜੇ ਜ਼ੋਰਾਂ ਨਾਲ ਹੋ ਗਿਆ ਤੇ ਅਨੇਕਾਂ ਸਿੱਖ ਸਿੰਘ ਸਜਕੇ ਅਨੰਦਪੁਰ ਸਾਹਿਬ ਪਹੁੰਚਣ ਲਗ ਪਏ। ਇਸ ਇਲਾਕੇ ਦਾ ਮਸੰਦ ਦੁਨੀ ਚੰਦ ਸੀ, ਇਸ ਨੇ ਆਪਣੇ ਪੁੱਤ੍ਰ ਸਿੰਘ ਸਜਾ ਦਿੱਤੇ।

ਬਾਬਾ ਜੀ ਅਜੇ ਸ਼੍ਰੀ ਅੰਮ੍ਰਿਤਸਰ ਹੀ ਸਨ ਕਿ ਇਕ ਕੌਤਕ ਹੋਰ ਵਰਤਿਆ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ, ਸ੍ਰੀ ਪਰਮ ਪਵਿੱਤ੍ਰ ਗੁਜਰੀ ਜੀ, ਇਕ ਦਿਨ ਅੰਮ੍ਰਿਤ ਵੇਲੇ ਆਪਣੇ ਨਾਮ ਅਰਾਧਨ ਮਗਰੋਂ ਪਾਠ ਕਰਨ ਲੱਗੇ। ਜਪੁਜੀ ਦਾ ਭੋਗ ਪਾਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਪਾਠ ਕਰਦਿਆਂ ਇਸ ਤੁਕ ਦੀ ਵਿਚਾਰ ਜੀ ਵਿਚ ਸਮਾ ਗਈ ਕਿ ਐਸਾ ਸੰਤ ਜਿਸ ਵਿਚ "ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ" ਵਾਲਾ ਰੁਣ ਹੋਵੇ, ਗੁਰੂ ਜੀ ਦੀ ਪਰਖ ਦਾ ਦੇਖਿਆ ਚਾਹੀਏ। ਗੁਰੂ ਵਿਚ ਤਾਂ ਇਹ ਸਾਰੀਆਂ ਵਡਿਆਈਆਂ ਸੁਤੇ ਹੀ ਹਨ, ਪਰ ਜੀਵ ਸ਼੍ਰੇਣੀ ਵਿਚੋਂ ਇਸ ਪਦ ਪਰ ਪਹੁੰਚਾ ਕੋਈ ਸੰਤ ਦੇਖਣਾ ਉਚਿਤ ਹੈ। ਤਦ ਅਪਣੇ ਸਪੁੱਤ੍ਰ ਜਗਤ ਦੇ ਨਾਥ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਣ ਲਗੇ:—

ਹੇ ਸੁਤ ਸਭ ਬਲ ਗਜਾਤਾਵਾਨ ! ਹਾਥ ਬੱਦ੍ਰਿ ਸਮ ਬਿਦਤ ਜਹਾਨ। ਊਚ ਰੁ ਨੀਚ ਰੰਕ ਕੈ ਰਾਜਾ। ਸਾਧ ਅਸਾਧ ਲਖਹੁ ਸਭਿ ਪਾਜਾ। ਇਨ ਤੁਕਹਨ ਮਹਿੰ ਜੋ ਭਿਪ੍ਰਾਯ। ਹਰਖ ਸ਼ੋਕ ਰਹਿਤੋ ਇਕ ਭਾਇ। ਇਸ ਪ੍ਰਕਾਰ ਕੋ ਸੰਤ ਬਿਸਾਲਾ। ਮੋਕਉ ਦਿਖਰਾਵਹੁ ਕਿਸ ਕਾਲਾ। ਦੁੰਦਨ ਮਹਿੰ ਜਿਸ ਬ੍ਰਿਤੀ ਸਮਾਨ। ਮਾਨ ਅਮਾਨ ਅਸੁਖ ਸੁਖ ਜਾਨ। ਹਰਖ ਸ਼ੋਕ ਨਹਿੰ ਕਬਿ ਉਪਜੰਤਾ। ਸਦਾ ਏਕ ਰਸ ਕੋ ਨਿਬਹੰਤਾ। ਜਿਸ ਕੀ ਐਸ ਅਵਸਥਾ ਹੋਇ। ਬਡੇ ਸਾਹਿਬਨ ਬਰਨੀ ਜੋਇ। ਉੱਜਲ ਅਰ ਵਡਭਾਗਾ ਮਾਤਾ। ਕਹਜੋ ਦਿਖਾਵਹੁ ਤਿਹ ਸਖਜਾਤਾ। [ਸ਼ੁਧ:

ਸ਼੍ਰੀ ਸਤਿਗੁਰ ਜੀ ਜਾਣਦੇ ਸਨ ਕਿ ਮੇਰੇ ਸਿੱਖਾਂ ਦੇ ਸਿੱਧੇ ਸਾਧੇ ਸਰੂਪ ਵਿਚ ਹਰ ਭਾਂਤ ਦੇ ਸੰਤ-ਪਦ ਦੇ ਰਤਨ ਹਨ। ਰਾਹ ਦੇ ਪੰਧਾਊ ਵਾਙੂ ਕੋਈ ਅੱਜ ਟੁਰਿਆ ਹੈ, ਕੋਈ ਦਸ ਬਰਸ ਤੋਂ, ਕੋਈ ਵੀਹ ਪੰਝੀ ਕੋਹ ਤੋਂ, ਇਸ ਤਰ੍ਹਾਂ ਕਈ ਪਿਛਲੇ ਜਨਮ ਤੋਂ ਘਾਲਾਂ ਘਾਲਦੇ ਆ ਰਹੇ ਹਨ। ਕਈ ਪਰਮ ਪਦ ਦੇ ਨੇੜੇ ਹਨ, ਕਈ ਜ਼ਰਾ ਦੂਰੇ ਹਨ, ਕਈ ਉਨ੍ਹਾਂ ਤੋਂ ਦੂਰੇ, ਇਸ ਤਰ੍ਹਾਂ ਆਤਮਕ ਤੁੱਕੀ ਦੀਆਂ ਮੰਜ਼ਲਾਂ ਭਰਪੂਰ ਹਨ। ਪਰ ਮਾਤਾ ਜੀ ਨੂੰ ਚੋਟੀ ਦੇ ਮਹਾਂ ਪੁਰਖਾਂ ਵਿੱਚੋਂ ਕਿਸੇ ਇਕ ਦੇ ਦਰਸ਼ਨ ਕਰਾਏ ਜਾਣ। ਸੋ ਆਪ ਦੀ ਨਜ਼ਰ ਬਾਬਾ ਗੁਰਬਖਸ਼ ਸਿੰਘ ਜੀ ਤੇ ਗਈ, ਉਸ ਵੇਲੇ ਨੈਣ ਮੁੰਦ ਲਏ ਤੇ ਦਿਲ ਦੀ ਖਿੱਚ ਨਾਲ ਬਾਬਾ ਜੀ ਨੂੰ ਸੱਦਾ ਦੇ ਦਿੱਤਾ। ਮਾਤਾ ਜੀ ਨੂੰ ਕਹਿਣ ਲਗੇ 'ਕੱਲ ਐਸਾ ਸੰਤ ਆ ਜਾਏਗਾ, ਦਰਸ਼ਨ ਕਰ ਲੈਣੇ। ਪਰ ਸੰਤ ਦੇ ਦਰਸ਼ਨ ਸਤਿਕਾਰ ਨਾਲ ਕਰਨੇ ਠੀਕ ਹਨ, ਤੁਸੀਂ ਬੜੇ ਉੱਚੇ ਭਾਗਾਂ ਵਾਲੇ ਹੋ, ਜੋ ਮੇਰੇ ਪੂਜਯ ਮਾਤਾ ਜੀ ਹੋ, ਸਿੱਖ ਰੂਪ ਵਿਚ ਸਭ ਸੰਤਾਂ ਦੇ ਦਰਸ਼ਨ ਕਰਦੇ ਹੋ। ਅਤੇ ਸਿੱਖ ਸਾਰੇ ਨਾਮ ਰੱਤੇ ਹਨ, ਕੋਈ ਘੱਟ ਕੋਈ ਵੱਧ। ਨਾਮ ਵਾਲੇ ਸਭ ਸੰਤ ਹੁੰਦੇ ਹਨ, ਕੋਈ ਰਾਹ ਦੇ ਕਿਸੇ ਕੋਹ ਉਤੇ, ਕੋਈ ਕਿਸੇ ਉਤੇ, ਹੁਣ ਤੁਸੀਂ ਸਿੱਖ ਦਾ ਸੰਤ ਰੂਪ ਦਰਸ਼ਨ ਕਰਨਾ ਚਾਹੁੰਦੇ ਹੋ, ਸੋ ਇੰਞ ਕਰੋ ਕਿ ਕੱਲ ਪ੍ਰਸ਼ਾਦ ਆਪ ਤਿਆਰ ਕਰਵਾਓ, ਉਸ ਸਿੱਖੀ ਵੇਸ ਵਿਚ ਪੂਰਨ ਸੰਤ ਨੂੰ ਸ਼ਰਧਾ ਤੇ ਸਤਿਕਾਰ ਨਾਲ ਪ੍ਰਸ਼ਾਦ ਛਕਾਓ ਤਾਂ ਜੋ ਸੰਤ ਦਰਸ਼ਨ ਦਾ ਸੁਖ ਤੁਸਾਨੂੰ ਹੋਵੇ ਤੇ ਤੁਸਾਡੇ ਸਤਿਕਾਰ ਨਾਲ ਸੰਤ ਹੋਰ ਸੰਤ ਬਣੇ'। ਇਹ ਕਹਿਕੇ ਆਪ ਆਪਣੇ ਦੀਵਾਨ ਦੇ ਕੰਮਾਂ ਵਲ ਚਲੇ ਗਏ। ਉਧਰ ਬਾਬਾ ਗੁਰਬਖਸ਼ ਸਿੰਘ ਜੀ ਨੂੰ ਧੂਹ ਪਈ। ਭਾਸ ਗਿਆ ਕਿ ਸ੍ਰੀ ਗੁਰੂ ਜੀ ਯਾਦ ਕਰ ਰਹੇ ਹਨ ਅਰ ਬਹੁਤ ਛੇਤੀ ਸੱਦ ਰਹੇ ਹਨ। ਆਪ ਦੇ ਅੰਦਰ ਮਨੋ ਮਨ ਜੋ ਕੁਦਰਤ ਦੀ ਤਾਰ ਹੈ, ਉਹ ਤਾਰ ਖਟਕ ਗਈ। ਆਪ ਨੇ ਰਾਤ ਤਕ ਤਿਆਰੀ ਕਰ ਲਈ ਤੇ ਆਪਣੀ ਸੰਗਤ ਦੇ ਸਿੰਘਾਂ ਪਾਸੋਂ ਆਖਿਆ ਕਿ ਮੈਂ ਬਹੁਤ ਤੜਕੇ ਅਨੰਦ ਪੁਰ ਨੂੰ ਟੁਰ ਪੈਣਾ ਹੈ, ਤੁਸੀਂ ਚਾਹੋ ਮੇਰੇ ਨਾਲ ਚਾਹੋ ਮਗਰੋ ਮਗਰ ਟੁਰ ਪੈਣਾ। ਮੈਂ ਤਾਂ ਛੇਤੀ ਅੱਪੜਨਾ ਹੈ ਤੁਸਾਂ ਪਿੱਛੋਂ ਅੱਪੜ ਪੈਣਾ। ਅੰਮ੍ਰਿਤ ਵੇਲੇ ਆਪ ਜਾਗੇ ਵਾਹਿਗੁਰੂ ਦਾ ਆਰਾਧਨ ਕਰਕੇ ਜਪੁਜੀ ਦਾ ਭੋਗ ਪਾਕੇ ਚੜ੍ਹ ਬੈਠੇ ਘੋੜੀ ਤੇ। ਅੰਮ੍ਰਿਤਸਰ ਤੋਂ ਵਾਗਾਂ ਮੋੜ ਲਈਆਂ ਅਨੰਦ ਪੁਰ ਦੇ ਰਸਤੇ ਵਲ। ਘੋੜਾ ਆਪ ਦੀ ਅਤਿ ਤਿਖੀ ਸੀ, ਸੱਟਦੇ ਭੀ ਆਪ ਹਵਾ ਦੀ ਤੇਜ਼ੀ ਤੇ ਹੁੰਦੇ ਸਨ, ਕਈ ਵੇਰ ਦੋ ਏਲਤਾਂ ਇਕ ਪਾਸੇ ਕਰਕੇ ਤੇ ਕਈ ਵੇਰੀ ਰਾਸਾਂ ਵੀ ਅਤਿ ਢਿੱਲੀਆਂ ਛੱਡਕੇ, ਸੋ ਇਸਤਰ੍ਹਾਂ

ਘੋੜੀ ਸਰਪਟ ਦੁੜਾਈ ਗਏ। ਪੰਤੂ ਫਿਰ ਭੀ ਪੈਂਡਾ ਦੂਰ ਸੀ, ਦੁਪਹਿਰਾਂ ਹੋ ਗਈਆਂ ਤੇ ਅਨੰਦ ਪੁਰ ਨਾ ਪੁੱਜਿਆ ਗਿਆ। ਇਸ ਵੇਲੇ ਆਪ ਨੇ ਸੋਚਿਆ ਕਿ ਹੁਕਮ ਹੈ ਛੇਤੀ ਪੁੱਜਣ ਦਾ ਤੇ ਪ੍ਰਸ਼ਾਦਿ ਓਥੇ ਪਹੁੰਚ ਕੇ ਛਕਣ ਦਾ।ਹੁਣ ਹੁਕਮਦੀ ਪਾਲਣਾਪੂਰੀ ਕਰਨ ਵਿਚ ਆਪਣੇ ਰੂਹਾਨੀ ਬਲ ਨੂੰ ਵਰਤਣਾ ਕਿਸੇ ਤਰ੍ਹਾਂ ਦੀ ਅਵੱਗ੍ਯਾ ਨਹੀਂ ਹੋ ਸਕਦੀ।ਇਹ ਮਨ ਨਾਲ ਫੈਸਲਾ ਕਰਕੇ ਆਪ ਨੇ ਅਪਣੇ ਆਪ ਨੂੰ ਆਤਮ ਬਲ ਨਾਲ ਬਹੁਤ ਛੇਤੀ ਅਨੰਦ ਪੁਰ ਪੁਚਾ ਲਿਆ।

ਉਧਰ ਸ਼੍ਰੀ ਵਡਭਾਗੀ ਮਾਤਾ ਜੀ, ਜਿਨ੍ਹਾਂ ਬਾਬਤ ਸਾਹਿਬਾਂ ਨੇ ਆਪ ਲਿਖਿਆ ਹੈ, 'ਤਾਤ ਮਾਤ ਮੁਰਿ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।' ਅਰਥਾਤ ਜੋ ਮਾਤਾ ਜੀ ਬੀ ਯੋਗੀ ਤੇ ਬਲਵਾਨ ਸੇ, ਰਾਹ ਉਡੀਕ ਰਹੇ ਸੇ।ਜਦੋਂ ਦੁਪਹਿਰਾਂ ਆ ਗਈਆਂ, ਤਾਂ ਮਾਤਾ ਜੀ ਨੇ ਦਾਸ ਦੇ ਹੱਥ ਸੁਨੇਹਾਂ ਦੇ ਘੱਲਿਆ 'ਹੇ ਅਰਸ਼ਾਂ ਦੇ ਲਾਲ ਜੀ ਦੁਪਹਿਰਾਂ ਹੋ ਗਈਆਂ ਹਨ, ਸੰਤ ਜੀ ਜੋ ਆਪ ਨੇ ਕਹੇ ਸਨ ਕਦੋਂ ਆਉਣਗੇ ?' ਗੁਰੂ ਸਾਹਿਬ ਬੋਲੇ,ਤੁਸੀਂ ਪ੍ਰਸ਼ਾਦ ਪ੍ਰੋਸਣ ਦੀ ਤਯਾਰੀ ਕਰਵਾਓ, ਚਾਹੇ ਬੀਤਰਾਗ ਸੰਤ ਨੇ ਦੂਰੋਂ ਆਉਣਾ ਹੈ, ਪਰ ਹੁਣ ਪੁੱਜਾ ਕਿ ਪੁੱਜਾ ਜਾਣੋ। ਸ੍ਰੀ ਪਾਵਨ ਮਾਤਾ ਜੀ ਨੇ ਜੋ ਭੋਜਨ ਤਿਆਰ ਕਰਵਾਏ ਸਨ, ਆਪ ਦੇਖੇ, ਆਪ ਭਾਵਨਾ ਨਾਲ ਬਰਤਨ ਠੀਕ ਢਾਕ ਕਰਵਾਏ, ਆਸਣ ਤੇ ਚੌਂਕੀ ਲਗਵਾਈ। ਇਤਨੇ ਵਿਚ ਗੁਰੂ ਜੀ ਦਾ ਨਿਜ ਦਾਸ ਆਇਆ, ਕਿ ਮਾਤਾ ਜੀ ! ਬ੍ਰਹਮ ਗਿਆਨੀ ਜੀ ਆ ਗਏ ਹਨ ਤੇ ਸਤਿਗੁਰਾਂ ਨੇ ਪ੍ਰਸ਼ਾਦ ਛਕਣੇ ਲਈ ਘੱਲੇ ਹਨ। ਮਾਤਾ ਜੀ ਥਾਲ ਤਿਆਰ ਕਰ ਚੁਕੇ ਸਨ, ਬ੍ਰਹਮ ਗਿਆਨੀ ਆਇਆ ਸੁਣ ਕੇ ਹਰਖ ਨਾਲ ਭਰ ਗਏ। ਆਦਰ ਨਾਲ ਉੱਠ ਕੇ ਕਦਮ ਚਾਇਆ ਹੀ ਸੀ ਕਿ (ਰਾਮ ਕੌਰ) ਗੁਰਬਖਸ਼ ਸਿੰਘ ਜੀ ਨੇ ਚਰਨਾਂ ਤੇ ਆ ਸੀਸ ਧਰਿਆ। ਮਾਤਾ ਜੀ ਨੇ ਬੜੇ ਭਾਵ ਨਾਲ ਸੀਸ ਚਾਇਆ,ਆਦਰ ਦਿੱਤਾ ਤੇ ਸਤਿਕਾਰ ਨਾਲ ਆਸਣ ਤੇ ਬਿਠਾ ਕੇ ਥਾਲ ਅੱਗੇ ਰਖਿਆ। ਬਾਬਾ ਜੀ ਨੇ ਪ੍ਰਸ਼ਾਦ ਛਕਿਆ। ਮਾਤਾ ਜੀ ਸਤਿਕਾਰ ਪੂਰਬਕ ਪੱਖਾ ਕਰਦੇ ਰਹੇ। ਦੇਖੋ ਜਗਤ ਗੁਰੂ ਦੀ ਮਾਤਾ ਆਪਣੇ ਪੁਤਰ ਦੇ ਵਰੋਸਾਏ ਤੇ ਬ੍ਰਹਮ ਗਿਆਨ ਦੇ ਪਦ ਤੇ ਪੁਚਾਏ ਸਿਖ ਦਾ ਸਤਿਕਾਰ ਕਰ ਰਹੇ ਹਨ। ਕੈਸੇ ਭਾਉ ਭਗਤੀ ਦੇ ਰੰਗ ਹਨ।

ਮਾਤਾ ਜੀ ਦੇ ਮਨ ਤੇ ਉਨ੍ਹਾਂ ਦੇ ਆਤਮਾ ਦਾ ਪ੍ਰਭਾਉ ਬੀਤਰਾਗ ਅਵਸਥਾ ਦਾ, ਸ੍ਮਰਨ ਮਾਟੀ ਨੂੰ ਇਕ ਤੁੱਲ ਜਾਣਨ ਦੀ ਅਵਸਥਾ ਦਾ, ਪੈਂਦਾ ਰਿਹਾ। ਖੁਸ਼ ਹੋਈ ਕਿ ਗੁਰੂ ਘਰ ਵਿਚ ਕੈਸੇ ਕੈਸੇ ਪੂਰਨ ਲੋਕ ਤਿਆਰ ਹੁੰਦੇ ਹਨ। ਜਦ ਪ੍ਰਸ਼ਾਦਿ ਛਕ ਚੁਕੇ ਤਾਂ ਆਦਰ ਨਾਲ ਪੁਛਣ ਲਗੇ ਕਿ ਅੱਜ ਸੁਖ ਨਾਲ ਕਿਥੋਂ ਟੁਰਕੇ ਅੱਪੜੇ ਹੋ ? ਜ਼ਾਹਰਾ ਮਸਤਾਨੇ ਦਿੱਸਣ ਵਾਲੇ ਦਾਨੇ ਗੁਰ ਸਿੱਖ ਹੁਣ ਉਹ ਉੱਤਰ ਦੇਂਦੇ ਹਨ ਜਿਸ ਵਿਚ ਇਹ ਹੰਕਾਰ ਨਾ ਹੋ ਜਾਏ ਕਿ ਮੈਂ ਐਤਨੀ ਦੂਰੋਂ ਆਤਮ-ਬਲ ਨਾਲ ਆ ਪੁਜਾ ਹਾਂ, ਤੇ ਨਾ ਮਾਤਾ ਜੀ ਇਸ ਕਿਸੇ ਸੰਸੇ ਵਿਚ ਪੈ ਜਾਣ ਕਿ ਗੁਰੂ ਜੀ ਨੇ ਮੈਨੂੰ ਜੋ ਐਡਾ ਆਦਰ ਦਿਤਾ ਹੈ ਤਾਂ ਮੈਂ ਕੋਈ ਵਡਾ ਹਾਂ ਤੇ ਫੇਰ ਜੋ ਆਖਾਂ ਨਿਰੋਲ ਸੱਚ ਬੀ ਹੋਵੇ। ਆਪ ਹੱਥ ਜੋੜਕੇ ਬੋਲੇ, ਹੇ ਜਗਤ ਗੁਰੂ ਦੀ ਮਾਤਾ:—

''ਤਹਾਂ ਰਹੇ ਰਾਖੇ ਗੁਰ ਜਹਾਂ ॥ ਜਹਾਂ ਪਠਾਵਹਿ ਜਾਵਹਿ ਤਹਾਂ ॥ ਪੁਤਲੀ ਕੇ ਅਧੀਨ ਕਜਾ ਅਹੈ ॥ ਨਰ ਕੇ ਬਸ ਬਰਤੀ ਨਿਤ ਰਹੈ ॥ ਜਥਾ ਕਰਾਇ ਤਥਾ ਸੋ ਕਰਿਹੀ ॥ ਤਿਉਂ ਸਤਿਗੁਰ ਕੇ ਹਮ ਅਨੁਸਰਹੀ ॥ ਹਮ ਸੁਛੰਦ ਕੁਛ ਕਰ ਸਕ ਨਾਂਹੀ ॥ ਸਦਾ ਚਲਹਿ ਗੁਰ ਆਗਜਾ ਮਾਂਹੀ ॥''

ਇਹ ਕਹਿਕੇ ਮਾਤਾ ਜੀ ਨੂੰ ਮੱਥਾ ਟੇਕਕੇ ਬਾਬਾ ਜੀ ਫੇਰ ਸਤਿਗੁਰ ਜੀ ਦੇ ਚਰਨਾਂ ਵਿਚ ਆ ਬੈਠੇ। ਸ੍ਰੀ ਗੁਰੂ ਜੀ ਨੇ ਸੁਖ ਸਾਂਦ ਪੁਛੀ, ਮਾਝੇ ਦੇ ਸਾਰੇ ਹਾਲ ਸਮਝੇ। ਫੇਰ ਅਸ਼ੀਰਵਾਦ ਦੇਕੇ ਬੋਲੇ:—

ਮੋਹਿ ਸਰੂਪ ਅਹੈ ਸੋ ਤੇਰੋ। ਤੇਰੋ ਅਹੈ ਸੁ ਜਾਨੋ ਮੇਰੋ। ਤੋਹਿ ਮੋਹਿ ਮਹਿੰਭੇਦ ਨ ਕੋਊ। ਏਕ ਰੂਪ ਕੇ ਤਨ ਹੈਂ ਦੋਊ। ਹਰਿ ਹਰਿਜਨ ਦੋਊ ਇਕ ਹੈਂ ਜੈਸੇ। ਸ੍ਰੀ ਗੁਰ ਗੁਰ ਸਿਖ ਲਖੀਅਹਿ ਤੈਸੇ ॥੪੫॥ ਭੇਦ ਲਖਤ ਹੈ ਜੋ ਇਨਮਾਂਹੀ॥ਪ੍ਰਮ ਰਹਸ ਸੋ ਜਾਨੈ ਨਾਂਹੀ॥ ਸਭ ਸਿੱਖਨਿ ਕੋ ਹਹੁ ਸਿਰਮੌਰ । ਸਮਤਾ ਪਹੁਚ ਨ ਸਕਹੈ ਔਰ ॥ ੪੬ ॥ ਸਦਾ ਏਕ ਰਸ ਗ਼ਜ਼ਾਨਾਨੰਦ । ਤੁਰੀਆ ਮਹਿੰ ਥਿਰਤਾ ਜਗ ਬੰਦ ॥

ਬਾਬਾ ਗੁਰਬਖਸ਼ ਸਿੰਘ ਜੀ ਦਾਤੇ ਦਾ ਉਪਲਾ ਵਰ ਕਹੋ ਯਾ ਯਥਾਰਥ ਤੁਲਵਾਂ ਵਾਕ ਕਹੋ, ਪਾਕੇ ਬੀ ਸਿੱਖ ਹੀ ਰਹੇ, ਤੇ ਨਿਜ ਨੂੰ ਕਿਸੇ ਤੁੱਲਤਾ ਕਿਸੇ ਬਰੱਬਰੀ ਤੇ ਨਹੀਂ ਲੈ ਗਏ । ਤੂੰਗ ਸਮੁੰਦਰ ਤੋਂ ਉਛਦੇ ਹਨ, ਸਮੁੰਦਰ ਕਹਿ ਸਕਦਾ ਹੈ:–ਤੂੰਗ ਮੇਰੇ ਹਨ, ਪਰ ਤੂੰਗ ਨਹੀਂ ਆਖਦਾ ਮੈਂ ਸਮੁੰਦਰ ਹਾਂ । ਦਸਮੇ ਪਾਤਸ਼ਾਹ ਨੇ ਆਪਣੇ ਮੁਖੋਂ ਫੁਰਮਾ ਦਿਤਾ ਕਿ ਤੂੰ ਮੈਂ ਹੈਂ, ਮੈਂ ਤੂੰ ਹਾਂ ! ਪਰ ਬਾਬਾ ਜੀ ਨੇ ਨਾ ਦਮ ਮਾਰਿਆ ਕਿ ਤੂੰ ਗੁਰੂ ਹੈਂ ਤੇ ਮੈਂ ਬੀ ਗੁਰੂ ਹਾਂ । ਤੇ ਸੂਰੇ ਗੁਰੂ ਨੇ ਆਪ ਆਖਿਆ ਕਿ ਤੂੰ 'ਸਦਾ ਏਕ ਰਸ ਗਯਾਨਾਨੰਦ। ਤੁਰੀਆ ਮੈਂ ਥਿਰਤਾ ਜਗ ਬੰਦ' ਹੈਂ । ਪਰ ਬਾਬਾ ਜੀ 'ਸਿੱਖ' ਹੀ ਅਖਵਾਂਦੇ ਰਹੇ ਤੇ ਪੰਥ ਉਨ੍ਹਾਂ ਨੂੰ ਬਾਬਾ ਜੀ ਸੱਦਦਾ ਰਿਹਾ । ਉਨ੍ਹਾਂ ਦਾ ਪ੍ਰੇਮ ਦੇਖ ਕਿ ਉਹ ਅੰਤਲੀ ਯਾਚਨਾ ਸਤਿਗੁਰ ਤੋਂ ਕੀਹ ਕਰਦੇ ਹਨ ਕਿ ਹਜ਼ੂਰ ਮੈਂ ਆਪ ਦੇ ਦਰਸ਼ਨਾਂ ਬਿਨ ਕਿਵ ਜੀਵਾਂਗਾ। ਇਹ ਹੈ ਗੁਰੂ ਘਰ ਵਿਚ ਬ੍ਰਹਮ ਗ੍ਯਾਨ ਤੇ ਭਗਤੀ ਦੀ ਏਕਤਾ ।

ਇਕ ਵੇਰ ਇਕ ਪਰਸਰਾਮ ਜੋਗੀ ਨੇ ਸਤਿਗੁਰਾਂ ਪਾਸ ਪ੍ਰਾਰਥਨਾ ਕੀਤੀ ਕਿ ਮੈਨੂੰ ਜੋਗ ਦਾ ਰਸਤਾ ਦਸੋ, ਮੈਂ ਸਦਗਤੀ ਨੂੰ ਪ੍ਰਾਪਤ ਨਹੀਂ ਹੋਇਆ, ਆਪ ਕ੍ਰਿਪਾ ਕਰੋ ਤਾਂ ਮੈਂ ਬੀ ਸੁਖੀ ਹੋਵਾਂ ਤੇ ਪਰਮ-ਪਦ ਨੂੰ ਪਾਵਾਂ । ਅਸਲ ਵਿਚ ਉਸ ਵੇਲੇ ਪੂੰਗ ਬ੍ਰਹਮ ਰੰਧਰ ਫੋੜਕੇ ਸਰੀਰ ਛੋੜਨ ਦਾ ਚੱਲ ਰਿਹਾ ਸੀ । ਸਤਿਗੁਰਾਂ ਨੇ ਉਸ ਨੂੰ ਜੋਗ ਦੇ ਰਸਤੇ ਹੀ ਐਸਾ ਸਮਝਾਇਆ ਕਿ ਉਹ ਠੀਕ ਰਸਤੇ ਲਗਕੇ ਸਦਗਤੀ ਨੂੰ ਪਹੁੰਚਾ । ਉਸ ਉਪਦੇਸ਼ ਵੇਲੇ ਬਾਬਾ ਗਰਬਖਸ਼ ਸਿੰਘ ਜੀ ਪਾਸ ਸੇ, ਬੇਨਤੀ ਕਰਨ ਲਗੇ ਕਿ ਹੇ ਪਾਤਸ਼ਾਹ ਮੈਨੂੰ ਬੀ ਇਸ ਰਸਤੇ ਪਾਓ ਕਿ ਅੰਤ ਸਮੇਂ ਮੈਂ ਭੀ ਇਉਂ ਹੀ ਜਾਵਾਂ ਤੇ ਸਦਗਤੀ ਪਾਵਾਂ । ਭਾਈ ਰਾਮ ਕੌਰ ਜੀ ਆਪਣੀ ਲਿਖਾਈ ਪੋਥੀ ਵਿਚ ਇਹ ਗ਼ਲ ਬਾਤ ਆਪ ਬੀ ਦੱਸਦੇ ਹਨ ਤੇ ਕਵੀ ਸੰਤੋਖ ਸਿੰਘ ਜੀ ਉਸ ਨੂੰ ਔਉਂ ਉਲਥਾ ਕਰਦੇ ਹਨ ।

ਸੁਨਿ ਕਰਿ ਕਲਗੀਧਰ ਮੁਸਕਾਏ । ਮੋ ਸੰਗ ਕਹਜੋ ਅਧਿਕ ਅਪਨਾਏ । ਏਹਮ ਆਤਮਾ ਸਚਿਦਾਨੰਦ । ਗ੍ਯਾਨ ਭਜੇ ਸੁਖ ਭੋਗ ਬਿਲੰਦ । ਕਹਜੋ ਸਬਦ ਮੈ ਜੋ ਤਤ ਸਾਰ । ਸੋ ਤਵ ਪ੍ਰਾਪਤ ਅਹੈ ਉਦਾਰ । ਅੰਤ ਕਾਲ ਜਬ ਹੋਵਹਿ ਤੋਰਾ । ਤਾਂਹਿ ਸਮੇ ਦਰਸ਼ਨ ਹੁਇ ਮੋਰਾ । ਮੋਹਿ ਚਰਨ ਕੋ ਸਿਖ ਮੁਖਿ ਅਹੈਂ । ਮਮ ਸਮੀਪਤਾ ਸਦ ਹੀ ਲਹੈਂ* । ਨਿਸ ਦਿਨ ਮਨ ਸਤਿਗੁਰ ਮਹਿ ਲਾਯੋ । ਨਹੀਂ ਬਿਕਾਰੁ ਛੁਹਨ ਕੋ ਪਾਯੋ। ਹਾਥ ਏਦਿ ਮੈ ਬੰਦਨ ਕੀਨ । ਪਦ ਅਰਬਿੰਦਨ ਸਿਰ ਧਰ ਦੀਨ ।

ਇਸ ਤਰ੍ਹਾਂ ਪਤਾ ਚਲਦਾ ਹੈ ਕਿ ਬਾਬਾ ਗੁਰਬਖਸ਼ ਸਿੰਘ ਜੀ ਹੁਣ ਇਤਨੇ ਪ੍ਰੇਮ ਵਿਸ ਹੋ ਰਹੇ ਸਨ ਕਿ ਮੁੜ ਆਪਣੇ ਗਿਰਾਂ ਨਹੀਂ ਗਏ, ਅਨੰਦਪੁਰ ਸਾਹਿਬ ਹੀ ਰਹੇ, ਅਤੇ ਅੰਤਲੇ ਜੰਗ ਵਿਚ ਬੀ ਅਨੰਦਪੁਰ ਸਨ । ਬਾਬਾ ਜੀ ਮਾਲਵੇ ਵਿਚ ਸਤਿਗੁਰ ਦੇ ਵਿਚਰਨ ਵੇਲੇ ਬੀ ਨਾਲ ਸਹੀ ਹੁੰਦੇ ਹਨ. ਕਿਉਂਕਿ ਬਾਬਾ ਬੁੱਢਾ ਜੀ ਦੇ ਜੀਵਨ ਵਿਚ ਮੱਯਦ ਬ੍ਰਹਮੀ ਨੂੰ ਅੰਮ੍ਰਿਤ ਛਕਾਉਣਵੇਲੇ ਪੰਜਪਿਆਰਿਆਂ ਵਿਚ ਇਸ ਭਾਈ ਗੁਰਬਖਸ਼ ਸਿੰਘ ਦਾ ਪਤਾ ਦੇਂਦੇ ਹਨ । ਸਾਖੀਆਂ ਦੀ ਪੋਥੀ ਵਿਚ ਲਿਖਿਆ ਹੈ ਕਿ ਗੁਰਬਖਸ਼ ਸਿੰਘ ਰਮਦਾਸਤੋਂ ਆਕੇ ਦਮਦਮੇ ਮਿਲੇ ਹਨਾਂ । ਨਾਲ ਨਾ ਹੋਣ ਦਾ ਸੰਦੇਹ ਇਥੋਂ ਮਿਟ ਜਾਂਦਾ ਹੈ ਕਿ ਦੱਖਣ ਜਾਂਦਿਆਂ ਦੂਰ ਅਗੇ ਲੰਘਕੇ ਬਾਬਾ ਜੀ ਦੀ ਮਾਤਾ ਸਤਿਗੁਰਾਂ ਨੂੰ ਜਾ ਮਿਲਦੀ ਹੈ ਤੇ ਰਾਮ ਕੌਰ ਜੀ ਦੇ ਵਾਪਸ ਲੈ ਜਾਣ ਲਈ ਬਿਨੈ ਕਰਦੀ ਹੈ । ਪਰ ਜੀਵਨ ਬਾਬਾ ਬੁੱਢਾ ਜੀ ਵਿਚ ਮਾਤਾ ਸਭਰਾਈ ਬਾਬਾ ਜੀ ਦੀ ਮਾਂ ਨਦੇੜ ਅੱਪੜਦੀ ਹੈ ਤੇ ਓਥੋਂ ਪੁਤਰ ਨੂੰ ਵਾਪਸ ਲਿਆਉਂਦੀ ਹੈ । ਨਾਲ ਹੋਣ ਦੀ ਗੱਲ ਇਥੋਂ ਵੀ ਸਹੀ ਹੋ ਜਾਂਦੀ ਹੈ ਕਿ ਬਾਬਾ ਜੀ ਸਤਿਗੁਰਾਂ ਨੂੰ ਬਿਨੈ ਕਰਦੇ ਹਨ ਕਿ ਮੈਂ ਦਰਸ਼ਨ ਬਿਨਾ ਪ੍ਰਸ਼ਾਦ ਨਹੀਂ ਛਕਦਾ, ਆਪ ਮਾਂ ਨਾਲ ਟੋਰ ਦੇਸੋ ਤਾਂ ਮੈਂ ਅੰਨ ਕਿਸ ਤਰ੍ਹਾਂ ਛਕਸਾਂ ।

ਪ੍ਰਸੰਗ ਇਸ ਪ੍ਰਕਾਰ ਹੈ ਕਿ ਆਪ ਦੀ ਮਾਤਾ ਗੁਰੂ ਜੀ ਦਾ ਮਾਲਵੇ ਵਿਚ ਵਿਚਰਨਾ ਤੇ ਬਾਬਾ ਜੀ ਦਾ ਨਾਲ ਹੋਣਾ ਸੁਣਕੇ ਤਾਂ ਨਹੀਂ ਅਕੁਲਾਈ, ਪਰ

*ਸਤਿਗੁਰ ਦੀ ਸਮੀਪਤਾ ਏਹਮਲੋਕ ਦਾ ਨਿਵਾਸ ਹੈ।
†ਸਾਖੀ ੧੦੫ ।

ਜਦ ਪਤਾ ਲੱਗਾ ਕਿ ਸਾਹਿਬ ਦੱਖਣ ਜਾ ਰਹੇ ਹਨ ਤਾਂ ਧਾਈਕਰਕੇ ਆਈ ਤੇ ਦਮਦਮੇਤੋਂ ਫੇਰਦੂਰਅਗੇ ਜਾਕੇ ਅੱਪੜੀ ਤੇ ਬਿਨੈ ਕੀਤੀ ਕਿ ਮੈਂ ਇਕ ਪੁੱਤ੍ਰ ਹਾਂ,ਆਪ ਹੁਣ ਦੱਖਣ ਜਾ ਰਹੇਹੋ ਜੋ ਬੜਾ ਦੂਰ ਦੇਸ਼ ਹੈ। ਵਿੱਥ ਥੀ ਤਾਂ ਕੰਧ ਦੀ ਕੰਧਾਰੀ-ਵਿੱਥ ਹੁੰਦੀ ਹੈ ਤੇ ਇਹ ਤਾਂ ਹਜ਼ਾਰਾਂ ਕੋਹਾਂ ਦੀ ਹੈ। ਮਿਹਰ ਕਰੋ ਤੇ ਇਸ ਨੂੰ ਮੇਰੇ ਨਾਲ ਵਾਪਸ ਟੋਰ ਦਿਓ। ਪਰਮ ਤਿਆਗ ਵਿਚ ਵਸ ਰਹੇ ਸਤਿਗੁਰੂ, ਪਰ ਪ੍ਰੇਮ ਦੀਆਂ ਪੀੜਾਂ ਦੇ ਜਾਨਣਹਾਰ ਸਤਿਗੁਰੂ, ਦੂਵੇ ਤੇ ਆਗਯਾ ਕੀਤੀ ਕਿ ਭਾਈਬੁੱਢੇਕੇ ! ਤੁਸੀਂ ਹੁਣਜਾਓ,ਆਪਣੇ ਘਰ ਰਹੋ, ਮਾਤਾ ਨੂੰ ਸੁਖ ਦਿਓ, ਸਿੱਖੀ ਵਿਥਾਰੋ ਤੇ ਜੀਵਨ ਸਫਲਾਓ। ਬ੍ਰਹਮ ਗਿਆਨ ਵਿਚ ਅਰੂੜ ਪਰ ਸੱਚੇ ਵਪਾਰ ਦੇ ਵਪਾਰੀ ਬਾਬਾ ਜੀ ਨੈਣ ਭਰਕੇ ਹੱਥਬੰਨ੍ਹਕੇ ਖਲੋ ਗਏ ਤੇ ਬੋਲੇ:—'ਪਾਤਸ਼ਾਹ ਮੈਂ ਤਾਂ ਸਦਾ ਹਜ਼ੂਰੀ ਵਾਸ ਦੀ ਅਭਿਲਾਖਾ ਰਖਦਾ ਸਾਂ, ਮੈਂ ਆਪ ਦੇ ਦਰਸ਼ਨ ਬਿਨ ਅੰਨ ਨਹੀਂ ਖਾ ਸਕਦਾ। ਆਪ ਦੀ ਆਗਯਾ ਅਟੱਲ ਹੈ,ਮੋੜ ਨਹੀਂ ਸਕਦਾ। ਪਰ ਹੇ ਪ੍ਰਾਣਪ੍ਰਿਯ ! ਮੈਂ ਵਿਛੁੜਕੇ ਭਾਵੇਂ ਦੇਹਗਤੀ ਨਾਲ ਪਿਆ ਸਾਹ ਲਵਾਂ, ਪਰ ਅੰਨ ਬਿਨਾਂ ਕਿਵ ਜੀਸਾਂ ? ਮਾਂ ਮੈਨੂੰ ਵਿਛੋੜਕੇ ਲਿਜਾਕੇ ਅੰਨ ਬਿਨਾਂ ਕਿੰਨੇ ਕੁ ਦਿਨ ਮੇਰੇ ਵੇਖਣ ਦਾ ਸੁਖ ਮਾਣਸੀ ?' ਸਤਿਗੁਰ ਜੀ ਫੇਰ ਦੂਵੇਤੋਲਣਹਾਰ, ਪਛਾਣਨਹਾਰ ਡੂੰਘੇ ਪਿਆਰਾਂ ਦੇ ਪਾਰਖੂ ਬਾਬਾ ਜੀ ਦੇ ਆਪਣੇ ਨਾਲ ਅਨਿੰਨ ਸਨੇਹ ਨੂੰ ਹਾੜਦੇ ਹਨ,ਉਧਰ ਮਾਂ ਦੇ ਸੰਤ ਪੁਤ੍ਰ ਨਾਲ ਅਨਿੰਨ ਪ੍ਰੇਮਨੂੰ ਨਦਰ ਵਿਚ ਲਿਆ ਰਹੇ ਹਨ। ਫੇਰ ਪ੍ਰੇਮ ਦੀ ਕਿਸ ਉੱਚ ਪਰਖ ਦੇ ਘਰ ਹੋਕੇ ਬੋਲੇ: 'ਬੁੱਢੇਕੇ ਰਤਨ ! ਮਾਤਾ ਦਾ ਪ੍ਰੇਮ ਅਸੀਂ ਉਲੰਘਨ ਨਹੀਂ ਕਰ ਸਕਦੇ। ਸਾਡਾ ਤੇਰਾ ਪ੍ਰੇਮਮਨ ਦੇ ਮੰਡਲਾਂ ਤੋਂ ਉੱਚਾ ਹੈ, ਉਹ ਕਿਸੇ ਅਗੰਮੀ ਹੱਦ ਦਾ ਵਾਸੀ ਹੈ, ਜਿਥੇ ਅਕਾਲਤਾ ਹੈ, ਅਮਰਤਾ ਹੈ ਤੇ ਦੇਸ਼ ਕਾਲ ਦੀ ਵਿੱਥ ਨਹੀਂ ਹੈ। ਤੂੰ ਜਾਹ ਆਪਣੀ ਮਾਤਾ ਨਾਲ। ਬਾਕੀ ਰਿਹਾ ਦਰਸ਼ਨ, ਉਸ ਨੂੰ ਹੁਣ ਤੂੰ ਨਹੀਂ ਨਿਬਾਹੁਣਾ। ਤੂੰ ਨਿਬਾਹ ਚੁਕਾ ਹੈਂ, ਹੁਣ ਅਸੀਂ ਨਿਬਾਹਾਂਗੇ। ਤੂੰ ਜਿਸਵੇਲੇ ਸ਼ਸਤ੍ਰਲੋਕੇ ਘੋੜੇ ਚੜ੍ਹਕੇ ਬਨ ਨੂੰ ਜਾਵੇਂਗਾ ਓਥੇ ਤੈਨੂੰ ਸਾਡੇ ਦਰਸ਼ਨ ਹੋ ਜਾਯਾ ਕਰਨਗੇ। ਜਦੋਂ ਦਰਸ਼ਨ ਚਾਹੇਂ ਸ਼ਸਤ੍ਰ ਲਾਕੇ ਚੜ੍ਹਪਿਆ ਕਰ,ਤੂੰ ਕਦੇ ਦਰਸ਼ਨ ਹੋਨ ਨਹੀਂ ਮੁੜੇਂਗਾ।ਹੁਣ ਬਚਨ ਮੰਨਲੈ ਤੇ ਮਾਂ ਦੀਆਂ ਆਂਦਰਾਂ ਨੂੰ ਠੰਢ ਪਾ'। ਇਹ ਕਹਿਕੇ ਸੱਚੇ ਗੁਰੂ ਨੇ ਆਪਣੇ ਨਾਲ ਅਭੇਦ ਹੋਏ ਪਯਾਰੇ ਨੂੰ ਵਿਦਾ ਕਰ ਦਿੱਤਾ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥

[ਗਉ: ਮ: ੫

ਗੁਰੂਜੀ ਦੀ ਜ਼ਾਤ ਦਾ ਇਹਕਰਤੱਵ'ਰਸਬੈਰਾਗ' ਦੇ ਸੰਗਮ ਦਾ ਇਕ ਨਮੂਨਾ ਹੈ।ਇਕ ਪਾਸੇ ਆਪਣਾ ਤੇ ਆਪਣੇ ਪਿਆਰੇ ਦਾ ਪਿਆਰ ਹੈ,ਇਕ ਪਾਸੇ ਮਾਂ ਦਾ ਪੁੱਤ ਨਾਲ ਪਿਆਰ ਹੈ। ਕੀਕੂੰ ਰਸਕ ਪਾਰਖੂ ਹੋਕੇ ਪਛਾਣਦੇ ਹਨ ਤੇ ਕੀਕੂੰ ਬੈਰਾਗ ਵਿਚ ਆਕੇ ਆਪਣਾ ਪੂਰਨ ਤਿਆਗ ਮਾਂ ਨਾਲ ਟੋਰ ਦੇਣ ਵਿਚ ਦਿਖਾਲਦੇ ਹਨ ਤੇ ਉਸ ਤਿਆਗ ਵਿਚ ਆਪ ਫਿਰ ਪਿਆਰ ਨਾਲ ਬੱਝਦੇ ਹਨ। 'ਪਿਆਰੇ ਦੇ ਆਪਣੇ ਨਾਲ ਪਿਆਰ ਨੂੰ ਘਾਟਾ ਨਾ ਪਵੇ, ਮੱਟ ਨਾ ਵੱਜੇ' ਉਸ ਨੂੰ ਵਰ ਦੇਂਦੇ ਹਨ ਕਿ ਦਰਸ਼ਨ ਹੁੰਦੇ ਰਹਿਣਗੇ ਤੇ ਆਪਣੇ ਆਪ ਨੂੰ, ਐਸੇ ਅਨਿੰਨ ਪਿਆਰ ਕਰਨ ਵਾਲੇ ਤੋਂ ਵਿੱਥ ਪੈਜਾਣ ਵਿਚ ਕਿੰਵਅਤੀਤ ਹੋ ਜਾਂਦੇ ਹਨ!ਆਪਨੇ ਹੀ ਸ਼੍ਰੀਮੁਖਵਾਕ ਤੋਂ ਫੁਰਮਾਯਾ ਸੀ:—

ਜਹ ਤਹ ਦਿਸਾ ਵਿਸਾ ਹੁਇਫੈਲਿਓਅਨੁਰਾਗ ॥ ਜਤ ਤਤ ਬਿਰਾਜ ਹੀ ਅਵਧੂਤ ਰੂਪ ਰਸਾਲ ॥

[ਜਾਪ ਜੀ

ਆਪ ਦੀ ਜ਼ਾਤ ਵਿਚ ਹੀ 'ਰਸ ਬੈਰਾਗ' ਅਤੇ 'ਅਵਧੂਤ ਤੇ ਰਸਾਲ' ਦੇ ਤਾਕਤਾਂ ਇਕ ਥਾਵੇਂ ਇਕ ਸੰਗਮ ਵਿਚ ਇਕ ਰੂਪ ਹੋਕੇ ਵਗ ਰਹੀਆਂ ਨਦੀਆਂ ਦੀ ਆਭਾ ਦੇਂਦੀਆਂ ਦਿੱਸ ਰਹੀਆਂ ਹਨ।

ਸ਼੍ਰੀ ਬਾਬਾ ਜੀ ਹੁਣ ਹੁਕਮ ਸਿਰ ਧਰਕੇ ਅਵਿਛੜਦੇ ਦਿਲ ਨੂੰ ਲੈਕੇ ਸਰੀਰਨਾਲ ਵਿਛੁੜੇ,ਆਪਣੇ ਦੇਸ਼ ਆਏ ਤੇ ਟਿਕ ਗਏ। ਪਰ ਕਿਸ ਰੰਗ ? ਸਦਾ ਲਿਵ ਵਿਚ, ਨਾਮ ਵਿਚ, ਰੰਗ ਵਿਚ। ਦਰਸ਼ਨ ਬਿਨ ਮਨ ਰਹਿ ਨਹੀਂ ਸਕਦਾ, ਦਰਸ਼ਨ ਬਿਨ ਅੰਨ ਵਿਹੁ ਦਿਖਾਲੀ ਦੇਂਦਾ ਹੈ ! ਸ਼ਸਤ੍ਰ ਲਾਉਂਦੇ ਹਨ, ਘੋੜੇ ਚੜ੍ਹਦੇ ਹਨ, ਬਨਾਂ ਨੂੰ ਚਲੇ ਜਾਂਦੇ ਹਨ, ਜਿਸ ਵੇਲੇ ਪ੍ਰਤੱਖ ਦਰਸ਼ਨ ਹੋਜਾਂਦੇ ਹਨ,ਸੀਸ ਧਰਤੀ ਤੇ ਰੱਖਕੇ, 'ਧੰਨ ਕਲਗੀਆਂ ਵਾਲਾ ਮੇਰਾ ਪਾਤਸ਼ਾਹ' ਦੇ ਭਾਵ ਨਾਲ ਪੂਰਤ ਹੋਏ ਧੰਨ ਧੰਨ ਕਰਦੇ ਉਠਦੇ ਹਨ ਤੇ

ਡੇਰੇ ਆ ਜਾਂਦੇ ਹਨ।

ਆਪਦਾ ਨਿਤ ਬਿਵਹਾਰ ਹੁਣ ਇਹ ਹੈ: ਅਪਣੇ ਰੰਗ ਰਤੇ ਰਹਿਣਾ, ਯਾ ਆਏ ਸਿੱਖਾਂ ਨਾਲ ਗੁਰੂ ਮਿਹਰ ਦੀ ਗੱਲ, ਗੁਰੂ ਜਸ ਦੀ ਗੱਲ ਬਾਤ ਕਰਨੀ ਅੰਮ੍ਰਿਤ ਪ੍ਰਚਾਰ ਕਰਨਾ, ਸਿੱਖੀ ਦਾ ਵਾਧਾ ਕਰਨਾ, ਕੀਰਤਨ ਦਾ ਪ੍ਰਵਾਹ ਨਾਂਯਤ ਵੇਲਿਆਂ ਤੇ ਡੇਰੇ ਵਿਚ ਜਾਰੀ ਰੱਖਣਾ। ਸਿੰਘਾਂ ਤੋਂ ਖਬਰਾਂ ਨਾਦੇੜ ਦੀਆਂ ਮੰਗਣੀਆਂ ਤੇ ਸੁਣਕੇ ਪ੍ਰੇਮ ਵਿਚ ਆ ਜਾਣਾ। ਆਦਿ ਪਾਤਸ਼ਾਹੀ ਤੋਂ ਲਕੇ ਦਸਾਂ ਸ਼ਤਿਗੁਰਾਂ ਤਕ ਦੇ ਪ੍ਰਸੰਗ ਆਪਣੇ ਘਰਾਣੇ ਵਿਚ ਮੌਜੂਦ ਸਨ। ਹਰ ਵੇਲੇ ਰੰਗ ਰਤੜੇ ਰਹਿਣ ਵਾਲੇ ਪਿਆਰੇ ਨੇ, ਜਿਸ ਨੂੰ ਲੋਕੀ ਮਦਹੋਸ਼ੀ ਵਾਲਾ, ਨਿੰਦਰਾ ਵਾਲਾ, ਮਸਤਾਨਾ ਸਮਝ ਲੈਂਦੇ ਹਨ, ਉਹ ਸਾਰੇ ਸਮਾਚਾਰ ਲਿਖੇ ਜਾ ਲਿਖਵਾਏ। ਇਕ ਸਾਖੀਆਂ ਦੀ ਪੋਥੀ ਤਿਆਰ ਕੀਤੀ ਜਿਸ ਵਿਚ, ਮਸ਼ਹੂਰ ਹੈ, ਕਿ ੫੦੦ ਸਾਖੀਆਂ ਸਨ। ਇਹ ਸਾਖੀਆਂ ਇਕ ਲਿਖਾਰੀ ਸਾਹਿਬ ਸਿੰਘ ਨਾਮੇ ਤੋਂ ਸੁੰਦਰ ਲਿਖਵਾਈਆਂ ਜੋ ਉਸ ਰੂਪ ਵਿਚ ਹੁਣ ਤਕ ਨਹੀਂ ਲੱਝੀਆਂ। ਇਹ ਹਨ ਮਸਤਾਨੇ ਗੁਰੂ ਘਰ ਦੇ। ਜਿਨ੍ਹਾਂ ਨੇ ਸਦਾ ਅੰਤਰਮੁਖ ਬੀ ਰਹਿਣਾ, ਪਰ ਹੋਸ਼ਾਂ ਵਿਚ ਬੀ;ਆਤਮ ਰਸ ਰੰਗ ਵਿਚ ਬੀ ਰਹਿਣਾ। ਆਪ ਦੀ ਨਾਮ ਦੀ ਲਿਵ ਬੀ ਟੁਰੀ ਰਹਿਣੀ,ਆਪਨੇ ਕਥਾ ਵਾਰਤਾ ਬੀ ਕਰਨੀ, ਪੁਸਤਕ ਬੀ ਲਿਖਣੇ ਲਿਖਾਵਣੇ, ਸਿੱਖੀ ਪ੍ਰਚਾਰ ਬੀ ਕਰਨਾ, ਘੋੜੇ ਦੀ ਸਵਾਰੀ ਬੀ ਕਰਨੀ,ਸ਼ਸਤ੍ਰ ਵੀ ਲਾਉਣੇ, ਬੀਤ ਰਾਗ ਬੀ ਹੋਣਾ ਫਿਰ ਪ੍ਰੇਮ ਦਾ ਦ੍ਰਵਣਤਾ ਦੀ ਭੀ ਅਵਧੀ ਹੋਣੀ। ਇਹ ਸਫਲ ਗਿਆਨ ਤੇ ਗਿਆਨ ਮਈ ਭਗਤੀ ਦਾ ਦਾਮਨਿਕ ਸ਼ਕਤੀ ਵਾਲਾ ਪਰਮ ਪਦ ਹੈ। ਡੇਰਾ ਲੁਟ ਜਾਏ ਤਾਂ ਬੀਤਰਾਗ ਹਨ, ਪ੍ਰਵਾਹ ਨਹੀਂ,ਮਾਲ ਵਾਪਸ ਆ ਜਾਏ ਤਾਂ ਬਢਾਉਣਾ ਨਹੀਂ। ਫੌਜ ਰੱਖਣੀ, ਰਿਆਸਤ ਟੋਰਨੀ, ਪ੍ਰਬੰਧ ਭਰਾ ਕਰੇ ਕਿ ਪੁਤਰ ਪਰ ਆਪ ਸਿਰ ਕਰਦਗੀ ਤੋਂ ਪਰੇ ਨਹੀਂ ਹੋਣਾ।ਹਰ ਰੰਗ ਖੇਡਣਾ,ਹਰ ਰੰਗ ਹਰ ਥਾਵੇਂ ਪ੍ਰੀਤਮ ਤੱਕਣਾ। ਬਲ ਤੇ ਸ਼ਕਤੀ ਤੇ ਸੋਝੀ ਅੰਦਰ ਐਸੀ ਕਿ ਦੁਇ ਪੈਰ ਇਕ ਪਾਸੇ ਕਰਕੇ ਘੋੜੀ ਤੇ ਚੜ੍ਹਨਾ ਤੇ ਬਿਨਾ ਵਾਗ ਫੜੇ ਮੀਲਾਂ ਸਰਪੱਟ ਦੁੜਾਈ ਜਾਣਾ। ਜੇ ਅੰਤਰ ਮੁਖ ਮਗਨ ਹੋਣਾ ਤਾਂ ਕਈ ਕਈ ਦਿਨ ਰੰਗ ਰਸ ਵਿਚ ਜੁੜੇ ਰਹਿਣਾ।

ਕੁਝਕੁ ਪ੍ਰਸੰਗ ਆਪਦੇ ਇਸ ਸਮੇਂ ਦੇ ਇਸ ਪ੍ਰਕਾਰ ਦੇ ਮਿਲਦੇ ਹਨ: -

ਸੰਸਾਰਕ ਅਸ਼ਰਫ ਇੰਨਾਕੁ ਸੀ ਕਿ ਆਪ ਦੇ ਬੇਟੇ ਦਾ ਵਿਵਾਹ ਪਟਿਆਲੇ ਦੇ ਮਹਾਰਾਜ ਆਲਾ ਸਿੰਘ ਦੀ ਪੁੱਤ੍ਰੀ ਬੀਬੀ ਪਰਧਾਨ ਨਾਲ ਹੋਇਆ ਸੀ। ਦੂਜਾ ਪੁੱਤ੍ਰ ਅਨੂਪ ਸਿੰਘ ਸੀ, ਤੀਸਰਾ ਪੁੱਤ੍ਰ ਕਿਸ਼ਨ ਕੰਵਰ ਬਚਪਨ ਵਿਚ ਹੀ ਫਕੀਰੀ ਰੰਗ ਦਾ ਸੀ।ਇਹ ਬੱਚਾ ਕੋਈ ਕਰਾਮਾਤ ਦੀ ਗਲ ਕਰ ਬੈਠਾ, ਆਪ ਨੇ ਮਨ੍ਹੇਂ ਕੀਤਾ ਕਿ ਇਹ ਗਲ ਰਜ਼ਾ ਸਮਝੇ ਬਿਨਾਂ ਨਹੀਂ ਕਰੀਦੀ ਤਾਂ ਬੱਚਾ ਸ਼ਰੀਰ ਤਿਆਗ ਗਿਆ। ਇਸ ਸਮੇਂ ਆਪ ਜ਼ਰਾ ਉਦਾਸ ਨਹੀਂ ਹੋਏ।

ਸ਼ਾਹ ਹਬੀਬਨਾਮੇ ਮੁਸਲਮਾਨ ਫਕੀਰ ਹੋਇਆ ਹੈ, ਇਹ ਸੱਯਦ ਸੀ। ਇਹ ਬਗ਼ਦਾਦ ਦਾ ਰਹਿਣ ਵਾਲਾ ਆਪਣੀ ਟੋਲ ਵਿਚ ਹੀ ਹਿੰਦੁਸਤਾਨ ਆ ਨਿਕਲਿਆ ਸੀ। ਅਪਣੀ ਜਗਿਆਸਾ ਵਿਚ ਇਹ ਹਰ ਫਕੀਰ ਨੂੰ ਮਿਲਦਾ ਸੀ ਪਰ ਠੰਢ ਕਿਤੋਂ ਨਾ ਪਈ। ਫਿਰ ਇਹ ਤਅੱਸਬ ਛੱਡਕੇ ਦੂਸਰੇ ਮਤਾਂ ਦੇ ਫਕੀਰਾਂ ਨੂੰ ਮਿਲਿਆ।ਅੰਤਬਾਬਾ ਜੀ ਪਾਸ ਆਇਆ, ਗੁਰਬਾਣੀ ਸੁਣੀ ਤੇ ਏਥੋਂ ਠੰਢ ਵਰਤੀ। ਭਾਈ ਜੀ ਤੋਂ ਸੁਖੀ ਹੋਕੇ ਇਹ ਇੱਥੇ ਹੀ ਟਿਕ ਗਿਆ। ਬਾਬਾ ਜੀ ਨੇ ਸ਼ਾਹ ਹਬੀਬ ਨੂੰ ਜ਼ਿਮੀ ਦੇਕੇ ਘਰ ਪਾ ਦਿੱਤਾ ਤੇ ਬਟਾਲੇ ਵਿਆਹ ਕਰ ਦਿੱਤਾ। ਇਹ ਸਜਣ'ਧੰਨ ਗੁਰੂ ਨਾਨਕ'ਜਪਦਾ ਇਥੇ ਹੀ ਚੜ੍ਹਿਆ। ਏਸ ਦੇ ਅਸਥਾਨ ਤੇ ਹੁਣ ਤਕ ਮੇਲਾ ਲਗਦਾ ਹੈ। ਬਾਬਾ ਜੀ ਦੀਆਂ ਆਪ ਦੇ ਸਬੰਧ ਵਿਚ ਕਈ ਕਰਾਮ ਤਾਂ ਪ੍ਰਸਿੱਧ ਹਨ।

ਇਹ ਬੀ ਪ੍ਰਸਿੱਧ ਹੈ ਕਿ ਬਾਬਾ ਗੁਰਬਖਸ਼ ਸਿੰਘ ਜੀਨੂੰ ਪ੍ਰਸ਼ਾਦ ਛਕਦਿਆਂ ਜਦੋਂ ਰਾਮਾ ਕਹੇ ਕਿ ਬਿੱਧ ਕੇ ਰਲ ਗਏ ਤਾਂ ਆਪ ਬਸ ਕਰ ਦੇਂਦੇ। ਐਸੀਆਂ ਗਲਾਂ ਲੋਕੀਂ ਐਸੇ ਰੰਗ ਵਿਚ ਵਰਣਨ ਕਰਦੇ ਹਨ ਕਿ ਜਿਸ ਤੋਂ ਆਪ ਐਨੇ ਬੇਸੁਰਤ ਲੱਗਣ ਕਿ ਅਪਣੇ ਰੱਜ ਜਾਣ ਵਲੋਂ ਵੀ ਬੇਹੋਸ਼ ਸਨ। ਜੇ ਐਸੀ ਗਲ ਹੋਵੇ ਬੀ ਤਾਂ ਕਦੀ ਕਦਾਈਂ ਹੋ ਸਕਦੀ ਹੈ, ਨਿਤ ਕ੍ਰਿਆ ਐਸੀ ਹੋਣੀ ਨਿਭਦੀ ਨਹੀਂ। ਗਲ ਇਹ ਮਸਤੀ ਦੀ ਨਹੀਂ ਧਿਆਨ ਦੀ ਹੁੰਦੀ ਹੈ। ਦੇਖੋ ਜੇ ਗਲਾਂ ਕਰਦਿਆਂ ਧਿਆਨ ਕਿਸੇ ਹੋਰ ਪਾਸੇ ਅੰਦਰੋਂ ਚਲਾ ਜਾਵੇ ਤੇ ਫੇਰ ਕਹੀਦਾ ਹੈ, ਮੈਂ ਸੁਣੀ:

ਨਹੀਂ ਜੀ, ਜ਼ਰਾ ਫੇਰ ਕਹਿਣਾ ਤੁਸੀ ਕੀ ਕਿਹਾ ਸੀ? ਇਹ ਗਲ ਹਰ ਕਿਸੇ ਦੇ ਤਜਰਬੇ ਵਿਚ ਆਉਂਦੀ ਹੈ। ਉਸ ਵੇਲੇ ਆਦਮੀ ਬੇਹੋਸ਼ ਨਹੀਂ ਹੁੰਦਾ, ਧਿਆਨ ਹੋਰ ਪਾਸੇ ਛੱਡ ਗਿਆ ਹੁੰਦਾ ਹੈ। ਤਿਵੇਂ ਆਪ ਪੱਕ ਧਿਆਨੀ ਅੰਤਰ ਮੁਖ ਲਿਵ ਵਿਚ ਸੋ, ਬੇਹੋਸ਼ ਨਹੀਂ ਸੋ। ਆਪ ਦਾ ਸਹਿਜ ਧਿਆਨ ਅਪਣੇ ਪ੍ਰੀਤਮ ਵਿਚ ਰਹਿੰਦਾ ਸੀ ਤੇ ਉਸ ਪਾਸੇ ਧਿਆਨ ਹੋਣ ਕਰਕੇ ਐਸੇ ਵਾਕੇ ਹੁੰਦੇ ਸਨ ਕਿ ਪ੍ਰਸ਼ਾਦ ਛਕਣ ਬੈਠੇ ਛਕੀ ਗਏ ਤੇ ਅੰਦਰਲਾ ਰੋ ਧਿਆਨ ਦਾ ਪ੍ਰਸ਼ਾਦਿ ਦੀ ਥਾਵੇਂ ਅਪਣੇ ਪ੍ਰਵਾਹ ਵਿਚ ਮਗਨ ਰਿਹਾ। ਰਾਮੇ ਡਿੱਠਾ ਕਿ ਅੱਖ ਨਾ ਹੋਵੇ ਤਾਂ ਉਸ ਨੇ ਅਵਾਜ਼ ਦਿੱਤੀ ਕਿ ਬੱਸ ਕਰੋ ਮਹਾਰਾਜ ਬਾਬੇ ਕੇ ਰੱਜ ਗਏ ਹਨ, ਤਾਂ ਆਪ ਦਾ ਧਿਆਨ ਪ੍ਰਸ਼ਾਦ ਵਲ ਆ ਗਿਆ। ਐਸੇ ਪ੍ਰਸੰਗ ਬਾਬਾ ਬੀਰ ਸਿੰਘ ਜੀ ਨੂਰੰਗਾਵਾਦ ਵਾਲਿਆਂ ਦੇ ਵੀ ਸੁਣੇ ਹਨ ਕਿ ਬਨ ਵਿਚ ਅਪਣੇ ਰੰਗ ਮਗਨ, ਬੈਠੇ ਵਕਤ ਸਿਰ ਡੇਰੇ ਜਾਣ ਲਈ ਉਠਣਾ ਆਪ ਕਈ ਵੇਰ ਭੁੱਲ ਗਏ। ਆਮ ਲੋਕ ਬ੍ਰਿਤੀ ਦੀ ਪਾਪੱਕਤਾ ਦੀ ਥਾਵੇਂ ਮਾਮੂਲੀ ਮਸਤੀ ਨੂੰ ਇਹ ਅਵਸਥਾ ਸਮਝਕੇ ਕਈ ਮਸਤਾਨੇ ਫਕੀਰਾਂ ਨੂੰ ਉੱਚਾ ਫਕੀਰ ਸਮਝ ਕੇ ਅੱਖਾਂ ਵਿਚ ਪੈ ਜਾਂਦੇ ਹਨ।

ਇਕ ਬੱਲੀ ਨਾਮੇ ਜੁਲਾਹਾ ਆਪ ਨੂੰ ਕਪੜੇ ਉਣ ਕੇ ਪੁਚਾਇਆ ਕਰਦਾ ਸੀ। ਬਾਰਾਂ ਬਰਸ ਉਣਾਈ ਨਾ ਮੰਗੀਓ ਸੁ ਤਾਂ ਇਕ ਵੇਰ ਉਹ ਬਸਤ੍ਰ ਲਿਆਇਆ। ਆਪ ਨੇ ਪੁੱਛਿਆ 'ਉਣਾਈ ਲੈ ਲਈ ਆ ਬੱਲੀ?' ਤਾਂ ਉਹ ਆਖਣ ਲਗਾ 'ਦਿਓ ਨਾ ਉਣਾਈ'। ਜਦ ਬਾਬਾ ਜੀ ਨੇ ਪਤਾ ਕੀਤਾ ਤਾਂ ਆਪ ਨੂੰ ਥਹੁ ਪਿਆ ਕਿ ਬਾਰਾਂ ਬਰਸ ਤੋਂ ਬੱਲੀ ਨੂੰ ਉਣਾਈ ਨਹੀਂ ਮਿਲੀ। ਆਪ ਨੇ ਹੱਸ ਕੇ ਹੁਕਮ ਦਿੱਤਾ। 'ਸਾਰੀ ਉਣਾਈ ਗਿਣਕੇ ਬੱਲੀ ਦੇ ਪੱਲੇ ਪਾਓ।' ਤਦ ਬੱਲੀ ਨੇ ਹੱਥ ਬੱਧੇ ਤੇ ਬੇਨਤੀ ਕੀਤੀ 'ਹੁਣ ਮਾਯਾ ਨਾ ਮੈਨੂੰ ਦਿਓ;ਤੁਸੀਂ ਭੀ ਕੋਈ ਉਣਤ ਜਾਣਦੇ ਹੋ, ਮੇਰਾ ਬੀ ਕੋਈ ਤਾਣਾ ਪੇਟਾ ਉਲਝਿਆ ਪਿਆ ਹੈ। ਮਿਹਰ ਕਰਕੇ ਸੁਲਝਾ ਦਿਓ ਤੇ ਫੇਰ ਰੋਜ਼ਾ ਉਣ ਦਿਓ'। ਆਪ ਹੱਸ ਪਏ ਤੇ ਸਤਿਨਾਮ ਦਾ ਉਪਦੇਸ਼ ਦੇਕੇ ਗੁਰੂ ਕਾ ਸਿੱਖ ਬਣਾ ਲਿਆ। ਇਹ ਗੁਰੂ ਕਾ ਸਿੱਖ ਬੜਾ ਨਾਮੀ ਹੋਇਆ ਹੈ, ਜਿਸ ਦਾ ਸਥਾਨ ਹੁਣ ਤਕ 'ਧਨੌਂਡੇ' ਵਿਚ ਕਾਇਮ ਦੱਸੀਦਾ ਹੈ।

ਇਸ ਤਰ੍ਹਾਂ ਇਕ ਭਾਈ ਦਿਆਲਾ ਆਪ ਦੇ ਸਤਿਸੰਗ ਨਾਲ ਨਾਮ ਰਸੀਆ ਹੋਇਆ। ਇਸ ਨੂੰ ਨਾਲੇ ਨਾਮ ਦਾਨ ਦਿੱਤਾ ਤੇ ਨਾਲੇ ਇਸ ਦੇ ਨਾਮ ਦਾ ਦਿਆਲ ਪੁਰੀ ਪਿੰਡ ਭੀ ਬੰਨ੍ਹ ਕੇ ਉਸ ਨੂੰ ਦੇ ਦਿੱਤਾ। ਇਸ ਦਿਆਲਦਾਸ ਸੱਜਣ ਦੇ ਜਤਨ ਨਾਲ ਲੁਬਾਣੇ ਸਿੱਖਾਂ ਵਿਚ ਗੁਰ ਸਿੱਖੀ ਦਾ ਬਹੁਤ ਪ੍ਰਚਾਰ ਹੋਇਆ ਸੀ।

ਲੁੱਟ

ਜਦੋਂ ਨਾਦਰ ਨੇ ਆ ਕੇ ਲਾਹੌਰ ਲੁੱਟਿਆ ਹੈ ਤਾਂ ਇਹ ਲੁੱਟ ਮੱਜੇ ਖੱਬੇ ਸਾਰੇ ਪਾਸੇ ਪਸਰੀ ਸੁਣੀਂਦੀ ਹੈ। ਝੰਡੇ ਰਮਦਾਸ ਭੀ ਲੁੱਟ ਪਈ। ਲੁੱਟਣ ਵਾਲੇ ਅਫਸਰ ਨੂੰ ਜਦ ਪਤਾ ਲੱਗਾ ਕਿ ਇਸ ਨਗਰੀ ਦਾ ਮਾਲਕ ਫਕੀਰ ਤੇ ਫਕੀਰ ਦੋਸਤ ਹੈ ਤੇ ਹਿੰਦੂ ਮੁਸਲਮਾਨ ਨਾਲ ਸਮ: ਵਰਤਦਾ ਹੈ ਤਾਂ ਆਪ ਪਾਸ ਆ ਪਹੁੰਚਾ। ਜਾਂ ਸਲਾਮ ਕਰਕੇ ਬਹਿ ਗਿਆ ਤਾਂ ਕਹਿਣਾ ਲੱਗਾ 'ਬਾਬਾ ਜੀ! ਆਪ ਦੀ ਲੁੱਟ ਨਹੀਂ ਸੀ ਪੈਣੀ ਪਰ ਅਣਜਾਣੇ ਪੈ ਗਈ ਹੈ। ਹੁਣ ਆਪ ਦੱਸ ਦਿਓ ਆਪ ਦਾ ਜਿਤਨਾ, ਕੁ ਨੁਕਸਾਨ ਹੋਇਆ ਹੈ ਤਾਂ ਮੈਂ ਮੁੜਵਾ ਘੱਲਾਂ। ਆਪ ਨੇ ਚੁਫੇਰੇ ਤੱਕਿਆ, ਪੱਾਸੇ ਤੇ ਕਹਿਣ ਲਗੇ:– 'ਬਾਜ਼ਾਂ ਦੇ ਡੇਰੇ ਨਹੀਂ ਦਿੱਸਦੇ,ਇਹ ਜੇ ਮਿਲ ਜਾਣ ਤਾਂ ਮੋੜ ਘੱਲਣੇ'। ਇਹ ਸੁਣ ਕੇ ਇਸ ਨੂੰ ਅਚਰਜ ਹੋਇਆ ਕਿ ਸਾਰਾ ਘਰ ਬਾਰ ਲੁਟਿਆ ਗਿਆ, ਇਸ ਸਾਈਂ ਲੋਕ ਨੂੰ ਪਰਵਾਹ ਨਹੀਂ ਪਰ ਮੈਨੂੰ ਖ਼ਬਰੇ ਰਮਜ਼ ਮਾਰੀ ਹੈਨੇ ਕਿ ਮੈਨੂੰ ਬਾਜ਼ਾਂ ਦੇ ਡਰ ਜਿੰਨੀ ਪੀੜ ਨਹੀਂ, ਯਾ ਇਨ੍ਹਾਂ ਨੂੰ ਲੁੱਟ ਪਈ ਦਾ ਪਤਾ ਹੀ ਨਹੀਂ ਹੈ। ਇਹ ਸੋਚ ਕੇ ਜੀ ਕੀਤੋ ਨੁ ਕਿ ਪ੍ਰੀਖਜਾ ਕਰਾਂ ਜੇ ਸਚਮੁਚ ਵਲੀ ਹਨ ਤਾਂ ਕਰਾਮਾਤ ਦੱਸਣ ਵਿਚ ਪੂਰੇ ਉਤਰਨ। ਸੋ ਮੁਅਜ਼ਜ਼ਾ ਦੇਖਣ ਦੀ ਦਿਲ ਵਿਚ ਠਾਣ ਕੇ ਕਹਿਣ ਲਗਾ ਭਾਈ ਸਾਹਿਬ ਸਾਡੇ ਨਾਲ ਲਾਹੌਰ ਚੱਲੋ। ਆਪ ਨੇ ਕਿਹਾ ਸਤਿਬਚਨ। ਘੋੜੇ ਤੇ ਆਪਣੇ ਸੁਭਾਵ ਅਨੁਸਾਰ ਇਕ ਪਾਸੇ ਲੱਤਾਂ ਕਰਕੇ ਬਹਿ ਗਏ ਤੇ ਬਿਨਾਂ ਲਗਾਮ ਟੋਰ ਦਿੱਤੀ। ਮਨਸਬਦਾਰ ਸਮ:

ਖ਼ਦਾ ਸੀ ਕਿ ਡਿੱਗਣਗੀ, ਪਰ ਉਹ ਅਡੋਲ ਪੁਜ ਗਏ। ਲਾਹੌਰ ਪੁੱਜਕੇ ਡੇਰਾ ਕਰਾ ਦਿਤਾ। ਅਗਲੇ ਦਿਨ ਆਕੇ ਮਿਲਿਆ ਤੇ ਕਰਾਮਾਤ ਦੇਖਣ ਲਈ ਜ਼ਰਾ ਵਧੇਰੇ ਗਰਮ ਪਾਣੀ ਦਾ ਕੜਾਹਾ ਇਸ਼ਨਾਨ ਲਈ ਦਿੱਤਾ। ਪਰ ਭਾਈ ਜੀ ਸੀਤਲ ਜਲ ਵਾਙੂ ਇਸ਼ਨਾਨ ਕਰ ਗਏ। ਫੇਰ ਇਕ ਮਸਤ ਹਾਥੀ ਲੈ ਆਂਦਾ, ਪਰ ਹਾਥੀ ਨੇ ਆਪ ਨੂੰ ਕੁਚਲਿਆ ਨਾ ਸਗੋਂ ਸਿਰ ਤੇ ਚਾਕੇ ਬਿਠਾ ਲਿਆ। ਇਕ ਦਿਨ ਇਕ ਬੜੀ ਅੜੀਅਲ ਘੋੜੀ ਤੇ ਆਪ ਨੂੰ ਬਿਠਾ ਦਿੱਤਾ ਗਿਆ ਤੇ ਹਾਕਮ ਜੀ ਆਪ ਨੂੰ ਸ਼ਿਕਾਰ ਨਾਲ ਲੈ ਟੁਰੇ। ਭਾਈ ਜੀ ਉਸ ਘੋੜੀ ਤੇ ਸ਼ਿਕਾਰ ਬੀ ਹੋ ਆਏ। ਇਸ ਤਰ੍ਹਾਂ ਦੇ ਕਰਾਮਾਤਾਂ ਦੇ ਪ੍ਰਸੰਗ ਲਿਖੇ ਤੇ ਜ਼ੁਬਾਨੀ ਮਿਲਦੇ ਹਨ। ਜਾਪਦਾ ਹੈ ਕਿ ਆਪਨੂੰ ਲੁੱਟ ਦੇ ਮਰਹੱਟੇ ਲਾਹੌਰ ਲੈ ਗਏ ਸਨ, ਪਰ ਓਥੇ ਜਾਕੇ ਆਪ ਦੀ ਫਕੀਰੀ ਤਾਕਤ ਤੇ ਬਜ਼ੁਰਗੀ ਦਾ ਹਾਲ ਪੈਣਾ ਲੱਗਣ ਤੇ ਆਪ ਮਾਲ ਮਤੇ ਸਮੇਤ ਸਨਮਾਨ ਨਾਲ ਵਾਪਸ ਟੋਰੇ ਗਏ।

ਬਾਬਾ ਜੀ ਢੇਰ ਚਿਰ ਜੀਵੇ ਹਨ, ਬਾਬੇ ਬੰਦੇ ਦਾ ਸਮਾਂ, ਪੰਥ ਦੀ(ਅੰਖੀ) ਹਾਲਤ, ਅਬਦੁਲ ਸਮੱਦ ਖਾਂ ਦੀਆਂ ਤੇ ਜ਼ਕਰੀਆ ਖਾਂ ਦੀਆਂ ਵਹਿਸ਼ੀਆਨਾ ਜ਼ੁਲਮੀਆਂ ਤੱਕੀਆਂ ਹਨ। ਨਾਦਰ ਦੀ ਲੁੱਟ ਭੀ ਡਿੱਠੀ, ਖੇਚਲ ਭੀ ਝੱਲੀ। ਬਾਬਾ ਦੀਪ ਸਿੰਘ ਦਾ ਸਮਾਂ ਡਿੱਠਾ ਹੈ। ਸ਼ਹੀਦਾਂ ਦਾ ਸਮਾਂ ਤੇ ਮੀਰ ਮੰਨੂੰ ਦੀਆਂ ਕਤਲਾਮਾਂ ਵੇਖੀਆਂ ਸੁਣੀਆਂ ਹਨ। ਫੇਰ ਪੰਥ ਦਾ ਉੱਚਾ ਪਲੜਾ ਹੁੰਦਾ ਭੀ ਡਿੱਠਾ ਹੈ।ਨਵਾਬ ਕਪੂਰ ਸਿੰਘ ਦਾ ਸਮਾਂ ਡਿੱਠਾ ਤੇ ਬਾਬਾ ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਵਿਚ ਪੰਥ ਦੀ ਉਚਆਈ ਹੁੰਦੀ ਭੀ ਨਜ਼ਰੇ ਪਈ। ਆਪ ਕਿਹਾ ਭੀ ਕਰਦੇ ਸੀ ਕਿ ਅੰਤ ਖਾਲਸਾ ਬਲੀ ਹੋਕੇਪਏਗਾ। ਜਦ ਸਰੀਰ ਚੰਗਾ ਬਿਰਧ ਹੋ ਗਿਆ ਤਾਂ ਸਰਦਾਰੀ ਤੇ ਚੌਧਰ ਪੁੱਤ੍ਰ ਮੋਹਰ ਸਿੰਘ ਦੇ ਸਪੁਰਦ ਕੀਤੀ ਤੇ ਆਪ ਕਸ਼ਮੀਰ ਦੀ ਸੈਰ ਕਰਦੇ ਨੈਣੇ ਦੇ ਕੋਟ ਆ ਗਏ। ਇਥੇ ਆਪ ੨੧ ਸਾਵਣ ਸੰਮਤ ੧੮੧੮ ਤਕ ਟਿਕੇ ਰਹੇ, ਜਿਸ ਦਿਨ ਕਿ ਆਪ ਗੁਰਸਿਖੀ ਦੇ ਝੰਡੇ ਝੁਲਾਉਂਦੇ ਨੈਣਾ ਵਾਲੇ ਦੇ ਦੇਸ਼ ਅੱਪੜ ਗਏ। ਆਪਦਾ ਜੀਵਨ ਗੁਰੂ ਪ੍ਰੇਮ ਦੀ ਅਵਧੀ ਸੀ। ਆਪ ਦਾ ਨਿਸ਼ਚਾ ਅਹਿੱਲ ਤੇ ਅਡੋਲ ਵਸਤੂ ਸੀ। ਆਪ ਦੀ ਭਗਤੀ ਦੀ ਅਵਸਥਾ ਬੇ ਮਿਸਾਲ ਸੀ। ਆਪ ਦੇ ਰਿਦੇ ਪੂਰਨ ਗਿਆਨ ਸੀ ਤੇ ਆਪ ਨੂੰ ਕੋਈ ਅਗੰਮੀ ਸਾਰ ਸੀ ਉੱਚ ਮੰਡਲਾਂ ਦੀ। ਆਪ ਦਾ ਨਿਰਮਲ ਟਿਕਾਉ ਸੀ ਆਪੇ ਵਿਚ ਤੇ ਪਰਮ ਆਪੇ ਨਾਲ ਮੇਲ ਸੀ ਆਪ ਦਾ। ਆਪ ਪੂਰਨ ਗਯਾਨੀ ਤੇ ਮਹਾਂਪੁਰਖ ਸੇ ਜਿਨ੍ਹਾਂ ਦੇ ਅੰਦਰ ਪ੍ਰੇਮ ਤੇ ਗਯਾਨ ਇਕ ਰੂਪ ਹੋ ਵਰਤੇ ਸਨ। ਜਿਕੂੰ ਆਪ ਨੇ ਸਤਿਗੁਰ ਨਾਲ ਨਿਬਾਹੀ ਤੇ ਪ੍ਰੇਮ ਪਾਲਿਆ, ਜਿਕੂੰ ਨਿਜਾਨੰਦ ਵਿਚ ਮਗਨ ਰਹਿੰਦੇ ਹੋਏ ਪ੍ਰਚਾਰ ਕੀਤੇ, ਸਿੱਖੀ ਫੈਲਾਈ, ਕਥਾ ਕੀਤੀਆਂ, ਸਾਖੀਆਂ ਲਿਖੀਆਂ ਓਹ ਕਮਾਲ ਦੀਆਂ ਕਾਰਾਂ ਹੈਨ।

ਸੂਚਨਾ–ਸਤਿਗੁਰੂ ਜੀ ਅਪਣੇ ਸਫਰ ਵਿਚ ਰਾਜਿਆਂ ਦੇ ਦੇਸ਼ ਵਿਚਦੀ ਦੇਖਣ ਨੂੰ ਜਾ ਰਹੇ ਹਨ।ਕੁਲਾਯਤ ਤੋਂ ਬਾਦ ਆਪ ਜੀਦਾ ਮੁਕਾਮ ਥਾਨੇਸਰ ਹੋਇਆ, ਇਥੇ ਸੁਧ ਆਈ ਕਿ ਔਰੰਗਜ਼ੇਬ ਮਰ ਗਿਆ ਹੈ, ਇਦੇ ਹੀ ਭਾਈ ਨੰਦਲਾਲ ਜੀ ਬਹਾਦਰਸ਼ਾਹ ਦੀ ਬੇਨਤੀ ਲੈਕੇ ਮਿਲੇ ਤੇ ਆਪ ਪਿਛੇ ਮੁੜੇ ਤੇ ਦਿੱਲੀ ਆਏ।ਬਹਾਦਰਸ਼ਾਹ ਦਾ ਤਾਰਾਆਜ਼ਮ ਨਾਲ ਜੁੱਧ ਜਾਜੂ ਦੇ ਮੁਕਾਮ ਪਰ ਹੋਇਆ।ਤਾਰਾ ਆਜ਼ਮ ਮਾਰਿਆ ਗਿਆ ਤੇ ਬਹਾਦਰ ਸ਼ਾਹ ਜੁੱਧ ਜਿੱਤ ਕੇ ਹਿੰਦ ਦਾ ਪਾਤਸ਼ਾਹ ਹੋਗਿਆ।ਸ੍ਰੀਗੁਰੂ ਜੀ ਦਿਲੀ ਤੋਂ ਮਥੁਰਾ,ਮਥੁਰਾ ਤੋਂ ਬ੍ਰਿੰਦਾਬਨ ਤੇ ਏਥੋਂ ਆਗਰੇ ਆਏ। ਪਾਤਸ਼ਾਹ ਨੇ ਮੁਲਾਕਾਤ ਲਈ ਆਦਰ ਨਾਲ ਸਦਵਾ ਘੱਲਿਆ। ਗੁਰੂ ਜੀ ਜਦ ਗਏ ਤਾਂ ਬੜੇ ਸਨਮਾਨ ਨਾਲ ਮਿਲਿਆ, ਇਕ ਕਲਗੀ, ਇਕ ਚੁਕਚੁਕੀ ਤੇ ਕੀਮਤੀ ਖਿਲਅਤ ਸਮੇਤ ਪੇਸ਼ ਕਰਕੇ ਸ਼ੁਕਰੀਆ ਅਦਾ ਕੀਤਾ*। ਜੋ ਗੁਰੂ ਜੀ ਨੇ ਅਪਣੇ ਨਾਲ ਦੇ ਸੇਵਕ ਤੋਂ ਦੁਕਵਾ ਲਏ ਤੇ ਆਦਰ ਕੀਤੇ ਜਾ ਰਹੇ ਨਾਲ ਵਿਦਾ ਹੋਏ†। ਜਾਪਦਾ ਹੈ ਕਿ ਮੁਲਾਕਾਤ ਫੇਰ ਭੀ ਹੁੰਦੀ ਰਹੀ ਹੈ। ਇਕ ਦਿਨ ਦੀ ਵਾਰਤਾ ਅਗਲੀ ਕਵਿਤਾ ਵਿਚ ਨਮੂਨੇ ਮਾਤ੍ਰ ਦਰਜ ਹੈ:–

੯੨. ਬਹਾਦਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ‡।

[ਇਕ ਗੁਫਤਗੂ]

ਬਹਾਦਰ ਸ਼ਾਹ–ਏਕ ਖੁਦਾਇ ਜੀ ਏਕ ਖੁਦਾਇ।

---

*ਇਹ ਸ਼ੈ ਸੱਠ ਹਜ਼ਾਰ ਰੁਪੈ ਦੀ ਦੱਸੀ ਜਾਂਦੀ ਹੈ। †ਇਹ ਵਾਰਤਾ ਗੁਰ ਛੋਭਾ ਵਿਚ ਲਿਖੀ ਹੈ। ਦੂਸਰੇ ਮੁਰਲ ਪਾਤਸ਼ਾਹ ਦੀ ਦਿੱਤੀ ਖਿਲਅਤ ਆਦਿ ਨੂੰ ਪਹਿਨਣਾ ਨਾ ਤੇ ਚੁਕਵਾਕੇ ਲੈ ਆਉਣਾ ਕੇਵਲ ਓਹ ਕਰ ਸਕਦੇ ਸਨ ਜੋ ਪਾਤਸ਼ਾਹ ਵਲੋਂ ਦੀਨ ਦੇ ਬਜ਼ੁਰਗ ਸਮਝਕੇ ਸਨਮਾਨੇ ਜਾਂਦੇ ਸਨ।ਜਿਸ ਤੋਂ ਸਪਸ਼ਟ ਹੈ ਕਿ ਪਾਤਸ਼ਾਹਉਨ੍ਹਾਂ ਨੂੰ ਦੀਨ ਦੇ ਬਜ਼ੁਰਗ ਸਮਝਕੇ ਆਦਰ ਕਰਦਾ ਸੀ। ‡ਇਹ ਪ੍ਰਸੰਗ ੧੪ ਪੋਹ ਸੰ:ਗੁ:ਨਾ: ਸਾ: ੪੫੯(੨੯ ਦਸੰਬਰ ੧੯੭੬)ਗੁਰਪੁਰਬ ਸਪਤਮੀ ਸਮੇਂ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਗੁਰੂ ਜੀ–ਤੀਨ ਖੁਦਾ ਭਈ ਤੀਨ ਖੁਦਾਇ।
ਬਹਾਦਰ ਸ਼ਾਹ–ਦੇਵੋ ਸਤਿਗੁਰ ਮੋਹਿ ਬਤਾਇ। ਤੀਨ ਖੁਦਾ ਕਿ ਏਕ ਖੁਦਾਇ ?
ਗੁਰੂ ਜੀ–ਤੀਨ ਖੁਦਾ ਬਦੀ ਤੀਨ ਖੁਦਾਇ।
ਬਹਾਦਰ ਸ਼ਾਹ–ਦੇਵੋ ਗੁਰੂ ਜੀ ਭੇਦ ਬਤਾਇ।
ਗੁਰੂ ਜੀ–ਏਕ ਖੁਦਾ ਜਿਸ ਕਹੋ ਖੁਦਾਇ, ਖਜਾਲ ਤੁਸਾਡੇ ਲਿਆ ਬਨਾਇ।
ਦੂਸਰੇ ਸੋ ਜੋ ਰਾਮ ਕਹਾਇ, ਪਰ ਜੋ ਤੁਹਾਡੇ ਦਿਲ ਨਹੀਂ ਭਾਇ।
ਖਜਾਲ ਵਿਚ ਦੋ ਭਏ ਖੁਦਾਇ, ਦੋ ਖੁਦਾਇ ਏ ਦੋਇ ਖੁਦਾਇ।
ਬਹਾਦਰ ਸ਼ਾਹ–ਸਮਝੀ ਨਹੀਂ ਫਿਰ ਦਿਓ ਸੁਝਾਇ। ਆਖੇ ਤੁਸਾਂ ਜੁ ਦੋਇ ਖੁਦਾਇ।
ਗੁਰੂ ਜੀ–ਏਕ ਖੁਦਾ ਜੋ ਰਾਮ ਕਹਾਇ, ਦਿਲ ਤੁਹਾਡੇ ਨੂੰ ਜੋ ਨਹੀਂ ਭਾਇ।
ਜੋ ਕੁਈ ਸਿਮਰੇ ਏਸ ਖੁਦਾਇ, ਮੁਸਲਿਮ ਉਸ ਨੂੰ ਦੁੱਖ ਦਿਵਾਇ।
ਦੂਜੇ, ਜਿਸ ਨੂੰ ਕਹੋ ਖੁਦਾਇ, ਆਖੋ, ਭਿਸ਼ਤੀਂ ਲਏ ਸਦਾਇ।
ਦੋਵੇਂ ਖਜਾਲੀ ਏਹ ਖੁਦਾਇ, ਵਹਿਮ ਆਪ ਦੇ ਰਿਹਾ ਸਮਾਇ।
ਸਮਝ ਤੁਹਾਡੀ ਵੈਰ ਵਿਰਾਇ, ਉਸ ਲੀਤੇ ਦੋ ਰੱਬ ਬਨਾਇ।
ਦੋਵੇਂ ਖਜਾਲੀ ਤੁਸਾਂ ਖੁਦਾਇ। ਤੀਜਾ ਸੱਚਾ ਸੁਣੋਂ ਖੁਦਾਇ,
'ਅਕਾਲ ਮੂਰਤੀ' ਓਹ ਖੁਦਾਇ, ਸਾਰੀ ਸ੍ਰਿਸ਼ਟੀ ਪਜਾਰ ਕਰਾਇ,
ਨਾਮ ਅਨਿਕ ਪੈ ਏਕ ਖੁਦਾਇ, ਖਜਾਲ ਫਿਕਰ ਤੋਂ ਪਰੇ ਰਹਾਇ,
ਓਹੋ ਅੱਲਾ ਆਪ ਖੁਦਾਇ, ਓਹੋ ਰਾਮ ਰਹੀਮ ਕਹਾਇ,
ਓਹੋ ਕਾਦਰ ਕਰਮ ਕਰੀਮ, ਓਹੋ ਕਿਰਪਾ ਧਾਰ ਕਰੀਮ।
ਤੀਜਾ ਸਭ ਦਾ ਏਹ ਖੁਦਾਇ, ਅਸਲੀ ਅਸਲੀ ਸੱਚ ਖੁਦਾਇ,
ਜੋ ਇਸਦੀ ਸ਼ਰਨੀ ਪੈ ਜਾਇ, ਮੁਕਤੀ ਉਸ ਦੀ ਹੈ ਹੋ ਜਾਇ।
ਸੁਣਕੇ ਪੈਰੀਂ ਪੈ ਗਿਆ, ਸ਼ਾਹ ਬਹਾਦਰ ਸ਼ਾਹ।
ਆਖੇ ਆਖਿਆ ਸੱਚ ਜੇ, ਸੱਚੇ ਹੋ ਪਾਤਸ਼ਾਹ!

ਸੂਚਨਾ–ਆਗਰੇ ਪਾਤਸ਼ਾਹ ਨਾਲ ਦੇਸ਼ ਦੇ ਸੁਖ ਸ਼ਾਂਤੀ ਲਈ ਤੇ ਉਸਦੇ ਜੰਗ ਤੋਂ ਪਹਿਲੇ' ਦੇ ਕੀਤੇ ਇਕਰਾਰਾਂ ਦੇ ਪੂਰਾ ਕਰਨ ਦੇ ਮਾਮਲੇ ਨਜਿਠੇ ਜਾਣ ਦੇ ਯਤਨ ਹੁੰਦੇ ਰਹੇ। ਆਸ ਸੀ ਕਿ ਫੈਸਲੇ ਹੋ ਜਾਣ ਤੇ ਆਪ ਆਨੰਦ ਪੁਰ ਨੂੰ ਮੁੜ ਪੈ'ਦੇ ਪਰ ਪਾਤਸ਼ਾਹ ਦੀ ਪਹਿਲੇ ਕਛਵਾਹੇ ਦੇ ਰਾਜਪੁਤਾਂ ਤੇ ਹਮਲਾ ਕਰਨ ਦੀ ਸਲਾਹ ਹੋਈ ਤੇ ਫੇਰ ਦਖਣ ਤੋਂ ਕਾਮ ਬਖਸ਼ ਦੀ ਬਗ਼ਾਵਤ ਦੀ ਖਬਰ ਸੁਣਕੇ ਪਾਤਸ਼ਾਹ ਛੇਤੀ ਟੁਰ ਪਿਆ ਤੇ ਗੁਰੂ ਜੀ ਬੀ ਦੱਖਣ ਨੂੰ ਟੁਰ ਪਏ। ਜੋ ਰਾਹ ਵਿਚ ਗੱਲਾਂ ਤੇ ਹੋ ਜਾਣਗੀਆਂ। ਇਉਂ ਜਦ ਆਗਰੇ ਤੋਂ ਦੱਖਣ ਨੂੰ ਟੁਰੇ ਤੇ ਬੁਰਹਾਨ ਪੁਰ ਆਏ, ਓਥੇ ਸਤਿਗੁਰ ਜੀ ਦੇ ਠਹਿਰਨ ਤੇ ਇਲਾਹੀ ਦਾਤਾਂ ਦੇਣ ਦਾ ਜੋ ਪ੍ਰਸੰਗ ਵਰਤਿਆ ਸੋ ਅਗਲੇ ਪ੍ਰਸੰਗ ਵਿਚ ਹੈ –

੯੩. ਯੋਗੀ ਜੀਵਣ ਦਾਸ*।

੧.

ਤਾਪਤੀ ਨਦੀ, ਮੁਲਤਾਈ ਤੋਂ ਕੁਛ ਮੀਲ ਉਚੇਰੇ ਥਾਉਂ ਤੋਂ ਜਨਮ ਲੈਕੇ, ਹੇਠਾਂ ਉਤਰਦੀ ਕਈ ਵਲ ਫੇਰ ਖਾਂਦੀ, ਆਪਣੇ ਮਤਵਾਲੇ ਰੰਗਾਂ ਵਿਚ ਅਠਖੇਲੀਆਂ ਕਰਦੀ, ਪੱਛੋਂ ਨੂੰ ਵਹਿੰਦੀ ਸਾਗਰ ਨੂੰ ਮਿਲਨੇ ਤੇ ਉਸ ਵਿਚ ਆਪਾ ਅਰਪਨ ਕਰਨੇ ਨੂੰ ਜਾ ਰਹੀ ਹੈ। ਇਸ ਦੇ ਕਿਨਾਰੇ, ਉੱਤਰ ਦੇ ਪਾਸੇ, ਓਸ ਕੁ ਟਿਕਾਣੇ ਕਿ ਜਿਥੇ ਬੁਰਹਾਨ ਪੁਰ ਸ਼ਹਿਰ ਹੁਣ ਤਾਈਂ ਵੱਸਦਾ ਹੈ, ਇਕ ਰਮਣੀਕ ਥਾਵੇਂ ਇਕ ਵੱਡੀ ਉਮਰਾ ਦੇ ਸੰਤ ਬੈਠੇ ਹਨ। ਖੜ ਪੁੱਗੀ ਹੋਈ ਹੈ, ਪਰ ਸਰੀਰ ਅਰੋਗ ਹੈ, ਚਿਹਰੇ ਦਾ ਚਮੜਾ ਕੁਛ ਰਤਾ ਰਤਾ ਝੁਰੀਆਂ ਲੈ

*ਇਹ ਪ੍ਰਸੰਗ ੪ ਮਾਘ ਸੰ: ਗੁ: ਨਾ: ਸਾ: ੪੫੫ (੧੭ ਜਨਵਰੀ ੧੯੨੪) ਨੂੰ ਗੁਰਪੁਰਬ ਸਪਤਮੀ ਦੇ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਿਆ ਸੀ।

ਰਿਹਾ ਹੈ, ਪਰ ਰੰਗ ਅਜੇ ਬੀ ਲਾਲ ਹੈ। ਬੁਢਾਪੇ ਵਿੱਚ ਜੋ ਕੁਦਰਤ ਨੇ ਆਂਦਾ ਹੈ, ਸਾਧੂ ਦੀ ਕਿਸੇ ਸ਼ੁਭ ਕਰਨੀ ਦੇ ਕਾਰਨ ਅਜੇ ਜੁਆਨੀ ਵਾਲੀ ਸੁਰਜੀਤਤਾਈ ਹੈ। ਬੁਢਾਪੇ ਦੇ ਸਾਰੇ ਲੱਛਣ ਪ੍ਰਗਟ ਹੋ ਚੁਕੇ ਹਨ, ਪਰ ਜੁਆਨੀ ਦੀਆਂ ਲਸਾਂ ਅਜੇ ਬੀ ਦਮਕ ਰਹੀਆਂ ਹਨ। ਇਸ ਵੇਲੇ ਆਪ ਦੱਖਣ ਵੱਲ ਮੂੰਹ ਕਰਕੇ ਬੈਠੇ ਨਦੀ ਦੇ ਤਰੰਗਾਂ ਨੂੰ ਦੇਖਦੇ ਹਾਨੁਕਾ ਲੈ ਕੇ ਕਹਿ ਰਹੇ ਹਨ—ਕਦੇ ਉਦਾਸ ਹੋ ਹੋ ਗਾਉਂਦੇ ਹੁੰਦੇ ਸਾਂ, 'ਜੋਨਤ ਜੋਬਨ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੈ ॥' ਜੋਬਨੁ ਚਲਾ ਗਿਆ ਤੇ ਹੁਣ ਤਾਂ ਬੁਢੇਪਾ ਬੀ ਜਾ ਰਿਹਾ ਹੈ, ਹੇ 'ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥ ਹਰਿ ਗੁਰੁ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥' ਹੁਣ ਤਾਂ ਘਰ ਵੱਸੇ, ਹੇ ਦਾਤਾ ! ਹੁਣ ਤਾਂ ਦਰਸ਼ਨ ਦੇਹੁ? ਹੁਣ ਤਾਂ 'ਜਮ ਸਾਸੁ ਹਿਰੈ' ਤੋਂ ਅੱਗੇ ਜਮ ਸਿਰ ਤੇ ਖੜਾ ਹੋਊ (ਝੁੱਕ ਕੇ) ਹਾਂ ਸ੍ਵਾਸ ਮੁੱਕਣ ਤੇ ਹੋਣਗੇ'''(ਸੋਚਕੇ) ਜਮ ਦਾ ਮੇਰੇ ਨਾਲ ਕੀਹ ਕੰਮ ਹੈ ? ਮੇਰੇ ਸਿਰ ਤੇ ਸੂਰੇ ਦਾ ਹੱਥ ਹੈ।'''(ਫਿਰ ਨੈਣ ਭਰ ਕੇ) ਆਹ ਉਮਰਾ ਬੀਤ ਗਈ, ਮਨ ਦੀ ਮੁਰਾਦ ਨਾ ਬਰ ਆਈ। ਦਰਸ਼ਨ, ਫੇਰ ਦਰਸ਼ਨ ਨਾ ਹੋਏ, ਹੋਣਗੇ, ਜ਼ਰੂਰ ਹੋਣਗੇ. ਇਹ ਅਮਰ ਵਾਕ ਹੈ, ਟਰੇਰਾ ਨਹੀਂ। ਇਹ ਕਹਿੰਦਿਆਂ ਫੇਰ ਨੈਣ ਭਰ ਆਏ''''''ਹਾਂ ਕਦੋਂ ਸੀ''''''ਹੈਂ ਜੀ''''ਚਾਲੀ ਕਿ ਵੱਧ ਕਿ ਕੁਛ ਘੱਟ ? ਅੰਨੀਆਂ ਬਰਸਾਂ ! ਵਿੱਚ ਵਿਛੋੜੇ ਮੈਂ ਲੰਘਾ ਲਈਆਂ ! ਪਾਪੀ ਸਰੀਰ ਵਿਛੁੜਕੇ ਜੀਉਂਦਾ ਹੀ ਰਿਹਾ ? ਆਹ ! ਪਰ ਦਾਤੇ ਦੀ ਦਾਤ, ਜਦ ਦੇ ਮਿਲੇ ਹਾਂਡ ਮਿਟ ਗਈ, ਟਿਕਾਣਾ ਆ ਗਿਆ, ਟਿਕ ਕੇ ਬਹਿ ਗਿਆ। ਸਾਈਂ ਦੀ ਯਾਦ ਲੱਝ ਗਈ ਤੇ ਫੇਰ ਨਾ ਭੁੱਲੀ। ਨੇਹੁ ਮਿਲਿਆ ਮਿਹਰ ਨਾਲ, ਪਰ ਹੁਣ ਕੋਈ ਸੋਇ ਲਿਆਵੇ ਨਾ ਕਿ ਹੇ ਬੁੱਢੇ ! ਜਿਸ ਨੂੰ ਤੂੰ ਐਨੇ ਵਰ੍ਹੇ ਸਿਮਰਿਆ ਹੈ, ਉਹ ਬੀ ਤੈਨੂੰ ਪਿਆਰ ਕਰਦਾ ਹੈ। ਮੈਨੂੰ ਤਾਂ ਕ੍ਰਿਪਣ ਤਪੀਏ ਨੂੰ ਉਸ ਨਾਲ ਪਿਆਰ—ਬ੍ਰਹਮ ਪੁੱਤ੍ਰ ਦੇ ਕਿਨਾਰੇ—ਦਾਤ ਵਿੱਚ ਅਣ-ਮੰਗਿਆ ਦਾਨ ਮਿਲ ਗਿਆ ਸੀ, ਪਰ ਸੱਧਰ ਇਹ ਰਹੀ 'ਜਿਤੁ ਸੁਣਿ ਧਰੇ ਪਿਆਰੁ' ਉਹ ਕੀਹ 'ਬੋਲਣ ਬੋਲਾਇ ? 'ਓਹ ਮੈਨੂੰ ਪਯਾਰ ਕਰੇ', ਇਹ ਸਿੱਕ ਕਿਵੇਂ ਪੂਰੀ ਹੋਵੇ। ਹਾਂ ਸੱਚ ਨਾਮ ਮਿਲਿਆ, ਬਾਣੀ ਮਿਲੀ, ਮਿਹਰ ਹੋਈ ਪਰ ਉਹ ਮੈਨੂੰ ਪਿਆਰ ਕਰੇ, ਉਹ ਮੇਰੇ ਨਾਲ 'ਧਰੇ ਪਿਆਰੁ' ਇਹ ਸੱਧਰ ਰਹੀ। ਹਾਂ, ਉਹ ਅਰੂਪ, ਅਰੇਖ, ਅਰੰਗ, ਮੈਂ ਦੋਚੇ ਨੂੰ ਪਿਆਰ ਕਰੇ ? ਕਿਉਂ ਕਰੇ (ਭੁੱਬ ਨਿਕਲ ਗਈ) ? ਮੇਰੇ ਵਿੱਚ ਕੀਹ ਗੁਣ ? 'ਵਿਣੁ ਗੁਣ ਕੀਤੇ ਭਗਤਿ ਨ ਹੋਇ' ਇਹ ਤਾਂ ਮੇਰੀ ਹਾਲਤ ਹੈ। ਮੇਰੇ ਵਿੱਚ ਗੁਣ ਹੀ ਕੋਈ ਨਹੀਂ, ਸਗੋਂ 'ਸਭਿ ਗੁਣ ਤੇਰੇ ਮੈ ਨਾਹੀ ਕੋਇ' ॥ (ਉੱਪਰ ਤੱਕਕੇ) ਹਾਂ ਤੁੱਠ ਨਾ ਅੱਜ ਤਾਪਤੀ ਦੇ ਕਿਨਾਰੇ, ਜਿਵੇਂ ਤੁੱਠਾ ਸੈਂ ਬ੍ਰਹਮ ਪੁੱਤ੍ਰ ਦੇ ਕਿਨਾਰੇ, ਇਨ੍ਹਾਂ ਠੁੱਲੇ ਨੈਣਾਂ ਨੂੰ, ਮਿਟ ਰਹੇ ਨੈਣਾਂ ਨੂੰ ਦੇਹਿ ਨਾ ਦਿਦਾਰੇ? ਇਨ੍ਹਾਂ ਨੈਣਾਂ ਦੇ ਅੰਦਰਲੇ ਨੈਣ ਨਹੀਂ ਖੁੱਲੇ ਜੋ ਅਰੂਪ ਨੂੰ ਵੇਖਦੇ, ਇਨ੍ਹਾਂ ਨੈਣਾਂ ਨੂੰ ਨੈਣਾਂ ਨਾਲ ਹੋ ਸਕਣ ਵਾਲੇ ਦਿਦਾਰੇ ਦੇ ਕੇ ਤਾਂ ਨਿਹਾਲ ਕਰ। ਆ ਇਕ ਵੇਰੀ ਇਨ੍ਹਾਂ ਨੈਣਾਂ ਵਿਚ, ਇਨ੍ਹਾਂ ਦੇ ਸਦਾ ਲਈ ਮਿਟ ਜਾਣ ਤੋਂ ਪਹਿਲੋਂ, ਆ ਇਨ੍ਹਾਂ ਮਰਨਹਾਰਾਂ ਦੀ ਜੋਤਿ ਨਾ ਸਮਾਪਤ ਹੋਣ ਤੋਂ ਪਹਿਲੋਂ, ਹੇ ਦਾਤਾ ਅਪਣੇ ਬਿਰਦ ਦੇ ਸਦਕੇ ਆ।

ਇਉਂ ਕਹਿੰਦੇ ਤੇ ਰੋਂਦੇ ਦੀ ਹਿਝਕੀ ਬੱਝ ਗਈ, ਕਿੰਨਾ ਚਿਰ ਅੱਖਾਂ ਬੰਦ ਰਹੀਆਂ ਮਾਨੋਂ ਚੁੰਮ ਹੋ ਗਿਆ। ਕੋਈ ਪਲਕਾਰਾ ਨੀਂਦ ਜੇਹੀ ਦਾ ਵੱਜਾ, ਕੋਈ ਛਿਨ ਚਿੱਤ ਗੁੰਮ ਹੋਣ ਦੀ ਲੰਘੀ, ਫੇਰ ਹੋਸ਼ ਆਈ, ਮਨ ਠੰਢਾ ਤੇ ਹੌਲਾ ਸੀ। ਪਿਆਰ ਦੀ ਖਿੱਚ ਸ਼ੁਕਰ, ਬੇਨਤੀ ਤੇ ਯਾਦ ਦੇ ਰੰਗ ਨਾਲ ਮਿੱਠੀ ਮਿੱਠੀ ਹੋਕੇ ਕਲੇਜੇ ਨੂੰ ਧੂ ਰਹੀ ਸੀ, ਇਸ ਵੇਲੇ ਬਿਰਧ ਗਲਾ ਖੁੱਲਿਆ ਤੇ ਥਰਕਦੀ, ਪਰ ਰਸੀਲੀ ਸੁਰ ਨਿਕਲੀ ਜੈਤਸਰੀ ਦੀ ਤੇ ਬ੍ਰਿਧ ਪ੍ਰੇਮੀ ਜੀ, ਜਿਨ੍ਹਾਂ ਦੇ ਪਿਆਰ ਦੀ ਝਰਨਾਟ ਜੁਆਨਾਂ ਤੋਂ ਬੀ ਤ੍ਰਿਖੀ ਹੈ, ਬਿਹਬਲ ਹੋ ਗਾਵੇਂ:—

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ ਚਰਨ ਗਹਉ ਬਕਉ ਸੁਭ ਰਸਨਾ ਦੀਜੈ ਪ੍ਰਾਨ ਅਕੋਰਿ ॥ ੧ ॥ ਰਹਾਉ ॥ ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਮਿੰਚੈ ਸੁਧਾ ਸੰਜੋਰਿ ॥ ਇਆ ਰਸ ਮਹਿ ਮਰਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥ ੧ ॥ ਆਇਓ ਸਰਣਿ

ਦੀਨ ਦੁਖ ਭੰਜਨ ਚਿਤਵਉ ਤੁਮ੍ਹਰੀ ਓਰਿ ॥
ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ
ਨਾਨਕ ਬੰਧਨ ਛੋਰਿ ॥ ੨ ॥ ੫੯ ॥ [ਜੈਤ ਮਃ ੫

ਹੁਣ ਸੂਰਜ ਲਟਪਟਾ ਗਿਆ ਸੀ, ਆਪ ਦੇ ਦਰੋਂ ਵਰੋਸਾਏ ਕੁਛ ਸ਼ਰੀਰ ਆਕੇ ਥੋੜੀ ਦੂਰ ਅਦਬ ਨਾਲ ਬੈਠੇ ਆਪ ਦੇ ਪ੍ਰੇਮ ਤੇ ਕੀਰਤਨ ਨੂੰ ਸੁਣ ਰਹੇ ਸੇ। ਅੱਖਾਂ ਖੁੱਲੀਆਂ ਵੇਖ ਕੇ ਅੱਗੇ ਵਧੇ ਤੇ ਮੱਥਾ ਟੇਕਕੇ ਬੈਠ ਗਏ। ਬਿਰਧ ਜੀ ਨੇ ਆਖਿਆ, ਸੱਜਣੋ! ਰਹੁਰਾਸ ਜੀ ਦਾ ਪਾਠ ਸੁਣਾਓ। ਇਕ ਪ੍ਰੇਮੀ ਪਾਠ ਕਰਨ ਬੈਠ ਗਿਆ। ਗੁਰਬਾਣੀ ਦਾ ਇਕ ਮਨ ਪ੍ਰੇਮ ਨਾਲ ਪਾਠ, ਨਾਮ ਦੇ ਪ੍ਰੇਮੀ ਦਾ ਪ੍ਰਭਾਵ, ਸੰਧਿਆਂ ਦਾ ਸਮਾਂ, ਅੱਖਾਂ ਦੇ ਸਾਹਮਣੇ ਨਦੀ ਦਾ ਪਰਵਾਹ, ਚਲਦੇ ਜਲ ਦਾ ਨਜ਼ਾਰਾ, ਪਾਰ ਦੂਰ ਤੱਕ ਵੇਹਲ ਤੇ ਵੇਹਲ, ਡਾਢੇ ਹੀ ਸੁਆਦ ਦਾ ਸਮਾਂ ਬੱਝ ਗਿਆ। ਭੋਗ ਪੈਣ ਤੇ ਸੰਤ ਜੀ ਉੱਠੇ, ਆਪ ਦੇ ਨਾਲ ਉਹ ਪਿਛੋਂ ਆਏ ਸ਼ਰੀਰ ਬੀ ਹੋ ਲਏ ਤੇ ਸਨੇ ਸਨੇ ਆਪਣੇ ਡੇਰੇ ਅੱਪੜ ਗਏ।

੨.

ਕੁਛ ਦਿਨ ਬੀਤ ਗਏ, ਕਿਸੇ ਨੇ ਆ ਕੇ ਆਖਿਆ :-"ਮਹਾਰਾਜ ਜੀ! ਦੋ ਜਹਾਨ ਦੇ ਵਾਲੀ ਸ੍ਰੀ ਸਤਿਗੁਰੂ ਜੀ ਬੁਰਹਾਨ ਪੁਰ ਆ ਗਏ ਹਨ ਤੇ ਤਾਪਤੀ ਨਦੀ ਦੇ ਕਿਨਾਰੇ ਜੋਤਿ ਜਗ ਰਹੀ ਹੈ।" ਇਹ ਖ਼ਬਰ ਸੀ ਕਿ ਵਿਆਕੁਲ ਪਿਆਸੇ ਨੂੰ ਅੰਮ੍ਰਿਤ ਦੀਆਂ ਬੂੰਦਾਂ ਸਨ, ਲੂੰ ਲੂੰ ਵਿਚ ਇਕ ਰਸ ਭਰੀ ਝਰਨਾਟ ਫਿਰ ਗਈ, ਕਾਲਜਾ ਉੱਛਲ ਕੇ ਥਰੱਕਿਆ ਤੇ ਫੇਰ ਅੰਦਰ ਸ਼ੁਕਰਾਨੇ ਦੇ ਸ਼ਦਿਯਾਨੇ ਵੱਜ ਗਏ। 'ਹਾਂ ਠੀਕ ਹੈ, ਤਦੋਂ ਬੀ ਆਪੇ ਤੁੱਠੇ ਸੀ, ਹੁਣ ਬੀ ਆਪੇ'। ਸੰਤ ਜੀ ਐਉਂ ਸ਼ੁਕਰਾਨੇ ਕਰਦੇ ਉੱਠੇ, 'ਵਾਹਿਗੁਰੂ ਵਾਹਿਗੁਰੂ' ਉਚਾਰਦੇ ਤੁਰੇ, ਤੁਰੇ ਤੇ ਗਏ ਨਦੀ ਵੱਲ ਨੂੰ, ਜਿਸ ਦੇ ਸ਼ੋਭਨੀਕ ਕਿਨਾਰੇ ਜੋਤਿ ਜਗਾ ਰਹੇ ਸਨ ਤ੍ਰਿਲੋਕੀ ਦੇ ਨਾਥ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਦੀਵਾਨ ਸਜ ਰਿਹਾ ਸੀ, ਵਿਚਕਾਰ ਆਪ ਸੁਹਾ ਰਹੇ ਸੀ, ਜਿਵੇਂ ਭਿੰਨੀ ਰੈਣ ਦੇ ਤਾਰਿਆਂ ਵਿਚ ਨਿਰਮਲ ਚੰਦ।

ਸਾਧੂ ਸਹਿਜੇ ਸਹਿਜੇ ਜਾ ਰਿਹਾ ਹੈ, ਸ਼ਰੀਰ ਬਿਰਧ ਹੈ। ਉਹੋ ਪਿਆਰ, ਸ਼ੁਕਰ, ਖਿੱਚ, ਤਾਂਘ, ਸੱਧਰ ਦੇ ਭਾਵ ਦਾ ਮਦ, ਇਕ ਅਸਚਰਜ ਡਗਮਗ ਚਾਲੇ ਪ੍ਰੇਮ ਦੇ ਰਾਹੇ ਟੋਰ ਰਿਹਾ ਹੈ:-

ਰਿਦੇ ਅਨੰਦ ਉਮੰਗਤ ਜੋਵਾ। ਰੋਮੰਚਤਿ ਸਾਧੂ
ਤਨ ਹੋਵਾ। ਨੀਠ ਨੀਠ ਪਾਇਨ ਕਹੁ ਡਾਲਤ।
ਡਗਮਗਾਤ, ਡੋਲਤ, ਦ੍ਰਿਗ ਚਾਲਤ। [ਗੁ: ਪ੍ਰ: ਸੂਰਜ

ਇਸ ਤਰ੍ਹਾਂ ਜਾਂਦਾ ਨਦੀ ਕਿਨਾਰੇ ਪੁੱਜਾ। ਨਾਲ ਦੇ ਸ਼ਰੀਰ ਹੌਲੇ ਹੌਲੇ ਸ਼ਬਦ ਪੜ੍ਹਦੇ ਜਾ ਰਹੇ ਸੇ। ਓਹ ਠੀਕ ਟਿਕਾਣੇ ਸਿਰ ਲੈ ਗਏ ਸਾਧੂ ਨੂੰ। ਜਿਉਂ ਹੀ ਸਾਧੂ ਜੀਵਣ ਦਾਸ ਦੀ ਨਜ਼ਰ ਦੀਵਾਨ ਤੇ ਪਈ ਤੇ ਅਰਸ਼ਾਂ ਦੇ ਜਗ ਜੀਵਨ ਦਾਤੇ ਮਨੁੱਖੀ ਜਾਮੇ ਵਿਚ ਰੱਬੀ ਨੂਰ ਪ੍ਰਕਾਸ਼ਦੇ ਬੈਠੇ ਦੇਖੇ, ਦ੍ਰਵ ਰਿਹਾ ਮਨ ਹੋਰ ਪੰਘਰਿਆ, ਆਪੇ ਤੋਂ ਬਾਹਰ ਹੋ ਗਿਆ, ਐਸੀ ਬਿਹਬਲਤਾ ਛਾਈ ਕਿ ਆਪਾ ਨਾ ਸੰਭਾਲਿਆ ਗਿਆ ਤੇ ਓਥੇ ਹੀ ਧਰਤੀ ਉੱਤੇ ਨਮਸਕਾਰ ਵਿਚ ਪੈ ਗਿਆ, ਮਾਨੋਂ ਸਤਿਗੁਰ ਦੇ ਚਰਨਾਂ ਤੇ ਮੱਥਾ ਧਰ ਦਿੱਤਾ ਹੈ ਤੇ ਉਨ੍ਹਾਂ ਕਮਲਾਂ ਨਾਲੋਂ ਵੀ ਵਧੀਕ ਕੋਮਲ ਕਮਲਾਂ ਨੂੰ ਭੌਰਾ ਹੋਕੇ ਲਿਪਟ ਗਿਆ ਹੈ। ਕਿਉਂ ਨਾ ਲਿਪਟੇ ਤੇ ਬੇਸੁੱਧ ਹੋ ਲੀਨ ਹੋ ਜਾਵੇ? ਚਾਲੀ ਬਤਾਲੀ ਦੇ ਲਗ ਪਗ ਵਰ੍ਹੇ ਇਸ ਦਰਸ਼ਨ ਨੂੰ ਉਡੀਕਦਿਆਂ ਲੰਘ ਗਏ ਸਨ। ਇੰਨਾਂ ਚਿਰ ਇਸ ਸੁਲੱਖਣੀ ਘੜੀ ਦੀ ਤਾਂਘ ਲੱਗੀ ਰਹੀ ਹੈ। ਹਾਂ ਇਹ ਸੁੱਖੇ ਲੱਧੀ ਛਿਨ ਅੱਜ, ਹਾਂ ਅੱਜ, ਮਾਨੋਂ ਜੁੱਗਾਂ ਮਗਰੋਂ ਲੱਝੀ ਹੈ। ਉਸ ਪਿਆਰੀ ਪਲ ਤੋਂ ਸਦਕੇ ਜੋ ਕੁੱਠੇ ਮਨਾਂ ਨੂੰ ਐਉਂ ਤਰਸ ਤਰਸ ਕੇ ਮਿਲਦੀ ਹੈ। ਸਾਧੂ ਪਿਆ ਹੈ ਜ਼ਿਮੀਂ ਉੱਤੇ, ਪਰ ਲਿਪਟ ਰਿਹਾ ਹੈ ਚਰਨਾਂ ਕਮਲਾਂ ਨੂੰ। ਉਧਰ ਦੇਖੋ ਉਸ ਪ੍ਰੇਮ ਸਾਗਰ- ਹਾਂ, ਉਸ ਪ੍ਰੇਮ ਸਮੁੰਦਰ ਦੇ ਚਰਨ ਕਮਲ ਬੀ ਅਕੁਲਾ ਕੇ ਉੱਠੇ ਹਨ, ਉਤਾਵਲੇ ਹੋਕੇ ਟੁਰੇ ਹਨ, ਦੀਵਾਨ ਤੋਂ ਬਾਹਰ ਆ ਗਏ ਹਨ, ਸੈਂਕੜਿਆਂ ਨੂੰ ਛੱਡ ਆਏ ਹਨ; ਅਮੀਰਾਂ ਧਨੀਆਂ ਤੋਂ ਗ਼ਰੀਬਾਂ ਵੱਲ ਨੂੰ ਆਏ ਹਨ, ਸ਼ਰਧਾਵਾਨਾਂ ਤੋਂ ਉੱਛਕੇ ਇਕ ਟੁੱਟ ਗਏ ਨਿਮਾਣੇ ਗਰੀਬ ਦਿਲ ਵੱਲ ਆਏ ਹਨ; ਉਸ ਦਿਲ ਵੱਲ ਜਿੱਥੇ ਇਕ 'ਗੁਰ ਦਰਸ਼ਨ ਦੀ ਪੀੜਾ' ਵੱਸਦੀ ਹੈ ਤੇ ਹੋਰ ਕਿਛ ਨਹੀਂ। ਹਾਂ ਜੀ, ਆਏ ਹਨ ਮਿਹਰਾਂ ਦੇ ਸਾਈਂ, ਦੇਖਿਆ ਜੇ? ਝੁਕੇ ਹਨ ਓਸ ਗ਼ਰੀਬ ਉੱਤੇ, ਆਪੇ-ਜੀ ਹਾਂ, ਆਪੇ-

ਆਪਣਾ ਚਰਨ ਕਮਲ ਉਸ ਦੇ ਧੁੜੀ ਉਤੇ ਪਏ ਮੱ-ਥੇ ਦੇ ਹੇਠਾਂ ਕਰ ਦਿੱਤਾ ਨੇ, ਅੱਖਾਂ ਤੋਂ ਵਹਿ ਰਹੇ ਬੁੱ-ਢੇ ਦੇ ਨੈਣਾਂ ਦੇ ਨੀਰ ਹੇਠਾਂ ਚਰਨ ਕਮਲ ਦੇ ਦਿੱਤਾ ਨੇ, ਕੇਡੇ ਹਨ ਪਿਆਰਾਂ ਵਾਲੇ ? ਪ੍ਰੇਮ ਦੇ ਦਰ ਤੁਲ ਰਹੇ ਤੱਕੜ ਉਤੇ ਏਡਾ ਅਮੋਲਕ ਨੀਰ ਚਰਨਾਂ ਕਮਲਾਂ ਤੋਂ ਬਿਨਾਂ ਹੋਰਥੇ ਕਿਰਨਾਂ ਪ੍ਰੇਮ ਦੀ ਨਿਕਦਰੀ ਹੈ। ਪ੍ਰੇਮੀ ਦੇ ਜੀ ਵਿਚ ਉਸ ਦਾ ਮੱਥਾ ਪਰਮ ਪਵਿੱਤ੍ਰ ਚਰਨਾਂ ਨੂੰ ਛੁਹਣ ਦੀ ਬੇ ਅਦਬੀ ਨਹੀਂ ਕਰ ਸਕਦਾ, ਐਸਾ ਨੀਵਾਂ ਮੱਥਾ ਹੈ ਕਿ ਧੁੜੀ ਹੀ ਇਸ ਦਾ ਮਹਾਂ ਉੱਚਾ ਟਿਕਾਣਾ ਹੈ, ਸੋ ਧੁੜੀ ਉਤੇ ਹੀ ਵਿਛਾ ਦਿੱਤਾ ਸੀ ਸੁਹਣਾ ਮੱਥਾ; ਪਰ ਕਦਰਾਂ ਵਾਲੇ ਦਿਲਾਂ ਦੇ ਮਹਿਰਮ ਦੇ ਅਪਨਾਉਣ ਵਾਲੇ ਦੇ ਬਿਰਦ ਵੰਨੇ ਤੱਕਣਾ ਕਿ ਚਰਨ ਕਮਲ ਦੇ ਦਿੱ-ਤੇ ਹਨ ਉਸ ਪਿਆਰਾਂ ਭਰੇ ਮੱ-ਥੇ ਦੇ ਹੇਠਾਂ, ਝੁਕ ਗਏ ਹਨ ਰਸ ਦੇ ਮਦ ਨਾਲ ਮੱਤੀ ਵੇਲ ਵਾਂਗੂ ਪਜਾਰੇ ਦੇ ਸੀਸ ਉਤੇ, ਜਿਕੂੰ ਓਹ ਝੁਕਦੀ ਹੈ ਆਪਣੇ ਸੁਹਣੇ ਫਲਾਂ ਦੇ ਉਤੇ।ਹਾਂ ਹੁਣ ਪਵਿੱਤ੍ਰਹੱਥ ਫਿਰ ਰਹੇ ਹਨ ਪਿਆਰੇ ਦੇ ਸੀਸ ਉਤੇ, ਪਿੱਠ ਉਤੇ, ਜਾ ਅੱਪੜੇ ਹਨ ਮੋਢਿਆਂ ਉਤੇ । ਇਨ੍ਹਾਂ ਬਲਵਾਨ ਪਵਿੱਤ੍ਰ ਹੱਥਾਂ ਨੇ ਡਾਢ ਦੇਕੇ, ਆਪ ਉਚਿਆਕੇ ਚਾ ਲਿਆ ਹੈ ਪਿਆਰੇ ਨੂੰ ਧੁੜੀ ਉੱ-ਤੋਂ ਤੇ ਖੜਾ ਕਰ ਲਿਆ ਹੈ, ਦਰ ਢੱ-ਠੇ ਨੂੰ ਅਪਣੇ ਭੁਜ ਬਲ ਨਾਲ:-

ਭੁਜ ਬਲਬੀਰ ਬ੍ਰਹਮ ਸੁਖ ਸਾਗਰ ॥
ਗਰਤ ਪਰਤ ਗਹਿ ਲੇਹੁ ਅੰਗੁਰੀਆ ॥

ਹਾਂ ਜੀ ! ਢੱ-ਠੇ ਪਏ ਨੂੰ ਚਾ ਲਿਆ; ਧੁੜੀ ਲਿੱਬੜੇ ਨੂੰ ਧੁੜੀ ਸਮੇਤ ਗਲੇ ਲਾ ਲਿਆ । ਗਲੇ ਲਾਕੇ ਅਪਣੀਆਂ ਮਿੱਠੀਆਂ ਕਲਾਈਆਂ ਨਾਲ ਘੁੱਟਿਆ*, ਛਾਤੀ ਨਾਲ ਲਾਕੇ ਘੁੱਟਿਆ, ਹਾਂ ਜੀ ਸਾਧੂ ਅੱ-ਗੇ ਹੀ ਪੰਘਰਿਆ ਤੇ ਡੁੱ-ਲ੍ਹਿਆ ਪਿਆ ਸੀ, ਹੁਣ ਤਾਂ ਰੱਬੀ ਰੌਆਂ ਤੇ ਅਰਸ਼ੀ ਝਰਨਾਟਾਂ ਨਾਲ ਵਹਿ ਹੀ ਗਿਆ, ਆਪਾ ਆਪੇ ਤੋਂ ਉੱਠ ਸਤਿਗੁਰਾਂ ਦੇ ਆਪੇ ਵਿਚ ਮਨੋਂ ਸਮਾ ਗਿਆ । ਹਾਂ ਜੀ, ਜ਼ਰਾ ਸਤਿਗੁਰ ਵਲ ਵੇਖਣਾ, ਸੰਤ ਨੂੰ ਆਪ ਹੱਥ ਵਿਚ ਹੱਥ ਪਾਈ ਸਭਾ ਵਿਚ ਲਿਆ ਰਹੇ ਹਨ । ਅਨੇਕਾਂ ਹਨ ਸਿੱਖ, ਸੂਰਮੇ, ਦਾਸ, ਪਰ ਕਿਸੇ ਨੂੰ ਇਹ ਕੰਮ ਨਹੀਂ ਸੌਂਪਿਆ । ਦਾਸ ਨਿਵਾਜਣ ਦਾ ਕੰਮ, ਪਿਆਰਿਆਂ ਨੂੰ ਸਤਿਕਾਰਣ ਦਾ ਮਿੱਠਾ ਮਿੱਠਾ ਕੰਮ ਆਪ ਹੀ ਕਰਦੇ ਸ਼ੋਭਦੇ ਹਨ, ਇਹੋ ਹੀ ਹੈ ਆਪਦਾ ਬਿਰਦ । ਪਿਆਰ ਕੁੱ-ਛਿਆਂ ਦਰ ਢੱ-ਠਿਆਂ ਨੂੰ 'ਕੰਠ ਲਾਵੈ' 'ਕੰਠ ਲਾਵੈ' ਸਾਡੇ ਸੁਆਮੀ ਦਾ ਇਹੋ ਬਿਰਦ ਹੈ, ਸਦਕੇ ਇਸ ਬਿਰਦ ਦੇ । ਲੈ ਆਏ ਬਿਰਧ ਸਾਧੂ ਨੂੰ, ਗ਼ੀਬ ਨਿਤਾਣੇ ਸਾਧੂ ਨੂੰ, ਦੀਵਾਨ ਵਿਚ ਆਪ, ਤੇ ਬਿਠਾਇਆ ਆਪਣੇ ਸੱ-ਜੇ ਹੱਥ ਆਪ,ਤੇ ਹੁਣ ਲੱ-ਗੇ ਆਪਣੇ ਅੰਦਰੋਂ ਠੰਢੀਆਂ ਰੌਆਂ ਪਾਉਣ । ਸਨੇ ਸਨੇ ਸਾਧੂ ਦਾ ਦਿਲ ਟਿਕ ਗਿਆ, ਧੀਰਜ ਆ ਗਿਆ, ਸਰੀਰ ਬੀ ਅਡੋਲ ਹੋ ਗਿਆ, ਨਜ਼ਰ ਭਰ ਭਰ ਹੁਣ ਸਤਿਗੁਰ ਦੀ ਮੂਰਤੀ ਤੱਕੀ, ਫੇਰ ਤੱਕੀ, ਚੰਗੀ ਤਰ੍ਹਾਂ ਸੂਰਤ ਤੱਕੀ, ਹੁਣ ਤੱਕੀ ਤੇ ਪਛਾਣ ਹੀ ਲਈ ਤੇ ਪਛਾਣ ਕੀ ਲਈ ? ਉਹ ਤਾਂ ਦੂਰੋਂ ਹੀ ਪਛਾਣੀ ਸੀ ਤੇ ਹੁਣ ਤਾਂ ਜਿਵੇਂ ਪਿਆਸਾ ਪਹਿਲਾ ਕਟੋਰਾ ਇਕੋ ਡੀਕ ਪੀਕੇ ਫੇਰ ਘੁੱਟ ਘੁੱਟ ਕਰਕੇ ਸੁਆਦ ਲਾ ਲਾ ਪੀਂਦਾ ਹੈ, ਤਿਵੇਂ ਨੈਣ ਕਟੋਰੇ ਦਰਸ਼ਨ ਦੇ ਘੁੱਟ ਮੁੜ ਮੁੜ ਭਰਦੇ ਪੀਂਦੇ ਹਨ । ਸਤਿਗੁਰ ਜੀ ਨੇ ਡਾਢੇ ਪਿਆਰ ਨਾਲ ਹੁਣ ਪੁੱਛਿਆ—ਜੀਵਣ ! ਕੁਸ਼ਲ ਹੈ? ਚੌਰੀ ਲੰਘ ਗਈ, ਘਰ ਦੇ ਦੂਤਾਂ ਤਾਂ ਫੇਰ ਨਹੀਂ ਸਤਾਇਆ, ਸਿਮਰਨ ਟੁਰਿਆ ਰਿਹਾ ? ਰਸ ਪੈਂਦਾ ਰਿਹਾ ? ਪ੍ਰੇਮਾ ਭਰਤੀ ਮਿਲਦੀ ਤੇ ਫਲਦੀ ਰਹੀ ?''

ਸਾਧੂ ਜੀਵਣ ਦਾਸ—ਸਦਕੇ, ਏਦਾਂ ਹੀ ਕੂਏ ਸਾਓ 'ਜੀਵਣ' ! ਓਦੋਂ ਜਦੋਂ ਮਿਲੇ ਸਾਓ ਬ੍ਰਹਮ ਪੁੱਤ੍ਰ ਨਦੀ ਦੇ ਕਿਨਾਰੇ । ਉਹੋ ਅਵਾਜ਼ ਹੈ, ਇਹੋ ਸੱਦ ਸੀ; ਇਹੋ ਅੱਖਰ ਸਨ, 'ਜੀਵਣੁ' । ਓਦੋਂ ਬੀ ਜਦ ਬੁਲਾਂਦੇ ਸਾਓ 'ਜੀਵਣੁ' ਤਾਂ ਲੰਬੀ ਝਰਨਾਟ ਪੈਂਦੀ ਸੀ, ਹੁਣ ਵੀ ਉਵੇਂ ਹੀ ਝਰਨ ਛਿੜੀ ਹੈ। ਸਦਕੇ ! ਓਦੋਂ ਨਾਵਾਂ ਜਾਮਾਂ ਸੀ,ਹੁਣ ਦਸਵਾਂ, ਪਰ ਸੱਦ ਉਹੋ ਦੀ ਉਹੋ ਹੈ, ਜੋਤ ਉਹੋ ਦੀ ਉਹੋ ਹੈ।

ਗੁਰੂ ਜੀ—ਮੁਨਾ ਬਈ ਜੀਵਣੁ ! ਪਿਤਾ ਗੁਰੂ ਜੀ ਦੀ ਕੋਈ ਕਥਾ ਕਹਾਣੀ ?

ਜੀਵਣ—ਸੱ-ਚੇ ਪਾਤਸ਼ਾਹ ! ਜਦੋਂ ਆਸ਼ਰਮ ਤਾਰ ਰਹੇ ਸਨ ਤੇ ਧੁਬੜੀ ਡੇਰੇ ਸਨ, ਮੈਂ ਤਦੋਂ

*ਗਹਿ ਭੁਜ ਬਲ ਤੇ ਤੁਰਤ ਉਠਾਇਓ ॥
ਅਧਿਕ ਸਖਾ ਲਖਿ ਗਲੇ ਲਗਾਇਓ ॥
ਲਿਆਇ ਸਭਾ ਮਹਿ ਢਿਗ ਬੈਠਾਰਾ ॥
ਕਰ ਆਦਰ ਕੋ ਮ੍ਰਿਦੁਲ ਉਚਾਰਾ ॥ [ਗੁ: ਪ੍ਰ: ਸ੍ਰ:

ਦਰਸ਼ਨ ਪਾਏ ਸਨ। ਮੈਂ ਇਕ ਵੱਡੇ ਸੇਠ ਦਾ ਪੁੱਤ੍ਰ ਵੈਰਾਗ ਕਰ ਸਾਧੂ ਹੋ ਦੇਸ਼ ਦੇਸ਼ ਫਿਰ ਰਿਹਾ ਸਾਂ, ਹਠ ਯੋਗ ਦੇ ਸਾਧਨ ਸਾਰੇ ਕਰਦਾ ਸਾਂ, ਪੜ੍ਹਿਆ ਬੀ ਸਾਂ, ਪਰ ਠੰਢ ਨਹੀਂ ਸੀ ਪੈਂਦੀ। ਘੁੰਮਦਾ ਘੁੰਮਦਾ ਜਦ ਮੈਂ ਢਾਕੇ ਪੁੱਜਾ ਤਾਂ ਬੁਲਾਕੀ ਦਾਸ ਆਪਦੇ ਘਰ ਦੇ ਪਿਆਰੇ ਭਗਤ ਨੂੰ ਮਿਲਿਆ। ਇਹ ਬੜੇ ਪਿਆਰ ਨਾਲ ਨਾਵੇਂ ਸਤਿਗੁਰਾਂ ਜੀ ਦੀ ਉਡੀਕ ਕਰ ਰਿਹਾ ਸੀ। ਓਹਨਾਂ ਲਈ ਇਕ ਦਾਲਾਨ ਤਿਆਰ ਕਰਵਾਇਆ, ਇਕ ਪਲੰਘ* ਉਚੇਚਾ ਬਣਵਾਇਆ। ਇਨ੍ਹਾਂ ਦੀ ਮਾਤਾ ਨੇ ਆਪਣੀ ਹੱਥੀਂ ਕੱਤਕੇ, ਰੇਜਾ ਉਣਵਾਕੇ, ਪੁਸ਼ਾਕ ਬਣਵਾਕੇ ਰੱਖੀ ਸੀ ਕਿ ਆਉਣਗੇ ਤਾਂ ਭੇਟ ਕਰਾਂਗੀ। ਇਨ੍ਹਾਂ ਦੀ ਸੰਗਤ ਵਿਚ ਮੈਨੂੰ ਹਠ ਯੋਗ ਦੇ ਰਸਤੇ ਤੋਂ ਉਪਰਾਮਤਾ ਹੋਈ ਤੇ ਭਗਤੀ ਵੱਲ ਪਿਆਰ ਪਿਆ ਤੇ ਮੈਂ ਸਤਿਗੁਰਾਂ ਦੇ ਦਰਸ਼ਨਾਂ ਲਈ ਇਨ੍ਹਾਂ ਤੋਂ ਬੀ ਉਤਾਵਲਾ ਹੋ ਗਿਆ! ਇਹ ਤਾਂ ਢਾਕੇ ਉਡੀਕਦੇ ਰਹੇ ਤੇ ਮੈਂ ਅਨੁਮਾਨ ਲਾਇਆ ਕਿ ਪਹਿਲੇ ਧੁਬੜੀ ਪੁੱਜਣਗੇ, ਸੋ ਮੈਂ ਓਥੇ ਅੱਪੜ ਗਿਆ, ਪਰ ਗੁਰੂ ਜੀ ਪਹਿਲਾਂ ਢਾਕੇ ਅੱਪੜੇ। ਪੂਰਨ ਭਗਤ ਬੁਲਾਕੀ ਦਾਸ ਤੇ ਉਸਦੀ ਬ੍ਰਿੱਧ ਮਾਤਾ ਨੂੰ ਤਾਰਿਆ, ਫੇਰ ਧੁਬੜੀ ਆਏ। ਬੁਲਾਕੀ ਦਾਸ ਨੇ ਮੇਰੇ ਤਿਆਗ, ਵੈਰਾਗ, ਦੁੱਖ, ਕਸ਼ਟ, ਤਪ ਘਾਲਣ ਦਾ ਹਾਲ ਕਹਿਕੇ ਬਿਨੈ ਕਰ ਦਿੱਤੀ ਸੀ ਕਿ ਜੇ ਦਾਤਾ ਜੀ ਚਾਹੁਣ ਤਾਂ ਮਿਹਰ ਦਾ ਛੱਟਾ ਮਾਰ ਦੇਣ। ਧੁਬੜੀ ਮੈਂ ਸਤਿਗੁਰਾਂ ਨੂੰ ਬ੍ਰਹਮ ਪੁੱਤਰਾ ਨਦੀ ਦੇ ਵਹਿੰਦੇ ਤ੍ਰੰਗਾਂ ਦੇ ਕਿਨਾਰੇ ਐਦਾਂ ਹੀ ਜਾ ਵੇਖਿਆ ਜਿਵੇਂ ਅੱਜ ਆਪ ਨੂੰ ਤਾਪਤੀ ਨਦੀ ਦੇ ਕਿਨਾਰੇ ਵੇਖ ਰਿਹਾ ਹਾਂ। ਸਤਿਗੁਰ ਜੀ ਨੇ ਮਿਹਰ ਕੀਤੀ, ਇਸ ਕੀਟ ਨੂੰ ਨਾਮ ਦਾਨ ਦਿੱਤਾ। ਮੇਰੀ ਬੁੱਧੀ ਮੋਟੀ, ਮਨ ਮੈਲਾ ਤੇ ਸ਼ਰੀਰ ਕਰੜਾ ਜਿਹਾ ਸੀ, ਪਰ ਆਪ ਨੇ ਮੇਰੇ ਅੰਦਰ ਨਾਮ ਪ੍ਰੋ ਹੀ ਦਿੱਤਾ। ਜਿੰਨਾਂ ਚਿਰ ਮਹਾਰਾਜਾ ਅਸ਼ਾਮ ਰਹੇ, ਮੈਂ ਨਾਲ ਰਿਹਾ ਤੇ ਦਰਸ਼ਨ ਸਤਿਸੰਗ ਦਾ ਲਾਹਾ ਲੈਂਦਾ ਰਿਹਾ। ਜਦ ਆਪ ਵਿਦਾ ਹੋਣ ਲੱਗੇ ਤਾਂ ਮੈਨੂੰ ਹੁਕਮ ਹੋਇਆ ਕਿ ਏਥੋਂ ਚਲੇ ਜਾਓ, ਦੱਖਣ ਦੇਸ਼ ਕਿਤੇ ਇਕਾਂਤ ਡੇਰਾ ਜਾ ਲਾਓ, ਬੰਦਗੀ ਕਰੋ। ਮੈਂ ਬਿਨੈਂ ਕੀਤੀ: ਪਾਤਸ਼ਾਹ! ਆਪ ਦੇ ਸਿੱਖ ਸਭ ਗ੍ਰਿਹਸਤੀ ਹਨ, ਮੈਂ ਅਤੀਤ ਹਾਂ, ਹੁਕਮ ਹੋਵੇ ਤਾਂ ਮੈਂ ਬੀ ਗ੍ਰਿਹਸਤ ਕਰਾਂ? ਸਾਹਿਬ ਬੋਲੇ: "ਚਿੱਤ ਕਰਦਾ ਹੈ?" ਦਾਸ ਨੇ ਬਿਨੈ ਕੀਤੀ: "ਨਹੀਂ ਪਾਤਸ਼ਾਹ! ਕੇਵਲ ਇਸ ਲਈ ਪੁੱਛਦਾ ਹਾਂ ਕਿ ਜੇ ਸ਼੍ਰੀ ਜੀ ਦੀ ਵਿਸ਼ੇਸ਼ ਖੁਸ਼ੀ ਗ੍ਰਿਹਸਤ ਉੱਤੇ ਹੈ ਤਾਂ ਦਾਸ ਨੂੰ ਅਤੀਤ ਰਹਿਣ ਦਾ ਹਠ ਨਹੀਂ। ਹੋਰ ਜੀ ਸੁਭਾਵ ਇਕੱਲਿਆਂ ਰਹਿਣ ਦਾ ਪੱਕ ਚੁੱਕਾ ਹੈ, ਗ੍ਰਿਹਸਤ ਨਿਭਣਾ ਕਠਨ ਦਿੱਸਦਾ ਹੈ, ਪਰ ਜੇ ਹੁਕਮ ਹੋਵੇ ਤਾਂ ਦਾਸ ਦੇ ਸਿਰ ਮੱਥੇ ਉੱਤੇ ਹੈ।" ਤਦ ਦਾਤਾ ਜੀ ਬੋਲੇ:—ਭਾਈ ਗ੍ਰਿਹਸਤ ਵਿਚ ਰਹਿ ਕੇ ਭਜਨ ਕਰਨਾ ਕਿਲ੍ਹੇ ਦੀ ਲੜਾਈ ਹੈ, ਅਤੀਤਤਾਈ ਵਿਚ ਨਿਭਣਾ ਕਠਨ ਹੈ। ਹੋਰ ਮੁੱਖ ਗੱਲ ਸਾਈਂ ਦਾ ਸਿਮਰਨ ਅਰਥਾਤ ਉਸਦੇ ਚਰਨਾਂ ਨਾਲ ਨੇਹੁੰ ਹੈ। 'ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ'॥ 'ਜਿਸ ਹਾਲ ਜੋ ਰਹੇ ਸੋਈ ਧੰਨ ਹੈ! ਜੇ ਵਾਹਿਗੁਰੂ ਨਾਲ ਨਿਹੁੰ ਹੈ ਤਾਂ 'ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ॥' ਦੁਖ ਦੁਹਾਂ ਦਸ਼ਾਂ ਵਿਚ ਹਨ:—

ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥

ਸੋ ਨੇਹੁੰ ਮੁੱਖ ਹੈ। ਤੁਸਾਂ ਲਈ ਇਹ ਆਗਜ਼ਾ ਹੈ—

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥ ਬੈਰਾਗੀ ਬੰਧਨੁ ਕਰੈ ਤਾਕੋ ਬਡੋ ਅਭਾਗੁ॥੨੪੩॥ [ਸ: ਕ:

ਤੂੰ ਬੰਦਗੀ ਕਰ, ਸਿਮਰਨ ਕਰ, ਤੇਰੇ ਵਿਕਾਰ ਖੈ ਹੋਏ। ਗ੍ਰਿਹਸਤ ਵਿਚ ਸੁਖ ਤੇ ਨਿਭਾਉ ਸਿਮਰਨ ਦਾ ਵਿਸ਼ੇਸ਼ ਹੈ, ਪਰ ਸਿੱਖਾ, ਸਾਧਾ! ਤੇਰੇ ਲਈ ਇਹੋ ਸ਼ੇਸ਼ਟ ਹੈ, ਤੇਰਾ ਸੁਭਾਉ ਨਿਰਵਿਰਤੀ ਵਿਚ ਰਹਿਣ ਦਾ ਪੱਕ ਚੁਕਾ ਹੈ, ਗ੍ਰਿਹਸਤ ਤੈਨੂੰ ਔਖਾ ਲੱਗੇਗਾ। ਮੂਲ ਗਲ ਨੂੰ ਤੂੰ ਸਮਝਦਾ ਹੀ ਹੈਂ, ਵੇਖ ਆਦਿ ਪਾਤਸ਼ਾਹ ਜੀ ਕੀ ਫੁਰਮਾਉਂਦੇ ਹਨ:—

ਸੁਰਤੀ ਕੈ ਮਾਰਗਿ ਚਲਿਕੈ ਉਲਟੀ ਨਦਰਿ ਪ੍ਰਗਾਸੀ॥ ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ॥ ੩॥ ਜਿਸ

*ਇਹ ਪਲੰਘ ਹੁਣ ਭੱਕ ਢਾਕੇ ਵਿੱਚ ਸੁਣੀਂਦਾ ਹੈ ਕਿ ਸਤਿਕਾਰ ਨਾਲ ਰੱਖਿਆ ਪਿਆ ਹੈ।

ਕੀ ਆਸਾ ਤਿਸ ਹੀ ਸਉਪਿਕੈ ਇਹੁ ਰਹਿਆ ਨਿਰਬਾਣੁ ॥ ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥

[ਪ੍ਰਭਾ ਮ: ੧

ਐਸ ਤਰ੍ਹਾਂ ਪਾਤਸ਼ਾਹ ! ਉਨ੍ਹਾਂ ਦੇ ਚਰਨਾਂ ਵਿਚ ਰਹਿਕੇ ਰਸ ਪਾਇਆ। ਅੰਤ ਵੇਲਾ ਵਿਛੋੜੇ ਦਾ ਆਇਆ। ਸੱਚੇ ਪਾਤਸ਼ਾਹ ! ਕੀਹ ਬਿਨੈ ਕਰਾਂ ? ਜਦੋਂ ਵਿਛੁੜਨ ਲੱਗੇ, ਮੇਰਾ ਮਨ ਟੁੱਟ ਗਿਆ ਅਰ ਬੜਾ ਵੈਰਾਗ ਛੁੱਟਿਆ। ਸਾਹਿਬ ਬੋਲੇ, ਕਿਉਂ ਵੈਰਾਗ ਕਰਦੇ ਹੋ ? ਦਾਸ ਨੇ ਬਿਨੈ ਕੀਤੀ, ਪਾਤਸ਼ਾਹ ! ਆਪ ਪੰਜਾਬ ਨੂੰ ਚੱਲੇ ਹੋ ਧੁਰ ਉੱਤਰ ਨੂੰ; ਦਾਸ ਨੂੰ ਆਗਜਾਦੱਖਣ ਦੀ ਹੈ, ਫੇਰ ਕਦੋਂ ਦਰਸ਼ਨ, ਤੇ ਜੀਵਾਂ ਕੀਕੂੰ ਦਰਸ਼ਨ ਬਿਨਾਂ ? ਤਦ ਆਪ ਨੇ ਨੈਣ ਮੀਟ ਲਏ ਤੇ ਬੜੇ ਚਿਰ ਪਿੱਛੋਂ ਖੁਹਲੇ, ਉਚਾਰਨ ਲੱਗੇ:—'ਦਰਸ਼ਨ ! ਹੋਣਗੇ। ਹਾਂ, ਆਵਾਂਗੇ ਪਰ ਹੋਰ ਜਾਨ, ਪਛਾਣ ਤੂੰ ਕਰ ਲਈਂ।' 'ਫੇਰ, ਪਾਤਸ਼ਾਹ ! ਦਾਸ ਦਾ ਦਿਲ ਖੜੇ ਗਿਆ ਤੇ ਨਿਰੀ ਇਹੋ ਬਿਨੈ ਨਿਕਲੀ:—

'ਪਛਾਣ ਬੀ ਆਪ ਬਖਸ਼ਣੀ ?'

ਸਤਿਗੁਰਾਂ 'ਨਿਹਾਲ' ਆਖਕੇ ਘੋੜੇ ਦੀ ਵਾਗ ਮੋੜ ਲਈ, ਸੋ ਉਹ ਆਸ ਮਾਨੋਂ ਜੁੱਗਾਂ ਮਗਰੋਂ ਪੁੰਨੀ ਹੈ। ਆਪ ਦਾ ਬਖਸ਼ਿਆ ਸਿਮਰਨ ਹੈ, ਨਾਲ ਨਿਭਿਆ ਹੈ, ਵਿਕਾਰਾਂ ਨੇ ਆਪ ਦੇ ਵਰ ਕਰਕੇ ਦੁੱਖ ਨਹੀਂ ਦਿੱਤਾ। ਚਿਤ ਵਿਚ ਪ੍ਰੀਤ ਬੀ ਹੈ, ਪਰ ਇਕੋ ਖੁਹ ਸੀ ਆਪ ਦੇ ਦਰਸ਼ਨ ਦੀ ਤੇ ਵੈਰਾਗ ਛੁੱਟਦਾ ਹੈ ਕਦੇ ਇਸ ਖਿੱਚ ਵਿਚ ਕਿ ਸਾਈਂ ਚਰਨਾਂ ਨਾਲ ਪ੍ਰੀਤ ਤਾਂ ਦਾਤ ਮਿਲ ਗਈ, 'ਸਾਈਂ ਇਸ ਕੀਟ ਨੂੰ ਪ੍ਰੀਤ ਧਰੇ' ਇਹ ਕਦ ਮਿਲਸੀ ? ਸੋ ਹੁਣ ਸਭੇ ਆਸਾਂ ਪੁੰਨੀਆਂ। ਇਹ ਛੰਤ ਆਪ ਦੇ ਚੌਥੇ ਜਾਮੇਂ ਦਾ ਸਦਾ ਉਚਾਰਦਾ ਤੇ ਵੈਰਾਗ ਕਰਦਾ ਰਿਹਾ ਹਾਂ:—

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥ ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ ॥ ਮੇਰੇ ਮਨਿ ਤਨਿ ਨਾਮੁ ਅਧਾਰੁ ਹੈ ਹਉਮੈ ਬਿਖੁ ਜਾਲੀ ॥ ਜਨੁ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ ॥ ੨ ॥

ਸੋ ਪਾਤਸ਼ਾਹ ਆਪ ਦੇ ਕੀਤੇ ਤਦੋਂ ਬਚਨ ਆਪ ਨੇ ਆ ਪੂਰੇ ਕੀਤੇ ਹਨ।

ਸਤਿਗੁਰ ਜੀ—ਜੀਵਣ ! ਆਸਾਮ ਵਿਚ ਕਿੰਨਾਕੁ ਚਿਰ ਹੋਇਆ ਆਪ ਮਿਲੇ ਸੇ ?

ਸਾਧ—ਸੰਮਤ ੧੭੨੩ ਬਿ: ਦੀ ਗੱਲ ਹੈ, ਹਾਂ ਠੀਕ ਸੱਚੀ ਸ਼੍ਰੀ ਜੀ ਦੇ ਸੰਸਾਰ ਵਿਚ ਅਵਤਾਰ ਧਾਰਨ ਦੀ ਸੋਇ ਤਦੋਂ ਹੀ ਪੁਬੜੀ ਅੱਪੜੀ ਸੀ। ਦਾਸ ਹਾਜ਼ਰ ਸੀ, ਜਿਸ ਵੇਲੇ ਤੋਪਾਂ ਦੀ ਸ਼ਲਕ ਹੋਈ ਤੇ ਸ਼ਦਿਯਾਨੇ ਵੱਜੇ ਤੇ ਸਾਰੇ ਸਿਖਾਂ ਵਿਚ ਅਤੇ ਰਾਜੇ ਦੇ ਦਲਾਂ ਵਿਚ ਖੁਸ਼ੀ ਮਨਾਈ ਗਈ ਤੇ ਮੈਂ ਸਤਿਗੁਰਾਂ ਨੂੰ ਪੁਛਿਆ ਸੀ ਕਿ ਸਾਹਿਬਜ਼ਾਦੇ ਲਈ ਬੜੇ ਸ਼ਦਿਯਾਨੇ ਹੋ ਰਹੇ ਹਨ ਤਾਂ ਬਚਨ ਹੋਇਆ ਸੀ:—

ਬਲੀ ਪੁਰਖ ਲੀਨਸ ਅਵਤਾਰ ॥
ਕਾਰਜ ਬਡੇ ਲੇਹਿ ਇਹ ਸਾਰ ॥ [ਗੁ:ਪ੍ਰ:ਸੂ:

ਤਦ ਸਤਿਗੁਰਜੀ ਮੁਸਕ੍ਰਾਏ ਤੇ ਬੋਲੇ:—"ਜੀਵਣ! ਤੁਣ ਕੋਈ ਹੋਰ ਜੀਵਣ ਦੀ ਆਸ ਹੈ ?"

ਸੰਤ (ਚਰਨ ਪਕੜਕੇ)—"ਇੱਕੋ ਤੇ ਇੱਕੋ। ਆਪ ਮਿਹਾਂ ਸਣੇ ਦਾਸ ਦੀ ਕੁਟੀਆ ਚਰਨ ਪਾਓ, ਪ੍ਰਸ਼ਾਦ ਛਕੇ, ਇਨ੍ਹਾਂ ਹੁਣ ਮਿਟ ਜਾਣ ਵਾਲੇ ਨੈਣਾਂ ਨਾਲ ਆਪ ਦਾ ਇਹ ਦਿਦਾਰਾ ਈ ਕਰ ਲਵਾਂ।" ਇਹ ਪਿਆਰ ਦੇ ਵਾਕ ਸੁਣਕੇ ਗੁਰੂ ਜੀ ਬੋਲੇ:—ਜੀਵਣ ! ਤੇਰਾ ਜੀਵਣ ਸਫਲ, ਤੇਰਾ ਫੇਰ ਭਵਜਲ ਫੇਰਾ ਨਹੀਂ। ਨਾਮ ਦਾ ਰੰਗ ਜੋ ਚੜ੍ਹਿਆ ਹੈ, ਗੂੜ੍ਹਾ ਹੋ ਗਿਆ ਹੈ। ਤੂੰ ਪਿਤਾ ਗੁਰੂ ਰਿਝਾਏ, ਵਾਹਿਗੁਰੂ ਦੀ ਪ੍ਰੀਤ ਕਮਾਈ, ਤੇਰੇ ਡੇਰੇ ਪ੍ਰਸ਼ਾਦ ਜ਼ਰੂਰ ਛਕਾਂਗੇ। ਇਹ ਆਸਾ ਪੂਰਕ ਵਾਕ ਸੁਣਕੇ ਸਾਧ ਚਰਨੀਂ ਢੈ ਪਿਆ ਤੇ 'ਧੰਨ ਧੰਨ' ਕਰਦਾ ਵਿਦਾ ਹੋਇਆ।

੩.

ਅਗਲੇ ਦਿਨ ਜੀਵਣ ਨੇ ਵੱਡਾ ਭਾਰਾ ਲੰਗਰ ਤਿਆਰ ਕਰਵਾਇਆ। ਬੜੇ ਬੜੇ ਸੁਆਦੀਕ ਭੋਜਨ ਬਣਵਾਏ। ਆਪ ਬੀ ਸੇਵਾ ਵਿਚ ਲਗਾ ਰਿਹਾ। ਸਤਿਗੁਰੂ ਜੀ ਸਮੇਂ ਸਿਰ ਖਾਲਸੇ ਸਮੇਤ ਆ ਗਏ, ਸ਼ਹਿਰ ਤੇ ਬਾਹਰ ਦੇ ਸਿਖ ਸੰਗਤਾਂ ਸਾਰੇ ਆ ਜੁੜੇ, ਬੜੀ ਭਾਰੀ ਭੀੜ ਹੋ ਗਈ, ਸਭ ਦੀਆਂ ਪੰਗਤਾਂ ਲਗ ਗਈਆਂ, ਵਿਚਾਲੇ ਸਤਿਗੁਰ ਜੀ ਨੂੰ ਚੰਦਨ ਦੀ ਚੌਂਕੀ ਤੇ ਬਿਠਾਕੇ ਸਾਧੂ ਨੇ ਪੂਜਨ ਤੇ

ਆਰਤੀ ਕੀਤੀ, ਫੇਰ ਥਾਲ ਆਪ ਅੱਗੇ ਰੱਖਕੇ ਪਾਸ ਐਉਂ ਬੈਠ ਗਿਆ ਕਿ ਮਾਨੋਂ ਉਸ ਦੇ ਨੈਣ ਇਸ ਇਲਾਹੀ ਦਰਸ਼ਨ ਤੇ ਤ੍ਰਿਪਤ ਹੋ ਰਹੇ ਹਨ। ਭੋਜਨ ਛਕਾਕੇ ਚੁਲਾ ਕਰਵਾਇਆ, ਤੇ ਸੁਹਣੇ ਥਾਉਂ ਬਿਠਾਕੇ ਭੇਟਾ ਅਗੇ ਧਰਕੇ ਚਰਨਾਂ ਨੂੰ ਲਿਪਟ ਗਿਆ। ਇਸ ਵੇਲੇ ਸਤਿਗੁਰ ਦੀ ਮੇਹਰ ਨਾਲ ਸਾਧੂ ਨੂੰ ਅਭੈਤਾ ਦਾ ਦਾਨ ਪ੍ਰਾਪਤ ਹੋਗਿਆ, ਪਰਮ ਪਦ ਦੀ ਸੋਝੀ ਆਈ।

ਸਤਿਗੁਰ ਜੀ ਜਾਣ ਨੂੰ ਤਿਆਰ ਸੇ ਕਿ ਜੈਤਰਾਮ ਆ ਗਿਆ। ਇਹ ਮਹੰਤ ਸੀ ਦਾਦੂ ਦੁਆਰੇ ਦਾ, ਜੋ ਆਪਣੇ ਸੇਵਕਾਂ ਵਿਚ ਫਿਰਦਾ ਕੁਛ ਦਿਨਾਂ ਦਾ ਏਥੇ ਆਇਆ ਹੋਇਆ ਸੀ, ਤੇ ਸਤਿਗੁਰ ਜੀ ਦੇ ਦਰਸ਼ਨ ਦਿਦਾਰੇ ਅੱਗੇ ਕਰਕੇ ਉਨ੍ਹਾਂ ਦੇ ਆਦਰਸ਼ ਦਾ ਸਤਿਕਾਰ ਕਰਨ ਲਗ ਪਿਆ ਸੀ। ਅੱਜ ਇਹ ਬੀ ਪ੍ਰਸ਼ਾਦ ਤੇ ਆਇਆ ਤੇ ਹੁਣ ਗੁਰੂ ਜੀ ਨੂੰ ਏਕਾਂਤ ਮਿਲਕੇ ਕੁਛ ਵਾਰਤਾਲਾਪ ਕੀਤੀ। ਜੋਗੀ ਜੀਵਣ ਵੀ ਪਾਸ ਬੈਠਾ ਸੀ, ਉਹ ਵੀ ਵਾਰਤਾਲਾਪ ਕਰਦਾ ਰਿਹਾ।

ਗੁਰੂ ਸਾਹਿਬ ਜੀ ਨੇ ਕ੍ਰਿਪਾ ਵਾਕ ਕੀਤੇ ਅੰਤ ਉਹ ਚਰਨਾਂ ਤੇ ਢਹਿ ਪਿਆ ਤੇ ਇਕ ਸਤੋਤਰ ਉਨ੍ਹਾਂ ਦੀ ਮਹਿਮਾਂ ਦਾ ਗਾਂਵਿਆਂ।

ਕੁਛ ਦਿਨ ਹੋਰ ਸਤਿਗੁਰੂ ਜੀ ਬੁਰਹਾਨਪੁਰ ਰਹੇ। ਤਾਪਤੀ ਦੇ ਕੰਢੇ ਡੇਰਾ ਰਖਿਆ, ਜਿੱਥੇ ਹੁਣ ਯਾਦਗਾਰੀ ਥਾਉਂ ਗੁਰਧਾਮ ਹੈ। ਇੱਥੇ ਬੜਾ ਪ੍ਰਚਾਰ ਸਿੱਖੀ ਦਾ ਹੋਇਆ, ਦੂਰ ਦੂਰ ਤੋਂ ਸੰਗਤਾਂ ਆਈਆਂ, ਆਏ ਲੋਕਾਂ ਨੂੰ ਨਾਮ ਦਾਨ ਬਖਸ਼ਿਆ, ਅੰਤ ਸਤਿਗੁਰਾਂ ਨੇ ਇਥੋਂ ਵੀ ਕੂਚ ਕੀਤੀ।

ਕਲਗੀਧਰ ਜੀ ਦੇ ਗੁਦਾਵਰੀ ਵਿਚ ਚਰਨ-ਕਮਲ।

ਗੁਦਾਵਰੀ ਵਿਚ ਜਦ 'ਜੀਅ-ਦਾਨ ਦਾਤੇ ਨੇ ਆਪਣੇ ਚਰਨ ਕਮਲ ਧਰੇ ਤਦ ਮਾਨੋਂ ਗੁਦਾਵਰੀ ਸੰਗੀਤ ਰੂਪ ਹੋ ਨਾਦ ਕਰਦੀ ਹੈ.— ਰਾਗ ਮਾਲਕੌਂਸ ਤਾਲ ੩।

ਟੇਕ—ਨੀ ਮੈਂ ਚਰਨ ਪਰਸ ਬਉਰਾਨੀ।

ਥਰਰ ਥਰਰ ਕੁਈ ਛਿੜੀ ਖਿਰਨ ਹੈ ਲਰਜ਼ ਗਏ ਮੇਰੇ ਪਾਨੀ।
ਝਰਨ ਝਰਨ ਰਸ ਭਿੰਨੜੀ ਛੁਟ ਪਈ ਕੰਬ ਉਠੀ ਜਿਉਂ ਕਾਨੀ।
ਚਮਕ ਚਮਕ ਲਹਿਰਾਂ ਵਿਚ ਲਿਸ਼ਕੀ ਬਿਜਲੀ ਜਿਉਂ ਥੱਰਰਾਨੀ।
ਮਸਤ ਅਲਸਤੀ ਝੂਮਨ ਝੂਮੀ ਪ੍ਰੇਮ ਲਟਕ ਲਟਕਾਨੀ।
ਜੋਗੀ ਜਤੀ ਤਪੀ ਸਿੱਧ ਪਰਸੇ ਪਰਸਿ ਪਰਸਿ ਪਛੁਤਾਨੀ।
ਪਰਸਿ ਚਰਨ ਨਿੱਤ ਖੁਸ਼ ਰਹੀ ਮੈਂ ਰਸ ਬਿਨ ਉਮਰ ਬਿਹਾਨੀ।
ਕਉਣ ਸਖੀ ਅਜ ਛੁਹ ਗਿਆ ਸਾਨੂੰ ਜੀਅ-ਦਾਨ ਦਾ ਦਾਨੀ?
ਨੀਵਿਆਂ ਤੋਂ ਨੀਵੀਂ ਮੈਂ ਵਗਦੀ ਬਣੀ ਅਰਸ਼ ਦੀ ਰਾਨੀ।
ਕਿਸ ਨੇ ਪਜਾਰ-ਮਣੀ ਆ ਚੋਭੀ ਪ੍ਰੀਤ-ਤਾਰ ਖਿੰਚਾਨੀ?

ਸੂਚਨਾ—ਪਿਛ ਸਫਾ ੩੩੪-੩੫ ਤੇ ਦੋ ਸੂਚਨਾ ਵਿਚ ਦੱਸ ਆਏ ਹਾਂ ਕਿ ਗੁਰੂ ਜੀ ਦਮਦਮੇ ਤੋਂ ਦੱਖਣ ਨੂੰ ਗਏ ਤੇ ਬਘੌਰ ਤੋਂ ਫੇਰ ਵਾਪਸ ਦਿੱਲੀ ਤੇ ਆਗਰੇ ਆਏ। ਇਥੋਂ ਫੇਰ ਦੱਖਣ ਨੂੰ ਟੁਰੇ ਤੇ ਬੁਰਹਾਨ ਪੁਰ ਪਹੁੰਚੇ। ਬੁਰਹਾਨ ਪੁਰ ਤੋਂ ਤੁਰਕੇ ਅਨੇਕ ਥਾਈਂ ਟਿਕਦੇ ਚਲਦੇ ਗੁਰੂ ਜੀ ਗੁਦਾਵਰੀ ਕਿਨਾਰੇ ਨਾਂਦੇੜ ਫ਼ਿਰ ਪਹੁੰਚੇ। ਇਹ ਥਾਂ ਬਹੁਤ ਪਸੰਦ ਆਇਆ। ਜੋ ਥਾਂ ਪਸੰਦ ਆਈ ਸੋ ਖਰੀਦ ਲਈ ਤੇ ਓਥੇ ਡੇਰਾ ਲਾ ਦਿਤਾ। ਨੇੜੇ ਤੇੜੇ ਦੇ ਸਿਖ ਲੁਭਾਣੇ ਆਦਿ ਸੁਣ ਸੁਣਕੇ ਦਰਸ਼ਨਾਂ ਨੂੰ ਆਉਣ ਲਗ ਪਏ ਤੇ ਰੌਣਕਾਂ ਲਗ ਪਈਆਂ। ਏਥੇ ਹੀ ਮਾਧੋ ਦਾਸ ਨੂੰ ਆਪਣਾ ਬੰਦਾ ਤੇ ਬੰਦਾ ਸਿੰਘ ਬਣਾਕੇ ਗੁਰੂ ਜੀ ਨੇ ਪੰਜਾਬ ਨੂੰ ਟੋਰਿਆ।

੯੪. ਬੰਦਾ ਮਿਲਾਪ ਤੇ ਵਿਦੈਗੀ*।

੧. [ਸਿੱਖ ਆਦਰਸ਼]।

ਦੱਖਣੀ ਹਿੰਦ ਦਾ ਇਕ ਜਿਲਾ ਜਿਸ ਦਾ ਨਾਮ ਗੁਦਾਵਰੀ ਹੈ, ਸਹਿਜੇ ਸਹਿਜ ਵਗ ਰਹੀ ਹੈ. ਅਪਣੇ ਮੁੰਮ ਨਾਸਕ ਪਾਸੋਂ ਨਿਕਲ ਕੇ ਪੂਰੇ ਨੂੰ ਵਗਦੀ ਇਕ ਓਕਰ ਜਿਹਾ ਖਾਂਦੀ ਹੈ. ਜਿੱਥੇ ਕਿ ਪੁਰਾਤਨ ਸਮੇਂ ਕਦੇ 'ਨੰਨੰਦ ਡੇਰਾ' ਨਾਮੇ ਨਗਰੀ ਵੱਸਦੀ ਸੀ।

*ਇਹ ਪ੍ਰਸੰਗ ੨੨ ਪੋਹ ਸੰ: ਗੁ: ਨਾ: ਸਾ: ੪੫੩ (੫ ਜਨਵਰੀ ੧੯੨੨) ਗੁਰਪੁਰਬ ਸਪਤਮੀ ਸਮੇਂ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਇਸ ਇਲਾਕੇ ਇਕ ਰਮਣੀਕ ਥਾਵੇਂ ਨਦੀ ਦੇ ਕੰਢੇ ਇਕ ਬੈਰਾਗੀ ਸਾਧੂ ਦਾ ਆਸ਼੍ਰਮ ਸੀ। ਚਾਰ ਚੁਫੇਰੇ ਵਾੜਾ ਵਲਿਆ ਸੀ ਤੇ ਅੰਦਰ ਸੁੰਦਰ ਬਗੀਚਾ ਸੀ। ਫਲਦਾਰ ਤੇ ਫੁਲਦਾਰ ਬੂਟੇ ਤੇ ਵੇਲਾਂ ਲਹਿ ਲਹਿ ਕਰ ਰਹੇ ਸੇ। ਇਕ ਪਾਸੇ ਇਕ ਖੁਲ੍ਹਾ ਮੈਦਾਨ ਸੀ, ਵਿਚ ਇਕ ਕੁਟੀਆ ਸੀ। ਇਸ ਦੇ ਅੰਦਰ ਇਕ ਬੜਾ ਵੱਡਾ ਪਲੰਘ ਦੰਦ ਖੰਦ ਦੇ ਪਾਵਿਆਂ ਵਾਲਾ ਪੜਾਵਿਆਂ ਤੇ ਬੀੜਿਆ ਡੱਠਾ ਰਹਿੰਦਾ ਸੀ, ਜਿਸ ਪਰ ਸੁੰਦਰ ਸੇਜਾ ਵਿਛੀ ਰਹਿੰਦੀ ਸੀ। ਆਸ਼੍ਰਮ ਵਿਚ ਇੱਕਰੀਆਂ ਰੱਖੀਆਂ ਹੋਈਆਂ ਸਨ ਜੋ ਸਾਧੂਆਂ ਨੂੰ ਦੁਧ ਦਾ ਸੁਖ ਦੇਂਦੀਆਂ ਸਨ। ਕਈ ਇਕ ਜਗਿਆਸੂ ਬੀ ਸਿੱਖਿਆ ਪਾਉਣ ਵਾਲੇ ਇਸ ਉਪਬਨ ਵਿਚ ਆਪੋ ਆਪਣੀਆਂ ਤ੍ਰਿਣ ਕੁਟੀਆਂ ਪਾਕੇ ਰਹਿੰਦੇ ਸੇ। ਇਹਕੁਛਵਿੱਦਯਾ ਪੜ੍ਹਦੇ ਸੇ, ਪਰਵਿਸ਼ੇਸ਼ ਜੋਗ ਮਾਰਗ ਦੀ ਤੰਤ੍ਰ ਵਿੱਦਯਾ ਦੇ ਅਭਿਆਸ ਸਿਖਦੇ ਸੇ।

ਬਗੀਚੇ ਦੇ ਅੰਦਰ ਕਦਮ ਰਖਣ ਲਗਿਆਂ ਤਾਂ ਇਹ ਡੇਰਾ ਸ਼ੈਵ ਜਾਪਦਾ ਸੀ। ਦਰਵਾਜ਼ੇ ਦੇ ਬਾਹਰ ਵਾਰ ਤ੍ਰਿਸੂਲ ਗੱਡੀ ਸੀ ਅਤੇ ਸਿਰੇ ਤੇ ਇਕ ਖੋਪਰੀ ਜਿਹੀ ਲਟਕਦੀ ਦਿੱਸਦੀ ਸੀ। ਅੰਦਰ ਜਾਓ ਤਾਂ ਇਕ ਥੜੇ ਪਰ ਕੁਛ ਸੰਖ ਚੱਕ੍ਰਾਕਾਰ ਬੀੜ ਰਖੇ ਸੇ। ਕੁਛ ਅਗੇ ਜਾਕੇ ਪੱਥਰ ਦੀ ਗਊ ਦੀ ਮੂਰਤੀ ਧਰੀ ਸੀ। ਇਕ ਥਾਵੇਂ ਦੇਵੀ ਸ਼ਿਲਾ ਦੀ ਬਣੀ ਪਈਸੀ। ਇਕ ਗੁੰਬਜ਼ਦਾਰ ਚਬੂਤਰਾ ਸੀ, ਏਥੇ ਕ੍ਰਿਸ਼ਨ ਮੂਰਤੀ ਸੀ, ਪਰ ਔਨ ਕੁਟੀਆ ਦੇ ਅਗੇ ਰਾਮ ਤੀਰ ਚਲਾ ਰਹੇ ਦਾ ਚਿੰਨ੍ਹ ਮਾਤ੍ਰ ਦਿੱਸਦਾ ਸੀ। ਕੁਟੀ ਦੇ ਉਤੇ ਸੰਖ, ਤੀਰ, ਰੁਦਰਾਖ ਦੀਆਂ ਮਾਲਾਂ, ਬਿੱਲਾਂ ਦੇ ਪੱਤੇ ਹਾਰ, ਤੁਲਸੀ ਦੀ ਮਾਲਾ ਤੇ ਤਾਜ਼ੇ ਫੁਲਾਂ ਦੇ ਸਿਹਰੇ ਲਟਕ ਰਹੇ ਸੇ। ਇਕ ਰਨੇਸ਼ ਤੇ ਇਕ ਸ਼ੇਰ ਦਾ ਆਕਾਰ ਕੰਧ ਉਤੇ ਸੰਧੂਰ ਨਾਲ ਵਾਹਿਆ ਹੋਇਆ ਸੀ, ਮਾਨੋਂ ਸਹਿਮ ਤੇ ਟਿਕਾਉ ਦੇ ਮਿਸ਼੍ਰਤ ਸਾਮਾਨ ਰਚ ਰਖੇ ਸੇ। ਕੁਟੀ ਤੇ ਬਗੀਚਾ ਸੁਹਣੇ ਸੇ, ਪਰ ਅੰਦਰ ਗਿਆਂ ਸੁਰਤ ਉਤੇ ਖੇੜੇ ਦਾ ਅਸਰ ਨਹੀਂ ਸੀ ਪੈਂਦਾ। ਆਸ਼੍ਰਮ ਇਹ ਬੈਰਾਗੀਆਂ ਦਾ ਸੀ, ਪਰ ਚਿੰਨ੍ਹ ਸਾਰੇ ਖਿਚੜੀ ਵਾਂਗੂ ਰਲੇ ਮਿਲੇ ਸੇ।

ਦਿਨ ਚੜ੍ਹ ਆਇਆ, ਦੁਪਹਿਰਾਂ ਹੋ ਗਈਆਂ। ਸਾਵਣ ਭਾਦੋਂ ਦੀ ਰੁਤ ਹੈ, ਧੁੱਪ ਡਾਢੀ ਚੁਭ ਰਹੀ ਹੈ। ਆਸ਼੍ਰਮ ਦੇ ਸਾਧੂ ਭੋਜਨ ਤਿਆਰ ਕਰ ਚੁਕੇ ਸਨ, ਸ੍ਵਾਮੀ ਜੀ ਦੀ ਉਡੀਕ ਵਿਚ ਸਨ ਕਿ ਔਣ ਤਾਂ ਭੋਜਨ ਪਾਉਣ ਪਰ ਉਹ ਅੱਜ ਸਵੇਰ ਦੇ ਗਏ ਮੁੜੇ ਨਹੀਂ। ਭੁਖੇ ਸਾਧ ਰਾਹਾਂ ਤੱਕ ਰਹੇ ਹਨ। ਇੰਨੇ ਨੂੰ ਕੁਛ ਧੂੜ ਉਡੀ, ਕੋਈ ਦੂਰੋਂ ਆਸ਼੍ਰਮ ਵੱਲ ਆਉਂਦੇ ਦਿੱਸੇ। ਟਾਪਾਂ ਦੀ ਆਵਾਜ਼ ਆਈ, ਪਲੋ-ਪਲੀ ਵਿਚ ਇਕ ਮਹਾਂ ਤੇਜੱਸ੍ਵੀ, ਮਹਾਂ ਬਲੀ ਪ੍ਰਤਾਪ ਸ਼ੀਲ ਮਹਾਂ ਪੁਰਸ਼ ਘੋੜੇ ਤੇ ਚੜ੍ਹੇ ਆ ਗਏ, ਦਸ ਪੰਜ ਜੋਧੇ ਨਾਲ ਘੋੜਿਆਂ ਤੇ ਸਵਾਰ ਸਨ, ਏਕਾ ਏਕੀ ਆਸ਼੍ਰਮ ਦੇ ਅੰਦਰ ਆ ਗਏ। ਸਾਧੂ ਸਹਿਮ ਗਏ, ਕੁਛ ਅਸਚਰਜ ਹੋ ਗਏ, ਪਰ ਕੁਛ ਧੂਹ ਬੀ ਪਈ, ਏਵੇਂ ਸਿਰ ਝੁਕ ਗਏ ਤੇ ਅਦਬ ਨਾਲ ਖੜੇ ਹੋ ਗਏ।

ਮਹਾਂ ਬਲੀ—ਸਾਧੂ ਜਨੋਂ! ਤੁਮਾਰਾ ਆਚਾਰਯ ਕਹਾਂ ਹੈ?

ਸਾਧੂ—ਜੀ ਕਹੀਂ ਬਨ ਮੇਂ ਸਮਾਧੀ ਲਗਾਏ ਬੈਠੇ ਹੋਂਗੇ।

ਮਹਾਂ ਬਲੀ—ਹਮ ਆਪ ਕੇ ਆਸ਼੍ਰਮ ਆਏ ਹੈਂ, ਖੁਦ੍ਰਾ ਲਗ ਰਹੀ ਹੈ, ਭੋਜਨ ਛਕਾਓ?

ਸਾਧੂ—ਜੀ ਭੋਜਨ ਤੋ ਤਿਆਰ ਹੈ, ਪਰੰਚ ਸ੍ਵਾਮੀ ਜੀ ਨਹੀਂ ਆਏ, ਆਪ ਅਚੋਂ ਤੋ ਪਾਛਲ ਕਿਸੂ ਕੋ ਮਿਲੇ।

ਮਹਾਂ ਬਲੀ—ਸ੍ਵਾਮੀ ਜੀ ਕੋ ਮਿਲਨੇ ਆਇਓਂ ਕੋ ਤੋ ਖਿਲਾ ਦੋ।

ਸਾਧੂ—ਐਸਾ ਹੋਨਾ ਹਮਾਰੇ ਅਧੀਨ ਨਹੀਂ।

ਮਹਾਂ ਬਲੀ(ਆਪਣੇ ਜੋਧਿਆਂ ਨੂੰ)—ਰਾਮਸਿੰਘ! ਪ੍ਰਸ਼ਾਦ ਤਿਆਰ ਕਰੋ।

ਮਹਾਂਬਲੀ ਜੀ ਅਗੇ ਵਧੇ, ਘੋੜੇ ਤੋਂ ਉਤਰੇ; ਇਕ ਨਾਲ ਵਾਲੇ ਪ੍ਰੇਮੀ ਨੇ ਘੋੜਾ ਰੁੱਖ ਨਾਲ ਬੱਧਾ, ਆਪ ਕੁਟੀ ਦੇ ਅੰਦਰ ਲੰਘਾਏ ਤੇ ਪਲੰਘਉਤੇ ਜਾਕੇਬੈਠ ਗਏ। ਬਾਕੀ ਦੇ ਸਾਥੀ ਬਗੀਚੇ ਵਿਚ ਫਿਰ ਨਿਕਲੇ, ਦੋਂਹ ਕੁ ਨੇ ਫਲ ਲੱਭ ਲਿਆਂਦੇ। ਦੋ ਸਿੰਘਾਂ ਨੇ ਬਕਰੀਆਂ ਵਿਚੋਂ ਲੱਭਕੇ ਇਕ ਬਕਰੇਦਾਸ਼ਿਕਾਰ ਕੀਤਾ। ਦੇਖਦੇਹੀ ਦੇਖਦੇ ਪ੍ਰਸ਼ਾਦ ਤਿਆਰਕਰ ਲਿਆ। ਅੰਦਰ ਖਬਰ ਦਿੱਤੀ, ਇਕ ਸੁਹਣਾ ਥਾਂ ਸਾਫ ਕੀਤਾ ਗਿਆ ਤੇ ਓਥੇ ਮਹਾਂਬਲੀ ਜੀ ਆ ਬੈਠੇ। ਨਾਲ ਸਾਥੀਆਂ ਨੂੰ ਬਿਠਾ ਲਿਆ ਤੇ ਸਾਰਿਆਂ ਨੇ ਪ੍ਰਸ਼ਾਦ ਛਕ

ਲਿਆ। ਪ੍ਰਸ਼ਾਦੇ ਛਕ ਕੇ ਆਪ ਤਾਂ ਪਲੰਘ ਤੇ ਬਿਰਾਜ ਗਏ, ਦੋ ਕੁ ਜਣੇ ਆਪ ਦੇ ਚਰਨ ਚਾਪਨ ਲੱਗੇ। ਕੁਛ ਨੇ ਘੋੜਿਆਂ ਨੂੰ ਪੱਠੇ ਪਾਏ ਤੇ ਹੋਰ ਕੰਮੀ ਲਗ ਗਏ।

ਆਸ਼੍ਰਮ ਦੇ ਸਾਧੂ ਵੇਖ ਵੇਖਕੇ ਅਸਚਰਜ ਹੋ ਰਹੇ ਸੇ, ਬੈਰਾਗੀ ਦਾ ਆਸ਼੍ਰਮ, ਮਹਾਂ ਵੈਸ਼ਨਵ ਅਸਥਾਨ ! ਇੱਥੇ ਮਾਸ ਰਿੱਧਾ ਤੇ ਖਾਧਾ ਗਿਆ ! ਪਰ ਡਰੇ ਹੋਏ ਇੰਨੇ ਸਨ ਕਿ ਬੋਲੇ ਕੁਝ ਨਾ। ਫਿਰ ਆਪਣੇ ਸੁਆਮੀ ਦੇ ਪਲੰਘ ਉੱਤੇ ਦੂਏ ਦਾ ਬਿਸਰਾਮ, ਇਹ ਬੀ ਗੱਲ ਭਾਈ ਜਾਣ ਵਾਲੀ ਨਹੀਂ ਸੀ, ਕੁਝ ਚਿਰ ਕਿਚਕਚਾ ਕੇ ਦੋ ਜਣੇ ਚਲੇ ਗਏ ਤੇ ਜਾ ਆਪਣੇ ਸੁਆਮੀ 'ਮਾਧੋ ਦਾਸ' ਨੂੰ ਬਨ ਵਿਚ ਲੱਭਾ ਤੇ ਸਾਰੀ ਵਿਥਿਆ ਦੱਸੀ। ਉਹ ਸੁਣਕੇ ਨੀਲਾ ਪੀਲਾ ਹੋਣ ਲਗਾ। ''ਅੱਛਾ ਦਿਖਾਵੇਂ ਬੱਕਰਾ ਮਾਰਨੇ ਕਾ ਸੁਆਦ'' ! ਇਹ ਕਹਿਕੇ ਖੜਾ ਹੋ ਗਿਆ, ਸਿਰ ਅਸਮਾਨ ਵੱਲ ਚੱਕਿਆ ਗਿਆ ਤੇ ਅੱਖਾਂ ਟੂਟਕ ਬੰਨ੍ਹ ਖਲੋਤੀਆਂ, ਕੁਛ ਅਵਾਜ਼ ਬੀ ਆਵੇ, ਪਰ ਸਮਝੀਵੇ ਕੁਝ ਨਾ।

ਉਧਰ ਮਹਾਂ ਬਲੀ ਜੀ ਦੇ ਪੈਰ ਦੱਬਣ ਵਾਲੇ ਪ੍ਰੇਮੀ ਇਕ ਨੇ ਕਿਹਾ 'ਪਾਤਸ਼ਾਹ ! ਭੁਚਾਲ ਤਾਂ ਨਹੀਂ ਆਇਆ, ਪਲੇ ਪਲੇ ਪਲੰਘ ਕੁਛ ਹਿਲਦਾ ਜਾਪਦਾ ਹੈ ?'

ਮਹਾਂ ਬਲੀ—ਭੁਚਾਲ ਨਹੀਂ, ਸਾਧੂ ਜੀ ਪਲੰਘ ਉਲਟਾਉਣ ਦਾ ਜ਼ੋਰ ਲਾ ਰਹੇ ਹਨ।

ਪ੍ਰੇਮੀ—ਕਿਵੇਂ ?

ਮਹਾਂ ਬਲੀ—ਉਹ ਮਨ ਦੀ ਇਕਾਗ੍ਰਤਾ ਦਾ ਅਭਿਆਸੀ ਹੈ। ਇਕਾਗ੍ਰ ਮਨ ਜੇ ਵਾਹਿਗੁਰੂ ਵਿੱਚ ਨਾ ਜੁੜੇ ਤੇ ਪਦਾਰਥਾਂ ਪਰ ਜੁੜੇ ਤਾਂ ਇੱਕ ਖਾਸ ਹੱਦ ਤੱਕ ਵਾਸ਼ਨਾਂ ਤ੍ਰਿਸ਼ਨਾਂ ਦੀ ਪੂਰਨਤਾ ਹੁੰਦੀ ਹੈ। ਸੋ ਉਹ ਇਕਾਗ੍ਰ ਚਿਤ ਹੋਕੇ ਪਹਿਲਾਂ ਇਹ ਜ਼ੋਰ ਪਲੰਘ ਦੇ ਉਲਟਾਉਣ ਦਾ ਲਾਉਂਦਾ ਰਿਹਾ ਹੈ, ਹੁਣ ਉਹ ਕੁਝ ਕਰ ਰਿਹਾ ਹੈ, ਜਿਸ ਨੂੰ ਜਾਦੂਗਰੀ ਦੇ ਨਾਮ ਨਾਲ ਲੋਕੀਂ ਯਾਦ ਕਰਦੇ ਹਨ। ਦੁਨੀਆਂ ਵਿੱਚ ਚੰਗੀਆਂ ਮੰਦੀਆਂ ਅਨੰਤ ਸ਼ਕਤੀਆਂ ਤੇ ਵਸਤੂਆਂ ਦ੍ਰਿਸ਼ ਅਦ੍ਰਿਸ਼ ਹਨ, ਉਹ ਹੁਣ ਆਪਣੀਆਂ ਸਾਧੀਆਂ ਬਲਵਾਨ ਤਾਕਤਾਂ ਨੂੰ ਇਸ ਪਾਸੇ ਲਾ ਰਿਹਾ ਹੈ।

ਇੰਨੇ ਨੂੰ ਪਲੰਘ ਨੂੰ ਫੇਰ ਹਲੂਣਾ ਆਇਆ, ਪ੍ਰੇਮੀ ਫੇਰ ਬੋਲੇ: 'ਜੀ ਇਹ ਫੇਰ ਹਿੱਲਿਆ ਜੇ ?'

ਮਹਾਂ ਬਲੀ ਜੀ—ਫਿਕਰ ਨਾ ਕਰੋ; ਪਲੰਘ ਡਿਗਦਾ ਨਹੀਂ, ਪਰਮੇਸ਼ੁਰ ਪਰ ਭਰੋਸੇ ਵਾਲੇ ਤੇ ਨਾਮਰਸੀਆਂ ਨੂੰ ਆਪਣੇ ਅੰਦਰ ਆਪਣੇ ਧਿਆਨ ਵਿਚ ਟਿਕ ਕੇ ਅਡੋ ਬੈਠ ਜਾਣਾ ਚਾਹੀਏ, ਉਸ ਪਰ ਕੋਈ ਵਾਰ ਨਹੀਂ ਚਲ ਸਕਦਾ, ਉਸਦਾ ਅਡੋਲ ਤੇ ਅਹਿੱਲ ਟਿਕਾਉ ਹੀ ਬੱਸ ਹੈ।

ਪ੍ਰੇਮੀ—ਫੇਰ ਜੀ ਹੁਣ ਕੀ ਹੋਵੇਗਾ ? ਪਲੰਘ ਫੇਰ ਹਿਲਦਾ ਹੈ।

ਮਹਾਂ ਬਲੀ ਨੇ ਇਕ ਤੀਰ ਉਠਾ ਕੇ ਪਲੰਘ ਤੇ ਰੱਖਕੇ ਜ਼ਰਾ ਦਬਾ ਦਿੱਤਾ, ਤੇ ਕਿਹਾ:—ਹੁਣ ਹਿੱਲੇਗਾ ਬੀ ਨਹੀਂ, ਹਿਲਾਉਣ ਵਾਲਾ ਜ਼ੋਰ ਲਾ ਲਾਕੇ ਆਪ ਹੁੱਟ ਜਾਏਗਾ। ਉਸ ਦੇ ਬਲ ਦਾ ਅਕਾਰਥ ਲੱਗਣਾ ਤੇ ਕਾਮਯਾਬੀ ਨਾ ਹੋਣੀ ਆਪੇ ਹੀ ਉਸਦੇ ਲਈ ਕਮਜ਼ੋਰੀ ਤੇ ਮਨ ਦੀ ਹਾਣਤ ਪੈਦਾ ਕਰੇਗਾ। ਮਾੜੇ ਕੰਮ ਅੰਤ ਕਰਨ ਹਾਰ ਨੂੰ ਥਕਾ ਦੇਂਦੇ ਹਨ।

ਹੁਣ ਆਪ ਬਿਰਾਜੇ ਰਹੋ, ਫੇਰ ਪਲੰਘ ਨਹੀਂ ਹਿੱਲਿਆ। ਕੁਝ ਸਮਾਂ ਬੀਤਿਆ ਤਾਂ ਬਾਹਰੋਂ ਕੁਝ ਰੌਲਾ ਸੁਣਾਈ ਦਿੱਤਾ। ਸਾਧੂ ਜੀ ਆ ਗਏ ਸੇ ਤੇ ਆਸ਼੍ਰਮ ਦੇ ਬੰਦੇ ਫਰਯਾਦਾਂ ਕਰ ਰਹੇ ਸੇ, ਤੇ ਉਹ ਕਹਿ ਰਿਹਾ ਸੀ: ''ਅੱਗੇ ਤਾਂ ਕੋਈ ਨਹੀਂ ਸੀ ਕਦੇ ਟਿਕਿਆ ਜੋ ਆਇਆ ਮੂੰਹ ਦੀ ਖਾਕੇ ਗਿਆ ਹੈ, ਇਹ ਰਤਾ ਕੋਈ ਤਕੜਾ ਹੈ, ਪਰ ਹੱਛਾ ਹੁਣੇ ਲੈਂਦੇ ਹਾਂ।'' ਇਹ ਕਹਿਕੇ ਅੱਗੇ ਵਧਿਆ, ਕੁਟੀ ਦੇ ਨੇੜੇ ਜਾਕੇ ਬਾਹਰ ਠਠੰਬਰ ਗਿਆ। ਕੀ ਵੇਖਦਾ ਹੈ ਕਿ ਪਲੰਘ ਦੇ ਸਿਰ੍ਹਾਂਦੀ ਤੇ ਪੁਆਂਦੀ ਇਕ ਇਕ ਜਥੇ ਵਾਲਾ ਆਦਮੀ ਭੁੰਜੇ ਬੈਠਾ ਹੈ, ਮੂੰਹ ਕੁਟੀ ਦੇ ਬਾਹਰ ਪਾਸੇ ਦੇ ਰੁਖ ਵੰਨੇ ਹਨ ਤੇ ਚੌਕੜੇ ਮਾਰੇ ਅਡੋਲ ਬੈਠੇ ਹਨ। ਪਲੰਘ ਦੇ ਉਤੇ ਵਿਚਕਾਰੇ ਇਕ ਮਹਾਨ ਤੇਜੱਸ੍ਵੀ ਜੀ ਬੈਠੇ ਹਨ, ਨੈਣ ਬੰਦ ਹਨ, ਦੋਵੇਂ ਹੱਥ ਪੱਟਾਂ ਤੇ ਧਰੇ ਹਨ, ਸਰੀਰ ਕੱਸਿਆ ਹੋਇਆ ਤੇ ਅਡੋਲ ਹੈ, ਮੱਥੇ ਤੇ ਜਗਮਗਾਹਟ ਹੈ, ਕੋਈ ਵਟ ਨਹੀਂ ਪਿਆ ਹੋਇਆ, ਮਾਨੋਂ—ਨੈਣ ਤੇ ਬੁੱਲ੍ਹ ਮਿਟੇ ਹੋਏ, ਪਰ—ਇਕ ਖੇੜੇ ਦਾ ਰੰਗ ਜਮ ਰਿਹਾ ਹੈ। ਸਾਧੂ ਹੁਣ ਉੱਥੇ ਹੀ ਖੜਾ ਹੋ ਗਿਆ, ਨੈਣਾਂ ਨੂੰ ਪਲੰਘ ਤੇ ਬੈਠੀ ਸੂਰਤ ਤੇ ਗੱਡ ਦਿੱਤਾ, ਦੰਦਾਂ ਨਾਲ ਦੰਦ ਜੁੜ

ਗਏ, ਜੀਭ ਦਾ ਸਿਰਾ ਵਿੱਚ ਆ ਟਿਕਿਆ, ਰਿੱਚੀ ਆਕੜ ਗਈ, ਨੈਣ ਹਿੱਲਣਾ ਭੁੱਲ ਗਏ, ਇਨ੍ਹਾਂ ਵਿਚ ਇਕ ਲਾਲੀ ਤੇ ਕਹਿਰ ਦਾ ਰੰਗ ਫਿਰ ਗਿਆ, ਭਵਾਂ ਕਮਾਨ ਚੜ੍ਹ ਗਈਆਂ, ਭਵਾਂ ਦੇ ਵਿਚਕਾਰ ਵੱਟ ਫਿਰ ਗਿਆ। ਇਹ ਮੂਰਤੀ ਬਣ ਕੇ ਸਾਧੂ ਦੇਰ ਤੱਕ ਖੜਾ ਰਿਹਾ, ਜਰਿਆਸੂ ਬੀ ਸਾਰੇ ਮਗਰ ਸਵ ਬੰਨ੍ਹ ਖਲੋਤੇ, ਜਿਵੇਂ ਸੁਆਮੀ ਸੀ ਤਿਵੇਂ ਉਹ ਭੀ ਨਜ਼ਰਾਂ ਬੰਨ੍ਹ ਖਲੋਤੇ। ਮਹਾਂ ਬਲੀ ਜੀ ਦੇ ਬਾਕੀ ਸਾਥੀ ਹੁਣ ਵਿਹਲੇ ਹੋਕੇ ਜੋ ਆਏ ਤਾਂ ਇਹ ਕੌਤਕ ਤੱਕਕੇ ਖੜੇ ਹੋ ਗਏ, ਉਹ ਘਬਰਾਏ ਨਹੀਂ ਹੱਸਕੇ ਤਮਾਸ਼ਾ ਦੇਖਣ ਖੜੇ ਗਏ। ਓਹ ਜਾਣਦੇ ਸੀ ਕਿ ਮਹਾਂ ਬਲੀ ਜੀ ਸੁਤੇ ਸ਼ਕਤੀਮਾਨ ਹਨ, ਉਨ੍ਹਾਂ ਤੇ ਕੋਈ ਤ੍ਰਾਟਕ ਸ਼ਕਤੀ ਅਸਰ ਨਹੀਂ ਕਰੇਗੀ; ਭਾਵੇਂ ਸਾਧੂ ਅੱਖਾਂ ਜਮਾਈ ਉਨਾਂ ਨੂੰ ਵਸੀਕਰਨ ਦਾ ਅੰਤ੍ਰੀਵ ਜ਼ੋਰ ਲਾ ਰਿਹਾ ਹੈ, ਪਰ ਪੇਸ਼ ਨਹੀਂ ਜਾਣੀ।

ਕੋਈ ਤੈ ਕ ਘੜੀਆਂ ਇਸ ਤਰ੍ਹਾਂ ਬੀਤੀਆਂ ਹੋਣਗੀਆਂ ਕਿ ਸਾਧੂ ਦੇ ਜਰਜਾਸੂ ਇਕ ਇਕ ਕਰਕੇ ਅੱਖਾਂ ਮੀਟਦੇ, ਝੋਂਦੇ, ਨਿਉਂਦੇ, ਡਿੱਗਦੇ ਲੰਮੇ ਪੈਂਦੇ ਗਏ, ਅੰਤ ਸੁਆਮੀ ਜੀ ਆਪ ਬੀ ਧੜ ਕਰਕੇ ਢੱਠੇ ਜਿਵੇਂ ਕੋਈ ਦੇਉ ਢਹਿੰਦਾ ਹੈ। ਅੱਖਾਂ ਉੱਪਰ ਨੂੰ ਚੜ੍ਹ ਗਈਆਂ, ਚਿਹਰਾ ਕਾਲਾ ਪੈ ਗਿਆ ਤੇ ਮੂੰਹ ਵਿਚੋਂ ਕੁਝ ਝੱਗ ਪਲਟ ਆਈ ਤੇ ਲੰਮੇਂ ਲੰਮੇਂ ਸਾਹ ਲੈਣ ਲੱਗ ਗਿਆ। ਮਹਾਂ ਬਲੀ ਦੇ ਨਾਲ ਦੇ ਜੋਧੇ ਜੋ ਖੜੇ ਤਮਾਸ਼ਾ ਵੇਖਦੇ ਸੇ, ਪਹਿਲਾਂ ਤਾਂ ਹੱਸ ਪਏ ਤੇ ਇਕ ਮਿਲਵੀਂ ਅਵਾਜ਼ ਜ਼ੋਰ ਦੀ ਨਾਲ ਬੋਲੇ:—

"ਸਤਿ ਸ੍ਰੀ ਅਕਾਲ !"

ਪਰ ਫੇਰ ਉਨ੍ਹਾਂ ਨੇ ਅੱਗੇ ਹੋ ਕੇ ਸਾਧੂ ਨੂੰ ਚਾ ਲਿਆ, ਇਕ ਨੇ ਸਿਰ ਆਪਣੇ ਪੱਟਾਂ ਤੇ ਲਿਆ ਤੇ ਕਪਾਲ ਵਿਚ ਉਂਗਲਾਂ ਨਾਲ ਸਹਿਲਾਉਣਾ ਸ਼ੁਰੂ ਕੀਤਾ, ਦੋ ਜਣਿਆਂ ਨੇ ਤਲੀਆਂ ਝੱਸਣੀਆਂ ਅਰੰਭ ਦਿੱਤੀਆਂ, ਇਕ ਨੇ ਪਿੰਡਲੀਆਂ ਦਬਾਈਆਂ, ਇਕ ਪੱਖਾ ਕਰਨ ਲੱਗਾ, ਇਕ ਨੇ ਮੂੰਹ ਖੋਲ੍ਹ ਕੇ ਠੰਡੀ ਉਚੀ ਕਰਕੇ ਜੀਭ ਰਤਾ ਬਾਹਰ ਨੂ ਹੇਠ ਵਾਰ ਕਰਕੇ ਖਿੱਚੀ, ਕੁਝ ਚਿਰ ਮਗਰੋਂ ਅੱਖਾਂ ਦੇ ਡੇਲੇ ਹੇਠਾਂ ਆਕੇ ਬਾਵੇਂ ਹੋ ਗਏ। ਪਹਿਲਾਂ ਚਿਹਰੇ ਦਾ ਰੰਗ ਸੂਹਾ ਤੇ ਫੇਰ ਬੱਗਾ ਹੋ ਗਿਆ। ਹੁਣ ਨਾੜ ਠੀਕ ਟੁਰ ਪਈ ਤੇ ਸਾਧੂ ਜੀ ਹੋਸ਼ ਵਿਚ ਆ ਗਏ। ਇਸ ਵੇਲੇ ਇਕ ਬੱਕਰੀ ਦਾ ਦੁੱਧ ਆਪ ਦੇ ਸੰਘ ਵਿਚ ਚੋਇਆ ਗਿਆ। ਇਸੇ ਤਰ੍ਹਾਂ ਬਾਕੀ ਦੇ ਸਾਧੂ ਵੀ ਤਲੀਆਂ ਝੱਸਣ ਨਾਲ ਹੋਸ਼ ਵਿਚ ਆ ਗਏ। ਇਕ ਦੋਂਹ ਨੂੰ ਹੋਸ਼ ਨਾ ਆਈ ਤਾਂ ਇਕ ਜੋਧੇ ਨੇ ਉਨ੍ਹਾਂ ਦੇ ਪੱਟਾਂ ਤੇ ਖੜੇ ਕੇ ਸਾਰਾ ਭਾਰ ਪਾ ਕੇ ਜ਼ਰਾ ਲਿਤਾੜ ਦਿੱਤਾ। ਇਕ ਨੇ ਬੇਹੋਸ਼ ਦੇ ਪੱਟਾਂ ਤੇ ਹੱਥਾਂ ਨਾਲ ਜ਼ੋਰ ਪਾਇਆ, ਤਦ ਊਈ, ਹਾਇ ! ਹਾਇ ! ਹਾਇ ! ਕਰਦੇ ਸਾਰੇ ਹੋਸ਼ ਵਿਚ ਆ ਗਏ।

ਮਾਧੋ ਦਾਸ ਹੁਣ ਇਉਂ ਸੀ ਜਿਵੇਂ ਨੁੱਚੜਿਆ ਹੋਇਆ ਨਿੰਬੂ, ਨਿਸੱਤਾ ਫੋਗ ਤੇ ਕਮਜ਼ੋਰ, ਇਕ ਸੱਜਨ ਦੀ ਬਾਂਹ ਦਾ ਆਸਰਾ ਲੈਕੇ ਕੁਟੀ ਦੇ ਅੰਦਰ ਗਿਆ ਤੇ ਪਲੰਘ ਦੀ ਹੀਂਹ ਨੂੰ ਫੜਕੇ ਮਹਾਂਬਲੀ ਜੀ ਦੇ ਚਰਨ ਤੇ (ਜੋ ਚੌਕੜੀ ਕਰਕੇ ਰੋਂਦ ਵਿਚ ਸੀ) ਸਿਰ ਧਰ ਦਿੱਤਾ। ਆਪ ਇਸ ਵੇਲੇ ਖਿੜੇ ਕਮਲਾਂ ਵਾਂਗ ਹੱਸ ਰਹੇ ਸੇ ਤੇ ਕਹਿ ਰਹੇ ਸੇ:—

"ਬਿਨਾ ਸਰਣ ਤਾਕੀ ਨਹੀ ਅਉਰ ਓਟ।"

ਮਾਧੋ ਦਾਸ ਦਾ ਸਿਰ ਜਾਂ ਗੋਂਦ ਵਿਚਲੇ ਚਰਨ ਨੂੰ ਛੋਹਿਆ, ਤਦ ਸਿਰ ਨੂੰ ਇਕ ਠੰਢ ਪਈ, ਇਹ ਠੰਢ ਸ਼ਰੀਰ ਵਿਚ ਫਿਰੀ, ਇਕ ਲਹਿਰ ਵੱਜੀ, ਇਕ ਝਟਾਕ ਜਾਰੀ ਹੋ ਗਈ. ਐਉਂ ਭਾਸਣ ਲੱਗਾ ਜਿਵੇਂ ਬਿਜਲੀ ਦੀ ਲਹਿਰ ਪੈਂਦੀ ਹੈ। ਸਿਰ ਉਸ ਦਾ ਹਲਕਾ ਹੋ ਗਿਆ, ਮਾਨੋਂ ਹੈ ਹੀ ਨਹੀਂ। ਚਰਨਾਂ ਵਿਚੋਂ ਇਕ ਰੌ ਉੱਠਦੀ ਹੈ ਤੇ ਸਾਧੂ ਦੇ ਸਿਰ ਵਿਚ ਜਾਂਦੀ ਹੈ। ਮਾਧੋ ਨੇ ਜਾਤਾ ਮੈਂ ਕਿਸੇ ਝਰਨਾਟਾਂ ਦੇ ਰੌਲੇ ਨਾਲ ਆ ਸਿਰ ਲਾਇਆ ਹੈ। ਹਾਂ, ਹੁਣ ਸ਼ਰੀਰ ਹਲਕਾ ਹੋ ਗਿਆ, ਸ਼ਰੀਰ ਵਿਚ ਰੌ ਫਿਰੀ, ਕਾਂਬਾ ਆਵੇ ਤੇ ਠੰਢ ਫਿਰ ਜਾਏ, ਫੇਰ ਲਹਿਰ ਉਠੇ ਤੇ ਲੂੰ ਲੂੰ ਝਰਨਾਟ ਵਿਚ ਲਹਿਰ ਜਾਏ, ਸਾਰਾ ਸ਼ਰੀਰ ਬਿਜਲੀ ਵਾਂਙ ਦਮਕ ਉੱਠੇ*। ਹਾਂ, ਹੁਣ

*ਭਾਈ ਪ੍ਰਭ ਦਿਆਲ ਜੀ ਪਿਸ਼ੌਰ ਵਿਚ ਇਕ ਵਕੀਲ ਸੇ ਜੋ ਐਬਟਾਬਾਦ ਵਾਲੇ ਸਰਦਾਰ ਟੇਚਾਰਾਮ ਦੇ ਸਪੁਤ੍ਰ ਸ਼ਹਿਜਧਾਰੀ ਸਿੱਖ ਸੇ। ਆਪ ਦੱਸਦੇ ਸੀ ਕਿ ਓਹ ਜਦ ਚਿਲਾਸ ਦੇ ਇਲਾਕੇ ਕਿਸੇ ਕੰਮ ਗਏ ਤਾਂ ਇਕ ਸੋਹਣਾ ਜਿਹਾ ਪਠਾਣ ਉਨ੍ਹਾਂ ਨੂੰ ਮਿਲਿਆ। ਇਸ ਨੇ ਆਪ ਨੂੰ ਦੱਸਿਆ ਕਿ ਮੇਰਾ ਬਾਬਾ ਮਹਾਰਾਜਾ ਰਣਜੀਤ ਸਿੰਘ ਪਾਸ ਨੌਕਰ ਸੀ। ਮੇਰੇ ਬਾਬੇ ਨੇ ਆਪਣੀ ਅੱਖੀਂ ਡਿੱਠਾ ਇਕ ਸਮਾਚਾਰ ਸੁਣਾਇਆ ਸੀ ਜੋ ਐਉਂ ਸੀ ਕਿ—"ਇਕ ਦਿਨ ਮਹਾਰਾਜਾ ਜੀ ਕੀਰਤਨ ਸੁਣ ਕੇ ਉਠੇ ਤਾਂ ਕਿਸੇ

[ਬਾਕੀ ਟੁਕ ਦੇਖੋ ਅਗਲੇ ਸਫੇ ਦੇ ਕਾਲਮ ੧ ਦੇਠ]

ਅੰਦਰਲਾ ਕੜ ਪਾਟਾ, ਪੱਥਰ ਹੋ ਚੁਕੇ ਮਨ ਨੇ ਦ੍ਰਵ-ਣਤਾ ਪਾਈ। ਸਾਧੂ ਦਾ ਮਨ ਦ੍ਰਵਿਆ ਨਾਲ ਸ਼ਰੀਰ ਦ੍ਰਵਿਆ, ਜਲ ਭਰ ਆਇਆ ਨੈਣ ਕਟੋਰਿਆਂ ਵਿਚ ਤੇ ਛੁੱਲ੍ਹ ਪਿਆ। ਆਹਾ! ਤ੍ਰਾਟਕਾਂ ਤੇ ਵਿਭੂਤੀਆਂ ਵਿਚ ਸੰਜਮ ਕਰਨ ਵਾਲਾ ਜੋਗੀ, ਤੰਤ੍ਰ ਵਿਦਯਾ ਦਾ ਤਾਂਤ੍ਰੀ, ਕਠੋਰਮਨ ਵਰਗ ਟੁਰਿਆ ਤਾਂ ਉਸ ਨੂੰ ਆਨੰਦ ਆ ਗਿਆ ਕਿਸੇ ਹੋਰ ਤਰ੍ਹਾਂ ਦਾ। ਇਕ ਰਸ ਇੰਨਰੀ ਖੁਸ਼ਬੋ ਉਸ ਦੇ ਨੱਕ ਨੇ ਪ੍ਰਤੀਤ ਕੀਤੀ, ਇਕ ਸੁਆਦ ਵਰਤ ਗਿਆ। ਬੈਰਾਗੀ ਮਾਧੋ ਦਾਸ ਅਜ 'ਰਸਿਕ ਬੈਰਾਗੀ' ਨਾਲ ਛੁਹ ਕੇ ਰਸ ਵਿਚ ਆ ਗਿਆ —ਆਤਮਾਂ ਦੇ ਰਸ ਵਿਚ। ਬੈਰਾਗੀ ਸੀ, ਤਾਂਤ੍ਰੀ ਸ੍ਰੀ, ਹੋਰ ਰਸਾਂ ਦਾ ਜਾਣੂੰ ਸੀ, ਪਰ ਆਤਮ ਰਸ ਦਾ ਜਾਣੂੰ ਨਹੀਂ ਸੀ। ਅਚਰਜ ਹੈ, ਅਭਿਆਸੀ ਸੀ, ਇਕਾ-ਗ੍ਰਤਾ ਵਾਲਾ ਸੀ, ਫਿਰ ਆਤਮ ਰਸ ਦਾ ਜਾਣੂੰ ਨਹੀਂ ਸੀ ? ਹਾਂ ਨਹੀਂ ਸੀ ! ਉਹ ਇਕਾਗ੍ਰਤਾ ਦੇ ਸਾਧਨ ਮੰਪੱਤੀਆਂ ਨੂੰ ਸ਼ਕਤੀਆਂ ਪ੍ਰਾਪਤ ਕਰਨ ਲਈ ਵਿਭੂਤੀਆਂ ਪਰ ਲਾਉਂਦਾ ਹੁੰਦਾ ਸੀ। ਉਸ ਦਾ ਧਿਆਨ ਆਤਮਾਂ ਤੇ ਨਹੀਂ ਜੁੜਦਾ ਸੀ, ਪਰ ਧਿਆਨ ਅਨਾਤਮਾਂ ਤੇ ਜੁੜਦਾ ਸੀ। ਜੋ ਧਿਆਨ ਆਤਮਾਂ ਤੋਂ ਛੁੱਟ ਹੋਰਥੇ ਜੁੜਦਾ ਹੈ ਉਹ ਉਨ੍ਹਾਂ ਯੋਜ ਪਦਾਰਥਾਂ ਦੇ ਰੰਗ ਵਿਚ ਤਾਂ ਜ਼ਾਂਦਾ ਹੈ, ਪਰ ਆਤਮ-ਰਸ ਵਿਚ ਨਹੀਂ ਜਾ ਸਕਦਾ। ਅਜ ਉਸ ਮਨ ਨੇ ਹਾਰ ਖਾਧੀ, ਤਾਣ, ਮਾਣ ਟੁੱਟਾ, ਹੰਕਾਰ ਟੁੱਟਾ; ਉਸ ਦੇ ਅੰਤਰ ਜੋਤ ਜਗੀ ਤਾਂ ਆਤਮ ਰਸ ਆਇਆ ! ਹੁਣ ਮਹਾਂ ਬਲੀ ਜੀ ਦਾ ਪਵਿੱਤ੍ਰ ਹੱਥ ਸੁਆਹ ਵਾਲੀ ਪਿੱਠ ਤੇ ਫਿਰਿਆ। ਸੁਆਹ ਮਲੇ ਸਿਰ ਤੇ ਫਿਰਿਆ, ਹਾਂ ਜੀ ! ਸੁਆਹ ਵਾਲੀਆਂ ਬਉਰੀਆਂ ਤੇ ਫਿਰਿਆ, ਉਸ ਸਿਰ ਉਤੇ ਜਿਸ ਦੇ ਬਾਹਰ ਸੁਆਹ ਹੈ ਤੇ ਅੰਦਰ ਤੇਰੇ ਨਾਲ ਗੁੱਸਾ ਵੱਸ ਚੁੱਕਾ ਹੈ ਸੀ। ਤੂੰ ਹੀ ਹੈਂ ਪਿਆਰ ਦਾ ਸੋਮਾਂ ! ਜੋ ਐਨਾ ਤੁੱਠਦਾ ਹੈਂ, ਕਿ ਹੜ੍ਹ ਆਏ ਦਰਿਆ ਵਾਂਗ ਹੱਦ ਬੰਨੇ ਨਹੀਂ ਜਾਣਦਾ। ਆਹਾ ! ਪਿਆਰਾ ਹੱਥ ਕਿਸ ਪਿਆਰ ਨਾਲ ਸਾਧੂ ਦੇ ਸਿਰ ਤੇ ਫਿਰ ਰਿਹਾ ਹੈ, ਪਿਆਰ ਦਾਨ ਕਰ ਰਿਹਾ ਹੈ, ਪ੍ਰੇਮ ਦੀ ਛੂਤ ਲਾ ਰਿਹਾ ਹੈ, ਜੀਵਨ ਦੀ ਸ਼ਕਤੀ ਭਰ ਰਿਹਾ ਹੈ, ਜੀਅਦਾਨ ਦੇ ਭਗਤੀ ਲਾ ਰਿਹਾ ਹੈ, ਹਰਿ ਨਾਲ ਮਿਲਾ ਰਿਹਾ ਹੈ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਮੋਈ ਜਾਗੀ ॥

ਜਾਗ ਖੁੱਲ੍ਹ ਗਈ, ਹੋਸ਼ ਆ ਗਈ, ਦਾਤੇ ਨੇ ਉਹ ਸੁਆਹ ਭਰਿਆ ਸਿਰ ਚਾਇਆ, ਸੁਆਹ ਲਿੱਬੜੀਆਂ ਗੱਲ੍ਹਾਂ ਤੇ ਠੋਡੀ ਨੂੰ ਸਹਾਰਾ ਦੇਕੇ ਚਾਇਆ। ਅਪਣੇ ਪਿਆਰ ਭਰੇ ਨੇਤ੍ਰਾਂ ਨਾਲ ਉਨ੍ਹਾਂ ਜਾਦੂ ਦੀ ਵਿਹੁ ਦੇ ਸੁਭਾਵੀ ਨੈਣਾਂ ਵਲ ਤੱਕਿਆ, ਉਨ੍ਹਾਂ ਵਿਚ ਅਪਣਾ ਅੰਮ੍ਰਿਤ ਭਰਿਆ। ਨੈਣ ਰੰਗ ਲੈ ਆਏ। ਹੁਣ ਪਿਆਰ ਨਾਥ ਜੀ ਮੁਸਕ੍ਰਾਏ ਤੇ ਬੋਲੇ:—

ਤੂੰ ਕੌਣ ?

ਬੈਰਾਗੀ ਰਸ ਰੰਗ ਵਿੱਚ ਰੱਤਾ ਹਉਂ ਤੋਂ ਛੁੱਟਾ, ਉਨ੍ਹਾਂ ਦਾ ਹੋਇਆ, ਕੀ ਆਖਦਾ, ਮੈਂ ਕੌਣ ਹਾਂ ? ਹਾਂ ! ਜੀਅਦਾਨ ਲੈ ਭਗਤੀ ਵਿਚ ਰੱਤਾ ਹੋਰ ਕੀ ਆਖਦਾ ? ਉਹ ਜੋ ਕੁਝ ਹੋ ਗਿਆ ਸੀ, ਸੋ ਡਾਢੇ ਪਿਆਰ ਤੇ ਰਸ ਵਿਚ ਉਹੋ ਕੁਛ ਬੋਲਿਆ—

"ਜੀ ਮੈਂ ਆਪ ਦਾ 'ਬੰਦਾ'

[ਪਿਛਲੇ ਸਫੇ ਦੀ ਟੁਕ ਦੀ ਬਾਕੀ]

ਪਿਆਰ ਵਿਚ ਹੁਕਮ ਦਿੱਤਾ ਕਿ ਕੋਈ ਸਿੰਘ ਮੇਰੇ ਰਾਜ ਵਿਚ ਲੱਭੇ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪ ਦਰਸ਼ਨ ਕੀਤੇ ਹੋਏ ਹੋਣ। ਹੁਕਮ ਹੋਣ ਪਰ ਸਾਰੇ ਦੇਸ਼ ਵਿਚ ਭਲਾਸ਼ ਅਰੰਭ ਹੋ ਗਈ, ਅੰਤ ਇਕ ਭਿਰਧ ਨਿਹੰਗ ਸਿੰਘ ਲੱਭਾ, ਜਿਸ ਦੀ ਉਮਰ ੧੧੫ ਬਰਸ ਦੀ ਸੀ, ਜਿਸ ਨੂੰ ਪੀਨਸ ਵਿਚ ਬਹਾ ਕੇ ਲਿਆਏ। ਜਦ ਮਹਾਂਰਾਜ ਜੀ ਨੇ ਸੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦਾ ਹਾਲ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਨ੍ਹਾਂ ਦਾ ਸ਼ਰੀਰ ਪਤਲਾ ਤੇ ਨੰਮਾ ਸੀ, ਪਰ ਬਲਕਾਰ ਬਿਅੰਤ ਸੀ, ਅੱਖਾਂ ਦਾ ਤੇਜ ਅਝਲ ਸੀ ਤੇ ਚਰਨਾਂ ਵਿਚ ਕੋਈ ਐਸੀ ਤਾਕਤ ਸੀ ਕਿ ਜਦ ਕਿਸੇ ਦਾ ਮੱਥਾ ਉਨ੍ਹਾਂ ਉਤੇ ਟਿਕੇ ਕਿ ਸਿਰ ਚਰਨਾਂ ਨੂੰ ਛੁਹ ਜਾਵੇ ਤਾਂ ਇਕ ਲਹਿਰ ਅਪਣੇ ਸ਼ਰੀਰ ਵਿਚ ਛੱਟ ਪੈਂਦੀ ਸੀ ਮਾਨੋ ਬਿਜਲੀ ਲਹਿਰੀ ਹੈ ਤੇ ਝਟਨਾਟ ਕੋਈ ਅਜਿਹੀ ਛਿੜਦੀ ਸੀ, ਜਿਸ ਤੋਂ ਇਉਂ ਜਾਪਦਾ ਸੀ ਕਿ ਜਿਸ ਸ਼ਰੀਰ ਨਾਲ ਅਸੀਂ ਛੋਹੇ ਹਾ ਝਰਨਾਟਾਂ ਦਾ ਬਣਿਆ ਹੈ, ਮਿਸੇ ਪਿੰਡ ਦਾ ਨਹੀਂ। ਨਿਹੰਗ ਸਿੰਘ ਆਖਦਾ ਸੀ ਕਿ ਮੇਰਾ ਤੇ ਸਾਰੇ ਸਿੰਘਾਂ ਦਾ ਇਹ ਨਿੱਤ ਦਾ ਤਜਰਬਾ ਹੱਡ ਬੀਤਿਆ ਸੀ। ਇਹ ਕਹਿ ਕੇ ਨਿਹੰਗ ਸਿੰਘ ਵੈਰਾਗ ਵਿਚ ਜਲ ਪੂਰਤ ਹੋ ਗਿਆ।" ਪ੍ਰਭ ਦਿਆਲ ਜੀ ਦੱਸਦੇ ਸਨ ਕਿ ਮੇਰੇ ਨਾਲ ਜ਼ਿਕਰ ਕਰਦਾ ਉਹ ਪਠਾਣ ਬੀ ਇਸੇ ਤਰ੍ਹਾਂ ਅਦਬ ਵਿਚ ਨੈਣ ਭਰ ਆਇਆ ਤੇ ਕਹਿਣ ਲੱਗਾ: "ਕਿ ਮੇਰਾ ਬਾਬਾ ਜਦੋਂ ਇਹ ਗੱਲ ਸੁਣਾਇਆ ਕਰਦਾ ਸੀ, ਉਹਦਾ ਹਾਲ ਬੀ ਇਉਂ ਹੀ ਹੋ ਜਾਂਦਾ ਸੀ"। ਖਾਲਸਾ ਜੀ ! ਇਹ ਅੱਖੀਂ ਡਿੱਠੀ ਤੇ ਹੱਡ ਵਰਤੀ ਉਗਾਹੀ ਸੀ ਗੁਰੂ ਜੀ ਦੇ 'ਛੁਹ ਦੇ ਪ੍ਰਭਾਵ' ਦੀ ਅਸਾ ਤੱਕ ਅੱਪੜੀ ਹੈ।

ਬੰਦਾ, ਬੰਦਾ, ਬੰਦਾ'' ਇਹ ਉਸ ਦੇ ਮੂੰਹੋਂ ਫੁਹਾਰੇ ਦੀਆਂ ਬੂੰਦਾਂ ਵਾਂਗ ਲਗਾਤਾਰ ਕਿੰਨਾ ਚਿਰ ਨਿਕਲਦਾ ਰਿਹਾ, ਨਾਲ ਨੈਣਾਂ ਨੇ ਛਹਿਬਰ ਲਾਈ ਰਖੀ, ਤੋਲ ਮੋਤੀ ਪਵਿੱਤ੍ਰ ਰੋਦੀ ਵਿਚ ਕਿਰਦੇ ਰਹੇ। ਪਿਆਰਾਂ ਦੇ ਮਹਿਰਮ ਹੁਣ ਆਪ ਬੀ ਦੂਰ ਗਏ, ਜੋਗੀ ਦੀ ਮਹਾਂ ਸ਼ਕਤੀ ਅਗੇ ਅਟੁੱਟ ਬਦਾਮ ਵਾਂਙੂ ਅਹਿੱਲ ਸ਼ਕਤੀ ਦੇ ਮਾਲਕ ਹੁਣ ਦੂਰ ਗਏ ਤੇ ਬੋਲੇ:—

ਤੂੰ ਬੰਦਾ
ਤੇ ਮੈਂ ਤੈਨੂੰ ਕੀਤਾ
ਬੁਲੰਦਾ।
ਤੂੰ ਹੁਣ ਬੁਲੰਦਾ*।

ਉਧਰ ਨਿੱਕੀ ਨਿੱਕੀ ਧੁਨੀ—ਤ੍ਰਾਹ ਤ੍ਰਾਹ ਕਰਦੀ ਸੁਰ ਵਿਚ, ਰਸ ਭਿੰਨੀ ਤੇ ਵੈਰਾਗ ਦੀ ਰੱਤੀ—ਆ ਰਹੀ ਹੈ:—

ਮੈਂ ਬੰਦਾ, ਮੈਂ ਬੰਦਾ,
ਮੈਂ ਬੰਦਾ, ਮੈਂ ਬੰਦਾ।

ਇਧਰ ਮਿਹਰ, ਦਾਯਾ, ਪ੍ਰੇਮ ਤੁੱਠਣ ਤੇ ਦਾਨ ਕਰਨ ਦੀ ਗੰਭੀਰ ਪ੍ਰੇਮ ਵਾਲੀ ਧੁਨੀ ਆ ਰਹੀ ਹੈ:—

ਪਰ ਕੀਤਾ ਬੁਲੰਦਾ, ਬੁਲੰਦਾ
ਬੁਲੰਦਾ, ਬੁਲੰਦਾ।

ਧੰਨ ਗੁਰੂ, ਧੰਨ ਸਿੱਖ! ਹਾਂ ਸਦਾ ਧੁਨੀ ਟੁਰੀ ਰਹੇ ਸਿਖ ਦੀ 'ਮੈਂ ਬੰਦਾ, ਮੈਂ ਬੰਦਾ' ਹਾਂ ਤੇਰੀ ਮਿਹਰ ਸਦਾ ਬਖਸ਼ਿਸ਼ ਕਰੇ : ਅਨਾਥਾਂ ਨੂੰ 'ਬੁਲੰਦ'।

੨.

ਢਾਈ ਕੁ ਸੌ ਵਰ੍ਹੇ ਤੋਂ ਕੁਛ ਵੱਧ ਬੀਤਿਆ ਹੋਊ ਕਿ ਪੁਣਛ ਦੇ ਲਾਗੇ ਰਾਜੌਰੀ ਵਿਖੇ ਇਕ ਰਾਮਦੇਵ ਨਾਮੇ ਰਜਪੂਤ ਹੋਇਆ ਹੈ, ਜਿਸ ਦੇ ਘਰ ਇਕ ਬਾਲਕ ਜਨਮਿਆਂ। ਇਸ ਦਾ ਨਾਮ ਲਛਮਨ ਦੇਵ ਧਰਿਆ। ਪਿਉ ਦਾ ਕਿੱਤਾ ਜ਼ਿਮੀਂਦਾਰੇ ਦਾ ਸੀ, ਮੁੰਡਾ ਭੀ ਰੱਭਰੂ ਹੋਕੇ ਇਸੇ ਕਾਰੇ ਲੱਗਾ, ਪਰ ਸੁਭਾਵ ਬੜਾ ਤਕੜਾ ਸੀ, ਜੁੱਸਾ ਮਜ਼ਬੂਤ, ਲੰਮਾਂ ਤੇ ਡੀਲ-ਡਾਰ ਸੀ। ਮਨ ਦੀ ਮਰਜ਼ੀ ਦਾ ਅਥੁਕ ਸੀ ਤੇ ਹਾਸੇ ਖੇਡਾਂ ਵਲ ਰੁਚੀ ਬਹੁਤੀ ਸੀ, ਇਸ ਕਰਕੇ ਸ਼ਿਕਾਰ ਦੇ ਸ਼ੌਕ ਵਿੱਚ ਦਿਲ ਵਧੇਰੇ ਲਗਦਾ ਸੀ। ਤੀਰਦਾਜ਼ੀ ਤੇ ਬੰਦੂਕ ਚਲਾਉਣੀ ਚੰਗੀ ਸਿੱਖ ਗਿਆ ਤੇ ਜ਼ਿਮੀਦਾਰੇ ਕੰਮ ਤੋਂ ਜਦ ਵਿਹਲ ਲੱਗਦੀ ਜੰਗਲਾਂ ਵਿੱਚ ਸ਼ਿਕਾਰ ਖੇਡਦਾ ਫਿਰਦਾ। ਇਕ ਵਾਰੀ ਸ਼ਿਕਾਰ ਖੇਡਦਿਆਂ ਇਸ ਨੇ ਇਕ ਹਰਨੀ ਮਾਰੀ, ਇਹ ਹਰਨੀ ਗਰਭਵਤੀ ਸੀ, ਇਸਦੇ ਪੇਟ ਵਿਚੋਂ ਦੋ ਬੱਚੇ ਨਿਕਲੇ ਜੋ ਅੱਖਾਂ ਦੇ ਸਾਹਮਣੇ ਤੜਫ ਤੜਫ ਕੇ ਮੋਏ, ਇਹ ਦਰਸ਼ਨ ਬਹੁਤ ਦੁਖਦਾਈ ਹੋਏ। ਲਛਮਨ ਦੇਵ ਦੇ ਦਿਲ ਪਰ ਕੋਈ ਐਸਾ ਸਹਿਮ ਛਾਇਆ ਕਿ ਉਹ ਨਕਸ਼ਾ ਅੱਖਾਂ ਅੱਗੋਂ ਹਟੇ ਨਾ। ਦਿਲ ਚੋਟ ਖਾ ਗਿਆ ਤੇ ਵੈਰਾਗ ਡੂੰਘੇ ਘਾ ਪਾ ਗਿਆ। ਪਹਿਲਾਂ ਤਾਂ ਸ਼ਿਕਾਰ ਛੁੱਟ ਗਿਆ ਤੇ ਫਿਰ ਗ੍ਰਿਹਸਤ ਆਸ਼੍ਰਮ। ਨੇੜੇ ਹੀ ਇਕ ਬੈਰਾਗੀ ਸਾਧੂ ਵੱਸਦਾ ਸੀ, ਜਾਨਕੀ ਪ੍ਰਸ਼ਾਦ ਉਸ ਦਾ ਨਾਮ ਸੀ, ਇਸਦੀ ਸੁਹਬਤ ਵਿਚ ਇਸਨੇ ਭੇਖ ਲੀਤਾ ਤੇ ਘਰ ਬਾਹਰ, ਦੇਸ਼ ਛੱਡਕੇ ਦੇਸ਼ਾਟਨ ਨੂੰ ਨਿਕਲ ਪਿਆ। ਕਈ ਸਾਧ, ਫਕੀਰ ਮਿਲੇ, ਕਈ ਤਪ ਸਾਧਨ ਕੀਤੇ, ਅਖੀਰ ਤੀਰਥ ਪਰਸਦਾ ਇਹ 'ਨਾਸਕ' ਪੁੱਜਾ ਤੇ ਉੱਥੇ ਬਹੁਤ ਚਿਰ ਤਪ ਕਰਦਾ ਰਿਹਾ। ਕ੍ਰਿਸ਼ਨ ਦੀ ਭਗਤੀ ਦੇ ਰਸ ਨੇ ਇਸ ਦੇ ਤਕੜੇ ਮਨ ਤੇ ਲੰਮਾਂ ਅਸਰ ਨਾ ਕੀਤਾ, ਪਰ ਤਪੋ ਸਾਧਨ ਤੇ ਦਾਰਸ਼ਨਕ* ਵਿਚਾਰ ਦਾ ਅਸਰ ਹੋਇਆ, ਪਰ ਅੰਤ ਰੁਚੀ ਤਪੱਸਯਾ ਵਲ ਹੋ ਆਈ, ਇਸ ਕਰਕੇ ਇਹ ਤਪ ਕਰਨ ਲੱਗਾ। ਜਿਸ ਫਕੀਰ ਨੇ ਇਸ ਨੂੰ ਬੈਰਾਗੀ ਬਣਾਇਆ ਸੀ ਉਸ ਨੇ ਨਾਮ ਮਾਧੋਦਾਸ ਕਰ ਦਿੱਤਾ ਸੀ। 'ਨਾਸਕ' ਵਿਚ ਇਹ ਇੱਸੇ ਨਾਮ ਤੋਂ ਪ੍ਰਸਿੱਧ ਸੀ। 'ਨਾਸਕ' ਦੇ ਉੱਤੇ ਗੋਦਾਵਰੀ ਦਾ ਸੋਮਾਂ ਹੈ ਤੇ ਉੱਗਰ ਤੀਰਥ ਹੈ, ਉੱਥੇ ਕਈ ਬਰਸ ਇਹ ਘਾਲ ਕਰਦਾ ਰਿਹਾ। ਇੱਥੇ ਇਸ ਨੂੰ ਇਕ ਜੋਗੀ ਦਾ ਮੇਲ ਹੋਇਆ, ਜਿਸ ਦਾ ਨਾਉਂ ਲੂਨੀ ਸੀ। ਇਸਨੇ ਬੈਰਾਗੀ ਦੀ ਤਪੋ ਬ੍ਰਿੱਤੀ ਵੇਖਕੇ ਜੋਗ ਮਾਰਗ ਦੇ ਰਸਤੇ ਪਾਇਆ, ਪ੍ਰਾਣਾਯਾਮ ਆਦਿ ਸਿਖਾਕੇ ਤੰਤ੍ਰ ਵਿਦਯਾ ਦੱਸੀ। ਇਹ ਜੋਗੀ ਇਸ ਦਾ ਨਾਉਂ ਹੁਣ ਨਰੈਣ ਦਾਸ ਯਾ ਨਰੈਣ ਗਿਰ ਧਰ ਗਿਆ, ਪਰ ਇਸਦਾ ਨਾਉਂ ਮਾਧੋ ਦਾਸ ਬੀ ਵੱਜ ਗਿਆ। ਬਚਪਨ ਤੋਂ ਹੀ ਸੁਭਾਉ ਡਾਢਾ ਰਜੋਗੁਣੀ ਸੀ, ਸੱਟ ਖਾਕੇ ਵੈਰਾਗ ਜੋ ਹੋਇਆ ਸੀ ਫਕੀਰੀ ਵਿਚ ਸੱਟ ਗਿਆ ਸੀ, ਪਰ ਫਕੀਰੀ ਵਿਚ ਬੀ ਮਨ ਤਪੋਸਾਧਨ

*ਬੁਲੰਦਾ = ਉਚਾ।

*ਫਿਲਸਫਾ।

ਵਿਚ ਗਿਆ। ਜੋਗ ਮਿਲਿਆ ਤਾਂ ਮਨ ਨੇ ਸਿੱਧੀਆਂ ਵੱਲ ਪਲਟਾ ਖਾਧਾ। ਤੰਤ੍ਰ ਵਿੱਦਜਾ ਨੇ ਵਧੇਰੇ ਇਸ ਪਾਸੇ ਲਾਇਆ। ਸਿੱਧੀਆਂ ਦੇ ਰਸ੍ਤੇ ਕੁਛ ਇਕਾਗ੍ਰਤਾ ਦਾ ਅਸਰ ਵੇਖ ਮਾਧੋ ਦਾਸ ਬੀਰਾਰਾਧਨ ਵਿਚ ਲੱਗ ਪਿਆ। ਇਸ ਜਗਤ ਦੇ ਨਾ ਦਿੱਸਦੇ ਹਿੱਸੇ ਵਿੱਚ ਵਾਹਿਗੁਰੂ ਜਾਣੇ ਕੀ ਕੀ ਤਾਕਤਾਂ ਤੇ ਵਜਕਤੀਆਂ ਭਰੀਆਂ ਪਈਆਂ ਹਨ ਕਿ ਜਿਧਰ ਇਨਸਾਨ ਧਿਆਨ ਲਾਵੇ ਕੁਛ ਲੱਭ ਹੀ ਪੈਂਦਾ ਹੈ। ਸੋ ਇਸ ਪਾਸੇ ਇਸ ਵਿੱਦਜਾ* ਦੇ ਸਾਧਨ ਕਰਦਿਆਂ ਮਾਧੋ ਨੂੰ ਕੁਛ ਪ੍ਰਾਪਤੀ ਹੋ ਗਈ। ਇਹ ਵਿੱਦਜਾ ਮਾਧੋ ਦਾਸ ਦੇ ਸਮੇਂ ਕੇਵਲ ਸਿੱਧੀਆਂ ਤੇ ਜਗਤ ਵਿੱਚ ਵਸੀ ਭਾਰਤਾ ਤੇ ਕਈ ਵੇਰ ਨਾਟਕ ਚੇਟਕ ਦੇ ਸ਼ੁਅਬਦੇ ਦੇਖਣ ਦਿਖਾਉਣ ਵਿਚ ਵਰਤੀਂਦੀ ਸੀ। ਤੰਤ੍ਰ ਵਿੱਦਜਾ ਤੇ ਬੀਰਾਰਾਧਨ ਆਦਿ ਸਾਧਨਾਂ ਵਿੱਚ ਸੰਪੰਨ ਹੋਏ ਮਾਧੋ ਦਾਸ ਫੇਰ ਟੁਰ ਪਿਆ ਤੇ ਨਦੀ ਗੋਦਾਵਰੀ ਦੇ ਕੰਢੇ ਕੰਢੇ ਫਿਰਦਾ ਨਾਦੇੜ ਆ ਨਿਕਲਿਆ। ਇੱਥੇ ਇਸ ਦੀ ਵਿਭੂਤੀ ਦਾ ਕੁਝ ਜੱਸ ਹੋ ਗਿਆ ਤੇ ਇਸ ਨੇ ਏਥੇ ਡੇਰਾ ਲਾ ਲਿਆ। ਲੋਕੀਂ ਆਪਣੇ ਲਾਭਾਂ ਹਿਤ ਮੱਦਦ ਲੈਣ ਨੂੰ ਆਉਂਦੇ ਤੇ ਦੂਰੋਂ ਨੇੜਿਓਂ ਕੁਝ ਲੋਕ ਆਕੇ ਚੇਲੇ ਬੀ ਹੋ ਗਏ। ਐਉਂ ਇਸ ਦੀ ਕੁਟੀ ਇਕ ਆਸ਼੍ਰਮ ਬਣ ਗਿਆ। ਮਾਧੋ ਦਾਸ ਅਕਸਰ ਅਪਣੇ ਤਪ ਸਾਧਨਾਂ ਲਈ ਕੁਟੀਓਂ ਦੂਰ ਨਦੀ ਕੰਢੇ ਜਾ ਬਿਹਾ ਕਰਦਾ ਸੀ, ਕਦੇ ਕੁਟੀ ਵਿਚ ਹੀ ਤਪ ਕਰਿਆ ਕਰਦਾ ਸੀ, ਪਰ ਇਸ ਦਾ ਨਾਮ ਫੈਲ ਚੁੱਕਾ ਸੀ ਤੇ ਦੂਰ ਦੂਰ ਤੱਕ ਲੋਕੀ ਇਸ ਦੀ ਇਸ ਤਾਕਤ ਦਾ ਲੋਹਾ ਮੰਨਦੇ ਸਨ। ਤਿਆਗੀ ਤੇ ਬਨਬਾਸੀ ਹੋਣ ਕਰਕੇ ਲੋਕੀਂ ਇਸ ਨੂੰ ਵੈਰਾਗੀ ਵਾਨ ਸਾਧੂ ਸਮਝਦੇ ਸਨ। ਚੇਲਿਆਂ ਨੂੰ ਸਿੱਖਿਆ ਦੇਣ, ਆਏ ਗਏ ਦੀ ਕਾਮਨਾਂ ਪੂਰਨ ਕਰਨ ਤੇ ਆਸ਼੍ਰਮ ਦੇ ਨਿਰਬਾਹ ਤੋਂ ਜਿੰਨਾਂ ਸਮਾਂ ਬਚਦਾ ਓਹ ਇਹ ਆਪਣੇ ਸਾਧਨਾਂ ਤੇ ਤਪਾਂ ਤੇ ਲਾਉਂਦਾ ਸੀ। ਗੋਦਾਵਰੀ ਦੇ ਐਨ ਕਿਨਾਰੇ ਇਕ ਟਿੱਬੀ ਉੱਤੇ ਬੈਠਕੇ ਇਸ ਦਾ ਅਭਿਆਸ ਦਾ ਕਰਤੱਵ ਹੋਇਆ ਕਰਦਾ ਸੀ, ਕਦੇ ਮਨੋਂ ਵਿਚਾਰ ਤੇ ਸ਼ਾਸਤ੍ਰ ਵਿਚਾਰ ਬੀ ਉੱਥੇ ਬੈਠਕੇ ਕਰਦਾ ਸੀ।

ਇਹ ਹੈ ਵਿਥਿਆ 'ਮਾਧੋ ਦਾਸ' ਬੈਰਾਗੀ ਦੀ; ਜਿਸ ਦਾ ਹਾਲ ਅਸੀਂ ਪਹਿਲੇ ਧਿਆ ਵਿਚ ਦੇ ਆਏ ਹਾਂ। ਇਸ ਦਾ ਸੀ ਉਹ ਆਸ਼੍ਰਮ, ਜਿਸ ਵਿਚ ਮਹਾਂ ਬਲੀ ਜੀ ਨੇ ਆ ਕੇ ਪਲੰਘ ਤੇ ਡੇਰਾ ਜਮਾਇਆ ਸੀ ਤੇ ਏਹ ਸਾਧੂ ਜੀ, ਜਿਨ੍ਹਾਂ ਨੇ ਪਲੰਘ ਉਲਟਾਉਣਾ ਚਾਹਿਆ ਤੇ ਯਤਨ ਕਰਦੇ ਆਪ ਢਹਿ ਪਏ, ਸ਼ਰਨਾਗਤ ਹੋਏ ਤੇ ਜੀਅਦਾਨ ਪਾਇਆ ਤੇ 'ਬੰਦਾ' ਬਣੇ।

ਮਹਾਂ ਬਲੀ ਜੀ ਕੌਣ ਸਨ?

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਆਪ ਅਨੰਦਪੁਰੋਂ ਟੁਰੇ, ਚਮਕੌਰ, ਮਾਲਵੇ, ਰਾਜਪੂਤਾਨੇ ਬਘੌਰ ਹੁੰਦੇ ਫੇਰ ਮੁੜੇ ਦਿੱਲੀ ਨੂੰ। ਫੇਰ ਦਿੱਲੀ ਆਗਰੇ ਹੁੰਦੇ ਛੋਕੜ ਬੁਰਹਾਨ ਪੁਰ ਦੀਆਂ ਸੰਗਤਾਂ ਤਾਰ ਕੇ ਕੁਛ ਦਿਨਾਂ ਤੋਂ ਨਾਦੇੜ ਦੇ ਬਾਹਰ ਆ ਟਿਕੇ ਸਨ ਤੇ ਜਗ੍ਹਾ ਮਨ ਨੂੰ ਭਾ ਜਾਣ ਕਰਕੇ ਏਥੇ ਟਿਕਣ ਦੇ ਸੰਕਲਪ ਨਾਲ ਟਿਕ ਗਏ ਸਨ। ਮਾਧੋਦਾਸ ਦੀ ਵਿਥਿਆ ਤੇ ਤਾਕਤਾਂ ਸੁਣ ਚੁੱਕੇ ਸੇ। ਅੱਜ ਦੀਨ ਦਿਆਲ ਜੀ ਦਿਆਲੂ ਹੋ ਕੇ ਉਸ ਦੇ ਆਸ਼੍ਰਮ ਆਪ ਆ ਗਏ ਤੇ ਪਿਆਰ ਦੀ ਕਲਾ ਵਰਤਾ ਕੇ ਉੱਸੇ ਵਿਭੂਤੀਆਂ ਦੇ ਰੰਗ ਵਿਚ ਅੜ ਗਏ ਜੋਗੀ ਨੂੰ ਉੱਥੋਂ ਉੱਚਾ ਕਰਕੇ ਕੇਵਲ ਵਾਹਿਗੁਰੂ ਦੇ ਪਿਆਰ ਤੇ ਰਸ ਰੰਗ ਦਾ ਰਸੀਆ ਬਣਾ ਦਿੱਤਾ। ਸਰਬ ਅਨਾਤਮ ਤੋਂ ਗੁਪਤ ਪ੍ਰਗਟ, ਸੂਖਮ, ਸਥੂਲ ਮਾਇਆ ਤੋਂ ਉੱਚਾ ਕਰਕੇ ਉਨਮਨ ਕਰ ਦਿੱਤਾ।

ਬੰਦੇ ਨੂੰ ਤਾਰਕੇ ਗੁਰੂ ਜੀ ਆਪਣੇ ਡੇਰੇ ਆ ਗਏ, ਪਰ ਬੰਦੇ ਦਾ ਦਿਲ ਹੁਣ ਆਸ਼੍ਰਮ ਵਿਚ ਕੀਕੂੰ ਲੱਗੇ, ਖਿਚ ਕਾਲਜਾ ਚੀਰ ਗਈ, ਉਮਰਾ ਭਰ ਜਿਹੜੀ ਪ੍ਰਾਪਤੀ ਹਠ ਤੇ ਵਿਭੂਤੀਆਂ ਕਰਕੇ ਉਹਲੇ ਰਹੀ ਸੀ, ਸਾਮ੍ਹਰਤੱਖ ਹੋ ਗਈ, ਹੁਣ ਦਾਤੇ ਤੋਂ ਪਰੇ ਰਿਹਾ ਨਾ ਜਾਏ। ਸੋ ਸਤਿਗੁਰ ਦੇ ਡੇਰੇ ਆਉਣ ਜਾਣ ਤੇ ਸੇਵਾ ਕਰਨ ਲੱਗ ਪਿਆ। ਸਿੱਖੀ ਸਿਰਜਾਦ੍ਹਾ ਤੇ ਨਿਸ਼ਚੇ ਵੇਖੋ: ਜੋਧੇ ਮਹਾਂਬਲੀ, ਪਰ ਸੱਚੇ ਤੇ ਸੁੱਚੇ, ਨੇਮੀ ਤੇ ਪ੍ਰੇਮੀ ਨਾਮ ਦੇ ਰਸੀਏ ਤੇ ਮਹਾਂ ਉੱਚੇ ਆਚਰਨ

*ਬੀਰਾਰਾਧਨ (ਮਰ ਗਿਆਂ ਦੀ ਰੂਹਾਂ ਨਾਲ ਤਅੱਲਕ ਪਾਉਣੇ ਆਦਿ) ਉਹ ਵਿਦਜਾ ਹਿੰਦੁਸਤਾਨ ਵਿਚ ਸੀ, ਜਿਸ ਦੀ ਇਕ ਸ਼ਕਲ ਅਜ ਕਲ ਯੂਰਪ ਤੇ ਅਮਰੀਕਾ ਵਿਚ ਸਪਿਰਚੁਅਲਿਜ਼ਮ ਨਾਮ ਹੇਠ ਪੈਦਾ ਹੋਈ ਹੈ।

ਵਾਲੇ,ਨਿਸ਼ਚੇ ਵਿਚ ਜੀਵਨ ਮੁਕਤ, ਫੇਰ ਉਪਕਾਰੀ, ਤਿਆਗੀ, ਪਰ ਜਗਤ ਦੇ ਪ੍ਰਤਿਪਾਲਕ । ਸ਼ੈਰ, ਸ਼ਿਕਾਰ, ਸ਼ਸਤ੍ਰ ਵਿੱਦਯਾ ਸਾਰਾ ਸਾਮਾਨ ਰਜੋਗੁਣੀ ਬਣਤ-ਚੜ੍ਹਤ, ਰਹਿਤ ਬਹਿਤ ਸਭ ਰਜ਼ੇ ਦੇ ਉੱਚੇ ਹੁਲਾਰੇ, ਪਰ ਅੰਦਰੋਂ ਦੇਖੇ ਤਾਂ ਮਾਇਆ ਨੂੰ ਜਿੱਤੇ ਹੋਏ ਵੈਰਾਗੀ ਤੇ ਆਤਮ ਵਿਚ ਸਦਾ ਜੁੜੇ । ਇਹ ਰਹਿਣੀ ਉਸਨੂੰ ਦੰਗ ਕਰ ਗਈ । ਆਪਣੇ ਤੇ ਰਸ ਦਾ ਹੁਲਾਰਾ ਵੱਜ ਚੁੱਕਾ ਸੀ, ਰਸ ਵਾਲੇ ਨਾਮ ਦਾ ਰਸੀਆ ਹੋ ਚੁੱਕਾ ਸੀ, ਪਰ 'ਗ਼ਿਹਸਬ ਉਦਾਸ' ਅੱਖਾਂ ਨਾਲ ਉਸਨੇ ਅੱਜ ਹੀ ਡਿੱਠਾ ਸੀ । ਸ਼ਿਕਾਰ ਵਿਚ ਨਾਲ ਜਾਂਦਾ ਹੈ, ਪੁਰਾਣੇ ਆਪਣੇ ਸ਼ਿਕਾਰ ਯਾਦ ਆਉਂਦੇ ਹਨ, ਪਰ ਹੁਣ ਇਹ ਸ਼ਿਕਾਰ ਹੋਰਵੇਂ ਡਿੱਠਾ, ਨਵੀਂ ਤਰ੍ਹਾਂ ਦੇ ਬੰਦੇ ਵੇਖੇ,ਨਵਾਂ ਰੂਪ, ਨਵਾਂ ਅਵਤਾਰ ਤੇ ਨਵਾਂ ਮਾਰਗ, ਨਵਾਂ ਪੰਥ ਵੇਖਿਆ । ਬੈਰਾਗੀ ਦੇ ਸੁਕਦੇ ਅੰਗ ਤੇ ਕੁਮਲਾਉਂਦੇ ਉਮਾਹ ਜਾਗ ਪਏ, ਤਪਾਂ ਨਾਲ ਬੁਝੇ ਦਿਲ ਨੇ ਉਸਰੱਗੀ ਪਕੜੀ ਤੇ ਜੀਵਨ ਪਲਟਾ ਖਾ ਗਿਆ । ਅੱਠ ਪਹਿਰੀ ਲਿਵ ਲੱਭੀ, ਪਰ ਨਾਲ ਹਉਂ ਰਹਿਤ ਚੜ੍ਹਦੀਆਂ ਕਲਾਂ ਤੇ ਆਤਮਾਂ ਦਾ ਖੇੜਾ ਲਧਾ । ਸੋ ਬੰਦੇ ਦੀ ਉਸ ਦਾਤੇ ਨਾਲ ਮਹਾਂ ਪ੍ਰੀਤ ਹੋ ਗਈ ਅਰ ਸਹਿਜੇ ਸਹਿਜੇ ਉਸ ਦੀ ਕਾਇਆਂ ਸਾਰੀ ਪਲਟ ਗਈ । ਅੰਤ ਬੰਦਾ ਡਾਢਾ ਪ੍ਰੇਮੀ ਹੋ ਗਿਆ । ਤੇ ਉਸ ਨੇ ਅੰਮ੍ਰਿਤ ਛਕਿਆ* ਤੇ ਖਾਲਸਾ ਤਵਾਰੀਖ ਵਾਲਾ ਲਿਖਦਾ ਹੈ ਕਿ ਉਸਦਾ ਨਾਉਂ ਗੁਰੂ ਜੀ ਨੇ ਬੰਦਾ ਸਿੰਘ ਰੱਖ ਦਿਤਾ ਸੀ । ਇਹ ਬੀ ਦੱਸੀਦਾ ਹੈ ਕਿ ਉਸਦਾ ਨਾਉਂ ਗੁਰਬਖਸ਼ ਸਿੰਘ ਧਰਿਆ ਸੀ । ਜਦੋਂ ਉਹ ਸ਼ਰਨਾਗਤ ਆਇਆ ਹੈ ਤਾਂ ਮਹਾਂਰਾਜ ਜੀ ਨੇ ਪੁੱਛਿਆ ਸੀ ਕਿ ਤੂੰ ਕੌਣ ਹੈਂ ? ਉਸ ਕਿਹਾ ਸੀ ਮੈਂ ਬੰਦਾ । ਉਸ ਦਾ 'ਬੰਦਾ' ਕਹਿਣਾ ਹੀ ਉਸ ਦਾ ਪ੍ਰਸਿਧ ਨਾਮ ਹੋ ਗਿਆ ਤੇ ਅੱਜ ਤੱਕ ਰਹਿ ਗਿਆ । ਹੋਰ ਉਸਦੇ ਚਾਰੋਂ ਨਾਮ ਲਛਮਨ ਦਾਸ ਤੇ ਦੇਵ, ਮਾਧੋਦਾਸ, ਨਰਾਇਨ ਗਿਰ ਯਾ ਦਾਸ ਤੇ ਗੁਰਬਖਸ਼ ਸਿੰਘ ਆਮ ਲੋਕਾਂ ਵਿਚ ਪ੍ਰਸਿੱਧ ਨਹੀਂ ਹੋਏ।'ਬੰਦਾ ਬੰਦਾ' ਹੀ ਅੱਜ ਤੱਕ ਵੱਜਦਾ ਹੈ।

ਬੰਦੇ ਨੂੰ ਹੁਣ ਸਿੱਖਾਂ ਵਿੱਚ ਵੱਸਕੇ ਪੰਜਾਬ ਦੇ ਸਾਰੇ ਹਾਲ ਮਲੂੰਮ ਹੋਏ, ਗੁਰੂ ਜੀ ਦੇ ਕਾਰਨਾਮਿਆਂ ਦਾ ਪਤਾ ਲੱਗਾ । ਸਾਹਿਬਜ਼ਾਦਿਆਂ ਦੀ ਅਕਹਿ ਚਲਾਣੇ ਦੀ ਘਟਨਾਂ,ਪੰਥ ਦੇ ਕਤਲ ਤੇ ਦੁਖੜੇ ਸੁਣੇ। ਗੁਰੂ ਜੀ ਦੇ ਅਵਤਾਰ ਤੇ ਪੈਗ਼ੰਬਰੀ ਦੇ ਨਾਲ ਜਗਤ

---

*੧. ਸੋ ਸਾਖੀ (੧੯੩੩-੩੭ ਈ:)–
ਸੁਨ ਬੰਦੇ ਤੁਮ ਖਾਲਸਾ ਪੰਥ। ਮਿਲੇ ਖਾਲਸਾ ਪਾਹਿਲ ਸੰਥ ।

੨. ਅਹਿਮਦ ਸ਼ਾਹ ਬਟਾਲੀਆ–
ਪਸ ਹਮਾਂ ਗਾਹ ਓ ਰਾ ਪਾਹਲ ਦਾਦਹ ਸਿੰਘ ਕਰਦ ਵ ਬਾ ਖ਼ੁਦ ਬ ਡੇਹਰਾ ਆਵੁਰਦ । [ਪੰਨਾ ੧੧

੩. ਅਲੀਉੱਦੀਨ ਮੁਵਤੀ–
ਬੰਦਾ ਬਦਿਸਤਮਆ ਈਂ ਮਆਨੀ ਅਜ਼ ਦਿਲੋ ਜਾਨ ਇਰਾਦਤਮੰਦ ਸ਼ੁਦ ਬਾ ਪਾਹਲ ਗਰਿਫਤਹ ਮੁਸਤਇਦ ਹੰਗਾਮਾ ਵਾ ਮੁਹਾਰਬਾ ਗਰਦੀਦ । [ਇਬਰਤਨਾਮਹ–੯੩

੪. ਗਨੇਸ਼ ਦਾਸ ਬਡਹਿਰਾ–
ਦਰ ਅਸਨਾਏ ਰਾਹ ਸ਼ਬਖ਼ਸੇ ਮਝਹੂਲ ਉਲ ਇਸਮ ਵ ਨਸਬ ਰਾ ਮੁਸਤਮਾਲ ਸਾਖਤਹ ਬ ਮਝਹਬੇ ਖ਼ੁਦ ਆਵੁਰਦ ਬਰ ਤਰਫ ਮਾਖੋਵਾਲ ਬ ਨਿਆਬਤੇ ਖੁਦ ਰਵਾਨਾ ਕਰਦ ।
[ਰਸਾਲਾ ਸਾਹਿਬ ਨੁਮਾ–੧੯੬-੧੯੭

੫. ਕਨ੍ਹੱਯਾ ਲਾਲ–
ਬਾਵਜੂਦੇ ਕਿ ਅੱਵਲ ਵੈਹ ਖਾਨਦਾਨ ਬੈਰਾਗ ਕਾ ਚੇਲਾ ਥਾ, ਇਸ ਸਿਲਸਿਲਾ ਸੇ ਅਲਹਿਦਾ ਹੋ ਕਰ ਗੁਰੂ ਗੋਬਿੰਦ ਸਿੰਘ ਕਾ ਚੇਲਾ ਬਨ ਗਿਆ ਔਰ ਪਾਹੁਲ ਲੇ ਕਰ ਗੁਰੂ ਕਾ ਸਿੱਖ ਹੁਆ । [ਤਾਰੀਖ ਪੰਜਾਬ

੬. ਸਿੱਖਾਂ ਦੇ ਰਾਜ ਦੀ ਵਿਥਯਾ–
ਇਕ ਬੈਰਾਗੀ ਸਾਧ ਨੇ ਗੁਰੂ ਗੋਬਿੰਦ ਸਿੰਘ ਤੇ ਪਾਹੁਲ ਲਈ ਹੋਈ ਸੀ । [ਪੰਨਾ ੬੪

੭. ਮੈਕਗ੍ਰੇਗਰ ਸਾਹਿਬ (੧੮੪੬ ਈ·) ਲਿਖਦੇ ਹਨ.–
Banda immediately consented, received the pahooldee. and became a Sikh.
(History of Sikhs p 106.)

੮. ਮੁਹੰਮਦ ਲਤੀਫ ਦੀ ਪੰਜਾਬ ਦੀ ਹਿਸਟਰੀ ਵਿਚ ਐਉਂ ਲਿਖਿਆ ਹੈ:–
Govind and Banda soon became intimate friends, and the former, by his persuasive eloquence and religious zeal made such a deep impression on the mind of Banda that he was initiated in to the pahul,and became a disciple of the Guru.
(History of the Puujab, p. 294)

੯. ਗਯਾਨੀ ਗਯਾਨ ਸਿੰਘ (੧੯੦੦ ਈ:)–
ਗੁਰੂ ਜੀ ਨੇ ਉਸ ਨੂੰ ਅਤਿ ਬੀ ਜੋਧਾ ਸੂਰਬੀਰ ਸਮਝਕੇ ਗੁਰੂ ਘਰ ਦਾ ਸਿਖ ਬਣਾ ਕਰ ਉਸਦਾ ਨਾਉਂ ਬੰਦਾ ਸਿੰਘ ਰਖ ਦਿੱਤਾ । [ਤਾਰੀਖ ਖਾਲਸਾ ਪੰਨਾ ੧੪੨੨-੧੯੦੦ ਈ: ਤਥਾ–
ਦਸਮਾ ਗੁਰ ਜਬ ਸਿੰਘਨ ਕੇਹਾ । ਦੇਸ ਬਿਰਾਜਨ ਤਜਾਗ ਅਡੇਰਾ ।
ਦੱਖਣ ਦੇਸ਼ ਵਿਖੇ ਚਲਿ ਗਏ । ਵਲੀ ਸਾਧ ਇਕ ਤਾਂਹਿ ਮਿਲਯੋ ।
ਚੇਲਾ ਕੀਨੋ ਸਹਜ ਸੁਭਾਯਕ । ਔਰ ਪੰਥ ਤਿਸ ਹੀ ਕੋ ਲਾਯਕ ।
ਗੁਰ ਬੰਦਾ ਸਿੰਘ ਨਾਮ ਧਰਜੋ ਹੈ ।
ਦੇਲਤ ਗੁਪਤ ਪ੍ਰਗਟ ਬੀ ਜੇਤੀ । ਗੁਰ ਬੰਦੇ ਸਿੰਘ ਕੋ ਦਈ ਤੇਤੀ ।
[ਪੰਥ ਪ੍ਰਕਾਸ਼, ਪੰਜਵੀਂ ਵਾਰ, ਪੰਨਾ ੩੨੯

ਦੇ ਸਿਰੋਂ ਜ਼ੁਲਮ ਦੇ ਭਾਰ ਉਤਾਰਨ ਦੇ ਸਾਕੇ ਤੇ ਯਤਨ ਕੰਨੀਂ ਪਏ; ਤਦ ਉਸ ਦਾ ਸੁਤੇ ਹੀ ਪੁਰਾਣਾ ਬੀਰ ਮਨ ਉਛਾਲੇ ਖਾਵੇ ਤੇ ਚਾਹੇ ਕਿ ਉਸ ਮਹਾਨ ਦਾਤੇ ਦੀ ਕੋਈ ਸੇਵਾ ਕਰਾਂ, ਜਿਸ ਨੇ ਮੈਨੂੰ ਨਾਟਕਾਂ ਚੇਟਕਾਂ ਤੋਂ ਕੱਢਕੇ ਬ੍ਰਹਮ ਸਾਖਯਾਤਕਾਰ ਕੀਤਾ ਹੈ ਤੇ ਉਹ ਮਾਰਗ ਦੱਸਿਆ ਹੈ,ਕਿ ਜਿਸ ਵਿੱਚ ਸਹਿਜੇ ਹੀ ਜੋਗੀ ਹੋਕੇ ਰਾਜ ਜੋਗ ਕਮਾ ਸਕੀਦਾ ਹੈ। ਸੁਰਤ ਸਦਾ ਸਾਈਂ ਦੀ ਲਿਵ ਵਿੱਚ ਰਹਿੰਦੀ, ਨਿਸ਼ਕਾਮ ਕੰਮ–ਜਿਨ੍ਹਾਂ ਵਿੱਚ ਉਤਸ਼ਾਹ ਹੋਵੇ– ਕਰ ਜਾਂਦੀ ਹੈ ਤੇ ਕੰਮ ਕਰਦੀ ਲਿਪਾਇਮਾਨ ਨਹੀਂ ਹੁੰਦੀ*। ਕੁਛ ਚਿਰ ਤਾਂ ਬੰਦੇ ਨੇ ਦਰਸ਼ਨਾਂ ਦਾ ਰਸ ਲਿਆ, ਸਤਿ ਸੰਗਤ ਦਾ ਰਸ, ਅੰਤ੍ਰਾਤਮੇ ਹੋਕੇ, ਬ੍ਰਹਮ ਗਿਆਨੀ ਹੋਕੇ ਲਿਵਲੀਨਤਾ ਦਾ ਰਸ ਲਿਆ, ਫੇਰ ਦਾਤੇ ਦੀ ਮਿਹਰ ਨਾਲ ਕੀ ਡਿੱਠਾ ਕਿ ਮੈਂ ਸਿਮਰਨ ਵਿਚ ਰਹਿਕੇ ਕੰਮ ਬੀ ਕਰ ਸਕਦਾ ਹਾਂ,ਤਦ ਉਸ ਫੈਸਲਾ ਕੀਤਾ ਕਿ ਜੇ ਦਾਤਾ ਹੁਕਮ ਕਰੇ ਤਾਂ ਮੈਂ ਉਹ ਕੁਛ ਜ਼ਰੂਰ ਕਰਾਂ ਜੋ ਕੁਛ ਕਿ ਦਾਤਾ ਆਖੇ।

ਜੰਗ ਸਭ ਕੋਈ ਕਰ ਸਕਦਾ ਹੈ, ਹਉਂ ਹੰਕਾਰ ਵਿਚ ਕੁਰਬਾਨੀ ਕਰਨੀ ਬੀ ਬਹੁਤ ਕਠਨ ਨਹੀਂ, ਪਰ ਵਾਹਿਗੁਰੂ ਦਾ ਰਸੀਆ ਹੋ ਕੇ ਤੇ ਕੋਈ ਕਾਮਨਾ ਨਾਂ ਰੱਖਕੇ ਨਿਰੇ ਪਰਾਏ ਭਲੇ ਹਿਤ ਜੰਗ ਕਰ ਸਕਣਾ, ਇਹ ਉਨ੍ਹਾਂ ਜੋਗੀਆਂ ਦਾ ਕੰਮ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਏ।

ਇਕ ਦਿਨ ਗੁਰੂ ਜੀ ਉਸ ਥਾਵੇਂ ਬੈਠੇ ਸੇ, ਜੋ ਹੁਣ ਸ਼ਿਕਾਰ ਘਾਟ ਕਹਿਲਾਉਂਦੀ ਹੈ। ਸ਼ਿਕਾਰ ਖੇਡਕੇ ਆਏ ਸਨ, ਕਮਰਕੱਸੇ ਖੋਹਲ ਕੇ ਬਿਸਰਾਮ ਕਰ ਰਹੇ ਸੇ, ਕੁਛ ਸਿੰਘ ਪ੍ਰਸ਼ਾਦ ਤਿਆਰ ਕਰ ਰਹੇ ਸੇ, ਬੰਦਾ ਪਾਸ ਬੈਠਾ ਚਰਨ ਦਬਾ ਰਿਹਾ ਸੀ ਕਿ ਗੁਰੂ ਜੀ ਬੋਲੇ:–

ਤਿਆਗ ਭਲਾ ਹੈ ਕਿ ਗ੍ਰਹਣ ?

ਬੰਦਾ–ਨਿਰਾ ਗ੍ਰਹਣ ਮੈਂ ਆਪਣੇ ਘਰ ਰਾਜੋਰੀ ਰਹਿੰਦਿਆਂ ਕਰ ਡਿੱਠਾ ਹੈ, ਨਿਰਾ ਤਿਆਗ ਮੈਂ ਨਾਸਕ ਤੇ ਨਾਦੇਡ਼ ਰਹਿਕੇ ਉਮਰਾ ਗਾਲਕੇ ਕੀਤਾ ਹੈ; ਦੋਵੇਂ ਦੁੱਖ ਦਾ ਮੂਲ ਹਨ। ਜੇ ਆਪ ਨੈਣ ਖੁਹਲ ਦਿਓ,ਪਾਰ ਉਤਾਰੇ ਦਾ ਝਾਕਾ ਬਖਸ਼ ਦਿਓ, ਮਨ ਨੀਵਾਂ ਮਤ ਉੱਚੀ ਕਰ ਦਿਓ, ਮਤ ਵਾਹਿਗੁਰੂ ਦੀ ਰਾਖੀ ਵਿੱਚ ਰਖਵਾ ਦਿਓ, ਫੇਰ ਗ੍ਰਹਣ ਤਿਆਗ ਕੱਠੇ ਹੋ ਜਾਂਦੇ ਹਨ ਤੇ ਦੋਵੇਂ ਵਾਹਿਗੁਰੂ ਦਾ ਜਲਾਲ ਪਏ ਪ੍ਰਗਟ ਕਰਦੇ ਹਨ। ਹਉਂ ਹੰਕਾਰ ਦੇ ਬੱਧੇ ਗ੍ਰਹਣ ਤਿਆਗ ਦੋਏ ਨਿਕੰਮੇ ਦਿੱਸ ਪਏ ਹਨ, ਹਾਂ ਤੁਸਾਂ ਦਰਸਾਏ ਹਨ।

ਗੁਰੂ ਜੀ–ਫੇਰ ਜੇ ਕੋਈ ਗ੍ਰਿਹਸਤ ਵਿੱਚ ਮਾਇਆਧਾਰੀ ਹੋ ਕੇ ਤੇ ਰੱਬ ਨੂੰ ਭੁਲਾ ਕੇ ਦਾਵਾ ਕਰੇ ਕਿ ਗ੍ਰਿਹਸਤ ਬੜਾ ਹੈ ਕਿਉਂਕਿ ਸਾਧੂ ਗ੍ਰਿਹਸਥੀ ਤੋਂ ਦਾਨ ਲੈ ਕੇ ਖਾਂਦੇ ਹਨ, ਤਾਂ ਅਫਲ ਡੀਂਗ ਹੈ ਤੇ ਜੇ ਤਿਆਗੀ ਡੀਂਗ ਮਾਰੇ ਕਿ ਮੈਂ ਮਹਾਂ ਬਲੀ ਹਾਂ,ਜਿਸ ਗ੍ਰਿਹਸਥ ਜੈਸੀ ਸੁਖਦਾਈ ਸ਼ੈ ਨੂੰ ਲੱਤ ਮਾਰਕੇ ਤਿਆਗਿਆ ਤੇ ਦੁੱਖਾਂ ਨਾਲ ਨਿਹੁੰ ਲਾਇਆ ਹੈ, ਤਾਂ ਉਹ ਭੀ ਅਫਲ ਹੈ। ਜੇ ਸਾਈਂ ਰੰਗ ਰੱਤਾ ਮਾਨੁੱਖ ਰੋਦਾਵਰੀ ਕੰਢੇ ਬੈਠਾ ਰਹੇ ਤਾਂ ਸਫਲ, ਜੇ ਮੈਦਾਨ ਜੰਗ ਵਿੱਚ ਜਾ ਖੜਾ ਹੋਵੇ ਤਾਂ ਬੀ ਸਫਲ।

ਬੰਦਾ–ਸੱਤ ਹੈ।

ਗੁਰੂ ਜੀ–ਫੇਰ ਸਾਡੇ ਜੰਗ ਰਚਾਉਣੇ ਤੁਹਾਨੂੰ ਕੀ ਭਾਸੇ ਹਨ ?

ਬੰਦਾ–ਆਪ ਦੇ ਚੋਜ।

ਗੁਰੂ ਜੀ–ਜੇ ਤੁਸਾਂ ਸਿਰ ਜੰਗ ਦੀ ਪੰਡ ਧਰੀ ਜਾਏ ਤਾਂ।

ਬੰਦਾ–ਜੇ ਆਪ ਧਰ ਦਿਓ ਤੇ ਅੰਦਰ ਮੇਰੇ ਬਹਿ ਜਾਓ ਤਾਂ ਨਾਮ ਰਸ ਰੱਤਿਆਂ, ਸੁਰਤ ਆਪ ਦੀ ਚਰਨੀਂ ਪੋਤਿਆਂ, ਸੱਤ ਬਚਨ। ਮੈਂ ਤਿਆਗੀ ਦਾ ਤਿਆਗੀ ਹਾਂ, ਮੈਨੂੰ ਲੁੱਟ ਦਾ ਲਾਲਚ ਨਹੀਂ ਰਾਜ ਦਾ ਮੋਹ ਨਹੀਂ, ਵਡਿਆਈ ਦੀ ਤ੍ਰਿਸ਼ਨਾਂ ਨਹੀਂ, ਆਪ ਦੇ ਹੁਕਮ ਵਿੱਚ ਮੈਂ ਕਾਰ ਕਰਨੀ ਹੈ। ਤੁਸੀਂ ਬਖਸ਼ੋ ਜੋ ਮੇਰੀ ਲਿਵ ਨਾ ਟੁੱਟੇ, ਮੇਰੇ ਨੈਣ ਬੰਦ ਨਾ ਹੋਣ, ਮੈਨੂੰ ਨਾਮ ਨਾ ਵਿਸਰੇ, ਮੈਂ ਕਰਦਾ ਹੋਇਆ ਫੇਰ ਅੱਕ੍ਰੈ* ਰਹਾਂ। ਹਾਂ ਮਿਹਰ ਕਰੋ ਜੋ ਮੈਂ ਮਾਇਆ ਵਿੱਚ ਭੁੱਲ ਕੇ ਹਉਂ ਵਿੱਚ ਅੱਟ ਕੇ ਆਚਰਨ ਵਿੱਚ ਗਿਰ ਕੇ, ਨਿਜ ਦੇ ਲਾਭ ਦੀ ਤ੍ਰਿਸ਼ਨਾਂ ਵਿਚ ਆ ਕੇ ਜੰਗ ਨਾ ਕਰਾਂ, ਨਾ ਹੀ ਸਾਧ ਬਣ ਕੇ ਆਪੇ ਤੇ ਜਗਤ ਨਾਲ ਰੁੱਸਕੇ ਵੱਖ ਹੋ ਬੈਠਾਂ।

*ਕਰਮ ਕਰਤਿ ਹੋਵੈ ਨਿਹਕਰਮ ॥ ਤਿਸ ਕੈਸਨੈ ਕਾ ਨਿਰਮਲ ਧਰਮ ॥

*ਅੱਕ੍ਰੈ=ਨਾ ਕਰਨ ਵਾਲਾ।

ਸਤਿਗੁਰ ਇਸ ਵੇਲੇ ਮੁਸਕ੍ਰਾਏ ਤੇ ਬੰਦੇ ਨੂੰ ਗਲ ਲਾਕੇ ਬੋਲੇ: "ਤੈਨੂੰ ਬੁਲੰਦ ਕੀਤਾ ਹੈ ਤੇ ਬਿਜਈ ਆਗੂ ਕੀਤਾ ਹੈ।"

ਬੰਦਾ ਸਮਝ ਗਿਆ, ਨੈਣ ਭਰ ਲਿਆਇਆ, ਸਿਰ ਨਿਵਾ ਦਿੱਤਾ ਤੇ ਉਸ ਡਾਢੀ ਮ੍ਰਿਦੁਲ ਤੇ ਦੂਵੀ ਹਾਲਤ ਵਿਚ ਫਿਰ ਬੋਲਿਆ:–

"ਮੈਂ ਬੰਦਾ"

ਬੰਦੇ ਨੂੰ ਬੰਦਾ ਕਹਾ ਕੇ ਤੇ ਆਪ 'ਮੈਂ ਬੰਦਾ' ਕਹਿਕੇ ਸੁਆਦ ਸੀ, ਉਸ ਨੇ ਮਾਇਆ ਦੇ ਪਟਲਾਂ ਵਿਚ ਰਹਿਕੇ ਦੁਖ ਪਾਇਆ ਸੀ; ਜਿਸ ਦਾਤੇ ਨੇ ਜਾਗ ਆ ਬਖਸ਼ੀ, ਅਮੁੱਲੀ ਆ ਬਖਸ਼ੀ, ਘਰ ਆਕੇ ਬਖਸ਼ੀ, ਉਸ ਨਾਲ ਇਸ ਨੇ ਤਾਂ ਜੰਗ ਹੀ ਰਚਾਇਆ ਸੀ, ਪਰ ਉਸ ਦਾਤੇ ਨੇ ਅਗੋਂ ਦਾਤ ਬਖਸ਼ੀ ਸੀ ਤੇ ਦਾਤ ਅਕਹਿ ਬਖਸ਼ੀ ਸੀ, ਕਿਸ ਤਰ੍ਹਾਂ ਨਾ ਸੱਚਾ ਤੇ ਸਾਫ ਦਿਲ ਸਦਕੇ ਹੋਵੇ ਤੇ 'ਮੈਂ ਬੰਦਾ' ਕਹਿ ਕਹਿਕੇ ਖੁਸ਼ ਹੋਵੇ।

ਸਤਿਗੁਰ ਪਸੀਜੇ, ਸਿਰ ਤੇ ਪਿਆਰ ਦਿੱਤਾ, ਅਪਣੀ ਕਮਾਨ ਉਸ ਦੇ ਮੋਢੇ ਪਹਿਨਾ ਦਿੱਤੀ ਤੇ ਇਕ ਭੱਥਾ ਪੰਜਾਂ ਤੀਰਾਂ ਦਾ ਉਸਨੂੰ ਆਪ ਸਜਾ ਦਿੱਤਾ ਤੇ ਆਖਿਆ:–"ਵੇਖ! ਇਹ ਤੇਰੀ ਤਾਕਤ ਹੈ ਜੋ ਤੈਨੂੰ ਬਖਸ਼ੀ ਹੈ, ਇਹ ਚਿੰਨ੍ਹ ਹੈ ਜੋ ਤੇਰਾ ਨਿਸ਼ਾਨ ਹੋਵੇਗਾ, ਇਹ ਓਟ ਹੈ ਜੋ ਆੜੇ ਵੇਲੇ ਕੰਮ ਆਵੇਗੀ, ਤੂੰ ਪਰਤਕੇ ਦੇਸ਼ ਜਾਣਾ ਹੈ, ਖਾਲਸੇ ਨੂੰ ਜਥੇਬੰਦ ਕਰਕੇ ਟੋਰਨਾ ਹੈ ਜ਼ੁਲਮ ਦੂਰ ਕਰਨਾ ਹੈ।"

੩.

ਇਕ ਦਿਨ ਚੋਜੀ ਸਤਿਗੁਰ ਬੈਠੇ ਸੇ ਕਿ ਗੁਰਬਖਸ਼ ਸਿੰਘ ਯਾ ਬੰਦਾ ਸਿੰਘ (ਬੰਦਾ) ਆ ਗਿਆ। ਮੱਥਾ ਟੇਕ ਕੇ ਬੈਠ ਗਿਆ। ਹੁਕਮ ਹੋਇਆ ਕਿ ਬਾਬਿਆਂ ਨੂੰ ਬੁਲਾਓ। ਸੋ ਬਾਬੇ ਓਸੇ ਵੇਲੇ ਹਾਜ਼ਰ ਹੋ ਗਏ:–

ਬਾਬਾ ਬਿਨੋਦ ਸਿੰਘ ਤੇ ਉਨ੍ਹਾਂ ਦਾ ਪੁਤ੍ਰ ਬਾਬਾ ਕਾਹਨ ਸਿੰਘ।

ਫੇਰ ਹੁਕਮ ਦਿੱਤਾ: ਬਾਜ ਸਿੰਘ, ਰਾਮ ਸਿੰਘ, ਬਿਜੈ ਸਿੰਘ ਨੂੰ ਸੱਦੋ।

ਤਦੋਂ ਹਾਜ਼ਰ ਹੋਏ ਭਾਈ ਬਾਜ ਸਿੰਘ, ਭਾਈ ਰਾਮ ਸਿੰਘ, ਭਾਈ ਬਿਜੈ ਸਿੰਘ।

ਹੁਕਮ ਹੋਇਆ: ਤੁਸੀਂ ਪੰਜੇ ਮਸਲਤੀ ਬਣਾਏ ਹਨ, ਬੰਦਾ (ਗੁਰਬਖਸ਼) ਸਿੰਘ ਅਸਾਂ ਆਗੂ ਥਾਪਿਆ ਹੈ ਖਾਲਸੇ ਦਾ। ਬੰਦਾ ਆਗੂ, ਜੱਥੇਬੰਦੀ ਦਾ ਜੱਥੇਦਾਰ, ਫੌਜਾਂ ਦਾ ਸਰਦਾਰ, ਜੰਗ ਦਾ ਅਤਿਰਥੀ ਜੋਧਾ, ਖਾਲਸੇ ਦੇ ਸਿਰ 'ਜੋ ਰਾਜਨੈਤਿਕ ਕੰਮ' ਧਰਿਆ ਹੈ, ਉਸਦਾ ਆਗੂ। ਸੁਣੋਂ ਭਾਈ ਖਾਲਸਾ! ਬੰਦਾ ਅਸਾਂ ਗੁਰੂ ਨਹੀਂ ਥਾਪਿਆ, ਆਪਣਾ ਜਾਨਸ਼ੀਨ ਨਹੀਂ ਕੀਤਾ। ਪੰਥ ਖਾਲਸੇ ਵਿਚ ਬੰਦਾ ਧਾਰਮਿਕ ਆਗੂ ਨਹੀਂ, ਪਰ ਖਾਲਸੇ ਦਾ ਰਾਜਨੈਤਿਕ ਜੱਥੇਦਾਰ, ਪ੍ਰਬੰਧ ਕਾਰ।

ਪੰਜ ਸਿੰਘ ਮਸਲਤਕਾਰ ਥਾਪੇ ਹਨ, ਇਨ੍ਹਾਂ ਦੀ ਸਲਾਹ ਨਾਲ ਬੰਦਾ ਪੰਥ ਦੀ ਜੱਥੇਦਾਰੀ ਕਰੇਗਾ। ਧਾਰਮਿਕ ਕੰਮ ਵਿਚ ਬੰਦਾ ਆਪ ਇਕੱਲਾ ਆਗੂ ਬਣਕੇ ਕਦੇ ਅਗੁਵਾਨੀ ਨਹੀਂ ਕਰੇਗਾ। ਧਾਰਮਿਕ ਕੰਮਾਂ ਵਿਚ ਪੰਜਾਂ ਦੀ ਸੰਮਤੀ ਨਾਲ ਕੰਮ ਕਰੇਗਾ।

ਬੰਦਾ–ਸੱਚੇ ਪਾਤਸ਼ਾਹ! ਮੈਂ ਤਾਂ ਦਿਨਾਂ ਦਾ ਬਾਲਕ ਹਾਂ, ਅਗੁਵਾਨੀ ਕਿਸ ਤਰ੍ਹਾਂ ਕਰਾਂਗਾ? ਮੈਂ ਬੰਦਾ ਹਾਂ, ਮੈਨੂੰ ਨੌਕਰੀ ਬਖਸ਼ੋ?

ਸਾਹਿਬ ਬੋਲੇ–ਇਹ ਅਗੁਵਾਨੀ ਤੇਰੀ ਬੰਦਗੀ ਹੈ।

ਬੰਦਾ–ਪਾਤਸ਼ਾਹ! ਮੈਂ ਮੱਦਦ ਦਾ ਮੁਹਤਾਜ ਹਾਂ, ਮੈਨੂੰ ਆਪਣੇ ਤੇ ਭਰੋਸਾ ਨਹੀਂ।

ਗੁਰੂ ਸਾਹਿਬ ਜੀ–ਪੰਜ ਸਿੰਘ ਤੇਰੇ ਮਸਲਤਕਾਰ ਨਾਲ ਹਨ, ਇਹ ਤੇਰੀ ਧਿਰ ਤੇ ਧੁਰ ਹੋਣਗੇ। ਛਿਆਂ ਨੇ ਮਿਲਕੇ ਵਿਚਾਰਕੇ ਕੰਮ ਕਰਨਾ, ਤੁਸਾਂ ਇਨ੍ਹਾਂ ਨਾਲ ਵਿਗਾੜਨਾ ਨਹੀਂ।

ਬੰਦੇ ਨੇ ਤੇ ਪੰਜਾਂ ਸਿੰਘਾਂ ਨੇ ਸਿਰ ਨਿਵਾਇਆ।

ਬੰਦਿਆ! ਮਾਇਆ ਜਦੋਂ ਆਉਂਦੀ ਹੈ ਤਾਂ ਭਰਮਾਉਂਦੀ ਹੈ ਪਰ ਸੂਰਮੇ ਦਾ ਕੰਮ ਹੈ ਬਲਕਾਰ; ਬਲ ਦਾ ਆਸਰਾ ਹੈ ਜਤ, ਤੁਸਾਂ ਸਿਰ ਬੜਾ ਭਾਰੀ ਕੰਮ ਹੈ, ਤੁਸੀਂ ਨਿਸ਼ਕਾਮ ਸੇਵਾ ਦਾ ਕੰਮ ਲੈਕੇ ਚੱਲੇ ਹੋ, ਤੁਸਾਂ ਕਿਸੇ ਐਸ਼ ਵਿਚ ਨਹੀਂ ਰੁੱਝਣਾ। ਜਤੀ ਰਹਿਸੋ ਤਾਂ ਦਿਨ ਰਾਤ ਆਪਣੇ ਆਹਰ ਵਿਚ ਲੱਗੇ ਰਹਿਸੋ, ਐਸ਼ ਵਿਚ ਪਏ ਤਾਂ ਢਿੱਲੇ ਹੋ ਜਾਸੋ। ਸੁਰਤਿ ਨੇ ਢਿੱਲ ਖਾਧੀ, ਫਿਰ–

'ਨਾ ਅਰਥ ਨਾ ਪਰਮਾਰਥ'।

ਸੁਰਤਿ ਕੱਸੀ ਰਹੇ ਤਾਂ ਹੀ ਇਲਾਹੀ ਨਾਦ ਸਾਫ ਵੱਜਦਾ ਹੈ ਤੇ ਤਾਂ ਹੀ ਇੰਨਾਂ ਭਾਰੀ ਕੰਮ ਜੋ ਤੁਸੀਂ

ਕਰਨ ਚਲੇ ਹੋ ਸਿਰੇ ਚੜ੍ਹਦਾ ਹੈ।

ਬੰਦਾ ਬੁਲੰਦਾ ! ਫੇਰ ਸੁਣੋ:–

(੧) ਪੰਜਾਂ ਮਸਲਤਕਾਰਾਂ ਦੀ ਸਲਾਹ ਨਾਲ ਕਾਰਜ ਕਰਨੇ, ਇਨ੍ਹਾਂ ਦਾ ਤੇ ਤੇਰਾ ਸਦਾ ਇਕ ਮਤਾ ਰਹੇ, ਇਨ੍ਹਾਂ ਨਾਲੋਂ ਫੁੱਟਣਾ ਨਹੀਂ।

(੨) ਤੂੰ ਰਾਜਨੈਤਿਕ ਜੱਥੇਦਾਰ ਹੈਂ, ਗੁਰੂ ਨਹੀਂ। ਗੁਰੂ ਨਾ ਬਣੀਂ ਪੰਥ ਖਾਲਸੇ ਦਾ, ਨਾ ਆਪਣਾ ਪੰਥ ਚਲਾਈਂ ਕਿਸੇ ਹੋਰ ਨਾਮ ਹੇਠ। ਖਾਲਸੇ ਦਾ ਅਦਬ ਰੱਖਣਾ।

(੩) ਸੱਚ ਦਾ ਤਿਆਗ ਨਾ ਕਰੀਂ।

(੪) ਜਤੀ ਰਹਿਣਾ।

ਜੇ ਇਹ ਹੁਕਮ ਮੰਨੇਂਗਾ ਤੇਰਾ ਤੇਜ ਵਧੇਗਾ, ਫਤਹ ਤੇਰੇ ਮਗਰ ਫਿਰੇਗੀ। ਕੋਈ ਭੀੜ ਆ ਬਣੇ ਤੇ ਕੋਈ ਪੇਸ਼ ਨਾ ਜਾਵੇ ਤਾਂ ਓਸ ਦਿਨ ਬਖਸ਼ੇ ਤੀਰਾਂ ਵਿਚੋਂ ਅਰਦਾਸ ਕਰਕੇ ਇਕ ਚਲਾਵੀਂ, ਤੇਰੀ ਫ਼ਤਹ ਹੋਵੇਗੀ।

ਇਕ ਦਿਨ ਗੁਰੂ ਸਾਹਿਬ ਜੀ ਓਥੇ ਬੈਠੇ ਸੇ ਕਿ ਜਿਸ ਨੂੰ ਪਿਛੋਂ ਨਗੀਨਾ ਘਾਟ ਸੱਦਿਆ ਹੈ। ਗੋਦਾਵਰੀ ਦੀ ਧਾਰਾ ਮੰਦ ਮੰਦ ਵਹਿ ਰਹੀ ਸੀ, ਆਪ ਓਸ ਦੇ ਐਨ ਜਲ ਤੇ ਬੈਠੇ ਚਰਨ ਕਮਲ ਵਿਚ ਲਮਕਾਏ ਬੈਠੇ ਸੇ ਤੇ ਉਸ ਦੇ ਨਿੱਕੇ ਨਿੱਕੇ ਤੁੰਗਾਂ ਵੱਲ ਤੱਕ ਰਹੇ ਸੇ ਕਿ ਬੰਦੇ ਨੇ ਆ ਮੱਥਾ ਟੇਕਿਆ। ਆਪ ਨੇ ਪਿਆਰ ਦੇਕੇ ਪਾਸ ਬਹਾਲ ਲਿਆ। ਬੰਦੇ ਨੇ ਬੇਨਤੀ ਕੀਤੀ:–

ਸੱਚੇ ਪਾਤਸ਼ਾਹ ! ਆਪ ਦੇ ਜਹਾਨ ਦੇ ਵਾਲੀ ਹੋ ਤੇ ਦਾਸ ਬੈ ਖਰੀਦ ਬੰਦਾ ਹੈ। ਜੋ ਹੁਕਮ ਹੋਇਆ ਖੁਸ਼ੀ ਨਾਲ ਕਰਨਾ ਹੈ। ਉਹੋ ਹੁਕਮ ਮੇਰੀ ਕਲਜਾਣ ਹੋ, ਮੇਰੀ ਖੁਸ਼ੀ ਹੈ, ਮੇਰਾ ਜੀਵਨ ਤੇ ਮੇਰੀ ਮੁਕਤੀ ਹੈ, ਪ੍ਰੰਤੂ ਕੰਮ ਬਹੁਤ ਭਾਰੀ ਹੈ ਤੇ ਮਹਾਂਪੁਰਖਾਂ ਧੁਰੋਂ ਆਇਆਂ ਦੇ ਕਰਨ ਵਾਲਾ ਹੈ। ਮੈਂ ਇਕ ਦਾਸਾਂ ਵਿਚੋਂ ਵੀ ਨੀਵਾਂ ਤੇ ਨਵਾਂ ਦਾਸ ਹਾਂ, ਮੈਨੂੰ ਕਾਮਯਾਬੀ ਦੀ ਬੀ ਨਿਰਾਸਤਾ ਨਹੀਂ, ਉਹ ਸੱਭੇ ਕੁਛ ਆਪ ਦੇ ਹੁਕਮ ਨੇ ਕਰ ਘੱਤਣਾ ਹੈ, ਮੈਂ ਤਾਂ ਇਕ ਬਹਾਨਾ ਬਣਨਾ ਹੈ। ਮੈ ਮੈਨੂੰ ਇਹ ਕੰਮ ਕਰਨੇ ਨਾ ਡਰ ਆ ਰਿਹਾ ਹੈ ਤੇ ਨਾ ਨਿਰਾਸਤਾ ਹੋ ਰਹੀ ਹੈ, ਪਰੰਤੂ ਮੈਂ ਏਸ ਜੋਗ ਨਹੀਂ। ਦੋ ਵੈਰਾਗ ਮੈਨੂੰ ਉਠਦੇ ਹਨ, ਇਕ ਤਾਂ ਆਪ ਦੇ ਚਰਨਾਂ ਦੀ ਖਿੱਚ ਮੈਨੂੰ ਆਪ ਤੋਂ ਵਿਛੁੜਨ ਨਹੀਂ ਦੇਂਦੀ, ਦੂਜੇ ਇਸ ਮਹਾਨ ਕਾਰਜ ਵਿਚ ਭੁੱਲਾਂ ਕਰ ਬੈਠਣ ਦਾ ਡਰ ਹੈ।

ਸਤਿਗੁਰ ਜੀ ਮੁਸਕ੍ਰਾਏ, ਅਸਮਾਨਾਂ ਵੱਲ ਤੱਕੇ, 'ਵਾਹਿਗੁਰੂ' ਦੇ ਵਾਰੀ ਕਿਹਾ ਤੇ ਫੇਰ ਬੰਦੇ ਦੇ ਮੱਥੇ ਵਲ ਤੱਕ ਕੇ ਬੋਲੇ–"ਬੰਦੇ ਬੁਲੰਦੇ ਪਿਆਰੇ ਜੀਓ ! ਪਿਆਰ ਦੀ ਝਰਨਾਟ ਬਿਨਾਂ ਮਨੁੱਖ ਪਸ਼ੂ ਹੈ, ਸਾਈਂ ਵਲੋਂ ਇਹ ਦਾਤ ਤੁਹਾਨੂੰ ਲੱਭੀ ਸੱਚਾ ਰੱਬੀ ਪਿਆਰ ਤੁਹਾਡੇ ਅੰਦਰ ਆਇਆ, ਇਸਦਾ ਰੂਪ ਖਿਚ ਹੈ ਤੇ ਖਿੱਚ ਵਿਛੁੜਨ ਨਹੀਂ ਦੇਂਦੀ, ਖਿਚ ਨੇੜੇ ਨੇੜੇ ਰੱਖਣ ਦਾ ਜਤਨ ਕਰਦੀ ਹੈ। ਸੋ ਜੇ ਖਿੱਚ ਨਾ ਟੁੱਟੇ, ਵਾਸਾ ਭਾਵੇਂ ਦੂਰੀ ਤੇ ਹੋਵੇ, ਬੰਦਾ ਜੀਉਂਦਾ ਹੈ। ਬਾਕੀਰਹੇ ਦਰਸ਼ਨ 'ਰੱਬੀ ਪਿਆਰ' ਦਾ ਨੇਮ ਹੈ ਕਿ ਦੂਰੀ ਤੇ ਵਸਦਿਆਂ ਬੀ 'ਦਰਸ਼ਨ-ਝਲਕੇ' ਵਜਦੇ ਰਹਿੰਦੇ ਹਨ ਤੇ ਇਧਰੋਂ ਅਸਾਂ ਬੀ ਤੁਸਾਨੂੰ ਭੁੱਲਣਾ ਨਹੀਂ ਹੈ।" ਇਹ ਕਹਿੰਦੇ ਰੰਗ ਪਲਟ ਗਿਆ, ਦੋ ਟੋਪੇ ਮੋਤੀਆਂ ਵਰਗੇ ਅੱਖਾਂ ਵਿਚ ਡਲ੍ਹਕਦੇ ਤਾਂ ਦਿੱਸੇ ਪਰ ਡਿਗਦੇ ਨਹੀਂ ਦਿੱਸੇ। "ਬੰਦਿਆ ! ਅਸੀਂ ਬੀ ਅਪਣੇ ਪ੍ਰੀਤਮ ਤੋਂ ਵਿਛੁੜ ਕੇ ਆਏ ਹਾਂ, ਜਦੋਂ ਹੁਕਮ ਹੋਇਆ ਸੀ, ਸਾਡਾ ਜੀ ਬੀ ਇਸ ਲੋਕ ਵਿਚ ਆਉਨ ਤੇ ਨਹੀਂ ਸੀ, ਪਰ ਹੁਕਮ ਕਰਕੇ ਆਉਣਾ ਬੀ ਸੀ। ਆਏ, ਪਰ ਸੁਰਤ ਦੀ ਤਾਰ ਓਥੇ ਹੀ ਵੱਜਦੀ ਹੈ, ਭਾਵੇਂ ਕਿੰਨੇ ਕਠਨ ਕੰਮਾਂ ਵਿਚ ਹਾਂ, ਪਰ ਸੁਰਤ ਪ੍ਰੀਤਮ ਵਾਹਿਗੁਰੂ ਜੀ ਦੇ ਚਰਨਾਂ ਵਿਚ ਸਦਾ ਖੁਭੀ ਰਹਿੰਦੀ ਹੈ*। ਇਹ ਆਧਾਰ ਤੇ ਏਹਾ ਜੀਵਨ ਹੈ, ਇਸ 'ਲਗਾਉ' ਬਿਨਾਂ ਮਨੁੱਖ ਦੇਵ ਸ਼੍ਰੇਣੀ ਵਿਚ ਨਹੀਂ ਰਹਿੰਦਾ, ਇਸ ਲਗਾਉ ਬਿਨਾਂ ਮਨ ਬੇਥਵਾ ਤੇ ਬੇ ਟਿਕਾਣੇ ਰਹਿੰਦਾ ਹੈ। ਜੇ ਕੋਈ ਆਸਰੇ ਤੇ ਟੇਕਾਂ ਅਨਾਤਮ ਦੁਨੀਆਂ ਵਿਚੋਂ ਬਣਾਉਂਦਾ ਹੈ ਤਾਂ ਓਹ ਉਸ ਨੂੰ ਅਸਲੀ 'ਆਤਮ ਕੇਂਦਰ' ਤੋਂ ਬੇਥਵੀ ਵਿੱਥ ਤੇ ਸੱਟੀ ਰਖਦੇ ਹਨ। ਕੇਂਦਰ ਹੀਨ ਹੋਣਾ ਬੇਥਵਾ ਹੋਣਾ ਹੈ, ਬੇਥਵਾ ਹੋਣਾ ਆਪੇ ਤੋਂ ਗੁਆਚੇ ਰਹਿਣਾ ਹੈ। ਚਾਰ ਜੁਗਾਂ ਦੀ ਆਰਜਾ ਹੋਵੇ, ਨੌ ਖੰਡ ਵਿਚ ਪ੍ਰਸਿੱਧ ਹੋਵੇ, ਜਗਤ ਮਹਿਮਾ ਕਰੇ, ਪਰ ਕਿ ਕੰਮ ਨਹੀਂ। ਰਾਜ ਸੰਸਾਰ

*ਚਿਤ ਨ ਭਇਓ ਹਮਰੋ ਆਵਨ ਕਹਿ।
ਚੁਭੀ ਰਹੀ ਸੁਤ ਪਭ ਚਰਨਨ ਮਹਿ॥
(ਸ੍ਰੀ ਮੁਖ ਵਾਕ ਪਾਤਸ਼ਾਹੀ ੧੦

ਦਾ ਮਾਣੇ, ਹੁਕਮ ਟੋਰੇ, ਸਿੱਧ ਹੋਵੇ, ਕਰਾਮਾਤਾਂ ਕਰੇ*, ਪਰ ਕੁਛ ਨਹੀਂ, ਕਿਉਂਕਿ ਸਭ ਕੁਛ ਹੋਕੇ 'ਆਤਮ-ਕੇਂਦ੍ਰ' ਦੇ ਲਗਾਉ ਬਿਨ ਬੇਥਵਾ ਰਹਿੰਦਾ ਹੈ, ਨਾ ਏਥੋਂ ਅਸਲੀ ਰਸ ਲੱਭਦਾ ਹੈ, ਨਾ ਅੱਗੇ; ਨਾ ਦੇਵ ਸ਼੍ਰੇਣੀ ਵਿੱਚ ਏਥੇ ਪਰੋਚਦਾ ਹੈ ਨਾਂ ਅੱਗੇ। ਸੋ ਸ਼ੁਕਰ ਕਰੋ ਕਿ ਤੁਸਾਨੂੰ ਸੱਚੀ ਪ੍ਰੀਤ ਦੀ ਝਟਨਾਟ ਛਿੜੀ; ਤੁਸਾਂ ਨੂੰ ਖਿੱਚ ਲੱਗੀ, ਤੁਸਾਨੂੰ ਖਿੱਚ ਨੇ ਆਤਮ ਕੇਂਦਰ ਤੇ ਖਿੱਚ ਕੇ ਲੈ ਆਂਦਾ, ਮਨ ਸਿੱਧਾ ਹੋ ਗਿਆ ਤੇ ਵਲ ਨਿਕਲ ਗਏ, ਹੁਣ ਸਾਈਂ ਮਿਹਰ ਕਰੇ, ਖਿੱਚ ਜਾਰੀ ਰਹੇ ਤੇ ਆਤਮ-ਕੇਂਦਰ ਦਾ 'ਲਗਾਉ' ਅੰਦਰੋਂ ਕਦੇ ਨਾ ਹਿੱਲੇ।

ਬੰਦਿਆ ! ਤੈਨੂੰ ਅਸਾਂ ਇਕ ਅਮਲੀ ਕੰਮ ਸੌਂਪਿਆ ਹੈ, ਇਹ ਗੱਲਾਂ ਜੋ ਅਸਾਂ ਕੀਤੀਆਂ ਹਨ, ਖਿਆਲ ਮੰਡਲ ਦੀਆਂ ਹਨ, ਵਰਤਾਰੇ ਵਾਲੇ ਯਾ ਅਮਲੀ ਲੋਕ 'ਖਿਆਲ-ਮੰਡਲ' ਦੇ ਆਦਰਸ਼ਾਂ ਨੂੰ ਮਖੌਲ ਕਰਿਆ ਕਰਦੇ ਹਨ, ਪਰ ਯਾਦ ਰੱਖਣਾ 'ਆਦਰਸ਼' ਬਿਨਾਂ 'ਅਮਲ' ਤਾਕਤਾਂ ਦਾ ਵਿਅਰਥ ਗੁਆਚਣਾ ਹੈ। ਆਦਰਸ਼ ਵਿਚ ਹੀ ਸਾਰਾ ਬਲ ਹੈ।

ਜੋ ਗੱਲ ਅਸਾਂ ਉੱਤੇ ਦੱਸੀ ਹੈ ਉਹ ਅਮਲ ਕਰਣ ਵਾਲੇ ਅੰਦਰਲੇ ਦੀ ਜਾਗ ਹੈ, ਅੰਦਰਲਾ ਜਾਗਕੇ ਕੇਂਦ੍ਰ ਤੇ ਖੜੋਕੇ ਜਗਤ ਨਾਲ ਇਕ ਖਾਸ ਰੁਖ਼ ਬਣਾਉਂਦਾ ਹੈ, ਜਿਸ ਵਿੱਚ ਉਹ ਸਾਖੀ ਜਿਹਾ ਹੋਕੇ ਅਮਲ ਕਰਨ ਵਿਚ ਸਦਾ ਉੱਚਾ ਤੇ ਕੁਛ ਨਿਰ-ਲੇਪ ਜਿਹਾ, ਪਰ ਕਾਮਯਾਬੀ ਦਾ ਗੇਂਦ ਸਦਾ ਬੋਚ ਲੈ ਜਾਣ ਵਾਲਾ ਹੋ ਜਾਂਦਾ ਹੈ, ਸੋ ਇਹ ਆਦਰਸ਼ ਅਮਲੀ ਜੀਵਨ ਦਾ ਪਹਿਲਾ ਅੰਗ ਹੈ। ਇਸ ਬਿਨਾਂ ਅਮਲ ਮਾਇਆ ਵਿੱਚ ਗੁਆਚ ਜਾਣਾ ਹੈ, ਪਾਪੀ ਹੋ ਜਾਣਾ ਹੈ, ਖਿੰਡਾਉ ਹੈ, ਇੰਤਸ਼ਾਰ ਹੈ, ਵਿਪਰਯਜ ਹੈ, ਵਿਖਜੇਪ ਹੈ, ਯਾਦ ਰੱਖੋ ਸੁਰਤ ਦਾ ਖਿੰਡਾਉ ਬਲ ਨੂੰ ਹਾਰਨਾ ਹੈ।

ਜਿੱਥੇ ਏਕਾਗ੍ਰਤਾ ਹੈ ਬਲ ਹੈ।

ਜਿੱਥੇ ਖਿੰਡਾਉ ਹੈ, ਬਲ ਹਾਰਨਾ ਹੈ।

ਸੋ ਅਮਲੀ ਜੀਵਨ ਲਈ ਪਹਿਲਾਂ 'ਆਦਰਸ਼' ਤੇ ਫੇਰ ਅੰਤਰ ਆਤਮੇ ਇਸਦੀ ਪ੍ਰਾਪਤੀ, ਇਹ ਤੁਹਾਨੂੰ ਮਿਲੇ ਚੁਕੇ ਹਨ।

ਹੁਣ ਸਮਝੋ ਅਮਲੀ ਮੁਸ਼ਕਲਾਂ, ਅਮਲੀ ਜ਼ਿੰਦਗੀ ਵਿੱਚ ਜਦ ਜਾ ਪਈਦਾ ਹੈ ਤਾਂ ਅਮਲੀ ਮੁਸ਼ਕਲਾਂ ਸਾਹਮਣੇ ਆਉਂਦੀਆਂ ਤੇ ਲੋਕਾਂ ਨਾਲ ਮੁਕਾਬਲੇ ਪੈਂਦੇ ਹਨ, ਵਾਹ ਪੈਂਦੇ ਹਨ, ਵਰਤੋਂ ਹੁੰਦੀਆਂ ਹਨ। ਲੋਕੀਂ ਕੇਂਦ੍ਰ ਹੀਨ ਹੁੰਦੇ ਹਨ, ਉਹ ਆਪਣੇ ਕੰਮਾਂ ਵਿੱਚ ਕਾਮਯਾਬੀ ਦੇ ਫਿਕਰ ਵਿੱਚ ਸੱਚ ਝੂਠ, ਦਗਾ ਫਰੇਬ ਸ਼ੁਧ ਆਚਰਨ ਦੇ ਉਲਟ ਕਰਨੀਆਂ ਤੇ ਪਾਪ ਅਪਰਾਧ ਕਰਨੋਂ ਕਿਤੇ ਨਹੀਂ ਅਟਕਦੇ। ਓਹ ਲੋਕ ਇਸ ਤਰ੍ਹਾਂ ਦੇ ਕਰਤਵਾਂ ਨਾਲ 'ਆਤਮ ਕੇਂਦ੍ਰ ਤੇ ਖੜੇ ਆਦਮੀ ਨੂੰ ਮੁਸ਼ਕਲਾਂ ਵਿਚ ਫਸਾਉਂਦੇ ਹਨ, ਉਨ੍ਹਾਂ ਮੁਸ਼ਕਲਾਂ ਨੂੰ ਭੰਨ ਕੇ ਕਾਮਯਾਬੀ ਪ੍ਰਾਪਤ ਕਰਨੇ ਦਾ ਜੋਸ਼ ਇਸ ਕੇਂਦਰ ਵਾਲੇ ਨੂੰ ਬੀ, ਜੋਸ਼ ਤੇ ਤ੍ਰਿੱਖਾਪਨ ਦੇਂਦਾ ਹੈ, ਇਹ ਜੋਰ ਲਾਉਂਦਾ ਤੇ ਉਨ੍ਹਾਂ ਨੂੰ ਭੰਨਦਾ ਹੈ ਤੇ ਕਈ ਵੇਰ ਆਪਣੇ ਹੱਦ ਬੰਨੇ ਟੱਪ ਜਾਂਦਾ ਹੈ, ਭੁੱਲਾਂ ਕਰ ਬੈਠਦਾ ਹੈ ਤੇ ਉਨ੍ਹਾਂ ਵਾਂਙੂੰ ਛਲਾਂ ਤੋਂ ਕੰਮ ਲੈਣ ਲਗ ਜਾਂਦਾ ਹੈ, ਇਖ਼ਲਾਕ ਤੋਂ ਪਰੇ ਹੋ ਜਾਂਦਾ ਹੈ। ਪਰ ਫਿਰ ਇਸ ਨੂੰ ਉਹ ਅੰਦਰਲੀ ਸੁਰਜੀਤ-ਤਾਈ ਮੋੜਾ ਮਾਰਦੀ ਹੈ, ਇਹ ਫੇਰ ਪੈਰਾਂ ਭਾਰ ਡਿਗਦਾ ਹੈ ਤੇ ਅਪਣੇ ਕੇਂਦ੍ਰ ਤੇ ਖੜੋ ਕੇ ਸਾਰੀ ਹਾਲਤ ਤੱਕਦਾ ਹੈ ਤੇ ਆਪਣੇ ਅਸਲੇ ਤੇ ਖੜੋ ਜਾਂਦਾ ਹੈ, ਪਰ ਮੁਬਾਰਕ ਹੈ ਉਹ ਹਾਲਤ ਕਿ ਇਹ ਸਦਾ ਕੇਂਦ੍ਰ ਤੇ ਰਹੇ ਤੇ ਉਥੇ ਟਿਕਿਆ ਕੰਮ ਕਰੇ।

ਜਿਸ ਤਰ੍ਹਾਂ ਪਰਮਾਰਥ ਵਿਚ ਗ੍ਰਹਿਣ ਤਿਆਗ ਦੋ ਮਾਰਗ ਹਨ, ਇਸ ਤਰ੍ਹਾਂ ਅਮਲੀ ਜੀਵਨ ਹੈ। ਤਿਆਗ ਹੈ ਮਨ ਦਾ ਵਿਚਾਰ ਕਰਕੇ ਸਰਬ ਅਨਾ-ਤਮ ਦਾ ਤਿਆਗ ਕਰਨਾ, ਅਪਣੀ 'ਮੈਂ' ਯਾ ਹਉਂ ਦੇ ਕੰਮਾਂ ਦੀ ਪਕੜ ਛੱਡਣਾ ਤੇ ਇਕ ਤਰ੍ਹਾਂ ਦੀ ਨਿਰਵਰਤੀ ਚਿਤ ਵਿਚ ਵਸਾਉਣੀ, ਕਿਸੇ ਤੇ ਵਾਧਾ ਨਾ ਕਰਨਾ, ਆਪੇ ਝੱਲਣਾ, ਹਾਰਨਾ ਤੇ ਪਿੱਛੇ ਹਟਣਾ। ਗ੍ਰਹਿਣ ਹੈ ਰਜੋਗੁਣ ਵਿਚ ਵੱਸਣਾ, ਹਉਂ, ਬਲਕਾਰ, ਮਾਣ, ਦਾਵੇ ਬੰਨ੍ਹਣੇ, ਆਪ ਸਭ ਤੋਂ ਅੱਗੇ ਤੇ ਉੱਚੇ ਹੋਣਾ, ਹਰ ਕਿਸੇ ਨੂੰ ਹੇਠ ਲਾਉਣਾ ਤੇ ਅਪਣੇ ਅੱਗੇ ਤੋਰਨਾ, ਆਦਿ।

ਪਹਿਲੇ, ਤਿਆਗ ਮਾਰਗ ਦੇ ਇੰਤਹਾ ਦਾ ਨਮੂਨਾ ਹਿੰਦੂ ਤੇ ਹਿੰਦ ਦੇ ਰਾਜੇ ਹਨ ਤੇ ਦੂਸਰੇ

*ਜੇ ਜੁਗ ਚਾਰੇ ਆਰਜਾ। ਪੁਨਾ—ਸੁਲਤਾਨ ਹੋਵਾ ਮੇਲਿ ਲਸਕਰ। ਪੁਨਾ—ਸਿਧੁ ਹੋਵਾ ਸਿਧਿ ਲਾਈ।

ਗ੍ਰਿਹਣ ਮਾਰਗ ਦੇਇੰਤਹਾ ਦਾ ਨਮੂਨਾ ਇਹ ਮੁਗ਼ਲ ਪਾਤਸ਼ਾਹ ਹਨ। ਹਿੰਦੂਆਂ ਨੇ ਆਦਰਸ਼ਕ ਤਿਆਗ ਕੀਤਾ, ਅਮਲ ਵਿੱਚ ਤਿਆਗ ਆਇਆ। ਇਨ੍ਹਾਂ ਦੇ ਤਿਆਗ ਨੇ ਬੜੇ ਬੜੇ ਬ੍ਰਹਮ ਗਿਆਨੀ, ਰਿਖੀ, ਦਰਸ਼ਨ ਵਿੱਦਯਾ ਦੇ ਪੰਡਤ ਪੈਦਾ ਕੀਤੇ, ਤਪ ਤੇ ਸੰਨਆਸ ਦੀਆਂ ਬੇਮਿਸਾਲ ਮਿਸਾਲਾਂ ਉਤਪਤ ਕੀਤੀਆਂ, ਪਰ ਇਨ੍ਹਾਂ ਦੇ ਨਿਰੇ ਤਿਆਗ ਦੀ ਸੁੰਦਰਤਾ ਦੇ ਉਪਦੇਸ਼ ਆਮ ਪਰਜਾ ਤੇ ਲੋਕਾਂ ਵਿੱਚ ਇਕ ਢਿੱਲਾਪਨ ਪੈਦਾ ਕਰ ਗਏ, ਗੁਣਵਾਨ ਤੇ ਉਚੇ ਮਨਾਂ ਵਾਲੇ ਤਿਆਗੀ ਹੋ ਬਨਾਂ ਨੂੰ ਟੁਰ ਗਏ। ਬਾਕੀ ਲੋਕ ਅਯਾਸ਼ ਹੋ ਇਖ਼ਲਾਕ ਤੋਂ ਢਹਿ ਪਏ*। ਇਸ ਤਰ੍ਹਾਂ ਸ਼ਰੀਰਕ ਬਲ ਵਿਚ ਏਹ ਲੋਕ ਸੰਸਾਰ ਵਿਚ ਨਿਰਬਲ ਹੋ ਗਏ ਤੇ ਸਿੱਟਾ ਇਹ ਹੋਇਆ ਕਿ ਆਪਣੇ ਘਰਾਂ ਦੇ ਬੀ ਆਪ ਮਾਲਕ ਨਾ ਰਹੇ, ਅਪਣੇ ਦੇਸ਼ ਵਿਚ ਆਪ ਓਪਰੇ ਤੇ ਬਦੇਸ਼ੀ ਹੋ ਗਏ।

ਮੁਗਲਾਂ ਵਿਚ ਗ੍ਰਿਹਣ ਵੱਸਦਾ ਹੈ। ਇਨ੍ਹਾਂ ਨੇ ਤਿਆਗ ਦੀ ਸੁੰਦਰਤਾ ਤੱਕੀ ਹੀ ਨਹੀਂ ਸੀ, ਇਹ ਸੂਰਬੀਰਤਾ, ਬਹਾਦਰੀ, ਦਾਨ, ਮਾਲਕੀ, ਹਕੂਮਤ ਵਿਚ ਗਏ, ਮਾਇਆ ਦੀ ਟੇਕ ਵਾਲੀ ਚੜ੍ਹਦੀ ਕਲਾ ਇਨ੍ਹਾਂ ਨੂੰ ਲੱਭੀ, ਸਭ ਕੋਈ ਇਨ੍ਹਾਂ ਅੱਗੇ ਝੁਕਦਾ ਬੀ ਹੈ, ਪਰ ਏਹ ਜ਼ੋਰ ਜ਼ੁਲਮ ਵਿਚ ਲੰਘ ਗਏ। ਹੱਕ ਅਨਹੱਕ ਦੀ ਪਛਾਣ ਛੱਡ ਬੈਠੇ, ਸੱਚ ਝੂਠ ਤੋਂ ਲਾਂਭੇ ਹੋ ਗਏ। ਹੁਣ ਇਨ੍ਹਾਂ ਦੇ ਕੰਮਾਂ ਵਿਚ ਤੇ ਜੰਗਲੀ ਜਾਨਵਰਾਂ ਦੇ ਕੰਮਾਂ ਵਿਚ ਨਿਰਾ ਚਤੁਰਾਈ ਦੇ ਵਾਧੇ ਦਾ ਫਰਕ ਹੈ ਹੋਰ ਕੋਈ ਫਰਕ ਨਹੀਂ ਹੈ। ਗ੍ਰਿਹਣ ਤੇ ਤਿਆਗ ਦੋਵੇਂ ਆਦਰਸ਼ ਖ਼ੂਬਸੂਰਤ ਹੋ ਸਕਦੇ ਹਨ, ਪਰ ਇਕੱ-ਲੇ ਇਕੱ-ਲੇ ਦੋਵੇਂ ਹਾਨੀਕਾਰਕ ਹੱਦਾਂ ਤੇ ਅੱਪੜ ਜਾਇਆ ਕਰਦੇ ਹਨ।

ਸੁਖਦਾਈ ਅਵਸਥਾ ਇਹ ਹੈ ਕਿ ਨੀਂਹ ਤਾਂ ਤਿਆਗ ਦੀ ਰਖੋ ਅਰ ਉਹ ਨੀਂਹ ਤਾਂ ਰੱਖ ਹੁੰਦੀ ਹੈ ਜੋ ਪਹਿਲਾਂ ਆਤਮ ਕੇਂਦ੍ਰ ਦਾ ਟਿਕਾਉ ਪ੍ਰਾਪਤ ਹੋਵੇ। ਕੇਂਦਰ ਤੇ ਖੜੇ ਨੂੰ ਨਾਸ਼ਮਾਨ ਜਗਤ ਨਾਸ਼-ਮਾਨ ਦਿੱਸਦਾ ਹੈ ਤੇ ਉਸ ਵਿਚ ਅੰਨ੍ਹਾ ਹੋ ਕੇ ਕਦੇ ਨਹੀਂ ਫਸਦਾ, ਪਰ ਤਿਆਗ ਦਾ ਉਹ ਆਦਰਸ਼ ਨਾ ਬੰਨ੍ਹੇ ਕਿ ਜੰਗਲਾਂ ਨੂੰ ਭੱਜ ਜਾਏ (ਹਾਂ, ਅਪਣਾ ਵਿਤ ਜ਼ਰੂਰ ਪਛਾਣਕੇ ਟੁਰੇ), ਪਰ ਵਿਚੇ ਰਹੇ ਤੇ ਕੰਮ ਕਰੇ। ਏਥੋਂ ਹੁਣ ਗ੍ਰਿਹਣ ਸ਼ੁਰੂ ਹੋ ਗਿਆ, ਉਹ ਕੰਮ ਕਰੇ ਸਾਰੀ ਕਿਸਮ ਦੇ ਜੋ ਕੁਦਰਤ ਉਸਦੇ ਸਪੁਰਦ ਕਰੇ। ਉਨ੍ਹਾਂ ਵਿਚ ਇਹ ਆਪ ਸਾਖੀ ਹੋਣ ਕਰਕੇ ਚੜ੍ਹਦੀਆਂ ਕਲਾਂ ਵਿਚ ਵੱ-ਸੇਗਾ, ਐਉਂ ਜਾਪੇਗਾ ਕਿ ਇਹ ਗ੍ਰਿਹਣ ਵਿਚ ਹੈ, ਪਰ ਇਹ ਹਨੇਰੇ ਵਿਚ ਨਹੀਂ ਪੈਰ ਧਰੇਗਾ, ਇਸ ਕਰਕੇ ਇਸ ਦੇ ਕਰਤੱਵ ਅਮਲੀ ਜੀਵਨ ਦੇ ਅਮਲ, ਜ਼ੋਰ ਜ਼ੁਲਮ ਤੇ ਨਹੀਂ ਜਾਣਗੇ।ਇਹ ਕਾਇਰ, ਡਰਾਕੁਲ, ਨਿਮਾਣਾ ਨਹੀਂ ਹੋਵੇਗਾ, ਇਹ ਨਿਰਭੈ ਹੋਵੇਗਾ, ਪਰ ਇਹ ਦੁਖਦਾਈ ਤੇ ਜ਼ਾਲਮ ਨਹੀਂ ਹੋਵੇਗਾ। ਕਪਟੀ, ਛਲੀਆ, ਝੂਠਾ ਤੇ ਜ਼ਾਲਮ ਨਹੀਂ ਬਣੇਗਾ, ਵਧੀਕੀ ਨਹੀਂ ਕਰੇਗਾ, ਨਿਆਂ ਦੀ ਹੱਦ ਤੋਂ ਨਹੀਂ ਟੱ-ਪੇਗਾ। ਸਦਾ ਜਾਗਦਾ ਰਹੇਗਾ ਤੇ ਕਦੇ ਗ਼ਲਤੀ ਨਾ ਕਰੇਗਾ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ [ਸਲੋਕ ਮਃ ੯

ਬੰਦਾ—ਮੈਂ ਪਹਿਲੀ ਤੁਕ ਨਹੀਂ ਸਮਝਿਆ।

ਸਾਹਿਬ ਬੋਲੇ—'ਕਿਸੇ ਨੂੰ ਭੈ ਨਾ ਦੇਣਾ' ਇਹ ਅਸਲ ਤਿਆਗ ਮਾਰਗ ਹੈ।

'ਕਿਸੇ ਦਾ ਭੈ ਨਾ ਮੰਨਣਾ' ਇਹ ਅਸਲ ਗ੍ਰਿਹਣ ਮਾਰਗ ਹੈ।

ਦੋਹਾਂ ਦਾ ਮੇਲ ਸਿੱਖੀ ਮਾਰਗ ਹੈ।

ਨੀਂਹ ਤਿਆਗ ਦੀ, ਇਮਾਰਤ ਗ੍ਰਿਹਣ ਦੀ। ਫਲ:—

'ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥'

ਬੰਦਾ—ਅਭੈ ਪਦ ਤਾਂ ਸ਼ਾਸਤ੍ਰਕਾਰਾਂ ਨੇ ਬੀ ਪਰਮ ਪਦ ਦਰਸਾਇਆ ਹੈ।

ਗੁਰੂ ਜੀ—ਪਰ ਉਹ ਆਦਰਸ਼ ਹੈ ਤਿਆਗ ਦਾ। ਅਮਲੀ (ਸੰਸਾਰਕ) ਜੀਵਨ ਵਿਚ ਅਭੈਪਦ ਜ਼ੋਰ ਜ਼ੁਲਮ ਦੀ ਸ਼ਕਲ ਵਿਚ ਪਲਟ ਜਾਂਦਾ ਹੈ, ਸੋ ਜੇ ਉਸਨੂੰ ਨਿਰਮਲ ਰੱਖਣਾ ਹੋਵੇ ਤਾਂ ਦੂਸਰੇ ਨੂੰ ਭੈ ਨਾ ਦੇਣਾ, ਇਹ ਤਿਆਗ ਦਾ ਅਸੂਲ ਧਾਰਨਾ ਜ਼ਰੂਰੀ ਹੈ। ਭੈ ਉਹ ਨਾ ਦੇਵੇਗਾ ਜੋ ਵੈਰ ਹੀਨ ਹੋਵੇਗਾ, ਇਸ ਲਈ ਅਸਾਂ ਖ਼ਾਲਸੇ ਲਈ ਆਦਰਸ਼ ਬਣਾਇਆ

*ਅੱਠਵੀਂ ਨਾਵੀਂ ਸਦੀ ਦੀ ਅਯਾਸ਼ੀ ਨੂੰ ਇਤਿਹਾਸਕਾਰ ਹਿੰਦ ਦੀਆਂ ਕਾਲੀਆਂ ਸਦੀਆਂ ਸਮਝਦੇ ਹਨ।

ਹੈ ਕਿ ਸਦਾ ਯਾਦ ਰੱਖੋ ਕਿ:—

ਕਰਤਾਰ ਨੇ ਪਹਿਲਾਂ ਮੌਤ ਸਾਜੀ, ਮੌਤ ਕਦੇ ਨਾ ਭੁੱਲੇ। ਫੇਰ ਅੰਦਰੋਂ ਆਪਣੇ ਕੇਂਦਰ ਤੇ ਆਵੇ ਆਤਮ ਕੇਂਦਰੀ ਬਣੇ, ਫੇਰ ਉਹ ਨਿਰਵੈਰ ਹੋ ਜਾਏਗਾ ਚੜ੍ਹਦੀਆਂ ਕਲਾਂ ਹੋ ਜਾਣਗੀਆਂ, ਅਭੈ ਪਦ ਆ ਜਾਵੇਗਾ, ਹੁਣ ਉਹ ਵੈਰ ਹੀਨ ਹੋਣ ਕਰਕੇ ਭੈ ਕਿਸੇ ਨੂੰ ਨਹੀਂ ਦੇਵੇਗਾ, ਸੋ ਉਹ ਆਪ ਅਭੈ ਹੋਕੇ ਹੋਰਨਾਂ ਨੂੰ ਅਭੈ ਹੋਣ ਦਾ ਮੌਕਿਆ ਦੇਵੇਗਾ, ਜੇ ਆਪ ਭੈਦਾਇਕ ਹੋ ਜਾਏਗਾ ਤਾਂ ਉਹ ਹੋਰਨਾਂ ਨੂੰ ਅਭੈ ਹੋਣੋਂ ਰੋਕੇਗਾ। ਕੋਈ ਨੇਕੀ ਨੇਕੀ ਨਹੀਂ, ਜੋ ਨੇਕੀ ਨੂੰ ਵਧਣੋਂ ਰੋਕੇ। ਸੋ ਜੋ ਅਭੈ ਪਦ ਤੇ ਹੈ ਉਹ ਹੋਰ ਕਿਸੇ ਨੂੰ ਅਭੈ ਹੋਣੋਂ ਰੋਕ ਨਹੀਂ ਸਕਦਾ, ਇਸਕਰਕੇ ਖਾਲਸਾ ਉਹ ਹੈ ਜੋ—
'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ।'

ਜਗਤ ਮਿਥਿਆ ਹੈ। ਬੰਦਿਆ ! ਇਸਨੇ ਰਹਿਣਾ ਨਹੀਂ, ਤਾਂਤੇ ਜੀਵ ਜੋ ਇਸ ਵਿਚ ਆਇਆ ਹੈ ਜਨਮ ਸਫਲਾ ਕਰੇ, ਆਪਣੇ ਅੰਦਰ ਅਪਣੇ ਕੇਂਦਰ ਤੇਟਿਕੇ, ਆਪਣੇ ਅੰਦਰਲੇ ਦਾ ਲਗਾਉ ਆਪਣੇ ਮੂਲ ਕਾਰਨ ਵਾਹਿਗੁਰੂ ਦੀ ਲਗਨ ਵਾਲਾ, ਰੁਖ ਵਾਲਾ, ਝੁਕਾਉ ਵਾਲਾ ਬਣਾਵੇ। ਇਹ ਕਾਰਜ ਹੋ ਗਿਆ ਤਦ ਅਸਲ ਸੰਨਜਾਸ ਹੋ ਗਿਆ। ਪਰ ਹੁਣ ਢਿੱਲੇ ਨਹੀਂ ਹੋਣਾ, ਸੁਰਤਿ ਕੱਸੀ ਰਹੇ, ਮਨ ਖੇੜੇ ਵਿਚ ਰਹੇ, ਤਾਂ ਜਾਣੋਂ ਕਿ ਅਸਲ ਚੜ੍ਹਦੀਆਂ ਕਲਾਂ ਦਾ ਵਾਸ ਹੋਗਿਆ, ਅਭੈ ਪਦ ਆ ਗਿਆ, ਹੁਣ ਉਸਦੇ ਕਰ-ਤੱਬ ਕਿਸੇ ਨੂੰ ਭੈ ਨਾ ਦੇਣ। ਉਹ ਵਿਚਰੇਗਾ ਸਦਾ ਚੜ੍ਹਦੀਆਂ ਕਲਾਂ ਵਿਚ, ਜਗਤ ਤੇ ਸ਼ਰੀਰ ਨੂੰ ਮਿਥਿਆ ਜਾਣਕੇ ਉਹ ਸ਼ਰੀਰ ਦਾ ਸਭ ਤੋਂ ਸੁਹਣਾ ਵਰਤਾਉ ਕਰੇਗਾ, ਉਸ ਦੇ ਅਮਲ ਤੇ ਵਰਤਾਰੇ ਗ਼ਹਿਣ ਮਲੂਮ ਹੋਣਗੇ, ਉਹ ਬੜੇ ਮਜ਼ਬੂਤ ਤੇ ਅਹੱਲ ਆਚਰਣ ਦਾ ਹੋਵੇਗਾ, ਪਰ ਉਹ ਜ਼ੋਰਜ਼ੁਲਮ ਵਧੀਕੀ ਵਿਚ ਨਹੀਂ ਜਾਵੇਗਾ। ਝੂਠ ਦਗ਼ੇ, ਫਰੇਬ; ਛਲ ਆਦਿ ਅਪਰਾਧਾਂ ਤੇ ਕਮੀਨੇਪਨਾਂ ਤੋਂ ਪਰੇ ਰਹੇਗਾ, ਉੱਚਾ ਤੇ ਸੁੱਚਾ ਵਿਚਰੇਗਾ, ਪਰ ਫੇਰ ਜਗਤ ਦੇ ਕੰਮ ਸੁਆਰੇਗਾ ਹੋਰਨਾਂ ਤੋਂ ਚੰਗੇ, ਖਾਲਸਾ ਇਹੋ ਹੈ*।

*ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੇਕ ਨ ਆਨੈ ॥ ਪੂਰਨ ਪ੍ਰੇਮ ਪ੍ਰਤੀਤ ਸਜੈ ਬਤ ਗੰਰ ਮੜੀ ਮਟ ਭੂਲ ਨ ਮਾਨੈ ॥ ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥ ਪੂਰਨ ਜੋਤ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ ॥ ੧ ॥

ਇੰਨੇ ਨੂੰ ਪੰਜ ਸਿੰਘ ਬੀ ਆ ਗਏ।

ਬੰਦਾ—ਬੜਾ ਉੱਚਾ ਤੇ ਸਾਫ ਆਦਰਸ਼ ਹੈ, ਪਰ ਵਰਤਾਰੇ ਵਿਚ ਕਠਨ ਹੈ।

ਗੁਰੂ ਜੀ—ਕੀਮਤੀ ਸ਼ੈ ਉਖੇਰੀ ਜਿਹੀ ਪ੍ਰਾਪਤ ਹੋਇਆ ਕਰਦੀ ਹੈ। ਕਦੇ ਇਸ ਭੁੱਲ ਵਿਚ ਨਹੀਂ ਪੈਣਾ:—'ਕਿ ਇਹ ਖਿਆਲੀ ਗੱਲਾਂ ਹਨ, ਅਸੀਂ ਅਮਲੀ ਜੀਵਨ ਵਿਚ ਪਏ ਹਾਂ', ਯਾ ਇਹ ਕਿ ਖਿਆਲ ਹੋਰ ਹੈ, ਵਰਤਾਰਾ ਹੋਰ ਹੈ। ਨਹੀਂ ਖਾਲਸਾ ਉਹ ਹੈ, ਜਿਸਦਾ 'ਖਿਆਲ, ਤੇ ਵਰਤਾਰਾ' ਅਨਜੋੜ ਨਾ ਖਾਵੇ।

'ਆਦਰਸ਼' ਬਿਨਾਂ 'ਅਮਲ' ਧੂਏਂ ਦਾ ਵੇਗ ਹੈ।

ਦੁਨੀਆਂ ਵਿਚ ਜਦ ਕੋਈ ਅਮਲੀ ਪਲਟਾ ਆਉਂਦਾ ਹੈ ਤਾਂ ਪਹਿਲੇ ਇਨਸਾਨਾਂ ਦੇ ਖਿਆਲਾਂ ਵਿਚ ਪਲਟਾ ਆਉਂਦਾ ਹੈ, ਸੋ ਖਿਆਲ ਹਾਸੇ ਦੀ ਗੱਲ ਹੀ ਨਹੀਂ ਸਾਰੇ ਪਲਟੇ ਖਿਆਲ ਤੋਂ ਹੁੰਦੇ ਹਨ। ਇਸ ਕਰਕੇ ਖਿਆਲ ਯਾ ਆਦਰਸ਼ ਉੱਚਾ ਤੇ ਸੁੱਚਾ ਬਣਾਕੇ ਤੇ ਅੱਖਾਂ ਅੱਗੇ ਬੰਨ੍ਹਕੇ ਫੇਰ ਅਮਲ ਕਰਨਾ ਚਾਹੀਦਾ ਹੈ। ਸੋ ਤੁਸੀਂ ਸਮਝ ਲਓ ਕਿ ਤੁਸਾਡਾ ਆਦਰਸ਼ ਇਹ ਹੈ, ਇਸੇ ਆਦਰਸ਼ ਨੂੰ ਅਸਾਂ ਅਮਲੀ ਜੀਵਨ ਦਿੱਤਾ, ਜਿਸ ਲਈ ਆਨੰਦ ਪੁਰ ਦਾ ਕੌਤਕ ਰਚਿਆ ਸੀ।

ਬੰਦਾ—ਉਹ ਕੀ ਸੀ ?

ਸਾਹਿਬ ਜੀ ਨੇ ਬਿਨੋਦ ਸਿੰਘ ਬਾਬੇ ਨੂੰ ਆਗਯਾ ਕੀਤੀ ਕਿ ਅੰਮ੍ਰਿਤ ਦਾ ਪ੍ਰਸੰਗ ਸੁਣਾਦਿਓ। ਬਾਬਾਜੀ ਨੇ ਸਾਰਾ ਹਾਲ ਬੰਦੇਨੂੰ ਸੁਣਾਇਆ ਤੇ ਦੱਸਿਆ ਕਿ ਛਪੰਜਾਲੱਖ* ਸਿੱਖਾਂ ਵਿਚੋਂ ਪੰਜ ਪਯਾਰੇ ਸਾਜਕੇ ਸਤਿ-ਗੁਰਾਂ ਨੇ ਇਕ ਨਮੂਨਾ† ਖੜਾ ਕਰ ਦਿੱਤਾ ਕਿ ਆਹ ਹੈ ਨਮੂਨਾ—ਖਾਲਸਾ। ਗੁਰੂ ਨੂੰ ਇਹ ਆਦਰਸ਼ ਪਸੰਦ ਹੈ। ਹੁਣ ਸਾਰੇ ਸਿੱਖਾਂ ਵਿਚ ਇਹ ਸੋਝੀ ਹੋ ਗਈ ਕਿ ਆਹ ਹੈ ਨਮੂਨਾ ਜੋ ਗੁਰ ਨੂੰ ਪਸੰਦ ਹੈ, ਸਾਨੂੰ ਚਾਹੀਏ ਕਿ ਇਸ ਨਮੂਨੇ ਨਾਲ, ਇਸ ਵੰਨਗੀ ਨਾਲ ਅਸੀਂ ਆਪਣੇ ਆਪ ਨੂੰ ਮੇਲੀਏ। ਸੋ ਪੰਥ ਵਿਚ ਆਮ ਕਾਇਆਂ ਪਲਟ ਆ ਗਈ। ਭਜਨ ਬੰਦਗੀ ਵਾਲੇ ਤਾਂ ਸਿਖ ਸਨ ਹੀ, ਮਨ ਸਾਧੇ ਹੋਏ ਸਨ; ਸੋ ਸਿਖ ਉਸ ਨਮੂਨੇ ਵੱਲ ਤੱਕਕੇ ਉਸੇ ਰੰਗ ਦੇ

*ਸਿਖਾਂ ਦੀ ਗਿਣਤੀ ਭਦੌਂ ਦੀ ਕੋਈ ਇਕ ਕਰੋੜ ਕੋਈ ਪਏ ਲਖ ਦੀ ਦਸੀਂਦੀ ਚਲੀ ਆਈ ਹੈ।

†Type.

ਹੋਣ ਲੱਗੇ। ਸਤਿਗੁਰ ਜੀ ਨੇ ਨਿਰੇ ਪੰਜ ਪਿਆਰੇ ਹੀ ਨਹੀਂ ਸਨ ਪੈਦਾ ਕੀਤੇ, ਸਗੋਂ ਸਿੱਖ ਪੰਥ ਨੂੰ, ਨਹੀਂ ਸਾਰੇ ਜਗਤ ਨੂੰ ਇਕ ਪਲਟਾ ਦੇ ਦਿੱਤਾ ਹੈ। ਉਸ ਨਮੂਨੇ ਦੀ ਸੋਝੀ ਨੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਵਿਚੋਂ ਖਾਲਸਾ ਨਮੂਨੇ ਤੇ ਆ ਜਾਣ ਵਾਲੇ ਲੋਕ ਪੈਦਾ ਕੀਤੇ। ਉਹ ਪੰਜ ਪਿਆਰੇ ਇਕ ਪੂਰਨਾ ਵਾਹ ਦਿੱਤਾ ਗਿਆ, ਜਿਸ ਮੁਤਾਬਕ ਬਣਨ ਦਾ ਚਾਉ ਫੈਲ ਗਿਆ ਤੇ ਆਪਣੀ ਕਲਾ ਵਰਤਾ ਗਿਆ।

ਬੰਦਾ ਸਾਰੇ ਵਿਸਥਾਰ ਨੂੰ ਸਮਝਦਾ ਤੇ ਵਿਚਾਰਦਾ ਕਿੰਨਾ ਚਿਰ ਸੋਚ ਤੇ ਸਤਿਗੁਰ ਦੀ ਸਿਫਤ ਸਲਾਹ ਵਿਚ ਗੁੰਮ ਹੋ ਰਿਹਾ।

ਗੁਰੂ ਜੀ—ਸੋ ਬੰਦੇ! ਇਸ ਖਾਲਸਾ ਆਦਰਸ਼ ਨੂੰ ਕਦੇ ਅੱਖਾਂ ਤੋਂ ਉਹਲੇ ਨਹੀਂ ਕਰਨਾ, ਜੰਗਾਂ ਦੇ ਚਾਉ ਤੇ ਲੁੱਟ ਦੇ ਲਾਲਚ ਵਿਚ ਸਾਰੇ ਦੇਸ਼ ਦੇ ਗੁੰਡੇ ਤੇ ਉਚੱ-ਕੇ ਤੇਰੇ ਪਾਸ ਆਉਣਗੇ, ਪਰ ਤੂੰ ਆਦਰਸ਼ ਤੇ ਰਹਿਣਾ ਹੈ, ਭੀੜ ਵਧਦੀ ਦਾ ਚਾਉ ਤੇ ਫੌਜ ਬਣਦੀ ਦਾ ਲਾਲਚ ਤੈਨੂੰ ਆਦਰਸ਼ ਤੋਂ ਨਾ ਡੇਗੇ। ਭੇਡਾਂ ਦੇ ਵੱਗਾਂ ਨਾਲੋਂ ਇਕ ਸ਼ੇਰ ਕਾਫੀ ਹੈ। ਅਸਾਂ ਪੰਜ ਸਿੰਘ ਜੋ ਤੈਨੂੰ ਦਿੱਤੇ ਹਨ, ਏਹ ਸੁਹਣੇ ਦਿਦਾਰ ਵਾਲੇ, ਇਹ ਆਦਰਸ਼ਕ ਖਾਲਸਾ ਹਨ। ਇਹ ਨਮੂਨਾ ਹੈ ਜੋ ਕੰਮ ਕਰ ਸਕਦਾ ਹੈ। ਇਹ ਤੇਰੀਆਂ ਅੱਖਾਂ ਅੱਗੇ ਆਦਰਸ਼ ਹੈ। ਏਨ੍ਹਾਂ ਦੀ ਮਸਲਤ ਤੇਰੇ ਅਮਲਾਂ ਵਿਚ ਸਹਾਈ ਹੋਵੇਗੀ। ਜਗਤ ਖੁਦੀ ਵਿਚ ਹੈ, ਮਾਨੁੱਖ ਦੀ ਪੀੜ ਅਰਸ਼ਾਂ ਤਕ ਅੱਪੜੀ ਹੈ; ਇਸ ਦੁੱਖ ਨੂੰ ਹਰਨ ਵਾਸਤੇ ਅਸੀਂ ਆਏ ਹਾਂ, ਦੇਖੀਂ! ਮਤਾਂ ਪੀੜਾ ਹਰਦਾ ਤੂੰ ਪੀੜਾ ਦੇਣ ਲੱਗ ਜਾਏਂ। ਇਕ ਹੋਰ ਹੋਸ਼ ਰੱਖੀਂ:—

ਜਗਤ ਵਿਚ ਕਈ ਵੇਰ ਚੰਗੇ ਆਗੂ ਕੰਮ ਕਰਦੇ ਹਨ, ਉਹ ਆਪ ਕੋਈ ਉੱਚੇ ਆਦਰਸ਼ ਲੈਕੇ ਉਠਦੇ ਹਨ, ਪਰ ਅਪਣੇ ਮਗਰ ਲੱਗਣ ਵਾਲਿਆਂ ਨੂੰ ਕੋਈ ਨਮੂਨਾ ਬਣਾ ਕੇ; ਪੂਰਨਾ ਵਾਹਕੇ ਅੱਗੇ ਨਹੀਂ ਧਰਦੇ ਕਿ ਤੁਸੀਂ ਇਸ ਨਮੂਨੇ ਤੇ ਆਪਣੇ ਆਪ ਨੂੰ ਲਿਆਓ; ਤਾਂ ਮੇਰੇ ਨਾਲ ਕੰਮ ਕਰ ਸਕੋਗੇ। ਉਨ੍ਹਾਂ ਨੂੰ ਆਦਮੀਆਂ ਦੀ ਲੋੜ ਹੁੰਦੀ ਹੈ; ਜੋ ਮਿਲੇ ਨਾਲ ਰਲਾ ਲੈਂਦੇ ਹਨ; ਉਨ੍ਹਾਂ ਦੇ ਔਗੁਣ ਆਚਰਨ ਦੇ ਗਿਰਾਉ ਵੱਲ ਨਹੀਂ ਤੱਕਦੇ। ਇਸਤਰ੍ਹਾਂ ਭੈੜੇ ਲੋਕ ਤ੍ਰਿਸ਼ਨਾਲੂ ਤੇ ਕਈ ਵੇਰ ਲੋਭੀ ਪਾਪੀ ਬਦਚਲਣ ਉਸਦੇ ਕੱਠੇ ਕੀਤੇ ਦਲਾਂ ਵਿੱਚ ਰਲ ਜਾਂਦੇ ਹਨ, ਇਨ੍ਹਾਂ ਲੋਕਾਂ ਦੇ ਕਰਤਬ ਉਸਦੇ ਆਦਰਸ਼ ਤੇ ਉਸ ਦੇ ਮਨੋਰਥ ਨੂੰ ਸੱਟਾਂ ਮਾਰਦੇ ਹਨ ਤੇ ਅੰਤ ਕਾਮਯਾਬੀ ਨਹੀਂ ਹੁੰਦੀ। ਜੇ ਕੁਛ ਹੋਵੇ ਬੀ ਤਾਂ ਜਗਤ ਦੀ ਪੀੜਾ ਵਧਦੀ ਹੈ, ਪਾਪ ਵਧਦਾ ਹੈ, ਨਾਲ ਪਾਪ ਦਾ ਫਲ 'ਪੀੜਾ' ਵਧਦੀ ਹੈ। ਸੋ ਆਗੂ ਦਾ ਧਰਮ ਹੈ ਕਿ ਪਹਿਲਾਂ ਆਦਰਸ਼ ਬੰਨ੍ਹੇ, ਫੇਰ ਉਸ ਆਦਰਸ਼ ਤੇ ਲੋਕਾਂ ਨੂੰ ਲਿਆਵੇ, ਜੋ ਆਦਰਸ਼ ਤੇ ਆਉਣ ਉਸ ਨੂੰ ਨਮੂਨੇ ਵੱਲ ਟੁਰਨ ਉਤੇ ਜਤਨ ਲਾਉਣ, ਉਨ੍ਹਾਂ ਨੂੰ ਨਾਲ ਲਵੇ, ਆਚਾਰ ਹੀਣਿਆਂ ਤੋਂ ਪਰੇ ਰਹੇ। ਸੋ ਆਦਰਸ਼ ਤੇ ਅਮਲ ਦੋਏ ਅਸਾਂ ਤੁਹਾਨੂੰ ਸਮਝਾ ਦਿੱਤੇ ਹਨ। ਆਦਰਸ਼ ਤੋਂ ਉਖੜੋਗੇ ਤਾਂ ਦੁੱਖ ਪਾਓਗੇ।

ਬੰਦਾ—ਸੱਚੇ ਪਾਤਸ਼ਾਹ! ਕਾਰਜ ਖਰਾ ਕਠਨ ਸੀ, ਪਰ ਹੁਣ ਡਾਢਾ ਕਠਨ ਹੋ ਭਾਸਿਆ ਹੈ। ਆਪ ਨੇ ਮਿਹਰ ਕੀਤੀ ਹੈ, ਮੈਨੂੰ ਜਗਾ ਕੇ ਆਪੇ ਤੇ ਖੜਾ ਕੀਤਾ ਹੈ, ਮਿਹਰ ਕਰੋ, ਮੈਨੂੰ ਨਾਮ ਨਾ ਵਿਸਰੇ, ਆਪ ਦਾ ਪਿਆਰਾ ਚੰਦ ਮੁਖੜਾ ਨਾ ਉਹਲੇ ਹੋਵੇ, ਗੁਰਬਾਣੀ ਮਿੱਠੀ ਲੱਗੇ, ਮੇਰਾ ਅੰਦਰਲਾ 'ਵਾਹਿਗੁਰੂ ਰੁਖੀਆ' ਰਹੇ, ਮੈਂ ਆਪਦੇ ਚਾਨਣੇ ਵਿੱਚ ਟੁਰਾਂ, ਏਹ ਪੰਜ ਖਾਲਸਾ ਮੇਰੇ ਸਹਾਈ ਹੋਣ, ਇਨ੍ਹਾਂ ਦੀ ਮਸਲਤ ਪੰਥ ਬਣਾਵੇ ਤੇ ਪੰਥ ਵਧਾਵੇ। ਪਰ ਹੇ ਸਾਈਂ! ਮੇਰੇ ਅਮਲਾਂ ਵਿੱਚ ਆਪ ਬੈਠੋ।

ਗੁਰੂ ਜੀ—ਦੇਖ ਬਈ! ਇਕ ਅਸੂਲ ਯਾਦ ਕਰ। ਤਾਕਤ ਸਾਰੀ ਏਕਾਗ੍ਰਤਾ ਵਿੱਚ ਹੈ। ਏਕਾਗ੍ਰਤਾ ਦੀ ਸਫਲਤਾ 'ਸ਼ੁਭ ਆਚਰਨ' ਨਾਲ ਹੈ।

ਮੋਟੀ ਅਮਲੀ ਗੱਲ ਇਹ ਯਾਦ ਰੱਖੀਂ: ਸ਼ੁਭ ਆਚਰਨ ਬਨਾਉਣਾ ਹੈ। ਭਲਿਆਂ ਨੂੰ ਜੋੜਨਾ ਹੈ ਤੇ ਕਾਰਜ ਕਰਨਾ ਹੈ।

ਬੰਦਾ—ਤਦ ਫੇਰ ਮੈਂ ਬੁਰੇ ਲੋਕਾਂ ਤੋਂ ਪਰੇ ਰਹਾਂ? ਤੇ ਅਕਸਰ ਡਿੱਠਾ ਹੈ ਕਿ ਬਲਕਾਰ ਮਾੜੇ ਲੋਕਾਂ ਵਿਚ ਹੁੰਦਾ ਹੈ ਤੇ ਜੁਧ ਜੰਗ ਬਲਕਾਰ ਵਾਲੇ ਹੀ ਕਰ ਸਕਦੇ ਹਨ?

ਗੁਰੂ ਜੀ—ਠੀਕ ਹੈ, ਪਰ ਬਲਕਾਰ ਵਾਲੇ ਜੋ ਬੁਰੇ ਹੁੰਦੇ ਹਨ ਓਹ ਮਾੜੀ ਰਹਨੁਮਾਈ ਕਰਕੇ ਹੁੰਦੇ ਹਨ। ਬੁਰਿਆਂ ਨੂੰ ਚੰਗੀ ਰਹਨੁਮਾਈ ਦਿੱਤੀ, ਭਲੇ ਪਾਸੇ ਲਾਇਆ, ਬਦੀ ਛੁਡਾਈ, ਬਾਣੀ ਤੇ ਨਾਮ

ਦਾ ਰਸੀਆ ਕਰ ਲਿਆ, 'ਖਾਲਸਾ' ਜੀ ਦੇ ਆਦਰਸ਼ ਤੇ ਲੈ ਆਂਦਾ, ਅੰਮ੍ਰਿਤ ਛਕਾਇਆ, ਕਾਰੇ ਲਾਇਆ। ਇਉਂ ਬਦੀ ਛੁਟ ਗਈ, ਬਲਕਾਰ ਭਲੇ ਅਰਥ ਕੰਮ ਆ ਗਿਆ। ਪਰ ਬੰਦਿਆ! ਏਸ ਭਿੱਤੀ ਹੇਠ ਜਾਲ ਹਈ, ਬਲਕਾਰ ਦੀ ਖ਼ਾਤਰ ਮਾਫ਼ੇ ਲੈ ਬਹੋ ਤਾਂ ਮਗਰੋਂ ਉਹ ਸਾਰੇ ਕੰਮਾਂ ਨੂੰ ਡੋਬਦੇ ਹਨ; ਬੁਰਿਆਂ ਨੂੰ ਭਲੇ ਬਨਾਉਣਾ ਕੋਈ ਸੌਖਾ ਕੰਮ ਨਹੀਂ। ਦੇਖ ਵੱਡਿਆਂ ਦੀ ਕਰਨੀ। ਭਾਈ ਬਿਧੀ ਚੰਦ ਪਤਾ ਹੈ ਕੌਣ ਸਨ?

ਬੰਦਾ—ਜੀ ਨਹੀਂ?

ਹੁਕਮ ਹੋਇਆ ਕਿ ਬਿਨੋਦ ਸਿੰਘ ਕਥਾ ਸੁਣਾਵੇ। ਸੋ ਉਸ ਨੇ ਸਾਰੀ ਸੁਣਾਈ।

ਗੁਰੂ ਜੀ—ਡਿੱਠਾ ਨੇ ਕਿ ਬਿਧੀ ਚੰਦ ਜੋ ਡਾਕੂ ਸੀ; ਕਿੱਡੇ ਬਲਕਾਰ ਵਾਲਾ ਤੇ ਕਿੱਡੀ ਅਕਲ ਵਾਲਾ ਸੀ। ਪੰਜਵੇਂ ਗੁਰਾਂ ਨੇ ਉਸ ਨੂੰ ਸਤਿਸੰਗ ਵਿਚ ਲਾਕੇ ਬਦੀ ਕੱਢ ਦਿਤੀ, ਉਸ ਦਾ ਲਾਲਚ ਕੱਢ ਦਿਤਾ, ਬਾਣੀ ਤੇ ਨਾਮ ਦਾ ਰਸੀਆ ਬਣਾ ਲਿਆ, ਉਹ ਫੇਰ ਛੇਵੇਂ ਗੁਰਾਂ ਕੋਲ ਮਹਾਂ ਉਪਕਾਰੀ ਹੋ ਗਿਆ! ਅਸਾਂ ਬੀ ਅਨੇਕਾਂ ਅਸ਼ੱਦਾਂ* ਨੂੰ ਦਰੁਸਤ ਕੀਤਾ, ਪਰ ਕਦੇ ਕਿਸੇ ਕਾਮਯਾਬੀ ਦੀ ਤੇਜ਼ੀ ਵਿਚ ਧਰਮ (ਕਿ ਅਸੂਲ) ਘਾਤ ਨਹੀਂ ਹੋਣ ਦਿੱਤਾ। ਅਸੀਂ ਧਰਮ ਉਬਾਰਨ ਆਏ ਹਾਂ, ਧਰਮ ਚਲਾਵਨ ਆਏ ਹਾਂ, ਸੰਤ ਰੱਖਿਆ ਵਾਸਤੇ ਆਏ ਹਾਂ, ਅਸੀਂ ਕਿਵੇਂ ਬੀ ਬਦੀ ਦਾ ਨਹੁੰ ਨਹੀਂ ਅੜਨ ਦੇਣਾ। ਖਾਲਸਾ ਮੇਰਾ ਰੂਪ ਹੈ, ਜੋ ਮੇਰਾ ਆਦਰਸ਼ ਹੈ ਸੋ ਖਾਲਸੇ ਦਾ ਹੈ, ਜੋ ਮੇਰਾ ਅਮਲ ਹੈ ਸੋ ਖਾਲਸੇ ਦਾ ਅਮਲ ਹੋਣਾ ਉਚਿਤ ਹੈ। ਤੁਸੀਂ ਮੇਰਾ ਕੰਮ ਕਰਨ ਚਲੇ ਹੋ, ਮੇਰੇ ਵਾਹਿਗੁਰੂ ਦਾ ਕੰਮ ਕਰਨ ਚਲੇ ਹੋ, ਤੁਸਾਂ ਉਸ ਮਾਲਕ ਦੇ ਆਦਰਸ਼ ਨੂੰ ਅੱਖੋਂ ਉਹਲੇ ਨਹੀਂ ਕਰਨਾ। ਹਰ ਸਮੇਂ ਤੇ ਹਰ ਹਾਲ ਇਨ੍ਹਾਂ ਪੂਰਨਿਆਂ ਤੇ ਟੁਰੋ।

ਬੰਦਾ ਤੇ ਸਾਰੇ ਸਿੰਘ—ਸਤ ਬਚਨ, ਆਪ ਦੀ ਬਰਕਤ ਨਾਲ।

ਗੁਰੂ ਜੀ—ਹੁਣ ਤੁਸਾਂ ਟੁਰਨਾ ਐਉਂ ਹੈ:—ਪੰਜਾਬ ਨੂੰ ਜਾਓ, ਸਾਡੇ ਹੁਕਮਨਾਮੇ, ਮਾਝੇ, ਮਾਲਵੇ, ਦੁਆਬੇ, ਪੋਠੋਹਾਰ, ਮੈਨਦਾਬ, ਧੰਨੀ, ਸੁਆਂ, ਸਾਰੇ ਪੰਜਾਬ, ਪਸ਼ੌਰ, ਮੁਲਤਾਨ, ਸਿੰਧ ਤੱਕ ਅੱਪੜ ਜਾਣਗੇ, ਖਾਲਸਾ ਆ ਮਿਲੇਗਾ। ਜਿਉਂ ਜਿਉਂ ਸਿੰਘ ਆ ਮਿਲਣ ਤਿਉਂ ਤਿਉਂ ਕੰਮ ਅਰੰਭਣਾ। ਬੁੱਧੂ ਸ਼ਾਹ ਪ੍ਰੇਮੀ ਸਾਡੇ ਨਾਲ ਰਿਹਾ, ਉਸ ਨੇ ਆਪਣੇ ਪੁਤਰ ਖਾਲਸੇ ਦੇ ਰੰਗ ਵਿਚ ਅਰਪੇ। ਤੁਰਕਾਂ ਨੇ ਤਅੱਸਬ ਤੇ ਜ਼ੋਰ ਜ਼ੁਲਮ ਦੀ ਲਹਿਰ ਵਿਚ ਉਸ ਨੂੰ ਬੇਰਹਿਮੀ ਨਾਲ ਕਤਲ ਕੀਤਾ। ਨਸੀਰਾਂ ਫਰਿਸ਼ਤਾ ਤੇ ਦੇਵੀ ਤ੍ਰੀਮਤ ਤੇ ਮਹਾਂ ਬਲੀ, ਕਵੀ ਤੇ ਸੰਤ, ਉਨ੍ਹਾਂ ਦੇ ਹਥੋਂ ਗੀਤ ਗਾਉਂਦੀ ਨਾਦ ਵਜਾਉਂਦੀ ਕਤਲ ਹੋਈ। ਉਸ ਪਿਆਰੀ ਰੱਬ ਦੀ ਦੁਲਾਰੀ ਤੇ ਉਸ ਪਿਆਰੇ ਦਾ ਇਕ ਨਿੱਕਾ ਬੱਚਾ ਸਢੌਰੇ ਅਜੇ ਕੈਦ ਸੁਣੀਂਦਾ ਹੈ, ਯਾ ਕਿਤੇ ਛਪਿਆ ਹੋਇਆ ਹੈ। ਉਸ ਦਾ ਪਤਾ ਕਰੋ, ਜੇ ਕੈਦ ਹੋਵੇ ਤਾਂ ਉਸ ਨੂੰ ਛੁਡਾ ਕੇ ਸੁਤੰਤ੍ਰ ਕਰਨਾ ਤੇ ਆਪਣੇ ਪੈਰੀਂ ਖੜਾ ਕਰਨਾ, ਇਹ ਜ਼ਰੂਰੀ ਕੰਮ ਹੈ। ਇਸ ਤੋਂ ਅਗੇ ਦਿਰ-ਬਿਜੈ ਅਰੰਭ ਦਿਓ। ਸਰਹਿੰਦ ਫਤੇ ਕਰੋ ਤਾਂ ਮੈਨਦਾਬ ਸਰ ਹੋ ਗਿਆ, ਪੰਜਾਬ ਕਮਜ਼ੋਰ ਹੋ ਗਿਆ ਤੇ ਦਿੱਲੀ ਦੀ ਕਿੱਲੀ ਢਿੱਲੀ ਪੈ ਗਈ। ਸਰਹਿੰਦ ਹਿੰਦ ਦਾ ਸਿਰ, ਇਕ ਭਾਰੀ ਨਾਕਾ ਹੈ, ਦਿੱਲੀ ਤੇ ਕਾਬਲ ਦੀ ਇਕ ਮਿਆਨੇ ਧੁਰ ਹੈ। ਆਨੰਦਪੁਰ ਦੀ ਸਾਰ ਬੀ ਲੈਣੀ ਹੈ।

ਪਰ ਜੋ ਹੁਕਮ ਹੋਏ ਹਨ ਉਹ ਧੁਰੋਂ ਹਨ; ਮੈਂ ਹੁਕਮੀ ਦੀ ਕਾਰ ਕਰਨੀ ਹੈ, ਹੁਕਮ ਦੱਸਣੇ ਹਨ, ਤੁਸਾਂ ਅਮਲ ਕਰਨਾ ਤੇ ਸੁਖ ਪਾਉਣਾ ਹੈ

ਖਾਲਸਾ ਇਕ ਰੱਬੀ ਆਦਰਸ਼ ਹੈ, ਇਕ ਅਮਲੀ ਮਾਨੁਖੀ ਵੰਨਗੀ ਹੈ ਉਸ ਇਨਸਾਨ ਦੀ ਜੋ ਇਨਸਾਨ ਉਚਿਤ ਹੈ ਕਿ ਬਣੇ।

ਬੰਦਾ—ਪਰ ਪਾਤਸ਼ਾਹ! ਆਦਰਸ਼ ਤੱਕ ਅੱਪੜ ਹਰ ਇਕ ਦੀ ਨਹੀਂ ਹੁੰਦੀ।

ਗੁਰੂ ਜੀ—ਪਰ ਨਜ਼ਰ ਹਰ ਇਕ ਦੀ ਆਦਰਸ਼ ਤੇ ਚਾਹੀਏ, ਜਿਸ ਦੀ ਨਜ਼ਰ ਆਦਰਸ਼ ਤੇ ਨਹੀਂ ਉਹ ਤਾਂ ਮੁਰਦਾ ਲੋਥ ਹੈ, ਜਿਸ ਦੀ ਮੁਰਦਾ ਛੋਤ ਸਾਰੇ ਪੰਥ ਵਿਚ ਉਹੋ ਮੁਰਦਿਹਾਨ ਪਸਾਰ ਦੇਵੇਗੀ ਕਿ ਜਿਸ ਵਿਚੋਂ ਅਸਾਂ ਲੋਕਾਂ ਨੂੰ ਕੱਢ ਕੇ ਪੰਥ ਸਾਜਿਆ ਹੈ। ਜੀਵਨ ਅਮਲੀ ਹੋਵੇ, ਹਾਂ, ਖਾਲੀ ਵਹਿਮੀ ਨਾ ਹੋਵੇ ਪਰ ਨਜ਼ਰ ਆਦਰਸ਼ ਤੇ ਹੋਵੇ ਅਤੇ ਜੀਵਨ ਅਮਲ ਉਸ ਆਦਰਸ਼ ਦੇ ਅੱਪੜਨ ਦਾ

*ਅਸ਼ਮੰਨ, ਬੁਰੇ ਲੋਕ।

ਯਤਨ, ਹੀਲਾ ਤੇ ਕੋਸ਼ਿਸ਼ ਹੋਵੇ; ਕਦੇ ਕਿਸੇ ਲਹਿਰ ਵਿਚ, ਕਿਸੇ ਤੇਜ਼ੀ ਤੇ ਜੋਸ਼ ਵਿਚ, ਕਿਸੇ ਬਹਾਨੇ ਲੋੜ ਦੇ ਭੁਲਾਵੇ ਵਿਚ ਆਦਰਸ਼ ਤੋਂ ਨਾ ਉੱਕੀਂ ਫੇਰ ਭੁੱਲ ਨਹੀਂ ਹੋਵੇਗੀ। ਵਾਹਿਗੁਰੂ ਮਿਹਰ ਕਰੇ ਤੇ ਅੰਗ ਸੰਗ ਅਪਣਾ ਆਪ ਦੱਸੇ। ਮੈਂ 'ਹਰਿ ਦੇ ਜਨ' ਬਣਾਏ ਹਨ, ਫਕੀਰ ਸਾਜੇ ਹਨ, ਕਣੀ ਵਾਲੇ ਜੀਉਂਦੇ ਬੰਦੇ ਨਿਵਾਜੇ ਹਨ, ਜੀਉਂਦਿਆਂ ਦਾ ਪੰਥ ਰਚਿਆ ਹੈ, ਤੁਸੀਂ ਸਦਾ 'ਜੀਵਨ ਕਣੀ' ਅਪਣੇ ਅੰਦਰ ਵਸਾਕੇ ਤੇ ਰੱਖ ਕੇ ਟੁਰਨਾ।ਅਕਲ, ਦਨਾਈ, ਦੂਰੰਦੇਸ਼ੀ ਸਦਾ ਵਰਤੋ, ਪਰ ਝੂਠ ਤੇ ਪਾਪ ਤੋਂ ਸਦਾ ਬਚੋ, ਨਾਮ ਤੇ ਬਾਣੀ ਨਾ ਭੁੱਲੋ। ਸੁਭ ਆਚਰਨ ਸਦਾ ਰੱਖੋ, ਸਦਾ ਆਚਰਨ ਸਵਾਰੋ। ਤੁਹਾਡਾ ਸੀਰਕ ਬਲ ਤੇ ਸਾਰੀ ਉਮਰ ਦਾ ਸਿੱਧੀਆਂ ਦਾ ਪ੍ਰੇਮ—ਬੜਾ ਡਰ ਹੈ ਕਿ—ਤੁਸਾਨੂੰ ਕਦੇ ਗ੍ਰਹਣ ਵੱਲ ਫੇਰ ਨਾ ਲੈ ਜਾਏ, ਇਸ ਲਈ ਸਾਰੇ ਆਦਰਸ਼ ਤੁਹਾਨੂੰ ਸਮਝਾਏ ਹਨ, ਸਾਵਧਾਨ ਰਹਿਣਾ।

ਹੁਣ ਸੰਝ ਹੋ ਆਈ ਸੀ, ਰਹੁਰਾਸ ਦਾ ਪਾਠ ਆਰੰਭ ਹੋ ਗਿਆ, ਨਦੀ ਕਿਨਾਰਾ ਤੇ ਏਕਾਂਤ ਸੀ ਸੋ ਅਰਸ਼ੀ ਰੰਗ ਬੱਝ ਗਿਆ।

੪.

ਅੱਜ ਦੀਵਾਨ ਸਜ ਰਿਹਾ ਹੈ, ਕੀਰਤਨ ਹੋ ਰਿਹਾ ਹੈ, ਸੰਗਤ ਜੁੜ ਰਹੀ ਹੈ, ਨੇੜੇ ਤੇੜੇ ਬੁਰਹਾਨ ਪੁਰ ਲਾਗ ਦੇ ਪ੍ਰੇਮੀ ਵੀ ਆਏ ਹਨ। ਕਦੇ ਤਲਵਾਰ ਸੂਤ ਕੇ ਸੀਸ ਮੰਗ ਕੇ ਪੰਜ ਪਿਆਰੇ ਟੋਰੇ ਸੇ, ਅੱਜ ਹੋਰ ਪੰਜ ਦੁਲਾਰੇ ਆ ਦੀਵਾਨ ਵਿੱਚ ਖੜੇ ਹੋਏ ਹਨ। ਏਹ ਸੀਸ ਭੇਟ ਕਰ ਚੁਕੇ ਹੋਏ ਹਨ, ਏਹ ਪਰਤਾਵਿਆਂ ਵਿਚੋਂ ਲੰਘ ਚੁਕੇ ਹੋਏ ਹਨ, ਏਹ ਪੰਜੇ ਜੀਉ ਚੁਕੇ ਜੀਵੇ ਹਨ, ਭੈ ਮੰਨਦੇ ਨਹੀਂ, ਭੈ ਦੇਂਦੇ ਨਹੀਂ। ਚੜ੍ਹਦੀਆਂ ਕਲਾਂ ਦੇ ਚਮਕਦੇ ਸੂਰਜ ਹਨ, ਨਾਲ ਆਏ ਹਨ, ਸਾਰੇ ਦੁਖੜੇ ਝੱਲਦੇ ਆਏ ਹਨ, ਪਰ ਨਿਰਭੈ ਤੇ ਨਿਰਵੈਰ ਐਉਂ ਖੜੇ ਹਨ ਜਿਵੇਂ ਲਾੜੇ ਹਨ;ਹੁਣੇ ਵਿਆਹ ਕੇ ਆਏ, ਡੋਲਾ ਲੈ ਕੇ ਆਏ, ਮਾਤਾ ਦੇ ਛਿੰਦੇ ਤੇ ਨੁਛਾਵਰਾਂ ਨਾਲ ਆਦਰੇ ਗਏ ਦੂਲੇ ਖੜੇ ਹਨ; ਚਿਹਰੇ ਦਮਕਦੇ ਹਨ, ਅੱਖਾਂ ਚਮਕਦੀਆਂ ਹਨ। ਇੰਨੇ ਨੂੰ—

ਆ ਗਏ ਦੀਵਾਨ ਵਿਚ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵਾਲੀ ਦੇ ਜਹਾਨ।

ਸੰਗਤ ਨੇ ਸੀਸ ਨਿਵਾਇਆ, ਆਪ ਦੀਵਾਨ ਦੇ ਕੇਂਦ੍ਰੀ ਟਿਕਾਣੇ ਸਜ ਗਏ, ਕੀਰਤਨ ਦਾ ਭੋਗ ਪਿਆ, ਅਰਦਾਸਾ ਅਰਦਾਸੀਏ ਸਿੰਘ ਨੇ ਸੋਧਿਆ:—

"ਹੇ ਅਕਾਲ ਪੁਰਖ! ਆਪ ਦਾ ਸਾਜਿਆ ਨਿਵਾਜਿਆ ਬੰਦਾ ਸਿੰਘ ਤੇ ਪੰਜ ਲੱਖ ਖਾਲਸਾ ਦੇਸ਼ ਚੱਲਿਆ ਹੈ, ਧਰਮ ਜੁੱਧ ਕਰੇਗਾ, ਚੜ੍ਹਦੀਆਂ ਕਲਾਂ ਵਿਚ ਖੇਡੇਗਾ, ਬਰਕਤ ਦੇਹ ਕਿ ਤੇਰੀ ਮਿਹਰ ਹੇਠ ਟੁਰੇ।"

ਉੱਠੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ!

ਆਪਣੀ ਬਖਸ਼ੀ ਕਮਾਨ ਤੇ ਤੀਰਾਂ ਦਾ ਭੱਥਾ ਆਪ ਚਾਇਆ ਤੇ ਸਜਾ ਦਿੱਤੇ ਦੋਵੇਂ ਆਪਣੇ ਨਿਵਾਜੇ ਬੰਦੇ ਦੇ ਸ਼ਫੀਰ ਨਾਲ ਤੇ ਹੱਸ ਕੇ ਆਖਿਆ:—"ਇਹ ਹੈ ਮੇਰਾ ਬੰਦਾ"।

ਫੇਰ ਚਾਈਆਂ ਪੰਜ ਤਲਵਾਰਾਂ ਤੇ ਸਜਾ ਦਿੱਤੀਆਂ ਪੰਜਾਂ ਦੁਲਾਰਿਆਂ ਨੂੰ:—"ਏਹ ਹਨ ਮੇਰੇ ਦੁਲਾਰੇ, ਸ੍ਰੀ ਸਾਹਿਬ ਖਾਲਸੇ ਦੀ ਤੇ ਖਾਲਸਾ ਸ੍ਰੀ ਸਾਹਿਬ ਦਾ, ਪੰਜ ਮਸਲਤੀ ਖਾਲਸਾ"।

ਛੀਏ ਢਹਿ ਪਏ ਚਰਨਾਂ ਵਿਚ।

ਉਠਾਲੇ ਛੀਏ ਸਤਿਗੁਰੂ ਨੇ ਪਿਆਰ ਤੇ ਦਿਲਾਸ ਦੇ ਦੇ ਕੇ ਤੇ ਹੁਕਮ ਦਿੱਤਾ:—

"ਜਾਓ ਮੇਰੇ ਪੁੱਤਰੋ! ਵਾਹਿਗੁਰੂ ਦਾ ਹੁਕਮ ਪੂਰਾ ਕਰੋ"!

"ਤੁਸਾਂ ਵਿਚ ਧਰਮ ਤੇ ਨਿਆਂ ਆਇਆ ਹੈ,ਤੁਸੀਂ ਅਧਰਮ ਤੇ ਅਨਜਾਫ ਦੀ ਸਫਾ ਵਲ੍ਹੇਟ ਦਿਓ"।

ਕੜਾਹ ਪ੍ਰਸ਼ਾਦ ਵਰਤਿਆ, ਸਭ ਨੇ ਛਕਿਆ। ਹੁਣ ਘੋੜੇ ਆ ਗਏ, ਇਕ ਇਕ ਘੋੜਾ ਇਕ ਇਕ ਨੂੰ ਵੰਡਿਆ ਗਿਆ। ਤੁਪਕਾਂ ਆਈਆਂ, ਇਕ ਇਕ ਤੁਪਕ(ਬੰਦੂਕ)ਇਕ ਇਕ ਪਿਆਰੇ ਨੂੰ ਦਿੱਤੀ। ਆਪ ਮੋਢੇ ਧਰਕੇ ਹੱਥ ਫੜਾਈ,ਕਿਹਾ:—"ਖਾਲਸਾ ਨਿਸ਼ਾਨੇ ਵਿਚ ਤਾਕ ਹੋਵੇਗਾ"। ਟੁਰ ਪਏ ਅੱਗੇ ਅੱਗੇ ਆਪ ਤੇ ਨਾਲ ਨਾਲ ਬੰਦਾ ਤੇ ਦੁਲਾਰੇ, ਮਗਰ ਸੰਗਤ ਸ਼ਬਦ ਪੜ੍ਹਦੀ। ਵਾਹ! ਗੁਰੂ ਸੱਚੇ ਪਾਤਸ਼ਾਹ ਤੇਰੇ ਪਿਆਰ ਦੇ ਸਦਕੇ! ਦਾਸਾਂ ਨੂੰ ਟੋਰਨ ਜਾ ਰਿਹਾ ਹੈਂ, ਅਪਣੇ ਸਾਜਿਆਂ ਨੂੰ ਵਿਦੇਗੀ ਦੇਣ ਟੁਰਿਆ ਹੈਂ, ਅਪਣੇ ਨਿਵਾਜਿਆਂ ਨੂੰ ਆਪ ਅਪੜਾਉਣ ਜਾ ਰਿਹਾ ਹੈਂ, ਧੰਨ ਤੇਰੀ ਮਿਹਰ ਤੇ ਧੰਨ

ਤੇਰਾ ਪਿਆਰ ! ਟੁਰਦੇ ਗਏ । ਕੋਈ ਥਾਂ ਆ ਗਿਆ, ਬੰਦਾ ਅਟਕ ਗਿਆ, ਨੈਣ ਭਰ ਆਏ, ਹਥ ਬੰਨ੍ਹਕੇ ਸਨਮੁਖ ਖੜੋ ਗਿਆ:–

"ਦਾਤਾ!ਮਿਹਰ ਕਰ । ਬੱਸ; ਟਹਿਲ ਵਾਲਿਆਂ ਨੂੰ ਟੋਰ, ਵਿੱਛੁੜਨ ਤੇ ਚਿਤ ਨਹੀਂ, ਪਰ ਹੋਰ ਖੇਚਲ ਨਾ ਕਰ । ਮਿਹਰ ! ਮਿਹਰ ! ਮਿਹਰ !"

ਉਹ ਬੈਰਾਗੀ,ਜੋ ਕੁਛ ਦਿਨ ਬੀਤੇ ਹਨ ਸੁਆਹ ਮਲੇ ਗੋਦਾਵਰੀ ਦੇ ਕੰਢੇ ਬੀਰਾਰਾਧਨ ਤੇ ਤੰਤ੍ਰ ਘੋਖ ਰਿਹਾ ਸੀ, ਅੱਜ ਸਨੱਧਬੱਧ ਸੂਰਮਾਂ ਖੜਾ ਹੈ । ਕੱਦ ਬਹੁਤ ਲੰਮੇਰਾ ਨਹੀਂ, ਪਰ ਚਿਹਰੇ ਰੋਅਬ ਪਾਤਸ਼ਾਹੀ ਫਿਰ ਗਿਆ ਹੈ, ਚੜ੍ਹਦੀ ਕਲਾਂ ਦਾ ਸੂਰਜ ਦਮਕਦਾ ਹੈ, ਨੈਣਾਂ ਵਿਚ ਜੋਤਿ ਹੈ ਤੇ ਜੋਤਿ ਵਿਚ ਕੋਈ ਮਹਾਨ ਉਤਸਾਹ ਹੈ । ਹਾਂ ਭੈ ਲੱਗਦਾ ਹੈ ਤੱਕਿਆਂ, ਸੁਹਣਾ ਭੈ, ਪਰ ਦੇਖੋ ਇੱਡੀ ਬਲਵਾਨ ਡੀਲ ਤੇ ਬਹਾਦੁਰ ਨੁਹਾਰ ਵਾਲਾ ਇਸ ਵੇਲੇ ਅੱਖਾਂ ਵਿਚ ਪਾਣੀ ਭਰੇ ਹੱਥ ਬੰਨ੍ਹੀਂ ਖੜਾ ਹੈ । ਕੰਠ ਗਦ ਗਦ ਹੈ, ਸ਼ਰੀਰ ਤੇ ਪੁਲਕਾਵਲੀ ਹੈ, ਅੱਥਰੂ ਤੇ ਅੱਥਰੂ ਕਿਰਦਾ ਹੈ ਤੇ ਚਰਨਾਂ ਤੇ ਢਹਿ ਪਿਆ ਹੈ । ਬੰਦਾ ਹੁਣ ਘੁੱਟ ਕੇ ਚਰਨਾਂ ਨੂੰ ਜੱਫੀ ਪਾ ਬੈਠਾ ਹੈ, ਮਾਨੋਂ ਹੁਣ ਵਿਛੁੜਨਾ ਹੀ ਨਹੀਂ ਹੈ । ਪਿਆਰ ਦਾ ਸੋਮਾਂ ਏਥ ਫੁਹਾਰੇ ਮਾਰ ਰਿਹਾ ਹੈ । ਚੋਜੀ ਗੁਰੂ ਜੀ ਕਿੱਥੇ ਹਨ?ਬੋਰ ਰਸ ਦੇ ਰੰਗ ਕਿੱਥੇ ਹਨ? ਇਹ ਪ੍ਰੇਮਾ-ਭਗਤੀ ਦੇ ਤੁੰਗ ! 'ਤੇਰੀ ਉਪਮਾ ਤੋਹਿ ਬਨਿ ਆਵੈ' ਤੇਰੇ ਹੀ ਘਰ ਹਨ, ਸਾਰੇ ਚੋਜ ! ਸੰਗਤ ਤੇ ਭੀ ਪ੍ਰੇਮ ਦਾ ਭਾਵ ਛਾ ਰਿਹਾ ਹੈ, ਦਾਤਾ ਜੀ ਆਪ ਭੀ ਪ੍ਰੇਮ ਵਿਚ ਹਨ।ਆਪ ਖੜੇ ਹਨ, ਬੰਦਾ ਚਰਨਾਂ ਤੇ ਸੀਸ ਧਰੇ ਪਿਆ ਛਮਾਂ ਛਮ ਛਹਿਬਰ ਲਾ ਰਿਹਾ ਹੈ, ਦੁਲਾਰੇ ਗੋਡੇ ਟੇਕੇ ਸਿਰ ਧਰਾ ਨਾਲ ਲਾਈ ਪਏ ਗਦ ਗਦ ਕੰਠ ਹਨ ।

ਆਪ ਦੇ ਨੈਣ ਖੁੱਲ੍ਹੇ, ਰਸ ਭਿੰਨੇ ਨੈਣ ਖੁੱਲ੍ਹੇ, ਬੰਦੇ ਦਾ ਸੀਸ ਚਾਇਆ, ਚਿਹਰਾ ਤੱਕਿਆ, ਗਲ ਲਾ ਲਿਆ, ਅਸੀਸ ਦਿੱਤੀ, ਆਖਿਆ: "ਜਾਓ ! ਹੁਕਮ ਦੀ ਕਾਰ ਕਰੋ । ਜਦ ਤਕ ਹੁਕਮਾਂ ਤੇ ਟੁਰੋਗੇ ਮੈਂ ਨਾਲ ਰਹਾਂਗਾ ।"

ਫੇਰ ਪੰਜਾਂ ਦੁਲਾਰਿਆਂ ਨੂੰ ਇਕ ਇਕ ਕਰਕੇ ਗਲੇ ਲਾਇਆ, ਪਿਆਰ ਦਿਤਾ, ਆਖਿਆ:–'ਗੁਰੂ ਅੰਗ ਸੰਗ, ਜਾਓ ਕਾਰ ਕਮਾਓ ।"

ਐਉਂ ਪਿਆਰ ਦੇਂਦੇ ਬਰਕਤਾਂ ਬਖਸ਼ੀਆਂ ਤੇ ਵਿਦਾ ਕੀਤੇ ਸੁਹਣੇ। ਇਹ ਬੀ ਪਤਾ ਚਲਦਾ ਹੈ ਕਿ ਬੰਦੇ ਨਾਲ ਪੰਝੀ ਕੁ ਸਿੰਘ ਹੋਰ ਬੀ ਟੁਰੇ ਸਨ। ਨਾਲ ਡੇਰਾ, ਕੁਛ ਨੌਕਰ ਤੇ ਸਾਮਾਨ ਬੀ ਬਖਸ਼ਿਆ ਸੀ । ਟੁਰ ਗਏ ਤੇ ਟੋਰ ਦਿੱਤੇ ਆਪ ਕੋਲ ਖਲੋ ਕੇ ਅਪਣੇ ਪਿਆਰੇ ਦੁਲਾਰੇ ਜੋ ਹੁਕਮ ਦੀ ਕਾਰ ਕਮਾਵਣ ।

—o—

ਸਥਨਾ–ਬੰਦੇ ਨੇ ਆਪਣਾ ਕੰਮ ਖਤਮੋਂਡੇ ਤੋਂ ਅਰੰਭਿਆ, ਮੈਨਦਾਬ ਵਿਚ ਸ਼ੇਰਾਂ ਨਾਲ ਵਧਾ ਲਿਆ ਤੇ ਸ੍ਰੀ ਗੁਰੂ ਜੀ ਨੂੰ ਬੰਦੇ ਦੇ ਆਉਣ ਮਗਰੋਂ ਵਾਹਿਗੁਰੂ ਜੀ ਦੇ ਦਰੋਂ ਅਟੱਲ ਸੱਦੇ ਆ ਗਏ । ਸ੍ਰੀ ਗੁਰੂ ਜੀ ਦੇ ਪ੍ਰਲੋਕ ਪਿਆਨੇ ਦੇ ਦਰਸ਼ਨ ਅਗਲੇ ਪ੍ਰਸੰਗ ਵਿਚੋਂ ਕੁਛ ਦਿੱਸ ਪੈਣਗੇ ।

੯੫. ਅਰਸ਼ੀ ਪ੍ਰੀਤਮ* ।

[੧. ਬੰਦੀ ਛੋਰ]

ਧੀਰਉ ਦੇਖਿ ਤੁਮ੍ਹਾਰੇ ਰੰਗਾ ॥ ਤੂਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ ॥

[ਬਿਲਾ: ਮਹਲਾ ੫

ਸੁੰਦਰਤਾ ਦਾ ਇਕ ਅਰਸ਼ੀ ਟੁਕੜਾ,ਇਸ ਧਰਤੀ ਪੁਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੈ । ਕੋਮਲ ਹੁਨਰਾਂ ਦਾ ਕਮਾਲ ਬੀ ਏਥੇਹੈ।ਸਾਰੇ ਜਗਤਦੇ ਸੁਹਣੇ ਟਿਕਾਣੇ ਤੱਕ ਆਓ, ਇਹ ਗੰਭੀਰਤਾ, ਇਹਪ੍ਰਕਾਸ਼, ਇਹ ਖੁੱਲ੍ਹਾਪਨ, ਇਹ ਅਛੋਤ ਸੁਹਣੱਪ, ਇਹ ਦੈਵੀ ਪ੍ਰਭਾਵ,ਇਹ ਅਮਰੀ ਛਬੀ ਕਿਸੇ ਦੀ ਵਿਉਂਤ ਵਿੱਚ ਨਾ ਦਿੱਸੂਜੇ ਇਸਮੰਦਰ–ਹਰੀਮੰਦਰ–ਵਿੱਚ ਦਿੱਸਦੀ ਹੈ। ਇਲਾਹੀ ਨੂਰ, ਦੈਵੀ ਪ੍ਰਕਾਸ਼, ਆਤਮ ਰੰਗ, ਗੁਹਝ ਕਥਾ ਤੇ ਰੱਬੀ ਭੇਤਾਂ ਦਾ ਜ਼ਿੰਮੇਵਾਰ ਇਹ ਸਤਿਗੁਰੂ ਦਾ ਸਰੀਰ ਮਾਨੋਂ ਅਡੋਲ, ਅਹਿੱਲ ਸਮਾਧੀ ਵਿੱਚ ਇਸਥਿਤ ਹੈ। ਗਿਰਦਾ ਗਿਰਦ ਐਨੀਂ ਖੁੱਲ ਹੈ ਕਿ ਕੋਈ ਲੁਕ, ਪਰਦਾ ਹੋਰ ਨਹੀਂ।

*ਇਹ ਪਸ਼ੌਰ ਟ੍ਰੈਕਟ ਦੀ ਸੁਰਤ ਵਿਚ ਸ: ਗੁ: ਨਾ: ਸਾ: ੪੪੬ (੧੯੧੫ ਈ:) ਦੇ ਗੁਰਪਰਬ ਸਪਤਮੀ ਸਮੇਂ ਪ੍ਰਕਾਸ਼ਿਆ ਸੀ ।

ਅਕਾਸ਼ ਖੁੱਲਾ ਦੀਦਾਰੇ ਕਰੇ, ਰੋਸ਼ਨੀ ਖੁੱਲ੍ਹੀ ਆ ਕੇ ਮੱਥੇ ਟੇਕੇ, ਚੁਫੇਰੇ ਜਲ ਦਾ ਘੇਰਾ ਹੈ, ਜਿਸਦੇ ਕਾਰਨ ਹਵਾ ਦਾ ਮੰਡਲ ਸਦਾ ਖੁੱਲਾ ਤੇ ਸਾਫ ਰਹਿੰਦਾ ਹੈ। ਸਰੋਵਰ ਦਾ ਡੂੰਘ ਨਿੰਮ੍ਰਤਾ ਦੀਆਂ ਡੂੰਘਾਈਆਂ ਦਾ ਲਖਾਇਕ,ਤੇ ਗੁੰਬਜ਼ਾਂ ਦੀ ਉਚਾਈ ਚੜ੍ਹਦੀਆਂ ਕਲਾਂ ਦੀ ਉਚਾਣ ਹੈ। ਇਸ ਹਰਿਮੰਦਰ ਦੇ ਚਾਰ ਦਰਵਾਜ਼ੇ ਚਵ੍ਹਾਂ ਲਾਂਭਾਂ ਦੇ ਵਿਚਕਾਰ, ਤੇ ਹਰਿਮੰਦਰ ਦੀਆਂ ਚਾਰੇ ਨੁਕਰਾਂ ਚਹੁਵਾਂ ਲਾਂਭਾਂ (ਦੇਸ਼ਾਂ) ਦੀ ਸੇਧ ਉਪਰ ਹਨ। ਰੱਬ ਲਾਂਭਾਂ ਵਿੱਚ ਹੀ ਨਹੀਂ,ਸਾਰੇ ਹੈ, ਏਹ ਉਪਦੇਸ਼ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਦੇ ਰਹੇ ਹਨ।ਵਿਆਪਕ ਵਾਹਿਗੁਰੂ ਨੂੰ ਵਿਆਪਕ ਸਮਝਣ ਦੇ ਭਾਵ ਤੇ ਚੁੱਪ ਦੀ ਅਵਾਜ਼ ਵਿਚ ਉਪਦੇਸ਼ ਦਾਤਾ ਸਤਿਗੁਰੂ ਦਾ ਸਰੀਰ—ਸੱਚ ਮੁਚ ਸਰੀਰ—ਇਹ ਹਰੀ ਮੰਦਰ ਹੈ। ਇਸ ਪ੍ਰਤੱਖ ਸਤਿਗੁਰ ਦੇ ਸਰੀਰ ਵਿੱਚ ਰਬੀ ਗਿਆਨ ਦਾ ਨਿਵਾਸ, ਅਡੋਲ ਰੰਗ ਵਿੱਚ ਤੇ ਕੀਰਤਨ ਰੂਪ ਵਿੱਚ ਅਠ ਪਹਿਰ ਜਾਰੀ। ਅਹਾਰ ਲਈ ਕੜਾਹ ਪ੍ਰਸ਼ਾਦ, ਸੁੰਘਣ ਲਈ ਫੁੱਲ, ਸੁਣਨ ਲਈ ਸੰਗੀਤ, ਤੱਕਣ ਲਈ ਭਗਤਾਂ ਦੇ ਦਰਸ਼ਨ ਤੇ ਸ਼ਰਧਾ ਨਾਲ ਝੁਕਦੇ ਸੀਸ, ਸਪਰਸ਼ ਲਈ ਠੰਢੀ ਪੌਣ, ਸਾਰੇ ਸਰੀਰ ਲਈ ਬੀ ਲੁੜੀਂਦੇ ਸਾਮਾਨ ਏਥੇ ਸਦਾ ਪ੍ਰਾਪਤ ਹਨ। ਹਰਿਮੰਦਰ ਦੇ ਗੁੰਬਜ਼ ਦਾ ਸ਼ਿਖਰ ਸਾਰੀ ਧਰਤੀ ਦਾ ਮਾਨੋਂ ਕੇਂਦਰ ਹੈ। ਜੋਤਸ਼ੀਆਂ ਗ਼ਲਤੀ ਨਾਲ ਅਗਲੇ ਸਮੇਂ ਬਨਾਰਸ ਤੇ ਹੁਣ ਗ੍ਰੀਨਿਚ ਧਰਤੀ ਦੇ ਕੇਂਦਰ ਬਨਾਏ ਹਨ, ਅਸਲ ਅਰ ਹਿਸਾਬ ਨਾਲ ਠੀਕ ਕੇਂਦਰ ਇਹ ਦਰਬਾਰ ਸਾਹਿਬ ਦੇ ਗੁੰਬਜ਼ ਦੀ ਚੋਟੀ ਹੇਠਲਾ ਸਥਾਨ ਹੈ, ਜਿੱਥੇ ਮਾਲਕ ਦਾ ਯਸ਼ ਹਰਛਿਨ ਜਾਰੀ ਹੈ। ਹਰਿ ਮੰਦਰ ਅਰਸ਼ੀ ਮੰਦਰ ਹੈ, ਸਗੋਂ ਅਰਸ਼ਾਂ ਤੋਂ ਬੀ ਸੁਹਣਾ ਹੈ, ਕਿਉਂਕਿ ਅਰਸ਼ ਲੁਕਿਆ ਹੋਇਆ ਹੈ ਪਰ ਇਹ ਪ੍ਰਗਟ ਹੈ ਜੋ ਉਪਦੇਸ਼ ਤੇ ਕੀਰਤਨ ਕਰਦਾ ਹੈ। ਹਰਿਮੰਦਰ ਦੇ ਅੰਦਰ ਸਤਿਗੁਰ ਜੀ ਦੇ ਗਿਆਨ ਦਾ ਚਾਨਣਾ ਹੈ, ਇਹੋ ਚਾਨਣਾ ਸਾਰੇ ਪੋਹਨ ਵਿਚ ਪਸਰ ਰਿਹਾ ਹੈ। ਸੁਨਹਿਰੀ ਗੁੰਬਜ਼ਾਂ ਤੋਂ ਚਾਨਣੇ ਦੀਆਂ ਰਿਸ਼ਮਾਂ ਸਾਰੇ ਸਰੋਵਰ ਅਰ ਪ੍ਰਕਰਮਾਂ ਵਿਚ ਪ੍ਰਤਿਬਿੰਬਤ ਹੁੰਦੀਆਂ ਹਨ। ਹਰੀਮੰਦਰ ਦਾ ਪੁਲ ਵਾਹਿਗੁਰੂ ਦੀ ਦੇਹ ਤੱਕ ਅੱਪੜਨ ਦਾ ਵਿਚੋਲਾ ਆਪਣੀ ਛਬੀ ਵਿਚ ਅਦੁਤੀ ਐਉਂ ਦਮਕਦਾ ਹੈ ਜੀਕੂੰ ਕਿਸੇ ਅਸਮਾਨਾਂ ਦੇ ਰਾਜ ਹੰਸ ਨੇ ਆਪਣੀ ਡਾਢੀ ਲੰਮੀ ਪੌਣ ਪਿਆਰ ਨਾਲ ਮੱਥੇ ਟੇਕਣ ਵਿਚ ਲੰਮੀ ਪਾ ਦਿੱਤੀ ਹੈ। ਠੀਕ ਹੈ, ਇਹ ਪੁਲ ਹੈ—ਪੁਲ ਸੰਸਤ ਦੇ ਭੈ ਨੂੰ ਤੋੜਨ ਵਾਲਾ ਪਰਮਹੰਸ ਉਪਦੇਸ਼ਕ ਜੋ ਦੱਸਦਾ ਹੈ ਕਿ ਰਾਈ ਦੇ ਦਸਵੇਂ ਭਾਗ ਜਿੰਨਾਂ ਤੰਗ ਮੁਕਤ ਦਾ ਦਰਵਾਜ਼ਾ ਕੀਕੂੰ ਖੁੱਲ੍ਹਾ ਹੋ ਜਾਂਦਾ ਹੈ:—

ਕਬੀਰ—ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥ [ਸਲੋਕ ਕਬੀਰ

ਜੀਕੂੰ ਭੈਜਲ ਸੰਸਾਰ ਵਿਚ ਗੁਰਮੁਖ ਦਾ ਸ਼ਰੀਰ ਅਡੋਲ ਟਿਕਾਉ ਵਿਚ ਖੜਾ ਰਹਿੰਦਾ ਹੈ, ਤੀਕੂੰ ਇਹ ਪੁਲ ਤੇ ਮੰਦਰ ਅੰਮ੍ਰਿਤ ਜਲ ਪਰ ਐਉਂ ਖੜਾ ਜਾਪਦਾ ਹੈ, ਜਿਵੇਂ ਕਿਸੇ ਨੇ ਮਲਕੜੇ ਟਿਕਾ ਦਿੱਤਾ ਹੈ। ਹਰਿਮੰਦਰ, ਸੱਚਖੰਡ ਦਾ ਆਦਰਸ਼ ਹੈ,ਪਹੁੰਚਣੇ ਲਈ ਪੁਲ ਇਹ ਦੱਸ ਰਿਹਾ ਹੈ ਕਿ ਸਤਿਗੁਰ ਨੇ ਦਰਗਾਹ ਪਹੁੰਚਣ ਲਈ 'ਗੁਰਮੁਖ ਗਾਡੀ ਰਾਹ' ਸਾਜਕੇ ਭੈਜਲ ਉਤੇਪੁਲ ਬਣਾ ਦਿੱਤਾ ਹੈ,ਹੁਣ ਤਰਕੇ ਯਾਬੇੜੀਆਂ ਵਿਚ ਚੜ੍ਹਕੇ ਜਾਣ ਦੀ ਲੋੜ ਨਹੀਂ।ਹਾਂ, 'ਗੁਰ ਨਾਨਕ ਮਾਰਗ' ਪੁਲ ਸਮਾਨੀ ਸੁਖਦਾਇਕ ਹੈ, ਇਸ ਪਰ ਤੁਰੋ। ਸੂਰਜ ਰੋਜ਼ ਦਰਸ਼ਨ ਕਰਦਾ ਚਾਰੋਂ ਪਹਿਰ ਹਰਿਮੰਦਰ ਨੂੰ ਨਜ਼ਰੋਂ ਉਹਲੇ ਨਹੀਂ ਹੋਣ ਦਿੰਦਾ ਤੇ ਰਾਤ ਇਸੇ ਖਿੱਚ ਵਿਚ ਫਿਰਦਾ ਸਵੇਰੇ ਮੁੜ ਆ ਜਾਂਦਾ ਹੈ। ਚੰਦ ਦੀ ਸ਼ਰਮੀਲੀ ਠੰਢੀ ਪਿਆਰੀ ਨਜ਼ਰ ਇਸ ਪਵਿੱਤ੍ਰ ਸਤਿਗੁਰੂ ਦੇਹੀ ਤੋਂ ਲੋਟਨ ਪੋਟਨ ਹੁੰਦੀ ਫਿਰਦੀ ਹੈ। ਹਾਂ ਚੰਦ ਦੀ ਟਿੱਕੀ ਰਾਤਾਂ ਨੂੰ ਅੰਮ੍ਰਿਤ ਸਰੋਵਰ ਵਿਚ ਟੁੱਬੀਆਂ ਲਾਉਂਦੀ ਦੀਹਦੀ ਹੈ। ਤਾਰਾ ਮੰਡਲ ਸਾਰੇ ਦਾ ਸਾਰਾ ਐਨਾਂ ਉੱਚਾ ਹੋ ਕੇ ਸਰੋਵਰ ਦੀ ਤਹਿ ਤੱਕ ਉੱਤਰ ਜਾਂਦਾ ਹੈ, ਹਾਂ ਸਰੋਵਰ ਦੀ ਨਿਵਾਣ ਵਿਚ ਉੱਚਾ ਅਸਮਾਨ ਆ ਸਮਾਉਂਦਾ ਹੈ, ਜਿਵੇਂ ਵਾਹਿਗੁਰੂ ਅਤਿ ਉੱਚਾ ਉੱਚਿਆਂ ਦਾ ਉੱਚਾ ਹੈ:—

"ਵਡਾ ਸਾਹਿਬੁ ਊਚਾ ਥਾਉ ॥
ਊਚੇ ਊਪਰਿ ਊਚਾ ਨਾਉ ॥"

ਪਰ ਇਸ ਨੀਵੇਂ ਮਾਤਲੋਕ ਵਿਚ, ਭਗਤ ਦੇ ਹਿਰਦੇ

ਵਿਚ ਪ੍ਰਤਿਬਿੰਬਤ ਹੁੰਦਾ ਹੈ। ਜੀਕੂੰ ਸਰੋਵਰ ਵਿਚ ਉੱਚਾ ਤਾਰਾਮੰਡਲ ਪ੍ਰਤਿਬਿੰਬਤ ਦੇਖਦੇ ਹੋ, ਇੱਸੇ ਤਰ੍ਹਾਂ ਹਰੀ ਮੰਦਰ ਦੇ ਅੰਦਰ ਉੱਚਾ ਵਾਹਿਗੁਰੂ ਪ੍ਰਤਿਬਿੰਬਤ ਹੈ। ਹਰਿਮੰਦਰ ਵਿਚ ਵਾਹਿਗੁਰੂ ਪ੍ਰਤਿਬਿੰਬਤ ਹੋਣ ਕਰਕੇ ਹੀ ਇਹ ਮੰਦਰ ਨਹੀਂ, ਸਤਿਗੁਰੂ ਦੀ ਦੇਹੀ ਹੈ। ਇਸ ਮੰਦਰ ਦਾ ਅੰਦਰਲਾ ਨੂਰ ਦਿਲਾਂ ਨੂੰ ਖਿੱਚਦਾ ਹੈ, ਹਾਂ, ਇਸ ਵਾਹਿਗੁਰੂ ਦੀ ਛਬੀ ਦੀ ਖਿੱਚ ਮਨਾਂ ਨੂੰ ਮੋਂਹਦੀ ਹੈ; ਇਸ ਆਤਮ ਤੇ ਭੂਗੋਲਿਕ ਕੇਂਦਰ ਵਿਚ ਕੋਈ ਛਿਕੀ ਹੈ, ਧ੍ਰੂਹ ਹੈ ਅਰ ਉਸ ਧ੍ਰੂਹ ਵਿਚ ਕੋਈ ਰਸ ਹੈ ਕਿ ਹਰ ਮੱਤ ਦਾ ਰਸੀਆ ਫੱਕੀਰ ਇੱਥੇ ਆਇਆ ਨਹੀਂ, ਦਰਸ਼ਨ ਪਾਇਆ ਨਹੀਂ ਕਿ ਦਾਮਨਿਕ ਰੋਆਂ ਨਾਲ ਬ੍ਰੱਰਾਇਆ ਨਹੀਂ, ਬ੍ਰੱਰਾਇਆ ਨਹੀਂ ਕਿ ਦਿਲ ਦੀ ਧੌਣ ਝੁਕੀ ਨਹੀਂ ਕਿ ਰਸ ਨਾਲ ਭਰਿਆ ਨਹੀਂ। ਇਹ ਹਰਿਮੰਦਰ ਵਾਹਿਗੁਰੂ ਪ੍ਰਕਾਸ਼ਿਕ ਹੈ। ਭੈਜਲ ਤੋਂ ਪਾਰ ਕਰਦਾ ਹੈ, ਸ਼ਬਦ ਦਾਤਾ, ਗਿਆਨ ਦਾ ਪ੍ਰਕਾਸ਼ਿਕ ਹੈ, ਤੇ ਹਰੀ ਰਸ ਦੇ ਦੇਣ ਹਾਰਾ ਹੈ, ਹਾਂ, ਏਥੇ ਹੀ:–

ਫਰੀਦਾ–ਰਬ ਖਜੂਰੀ ਪਕੀਆਂ ਮਾਖਿਅ
ਨਈ ਵਹੰਨ ॥ ਜੋ ਜੋ ਵੰਞੈ ਭੀਹੜਾ ਸੁ
ਉਮਰ ਹਥ ਪਵੰਨਿ ॥ [ਸਲੋਕ ਫਰੀਦ

ਪੱਕੀਆਂ ਰੱਬੀ ਖਜੂਰਾਂ ਏਥੇ ਹਨ, ਆਤਮ ਮਾਖਿਓ ਰੂਹਾਨੀ ਸ਼ਹਿਦਾਂ ਮਿੱਠੀਆਂ ਰਸ ਭਰੀਆਂ ਦੇ ਫੁਹਾਰੇ ਏਥੇ ਹੀ ਛੁੱਟ ਰਹੇ ਹਨ, ਜੋ ਜੋ ਪ੍ਰੇਮੀ ਆਇਆ ਉਸ ਨੇ ਉੱਮਲ ਉੱਮਲ ਕੇ ਹੱਥ ਪਾਏ ਕਿ ਵੱਧ ਤੋਂ ਵੱਧ ਖਾਵਾਂ ਤੇ ਰਸ ਪਾਵਾਂ।

ਇਹ ਹਰਿ ਮੰਦਰ ਅਮਨ ਦਾ ਘਰ ਹੈ, ਜਾਲ ਇਸ ਦੇ ਸਰੋਵਰ ਵਿਚ ਨਹੀਂ ਪੈ ਸਕਦਾ ਤੇ ਬੰਦੂਕ ਇਸ ਦੇ ਵਾਯੂ ਮੰਡਲ ਵਿਚ ਨਹੀਂ ਚੱਲ ਸਕਦੀ ਇਥੇ ਖੇਲਦੇ ਪੰਛੀ ਅਮਨ ਵਿਚ ਹਨ। ਇਹ ਮਾਨ ਸਰੋਵਰ ਹੈ ਜਿਥੇ ਸੰਤ ਮਰਾਲ ਕੱਤੂਹਲ ਕਰਦੇ ਹੈਨ। ਇਹ ਅਰਸ਼ਾਂ ਦਾ ਗਗਨ ਹੈ। ਗਗਨ ਦਮਾਮਾਂ ਏਥੇ ਬਜਦਾ ਹੈ! ਕੁਰਬਾਨੀ ਦਾ ਨਕਸ਼ਾ, ਸਦਕੇ ਹੋਣ ਦਾ ਨਮੂਨਾ 'ਪ੍ਰਕ੍ਰਮਾਂ' ਏਥੇ ਵਿਦਮਾਨ ਹੈ। ਰੋਜ਼ ਪਤੰਗੇ ਵਾਂਗ ਪ੍ਰੇਮੀ ਆਕੇ ਪ੍ਰਕ੍ਰਮਾਂ ਕਰਦੇ ਇਹ ਦੱਸਦੇ ਹਨ ਕਿ ਅਸੀਂ ਸਦਕੇ ਨੁਛਾਵਰ ਹੁੰਦੇ ਹਾਂ, ਪਰ ਪਤੰਗਿਆਂ ਵਾਂਗ ਮਰਦੇ ਨਹੀਂ ਹਾਂ, ਸਗੋਂ ਫਰਿਸ਼ਤਿਆਂ ਵਾਂਗ ਅਮਰ ਜੀਵਨ ਦੀਆਂ ਝਰਨਾਟਾਂ ਵਿਚ ਜੀਉ ਉੱਠਦੇ ਹਾਂ। ਇਹ ਸ਼ਹਿਰ ਦੇ ਅੰਦਰ 'ਜੀਅ ਦਾਨ' ਦਾ ਟਿਕਣਾ ਹੈ, ਜਿੱਥੇ ਮਨੂਰ ਮਨ ਕੰਚਨ ਵਾਂਗ ਤੇ ਮੋਏ ਦਿਲ ਬਿਜਲੀ ਵਾਂਗ ਜੀਉ ਉੱਠਦੇ ਹਨ। ਇਹ ਜੀਅਦਾਨ ਦਾਤਾ ਸਤਿਗੁਰ ਦਾ ਸ਼ਰੀਰ ਹੈ।

ਸ਼ਬਦ ਦੀ ਗੂੰਜ, ਇਲਾਹੀ ਰੌ ਦੀ ਝਰਨਾਟ, ਆਤਮਿਕ ਸਕਤੀ ਦੇ ਲਹਿਰਾਉ, ਰੂਹਾਨੀ ਦਾਮਨਿਕ ਧਾਰਾ ਇੱਥੇ ਪੂਰੇ ਜੋਬਨਾਂ ਵਿਚ ਹਨ, ਜਿਨ੍ਹਾਂ ਤੋਂ ਰਸੀਏ ਰਸ ਮਾਣਦੇ ਹਨ।

ਇਕ ਦਿਨ ਅੰਮ੍ਰਤ ਵੇਲੇ ਇਸ ਮੰਦਰ ਵਿਚ ਬੈਠਿਆਂ ਇਸ ਸੁਹਾਵੇ ਮੰਦਰ ਦੇ ਸੁਹਾਵੇ ਰਸ ਨੂੰ ਅੰਦਰ ਲੈਂਦਿਆਂ ਲੈਂਦਿਆਂ ਇਕ ਨਿਮਗ੍ਨਤਾ ਜਿਹੀ ਛਾ ਗਈ।ਇਸ ਮਗ੍ਨਤਾ ਵਿਚ ਸੁਰਤ ਚੱਲੀ, ਹਾਂ ਚੱਲੀ ਹੁਣ ਸੈਂਕੜੇ ਮੀਲ ਹੇਠਾਂ ਦੱਖਣ ਦੇਸ਼ਨੂੰ, ਕੀ ਦੇਖਦੇ ਹਾਂ, ਦੀਵਾਨ ਸਜ ਰਿਹਾ ਹੈ, ਸਿੰਘ ਗੁਰੂ ਕਲਗੀਧਰ ਦੇ ਵਿਛੌੜੇ ਵਿਚ ਬੈਠੇ ਹਨ, ਕੀਰਤਨ ਦਾ ਭੋਗ ਪਿਆ ਤਾਂ ਇਕ ਸਿੰਘ ਜੀ ਬੋਲੇ:–

'ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰ
ਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ
ਲਾਇਨਿ ਹਰਿ ਸਿਉ ਲੈਨਿ ਮਿਲਾਏ ॥ ੨ ॥

ਇਸ ਪਰ ਇਕ ਸੁਖ ਮਈ ਝਰਨਾਟ ਛਿੜੀ, ਅਰ ਸਿਦਕੀ ਤੇ ਰਸੀਏ ਜੋਧਿਆਂ ਦੇ ਮੂੰਹ ਲਾਲ ਹੋ ਗਏ। ਧੰਨ ਸਤਿਗੁਰ !! ਦੀ ਗੂੰਜ ਉਠੀ ਤੇ ਜੈਕਾਰੇ ਗੱਜ ਪਏ।

ਫੇਰ ਭਾਈ ਸੰਤੋਖ ਸਿੰਘ ਜੀ ਜਥੇਦਾਰ ਬੋਲੇ:– ਖਾਲਸਾਜੀ! ਸਤਿਗੁਰੂ ਜੀ ਨੇ ਗੁਰੂ ਖਾਲਸਾ ਥਾਪਿਆ ਹੈ ਗੁਰੂ ਗ੍ਰੰਥ ਜੀ ਦੀ ਤਾਬੇ ਤੇ ਆਪਸਦਾ ਵਿਚਰਨਗੇ ਖਾਲਸੇ ਵਿਚ ਤੇ ਫੁਰਮਾਯਾ ਸੀ ਕਿ ਮੈਨੂੰ ਚੋਲਾ ਛਡ ਜਾਣਤੇ ਟੁਰ ਗਿਆ ਨਾ ਸਮਝਣਾ, ਮੈਂ ਤੁਸਾਂ ਦੇ ਵਿਚ ਹਾਂ, ਤੁਸਾਂ ਦੇ ਨਾਲ ਹਾਂ, ਹਾਂ 'ਸਭ ਥਾਂਈ ਹੋਹਿ ਸਹਾਇ' ਇਹ ਗੁਰੂ ਕਾ ਬਿਰਦ ਹੈ। ਜਿੱਥੇ ਕੋਈ ਅਰਾਧੇਗਾ ਗੁਰੂ ਬਾਹੁੜੀ ਕਰੇਗਾ, ਸਦਾ ਅੰਗ ਸੰਗ ਹੋ ਵਰਤੇਗਾ।

ਖਾਲਸਾ ਜੀ ! ਸਤਿਗੁਰ ਦੇ ਘਰ 'ਗੁਰਪੁਰਬ ਸਦਾ ਦਸਾਹਿਰਾ' ਹੈ। 'ਅਵਤਾਰ ਧਾਰਨਾ' ਕਿ 'ਅੰਤਰ ਧਿਆਨ ਹੋਣਾ' ਸਤਿਗੁਰ ਦਾ ਸਦਾ ਗੁਰ-

ਪੁਰਬ ਹੈ। ਸਾਡਾ ਸਤਿਗੁਰ ਜੀਵਨ ਦਾ ਸੂਰਜ ਹੈ; ਸੂਰਜ ਸਦਾ ਚਮਕਦਾ ਹੈ। ਸੂਰਜ ਦਾ ਉਦੇ ਅਸਤ ਸੂਰਜ ਦਾ ਜਨਮ ਮਰਨ ਨਹੀਂ ਹੁੰਦਾ, ਤਿਵੇਂ ਸਤਿਗੁਰ ਦਾ ਪ੍ਰਗਟ ਹੋਣਾ ਯਾ ਅੰਤ੍ਰਧਿਆਨ ਹੋਣਾ ਆਵਾਗਵਨ ਨਹੀਂ ਹੈ ਨਾ 'ਭਾਵ' 'ਅਭਾਵ' ਹੈ। ਸਤਿਗੁਰ ਜਾਗਤੀ ਜੋਤ ਸਦਾ ਪ੍ਰਕਾਸ਼ਮਾਨ ਹੈ। ਸਾਡੇ ਅੰਗ ਸੰਗ ਹੈ, ਸਾਡੇ ਵਿਚ ਹੈ ਜਿੱਕੂੰ:-

ਬਾਬਾ ਮੜੀ ਨ ਗੋਰ ਗੁਰ ਅੰਗਦ ਕੇ ਹੀਏ ਸੋ।

ਤਿੱਕੂੰ:-

ਕਲਗੀਆਂ ਵਾਲਾ ਨਾਥ, ਟੁਰ ਨਹੀਂ ਗਿਆ,
ਪੰਥ ਹੀਏ ਵਿਚਕਾਰ ਜੋਤ ਜਗਾ ਰਿਹਾ ਹੈ।

ਇੱਕ ਸਿੰਘ ਬੋਲਿਆ:-

ਪਰ ਤੱਤ ਤੱਤਾਂ ਵਿਚ ਰਲ ਗਏ, ਜੋਤਿ ਵਿਚ ਜੋਤਿ ਰਲ ਗਈ। ਸਤਿਗੁਰ ਸੰਪੂਰਨ ਸੀ, ਸੰਪੂਰਨ ਹੋ ਗਿਆ। ਬਾਕੀ ਕੀ ?

ਇਕ ਹੋਰ ਅਵਾਜ਼ ਆਈ:-

੧੭੨੩ ਸੰਮਤ ਵਿਚ ਸਤਿਗੁਰ ਪ੍ਰਗਟੇ ੧੭੬੫ ਵਿਚ ਜੋਤੀ ਜੋਤਿ ਸਮਾਏ, ਇਹ ਵਾਕਿਆ ਇੰਜ ਹੋਏ ਤੇ ਇੰਜ ਠੀਕ ਹਨ।

ਸੰਤੋਖ ਸਿੰਘ ਜੀ ਬੋਲੇ:-

ਫਿਲਸਫਾ ਤੇ ਇਤਿਹਾਸ ਆਪਣੀ ਰਾਹੇ ਟੁਰਨ, ਪਏ ਟੁਰਨ, ਪਰ ਆਤਮਕ ਦੁਨੀਆਂ ਦਾ ਸੱਚ ਤੇ ਪਰਤੱਖ ਸੱਚ ਇਉਂ ਹੈ ਕਿ-

ਸਤਿਗੁਰ ਦੀ ਜੋਤਿ ਅਜ਼ਲੀ ਜੋਤਿ ਹੈ, ਅਜ਼ਲੀ ਚੀਜ਼ ਦਾ ਆਦਿ ਅੰਤ ਨਹੀਂ, ਉਸਦਾ ਜਨਮ ਮਰਨ ਕਥਨ ਕਰਨਾ ਖ਼ਤਾ ਕਰਨੀ ਹੈ। ਉਹ ਅਜ਼ਲੀ ਜੋਤਿ ਦੇਸ਼ ਕਾਲ ਦੀ ਕੈਦ ਤੋਂ ਪਰੇ ਹੈ। ਅਸੀਂ ਸਾਰੇ ਮਨ ਵਾਲੇ, ਸੋਚ ਵਾਲੇ ਹੱਦ ਵਾਲੇ ਲੋਕ ਹਾਂ, 'ਦੇਸ਼ ਕਾਲ' ਆਦਿ ਬਿਨਾਂ ਅਸੀਂ ਕੁਛ ਸੋਚ ਹੀ ਨਹੀਂ ਸਕਦੇ। ਅਸੀਂ ਅਜ਼ਲੀ ਜੋਤਿ ਨੂੰ ਦੇਸ਼ਕਾਲ ਦੇ ਜਾਮੇਂ ਪਹਿਨਾ ਕੇ ਕੀਕੂੰ ਸੱਚੀਆਂ ਦਲੀਲਾਂ ਕਰ ਸਕਦੇ ਹਾਂ।

ਸਤਿਗੁਰ ਦੀ ਅਜ਼ਲੀ (ਅਬਚਲੀ) ਜੋਤਿ ਆਪਣੇ ਜੋਤਿ ਸਰੂਪ ਵਿਚ 'ਅਨੰਦ' ਹੈ, ਜੇ ਚਾਹੇ ਤਾਂ ਸੰਸਾਰ ਦੇ ਕੰਮ ਕਰਦੀ ਹੈ,-ਅਰੂਪ ਰੂਪ ਰਹਿਕੇ ਕਰਦੀ ਹੈ, ਰੂਪ ਧਾਰ ਕੇ ਕਰਦੀ ਹੈ। ਗੁਰੂ ਆਖਦਾ ਹੈ ਕਿ ਮੈਂ ਸਦਾ ਜੀਉਂਦਾ ਹਾਂ। ਮੈਂ ਅਵਧੂਤ ਬੀ ਹਾਂ, ਰਸਾਲ ਬੀ ਹਾਂ। 'ਪੂਰਖ ਰਸਿਕ' ਬੀ ਹਾਂ, 'ਬੈਰਾਗੀ' ਬੀ ਹਾਂ। ਮੈਂ 'ਅਰੂਪ' ਬੀ ਹਾਂ, 'ਰੂਪ' ਬੀ ਹਾਂ; 'ਅਰੂਪ ਰੂਪ' ਬੀ ਹਾਂ। ਮੈਂ 'ਖੇਲ' ਬੀ ਹਾਂ, 'ਅਖੇਲ' ਬੀ ਹਾਂ, 'ਅਖੇਲ ਖੇਲਨ' ਬੀ ਹਾਂ। ਮਿੱਤ੍ਰੋ ! ਸਿੱਖ ਹਾਂ, ਸਿੱਖ ਪਦ ਵਿਚ ਗੁਰੂ ਪਦ ਦੀ ਸੰਭਾਵਨਾ ਹੈ। ਸੋ ਤੁਸਾਡਾ ਗੁਰੂ ਹੈ, ਉਹ ਗੁਰੂ ਸਦਾ ਜੀਉਂਦਾ ਹੈ, ਉਸ 'ਸਦਾ ਜੀਵਨ' ਨੇ ਸਦਾ ਸੰਸਾਰ ਦੇ ਜੀਵਾਂ ਨੂੰ 'ਜੀਅਦਾਨ' ਦੇਣਾ ਹੈ। ਅਸੀਂ ਤਾਂ ਦੇਹ ਦੇ ਦਰਸ਼ਨ ਪਾਏ, ਹਜ਼ਾਰਾਂ ਲੱਖਾਂ ਸਾਥੋਂ ਮਗਰੋਂ ਆਉਣਗੇ, ਸਿੱਖ ਅਖਾਉਣਗੇ ਸਿੱਖੀ ਸਿਦਕ ਪਾਲਨਗੇ, ਸਤਿਗੁਰ ਨੂੰ ਮਿਲਣਗੇ। ਕੀਕੂੰ? ਵੀਚਾਰ ਕਰੋ।"ਜੇ ਤੁਸਾਂ ਸਤਿਗੁਰ ਨੂੰ ਨਿਰੇ ਫਿਲਸਫੇ ਤੇ ਇਤਿਹਾਸ ਦੇ ਖੋਪਿਆਂ ਨਾਲ ਤੱਕਿਆ ਤੇ ਏਹ ਖੋਪੇ ਅੱਗੋਂ ਆਪਣੀ ਆਲ ਉਲਾਦ ਨੂੰ ਦੇ ਦਿੱਤੇ ਤਾਂ ਸਤਿਗੁਰ ਤੋਂ ਲਾਭ ਕੌਣ ਉਠਾਊ ? ਉਹ ਦਿਨ ਹਾਇ ਹਾਇ ਦਾ ਹੋਊ, ਸ਼ੋਕ ਦਾ ਹੋਊ, ਜਿਸ ਦਿਨ ਖਾਲਸਾ ਸਤਿਗੁਰ ਨੂੰ 'ਜਾਗਤਾ ਦੇਉ' ਨਾ ਸਮਝੂ, ਜਿਸ ਦਿਨ ਸਤਿਗੁਰ ਜੀ ਦੀ ਹੋਂਦ ਦਾ ਧਿਆਨ ਪੰਥ ਵਿਚ ਨਾ ਰਹੂ, ਜਿਸ ਦਿਨ ਸਤਿਗੁਰ ਸਿੱਖੀ ਦਾ ਆਦਰਸ਼ ਨਾ ਰਹੂ। ਹਾਵਿਆਂ ਵਾਲਾ ਹੋਊ ਉਹ ਦਿਨ, ਜਿਸ ਦਿਨ ਸਿੱਖ ਸੇਵਾ, ਉਪਕਾਰ, ਪੰਥ ਦਾ ਕੰਮ ਕਰਨਰੋ; ਪਰ ਹੀਏ ਵਿਚ ਸਤਿਗੁਰ ਦਾ ਚਾਉ ਤੇ ਸਾਰਾ ਕੁਛ ਉਸਨੂੰ ਸਮਰਪਨ ਕਰਨ ਦਾ ਉਮਾਹ ਨਹੀਂ ਧਾਰਨਗੇ। ਉਸ ਦਿਨ ਸਿੱਖ ਮਨਮੁਖ ਹੋ ਜਾਣਗੇ, ਜਿਸ ਦਿਨ ਸਤਿਗੁਰ ਨੂੰ ਭੁਲਾ ਦੇਣਗੇ। ਹਾਂ, ਜਦ ਤੱਕ ਸਿੱਖ ਸਤਿਗੁਰ ਨੂੰ ਆਦਰਸ਼ ਬਨਾਈ ਰੱਖਣਗੇ, ਸਤਿਗੁਰ ਨੂੰ (ਖਿਆਲੀ ਨਹੀਂ ਸਗੋਂ) ਸੱਚੀ ਅਜ਼ਲੀ ਜੋਤ ਜਾਣਨਗੇ; ਜੋ ਕੰਮ ਕਰਨਗੇ, ਉਸਦਾ ਹੁਕਮ ਜਾਣਕੇ ਕਰਨਗੇ, ਜੋ ਸੇਵਾ ਸ਼ੁਭ ਕੰਮਾਂ ਕਮਾਉਣਗੇ ਉਹਦੇ ਚਰਨਾਂ ਵਿਚ ਭੇਟ ਧਰਨਗੇ, ਤਦ ਤੱਕ ਸਿੱਖ ਸਿੱਖ ਰਹਿਣਗੇ। ਸੋ ਮਿਲੇ ਰਹੋ ਮਿਲੇ ਰਹੋ ਸਦਾ ਸਤਿਗੁਰ ਨੂੰ।

ਖਾਲਸਾ ਜੀ ! ਅਸੀਂ ਸ਼ੋਕ ਵਿਚ ਪੈ ਰਹੇ ਹਾਂ, ਢਹਿੰਦੀਆਂ ਕਲਾਂ ਵਿਚ ਚਲੇ ਗਏ ਹਾਂ, ਬੇਅਦਬ ਹੋ ਚਲੇ ਹਾਂ। ਅਜ਼ਲੀ ਜੋਤ ਦੇ 'ਉਦੇ ਅਸਤ' ਦੇ ਵਹਿਮ ਵਿਚ ਪੈ ਗਏ ਹਾਂ, ਜਿਵੇਂ ਮੂਰਖ ਸੂਰਜ ਦੇ ਉਦੇ ਅਸਤ ਨੂੰ ਉਸ ਦਾ ਸਚਮੁਚ ਚੜ੍ਹਨਾ ਤੇ ਡੁਬਣਾ

ਸਮਝਦੇ ਹਨ, ਸੂਰਜ ਸਦਾ ਚੜ੍ਹਿਆ ਹੈ। ਉਦੈ ਹੋਣ ਤੋਂ ਪਹਿਲਾਂ ਤੇ ਅਸਤ ਹੋਣ ਤੋਂ ਮਗਰੋਂ ਸੂਰਜ ਸਦਾ ਹੈ, ਕਦੇ 'ਨਹੀਂ ਹੈ' ਨਹੀਂ ਹੁੰਦਾ। ਹਾਂ, ਅਸੀਂ ਅੱਜ ਸਤਿਗੁਰ ਦੇ ਜਨਮ ਚਲਾਣੇ ਦੇ ਹਰਖ ਸ਼ੋਕ ਵਿੱਚ ਹਾਂ, ਛਡੋ ਇਹ ਅਗਿਆਨ, ਆਤਮ ਸੱਚ ਵੱਲ ਤੱਕੋ। ਸਤਿਗੁਰ ਦਾ ਅਵਤਾਰ ਤੇ ਅੰਤਮ ਧਿਆਨ ਹੋਣਾ ਦੋ ਕੌਤਕ ਹਨ, ਓਹ ਸਦਾ ਇਕ ਰਸ ਦਿਪਤ ਹਨ। ਸਾਡੇ ਲਈ ਦੋਇ ਕੌਤਕ ਦੇ ਦਿਨ ਗੁਰਪੁਰਬ ਹਨ, ਦੋਵੇਂ ਖੁਸ਼ੀਆਂ ਦੇ ਦਿਨ ਹਨ, ਦੋਵੇਂ ਰੱਬੀ ਭੇਤ ਹਨ, ਦੋਵੇਂ ਪ੍ਰਤੱਖ ਸੱਚ ਹਨ। ਸਤਿਗੁਰ ਦੀ ਜੋਤ ਅਬਚਲ ਹੈ, ਇਕ ਰਸ ਹੈ। ਸਿੱਖ ਤੇ ਸਤਿਗੁਰ ਦਾ ਸ਼ਰੀਰ ਤੱਕ ਦਾ ਨਾਤਾ ਨਹੀਂ, ਇਹ ਨਾਤਾ ਆਤਮ ਨਾਤਾ ਹੈ। ਆਤਮਾ ਨਿੱਤ ਹੈ, ਨਾਤਾ ਨਿੱਤ ਹੈ। ਵੀਰੋ! ਹੰਭਲਾ ਮਾਰੋ, ਉੱਚੀ ਅਟਾਰੀ ਤੇ ਸੁਰਤ ਕਰ ਕੇ ਤੱਕੋ! ਤੁਸੀਂ ਰੰਡੀਆਂ, ਛੁੱਟੜਾਂ, ਕੁਆਰੀਆਂ ਵਾਂਙੂ ਨਹੀਂ, ਤੁਸੀਂ ਸੁਹਾਗਣਾਂ ਵਾਂਙੂ ਹੋ ਜਿਨ੍ਹਾਂ ਦੇ ਸਿਰ ਤੇ ਥਿਰ ਸੁਹਾਗ ਹੈ, ਐਸਾ ਸੁਹਾਗ ਹੈ ਜੋ:—

'ਨਾ ਓਹੁ ਮਰੈ ਨ ਹੋਵੈ ਸੋਗੁ' ਹੈ।

ਹਾਂ, ਅੱਜ ਸ਼ੋਕ ਦਾ ਦਿਨ ਨਹੀਂ, ਅੱਜ ਬੀ ਖੁਸ਼ੀ ਦਾ ਦਿਨ ਹੈ। ਪਰ ਤਾਂ, ਜੇ ਅਸੀਂ ਸਿਦਕ ਦੀ ਐਨਕ ਨਾਲ ਸਤਿਗੁਰ ਦੇ ਅਸਲ ਸਰੂਪ ਨੂੰ ਤੱਕੀਏ। ਤਕੜੇ ਹੋਵੋ ਅਰ ਆਖੋ:—

"ਸਤਿਗੁਰ ਮੜੀ ਨ ਕੋਰ, ਗੁਰੂ ਪੰਥ ਦੇ ਹਿਰਦੇ ਵਿੱਚ; ਲਿਵ ਦੀ ਲੱਗੀ ਡੋਰ, ਹਾਜ਼ਰ ਦਿੱਸੇ ਜ਼ਾਹਰਾ।"

ਇਤਿਹਾਸਕਾਰ ਦੇ ਮਗਰ ਲੱਗ ਕੇ 'ਆਤਮ ਸੱਚ' ਨੂੰ ਨਾ ਗੁਆਓ। ਇਤਿਹਾਸਕਾਰ ਹਨੇਰੇ ਵਿੱਚ ਹੈ, ਕੇਵਲ ਛਿੱਲੜ ਤੱਕਦਾ ਹੈ, ਉਸ ਨੂੰ ਗਿਰੀ ਤੇ ਗਿਰੀ ਦੀਆਂ ਸ਼ਕਤੀਆਂ ਦਾ ਪਤਾ ਨਹੀਂ ਹੈ। ਫਿਲਸਫੇ ਵਾਲਾ ਗੋਣਤੀ ਵਿੱਚ ਹੈ; ਉਸ ਨੂੰ ਅਸੰਖ ਪਦ ਦਾ ਪਤਾ ਨਹੀਂ, ਉਸ ਨੂੰ ਅਮੁਲ ਦੀ ਗਜਾਤ ਅਜੇ ਨਹੀਂ ਆਈ। ਹਾਂ ਭਾਈਓ! ਟਿੰਡਾਂ ਬੈਠ ਕੇ ਕੁਮਿਹਾਰ ਦਾ ਪਾਰਾਵਾਰ ਲੈਂਦੀਆਂ ਹਨ। ਸਿੱਖ ਬਣੋਂ, ਹਨੇਰੇ ਵਿੱਚੋਂ ਨਿਕਲੋ, ਸੁਰਤੇ ਹੋ ਕੇ ਚਾਉ ਵਿੱਚ ਤੱਕੋ, ਸਤਿਗੁਰ ਸਦਾ ਜਾਗਦੀ ਜੋਤ ਹੈ। ਉਹ ਜਿਕੂੰ ਸਾਡੇ ਵਿਚ ਸਾਡੇ ਵਰਗੇ ਕਾਗਜ਼ੀ ਤਖਤੇ ਤੇ ਮੂਰਤ ਦਿਖਾ ਗਏ ਹਨ, ਉਹ ਅਮੂਰਤ ਤਖਤੇ ਉਤੇ ਉਸੀ ਤਰ੍ਹਾਂ ਮੂਰਤੀ ਮਾਨ ਹਨ। ਹਾਂ ਹਾਂ ਸਤਿਗੁਰ ਸਾਡਾ:—

ਹਲਤ ਪਲਤ ਸੁਆਰਣਗੇ, ਸਾਡੇ ਬੰਧਨ ਕੱਟਣਗੇ। ਸਤਿਗੁਰ ਦਾ ਬਿਰਦ ਹੈ:—

"ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥ ੧ ॥ ਸੇਵਕ ਕਉ ਨਿਕਟੀ ਹੋਇ ਦਿਖਾਵੈ ॥" (ਆਸਾ ਮਹਲਾ ੫

ਜਿਵੇਂ ਬਰਫ ਜੋ ਤੁਸੀਂ ਨਿੱਗਰ ਤੱਕ ਰਹੇ ਹੋ ਪਾਣੀ ਹੈ। ਪਾਣੀ ਭਾਫ ਬਣਕੇ ਪੌਣ ਰੂਪ ਹੋ ਜਾਂਦਾ ਹੈ। ਤਿਵੇਂ ਸ਼ਰੀਰ, ਮਨ ਬੁੱਧੀ ਸਭ ਇਕੋ ਆਤਮਾ ਦੇ ਆਪਣੇ ਕੋਈ ਚੋਜ ਹਨ। ਜੀਵ ਦੀ ਆਤਮਾ ਜਦੋਂ ਸੁਤੰਤ੍ਰ ਤੇ ਨਿਰਭੈ ਪਦ ਤੇ ਜਾਵੇ ਫਿਰ ਉਸ ਦੇ ਅਗੇ ਉਹ ਕੁਛ ਸੰਭਵ ਹੈ ਜੋ ਸਾਡੇ ਅਗੇ ਨਹੀਂ। ਤੁਸੀਂ ਸਤਿਗੁਰ ਦੀ ਜੋਤ ਤੇ ਈਮਾਨ ਧਰੋ, ਜੋ ਅਜ਼ਲੀ ਹੈ। ਮੇਰਾ ਜੀ ਇਹ ਕਰਦਾ ਹੈ ਕਿ ਫੋਕੇ ਗਿਆਨ ਨੂੰ ਬੀ ਦੂਰ ਰੱਖੋ, ਸਤਿਗੁਰ ਨੂੰ ਉਂਵ ਹੀ ਆਪਣੇ ਵਿੱਚ ਸਹਾਈ ਸਿਰ ਉਤੇ ਅੰਗ ਸੰਗ ਜਾਣੋ। 'ਸਤਿਗੁਰ ਹੈ' ਹੈ, ਇਸ ਨਿਰੀ ਸੋਚ ਵਿਚ ਨਾਂ ਪਵੋ, ਸਦਾ ਲਿਵ ਵਿਚ ਰਹੋ। ਫੇਰ ਗੁਰਸਿੱਖ ਦੀ ਸੰਧਿ ਸਦਾ ਗੁਰੂ ਨਾਲ ਮਿਲੀ ਹੈ। ਆਓ ਸ਼ੋਕ ਦੂਰ ਕਰੀਏ। ਸਾਨੂੰ ਸ਼ੋਕ ਕਾਹਦਾ?

ਨਾ ਓਹੁ ਮਰੈ ਨ ਹੋਵੈ ਸੋਗੁ ॥"

ਇਕ ਅਵਾਜ਼ ਆਈ:—

"ਹੀਏ ਨੂੰ ਲੱਗੇ ਬਿਰਹੋਂ ਦੇ ਤੀਰ। ਕਿਵੇਂ ਨਿਕਲਣ ਤੇ ਕਿਵੇਂ ਮਿਲਣ।"

ਇਹ ਸੁਣਕੇ ਸਤਿਗੁਰ ਦੇ ਪਿਆਰੇ ਸੰਤੋਖ ਸਿੰਘ ਦਾ ਜੀਅ ਭਰ ਆਇਆ, ਜਿਸ ਨੂੰ ਕਲਗੀਆਂ ਵਾਲੇ ਨੇ ਹੁਕਮ ਦਿਤਾ ਸੀ ਕਿ 'ਤੁਸੀਂ ਸਦਾ ਏਥੇ ਰਹਿਣਾ ਤੇ ਦੇਗ ਚਲਾਉਣੀ' ਉਸ ਪਿਆਰੇ ਦਾ ਜੀ ਭਰ ਆਇਆ, ਸਿਦਕ ਨੇ ਉਛਾਲਾ ਖਾਧਾ, ਉਸ ਸੱਚ ਨੇ (ਜੋ ਦੁਨੀਆਂ ਦੀ ਵਡਿਆਈ ਨੂੰ ਵਡਿਆਈ ਨਹੀਂ ਸਮਝਦਾ, ਪਰ ਜਿੱਥੇ ਉਹ ਹੁੰਦਾ ਹੈ ਉਥੇ ਪ੍ਰਬਲ ਸ਼ਕਤੀ ਹੁੰਦੀ ਹੈ) ਉਛਾਲਾ ਖਾਧਾ, ਅੱਖਾਂ ਚੜ੍ਹ ਗਈਆਂ, ਲਾਲੀ ਭਰ ਆਈਆਂ, ਮੱਥਾ ਚਮਕ ਪਿਆ, ਲਸ ਮਾਰੀ, ਸ਼ਰੀਰ ਬੂਰਾ ਗਿਆ, ਨੈਣਾਂ ਵਿਚੋਂ ਇਕ ਤੇਜ਼ ਨਿਕਲਿਆ, ਅਰ ਸਿੰਘ ਜੀ ਨੇ ਅਕਾਸ਼

ਵਿਚ ਇਕ ਹੱਥ ਫੇਰਕੇ ਗੂੰਜਦਾਰ, ਪਰ ਕੜਕਵੀਂ ਅਵਾਜ਼ ਵਿਚ ਕਿਹਾ:–

ਓਹੁ ਅਉਹਾਣੀ*ਕਦੇ ਨਾਹਿ ਨਾ ਆਵੈ ਨਾ ਜਾਇ।

ਇਹ ਕਹਿੰਦੇ ਹੀ ਇਕ ਲਿਸ਼ਕਾਰਾ ਪਿਆ, ਸਭ ਨੈਣ ਮੁੰਦ ਗਏ। ਸਾਰੇ ਖਾਲਸੇ ਅਹਿੱਲ, ਅਚੱਲ; ਅਡੋਲ ਹੋ ਗਏ! ਸਾਰਿਆਂ ਦੇ ਨੈਣ ਅਗੋਂ ਮਾਤਲੋਕ ਲੋਪ ਹੋ ਗਿਆ, ਅੰਦਰਲੀ ਨਜ਼ਰ ਅਸਮਾਨਾਂ ਤੇ ਜਾ ਟਿਕੀ। ਕੀ ਦੇਖਦੇ ਹਨ:–

[ਪਹਿਲਾ ਆਤਮ ਲਹਿਰਾਉ]

ਇਕ ਪ੍ਰਕਾਸ਼ ਦੀ ਧਰਤੀ ਹੈ, ਬਿਨਾਂ ਚੰਦ ਸੂਰਜ ਤਾਰੇ ਦੇ ਚਾਨਣਾਂ, ਪਰਉਂਵ ਚੰਦ ਵਾਂਗੂੰ ਮਿੱਠਾ ਮਿੱਠਾ ਚਾਨਣਾ ਹੈ, ਚਾਨਣੇ ਦਾ ਇਕ ਮਹਿਲ ਹਵੇਲੀ ਦੀ ਸੂਰਤ ਦਾ ਹੈ। ਉਥੇ ਇਕ ਅਤੀ ਤੇਜਮਯ ਦੇਵੀਆਂ ਸਿਰ ਦੇਵੀ ਇਕ ਨੂਰ ਦੇ ਤਖਤ ਤੇ ਬੈਠੀ ਹੈ। ਚਾਰ ਹੋਰ ਨੂਰ ਦੇ ਪੁਤਲੇ ਨੂਰੀ ਘੋੜੇ ਸਰਪੱਟ ਸੱਟੀ ਆ ਰਹੇ ਹਨ ਤੇ ਛੇਤੀ ਨਾਲ ਤਖਤ ਪਾਸ ਜਾਕੇ ਮੱਥਾ ਟੇਕਦੇ ਹਨ ਤੇ ਆਖਦੇ ਹਨ, ਮਾਤਾ ਜੀ! ਅੱਜ ਦਾਤਾ ਜੀ ਦਾ ਆਗਮਨ ਹੈ।

ਸਮਾਧਿਸਥਿਤਦੇਵੀ ਨੇ ਨੇਤਰ ਖੁਹਲੇ, ਬੱਚਿਓ! ਕੀ ਸੰਦੇਸਾ ਲਿਆਏ ਹੋ?

ਬੱਚੇ–ਮਾਤਾ ਜੀ! ਪਿਤਾ ਜੀ ਆ ਰਹੇ ਹਨ, ਮਾਤਲੋਕ ਤੋਂ ਟੁਰ ਪਏ ਹਨ।

ਦੇਵੀ–ਨੈਣ ਮੁੰਦ ਲਏ, ਮੁੰਦੇ ਨੈਣਾਂ ਵਿਚੋਂ ਮਾਨੋਂ ਕੁਛ ਟੋਪੇ ਜਲ ਦੇ ਕਿਰੇ। ਪਿਛੋਂ ਸਹਿਜੇ ਧੀਮੀਂ ਮਿੱਠੀ ਅਵਾਜ਼ ਆਈ 'ਸ਼ੁਕਰ ਹੈ'। ਫਿਰ ਨੈਣ ਖੁਲ੍ਹੇ।

ਬੱਚੇ–ਮਾਤਾ ਜੀ! ਪਿਤਾ ਜੀ ਆ ਰਹੇ ਹਨ।

ਮਾਤਾ–ਸ਼ੁਕਰ ਹੈ!

ਬੱਚੇ–ਆਗਯਾ ਹੋਵੇ ਤਾਂ ਹੋਰ ਹੇਠਾਂ ਜਾਕੇ ਅਗੋਂ ਲਿਆਈਏ?

ਮਾਤਾ–ਉਪਰੋਂ ਹੇਠਾਂ ਉਤਰਕੇ ਐਥੋਂ ਤਕ ਹੀ ਆਉਣਾ ਠੀਕ ਹੈ, ਅਗੇ ਇਸ ਤੋਂ ਹੇਠਾਂ ਜਾਣ ਦੀ ਮਨਾਹੀ ਤਾਂ ਨਹੀਂ, ਪਰ ਅੱਜ ਰਜ਼ਾ ਇਵੇਂ ਹੀ ਹੈ। ਇਹ ਕਹਿੰਦਿਆਂ ਨੈਣ ਫੇਰ ਮੁੰਦ ਗਏ ਤੇ ਸ਼ਬਦ ਹੋਇਆ:–

ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥ ਮਨ ਤਨ ਅੰਤਰਿ ਪ੍ਰਭੁ ਧਿਆਇਆ ॥ ਗੁਰ ਪੂਰੇ ਡਰੁ ਸਗਲ ਚੁਕਾਇਆ ॥੧॥ ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥ ਜਾਕਾ ਕੀਆ ਸਭੁ ਕਿਛੁ ਹੋਇ ॥ ਤਿਸਕਾ ਅਮਰੁ ਨ ਮੇਟੈ ਕੋਇ ॥ ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰ ਤਿਸ ਕਾ ਰੂਪੁ ॥੨॥ ਜਾਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥ ਬੀਸ ਬਿਸੁਏ ਜਾਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥ ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥ ਤਿਸ ਗੁਰ ਕਉ ਸਦ ਜਾਉ ਬਲਿਹਾਰ ॥ ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥ ੪ ॥ [ਭੈਰਉ ਮਹਲਾ ੫

ਇਹ ਸ਼ਬਦ ਐਸੀ ਮਿੱਠੀ ਸੁਰ ਵਿਚ ਗਾਵਿਆਂ ਗਿਆ ਅਰ ਇਤਨੇ ਸਾਜ਼ ਨਾਲ ਵੱਜ ਰਹੇ ਭਾਸਦੇ ਸੇ ਕਿ ਜਿਨ੍ਹਾਂ ਦੇ ਮਿਲਾਪ ਨੇ ਅਚਰਜ ਕੋਮਲਤਾ ਪੈਦਾ ਕਰ ਦਿੱਤੀ ਸੀ, ਪਰੰਤੂ ਕੋਈ ਗਵੱਈਆ ਤੇ ਵਜੱਈਆ ਦੀਹਦਾ ਨਹੀਂ ਸੀ। ਇਕ ਹੋਰ ਬੜਾ ਅਚਰਜ ਇਹ ਸੀ, ਇਸ ਥਾਵੇਂ ਕੋਈ ਫੁੱਲ, ਕੋਈ ਫੁਲੇਲ, ਕੋਈ ਸੁਗੰਧੀ ਵਾਲੀ ਸ਼ੈ, ਕੋਈ ਅਤਰ ਨਹੀਂ ਸੀ ਪਿਆ, ਪਰ ਐਸੀ ਖੁਸ਼ਬੋਈ ਸੀ ਅਰ ਐਸੀ ਲਪਟਦਾਰ ਮਹਿਕ ਸੀ ਕਿ ਦਿਮਾਗ਼ ਤਰੋ ਤਰ ਹੁੰਦਾ ਜਾਂਦਾ ਸੀ, ਪਤਾ ਨਹੀਂ ਪੈਂਦਾ ਹੀ ਸੁਗੰਧਿਤ ਸੀ, ਪਤਾ ਨਹੀਂ ਇਨ੍ਹਾਂ ਨੂਰੀਆਂ ਦੇ ਸ਼ਰੀਰਾਂ ਵਿਚੋਂ ਲਪਟ ਨਿਕਲ ਰਹੀ ਸੀ। ਇਕ ਹੋਰ ਕੌਤਕ ਸੀ, ਦਿਲ ਦੀ ਰੰਗਤ ਏਥੇ ਅਤਿ ਪਿਆਰਾਂਭਰੀ ਸੀ, ਸਾਰੇ ਐਉਂ ਜਾਪਦੇ ਸਨ ਕਿ ਪਿਆਰ ਦੇ ਬਣੇਹਨ। ਆ ਮੁਹਾਰਾ ਦਿਲ ਨੂੰ ਪਿਆਰ ਦਾ ਉਮਾਹ ਚੜ੍ਹਦਾ ਸੀ ਅਰ ਉਹ ਉਮਾਹ ਐਉਂ ਖੀਵਾ ਕਰਦਾ ਸੀ, ਕਿ ਉਸ ਮੰਡਲ ਨਾ ਪੁਹਿਆ ਜਾਕੇ ਪੱਛੋਂ ਦੀ ਮੰਦ ਮੰਦ ਵਗਦੀ ਪੌਣ ਦੇ ਝੁਮਾਉ ਨਾਲ ਝੁਮਦੇ ਸਰੂ ਵਾਂਗ ਸਿਰ ਝੁਮਣ ਲੱਗ ਪੈਂਦਾ ਸੀ। ਸਾਮਾਨ, ਘਰ, ਬਾਰ ਸਾਰੇ ਨੂਰ ਦੇ ਸਨ, ਪੰਜੇ ਸ਼ੀਰ ਨੂਰ ਦੇ ਸਨ, ਪਰ ਫੇਰ ਨੂਰ ਦੀਆਂ ਆਭਾਂ ਵੱਖੋ ਵੱਖਰੀਆਂ ਸਨ, ਜਿਸ ਤੋਂ ਸਭ ਕੁਛ ਨਿਆਰਾ ਨਿਆਰਾ ਹੋਕੇ ਪ੍ਰਤੱਖ

*ਅਉਹਾਣੀ=ਵਿਨਾਸ਼ ਹੋਣ ਵਾਲਾ।

ਸ਼ਰੀਰ ਵਾਂਗੂ ਦਿੱਸ ਰਿਹਾ ਸੀ, ਐਉਂ ਜਾਪਦਾ ਸੀ ਕਿ ਇਹ ਦੇਸ਼ ਪ੍ਰਕਾਸ਼ ਦਾ ਹੈ ਅਰ ਜੀਕੂੰ ਸਾਡੇ ਦੇਸ਼ ਵਿਚ ਹਰ ਸ਼ੈ ਮਾਦੇ (ਸਥੂਲ ਪ੍ਰਕ੍ਰਿਤੀ) ਤੋਂ ਬਣੀ ਹੈ ਤਿਵੇਂ ਏਥੇ ਹਰ ਸ਼ੈ ਪ੍ਰਕਾਸ਼ ਤੋਂ ਬਣੀਹੈ।ਖਬਰ ਨਹੀਂ ਉਹੋ ਤੱਤ ਜੋ ਸਾਡੇ ਦੇਸ਼ ਵਿਚ ਮੋਟਾ ਮੋਟਾ ਸਥੂਲ ਸਥੂਲ ਰੂਪ ਰਖਦੇ ਹਨ, ਏਥੇ ਇਤਨੇ ਸੂਖਮ ਸੂਖਮ ਹੋ ਗਏ ਹਨ ਕਿ ਉਨ੍ਹਾਂ ਦਾ ਰੂਪ ਪ੍ਰਕਾਸ਼ ਪ੍ਰਕਾਸ਼ ਹੋ ਗਿਆ ਹੈ। ਜਾਂ ਐਉਂ ਹੈ ਕਿ ਅਸਲ ਵਸਤੂ ਅਸਲ ਸ਼ੈ ਇਹ ਪ੍ਰਕਾਸ਼ ਹੈ,ਇਸੇ ਪ੍ਰਕਾਸ਼ ਦੇ ਸੂਖਮ ਅਵੈਵਾਂ ਦੀ ਤੇ ਨਿਆਰੀ ਨਿਆਰੀ ਬ੍ਰਾਟ,ਨਿਆਰੀ ਨਿਆਰੀ ਝਰਨਾਟ, ਨਿਆਰੀ ਨਿਆਰੀ ਲਿਫਾਉ, ਨਿਆਰੀ ਨਿਆਰੀ ਕੰਪ ਕੋਈ ਸਥੂਲਤਾ ਦਾ ਰੂਪ ਬਣਦੀ ਹੈ ਜੋ ਅੱਡ ਅੱਡ ਤਰ੍ਹਾਂ ਯਾ ਭੂਤਾਂ ਦੇ ਸਥੂਲ ਰੂਪ ਧਾਰਕੇ ਮਾਤਲੋਕ ਦਾ ਸਾਮਾਨ ਬਣ ਜਾਂਦੀ ਹੈ, ਜਿਥੇ ਹਰ ਸ਼ੈ ਸ਼ਰੀਰ ਧਾਰੀ ਹੁੰਦੀ ਹੈ। ਜੀਕੂੰ ਨਾਨਾ ਤਰ੍ਹਾਂ ਦੇ ਸੰਸਾਰਕ ਪਦਾਰਥਾਂ ਦਾ ਮੂਲ ਸੋ ਸੱਠ ਤੱਤ ਹਨ ਤੇ ਸਾਰੇ ਤੱਤਾਂ ਦਾ ਮੂਲ ਕੋਈ ਇਕ ਸੂਖਮ ਰੌ ਮਾਤ੍ਰ ਹੈ ਤੇ ਇਹ ਸਾਰੇ ਉਸ ਦੀਆਂ ਅੱਡ ਅੱਡ ਝਰਨਾਟਾਂ ਤੇ ਥੱਰਾਟਾਂ ਹਨ। ਇਸੇ ਤਰ੍ਹਾਂ ਸਾਰੀਆਂ ਨਾਨਾ ਤਰ੍ਹਾਂ ਦੀਆਂ ਥਰਰਾਟਾਂ ਦਾ ਅਸਲ ਤੱਤ ਤੇ ਤੱਤਾਂ ਦਾ ਅਸਲ ਤੱਤ 'ਪਰਮ ਤੱਤ' ਇਹ ਪ੍ਰਕਾਸ਼ ਹੈ, ਜਿਸ ਪ੍ਰਕਾਸ਼ ਵਿਚ ਕੋਈ ਥੱਰਰਾਟ ਦੀ ਕਿਸਮ ਦਾ ਐਸਾ ਕਾਂਪਾ ਹੈ ਜੋ ਰੂਪ ਘੜ ਕਟ ਕਰ ਰਿਹਾ ਹੈ ਅਰ ਹਰ ਰੂਪ ਨੂੰ ਨਿਆਰਾ ਦਰਸਾ ਰਿਹਾ ਹੈ ਅਤੇ ਇਸ ਪਰਮਤੱਤ ਦੇ ਇਨ੍ਹਾਂ ਅਵੈਵੀ ਝਰਨਾਟਾਂ ਦੇ ਮਗਰ ਇਸ ਦਾ ਬੀ ਇਕ ਹੋਰ ਮੂਲ ਤੱਤ ਹੈ।

ਇਥੋਂ ਏਕਤਾ ਦਾ ਦੇਸ਼ ਅਰੰਭ ਹੁੰਦਾ ਹੈਤੇ ਜੋਕੁਛ ਏਥੇ ਦੀਹਦਾ ਹੈ ਇਕ ਇਸੇ ਪਰਮਤੱਤ ਦਾ ਬਣਿਆਂ ਹੋਇਆ ਹੈ,ਰੂਪਧਾਰੀ ਨਾਨੱਤ੍ਰ ਕਰਕੇਨਹੀਂ ਬਣਿਆਂ ਕੇਵਲ'ਇਕ ਥਰ੍ਰਾਟ' ਇਸ ਇਕੋ ਤੱਤ ਵਿਚੋਂ ਨਾਨਾ ਤਰ੍ਹਾਂਦੇ ਰੂਪ।ਦਰਸਾ ਰਹੀਹੈ ਤੇ ਜੋਕੁਛ ਦਰਸਾਰਹੀਹੈ, ਉਹ ਸਥੂਲ ਨਹੀਂ.ਕਿਉਂਕਿ ਜੇ ਕੰਧਾਂ ਨੂੰਹੱਥ ਲਾਓ ਤਾਂ ਹੱਥ ਵਿਚ ਕੁਛਨਹੀਂ ਆਉਂਦਾ, ਜੀਕੂੰ ਚਾਨਣਾ ਦੀਹਦਾ ਹੈ, ਪਰ ਹੱਥ ਨਾਲ ਛੁਹਿਆਂ ਸਪਰਸ਼ ਕੁਛ ਨਹੀਂ ਹੁੰਦਾ। ਫੇਰ ਇਹ ਜੋ ਕੁਛ ਦਿੱਸ ਰਿਹਾ ਹੈ ਸੋ ਨਜ਼ਰ ਪਰ ਸੁਹਾਉਣਾ, ਅਤਿ ਪਿਆਰਾ, ਅਤਿ ਚੰਗਾ ਲੱਗਣ ਵਾਲਾ ਅਸਰ ਪਾਉਂਦਾ ਹੈ। ਅਕੇਵਾਂ, ਥਕੇਵਾਂ, ਰਜੇਵਾਂ ਇਸਦੇ ਕਿਸੇ ਪਦਾਰਥ ਵਿਚਨਹੀਂ। ਠੰਢ, ਸੁਹਾਉ, ਮਰ੍ਹਨਤਾ, ਸੁਆਦ, ਰਸ ਆਪ ਤੋਂ ਆਪ ਸ਼ਰੀਰਾਂ ਦੇ ਅੰਦਰ ਬਾਹਰ ਫਿਰ ਰਿਹਾ ਹੈ। ਮਲੂਮ ਹੁੰਦਾ ਹੈ ਕਿ ਅਸ਼ਰੀਰੀ ਛਬੀ ਤੇ ਰੂਪ ਰਹਿਤ ਰਸ ਇਥੋਂ ਦਾ ਅਸਲੀ ਭੋਜਨ ਹੈ,ਜੋ ਬਿਨ ਤਰੱਦਦ ਬਿਨ ਚਿੰਤ, ਬਿਨ ਮਿਹਨਤ ਆਪ ਤੋਂ ਆਪ ਸੁਭਾਵ ਵਾਂਗੂੰ ਇਥੇ ਮੌਜੂਦ ਹੈ ਅਰ ਵਾਸੀਆਂ ਦੇ ਅੰਦਰ ਬਾਹਰ ਆਪੇ ਫਿਰਦਾ ਹੈ, ਜੀਕੂੰ ਸਾਡੇ ਲੋਕ ਵਿਚ ਪੌਣ ਆਪੇ ਸੁਆਸ ਨਾਲ ਅੰਦਰ ਬਾਹਰ ਆਉਂਦੀ ਜਾਂਦੀ ਰਹਿੰਦੀ ਹੈ। ਐਉਂ ਇਹ ਅਰੂਪ ਤੇ ਅਸ਼ਰੀਰੀ ਛਬੀ ਇਨ੍ਹਾਂ ਨੂਰੀ ਰੂਪਾਂ ਵਿਚ ਫਿਰਦੀ ਟੁਰਦੀ ਤੇ ਇਹਨਾਂ ਦੀਆਂ ਅਕਾਲ ਮੂਰਤੀਆਂ ਦੀ ਪਾਲਨਾ ਕਰਦੀ ਹੈ। ਇਸੇ ਕਰਕੇ ਇਥੇ ਸਾਡੇ ਵਰਗੀ ਕਰੁੱਝਵੀਂ 'ਮੇਰੀ' ਹੈ ਨਹੀਂ। ਸਾਰੇ ਸੁਤੰਤ੍ਰ ਆਪਣੇ ਆਪ ਵਿਚ ਪੂਰਨ ਤੇ ਬੇਮੁਹਤਾਜ ਹਨ। ਇਥੇ ਲੋੜ ਨਹੀਂ ਇਥੇ 'ਮੇਰੀ' ਦਾ ਵਿਖੇਵੇਂ ਵਾਲਾ ਸੰਕਲਪ ਹੋ ਹੀ ਨਹੀਂ ਸਕਦਾ। ਸਾਰੇ ਅਨੰਦ ਰਸ ਵਿਚ ਮਗਨ, ਪਿਆਰਾਂ ਦੀ ਲਪਟ ਵਿਚ, ਸਦਾ ਚੌਂਪ ਭਰੀ ਬੇਪਰਵਾਹੀ ਵਿਚ, ਪਰ ਸ਼ਾਂਤ, ਭਰ੍ਹਤੀ, ਪ੍ਰੇਮ ਦੇ ਰੰਗ ਵਿਚ ਕਿਸੇ ਉਚੇ ਦੇ ਇਸ਼ਕ ਵਿਚ ਉਸ ਦੇ 'ਧਿਆਨ ਤਾਰ ਪ੍ਰੋਤੇ' ਵਿਚਰ ਰਹੇ ਹਨ।

ਐਸੇਪਿਆਰੇ ਸੁੰਦਰ ਦੇਸ਼ ਦੇ ਉਸ ਨੂਰੀ ਸਥਾਨ ਵਿਚ ਤੁੱਕਿਆਂ,ਹਾਂਜੀ,ਨੀਝ ਲਾਕੇ ਤੁੱਕਿਆਂ,ਕਲੇਜੇ ਹੱਥ ਧਰਕੇ ਤੁੱਕਿਆਂ, ਪਿਆਰ ਭਰੇ ਭੈ ਨਾਲ, ਸ਼ਰਧਾ ਭਰੇ ਅਦਬ ਨਾਲ, ਪ੍ਰੇਮ ਭਰੇ ਸਤਿਕਾਰ ਨਾਲ ਤੁੱਕਿਆਂ,ਇਕ ਬਿਜਲੀ ਦੀ ਚਮਕਵਾਂਗ ਜਦੋਂਉਹ ਧੁੱਪ ਵਿਚ ਚਮਕਾਰਾ ਮਾਰੇ ਤਿਵੇਂ ਦਾ ਉਸ ਚਮਕਾਰ ਵਿਚ ਇਕ ਚਮਕਾਰਾ ਵੱਜਾ, ਅੱਖਾਂ ਚਕਾਚੌਂਧ ਹੋ ਗਈਆਂ।ਦੂਸਰੀ ਖਿਨ ਕੀ ਦੇਖਦੇ ਹਾਂਕਿ ਤਖਤ ਦੀ ਛਬੀਹੋਰ ਵਧ ਗਈਹੈ,ਉਸਉਪਰ ਓਹਬਿਰਾਜਮਾਨ ਹਨ, ਜੋ ਸਾਡੇ ਦੇਸ਼ ਵਿਚ ਕਲਗੀਆਂ ਵਾਲੇ ਕਹਿਲਾਉਂਦੇ ਸਨ। ਓਹ ਗ਼ਰੀਬਾਂ ਦੇ ਬੇਲੀ, ਅਨਾਥਾਂ ਦੇ ਮੇਲੀ,ਦੁਖੀਆਂ ਦੇ ਦਰਦੀ,ਮਨੁਖਾਂ ਦੇ ਮਨੁਖ,ਗ਼ੀਬੀ ਫਕੀਰੀ, ਉਪਕਾਰ, ਅਮੀਰੀ ਵਿਚ ਆਪਾ ਵਾਰਦੇ ਮਨੁੱਖ ਨਾਟ ਕਹੀ ਫਿਰਦੇ ਸੇ, ਹੁਣ ਆਕੇ ਬਿਰਾਜਮਾਨ ਹੋ ਗਏ ਹਨ। ਤੁੱਕੇ ਉਹ ਸ਼ਰੀਰ ਜਿਸਨੂੰ ਤੀਰਾਂ ਦੀਆਂ ਨੋਕਾਂ ਕਈ ਵੇਰ ਚੁਭ

ਗਈਆਂ, ਅਜ ਨਿਰੇ ਨੂਰ ਦਾ ਨਜ਼ਰ ਆ ਰਿਹਾ ਹੈ, ਜਿਸ ਨੂੰ ਸ਼ਸਤ੍ਰ ਘਾ ਨਹੀਂ ਕਰ ਸਕਦੇ। ਉਹ ਜਾਮਾ ਜੋ ਗ਼ੀਬਮੇਢਿਆਂ ਦੀ ਉੱਨ ਤੇ ਨਿਮਾਣੀਆਂ ਸਿੱਕ ਭਰੀਆਂ ਦੇਵੀਆਂ ਤਿਆਰ ਕਰਕੇ ਆਪ ਨੂੰ ਪਹਿਨਾਇਆ ਕਰਦੀਆਂ ਸਨ, ਅੱਜ ਨਿਰੇ ਚਾਨਣੇ ਦਾ ਹੈ। ਉਹ ਕਲਗੀ ਜੋ ਸਾਨੂੰ ਸੋਨੇ ਦੀ ਹੀਰਿਆਂ ਜੜੇ ਤੇ ਨਗੀਨਿਆਂ ਸਜੇ ਗਹਿਣੇ ਉੱਪਰ ਖੰਭਾਂ ਦੀ ਹੋ ਦਿੱਸਿਆ ਕਰਦੀ ਸੀ, ਅੱਜ ਅਣਗਿਣਤ ਤਾਰਾਂ ਦੀ ਹੈ*, ਤੇ ਹਰ ਤਾਰ ਇਕ ਚਮਕਾਰਾ ਹੈ, ਤੇ ਹਰ ਚਮਕਾਰੇ ਵਿੱਚ ਉਹ ਰੰਗ ਹੈ, ਜਿਸਨੂੰ ਅਸੀਂ ਗੁਣ ਜਾਂ ਸ਼ਕਤੀ ਆਖਦੇ ਹਾਂ। ਸਾਰੀਆਂ ਕਲਾਂ ਸੰਪੂਰਨ ਫਲਨ ਦੀ ਸ਼ਕਤੀ ਦਾ ਪੁੰਜ ਇਹ ਮਹਾਂ ਪੁਰਖ ਹੈ, ਜਿਸ ਦੀ ਇਨ੍ਹਾਂ ਸ਼ਕਤੀਆਂ ਨਾਲ ਫਬੀ ਛਬੀ ਦੀ ਰੂਪਕ ਕਲਗੀ ਸੀ ਅਰ ਅਸੀਂ ਕਲਗੀ ਦਾ ਨਿਸ਼ਾਨ ਦੇਖਕੇ ਪਾਤਸ਼ਾਹ ਜਾਣਦੇ ਤੇ ਕਲਗੀ ਨਿਸ਼ਾਨੀ ਸਮਝਦੇ ਰਹੇ। ਅੱਜ ਦਿੱਸਿਆ ਕਿ ਇਹ ਕਲਗੀ ਤਾਂ ਸੱਚ ਦੀ ਹੈ, ਅਰ ਉਹ ਸੱਚ ਅਨੰਤ ਸ਼ਕਤੀਆਂ ਦਾ ਸਮੁਦਾਯ ਹੈ, ਅਰ ਇਹ ਕਲਗੀ ਸੱਚ ਦੀ ਨਿਸ਼ਾਨੀ ਸੀ, ਅਰ ਸੱਚ ਸ਼ਕਤੀਆਂ ਦਾ ਸਮੁਦਾਯ ਸੀ, ਤਦੇ ਅਸੀਂ ਇਸ ਨੂੰ ਪਾਤਸ਼ਾਹ ਜਾਣਦੇਹੋਏ ਸੱਚਾ ਪਾਤਸ਼ਾਹ ਆਖਿਆ ਕਰਦੇ ਸਾਂ। ਆ ਮੇਰੇ ਸੱਚ ਦੀਆਂ ਕਲਗੀਆਂ ਵਾਲਿਆ ਸੱਚਿਆ ਪਾਤਸ਼ਾਹਾ! ਆ ਸੱਚੇ ਕੌਤਕੀਆ! ਚੋਜੀਆ! ਨਾਟਕੀਆ! ਸਾਨੂੰ ਤਾਂ ਸਰੀਰ ਦੀ ਛਬੀ, ਉਪਕਾਰ ਦੀ ਸੁਹਣੱਪਤਾ, ਪਿਆਰ ਦੀ ਸੁੰਦਰਤਾ ਨਾਲ ਠੱਗਦਾ ਰਿਹੋਂ, ਅੱਜ ਤੇਰਾ ਭੇਦ ਲੱਧਾ, ਤੂੰ ਨੂਰ ਸੈਂ, ਨੂਰੀਆਂ ਦਾ ਬੀ ਨੂਰ, ਪ੍ਰਕਾਸ਼ਾਂ ਦਾ ਪ੍ਰਕਾਸ਼, ਤੇਜਾਂ ਦਾ ਤੇਜ ਰੂਪ ਸੈਂ। ਤੇਰਾ ਸਰੂਪ ਤੇਜ ਸੀ, ਤੇਰੀ ਕਲਗੀ ਸ਼ਕਤੀ ਰੂਪ ਸੱਚ ਸੀ, ਤੇਰਾ ਵਜੂਦ ਪ੍ਰਕਾਸ਼ ਸੀ।ਆਹਾ! ਅਸੀਂ ਕਿਥੇ ਭੁੱਲੇ ਰਹੇ ? ਅਸੀਂ ਵਿਜੋਗਾਂ ਨੇ ਮਾਰ ਲਏ।ਹੇ ਸਦਾ ਮੰਜੋਗੀਆ! ਕਦੇ ਨਾ ਵਿਛੁੜਨ ਵਾਲਿਆ ! ਸਦਕੇ ਤੇਰੀ ਅਜ ਦੀ ਆਭਾ ਤੋਂ, ਤੇਰੀ ਅਜ ਦੀ ਦੁਤੀ ਤੋਂ, ਤੇਰੀ ਅਜ ਦੀ ਕ੍ਰਾਂਤੀ ਤੋਂ, ਤੇਰੀ ਅਜ ਦੀ ਖੂਬਸੂਰਤੀ ਤੇ ਰੂਪਵਤੀ ਫਬਨ ਤੋਂ। ਵਾਹ ਵਾਹ, ਏਕੇ ਦੇ ਮਹਿਰਮਾਂ ! ਨੂਰ ਦਾ ਤਖਤ, ਨੂਰ ਦਾ ਤੂੰ, ਨੂਰ ਦਾ ਸਭ ਕੁਛ, ਵਾਹ ਪੀਤਮਾ ਵਾਹ! ਐਡੇ ਉੱਚਿਆ ਤੇ ਸਾਡੇ ਨੀਵਿਆਂ ਵਿਚ ਵਰਤ ਚੁਕਿਆ ਸਾਹਿਬਾ ! ਧੰਨ ਤੂੰ, ਧੰਨ ਤੂੰ !!

ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ।

ਉਥੇ ਵਰਤੇ ਕੌਤਕ ਜੇ ਆਪਣੀ ਬੋਲੀ ਵਿਚ ਵਰਣਨ ਕਰੀਏ ਤਾਂ ਕੁਛ ਇਉਂ ਦਾ ਵਰਣਨ ਹੋ ਸਕਦਾ ਹੈ:—ਆਪ ਸਾਹਿਬ ਅਪਣੇ ਤੇਜ ਵਿਚ ਲਸ ਰਹੇ ਸਨ ਕਿ ਮਾਤਾ ਗੁਜਰੀ ਜੀ ਆਏ। ਸਾਹਿਬਾਂ ਉਠਕੇ ਸੀਸ ਝੁਕਾਇਆ ਜੋ ਮਾਤਾ ਨੇ ਗਲੇ ਲਾਕੇ ਐਸਾ ਘੁੱਟਿਆ ਕਿ ਜਿਵੇਂ ਏਥੇ ਕੋਈ ਮਾਤਾ ਆਪਣੇ ਵਿਛੁੜੇ ਪੁਤ੍ਰ ਨੂੰ ਗਲੇ ਲਾਕੇ ਪੁੱਤ੍ਰ ਪ੍ਰੇਮ ਵਿਚ ਮਗਨ ਹੀ ਹੋ ਜਾਏ। ਫਿਰ ਨੈਣ ਖੁੱਲ੍ਹੇ। ਸਾਹਿਬ ਬੋਲੇ: ਮਾਤਾ ਜੀ, ਬੜੇ ਕਸ਼ਟ ਝੱਲੇ, ਬੜੇ ਖੇਦ ਸਹੇ, ਪਰ ਦੇਖੋ ਜਗਤ ਸੁਖੀ ਹੋਇਆ ਹੈ। ਤੁਸਾਡੀਆਂ 'ਦੁਖ-ਝੱਲਣੀਆਂ' ਨੇ ਜਗਤ ਸੁਖੀ ਕੀਤਾ ਹੈ। ਹੁਣ ਤੱਕ ਲਓ ਓਹ ਸਭ ਕੁਛ ਕਾਲ ਵਿਚ ਸੀ, ਕਾਲ—ਦੁਖ ਦਾ ਕਾਲ—ਲੰਘ ਗਿਆ। ਹੁਣ ਆਪਾਂ ਸਾਰੇ ਮਿਲੇ ਹਾਂ, ਸੁਖੀ ਹਾਂ। ਲਾਡਲੇ ਪੋਤੇ ਦੇਖ ਲਓ ਕਿਵ ਸਹੀ ਸਲਾਮਤ ਜਗਮਗ ਕਰ ਰਹੇ ਹਨ। ਮਾਤਾ ਜੀ ਠੰਢਾ ਸਾਹ, ਹਾਂ ਸਹੂਲਤ ਵਾਲਾ ਸਾਹ ਲੈਕੇ ਮੁਸਕ੍ਰਾਏ ਤੇ ਬੋਲੇ:—ਅਰਸ਼ੀ ਪੁੱਤ੍ਰ ਤੇਰੀ ਗਤਿ ਮਿਤਿ ਤੂੰਹੋਂ ਜਾਣਦਾ ਹੈਂ।

ਮਾਤਾ ਜੀ ਨੂੰ ਪ੍ਰਸੰਨ ਕਰਕੇ ਅਰਸ਼ੀ ਪ੍ਰੀਤਮ ਜੀ ਆਪੇ ਵਿਚ ਆਪ ਮਾਏ ਚਮਕਾਂ ਦਮਕਾਂ ਵਿਚ ਲਸ ਰਹੇ ਹਨ, ਚਰਨਾਂ ਪਰ ਸ੍ਰੀ ਜੀਤੋ ਜੀ ਦਾ ਸੀਸ ਹੈ, ਚਾਰੇ ਸਾਹਿਬਜ਼ਾਦੇ ਕਿਸ ਤਰ੍ਹਾਂ ਦੰਡੌਤ ਕਰ ਰਹੇ ਹਨ, ਕਿਸ ਤਰ੍ਹਾਂ ਪੰਜਾਂ ਨੂਰੀ ਸਰੀਰਾਂ ਵਿਚੋਂ ਨਿੰਮ੍ਹਤਾ, ਪਿਆਰ, ਸ਼ਰਧਾ ਆਪਾਵਾਰਨ ਦੀਆਂ ਅਤਿ ਸੂਖਮ ਕਿਰਨਾਂ ਜੇਹੀਆਂ ਲਾਸਾਂ ਨਿਕਲ ਕੇ ਸਤਿਗੁਰ ਦੇ ਚਰਨਾਂ ਉੱਤੇ ਪੈ ਰਹੀਆਂ ਹਨ, ਅਰ ਸਤਿਗੁਰ ਦੇ ਚਿਹਰੇ, ਅੱਖਾਂ, ਹੱਥਾਂ ਵਿਚੋਂ ਕਿਕੂੰ 'ਨਿਹਾਲ ਨਿਹਾਲ' ਦੀਆਂ ਤੇਜਮਯ ਕਿਰਨਾਂ ਆ ਮੁਹਾਰਾਂ ਨਿਕਲ ਨਿਕਲ ਕੇ ਪੰਜਾਂ ਦੇ ਸਰੀਰ ਤੇ ਪੈ ਰਹੀਆਂ ਹਨ ? ਕਿਕੂੰ ਪੰਜੇ 'ਮਿਟਿ ਗਏ ਗਵਨ ਪਾਏ ਬਿਸਰਾਮ' ਦੇ ਰੰਗ ਵਿਚ ਹਨ ?

*ਸੰਝਹ ਕਲਾ ਸੰਪੂਰਨ ਫਲਿਆ ॥ ਅਨਭ ਕਲਾ ਹੋਇ ਠਾਕੁਰ ਚੜਿਆ ॥ [ਮਾਰੂ ਸੋਲਹੇ ਮ: ਪ

ਖਬਰੇ ਇਸ ਸਫਲ ਧਿਆਨ, ਇਸ ਅਮਲ ਦਰਸ਼ਨ, ਇਸ ਅਲੌਕਿਕ ਦੀਦਾਰ ਵਿਚ ਕਿੰਨਾ ਚਿਰ ਲੰਘਿਆ, ਮਗਨਤਾ ਨੇ ਸਮੇਂ ਦਾ ਕੋਈ ਮਾਪ ਨਹੀਂ ਰਹਿਣ ਦਿੱਤਾ, ਤਦੋਂ ਪਤਾ ਲਗਾ ਜਦੋਂ ਤੇਜਮਯ ਮੂਰਤੀ ਹਿੱਲੀ ਤੇ ਪੰਜੇ ਮੂਰਤਾਂ ਗੋਡਿਆਂ ਭਾਰ ਹੋ ਤਖਤ ਵਲ ਝੁਕ ਕੇ ਨੂਰੀ ਦਾਤੇ ਦੇ ਹਸਤ-ਕਮਲਾਂ ਦੇ ਸਪਸ਼ਟ ਹੇਠ ਸਿਰ ਧਰੀ ਅਦਬ ਦਾ ਨਕਸ਼ਾ ਹੋ ਗਈਆਂ, ਕਿ ਹੁਣ ਹੋਰ ਕੌਤਕ ਵਰਤਿਆ ਜਿਸਨੂੰ ਅਸੀਂ ਆਪਣੀ ਬੋਲੀ ਵਿਚ ਇਉਂ ਕਹਾਂਗੇ:

ਅਰਸ਼ੀ ਨੂਰੀ ਪਾਤਸ਼ਾਹ'ਦੇਵੀਆਂ ਦੇ ਸਿਰਤਾਜ' ਵਲ ਮੂੰਹ ਕਰਕੇ ਬੋਲੇ—ਜੀਤ ਜੀ ! ਲਾਲ ਜੀ ਮਰੇ ਨਹੀਂ ਨਾ, ਜੀਵੇ ਹਨ ਨਾਂ ?

ਜੀਤ ਜੀ—ਹੇ ਪਾਰਦਰਸ਼ੀ, ਤ੍ਰਿਕਾਲਦਰਸ਼ੀ ਦਿੱਬਦਰਸ਼ੀ ਦਾਤਿਆ ! ਮੈਂ ਤੇਰੇ ਚੋਜਾਂ ਨੂੰ ਕੀ ਜਾਣਾ ? ਲਾਲ ਸਦਾ ਜੀਵੇ ਹਨ, ਜੋ ਮੈਂ ਮੌਤ ਜਾਣਦੀ ਸਾਂ, ਉਹ ਆਤਮ ਜਨਮ ਸੀ, ਤੇਰੀ ਬਖਸ਼ੀ ਉਹ ਅਬਦੀ ਜ਼ਿੰਦਗੀ ਸੀ, ਉਹ ਅਜ਼ਲੀ ਜੀਵਨ ਸੀ, ਉਹ ਅਮਰ ਪਦਵੀ ਸੀ। ਲਾਲ ਚਮਕੌਰ ਦੀ ਧਰਤੀ ਵਿਚ ਸ਼ਹੀਦ ਨਹੀਂ ਹੋ ਗਏ, ਅਰਸ਼ਾਂ ਦੇ ਤਖਤਾਂ ਤੇ ਆ ਖੜੇ ਹਨ। ਲਾਲ ਸਰਹੰਦ ਵਿਚ ਸਮਾਪਤ ਨਹੀਂ ਹੋਏ। ਲਾਲ ਅਰਸ਼ਾਂ ਦੇ ਰਾਜੇ ਹੋ ਗਏ। ਦਾਤਾ ! ਮੈਂ ਨਿਰਬਲ ਵੇਲ ਵਾਂਗੂੰ ਬੇਆਸ਼ਰੇ ਸਾਂ, ਤੇਰੇ ਆਸਰੇ ਬਚੀ ਤੇ ਤੇਰੇ ਉੱਚੇ ਚਰਨਾਂ ਦੇ ਪ੍ਰਤਾਪ 'ਜੀਤ' ਹੋਈ, ਸੁਖੀ ਹੋਈ, ਜੀਉਂਦਿਆਂ ਦੀ ਮਾਂ ਬਣੀ। ਅਮਰੀਆਂ ਨੇ ਮੈਨੂੰ ਅਸੀਸ ਦਿੱਤੀ, ਦਿੱਬ ਜੋਤੀਆਂ ਨੇ ਵਧਾਈਆਂ ਮੇਰੀ ਝੋਲੀ ਪਾਈਆਂ। ਹੇ ਨੈਣਾਂ ਵਾਲਿਆ ! ਨਾਮ ਦਾਨ ਬਖਸ਼ਕੇ ਮੌਤ ਵਿਚ ਜੀਵਨ, ਸ਼ਹੀਦੀ ਵਿਚ ਜ਼ਿੰਦਗੀ, ਕੁਰਬਾਨੀ ਵਿਚ ਜਾਨ, ਆਪਾ ਵਾਰਨ ਵਿਚ ਅਮਰਾ ਪਦ ਸਭ ਨੂੰ ਦਿੱਤਾ, ਹਾਂ ਇਹ ਤੂੰ ਹੀ ਰੰਗਾਂ ਵਿਚ ਉਲਟ ਰੰਗ ਵਸਾਇਆ ਹੈ, ਤੈਨੂੰ ਹੀ ਠੀਕ ਦਿੱਸਦਾ ਹੈ, ਤੂੰ ਧੰਨ ਹੈਂ ! ਤੂੰ ਧੰਨ ਹੈਂ !!

ਹੁਣ ਦੋ ਛੋਟੇ ਦੁਲਾਰੇ ਗੋਦ ਵਿਚ ਆ ਗਏ। ਚੋਜੀ ਪਿਤਾ ਪਿਆਰ ਦੇ ਰਿਹਾ ਹੈ, ਮੱਥੇ ਹੱਥ ਫਿਰ ਰਿਹਾ ਹੈ: ਪੁੱਛਦਾ ਹੈ, ਬੱਚਿਓ ! ਕੰਧ ਵਿਚ ਦਮ ਬਹੁਤ ਘੁੱਟਿਆ ਸੀ? ਹਵਾ ਦੇ ਨਾ ਮਿਲਣ ਨੇ ਬੜੀ ਤੜਫਨੀ ਲਾਈ ਸੀ ? ਜਿਸ ਵੇਲੇ ਸੰਸਾਰ ਦੇ ਚਾਨਣ ਤੇ ਹਵਾ ਤੋਂ ਰਹਿਤ ਤੁਹਾਨੂੰ ਉਸ ਤੰਗ ਘੋਪੇ ਵਿਚ ਚਿਣ ਕੇ ਬੰਦ ਕਰ ਦਿੱਤਾ ਗਿਆ, ਪਰ ਤੱਕੋ (ਛਾਤੀ ਨਾਲ ਲਾਕੇ) ਤੁਸੀਂ ਖੇਤ ਵਿਚ ਰਾਹਕਦੇਦੱਬੇ ਦਾਣੇ ਵਾਂਙੂ ਨੱਪੇ ਨਹੀਂ ਗਏ, ਪਰ ਲਹਿਲਹਾਉਂਦੇ ਨੰਨੇ ਨਿਹਾਲ ਹੋ ਕੇ ਖੁਲ੍ਹੀਆਂ ਹਵਾਂਵਾਂ ਤੇ ਖੁੱਲ੍ਹਿਆਂ ਚਾਨਣਿਆਂ ਵਿਚ ਆ ਲਹਿਰੇ ਹੋ। ਹਾਂ, ਫਿਰ ਤੁਸਾਨੂੰ ਹਵਾ ਲੁਆਕੇ ਡਰਾ ਕੇ ਸ਼ਮਸ਼ੇਰ ਦਾ ਪਾਣੀ ਚਖਾਇਆ ਗਿਆ ਸੀ ? ਉਹ ਕਸ਼ਟ ਸੀ ? ਤੱਕੋ ਤੁਹਾਡੇ ਉਸ ਬੀਤ ਜਾਣ ਹਾਰੇ ਤੇ ਬੀਤ ਚੁੱਕੇ ਕਸ਼ਟ ਝੱਲਣ ਨੇ ਦੁਖੀਆਂ ਨੂੰ ਕਿਤਨਾ ਸੁਖ ਦਿਤਾ ਹੈ। ਮੁਰਦੇ ਦਿਲ ਜੀਉ ਉਠੇ ਹਨ, ਮਰ ਚੁਕੀ ਸ੍ਰਿਸ਼ਟੀ ਝੂਮ ਉਠੀ ਹੈ, ਜ਼ੁਲਮ ਦਾ ਹਨੇਰਾ ਤੁਹਾਡੇ ਕੰਧ ਵਿਚਾਲੇ ਦੇਹਨੇਰੇ ਨੇ ਕੱਟ ਦਿੱਤਾ ਹੈ। ਤੁਹਾਡੇ ਗਲੇ ਤੇ ਫਿਰੀ ਚਮਕਦੀ ਤਲਵਾਰ ਨੇ ਜਗਤ ਦੇ ਬੰਧਨ ਕੱਟੇ ਹਨ। ਸਫਲ ਬੱਚਿਓ ! ਤੁਹਾਡੀ 'ਸਫਲ ਸਫਲ ਭਈ ਸਫਲ ਜਾਤਾ'। ਇਕ ਪੱਟ ਤੇ ਦੋਵੇਂ ਨਿੱਕੇ ਲਾਲ ਬੈਠੇ ਹਨ, ਦੂਜੇ ਪਰ ਵੱਡੇ ਲਾਲ ਦਿੱਸ ਰਹੇ ਹਨ। ਪਿਤਾ ਦਸਤਾਰ ਸੁਆਰਦਾ, ਛਾਤੀ ਨਾਲ ਲਾਂਦਾ, ਮੱਥਾ ਚੁੰਮਦਾ ਆਖਦਾ ਹੈ: ਮੇਰੇ ਦੁਲਾਰਿਓ, ਵਾਹਵਾ ! ਹਾਂ, ਉਹ ਜ਼ੁਲਮ ਦਾ ਟਾਕਰਾ, ਉਹ ਰਣ ਤੱਤਾ, ਉਹ ਅਨੇਕਾਂ ਨਾਲ ਇਕ ਇਕ ਦਾ ਮੁਕਾ-ਬਲਾ, ਉਹ ਅਜਿਤ ਮੈਹਾਮ, ਉਹ ਤਪਤ, ਉਹ ਕੜਕ, ਉਹ ਮਾਰੋਮਾਰ, ਉਹ ਹੱਲਾ, ਉਹ ਮਾਰ ਮੁਕਾਓ, ਪਰ ਹੋਰ ਹੋਰ ਟੁਟਦਾ ਵਧਦਾ ਆਉਂਦਾ ਜੁੱਧ ! ਹਾਂ ਲਾਲੋ, ਖੂਬ ਲੜੇ, ਖੂਬ ਘਾਉ ਖਾਧੇ, ਚੱਪੇ ਚੱਪੇ ਸਰੀਰ ਤੇ ਨੇਜ਼ਾਂ ਖੁੱਭੀਆਂ। ਘਾਇਲ ਹੋ ਹੋ ਅਰ ਮਾਇਲ ਹੋ ਹੋ ਲੜਨ ਹਾਰੇ ਸਪੁੱਤ੍ਰ ਸਦਕੇ, (ਮੱਥਾ ਮੁੰਘਕੇ) ਤੁਹਾਡੇ ਉਸ ਚਮਕੌਰ ਦੇ ਗੁਬਾਰ ਵਿਚ ਲਹੂਵੀਟ ਦੇਣ ਨੇ ਸੰਸਾਰ ਦਾ ਗੁਬਾਰ ਕੱਟਿਆ। ਤੁਹਾਡੀ ਬੀਰਤਾ ਨੇ ਮੋਈ ਸ੍ਰਿਸ਼ਟੀ ਵਿਚ ਜਾਨ ਪਾਈ, ਜੀਅ ਦਾਨ ਬਖਸ਼ਿਆ, ਤੱਕੋ ਹੇਠਾਂ ਕਿਕੂੰ ਲੋਥਾਂ ਤੁਬਕ ਤੁਬਕ ਉਠ ਰਹੀਆਂ ਹਨ। ਤੁਸੀਂ ਜ਼ਾਲਮਾਂ ਦੀ ਤਲਵਾਰ ਨਾਲ ਕੱਟੇ ਗਏ, ਤੁਸੀਂ ਧੌਂਹ ਦੀ ਕਟਾਰ ਨਾਲ ਟੋਟੇ ਟੋਟੇ ਕੀਤੇ ਗਏ ਤੁਸੀਂ ਨਿਰਦਈਆਂ ਦੇ ਤੀਰਾਂ ਅੱਗੇ ਛਾਨਣੀ ਬਣਾਏ ਗਏ, ਤੁਸੀਂ ਕਹਿਰ ਕਹਾਰ ਨਾਲ ਮਾਰ ਦਿੱਤੇ ਗਏ ਪਰ ਤੱਕੋ ਤੁਸੀਂ ਮਾਰਿਆਂ ਮਾਰੇ ਨਾ ਗਏ, ਹਾਂ,

ਤੁਸੀਂ ਕੱਟੀ ਗਈ ਡਾਲ ਵਾਙੂ ਮਰੇ ਨਹੀਂ ਪਰ ਕੱਟੀ ਡਾਲ ਪੈਉਂਦ ਹੈ ਕੇ ਉੱਚ ਜੀਵਨ ਵਿਚ ਜਾਗ ਉੱਠੇ ਵਾਂਙੂ ਅਮਰ ਜੀਵਨ ਪਾ ਆਏ ਨਿਰਭੈ ਰੰਗ ਵਿਚ ਖੇਡੇਹੋ।ਸਦਾਸੁਹੇਵੇ ਲਾਲ !ਕਾਲ ਨੇ ਤੁਸਾਂ ਨੂੰ ਨਹੀਂ ਖਾਧਾ,ਅਕਾਲ ਨੇ ਤੁਸਾਨੂੰਆਪਣੀ ਗੋਦੀ ਪਾਇਆ ਹੈ। ਮੈਨੂੰ ਤੁਸੀਂ ਸੰਸਾਰ ਤੋਂਅਪੁੱਤਾ ਕਰਕੇ ਨਹੀਂ ਸੇ ਆ ਗਏ, ਤੁਹਾਡੇ ਲਹੂ ਦੀ ਇਕ ਇਕ ਬੂੰਦ ਤੋਂ ਓਥੇ ਮੇਰੇ ਘਰ ਲੱਖ ਲੱਖ ਪੁੱਤ ਜੰਮਿਆਂ ਹੈ, ਮੇਰੀ ਗੋਦ ਤੁਸੀਂ ਐਸੀ ਹਰੀ ਕਰ ਆਏ ਕਿ 'ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ' ਵਾਲੀ ਸਚੀ ਸੌਤਰਤਾ ਹੋ ਗਈ ਹੈ;ਮੈਂ ਸੰਸਾਰ ਤੋਂ ਲਖੀ-ਅਰ ਬਾਬਲ ਬਣਕੇ ਵਾਪਸ ਆਇਆ ਹਾਂ। ਵਾਹ ਪੁੱਤਰੋ ! ਵਾਹ ਤੁਸੀਂ ਤੇ ਵਾਹ ਤੁਸਾਡੀ ਮਾਈ !

ਜੀਤ ਜੀ!ਧੰਨ ਤੁਸਾਡੇ ਪਿਆਰ, ਅਤੁੱਟ ਪਿਆਰ ਤੇ ਤੁਸਾਡੀ ਕੁਰਬਾਨੀ ਦੇ!ਮੈਥੋਂ ਇਹ ਨਾ ਮੰਗਿਆ, ਕਿ ਪੁੱਤ ਨਾ ਮਰਨ, ਪਰ ਇਹ ਮੰਗਿਆ ਕਿ ਮੈਂ ਪਹਿਲੋਂ ਜਾਵਾਂ। ਤੁਸਾਡੇ ਇਸ ਆਪਾਵਾਰਨ ਨੇ ਜਗਤ ਸੁਖੀ ਕਰ ਦਿੱਤਾ, ਮੈਂ ਡਾਢਾ ਨਾਜ਼ਕ ਕੰਮ ਲੈ ਕੇ ਆਪਣੇ ਬਾਬਲ ਜੀ ਦੇ ਘਰੋਂ ਟੁਰਿਆ ਸਾਂ, ਸ਼ਾਬਾਸ਼ ! ਤੁਸਾਂ ਮੈਨੂੰ ਉਸ ਵਿਚ ਮਦਦ ਦਿੱਤੀ। ਤੁਸੀਂ ਮੋਹ ਮਾਇਆ ਦੇ ਸੰਸਾਰ ਵਿਚ ਵੱਸ ਕੇ ਆਪਾ ਨੁਛਾਵਰ ਕੀਤਾ, ਮੇਰੇ ਹੁਕਮ ਮੰਨੇ। ਮੈਨੂੰ ਮੇਰੇ ਰੰਗੀ ਬਾਬਲ ਜੀ ਪਾਸ ਸੁਰਖਰੋਈ ਨਾਲ, ਉੱਜਲ ਮੁਖ ਨਾਲ, ਨਿਰਮਲ ਰੰਗ ਨਾਲ ਹਉਂ ਅਤੀਤ ਆਉਣ ਵਿਚ ਆਪਾਵਾਰ ਮਦਦ ਦਿੱਤੀ; ਰੰਗ ਲੱਗਾ ਰਹੇ, ਰੰਗਲ ਭਏ, ਤੁਸੀਂ ਅਮਰੀ ਹੋਏ;ਹਾਂ,ਤੁਸੀਂ ਮੇਰੇ ਆਤਮ ਸਰੂਪ ਦੀਆਂ ਡਾਲੀਆਂ ਹੋ ਗਏ।

ਦੁਲਾਰਿਆਂ ਨੇ ਸੀਸ ਨਿਵਾਇਆ ਅਰ ਓਹਨਾਂ ਦੇ ਸ਼ਰੀਰਾਂ ਤੋਂ ਮਾਨੋਂ ਇਹ ਅਵਾਜ਼ ਆਈ:—

"ਆਪ ਦੀ ਪਿਆਰੀਮੂਰਤੀ ਦੇ ਧਿਆਨ ਦੇ ਸੁਆਦ ਵਿਚ ਸਾਨੂੰ ਕੋਈ ਕਸ਼ਟ, ਉਖਿਆਈ ਨਹੀਂ ਲੱਗੀ, ਧਿਆਨ ਮਰਨ ਰੰਗ ਭਰੇ ਕਸ਼ਟਾਂ ਦੇ ਸਮੇਂ ਲੰਘ ਗਏ।"

ਫੇਰ ਲਿਸ਼ਕਾਰ ਵੱਜਾ, ਕੀ ਤੱਕਦੇ ਹਾਂ ਕਿ ਕਲਗੀਆਂ ਵਾਲੇ ਫੁਰਮਾ ਰਹੇ ਸਨ:—

ਬੇਟਾ ਜੀਉ ! ਸਾਡੇ ਸ਼ੁਰੂ ਤੋਂ ਅੱਜ ਤਾਈਂ ਦੇ ਯਾਰ ਜੋ ਸਾਡੇ ਮਨੁੱਖਨਾਟ ਵਿਚ ਹਰ ਜਾਮੇਂ ਸ਼ਹੀਦ ਹੁੰਦੇ ਰਹੇ ਹਨ, ਪਿਆਰ ਤੇ ਸ਼ਰਧਾ, ਆਪਾ ਵਾਰਨ ਤੇ ਇਸ਼ਕਾਂ ਕੁੱਠੇ, ਸਿਰ ਤਲੀ ਜੋ ਸਾਡੀ ਗਲੀ ਖੇਡਦੇ ਆਏ ਹਨ, ਪੰਜ ਪਿਆਰੇ, ਅਨੰਦ ਪੁਰੀ ਸ਼ਹੀਦ, ਚਮਕੌਰੀ ਮੁਕਤੇ, ਮੁਕਤਸਰੀ ਮੁਕਤੇ, ਹਾਂ, ਉਹ ਪਿਆਰੇ ਅਜ ਬਾਪੂ ਜੀ ਦੇ ਹੁਕਮ ਅਨੁਸਾਰ ਮਾਤ ਲੋਕ ਵਿਚ ਸਾਨੂੰ ਲੈਣ ਗਏ ਸਨ,ਓਹ ਪ੍ਰੀਤਮ ਦੇ ਅਦਬਾਂ ਵਾਲੇ ਅਦਬ ਸੁਆਰੇ ਇਸ ਦਾਲਾਨ ਦੇ ਬਾਹਰ ਖੜੇ ਹਨ, ਲਾਲੋ!ਓਹ ਮੇਰੇ ਹਨ,ਮੈਂ ਉਹਨਾਂ ਦਾ ਹਾਂ।ਲਾਲ ਜੀ!ਓਨ੍ਹਾਂ ਨੂੰ ਅੰਦਰ ਲੈ ਆਓ। ਮੈਂ ਓਹ ਆਪਣੇ ਕੀਤੇ ਹਨ, ਪਰ ਓਹ ਪਿਆਰ-ਪੁੱਤੇ ਅਦਬ ਸੁਆਰੇ ਅਦਬ ਵਿਚ ਬਾਹਰ ਖੜੇ ਹਨ।

ਦੂਜੀ ਖਿਨ ਵਿਚ ਨੂਰੀ ਜਾਮਿਆਂ ਵਾਲੇ ਸੱਚੇ ਸ਼ਹੀਦ ! ਹਉਂ ਕਰਕੇ ਮਰੇ ਨਹੀਂ, ਪਰ ਪਿਆਰ ਕਰਕੇ ਪਰਵਾਨ ਹੋ ਚੁਕੇ ਪਰਵਾਨੇ ਅੰਦਰ ਆ ਗਏ। ਅੱਗੇ ਅੱਗੇ ਬਾਬਾ ਮੱਤ ਸਿੰਘ ਹੈ ਜਿਸਦੀ ਸਾਰੀ ਨੁਹਾਰ ਕਲਗੀਧਰ ਜੀ ਦੀ ਆਪਣੀ ਹੈ, ਸਿਰ ਤੇ ਸਤਿਗੁਰ ਦੀ ਫਬਾਈ ਕਲਗੀ ਜਿਗਾ ਚਮਕ ਰਹੀ ਹੈ, ਗਲ ਸਤਿਗੁਰ ਵਾਲਾ ਜਾਮਾ ਹੈ, ਲੱਕ ਉਹੋ ਗੁਰੂ ਤਲਵਾਰ ਹੈ, ਪਰ ਅੱਖਾਂ ਅਦਬ ਨਾਲ ਸ਼ਰਮ-ਸਾਰ ਹਨ।'ਹਾਇ ! ਮੈਂ ਉਹ ਸਿੱਖ ਹਾਂ, ਜਿਨ ਸਿੱਖ ਹੋਕੇ ਗੁਰੂ ਜਾਮੇ ਪਹਿਨਣ ਦੀ ਬੇਅਦਬੀ ਕੀਤੀ ਹੈ'। ਵਾਹ ਅਦਬ ਧਾਰੇ ਸਿੱਖਾ! ਤੇਰੀ ਸਿੱਖੀ ਨੇ ਗੁਰੂ ਨੂੰ ਬਿਹਬਲ ਕਰ ਦਿਤਾ ਹੈ,ਔਹ ਤਖਤੋਂ ਛਾਲ ਮਾਰੀ, ਸੰਤ ਸਿੰਘ ਨੂੰ ਜੱਫੀ ਪਾਈ,ਓਇ, ਸਿੱਖ!'ਤੂੰ ਮੈਂ 'ਮੈਂ ਤੂੰ','ਮੈਂ ਤੂੰ' 'ਤੂੰ ਮੈਂ' ਸਿਖ ! ਵਾਹ ਅਤੀਤਾ, ਵਾਹ ਮੇਰੇ ਮੰਨਿਆਸੀਆ ! ਵਾਹ ਮੇਰੇ ਵੈਰਾਗੀਆ ! ਵਾਹ ਮੇਰੇ ਬਲੀਦਾਨਾ ! ਵਾਹ ਮੇਰੇ ਜਗਵੇਦੀ ਦੇ ਸੱਚੇ ਕੁਰਬਾਨੀਆਂ ! ਵਾਹ ਮੇਰੇ ਸੱਚੇ ਹਵਨਾਂਆ ! ਵਾਹ ਮੇਰੇ ਆਪਾ ਵਾਰੂ ਆਪ ਨੁਛਾਵਰੀਆ! ਮੇਰੀ ਖ਼ਾਤਰ, ਨਿਰੋਲ ਮੇਰੀ ਖਾਤਰ—ਵਾਹ ਤੂੰ ਜਿਸ ਦੇ ਅੰਦਰ ਉਪਕਾਰ, ਪਰਾਇਆ ਭਲਾ, ਸ੍ਰਿਸ਼ਟੀ ਰਖਜਾ ਦਾ ਖਿਆਲ ਬੀ ਨੀਵਾਂ ਰਹਿ ਗਿਆ, ਆਨੰਨ ਨਿਰੋਲ ਮੇਰੀ ਦੇਹ ਰਖਜਾ ਦੇ ਪ੍ਰੇਮ ਵਿਚ —ਟੋਟੇ ਹੋ ਕੇ ਕੁਹੀ ਗਿਓਂ, ਮੇਰਿਆ ! ਤੇ ਕੁਹੀ ਕੇ ਅਦਬ ਵਿਚ ਸ਼ਰਮਸਾਰ ਮੇਰੇ ਆਪਣਿਆਂ ! ਮੇਰਾ ਜਾਮਾ, ਮੇਰੀ ਕਲਗੀ ਜਿਗਾ, ਮੇਰੇ ਸ਼ਸਤ੍ਰ ਲਾਉਣ

ਦੀ ਬੇਅਦਬੀ ਦਾ ਭੈ ਧਾਰਨ ਵਾਲਿਆ ! ਪਰ ਮੇਰੇ ਹਿਤ ਕੀਤੀ ਕੁਰਬਾਨੀ ਨੂੰ ਚੇਤੇ ਬੀ ਨਾ ਰੱਖਣ ਵਾਲਿਆ ਸਿੱਖਾ!''ਤੂੰ ਮੈਂ''ਮੈਂ ਤੂੰ!' 'ਤੂੰ ਮੈਂ''ਮੈਂ ਤੂੰ'

ਜ਼ਰਾ ਗਹੁ ਕਰਨੀ, ਉਹ ਸਿਰ ਤਲੀ ਧਰਨ ਵਾਲੇ ਪੰਜ ਪਿਆਰੇ ਗੁਰੂ ਦੀ ਜੱਫੀ ਵਿਚ ! ਗੁਰੂ ਸਿਰਾਂ ਨੂੰ ਸੁੰਘਦਾ ਤੇ ਆਖਦਾ ਹੈ–ਸੂਰਿਓ, ਸਿਰ ਸਿਰ ਲਾ ਬਾਜ਼ੀ ਖੇਡਣ ਵਾਲਿਓ ! ਜਿੱਤ ਨਿਕਲਿਓ ਮੇਰਿਓ ! ਤੁਸੀਂ ਮੇਰੇ, ਮੈਂ ਤੁਸਾਡਾ, ਤੁਸਾਂ ਰੱਖ ਵਿਖਾਈ, ਤੁਸੀਂ ਬਾਪੂ ਜੀ ਦੇ ਹੁਕਮ ਕਮਾਉਣ ਵਿਚ ਮੇਰੀਆਂ ਭੁਜਾਂ ਬਣੇ। ਤੁਸੀਂ ਆਤਮ ਤੱਤਵੇਤਾ ਪੂਰਨ ਸਾਧੂ ਸੋ, ਮੇਰੇ ਨਾਲ ਗਏ ਸੋ ਤੇ ਮੇਰੇ ਪਿਆਰ ਵਿਚ ਤੁਸਾਂ ਦੁਖਾਂ ਵੇੜ੍ਹੀ ਸ੍ਰਿਸ਼ਟੀ ਦਾ ਭਾਰ ਹਰਨ ਦਾ ਕੰਮ ਚਾਇਆ ਤੇ ਆਪਣੇ ਮਾਸ ਦੀਆਂ ਬੋਟੀਆਂ ਅਹੂਤੀ ਕਰਕੇ ਸੱਚਾ ਹੋਮ ਤੇ ਜਗ ਰਚਾਇਆ। ਗੁਰੂ ਤਾਂ ਐਉਂ ਕਹਿ ਰਿਹਾ ਹੈ, ਤੇ ਪੰ-ਜੇ 'ਗੁਰੂ ਗਲੱਕੜੀ' ਤੋਂ ਖਿਸਕਦੇ ਚਰਨਾਂ ਤੇ ਢਹਿੰਦੇ ਜਾਂਦੇ ਹਨ, ਤੇ ਉਨ੍ਹਾਂ ਦੇ ਲੂੰਆਂ ਤੋਂ ਇਕ ਮੱਧਮ ਨੂੰਜ ਉਠ ਰਹੀ ਹੈ:–

''ਬੈਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ।''

ਹਾਂ, ਤੇ ਸਤਿਗੁਰ ਆਖਦਾ ਹੈ, ''ਮੇਰੇ ਮੇਰੇ, ਮੇਰੇ ਮੇਰੇ''।

ਦੂਜੀ ਖਿਨ ਮੁਕਤੇ, ਹਾਂ ਜੀ ਚਮਕੌਰੀ ਮੁਕਤੇ ਤੇ ਚਮਕੌਰ ਤੋਂ ਪਹਿਲੀ ਰਾਤ ਸਰਸੇ ਤੇ ਰੋਪੜ ਸ਼ਹੀਦ ਹੋਣਵਾਲੇ ਦੁਆਲੇ ਸਤਿਗੁਰਦੀ ਪਿਆਰ ਕਲਾਈ ਵਿਚ ਆ ਗਏ, ਸਤਿਗੁਰ ਪਿਆਰ ਦੇਂਦਾ ਤੇ ਆਖਦਾ ਹੈ:–''ਮੇਰੇ ਸਿਦਕ ਸੁਆਰੇ, ਅਡੋਲ ਮੇਰਿਓ ! ਵਾਹ ਵਾਹ! ਤੁਹਾਡਾ ਲਹੁ, ਜਿਸ ਨਾਲ ਤੁਸਾਂ ਮੈਨੂੰ ਖਰੀਦ ਲਿਆ, ਤੁਹਾਡੀ ਕੁਰਬਾਨੀ ਨੇ ਮੈਨੂੰ ਵਿਹਾਝ ਲਿਆ ਤੁਸੀਂ ਧੰਨ; ਤੁਸੀਂ ਧੰਨ ! ਧੰਨ ਸਿੱਖੀ! ਧੰਨ ਸਿੱਖੀ! ਧੰਨ ਸਿੱਖੀ ! ਤੁਸਾਂ ਧਾਰੀ, ਤੁਸਾਂ ਪਾਲੀ, ਤੁਸਾਂ ਨਿਬਾਹੀ। ਤੁਸੀਂ ਅਮਰ ਹੋਏ, ਸਦਾ ਮੇਰੇ ਹੋਏ। ਜਦ ਮੈਂ ਸੰਸਾਰ ਵਿਚ ਫੇਰ ਜਾਸਾਂ ਤੁਸੀਂ ਮੇਰੇ ਨਾਲ, ਜਦੋਂ ਮੈਂ ਏਥੇ ਤੁਸੀਂ ਅੰਗ ਸੰਗ।'' ਇਹ ਸੁਣਦਿਆਂ ਮੁਕਤਿਆਂ ਦੀਆਂ ਮਾਨੋਂ ਅੱਖਾਂ ਵਿਚੋਂ ਨੀਰ ਛੁੱਟਾ ਅਰ ਉਸ ਨੀਰ ਵਿਚੋਂ ਪਿਆਰ ਤੇ ਸਦਕੇ ਹੋ ਜਾਣ ਦੀ ਸੁਰੰਧਿ ਆਈ ਕਿ ਕਲਗੀਆਂ ਵਾਲੇ ਆਪ ਨੈਣ ਜਲ ਪੂਰਤ ਹੋ ਅਹੁੱਲ ਹੋ ਗਏ, ਸਾਰੇ ਮੁਕਤੇ ਦਾਤਾ ਨਾਲ ਇਸਤਰ੍ਹਾਂ ਲਿਪਟ ਗਏ ਕਿ ਜਿਕੂੰ ਵੇਰੇ ਕਮਲ ਨਾਲ ਲਿਪਟ ਜਾਂਦੇ ਹਨ:–

ਹਾਂ, ਦੂਜੀ ਖਿਨ ਆਈ ਤਾਂ ਮੁਕਤਸਰ ਦੇ ਮੁਕਤੇ ਆ ਰਹੇ ਹਨ। ਮਹਾਂ ਸਿੰਘ ਸ਼ੁਕਰ ਨਾਲ ਭਰਿਆ, ਖੁਸ਼ੀ ਨਾਲ ਰੋਂਦਾ ਆ ਰਿਹਾ ਹੈ, ਬਿਹ-ਬਲ ਹੋ ਚਰਨਾਂ ਤੇ ਢਹਿੰਦਾ ਹੈ ਤੇ ਉਸਦੇ ਸਰੀਰ ਤੋਂ ਮਾਨੋਂ ਅਵਾਜ਼ ਆਉਂਦੀ ਹੈ:–

'ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥'

ਪਰ ਉਸ ਕਦੀ ਨਾ ਛਾਣਨ ਵਾਲੇ ਬਖਸ਼ਿੰਦ ਬਿਰਦ ਨੇ, ਉਸ ਸੰਜੋਗੀ ਜੋੜਨ ਹਾਰ ਗੁਰੂ ਨੇ ਮਹਾਂ ਸਿੰਘ ਨੂੰ ਸੀਨੇ ਲਾਇਆ, ਛਾਤੀ ਲਾਇਆ, ਛਾਤੀ ਲਾਇਆ ਤੇ ਆਖਿਆ: ਓਇ ਆਪਾ ਵਾਰਨ ਵਾਲੇ ਬੀਤਰਾਗੀਆ ! ਨਿਰਬਾਣ ਪਦ ਤੂੰ ਪਾਇਆ, ਜਿਨ੍ਹ ਵੀਰਾਂ ਦੇ ਪਿਆਰ ਵਿਚ ਆਪਾ ਘੋਲ ਦਿੱਤਾ, ਤੂੰ ਜੀ, ਤੇਰੇ ਵੀਰ ਜੀਣ ! ਇਹ ਕਹਿੰਦਿਆਂ ਸਾਰੇ ਮੁਕਤੇ ਜੋ ਬਖਸ਼ਿੰਦ ਬਖਸ਼ਿੰਦ ! ਵਾਹ ਬਖਸ਼ਿੰਦ ਦਾ ਗੀਤ ਗਾ ਰਹੇ ਸੋ, ਸਤਿਗੁਰ ਨੇ ਗਲੇ ਲਾ ਲਏ, ''ਮੇਰੇ ਪੰਜ ਹਜ਼ਾਰੀ, ਓਇ ਮੇਰੇ ਸੱਤ ਹਜ਼ਾਰੀ, ਓਇ ਮੇਰੇ ਦਸ ਹਜ਼ਾਰੀ'', ਐਉਂ ਨਾਮ ਲੈ ਲੈ ਕੇ ਸਾਰੇ ਗਲੇ ਲਾਏ ਤੇ ਕਿਹਾ ਕਿ ''ਤੁਸਾਨੂੰ ਮੈਂ ਅਪਨਾ-ਇਆ ਹੈ, ਤੁਸੀਂ ਓਹਬ੍ਰਹਮਗਜਾਨੀ ਹੋ ਜੋ ਮਾਇਆ ਦਾ ਜਾਲ ਤੋੜਕੇ ਨਿੱਤਰੇ, ਤੁਸੀਂ ਓਹ ਹੋ ਜਿਨ੍ਹਾਂ ਨੇ ਭੁੱਲ ਦਾ ਪਰਦਾ ਲੀਰਾਂ ਲੀਰਾਂ ਕਰਕੇ ਆਪਾ ਵਾਰ ਨਾਚ ਨੱਚਿਆ। ਤੁਸੀਂ ਸਦਾ ਜੀਵੋ ! ਤੁਸੀਂ ਮੇਰੇ, ਮੈਂ ਤੁਸਾਂ ਦਾ। ਸਿੱਖ ਗੁਰੂ ਦੇ ਗੁਰੂ ਸਿੱਖਾਂ ਦਾ। ਭਾਗੋ ਵਡਭਾਗਣ ਖਾਲਸੇ ਦੀ ਸੱਚੀ ਬੀਤਰਾਗ ਭੈਣ, ਤਰ ਗਈ।''

ਗਲ ਕੀਹ, ਬਚਿੱਤ੍ਰ ਸਿੰਘ, ਉਦੇ ਸਿੰਘ ਆਦਿ ਸਾਰੇ ਸ਼ਹੀਦ, ਸਾਰੇ ਪਿਆਰੇ ਇਕ ਇਕ ਕਰਕੇ ਹਜ਼ੂਰੀ ਵਿਚ ਆਏ। ਇਕ ਇਕ ਦੀ ਘਾਲ ਥਾਂ ਪਾਈ। ਜਿਨ੍ਹਾਂ ਜਿਨ੍ਹਾਂ ਨੇ ਇਸ ਹਨੇਰੇ ਸੰਸਾਰ ਵਿਚ–ਇਸ ਭੁਲੇਖੇ ਦੀ ਸਾਡੀ ਧਰਤੀ ਵਿਚ–ਸਤਿ-ਗੁਰੂ ਨੂੰ 'ਸਤਿਗੁਰੂ' ਪਛਾਤਾ ਸੀ ਤੇ ਸਤਿਗੁਰ ਵਿਚ ਅਮਰੀ ਜੀਵਨ ਪਰ ਨਿਸ਼ਚਾ ਧਾਰਿਆ ਸੀ ਤੇ ਇਹ ਧਾਰ ਕੇ ਸੇਵਾ ਚਾਈ ਤੇ ਕੀਤੀ ਸੀ, ਯਾ ਸਤਿਗੁਰ ਦੇ ਹੁਕਮ ਵਿਚ ਸ਼ਹੀਦੀ ਪਾਈ ਸੀ:

ਆਏ, ਤੇ ਸਭ ਦੀ ਘਾਲ ਥਾਂ ਪਈ। ਓਹ ਅੱਜ ਵੇਖ ਰਹੇਸੇ ਕਿ ਜੇ ਸਤਿਗੁਰ ਸਾਨੂੰਸਿਦਕ ਨਾ ਬਖਸ਼ਦਾ ਤਾਂ ਅੱਜ ਅਸੀਂ ਇਸ ਸਦਾ ਰਹਿਣ ਵਾਲੇ ਦੇਸ਼ ਵਿਚ ਕਦ ਸਤਿਗੁਰਾਂ ਦੇ ਚਰਨਾਂ ਪਾਸ ਆਉਂਦੇ। ਜੇ ਉਸ ਬਿਨਸਨਹਾਰ ਜਿੰਦ ਨੂੰ ਪਿਆਰ ਕਰਦੇ ਤਾਂ ਸਦਾ ਲਈ ਪ੍ਰੀਤਮ,ਇਸ 'ਅਰਸ਼ੀ ਪ੍ਰੀਤਮ', ਤੋਂ ਵਿਛੁੜ ਜਾਂਦੇ। ਧੰਨ ਹੈ ਸਤਿਗੁਰ ਜਿਸ ਨੇ ਸਾਨੂੰ ਤਾਰਿਆ!

ਹੁਣ ਇਕ ਗੋਲ ਚੱਕਰਾਕਾਰ ਕਿਰਨਾਂ ਦਾ ਲਹਿਰਾ ਵੱਜਾ, ਅਰ ਸਤਿਗੁਰ ਜੀ ਤਖਤ ਬਿਰਾਜੇ ਹੋਏ, ਸਾਹਿਬਜ਼ਾਦੇ ਚਰਨਾਂ ਵਿਚ ਸਜੇ ਹੋਏ ਤੇ ਸਾਰੇ ਨਾਮਰਸੀਏ ਤੇ ਸਾਰੇ ਆਪਾ ਜਿੱਤੇ ਸ਼ਹੀਦਾਂ ਦਾ, ਹਾਂ, ਗੁਰੂ-ਪ੍ਰੇਮ ਵਿਚ ਸ਼ਹੀਦ ਹੋਏ ਪਿਆਰਿਆਂ ਦਾ ਦੀਵਾਨ ਸਜ ਗਿਆ ਤੇ ਇਕ ਲਹਿਰਾਉ ਵਰਤ ਗਿਆ। ਮਿੱਠੀ ਪਿਆਰੀ ਧੁਨੀ ਉੱਠੀ, ਨੈਣ ਮੁੰਦ ਗਏ, ਲੂੰਆਂ ਤੋਂ ਰਸ ਦੇ ਫੁਹਾਰੇ ਛੁੱਟ ਪਏ ਤੇ 'ਰਾਗ ਰਤਨ ਪਰਵਾਰ ਪਰੀਆ' ਦਾ ਅਰੂਪ ਸੰਗੀਤ ਸਾਡੇ ਬੈਰਾਗ ਦੀ ਧੁਨੀ ਵਾਂਗੂ, ਪਰ ਬਹੁਤ ਹੀ ਮਧੁਰ ਸੁਣਾਈ ਦਿੱਤਾ:–

*ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣਚੋਰੀ ਰਾਮ॥
ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ॥ ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤ ਸਾਂਈ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੋਰੀ ਰਾਮ॥ ੧॥ ... ...
ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ॥ ਹਉ ਬਲਿ ਜਾਈ ਲਖ ਲਖ ਬਰੀਆ ਜਿਨਿ ਭੂਮੁ ਪਰਦਾ ਖੋਲ੍ਹਾ ਰਾਮ॥ ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ॥ ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ॥ ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ॥ ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ॥੪॥੧॥੪॥

*ਇਹ ਸ਼ਬਦ ਸੂਹੀ ਛੰਤ ਮਃ ਪ ਘਰੁ ੩ ਦਾ ਹੈ।

[ਦੂਸਰਾ ਆਤਮ ਲਹਿਰਾਉ]

ਹੁਣ ਇਕ ਹੋਰ ਵੇਗ ਆਇਆ, ਕੈਸਾ ਅਦਭੁਤ ਹੁਲਾਰਾ ਪਿਆ।ਜੇ ਅਸੀਂ ਆਪਣੇਲੋਕ ਵਾਸੀਆਂ ਦੀ ਸਮਝ ਗੋਚਰਾ ਕਰਨਾ ਚਾਹੀਏ ਤਾਂ ਐਉਂ ਹੈ ਕਿ ਅੱਖ ਦੇ ਫਰੋਕੇ ਵਿਚ ਅਸੰਖਾਂ ਮੀਲ ਪੈਂਡਾ ਤੈ ਹੋ ਗਿਆ। ਵਾਹਵਾ! ਦੋਧੀ ਚਾਨਣਾ ਆ ਗਿਆ, ਠੰਢਾ ਠੰਢਾ, ਮਨ ਐਉਂ ਕੱਠਾ ਅਰ ਸ਼ਾਂਤਿ ਹੋ ਰਿਹਾ ਹੈ, ਜਿਵੇਂ ਕੋਈ ਟਿਕਾਉ ਤੇ ਰਸ ਲੀਨਤਾ ਦਾ ਦੇਸ਼ ਹੈ, ਸੁਹਾਉਣੀ ਸੀਤਲਤਾ ਦੀ ਅਵਧੀ ਹੈ।

ਇਥੇ ਇਕ ਸੁੰਦਰ ਵੱਡਾ ਸਾਰਾ ਇਕੋ ਕਮਰਾ ਹੈ। ਦੋਧੀ ਚਾਨਣੇ ਦਾ ਬਣਿਆ ਹੈ। ਇਸਦੇ ਅੰਦਰ ਸਿਰੇ ਵਾਲੇ ਪਾਸੇ ਇਕ ਸੁਫੈਦ ਰੰਗ ਦਾ ਅਤਿ ਦਮਕਾਂ ਮਾਰਦਾ ਤਖਤ ਹੈ, ਜੋ ਐਉਂ ਜਾਪਦਾ ਹੈ ਕਿ ਕਿਸੇ ਹੀਰੇ ਵਰਗੇ ਚਿਟਾਨ ਵਿਚੋਂ ਕੱਟ ਕੇ ਉੱਕਰ ਕੇ ਬਣਾਇਆ ਹੈ। ਇਸ ਪਰ ਐਸੀਆਂ ਪਹਿਲਾਂ ਕੱਢੀਆਂ ਹਨ ਕਿ ਰੌਸ਼ਨੀ ਉੱਤੇ ਪੈਂਦੀ ਦਾ ਪੈਰ ਟਿਕਦਾ ਨਹੀਂ ਜਾਪਦਾ, ਤਿਲਕ ਤਿਲਕ ਪੈਂਦੀ ਹੈ ਅਰ ਜਿਉਂ ਜਿਉਂ ਤਿਲਕਦੀ ਹੈ, ਤਿਉਂ ਤਿਉਂ ਅੱਖਾਂ ਵਿਚ ਚਕਾਚੌਂਧ ਛਾਉਂਦੀ ਹੈ। ਪਰ ਇਸ ਚਕਾਚੌਂਧ ਨਾਲ ਘਬਰਾ ਨਹੀਂ ਪੈਂਦਾ, ਸਰੂਰ ਆਉਂਦਾ ਹੈ। ਤਖਤ ਖਾਲੀ ਹੈ, ਪਰ ਇਸ ਦੇ ਪਿੱਛੇ ਕੁਛ ਅਤਿ ਦਮਕਦਾਰ, ਪਰ ਟਿਕਾਉਦਾਰ ਰੂਪ ਵਾਲੀਆਂ ਸੂਰਤਾ ਖੜੀਆਂ ਹਨ। ਜਦ ਕਮਰੇ ਵਿਚ ਅੱਗੇ ਪਿੱਛੇ ਤੱਕੋ ਤਾਂ ਸਾਰਾ ਭਰਪੂਰ ਹੈ,ਡਾਢੇ ਹੀ ਪਿਆਰੇ, ਪ੍ਰੇਮ ਵਾਲੇ, ਸਿੱਕਾਂ ਵਾਲੇ, ਸੱਧਰਾਂ ਵਾਲੇ, ਤਾਂਘਾਂ ਵਾਲੇ, ਲੋਚਾਂ ਵਾਲੇ ਸੱਜਣ ਜੁੜੇ ਬੈਠੇ ਹਨ। ਸਾਰਿਆਂ ਦੇ ਸ਼ਰੀਰ ਅਤੀ ਸੂਖਮ ਪਰ ਦੋਧੀ ਝਾਲ ਵਾਲੇ ਚਾਨਣੇ ਦੇ ਬਣੇ ਹਨ। ਚਿਹਰੇ ਪ੍ਰੇਮ ਦਾ ਅਲਾਂਬਾ ਹਨ, ਪਰ ਅਲਾਂਬਾ ਸਰਦ ਚਾਂਦਨੀ ਦੇ ਚੰਦ ਵਾਂਗੂੰ ਅਡੋਲ ਤੇ ਸੀਤਲ ਹੈ। ਤਖਤ ਦੇ ਅੱਗੇ ਕੁਛ ਥਾਂ ਵਿਹਲੀ ਹੈ, ਜਿਥੇ ਇਕ ਨਿਰਮਲ ਨੀਲਗੂੰ ਝਾਲ ਦੀ ਚੌਂਕੀ ਉੱਤੇ ਆਰਤੀ ਦਾ ਸਾਮਿਆਨ ਧਰਿਆ ਹੈ। ਇਥੋਂ ਲੈਕੇ ਬਾਹਰਲੇ ਦਰਵਾਜ਼ੇ ਤਾਈਂ ਸਾਰੇ ਦਿੱਵ ਰੂਪੀਆਂ ਦੇ ਵਿਚਕਾਰ ਦੀ ਰਸਤਾ ਹੈ, ਹੁਣ ਸਾਰੇ ਪ੍ਰੇਮੀ ਅਦਬ ਨਾਲ ਖੜੇ ਦਿੱਸਣ ਲੱਗ ਪਏ। ਦਰਵਾਜ਼ੇ ਤੋਂ ਬਾਹਰ ਸੜਕ ਪਰ ਦੂਰ ਤੀਕ ਦੁਵੱਲੀ ਪ੍ਰਕਾਸ਼ ਸਰੂਪਾਂ, ਮੰਸਾਰ

ਦੇ ਪ੍ਰਸਿੱਧ ਆਗੂਆਂ ਤੇ ਆਤਮ ਅਰੂੜ੍ਹਾਂ ਦੀ ਕਤਾਰ ਖੜੀ ਹੈ ਤੇ ਫੁੱਲਾਂ ਦੀ ਵਰਖਾ ਕਰਨ ਲਈ ਤਿਆਰ ਖੜੀ ਹੈ; ਮਾਲੂਮ ਹੁੰਦਾ ਹੈ ਕਿ ਕਿਸੇ ਦੀ ਉਡੀਕ ਲੱਗ ਰਹੀ ਹੈ।

ਹੁਣ ਇਕ ਤਿੱਖਾ ਲਿਸ਼ਕਾਰਾ ਵੱਜਾ, ਉੱਸੇ ਹੀਰੇ ਵਰਗੇ ਪਰ ਕੇਵਲ ਪ੍ਰਕਾਸ਼ ਦੇ ਬਣੇ ਤਖ਼ਤ ਪਰ ਇਕ ਮੋਹਨੀ ਮੂਰਤ ਬਿਰਾਜਮਾਨ ਹੈ। ਕਮਰੇ, ਤਖ਼ਤ ਵਿੱਚ ਸਰੂਪਾਂ ਸਭਨਾਂ ਦਾ ਰੂਪ ਪ੍ਰਕਾਸ਼ਦਾ ਸੀ, ਪਰੰਤੂ ਇਸ 'ਮਨ ਹਰਨ ਮਨੋਹਰ' ਮੂਰਤੀ ਦੀ ਇਹ ਅਕਾਲ ਮੂਰਤੀ ਹੋਰ ਹੀ ਸੂਖਮ ਤੇ ਹੋਰ ਹੀ ਚਮਕੀਲੇ ਰੂਪ ਦੀ ਬਣੀ ਹੋਈ ਸੀ। ਆਪ ਤਖ਼ਤ ਪੁਰ ਬਿਰਾਜੇ ਧਿਆਨ ਮਗਨ ਹਨ, ਨੈਣ ਬੰਦ ਹਨ, ਪਦਮਾਸਨ ਬਿਰਾਜ ਰਹੇ ਹਨ, ਖੱਬੇ ਪਾਸੇ ਲੱਕ ਨਾਲ ਤਲਵਾਰ ਹੈ, ਜੋ ਮਿਆਨ ਵਿਚ ਬਿਰਾਜ ਰਹੀ ਹੈ, ਜਿਸ ਪੁਰ ਲਿਖਿਆ ਹੈ 'ਭਗਤ ਰੱਖਸ਼ਕ'। ਸੱਜੇ ਹੱਥ ਜ਼ਮੁੱਰਦਾਂ ਵਰਗੇ, ਪਰ ਅਤੀ ਉੱਚੀ ਆਬ ਤੇ ਡਾਢੇ ਨਿਰੋਲ ਪਾਣੀ ਵਾਲੇ ਕਿਸੇ ਡਾਢੇ ਸੁੱਚੇ ਰੰਗ ਵਾਲੇ ਰੇਸ਼ੇ ਤੋਂ ਸਾਫ ਪਾਰਦਰਸ਼ਕ ਪਦਾਰਥ ਦੀ ਸ਼ਿਮਰਨੀ ਹੈ, ਜਿਸ ਦੇ ਮਣਕੇ ਕਾਰੀਗਰ ਨੇ ਐਉਂ ਬਣਾਏ ਹਨ ਕਿ ਨਿੱਗਰ ਗੁਲਿਆਈ ਦੀਆਂ ਛੋਕਦਾਰ ਗੋਲੀਆਂ ਵਾਂਙੂ ਨਹੀਂ ਪਰ 'ਵਾਹਿਗੁਰੂ' ਇਨ੍ਹਾਂ ਅੱਖਰਾਂ ਨੂੰ ਉੱਕਰ ਕੇ ਗੁਲਿਆਈ ਦੇ ਦਿੱਤੀ ਹੈ ਤੇ ਫੇਰ ਪ੍ਰੀਤ-ਤਾਰ ਵਿਚ ਪਰੋ ਦਿੱਤਾ ਹੈ। ਸੋਹਣੇ ਦੇ ਮਣਕੇ ਵਿਚ ਧਿਆਨ ਮੂਰਤੀ ਦਾ ਨਕਸ਼ਾ ਦਿੱਸਦਾ ਹੈ। ਇਹ ਸਿਮਰਨਾ ਸੱਜੇ ਹੱਥ ਵਿਚ ਦਮਕਦਾ ਰਸ ਭਰੀਆਂ ਕਿਰਨਾਂ ਛੱਡ ਰਿਹਾ ਹੈ। ਪਿਛਲੇ ਪਾਸੇ ਖੜੇ ਕੁਈ ਡਾਢੇ ਪਿਆਰੇ ਚਵਰ ਕਰ ਰਹੇ ਹਨ ਤੇ ਬਾਕੀ ਦੇ ਖੜੇ ਸਾਰੇ ਗਰਦਨਾਂ ਨਿਵਾਈ ਹੱਥ ਜੋੜੇ, ਜੀਉਰਵੀਂ ਖੁਸ਼ੀ', 'ਜਰਵੇਂ ਉਮਾਹ', ਪੂੰਜ ਗਈ ਆਸ, ਪੂੰਜ ਗਈ ਸਿੱਕ, ਪੂਰਾ ਆਈ ਸੱਧਰ ਤੇ ਸਿਰੇ ਚੜ੍ਹੀ ਪ੍ਰੀਤਿ ਦੇ ਰਸ ਭਰੇ ਰੰਗ ਵਿਚ ਅਦਬ ਤੇ ਉੱਚੇ ਕਰਨ ਵਾਲੇ ਦਮਕਵੇਂ ਭੈ ਵਿਚ ਖੜੇ ਹਨ, ਕਿ ਇਸ ਤੋਂ ਉੱਚੇ ਮੰਡਲਾਂ ਥੀਂ ਇਕ ਸ਼ੁਅਲਾ ਆਇਆ ਅਰ ਪਈ ਪਈ ਆਰਤੀ ਆਪੇ ਜਗ ਉੱਠੀ, ਐਸੀ ਜਗੀ ਤੇ ਚਮਕੀ ਕਿ ਸੁਆਦ ਆ ਗਿਆ।ਹੁਣ ਇਕ ਹਵਾ ਦਾ ਫੱਰਾਟਾ ਆਇਆ ਮਲਿਆਗਰ ਤੋਂ ਮਿੱਠੀ, ਚੰਦਨ ਵਾਸ਼ਨਾ ਤੋਂ ਪਿਆਰੀ, ਚੰਬੇਲੀ ਵਾਸ਼ਨਾਂ ਤੋਂ ਸੁਹਾਵੀ ਵਾਸ਼ਨਾਂ ਭਰ ਗਈ ਅਰ ਇਲਾਹੀ ਨਾਦ ਸ਼ੁਰੂ ਹੋ ਗਿਆ। ਆਰਤੀ ਇਕ ਬਿਰਧ, ਪਰ ਨੂਰ ਦੇ ਬੁੱਕੇ ਸੱਜਣ ਦੇ ਹੱਥਾਂ ਵਿਚ ਹੈ, ਬੁੱਢਾ ਹੈ, ਹਾਂ, ਇਹ ਬਚਪਨ ਤੋਂ ਹੀ ਬੁੱਢਾ ਅਖਵਾਉਂਦਾ ਸੀ, ਪਰ ਪਿਆਰ ਦੇ ਰੰਗ ਜੁਆਨ ਹੈ, ਨੂਰਮੁਖ ਜੋ ਹੋਯਾ, ਨਾਉਂ ਦਾ ਬੁੱਢਾ ਹੈ ਉਂਵ ਬੁੱਢਾ ਕਦੇ ਨਹੀਂ, ਆਰਤੀ ਇਸਦੀ ਪ੍ਰੀਤ-ਤਾਰ ਪੋਤੇ ਹੱਥਾਂ ਵਿਚ ਲਹਿਰੇ ਲੈ ਰਹੀ ਹੈ ਤੇ ਸਾਰੇ ਸੱਜਣਾਂ ਦੇ ਮੂੰਆਂ ਵਿਚੋਂ, ਰੋਮ ਰੋਮ ਵਿਚੋਂ, ਜੀ ਹਾਂ, ਨੂਰਮੁਖਾਂ ਦੇ ਲੂੰ ਲੂੰ ਵਿਚੋਂ ਨਾਦ ਉਠਿਆ, ਤੇ ਇਹ ਸੰਗੀਤ ਅਤੀ ਮਧੁਰ, ਅਤਿ ਪਿਆਰੀ, ਡਾਢੀ ਹੀ ਰਸ ਭਿੰਨੀ ਸੁਰ ਵਿਚ ਹੋਇਆ:-

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜੂਆਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨ ਹਾਰਾ ॥੨॥ ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿਗ ਪਾਨੀ ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥

ਆਰਤੀ ਦੇ ਮਗਰੋਂ ਸਾਰੇ ਸਜਣ ਬਿਰਾਜ ਗਏ, ਪਰ ਬਾਹਰ ਖੜੇ ਸਾਰੇ ਦਿੱਬ ਰੂਪੀ ਨਿਵੇਂ ਖੜੇ ਹਨ ਅਰ ਕੀਰਤਨ ਕਰ ਰਹੇ ਹਨ, ਜਿਸ ਦੀ ਮਧੁਰ ਧੁਨੀ ਤੰਬੂਰੇ ਦੀ ਗੂੰਜ ਵਾਂਙੂ ਅੰਦਰ ਜਾ ਰਹੀ ਹੈ।

ਤਖ਼ਤ ਪਰ ਉਹੋ ਮਾਤ ਲੋਕ ਵਿਚ ਵਿਚਰਨ ਵਾਲੇ ਪ੍ਰੀਤਮ, ਪਰ ਅਸਲ ਵਿਚ ਸਾਰੇ ਅਰਸ਼ਾਂ ਦੇ ਮਾਲਿਕ 'ਅਰਸ਼ੀ ਪੀਤਮ' ਕਲਗੀਆਂ ਵਾਲੇ, ਸ਼ਕਤੀਆਂ ਵਾਲੇ, ਨੈਣ ਖੁਹਲਕੇ ਨਦਰ ਨਾਲ, ਮਿਹਰ ਦੀ ਨਜ਼ਰ ਨਾਲ, ਤਾਰ ਲੈਣ ਵਾਲੀ ਨਜ਼ਰ ਨਾਲ ਤੱਕ ਰਹੇ ਹਨ। ਆਪ ਦੇ ਖੱਬੇ ਪਾਸੇ ਦੇ ਹੱਥ ਦੀ ਛਾਪ ਵਿਚ ਲਿਖਿਆ ਹੈ 'ਕੁੱਲ ਅਦੇਵਸ਼ਕਤੀਆਂ ਪਰ ਹੁਕਮ।' ਸੱਜੇ ਹੱਥ ਦੀ ਛਾਪ ਵਿਚ ਲਿਖਿਆ 'ਕੁਲ ਦੇਵ ਸ਼ਕਤੀਆਂ ਪਰ ਹੁਕਮ'।

ਹੁਣ ਇਸ ਤਾਰਨਹਾਰ ਤੇ ਉੱਚਮੰਡਲਾਂ ਦੇ ਪ੍ਰੀਤਮ ਜੀ ਦਾ ਮਨ-ਬਖਸ਼ਿੰਦ ਤੇ ਪ੍ਰਤਿਪਾਲ ਮਨ-ਲਹਿਰੇ ਵਿਚ ਆਇਆ, ਅਵਾਜ਼ਆਈ! "ਧੰਨ ਭਾਈ ਬੁੱਢਾ ਛੇ ਜਾਮਿਆਂ ਦਾ ਮਿੱਤ੍ਰ! ਸੱਚਾ ਮਿੱਤ੍ਰ! ਤੇਰੀ ਪ੍ਰੀਤ, ਤੇਰੀ ਘਾਲ ਸਫਲ। ਵਾਹ ਭਾਈ ਗੁਰਦਾਸ! ਜ਼ਿੰਦਗੀ ਦੇ ਕਵੀ ਰੱਬੀ ਰਚਨਾਂ ਵਾਲਿਆ ਰੂਹ

ਕੀਰਤਨੀਆਂ ! ਭਾਈ ਜੀ ! ਭਾਈ ਜੀ ! ਸਦਾ ਥਿਰ ਜੀ ! ਤੇ ਸਾਡਾ ਹਸਮੁਖੀਆ ਤੇ ਰੁੱਸ ਰੁੱਸ ਕੇ ਪ੍ਰੀਤ ਕਰਨ ਵਾਲਾ ਸੁੱਚੇ ਮਰਦਾਂ ਦਾ ਮਰਦ ਮਰਦਾਨਾਂ, ਜੰਗਲਾਂ ਵਿਚ ਸਾਥ ਦੇਣ ਵਾਲਿਆ ! ਬਈ ਮਿੱਤ੍ਰਾ ! ਏਸ ਦੇਸ਼ ਵਿਚ ਜੀਉ, ਜਿਥੇ ਕਦੇ ਭੁੱਖ ਨਹੀਂ । ਡਿੱਠਾ ਹਈ ਮੈਂ ਕਿਸ ਭੋਜਨ ਆਸਰੇ ਜੀਉਂਦਾ ਸੀ ? ਤੂੰ ਬੀ ਹੁਣ ਖਾਹ, 'ਖਾਵਹਿ ਖਰਚਹਿ ਰਲਿ ਮਿਲਿ ਭਾਈ ।। ਤੋਟਿ ਨ ਆਵੈ ਵਧਦੋ ਜਾਈ ।।' ਭਾਈ ਨੰਦ ਲਾਲ ਜੀ, ਜ਼ਿੰਦਗੀ ਨਾਮੇ ਆਏ. ਸਾਡੇ ਮਾਤ ਲੋਕ ਦੇ ਕਵੀ ਰਾਜ ਆਏ. ਜੀਉ ! ਭਾਈ ਜੀਉ ! ਸਦਾ ਜੀਉ ।

ਐਸ ਤਰ੍ਹਾਂ ਨਾਲ ਦਸਾਂ ਹੀ ਜਾਮਿਆਂ ਦੇ ਇਕ ਇਕ ਪਿਆਰੇ, ਸਿਰੇ ਚੜ੍ਹੇ,ਭਗਤੀ ਪੁਗਾਏ, ਵੈਰਾਗੀ ਪਰ ਰਸੀਏ ਪੂਰਨ ਹੋਏ ਸਿੱਖਾ ਦੇ ਜੋ ਕੇਵਲ ਇਸ ਦਰਬਾਰ ਵਿਚ ਜਗਮਗ ਕਰ ਰਹੇ ਸੇ, ਸਤਿਗੁਰ ਨੇ ਨਾਮ ਲਏ ਤੇ ਵਰ ਦਾਨ ਦਿੱਤੇ । ਘਾਲਾਂ ਜਦੋਂ ਕੀਤੀਆਂ ਤਦੋਂ ਹੀ ਥਾਂ ਪੈ ਗਈਆਂ ਸਨ, ਪਰ ਇਕ ਹੋਰ ਕੌਤਕ ਹੈ ਕਿ ਅੱਜ ਥਾਂ ਪਈਆਂ, ਜਦ ਅਰਸ਼ੀ ਪ੍ਰੀਤਮ ਨੇ ਪਰਵਾਨ ਆਖੀਆਂ । ਪਰਵਾਨ ਬੀ ਅਗੇ ਆਖੀਆਂ ਸਨ, ਪਰ ਅਜ ਕੋਈ ਉਮਾਹ ਦਾ ਵੱਖਰਾ ਚੋਜ ਹੈ । ਅੱਜ ਪਰਵਾਨ ਹੋ ਗਏ, ਪੰਚ ਹੋ ਗਏ, ਪਰਧਾਨ ਹੋ ਗਏ, ਅੱਜ ਸਰੂਪ ਦਰ ਵਿਚ ਪ੍ਰਵਾਨ ਹੋਕੇ ਸੁਹ ਗਏ, ਸੁਹਬ ਗਏ,ਸੁਹਣੇ ਹੋ ਗਏ । ਹਾਂ, ਗੁਰ ਧਿਆਨ ਲਿਵਲੀਨ ਨਾ ਸੁਹਣੇ ਹੋਣ ਤਾਂ ਹੋਰ ਕੌਣ ਹੋਵੇ ? ਤੱਕੋ ਸਾਰਿਆਂ ਦੇ ਲਿਬਾਸ ਬਦਲ ਗਏ, ਦਮਕਦੀਆਂ ਤਿੱਲੇ ਦੀਆਂ ਤਾਰਾਂ ਵਰਗੇ ਪ੍ਰਕਾਸ਼ੀ ਲਿਬਾਸ ਉੱਚੇ ਪ੍ਰਕਾਸ਼ ਵਾਲੇ ਹੋ ਗਏ, ਚੜ੍ਹਦੀਆਂ ਕਲਾਂ ਦੇ ਤੁਰਲੇ ਸਭ ਦੀਆਂ ਦਸਤਾਰਾਂ ਵਿਚ ਦਮਕ ਪਏ, ਮਸਤਕਾਂ ਪਰ 'ਗੁਝੜਾ ਲਧਮੁ ਲਾਲ' ਦੀਆਂ ਮਣੀਆਂ ਲਟਕ ਪਈਆਂ,ਚਿਹਰਿਆਂ ਦੇ ਭਾਵ ਪ੍ਰਤਾਪ ਸ਼ੀਲ ਹੋ ਗਏ । ਰਾਜਾਨ ਅਰਥਾਤ ਰਾਜਿਆਂ ਵਾਙੂ ਪ੍ਰਤਾਪੀ ਤੇਜੱਸ੍ਵੀ ਤੇ ਸ਼ਕਤੀਮਾਨ ਹੋ ਗਏ, ਪਰ ਪਰਵਾਨ ਹੋਕੇ,ਪਿਆਰੇ ਦੀ ਪ੍ਰੀਤ ਤਾਰ ਵਿਚ,ਪ੍ਰੀਤਮ ਦੇ ਧਿਆਨ ਵਿਚ ਮਗਨ ਤੇ ਆਪ ਨਿਵਾਰੇ ਰੰਗ ਵਿਚ ਉੱਚੇ ਤੋਂ ਉੱਚੇ ਲਹਿਰੇ ਲੈ ਰਹੇ ਤੇ ਸਿਫਤ ਸਲਾਹਾਂ ਨਾਲ ਭਰ ਰਹੇ ਹਨ । ਪਰਵਾਨ ਹੋ ਗਏ, ਪਿਆਰੇ ਵੀਰੋ ! ਤੁਸੀਂ ਧੰਨ ਹੋ, ਵਧਾਈਆਂ ਜੋਗ ਹੋ, ਨਾਮ ਰੱਤੇ ਗੁਰਮੁਖੋ ! ਕਿਉਂ ਨਾ ਸੁਖ ਪਾਓ, ਜਦ ਸੁਖ ਦਾਤਾ ਇਹ ਕਹਿ ਆਇਆ ਹੈ:-

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ।। ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ।। ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ।। ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰ ਸਿਖ ਲੈ ਮਨੁ ਜਿਣਤਿਆ ।। ਸਭਦੂ ਵਡੇ ਭਾਗ ਗੁਰ ਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ।।੧੮।।*

ਵਰ ਦਾਨ ਲੈਕੇ ਸਾਰੇ ਸਿੱਖੀ ਮੰਡਲ ਵਿਚ ਕੀਰਤਨ ਦੀ ਧੁਨਿ ਉਠੀ:-

ਧਨਾਸਰੀ ਮਹਲਾ ੫

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ।।ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ।। ੧ ।। ਜਿਹਵਾ ਏਕ ਕਵਨ ਗੁਨ ਕਹੀਐ ।। ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ ।। ੧ ।। ਰਹਾਉ ।। ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ।। ਹਮ ਅਗਿਆਨ ਅਲਪ ਮਤਿ ਬੋਰੀ ਤੁਮ ਆਪਨ ਬਿਰਦੁ ਰਖਾਵਹੁ ।। ੨ ।। ਤੁਮਰੀ ਸਰਣਿ ਤੁਮਾਰ ਆਸਾ ਤੁਮ ਹੀ ਸਜਨ ਸੁਹੇਲੇ ।। ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ।।੩।।੧੨।।

[ਤੀਸਰਾ ਆਤਮ ਲਹਿਰਾਉ]

ਮਿੱਸੀ ਮਿੱਸੀ ਲਹਿਰ, ਮਿੱਸੀ ਨਹੀਂ ਅਤਿ ਪ੍ਰਕਾਸ਼ ਦੇ ਕਾਰਨ ਅੱਖਾਂ ਨਾ ਤੱਕ ਸੱਕਣ ਦੇ ਸਬੱਬ ਮਿੱਸੀ ਮਿੱਸੀ ਲੱਗਣ ਵਾਲੀ ਚਾਨਣੀ ਦੀ ਇਕ ਲਹਿਰ ਆਈ, ਵੇਗ ਆਇਆ, ਖਿਨ ਵਿਚ ਮਾਨੋਂ ਅਸੰਖਾਂ ਅਸੰਖ ਕੋਹ ਦਾ ਚੱਕਰ ਲੰਘ ਗਿਆ । ਉਏ ਪੈਂਡੇ ਵਾਙੂ ਨਹੀਂ, ਹੋਇਆ ਤਾਂ ਹੋਰਵੇਂ, ਪਰ ਮਨੁੱਖੀ ਸਮਝ ਗੋਚਰਾ ਕਰਨ ਲਈ ਐਉਂ ਹੀ ਕਹਿ ਹੁੰਦਾ ਹੈ ।

ਹੁਣ ਤਾਂ ਹੋਸ਼ ਦੇ ਖੰਭ ਸੜਦੇ ਹਨ, ਫਿਕਰ ਦੇ ਪੈਰ ਭੁੱਜਦੇ ਹਨ, ਸੋਚ ਦੀਆਂ ਲੱਤਾਂ ਟੁੱਟਦੀਆਂ

*ਇਹ ਮਹਲਾ ੪ ਸੋਰਠ ਦੀ ਵਾਰ ਵਿਚ ਹੈ ।

ਹਨ; ਧਯਾਨ ਚੱਕਰ ਖਾਂਦੇ ਹਨ, ਖਯਾਲ ਦੀ ਕੁਝ ਪੇਸ਼ ਨਹੀ ਜਾਂਦੀ, ਕੁਝ ਪਤਾ ਨਹੀਂ ਲੱਗਦਾ ਕਿ ਕੀ ਹੋ ਰਿਹਾ ਹੈ। ਬਿਹੋਸ਼ੀ ਹੈ ਅੱਗ ਬਲਦੀ ਹੈ, ਸਾੜ ਦੀ ਲਾਟ ਆਉਂਦੀ ਹੈ, ਸਾਡੇ ਸੰਸਾਰੀ ਬਸਤਰਾਂ, ਸ਼ਰੀਰ ਮਨ ਸਮਝ ਤਕ ਸਭ ਨੂੰ ਫੂਕ ਘੱਤਦੀ ਹੈ। ਇਕ ਫਟਾਕਾ ਵੱਜਦਾ ਹੈ, ਨਵੇਂ ਜਾਏ ਬੋਟ ਵਾਂਙੂੰ ਅਸੀਂ ਆਪਣੇ ਹੁਣ ਤੱਕ ਦੇ ਸਾਰੇ ਖੰਭਾਂ ਤੋਂ ਹੀਣ, ਪਰ ਕਿਸੇ ਅਤੀ ਅਕੱਥਨੀਯ ਨੂਰ ਦੇ ਨਿਆਣੇ ਬਾਲ ਬਣਕੇ ਸੁਤੇ ਗਿਆਨ ਵਿਚ ਮਗਨ ਸੁਤੇ ਰੰਗ ਵਿਚ, ਸੁਤੇ ਨਜ਼ਰ ਵਿਚ, ਸੁਤੇ ਦੇ ਦੇਖਣੇ ਦੇਖਦੇ ਹਾਂ। ਇਕ ਤਖ਼ਤ ਹੈ ਪਰ ਕੁਝ ਨਹੀਂ ਕਹਿ ਸਕਦੇ। ਐਉਂ ਜਾਪਦਾ ਹੈ ਡਲ੍ਹਕ ਦਰ ਡਲ੍ਹਕ ਹੈ, ਚਮਕ ਦਰ ਚਮਕ ਹੈ, ਉਸ ਪਰ ਨੌਂ ਪਾਤਸ਼ਾਹ ਬਿਰਾਜਮਾਨ ਦਨ, ਤੇਜ ਹੀ ਤੇਜ ਹੈ, ਮਹਾਂ ਪਾਵਨ, ਮਹਾਂ ਉੱਚਾ, ਮਹਾਂ ਤਰਲ, ਮਹਾਂ ਸੂਖਮ, ਪਰ ਮਹਾਂ ਬਲੀ ਤੇਜ ਨੂੰ। ਇੱਕੋ ਤੇਜ ਹੈ, ਪਰ ਫੇਰ ਨੌਂ ਭਾਹਾਂ ਮਾਰਦਾ ਹੈ, ਨੌਂ ਅੱਡ ਅੱਡ ਆਭਾਂ ਦਿਖਾਉਂਦਾ ਹੈ, ਪਰ ਫਿਰ ਹੈ ਇੱਕੋ। ਨੌਂ ਆਸਣ ਲੱਗੇ ਹਨ, ਉੱਪਰ ਨੌਂ ਜੋਤਾਂ ਦਮਕਾਂ ਦੇ ਰਹੀਆਂ ਹਨ, ਇਕ ਆਸਣ ਖਾਲੀ ਪਿਆ ਹੈ। ਜਦ ਗਹੁ ਕਰ ਤੱਕੋ ਤਾਂ ਅੱਖਾਂ ਮਿਟ ਮਿਟ ਜਾਂਦੀਆਂ ਹਨ, ਜੇ ਸੁਤੇ ਸਿਧ ਤੱਕੋ ਤਾਂ ਕੇਵਲ ਇਕ ਜੋਤਿ ਹੀ ਜੋਤਿ ਦੀਹਦੀ ਹੈ। ਪਤਾ ਨਹੀਂ ਏਥੇ ਦਸ ਆਸਣ ਹਨ ਕਿ ਅਸੀਂ ਦਸ ਆਸਣਾਂ ਦਾ ਧਿਆਨ ਲੈ ਕੇ ਆਏ ਹਾਂ। ਹੋਰ ਗਹੁ ਕਰਦੇ ਹਾਂ ਤਾਂ ਕੀ ਤੱਕਦੇ ਹਾਂ ਕਿ ਪ੍ਰਤਾਪਸ਼ੀਲ ਰਾਜਾ, ਉਹ ਸੱਚਾ ਪਾਤਸ਼ਾਹ, ਉਹ ਕਲਗੀਆਂ ਵਾਲਾ, ਉਹ ਮਹਿਮਾਂ ਵਾਲਾ; ਫੌਜਾਂ ਵਾਲਾ, ਮਨੁੱਖਾਂ ਵਿਚ ਮਨੁੱਖ ਦਿੱਸਦਾ ਪਰ ਅਸਲ ਵਿਚ ਇਨ੍ਹਾਂ ਮੰਡਲਾਂ ਦਾ ਪ੍ਰਤਾਪੀ ਤੇਜੱਸਵੀ ਪ੍ਰੀਤਮ, ਇਸ ਤਖ਼ਤ ਦੇ ਮੁਹਰੇ ਆ ਕੇ ਆਦਿ ਮੂਰਤੀ ਦੇ ਚਰਨਾਂ ਤੇ ਢਹਿ ਕੇ ਆਖਦਾ ਹੈ:—

"ਸਭ ਤੇ ਵਡਾ ਸਤਿਗੁਰੁ ਨਾਨਕੁ
ਜਿਨਿ ਕਲ ਰਾਖੀ ਮੇਰੀ।"

ਜੋ ਕਦੇ ਕਿਸੇ ਅੱਗੇ ਨਹੀਂ ਸੀ ਝੁਕਦਾ ਹੁੰਦਾ, ਅੱਜ ਵਾਰੋ ਵਾਰੀ ਨਵਾਂ ਹੀ ਅਕਾਲ ਮੂਰਤੀਆਂ ਅੱਗੇ ਝੁਕ ਰਿਹਾ ਹੈ। ਕੀ ਅਚਰਜ ਹੈ! ਹਾਂ ਪਰ ਸਾਡੇ ਲੋਕ ਵਿਚ ਬੀ ਤਾਂ ਝੁਕ ਗਿਆ ਹੈ, ਨਾਨਕ ਹੋ ਕੇ, ਹਾਂ ਜੀ, ਮਾਲਕ ਹੋ ਕੇ ਅੰਗਦ ਅਗੇ ਝੁਕਿਆ ਸੀ, ਅੰਗਦ ਹੋਕੇ ਅਮਰ ਅੱਗੇ ਝੁਕਿਆ ਸੀ, ਅਮਰ ਹੋਕੇ ਰਾਮਦਾਸ ਅਗੇ ਝੁਕਿਆ, ਆਪੇ ਰਾਮ ਆਪੇ ਰਮਦਾਸ ਹੋਕੇ ਅਰਜਨ ਅਗੇ ਝੁਕਿਆ, ਅਰਜਨ ਹੋ ਕੇ ਹਰਿਗੋਬਿੰਦ ਅਗੇ ਝੁਕਿਆ ਤੇ ਹਰਿ ਗੋਬਿੰਦ ਆਪ ਹੋ ਕੇ ਹਰਿਰਾਇ ਅਗੇ ਝੁਕਿਆ ਤੇ ਆਪ ਕਰਤਾ ਹਰਿਰਾਇ ਹੋ ਕੇ ਹਰਿ ਕ੍ਰਿਸ਼ਨ ਅੱਗੇ ਝੁਕਿਆ ਤੇ ਆਪ ਕ੍ਰਿਸ਼ਨ, ਹਾਂ, ਹਰੀ ਰੂਪ ਕ੍ਰਿਸ਼ਨ ਹੋ ਕੇ ਤੇਗ ਧਨੀ ਤੇਗ ਬਹਾਦਰ ਅਗੇ ਝੁਕਿਆ ਤੇ ਤੇਗ ਬਹਾਦਰ ਤੇਗ ਅਗੇ ਸਿਰ ਅਰਪਣੇ ਪਹਿਲੇ ਗੋਬਿੰਦ ਗੁਰ ਗੋਬਿੰਦ ਅਗੇ ਝੁਕਿਆ। ਜਦ ਅਸਾਂ ਮਾਤ ਲੋਕ ਵਿਚ ਅੱਖੀਂ ਨੌਂ ਵੇਰੀ ਝੁਕਦਾ ਡਿੱਠਾ ਸੀ ਜੋ ਅੱਜ ਆਪੇ ਅੱਗੇ ਆਪ ਝੁਕ ਰਿਹਾ ਹੈ, ਤਾਂ ਕੀ ਅਚਰਜ ਹੈ?

ਹੁਣ ਦਸਵੀਂ ਗੱਦੀ ਸੱਖਣੀ ਨਾ ਰਹੀ, ਸਾਡੇ ਬਾਲਾ ਪ੍ਰੀਤਮ, ਸਾਡੇ ਪਿਆਰੇ ਪ੍ਰੀਤਮ, ਸਾਡੇ ਕਲਗੀਆਂ ਵਾਲੇ ਪ੍ਰੀਤਮ, ਸਾਡੇ ਅਰਸ਼ੀ ਪ੍ਰੀਤਮ ਇਥੇ ਸ਼ੋਭ ਗਏ।

ਔਹ ਤੱਕੋ! ਉਸ ਤੇਜ ਵਿਚ ਹਿਲੋਰਾ ਆਇਆ, ਦਸੇ ਰੂਪ ਇਕ ਹੋ ਗਏ, ਹੁਣ ਕਿੰਨੀ ਨੀਝ ਲਾਓ, ਇਕੋ ਰੂਪ ਦੀਹਦਾ ਹੈ। ਮੱਤੇ ਬਲਵੰਡ ਨੇ ਸੱਚ ਕਿਹਾ ਸੀ:—

ਜੋਤਿ ਸਮਾਣੀ ਜੋਤਿ ਮਾਹਿ ਆਪੁ
ਆਪੇ ਸੇਤੀ ਮਿਕਿਓਨੁ ।।

ਲਓ ਬਈ ਇਹ ਦਸ ਰੰਗਾਂ ਤੋਂ ਇਕ ਚਾਨਣੇ ਰੰਗੀ ਬਣੀ ਜੋਤਿ, ਇਹ ਇਕੋ ਇਕ ਜੋਤਿ ਹੁਣ ਏਥੋਂ ਟੁਰ ਪਈ।

ਹੁਣ ਇਸ ਤੋਂ ਅੱਗੇ ਏਹੋ ਹੀ ਜੋਤਿ ਜਾ ਸਕਦੀ ਹੈ, ਸੋ ਅਸੀਂ ਤਾਂ ਏਥੇ ਹੀ ਖੜੇ ਰਹਿ ਗਏ। ਇਹ ਜੋਤਿ ਟੁਰ ਪਈ, ਦੂਰ ਦੂਰ ਚਲੀ ਗਈ, ਦੂਰ ਕੀ ਨੇੜੇ ਤੋਂ ਨੇੜੇ ਚਲੀ ਗਈ, ਕਿੱਥੇ ਚਲੀ ਗਈ ਜਿਥੇ ਦੂਰ ਨੇੜੇ ਕਹਿਣਾ ਖ਼ਤਾ ਭੁੱਲ ਹੈ। ਜਿਥੇ ਇਹ ਜੋਤਿ ਗਈ, ਓਥੇ ਅੱਗੇ ਇਕ ਜੋਤਿ ਸੀ, ਇਹ ਜੋਤਿ ਉਸ ਜੋਤਿ ਵਿੱਚ ਘੁਲ ਮਿਲ ਗਈ। ਜਿਕੂੰ ਦੋ ਦੀਵਿਆਂ ਦਾ ਚਾਨਣਾ ਘੁਲ ਮਿਲ ਜਾਂਦਾ ਹੈ ਤੇ ਪਤਾ ਨਹੀਂ ਲਗਦਾ; ਤਿੱਕੁਰ ਇਹ ਦੋਵੇਂ ਚਾਨਣੇ, ਨਹੀਂ ਨਹੀਂ, ਇਹ ਦੋਵੇਂ ਜੋਤਾਂ ਮਿਲ ਗਈਆਂ।

ਇਸ ਜੋਤਿ ਦਾ ਤੇਜ ਅਕੱਥਨੀਯ ਹੈ, ਸਭ ਵਰਣਨਾਂ ਤੋਂ ਬਾਹਰ ਹੈ, ਇਸ ਦਾ ਤੇਜ ਅਖੰਡ ਅਰ ਅਝੱਲ ਹੈ। ਇਸ਼ ਵਰਤਦਾ ਇਕ ਦੂਰੋਂ ਡਿੱਠਾ ਕੈਤਕ ਜੋ ਸਾਡੀ ਸਮਝ ਗੋਚਰਾ ਹੋਣ ਲਈ ਕਿਹਾ ਜਾ ਸਕਦਾ ਹੈ ਐਉਂ ਹੈ:—

ਪਰਮ ਜੋਤ ਇਕ ਮਹਾਨ ਦਿੱਬ ਮੂਲ ਤੱਤ, ਪਰਮ ਤੱਤਾਂ ਦੇ ਪਰਮ ਤੱਤ, ਅਸਲੋਂ, ਅਖੀਰ ਦਾ ਅਸਲੀ ਸਰੂਪ, ਅਰੂਪ, ਅਰੰਗ, ਤੇਜਮਯ, ਤੇਜਪੁੰਜ ਤੇਜ, ਆਪ ਸਾਰੇ ਤੇਜਾਂ ਦਾ ਤੇਜ, ਪ੍ਰਕਾਸ਼ਾਂ ਦਾ ਪ੍ਰਕਾਸ਼ ਬ੍ਰਹਮੰਡ ਦਾ ਮਾਲਕ ਹੈ, 'ਵਾਹਿਗੁਰੂ' ਉਸ ਦਾ ਨਾਉਂ ਸਾਡੇ ਵਿਚ ਪ੍ਰਸਿੱਧ ਹੈ, ਓਹ ਸਮਝੋ ਇਕ ਮਹਾਨ ਹੀ, ਅਤਿ ਹੀ ਵਧਵੇਂ ਆਪਣੇ ਪ੍ਰਕਾਸ਼ ਸਰੂਪ ਵਿਚ ਇਸਥਿਤ ਹੈ, ਕਿ ਉਸ ਪਰਮ ਜੋਤੀ ਦੀ ਹਜ਼ੂਰੀ ਇਹ ਜੋਤੀ ਸਰੂਪ ਪਹੁੰਚਦੇ ਹਨ। ਪਿਤਾ ਵਤ ਕ੍ਰਿਪਾਲ ਹੋ ਕੇ ਪਰਮ-ਜੋਤੀ ਜੀ ਇਸ ਚਰਨ ਚੁੰਮਦੀ ਜੋਤ ਨੂੰ ਗੋਦੀ ਵਿਚ ਲੈ ਕੇ ਪਿਆਰ ਦੇਂਦੇ ਤੇ ਸ਼ਾਬਾਸ਼ ਆਖਦੇ ਤੇ ਸਫਲ ਘਾਲ, ਸਫਲ ਕਮਾਈ, ਸਫਲ ਰਜ਼ਾ ਮੰਨਣ ਕਹਿ ਕਹਿ ਕੇ ਪਿਆਰ ਦੇਂਦੇ ਹਨ। ਫੇਰ ਆਖਦੇ ਹਨ "ਬੇਟਾ! 'ਅਕਾਲੀ ਬੇੜਾ' ਬਣਾਓ, ਬ੍ਰਹਮੰਡ ਦਾ ਪ੍ਰਬੰਧ ਹੁਣ ਤੁਹਾਡੇ ਹੱਥ ਹੈ। ਅਰੂਪ ਰੂਪ ਵਿਚ ਵੱਸੋ, ਉੱਚੇ ਮੰਡਲਾਂ ਵਿਚ ਵੱਸੋ, ਮੇਰੀ ਗੋਦ ਵਿਚ ਖੇਲੋ, ਮੇਰੇ ਵਿਚ ਵੱਸੋ, ਮੇਰੀ ਗੋਦ ਤੋਂ ਬ੍ਰਹਮੰਡ ਦੀ ਹਰ ਨੁੱਕਰ ਤਕ ਤੁਸਾਨੂੰ ਸੁਤੰਤ੍ਰ ਖੁਲ੍ਹ ਹੈ, ਸਾਰੇ ਦੇ ਮਾਲਕ ਹੋ; ਸਭ ਸ਼ਕਤੀਆਂ ਗੁਪਤ ਪ੍ਰਗਟ ਤੁਸਾਡੇ ਹੁਕਮ ਵਿਚ ਹਨ। ਜਾਓ ਸਾਰੇ ਜੱਗ ਦਾ ਪ੍ਰਬੰਧ ਸੰਭਾਲੋ! ਤੁਸਾਂ ਆਪਾ ਨਿਵਾਰਕੇ ਕੇਵਲ ਤੇ ਨਿਸ਼ਕਾਮ ਰਹਿਕੇ ਮੇਰਾ ਪ੍ਰੇਮ ਦ੍ਰਿੜ੍ਹਾਇਆ। ਜਗਤ ਨੂੰ ਇਹ ਸੱਚਾ ਟਿਕਾਣਾ, ਸੱਚ ਦਾ ਥਾਉਂ, ਅਸਲੀ ਆਤਮ ਬਿਸਰਾਮ ਦਾ ਪਦ ਦ੍ਰਿੜ੍ਹਾਇਆ ਜੋ ਓਹ ਪ੍ਰੇਮ ਕਰ ਕੇ ਆਪੇ ਦੇ ਅੰਦਰੋਂ ਚੜ੍ਹ ਚੜ੍ਹ ਕੇ ਭਾਲ ਭਾਲ ਕੇ ਪ੍ਰਾਪਤ ਕਰਦੇ ਹਨ। ਤੂੰ 'ਮੈਂ ਮੇਰੀ' ਦੇ ਦੇਸ਼ ਜਾਕੇ ਇਹ 'ਮੈਂ ਮੇਰੀ' ਦੀ ਕਾਈ ਨਹੀਂ ਖਾਧੀ, ਤੂੰ ਹੀ ਇਕ ਹੈਂ ਜੋ ਇਸ ਪਦ ਦੇ ਜੋਗ ਹੈਂ। ਜਾਹੁ ਜਿੱਥੇ ਧਰਾ ਤੇ ਧਰਮ ਚਲਾਇਆ, ਹੁਣ ਅਕਾਲ ਮੂਰਤੀ ਰੰਗ ਵਿਚ ਰਹਿਕੇ 'ਅਕਾਲੀ ਬੇੜਾ' ਸਾਜ ਕੇ ਅਕਾਲ ਦੇ ਵਿਚ ਟਿਕ ਕੇ 'ਕਾਲ ਅਕਾਲ' ਸਾਰੇ ਦੇਸ਼ਾਂ ਦਾ ਪ੍ਰਬੰਧ ਕਰੋ।"

ਇਸ ਪਿਆਰ ਲਾਡ, ਸਨਮਾਨ, ਆਦਰ, ਦਰਗਾਹ ਪਰਵਾਨਗੀ ਨਾਲ ਆਪ ਨੂੰ ਉਸ ਸੱਚੇ ਦਰ ਵਿਚ ਪਹਿਨਾਇਆ ਗਿਆ:—
'ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥' ਹਾਂ, ਇਸ ਇਲਾਹੀ ਬਖਸ਼ਿਸ਼ ਦੇ ਮਗਰੋਂ ਪਰਮ ਜੋਤੀ ਆਪਣੇ ਜੋਤੀ ਰੰਗ ਵਿਚ ਅਰ ਸੁੱਤੇ ਪ੍ਰਕਾਸ਼ ਮਗਨਤਾ ਤੇ ਪ੍ਰੇਮ ਰੰਗ ਵਿਚ ਹੋ ਗਏ, ਜਿਸਨੂੰ ਸਾਡੀ ਬੋਲੀ ਵਿਚ ਐਉਂ ਕਹਾਂਗੇ ਕਿ ਤਖਤ ਬੈਠੇ ਪਾਤਸ਼ਾਹ ਆਪਣੇ ਪਿਆਰੇ ਨੂੰ ਬਖਸ਼ਿਸ਼ ਕਰ ਕੇ ਆਪਣੇ ਰੰਗ ਵਿਚ ਮਗਨ ਹੋ ਗਏ ਤੇ ਉਨ੍ਹਾਂ ਦੇ ਪਿਆਰੇ ਜੀ ਹੁਕਮ ਬਜਾ ਲਿਆਵਨ ਨੂੰ ਟੁਰ ਪਏ। ਹੁਣ ਅਰਸ਼ਾਂ ਦੇ ਪ੍ਰੀਤਮ ਜੀ ਫੇਰ ਟੁਰ ਪਏ।

੪. [ਅਕਾਲੀ ਬੇੜਾ]

ਕਦੇ ਉਹ ਦਿਨ ਸੀ ਕਿ ਸ੍ਰੀ ਅਕਾਲ ਪੁਰਖ ਜੀ ਨੇ ਸਤਿਗੁਰ ਜੀ ਨੂੰ ਕਿਹਾ ਸੀ:—

'ਮੈ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮ ਚਲਾਇ ॥
ਕਬੁਧ ਕਰਨ ਤੇ ਲੋਕ ਹਟਾਇ ॥'

[ਬਚਿਤ੍ਰ ਨਾਟਕ

ਅਰ ਸ੍ਰੀ ਗੁਰੂ ਜੀ ਕੇਵਲ ਮਾਤਲੋਕ ਵਿਚ ਇਥੋਂ ਦਾ ਗਰਦ ਗੁਬਾਰ ਦੂਰ ਕਰਨ, ਸੱਚ ਦ੍ਰਿੜ੍ਹਾਵਨ ਤੇ ਜੀਅਦਾਨ ਦੇਣ ਆਏ ਸੇ। ਅੱਜ ਉਹ ਦਿਨ ਹੈ ਕਿ ਉਹ ਮਹਾਨ ਕਾਰਜ ਕਰ ਕੇ ਆਪ ਨੇ ਆਪਣੇ ਮਾਲਕ ਦੇ ਹਜ਼ੂਰ ਸੁਰਖਰੋਈ ਪ੍ਰਾਪਤ ਕੀਤੀ। ਸੰਸਾਰ ਵਿਚ ਹਉਮੈਂ ਤੋਂ ਰਹਿਤ ਹੋ ਕੇ ਇਸ ਸਤਿਗੁਰ ਦੀ ਜੋਤਿ ਨੇ ਨਿਰੋਲ ਅਕਾਲ ਪੁਰਖ ਦਾ ਪ੍ਰੇਮ ਦ੍ਰਿੜ੍ਹਾਇਆ ਹੈ, ਜਿਸ ਕਰ ਕੇ ਵਾਹਿਗੁਰੂ ਸਰੂਪ ਤਕ ਪ੍ਰਾਪਤੀ ਹੈ, ਜਾ ਸਰੂਪ ਵਿਚ ਤਦਾਕਾਰ ਹੋਣ ਕਰਕੇ ਤੇ ਸਰੂਪ ਵਿਚੋਂ ਆਉਣ ਕਰਕੇ ਸਤਿਗੁਰ ਨੇ ਸੰਸਾਰ ਵਿਚ ਹਉਂ ਦੀ ਕਾਂਪ ਨਹੀਂ ਖਾਧੀ। ਅਜ ਹੁਣ ਦੇਖੋਇਸੇ ਜੋਤਿ ਨੂੰ ਬ੍ਰਹਮੰਡ ਦਾ ਕੰਮ ਹੋਰ ਰੰਗ ਵਿਚ ਸਪੁਰਦ ਹੋਇਆ ਹੈ। ਚਾਹੁਣ ਤਾਂ ਵਾਹਿਗੁਰੂ ਦੇ ਰੂਪ ਵਿਚ ਅਕਾਲ ਪੁਰਖ ਜੀ ਦੀ ਚਰਨ ਸ਼ਰਨ ਪ੍ਰਾਪਤ ਰਹਿਣ, ਚਾਹੁਣ ਤਾਂ ਸ੍ਰਿਸ਼ਟੀ

ਦੇ ਦੂਰ ਤੋਂ ਦੂਰ ਹਿੱਸੇ ਤੇ ਯਾ ਇਹੋ ਕਹੋ ਕਿ ਸ੍ਰਿਸ਼ਟੀ ਦਰ ਸ੍ਰਿਸ਼ਟੀ ਦੇ ਅੰਤਰਗਤ ਚਲੇ ਜਾਣ, ਚਾਹੇ ਕੁਛ ਕਰਨ ਤੇ ਕਿਵੇਂ ਵਿਚਰਨ, ਪਰ ਸਾਰੇ ਬ੍ਰਹਮੰਡ ਦਾ ਪ੍ਰਬੰਧ ਕਰਨ। ਇਸ ਤਰ੍ਹਾਂ ਦਾ ਵਡਾ ਤੇ ਭਾਰੂ ਕੰਮ ਲੈ ਕੇ ਅਰ ਫਿਰ ਵਾਹਿਗੁਰੂ ਵਿਚ ਲੀਨ ਰਹਿ ਕੇ ਆਪ ਅਰੂਪ ਸਰੂਪੀ ਦੇਸ਼ਾਂ ਵਿਚ ਆਏ।ਹੁਣ ਤੱਕੋ–

ਇਕ ਬੜਾ ਭਾਰੀ ਮੰਦਰ ਹੈ, ਜਿਸ ਦੇ ਅੰਦਰ ਆਪ ਇਕ ਸਿੰਘਾਸਨ ਪਰ ਬਿਰਾਜ ਰਹੇ ਹਨ, ਸਾਰੇ ਸਿਖ ਜੋ ਪਹਿਲੇ ਜਾਮੇਂ ਤੋਂ ਦਸਵੇਂ ਜਾਮੇਂ ਤਕ ਸੰਸਾਰ ਵਿਚ ਨਾਲ ਗਏ ਸਨ, ਹਾਜ਼ਰ ਹਨ, ਜੋ ਅਜੇ ਸੰਸਾਰ ਵਿਚ ਕੰਮ ਕਰ ਰਹੇ ਸਨ, ਉਨ੍ਹਾਂ ਦੇ ਸ਼ਰੀਰ ਤਾਂ ਮਾਤਲੋਕ ਵਿਚ ਨੀਂਦ ਵਿਚ ਆ ਗਏ ਤੇ ਦੇਵਗਣ ਉਨ੍ਹਾਂ ਦੀਆਂ ਰੂਹਾਂ ਨੂੰ ਇਸ ਦਰਬਾਰ ਵਿਚ ਲੈ ਆਏ। ਇਸ ਦੇ ਨਾਲ ਹੀ ਕਈ ਪਰਵਾਣ ਪਿਆਰੇ ਜੋ ਪਹਿਲੇ ਜੁਗਾਂ ਤੋਂ ਭਗਤੀਆਂ ਕਰ ਰਹੇ ਸੇ, ਪਰ ਨਿਸ਼ਕਾਮ ਪਦ ਦਾ ਅੰਤਲਾ ਕੰਮ ਜਿਨ੍ਹਾਂ ਦਾ ਬਾਕੀ ਸੀ, ਉਨ੍ਹਾਂ ਨੂੰ ਭੀ ਸੱਦਿਆ ਗਿਆ ਤੇ ਪਹਿਲੇ ਅਵਤਾਰਾਂ, ਪੀਰਾਂ, ਪੈਗੰਬਰਾਂ, ਸੰਤਾਂ ਨੂੰ ਭੀ ਸੱਦਿਆ ਗਿਆ। ਹਰ ਲੋਕ, ਹਰ ਬ੍ਰਹਮੰਡ, ਹਰ ਐਸੇ ਲੋਕ ਦੇ ਲੋਕ ਜਿੱਥੇ ਕਿ ਬੁੱਧੀ ਦੇ ਦਰਜੇ ਦੀ ਸ੍ਰਿਸ਼ਟੀ ਸੀ ਤੇ ਉਥੋਂ ਜੋ ਜੋ ਲੋਕ ਮੁਕੰਮਲ ਹੋ ਕੇ ਅਰੂਪ ਸਰੂਪੀ ਨਗਰ ਦੇ ਦੂਰ ਨੇੜੇ ਟਿਕਾਣੀਂ ਆ ਵਸੇ ਸੇ, ਸਭ ਬੁਲਾਏ ਗਏ। ਇਸ ਵੇਲੇ ਦਾ ਦਰਸ਼ਨ ਆਪਣੀ ਨਾਨੱਤਵ ਵਿਚ ਅਰਥਾਤ ਆਪਣੀ ਰੰਗਾਰੰਗੀ ਵਿਚ ਅਚਰਜਸੀ। ਨਾਨਾ ਤਰ੍ਹਾਂ ਦੀਆਂ ਮੂਰਤਾਂ, ਨਾਨਾ ਤਰ੍ਹਾਂ ਦੇ ਲਿਬਾਸ, ਨਾਨਾ ਤਰ੍ਹਾਂ ਦੇ ਰੂਪ ਅਰ ਰੰਗ ਤੇ ਫਿਰ ਜਮਘਟ ਇਤਨਾ ਕਿ ਨਜ਼ਰ ਕੰਮ ਨਹੀਂ ਕਰਦੀ ਕਿ ਕਿੱਥੇ ਕੁ ਜਾ ਕੇ ਮੁੱਕਦਾ ਹੈ, ਪਰ ਧੰਨ ਸਾਡਾ 'ਅਰਸ਼ੀ ਪ੍ਰੀਤਮ' ਕਿ ਜਿਸ ਨੂੰ ਇਕ ਇਕ ਦੀ ਸਾਰ ਹੈ, ਸਤਿਗੁਰ ਨੇ ਇਕ ਇਕ ਦੀ ਸੰਭਾਲ ਕੀਤੀ, ਇਕ ਇਕ ਦੀ ਕਰਣੀ ਸੁਣੀ ਤੇ ਇਕ ਇਕ ਦੀ ਘਾਲ ਪ੍ਰਵਾਨ ਕੀਤੀ।

ਇਸ ਵੇਲੇ ਇਕ ਹੋਰ ਅਚਰਜ ਗੱਲ ਨਜ਼ਰੇ ਪਈ ਕਿ ਸਤਿਗੁਰ ਦੇ ਕੰਨਾਂ ਦੇ ਲਾਗ ਤੇ ਅੱਖਾਂ ਦੇ ਅਗੇ ਇਕ ਨਿਕੇ ਹੀਰੇ ਵਰਗੇ ਗੋਲ ਗੋਲ ਮਣਕੇ ਆਪੂੰ ਲਟਕ ਰਹੇ ਸੇ, ਕੰਨਾਂ ਹੇਠ ਲਟਕ ਰਹੇ ਗੋਲਿਆਂ ਦੇ ਹੇਠਾਂ ਇਕ ਤੇਜ ਦੀ ਤਾਰ ਸੀ ਜੋ ਥੱਲੇ ਜਾ ਕੇ ਸੰਸਾਰ ਦੇ ਜਾਨਦਾਰ ਦਿਲਾਂ ਨਾਲ ਲੱਗੀ ਸੀ, ਇਸੇ ਤਰ੍ਹਾਂ ਅੱਖਾਂ ਅਗੇ ਗੋਲਿਆਂ ਦੇ ਹੇਠਾਂ ਤੇਜ ਦੀ ਤਾਰ ਸੀ ਜੋ ਥੱਲੇ ਬ੍ਰਹਮੰਡ ਵਿਚ ਜਾ ਕੇ ਹਰ ਜਾਨਦਾਰ ਦਿਲ ਨਾਲ ਲੱਗੀ ਸੀ। ਪਹਿਲੇ ਨਾਲ ਹਰ ਪ੍ਰਾਣੀ ਦੇ ਦਿਲ ਦੀ ਅਰਜ਼ੋਈ ਤੇ ਹਰ ਪ੍ਰਾਣੀ ਦੀ ਇੱਛਾ ਭਾਵ ਸਤਿਗੁਰ ਦੇ ਸ਼ਰਵਣੀ ਪਹੁੰਚਦੀ ਸੀ ਅਤੇ ਦੂਜੇ ਨਾਲ ਸਤਿਗੁਰ ਦੇ ਨੈਣੀਂ ਹਰ ਪਰਮੇਸ਼ਰ ਦਾ ਪਿਆਰਾ ਜਦ ਆਪਣੇ ਆਪਣੇ ਲੋਕ ਵਿਚ ਟਿਕਦਾ ਸੀ, ਤਾਂ ਇਸੇ ਗੋਲੇ ਵਿਚ ਉਸ ਦੀ ਸੁਰਤਿ ਆ ਪਹੁੰਚਦੀ ਸੀ ਤੇ ਦਿੱਸਦੀ ਸੀ, ਸਤਿਗੁਰ ਦੇ ਦਰਸ਼ਨ ਪਾਉਂਦੀ ਸੀ ਅਰ ਸਤਿਗੁਰ ਉਸ ਨੂੰ ਦੇਖ ਲੈਂਦਾ ਸੀ, ਇਥੋਂ ਤਾਈਂ ਕਿ ਜਿਹੜੇ ਲੋਕ ਆਪਣੇ ਆਪਣੇ ਨਵੀਨ ਪੁਰਾਤਨ ਮਤਾਂ ਅਨੁਸਾਰ ਯਾ ਆਪਣੇ ਆਪਣੇ ਪੀਰਾਂ, ਪੈਗੰਬਰਾਂ, ਅਵਤਾਰਾਂ ਯਾ ਉੱਚਿਆਂ ਦਾ ਧਿਆਨ ਧਰਦੇ ਅਰੂਪ ਸਰੂਪ ਸਰੂਪੀ ਦਾਤਾਂ ਦੇ ਦਰਸ਼ਨ ਦੇ ਦਰਜੇ ਤੇ ਆਉਂਦੇ ਸੇ, ਤਾਂ ਸਭ ਨੂੰ ਏਥੇ ਆ ਕੇ ਇਹੋ ਕਲਗੀਆਂ ਵਾਲੇ ਦਾ ਦਰਸ਼ਨ ਹੁੰਦਾ ਸੀ, ਜੋ ਗੁਰੂ ਨਾਨਕ ਤੋਂ ਦਸ ਰੂਪ ਧਾਰ ਫੇਰ ਇੱਕੋ ਜੋਤਿ, ਇੱਕੋ ਰੂਪ ਸੀ, ਜਿਨ੍ਹਾਂ ਦਾ ਉਹ ਧਿਆਨ ਧਰਦੇਸੇ। ਪਰ ਹੁਣ ਓਹ ਸਾਰੇ ਅਵਤਾਰ ਆਦਿ ਇਸਦੇ ਹੁਕਮ ਵਿਚ ਇਸ ਨਾਲ ਅਭੇਦ ਸੰਸਾਰ ਦੇ ਪ੍ਰਬੰਧ ਵਿਚ ਉਨ੍ਹਾਂ ਕੰਮਾਂ ਲਈ ਤਿਆਰ ਸੇ ਜੋ ਇਸ 'ਸਤਿਗੁਰ-ਜੋਤੀ' ਨੇ ਸਪੁਰਦ ਕਰਨੇ ਹਨ।

ਫੇਰ ਕੀ ਨਜ਼ਰੀ ਪਿਆ ਕਿ 'ਅਰਸ਼ੀ ਪ੍ਰੀਤਮ ਜੀ' ਹੁਕਮ ਦੇ ਰਹੇ ਹਨ ਅਰ ਸਭ ਪ੍ਰੀਤਾਂ ਦੇ ਪੁਤਲੇ ਤੇ ਅਦਬਾਂ ਦੇ ਨੂਰੀ ਬੰਦੇ ਸਤਿ ਬਚਨ ਕਹਿਕੇ ਟੁਰ ਰਹੇ ਹਨ। ਸਾਰੇ ਬ੍ਰਹਿਮੰਡ ਦੇ ਹਰ ਜਾਨਦਾਰ ਤਬਕੇ ਵਿਚ ਖੰਡਾਂ, ਮੰਡਲਾਂ, ਵਰਭੰਡਾਂ, ਅਨੰਤ ਲੋਕਾਂ, ਗ੍ਰਹਿ, ਧਰਤੀਆਂ ਵੱਲ ਨੂੰ ਅੱਡ ਅੱਡ ਲੋਕ ਮੁਕੱਰਰ ਕੀਤੇ ਜਾਕੇ ਘੱਲੇ ਜਾ ਰਹੇ ਹਨ। ਉਹ ਅਨੰਦ ਪੁਰ ਦੇ ਕਿਲ੍ਹੇ ਵਿਚ ਬੈਠ ਕੇ ਹਮਾਤੜ ਖ਼ਾਕੀ ਬੰਦਿਆਂ ਅਗੇ ਸਮਝੌਤੀਆਂ ਸੱਟਣ ਵਾਲੇ ਚੋਜੀ–ਜੋ ਤੂੰ ਦਿਨ ਸਮਝਾਉਂਦੇ ਰਹੇ ਕਿ ਇਕ ਅੱਠ ਦਿਨ ਹੋਰ ਦੁਖ ਭੁੱਖ ਝੱਲੋ, ਅੱਠ ਦਿਨ ਕਿਹਾ ਮੰਨੋ; ਤੁਹਾਡੀ ਫਤਹ ਹੋਵੇਗੀ, ਅੱਠ ਦਿਨ ਹੋਰ ਕਸ਼ਟ ਪਾਓ–ਸਾਨੂੰ ਕੀ

ਪਤਾ ਸੀ ਕਿ ਆਪ ਮਾਲਕ ਹਨ ? ਹਾਂ, ਸਾਨੂੰ ਕੀ ਪਤਾ ਸੀ ਕਿ ਇਹ ਅਰਸ਼ਾਂ ਦਾ ਮਾਲਕ, ਦੇਵ ਅਦੇਵ ਗੁਪਤ ਪ੍ਰਗਟ ਲੋਕਾਂ ਦਾ ਹਾਕਮ ਹੈ, ਇਸਦੇ ਨੇਤਰ ਫੋਰੇ ਵਿਚ ਹਰਨ ਭਰਨ ਹੈ, ਇਹ ਅੱਖ ਚਮਕਾਰੇ ਵਿਚ ਫਨਾਹ ਭੀ ਕਰ ਸਕਦਾ ਹੈ, ਇਹ ਸਾਨੂੰ ਕੋਈ ਸਬਕ ਪੜ੍ਹਾ ਰਿਹਾ ਹੈ ਜੋਅਤਿ ਕਸ਼ਟਣੀ ਵਿਚ ਹੀ ਬੰਦੇ (ਖ਼ਾਕੀ ਬੰਦੇ) ਸਿੱਖ ਸਕਦੇ ਹਨ । ਅਸੀਂ ਜਾਤਾ ਸੀ ਇਹ ਮਨੁੱਖ ਹੈ, ਬੇਵਸ ਹੈ, ਬਿਪਤ ਅਧੀਨ ਹੈ, ਅਰ ਸਾਨੂੰ ਭੁੱਲ ਨਾਲ ਮਰਵਾਉਂਦਾ ਹੈ । ਅੱਜ ਵੇਖੋ ਉਸ ਵੇਲੇ ਦੇ ਦਾਨਿਓ, ਅਕਲਾਂ ਵਾਲਿਓ, ਤਦਬੀਰਾਂ, ਵਿਉਂਤਾਂ, ਜੁਗਤਾਂ ਦੂਰ ਅਦੇਸ਼ੀਆਂ ਤੇ ਟੇਕਾਂ ਧਰਨ ਵਾਲਿਓ ! ਅੱਜ ਤੱਕੋ ਕਿ ਜਿਸ ਨੂੰ ਤੁਸੀਂ ਭੁੱਲ ਤੇ ਮੰਨਕੇ ਆਪਣੇ ਵਰਗਾ ਮਨੁੱਖ ਸਮਝਦੇ ਸਾਓ, ਉਹ ਓਦੋਂ ਖ਼ਾਕੀ ਗੋਦੜੀ ਵਿਚ ਬੈਠਾ ਕਿਸ ਉੱਚੀ ਖਾਣ ਦਾ ਲਾਲ ਸੀ ।

ਅੱਜ ਦੇਖੋ ਪਟਨੇ ਦੇ ਪ੍ਰੇਮੀਓ ! ਤੁਹਾਡਾ ਪ੍ਰੀਤਮ —ਬਾਲਾ ਬਣਕੇ ਤੁਹਾਡੇ ਵਿਚ ਖੇਲਦਾ ਪ੍ਰੀਤਮ— ਅਸਲ ਵਿਚ ਕਿਸ ਤੇਜ ਦਾ ਧਨੀ ਹੈ, ਅਰ ਕਿਸ ਉੱਚੇ ਤੋਂ ਉੱਚੇ ਪਾਏ ਦਾ ਹੀਰਾ ਹੈ ।

ਹੇ ਸ੍ਰਿਸ਼ਟੀ ! ਅੱਜ ਤੱਕ,ਅੱਜ ਪ੍ਰੇਮੀਆਂ,ਵੈਰੀਆਂ ਸਭ ਨੂੰ ਮੱਦੋ ਜੋਪਿਆਰੇ ਦਾ ਅਸਲ ਭੇਦ ਵੇਖਣ ਤੇ ਪਛਾਣਨ । ਓ ਮੂਰਖ ਭੀਮ ਚੰਦ ! ਦੇਖ ਤੂੰ ਕਿਸਨੂੰ ਮਾਰਨ ਦੇ ਫਿਕਰ ਵਿਚ ਸੈਂ ? ਓ ਵਜ਼ੀਰ ਖਾਂ ! ਆ ਵੇਖ ਜਿਸ ਦੇ ਲਾਲ ਕੋਂਹਦਾ ਸੈਂ, ਉਹ ਕੌਣ ਹੈ? ਹਾਂ ਆ ਔਰੰਗਜ਼ੇਬ ! ਦੇਖ ਜਿਸਦੇ ਦਲਨ ਨੂੰ ਤੂੰ ਦਲਾਂ ਦੇ ਦਲ ਘੱਲਦਾ ਸੈਂ, ਅਜ ਆਪਣੇ ਨੀਵੇਂ ਟਿਕਾਣੇ ਥੀਂ ਤੱਕ ਕਿ ਜਿਸ ਨਾਲ ਤੂੰ ਜੰਗ ਮਚਾਉਂਦਾ ਸੈਂ ਅਸਲ ਵਿਚ ਕੌਣ ਸੀ ? ਬਲਿਹਾਰ ਇਸ ਉੱਚੇ ਦਰਸ਼ਨ ਦੇ ! ਦੇਖੋ, ਇਸ ਵੇਲੇ ਸਤਿਗੁਰ ਦੇ ਕਲੇਜੇ ਨੂੰ ਤੱਕੋ ਜੋਨੂਰੀ ਚੋਲੇ ਵਿਚੋਂ ਮਿੱਠੀ ਧਾਪ ਨਾਲ ਧੜਕ ਰਿਹਾ ਹੈ,ਉਥੇ ਕਿਸੇ ਨਾਲ ਵੈਰ ਨਹੀਂ ਵੱਸਦਾ, ਸਭ ਨਾਲ ਇਕ ਨਜ਼ਰ ਪਿਆਰ ਹੈ । ਬਲਿਹਾਰ ਇਸ ਪ੍ਰੇਮ ਮੂਰਤੀ ਦੇ, ਤਦੇ ਕੂਕ ਕੂਕ ਕੇ ਸਾਡੇ ਵਿਚਵਸਦਾਸਾਨੂੰ ਆਖਦਾ ਹੁੰਦਾਸੀ:—

ਸਾਚ ਕਹੌਂ ਸੁਨ ਲੇਹੁ ਸਭੈ ਜਿਨ
ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ ॥

ਹੁਣ ਤਕ ਸਾਰੇ ਬ੍ਰਹਮੰਡ ਦੀ ਸੰਭਾਲ ਹੋ ਚੁਕੀ ਹੈਠਾਂ ਹੋਰ ਨਿੱਕੀ ਵੰਡ ਕੀਤੀ ਗਈ, ਕਈ ਲੋਕਾਂ ਸੀ, ਹਰ ਥਾਂ ਦੇਹਾਂ ਧਾਰਕੇ ਕੰਮ ਕਰਨ ਲਈ ਬੰਦੇ ਟੁਰ ਚੁਕੇ ਸੇ । ਸਾਡੀ ਧਰਤੀ ਤੋਂ ਜੋ ਬੰਦੇ ਬੁਲਾਏ ਗਏ ਸੇ ਓਹਨਾਂ ਨੂੰ ਹੁਕਮ ਹੋਇਆ ਕਿ ਤੁਸਾਂ ਸ਼ਹੀਦੀਆਂ ਪਾਉਣੀਆਂ ਹਨ, ਮੈਨੂੰ ਅੰਗ ਸੰਗ ਜਾਣਕੇ ਮੇਰੇ ਟੇਰੇ ਕੰਮ ਕਰਨੇ ਹਨ, ਸੰਸਾਰ ਦੀਆਂ ਪੀੜਾਂ ਹਰਨ ਲਈ ਢਾਲ ਰੂਪੀ ਧਰਮ ਦੇ ਜੁੱਧ ਮਚਾਉਣੇ ਹਨ । ਮੇਰੇ ਸੱਚ, ਨੇਕੀ,ਪਿਆਰ, ਦਮਬਦਮ ਸਿਮਰਨ ਵਾਲੇ ਅਸੂਲਾਂ ਨੂੰ ਧਾਰਨ ਕਰਕੇ ਧਰਾ ਦਾ ਭਾਰ ਹਰਨਾ ਹੈ ਤੇ ਹਰ ਕੰਮ, ਹਰ ਸੇਵਾ, ਹਰ ਕੁਰਬਾਨੀ, ਹਰ ਉਪਕਾਰ, ਹਰ ਆਪਾਵਾਰਨ ਦੇ ਕੰਮ ਮੈਨੂੰ ਤੱਕ ਕੇ ਮੈਨੂੰ ਰਿਝਾਵਣ ਲਈ ਮੈਨੂੰ ਸਮਰਪਣਕਰਨੇ ਹਨ । ਜਦ ਤੱਕ ਮੈਨੂੰ ਆਦਰਸ਼ ਰੱਖੋਗੇ, ਗੁਰਮੁਖ ਰਹੋਗੇ, ਮੈਂ ਤੁਹਾਡੇ ਵਿੱਚ ਹਾਂ, ਵਿੱਚ ਹੋਵਾਂਗਾ ।

ਇਹ ਹੁਕਮ ਦੇਕੇ ਏਹ ਲੋਕ ਹੁਣ ਮੋੜੇ ਗਏ, ਆਪ ਏਹ ਲੋਕ ਇਸ ਦੇਸ਼ ਆਉਣੋਂ ਜਾਣੋਂ ਪੂਰੇ ਵਾਕਫ ਨਹੀਂ ਸੇ, ਇਸ ਕਰਕੇ ਦੇਵਗਣਾਂ ਨੇ ਜਾ ਕੇ ਇਨ੍ਹਾਂ ਨੂੰ ਸਰੀਰਾਂ ਵਿੱਚ ਪੁਚਾ ਦਿਤਾ ।

ਹੁਣ ਕਈ ਸ਼ਹੀਦ ਬੁਲਾਏ ਗਏ ਜੋ ਕਾਮਨਾ ਕਰ ਸ਼ਹੀਦ ਹੋਏ ਸੇ, ਓਹਨਾਂ ਨੂੰ ਹੁਕਮ ਹੋਇਆ ਕਿ ਘਾਲ ਪਰਵਾਨ ਹੈ, ਪਰ ਫੇਰ ਜਾਓ, ਐਤਕੀਂ ਨਿਸ਼ਕਾਮ ਸੇਵਾ ਕਰੋ ਤੇ ਵਾਹਿਗੁਰੂ ਪਿਆਰ ਵਿੱਚ ਸਰੀਰ ਲਾਓ, ਫੇਰ ਨਿਸ਼ਕਾਮ ਹੋ ਕੇ ਆਓ ਤਾਂ ਅਕਾਲੀ ਬੇੜੇ ਵਿਚ ਵਾਸਾ ਦਿਆਂਗਾ । ਏਹਨਾਂ ਨੂੰ ਤ੍ਰੀਕਾਂ ਵਾਰ ਬੀ ਦੱਸੇ ਗਏ ਕਿ ਅਮੁਕੇ ਵੇਲੇ ਤੁਸਾਂ ਅਮੁਕੇ ਰਿਹ ਜਨਮ ਪਾ ਕੇ ਮੇਰੇ ਸ਼ੁਰੂ ਕੀਤੇ ਕੰਮ ਨੂੰ ਜਾਕੇ ਕਰਨਾ ਹੈ, ਤਦ ਤਕ ਇਨਾਂ ਦੇ ਵੱਸਣ ਲਈ ਸੁਹਣੇ ਟਿਕਾਣੇ ਤੇ ਉੱਚੇ ਸੁਖ ਦਿੱਤੇ ਗਏ ।

ਜਦ ਇਹ ਸੰਭਾਲ ਹੋ ਚੁੱਕੀ ਤਾਂ ਹੁਣ ਆਪਣੇ ਨਾਲ ਰਹਿਣ ਵਾਲੇ ਅਕਾਲੀਬੇੜੇ ਦਾ ਹਿੱਸਾ ਭਰਤੀ ਕੀਤਾ । ਇਸ ਦੀ ਵਿਉਂਤ ਇਹ ਸੀ:—ਸੱਚੇ ਪਾਤਸ਼ਾਹ ਸਤਿਗੁਰ ਦੀ ਜੋਤ ਸਭ ਪੂਰ ਉੱਚੀ ਸੀ, ਏਹਨਾਂ ਦੇ ਤਾਬੇ ਚਾਰ ਕੁੰਟ ਦੇ ਚਾਰ ਮਹਾਂ ਬਲੀ ਥਾਪੇ ਗਏ । ਓਹਨਾਂ ਦੇ ਹੇਠਾਂ ਹਰ ਲੋਕ ਦਾ ਇਕ ਇਕ ਜ਼ਿੰਮੇਵਾਰ ਅਧਿਪਤੀ ਥਾਪਿਆ ਗਿਆ । ਓਹਨਾਂ ਦੇ ਹੇਠਾਂ ਹਰ ਹਰ ਲੋਕ ਦੇਸ਼ ਦਾ ਜ਼ਿੰਮੇਵਾਰ ਥਾਪਿਆ ਗਿਆ । ਇਸ ਦੇਸ਼ ਦੇ ਜ਼ਿੰਮੇਵਾਰ ਦੇ

ਲਈ ਦਸ ਦਸ ਪੰਜ ਪੰਜ ਪਿਆਰਿਆਂ ਦਾ ਟੋਲਾ ਇਸ ਦੇ ਹੇਠਾਂ ਸਥਾਪਨ ਹੋਇਆ। ਇਹ ਟੋਲਾ ਧਰਤੀਆਂ ਪਰ ਸਰੀਰਾਂ ਵਿੱਚ ਵਸਦੇ ਲੋਕਾਂ ਦਾ ਧਿਆਨ ਰੱਖਦਾ। ਪੁਰਾਣੇ ਅਵਤਾਰ ਪੈਗ਼ੰਬਰ ਆਦਿਕਾਂ ਦੀ ਸਲਾਹਕਾਰ ਮੰਡਲੀ ਬਣਾਈ ਗਈ ਜੋ ਹਰ ਦੇਸ਼, ਹਰ ਕੌਮ ਲਈ ਸਲਾਹਾਂ ਦੇਣ।

ਗੱਲ ਕੀ ਅਰਸ਼ਾਂ ਵਿੱਚ ਮਾਨੋਂ ਇਕ ਐਸੀ ਫੌਜ ਬਣ ਗਈ ਜਿਸ ਵਿੱਚ ਉੱਪਰ ਤੋਂ ਹੇਠਾਂ ਤਕ ਕੰਮ ਕਰਨ ਵਾਲੇ ਨਿਸ਼ਕਾਮ ਲੋਕ ਕੰਮਾਂ ਪਰ ਥਾਪੇ ਗਏ, ਜਿਨ੍ਹਾਂ ਦੀ ਸਾਰੇ ਬ੍ਰਹਮੰਡ ਪਰ ਨਿਗਰਾਨੀ ਹੋ ਗਈ ਪਰ ਸਾਰੇ ਸਤਿਗੁਰਦੀ ਜੋਤ ਤੇ ਹੁਕਮ ਦੀ ਤਾਬਿਆ ਕੰਮ ਕਰਨ ਵਾਲੇ ਹੋਏ। ਮਾਤ ਲੋਕਾਂ ਦੇ ਦੇਸ਼ਾਂ ਦੇ ਵਾਸੀ ਮਾਇਆ ਵੇੜੇ ਆਪਣੇ ਆਪਣੇ ਕੰਮਾਂ ਵਿੱਚ ਹਨ, ਆਪਣੇ ਲੋਭ ਲਾਲਚਾਂ, ਤ੍ਰਿਸ਼ਨਾ ਵਿਚ ਦ੍ਰਿਸ਼ਟਮਾਨ ਵਿੱਚ ਮਸਤ ਹਨ, ਅਕਲਾਂ ਵਾਲੇ ਅਕਲਾਂ ਦੀਆਂ ਖੋਜਾਂ ਕਰ ਰਹੇ ਹਨ, ਪਰ ਕਿਸੇ ਨੂੰ ਪਾਰ ਲੋਕਾਂ ਦਾ ਪਤਾ ਨਹੀਂ, ਕਿਸੇ ਦੀ ਦ੍ਰਿਸ਼ਟੀ ਪਾਰਦਰਸ਼ਕ ਨਹੀਂ। ਕਿਸੇ ਦੀ ਸਮਝ, ਸੁਰਤ ਗੁਪਤ ਤੇ ਅਦ੍ਰਿਸ਼ਟ ਸੰਸਾਰ ਵਲ ਨਹੀਂ, ਪਰੰਤੂ ਅਦ੍ਰਿਸ਼ਜ ਸੰਸਾਰ ਵਿਚ ਆਤਮ ਪ੍ਰਬੰਧ ਦਾ ਪੂਰਾ ਨਕਸ਼ਾ 'ਸ਼ਕਤੀ ਤੇ ਸੱਚ' ਦੀਆਂ ਕਲਗੀਆਂ ਵਾਲੇ ਦੇ ਤਾਬੇ ਆਪਣਾ ਕੰਮ ਕਰ ਰਿਹਾ ਹੈ।

ਕਲਗ਼ੀਆਂ ਵਾਲੇ ਕਿਉਂ ਕਲਗ਼ੀਆਂ ਵਾਲੇ ਹਨ ? ਕਿਉਂਕਿ ਲੋਕ ਵਿੱਚ ਪ੍ਰਤਾਪ ਸ਼ੀਲ ਸੇ, ਪ੍ਰਲੋਕ ਵਿੱਚ ਅਤਯੰਤ ਪ੍ਰਤਾਪ ਸ਼ੀਲ ਹਨ। ਮਹਾਰਾਜ ਕਿਉਂ ਫੌਜਾਂ ਵਾਲੇ ਹਨ ? ਲੋਕ ਵਿੱਚ ਫੌਜਾਂ ਦੇ ਮਾਲਕ ਸਨ, ਹੁਣ ਅਰਸ਼ੀ ਅਕਾਲੀ ਬੇੜੇ ਵਿਚ ਅਤਯੰਤ ਤੇ ਅਨੰਤ ਫੌਜਾਂ ਦੇ ਮਾਲਕ ਹਨ।

ਅਕਾਲੀ ਬੇੜਾ ਕੀ ਹੈ ? ਸਤਿਗੁਰ ਦੇ ਹੁਕਮ ਵਿਚ ਓਹ ਨੇਕ ਬੰਦੇ, ਓਹ ਰੱਬ ਪਿਆਰੇ ਜੋ ਸਿਮਰਨ ਕਰਦੇ ਗਏ, ਪਰਵਾਨ ਹੋਏ ਤੇ ਜਿਨ੍ਹਾਂ ਲਈ ਸਤਿਗੁਰ ਜੋਤ ਨੇ ਮੁਨਾਸਬ ਜਾਤਾ ਕਿ ਇਹ ਸ੍ਰਿਸ਼ਟੀ ਦੇ ਉਧਾਰ ਸੁਧਾਰ ਤੇ ਪ੍ਰਪੱਕਤਾ ਵਿਚ ਇਥੇ ਵਧਕੇ ਕੰਮ ਕਰਨ, ਉਹਨਾਂ ਨੂੰ ਲਿਵਲੀਨ ਰਹਿੰਦਿਆਂ ਕੋਈ ਨੇਕੀ ਦਾ ਕੰਮ ਸਪੁਰਦ ਹੋਇਆ। ਓਥੇ ਕੰਮ ਸਾਡੇ ਵਾਂਗੂੰ ਨਹੀਂ ਹੈ, ਓਥੇ ਕੰਮ ਅਕੰਮ ਵਾਂਗੂੰ ਹੈ। ਇਨ੍ਹਾਂ ਬੰਦਿਆਂ, ਸਤਿਗੁਰ ਦੇ ਪਿਆਰਿਆਂ ਨੂੰ ਹਰੀ ਜਸ, ਹਰੀ ਰੰਗ ਦਾ ਮੁੱਖ ਕੰਮ ਹੈ, ਇਸੇ ਅਨੰਦ ਵਿਚ ਮਗਨ ਹਨ। ਪਰ ਦੇਖੋ ਸੰਸਾਰ ਵਿਚ ਇਕ ਆਦਮੀ (ਅੰਮ੍ਰਿਤ ਨਾਲ ਗੁਰ ਦੀਖਯਤ ਹੋਕੇ ਆਪੂੰ ਯਾ) ਕਿਸੇ ਸਿਮਰਨ ਵਾਲੇ ਬੰਦੇ ਦੇ ਸਤਿਸੰਗ ਵਿਚ ਆ ਕੇ ਸਿਮਰਨ ਕਰ ਰਿਹਾ ਹੈ, ਹਾਂ ਜੀ ! 'ਗੁਰਮੁਖ ਨਾਮ' ਜਪ ਰਿਹਾ ਹੈ,ਵਾਹਿਗੁਰੂ ਜੀ ਦੀ ਅਰਾਧਨਾ ਕਰਦਾ ਹੈ, ਪਿਆਰ ਵਿਚ ਭਰਦਾ ਹੈ,ਸਤਿਸੰਗ ਨੇ ਉਸ ਨੂੰ ਪ੍ਰਵਾਨ ਕਰ ਲਿਆ ਹੈ, ਕਲਗ਼ੀਆਂ ਵਾਲੇ ਅਰਸ਼ਾਂ ਵਿਚ ਇਸ ਦੇ ਸਿਰ ਤੇ ਆਪਣੇ ਅਕਾਲੀਬੇੜੇ ਦਾ ਛਾਇਆ ਪਾਉਣਗੇ। ਉਸ ਪਿਆਰੇ ਨੂੰ ਹੁਣ ਭਜਨ ਸਿਮਰਨ ਵਿਚ ਅਰਸ਼ੀ ਮਦਦ ਮਿਲਿਆ ਕਰੇਗੀ, ਉਸ ਦਾ ਕੀਤਾ ਥਾਂ ਪਵੇਗਾ, ਨਿਸ਼ਾਨੀ ਇਹ ਹੋਵੇਗੀ ਕਿ ਉਸ ਨੂੰ ਰਸ ਪ੍ਰਾਪਤ ਹੋਵੇਗਾ, ਉਸ ਦਾ ਚਿੱਤ ਵੈਰਾਗ ਵਿਚ ਰਹੇਗਾ, ਉਸ ਦੀ ਜੀਭ ਸੱਤਜਾਵਾਨ ਹੋ ਜਾਏਗੀ, ਉਸਨੂੰ ਵਾਹਿਗੁਰੂ ਧਿਆਨ ਤੇ ਨਾਮ ਤੁੱਲ ਕੁਛ ਮਿੱਠਾ ਨਹੀਂ ਲਗੇਗਾ। ਉਸ ਦਾ ਆਪਣਾ ਆਪ ਹੌਲਾ ਫੁੱਲ ਹੋਵੇਗਾ। ਚੜ੍ਹਦੀਆਂਕਲਾਂ ਦਾ ਉਮਾਹੀ ਰੰਗ ਰਹੇਗਾ*।

ਇਸ ਪ੍ਰਕਾਰ ਅਕਾਲੀ ਬੇੜਾ ਅਰਸ਼ਾਂ ਦੀ ਇਕ ਤਾਕਤ, ਇਕ ਨਾ ਦਿੱਸਣੇ ਵਾਲੀ ਸ਼ਕਤਿ ਹੈ, ਜੋ ਮਨੁੱਖੀ ਬੋਲੀ ਵਿਚ ਕਹੀ ਹੀ ਨਹੀਂ ਜਾ ਸਕਦੀ। ਸਾਡੇ ਖਿਆਲ ਦੇਸ਼ ਕਾਲ ਵਾਲੇ ਹਨ, ਸਾਡਾ ਦੇਸ਼ (ਵਿੱਥ) ਬੀ ਤੂੰ ਪਹਿਲਾਂ ਵਾਲਾ ਹੈ, ਅਸੀਂ ਸਮਝ ਹੀ ਨਹੀਂ ਸਕਦੇ, ਇਸ ਕਰਕੇ ਸਾਡੀ ਸਮਝ ਅਨੁਸਾਰ ਐਉਂ ਹੀ ਹੋਇਆ ਕਿ ਸਤਿਗੁਰ ਜੋਤਿ ਨੇ ਸਾਰੇਬ੍ਰਹਮੰਡ ਦਾ ਪ੍ਰਬੰਧ ਕੀਤਾ ਤੇ ਪਰਵਾਨ ਆਤਮ ਅਰੂੜ ਬੰਦਿਆਂ ਨੂੰ ਅਰਸ਼ਾਂ ਵਿਚ ਅਰਸ਼ੀ ਕੰਮਾਂ

*ਐਉਂ ਕਰਕੇ ਸਾਰੇ ਕਾਰਜ ਸਮਝ ਲਵੋ—ਜਦੋਂ ਸੁਬੇਗ ਸਿੰਘ ਦਾ ਪੁਤਰ ਸ਼ਾਹਬਾਜ਼ ਸਿੰਘ ਚਰਖੀ ਤੇ ਚੜ੍ਹਕੇ ਘਬਰਾ ਜਾਂਦਾ ਹੈ, ਉਹ ਜਾਣਦਾ ਹੈ ਮੈਂ ਇਕੱਲਾ ਹਾਂ, ਮੈਂ ਮਰ ਚਲਿਆ ਹਾਂ, ਉਹ ਧਰਮ ਹਾਰਨ ਦਾ ਖੋਟਾ ਵਾਕ ਕਰ ਦਿੰਦਾ ਹੈ। ਪਿਉ ਤੱਕਦਾ ਹੈ ਕਿ ਪੁਤ ਸਿਮਰਦਾ ਤਾਂ ਹੈ, ਪਰ ਅਜੇ ਦਰ ਪਰਵਾਨ ਨਹੀਂ, ਉਹ ਪੁਤ ਨੂੰ ਝੱਟ ਮੇਲ ਲੈਂਦਾ ਹੈ, ਤੱਤਖਿਨ ਉਸ ਦੇ ਗਿਰਦ ਅਰਸ਼ੀ ਸ਼ਕਤੀ ਆ ਖਲੋਂਦੀ ਹੈ। ਫੇਰ ਉਹੋ ਬੱਚਾ ਟੱਟੇ ਟੋਟੇ ਹੋ ਮਰਦਾ ਹੈ ਅਰ ਆਤਮ ਰਸ—ਉਹ ਰਸ ਜੋ ਅਰਸ਼ੋਂ ਆਇਆ—ਉਸ ਨੂੰ ਵਹਿਣ ਨਹੀਂ ਦੇਂਦਾ। ਪਰ ਖਬਰਦਾਰ! 'ਹਠੁ ਕਰਿ ਮਰੈ ਨ ਲੇਖੈ ਪਾਵੈ॥' ਨਿਰੇ ਹਉਂ ਹਠ ਨਾਲ ਨਿਭਣਾ ਇਸ ਤੋਂ ਵੱਖਰੀ ਖੇਡ ਹੈ।

ਵਿਚ ਸਾਰੀ ਸ੍ਰਿਸ਼ਟੀ ਨੂੰ ਤਾਰਨ ਦੇ ਕੰਮਾਂ ਵਿਚ ਲਾਇਆ। ਹੁਣ ਸਾਰੇ ਬ੍ਰਹਮੰਡ ਦੇ ਪ੍ਰਬੰਧਕ ਅਰਸ਼ੀ ਪ੍ਰੀਤਮ ਜੀ ਹਨ। ਪਿਛਲੇ ਅਵਤਾਰ ਨਬੀ ਆਦਿ ਇਨ੍ਹਾਂ ਦੀ ਵਿਉਂਤ ਵਿਚ ਲੱਗੇ ਸਾਰੇ ਕੰਮ ਕਰਦੇ ਹਨ। ਇਸ ਦਾ ਇਹ ਮਤਲਬ ਨਹੀਂ ਕਿ ਪਹਿਲਾਂ ਬ੍ਰਹਮੰਡ ਦਾ ਪ੍ਰਬੰਧ ਕੋਈ ਨਹੀਂ ਸੀ। ਪਹਿਲਾਂ ਭੀ ਸੀ ਤੇ ਹੁਣ ਭੀ ਹੋਇਆ, 'ਜੋ ਸੀ ਜੋ ਹੋਇਆ' ਉਹ ਅਕੱਥਨੀਯ ਹੈ। ਇਹ ਵਰਨਣ ਸਾਡੀ ਦੇਸ਼ ਕਾਲ ਦੀ ਬੋਲੀ ਤੇ ਦੇਸ਼ਕਾਲ ਵਾਲੇ ਮਨ ਦਾ ਆਪਣੇ ਤਰੀਕੇ ਦਾ ਹੈ। ਸਤਿਗੁਰ ਦੇ ਦਰ ਤੇ ਜੋ ਕੁਛ ਅਸਲ ਵਿਚ ਵਰਤਦਾ ਹੈ ਅਕੱਥਨੀਯ ਹੈ ਤੇ ਸਮਝੋਂ ਪਰੇ ਹੈ। ਇਸ ਦਾ ਅਰਥ ਕੇਵਲ ਇਹ ਹੈ ਕਿ ਸਾਡਾ ਸਤਿਗੁਰ ਜੀਉਂਦਾ ਜਾਗਦਾ 'ਸਿਰ ਊਪਰਿ ਠਾਢਾ ਗੁਰੁ ਸੂਰਾ' ਹੈ ਤੇ ਇਸ ਕਰਕੇ ਜੋ ਉਸ ਦੀ ਚਰਨ ਸ਼ਰਨ ਹੈ 'ਨਾਨਕ ਤਾਕੇ ਕਾਰਜ ਪੂਰਾ' ਹੈ।

ਇੰਨੇ ਨੂੰ ਇਕ ਹੁਜੱਕਾ ਆਇਆ, ਜੀਕੂੰ ਭੁਚਾਲ ਆਉਂਦਾ ਹੈ। ਐਉਂ ਜਾਪੇ ਜਿਵੇਂ ਡਿੱਗਣ ਲੱਗੇ ਹਾਂ, ਫੇਰ ਹਨੇਰੀ ਛੁੱਟੀ ਤੇ ਅੰਧਕਾਰ ਛਾ ਗਿਆ ਅੱਖ ਖੁੱਲ੍ਹ ਗਈ। ਸਤਿਗੁਰ ਦੇ ਪਿਆਰੇ ਸੰਤੋਖ ਸਿੰਘ ਜੀ ਤਾਂ ਬਿਆ ਬੈਠੇ ਹਨ, ਸੰਗਤ ਅਚਰਜ ਵਿਸਮੈ ਭਾਵ ਵਿਚ ਅੱਖਾਂ ਪੱਟ ਪੱਟ ਤੱਕ ਰਹੀ ਹੈ, ਸੰਤੋਖ ਸਿੰਘ ਜੀ ਨੇ ਹੱਥ ਅਰਸ਼ਾਂ ਵੱਲ ਉਠਾਇਆ ਸੀ, ਹੁਣ ਧਰਤੀ ਵੱਲ ਲਟਕ ਰਿਹਾ ਹੈ, ਚਿਹਰਾ ਹੁਣ ਮੁਸਕਰਾ ਰਿਹਾ ਹੈ ਤੇ ਗੱਜ ਕੇ ਬੋਲ ਰਹੇ ਹਨ:—

"ਕਿਉ ਵੀਰੋ! ਕਲਗੀਆਂ ਵਾਲਾ ਜੀਉਂਦਾ ਕਿ ਨਹੀਂ?" ਤਾਂ ਸਾਰੇ ਦਲ ਵਿਚੋਂ ਅਵਾਜ਼ ਆਈ: "ਸਿੰਘ! ਕੱਚਾ ਬੋਲ ਨਾ ਬੋਲ"। ਮ੍ਰਿਦੁਲ ਸੁਭਾਵ ਸੰਤੋਖ ਸਿੰਘ ਨੇ ਹੱਸ ਕੇ ਕਿਹਾ, 'ਸਤਿਗੁਰ ਜਾਗਤਾ ਹੈ ਦੇਉ?'....।

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰ-
ਉਪਕਾਰੀ ਆਏ ॥ ਜੀਅਦਾਨੁ ਦੇ ਭਗਤੀ
ਲਾਇਨਿ ਹਰਿ ਸਿਉ ਲੈਨਿ ਮਿਲਾਏ ॥ ੨ ॥
[ਸੂਹੀ ਮਹਲਾ ੫

"ਅੱਛਾ! ਹੁਣ ਸਾਡੇ ਅੱਗੇ ਕੇਵਲ ਇਹ ਵੀਚਾਰ ਹੈ ਕਿ ਸਤਿਗੁਰ ਜੀਕੂੰ 'ਦਿੱਸਦਾ' ਸਾਡੇ ਵਿਚ ਸੀ, ਤੀਕੂੰ 'ਅਣਦਿੱਸਦਾ, ਸਾਡੇ ਵਿਚ ਹੈ। ਸਤਿਗੁਰ ਨੇ ਜੋ ਕੌਤਕ ਵਰਤਾਏ ਹਨ ਸੱਚੇ ਹਨ, ਸਾਨੂੰ ਸਿਦਕ ਦੇਣ ਵਾਸਤੇ ਹਨ ਕਿ ਰੂਪ ਧਾਰਨਾ, ਅਰੂਪ ਹੋਣਾ, ਚੋਲਾ ਛੱਡਣਾ, ਚੋਲਾ ਲੈਣਾ, ਮਨੁੱਖ ਹੋ ਕੇ ਵਿਚਰਨਾ, ਯਾ ਦਿੱਵ ਹੋ ਕੇ ਵਿਚਰਨਾ, ਯਾ ਸਰੂਪ ਲੀਨ ਹੋਣਾ, ਇਹ ਸਤਿਗੁਰ ਦੇ ਆਪਣੇ ਚੋਜ ਹਨ। ਸਤਿਗੁਰ ਹਰ ਹਾਲ ਜੀਉਂਦਾ ਹੈ ਅਰ ਅਸੀਂ ਕਦੇ ਰੰਞ ਤੀਮੀਂ ਵਾਂਗੂੰ 'ਨਿਗੁਰੇ' ਯਾ 'ਗੁਰੂ ਹੀਨ' 'ਨਿਖਸਮੇਂ' ਨਹੀਂ ਹਾਂ। । ਜੇ ਸਤਿਗੁਰ ਦਿੱਸਦਾ ਸੀ, ਤਦ ਭੀ ਉਸ ਨਾਲ ਸਾਡੇ ਸਿੱਖੀ ਨਾਤੇ ਦਾ ਸੰਬੰਧ ਸਾਡੇ 'ਰਿਦੇ ਦੇ ਸਿਦਕ' ਵਿਚ ਸੀ ਤੇ ਹੁਣ ਭੀ 'ਰਿਦੇ ਦੇ ਸਿਦਕ' ਵਿਚ ਨਾਤਾ ਹੈ।

"ਪਿਆਰਿਓ! ਜੇ ਇਕ ਦਰਿਯਾ ਵਗਦਾ ਹੋਵੇ, ਦਰਿਯਾ ਦੇ ਦੋਹੀਂ ਪਾਸੀਂ ਵੱਸੋਂ ਹੋਵੇ, ਦੁਹਾਂ ਪਾਸਿਆਂ ਦਾ ਰਾਜਾ ਇੱਕੋ ਹੋਵੇ ਤੇ ਰਾਜਾ ਐਸਾ ਤਾਕਤੂ ਹੋਵੇ ਕਿ ਦੋਹੀਂ ਪਾਸੀਂ ਆ ਜਾ ਸਕਦਾ ਹੋਵੇ, ਤਾਂ ਜਦ ਉਹ ਪਾਰ ਹੋਊ ਕੀ ਤੁਸੀਂ ਉਸਨੂੰ ਬੀਤ ਗਿਆ ਸਮਝ ਬੈਠੋਗੇ? ਤਿਵੇਂ ਹੀ ਸਮਝ ਲਵੋ ਕਿ ਰੂਪ ਅਰੂਪ ਦੋ ਕਿਨਾਰੇ ਇਸ 'ਸਮੇਂ' ਦੀ ਨਦੀ ਦੇ ਹਨ, ਸਤਿਗੁਰ ਦੁਹਾਂ ਦਾ ਮਾਲਕ ਹੈ, 'ਸਮੇਂ' ਰੂਪੀ ਨਦੀ ਦਾ ਭੀ ਮਾਲਕ ਹੈ, 'ਕਾਲ' ਪਰ ਬਿਜ਼ੈਮਾਨ ਹੈ, ਉਹਦਾ ਨਦੀ ਦੇ ਇਧਰ ਹੋਣਾ ਯਾ ਓਧਰ ਹੋਣਾ ਪਰਜਾ ਲਈ ਸਦਾ ਸਿਦਕ ਦਾ ਥਾਉਂ ਹੈ, ਸਦਾ ਉਸ ਦੀ ਜਾਗਦੀ ਜੋਤ ਦਾ ਨਿਹਚਾ ਹੈ।".....

"ਫੇਰ ਜਦ ਸਾਡਾ ਮਾਲਕ ਜੀਉਂਦਾ ਹੈ, ਤਦ ਸਾਡੇ ਲਈ 'ਗੁਰਪੁਰਬ ਸਦਾ ਦਸਾਹਰਾ' ਹੈ। ਸਾਡੇ ਪੰਥ ਵਿਚ ਸਤਿਗੁਰ ਦੇ ਅਵਤਾਰ ਤੇ ਜੋਤੀ ਜੋਤ ਦੇ ਦਿਨ ਪੁਰਬ ਦੇ ਦਿਨ ਹੋਣ। ਤੁਸਾਂ ਅੱਜ ਡਿੱਠਾ ਹੈ ਕਿ ਅਰਸ਼ਾਂ ਪਰ ਸਤਿਗੁਰ ਦੇ ਜਾਣ ਪਰ ਖੁਸ਼ੀਆਂ ਤੇ ਪੁਰਬ ਮਨਾਏ ਗਏ ਹਨ। ਜਿਸਨੂੰ ਅਸਾਂ ਚਲਾਣਾਂ, ਟੁਰ ਜਾਣਾ, ਸਮਝਿਆ ਸੀ, ਅਰਸ਼ਾਂ ਤੇ ਉਹੋ ਆਗਮਨ ਤੇ ਮੰਗਲ ਸੀ। ਫੇਰ ਅਸੀਂ ਕਿਉਂ ਵਿਜੋਗ ਕਰੀਏ? ਅਸੀਂ ਸਦਾ ਸੰਜੋਗੀ ਹਾਂ, ਸਾਡਾ ਮਾਲਕ ਸਦਾ ਜੀਉਂਦਾ ਹੈ, ਜੀਉਂਦਾ ਨਹੀਂ ਸਦਾ ਥੀਉਂਦਾ ਹੈ, ਥੀਉਂਦਾ ਹੀ ਨਹੀਂ ਅਸਾਂ ਵਿਚ ਵੱਸਦਾ ਹੈ ਅਰ ਅਸਾਂ ਦੇ ਨਾਲ ਹੈ, ਸਾਡਾ ਤੇ ਉਸਦਾ ਸਾਕ ਥਿਰ ਸਾਕ ਹੈ। ਜਦ ਤਕ ਸਾਕ ਕਾਇਮ ਹੈ, ਸਤਿਗੁਰ ਦਾ ਮੇਲ ਪ੍ਰਾਪਤ

ਹੈ। ਸੋ ਦੂਜਾ ਗੁਰਮਤਾ ਇਹ ਸੋਧੋ ਕਿ 'ਅੱਜ ਸਤਿਗੁਰ ਜੀ ਦਾ ਅਰਸ਼ੀ ਜਨਮ ਹੈ, ਸਤਿਗੁਰ ਗਿਆ ਨਹੀਂ, ਆਇਆ ਹੈ, ਸਾਰੇ ਬ੍ਰਹਮੰਡ ਦਾ ਸਤਿਗੁਰ ਹੋਕੇ ਫੇਰ ਆਇਆ ਹੈ।'

''ਤੀਜਾ ਗੁਰਮਤਾ ਇਹ ਸੁਧੋਕਿ ਇਹ ਵਿਥਿਆ ਸਾਰੇ ਪੰਥ ਵਿਚ ਤੇ ਅਗੇ ਹਰ ਸਿੱਖ ਕੁਲ ਦਰ ਕੁਲ ਆਪਣੀ ਉਲਾਦ ਵਿਚ ਸੁਣਾਵੇ ਤੇ ਪੀੜ੍ਹੀ ਦਰ ਪੀੜ੍ਹੀ ਸਿਖ ਘਰਾਂ ਵਿਚ, ਸਿਖ ਦਿਲਾਂ ਵਿਚ ਸਤਿਗੁਰ ਵਿਚ ਸਿਦਕ ਦਾ ਨਾਤਾ ਟੁਰੇ। ਹਰ ਸਿਖ ਸਤਿਗੁਰ ਨੂੰ ਆਪਣੇ ਅੰਗ ਸੰਗ ਜਾਣੇ, ਉਨ੍ਹਾਂ ਦੀ ਸਿੱਖਿਆ ਪਰ ਟੁਰਦਾ ਉਨ੍ਹਾਂ ਦੀ ਜੋਤਨਾਲਪਿਆਰ ਕਰੇ ਤੇ ਆਪਣੇ ਸਿਰ ਤੇ ਉਨ੍ਹਾਂ ਦੇ ਹੋਣ ਦਾ ਭਰੋਸਾ ਰੱਖਕੇ ਹਰ ਕੰਮ ਉਨ੍ਹਾਂ ਦੀ ਚਰਨੀਂ ਭੇਟ ਕਰੇ। ਹਰ ਸਿੱਖ ਨੇਕੀ ਦੀ ਖ਼ਾਤਰ ਨੇਕੀ ਕਰਕੇ ਹਉਂ ਨਾ ਪਾਲੇ, ਨੇਕੀ ਸਤਿਗੁਰ ਦੇ ਚਰਨੀ ਅਰਪੇ 'ਕਿ ਮੈਂ ਆਪਣੇ ਮਾਲਕ ਦੀ ਸੇਵਾ ਕਰਦਾ ਹਾਂ, ਕਿ ਮੈਂ ਆਪਣੇ ਪਿਤਾ ਦੀ ਸੇਵਾ ਕਰਦਾ ਹਾਂ, ਕਿ ਮੈਂ ਅਪਣੇ ਗੁਰੂ ਦੀ ਸੇਵਾ ਕਰਦਾ ਹਾਂ, ਕਿ ਮੈਂ ਕੋਈ ਨੇਕੀ ਨਹੀਂ ਕਰ ਰਿਹਾ ਕੇਵਲ ਹੁਕਮ ਕਮਾ ਰਿਹਾ ਹਾਂ''।'''

''ਚੌਥਾ ਇਹ ਕਿ ਅੰਧਕਾਰ ਵਿਚ ਟਟੋਲਣ ਵਾਲੇ ਫੋਕੇ ਫਿਲਸਫਾ ਛਾਂਟਣ ਹਾਰੇ ਦੇ ਵਿਕਲਪ, ਜਿਨ੍ਹਾਂ ਦੀ ਸੁਰਤ ਲਿਵ ਦੇ ਦਰਜੇ ਤੇ ਨਹੀਂ ਜਾਂਦੀ, ਅਤੇ ਨਿਰੇ ਮਨੁਖ ਨਾਟ ਦੀਆਂ ਟ੍ਰੀਕਾਂ ਲਿਖਣ ਵਾਲੇ ਯਾਦਗੀਰੀ ਲਈ ਲਕੀਰਾਂ ਪਾਉਣ ਵਾਲੇ ਇਤਿਹਾਸਕਾਰ ਦੀ ਫੋਕੀ ਨੁਕਤਾਚੀਨੀ ਸਿੱਖੀ ਦੇ ਸਿਦਕ ਮੰਡਲ ਵਿਚ ਅਰ 'ਆਦਿ ਸੱਚ' ਦੇ ਦਾਇਰੇ ਵਿਚ ਮੁੱਲ ਨਹੀਂ ਰਖਦੀ। ਹਰ ਸਿੱਖ ਦਾ ਵਿਸ਼ਵਾਸ਼ ਇਹ ਹੋਵੇ ਕਿ ਮੇਰੇ ਸਤਿਗੁਰੂ ਜੀ ਜਨਮ ਮਰਨ ਵਿਚ ਨਹੀਂ ਹਨ, ਓਨ੍ਹਾਂ ਦੀ ਜੋਤ ਸਦਾ ਜਾਗਦੀ ਜੋਤ ਹੈ, ਅਜ਼ਲਾਂ ਤੋਂ ਅਰਸ਼ਾਂ ਵਿਚ ਕੰਮ ਕਰਦੀ ਹੈ, ਅਰ ਸਦਾ ਕੰਮ ਕਰੇਗੀ। ਗੁਪਤ ਹੋਣਾ ਯਾ ਪ੍ਰਗਟ ਹੋਣਾ ਉਨ੍ਹਾਂ ਦੇ ਚੋਜ ਹਨ। ਹਾਂ ਉਨ੍ਹਾਂ ਦੇ ਮਨੁੱਖ ਨਾਟ ਦੇ ਦਿਨ ਵਾਰ ਬਿੱਤਾਂ ਮਾਹ ਇਕ ਸਮੇਂ ਵਿਚ ਟੋਹ ਲਾਉਣੇ ਲਈ ਯਾਦਦਾਸ਼ਤਾਂ ਹਨ, ਜ਼ਰੂਰੀ ਹਨ, ਰੱਖੇ ਤੇ ਸਾਂਭੇ ਪਰ ਆਤਮ ਦ੍ਰਿਸ਼ਟੀ ਵਿਚ ਓਹ ਉਨ੍ਹਾਂ ਦੀ ਅਜ਼ਲੀ ਜੋਤ ਦੇ, ਵਜੂਦ ਦੇ ਜਨਮ ਚਲਾਣੇ ਦੇ ਬਿੱਤ ਤੇ ਵਾਰ ਨਹੀਂ ਹਨ, ਕਿਉਂਕਿ ਅਜ਼ਲ ਵਿਚ ਸਤਿਗੁਰ ਜਨਮ ਮਰਨ ਰਹਿਤ ਹੈ। ਸਾਡੇ ਸਿਦਕ ਦੀ ਨੀਂਹ ਸਤਿਗੁਰੂ ਦੇ ਪ੍ਰੇਮ ਵਿਚ, ਸਤਿਗੁਰੂ ਦੇ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ, ਸਤਿਗੁਰੂ ਦੀ ਦੇਹ ਦਰਬਾਰ ਸਾਹਿਬ ਵਿਚ ਤੇ ਸਤਿਗੁਰੂ ਦੇ ਵਿੱਦਤ ਰੂਪ ਪੰਥ ਖਾਲਸੇ ਵਿਚ ਹੈ; ਨਾਮ ਰਸੀਏ, ਨਾਮ ਪ੍ਰੇਮੀ ਗੁਰਮੁਖਾਂ ਦੇ ਸਤਿਸੰਗ, ਸ਼ਰਧਾ ਤੇ ਪਿਆਰ ਵਿਚ ਹੈ; ਜਿਨ੍ਹਾਂ ਵਿਚ ਸਤਿਗੁਰੂ ਦੀ ਜੋਤ ਵਿਆਪਕ ਹੈ। ਸਿੱਖਾਂ ਦੇ ਕੰਮ ਸਾਰਨ ਲਈ ਸਤਿਗੁਰ ਦਾ ਅਕਾਲੀ ਬੇੜਾ ਅਰਸ਼ਾਂ ਦੇ ਕਾਰਜ ਸਾਰ ਰਿਹਾ ਤੁਸਾਂ ਅੱਜ ਪ੍ਰਤੱਖ ਡਿੱਠਾ ਹੈ, ਤੇ ਹਰ ਔਕੜ ਸਮੇਂ ਸਿਦਕ ਵਾਲੇ, ਨਾਮ ਵਾਲੇ, ਧਿਆਨ ਵਾਲੇ ਸਿੱਖ ਸਦਾ ਅਰਦਾਸ ਕਰਿਆ ਕਰਨਗੇ ਕਿ ਗੁਰੂ 'ਸਭ ਥਾਈਂ ਹੋਹਿ ਸਹਾਇ' ਹੈ। ਹਾਂ, ਅੱਜ ਦਾ ਜੁੜਿਆ ਪੰਥ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਸੀਸ ਦੇਂਦਾ ਹੈ ਕਿ ਨਾਮ ਰੰਗ ਤੇ ਸਿਦਕ ਸੁਰੰਗ ਵਿਚ ਵੱਸ ਕੇ ਗੁਰੂ ਸਦਾ ਅੰਗ ਸੰਗ ਪਾਓਗੇ। ਗੁਰੂ ਤੁਸਾਡਾ ਤੁਸੀਂ ਗੁਰੂ ਦੇ ਹੋਵੋਗੇ, ਸਮਾਂ ਨਿਰਬਲ ਹੈ ਕਿ ਵਿੱਥ ਪਾ ਸਕੇ। ਜਿਕੂੰ ਡਿੱਠਾ ਸਤਿਗੁਰ ਸਾਡਾ ਸੀ, ਜਿਕੂੰ ਅੱਜ ਅਣਦਿਸਦਾ ਸਤਿਗੁਰ ਸਾਡਾ ਹੈ; ਤਿਕੂੰ ਅਣਡਿੱਠਾ ਸਤਿਗੁਰ ਤੁਸਾਡਾ ਹੋਵੇਗਾ, ਤੁਸੀਂ ਗੁਰੂ ਦੇ, ਗੁਰੂ ਤੁਸਾਡਾ, ਪਰ 'ਨਾਮ ਤੇ ਸਿਦਕ' ਵਿਚ ਵੱਸਣਾ। 'ਨਾਮ ਰਸ' ਵਿਚ ਆਏ ਤੁਸੀਂ ਬ੍ਰਹਮੰਡ ਦੀ 'ਪੀਤ ਤਾਰ' ਵਿਚ ਪ੍ਰੋਤੇ ਜਾਂਦੇ ਹੋ। ਨਾਮ ਤੋਂ ਵਿਸਾਰਾ ਕਦੇ ਨਹੀਂ ਕਰਨਾ ਤੇ 'ਨਾਮ ਰਸੀਏ' ਦੇ ਸਤਿਸੰਗ ਨੂੰ ਮੁੱਖ ਧਰਮ ਸਮਝਣਾ। ਗੁਰਮੁਖ ਯਾ ਸੰਤ, ਹਰੀਜਨ ਯਾ ਜਨ; ਸਾਧੂ ਯਾ ਭਗਤ, ਪ੍ਰੀਤ ਤਾਰ ਪ੍ਰੋਤਾ; ਨਾਮ ਰਸੀਆ ਆਪ ਜਪਦਾ ਹੈ ਤੇ ਜਗਤ ਨੂੰ ਜਪਾਉਣ ਦਾ ਸਹਾਇਕ ਹੈ। ਇਹ ਸਤਿਸੰਗ ਸਦਾ ਸੁਖਦਾਈ ਹੈ। ਫਿਲਸਫਾ* ਸਾਡੇ ਵਿਚ ਭਗਤੀ (ਪ੍ਰਾਪਤੀ) ਦੇ ਤਾਬਿਆ ਹੋਵੇਗਾ, ਅਰ ਇਤਿਹਾਸ ਵਡਿਆਂ ਦੇ ਮਾਨੁੱਖੀ ਪ੍ਰਸੰਗ ਦੱਸਣ ਵਿਚ ਗੁਰਬਾਣੀ ਦੇ ਕੀਰਤਨ ਦੇ ਤਾਬਿਆ ਰੱਖਿਆ

*ਫਿਲਸਫਾ ਯਾ ਗਿਆਨ ਨਾਮ ਹੈ ਜਾਣਨ ਦਾ, ਭਗਤੀ ਨਾਮ ਹੈ ਪਾਪਤ ਕਰ ਲੈਣ ਦਾ ਪ੍ਰਾਪਤੀ ਜਾਣਨੇ ਨਾਲੋਂ ਉਚੀ ਹੈ।

ਜਾਵੇਗਾ* ਗਯਾਨ ਤੇ ਇਤਿਹਾਸ ਅਸਾਂ ਵਾਹਿਗੁਰੂ ਪ੍ਰੇਮ ਦੇ ਸਹਾਇਕ ਰੱਖਣੇ ਹਨ। ਇਨ੍ਹਾਂ ਨੂੰ ਛੱਡਣਾ ਨਹੀਂ। ਇਨ੍ਹਾਂ ਤੇ ਵਾਹਿਗੁਰੂ ਪ੍ਰੇਮਾਂ ਹਾਵੀ ਰਹੇਗਾ। ਇਹ ਪ੍ਰੇਮ ਤੇਹਾਵੀਹੋਕੇ ਸਾਨੂੰ ਨਿਸ਼ਪ੍ਰੇਮ ਨਾਕਰਨ।"

"ਪੰਜਵਾਂ ਗੁਰਮਤਾ ਇਹ ਸੀ ਕਿ ਪੰਥ ਸਤਿਗੁਰਾਂ ਦੇ ਅਵਤਾਰ ਤੇ ਜੋਤੀ ਜੋਤ ਦੇ ਗੁਰਪੁਰਬ ਇਕ ਤ੍ਰੀਕੇ ਇਕੋ ਮੰਗਲ ਨਾਲ ਮਨਾਵੇ। ਸਤਿਗੁਰ ਦਾ ਪ੍ਰਕਾਸ਼ ਤੇ ਅੰਤਰ ਧਿਆਨ ਸਾਡੇ ਲਈ ਦੋਵੇਂ ਪ੍ਰੀਤਮ ਪਿਆਰੇ ਦੀਆਂ ਯਾਦਗਾਰਾਂ, ਅਨੰਦ ਦੀਆਂ ਨਿਸ਼ਾਨੀਆਂ, ਉਤਸਾਹ ਤੇ ਉਮਾਹ ਭਰੀਆਂ ਚੜ੍ਹਦੀਆਂ ਕਲਾਂ ਦੀਆਂ ਦਾਤੀਆਂ ਹਨ।"

ਇਨ੍ਹਾਂ ਵਾਕਾਂ ਪਰ ਜੈਕਾਰੇ ਗੱਜੇ, ਸੁਹਾਗਣ, ਸਦਾ ਸੁਹਾਗਣ ਪੰਥ ਵਿਚੋਂ ਸ਼ੋਕ ਭੱਜ ਗਿਆ, ਸ਼ਦੀਆਨੇ ਵੱਜੇ, ਜੋ ਸ਼ਦੀਆਨੇ ਪਟਨੇ ਵਿਚ ੪੨ ਕੁ ਵਰ੍ਹੇ ਹੋਏ ਵੱਜੇ ਸਨ, ਜੋ ਸ਼ਦੀਆਨੇ ਅਰਸ਼ਾਂ ਵਿਚ ਵੱਜਦੇ ਸੁਣੇ ਸਨ, ਸੋ ਸ਼ਦੀਆਨੇ ਅੱਜ ਅਬਚਲਾ ਨਗਰ ਵੱਜੇ।

ਕੜਾਹਪ੍ਰਸ਼ਾਦ ਦੀਆਂ ਦੇਗਾਂ ਤਿਆਰ ਹੋਈਆਂ। ਸੰਤੋਖ ਸਿੰਘ ਗੁਰੂ ਪਿਆਰਾ ਸੰਤੋਖ ਸਿੰਘ, ਸਾਨੂੰ ਵਰਦਾਨ ਦਿਵਾਵਣ ਵਾਲਾ ਸੰਤੋਖ ਸਿੰਘ, ਸਤਿਗੁਰ ਦੇ ਹੁਕਮ ਮੂਜਬ ਅਬਚਲਾ ਨਗਰ ਵਿਚ ਪਹਿਲਾ ਲੰਗਰ ਚਲਾਉਣ ਵਾਲਾ ਸਿੰਘ ਹੋਇਆ। ਇਹ ਸੱਜਣ—ਗੁਰੂ ਨਹੀਂ ਪਰ—ਪੰਥ ਦਾ ਪਹਿਲਾ ਜਥੇਦਾਰ ਹੋਇਆ ਜੋ ਉਸੇ ਪੰਥ ਨੇ ਥਾਪਿਆ। ਇਸਦਾ ਸਨਮਾਨ ਅਤਿ ਦਾ ਸੀ, ਇਹ ਅੰਮ੍ਰਿਤ ਛਕਾਉਂਦਾ, ਨਾਮ ਸਿਮਰਨ ਦਾ ਸਹਾਈ ਹੁੰਦਾ, ਸਤਿਸੰਗ ਦਾ ਰੰਗ ਲਾਉਂਦਾ ਸੀ। ਇਸ ਨੂੰ ਗੁਰਮੁਖ ਤੇ ਮਹਾਂ ਪੁਰਖ ਤੇ ਸੰਤ ਸਮਝਿਆ ਜਾਂਦਾ ਸੀ। ਪਰ ਇਹ ਰਿਹਾ ਗੁਰੂ ਕਾ ਸਿੱਖ ਤੇ ਅਬਚਲਾ ਨਗਰ ਵਿਚ ਪਹਿਲਾ ਜਥੇਦਾਰ। ਲੰਗਰ ਦਾ ਅਰੰਭ ਆਪ ਨੇ ਪਹਿਲੀ ਇਸ ਖੁਸ਼ੀ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਚੜ੍ਹਾਕੇ ਕੀਤਾ:—ਕਿ ਸਤਿਗੁਰ ਸਾਡਾ ਸਤਿਗੁਰ ਹੈ, ਅਰਸ਼ਾਂ ਕੁਰਸ਼ਾਂ, ਮਕਾਨੀਆਂ, ਲਾਮਕਾਨੀਆਂ, ਦੇਸ਼ ਅਦੇਸ਼, ਕਾਲ ਅਕਾਲ ਸਭ ਦਾ ਸਦਾ ਗੁਰੂ ਹੈ।

'ਸਤਿਗੁਰ ਜਾਗਤਾ ਹੈ ਦੇਉ।'

ਅਰ ਜਿਕੂੰ ੧੭੨੩ ਤੋਂ ੧੭੬੫ ਤੱਕ ਪੰਥ ਨੂੰ ਪਿਆਰ ਕਰਨ ਵਾਲਾ, ਗਰੀਬ ਨਿਵਾਜਣ ਵਾਲਾ ਆਪਾ ਵਾਰਕੇ ਤਾਰਨ ਵਾਲਾ, ਵਾਹਿਗੁਰੂ ਦਰਸਾਉਣ ਵਾਲਾ, ਲੜ ਲਾਉਣ ਵਾਲਾ ਤੇ ਤੋੜ ਪਹੁੰਚਾਉਣ ਵਾਲਾ ਸਤਿਗੁਰੂ ਸੀ, ਇਸੇ ਤਰ੍ਹਾਂ ਹੀ ਹੁਣ ਬੀ ਸਾਡਾ ਸਤਿਗੁਰ ਹੈ; ਸਦਾ ਸੀ, ਸਦਾ ਹੈ, ਸਦਾ ਸਤਿਗੁਰ ਹੋਵੇਗਾ। ਸਦਾ:—

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥ ੧ ॥ ਸੇਵਕ ਕਉ ਨਿਕਟੀ ਹੋਇ ਦਿਖਾਵੈ ॥ [ਆਸਾ ਮ: ੫

ਅਪਨੇ ਦਾਸ ਕਉ ਦੇਇ ਵਡਾਈ ॥ ਅਪਨੇ ਸੇਵਕ ਕਉ ਨਾਮੁ ਜਪਾਈ ॥ [ਸੁਖਮਨੀ ਸਾਹਿਬ

ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥ [ਸੁਖਮਨੀ ਸਾਹਿਬ

ਅਸੀਂ ਸਦਾਐਉਂ ਸਿਦਕ ਧਾਰਾਂਗੇ ਤੇ ਸਿਮਰਾਂਗੇ:—

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ [ਆਸਾ ਮਹਲਾ ੫

ਹੁਣ ਇਹ ਅਬਚਲਾ ਨਗਰ ਦਾ ਝਾਕਾ ਲੋਪ ਹੋ ਗਿਆ। ਪਰ ਸੋਝੀ ਦੇ ਗਿਆ ਕਿ ਜਨਮ ਮਰਨ ਗੁਰੂ ਲਈ ਕੋਈ ਸ਼ੈ ਨਹੀਂ। ਜਿੱਕੂੰ ਸੂਰਜ ਨੂੰ ਸਵੇਰ ਸੰਝ ਕੋਈ ਸ਼ੈ ਨਹੀਂ, ਉਦੈ ਅਸਤ ਕੋਈ ਸ਼ੈ ਨਹੀਂ, ਉਹ ਸਦਾ ਇਕਰਸ ਅਕਾਸ਼ਾਂ ਵਿਚ ਚਮਕਦਾ ਹੈ ਤੇ ਫੇਰ ਪ੍ਰਿਥਵੀ ਵਿਚ ਪ੍ਰਾਣੀ ਮਾਤ੍ਰ ਨਾਲ ਅੰਗ ਸੰਗ ਹੈ, ਤਿਵੇਂ ਸਤਿਗੁਰ ਅਰਸ਼ਾਂ ਦਾ ਅਸਲੀ ਸੂਰਜ ਸਦਾ ਚਮਕਦਾ ਹੈ, ਫੇਰ ਸਾਡੇ ਨਾਲ, ਸਦਾ ਅੰਗ ਸੰਗ ਹੈ। ਧੰਨ ਅਰਸ਼ੀ ਪ੍ਰੀਤਮ, ਜੋ ਹਰ ਸਮੇਂ ਪ੍ਰਤਿਪਾਲਦਾ, ਸ਼ਰਨ ਲਾਉਂਦਾ ਤੇ ਤਾਰਦਾ ਹੈ।

"ਸਭਿ ਥਾਈ ਹੋਹਿ ਸਹਾਇ ॥"

—o—

*ਕੀਰਤਨ ਰੂਪ ਅਰੂਪ ਗੁਰੂ ਦੇ ਦੋਹਾਂ ਰੰਗਾਂ ਵਿਚ ਗੁਰੂ ਨਾਲ ਮੇਲਦਾ ਹੈ, ਇਤਿਹਾਸ ਕੇਵਲ ਰੂਪ ਧਾਰੀ ਗੁਰੂ ਦੀ ਯਾਦ ਤੇ ਉਸ ਦੇ ਕੰਮਾਂ ਦੀ ਯਾਦ ਵਲ ਰੁਖ ਕਰਾਉਂਦਾ ਹੈ।

†ਨਾਮ—ਲਿਵ—ਪਾਪਤੀ।

ਗੁਰਜੋਤਿ –ਕਲਗ਼ੀਧਰ ਮਹਾਰਾਜ– ਕਿੱਥੇ ਗਏ* !

ਸੂਚਨਾ–'ਗੁਰ ਨਾਨਕ ਦੇਵ ਗੋਬਿੰਦ ਰੂਪ' ਤੇ 'ਵਹ ਪ੍ਰਗਟਿਓ ਪੁਰਖ ਭਗਵੰਤ ਰੂਪ' ਦੇ ਗੁਰਵਾਕ ਭਗਤ ਵਾਕਾਂ ਅਨੁਸਾਰ ਸਤਿਗੁਰ ਜੀ ਦਾ ਅਵਤਾਰ ਲੈਣਾ ਤੇ ਜੋਤੀ ਜੋਤਿ ਰਲਣਾ ਇਕੋ ਕ੍ਰਿਸ਼ਮੇ ਹਨ, ਇਲਾਹੀ ਪ੍ਰੇਮ ਦੇ। ਜਿਵੇਂ 'ਅਵਤਾਰ' ਤੇ ਅਸੀਂ ਖੁਸ਼ੇ ਕਰਦੇ ਹਾਂ, ਤਿਵੇਂ 'ਜਜੋਤੀ ਜੋਤ' ਬੀ ਉਸੇ ਤਰ੍ਹਾਂ ਦੇ ਖੁਸ਼ੇ ਦੇਣਹਾਰ ਇਕ ਕੌਤਕ ਸਮਝਣਾ ਚਾਹੀਏ†। ਇਸ ਅਸੂਲ ਮੁਜਬ ਸਾਹਿਬਾਂ ਦੇ 'ਜਜੋਤੀ ਜੋਤ' ਸਮੇਂ ਦਾ ਇਸ ਦੀਮਣਹਾਰ ਚੁੰਧਿਆਉਣ ਵਾਲੇ ਪਰਦੇ ਦੇ ਉਹਲੇ ਜੋ ਕੌਤਕ ਵਰਤਿਆ, ਉਸ ਨੂੰ ਮਾਨੁੱਖੀ ਬੋਲੀ ਤੇ ਕਾਵਤ ਰਸ ਵਿਚ ਅੰਕਤ ਕਰਨ ਦੀ ਇਕ ਮੁਰਤੀ ਇਹ ਹੈ:–

'ਜਗਤ-ਜਾਤਰਾ' ਕਲਗ਼ੀਧਰ ਦੀ ਜਦ ਮੁੱਕੀ ਸੀ ਪਜਾਰੀ
ਕੁਦਰਤ ਨੇ ਤੱਤਾ ਤੋਂ ਪੁੱਛਿਆ– "ਹੈ ਵਜੂਦ ਇਹ ਭਾਰੀ,
"ਕੌਣ ਤੁਸਾਂ 'ਚੋਂ ਕਰੋ ਸੰਭਾਲਨ ਪੈਗ਼ੰਬਰ ਤੇ ਜੋਧਾ,
"ਕਵੀ ਸ਼ਿਰੋਮਣਿ, ਰਸਿਕ ਰਸਾਂ ਦਾ, ਗੁਣ ਸਪੰਨ ਉਪਕਾਰੀ ?"

ਹੱਥ ਧਰੇ ਕੰਨਾਂ ਨੇ ਧਰਤੀ:– "ਮੈਂ ਭਾਰੀ ਤੇ ਮੈਲੀ,
"ਏ 'ਨਾਪਾ ਵਲਵਲਿਆਂ ਵਾਲਾ' ਮੈਂ ਨਾ ਸਕਾਂ ਸੰਭਾਰੀ"।

ਅੱਗ ਕਹੇ:–"ਮੈਂ ਧੂੰਏਂ ਵਾਲੀ, ਤੱਤੀ ਸਾੜਨਹਾਰੀ
"ਝਰਨਾਟਾਂ ਦੇ 'ਜਜੋਤ-ਮੰਡਲ' ਨੂੰ ਛੂਹ ਨਾ ਸਕਾਂ ਨਿਕਾਰੀ।"

ਨੀਰ ਕਹੇ:–"ਮੈਂ ਠੰਢਾ ਤੱਤਾ, ਛਿਨ ਸੁਥਰਾ, ਛਿਨ ਭਰਿਆ‡,
"'ਨੂਰ ਇਲਾਹੀ ਦਾ ਏ ਬੁੱਕਾ§' ਮੈਂ ਸਾਂਭਣ ਤੋਂ ਆਰੀ।"

ਪੌਣ ਕਹੇ–"ਮੈਂ ਖੇਡਾਂ ਘੱਟੇ, ਟਿਕਣ ਨ ਕਿਧਰੇ ਵਾਲੀ,
"ਰਸ-ਕਿਰਨਾਂ ਦਾ ਏਹ ਅਲਾਂਬਾ' ਕਿੱਥੇ ਧਰਾਂ ਲੁਕਾ ਰੀ ?"

ਕਹੇ ਅਕਾਸ਼:–"ਸ਼ੂੰਨ ਮੈਂ ਸਾਰਾ ਇਕ ਹੈ ਹੋਂਦ ਇਲਾਹੀ,
"ਰੂਪ, ਅਰੂਪ ਰਸਾਲ, ਵਿਰਾਗੀ, ਮੈਂ ਨਾ ਸਕਾਂ ਸਮਾ ਰੀ !"

ਤਦੋਂ ਬ੍ਰਹਮ ਤੋਂ ਨਾਦ ਉਤਰਿਆ, ਉਸ ਨੇ ਸਿਰ ਤੇ ਚਾਯਾ:–
"ਬ੍ਰਹਮ ਰੂਪ ਹੈ ਹਸਤੀ ਤੇਰੀ, ਚਲ ਅਪਣੇ ਘਰ ਵਾਰੀ !"

---

*ਇਹ ਗੀਤ ੨੭ ਪੋਹ ਸੰ: ਗੁ: ਨਾ: ੪੬੦ (੧੦ ਜਨਵਰੀ ੧੯੨੯) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ। †ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥ ਤਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥ ‡ਮੈਲਾ। §ਘਰ।

ਸੂਚਨਾ–ਸ੍ਰੀ ਗੁਰੂ ਜੀ ਦੇ ਕਈ ਇਕ ਭਵਰੇ ਜੋ ਗੁਰੂ ਜੀ ਦੇ ਸਮੇਂ ਹੋਏ ਤੇ ਕਿਵੇਂ ਕਿਵੇਂ ਓਹਨਾਂ ਦੇ ਦੁਆਰੇ ਆ ਗੁੰਜਾਰੇ ਉਨ੍ਹਾਂ ਦੇ ਜੀਵਨ ਝਾਕੇ, ਪਿਛਲੇ ਵਰਿਹਾਂ ਵਿਚ ਅੱਡ ਅੱਡ ਸਮਿਆਂ ਤੇ ਅੰਕਿਤ ਹੁੰਦੇ, ਛਪਦੇ ਤੇ ਪਰਚਾਰ ਪਾਉਂਦੇ ਰਹੇ ਹਨ, ਓਹ ਲਗ ਪਗ ਸਾਰੇ ਇਸ ਸੰਚਯ ਵਿਚ ਪਿਛੇ ਆ ਗਏ ਹਨ। ਹੁਣ ਇਸ ਥਾਵੇਂ ਸ੍ਰੀ ਗੁਰੂ ਜੀ ਦੇ ਸ੍ਰੱਤ, ਸ੍ਵੈਤੇਜ ਤੇ ਸ੍ਵਤੇ ਪ੍ਰਕਾਸ਼ ਪ੍ਰਭਾਵ, ਸ਼ੁਭ ਗੁਣ, ਕੀਰਤ ਕਰਨੀਆਂ, ਕਮਾਲਾਂ ਤੇ ਖੂਬੀਆਂ ਸੰਬੰਧੀ ਜੋ ਖਿਆਲ ਕਦੇ ਕਦੇ ਲਿਖੀਂਦੇ ਰਹੇ, ਅਗਲੇ ਪੰਨਿਆਂ ਵਿਚ ਆਉਣਗੇ:–

(ਅ)

ਪ੍ਰਭਾਵਸ਼ਾਲੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ।

ਕੀਰਤਿ ਕਰਨੀਆਂ, ਕਮਾਲ ਅਤੇ ਆਦਰਸ਼।

੯੬. ਕਲਗ਼ੀਆਂ ਵਾਲੇ ਦੇ ਕਮਾਲ*।

"ਵਹ ਪ੍ਰਗਟਿਓ ਮਰਦ ਅਗੰਮੜਾ ਵਰਿ-
ਯਾਮ ਅਕੇਲਾ ॥"

ਜੀ ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਮਾਲ ਉਪਰ ਇਕ ਵਿਦਵਾਨ, ਪੰਡਤ ਤੇ ਕਵੀ ਆਖਦਾ ਹੈ: -

"ਵਹ ਪ੍ਰਗਟਿਓ ਮਰਦ ਅਗੰਮੜਾ
ਵਰਿਯਾਮ ਅਕੇਲਾਂ ॥"

ਉਹ ਪ੍ਰਗਟ ਹੋਇਆ ਹੈ ਜੋ ਪੂਰਾ ਮਰਦ ਹੈ, ਜਿਸ ਦੀ ਗਤੀ ਨੂੰ ਸਮਝਣਾ ਕਠਨ ਹੈ, ਜੋ ਐਸੇ ਦਰਜੇ ਦਾ ਵਰਿਆਮ ਹੈ ਕਿ ਜਿੱਥੇ ਇੱਕੋ ਉਹ ਪੁੱਜਾ ਹੈ,ਉਹ ਆਪ ਇਕੱਲਾ ਉਸ ਦਰਜੇਦਾਵਰਿਆਮ ਹੈ।

ਇਕ ਦੂਸਰੇ ਫਾਰਸੀ ਤੇ ਅਰਬੀ ਜ਼ੁਬਾਨ ਦੇ ਫਾਜ਼ਲ ਅਰ ਕਵੀ ਅੱਖੀਂ ਦੇਖਦੇ ਤੇ ਉਸ 'ਵਰਿ-ਆਮ ਇਕੇਲਾ' ਦੀ ਸ਼ਾਨ ਵਿਚ ਆਖਦੇ ਹਨ:-

ਤਵੱਕਲ ਉਲ ਮਤਵੱਕਲੂਨ ।
ਕਮਾਲ ਉਲ ਮੁਕਲਮੂਨ‡ ।

ਅਰਥਾਤ-ਪਰਮੇਸ਼ੁਰ ਤੇ ਭਰੋਸੇ ਵਾਲਿਆਂ ਦਾ ਤਕੀਆ ਕਲਗ਼ੀਆਂ ਵਾਲਾ ਹੈ ਅਰ ਕਾਮਲਾਂ ਨੂੰ ਕਮਾਲ ਆਪ ਤੋਂ ਪ੍ਰਾਪਤ ਹੋਇਆ ਹੈ।

ਤੇ ਉਸ ਦਾਤੇ ਵਿਚ ਕਮਾਲਾਂ ਦਾ ਕਮਾਲ ਦੇਖ ਕੇ ਦੁਆ ਕਰਦੇ ਹਨ:-

ਲਾਲ ਰਾ ਸਰ ਬਪਾਇ ਸ਼ਾਂ ਬਾਦਾ ।
ਸਰ ਖੁਸ਼ ਅੰਦਰ ਸਨਾਇ ਸ਼ਾਂ ਬਾਦਾ§।

ਅਰਥ-ਨੰਦ ਲਾਲ ਦਾ ਸਿਰ ਉਸ (ਕਮਾਲ) ਦੇ ਪੈਰਾਂ ਵਿਚ ਰਹੇ ਤੇ ਸਿਰ ਉਸ ਦੀ ਸਿਫਤ ਸਲਾਹ ਵਿਚ ਪ੍ਰਸੰਨ ਰਹੇ। ਫਿਰ ਕਹਿੰਦੇ ਹਨ:-

ਬਰਤਰ ਅਜ਼ ਹਰ ਕਦਰ ਗੁਰ ਗੋਬਿੰਦ ਸਿੰਘ ।
ਜਾਵਿਦਾਨੀ ਸਦਰ ਗੁਰ ਗੋਬਿੰਦ ਸਿੰਘ ।
ਸ਼ਾਮਲਉੱਸ਼ਫਾਕ ਗੁਰ ਗੋਬਿੰਦ ਸਿੰਘ ।
ਕਾਮਲੇ ਇਖ਼ਲਾਕ ਗੁਰ ਗੋਬਿੰਦ ਸਿੰਘ‡ ।

ਅਰਥਾਤ-ਬਹੁਤ ਉੱਚਾ ਹਰ ਅੰਦਾਜ਼ੇ ਤੋਂ ਗੁਰੂ ਗੋਬਿੰਦ ਸਿੰਘ,ਸਦਾ ਦਾ ਪ੍ਰਧਾਨ ਗੁਰੂ ਗੋਬਿੰਦਸਿੰਘ, ਨਿਹਾਇਤ ਪਿਆਰ ਵਾਲੇ ਗੁਰੂ ਗੋਬਿੰਦ ਸਿੰਘ। ਪੂਰਾ ਇਖ਼ਲਾਕ (ਸਦਾਚਾਰੀ) ਵਾਲਾ ਗੁਰੂ ਗੋਬਿੰਦ ਸਿੰਘ।

ਬਰ ਦੋ ਆਲਮ ਦਸਤਿ ਗੁਰ ਗੋਬਿੰਦ ਸਿੰਘ ।
ਜੁਮਲਾ ਉਲਵੀ ਪਸਤ ਗੁਰ ਗੋਬਿੰਦ ਸਿੰਘ§ ।

ਅਰਥਾਤ-ਉੱਪਰ ਦੋ ਜਹਾਨਾਂ ਦੇ ਹੱਥ ਗੁਰੂ ਗੋਬਿੰਦ ਸਿੰਘ ਜੀ ਦਾ, ਸਮੂਹ ਉੱਚੇ ਨੀਵੇਂ ਹਨ ਗੁਰੂ ਗੋਬਿੰਦ ਸਿੰਘ ਜੀ ਅੱਗੇ।

ਪੁਨਾ:-ਕਮਾਲ-ਉਲ੍ ਕਮਾਲਾ ਤੋ ਫ਼ਰੁੱਖਸ਼ਯਮ
ਤਮੀਮੁਲ ਫਜ਼ਾਲਾਤੋ ਵਾਫ਼ਰ ਨਿਅੱਮ() ।

ਅਰਥ-ਗੁਰੂ ਗੋਬਿੰਦ ਸਿੰਘ ਕਮਾਲਾਂ ਦਾ ਕਮਾਲ ਹੈ ਤੇ ਮੁਬਾਰਕ ਸੁਭਾਵ ਵਾਲਾ ਹੈ, ਸਾਰੀਆਂ ਬਜ਼ੁ-ਰਗੀਆਂ ਦੀ ਪੂਰਣਤਾ ਹੈ ਤੇ ਬੇਹੱਦ ਨੇਕੀਆਂ ਵਾਲਾ ਹੈ। ਪੁਨਾ:-

ਚਿ ਅਰਜਨ ਚਿ ਭੀਮੋ ਚਿ ਰੁਸਤਮ ਚਿ ਸ਼ਾਮ ।
ਚਿ ਅਸਫੰਦ ਯਾਰੋ ਚਿ ਲਛਮਨ ਚਿ ਰਾਮ() ।

ਅਰਥ-ਕੀਹ ਚੀਜ਼ ਹਨ ਅਰਜਨ, ਭੀਮ, ਰੁਸ-ਤਮ, ਸ਼ਾਮ, ਅਸਫੰਦ ਯਾਰ, ਲਛਮਨ ਤੇ ਰਾਮ (ਵਰਗੇ ਬਹਾਦੁਰ) ਗੁਰੂ ਗੋਬਿੰਦ ਸਿੰਘ ਜੀਦੇ ਅੱਗੇ।

ਹਜ਼ਾਰਾਂ ਮਹੇਸ਼ੋ ਹਜ਼ਾਰਾਂ ਗਨੇਸ਼। ਬਪਾਯਸ਼ ਨਿਹਾਦਹ ਸਰੇ ਇਜਜ਼ ਖਸ਼। ਹਜ਼ਾਰਾਂ ਅਲੀ ਓ ਹਜ਼ਾਰਾਂ ਵਲੀ। ਬਪਾਯਸ਼ ਨਿਹਾਦਹ ਸਰੇ ਸਰਵਰੀ()।

ਅਰਥ-ਹਜ਼ਾਰਾਂ ਸ਼ਿਵਾਂ ਤੇ ਗਣੇਸ਼ਾਂ ਨੇ ਨਿੰਮ-

---

*ਇਹ ਲੇਖ ੨੩ ਪੋਹ ਸੰ: ਕ: ਨਾ: ਸ: ੪੪੭ (੬ ਜਨਵਰੀ ੧੯੧੬) ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ। †ਭਾਈ ਗੁਰਦਾਸ ਜੀ ਦੂਜੇ। ‡ਭਾਈ ਨੰਦ ਲਾਲ 'ਸਿਫਤੇ ਸਨਾ' ਵਿਚ।
§ਭਾਈ ਨੰਦ ਲਾਲ 'ਰੰਜ ਨਾਮੇ' ਵਿਚ। ()ਭਾਈ ਨੰਦ ਲਾਲ 'ਜੋਤ ਵਿਕਾਸ' ਫਾਰਸੀ ਵਿਚੋਂ।

ਰਤਾ ਨਾਲ ਓਹਨਾਂ ਦੇ ਚਰਨੀ ਸਿਰ ਧਰਿਆ ਹੈ। (ਇਸੇ ਤਰ੍ਹਾਂ) ਹਜ਼ਾਰਾਂ ਔਲੀਆਂ (ਭਾਵ ਪੈਗ਼ੰਬਰਾਂ) ਤੇ ਵਲੀਆਂ (ਫਕੀਰਾਂ) ਨੇ ਸ਼ਰਨ ਲਈ ਹੋਈ ਹੈ।

[ਕਮਾਲ ਜੀਉਂਦੇ ਜੀ ਮੰਨੇ ਗਏ]

ਵਿਦਵਾਨਾਂ ਖੋਜ ਵਾਲਿਆਂ ਅੱਖੀਂ ਵੇਖ ਕੇ ਜਿਸ ਦੇ ਕਮਾਲਾਂ ਦਾ ਇਕਰਾਰ ਕੀਤਾ ਤੇ ਆਪਣੀਆਂ ਸਿੱਧੀਆਂ ਧੌਣਾਂ ਜਿਸ ਅੱਗੇ ਨਿਵਾਈਆਂ, ਉਸ ਪਿਆਰੇ ਪ੍ਰੀਤਮ ਸਾਹਿਬ ਕਮਾਲ ਕਲਗੀਆਂ ਵਾਲੇ ਦਾ ਵਜੂਦ ਓਹਨਾਂ ਨੇ ਸਭ ਤੋਂ ਉੱਚਾ ਪਾਇਆ ਤੇ ਇਸ ਉੱਚਤਾ ਦਾ ਇਕਰਾਰ ਕੀਤਾ। ਓਹਨਾਂ ਦਾ ਇਹ ਇਕਰਾਰਇਕ ਇਤਿਹਾਸਕ ਸਬੂਤ ਹੈ ਕਿ ਆਪਣੇ ਜੀਵਨ ਵਿਚ ਗੁਰੂ ਗੋਬਿੰਦ ਸਿੰਘ ਜੀ ਕਾਮਲਾਂ ਦੇ ਕਾਮਲ ਮੰਨੇ ਗਏ ਹਨ। ਇਉਂ ਨਹੀਂ ਕਿ ਸਮੇਂ ਨੇ ਬੀਤ ਬੀਤਕੇ ਉਨ੍ਹਾਂ ਦੀ ਕੀਰਤੀ ਵਧਾਈ, ਪਰ ਇਉਂ ਕਿ ਆਪਣੇ ਸਮੇਂ ਵਿਚ ਹੀ ਓਹਨਾਂ ਦੇ ਕਮਾਲ ਸ਼ਿਖਰ ਦੇ ਕਮਾਲ ਮੰਨੇ ਗਏ ਅਰ ਕਮਾਲਾਂ ਨੇਆਕੇਉਨ੍ਹਾਂਦੇ ਦਰਤੇ ਸਿਜਦੇ ਕੀਤੇ।

ਗੁਰ ਨਾਨਕ ਤੇ ਦਸੋਂ ਗੁਰੂ ਜੀ
ਇਕ ਜੋਤ, ਇਕ ਕਮਾਲ

ਜੇ ਅਸੀਂ ਗੁਰੂ ਨਾਨਕ ਦੇਵ ਜੀ ਵੱਲ ਦੇਖੀਏ। ਜਿਨ੍ਹਾਂਨੇਕੁਲ ਸੰਸਾਰਦੇ ਵੱਡਿਆਂ ਤੋਂ ਉਚੇਰੇ ਕਮਾਲ ਕੀਤੇ* ਤਾਂ ਅਸੀਂ ਗੁਰ ਨਾਨਕ ਵਿਚ ਇਨਸਾਨੀ ਰੱਬੀ ਕਮਾਲ ਉਨ੍ਹਾਂ ਦੇ ਆਪਣੇ 'ਇਖਲਾਕੀ ਤੇ ਰੂਹਾਨੀ ਜੀਵਨ ਵਿਚ' ਤੇ 'ਇਹ ਜੀਵਨ ਹੋਰਨਾਂ ਵਿਚ ਪੈਦਾ ਕਰਨ ਵਿਚ' ਸਭ ਤੋਂ ਉੱਚੇ ਦੇਖ ਚੁਕੇ ਹਾਂ। ਹਾਂ ਉਨ੍ਹਾਂ ਦੇ ਪਵਿੱਤਰ ਜੀਵਨ ਵਿਚ, ਉਨ੍ਹਾਂ ਦੇ ਆਪਣੇ ਅੰਦਰਲੇ ਦੇ ਹਰ ਛਿਨ –ਲਗਾਤਾਰ–ਅਨੰਤ ਵਿਚ ਲਗੇ ਰਹਿਣ ਵਿਚ ਅਰ ਦੂਸਰਿਆਂ ਦੇ ਦਿਲਾਂ ਨੂੰ ਇਕੁਰ ਲਾ ਦੇਣ ਵਿਚ ਪ੍ਰਤੱਖ ਚੋਟੀ ਦਾ ਕਮਾਲ ਅਸਾਂ ਦੇਖਿਆ। ਓਹਨਾਂ ਦਾ ਕਮਾਲ ਦਸੋ ਪਾਤਸ਼ਾਹੀਆਂ ਵਿੱਚ ਮੌਜੂਦ ਹੈ। ਹਰ ਪਾਤਸ਼ਾਹੀ ਨੇ ਇਸ 'ਲਗਾਤਾਰ ਅਨੰਤੀ ਲਗਾਉ' ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੋਲੀ ਵਿੱਚ 'ਲਿਵ' ਨੂੰ ਉਸੀ ਤਰ੍ਹਾਂ ਕਮਾਇਆ ਉਸੀ ਤਰ੍ਹਾਂ ਦੂਸਰਿਆਂ ਵਿਚ ਲਗਾ ਕੇ ਪ੍ਰਤੱਖ ਦਿਖਾਇਆ, ਗੋਯਾ ਦਸੋਂ ਸਰੂਪ ਇਸ ਕਮਾਲਾਂ ਦੇ ਕਮਾਲ ਦੀਆਂ ਦਸ ਮੂਰਤਾਂ ਹਨ, ਜਿਨ੍ਹਾਂ ਵਿਚ ਸੀਰਤ ਇਕ ਹੈ, ਸੂਰਤ ਜੁਦਾ ਜੁਦਾ ਹੈ; ਜੋਤ ਇਕ ਹੈ, ਰੂਪ ਵਖ ਵਖ ਹਨ।

ਦਸ ਬਾਜੇ ਬਜਦੇ ਹਨ, ਬੀਨ, ਮਧਮ,ਸਾਰੰਗੀ, ਰਬਾਬ, ਸਰੰਦਾ, ਸਰੋਦਾ, ਤਾਊਸ, ਦਿਲਰੁਬਾ, ਅਸਰਾਜ, ਦੁਤਾਰਾ, ਸਾਰੇ ਆਸਾ ਰਾਗ ਦੀ ਇਕ ਤਰਜ਼ ਗਾਉਂ ਰਹੇ ਹਨ। ਹੁਣ ਦਸਾਂ ਵਿਚ ਤੁਸੀਂ ਇਕ ਯਕਰੰਗੀ ਵੇਖੋਗੇ ਅਰ ਫਿਰ ਆਪ ਨੂੰ ਦੱਸੇ ਵਾਜੇ ਆਪਣਾ ਜੁਦਾ ਜੁਦਾ ਸਰੂਪ ਭੀ ਦਿਖਾਲਣਗੇ। ਜਿੱਕੂੰ ਇਨ੍ਹਾਂ ਵਿਚ ਇਕ ਚੀਜ਼ ਦੇ ਵੱਜਣ ਦੀ ਇਕੋ ਸੁਰ ਤਾਰ ਲੈ ਵਿਚ ਯਕਰੰਗੀ ਹੈ ਤੇ ਫੇਰ ਸਰੂਪਾਂ ਦੀ ਬਹੁਰੰਗੀ ਹੈ, ਇਸਤਰ੍ਹਾਂ ਦਸਾਂ ਸਤਿਗੁਰਾਂ ਦੇ ਵਜੂਦ ਦਸੇ ਹਨ, ਪਰ ਕਮਾਲ ਇਕ ਹੈ, ਜੋਤਿ ਇਕ ਹੈ, ਤਾਰ, ਸੁਰ, ਲੈ, ਰਾਗ, ਧਾਰਨਾ ਇਕੋ ਹੈ। ਹਾਂ,ਇਸ ਖ਼ੂਬੀ ਨੂੰ, ਇਸ ਅਸਲੀਅਤ ਨੂੰ, ਅਰਥਾਤ ਇਸ ਲਗਾਤਾਰ ਲਗਨ ਨੂੰ, ਇਸ 'ਲਿਵ' ਨੂੰ ਦੂਸਰਿਆਂ ਦੇ ਅੰਦਰ ਲਗਾ ਦੇਣ ਦੇ ਕੰਮ ਵਿਚ, ਸਮੇਂ ਅਨੁਸਾਰ ਮੁਸ਼ਕਲਾਂ ਹੱਲ ਕਰਨ ਵਿਚ ਹੋਰ ਹੋਰ ਕਮਾਲਾਂ ਦੀ ਲੋੜ ਪੈਂਦੀ ਰਹੀ, ਜਿਸ ਵਿਚ ਦਸੋਂ ਸਤਿਗੁਰੂ ਕਮਾਲ ਦਿਖਾਉਂਦੇ ਰਹੇ। ਦਸਾਂ ਦਾ ਕਮਾਲ ਇਹ ਹੈ ਕਿ 'ਨਾਨਕ ਕਮਾਲ' ਵਿਚ 'ਨਾਨਕ' ਵਰਗੇ ਰੂਰੂ ਹੋ ਕੇ ਵਰਤੇ, ਕੋਈ ਫਰਕ ਨਹੀਂ ਪਿਆ। ਫਿਰ ਸਮੇਂ ਸਮੇਂ ਦੀ ਲੋੜ ਤੇ ਮੁਸ਼ਕਲਾਂ ਵਿਚ ਇਸ ਕਮਾਲ ਨੂੰ ਕਾਇਮ ਰੱਖਣ ਤੇ ਪ੍ਰਚਾਰਣ ਵਿਚ ਇਨ੍ਹਾਂ ਲੋੜਾਂ ਤੇ ਮੁਸ਼ਕਲਾਂ ਦੇ ਹੱਲ ਕਰਨ ਵਿਚ ਆਪੋ ਅਪਣਾ ਕਮਾਲ ਕਰਦੇ ਰਹੇ।

ਅਰਸ਼ੀ ਵਿਦਯਾ, ਅਰਸ਼ੀ ਉਨਰ,
ਅਰਸ਼ੀ ਕਾਰੀਗਰੀ

੧. ਫਿਲਸਫੇ ਦੇ ਨੁਕਤੇ ਤੋਂ ਇਸ 'ਲਿਵ' ਦੀ ਸਾਰੀ ਸਮਝ ਨੂੰ, ਇਸਦੇ 'ਅਰੂਪ, ਅਦੇਸ਼, ਅਕਾਲ, ਅਕਾਰਣ' ਪਾਰਲੇ ਸਿਰੇ ਦੇ ਅਨੁਭਵ ਤੋਂ ਲੈਕੇ ਸਾਡੇ ਦਿਲਾਂ ਤਕ ਇਸ ਸਿਰੇ ਵੱਲ ਇਸਦੇ ਸਰੂਪ 'ਦੇਸ਼,ਕਾਲ, ਕਾਰਣ ਵਾਲੇ ਮਨ' ਦੀ ਸਾਰੀ ਸਮਝ ਨੂੰ, ਜੋ ਪੂਰਨ ਰੂਪ ਵਿਚ ਦਸਾਂ ਹੀ ਸਤਿਗੁਰਾਂ ਵਿਚ ਸੀ, ਲਿਵ ਦੀ ਵਿਦਯਾ ਕਹਿਣਾ ਚਾਹੀਏ। ਅਸੀਂ ਇਸ ਨੂੰ 'ਅਰਸ਼ੀ ਵਿਦਯਾ' ਕਹਾਂਗੇ। ਇਹ ਵਿਦਯਾ

*ਦੇਖੋ 'ਸਭ ਤੇ ਵਡਾ ਸਤਿਗੁਰੁ ਨਾਨਕੁ' ਗੁਰ ਨਾਨਕ ਚਮਤਕਾਰ ਦਾ ਲੇਖ।

'ਕਰਤੇ' ਦੀ ('ਸਾਖੀ' ਦੀ, 'ਅੰਦਰਲੇ' ਦੀ ਯਾ 'ਜਾਣਨਹਾਰ' 'ਦ੍ਰਿਸ਼ਟਾ' 'ਦੇਖਣਹਾਰ' ਦੀ) ਅਤੇ 'ਅਨੰਤ' ਜੀ ਦੀ ਵਿਦਯਾ ਹੈ। ਇਹ ਦ੍ਰਿਸ਼ਟਮਾਨ ਦਿੱਸਣ ਵਾਲੇ ਪਦਾਰਥਾਂ ਦੀ ਵਿਦਯਾ ਨਹੀਂ, ਪਰ ਦ੍ਰਿਸ਼ਟਮਾਨ ਨੂੰ ਦੇਖਣ ਵਾਲੇ 'ਦ੍ਰਿਸ਼ਟਾ' ਦੀ ਤੇ ਉਸ ਤੋਂ ਅਗੇ 'ਅਨੰਤ' ਦੀ।

੨. ਇਸ ਵਿਦਯਾ ਦੀ ਅਪਣੀ ਹਰ ਬਾਰੀਕੀ ਤੇ ਵਿਸਥਾਰ ਵਿਚ, ਕਮਾਲ ਦੇ ਦਰਜੇ ਦਾ ਸਤਿਗੁਰੂ ਦੇ ਅੰਦਰ ਹੋਣਾ, ਅਰਥਾਤ ਇਸ ਲਗਾਤਾਰੀ ਲਗਾਉ ਦਾ 'ਇਸ ਅੰਦਰਲੇ ਦੇ ਹਰਦਮੀ ਝੁਕਾਉ ਤੇ ਲਗਨ' ਦੀ 'ਅਨੰਤ' ਵੱਲ ਸੱਚ ਮੁਚ ਪ੍ਰਾਪਤ ਤੇ ਵਰਤੋਂ ਵਿਚ ਆਇਆ 'ਰੁਖ ਤੇ ਮੇਲ' ਦਾ ਯਾ ਐਉਂ ਕਹੋ ਕਿ 'ਵਾਹਿਗੁਰੂ' ਨਾਲ 'ਲਿਵ' ਦਾ ਸਤਿਗੁਰਾਂ ਦੇ ਅੰਦਰ ਕਮਾਲ ਰੂਪ ਵਿਚ ਹੋਣਾ ਇਹ ਦ੍ਰਿਸ਼ਟਾ ਪੱਖ ਦਾ ਸੂਖਮ ਉਨਰ ਹੈ, ਅਸੀਂ ਇਸ ਨੂੰ 'ਅਰਸ਼ੀ ਉਨਰ' ਕਹਾਂਗੇ।

੩. ਇਸ 'ਅਨੰਤ ਵਿਚ ਇਕ ਰਸ ਅਖੰਡ ਲਗਾਉ' ਨੂੰ ਦੂਸਰਿਆਂ ਦੇ ਅੰਦਰ ਲਾ ਦੇਣਾ ਅਰਥਾਤ 'ਲਿਵ' ਦਾ 'ਲਿਵ ਹੀਨਾਂ' ਦੇ ਮਨ ਵਿਚ ਲਾ ਦੇਣਾ। ਤ੍ਰਿਸ਼ਨਾ ਨਾਲ ਮੈਲੇ ਦਿਲਾਂ ਦੇ ਤਖਤੇ ਧੋ ਸਿੱਟਣੇ ਤੇ ਉਨ੍ਹਾਂ ਉੱਤੇ ਰੱਬੀ ਮੂਰਤ ਖਿੱਚ ਦੇਣੀ ਤੇ ਉਸ ਰੱਬੀ ਮੂਰਤ ਵਿਚ ਅੰਦਰਲੇ ਦੀ ਮਗਨਤਾ ਕਰਾ ਦੇਣੀ, ਦ੍ਰਿਸ਼ਟਾ ਦੇ ਪੱਖ ਦੀ ਕਾਰੀਗਰੀ ਹੈ। ਅਸੀਂ ਇਸ ਨੂੰ 'ਅਰਸ਼ੀ ਕਾਰੀਗਰ' ਕਹਾਂਗੇ। ਦਸਾਂ ਹੀ ਸਤਿਗੁਰਾਂ ਨੇ ਇਸ ਉੱਪਰ ਕਹੀ (੧) 'ਅਰਸ਼ੀ ਵਿਦਯਾ', (੨) 'ਅਰਸ਼ੀ ਉਨਰ' ਤੇ (੩) 'ਅਰਸ਼ੀ ਕਾਰੀਗਰੀ' ਵਿਚ ਕਮਾਲ ਕੀਤਾ ਹੈ, ਅਰਥਾਤ ਓਹ ਜਾਣਦੇ ਸਨ, ਓਹ ਇਸ ਵਿਦਯਾ ਦੀ ਵਰਤੋਂ ਯਾ ਅਮਲ ਵਿਚ ਕਮਾਲ ਤੇ ਟਿਕੇ ਹੋਏ ਸਨ ਤੇ ਹੋਰਨਾਂ ਨੂੰ ਇਹ ਵਿਦਯਾ ਦਾਨ ਕਰਦੇ ਤੇ ਅਮਲ ਵਿਚ ਲਿਆ ਦੇਂਦੇ ਤੇ ਇਸ ਪਰ ਟਿਕਾਦੇਂਦੇ ਸਨ। ਵਿਦਯਾ, ਉਨਰ, ਕਾਰੀਗਰੀ, ਇਹ ਤਿੰਨੇ ਲਿਵ ਦੇ ਕਮਾਲ ਓਹਨਾਂ ਦੇ ਰੂਹਾਨੀ ਕਮਾਲ ਸਨ—ਰੱਬੀ ਕਮਾਲ ਸਨ।

ਰੂਹਾਨੀ ਜੀਵਨ ਤੋਂ ਹੇਠਾਂ ਇਖ਼ਲਾਕੀ ਜੀਵਨ ਹੈ। ਇਹ ਮਾਨੋ ਨੀਂਹ ਹੈ ਰੂਹਾਨੀਅਤ ਦੀ। ਇਸ ਦੀ ਗਜ਼ਾਤ ਸਤਿਗੁਰਾਂ ਵਿਚ ਕਮਾਲ ਦੀ ਸੀ, ਇਸ ਤੇ ਅਪਣਾ ਅਮਲ ਕਮਾਲ ਦਾ ਸੀ, ਤੇ ਦੂਸਰਿਆਂ ਵਿਚ ਇਸ ਦੀ ਰਜ਼ਾਤ ਤੇ ਅਮਲ ਦੀ ਨਾਂਹ ਪਾ ਦੇਣੀ ਇਹ ਵੀ ਕਮਾਲ ਦਾ ਰੁਣ ਆਪ ਵਿਚ ਸੀ। ਅਰਥਾਤ (੧) ਇਖ਼ਲਾਕੀ ਵਿਦਯਾ, (੨) ਆਪ ਇਖ਼ਲਾਕ ਵਿਚ ਆਦਰਸ਼ਕ ਜੀਵਨ ਬਸਰ ਕਰਨਾ ਤੇ (੩) ਦੂਸਥਿਆਂ ਦੇ ਇਖ਼ਲਾਕ ਨੂੰ ਸੁਧਾਰਨਾ, ਤਿੰਨੇ ਇਖ਼ਲਾਕੀ ਕਮਾਲ ਭੀ ਓਹਨਾਂ ਵਿਚ ਕਮਾਲ ਤੇ ਸਨ।

ਤਿੰਨੇ ਇਖ਼ਲਾਕੀ ਕਮਾਲ ਤੇ ਤਿੰਨੇ ਰੂਹਾਨੀ ਕਮਾਲ ਓਹਨਾਂ ਨੇ ਆਪਣੇ ਵਜੂਦ ਵਿਚ ਇਕੱਠੇ ਕਰ ਦਿਖਾਏ ਤੇ ਦੂਸਰਿਆਂ ਵਿਚ ਪਾਏ, ਇਹ ਓਹਨਾਂ ਵਿਚ ਚੋਟੀ ਦਾ ਕਮਾਲ, ਸਿਰ ਕਮਾਲਾਂ ਦੇ ਕਮਾਲ ਸੀ।

[ਰੂਹਾਨੀ ਜ਼ਿੰਦਗੀ]

ਇਖ਼ਲਾਕ ਦਾ ਕਮਾਲ ਇਨਸਾਨ ਲਈ ਕਾਫੀ ਨਹੀਂ, ਇਸ ਨਾਲ ਕੇਵਲ ਇਨਸਾਨੀ ਹਿੱਸਾ ਉੱਨਤ ਹੁੰਦਾ ਹੈ—ਅਕਲੀ ਹਿੱਸਾ ਉੱਚਾ ਹੁੰਦਾ ਹੈ; ਪਰ ਵਲਵਲੇ ਦਾ ਹਿੱਸਾ, ਉੱਚੇ ਤੇ ਸੂਖਮ ਵਲਵਲਿਆਂ ਵਾਲੀ ਅੰਦਰਲੀ ਅਸਲੀਅਤ ਅਪੂਰਨ ਰਹਿ ਜਾਂਦੀ ਹੈ, ਉਸ ਨੂੰ ਉੱਨਤ ਕਰਨ ਲਈ ਰੂਹਾਨੀ ਕਮਾਲ ਦੀ ਲੋੜ ਹੈ! ਆਪੇ ਦਾ ਵਾਹਿਗੁਰੂ ਨਾਲ ਮੇਲ ਇਸ ਪੱਖ ਦਾ ਕੰਮ ਹੈ, ਇਸ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ ਤੁਕ ਵਿਚ 'ਨਾਮ ਸਿਮਰਨ' ਤੇ 'ਯਾਦ' ਦੇ ਉਪਦੇਸ਼ ਹਨ, 'ਏਕਾਗ੍ਰਤਾ' ਤੇ 'ਖੇੜਾ' ਨਾਲ 'ਰਜ਼ਾ' 'ਅਰਦਾਸ' 'ਕੀਰਤਨ' ਤੇ 'ਬਾਣੀ' ਦੇ ਉਪਦੇਸ਼ ਹਨ।

ਦੁਨੀਆਂ ਵਿਚ ਅਕਲੀ ਹਿੱਸਾ ਅਰਥਾਤ ਦਿਮਾਗੀ ਹਿੱਸਾ ਤੁੱਕੀ ਕਰਕੇ ਅਕਸਰ ਇਖ਼ਲਾਕ ਦੀ ਉਨਤ ਬੁਨਤ ਵਿਚ ਅਟਕ ਜਾਂਦਾ ਹੈ ਤੇ ਰੱਬੀ ਪਾਸੇ (ਰੂਹਾਨੀਅਤ ਵਲ) ਨਹੀਂ ਉੱਠਦਾ। ਕਈ ਵੇਰ ਫੇਰ ਇਸ ਅਕਲੀ ਹਿੱਸੇ ਨੇ ਰੱਬ ਤੇ ਰੱਬੀ ਰੂਹਾਨੀਯਤ ਨੂੰ ਬੇਅਬਮੀ ਨਾਲ ਮਖੌਲ ਕੀਤੇ ਹਨ ਤੇ ਮਜ਼ਹਬ ਵਿਚੋਂ ਇਸ ਹਿੱਸੇ ਨੂੰ ਦੂਰ ਕਰਨ ਦਾ ਯਤਨ ਬੀ ਕੀਤਾ ਹੈ, ਇਸ ਕਰਕੇ ਸਤਿਗੁਰ ਨੇ ਬਾਣੀ ਵਿਚ 'ਨਾਮ' ਤੇ 'ਲਿਵ' ਦੀਆਂ ਕੋਇਲ ਕੂਕਾਂ ਦਿੱਤੀਆਂ ਹਨ, ਅਤੇ ਖੋਲ੍ਹ ਖੋਲ੍ਹ ਕੇ ਦੱਸਿਆ ਹੈ:—

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੇ॥[ਸੂਹੀ ਮ: ੫

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਭੁਲੇਖਾ ਕਦੇ ਨਹੀਂ ਪੈ ਸਕਦਾ ਕਿ ਸਤਿਗੁਰ ਜੀ ਦੀ ਤਾਲੀਮ 'ਲਿਵ' ਦੀ ਨਹੀਂ ਹੈ, ਯਾ ਲਿਵ ਕਦੇ ਇਖ਼ਲਾਕ ਤੋਂ ਸਦਕੇ ਕੀਤੀ ਜਾ ਸਕਦੀ ਹੈ। ਅਰਥਾਤ ਨਿਰਾ ਇਖ਼ਲਾਕ ਲਿਵ ਦੀ ਅਵੱਸ਼ਕਤਾ ਨੂੰ ਦੂਰ ਨਹੀਂ ਕਰ ਸਕਦਾ । ਇਖ਼ਲਾਕ ਦੀ ਕਾਠੀ ਬੇਰੀ ਪਰ ਲਿਵ ਦੀ ਸੋਊਬੇਰੀ ਪੈਵੰਦ ਕਰਨੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਲੀਮ ਹੈ।

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥ਦੇਹ ਨਿਮਾਣੀ ਲਿਵੈ ਬਾਝੁ ਕਿਆ ਕਰੇ ਵੇਚਾਰੀਆ ॥ [ਮ: ੩

ਗੱਲ ਕੀ, ਜਦੋਂ ਸਤਿਗੁਰਾਂ ਨੇ ਇਹ ਗੱਲ ਵਰਤੀ ਕਿ ਆਪਣੀ 'ਪਵਿੱਤ੍ਰਤਾ' ਅਰ 'ਲਿਵ' ਦੇ ਉਨਰ ਨੂੰ ਕਾਰੀਗਰੀ ਵਿਚ ਆਂਦਾ ਤੇ ਮਨੁੱਖਾਂ ਦੇ ਦਿਲਾਂ ਪਰ ਇਹ ਰੱਬਾਨੀ (ਵਾਹਿਗੁਰਾਨੀ) ਮੂਰਤਾਂ ਖਿੱਚ ਦਿੱਤੀਆਂ ਤਾਂ ਇਹ ਮਨੁੱਖ ਜੀਉ ਉੱਠੇ:–

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥

[ਪੰਥਕ ਜੀਵਨ ਲੋੜਾਂ ਤੇ ਮੁਸ਼ਕਲਾਂ]

ਗੁਰੂ ਜੀਦੇ ਜੀਅ ਦਾਨ ਦੇਣ ਨਾਲ ਏਹ ਜੀ ਉਠੇ ਬਹੁਤੇ ਹੋ ਗਏ ਤੇ 'ਇੱਕ' ਦੇ ਪ੍ਰੇਮੀ ਹੋਣ ਕਰਕੇ ਆਪੇ ਵਿਚ ਰਲ ਬੈਠੇ:–

ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ
॥ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥

ਇਸ ਸੁਤੇ ਸਿੱਧ ਪ੍ਰੇਮ ਮੰਡਲ ਵਿਚ ਕੱਠੇ ਹੋ ਗਏ ਸੱਜਣਾਂ ਵਿਖੇ ਇਕ ਨਿਰਮਲ ਸਿੱਖੀ ਭਾਈਚਾਰਾ ਪੈਦਾ ਹੋ ਗਿਆ,ਇਸ ਭਾਈ ਚਾਰੇ ਵਿਚ ਜੋ ਜੋ ਲੋੜਾਂ ਮੁਸ਼ਕਲਾਂ ਆਈਆਂ, ਹਰ ਪਾਤਸ਼ਾਹੀ ਨੇ ਦੂਰ ਕੀਤੀਆਂ । ਓਹੋ ਗੁਰੂ ਨਾਨਕ ਕਮਾਲ ਹਰ ਗੁਰੂ ਦਾ ਆਦਰਸ਼ਕ ਜੀਵਨ ਸੀ, ਹਰ ਗੁਰੂ ਗੁਰਨਾਨਕ ਹੀ ਦੂਜੇ ਰੂਪ ਵਿਚ ਸੀ,ਪਰ ਹਰ ਗੁਰੂ ਨੂੰ ਅਪਣੀ ਅਰਸ਼ੀ ਕਾਰੀਗਰੀ ਦੇ ਵਰਤਨ ਵਿਚ ਕਈ ਤਰ੍ਹਾਂ ਦੀਆਂ ਲੋੜਾਂ ਤੇ ਮੁਸ਼ਕਲਾਂ ਆਈਆਂ। ਓਹਨਾਂ ਦੇ ਦੂਰ ਕਰਨ ਵਿਚ ਹੀ ਹਰ ਇਕ ਸਤਿਗੁਰੂ ਦਾ ਆਪਣਾ ਆਪਣਾ ਕਮਾਲ ਸੀ । ਵੰਨਗੀ ਲਈ ਦੇਖੋ:–

[ਗੁਰੂ ਅੰਗਦ ਦੇਵ ਜੀ]

ਦੂਸਰੀ ਪਾਤਸ਼ਾਹੀ ਨੇ ਗੁਰੂ ਜੀ ਦੀ 'ਅਰਸ਼ੀ ਵਿਦਯਾ' ਜਿਉਂ ਕੀ ਤਿਉਂ ਕਾਇਮ ਰੱਖੀ । ਇਸ ਲਈ ਹੁਣ ਸਾਹਿਤਯ ਦੀ ਲੋੜ ਸੀ, ਸੋ ਉਸ ਦੀ ਨੀਂਹ ਰੱਖੀ। ਸਾਹਿੱਤ ਦੀ ਪਹਿਲੀ ਲੋੜ ਅੱਖਰ ਤੇ ਦੂਜੀ ਜ਼ਬਾਨ ਸੀ; ਸੋ ਉਹਨਾਂ ਨੇ ਆਦਿ ਗੁਰੂ ਦੇ ਸਮੇਂ ਹੀ ਗੁਰਮੁਖੀ ਪੈਂਤੀ ਰਚੀ, ਬਣਾਈ ਯਾ ਸੰਕਲਤ ਕੀਤੀ । ਜਿਸ ਰੂਪ ਵਿਚ ਗੁਰਮੁਖੀ ਪੈਂਤੀ ਹੈ, ਇਹ ਰੂਪ ਯਾ ਤਰਤੀਬ ਯਾ ਅੱਖਰਾਂ ਦਾ ਵਧਾ ਘਟਾ ਯਾ ਰੂਪ ਵਟਾ ਯਾ ਅੱਡ ਅੱਡ ਲਿਪੀਆਂ ਤੋਂ ਅੱਖਰਾਂ ਦੀ ਚੋਣ ਕਿਵੇਂ ਬੀ ਹੋਵੇ, ਗੁਰਮੁਖੀ ਪੈਂਤੀ ਜਿਸ ਰੂਪ ਵਿਚ ਹੁਣ ਹੈ, ਇਹ ਉਨ੍ਹਾਂ ਦਾ ਕੰਮ ਹੈ । ਚਾਹੇ ਇਸ ਕੰਮ ਨੂੰ ਬਨਾਉਣਾ ਕਹੋ, ਰਚਨਾਂ ਕਹੋ, ਸੰਕਲਤ ਕਰਨਾ ਕਹੋ* । ਸੋ ਇਕ ਪੈਂਤੀ ਬਣਾਕੇ 'ਜ਼ੁਬਾਨ' ਉਹ ਲੀਤੀ ਜਿਸ ਵਿਚ ਉਹਨਾਂ ਦੇ 'ਅਰਸ਼ੀ ਕਾਰੀਗਰ' ਗੁਰ ਨਾਨਕ ਦੇਵ ਜੀ ਬੋਲਦੇ ਸਨ; ਅਰਥਾਤ ਪੰਜਾਬੀ, ਆਪਣੇ ਪ੍ਰੀਤਮ ਜੀ ਦੀ ਮਾਦਰੀ ਬੋਲੀ। ਇਸ ਵਿਚ ਗੁਰ ਨਾਨਕ ਦੇਵ ਜੀ ਦੇ ਸ਼ਬਦ ਉਨ੍ਹਾਂ ਦੇ ਹੁੰਦਿਆਂ ਲਿਖੇ ਅਤੇ ਮਗਰੋਂ ਉਨ੍ਹਾਂ ਦੇ ਸਚਖੰਡ ਪਿਆਨ ਮਗਰੋਂ ਵੀ ਇਹ ਤੋਰ ਜਾਰੀ ਰਹੀ ਤੇ ਗੁਰ ਨਾਨਕ ਸਾਹਿਬ ਦੀ ਜਨਮਸਾਖੀ ਲਿਖਵਾਈ। ਭਾਵੇਂ ਸਾਨੂੰ ਇਹ ਅਸਲੀ ਸਾਖੀ ਅਜੇ ਤਕ ਨਹੀਂ ਲੱਭੀ ਤੇ ਜੋ ਲੱਭੀਆਂ ਹਨ ਓਹਨਾਂ ਪਰ ਕਿੰਤੂ ਭੀ ਹਨ, ਪਰ ਜੇ ਉਹ ਅਸਲ ਜੋ ਸ਼੍ਰੀ ਸਤਿਗੁਰ ਅੰਗਦ ਦੇਵ ਜੀ ਨੇ ਬਣਵਾਈ, ਨਾ ਬਣਵਾਈ ਹੁੰਦੀ ਤਾ ਉਸ ਤੋਂ ਹੋਏ ਹੋਰ ਬਦਲੇ ਯਾ ਅਦਲੇ ਰੰਗ ਵਿਚ ਜੋ ਕੁਛ ਭੀ ਸਾਡੇ ਤਕ ਗੁਰ ਨਾਨਕ ਜੀਵਨ ਦਾ ਪਹੁੰਚਾ ਹੈ, ਪਹੁੰਚਣਾ ਕਠਨ ਸੀ। ਸੋ ਗੁਰੂ ਅੰਗਦ ਦੇਵ ਜੀ ਨੇ ਉਸ 'ਅਰਸ਼ੀ ਵਿਦਯਾ'

*ਗੁਰਮੁਖੀ ਅੱਖਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਗੁਰੂ ਅੰਗਦ ਦੇਵ ਜੀ ਨੇ ਰਚੇ ਤੇ ਸਭ ਤੋਂ ਪਹਿਲਾ ਇਕ ਸ਼ਬਦ ਗੁਰਮੁਖੀ ਅੱਖਰਾਂ ਵਿਚ ਲਿਖ ਕੇ ਸੀ ਗੁਰੂ ਨਾਨਕ ਦੇਵ ਜੀ ਦੇ ਪੇਸ਼ ਕੀਤਾ । ਇਹ ਗੱਲ ਗੋਇੰਦਵਾਲ ਵਾਲੀ ਪੋਥੀ ਦੇ ੨੧੫ ਪੱਤ੍ਰੇ ਦੇ ਹਾਸ਼ੀਏ ਤੇ ਐਉਂ ਲਿਖੀ ਹੋਈ ਹੈ:–

"ਗੁਰੂ ਅੰਗਦੁ ਗੁਰਮੁਖੀ ਅਖਰੁ ਬਾਨਾਏ ਬਾਬੇ ਦੇ ਅਗੇ ਸਬਦੁ ਭੇਟ ਕੀਤਾ।"

ਉਨਰ ਤੇ ਕਾਰੀਗਰੀ' ਦੇ ਮਾਲਕ ਨੂੰ ਪ੍ਰਚਾਰਨ ਵਿਚ ਇਹ ਦੋ ਭਾਰੇ ਕੰਮ ਕੀਤੇ। ਆਪ ਲਿਵ ਵਿਚ ਰਹਿਣਾ ਤੇ ਦੂਜਿਆਂ ਨੂੰ ਲਾਉਣਾ, ਇਹ ਉਸੇ ਤਰ੍ਹਾਂ ਰਿਹਾ, ਜਿਸ ਤਰ੍ਹਾਂ ਆਦਿ ਜੋਤ ਵਿਚ ਸੀ।

[ਗੁਰੂ ਅਮਰ ਦਾਸ ਜੀ]

ਤੀਸਰੇ ਸਤਿਗੁਰਾਂ ਨੇ ਗੁਰੂ ਬਾਣੀ ਦੀਆਂ ਪੋਥੀਆਂ ਲਿਖਵਾਈਆਂ ਤੇ ਬਾਣੀ ਦਾ ਬਹੁਤ ਪ੍ਰਚਾਰ ਕੀਤਾ। ਫੇਰ ਆਪ ਨੇ ਡਿੱਠਾ ਕਿ ਸਾਡੇ ਇਸ ਅਰਸ਼ੀ ਉਨਰ ਦੇ ਰਸਤੇ ਵਿਚ 'ਨਫਰਤ' ਭਾਰੀ ਰੋਕ ਹੈ; ਜੋ ਨਵੇਂ ਲੋਕ ਲਾਈਦੇ ਹਨ, ਓਹ ਜਦੋਂ ਆਪੋ ਵਿਚ ਰਲ ਬੈਠਦੇ ਹਨ ਤਾਂ 'ਜਾਤ' ਭੇਦ ਕਰ ਕੇ (ਜੋ ਪਹਿਲੋਂ ਤੋਂ ਦਿਲਾਂ ਵਿਚ ਹੈ) ਇਕ ਦੂਜੇ ਤੋਂ ਨਫ਼ਰਤ ਕਰਦੇ ਹਨ। 'ਨਫ਼ਰਤ' 'ਪ੍ਰੇਮ' ਦਾ ਐਨ ਉਲਟ ਹੈ, ਪਰ 'ਲਿਵ' ਜੋ ਅਸੀਂ ਸਿਖਾਲਦੇ ਹਾਂ, 'ਸੁਧਾ ਤੇ ਸੁੱਚਾ ਤੇ ਲਗਾਤਾਰ' 'ਪ੍ਰੇਮ' ਹੈ। ਸੋ ਇਹ ਨਫਰਤ ਕੱਟ ਦਿੱਤੀ ਜਾਵੇ ਤਾਂ ਹੀ ਠੀਕ ਹੈ। ਇਸ ਲਈ ਹੁਕਮ ਦਿੱਤਾ ਕਿ ਇਕ ਲੰਗਰੀਏ ਹੋ ਜਾਓ। ਲੰਗਰ ਤਾਂ ਆਦਿ ਪਾਤਸ਼ਾਹੀ ਤੋਂ ਇਕ ਸੀ, ਪਰ ਇਹ ਕੈਦ ਨਹੀਂ ਸੀ ਕਿ ਸਾਰੇ ਓਥੋਂ ਖਾਣ। 'ਜਾਤੀ ਦੈ ਕਿਆ ਹਥਿ ਸਚੁ ਪਰਖੀਐ॥ ਮਹੁਰਾ ਹੋਵੈ ਹਥਿ ਮਰੀਐ ਚਖੀਐ॥' ਇਹ ਉਪਦੇਸ਼ ਸੀ ਤੇ ਮੰਨੀਂਦਾ ਭੀ ਸੀ, ਪਰ ਨਵੇਂ ਆਏ ਤੇ ਨਵੇਂ ਲੱਗੇ ਜਗਿਆਸੂ ਦੇ ਅੰਦਰ ਰੱਬੀ ਮੂਰਤ ਲਿਖੀਂਦਿਆਂ ਉਸ ਦੇ ਅੰਦਰ ਵਸਦੀ 'ਜਾਤ–ਭੇਦ' ਦੇ ਖਿਆਲ ਤੋਂ ਪੈਦਾ ਹੋਈ ਵਿੱਥ ਬੜਾ ਹਰਜ ਕਰਦੀ ਸੀ। ਸੰਗਤਾਂ ਦੀ ਗੋਣਤੀ ਹੁਣ ਬੇਅੰਤ ਸੀ ਤੇ ਕਿਸੇ ਆਲਮਗੀਰ ਅਮਲੀ ਤਬਦੀਲੀ ਦੀ ਲੋੜ ਰਖਦੀ ਸੀ ਜਿਸ ਨਾਲ ਜ਼ਾਤ ਦੀ ਪੈਦਾ ਕੀਤੀ ਸੂਗ ਦਿਲਾਂ ਵਿਚੋਂ ਪੂਰੀ ਪੂਰੀ ਮਿਟ ਜਾਵੇ, ਇਸ ਕਰ ਕੇ ਲੰਗਰ ਅਟੁੱਟ ਕੀਤਾ ਗਿਆ। ਹੁਕਮ ਹੋਇਆ ਕਿ ਜੋ ਸਾਨੂੰ ਮਿਲੇ ਲੰਗਰੋਂ ਪ੍ਰਸ਼ਾਦ ਛੱਕ ਕੇ ਆਵੇ। ਪੰਜਾਬੀ ਹੁਣ ਇਸ ਗੱਲ ਨੂੰ ਘੱਟ ਸਮਝਦੇ ਹਨ, ਪਰ ਪੂਰਬ ਵਿਚ ਜਾਓ ਤਾਂ ਹੁਣ ਤਕ ਅੱਡ ਅੱਡ ਚੁੱਲ੍ਹੇ ਹਨ, ਇਹੋ ਹਾਲ ਪੰਜਾਬ ਦਾ ਤਦੋਂ ਸੀ। ਇਉਂ ਇਹ ਦਿਲੀ ਸੂਗ ਦੂਰ ਕਰ ਕੇ ਸਤਿਗੁਰ ਨੇ ਫੇਰ 'ਅਨੰਦ' ਰਚਿਆ ਤੇ 'ਰੱਬੀ ਟੇਕ' ਦਾ ਵਿਆਹ ਜਾਰੀ ਕੀਤਾ ਤੇ ਆਪਣੇ ਸਾਹਮਣੇ ਕਈ ਵਿਆਹ ਕਰਾਏ ਤੇ ਜਾਤਾਂ ਪਾਤਾਂ ਤੋੜ ਕੇ ਬੀ ਵਿਆਹ ਕਰਾ ਦਿੱਤੇ। ਇਹ ਵਰਤੋਂ ਦੀ ਮੈਤ੍ਰੀ ਤੇ ਪਿਆਰ, ਉਸ 'ਅਰਸ਼ੀ ਕਾਰੀਗਰੀ' ਦੇ ਕਾਰਖਾਨੇ ਦੀ ਕਾਮਯਾਬੀ ਵਿਚ ਅਤਿ ਦੇ ਸਹਾਈ ਹੋਏ। ਫਿਰ ਮੈਦਾਨ ਵਧਿਆ ਤੇ ਦਾਇਰਾ ਖੁੱਲਾ ਹੋ ਜਾਣ ਕਰ ਕੇ ਸਤਿਗੁਰ ਨੇ ਆਪਣੇ ਤਾਬੇ ੨੨ ਇਕ ਤੇ ੫੨ ਇਕ ਤੇ ੭੨ ਇਕ, ਇਤਨੇ ਕਾਰੀਗਰ ਬਣਾ ਕੇ ਦੇਸ਼ ਦੇਸ਼ਾਂਤਰਾਂ ਵਿਚ ਭੇਜ ਦਿੱਤੇ ਕਿ ਮੁਰਦੇ ਦਿਲਾਂ ਵਿਚ 'ਪਵਿੱਤ੍ਰਤਾ' ਲਿਆ ਕੇ 'ਲਿਵ' ਲਗਾ ਦਿਓ। 'ਜਾਤ' ਨੂੰ ਅਮਲੀ ਤੌਰ ਤੇ ਤੋੜ ਕੇ 'ਨਫਰਤ' ਦੇ ਵਿਕਾਰ ਨੂੰ ਕੱਟ ਦੇਣਾ ਤੇ ਬਹੁਲਤਾ ਨਾਲ ਦੇਸ਼ ਦੇਸ਼ਾਂਤਰਾਂ ਵਿਚ 'ਲਿਵ' ਦਾ ਸੋਹਿਲਾ ਸੁਣਾ ਦੇਣਾ ਤੇ ਰੂਹਾਨੀ ਤਾਕਤ ਨਾਲ ਬੀਮਾਰਾਂ ਨੂੰ ਬੇਗਿਣਤ ਰਾਜ਼ੀ ਕਰਨਾ ਇਹ ਕਮਾਲ ਓਸ 'ਨਾਨਕ ਕਮਾਲ' ਦੇ ਪ੍ਰਚਾਰ ਵਿਚ ਤੀਸਰੇ ਸਤਿਗੁਰਾਂ ਨੇ ਦਿਖਾਏ।

[ਗੁਰੂ ਰਾਮਦਾਸ ਜੀ]

ਚੌਥੇ ਸਤਿਗੁਰਾਂ ਨੇ ਇੱਡੇ ਖੁੱਲ੍ਹੇ ਪ੍ਰਚਾਰ ਤੇ ਐਨੀਆਂ ਬਿਅੰਤ ਰੱਬੀ ਮੂਰਤਾਂ ਨੂੰ ਵਿਕੋਲਿੱਤ੍ਰੇ ਹੋ ਜਾਣ ਤੋਂ ਬਚਾਉਣ ਖ਼ਾਤਰ ਇਕ ਨੁਕਤੇ ਦੇ ਦੁਆਲੇ ਘੁਮਾਉਣ ਲਈ, ਇਕ ਦੇਸ਼ ਰੂਪ ਵਾਲਾ ਕੇਂਦਰ ਰਚਣਾ ਚਾਹਿਆ। ਚੁਨਾਂਚਿ ਆਪ ਨੇ 'ਜੀ ਉੱਠਿਆਂ' ਲਈ ਇਕ ਕੇਂਦ੍ਰੀਯ ਮੰਦਰ ਬਣਾਇਆ, ਇਹ ਮੰਦਰ ਆਪ ਨੂੰ ਯਾ ਕਿਸੇ ਦੇਵਤੇ ਨੂੰ ਯਾ ਇਨਸਾਨ ਨੂੰ ਅਰਪਨ ਨਹੀਂ ਕੀਤਾ, ਪਰ 'ਹਰੀ' ਨੂੰ। ਇਸ ਵਿਚ ਪੂਜਾ ਪ੍ਰਤਿਸ਼ਠਤਾ ਰੱਬ ਦੀ ਹੀ ਜਾਰੀ ਕੀਤੀ ਜੋ 'ਕੀਰਤਨ' ਨਾਲ ਹੁੰਦੀ ਹੈ ਤੇ ਇਹ ਵਿਉਂਤ ਬੰਨ੍ਹ ਦਿੱਤੀ ਕਿ ਇੱਥੇ ਅੱਠ ਪਹਿਰ ਹਰੀਕੀਰਤਨ ਹੋਵੇ, ਜਿਸ ਨੂੰ ਸੁਣ ਕੇ ਸੁਰਤਿ ਲਿਵ ਵਿਚ ਜੁੜੇ। ਉਸ ਮੰਦਰ ਦੀ ਵਿਉਂਤ ਜਲ ਦੇ ਅੰਦਰ ਬੜੀ ਖ਼ੂਬਸੂਰਤ ਕੀਤੀ ਕਿ ਜਿਸ ਦੇ ਦਰਸ਼ਨ ਮਾਤ੍ਰ ਤੋਂ ਅਚਰਜ ਤੇ ਵਿਸਮਾਦ ਦਾ ਰਸ ਪੈਦਾ ਹੋਵੇ। ਜਿੱਥੇ ਗਰਦ ਗੁਬਾਰ ਨਾ ਪਹੁੰਚ ਸਕੇ, ਹਵਾ ਰੌਸ਼ਨੀ ਨੂੰ ਕੋਈ ਨਾ ਰੋਕ ਸਕੇ, ਸੀਤਲਤਾ ਦੁਆਲੇ ਹੋਵੇ, ਅਸਮਾਨ ਦਾ ਪੋਹਨ ਖੁਲ੍ਹਾ ਦਿਸੇ, ਸਾਰਾ ਸਾਮਾਨ 'ਸੁੰਦਰਤਾ' ਤੇ 'ਸ਼ਾਂਤੀ' ਦਾ ਪੈਦਾ ਕੀਤਾ ਕਿ ਜੋ ਸਾਡੇ 'ਹਵਾਸ' 'ਮਨ' ਤੇ 'ਇੰਦ੍ਰੀਆਂ' ਉੱਪਰ ਆਪਣਾ ਝਲਕਾ ਮਾਰੇ ਤੇ

ਵਿਸਮਾਦ ਦੀ ਰੌ ਪੈਦਾ ਕਰ ਦੇਵੇ* । ਜਦੋਂ ਅਸੀਂ ਇਸ ਤਰ੍ਹਾਂ ਮੁਅੱਸਰ ਹੋ ਕੇ ਸੁੰਦਰਤਾ ਦੇ ਝਲਕੇ ਵਿਚ ਵਿਸਮਾਦ ਰੁਖੀਏ ਹੋ ਕੇ ਮੰਦਰ ਦੇ ਅੰਦਰ ਜਾਈਏ, ਅੱਗੇ ਵਾਹਿਗੁਰੂ ਦੀ ਸਿਫਤ ਸਲਾਹ ਸੰਗੀਤ ਵਿਚ ਸਾਡੇ ਕੰਨੀਂ ਪਵੇ, ਅੱਖਾਂ ਤੇ ਕੰਨ ਦੋਵੇਂ ਵਿਸਮਾਦ ਭਾਵ ਨੂੰ ਲੈ ਕੇ ਸੁਤੇ ਹੀ ਅੰਤਰਮੁਖ ਸੁਰਤਿ ਨੂੰ ਲੈ ਜਾਣ, ਮਨ 'ਸੋਚ' ਤੋਂ ਨਿਕਲ ਕੇ 'ਲਿਵ' ਵੱਲ ਤੁਰ ਪਵੇ। ਫਿਰ ਇਸ ਮੰਦਰ ਵਿਚ ਆਪ ਨੇ ਆਪਣੇ ਰੱਬੀ ਕਮਾਲ ਨਾਲ 'ਆਤਮ ਰੌ' ਤੇ 'ਸ਼ਬਦ ਨਿਵਾਸ' ਕਰ ਦਿਤਾ। ਇਹ 'ਰਾਮਦਾਸ ਕਮਾਲ' ਪ੍ਰਤੱਖ ਦਰਸ਼ਨ ਦੇ ਰਿਹਾ ਹੈ। ਚੌਥੀ ਪਾਤਸ਼ਾਹੀ ਨੇ ਲੰਗਰ ਦਾ ਉਹੋ ਦਸਤੂਰ ਰੱਖਿਆ, ਰੱਬੀ ਟੇਕ ਦੇ ਵਿਆਹਭੀ ਕਰਾਏ ਤੇ ਦੂਜੇ ਸਤਿਗੁਰਾਂ ਵਾਂਗੂ ਆਪਣੀ ਤੇ ਚੌਹਾਂ ਸਤਿਗੁਰਾਂ ਦੀ ਬਾਣੀ ਬੀਲਿਖਾਈ। ਤੀਸਰੀ ਪਾਤਸ਼ਾਹੀ ਦੇ ਜਾਰੀ ਕੀਤੇ ਧਰਮ ਪ੍ਰਚਾਰ ਦੇ ਕੰਮ ਨੂੰ ਵੀ ਵਧਾਇਆ। ਸੰਗਤਾਂ ਵਿਚ ਪ੍ਰਚਾਰ ਕਰਨ ਵਾਸਤੇ ਉਹੋ ਮੰਜੀਆਂ ਆਦਿ ਬਖਸ਼ੀਆਂ, ਪਰ ਹੁਣ ਉਨ੍ਹਾਂ ਦਾ ਨਾਉਂ ਮਸੰਦ ਪਿਆ†।

[ਗੁਰੂ ਅਰਜਨ ਦੇਵ ਜੀ]

ਪੰਜਵੇਂ ਸਤਿਗੁਰਾਂ ਨੇ ਹਰੀ ਮੰਦਰ ਨੂੰ ਮੁਕੰਮਲ ਕੀਤਾ ਤੇ ਗੁਰਬਾਣੀ ਨੂੰ ਜੋ ਪੰਜਾਂ ਸਤਿਗੁਰਾਂ ਨੇ ਉਚਰੀ ਸੀ, ਜੋ ਭਗਤਾਂ ਭਟਾਂ ਆਦਿਕਾਂ ਨੇ ਕਹੀ ਸੀ ਸੰਕਲਤ ਕੀਤਾ। ਭਗਤ ਬਾਣੀ ਕੁਛ ਰਲ ਮਿਲ ਗਈ ਸੀ ਤੇ ਗੁਰ ਨਾਨਕ ਦੇ ਨਾਮ ਹੇਠ ਮਨੁੱਖੀ ਬਾਣੀ ਰਚੀ ਗਈ ਸੀ ਤੇ ਤੌਖਲਾ ਪੈ ਗਿਆ ਸੀ ਕਿ ਅਰਸ਼ੀ ਵਿਦਯਾ ਮਿਲਗੋਭਾ ਨਾ ਹੋ ਜਾਵੇ। ਉਨ੍ਹਾਂ ਨੇ 'ਗੁਰਬਾਣੀ' ਜੋ ਭਗਤਾਂ ਨੂੰ ਉਤਰੀ ਸੀ, ਇਨਸਾਨੀ ਖੋਜ ਨਾਲ ਸ਼ੁੱਧ ਸ਼ੁੱਧ ਲੱਭੀ, ਅਸ਼ੁੱਧ ਤਿਆਗੀ ਤੇ ਫੇਰ ਰੂਹਾਨੀ ਕਸਵੱਟੀ ਨਾਲ ਪਰਖੀ। ਇਸੀ ਤਰ੍ਹਾਂ ਜੋ ਬਨਾਵਟੀ ਬਾਣੀ ਗੁਰ ਨਾਨਕ ਨਾਮ ਹੇਠ ਰਚੀ ਗਈ ਸੀ (ਜੋ ਅਜੇ ਭੀ ਜਨਮ ਸਾਖੀਆਂ ਵਿਚ ਤੇ ਹੋਰ ਥੇ ਵੀ ਕਿਤੇ ਕਿਤੇ ਮਿਲਦੀ ਹੈ) ਦੂਰ ਕੀਤੀ ਤੇ ਸ਼ੁਧ ਬਾਣੀ ਸੰਕਲਿਤ ਕੀਤੀ। ਐਉਂ ਕਿੰਨਾ ਚਿਰ ਮਿਹਨਤ ਕਰ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬ੍ਰਹਮ ਵਿਦਯਾ ਯਾ ਅਰਸ਼ੀ ਵਿਦਯਾ* ਦੀ 'ਪੋਥੀ ਪਰਮੇਸੁਰ ਕਾ ਥਾਨ' ਦਾ ਦਰਜਾ ਦੇ ਕੇ ਮੁਕੰਮਲ ਕੀਤਾ ਤੇ ਕੇਂਦ੍ਰੀਯ ਮੰਦਰ ਵਿਚ 'ਵਾਹਿਗੁਰੂ ਗਿਆਨ' ਨੂੰ ਜੋ ਕੇਂਦ੍ਰੀਯ ਨੁਕਤਾ ਹੈ ਰਬੀਅਤ ਦਾ, ਸਥਾਪਨ ਕਰ ਦਿੱਤਾ, ਜੋ ਕਦੇ ਕਿਸੇ ਸਮੇਂ ਕੋਈ 'ਅਕਲ ਵਾਲੇ ਯਾ ਗ਼ਰਜ਼ ਵਾਲੇ' ਗੁਰ ਨਾਨਕ ਦੀ ਨਿਰੋਲਤਾ ਵਿਚ ਰਲਾ ਨਾ ਪਾ ਸਕਣ। 'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੁਕੰਮਲ ਕਰਨਾ' ਪੰਚਮ ਗੁਰੂ ਜੀ ਦਾ ਕਮਾਲ ਦਾ ਕੰਮ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪੰਥ ਦੇ ਉੱਪਰ ਥਾਪ ਕੇ ਬਖਸ਼ਣ ਦਾ ਕੰਮ ਦਸਮੇਂ ਪਾਤਸ਼ਾਹ ਦੇ ਦੇਣ ਲਈ ਰਿਹਾ।

ਗੁਰੂ ਅਰਜਨ ਦੇਵ ਜੀ ਨੇ ਮਾਇਆ ਦਾ ਪ੍ਰਬੰਧ ਰੱਬੀ ਰੌਸ਼ਨੀ ਵਿਚ ਕੀਤਾ। ਦੁੱਖ ਹਰਨ ਸੁਖ ਦੇਣ ਵਿਚ ਸੰਗਤਾਂ ਦੀ ਸੁਰਤ ਲਾਈ। ਹੁਕਮ ਦਿੱਤਾ: "ਕਿਰਤ ਕਮਾਈ ਵਿਚੋਂ ਦਸਵੰਧ ਗੁਰ ਅਰਪਨ ਕੱਢੋ†, ਜੋ ਅਮਲੀ ਤਿਆਗ ਆਵੇ ਤੇ ਉਹ ਤਿਆਗ ਬਿਅਰਥ ਨਾ ਹੋਵੇ, ਪਰ ਸੇਵਾ ਵਿਚ ਲੱਗੇ। ਓਹਨਾਂ ਨੇ ਉਸ ਭਾਈਚਾਰੇ ਵਿਚ, ਜੋ ਇਕ ਗੁਰੂ ਜੀ ਦੇ ਦੁਆਲੇ ਆ ਕੇ ਬਣ ਗਿਆ ਸੀ, ਜੱਥੇਬੰਦੀ ਦੇ ਅਸੂਲ ਕਾਇਮ ਕੀਤੇ ਕਿ ਇਹ ਇੱਕ ਹੋ ਕੇ ਸਾਰੇ ਰੱਬੀ ਵਿਦਯਾ ਦੇ ਸਿੱਖ ਤੇ ਸਿਖਾਵਣਹਾਰ ਬਣ ਜਾਣ। ਸ੍ਰੀ ਗੁਰੂ ਜੀ ਅਪਣੇ ਪਿਤਾ ਜੀ ਵਾਙੂਗਾਉਂਦੇ ਰਹੇ 'ਜਨੁ ਨਾਨਕੁ ਧੂੜਿਮੰਗੇਤਿਸੁਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥" ਬਾਕੀ ਅਰਸ਼ੀ ਵਿਦਯਾ, ਅਰਸ਼ੀ ਉਨਰ, ਅਰਸ਼ੀ ਕਾਰੀਗਰ ਦਾ ਕਮਾਲ ਓਹਨਾ ਵਿਚ ਉਹੋ ਨਾਨਕ ਕਮਾਲ ਦੇ 'ਇਕ ਜੋਤਿ' ਸੀ।

ਇਸ ਵੇਲੇ ਇਸ ਜੀਉਂਦਿਆਂ ਦੇ ਭਾਈਚਾਰੇ ਨਾਲ ਈਰਖਾ ਹੋ ਗਈ ਹੋਈ ਸੀ, ਕੇਂਦ੍ਰੀਯ ਮੰਦਰ ਤੇ ਕੇਂਦ੍ਰੀਯ ਧਰਮ ਪੁਸਤਕ ਨੇ ਰੂਹਾਨੀ ਜੀਵਨ ਤੋਂ ਸੱਖਣੇ ਲੋਕਾਂ ਵਿਚ ਆਪਣੇ ਰਿਜ਼ਕ ਰੋਟੀ ਦੇ ਤੌਖਲੇ ਪੈਦਾ ਕਰ ਦਿੱਤੇ, ਇਸ ਤੌਖਲੇ ਨੇ ਈਰਖਾ ਪੈਦਾ

*ਦੇਖੋ 'ਮੇਰਾ ਅਰਸ਼ੀ ਪ੍ਰੀਡਮ' ਲੇਖ ਦੇ ਆਦਲੇ ਸਫੇ

†ਮਸੰਦ ਯਾ ਮਸਨਦ ਆਰਾ—ਇਸ ਵੇਲੇ ਬੜੇ ਰੱਬੀ ਕਮਾਲ ਵਾਲੇ ਸਿੱਖਾਂ ਦਾ ਦਰਜਾ ਸੀ, ਜੋ ਆਪ ਜਪਦੇ ਤੇ ਹੋਰਨਾਂ ਨੂੰ ਜਪਾਉਂਦੇ ਸਨ, ਨਿਰਲੋਭ ਤੇ ਅਚਾਹ ਸਨ, ਐਥੋਂ ਤਾਈਂ ਕਿ ਸੰਗਤਾਂ ਦੇ ਅਰਪੇ ਦਸਵੰਧ ਸਤਿਗੁਰਾਂ ਦੇ ਚਰਨਾਂ ਵਿਚ ਅਪੜਾਉਂਦੇ ਤੇ ਜਗਿਆਸੂਆਂ ਨੂੰ ਆਪ ਤਿਆਰ ਕਰ ਕੇ ਸਤਿਗੁਰਾਂ ਦੇ ਚਰਨੀ ਲਿਆ ਪਾਉਂਦੇ ਸੇ। ਤੇ ਆਪ ਲੋਭ ਲਾਲਚ ਤੋਂ ਅਤੀਤ ਹੁੰਦੇ ਸੇ।

*Subjective Science.

†ਇਸ ਦਾ ਅਰੰਭ ਚੌਥੇ ਸਤਿਗੁਰਾਂ ਦੇ ਸਮੇਂ ਤੋਂ ਹੋਇਆ ਸੀ।

ਕੀਤੀ। ਭਾਈ ਨੰਦ ਲਾਲ ਜੀ ਲਿਖਦੇ ਹਨ:—

ਚਿ ਗੰਗਾ ਮੁਕਾਬਲ ਬ ਅੰਮ੍ਰਤ ਸਰਸ਼ ॥
ਕਿ ਹਰ ਸ਼ਸਤੋ ਹਸ਼ਤ ਆਮਦਹ ਚਾਕਰਸ਼ ॥

ਸਿੱਖਾਂ ਦੇ ਏਹ ਭਰੋਸੇ ਇਸ ਕਿਸਮ ਦੇ ਹੋ ਗਏ ਸਨ ਕਿ ਓਹਨਾਂ ਦਾ ਸਿਦਕ ਆਪਣੇ ਸਤਿਗੁਰ ਪਰ, ਉਨ੍ਹਾਂ ਦੀ ਬਖਸ਼ੀ 'ਪਵਿੱਤ੍ਰਤਾ ਤੇ ਲਿਵ' ਵਿਚ ਸੀ। 'ਸਿੱਖ ਬਾਤਲ ਪ੍ਰਸਤੀ' ਝੂਠ ਦੀ ਪੂਜਾ ਤੋਂ ਪਾਰ ਹੋ ਚੁਕੇ ਸਨ। ਵਿਸਥਾਰ ਦਾ ਸਮਾਂ ਇਥੇ ਨਹੀਂ, ਕਾਫੀ ਹੈ ਇਹ ਜਾਣਨਾ ਕਿ ਸੱਚ ਦੀ ਜਹ-ਵੇਦੀ ਉੱਤੇ ਸਤਿਗੁਰ ਨੂੰ ਸਰੀਰ ਦੇਣਾ ਪਿਆ। ਸੋ ਹੁਣ 'ਅਰਜਨ ਕਮਾਲ ਦੇਖੋ ਜੋ ਸਿਖਾਉਂਦੇ ਸਨ ਸੰਸਾਰ ਕੂੜਾ ਹੈ, ਦੇਹ ਅਨਿਸਥਿਰ ਹੈ, 'ਲਿਵ ਜੀਵਨੀ ਹੈ', ਤੇ ਓਹਨਾਂ ਨੇ ਤਸੀਹੇ ਭੋਗ ਕੇ ਮੌਤ ਨੂੰ ਮਖੌਲ ਕਰ ਕੇ ਦਿਖਾ ਦਿਤਾ ਕਿ ਚਬੂਤਰੇ ਤੇ ਖੜੋਕੇ ਇਹ ਕਹਿਣਾ ਹੋਰ ਗੱਲ ਹੈ, ਪਰ ਤੱਤੇ ਤਵੇ ਤੇ ਬੈਠਕੇ ਮੀਆਂ ਮੀਰ ਵਰਗੇ ਫਕੀਰ ਨੂੰ ਇਹ ਕਹਿਣਾ ਕਿ ਇਹ ਪ੍ਰਭਾਰੇ ਦੀ ਰਜ਼ਾ ਹੈ ਤੇ ਪ੍ਰਭਾਰੇ ਦੀ ਹੋਣ ਕਰਕੇ ਮਿੱਠੀ ਹੈ, ਇਕ ਕਮਾਲ ਹੈ, ਹਾਂ 'ਅਰ-ਜਨ ਕਮਾਲ ਹੈ।

ਸਿੱਖ ਗੁਰੂ ਸਾਹਿਬਾਂ ਦਾ ਵੱਡਾ ਕਮਾਲ ਰਿਹਾ ਹੈ:—

'ਅਮਲ' ਅਰਥਾਤ—ਜੋ ਕਹਿਣਾ ਕਰ ਕੇ ਦਿਖਾਉਣਾ। ਸੋ ਸ੍ਰੀ ਗੁਰੂ ਅਰਜਨ ਦੇਵ ਜੀਨੇ ਕਮਾਲ ਕਰ ਦਿੱਤਾ, ਤਿਆਗ, ਵੈਰਾਗ, ਸੰਨਿਆਸ ਦਾ। ਜਦੋਂ ਮੀਆਂ ਮੀਰ ਨੇ ਤੱਤੇ ਤਵੇ ਤੇ ਬੈਠੇ ਵੇਖ ਕੇ ਕਿਹਾ, ਹੁਕਮ ਕਰੋ ਜੋ ਵੈਰੀਆਂ ਦਾ ਨਸ਼ਟ ਕਰਾਂ, ਤਾਂ ਬੋਲੇ ਜੋ ਹੋ ਰਿਹਾ ਹੈ, ਪ੍ਰੀਤਮ ਵਾਹਿਗੁਰੂ ਦੇ ਹੁਕਮ ਤੇ ਰਜ਼ਾ ਵਿਚ ਹੈ ਤੇ ਇਸ ਲਈ ਸੁਹਣਾ ਹੈ।

[ਗੁਰੂ ਹਰਿ ਗੋਬਿੰਦ ਜੀ]

ਹੁਣ ਛੇਵੇਂ ਸਤਿਗੁਰਾਂ ਦੀ ਵਾਰੀ ਆਈ। ਸਤਿਗੁਰਾਂ ਦੀ 'ਤਿਆਗ ਵੈਰਾਗ' ਦੀ 'ਘਾਟੀ' ਤੇ ਲਿਵ ਦੀ 'ਚੋਟੀ' ਨੂੰ ਸਮਝਣਾ ਕਠਨ ਕੰਮ ਹੈ। ਅੱਗੇ ਭੀ ਤੇ ਹੁਣ ਵੀ ਲੋਕੀਂ ਮਜ਼ਹਬ ਕਿਸੇ ਢਹਿੰਦੀ ਦਸ਼ਾ ਨੂੰ ਸਮਝਦੇ ਸਨ ਤੇ ਹਨ।

ਵਾਹਿਗੁਰੂ ਜੀ ਨਾਲ ਲਿਵ ਯਾਂ ਨਾਮ ਦੇ ਸੰਬੰਧ ਤੋਂ ਅਣਜਾਣ ਲੋਕ ਨਹੀਂ ਸਮਝਦੇ ਕਿ ਅਪਣੇ ਸਤਜ ਉਤੇ ਟਿਕੇ ਰਹਿ ਕੇ ਦੁਖ ਝੱਲਣਾ ਤੇ ਜਾਨ ਤਕ ਦੇ ਦੇਣੀ ਵੀ ਚੜ੍ਹਦੀਆਂ ਕਲਾਂ ਵਾਲੀ ਗਲ ਹੈ। ਪੰਜਵੇਂ ਪਾਤਸ਼ਾਹ ਦਾ ਨਿਰਦੋਸ਼ ਹੁੰਦੇ ਹੋਏ ਚੁਪ ਸ਼ਾਂਤੀ ਨਾਲ ਕਰੜੇ ਖੇਦ ਸਹਿਣੇ, ਸੀ ਤਕ ਨਾ ਕਰਨੀ ਲਿਵਧਾਰੀ ਦੀ ਸਭ ਤੋਂ ਉੱਚੀ ਮਿਸਾਲ ਹੈ ਇਸ ਪ੍ਰਕਾਰ ਦੀ ਚੜ੍ਹਦੀ ਕਲਾ।

ਜਿਵੇਂ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

'ਸਦ ਸੁਰਤ ਲਿਵ ਮਿਰਗ ਜਯੋਂ ਭੀੜ ਪਈ
ਚਿਤਰ ਅਵਰ ਨ ਆਣੀ॥ ਚਰਨ ਕਵਲ ਮਿਲਿ
ਭਵਰ ਜਯੋਂ ਸੁਖ ਸੰਪਟ ਵਿਚ ਰੈਣ ਵਿਹਾਣੀ॥

ਕਮਾਲ ਇਹ ਸੀ ਕਿ ਸਰੀਰਕ ਖੇਦਾਂ ਦੇ ਵੇਲੇ ਲਿਵ ਨਹੀਂ ਟੁੱਟੀ, ਸੁਰਤ ਨਹੀਂ ਢੱਠੀ। ਸਭ ਤੋਂ ਵੱਡੀ ਬੀਰਤਾ ਇਹ ਹੈ ਕਿ ਸਰੀਰ ਦੇ ਤਸੀਹੇ ਅਭੈ ਪਦ ਤੋਂ ਹੇਠਾਂ ਨਾ ਲੈ ਆਉਣ, ਇਹ ਅਸਲ ਚੜ੍ਹਦੀ ਕਲਾ ਹੈ। ਸੋ ਅਤਿ ਕਸ਼ਟਾਂ ਵਾਲੀ ਰਾਤ ਆਪ ਦੀ 'ਸੁਖ ਸੰਪਟ ਵਿਚ ਰੈਣ ਵਿਹਾਣੀ'। ਛੇਵੇਂ ਸਤਿਗੁਰਾਂ ਨੂੰ ਉਸ 'ਅਰਸ਼ੀ ਵਿੱਦਯਾ, ਅਰਸ਼ੀ ਉਨਰ, ਅਰਸ਼ੀ ਕਾਰੀ-ਗਰੀ' ਦੇ ਪ੍ਰਚਾਰ ਵਿੱਚ ਇਹ ਗੱਲ ਸਪਸ਼ਟ ਕਰਨੀ ਪਈ ਕਿ ਸਿੱਖੀ ਮੁਰਦਾ ਹੋ ਜਾਣ ਦਾ ਤੇ ਢਹਿੰਦੀਆਂ ਕਲਾਂ ਦਾ ਨਾਉਂ ਨਹੀਂ। ਜੇ ਸਾਡੇ ਸਤਿਗੁਰ ਜੀ ਨੇ ਜ਼ੁਲਮ ਝੱਲੇ ਹਨ ਤਾਂ ਇਹ ਸਾਡੇ 'ਸਬਰ ਜ਼ੋਰਾਂਦ, ਜੋਰੇ, ਭਾਣੇ ਤੇ ਰਜ਼ਾ' ਦੇ ਕਮਾਲ ਹਨ, ਨਾਂਕਿ ਨਿਤਾਣਪੁਣੇ ਦੇ ਨਿਸ਼ਾਨ ਹਨ? ਇਹ ਗੱਲ ਜ਼ੁਬਾਨੀ ਕਹਿ ਛੱਡਣੀ ਨਹੀਂ ਇਸ ਨੂੰ ਅਮਲ ਵਿਚ ਲਿਆ-ਉਣਾ ਹੈ। ਅਸੀਂ ਦੱਸ ਆਏ ਹਾਂ ਕਿ ਸਿੱਖ ਗੁਰੂ ਸਾਹਿਬਾਂ ਦਾ ਇਕ ਕਮਾਲ 'ਅਮਲ' (ਕਰਨਾ) ਹੈ। ਛੇਵੇਂ ਸਤਿਗੁਰਾਂ ਦੱਸਿਆ—ਕਰਕੇ ਦੱਸਿਆ —ਕਿ ਜੋ ਰੱਬਾਨੀ ਮੂਰਤਾਂ ਅਸਾਂ ਦਿਲਾਂ ਪਰ ਬਨਾ-ਈਆਂ ਹਨ ਓਹ:—

'ਕਰਮ ਖੰਡ ਕੀ ਬਾਣੀ ਜੋਰੁ' ਦੇ ਰੂਹਾਨੀ ਅਸਲੇ ਵਾਲੀਆਂ ਹਨ, ਓਹ ਖਰਗੋਸ਼ ਵਾਂਗੂ ਭੱਜ ਜਾਣਾ ਨਹੀਂ, ਪਰ ਉਹ ਜੀਵਨ ਸ਼ਕਤੀ ਦਾ ਉਮਾਹ ਹੈ। ਸੋ ਓਹਨਾਂ ਨੇ ਤਲਵਾਰ ਫੜੀ, ਇਹ ਤਲਵਾਰ ਨਫਰਤ ਤੋਂ, ਕੀਨੇ ਤੋਂ, ਵੈਰ ਤੋਂ ਨਹੀਂ ਫੜੀ। ਸਿੱਖਾਂ ਵਿਚ ਤਲਵਾਰ 'ਨਫ-ਰਤ' ਦਾ ਹਥਿਆਰ ਨਹੀਂ, ਇਹ ਰਖਜਾ ਦੀ ਢਾਲ ਹੈ ਅਰ ਚੜ੍ਹਦੀ ਕਲਾ ਦਾ ਅਸਲੀ ਚਿੰਨ੍ਹ* ਹੈ। ਜਦ ਸੁਰਤ ਚੜ੍ਹਦੀ ਕਲਾ ਵਿੱਚ ਹੋਵੇ, ਮਨ ਲਿਵ ਵਿੱਚ

*Symbol.

ਦੇਵੇ, ਕਾਰਨ ਪਵਿੱਤ੍ਰਤਾ ਦੇ, ਇਖ਼ਲਾਕ ਦੇ, ਦੀਨ ਰਖਜਾ ਦੇ ਹੋਣ, ਤਦ ਤਲਵਾਰ ਚੁਹਣੀ ਜ਼ੁਲਮ ਅਗੇ ਢਾਲ ਪੇਸ਼ ਕਰਨੀ ਹੈ ਅਰ ਪੇਸ਼ ਕਰਨ ਵਾਲੇ ਦੇ ਰੂਹਾਨੀ ਜੀਵਨ ਦੀ ਨਿਸ਼ਾਨੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਾਵਾਰ ਸਾਕੇ ਨੇ ਦੱਸ ਦਿੱਤਾ ਕਿ ਹੁਣ 'ਜੀਉ ਉੱਠੇ' ਲੋਕਾਂ ਦੀ ਰਖਜਾ ਈਰਖਾ ਵਾਲਿਆਂ ਤੋਂ ਲੋੜੀਂਦੀ ਸੀ। ਨਹੀਂ ਤਾਂ ਮੂਰਖਾਂ ਨੇ ਇਹ 'ਅਰਸ਼ੀ ਚਿੱਤ੍ਰਸ਼ਾਲਾ' ਉਡਾ ਦੇਣ ਦੀ ਠਾਣੀ ਹੋਈ ਸੀ। ਗੁਰੂ ਅਰਜਨ ਜੀ ਦੇ ਜੇਰੇ ਨੇ ਜ਼ਾਲਮਾ ਵਿਚ ਪਸਚਾਤਾਪ ਪੈਦਾ ਨਹੀਂ ਕੀਤਾ, ਸਗੋਂ ਲਿਵਧਾਰੀ ਦੀ ਉਸ ਸੂਰਮਗਤੀ ਤੇ ਚੜ੍ਹਦੀ ਕਲਾ ਨੂੰ ਢਹਿੰਦੀ ਕਲਾ ਸਮਝਿਆ ਗਿਆ। ਤਦ ਛੇਵੇਂ ਸਤਿਗੁਰ ਖੜਗ ਫੜਦੇ ਤੇ ਚੜ੍ਹਦੀਆਂ ਕਲਾਂ ਦਾ ਅਮਲੀ ਵਰਤਾਰਾ ਵਰਤਦੇ ਹਨ, ਪਰ ਦੇਖੋ ਤਲਵਾਰ ਪਕੜ ਕੇ ਜ਼ੁਲਮ ਨਹੀਂ ਕਰਦੇ, ਜ਼ੁਲਮ ਰੋਕਦੇ ਹਨ ਤੇ ਦੱਸਦੇ ਹਨ ਕਿ ਤਲਵਾਰ ਲਿਵ ਵਾਲੇ ਦੇ ਹੱਥ ਵਿਚ ਜ਼ੁਲਮ ਦਾ ਸ਼ਸਤ੍ਰ ਨਹੀਂ, ਪਰ ਰਖਜਾ ਦੀ ਢਾਲ ਹੈ। ਆਪ ਦਾ ਦੂਜਾ ਕਮਾਲ ਇਹ ਹੈ ਕਿ ਤਲਵਾਰ ਸੂਤੀ ਵਿਚ ਭੀ ਫਕੀਰੀ ਕਮਾਲ, ਅਰਸ਼ੀ ਕਮਾਲ ਕਾਇਮ ਰਖਿਆ। ਭਾਈ ਨੰਦ ਲਾਲ ਜੀ ਸਾਖ ਭਰਦੇ ਹਨ:-

੧. 'ਗੁਰੂ ਹਰਿਗੋਬਿੰਦ ਆਂ ਸਰਾਪਾ ਕਰਮ,
ਕਿ ਮਕਬੂਲ ਸ਼ੁਦ ਜ਼ੋ ਸ਼ਕੀਓ ਦਯੱਮ ॥
੨. ਫਜ਼ਾਲੋ ਕਰਾਮਸ਼ ਫ਼ਜ਼ੂੰ ਅਜ਼ ਹਿਸਾ,
ਸ਼ਕੋਹਸ਼ ਹਮਾ ਫੱਰਰਾਹੇ ਕਿਬਰਿਯਾ ॥
੩. ਵਜੂਦਸ਼ ਸਰਾਪਾ ਕਰਮ ਹਾਏ ਹਕ,
ਜ਼ਿ ਖਾਸਾਂ ਰਬਾਇੰਦਹ ਗੋਏ ਸਬਕ ॥
੪. ਹਮ ਅਜ਼ ਫ਼ਕਰ ਹਮ ਸਲਤਨਤ ਨਾਮਵਰ,
ਬਫੁਰਮਾਨੇ ਓ ਜੁਮਲਾ ਜ਼ੇਰੋ ਜ਼ਬਰ ॥
੫. ਦੁਆਲਮ ਮੁਨੱਵਰ ਜ਼ਿ ਅਨਵਾਰੇ ਊ,
ਹਮਾ ਤਿਸ਼ਨਾਏ ਫੈਜ਼ ਦੀਦਾਰੇ ਊ ॥

ਅਰਥ-(੧) ਗੁਰੂ ਹਰਿਗੋਬਿੰਦ ਸਿਰ ਤੋਂ ਪੈਰਾਂ ਤਕ ਬਖ਼ਸ਼ਿਸ਼ਾਂ ਵਾਲੇ, ਉਨ੍ਹਾਂ ਦੇ ਜਰੀਏ ਵੱਡੇ ਵੱਡੇ ਪਾਪੀ ਤੇ ਸ਼ੋਕਾਤੁਰ (ਦਰਗਾਹ ਰੱਬ ਦੀ ਵਿਚ) ਕਬੂਲ ਹੋ ਗਏ। (੨) ਬਜ਼ੁਰਗੀ ਤੇ ਕਰਾਮਾਤ ਉਸ ਦੀ ਅਨਗਿਣਤ ਹੈ, ਉਸ ਦਾ ਦਬਦਬਾ ਸਾਰਾ ਰੱਬੀ ਦਬਦਬਾ ਹੈ। (੩) ਉਸ ਦਾ ਵਜੂਦ ਸਿਰ ਤੋਂ ਪੈਰਾਂ ਤੀਕਰ ਰੱਬੀ ਬਖ਼ਸ਼ਿਸ਼ਾਂ ਦਾ, ਸਭ ਖਾਸ ਲੋਕਾਂ (ਰੱਬੀ ਲੋਕਾਂ) ਤੋਂ ਵਧ ਜਾਣ ਵਾਲਾ (ਵੱਡਾ) ਹੈ। (੪) ਬਾਦਸ਼ਾਹੀ ਤੇ ਫਕੀਰੀ ਦੋਹਾਂ ਵਿਚ ਉੱਘਾ, ਹੇਠਲੇ ਤੇ ਉੱਪਰਲੇ ਸਭ ਉਸ ਦੇ ਹੁਕਮ ਵਿਚ। (੫) ਉਸ ਦੇ ਨੂਰ ਤੋਂ ਦੋ ਜਹਾਨ ਪ੍ਰਕਾਸ਼ਮਾਨ ਹਨ ਤੇ ਸਭ ਉਸ ਦੇ ਦਰਸ਼ਨ ਦੀ ਮਿਹਰ ਦੇ ਤਿਹਾਏ ਹਨ।

ਸੋ ਛੇਵੇਂ ਸਤਿਗੁਰਾਂ ਨੇ ਚੜ੍ਹਦੀਆਂ ਕਲਾਂ ਵਿਚ ਰਹਿ ਕੇ ਪੰਥ ਨੂੰ ਸੱਚ ਲਈ ਮਰਨ ਦੀ ਜਾਚ ਸਿਖਾਈ। ਕਿਉਂਕਿ ਸਾਰੇ ਸਤਿਸੰਗੀ ਇਕ ਦਰਜੇ ਦੇ ਉੱਚੇ ਨਹੀਂ ਸਨ, ਸੋ ਉੱਚਿਆਂ ਨੂੰ ਦੂਸਰਿਆਂ ਦੀ ਰੱਖਜਾ ਦੀ ਜਾਚ ਸਿਖਾਈ, ਜਗਤ ਪਰ ਹੋ ਰਹੇ ਜ਼ੁਲਮ ਨੂੰ ਜੇ ਹੋਰ ਹੀਲਿਆਂ ਨਾਲ ਨਾ ਹਟੇ ਤਾਂ ਤਲਵਾਰ ਹਥ ਵਿਚ ਲੈ ਕੇ ਆਪਣੀ ਜਾਨ ਹੂਲ ਕੇ ਹਟਾਉਣ ਦੀ ਜਾਚ ਸਿਖਾਈ, ਕੁੱਲ ਕੀਹ ਆਪਣੇ ਅਰਸ਼ੀ ਚਿੱਤ੍ਰਸ਼ਾਲਾ ਨੂੰ ਤਲਵਾਰ ਦੀ ਢਾਲ ਬਣਾ ਕੇ, ਉਸ ਦੀ ਰੱਖਿਆ ਦਾ ਬਾਨ੍ਹ ਬੰਨ੍ਹ ਕੇ, ਫਕੀਰੀ ਨੁਕਤੇ ਤੋਂ ਕਿਤੇ ਨਾ ਉੱਖੜ ਕੇ ਛੇਵੇਂ ਸਤਿਗੁਰਾਂ ਨੇ 'ਗੁਰ ਹਰਿਗੋਬਿੰਦ ਕਮਾਲ' ਦਿਖਾਇਆ।

[ਗੁਰੂ ਹਰਿਰਾਇ ਜੀ]

ਹੁਣ ਸੱਤਵੇਂ ਸਤਿਗੁਰਾਂ ਦੀ ਵਾਰੀ ਆਈ।

ਸਿੱਖੀ ਅਸੂਲ ਗ੍ਰਿਹਸਤ ਦਾ ਸੀ, ਗ੍ਰਿਹਸਤ ਵਿਚ ਸਾਰੇ ਤਬਕੇ ਹੁੰਦੇ ਹਨ, ਛੇਵੇਂ ਸਤਿਗੁਰਾਂ ਨੇ ਸਿੱਖੀ ਤਬਕੇ ਵਿਚ ਤਲਵਰੀਏ ਸਿੱਖ ਪੈਦਾ ਕੀਤੇ, ਪਰ ਗ੍ਰਿਹਸਤ ਆਸ਼ਰਮ ਦੇ ਭਾਈਚਾਰੇ ਲਈ ਕੁਛ ਪੱਕੇ ਰਾਜ ਘਰਾਂ ਦੀ ਲੋੜ ਸੀ, ਜੋ ਕੌਮ ਵਿਚ ਸਰਦਾਰੀ ਤੋਂ ਲੈ ਮਜ਼ਦੂਰੀ ਤੱਕ ਸਾਰੇ ਗ੍ਰਿਹਸਤ ਦੇ ਲੋਕ ਅਮਲੀ ਤੌਰ ਤੇ ਹੋਣ ਤੇ ਦੱਸਣ ਕਿ ਹਰ ਪੇਸ਼ੇ ਤੇ ਕਮਾਮ, ਹਰ ਤਬਕੇ ਤੇ ਰੰਗ ਵਿਚ ਗ੍ਰਿਹਸਤੀ 'ਪਵਿੱਤ੍ਰ ਤੇ ਲਿਵ' ਵਾਲਾ ਹੋ ਸਕਦਾ ਹੈ। ਜੋ ਅੰਦਰ ਤ੍ਰਿਸ਼ਨਾਂ ਨਹੀਂ, ਪਵਿੱਤ੍ਰਤਾ ਹੈ, ਜੇ ਅੱਠ ਪਹਿਰੀ ਲਗਾਉ 'ਅਨੰਤ' ਵਲ ਰਹਿੰਦਾ ਹੈ ਤਾਂ ਗੋਦੜੀ ਤੇ ਬੈਠਣਾ ਤੇ ਤਖਤ ਤੇ ਬੈਠਣਾ ਇਕ ਅਰਥ ਰੱਖਦਾ ਹੈ, ਇਸ ਲਈ ਸਿਖਾਂ ਵਿਚ ਰਾਜ ਘਰਾਣਿਆਂ ਦੀ ਨੀਂਹ ਧਰ ਦਿੱਤੀ। ਆਪ ਦੇ ਹੀ

ਵਰਦਾਨ ਨਾਲ ਫੂਲਕੇ ਰਾਜੇ, ਬਾਹੀਏ ਸਰਦਾਰ ਤੇ ਅਨੇਕ ਜਾਗੀਰਦਾਰ ਪੈਦਾ ਹੋਏ ਤੇ ਪਰਜਾ ਪਾਲਣ ਵਾਲੇ ਨਮੂਨੇ ਦੇ ਸਿੱਖ ਬਣੇ। ਜਥੇਦਾਰ ਜਸਾ ਸਿੰਘ ਮਹਾਰਾਜਾ ਆਲਾ ਸਿੰਘ, ਮਹਾਰਾਜਾ ਕਰਮ ਸਿੰਘ ਆਦਿਕ ਕਈ ਰਾਜੇ ਫਕੀਰੀ ਤੇ ਅਮੀਰੀ ਦੇ ਅਮਲੀ ਸਿਖ ਜੀਵਨ ਬਿਤੀਤ ਕਰ ਕੇ ਦਿਖਾ ਗਏ ਹਨ।

ਸੱਤਵੇਂ ਸਤਿਗੁਰ ਨੇ ਉਹੋ 'ਨਾਨਕ ਕਮਾਲ' ਲਿਵ ਦਾ ਦਿਖਾਇਆ ਤੇ ਵਰਤਿਆ। ੨੨੦੦ ਸਵਾਰ ਫੌਜ ਰੱਖੀ, ਪਰ ਜੰਗ ਇਕ ਨਹੀਂ ਕੀਤਾ। ਸਿੱਖਾਂ ਵਿਚ ਚੜ੍ਹਦੀਆਂ ਕਲਾਂ ਤੇ ਬੀਰਤਾ ਵਧਾਈ, ਪਰ ਤਲਵਾਰ ਧੂਹਣ ਦੀ ਲੋੜ ਨਹੀਂ ਪਈ, ਬੇ-ਲੋੜ ਤਲਵਾਰ ਮਿਆਨੋਂ ਨਾ ਕੱਢੀ। ਸਾਰੀ ਉਮਰ ਤੀਸਰੀ ਪਾਤਸ਼ਾਹੀ ਵਾਂਗੂ ਬੜੇ ਉੱਚੇ ਦਰਜੇ ਦਾ ਪ੍ਰਚਾਰ ਕੀਤਾ, ਵਾਹਿਗੁਰੂ ਦੇ ਸੱਚਖੰਡ ਲਈ ਰੱਬੀ ਮੂਰਤਾਂ ਦਿਲਾਂ ਤੇ ਚਿੱਤ੍ਰੀਆਂ।

[ਗੁਰੂ ਹਰਿ ਕ੍ਰਿਸ਼ਨ ਜੀ]

ਅੱਠਵੇਂ ਸਤਿਗੁਰਾਂ ਨੂੰ ਬੜਾ ਥੋੜਾ ਵਕਤ ਮਿਲਿਆ, ਪਰ ਉਨ੍ਹਾਂ ਨੇ ਇੰਨੇ ਅਰਸੇ ਵਿਚ ਆਪਣੇ ਰੂਹਾਨੀ ਕਮਾਲ ਨੂੰ ਵਬਾਈ ਰੋਗਾਂ ਦੇ ਦੂਰ ਕਰਨ ਵਿਚ ਖਰਚ ਕੀਤਾ, ਇਸ ਕਰਕੇ ਓਹਨਾਂ ਦਾ ਬਿਰਦ ਮਸ਼ਹੂਰ ਹੋਗਿਆ 'ਜਿਸ ਡਿਠਿਆਂ ਸਭ ਦੁਖੁ ਜਾਇ'। ਲਿਵ ਦਾ ਪ੍ਰਚਾਰ ਕੀਤਾ ਅਰ ਅਮਲੀ ਸਬੂਤ ਰੂਹਾਨੀ ਸ਼ਕਤੀ ਦੇ ਤੀਸਰੀ ਪਾਤਸ਼ਾਹੀ ਵਾਂਗ ਰੋਗੀ ਰਾਜ਼ੀ ਕਰਾਨ ਦੇ ਦਿਖਾਏ। ਬਚਨ ਪਾਲਣਾ ਤੇ ਔਰੰਗਜ਼ੇਬ ਅਗੇ ਅਡੇ ਰਹਿਣਾ, ਜ਼ੁਲਮ ਅਗੇ ਨਾ ਝੁਕਣਾ, ਕਰਕੇ ਦੱਸਿਆ ਕਿ ਲਿਵਧਾਰੀ ਲੋਕ ਬੇ ਆਜ਼ਾਰ ਹਨ। 'ਭੈ ਕਾਹੂ ਕਉ ਦੇਤ ਨਹਿ' ਦਰਜੇ ਬੇ ਅਜ਼ਾਰ ਹਨ, ਪਰ 'ਨਹਿ ਭੈ ਮਾਨਤ ਆਨਿ' ਦੇ ਰੂਹਾਨੀ ਔਜ ਵਾਲੇ ਪੀਡੇ ਤੇ ਨਿੱਗਰ ਭੀ ਹਨ।

[ਗੁਰੂ ਤੇਗ ਬਹਾਦਰ ਜੀ]

ਨਾਵੀਂ ਪਾਤਸ਼ਾਹੀ ਨੇ 'ਸਾਧੋ ਇਹ ਤਨ ਮਿਥਿਆ ਜਾਨੋ' ਦਾ ਸਬਕ ਦੇ ਕੇ ਸਿਖਾਂ ਵਿਚ ਆ ਰਹੀ ਸਰਦਾਰੀ ਵਿਚ ਅਸਲੀਅਤ ਦੇ ਗੁੰਮ ਹੋ ਜਾਣ ਤੋਂ ਬਚਾਏ ਰੱਖਣ ਲਈ ਉਪਦੇਸ਼ ਦਿੱਤਾ। ਉਹ 'ਨਾਨਕ ਕਮਾਲ' ਆਪ ਵਿਚ ਸੀ, ਪਰੰਤੂ ਜੀਕੂੰ ਪੰਜਵੀਂ ਪਾਤਸ਼ਾਹੀ ਦੇ ਸਾਕੇ ਨੂੰ ਵੇਖਕੇ ਚੁੱਪ ਕਰ ਰਹਿਣ ਤੋਂ ਸਿਖਾਂ ਵਿਚ ਢਹਿੰਦੀਆਂ ਕਲਾਂ ਦੇ ਆਵੇਸ਼ ਦਾ ਡਰ ਸੀ, ਤਿਵੇਂ ਛੇਵੀਂ ਤੇ ਅੱਠਵੀਂ ਪਾਤਸ਼ਾਹੀ ਦੇ ਚੜ੍ਹਦੀਆਂ ਕਲਾਂ ਦੇ ਅਮਲੀ ਜੀਵਨ ਤੋਂ ਹੁਣ ਇਹ ਖਿਆਲ ਸੀ ਕਿ ਮਤੇਂ ਸਿਖ 'ਰਾਜਮਸਤ' ਹੋ ਜਾਣ ਤੇ ਵੈਰ ਵਿਚ ਚਲੇ ਜਾਣ ਤੇ ਆਖਣ ਸਤਿਗੁਰ ਦਾ ਠਾਠ ਨਿਰਾ ਅਮੀਰੀ ਹੈ, ਇਸ ਕਰਕੇ ਆਪ ਨੇ ਕਮਾਲ ਦਰਜੇ ਦਾ ਵੈਰਾਗ ਸਿਖਾਇਆ। ਜਗਤ ਦੀ ਬੇਅਸਾਰਤਾ ਵੱਲ ਵਧੀਕ ਰੁਖ ਕਰਾਇਆ, ਤਾਂ ਜੋ ਸਿੱਖਾਂ ਦੇ ਮਨ ਦਾ ਤਖ਼ਤਾ 'ਰੱਬੀ-ਨਕਸ਼ਾਂ' ਲਈ ਸਾਫ ਰਹੇ। ਰਾਜ ਵਿਚ ਜੋਗੀ ਰਹਿਣ, ਰੱਬ ਨਾਲ ਜੁੜੇ ਜੋਗੀ, ਲਿਵ ਵਾਲੇ ਜੀਵੇ ਪੁਰਖ ਰਹਿਣ! ਜਿੱਕੂੰ ਈਸਾ ਜੀ ਦੇ ਚੇਲੇ ਰਾਜ ਵੱਲ ਝੁਕੇ 'ਵਾਹਿਗੁਰੂ-ਪ੍ਰੀਤ' ਨੂੰ ਭੁੱਲ ਗਏ ਤੇ ਹੁਣ ਕਿਤਨੇ ਖ਼ੂਨ ਖ਼ਰਾਬੇ ਜਗਤ ਵਿਚ ਕਰ ਰਹੇ ਹਨ, ਜਗਤ ਨੂੰ ਗ਼ੁਲਾਮ ਬਣਾ ਰਹੇ ਤੇ ਆਪੋ ਵਿਚ ਕਟਾਵਢ ਕਰ ਰਹੇਹਨ ਤੇ ਕਈ ਥਾਈਂ ਈਸਾ ਦੇ ਹੀ ਗਿਰਜੇ ਤੇ ਪੁਸਤਕਾਲਯ ਸਾੜ ਰਹੇ ਹਨ*।

'ਮਾਦੀ ਜੀਵਨ ਵਿਚ ਆਕੇ ਸਿਖ ਇਖ਼ਲਾਕੀ ਤੇ ਰੂਹਾਨੀ ਜੀਵਨ ਨੂੰ ਭੁੱਲ ਨਾ ਜਾਣ' ਨਾਵੇਂ ਸਤਿਗੁਰਾਂ ਦਾ ਪ੍ਰਯੋਜਨ ਇਹ ਸੀ। ਫੌਜ ਸਤਿਗੁਰ ਪਾਸ ਸੀ, ਆਨੰਦਪੁਰ ਸ਼ਹਿਰ ਪਹਾੜੀ ਪਨਾਹ ਵਿਚ ਭੀ ਬਣਾ ਲਿਆ ਸੀ, ਕਿਲ੍ਹਾ ਭੀ ਸੀ, ਪਰ ਫੇਰ ਪੰਜਵੇਂ ਸਤਿਗੁਰਾਂ ਵਾਂਗ 'ਭਾਣੇ ਤੇ ਜੀਰਾਂਦ' ਦਾ ਨਮੂਨਾ ਦਿਖਾਇਆ, ਤਨ ਮਿਥਿਆ ਸਿਖਾਇਆ ਸੀ ਤੇ ਸਿਰ ਦੇ ਕੇ ਕਮਾਲ ਕਰ ਦਿਤਾ। ਫੌਜ ਤੇ ਤਲਵਾਰ ਸੀ, ਪਰ ਵਰਤੀ ਨਹੀਂ। ਇਹ ਪੰਜਵੀਂ ਤੋਂ ਦਸਵੀਂ ਤਕ 'ਰਾਜ-ਜੋਗ' ਦੇ ਕਮਾਲ ਸਤਿਗੁਰਾਂ ਨੇ ਆਪਣੇ 'ਨਾਨਕ ਕਮਾਲ' ਦੀ ਕਾਮਯਾਬੀ ਖ਼ਾਤਰ, ਪੰਥ ਵਿਚ ਅਮਲੀ ਜੀਵਨ ਦੇ ਕਾਇਮ ਕਰਨ ਲਈ ਕੀਤੇ। ਨਾਵੇਂ ਸਤਿਗੁਰਾਂ ਦੀ ਬਾਣੀ, ਪ੍ਰਚਾਰ, ਸਫਰ, ਪਹਿਲੀ ਪਾਤਸ਼ਾਹੀ ਵਾਂਗ ਹਨ। ਨਾਵੇਂ ਸਤਿਗੁਰਾਂ ਦੀ ਬਾਣੀ ਵੈਰਾਗਮਈ ਸਮਝਕੇ ਉਦਾਸੀ ਦੀ ਮੰਨੀਜਾਂਦੀ ਹੈ, ਪਰ ਓਹਨਾਂ ਦੀ ਬਾਣੀ ਨਿਰਭੈਤਾ ਦਾ ਮੂਲ ਹੈ, ਜੋ

*ਪਿਛਲੇ (੧੯੧੪-੧੯) ਦੇ ਜੰਗ ਵਿਚ ਕਈ ਗਿਰਜੇ ਪੁਸਤਕਾਲਯ ਸਾੜੇ ਗਏ ਸਨ। ਮਗਰੋਂ ਦੇ (੧੯੩੯ ਦੇ) ਜੰਗ ਵਿਚ ਭਾਂ ਜ਼ੁਲਮਾਂ ਦੀ ਓੜਕ ਹੋ ਗਈ ਹੈ।

ਸੱਚੀ ਖੁਸ਼ੀ ਤੇ ਉਤਸਾਹ ਉਮਾਹ ਦੀ ਜਿੰਦਜਾਨ ਹੈ। ਸਤਿਗੁਰ ਫੁਰਮਾਉਂਦੇ ਹਨ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥' ਫਿਰ ਇਹ ਅਸੂਲ ਕਹਿਕੇ ਆਪ ਔਰੰਗਜ਼ੇਬ ਵਰਗੇ ਜ਼ਾਲਮ ਦਾ 'ਭੈ ਨਹੀਂ ਮੰਨਦੇ' ਮੌਤ ਦਾ ਭੈ ਨਹੀਂ ਮੰਨਦੇ, ਬਦਨਾਮੀ ਦਾ ਭੈ ਨਹੀਂ ਮੰਨਦੇ, ਤਲਵਾਰ ਦੀ ਧਾਰ ਦਾ ਭੈ ਨਹੀਂ ਮੰਨਦੇ, ਮਰਦਾਂ ਦੇ ਮਰਦਾਨ ਤੇਗ਼ ਦੇ ਅਗੇ ਖੜੋ ਕੇ ਦੱਸਦੇ ਹਨ 'ਸਾਧੋ ਇਹ ਤਨੁ ਮਿਥਿਆ ਜਾਨਉ'। ਕਿਸੇ ਪਰਬਤ ਦੀ ਕੁੱਖ ਵਿਚ ਲੁਕਕੇ ਉਦਾਸ ਬੈਠੇ ਤੇ ਹਾਇ ਹਾਇ ਕਰਦੇ ਤਨ ਨੂੰ ਮਿੱਥਿਆ ਨਹੀਂ ਦੱਸਦੇ। ਹਾਂ, ਆਪਣੇ ਅਸੂਲ, ਆਪਣੇ ਲਿਵ ਦੇ ਜੀਵਨ ਤੋਂ ਤਨ ਵਾਰ ਦੇਂਦੇ ਹਨ। ਇਕ ਗਲ ਹੋਰ ਸਮਝਣ ਵਾਲੀ ਹੈ: ਆਪਣੇ ਈਮਾਨ ਤੇ ਅਸੂਲ ਤੋਂ ਯਾ ਆਪਣੇ ਮਜ਼ਹਬ ਤੋਂ ਤਾਂ ਸ਼ਹੀਦੀਆਂ ਪਾਉਣ ਵਾਲੇ ਆਪ ਨੂੰ ਭਲੇ ਪੁਰਖ ਇਤਿਹਾਸ ਵਿਚ ਮਿਲਣਗੇ ਪਰ ਦੂਸਰੇ ਦੇ ਧਰਮ ਦੀ ਖ਼ਾਤਰ ਕਿ ਉਸਨੂੰ ਆਪਣੇ ਧਰਮ ਵਿਚ ਖੁੱਲ੍ਹ ਕਾਇਮ ਰਹੇ, ਕਿਸੇ ਨੇ ਸੀਸ ਦਿੱਤਾ ਹੋਵੇ ਇਹ ਮਿਸਾਲ ਮੈਨੂੰ ਤਾਂ ਨਹੀਂ ਕਦੇ ਲੱਭੀ ਸਿਵਾ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਦੇ। ਇਹ ਨੁਕਤਾ ਦਸਵੇਂ ਪਾਤਸ਼ਾਹ ਨੇ ਗੁਰੂ ਤੇਗ ਬਹਾਦਰ ਜੀ ਬਾਬਤ ਆਪ ਵਰਣਨ ਕੀਤਾ ਹੈ—

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਕਲੂ ਬਿਖੇ ਬਡ ਸਾਕਾ।

ਉਨ੍ਹਾਂ ਦਾ, ਅਰਥਾਤ ਹਿੰਦੂਆਂ ਦਾ ਤਿਲਕ ਜੰਞੂ ਵਾਲਾ ਧਰਮ ਬਚਾ ਦਿੱਤਾ, ਕਲਜੁਗ ਵਿਚ ਇਹ ਬੜਾ ਭਾਰੀ ਸਾਕਾ ਕਰ ਦਿਖਾਇਆ। ਇਹ ਹੈ ਗੁਰੂ ਤੇਗ਼ ਬਹਾਦਰ ਜੀ ਦੇ ਉਪਕਾਰੀ ਕਮਾਲਾਂ ਵਿਚੋਂ ਇਕ ਅਦੁਤੀ ਕਮਾਲ।

[ਸ੍ਰੀ ਗੁਰੂ ਗੋਬਿੰਦ ਸਿੰਘ ਜੀ]

ਹੁਣ ਆਈ ਸ੍ਰੀ ਗੁਰੂ ਕਲਗੀਧਰ ਜੀ ਦੀ ਵਾਰੀ।

ਆਪਦਾ ਵਜੂਦ ਦਸਾਂਪਾਤਸ਼ਾਹੀਆਂ ਦੇ ਸਰੀਰੀ ਵਜੂਦ ਵਿਚੋਂ 'ਨਾਨਕ ਕਮਾਲ' ਦਾ ਗੁਰੂ ਰੂਪ ਵਜੂਦ ਆਖ਼ਰੀ ਸੀ। ਇਸ ਵੇਲੇ ਜੀ ਉਠੇ ਲਿਵਧਾਰੀ ਲੋਕਾਂ ਦੇ ਦੁਆਲੇ ਜਗਤ ਨੇ ਪੂਰਨ ਤਬਾਹੀ ਦਾ ਸਾਮਾਨ ਕਰ ਰੱਖਿਆ ਸੀ।

'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥'

ਸਤਿਨਾਮੀ ਫਿਰਕੇ ਨੂੰ ਔਰੰਗਜ਼ੇਬ ਤਹਤੇਗ਼ ਕਰ ਚੁਕਾ ਸੀ, ਕਈ ਬੈਨਵਾ ਫਕੀਰ ਡੋਬੇ ਜਾ ਚੁਕੇ ਸੇ, ਕਈ ਸੂਫੀ ਫਕੀਰ ਕਤਲ ਹੋ ਚੁਕੇਸੇ। ਕਸ਼ਮੀਰੀ ਬ੍ਰਹਮਣ ਤੇ ਕੌਮਾਂ ਦੀਆਂ ਕੌਮਾਂ ਜਬਰਨ ਮੁਸਲਮਾਨ ਕੀਤੀਆਂ ਜਾ ਰਹੀਆਂ ਸਨ, ਰਾਜਪੂਤ ਧੀਆਂ ਦੇ ਕੇ ਜ਼ੋਰ ਹੋ ਚੁਕੇ ਸਨ। ਔਰੰਗਜ਼ੇਬ ਦੀ ਸ਼ਰ੍ਹ ਤੇ ਜ਼ੁਲਮ ਇਸ ਵੇਲੇ ਜ਼ੋਰਾਂ ਵਿਚ ਸੀ। ਹਿੰਦੂ ਬਰਤਰਫ਼ ਕੀਤੇ ਗਏ, ਮੰਦਰ ਢਾਹੇ ਗਏ, ਤੀਰਥ ਯਾਤ੍ਰਾ ਕ੍ਰੀਬਨ ਬੰਦ ਤੇ ਉਤੋਂ ਤੇਗ਼ ਜਾਰੀ ਕਿ ਮੁਸਲਮਾਨ ਕਰੋ। ਇਸ ਵੇਲੇ ਸਿਖ ਫਿਰਕਾ ਉਸ ਨੂੰ ਇਕ ਭਾਰੀ ਕੰਟਕ ਦਿੱਸਦਾ ਸੀ। ਇਹ ਫਿਰਕਾ ਇਕ ਫਕੀਰੀ ਫਿਰਕਾ ਸੀ, ਇਹ ਫਕੀਰ ਖ਼ੁਦੀ ਤੇ ਖ਼ੁਦਾ (ਆਪੇ ਤੋਂ ਰੱਬ) ਦੇ ਡੂੰਘੇ ਭੇਤਾਂ ਤੋਂ ਵਾਕਫ ਸਨ। ਇਹ ਜੰਗਲੀਂ ਵੱਸਣ ਵਾਲੇ ਬੈਰਾਗੀ ਨਹੀਂ ਸੇ। ਇਹ ਇਖ਼ਲਾਕੀ ਮੇਅਰਾਜ ਤੋਂ ਨਿਪੁੰਸਕਤਾ ਵੱਲ ਝੁਕ ਗਏ ਕਾਇਰ ਨਹੀਂ ਸੇ। ਇਹ ਪਰਮੇਸ਼ੁਰ ਤੋਂ ਡਰਦੇ, ਪਰ ਮਾਇਆ ਤੋਂ ਅਭੈ ਤੇ ਬੇਲੋੜ ਸੇ। ਇਹ ਮਰਦ ਸੇ, ਮਰਦ ਦੇ ਚੇਲੇ ਸੇ ਤੇ ਮਰਦਊਪਨੇ ਵਿਚ ਜੀਉ ਉਠੇ ਸੇ। ਇਨ੍ਹਾਂ ਦੀ ਮਰਦਊ ਰੂਹਾਨੀਅਤ ਦੇ ਸ਼ਿਖਰੀਂ ਜਾ ਚੜ੍ਹੀ ਸੀ, ਇਨ੍ਹਾਂ ਦੇ ਰੰਗ ਪਾਤਸ਼ਾਹ ਨੂੰ ਪਤਾ ਸਨ। ਸੋ ਐਉਂ ਜਾਪਦਾ ਹੈ ਕਿ ਉਸ ਨੇ ਪਹਿਲੇ ਤਾਂ ਪਹਾੜੀ ਰਾਜੇ ਇਨ੍ਹਾਂ ਦੇ ਗਲੇ ਪਾਏ ਕਿ ਹਿੰਦੂ ਆਪੋ ਵਿਚ ਕਟ ਮਰਨ ਤੇ ਮੈਨੂੰ ਕੁਛ ਨਾ ਕਰਨਾ ਪਵੇ। ਪਾਤਸ਼ਾਹ ਨੂੰ ਪਤਾ ਸੀ ਕਿ ਸਿਖਾਂ ਦੀ ਰਵਸ਼ ਵੱਖਰੀ ਹੈ ਤੇ ਹਿੰਦੂ ਅਕਬਰ ਦੇ ਵੇਲੇ ਤੋਂ ਦੰਦ ਪੀਹ ਰਹੇ ਹਨ, ਇਨ੍ਹਾਂ ਨੂੰ ਇਸ਼ਾਰਾ ਦੇ ਕੇ ਸਿੱਖਾਂ ਦੇ ਗਲ ਪਾ ਦੇਣਾ ਰਾਜਨੀਤੀ ਹੈ। ਦੂਜੇ ਪਾਸੇ ਸਿਖਾਂ ਦਾ ਇਨ੍ਹਾਂ ਪਹਾੜੀ ਰਾਜਿਆਂ ਅਗੇ ਸਹਿਨਸ਼ੀਲਤਾ ਨਾਲ ਪਿਸ ਜਾਣਾ ਇਸ ਵੇਲੇ ਰੂਹਾਨੀ ਜੇਰਾ ਨਹੀਂ ਪਰ ਰੂਹਾਨੀ ਮੌਤ ਸੀ।

ਗੁਰੂ ਗੋਬਿੰਦ ਸਿੰਘ ਜੀ ਵਿਚ 'ਅਰਸ਼ੀ ਵਿੱਦਯਾ, ਉਨਰ, ਕਾਰੀਗਰੀ' ਨਾਨਕ ਕਮਾਲ ਤੇ ਸਨ। ਜਿੰਕੂ ਇਸ ਆਦਰਸ਼ ਦੇ ਪ੍ਰਚਾਰ ਲਈ ਪਹਿਲੇ ਨਵੇਂ ਸਤਿਗੁਰਾਂ ਨੇ ਵਕਤ ਵਕਤ ਦੀਆਂ ਲੋੜਾਂ ਪੂਰੀਆਂ ਕੀਤੀਆਂ ਤੇ ਮੁਸ਼ਕਲਾਂ ਹੱਲ ਕੀਤੀਆਂ, ਤਿਵੇਂ ਹੁਣ ਵਕਤ ਆ ਗਿਆ ਕਿ ਕਲਗੀਧਰ

ਨੂੰ ਹੋਰ ਕਮਾਲ ਦਿਖਾਉਣੇ ਪੈਣ । ਇਹ ਮਾਮਲੇ ਬੜੇ ਕਠਨ ਹਨ, ਇਸੇ ਕਰ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਸਮਝਣਾ ਕਠਨ ਹੈ ਤੇ ਮੁਅੱਰਖ ਟਪਲੇ ਖਾਂਦੇ ਹਨ ।

ਗੁਰ ਨਾਨਕ ਕਮਾਲ ਸੀ—'ਪਵਿੱਤ੍ਰ ਰਹਿਣਾ' ਤੇ 'ਅੰਦਰਲੇ ਨੂੰ ਲਗਾਤਾਰ ਅਨੰਤ ਦੇ ਲਗਾਉ ਵਿਚ ਰੱਖਣਾ' ਤੇ ਇਸ ਤਰ੍ਹਾਂ ਰਹਿੰਦੇ ਹੋਏ ਵਿਸ਼ੇਸ਼ ਕਰਕੇ 'ਜੀਵਨ ਗ੍ਰਿਹਸਤੀ' ਰੱਖਣਾ । ਗ੍ਰਿਹਸਤ ਦੇ ਸਾਰੇ ਪਹਿਲੂਆਂ ਵਿਚ ਸਾਰੇ ਸਤਿਗੁਰ ਇਹ 'ਅਨੰਤ ਵਿਚ ਨਿਰੰਤਰ ਲਗਾਉ' ਸਿਖਾਉਂਦੇ ਰਹੇ ਤੇ ਲੁਆਉਂਦੇ ਰਹੇ । ਦਸਾਂ ਪਾਤਸ਼ਾਹੀਆਂ ਦੇ ਮਨੋਰਥ 'ਮਨ ਦੇ ਤੇ ਜ਼ਿੰਦਗੀ ਦੇ ਇਕ ਤੁਲਵੇਂ ਤੋਲ ਦੇ ਅਰ ਟਿਕਵੀਂ ਇਕਸੁਰਤਾ' ਦੇ ਅਮਲੀ ਆਦਮੀ ਪੈਦਾ ਕਰਨ ਦੇ ਸਨ । ਹੁਣ ਵਕਤ ਆਇਆ ਸੰਸਾਰ ਵਿਚ ਸਭ ਤੋਂ ਕਠਨ ਤੇ ਭਿਆਨਕ ਕੰਮ—ਜੰਗ—ਦਾ । ਇਨ੍ਹਾਂ ਗ੍ਰਿਹਸਤੀਆਂ ਨੂੰ ਜੰਗ ਕਰਨੇ ਹੀ ਪੈ ਗਏ । ਚਾਹੇ ਓਹ ਆਪ ਨਾ ਚਾਹੁਣ ਵਾਲੇ ਸੇ; ਪਰ ਸਮੇਂ ਦੇ ਅੰਨਜਾਫ ਤੇ ਧੱਕੇ ਨੇ ਓਹਨਾਂ ਦੇ ਕਲ ਜੰਗ ਮੜ੍ਹ ਦਿੱਤੇ ਤੇ ਓਹਨਾਂ ਨੂੰ ਸ੍ਵੈ ਰੱਖਿਆ ਲਈ ਯਾ ਦੀਨਾਂ ਦੀ ਰੱਖਿਆ ਲਈ ਜੰਗ ਕਰਨੇ ਪੈ ਗਏ । ਜੰਗ ਕਲਗੀਧਰ ਜੀ ਨੇ ਨੇਉਤੇ ਨਹੀਂ, ਪਰ ਸਮੇਂ ਦੇ ਜ਼ੁਲਮ ਤੋਂ ਮਜ਼ਲੂਮਾਂ ਦੀ ਰੱਖਿਆ ਲਈ ਘਰ ਆ ਗਏ ਜੰਗ ਦੀ ਪ੍ਰਾਹੁਣਚਾਰੀ ਕੀਤੀ ਹੈ। ਜੰਗ ਦੇ 'ਹਿਲਾਉ ਪ੍ਰਯਤਨ ਤੇ ਪ੍ਰਿਵਰਤਨ' ਵਾਲੇ ਸਮੇਂ ਭੀ ਅੰਦਰਲੇ ਦਾ ਲਗਾਉ ਅਨੰਤ ਵੱਲ ਲੱਗਾ ਰਹੇ, ਇਹ 'ਕਲਗੀਧਰ ਕਮਾਲ' ਹੈ ।

ਅਮਨ ਨਾਲ ਰਾਜ ਕਰਦਿਆਂ ਜਿਸ ਤਰ੍ਹਾਂ ਜਨਕ ਸੀ, ਵਿਹਾਰ ਕਾਰ ਕਰਦਿਆਂ ਜਿੱਕੂੰ ਨਰਸੀ, ਕਮਾਮ ਕਰਦਿਆਂ ਜਿੱਕੂੰ ਕਬੀਰ ਤੇ ਨਾਮਾ ਸੀ, ਖੇਤੀ ਕਰਦਿਆਂ ਜਿੱਕੂੰ ਧੰਨਾ ਸੀ, ਤਿੱਕੂੰ ਦਿਲ ਦਾ ਰੁਖ ਸਾਈਂ ਵੱਲ ਰੱਖਣ ਦੇ ਉੱਚੇ ਉੱਚੇ ਨਮੂਨੇ ਸਿੱਖਾਂ ਵਿਚ ਹਰ ਪੇਸ਼ੇ ਦੇ ਆਦਮੀਆਂ ਦੇ ਆਮ ਸਨ ! ਜੰਗ ਵਿਚ ਧਰਮ ਨਿਭੇ, ਏਸ ਗੱਲ ਦੀ ਨੀਂਹ ਛੇਵੇਂ ਸਤਿਗੁਰਾਂ ਨੇ ਧਰੀ ਤੇ ਇਹ ਗੱਲ ਅਟੱਲ ਮੁਸ਼ਕਲ ਦੀ ਸ਼ਕਲ ਵਿਚ ਕਲਗੀਆਂ ਵਾਲੇ ਦੇ ਸਾਹਮਣੇ ਆਈ । ਓਹਨਾਂ ਨੇ ਕੌਮ ਨੂੰ ਸ੍ਰੀ ਗੁਰ ਅਰਜਨ ਤੇ ਸ੍ਰੀ ਗੁਰੂ ਤੇਗ਼ ਬਹਾਦਰ ਵਾਲਾ ਆਦਰਸ਼—ਮੌਤ ਨੂੰ ਮਖੌਲ ਕਰਨ ਵਾਲਾ—ਪੇਸ਼ ਕੀਤਾ, ਪੰਜ ਨਿਤਰੇ, ਪੰਜਾਂ ਦੀ ਕੌਮ ਬਣਾਈ, ਜਿਨ੍ਹਾਂ ਵਿਚ ਤੀਜੇ ਚੌਥੇ ਸਤਿਗੁਰਾਂ ਦਾ ਜੋ ਉਠਿਆਂ ਦਾ ਜੁਦਾ ਭਾਈਚਾਰਾ ਹੋਣ ਦਾ ਆਦਰਸ਼ ਪਾਕੇ ਵਹਿਮੀ ਮਤਾਂ ਤੋਂ ਉੱਕਾ ਤੋੜ ਲਿਆ । ਕਿਸੇ ਵਡਿੱਤ ਦੇ ਵਹਿਮ ਯਾ ਸੂਗ ਤੋਂ ਨਹੀਂ, ਪਰ ਜਥੇਬੰਦ ਕਰਨ ਲਈ ਹੁਣ ਦੱਸਿਆ ਕਿ ਅਨੰਤ ਦੇ ਲਗਾਉ ਵਿਚ ਜੋ ਸੁਰਤ ਸਾਈਂ ਵੱਲ ਰਹਿੰਦੀ ਹੈ ਉਹ ਟਿਕ ਖੁਸ਼ੀ ਹੈ, 'ਅਨੰਦੁ ਭਇਆ ਮੇਰੀ ਮਾਏ ਸਤਿਗੁਰੁ ਮੈ ਪਾਇਆ।।' ਉਹ ਚੜ੍ਹਦੀ ਅਵਸਥਾ ਹੈ, ਉਹ ਰੂਹ ਦਾ ਖੇੜਾ ਹੈ, ਉਹ ਰਸਹੈ, ਉਸਲਈ ਭੈ ਤੇ ਭਰਮ ਕੁਛਚੀਜ਼ ਨਹੀਂ । ਜਿਸ ਦੇ ਅੰਦਰ ਮੌਲਾ ਹੈ, ਉਸ ਦੀ ਗਰਦਨ ਝੂਠੇ ਅਗੇ ਨਹੀਂ ਝੁਕੇਗੀ । ਜਿਸ ਦੇ ਅੰਦਰ 'ਨਾਨਕ ਦਾ ਸੱਚ, ਤੇ ਸੱਚਾ ਰੱਬ' ਹੈ, ਉਹ ਜ਼ਾਲਮ ਕਮੀਨੇ ਅਗੇ ਨਹੀਂ ਨਿਵੇਂਗਾ ! ਰੂਹਾਨੀ ਔਜ ਜਿਸ ਦਾ ਹੋ ਚੁੱਕਾ ਹੈ, ਉਹ ਇਕ ਸ਼ਕਤੀ ਹੈ, ਇਕ ਉੱਚ ਆਚਰਨ ਹੈ, ਇਕ ਤਾਕਤ ਹੈ, ਉਹ 'ਜੋਧ ਮਹਾ ਬਲ ਸੂਰ' ਹੈ, ਉਹ ਆਤਮ-ਬਲ ਹੈ, ਆਪੇ ਦਾ ਕੇਂਦ੍ਰੀ ਸਾਹਸ ਹੈ। ਇਉਂ ਸਤਿਗੁਰ ਨੇ ਫਕੀਰਾਂ ਨੂੰ ਫਕੀਰੀ ਦੇ ਨੁਕਤੇ ਤੋਂ ਦੱਸਿਆ ਕਿ ਰਣ ਤੱਤੇ ਵਿਚ ਭੀ ਲਿਵ ਨਾ ਟੁੱਟੇ, ਪਰ ਨਾ ਟੁੱਟੇ ।

ਇਕ ਤੋਂ ਵਧੀਕ ਵਾਰ ਰਾਜਿਆਂ ਨੂੰ ਸਮਝਾਇਆ, ਦੇਸ਼ ਦੀ ਦੁਰਦਤ ਦੱਸੀ । ਜਦੋਂ ਓਹ ਨਾ ਟਲੇ ਤੇ ਅਕਾਰਨ ਲੜਨ ਆ ਗਏ ਤਾਂ ਫਕੀਰ ਖੜੇ ਹੋ ਗਏ । ਇਨ੍ਹਾਂ ਦੇ ਦਿਲ ਸਤਿਗੁਰ ਨੇ ਕੀਨਾਂ ਨਹੀਂ ਪਾਇਆ, ਸੂਗ ਨਹੀਂ ਸਿਖਾਈ ਕਿਉਂਕਿ ਓਹਨਾਂ ਦਾ ਆਪਣਾ ਸੀਨਾ ਕੀਨੇ ਤੋਂ ਸਾਫ ਹੈ। ਭਾਈ ਨੰਦ ਲਾਲ ਜੀ ਸਾਖ ਭਰਦੇ ਹਨ:—

ਖਾਲਿਸੋ ਬੇ ਕੀਨਾ ਗੁਰ ਗੋਬਿੰਦ ਸਿੰਘ ।
ਹਕ ਹਕ ਆਈਨਾ ਗੁਰ ਗੋਬਿੰਦ ਸਿੰਘ ।
[ਗੰਜ ਨਾਮਾ

ਪਾਪ ਭਰੀ ਤੇ ਦੂਏ ਦੀ ਮੁਲਕਗੀਰੀ ਦੀ ਹਵਸ ਨਹੀਂ ਸਿਖਾਈ । ਪਰ ਮਜ਼ਲੂਮਾਂ ਤੋਂ ਜ਼ੁਲਮ ਦੂਰ ਕਰਨ ਦੀ ਅਰ ਮਾਦੀ ਤਾਕਤਾਂ ਅੱਗੇ ਆਪਣੀ ਰੂਹਾਨੀਅਤ ਨੂੰ ਨਾ ਝੁਕਾਉਣ ਦੀ ਬੀਰਤਾ ਸਿਖਾਈ, ਨਮੂਨੇ ਲਈ ਦੇਖੋ:—

[ਰੂਹਾਨੀ ਕਮਾਲ]

੧. ਅਨੰਦ ਪੁਰੋਂ ਸਖਤ ਮੁਹਾਸਰੇ ਦੇ ਬਾਦ ਨਿਕਲਦੇ ਹਨ, ਦੁਸ਼ਮਨ ਦਲ ਵਿਚੋਂ ਨਿਕਲ ਟੁਰਦੇ ਹਨ, ਕਈ ਮੀਲ ਜਾ ਕੇ ਤ੍ਰਿਪਹਿਰੇ ਦਾ ਸਮਾ ਆ ਜਾਂਦਾ ਹੈ ਉਹ ਰੂਹਾਨੀ ਕਮਾਲ ਵਾਲਾ ਬੋਲਦਾ ਹੈ, 'ਬੰਮ' ਤੇ ਆਸਾ ਦੀ ਵਾਰ ਦਾ ਦੀਵਾਨ ਸਜ ਜਾਂਦਾ ਹੈ। ਇਹ ਕੰਮ ਕੋਈ ਜਰਨੈਲ ਨਹੀਂ ਕਰ ਸਕਦਾ, ਪਰ ਰੂਹਾਨੀ ਔਜ ਵਾਲਾ, ਕੀਨੇ ਤੋਂ ਸਾਫ, ਅਨੰਤ ਵਿਚ ਚੁਭੀ ਹੋਈ ਸੁਰਤਿ ਵਾਲਾ ਕਾਮਲ ਰੂਰੂ ਗੋਬਿੰਦ ਸਿੰਘ ਹੀ ਕਰ ਸਕਦਾ ਹੈ। ਓਹਨਾਂ ਦੇ ਜੰਗ ਨਫਰਤ ਤੇ ਮਬਨੀ ਨਹੀਂ, ਪਰ ਉਤਸ਼ਾਹ ਤੇ ਮਬਨੀ ਸਨ। ਇਸ ਤੋਂ ਸਾਫ ਹੈ ਕਿ ਓਹਨਾਂ ਨੇ ਸਿਪਾਹੀ ਜੀਵਨ ਤੇ ਲੋਕਾਂ ਉੱਤੋਂ ਰੂਹਾਨੀ ਜੀਵਨ ਨੂੰ ਨਹੀਂ ਵਾਰਿਆ ਅਰ ਰੂਹਾਨੀ ਜੀਵਨ ਨੂੰ ਕਾਮਯਾਬ ਰੱਖਣ ਵਿਚ ਕਿਸੇ ਜਰਨੈਲੀ ਲੋੜ ਨੂੰ ਪ੍ਰੋਂਹਤਾ ਨਹੀਂ ਦਿੱਤੀ ਅਰ ਕਦੀ ਖਤਰੇ ਵਿਚ ਪੈ ਜਾਣੋਂ ਦਰੇਗ ਨਹੀਂ ਕੀਤਾ।

੨. ਔਰੰਗਜ਼ੇਬ ਵਲੋਂ ਰਾਜ, ਖ਼ਿਤਾਬ, ਜਗੀਰਾਂ, ਇੱਜ਼ਤਾਂ ਦੇ ਲਾਲਚ ਆਉਂਦੇ ਹਨ ਕਿ ਰਜਵਾੜਿਆਂ ਵਾਂਗੂ ਰਾਜਾ ਹੋ ਕੇ ਸੁਖ ਮਾਣੋ, ਪਰ ਉਹ ਇਖਲਾਕੀ ਤੇ ਰੂਹਾਨੀ ਕਮਾਲ ਵਾਲਾ ਕਬੂਲ ਨਹੀਂ ਕਰਦਾ। ਦੂਸਰਿਆਂ ਦੀ ਆਜ਼ਾਦੀ ਖੁਹਣੀ ਅਪਣਾ ਰਾਜ ਤੇ ਸੁਖ ਲੋੜਨੇ ਪ੍ਰਯੋਜਨ ਨਹੀਂ, ਅਰਥਾਤ ਤ੍ਰਿਸ਼ਨਾਂ ਕਾਰਨ ਨਹੀਂ ਜੋ ਤਲਵਾਰ ਪਕੜਵਾ ਰਹੀ ਹੈ, ਪਰ ਸੁਰਤਿ ਨੂੰ ਝੁਕਣ ਨਹੀਂ ਦੇਣਾ, ਲਿਵ ਨੂੰ ਭੈ ਤੇ ਲੋਭ ਦੇ ਤਾਬੇ ਨਹੀਂ ਹੋਣ ਦੇਣਾ, ਇਹ ਹੈ ਨਿਰਭੈਤਾ ਤੇ ਸੁਤੰਤ੍ਰਤਾ ਦਾ ਉੱਚਾ ਖਿਆਲ ਜੋ ਤਲਵਾਰ ਪਕੜਵਾ ਰਿਹਾ ਹੈ। ਇਹ ਹੰਕਾਰ ਭੀ ਨਹੀਂ ਹੈ, ਹੰਕਾਰ ਉਸ ਆਦਮੀ ਦੀ ਮਸਤੀ ਹੈ ਜਿਸ ਦੇ ਅੰਦਰ ਲਿਵ ਨਹੀਂ ਹੈ, ਅੰਦਰੋਂ ਸੱਖਣਾ ਹੈ ਤੇ ਬਾਹੂਬਲ, ਪਦਾਰਥ ਯਾ ਹਰ ਨਾਸ਼ਮਾਨ ਤਾਕਤਾਂ ਤੇ ਹੰਕੜਦਾ ਹੈ, ਪਰ ਇਹ ਨਿਰੋਲ ਚੜ੍ਹਦੀ ਕਲਾ ਦਾ ਬਲ ਹੈ ਜੋ ਨਿਰਮਾਨ ਹੈ, ਵੈਰਾਗ ਵਿਚ ਹੈ, ਸੰਸਾਰ ਨੂੰ ਨਾਸ਼ਮਾਨ ਵੇਖਦਾ ਹੈ, ਤਨ ਮਿਥਿਆ ਜਾਣਦਾ ਹੈ, ਸ੍ਰਿਸ਼ਟੀ ਰਚਨਾ ਵਿਚ ਖੰਡਾ (ਮੌਤ) ਪਿਥਮੇਂ ਸਾਜਿਆ ਜਾਂਦਾ ਤੱਕਦਾ ਹੈ ਤੇ ਇਸ ਕਰ ਕੇ ਅਭੈ ਹੈ ਕਿ ਉਸ ਨੂੰ ਇਸ ਨਾਸ਼ਮਾਨ ਵਿਚ ਇਕ ਅਵਿਨਾਸ਼ ਕਿਣਕਾ, ਇਕ ਨਾਸ਼ ਰਹਿਤ ਟੇਕ ਦਾ ਕੇਂਦਰ—'ਅਨੰਤ ਵਿਚ ਨਿਰੰਤਰ ਅੰਦਰਲੇ ਦਾ ਲਗਾਉ' ਅਰਥਾਤ ਲਿਵ ਦਾ ਯਥਾਰਥ ਆਸਰਾ ਮਿਲ ਗਿਆ ਹੈ। ਉਹ ਤਲਵਾਰ ਚਲਾਉਂਦਾ ਹੈ ਕਿ ਹਾਂ, ਮੈਂ ਇਸ ਕਿਣਕੇ ਨੂੰ, ਹੇ ਜ਼ਾਲਮ ! ਤੇਰੇ ਭੈ ਅਗੇ, ਨਹੀਂ ਦੇ ਦੇਣਾ, ਭੈ ਆਇਆ ਲਿਵ ਗਈ, ਤ੍ਰਿਸ਼ਨਾ ਆਈ ਲਿਵ ਗਈ।

੩. ਹਾਂ ਜੀ, ਕਈ ਇਖ਼ਲਾਕੀ ਮਹਾਤਮਾਂ ਜੰਗ ਨੂੰ ਪਾਪ ਦੱਸਦੇ ਹਨ। ਹਾਂ, ਜੋ ਨਿਰਾ ਹੰਕਾਰ ਕਰਕੇ, ਲੜਦੇ ਮਰਦੇ ਹਨ ਉਹ ਪੁੰਨ ਨਹੀਂ ਕਰ ਰਹੇ, ਪਰ ਜਿਸਦੇ ਅੰਦਰ 'ਲਿਵ' ਦੀ ਅਸਲੀਅਤ ਹੈ ਤੇ ਉਸਦੇ ਅੰਦਰ ਨਾ ਝੁਕਣ ਵਾਲੀ ਤਾਕਤ ਹੈ, ਉਹ ਜੇ ਦੀਨ ਰਖਜਾ ਹਿਤ ਯਾ ਲਿਵ ਲਾ ਰਹੇ ਸਾਧੂਆਂ ਹਿਤ ਨਹੀਂ ਝੁਕਦਾ, ਤੇ ਜ਼ਾਲਮ ਦੇ ਅੱਗੇ ਆਪਣੀ ਅਮੁਜ ਤਲਵਾਰ ਦੀ ਢਾਲ ਪੇਸ਼ ਕਰਦਾ ਹੈ, ਤਾਂ ਉਹ ਆਤਮਕ ਨੁਕਤੇ ਤੋਂ 'ਜੋਧਮਹਾ ਬਲ ਸੂਰ*' ਦਾ ਕੰਮ ਕਰ ਰਿਹਾ ਹੈ, ਉਹਦੇ ਅੰਦਰ ਹਉ ਨਹੀਂ, ਪਰ 'ਰਾਮ ਰਹਿਆ ਭਰਪੂਰ' ਹੈ। ਉਸਦਾ ਜੰਗ ਪੁੰਨ ਕਰਮ ਹੈ, ਤੇ ਭਾਰੀ ਕੁਰਬਾਨੀ ਹੈ।

ਸੋਲ੍ਹੀਆਂ ਵਾਲੇ ਨਾਨਕ ਨੇ ਅੱਜ ਕਲਗੀਆਂ ਲਾ ਕੇ ਤਲਵਾਰ ਫੜੀ ਹੈ, ਕਹਿੰਦਾ ਹੈ ਜੀਕੂੰ ਮੈਂ ਹਰ ਸੰਸਾਰ ਦੇ ਫਕੀਰ ਨੂੰ ਜਿੱਤਿਆ ਸੀ, ਜੀਕੂੰ ਬਾਬਰ ਅਗੇ ਨਹੀਂ ਝੁਕਿਆ ਸਾਂ, ਤੀਕੂੰ ਰਾਜਿਆਂ ਤੇ ਜ਼ਾਲਮ ਔਰੰਗਜ਼ੇਬ ਦੀ ਤਲਵਾਰ ਅਗੇ ਨਹੀਂ ਝੁਕਣਾ, ਹੁਣ .ਰਾਖੀ ਕਰਾਂਗਾ, ਪਰ ਦੇਖੋ ਮੇਰੀ ਕਮਾਲ, ਖੜਕਦੇ ਖੰਡੇ ਵਿਚ ਮੇਰਾ ਲਗਾਤਾਰੀ ਲਗਾਉ ਉਸੇ ਤਰ੍ਹਾਂ ਰਹੇਗਾ, ਚੁਭੀ ਰਹੇਗੀ ਮੇਰਾ ਸੁਰਤੀ ਮਚੇ ਜੰਗਾਂ ਵਿਚ ਭੀ ਉਸ ਮਿੱਤ੍ਰ ਪਿਆਰੇ 'ਅਨੰਤ' ਵਿਖੇ।

ਹਾਂ ਜੀ! ਇਕ ਬੰਗਾਲੀ ਨੇ ਕਿਹਾ ਸੀ ਕਿ ਗੁਰ ਨਾਨਕ ਜੀ ਦੀ ਰੂਹਾਨੀਅਤ ਆਪ ਨੇ ਤਬਾਹ ਕਰ ਦਿੱਤੀ। ਪਰ ਇਸ ਸੱਜਣ ਦਾ ਆਪਣਾ ਆਦਰਸ਼ ਕਮਜ਼ੋਰ ਹੈ, ਇਹ ਇਖ਼ਲਾਕੀ ਮੁਰਦਾ ਦਿਲੀ ਨੂੰ, ਦਿਮਾਗੀ ਅਕਲ ਸ਼ੂਨਤਾ ਨੂੰ ਰੂਹਾਨੀਅਤ ਸਮਝਦਾ ਹੈ। ਇਸ ਨੂੰ ਰੂਹਾਨੀ ਜੀਵਨ ਦਾ ਪਤਾ ਨਹੀਂ ਹੈ। ਪਰ ਹਾਂ ਜੇ ਕੋਈ ਸਿੱਖ 'ਲਿਵ ਹੀਨ' ਹੋਵੇ ਤੇ ਹੰਕਾਰ ਹੈਂਕੜ ਵਿਚ ਖੜਾ ਜ਼ੁਲਮ ਕਮਾਵੇ ਤੇ ਦੂਸਰੇ ਦੇ ਮਾਲ

*ਜਾ ਕਉ ਹਰਿ ਰੰਗੁ ਲਾਗੈ ਇਸੁ ਜਗ ਮਹਿ ਸੋ ਕਹੀਅਤ ਹੈ ਸੂਰਾ ॥

ਮਿਲਖ ਨੂੰ ਖੋਹੇ ਤੇ ਆਖੇ:'ਮੈਂ ਗੁਰੂ ਕਾ ਸਿੱਖ ਹਾਂ'ਤਾਂ ਭੁੱਲ ਹੈ, ਭੁੱਲ ਹੈ, ਭੁੱਲ ਹੈ; ਉਹ ਰੂਹਾਨੀ ਆਦਮੀ ਨਹੀਂ ਹੈ । ਕਲਗੀਆਂ ਵਾਲੇ ਦੇ ਜੰਗਾਂ ਵਿਚ ਰੂਹਾਨੀ ਕਮਾਲ ਨਾਲ ਹੈ ਕਿ ਐਸੇ ਭਿਆਨਕ ਰੰਗਾਂ ਵਿਚ ਸਾਈਂ ਯਾਦ ਹੈ, ਤੇ ਧਰਮ ਮੁੱਖ ਹੈ, ਪਰ ਕਾਰਨ ਕੀਨਾ ਨਹੀਂ, ਵੈਰ ਨਹੀਂ, ਲਾਲਚ ਨਹੀਂ, ਕੇਵਲ ਸਾਧ ਰਖਜਾ ਹੈ, ਰੂਹਾਨੀ ਰਖਜਾ ਹੈ। ਸੂਫੀ ਫਕੀਰ, ਹਿੰਦੂ ਸਾਧੂ, ਰੱਬੀ ਬੰਦੇ ਕਤਲ ਹੋ ਰਹੇ ਹਨ, ਇਹ ਦੇਖਣਾ ਤੇ ਮੁਰਦੇ ਵਾਂਗੂ ਬਹਿ ਰਹਿਣਾ ਤੇ ਕਹਿਣਾ ਇਹ ਰੂਹਾਨੀ ਕਮਾਲ ਹੈ, ਭੁੱਲ ਹੈ। ਜੇ ਇਕ ਉਪਕਾਰੀ ਰਾਖਾ ਜ਼ਾਲਮ ਦੇ ਅੱਗੇ ਆ ਖੜਾ ਹੋਵੇ ਤੇ ਕਹੇ,ਬਈ ਸਾਧ ਨਾ ਮਾਰ, ਖਲਕਤ ਨਾ ਕੋਹ,ਮੱਲੋ ਮੱਲੀ ਧਰਮ ਨਾ ਛੀਨ ਕਰ। ਜ਼ਾਲਮ ਸਮਝਣ ਦੀ ਥਾਂ ਜੇ ਇਸਤੇ ਵਾਰਕਰ ਦੇਂਦਾ ਹੈ ਤਾਂ ਹੁਣ ਜੇ ਇਹ ਰਾਖਾ ਆਪ ਨਿੰਮ੍ਰਤਾ ਕਰ ਕੇ ਕਤਲ ਹੋ ਜਾਵੇ ਤਾਂ ਇਸ ਨੇ ਕੀ ਸੁਆਰਿਆ ? ਜਿਨ੍ਹਾਂ ਦੀ ਰਖਜਾ ਕੀਤੀ ਉਨ੍ਹਾਂ ਨੂੰ ਕੀ ਲਾਭ ਦਿੱਤਾ? ਆਪ ਝੂੰਗੇ ਵਿਚ ਮਰ ਗਿਆ, ਪਰ ਜੇ ਅੜਮੰਨ ਜ਼ਾਲਮ ਦੇ ਅੱਗੇ ਬੱਕਰੀ ਵਾਂਙੂ ਸ਼ਰੀਰ ਪੇਸ਼ ਕਰਨ ਦੀ ਥਾਂ ਤਲਵਾਰ ਪੇਸ਼ ਕਰੇ ਤੇ ਕਹੇ ਚੰਗਾ ਬਈ ਮੈਂ ਰਾਖਾ ਹਾਂ ਰਾਖੀ ਕਰਾਂਗਾ, ਤੇਰੇ ਜ਼ੁਲਮ ਦੀ ਤਲ਼ਵਾਰ ਤੋੜਾਂਗਾ ਤਾਂ ਨਤੀਜਾ ਕੀ ਹੋਵੇਗਾ ? ਜੰਗ। ਪਰ ਇਹ ਜੰਗ ਰਖਜਾ ਹੈ, ਰੂਹਾਨੀ ਕੁਰਬਾਨੀ ਹੈ, ਅਮਲੀ ਸੰਨਿਆਸ ਹੈ। ਸਾਧਾਂ ਤੋਂ, ਪਰਜਾ ਤੋਂ, ਦੁਖੀਆਂ ਤੋਂ ਆਪਾਵਾਰ ਦੇਣਾ, ਜੀ ਹਾਂ, ਅੱਗ ਵਿਚ ਘਿਉ ਬਲੀ ਹੋਣ ਵਾਂਗੂ ਨਿਰਾ ਅਹੁਤੀ ਨਾ ਹੋ ਜਾਣਾ, ਪਰ ਜ਼ਾਲਮ ਦੇ ਜ਼ੁਲਮ ਦੀ ਤਾਕਤ ਘਟਾਈ ਜਾਣੀ ਤੇ ਆਪਣੇ ਸੁਖ ਵਾਰੀਜਾਣੇ ਤੇ ਵਾਰੀ ਜਾਣੇ, ਜਦੋਂ ਆਪਾ ਤੇ ਆਪਣਾ ਨੁਛਾਵਰ ਹੋ ਜਾਵੇ ਤਦੋਂ ਜ਼ਾਲਮ ਦਾ ਜ਼ੁਲਮ ਭੀ ਅੰਤ ਤੇ ਆਜਾਵੇ।ਇਹਉੱਚਾ ਸੰਨਿਆਸ ਹੈ, ਕੇਵਲ ਕਲਗੀਧਰ ਦੇ ਸੰਸਾਰ ਵਿਚ ਸਭ ਤੋਂ ਉੱਚੇ ਹੋਏ ਰੂਹਾਨੀ ਮਰਦ ਦਾ ਕੰਮ ਹੈ।

[ਰੂਹਾਨੀ ਪ੍ਰਚਾਰ ਦਾ ਕਮਾਲ]

ਇਕ ਮੁਸਲਮਾਨ ਜਰਨੈਲ ਆਪਣੇ ਦਲਾਂ ਵਿਚ ਖੜਾ ਆਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਕਸ਼ਫ (ਕਰਾਮਾਤੀ ਬਜ਼ੁਰਗ) ਹੈ ਫੇਰ ਜੰਗ ਰਚਾਉਂਦਾ ਹੈ ? ਦੇਖੋ ਲਿਵ ਧਾਰੀ ਗੁਰੂ ਗੋਬਿੰਦ ਸਿੰਘ ਉਸਦੇ ਮਨ ਦੇ ਫੁਰਨੇ ਨੂੰ ਵਾਚ ਲੈਂਦਾ ਹੈ; ਘੋੜਾ ਦੁੜਾ ਵੈਰੀਦਲ ਵਿਚ ਉਸਦੇ ਸਾਹਮਣੇ ਜਾ ਖੜੋਂਦਾ ਤੇ ਕਹਿੰਦਾ ਹੈ, ਮੁਰਦੇ ਮਰ ਰਹੇ ਹਨ, ਮੈਂ ਕਿਸੇ ਨੂੰ ਨਹੀਂ ਮਾਰ ਰਿਹਾ,ਮੈਂ ਇਹ ਸਬਕ ਸਿਖਾਉਣਾ ਹੈ ਕਿ 'ਲਿਵਧਾਰੀ' ਹੋਣਾ, 'ਕਾਇਰ ਹੋਣਾ' ਨਹੀਂ। ਉਹ ਜਰਨੈਲ ਪੈਰੀਂ ਡਿੱਗਦਾ ਹੈ, ਉਸ ਨੂੰ ਉਸ ਰਣ ਤੱਤੇ ਵਿਚ ਵੈਰੀ ਦੇ ਦਲ ਵਿਚ ਆ ਖੜੇ ਨੂੰ ਜੀ ਲਿਵ ਦਾਨ ਦੇਂਦੇ ਹਨ, ਉਹ ਮੈਦਾਨ ਜੰਗ ਛਡ ਕੇ ਚਲਾ ਜਾਂਦਾ ਹੈ, ਸਾਰੀ ਉਮਰ ਭਜਨ ਵਿਚ ਗੁਜ਼ਾਰਦਾ ਹੈ, ਪਰ੍ਹੇ ਦਾ ਕਾਮਲ ਫ਼ਕੀਰ ਬਣਦਾ ਹੈ, ਇਹ ਹੈ ਕਮਾਲ* ।

[ਇਖ਼ਲਾਕੀ ਕਮਾਲ]

੧. ਦੁਸ਼ਮਨਾਂ ਦੇ ਸਰਦਾਰ ਦਾ ਇਕ ਭੋਲਾ ਸਿੱਖਾਂ ਦੀ ਕੈਦ ਵਿਚ ਆਉਂਦਾ ਹੈ, ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੁੰਦਾਹੈ,ਮਹਿਲਾਂ ਤੋਂ ਰੋਲੀਆਂ ਬੁਲਾਓ ! ਆਕੇ ਖ਼ਾਤਰ ਕਰਨ, ਧੀਰਜ ਦੇਣ । ਪਹਿਲੇ ਪੂਰਾ ਪੂਰਾ ਆਦਰ ਕੀਤਾ, ਫੇਰ ਸਿੱਖ ਸਵਾਰਾਂ ਦਾ ਦਸਤਾ ਨਾਲ ਦੇਕੇ ਹੁਕਮ ਹੁੰਦਾ ਹੈ, ਜਾਓ ਇਨ੍ਹਾਂ ਦੇ ਦੇਸ਼ ਘਰ ਪੁਚਾ ਕੇ ਆਓ । ਹੈ ਨਾ ਇਖਲਾਕੀ ਕਮਾਲ ? ਦੁਸ਼ਮਨ ਦੀ ਇਸਤ੍ਰੀ ਆਪਣੀ ਕੈਦ ਵਿਚ ਆਈ, ਉਸਦਾ ਆਦਰ ਖ਼ਾਤਰ ਕੀਤਾ, ਹੁਰਮਤ ਕਾਇਮ ਰੱਖੀ ਤੇ ਘਰ ਪੁਚਾਇਆ, ਹੈ ਨਾ ਬੇਕੀਨਾ ਗੁਰੂ ਗੋਬਿੰਦ ਸਿੰਘ ।

੨. ਕਿਸੇ ਫਕੀਰ ਨੂੰ ਮਿਲਨ ਗਏ ਸਤਿਗੁਰ ਇਕ ਬੜੇ ਅਮੀਰ ਸੁੰਦਰ ਜਵਾਨ ਇਸਤ੍ਰੀ ਦੇ ਘੇਰੇ ਵਿਚ ਘਿਰ ਜਾਂਦੇ ਹਨ, ਇਸ ਦੇ ਰੂਪ ਮਾਲ ਅੱਗੇ ਸਤਿਗੁਰ ਦਾ ਝੁਕਣਾ ਤਾਂ ਅਸੰਭਵ ਸੀ ਹੀ, ਇਸ ਭੈ ਅੱਗੇ ਭੀ ਨਾ ਝੁਕੇ ਕਿ ਤੁਸੀਂ ਤੇ ਮੈਂ ਇਕੱਲੇ ਖੜੇ ਹਾਂ, ਚੀਕਾਂ ਮਾਰ ਰੌਲਾ ਪਾਵਾਂਗੀ ਤੇ ਝੂਠੀ ਊਜ ਲਾਵਾਂਗੀ ਜਿਸ ਨਾਲ ਤੁਹਾਡੀ ਇਜ਼ਤ ਮਿਟ ਜਾਏਗੀ। ਇਖਲਾਕੀ ਪਵਿਤ੍ਰਤਾ ਉਤੋਂ ਇੱਜ਼ਤ ਨੂੰ ਭੀ ਵਾਰ ਮੁੱਟਣ ਵਾਲੇ ਸੱਚੇ ਤੇ ਸੁੱਚੇ ਸਤਿਗੁਰ ਬੇਖੌਫ ਨਿਕਲ ਟੁਰੇ ਅਰ ਸਿੱਖਾਂ ਨੂੰ ਦੱਸ ਦਿੱਤਾ ਕਿ ਇਖਲਾਕੀ ਕਮਾਲ ਇਹ 'ਸਾਬਤੀ' ਹੈ।

[ਸਮਦਰਸ਼ਤਾ ਦਾ ਕਮਾਲ]

੧. ਹਾਂ ਜੀ ਜੰਗ ਹੋ ਰਿਹਾ ਹੈ, ਪਾਣੀ ਹੈ ਨਹੀਂ

*ਦੇਖੋ ਨਸੀਹਾਂ ਦਾ ਪਸੰਗ ।

ਪਿਆਸੇ ਮਰ ਰਹੇ ਹਨ, ਕਲਗ਼ੀਆਂ ਵਾਲੇ ਕਾਮਲ ਦਾ ਅਤਿ ਪਿਆਰਾ ਸਿੱਖ ਭਾਈ ਕਨ੍ਹੱਯਾ* ਸਿੱਖ ਤੇ ਮੁਸਲਮਾਨ ਦੁਹਾਂ ਨੂੰ ਮੈਦਾਨੇ ਜੰਗ ਵਿਚ ਪਾਣੀ ਪਿਲਾ ਰਿਹਾ ਹੈ, ਇਸ ਸਿੱਖ ਨੂੰ ਥਾਪੜਾ ਦੇਕੇ ਨਾਲ ਮਲ੍ਹੱਮ* ਦੀ ਡੱਬੀ ਦੇਂਦੇ ਹਨ ਕਿ ਬਈ ਜ਼ਖਮਾਂ ਤੇ ਮੱਲ੍ਹਮ ਵੀ ਲਾਇਆ ਕਰ। ਹੈ ਨਾ ਸੀਨਾ ਕੀਨੇ ਤੋਂ ਖਾਲੀ ? ਸੱਚ ਕੂਕ ਰਿਹਾ ਹੈ ਭਾਈ ਨੰਦ ਲਾਲ:–

ਖ਼ਾਲਸੋ ਬੇਕੀਨਾ ਗੁਰ ਗੋਬਿੰਦ ਸਿੰਘ।

੨. ਦੀਵਾਨ ਸਜਿਆ ਹੈ, ੫੨ ਹਿੰਦੁਸਤਾਨ ਦੇ ਵਿਦਵਾਨ ਬੈਠੇ ਹਨ। ਸ਼ੈਵ, ਸ਼ੈਰ, ਸ਼ਾਕਤਕ, ਵੈਸ਼ਨਵ, ਸਿੱਖ, ਸੂਫੀ, ਹਰ ਫਿਰਕੇ ਦੇ ਪੰਡਤ ਔਰੰਗਜ਼ੇਬ ਦੇ ਸਤਾਏ ਹੋਏ. ਸਭ ਨੂੰ ਪਨਾਹ ਦੇ ਰਿਹਾ ਹੈ ਕਲਗੀਆਂ ਵਾਲਾ ਕਾਮਲਾਂ ਦਾ ਕਾਮਲ। ਹੈ ਕੋਈ ਪੱਖਪਾਤ ? ਸ਼ਰਨ ਪਾਲਨ ਦਾ ਕਮਾਲ ਹੈ ?

[ਵਿਦਯਾ ਦਾ ਕਮਾਲ–ਦੇਖੋ ਗੁਰੂ ਗੋਬਿੰਦ ਸਿੰਘ ਜੀ ਦਾ ਵਿਦਯਾ ਦਰਬਾਰ, ਜੋ ਅਗੇ ਆਵੇਗਾ]

[ਬਖਸ਼ਿਸ਼ ਦਾ ਕਮਾਲ]

ਸ਼ਾਮ ਹੈ, ਜ਼ਖਮੀਆਂ ਮੁਰਦਿਆਂ ਨਾਲ ਮੈਦਾਨ ਭਰਪੂਰ ਹੈ, ਕਲਗ਼ੀਆਂ ਵਾਲੇ ਇਕ ਸਿਸਕਦੇ ਦਾ ਸਿਰ ਗੋਦ ਵਿਚ ਲਈ ਮੂੰਹ ਪੂੰਝ ਰਹੇ ਤੇ ਪਿਆਰ ਕਰ ਰਹੇ ਹਨ, ਆਖਦੇ ਹਨ: ਕੁਛ ਮੰਗ ? ਓਹ ਆਖਦਾ ਹੈ: ਹੇ ਪਿਤਾ ! ਮੇਰੇ ਵੀਰ ਆਪ ਨੂੰ ਬੇਦਾਵਾ ਲਿਖ ਕੇ ਦੇ ਗਏ ਹਨ, ਉਹ ਪਾੜ ਦੇਹ ਤੇ ਟੁੱਟੀ ਗੰਢ ਲੈ ? ਬਖਸ਼ੰਦ ਪਿਤਾ ਪੁੱਤਰਾਂ ਦਾ ਨਾ-ਵਫਾਦਾਰੀ ਦਾ, ਅਪੁੱਤ੍ਰਪਨੇ ਦਾ ਪਾਪ ਭੀ ਝੱਟ ਬਖਸ਼ਦਾ ਹੈ, ਕਾਗਤ ਪਾੜਦਾ ਹੈ ਤੇ ਨਾ ਕੇਵਲ ਬਖਸ਼ਦਾ ਹੈ ਸਭ ਨੂੰ ਵਰ ਦੇਂਦਾ ਹੈ, ਸਭ ਨੂੰ ਹਫਤ ਹਜ਼ਾਰੀ ਤੇ ਦਸ ਹਜ਼ਾਰੀ ਆਖਦਾ ਤੇ 'ਬਹੁੜਿ ਪਿਤਾ ਗਲਿ ਲਾਵੈ' ਕਰ ਦਿਖਾਉਂਦਾ ਹੈ। ਹੈ ਨਾ ਬਖਸ਼ਿਸ਼ ਦਾ ਕਮਾਲ †।

[ਕੋਮਲ ਉਨਰਾਂ ਦੇ ਕਮਾਲ]

ਸਤਿਗੁਰਾਂ ਦੀ ਰਚਨਾਂ ਸਾਡੇ ਤੱਕ ਅੱਪੜੀ ਹੈ, ਉਸ ਦਾ ਇਕ ਹਿੱਸਾ ਔਨ ਗੁਰ ਨਾਨਕ ਦੇਵ ਜੀ ਦੀ ਬਾਣੀ ਵਰਗਾ 'ਅਰਸ਼ੀ ਕਮਾਲ' ਹੈ,ਦੂਜਾ ਹਿੱਸਾ 'ਬੀਰ ਰਸ' ਦਾ ਤੇ 'ਪਖੰਡ ਨਿਖੇਧਿ' ਦਾ ਹੈ। ਬੀਰ ਰਸ ਦੀ ਕਵਿਤਾ ਭੀ ਆਪਣੇ ਕਮਾਲ ਤੇ ਹੈ, ਉਤਸ਼ਾਹ ਤੇ ਉਮਾਹ ਦੀ ਖਾਣ ਹੈ, ਪੜ੍ਹਦਿਆਂ ਪੜ੍ਹਦਿਆਂ ਵਲਵਲੇ ਵਿਚ ਲੈ ਜਾਂਦੀ ਹੈ। ਬਾਣੀ ਤੋਂ ਛੁਟ ੫੨ ਕਵੀ ਪੰਡਤ ਸੇ, ਇਨ੍ਹਾਂ ਨੇ ਸਭ ਵਿਦਯਾ ਦੇ ਗ੍ਰੰਥਾਂ ਦੇ ਟੀਕੇ ਕਰ ਸੱਟੇ ਤੇ ਨੌਂ ਮਣ ਪੱਕਾ ਭਾਰ ਕਾਗਤਾਂ ਦਾ ਸੀ ਜੋ ਗੁਰੂ ਕੇ ਦੁਆਰੇ ਗ੍ਰੰਥ ਰਚੇ ਤੇ ਟੀਕਾ ਕੀਤੇ ਗਏ। ਰਚਨਾਂ ਤੋਂ ਇਲਾਵਾ ਚਿੱਤ੍ਰਕਾਰ ਤੇ ਗਵੱਯੇ ਦੂਰ ਦੂਰ ਤੋਂ ਆਏ ਇਕ ਤਾਂ ਕਦਰ ਕਰ ਕੇ, ਇਕ ਜੋ ਜ਼ੁਲਮ ਵਾਲੇ ਰਾਜ ਨੇ ਸਤਾਏ ਸਭ ਇਥੇ ਸ਼ਰਨ ਆਏ। ਆਪ ਬਾਗ਼-ਬਾਨੀ, ਕਿਲੇ ਰਚਨ, ਇਮਾਰਤਾਂ ਬਨਾਵਨ ਵਿਚ ਕਮਾਲ ਦੇ ਰਸੀਏ ਤੇ ਗੁਣੀਆਂ ਦੇ ਸ਼ਰਨ ਪਾਲ ਸੇ।

[ਤੀਰੰਦਾਜ਼ੀ ਦਾ ਕਮਾਲ ਤੇ ਕਸ਼ਫ ਦਾ ਕਮਾਲ]

ਅਨੰਦਪੁਰ ਘੇਰੇ ਵਿਚ ਹੈ, ਡੇਢ ਮੀਲ ਪਰ ਆਪਣੇ ਟਿਕਾਣੇ ਦੁਸ਼ਮਣ ਪਲੰਘ ਤੇ ਬੈਠੇ ਸ਼ਤ੍ਰੰਜ ਖੇਡ ਰਹੇ ਹਨ ਕਿ ਉਹਨਾਂ ਦੇ ਇਕ ਪਾਵੇ ਵਿਚ ਤੀਰ ਆ ਵੱਜਦਾ ਹੈ। ਦੁਸ਼ਮਣ ਤੀਰ ਦੇਖਦੇ ਹਨ ਤਾਂ ਨਾਲ ਸੋਨਾਂ ਹੈ, ਪੱਕੀ ਨਿਸ਼ਾਨੀ ਹੈ ਕਿ ਇਹ ਤੀਰ ਗੁਰੂ ਗੋਬਿੰਦ ਸਿੰਘ ਦੇ ਆਪਣੇ ਹੱਥੋਂ ਆਯਾ ਹੈ। ਆਪਸ ਵਿਚ ਬਹਿਸ ਛਿੜਦੀ ਹੈ ਕਿ ਆਇਆ ਇੰਨੀ ਦੂਰ ਸ਼ਿਸਤ ਤੇ ਤੀਰ ਮਾਰਨਾ ਇਨਸਾਨੀ ਕਮਾਲ ਹੈ ਕਿ ਆਤਮਕ ਬਲ ਹੈ ? ਅਜੇ ਬਹਿਸ ਜਾਰੀ ਹੈ ਕਿ ਦੂਜੇ ਪਾਵੇ ਵਿਚ ਇਕ ਹੋਰ ਤੀਰ ਆ ਵੱਜਦਾ ਹੈ, ਉਸ ਨਾਲ ਰੁੱਕਾ ਬੱਧਾ ਹੈ, ਜਿਸ ਪਰ ਲਿਖਿਆ ਹੈ ਕਿ ਇਹ ਰੂਹਾਨੀ ਕਮਾਲ ਨਹੀਂ, ਇਹ ਇਨਸਾਨੀ ਕਮਾਲ ਹੈ। ਤਦ ਓਹ ਆਖਦੇ ਹਨ ਮੰਨ ਲਿਆ ਕਿ ਤੀਰ ਮਾਰਨਾ ਤੀਰੰਦਾਜ਼ੀ ਦੇ ਫਨ ਦਾ ਕਮਾਲ ਹੈ, ਪਰ ਸ਼ਾਡੀ ਬਹਿਸ ਨੂੰ ਡੇਢ ਮੀਲ ਤੋਂ ਅਨੁਭਵ ਕਰ ਲੈਣਾ ਨਿਰਸੰਦੇਹ ਕਸ਼ਫ (ਅੰਤਰਯਾਮਤਾ) ਦਾ ਕਮਾਲ ਹੈ।

ਭਾਈ ਨੰਦ ਲਾਲ ਜੀ ਸਾਖ ਭਰਦੇ ਹਨ:–

ਖ਼ਦੰਗਸ਼ ਚੁਨਾਂ ਸੰਗ ਖਾਰਾ ਦਰਦ, ਕਿ ਸਮਸ਼ੇਰ ਹਿੰਦੀ ਕਬਾਰ ਆਵੁਰਦ। ਅਜ਼ਾਂ ਬਰਗਜ਼ੀਂ ਤਰ ਕਿਹ ਆਯਦ ਕਮਾਂ, ਅਜ਼ਾਂ ਬਰਤਰੀਂ ਤਰ

*ਏਹ ਅੱਡਣਬਾਹੀਆਂ ਦੇ ਵੱਡੇ ਹੋਏ ਹਨ। ਇਨ੍ਹਾਂ ਲੋਕਾਂ ਦੇ ਡੇਰੇ ਮਲ੍ਹਮ ਹਣ ਤਰ ਮਿਲਦੀ ਹੈ। ਨਾਲ ਰੋਟੀ ਵੀ ਦੇਂਦੇ ਹਨ।

†ਪਿਛਲੇ ਰਿਖੀ ਅਵਤਾਰ ਸਰਾਪ ਦੇ ਕੇ ਵਰ ਮਾਫ ਨਹੀਂ ਕਰ ਸਕਦੇ ਰਹੇ, ਸਤਿਗੁਰੂ ਨੇ ਆਪਣ ਤਾਂ ਕੀ ਲੋਕਾਂ ਦੇ ਢਿੱਡੋ ਸਰਾਪ ਬਖਸ਼ੇ, ਕੋਡਾ ਰਾਖਸ਼ ਸੱਜਣ ਠੱਗ ਬਖਸ਼ੇ। ਦਸਮੇਂ ਜਾਮੇ ਦੇਵਾ ਵਰਗਿਆਂ ਪਾਪੀ ਮੁਰਾਵ ਵਾਲਿਆਂ ਦੇ ਸਰਾਪ ਬਖਸ਼ੇ।

ਕਿਹ ਗੋਯਦ ਜ਼ੁਬਾਂ । ਚੁਨਾਂ ਨਾਵਕਸ ਹਲਕਾ ਦਰ ਕੋਹ ਕਰਦ, ਕਿ ਅਰਜਨ ਨ ਕਰਦਹ ਬਰੋਜ਼ੇ ਨਬਰਦ । ['ਜੋਤ ਬਿਕਾਸ' ਫਾਰਸੀ

ਭਾਵ—ਅਰਜਨ ਦੇ ਤੀਰ ਗੁਰੂ ਜੀ ਅੱਗੇ ਮਾਤ ਹਨ, ਕੋਈ ਐਸਾ ਕਮਾਨਕਸ਼ ਅੱਗੇ ਨਹੀਂ ਹੋਇਆ ।

[ਫਰਜ਼ ਦਾ ਕਮਾਲ]

ਅਨੰਦਪੁਰ ਛੁੱਟ ਗਿਆ, ਐਸ਼ੁਰਜ ਨਹੀਂ ਰਿਹਾ, ਪਿਆਰੇ ਤੇ ਪੁੱਤ੍ਰ ਸ਼ਹੀਦ ਹੋ ਗਏ, ਵਣ ਵਣ ਵੈਰੀ ਹੈ, ੮੦ ਘੰਟੇ ਅੰਨ ਪਾਣੀ ਨਹੀਂ ਲੱਝਾ, ਨੰਗੇ ਪੈਰ ਹਨ, ਕਟਕ ਦਾ ਪੈਦਲ ਸਫਰ ਕੀਤਾ ਹੈ, ਸਾਥੀ ਨਾਲ ਇਕ ਨਹੀਂ ! ਜਿਨ੍ਹਾਂ ਦੀ ਖ਼ਾਤਰ ਸਰਬੰਸ ਵਾਰਿਆ, ਓਹ ਲੋਕੀ ਮਾਨੋਂ ਆਖਦੇ ਹਨ, ਤੇਰਾ ਮਗਰੂਰ ਸਿਰ ਲੁਕਾਉਣ ਲਈ ਸਾਡੇ ਪਾਸ ਕੋਈ ਛੱਤ ਨਹੀਂ, ਤੇਰੀ ਅਝੁਕ ਬੈਠਕ ਲਈ ਦੋਫੁਟ ਜ਼ਮੀਨ ਨਹੀਂ, ਕੌਣ ਤੇਰੀ ਖਾਤਰ ਤੇਰੇ ਵਾਂਗ ਖਾਨਾਂ ਬਦਰ ਹੋਵੇ ਤੇ ਪਾਤਸ਼ਾਹ ਦੇ ਕਹਿਰ ਹੇਠ ਆਵੇ ?'

ਹੇ ਗੁਰੂ ਗੋਬਿੰਦ ਸਿੰਘ ! ਆ ਦਿਲ ਢਾਹ, ਹੁਣ ਤਾਂ ਉਦਾਸ ਤੇ ਨਿਰਾਸ ਹੋ, ਕਹੁ ਪੈਣ ਢੱਠੇ ਖੂਹ ਵਿੱਚ ਦੁਖੀਏ, ਮੈਂ ਕੀ ਲੈਣਾਂ ਹੈ । ਆ ਤ੍ਰਿਸ਼ਨਾਂ ਦੇ ਹੇਠ, ਅਜੇ ਭੀ ਰਾਜ ਭਾਗ ਜਗੀਰ ਮਿਲ ਜਾਏਗੀ, ਕਿਉਂ ਖਾਨਾ ਬਦੋਸ਼ ਫਿਰਦੇ ਹੋ ?

ਪਰ ਹਾਂ, ਇਹ ਅਵਾਜ਼ ਕਲਗੀਧਰ ਦੇ ਕੰਨਾਂ ਨੂੰ ਕਾਇਰ ਦੀ ਅਵਾਜ਼ ਹੈ,ਉਸ ਦੀ ਅਟੱਲ,ਅਹਿੱਲ, ਅਝੁਕ, ਅਮਿੱਟ ਸੁਰਤ ਬੇ ਪਰਵਾਹ ਹੈ। ਦੋ ਤ੍ਰੈ ਮੁਸਲਮਾਨ ਆਉਂਦੇ ਹਨ, ਸੇਵਾ ਅਰਪਨ ਕਰਦੇ ਹਨ ਤੇ ਪੁੱਛਦੇ ਹਨ, ਹੇ ਕੁਰਬਾਨ ਹੋ ਚੁਕੇ ਘਾਇਲ ਪਰ ਪੂਰੇ ਮਰਦ ! ਹੁਣ ਕੀਹ ਕੰਮ ਕਰੇਂਗਾ ? ਤਾਂ ਉਹ ਮਨੁੱਖ ਜਾਤੀ ਦਾ ਸਿਰਤਾਜ, ਹੋ ਚੁਕੇ ਤੇ ਹੋਣ ਵਾਲੇ ਮਰਦਾਂ ਦਾ ਮਰਦ 'ਵਰਿਆਮ ਅਕੇਲਾ' ਕਹਿੰਦਾ ਹੈ:—'ਸਿਖਾਂ ਨੂੰ ਲਿਵ ਦਾਨ ਦਿਆਂਗਾ, ਸਿੱਖਾਂ ਨੂੰ ਅਟਲ ਕੌਮ ਬਨਾਵਾਂਗਾ । ਸੰਸਾਰ ਵਿੱਚ ਇਕ ਰੂਹਾਨੀ ਇਖ਼ਲਾਕੀ ਮੋਅਰਾਜ ਛੱਡਾਂਗਾ, ਜੋ ਕੁਛ ਮੇਰਾ ਬਾਕੀ ਹੈ ਇਹ ਭੀ ਸਿਖਾਂ ਤੋਂ ਵਾਰਾਂਗਾ, ਪਰ ਉਹ ਅਟੱਲ ਬੀਜ, ਉਹ ਜੀਵਨ ਕਣੀ ਜੋ ਗੁਰ ਨਾਨਕ ਨੇ ਆਂਦੀ, ਉਹ ਅਮਰੀ ਰੋ, ਉਹ ਅਬਚਲੀ ਜੋਤ ਜੋ ਗੁਰ ਨਾਨਕ ਨੇ ਜਗਾਈ,ਉਹ ਸੰਸਾਰ ਵਿੱਚ ਕਾਇਮ ਰੱਖਾਂਗਾ, ਇਨਸਾਨ ਨੂੰ ਅਲੂਹੀਅਤ ਵਿੱਚ ਰੰਗ ਕੇ ਜਾਵਾਂਗਾ, ਬੰਦੇ ਨੂੰ ਰੱਬੀ ਬੰਦਾ ਬਨਾਵਾਂਗਾ, ਕੋਈ ਜ਼ਾਲਮ, ਕੋਈ ਮਾਦੀ ਤਾਕਤ ਵਾਲਾ ਜਾਬਰ, ਕੋਈ ਔਰੰਗਜ਼ੇਬ ਵਰਗਾ ਰਿਆਕਾਰ, ਬਨਾਵਟੀ ਇਖ਼ਲਾਕੀ ਮੁੱਲਾਂ ਉਸ 'ਨਿਰੰਤਰ ਰੱਬੀ ਲਿਵ' ਨੂੰ ਹੁਣ ਸੰਸਾਰ ਤੋਂ ਦੂਰ ਨਹੀਂ ਕਰ ਸਕੇਗਾ, ਜਿਸ ਦਾ ਕਮਾਲ ਗੁਰ ਨਾਨਕ ਵਿੱਚ ਹੋਇਆ ਤੇ ਜੋ ਉਸ ਨੇ ਸੰਸਾਰ ਨੂੰ ਦਾਨ ਕੀਤੀ ।

ਹਾਂ ਜੀ, ਗੁਰੂ ਗੋਬਿੰਦ ਸਿੰਘ ਅਜੇ ਆਪਣੇ ਧਾਰੇ ਪੂਰਨ ਤੋਂ,ਆਪਣੇ ਆਦਰਸ਼ ਤੋਂ,ਆਪਣੇ ਉੱਚੇ ਫਰਜ਼ ਤੋਂ ਨਹੀਂ ਟਲਿਆ ਜੇ, ਇਹ ਫਰਜ਼ ਦਾ ਕਮਾਲ ਜੇ, ਇਹ ਰੂਹਾਨੀਅਤ ਜੇ, ਜਿਸ ਰੂਹਾਨੀਅਤ ਨੂੰ ਸਮਝਣਾ ਕਠਨ ਹੈ ।

[ਪਿਆਰ ਦਾ ਕਮਾਲ]

ਦੁਨੀਆਂ ਦੇ ਮਹਾਂ ਪੁਰਖ ਦੁਨੀਆਂ ਨੂੰ ਪਿਆਰ ਕਰਦੇ ਆਏ, ਕਲਗੀਧਰ ਨੇ ਭੀ ਪਿਆਰ ਕੀਤਾ, ਪਰ ਕਿਸੇ ਨੇ ਇਹ ਕਮਾਲ ਨਹੀਂ ਕੀਤਾ:—

ਰੋਦੀ ਲੀਤੇ ਪੁਤਾਂ ਉੱਤੋਂ ਕੁਖਾਂ ਜਾਏ ਵਾਰ
ਦਿੱਤੇ, ਪਿਆਰ ਦੀ ਅਟਾਰੀ ਉੱਤੇ ਕਲਗੀ ਵਾਲਾ ਪਹੁੰਚਿਆ ।

ਤੱਕੋ—

ਬੁਧ ਜੀ ਸੰਸਾਰ ਦੇ 'ਬੁਧ ਦਾਤਾ' ਤਿਆਰੀ ਮਹਾਤਮਾਂ ਇਕ ਚਬੂਤਰੇ ਉੱਤੇ ਖੜੇ ਨੇਕ ਆਚਰਨ ਤੇ ਨਿਰਵਾਣ ਦੀ ਸ਼ੁਭ ਮੱਤ ਦੇ ਰਹੇ ਹਨ ।

ਸ਼ੰਕਰ ਜੀ ਫਿਲਾਸਫਰ ਸੰਨਿਆਸ ਧਾਰਕੇ ਖੜੇ ਇਕ ਬ੍ਰਹਮ ਦੀ ਸਿਖਜਾ ਦੇ ਰਹੇ ਹਨ ।

ਈਸਾ ਆਪ ਰਿਹਸਤ ਤੋਂ ਉਪ੍ਰਾਮ, ਪਹਾੜੀ ਤੇ ਖੜੇ ਸਾਨੂੰ ਆਪੇ ਵਿਚ ਭਰਾ ਹੋਣ ਦਾ ਉਪਦੇਸ਼ ਦੇ ਰਹੇ ਹਨ । ਓਹਨਾਂ ਦੇ ਚੇਲੇ ਪੌਲੂਸ ਜੀ ਓਹਨਾਂ ਦੀ ਮਜ਼ਾਰ ਤੇ ਖੜੇ ਕਹਿ ਰਹੇ ਹਨ, ਇਸ ਮਹਾਤਮਾਂ ਦੀ ਮੌਤ ਪਰ ਯਕੀਨ ਕਰੋ ਕਿ ਜੋ ਮੋਇਆਂ ਵਿਚੋਂ ਜੀ ਉਠਿਆ, ਤੁਸੀਂ ਜੀ ਉਠੋਗੇ ।

ਮੁਹੰਮਦ ਜੀ ਅੱਲਾ ਦੇ ਰਸੂਲ ਕਹੇ ਗਏ ਕਦੇ ਪਰਬਤ ਤੋਂ ਕਦੇ ਮੈਦਾਨ ਜੰਗ ਤੋਂ ਨੇਕ ਕਰਮਾਂ ਦੀ ਸੁਮੱਤ ਦੇਂਦੇ ਤੇ ਰੱਬ ਦੀ ਕੂਕ ਸੁਣਾਉਂਦੇ ਕੁਛ ਵਿੱਥ ਤੇ ਖੜੇ ਸਫਾਰਸ਼ ਕਰਦੇ ਦੀਹਦੇ ਹਨ ।

ਕ੍ਰਿਸ਼ਨ ਜੀ ਗੀਤਾ ਦੀ ਵੀਣਾ ਅਲਾਪਦੇ ਅਕਾਸ਼ ਵਿਚ ਖੜੇ ਹਨ, ਇਨਸਾਨ ਨੂੰ ਨਿਰਮੋਹਤਾ, ਬੇ

ਪਰਵਾਹੀ, ਚੰਦਾਂ ਤੋਂ ਛੁਟਕਾਰਾ ਪਾ ਕੇ ਓਹਨਾਂ ਦੇ ਮਗਰ ਮਗਰ ਗਗਨ ਉਡਾਰੀਆਂ ਦੀ ਦਿਲ ਖਿੱਚ ਬੰਸਰੀ ਸੁਣਾ ਰਹੇ ਹਨ।

ਪਰ ਗੁਰੂ ਗੋਬਿੰਦ ਸਿੰਘ ਵਿੱਥ ਤੇ ਨਹੀਂ ਜੋ ਰਿਹਾ ਇਨਸਾਨਾਂ ਵਿਚ ਆ ਖਲੋਤਾ ਜੇ, ਹਾਂ, ਸਾਡੇ ਵਿਚ ਬੈਠ ਗਿਆ ਹੈ, ਇਨਸਾਨ ਨੂੰ ਗੋਦੀ ਪਾ ਲਿਆ ਹੈ, ਪਿਤਾ ਬਣਕੇ ਸਾਨੂੰ ਪਿਆਰ ਦੇ ਰਿਹਾ ਹੈ, ਸਾਡੀ ਮੈਲ ਧੋ ਰਿਹਾ ਹੈ। ਅਸੀਂ ਰੋਂਦੇ ਹਾਂ ਤਾਂ ਛਾਤੀ ਨਾਲ ਲਾਉਂਦਾ ਹੈ, ਆਖਦਾ ਹੈ 'ਪੁੱਤ੍ਰ! ਮੈਂ ਪਿਤਾ ਤੇਰੇ ਸਿਰ ਤੇ ਹਾਂ'। ਲੋਰੀਆਂ ਦੇਣ ਲਈ ਸਾਨੂੰ ਸਾਹਬ ਦੇਵਾਂ ਮਾਤਾ ਦੇਂਦਾ ਹੈ। ਜਦੋਂ ਅੰਮ੍ਰਿਤ ਛਕਾਉਂਦੇ ਹਨ, ਸਾਡਾ ਬੁੱਧ ਦਾਤਾ, ਸਾਡਾ ਫਿਲਸਫਾ ਦਾਤਾ, ਸਾਨੂੰ ਮੁਕਤ ਦਾਤਾ, ਸਾਨੂੰ ਸਿਫਾਰਸ਼ ਦਾਤਾ, ਸਾਨੂੰ ਨਿਰਮੋਹ ਦੀ ਦਾਤ ਦਾਨ ਕਰਨ ਵਾਲਾ ਦਾਤਾ ਵਿੱਥ ਤੇ ਖਲੋਣ ਵਾਲਾ ਰੱਬ ਨਹੀਂ ਦਿਖਾਲਦੇ। ਸਾਡੇ ਵਿਚ ਸਾਡੇ ਵਰਗੇ ਹੋਕੇ ਸਾਨੂੰ 'ਪੁੱਤ' ਬਣਾਉਂਦੇ ਹਨ, ਸਾਨੂੰ ਦਿਲਾਸਾ ਦੇਂਦੇ ਹਨ, ਸਾਡੇ ਦੁੱਖਾਂ ਪਰ ਰੋਂਦੇ ਹਨ, ਸਾਡੇ ਸੜੇ ਦਿਲਾਂ ਤੇ ਮਰੇ ਮਨਾਂ ਨੂੰ ਅੰਮ੍ਰਿਤ ਨਾਲ ਜਿਵਾਉਂਦੇ ਹਨ। ਸਾਨੂੰ ਨਿਰੀ 'ਮੱਤ ਸੁਮੱਤ' ਹੀ ਨਹੀਂ ਦੇਂਦੇ, ਸਾਡੇ ਦੁੱਖਾਂ ਦਾਦਾਰੂ ਸਾਡੇਛੱਡ ਜਾਣਵਿਚਹੀਦੱਸਕੇ,ਸਾਨੂੰਅਕਾਸ਼ ਵਿਚ ਨਹੀਂ ਸਦਦੇ। ਹਾਂ, ਸਾਡੇ ਨਿੱਕੇ ਨਿੱਕੇ ਦੁਖਾਂ ਨੂੰ ਸੱਚੇ ਪਿਤਾ ਵਾਂਗੂ ਦੂਰ ਕਰਦੇ ਹਨ।ਅਸੀਂ ਕਮਜ਼ੋਰ ਇਨਸਾਨ ਹਾਂ, ਇਨਸਾਨੀ ਮੰਡਲ ਵਿਚ ਭੀ ਸਾਡੀਆਂ ਇਨਸਾਨੀ ਪੀੜਾਂ ਹਰਦੇ ਹਨ, ਪਿਉ ਜੁ ਬਣ ਗਏ। ਖਿਡੌਣੇ ਭੀ ਲੈ ਦੇਂਦੇ ਹਨ, ਹਊਏ ਨੂੰ ਬੀ ਮਾਰਦੇ ਹਨ, ਕੋਕੇ ਦਾ ਭੈ ਬੀ ਦੂਰ ਕਰਦੇ ਹਨ, ਕਰੜੇ ਉਸਤਾਦਾਂ ਤੋਂ ਭੀ ਰਖਜਾ ਕਰਦੇ ਹਨ, ਗੁਲਾਮੀ ਤੇ ਪਰਤੰਤ੍ਰਤਾ ਦੇ ਦੁਖ ਦੂਰ ਕਰਦੇ ਹਨ। ਜ਼ਾਲਮ ਨਾਲ ਸਾਡੇ ਖ਼ਾਤਰ ਲੜਦੇ ਹਨ, ਸੁਖ ਦੀ ਰੋਟੀ, ਸੁਖ ਦਾ ਵਾਸ, ਸੁਖ ਨਾਲ ਰੂਹਾਨੀ ਜੀਵਨ ਪਾਲਣ ਲਈ ਚਾਰੇ ਆਪਣੇ ਜਾਏ ਪੁੱਤ ਕੁਹਾ ਸੁਟਦੇ ਹਨ, ਪਰ 'ਇਨਸਾਨ' ਨੂੰ ਹਾਂ ਜੋ (Humanity) ਨੂੰ ਅਤੇ ਗੋਦੀ ਪਾਏ ਪੁੱਤ ਨੂੰ ਇਨਸਾਨੀ ਰੱਬ ਬਣਕੇ ਪਿਆਰ ਕਰਦੇ ਹਨ। ਇਨਸਾਨ ਗੁਰੂ ਗੋਬਿੰਦ ਸਿੰਘ ਦੇ ਪਿਆਰ ਨੂੰ ਈਸਾ, ਮੁਹੰਮਦ, ਕ੍ਰਿਸ਼ਨ, ਬੁੱਧ, ਸ਼ੰਕਰ ਸਭ ਦੇ ਪਿਆਰ ਨਾਲੋਂ ਛੇਤੀ ਸਮਝ ਸਕਦੇ ਹਨ। ਹਰ ਇਨਸਾਨ 'ਮਾਤਾ ਪਿਤਾ ਦੇ ਪਿਆਰ ਨੂੰ ('ਵਾਤਸ਼ਲ' ਪਿਆਰ ਨੂੰ) ਛੇਤੀ ਸਮਝ ਸਕਦਾ ਹੈ; ਤਾਹੀਓਂ ਗੁਰੂ ਗੋਬਿੰਦ ਸਿੰਘ ਦਿਲਾਂ ਦੇ ਅਤਿ ਨੇੜੇ ਹੈ, ਸਾਡੀ ਉਸ ਤਕ ਪਹੁੰਚ ਹੋਰਨਾਂ ਨਾਲੋਂ ਸੁਖਾਲੀ ਹੈ। ਦੱਸੋ ਕੌਣ ਹੈ ਜਿਸਨੇ ਸਾਡੇ ਵਿਚ ਆਕੇ, ਸਾਡੇ ਘਰ ਵੜ ਕੇ, ਸਾਨੂੰ ਗੋਦ ਵਿਚ ਲੈ ਕੇ ਤੇ ਪਿਤਾ ਬਣ ਕੇ ਪਿਆਰ ਕੀਤਾ? ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦਾ ਇਨਸਾਨ ਨਾਲ ਇਹ ਪਿਆਰ ਦਾ ਰਿਸ਼ਤਾ ਅਨੋਖਾ ਹੈ, ਇਹ ਇਨਸਾਨ ਨਾਲ ਪਿਆਰ ਦਾ ਕਮਾਲ ਗੁਰੂ ਗੋਬਿੰਦ ਸਿੰਘ ਦਾ ਸਭ ਤੋਂ ਉੱਚਾ ਸਿਖਰ ਦਾ ਕਮਾਲ ਹੈ, ਅਸੀਂ ਪੁੱਤ ਹਾਂ ਉਹ ਪਿਉ ਹੈ।

ਪਹਿਲੇ ਜਾਮੇਂ ਸ਼ਿਵਨਾਭ ਲੰਕਾ ਵਾਲੇ ਦੀ ਜਾਤ ਜਨਮ ਕੁਲ ਦੇਸ਼ ਤੋਂ ਦੁਰਾਡੀ ਪਈ ਸ਼ਹਿਜ਼ਾਦੀ ਨੂੰ ਗੁਰੂ ਨਾਨਕ ਕਹਿੰਦਾ ਹੈ:—

'ਗਾਛਹੁ ਪੁਤ੍ਰੀ ਰਾਜ ਕੁਆਰਿ॥'

ਦਸਮੇ ਜਾਮੇਂ ਅੰਮ੍ਰਿਤ ਛਕਾ ਕੇ:—

ਨਾਈ, ਛੀਂਬੇ, ਜੱਟ, ਖੱਤ੍ਰੀ, ਬ੍ਰਾਹਮਣ ਸਭ ਨੂੰ ਕਹਿੰਦਾ ਹੈ 'ਮੇਰੇ ਪੁੱਤ੍ਰ ਨਹੀਂ ਨਹੀਂ', ਰੰਗਰੇਟੇ ਨੂੰ ਕਹਿੰਦਾ ਹੈ:—

'ਮੇਰੇ ਬੇਟੇ, ਗੁਰੂ ਕੇ ਬੇਟੇ' ਬੱਸ ਇਨਸਾਨੀ ਪਿਆਰ ਦਾ ਕਮਾਲ ਹੋ ਗਿਆ।

ਪਹਿਲੇ ਜਾਮੇਂ ਫੁਰਮਾਇਆ—'ਬਲਿਹਾਰੀ ਕੁਦਰਤਿ ਵਸਿਆ॥' ਫਿਰ ਦੂਜੇ ਜਾਮੇ ਆਖਿਆ, 'ਇਹੁ ਜਗੁ ਸਚੈ ਕੀ ਹੈ ਕੋਠੜੀ॥' ਦਸਮੇਂ ਜਾਮੇਂ ਆ ਦੱਸਿਓ ਸੁ; ਪੁੱਤ੍ਰੋ! ਮੁਕੰਮਲ ਇਨਸਾਨ ਬਣੋਂ, ਭੱਜੋ ਨਾ, ਡਰੋ ਨਾ, ਰੁੜ੍ਹੋ ਨਾ, ਉਦਾਸ ਨਾ ਹੋਵੋ, ਭੈ ਨਾ ਖਾਓ, ਮਰਦ ਬਣੋਂ, ਮੇਰੇ ਪੁੱਤ੍ਰ ਬਣੋਂ, ਮੈਂ ਪਿਤਾ ਹੋ ਕੇ ਲਾਡ ਕਰਾਵਾਂਗਾ ਤੇ ਸਿਖਾਵਾਂਗਾ, ਦੇਖੋ ਓਹ ਰੱਬ ਦੂਰ ਨਹੀਂ; ਤੱਕੋ: ਓਹ 'ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥' ਹਾਂ ਓਹ ਕੁਦਰਤ ਵਿੱਚ, ਦਿਸ਼ਾ ਵਿਸ਼ਾ ਵਿਚ ਪ੍ਰੇਮ ਹੋ ਕੇ ਫੈਲ ਰਿਹਾ ਹੈ।

੧. ਆਪ ਦੂਰ ਖੜਾ ਗੁਰੂ ਨਹੀਂ, ਗੋਦੀ ਲੈ ਕੇ ਛਾਤੀ ਲਾਉਣ ਵਾਲਾ ਪਿਉ ਬਣਿਆਂ।

੨. ਆਪਣਾ ਰੱਬ ਸਾਨੂੰ ਅਕਾਸ਼ਾਂ ਵਿਚ,ਅਮੋਹਾਂ ਵਿਚ ਨਿਰਾ ਦੱਸ ਕੇ ਦਿਲ ਢਾਹੁਣ ਦੀ ਥਾਂ ਸਾਨੂੰ,

'ਜਿਥੇ ਕਿਥੇ ਦੇਸ਼ ਵੇਸ਼ ਹਰ ਥਾਂ ਵਿਚ ਪ੍ਰੇਮ ਰੂਪ' ਦੱਸਿਆ। ਅਪਣੇ ਨੇੜੇ ਹੋਣ ਵਾਂਗੂ ਰਬ ਵੀ ਨੇੜੇ ਕਰ ਦਿੱਤਾ।

੩. ਪਿਤਾ ਬਣ ਕੇ ਸਾਨੂੰ ਆਪੋ ਵਿਚ ਭਰਾ ਬਣਾਇਆ। 'ਕੌਮੀ ਪਿਆਰ' ਨਾਲ ਆਪੋ ਵਿਚ ਜੁੜਨ ਨਾਲੋਂ ਇਕ ਪਿਤਾ ਦੇ ਪੁੱਤ ਹੋ ਕੇ 'ਭਾਤ੍ਰੀ ਪਿਆਰ' ਨਾਲ ਜੁੜਨਾ ਹੋਰ ਗੱਲ ਹੈ, ਇਹ ਹੋਰ ਨੇੜੇ ਦਾ ਪਿਆਰ ਹੈ।

'ਰੱਬ ਦੇ ਜ਼ਹੂਰ ਵਾਲੇ ਸਾਰੇ ਵੱਡੇ' ਇਨਸਾਨ ਨਾਲ ਪਿਆਰ ਕਰਦੇ ਰਹੇ ਹਨ। ਰਬ ਦਾ ਇਹ ਜ਼ਹੂਰ ਕਲਗੀਆਂ ਵਾਲਾ ਅਰਸ਼ਾਂ ਤੋਂ ਉਤਰ ਕੇ 'ਇਨਸਾਨ' ਦੇ ਜਿੰਨਾਂ ਨੇੜੇ ਤੋਂ ਨੇੜੇ ਆਇਆ ਹੈ, ਹੋਰ ਕੋਈ ਜ਼ਹੂਰ ਐਨਾਂ ਨੇੜੇ ਨਹੀਂ ਆਇਆ, ਇਹ ਜ਼ਹੂਰ ਕਾਮਲਾਂ ਦਾ ਕਾਮਲ ਜ਼ਹੂਰ ਹੈ। ਮੇਰੇ ਸੱਜਨੋਂ! ਅੱਜ:-

ਲਿਵ ਵਿਚ ਜਾਗੋ ਤੇ ਜੀ ਉੱਠੋ, ਕਿਣਕਾ ਜੀਅ ਬਸਾਵੇ, ਫਿਰ ਇਸ ਰੱਬੀ ਕਿਣਕੇ ਨੂੰ ਮਘਾਓ, ਇਸ ਨੂੰ ਬੁਝਣ ਨਾ ਦੇਵੋ, ਕੋਈ ਵੈਰ, ਕੋਈ ਭੈ, ਕੋਈ ਮੋਹ, ਕੋਈ ਤ੍ਰਿਸ਼ਨਾ ਇਸ ਨੂੰ ਨਾ ਮੇਟੇ। ਤੁਸੀਂ ਕੀਨੇ ਵਿਚ ਨਹੀਂ ਜਾਣਾ, ਤੁਸਾਂ ਨਫ਼ਰਤ ਵਿਚ ਨਹੀਂ ਜਾਣਾ, ਉੱਚ ਸੁਰਤੇ ਰਹਿਕੇ ਆਪਣੀ ਲਿਵ ਦੀ ਰਾਖੀ ਕਰੋ, ਚੜ੍ਹਦੀਆਂ ਕਲਾਂ ਵਿਚ ਰਹੋ। ਸੰਸਾਰ ਦੇ ਹਰ ਕੰਮ ਵਿਚ ਜਾਓ, ਕਰੋ, ਪਰ ਇੰਞ ਕਰੋ, ਜਿਵੇਂ ਕਲਗੀਧਰ ਨੇ ਕਰ ਦਿਖਾਇਆ ਹੈ। ਕਲਗੀਆਂ ਵਾਲੇ ਦਾ ਸਿਰ ਕਮਾਲਾਂ ਦੇ ਕਮਾਲ ਇਹ ਹੈ। 'ਗੋਬਿੰਦ ਸਿੰਘ ਜੀ ਗੁਰੂ' ਹੈ, ਗੁਰੂ ਦਾ ਕੰਮ ਮੁਰਦੇ ਜਿਵਾਉਣਾ ਹੈ, ਜੀਅ ਦਾਨ ਦੇਣਾ ਹੈ, ਇਨ੍ਹਾਂ ਦੀ ਲੋ ਅਨੰਤ ਵਿਚ ਲਾਉਣੀ ਹੈ, ਜੋ ਉਨ੍ਹਾਂ ਨੇ ਕਰ ਦਿਖਾਈ। ਸਤਿਗੁਰ ਦਾ ਜੀਵਨ ਦੱਸਦਾ ਹੈ ਕਿ ਉਹ:- 'ਅਵਤਾਰ ਸਨ, ਪੈਗੰਬਰ ਸਨ, ਸੁਧਾਰਕ ਸਨ, ਜੋਧਾ ਸਨ, ਨੀਤੀਵੇਤਾ ਸਨ, ਰਾਜਾ ਸਨ, ਕਵੀ ਸਨ, ਕਲਾ ਕੌਸਲ-ਕੋਮਲ ਉਨਰਾਂ*-ਦੇ ਪ੍ਰਬੀਨ ਸਨ, ਕੌਮ ਰਚਨਹਾਰ ਸਨ, ਗੁਰਮੁਖ ਫਕੀਰ ਸਨ ਤੇ ਸਾਡੇ ਪਿਆਰੇ ਪਿਤਾ ਸਨ ਤੇ ਹਨ, ਜੀ ਜੁਗੋ ਜੁਗ ਹਨ*।

ਆਪ ਨੇ ਜਗਤ ਵਿਚ ਵਾਹਿਗੁਰੂ ਦਾ ਹੁਕਮ ਵਰਤਾਇਆ, ਮਰਦਾਂ ਦੇ ਨਮੂਨੇ ਜੋ ਤਿਆਰ ਸਨ, ਜਿਸ ਨੂੰ ਸਿੱਖ ਆਖਦੇ ਸਨ, ਉਨ੍ਹਾਂ ਨੂੰ ਸਸਤ੍ਰਾਂ ਦੇ ਸਾਹਮਣੇ ਸ਼ਸਤ੍ਰ ਫੜ ਕੇ ਵੀ 'ਇਨਸਾਨ ਤੇ ਮਰਦ' ਰਹਿਣਾ ਸਿਖਾ ਦਿੱਤਾ, 'ਇਨ੍ਹਾਂ ਨਾ ਰਹੇ ਅੰਦਰ' ਤੇ ਅੰਦਰ ਹੋ ਜਾਏ ਚੜ੍ਹਦੀ ਕਲਾ। ਚੜ੍ਹਦੀ ਕਲਾ ਅੰਦਰਲਾ ਉਹ ਰੰਗ ਹੈ ਜੋ ਲਗਦਾ ਹਉਮੈਂ ਹੈ, ਪਰ ਹਉਮੈਂ ਨਹੀਂ ਹੁੰਦਾ, ਉਹ ਸੱਚੀ ਉਚਿਆਣ ਹੁੰਦੀ ਹੈ। ਇਸ ਉਚਿਆਈ ਉਤੇ ਅੰਦਰਲਾ ਟਿਕ ਕੇ ਕੰਮ ਕਰਦਾ ਹੈ, ਇਹ ਉਚਿਆਈ 'ਨਾਮ' ਨਾਲ ਪ੍ਰਾਪਤ ਹੁੰਦੀ ਹੈ, ਨਾਮ ਬਿਨਾਂ ਜੋ ਉਚਿਆਈ ਹੈ ਹਉਮੈਂ ਹੈ। ਇਸ ਉਚਿਆਈ ਵਾਲਾ ਜਗਤ ਨੂੰ ਹੇਠਾਂਵੇਖਦਾਹੈ,ਇਹਆਪ ਉੱਚਾ ਸੁੱਚਾ ਵੱਖਰਾ ਹੁੰਦਾ ਹੈ, ਵੱਖਰਾ ਸੂਗ ਨਾਲ ਨਹੀਂ, ਪਰ ਉਚੇਰੀ ਸੂਰਤ ਵਾਲਾ ਹੋ ਕੇ। ਇਸ ਦੇ ਅੰਦਰ ਸਫਾਈ, ਪ੍ਰਕਾਸ਼, ਸੱਚਾ ਖੇੜਾ ਹੁੰਦਾ ਹੈ, ਪੂਰਨ ਇਨਸਾਨੀਅਤ ਇਸ ਵਿਚ ਹੁੰਦੀ ਹੈ, ਪੂਰਨ ਪ੍ਰੇਮ ਵਰਤਦਾ ਹੈ, ਨਾਲ ਪੂਰਾ ਮਰਦਊ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਵਾਕ ਹੈ:-

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥ ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਓਰ ਮਜੀ ਮਟ ਭੂਲ ਨ ਮਾਨੈ ॥ ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥ ਪੂਰਨ ਜੋਤ ਜਗੈ ਘਟ ਮੈਂ ਤਬ ਖਾਲਿਸਾ ਤਾਹਿ ਨਿਖਾਲਸ ਜਾਨੈ ॥ ੧ ॥

ਇਸ ਨਮੂਨੇ ਦੇ ਆਦਮੀ ਨੂੰ ਗੁਰੂ ਜੀ ਨੇ ਅਮਰ ਕੀਤਾ ਤੇ ਇਸ ਨੂੰ ਕਿਹਾ, ਸਿੱਖ। ਇਸਨੂੰ ਆਖਿਆ ਕਿ ਇਹ 'ਸਵਾ ਲੱਖ' ਤੋਂ ਵਧੀਆ ਹੈ। ਜੋ ਇਸ ਨਮੂਨੇ ਦਾ ਮਰਦ ਹੈ, ਉਹ ਲੱਖਾਂ ਤੇ ਭਾਰੂ ਹੈ। ਲੱਖਾਂ ਉਸ ਪਰ ਭਾਰੂ ਨਹੀਂ ਹਨ, ਉਸ ਦੇ ਮਨ ਤੋਂ ਜਨਮ ਜਨਮ ਦਾ ਝੂਠਾ ਧਰਮ, ਫੋਕਟ ਕਰਮ ਤੇ ਦਿਖਾਵੇ ਦੇ ਇਖ਼ਲਾਕਾਂ ਦਾ ਮੋਹਨੀ ਮੰਤ੍ਰ ਵੈਰਾਗ ਦੀ ਬੂਟੀ ਨਾਲ ਟੁੱਟ ਚੁਕਾ ਹੁੰਦਾ ਹੈ ਤੇ ਨਾਮ ਨਾਲ ਉਸ ਵਿਚ ਇਕ ਸੱਚੀ 'ਉਚਿਆਈ' ਆ ਜਾਂਦੀ ਹੈ।

*Fine arts.

*ਸਤਿਗੁਰ ਜੀ ਦੇ ਇਨ੍ਹਾਂ ਸਾਰੇ ਕਮਾਲਾਂ ਪਰ ਇਸੇ ਮੰਚ ਦੇ 'ਕੀਰਤਿ ਮੂਰਤੀ' ਦੇਸਿਰ ਲੇਖ ਦੇਠ ਸਵਿਸਥਾਰ ਹਾਲ ਦਿਤੇ ਗਏ ਹਨ।

ਇਸ ਉਚਿਆਈ ਤੇ ਖੜਾ ਉਹ ਸਾਰੇ ਕੰਮ ਕਰਦਾ ਹੈ। ਇਸ ਉਚਿਆਈ ਤੇ ਉਸ ਦੀ ਉੱਚੀ ਦ੍ਰਿਸ਼ਟੀ ਹੈ, ਤੇ ਉਸ ਦੇ ਅੰਦਰ ਜਗ ਰਹੀ ਜੋਤ ਤੋਂ ਉਸ ਦੀ ਵਰਤਣ ਤੇ ਉਸਦੀ ਇਨਸਾਨੀਅਤ ਪਈ ਦਿੱਸਦੀ ਹੈ। ਅਸਲ ਵਿਚ ਉਹ ਮਨ ਦੇ ਉਸ ਟਿਕਾਣੇ ਤੇ ਹੁੰਦਾ ਹੈ ਜਿੱਥੇ ਜਾ ਕੇ ਦੁਨੀਆਂ ਨੂੰ ਵੇਖਣ ਦੀ ਦ੍ਰਿਸ਼ਟੀ ਦਾ ਨੁਕਤਾ ਹੀ ਬਦਲ ਜਾਂਦਾ ਹੈ। ਉਸ ਨੁਕਤੇ ਨੂੰ –ਕੁਛ ਨਾਮ ਧਰ ਦਿਓ–ਅੱਪੜਨਾ ਮਰਦ ਦੇ ਜੀਵਨ ਦਾ ਪ੍ਰਯੋਜਨ ਹੈ,। ਜੋ ਇਸ ਨੁਕਤੇ ਤੇ ਅੱਪੜਿਆ ਹੈ, ਮੌਤ ਤੋਂ ਨਹੀਂ ਡਰਦਾ, ਮੋਹ ਮਾਇਆ ਉਸ ਨੂੰ ਬੰਨ੍ਹਦੀ ਨਹੀਂ, ਸੱਚ ਉਸਦੇ ਅੰਦਰ ਬਾਹਰ ਹੈ, ਭੈ ਦੇਂਦਾ ਨਹੀਂ, ਭੈ ਮੰਨਦਾ ਨਹੀਂ, ਦੁੱਖ ਨੂੰ ਸਮਝਦਾ ਹੈ ਪਰ ਸੁਖੀ ਤੇ ਰਸ ਵਿਚ ਰਹਿੰਦਾ ਹੈ, ਖੀਵਾ ਹੈ ਤੇ ਖਿੜਦਾ ਹੈ। ਉਹ ਪ੍ਰੇਮ ਦੀ ਖੁਸ਼ਬੋ ਦੇਂਦਾ ਹੈ, ਫਿਰ ਉੱਚਾ ਉੱਚਾ ਰਹਿੰਦਾ ਹੈ ਤੇ ਵੱਸਦਾ ਹੈ। ਹਉਮੈ ਵਾਲਾ ਸੱਚਮੁੱਚ ਅੰਦਰੋਂ ਉੱਚਾ ਨਹੀਂ ਹੁੰਦਾ, ਪਰ ਵਹਿਮ ਬੰਨ੍ਹ ਲੈਂਦਾ ਹੈ ਕਿ ਮੈਂ ਉੱਚਾ ਹਾਂ। ਚੜ੍ਹਦੀ ਕਲਾ ਵਾਲਾ ਅੰਦਰੋਂ ਉੱਚਾ ਹੁੰਦਾ ਹੈ, ਕਿਉਂ ਕਿ ਉਹ ਉੱਚੇ –'ਅਨੰਤ'–ਦੀ ਖਿੱਚ ਵਿਚ ਹੁੰਦਾ ਹੈ। ਇਸ ਦੇ ਧਰਮ, ਕਰਮ ਤੇ ਇਖ਼ਲਾਕ ਇਸ ਉਚਿਆਈ ਤੋਂ ਉਪਜਦੇ ਤੇ ਆਪਣੇ ਉੱਚੇ ਨਿਯਮਾਂ ਵਿਚ ਟੁਰਦੇ ਹਨ। ਮੁਰਦੇ ਦਿਲਾਂ, ਸੜ ਰਹੇ ਤੇ ਸੜਾਂਦਾਂ ਛੱਡ ਰਹੇ ਮੁਰਦਾਰਾਂ ਦੀਆਂ ਅਛੂਨਤਾਂ (ਬਦਬੂਆਂ) ਇਹਨਾਂ ਲਈ ਧਰਮ ਕਰਮ ਨਹੀਂ ਬੰਨ੍ਹਦੀਆਂ, ਕੈਦੀਆਂ ਦੀਆਂ ਵਾਹੀਆਂ ਲੀਕਾਂ ਇਨ੍ਹਾਂ ਲਈ ਰਸਤਾ ਨਹੀਂ ਬੰਨ੍ਹਦੀਆਂ। ਇਹ ਪੰਛੀਆਂ ਵਾਂਙ ਮਿੱਧੇ ਰਸਤੇ ਉਡਦੇ ਹਨ ਤੇ ਜਿਸ ਲੀਹੇ ਉਡਦੇ ਹਨ, ਉਹੀ ਰਸਤਾ ਹੁੰਦਾ ਹੈ, ਅਰ ਏਹ ਹਰ ਫੇਰੇ ਉਡਾਰੀ ਦੀ ਲੀਕ ਨਵੀਂ ਪਾਉਂਦੇ ਹਨ, ਇਸੇ ਕਰਕੇ ਕਲਗੀਆਂ ਵਾਲੇ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦਾ ਨਾਉਂ 'ਬਿਹੰਗਮ' ਭੀ ਰਖਿਆ ਸੀ।ਬਿਹੰਗਮ = ਪੰਛੀ,।ਜਸਦੀਗਤੀਹਵਾਵਿਚਹੋਵੇ।

ਬਿਹੰਗਮ ਦੇ ਤੁੱ ਸੰਬੰਧ ਇਸ ਪ੍ਰਕਾਰ ਕਹੇ ਜਾ ਸਕਦੇ ਹਨ:–

(੧) ਆਪਣੇ ਆਪ ਨਾਲ–ਤ੍ਰਿਸ਼ਨਾ ਜਿੱਤੀ ਹੋਈ, ਅੰਦਰੋਂ ਉਚਿਆਈ ਪ੍ਰਾਪਤ, ਨਵੇਂ ਨਰੋਏ ਅਰੋਗ, ਸਵਾਧਾਨ, ਸੁਤੰਤ੍ਰ, ਅਭੈ।

(੨) 'ਅਨੰਤ ਨਾਲ'–ਅੰਦਰੋਂ ਉਪਰ ਨੂੰ ਅਨੰਤ ਵਲ ਖਿੱਚੇ ਹੋਏ, ਲਿਵਲਾਏ।

(੩) 'ਅੰਤ ਵਲ' (ਬਾਹਰ ਨੂੰ)–ਨਿਰੋਲ ਸੱਚ ਵਲ ਨਜ਼ਰ ਤੇ ਦੁੱਖ ਸੁੱਖ ਲਾਲਚ ਲੋਭ ਤੋਂ ਅਲੇਪ, ਨਾ ਕਮਜ਼ੋਰ, ਨਾ ਜਰਵਾਣੇ, ਲੋੜ ਪੈ ਜਾਏ ਤਾਂ ਜਾਨ ਦੇਣ ਨੂੰ ਹਾਜ਼ਰ, ਸਰਬੱਤ ਦੇ ਭਲੇ ਵਿਚ।

ਹਾਂ ਜੀ, ਇਨ੍ਹਾਂ ਦਾ ਹਰ ਦਿਸਦੀ ਸ਼ੈ, ਜੀਵ ਮਨੁੱਖ ਨਾਲ ਰੁਖ ਫ਼ਾਇਲੀ,(= ਸਾਖੀ) ਹੁੰਦਾ ਹੈ ਜੀ। ਫਨੀਅਰ ਸੱਪ ਦਾ ਜਦ ਫਨ ਫੈਲਿਆ ਤੇ ਖੜਾ ਹੋਵੇ ਤਾਂ ਉਸ ਦੇ ਸਰੀਰ ਦਾ ਰੁਖ ਦਬੀਜਣ ਵਾਲਾ, ਝੁਕਣ ਵਾਲਾ, ਹੇਠ ਲਗਣ ਵਾਲਾ,– ਮਫਊਲੀ–ਨਹੀਂ ਹੁੰਦਾ, ਉਸ ਦਾ ਰੁਖ ਸਰੀਰ ਦਾ ਆਨਬਾਨ ਸਾਖੀ ਰੂਪ (ਫਾਇਲੀ ਸੂਰਤ) ਦਾ ਹੁੰਦਾ ਹੈ, ਯਾ ਕਹੋ ਕਿ ਦ੍ਰਿਸ਼ਟਾ ਪਦ ਵਿਚ ਟਿਕੇ ਵਾਲਾ ਰੁਖ। ਇਸ ਤਰ੍ਹਾਂ ਇਸ ਮਰਦ ਦੇ ਅੰਦਰਲੇ ਦਾ ਰੁਖ ਫਾਇਲੀ ਹੁੰਦਾ ਹੈ,ਇਸ ਕਰਕੇ ਸਵਾ ਲੱਖ ਮਾਮੂਲੀ ਇਨਸਾਨ ਉਸਦੇ ਮਨਉਪਰ ਕੋਈ ਅਸਰ ਨਹੀਂ ਪਾ ਸਕਦਾ, ਸਵਾ ਲੱਖ ਉਤੇ ਉਹ ਭਾਰੂ ਹੁੰਦਾ ਹੈ,ਇਸ ਫਾਇਲੀ ਰੁਖ ਕਰਕੇ ਸਤਿਗੁਰ ਨੇ ਆਪਣੇ 'ਨਮੂਨੇ ਦੇ ਮਰਦ' ਨੂੰ 'ਸਿੱਖ' 'ਬਿਹੰਗਮ' ਜਿਥੇ ਕਿਹਾ ਹੈ ਉਥੇ 'ਭੁਜੰਗ,' (ਫਨੀਅਰ ਸੱਪ)ਬੀ ਕਿਹਾ ਹੈ। ਭੁਜੰਗੀ ਕਹਿਣੇ ਵਿਚ ਸੱਪ ਦੇ ਦ੍ਰਿਸ਼ਟਾਪਨ ਦੇ ਰੁਖ ਦਾ ਦ੍ਰਿਸ਼ਟਾਂਤ ਦਿੱਤਾ ਹੈ, ਸੱਪ ਦੇ ਸੁਭਾਵ ਦਾ ਨਹੀਂ। ਸੱਪ ਦੇ ਅੰਦਰ ਜ਼ਹਿਰ ਹੈ,ਉਸਦਾ ਇਰਾਦਾ ਕਸ਼ਟ ਦੇਣਾ ਹੁੰਦਾ ਹੈ। ਸਿਖ ਦੇ ਅੰਦਰ ਅੰਮ੍ਰਿਤ ਹੈ ਉਸਦਾ ਇਰਾਦਾ ਸੁਖਦੇਣ ਦਾ ਹੁੰਦਾਹੈ।ਕੇਵਲਰੁਖ ਉਸ ਕਿਸਮ ਦਾ ਹੁੰਦਾ ਹੈ ਕਿ ਜਿਸ ਨੇ ਦੂਏ ਦੀ ਸੱਟ ਖਾਣੀ ਨਹੀਂ, ਕਾਇਰ ਨਹੀਂ ਹੋਣਾ।

ਸ਼ੇਰ ਜੀ ਭੀ ਅਭੈ ਹੈ,ਉਸਦੇ ਸ਼ਰੀਰ ਦੀ ਬਨਾਵਟ ਉਸ ਦੀ ਤੱਕ, ਖੜੇ ਹੋਣ ਦੀ ਡੌਲ, ਹਰ ਸ਼ੈ ਵਲ ਉਸਦੇ ਚਿਹਰੇ ਤੇ ਅੱਖਾਂ ਦਾ ਰੁਖ ਫਾਇਲੀ ਹੈ,ਸਿਖ ਦਾ ਰੁਖ ਵੀ ਇਕੁਰ ਫਾਇਲੀ(ਦ੍ਰਿਸ਼ਟਾਪਨੇ) ਵਾਲਾ ਹੁੰਦਾ ਹੈ। ਇਸ ਕਰਕੇ ਕਲਗੀਆਂ ਵਾਲੇ ਨੇ ਆਪਣੇ ਇਸ 'ਨਮੂਨੇ' ਦੇ ਮਰਦ' ਨੂੰ 'ਸਿੰਘ' ਆਖਿਆ ਹੈ। ਸ਼ੇਰ ਦਾ ਪਾੜ ਖਾਣਾ ਯਾ ਜਾਂਗਲੀ ਪੁਣਾ ਨਹੀਂ ਗ੍ਰਹਿਣ ਕੀਤਾ, ਪਰ ਉਸ ਦਾ ਅਭੈ

ਰੁਖ ਜੋ ਹਰ ਦਿਸਦੀ ਸ਼ੈ ਨਾਲ ਉਹ ਰਖਦਾ ਹੈ। ਸ਼ੇਰ ਵਾਂਙੂ ਪਾੜ ਖਾਣਾ ਨਹੀਂ, ਪਰ ਅਭੈ ਹੋਣਾ। ਸੱਚੀ ਬੀਰਤਾ, ਸੁਖਦਾਈ ਬੀਰਤਾ, ਇਸੇ ਰੁਖ ਤੋਂ ਉਪਜਦੀ ਹੈ। ਜੀਉਂਦਾ ਇਖ਼ਲਾਕ ਇਸੇ ਤੋਂ ਜਨਮਦਾ ਹੈ।ਰੂਹ ਵਾਲਾ ਧਰਮ ਇਸੇਦੇ ਪ੍ਰਕਾਸ਼ਦਾ ਹੈ। ਸ਼ਾਨਦਾਰ ਕਰਮ, ਸਜ਼ਾ ਜਜ਼ਾ ਤੋਂ ਖਾਲੀ ਕਰਮ ਇਸੇ ਰੁਖ ਦੇ ਜਾਏ ਹਨ। ਸੱਤ ਅੱਠ ਬਰਸ ਦਾ ਬੱਚਾ ਕੰਧ ਵਿਚ ਚਿਣਿਆ ਜਾ ਰਿਹਾ ਹੈ, ਕਸ਼ਟ ਵਾਪਰ ਰਿਹਾ ਹੈ ਤੇ ਮੌਤ ਸਾਹਮਣੇ ਖੜੀ ਹੈ, ਪਰ ਇਸ ਰੁਖ ਦਾ ਕਾਰੀਗਰਹੋਣ ਕਰਕੇ ਹਜ਼ਾਰਾਂ ਫੌਜਾਂ, ਤੋਪਾਂ, ਬੰਦੂਕਾਂ, ਦਬਾਵਾਂ ਡਰਾਵਿਆਂ ਅਗੇ ਨਹੀਂ ਦਬਦਾ। ਹਾਂ ਜੀ, ਇਸ ਰੁਖ ਵਾਲਾ ਬੰਦਾ ਪ੍ਰਾਣ ਦੇਣ ਵੇਲੇ ਆਪਣੇ ਰੱਬ ਦੀ ਯਾਦ ਵਿਚ ਹੁੰਦਾ ਹੈ। ਦੇਖੋ ਇਸੇ ਨਮੂਨੇ ਦਾ ਇਕ ਮਰਦ ਉਠਦਾ ਹੈ*, ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਦਾ ਹੈ, ਦੇਖੋ ਗੁਰੂ ਜੀ ! ਮੇਰੀ ਤੇ ਆਪ ਦੀ ਸ਼ਕਲ ਇਕ ਹੈ, ਕਲਗੀ ਜਿਗਾ ਮੈਨੂੰ ਦਿਓ, ਆਪ ਜਾਓ, ਅਜੇ ਆਪ ਦਾ ਕੰਮ ਬਾਕੀ ਹੈ। ਹਾਂ ਜੀ ਮੌਤ ਦੇ ਖ਼ਤਰੇ ਵਾਲੇ ਥਾਓਂ ਸਤਿਗੁਰੂ ਜੀ ਨੂੰ ਮਾਨ, ਦਾਅਵੇ ਦੇ ਪਿਆਰ ਨਾਲ ਜ਼ੋਰ ਦੇ ਕੇ ਟੋਰ ਦੇਂਦਾ ਹੈ, ਆਪ ਪਾਤਸ਼ਾਹੀ ਪੁਸ਼ਾਕੇ ਪਹਿਨ ਕਲਗੀ ਜਿਗਾ ਲਗਾ ਕੇ ਉਨ੍ਹਾਂ ਦੀ ਥਾਵੇਂ ਬੈਠ ਜਾਂਦਾ ਹੈ,ਪਰ ਉਸੇ ਸਾਹੇ ਰੰਗ ਵਿਚ ਬੈਠਾ ਦੁਸ਼ਮਨਾਂਦੇਹੱਥੋਂ ਤੁੰਬਾ ਤੁੰਬਾ ਕਰ ਕੇ ਉਡਾਇਆ ਜਾਂਦਾ ਹੈ,ਮੱਥੇ ਵੱਟ ਨਹੀਂ ਪੈਂਦਾ, ਚਿਹਰੇ ਸ਼ਿਕਨ ਨਹੀਂ ਆਉਂਦਾ, ਅੰਦਰਲਾ ਜੋ ਕਿਸੇ ਉਚਿਆਈ ਉੱਤੇ ਹੈ,ਅਭੈ ਹੈ, ਅੰਦਰਲੇ ਦਾ ਰੁਖ ਬਾਹਰਲੇ ਵਰਤਾਰੇ ਨਾਲ—ਚਾਹੇ ਉਹ ਰਾਜ ਹੈ, ਚਾਹੇ ਦੁਖ ਤੇ ਕਲੇਸ਼—ਫਾਇਲੀ ਰੁਖ ਦਾ ਹੈ। ਹੁਣ ਫੇਰ ਕੀ ? ਸ਼ੇਰ ਵਾਂਙੂ ਫਾਇਲੀ ਡੌਲ ਹੈ, ਫਨੀਅਰ ਵਾਂਙੂ ਉਹ ਫਾਇਲੀ ਆਕੜਦਾਰ ਧੌਣ ਦਾ ਚੜ੍ਹਾਉ ਤੇ ਰੁਖ ਹੈ, ਭਾਵੇਂ ਸਰੀਰ ਤੁੰਬਾ ਤੁੰਬਾ ਕਰ ਕੇ ਉਡਾਇਆ ਜਾ ਰਿਹਾ ਹੈ।

ਗੁਰੂਜੀਦਾਜੰਗ ਜਾਨਦਾਰ ਸਰੀਰਾਂਦਾਫਾਇਲੀ ਰੁਖ ਦਾ ਇਕ ਕ੍ਰਿਸ਼ਮਾਂ ਸੀ,ਕੋਈਤ੍ਰਿਸ਼ਨਾਂਕੁੱਠਿਆਂ ਦਾ ਵਲਦਾਰ ਰੋਰਖਧੰਦੇ ਦਾ ਸੁਲਝਾਉ ਤਾਂ ਨਹੀਂ ਸੀ ਕਿ ਔਰੰਗਜ਼ੇਬ ਵਾਂਙੂ ਪਿਉ ਤੇ ਪਿਉਦੀ ਉਲਾਦ ਦੇ ਦੁੱਧ ਪੀਂਦੇ ਝੱਚੇ ਤੋਂ ਵੀ ਭੈ ਆ ਰਿਹਾ ਹੈ ਤੇ ਸਲਾਮਤੀ ਉਨ੍ਹਾਂ ਦੀ ਕੈਦ ਯਾ ਕਤਲ ਵਿਚ ਦਿਸਦੀ ਹੈ ਤੇ ਕਤਲ ਕਰਨ ਲਈ ਭੀ ਹਜ਼ਾਰ ਮਨਸੂਬੇ ਦੀ ਲੋੜ ਹੈ, ਪਿਉ ਤੇ ਬੀ ਭਰੋਸਾ ਨਹੀਂ, ਤੇ ਮਾਂ ਤੇ ਬੀ ਯਕੀਨ ਨਹੀਂ, ਧੀ ਪਰ ਵੀ ਸ਼ੱਕ ਹੈ, ਅਤੇ ਪੁੱਤ੍ਰ ਪਰ ਬੀ ਸ਼ੁਬ੍ਹਾ ਹੈ।

ਕਲਗੀਆਂ ਵਾਲੇ ਦਾ 'ਮਰਦ ਦਾ ਨਮੂਨਾ' ਹਾਂ ਜੀ,ਉਹ ਵੰਨਗੀ ਜੋ ਉਸ ਨੇ ਆਦਮੀ ਦੀ ਬਣਾਈ ਇਹ ਸੀ ਕਿ ਇਕ ਸਿਰ ਮੰਗਦੇ ਹਨ, ਪੰਜ ਸਿਰ ਦੇਣ ਭੱਜੇ ਆਉਂਦੇ ਹਨ। ਇਕ ਨੂੰ ਕਹਿੰਦੇ ਹਨ ਕਿ ਬੰਦੂਕ ਦਾ ਨਿਸ਼ਾਨਾ ਬਣਨ ਵਾਸਤੇ ਆਓ, ਜਿੰਨੇ ਸੁਣਪਾਉਂਦੇ ਹਨਸਿਰਦੇਣ ਨੂੰਨੱਠੇਆਉਂਦੇ ਹਨ। ਫਿਰ ਸਾਰੇ ਜੰਗਾਂ ਵਿਚ ਇਨਸਾਨੀਅਤ ਹੈ:—ਸਿਖ ਪਾਣੀ ਪਿਲਾਉਂਦਾ ਹੈ, ਵੈਰੀ ਤੇ ਮਿੱਤ੍ਰ ਸਭਨਾਂ ਨੂੰ ਪਿਲਾਈ ਜਾਂਦਾ ਹੈ। ਇਨਸਾਨੀਅਤ ਦੇ ਆਦਰਸ਼ ਦਾ ਬੰਦਾ ਹੈ। ਇਕ ਮਲ੍ਹਮ ਲਾਉਂਦਾ ਹੈ, ਆਪਣਿਆਂ ਨੂੰ ਬੀ ਵੈਰੀਆਂ ਨੂੰ ਬੀ। ਦੁਸ਼ਮਨ ਕਹਿੰਦਾ ਹੈ: ਮੈਂ 'ਸ਼ਦਨ' ਹਾਂ, ਸਿਖ ਦੀ ਧੂਹੀ ਤਲਵਾਰ ਉਥੇ ਹੀ ਅਝਕਦੀ ਹੈ। ਧੂਹੀ ਤਲਵਾਰ ਕਦੇ ਕਿਸੇ ਜੋਧੇ ਤੋਂ ਨਹੀਂ ਰੋਕੀ ਗਈ, ਪਰ ਸਿਖ ਰੋਕ ਲੈਂਦੇ ਰਹੇ ਹਨ। ਤ੍ਰੀਮਤ, ਬੀਮਾਰ, ਬੱਚੇ ਬੁੱਢੇ, ਨਿਰਬਲ ਵੈਰੀ ਹੋਣ ਪਰ ਬੀ ਦੁਖਾਏ ਨਹੀਂ ਜਾਂਦੇ, ਵੈਰੀਆਂ ਨਾਲ ਨਫਰਤ, ਵੈਰ, ਕੀਨੇ ਦੇ ਨੁਕਤੇ ਤੋਂ ਜੰਗ ਨਹੀਂ ਹੁੰਦਾ। ਗੱਲ ਕੀ ਕਲਗੀਧਰ ਨੇ ਜੋ ਕੁਛ ਹੁਕਮ ਲੈ ਕੇ ਆਏ ਸਨ, ਕਰ ਦਿਖਾਇਆ। ਉਨ੍ਹਾਂ ਨੇ 'ਮਰਦ' ਪੈਦਾ ਕਰਨਾ ਸੀ, ਸੋ ਕਰ ਦਿਖਾਇਆ ਅਰ ਉਸ ਨਮੂਨੇ ਦਾ ਮਰਦ ਇਕ ਅੱਧ ਨਹੀਂ, ਹਜ਼ਾਰਹਾ ਬਣਾ ਕੇ, ਪਰਖਾ ਕੇ, ਮੌਤ ਦੀ ਜਗਵੇਦੀ ਪਰ ਚੜ੍ਹਾ ਕੇ ਦਿਖਾਕੇ ਸਾਬਤ ਕਰ ਦਿੱਤਾ ਕਿ:—

ਇਹ ਚੜ੍ਹਦੀਆਂ ਕਲਾਂ ਵਾਲਾ
ਤ੍ਰਿਸ਼ਨਾ ਰਹਿਤ
ਮਰਦਊ ਵਿਚ ਕਾਮਲ
ਇਨਸਾਨੀਅਤ ਵਿਚ ਮੁਕੰਮਲ,
ਸਿੱਖ ਹੈ ਜੋ,
ਭੁਜੰਗੀ ਹੈ ਜੋ;

*ਚਮਕੌਰ ਵਿਚੋਂ ਨਿਕਲਣ ਵੇਲੇ ਭਾਈ ਸੰਤ ਸਿੰਘ ਯਾ ਸੰਗਤ ਸਿੰਘ ਨੇ ਇਹ ਕੁਰਬਾਨੀ ਕੀਤੀ ਸੀ।

ਸਿੰਘ ਹੈ ਜੋ,
ਬਿਹੰਗਮ ਹੈ ਜੋ,
ਪਰ
ਇਹ ਮਰਦ ਤਾਂ ਬਣਦਾ ਹੈ, ਜੋ ਫੋਕਟ ਧਰਮ ਦਾ ਜਾਦੂ ਟੁੱਟੇ। ਉਹ ਟੁੱਟਦਾ ਹੈ।
ਨਾਮ ਦੇ ਅਭਯਾਸ ਨਾਲ।
ਫਿਰ ਪ੍ਰਾਪਤ ਹੁੰਦੀ ਹੈ ਅੰਦਰ ਉਚਯਾਈ, ਅਨੰਤ ਨਾਲ ਨਿਰੰਤਰ ਲਿਵ, ਤੇ ਬਾਹਰ ਜਗਤ ਨਾਲ ਫਾਇਲੀ ਰੁਖ਼ ਤੇ ਵਰਤੋਂ ਪਯਾਰ ਉਪਕਾਰ ਦੀ, ਐਉਂ ਬਣ ਜਾਂਦਾ ਹੈ ਕਲਗੀਆਂ ਵਾਲੇ ਦਾ
'ਨਮੂਨੇ ਦਾ ਮਰਦ'
''ਸਿੰਘ''
ਚੜ੍ਹਦੀਆਂ ਕਲਾਂ ਵਾਲਾ ਗੁਰੂ ਕਾ ਲਾਲ।

—o—

੯੭. ਪ੍ਰੀਤ-ਤਾਰ ਪੱਤੇ ਗੁਰੂ-ਸਿਖ*।

['ਗੁਰੂ'! ਸਦਕੇ! ਇਸ ਨਾਮ ਦੇ]

ਦੱਸੋ ਜੀ 'ਗੁਰੂ' ਕਿਸ ਨੂੰ ਆਖਦੇ ਸਨ?

ਪੁੱਛੋ ਭਾਈ, ਪੁੱਛੋ, ਜਮ ਜਮ ਪੁੱਛੋ, ਪੁੱਛਿਆਂ ਸਾਰੇ ਲੋਕੀਂ ਇਹ ਆਖਦੇ ਹਨ, ਬਈ 'ਗੁਰੂ' ਦਾ—

(੧) ਇਕ ਅਰਥ ਹੈ 'ਹਨੇਰੇ ਨੂੰ' ਦੂਰ ਕਰਨ ਵਾਲਾ।
(੨) ਦੂਆ ਅਰਥ ਹੈ 'ਵੱਡਾ'।
(੩) ਤੀਆ ਅਰਥ ਹੈ 'ਸ਼ਬਦ ਦਾ ਦਾਤਾ'†।
(੪) ਚੌਥਾ ਅਰਥ ਹੈ 'ਉਸਤਾਦ', ਸਿੱਖਯਾ ਦਾਤਾ।
(੫) ਪੰਜਵਾਂ ਅਰਥ ਹੈ 'ਮੁਰਸ਼ਿਦ'।
(੬) ਛੇਵਾਂ ਅਰਥ ਹੈ 'ਪੈਗੰਬਰ'।
(੭) ਸਤਵਾਂ ਅਰਥ ਹੈ 'ਅਵਤਾਰ'।
(੮) ਅਠਵਾਂ ਅਰਥ ਹੈ, 'ਖੁਦਾ', 'ਰੱਬ'। ਪਰ ਭਾਈ! ਜੋ 'ਸਿੱਖ' ਹੈ, ਉਸ ਦੇ ਅੰਦਰ ਗੁਰੂ ਦਾ ਅਰਥ ਕੀ ਹੈ?

ਜੀਓ ਜੀ! ਉਸ ਦੇ ਅੰਦਰ ਅਰਥ ਹੈ:—

ਇਕ ਸਭ ਤੋਂ ਪਿਆਰਾ, ਪਿਆਰੀਆਂ ਚੀਜ਼ਾਂ ਤੇ ਪਿਆਰਿਆਂ ਤੋਂ ਵੱਧ ਪਿਆਰਾ‡, ਇੱਕ ਸਮਝ ਦੀਆਂ ਡੂੰਘਾਈਆਂ ਤੋਂ ਭੀ ਡੂੰਘੇ ਥਾਂ ਵੱਸਦਾ ਸਭ ਤੋਂ
ਉੱਚਾ, ਸੱਚਾ ਸੁੱਚਾ
ਪਿਆਰਾ, ਮਿੱਠਾ ਲੱਗਣ ਵਾਲਾ,
ਸੱਚੀ ਮੁੱਚੀ ਅੰਦਰ ਵਸਦਾ ਵਜੂਦ‡,
ਅੰਤਰ 'ਵੱਸਦਾ' ਮਿੱਠਾ ਵਜੂਦ। ਜੀਓ ਜੀ!
ਫੇਰ ਨੈਣੀ ਵੱਸਦਾ ਮਿੱਠਾ ਵਜੂਦ।
ਜੀਓ ਜੀ! ਫੇਰ ਜਿਧਰ ਜਿਧਰ ਨਜ਼ਰ ਜਾਏ ਓਧਰ ਓਧਰ ਵੱਸਦਾ ਵਜੂਦ।

ਆਹੋ ਨੀ, ਰਹਿੰਦਾ ਨੀ
ਹਰਦਮ ਰਹਿੰਦਾ
ਅੱਖੀਆਂ ਦੇ ਸਾਹਮਣੇ§।

ਜਿਸ ਨੂੰ 'ਸਿੱਖ' ਨੇ ਮਨੁੱਖ ਜਾਮੇ ਵਿਚ ਡਿੱਠਾ ਯਾ ਸੁਣਿਆਂ ਸੀ()। ਤੇ ਹੁਣ ਜਿਸ ਦੇ ਜਾਗਤੀ ਜੋਤ ਸਦਾ ਸਲਾਮਤ ਵਜੂਦ ਦੇ ਹੋਣ ਦਾ ਬੇਸ਼ੁਬਹ ਨਿਸ਼ਚਾ ਉਸਦੇ ਆਤਮਾਂ ਵਿਚ ਇਉਂ ਦਾ ਹੈ ਕਿ ਉਹ ਵਜੂਦ ਉਸਦੇ ਅੰਦਰ—

'ਆਹੋ ਨੀ ਰਹਿੰਦਾ ਨੀ
ਹਰ ਦਮ ਰਹਿੰਦਾ
ਮੇਰੇ ਨੀ ਅੰਦਰੇ§।'

ਛਹਿਬਰਾਂ ਲਾਈ ਰਖਦਾ ਹੈ ਤੇ ਉਹ ਏਸ 'ਸੰਗੀਤ-ਥਾਟ' ਵਿਚ ਰਹਿੰਦਾ ਹੈ:—

ਗੁਰੂ ਗੁਰੂ ਗੁਰ ਕਰਿ ਮਨ ਮੋਰ॥
ਗੁਰੂ ਬਿਨਾ ਮੈ ਨਾਹੀ ਹੋਰ॥

ਭਲਾ ਜੀ! 'ਸਿੱਖ' ਕਿਸ ਨੂੰ ਆਖਦੇ ਹਨ?

ਜੀਓ! ਪੁੱਛੋ! ਹਾਂ ਜੀ, ਪੁੱਛਿਆਂ ਆਖਦੇ ਹਨ—

---

*ਇਹ ਪ੍ਰਸੰਗ ੧੪ ਪੋਹ ਸੰਮਤ ਨਾਨਕਸ਼ਾਹੀ ੪੪੯ (੨੯ ਦਸੰਬਰ ੧੯੧੭) ਤੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਤ ਹੋਇਆ ਸੀ।

†'ਗੁ=ਸ਼ਬਦ' ਧਾਤੂ ਤੋਂ।

‡ਮਾਪੇ ਹੋਤ ਨ ਪੂਜਨੀ ਸਤਿਗੁਰ ਹੈਤ ਸਹਾਈ। ਸ਼ਾਹ ਵਿਸਾਹ ਨ ਪੂਜਨੀ ਸਤਿਗੁਰੂ ਸ਼ਾਹ ਅਥਾਹ ਸੁਨਾਈ। ਸਾਹਿਬ ਲ ਨ ਸਾਹਿਬੀ ਸਤਗੁਰੂ ਸਾਹਿਬ ਸਚਾ ਸਾਈਂ। ਦਾਤੇ ਦਾਤ ਨ ਪੂਜਨੀ ਸਤਿਗੁਰ ਦਾਤਾ ਸੱਚ ਦਿਖਾਈ। ਵੈਦ ਨ ਪੂਜਣ ਵੈਦਗੀ ਸਤਿਗੁਰ ਹਉਮੈ ਰੋਗ ਮਿਟਾਈ। ਦੇਵੀ ਦੇਵ ਨ ਸੇਵ ਤੁਲ ਸਤਿਗੁਰ ਸੇਵ ਸਦਾ ਸੁਖਦਾਈ। [ਭਾ: ਗੁਰਦਾਸ ਜੀ

§ਭੈਰਵੀ ਯਾ ਜੋਗ। ()ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥ [ਸੋਰਠਿ ਮ: ਪ

(੧) ਸਿਖਿਆ ਲੈਣ ਦੀ ਇੱਛਿਆ ਵਾਲਾ, ਸਿੱਖਣ ਵਾਲਾ ।

(੨) ਸਿੱਖਿਆ ਲੈ ਰਿਹਾ, ਵਿੱਦਯਾਰਥੀ ।

(੩) ਸਿੱਖਿਆ ਲੈ ਚੁਕਾ ਤੇ ਸਿੱਖ ਕੇ ਸਿੱਖਯਾ ਵਾਨ ਹੋ ਗਿਆ, ਸਿੱਖ ।

(੪) ਮੁਰੀਦ, ਚੇਲਾ ।

(੫) ਪੈਗ਼ੰਬਰ ਦੀ ਪੈਗ਼ੰਬਰੀ ਤੇ ਅਵਤਾਰ ਦੀ ਅਵਤਾਰਤਾ ਦਾ ਕਾਇਲ, ਮੋਮਨ, ਬੰਦਾ, ਜਨ ।

(੬) ਪੰਜਾਬ ਵਿਚ ਵੱਸਦੀ ਇਕ ਸਿੱਖ ਅਖਾਉਣ ਵਾਲੀ ਕੌਮ ਦਾ ਆਦਮੀ ।

ਪਰ ਭਾਈ ! ਜਿੱਕੂੰ 'ਸੁਹਾਗਣ' ਕਹੋ ਤਾਂ ਦਿਲ ਵਿਚ ਖਿਆਲ ਗੁਜ਼ਰਦਾ ਹੈ ਕਿ ਇਸ ਦਾ ਕੋਈ ਪਤੀ ਹੋਊ, ਪਰਜਾ ਕਹੋ ਤਾਂ ਉਸ ਦਾ ਕੋਈ ਰਾਜਾ ਹੋਊ, ਇਸ ਤਰ੍ਹਾਂ ਸਿੱਖ ਕਹੋ ਤਾਂ ਉਸ ਦਾ ਕੋਈ 'ਗੁਰੂ' ਹੋਊ । ਆਓ ਓਸ 'ਗੁਰੂ' ਤੋਂ ਪੁੱਛੀਏ, ਗੁਰੂ ਜੀ ! ਤੁਸਾਡੇ ਅੰਦਰ ਸਿੱਖ ਦਾ ਕੀ ਅਰਥ ਹੈ ? ਤਾਂ ਦੇਖੋ ਗੁਰੂ ਦੇ ਅੰਦਰ*:-

(੧) ਸਾਰੇ ਮਨੁੱਖਾਂ ਤੋਂ ਪਿਆਰਾ ।

(੨) ਆਪਣੇ ਕੁਟੰਬ ਤੋਂ ਪਿਆਰਾ ।

(੩) ਆਪਣੇ (ਆਤਮ=) ਪੁੱਤਾਂ ਤੋਂ ਭੀ ਪਿਆਰਾ ।

ਇਕ ਇਨਸਾਨ, ਜੋ ਅਣਛਿੱਠੇ ਵਿਚ ਸਿਦਕ ਰਖਦਾ ਹੈ, ਪਰ 'ਦਿੱਸਦੇ' 'ਵੱਸਦੇ' ਸੰਸਾਰ ਵਿਚ ਸੁਹਣੀ ਤਰ੍ਹਾਂ ਵਿਚਰਦਾ ਵਜੂਦ ਹੈ ।

ਹਾਂ ਜੀ, ਐਸੇ ਇਨਸਾਨਾਂ ਨੂੰ 'ਗੁਰੂ' ਆਖਦਾ ਹੈ:-

ਸੋ ਗਿਹ ਮੈ ਮਨ ਤੇ ਤਨ ਤੇ
ਸਿਰ ਲੇ ਧਨ ਹੈ ਸਭ ਹੀ ਇਨਹੀ ਕੋ ।

ਜੀਓ ਜੀ ! ਜਿਸ ਨੇ ਅਰਸ਼ਾਂ ਤੇ ਭੀ ਜਾ ਕੇ ਆਪਣੇ ਸਿੱਖਾਂ ਨੂੰ ਭੁਲਾਇਆ ਨਹੀਂ, ਐਸੇ ਗੋਦੀ ਪਾਏ ਕਿ ਮੁੜ ਕੱਢੇ ਹੀ ਨਹੀਂ, ਉਸ ਦੇ ਅੰਦਰ ਸਿੱਖ ਇਹ ਥਾਉਂ ਰੱਖਦਾ ਹੈ ।

ਹੁਣ ਆਪ ਨੇ ਡਿੱਠਾ 'ਗੁਰੂ' ਤੇ ਫੇਰ ਡਿੱਠਾ 'ਸਿੱਖ' ਦੋਹਾਂ ਵਿਚ ਨਜ਼ਰ ਜਮਾ ਕੇ ਤੱਕੋ, ਆਪ ਨੂੰ ਦਿੱਸੇਗਾ ਕਿ 'ਪ੍ਰੀਤ-ਤਾਰ' ਲਗ ਰਹੀ ਹੈ ।

*ਨਾਠਕ ਸਭਿਕੁਰ ਸਿਖ ਕਉ ਜੀਅ ਨਾਲਿ ਸਮਾਹੈ ॥
ਗਉੜੀ ਮਃ ੫

ਅਸੀਂ ਵਾਹਿਗੁਰ ਦੀ 'ਸੁਰਤ-ਤਾਰ' ਤੋਂ ਟੁੱਟੇ ਹੋਏ ਪਏ ਸਾਂ ਅਰਥਾਤ ਅਸੀਂ 'ਪ੍ਰੀਤ-ਕੇਂਦਰ*' ਦੀ ਪ੍ਰੀਤ-ਤਾਰ ਨਾਲੋਂ ਵੱਖ ਹੋਏ ਹੋਏ ਸਾਂ । ਅੱਜ ਮਿੱਠੇ ਪਿਆਰੇ ਰੱਬ ਸੁਆਰੇ ਨੇ ਆ ਕੇ ਸਾਨੂੰ ਫਿਰ ਪ੍ਰੀਤ-ਤਾਰ' ਵਿਚ ਪੋ ਲਿਆ ਤਾਂ ਦੇਖੋ ਕੀ ਹੋਇਆ ਕਿ ਅਸੀਂ ਮੋਏ ਜੀ ਉਠੇ, ਜੀਆਦਾਨ ਪਾ ਕੇ ਜੀ ਪਏ ।

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰ
ਉਪਕਾਰੀ ਆਏ ॥ ਜੀਅਦਾਨੁ ਦੇ ਭਗਤੀ
ਲਾਇਨਿ ਹਰਿ ਸਿਉ ਲੈਨਿ ਮਿਲਾਏ ॥ ੨ ॥
[ਸੂ: ਮ: ੫

ਸੋ ਸੱਜਣਾਂ ! 'ਗੁਰੂ-ਸਿੱਖ' ਦਾ ਨਾਤਾ ਸ਼ਖਸੀ, ਜ਼ਾਤੀ, ਯਾ ਨਿਜ ਦਾ ਨਾਤਾ ਹੈ । ਜਿੱਕੂੰ ਉਸਤਾਦ ਸ਼ਾਗਿਰਦ ਦਾ ਇਕ ਨਾਤਾ ਹੈਜੋ ਕੇਵਲ ਸਿਖਯਾਮਾਤ੍ਰ ਦੇ ਦੇਣ ਤੇ ਲੈ ਲੈਣ ਦਾ ਇਕ ਵਿੱਥ ਵਾਲਾ ਨਾਤਾ ਹੈ, ਪਰ ਪਿਤਾ ਪੁੱਤ੍ਰ ਦਾ ਨਾਤਾ ਇਸ ਤਰ੍ਹਾਂ ਦੀ ਵਿੱਥ ਵਾਲਾ ਨਹੀਂ, ਉਹ ਨਿਜ ਦਾ ਜ਼ਾਤੀ ਨਾਤਾ ਹੈ।ਇਸੇ ਤਰ੍ਹਾਂ 'ਗੁਰੂ-ਸਿੱਖ' ਦਾ ਨਾਤਾ ਹੈ । ਅਸੀਂ ਉਸ ਦੇ ਗੋਦੀ ਪਏ ਬੱਚੇ ਹਾਂ, ਨਹੀਂ ਨਹੀਂ ਉਸ ਨੇ ਆਪਣੇ ਜਾਏ ਸਾਡੇ ਉੱਤੋਂ ਵਾਰੇ, ਤਾਂਤੇ ਅਸੀਂ ਉਸ ਨੂੰ ਪੁੱਤਾਂ ਤੋਂ ਵਧੀਕ ਪਿਆਰੇ ਹਾਂ ।

ਸੱਜਣੋਂ ! ਦੁਹਾਈ ਜੇ ਉਹ ਨਿਰਾ ਅਵਤਾਰ ਨਹੀਂ, ਜੋ ਆਖਦਾ ਹੈ:-

ਐ ਮਾਇਆ ਮੇਂ ਭੂਲੇ ਲੋਗੋ ! ਅਗਿਆਨ ਮੈ ਬਚੋ ਔਰ ਆਤਮਾ ਕੇ ਸੰਭਾਲੋ ਔਰ ਕੈਵੱਲ (ਵੱਖਰੇ) ਹੋ ਜਾਓ ।

ਉਹ ਨਿਰਾ ਰਸੂਲ ਨਹੀਂ ਜੋ ਪਿਆ ਆਖੇ:-

ਈਮਾਨ ਲਾਓ ਮੇਰੇ ਪਰ ਔਰ ਮੇਰੇ ਖੁਦਾ ਪਰ, ਤਬ ਤੁਮ ਦੋਜ਼ਖ ਕੀ ਆਗ ਸੇ ਬਚੋਗੇ ।

ਓਹ ਨਿਰਾ ਸਿੱਖਿਆ ਦਾਤਾ ਨਹੀਂ ਜੋ ਪਿਆ ਆਖੇ:-

ਅਪਨੀ ਕਰਨੀ ਕਰਤੂਤ ਠੀਕ ਕਰੋ, ਨੇਕ ਬਨੋ, ਨੇਕੀ ਹੀ ਤੁਮਾਰੀ ਰਹਿਬਰ ਔਰ ਨਿਰਵਾਨ ਕਰਤਾ ਹੈ ॥

ਨਿਰਾ ਐਉਂ ਉਹ ਦਾਤਾ ਸਾਡੇ ਵਿਚ ਨਹੀਂ ਸੀ ਆਇਆ, ਓਸ ਤਾਂ ਸਾਨੂੰ ਗੋਦੀ ਲੈ ਲਿਆ ਸੀ ।

*ਵਾਹਿਗੁਰੂ ।

ਉਸਨੂੰ ਅਸੀਂ ਜੰਮੇ ਨਹੀਂ ਸਾਂ,ਪਰ ਓਸ ਨੇ ਅੰਮ੍ਰਿਤ ਤਿਆਰ ਕਰਕੇ ਸਾਨੂੰ ਆਪ ਛਕਾ ਕੇ ਆਪਣੇ ਨਾਲ ਸਾਨੂੰ ਪੈਵੰਦ ਕਰ ਲਿਆ, ਨਹੀਂ ਨਹੀਂ,ਇੱਕ ਕਰ ਲਿਆ,ਪੁੱਤ ਬਣਾ ਲਿਆ, ਨਹੀਂ ਜੀਉ ਜੀ ! ਉਸ ਰਿਸ਼ਤੇ ਦਾ ਸਾਡੀ ਜ਼ਮੀਨੀ ਕਿਸੇ ਬੋਲੀ ਵਿਚ ਕੋਈ ਨਾਉਂ ਨਹੀਂ ਕਿ ਜਿਸ 'ਰਿਸ਼ਤੇ' ਉੱਤੋਂ ਸੱਕੇ ਪੁਤ੍ ਭੀ ਵਾਰ ਦੇਈਦੇ ਹਨ। ਸਾਡਾ ਉਸ ਨਾਲ ਓਹ ਰਿਸ਼ਤਾ ਹੈ ਜੋ ਪਿਤਾ ਪੁਤ੍ ਤੋਂ ਭੀ ਨੇੜੇ ਦਾ ਹੈ,ਜਿਸ ਰਿਸ਼ਤੇ ਉੱਤੋਂ ਪੁਤ੍ ਬੀ ਘੋਲੇਜਾਂਦੇ ਹਨ।ਉਹਰਿਸ਼ਤਾ ਉੱਚਾਹੈ ਤੇ ਇੰਨਾ ਡੂੰਘਾਹੈ ਕਿ ਦਿਲਾਂਦੀ ਤਾਰਨਾਲ ਤਾਰ ਹੀ ਖੜਕਦੀ ਹੈ ਤੇ ਬਾਹਰ ਜ਼ੁਬਾਨ ਲਈ ਉਹ ਇੰਨਾ ਬ੍ਰੀਕ ਹੋ ਜਾਂਦਾ ਹੈ ਕਿ ਉਸ ਨੂੰ ਅਦਾ ਨਹੀਂ ਕਰ ਸਕਦੀ। ਸੋ ਭਾਈ ! ਸਾਡਾ ਰਿਸ਼ਤਾ ਨਿਰਾ 'ਪਾਂਧੇ ਤੇ ਚਾਟੜਿਆਂ' ਵਾਲਾ ਸਿਖਜ਼ਾ ਮਾਤ੍ ਦਾ ਰਿਸ਼ਤਾ ਨਹੀਂ, ਸਾਡਾ ਰਿਸ਼ਤਾ 'ਪ੍ਰੀਤ-ਤਾਰ ਪ੍ਰੇਤਾ' ਕੋਈ ਅਕਹਿ ਨਿਜ ਦਾ ਰਿਸ਼ਤਾ ਹੈ। ਅਸੀਂ ਗੁਰੂ ਦੇ ਹਾਂ ਗੁਰੂ ਸਾਡਾ ਹੈ। ਸਮਾਂ ਸਾਡੇ ਸੰਬੰਧ ਵਿਚ ਕੋਈ ਵਿੱਥ ਨਹੀਂ, ਸਰੀਰ ਅਸਰੀਰ ਹਾਲਤਾਂ ਦੀ ਸਾਡੇ ਵਿਚ ਕੋਈ ਜੁਦਾਈ ਨਹੀਂ, ਅਸੀਂ ਉਸ ਦੇ ਹਾਂ, ਉਹ ਸਾਡਾ ਹੈ:–

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥

ਅਸੀਂ ਰੋਂਦੇ ਸਾਂ,ਉਨ ਆ ਕੇ ਸਾਡੇ ਨੈਣ ਪੂੰਝੇ। ਅਸੀਂ ਜ਼ੁਲਮਾਂ ਹੇਠ ਚੂਰ ਹੋ ਗਏ ਸਾਂ, ਉਨ੍ਹ ਆ ਕੇ ਕੱਢਿਆ ਤੇ ਮਲ੍ਹਮਾਂ ਲਾਈਆਂ। ਸਾਡੀ ਸੁਰਤ ਪ੍ਰਾਂਜੈ ਹੋ ਚੁਕੀ ਸੀ, ਉਸ ਨੇ ਮੁੜ ਸੁਰਜੀਤ ਕਰ ਕੇ ਸੁਤੰਤ੍ ਬਨਾਈ, ਉਹ ਆਪਣੀ ਆਤਮ ਮੌਜ ਦਾ ਅਨੰਦੀ ਸਾਡਾ ਸਾਂਝੀਵਾਲ ਹੋਇਆ, ਉਸ ਨੇ ਸਾਡੇ ਸਦੀਆਂ ਦੇ ਦੁਖ ਦੂਰ ਕੀਤੇ। ਉਹ ਦੁਨੀਆਂ ਵਿਚ ਸਾਡਾ ਉਸ ਵੇਲੇ ਬੇਲੀ ਹੋਯਾ, ਜਿਸ ਵੇਲੇ ਰਾਜਾ ਕਿ ਸਾਧੂ, ਸੰਤ ਕਿ ਸੂਰਮਾ, ਸ਼ਾਸਤ੍ ਵੇਤਾ ਕਿ ਸ਼ਸਤ੍ ਵੇਤਾ, ਸੰਨਿਆਸੀ, ਜੋਗੀ, ਜਪੀ, ਤਪੀ ਕਿ ਬਾਹੂਬਲ ਵਾਲਾ ਕੋਈ ਸਾਡਾ ਨਾ ਬਣਿਆਂ। ਉਹ ਉਸ ਵੇਲੇ ਸਾਡੇ ਦੁਖਾਂ ਦਾ ਮਹਿਰਮ ਬਣਿਆ,ਜਿਸ ਵੇਲੇ ਰਵਾਇਤ ਹੈ ਕਿ ਸ਼ਿਵ ਜੀ ਲੁਕ ਗਏ ਤੇ ਮੰਦਰਾਂ ਤੋਂ ਆਵਾਜ਼ ਆਵੇ ਕਿ–ਆਨੰਦਪੁਰਜਾਓ।

ਓਇ!ਸਾਡੀਆਂ ਅਖਾਂ ਦੇ ਸਾਮ੍ਹਣੇ ਬਹੁ ਬੇਟੀਆਂ ਖੋਹਕੇ ਕੈਦ ਪਾ ਕੇ ਕਾਬਲ ਟੋਰ ਦਿੱਤੀਆਂ ਗਈਆਂ। ਅਸੀਂ ਰੋ ਰਹੇ ਹਾਂ, ਬੱਚੇ ਸਾਡੇ ਵਿਲਕ ਰਹੇ ਹਨ, ਬਹੂ ਬੇਟੀਆਂ ਕੁਰਲਾਂਦੀਆਂ ਲਿਜਾਈਆਂ ਜਾ ਰਹੀਆਂ ਹਨ। ਤੱਕੋ ਸੱਜਨੋਂ ! ਜ਼ਰਾ ਅੱਖਾਂ ਅੱਗੇ ਇਹ ਨਜ਼ਾਰਾ ਲਿਆਓ। ਇਕ ਪਾਸੇ ਮਾਤਾ ਤੇ ਪਿਤਾ ਢਾਹਾਂ ਮਾਰਰਹੇ ਹਨ,ਅੱਖੜੇ ਬੱਚੇ ਚਾਂਗਰਾਂ ਦੇ ਰਹੇ ਹਨ, ਦੂਸਰੇ ਪਾਸੇ ਮਾਵਾਂ ਤੇ ਧੀਆਂ ਨੂੰ ਭੇਡਾਂ ਵਾਂਗ ਤਲਵਾਰ ਦੇ ਕੋਟੜੇ ਨਾਲ ਹੱਕੀ ਲਿਜਾ ਰਹੇਹਨ ਤੇਉਹ ਕੂੰਜਾਂ ਵਾਂਙੂ ਕੂਰਲਾ ਰਹੀਆਂ ਹਨ। ਪਾਸ ਇਕ ਟਿੱਬੀ ਤੇ ਇਕ ਵਹਮ ਗਿਆਨੀ, ਮਹਾਤਮਾਂ ਅਪਰਸ ਬੈਠੇ ਵੀਣਾ ਵਜਾ ਰਹੇ ਹਨ ਤੇ ਤੱਕ ਕੇ ਅੱਖਾਂ ਪਰੇ ਕਰ ਲੈਂਦੇ ਹਨ ਕਿ ਜੇ ਮੈਂ ਹੇਠਾਂ ਗਿਆ ਤਾਂ ਮੇਰੀ ਅਵਸਥਾ ਰੁੜ੍ ਜਾਏਗੀ ਅਰ ਮੈਂ ਨਿਆਂਗਲੀ ਲੜਾਕਾ ਪਸ਼ੂ ਹੋ ਜਾਵਾਂਗਾ।

ਇਕ ਹੋਰ ਟਿੱਲੇ ਪਰ ਇਕ ਜੋਗੀ ਸਮਾਧਿ ਸਥਿਤ ਬੈਠੇ ਹਨ; ਕੁਰਲਾਹਟ ਨਾਲ ਸਮਾਧੀ ਉਟਕਦੀ ਹੈ, ਪੁੱਛਦੇ ਹਨ 'ਮਾਤ ਲੋਕ ਵਿਚ ਕਿਆ ਵਰਤਾਰਾ ਹੈ ?' ਤੇ ਕੋਈ ਡੂੰਘੀ ਆਵਾਜ਼ ਕਹਿੰਦੀ ਹੈ, ਤੁਸੀਂ ਪਰਬਤਾਂ ਪਰ ਬੈਠੇ ਹੋ ਤੇ ਮਾਤ ਲੋਕ ਤਬਾਹ ਹੋ ਗਈ ਹੈ, ਪਰ ਉਹ ਸਿੱਧ ਪੁਰਸ਼ ਕਹਿੰਦੇ ਹਨ, 'ਬਾਬਾ ਰੇ ਹਮ ਜ਼ਖਮ ਖ਼ਾਏਂ,ਲੜੇਂ ਤਮੋਂਰੁਨੀ ਹੋ ਜਾਏਂ, ਹਮ ਕੋ ਆਦਮੀ ਸੇ ਬੂ ਆਤੀ ਹੈ। ਹਾ ! ਹਾ ਰੇ !'

ਇਕ ਹੋਰ ਪੱਬੀਜੇਹੀ ਹੈ, ਉਥੇ ਇਕ ਚਿੱਤ੍ਕਾਰ ਬੈਠਾ ਹੈ, ਕੁਰਲਾਹਟ ਨਾਲ ਆਪਣੀ ਮਹਿਵੀਅਤ ਤੋਂ ਉਟਕਦਾ ਹੈ, ਕਹਿੰਦਾ ਹੈ ਕੀ ਹੋ ਰਿਹਾ ਹੈ ? ਦੇਖਦਾ ਹੈ ਤੇ ਅੱਖ ਫੇਰ ਲੈਂਦਾ ਹੈ,ਕਹਿੰਦਾ ਹੈ'ਜਾਣ ਦਿਓ, ਕਰ ਤਾਂ ਕੁਛ ਸਕਦੇ ਨਹੀਂ ! ਆਪਣਾ ਸੁਖ ਕੌਣ ਗੁਆਵੇ' ।

ਵਾਹਵਾ ਹਿੰਦੁਸਤਾਨ ਤੇਰਾ ਰੂਹਾਨੀ ਔਜ ! ਜ਼ੁਲਮ ਹੁੰਦਾ ਹੈ, ਅਧਰਮ ਹੁੰਦਾ ਹੈ, ਪਾਪ ਹੁੰਦਾ ਹੈ ਤੇ ਤੇਰੇ ਰੂਹਾਨੀ ਲੋਕ ਉਸ ਪਾਪ ਨੂੰ ਦੂਰ ਕਰਨਾ ਧਰਮ ਨਹੀਂ ਸਮਝਦੇ।

ਦੇਖੋ,ਇਕ ਹੋਰ ਖ਼ੁਦਾ ਦੀ ਪ੍ਰੇਮ ਰਸਨ ਵਿਚਬੱਧਾ ਉਸ ਦਾ ਬੰਦਾ ਅਨੰਦ ਨਾਲ ਅਨੰਦਪੁਰ, ਇਕ ਉੱਚੀ ਉਚਿਆਈ ਉਤੇ ਬੈਠਾ ਵੀਣਾ, ਕਵਿਤਾ, ਸਮਾਧੀ, ਅਰਸ਼ੀ ਤੇ ਕੋਮਲ ਸਾਰੀਆਂ ਕਲਾਂ ਦਾ

ਕਲਾਵਾਨ ਬੀ ਇਹ ਦੁਖ ਦੇਖਦਾ ਹੈ, ਉਸ ਦੀ ਰੂਹਾਨੀ ਕਲਾ ਆਖ਼ਦੀ ਹੈ:–ਮੁਲਕ ਦੀ ਆਜ਼ਾਦੀ ਗਈ, ਧਰਮ ਦੀ ਆਜ਼ਾਦੀ*ਖੋਹੀ ਗਈ ਸੀ, ਹੁਣ ਗ੍ਰਿਹਸਤ ਦੀ ਪਵਿੱਤ੍ਰਤਾ ਵੀ ਨਾਲ ਗਈ, ਬਹੂ ਬੇਟੀ ਦੀ ਲਾਜ ਭੀ ਨਾ ਰਹੀ। ਉਹ ਉੱਠਦਾ ਹੈ ਸਿਮਰਨਾ ਗਲੇ ਪਾ ਲੈਂਦਾ ਹੈ, ਸਿਮਰਣ ਅੰਦਰ ਪ੍ਰੋ ਲੈਂਦਾ ਹੈ। ਤੇ ਪੇਸ਼ਕਬਜ਼ ਵਿਚ ਹੱਥ ਪਾ ਲੈਂਦਾ ਹੈ, ਡਾਂਟ ਕੇ, ਲਲਕ ਕੇ ਸ਼ੇਰ ਵਾਂਗੂ ਭਬਕ ਕੇ ਬਿਜਲੀ ਦੀ ਫੁਰਤੀ ਨਾਲ ਤਲਵਾਰ ਲਿਸ਼ਕਾਂਦਾ ਆ ਖੜਾ ਹੁੰਦਾ ਹੈ ਤੇ ਆਖਦਾ ਹੈ:'ਖੜੇ ਹੋ ਜਾਓ ਜ਼ਾਲਮੋ! ਤੁਹਾਡਾ ਕੋਈ ਹੱਕ ਨਹੀਂ ਪਰਾਈਆਂ ਨਾਰਾਂ ਤੇ।'

ਦੇਖੋ ਉਸ ਦੀ ਤਲਵਾਰ ਅਸਮਾਨਾਂ ਵਿਚ ਚਮਕਦੀ ਹੈ ਤੇ ਉਸਦੇ ਜ਼ਿੰਦਾ ਕੀਤੇ ਜੁਆਨ ਜਾ ਪੈਂਦੇ ਹਨ, ਸਾਰੀਆਂ ਕੁਰਲਾਂਦੀਆਂ ਕੁੰਜਾਂ ਮੋੜ ਲਿਆਉਂਦੇ ਹਨ। ਇਕ ਇਕ ਕੁੰਜ ਦਾ ਅੱਥਰੂ ਪੂੰਜਦੇ ਹਨ, ਦਿਲਾਸਾ ਦੇਂਦੇ ਹਨ, ਫੇਰ ਪਤੇ ਪੁੱਛਕੇ ਹਰੇਕ ਮਾਂ ਨੂੰ ਵਿਲਕਦੇ ਬਾਲ ਦੇ ਆ ਗਲੇ ਮੇਲਦੇ ਹਨ; ਹਰੇਕ ਰੋ ਰਹੇ ਪਤੀ ਨੂੰ ਇਸਤ੍ਰੀ ਲਿਆ ਦੇਂਦੇ ਹਨ, ਹਰ ਭਰਾ ਦੀਆਂ ਅੱਖਾਂ ਅੱਗੇ ਭੈਣ ਲਿਆ ਖੜੀ ਕਰਦੇ ਹਨ। ਹਰ ਧੀ ਨੂੰ ਮਾਂ ਦੇ ਗਲੇ ਮੇਲਦੇ ਹਨ। ਉਹ ਵਿਲਕਦੇ ਮਜ਼ਲੂਮ ਉਸ ਵੇਲੇ ਇਕ ਗੁਲਾਬ ਦਾ ਖਿੜਿਆ ਚਮਨ ਬਣ ਜਾਂਦੇ ਹਨ।–ਉਹ ਤਲਵਰੀਆ–ਸੰਨਿਆਸੀ ਆਖਦਾ ਹੈ:–

ਹੇ ਦੁਨੀਆਂ! ਇਹ ਵੀ ਮੇਰੀ ਇਕ ਰੂਹਾਨੀਅਤ ਹੈ।ਇਹ ਜੰਗ ਨਹੀਂ, ਪਰ ਜੰਗ ਮੇਟਣ ਦਾਸ਼ਸਤ੍ਰ ਹੈ।

ਉੱਪਰ

ਅਰਸ਼ਾਂ ਤੇ ਰੱਬ ਜੀ ਖੁਸ਼ ਹੋ ਰਹੇ ਹਨ ਤੇ ਦੇਵਤੇ ਫੁੱਲਾਂ ਦੀ ਬਰਖਾ ਕਰ ਰਹੇ ਹਨ ਤੇ ਕਹਿੰਦੇ ਹਨ:–

ਖ਼ਲਕ ਖ਼ਾਲਕ ਕੀ ਜਾਨਕੇ ਖ਼ਲਕ ਦੁਖਾਵੈ ਨਾਹਿ।
ਖਲਕ ਦੁਖੇ ਨੰਦ ਲਾਲ ਜੀ ਖਾਲਕ ਕੋਪੈ ਤਾਂਹਿ।

ਪੁਨਾ:–

ਪਾ ਦੁਖ, ਖਲਕਤ ਰੱਖੀਆ, ਮੇਰੇ ਪੁਤਰ! ਆਪ।
ਸਦਕੇ ਬਚੜਾ ਤੁੱਧ ਤੋਂ, ਤੂੰ ਪੁੱਤਰ ਮੈਂ ਬਾਪ।

ਵੇਖੋ ਆਪਣੀ ਟਿੱਬੀ, ਟਿੱਲੇ ਤੇ ਪੱਬੀ ਉੱਤੇ ਤੁਰੇ ਰੂਹਾਨੀ ਆਦਮੀ ਕੰਬ ਰਹੇ ਹਨ ਕਿ ਹੈਂ ਇਸ ਆਦਮੀ ਨੇ, ਜੋ ਅਸਾਂ ਡਿੱਠਾ ਸੀ, ਅਵਤਾਰ ਹੋਕੇ ਆਇਆ ਹੈ,ਲਹੂ ਹੱਥ ਲਬੇੜ ਲਏ ਹਨ, ਇਹ ਤਾਂ ਖ਼ਬਰੇ ਕੌਣ ਹੈ ? ਤੇ ਉਧਰ ਅਰਸ਼ਾਂ ਤੋਂ ਗੈਬੀ ਆਵਾਜ਼ਾ ਬੋਲ ਰਿਹਾ ਹੈ:–

'ਇਹ ਬੀ ਰੂਹਾਨੀਅਤ ਹੈ, ਇਹ ਬੀ ਸਮਾਧੀ ਹੈ, ਇਹ ਵੀ ਕਮਾਲ ਹੈ।'

'ਦਿਲ ਤਾਂ ਮੇਰੇ ਨਾਲ ਅਟੁੱਟ ਲੱਗਾ ਰਹੇ, ਹੱਥ ਸ੍ਰਿਸ਼ਟੀ ਦਾ ਭਾਰ ਹਰਨ, ਇਹ ਰੂਹਾਨੀਅਤ ਦਾ ਕਮਾਲ ਹੈ।'

ਸੱਜਣੋਂ ! ਪਰਖੀ ਜੇ ਉੱਪਰਲੀ ਤਸਵੀਰ ਕਿਸਦੀ ਸੀ ? ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ, ਡਿੱਠਾ ਜੇ ?

ਰਿਖੀ, ਮੁਨੀ, ਤਪੀ ਹਠੀ,
ਜਤੀ, ਸਤੀ, ਸਿੱਧ ਸਾਧ
ਜੋਗੀ ਤੇ ਜੰਗਮ ਕੋਈ
ਸਾਨੂੰ ਨਾ ਸੀ ਅਹੁੜਿਆ।
ਫੜੇ ਜਾਈਏ ਚਿੜੀਆਂ ਵਾਂਗੂ,
ਬੱਧੇ ਜਾਈਏ ਬਿਨਾਂ ਪਾਪ,
ਮਾਰੇ ਜਾਈਏ ਬਿਨਾਂ ਦੋਸ,
ਘਰ ਘਾਟ ਚਉੜਿਆ।
ਓਸ ਵੇਲੇ ਧਰਾ ਨਾਥ
ਬਡੇ ਲੋਗ ਚੁੱਪ ਭਏ
ਮੰਦਰ ਨਾਥ ਮੰਦਰਾਂ ਤੋਂ
ਕੋਈ ਨਾਹੀਂ ਦਉੜਿਆ।
ਇੱਕੋ ਸ਼੍ਰੀ ਗੁਬਿੰਦ ਸਿੰਘ
ਸੱਚਾ ਆਤਮ ਵੇਤਾ ਗੁਰ
ਦੁਖੀ ਦੀਨ ਪ੍ਰਜਾ ਤਾਈਂ
ਇੱਕੋ ਏਹੋ ਬਹੁੜਿਆ।

ਗੁਰੂ ਗੋਬਿੰਦ ਸਿੰਘ ਜੀ ਵੈਰਾਗੀ ਸਨ, ਸੰਸਾਰ ਵਿਚ ਆਉਣਾ ਨਹੀਂ ਚਾਹੁੰਦੇ ਸਨ, ਆਕੇ ਇੱਥੇ ਪਕੜ ਨਹੀਂ ਖਾਧੀ।

ਚਿਤ ਨ ਭਯੋ ਹਮਰੋ ਆਵਨ ਕਹਿ ॥
ਚੁਭੀ ਰਹੀ ਸ੍ਰਤਿ ਪ੍ਰਭ ਚਰਨਨ ਮਹਿ ॥

ਏਹ ਓਹਨਾਂ ਦੇ ਆਪਣੇ ਵਾਕ ਹਨ, ਦੇਖੋ ਓਹਨਾਂ ਦੀ ਸੁਰਤ ਪ੍ਰਭੂ ਚਰਨਾਂ ਵਿਚ ਚੁਭੀ ਰਹੀ, ਗੱਡੀ

*ਰਾਜਾ ਦਾ ਪਰਜਾ ਦੇ ਧਰਮ ਵਿਚ ਦਖਲ ਦੇਣਾ ਪਰਜਾ ਦੀ ਆਜ਼ਾਦੀ ਨੂੰ ਖੁਹ ਲੈਣਾ ਹੈ, ਧਰਮ ਧਾਰਨ ਵਿਚ ਹਰ ਜੀਵ ਸੁਤੰਤ੍ਰ ਹੈ।

ਰਹੀ।ਇਹ ਰੰਗ ਅੰਦਰ ਰੱਖ ਕੇ ਉਹਨਾਂ ਨੇ ਦੁਨੀਆਂ ਦੀ ਪੀੜ ਹਰੀ ਤੇ ਗੁਰ ਨਾਨਕ ਦਾ ਜੀਵਨ ਸਿਪਾਹੀ ਜੀਵਨ ਵਿਚ ਭੀ ਪੂਰਾ ਕਰਕੇ ਦੱਸਿਆ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥ ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ ॥

ਸਜਣੋਂ ! ਜਿਸ ਸਤਿਗੁਰ ਨੇ ਐਨਾ ਪਿਆਰ ਕੀਤਾ ਉਸ ਦਾ ਸਾਡਾ ਸਨਬੰਧ ਅਸੀਂ ਹੀ ਜਾਣਦੇ ਹਾਂ, ਉਹ ਰਿਸ਼ਤਾ ਨਿਜ ਦਾ ਰਿਸ਼ਤਾ ਹੈ।

ਦੁਨੀਆਂ ਸਾਡੇ ਅੱਜ ਕੱਲ ਦੇ ਰਿਵਾਉ ਵਿਚ ਭੀ ਪਰਮਾਰਥਕ ਝੁਕਾਉ ਦੇਖ ਰਹੀ ਹੈ। ਸਾਡਾ ਇਹ ਝੁਕਾਉ—ਸਾਰਾ ਪਰਮਾਰਥ—ਇਸ 'ਗੁਰੂ-ਪ੍ਰੇਮ' ਦਾ ਫਲ ਹੈ। ਅਸੀਂ ਗੁਰੂ ਜੀ ਦੀ 'ਗੁਰੂ-ਕਲਾ' ਨਾਲ ਪ੍ਰੀਤ-ਤਾਰ ਨਾਲ ਜੁੜ ਪਏ ਉੱਪਰ ਨੂੰ ਖਿੱਚੇ ਜਾਂਦੇ ਹਾਂ, ਇਹ ਖਿੱਚ ਸਾਨੂੰ ਉੱਚਿਆਂ ਰੱਖਦੀ ਹੈ।

ਤੁਸਾਨੂੰ ਪਤਾ ਹੈ ਕਿ ਇਕ ਪੁਰਾਤਨ ਰਿਖਿ ਕਿਤਨਾ ਮਹਾਤਮਾ ਸੀ,ਇਕ ਪਰਤਾਵੇ ਦੇ ਆਇਆਂ ਉਸ ਸਤਿਕਾਰ ਜੋਗ ਮਹਾਤਮਾ ਨੂੰ ਕਮਜ਼ੋਰੀ ਨੇ ਨੱਪ ਲਿਆ। ਹੱਸੋ ਨਾ, ਉਸ ਨੂੰ ਮਖੌਲ ਨਾ ਕਰੋ, ਅਸੀਂ ਉਸ ਤੋਂ ਭੀ ਨਿਤਾਣੇ ਹੋ ਸਕਦੇ ਹਾਂ, ਪਰ ਵਾਹਿਗੁਰੂ ਦੇ ਭੈ ਪਿਆਰ ਵਿਚ ਮੁਤਾਲਿਆ ਕਰੋ। ਕਿਉਂ ਉਹ ਢੱਠਾ, ਉਹ ਤਾਂ ਜੋਗ ਅਭਿਆਸੀ ਸੀ ? ਉਹ ਤਾਂ ਸੰਨਿਆਸੀ ਸੀ, ਉਸ ਦਾ ਆਦਰਸ਼ ਕੀ ਸੀ ? ਸੁਣੋ ਉਸ ਦਾ ਖਿਆਲ ਇਹ ਸੀ:—

'ਸੰਸਾਰ ਮਿੱਥਿਆ ਹੈ, ਕਿਸੇ ਭੁਲੇਖੇ ਨਾਲ ਆਤਮਾ ਮਾਇਆ ਦੇ ਜਾਲ ਵਿਚ ਫਸ ਗਿਆ ਹੈ, ਇਸ ਤੋਂ ਕਿਵੇਂ ਛੁੱਟੇ?' ਮੋਟੇ ਅੱਖਰਾਂ ਵਿਚ ਇਹ ਗੱਲ ਹੈ ਕਿ 'ਇਹ ਸੰਸਾਰ ਦੀ ਰਚਨਾ ਕਿਸੇ ਗ਼ਲਤੀ ਨਾਲ ਹੋ ਗਈ ਹੈ ਤੇ ਰਚਨਾ ਸਾਰੀ ਦੁਖੀ ਹੈ, ਦੁੱਖ ਪਾ ਰਹੀ ਹੈ, ਇਹ ਦੁੱਖ ਕਿਵੇਂ ਹਟੇ ? ਸੋ ਉਪਾਉ ਇਹ ਹੈ ਕਿ ਰਚਨਾਂ ਹੀ ਨਾ ਰਹੇ।ਉਹ ਕਿਵੇਂ ਹਟੇ?ਇਸ ਤਰ੍ਹਾਂ ਕਿ ਤਿਆਗ ਕਰਕੇ ਅਭਿਆਸ ਕਰੋ, ਜੋ ਆਤਮਾ ਇਸ ਮਾੜਾ (ਅਨਾਤਮਾ) ਤੋਂ ਜਾਂ ਚੇਤਨ ਜੜ੍ਹ ਤੋਂ ਜੁਦਾ ਹੋ ਜਾਵੇ, ਜੁਦਾ ਹੋ ਕੇ ਚੇਤਨ ਯਾ ਆਤਮਾ ਯਾ ਪੁਰਖ ਨਿਹਕੇਵਲ ਹੋ ਜਾਏ, ਕਿਸੇ ਨਾਲ ਲਾਗਾ ਦਾਗਾ ਨਾ ਰਹੇ।'

ਦੂਸਰੇ ਪਾਸੇ ਦੇਖੋ, ਕਲਜੁਗ ਵਿਚ ਇਕ ਹੋਰ ਮਹਾਂ ਰਿਖੀ ਹੋਇਆ, ਉਸ ਦਾ ਨਾਉਂ ਜੋਗਾ ਸਿੰਘ ਸੀ, ਉਸ ਭੀ ਸੰਸਾਰ ਵਿਚ ਦੁੱਖ ਡਿੱਠਾ ਸੀ ਤੇ ਸੁਖ ਚਾਹੁੰਦਾ ਸੀ, ਪਰ ਉਹ 'ਗੁਰੂ ਦੇ ਵਜੂਦ' ਨੂੰ 'ਗੁਰੂ ਮੂਰਤੀ' ਨੂੰ ਮਿਲ ਪਿਆ। ਗੁਰੂ ਨੇ ਕਿਹਾ, ਬੱਚਾ ! ਇਕ ਇਨਸਾਨ ਦੀ ਸਮਝ ਤੋਂ ਪਰੇ 'ਅਕਾਲ ਮੂਰਤਿ' ਵਜੂਦ ਹੈ, ਜਿਸ ਨੇ ਆਪਣੇ ਕਿਸੇ ਰੰਗ ਵਿਚ ਸੰਸਾਰ ਰਚਿਆ ਹੈ। ਉਸ ਨੂੰ ਭੁਲਾ ਕੇ ਤੂੰ ਦੁਖੀ ਹੈਂ, ਉਸ ਨੂੰ ਹਰਦਮ ਯਾਦ ਰੱਖ, ਕਦੇ ਉਸ ਦੀ ਯਾਦ ਅੰਦਰੋਂ ਨਾ ਛੱਡ। ਉਸ ਦੀ ਯਾਦ ਵਿਚ ਰਹਿ ਕੇ ਉਸਦੇ ਹੁਕਮ ਦੀ ਸਿਆਣ ਕਰੀ ਜਾਹ। ਦੁਖ ਤੋਂ ਡਰ ਨਾ, ਦੁਖ ਦਾਰੂ ਹੈ, ਤੇਰੀ ਤੁੱਕੀ ਕਰੇਗਾ। ਜਿਉਂ ਜਿਉਂ ਤੂੰ ਹੁਕਮ ਪਛਾਣੇਗਾ ਤਿਉਂ ਤਿਉਂ ਦੁਖ ਘਟਦਾ ਜਾਵੇਗਾ। ਤੂੰ ਵਿੱਚ ਰਹੁ, ਪਰ ਉਸ ਪਿਆਰੇ ਦੀ ਯਾਦ ਤੋਂ ਨਾ ਜੁਦਾ ਹੋ। ਉਸ ਤੋਂ ਵਿਛੁੜਨਾ ਦੁੱਖਾਂ ਦਾ ਮੂਲ ਹੈ। ਉਸ ਨਾਲ ਲੱਗਾ ਰਹੁ, ਪਰ ਜਗਤ ਦੇ ਵਿਚ ਰਹੁ, ਤੂੰ ਉੱਚਾ ਹੋ ਵਰਤੇਂਗਾ, ਅੰਤ ਏਸੇ ਦੁਨੀਆਂ ਵਿਚ ਤੇਰਾ ਆਤਮਾ ਸੁਖੀ ਹੋ ਜਾਏਗਾ, ਤੂੰ ਪਰਮ ਪਦ ਪਾ ਲਏਂਗਾ।

ਉਸ ਨੂੰ ਇਨ੍ਹਾਂ ਗੱਲਾਂ ਤੇ ਨਿਹਚਾ ਹੋ ਗਿਆ। ਓਨ ਭੀ ਅਭਯਾਸ ਕੀਤਾ। ਅਲੱਗ ਹੋਕੇ ਖਿਆਲੀ ਉਚਿਆਈਆਂ ਤੇ ਜਾਣ ਦਾ ਨਹੀਂ, ਪਰ ਵਿਚੇ ਰਹਿ ਕੇ, ਵਿਚੇ ਵਿਚਰ ਕੇ, ਪਿਆਰ ਦੇ ਸੋਮੇਂ ਨਾਲ ਲੱਗੇ ਰਹਿਣ ਦਾ। ਉਹ ਕੀ ਕਿ ਮੱਲੋ ਮੱਲੀ ਉਸ ਗੁਰੂ ਕਲਗੀਆਂ ਵਾਲੇ ਦੇ ਨਾਲ ਉਹ ਪ੍ਰੀਤ-ਤਾਰ ਵਿਚ ਪ੍ਰੋਤਾ ਗਿਆ। ਇਸ ਪਿਆਰ ਦੀ ਇਕ ਖਿੱਚ ਲੱਗ ਗਈ, ਉਹ ਨਾਮ ਜਪੇ, ਸਾਈਂ ਨੂੰ ਚੇਤੇ ਰੱਖੇ, ਹੁਕਮ ਭੀ ਪਛਾਣੇ, ਪਰ ਜਦ ਕਦੇ ਭੁੱਲ ਹੋਣ ਲਗੇ 'ਗੁਰੂ-ਮੂਰਤੀ' ਅੱਖਾਂ ਅੱਗੇ ਆ ਖੜੋਵੇ। ਐਸੇ ਵੇਲੇ ਉਹ 'ਪ੍ਰੀਤ-ਤਾਰ' ਜੋ ਗੁਰੂ ਵਿਚ ਸੀ, ਮਨ ਨੂੰ ਖਿੱਚ ਲਵੇ ਤੇ ਉਹ ਗ਼ਲਤੀ ਤੋਂ ਬਚ ਜਾਵੇ। ਰਿਖੀ ਵਾਲਾ ਵੇਲਾ ਜੋਗਾ ਸਿੰਘ ਨੂੰ ਭੀ ਆਇਆ, ਪਰ ਦੇਖੋ ਉਹਦਾ ਮਨ 'ਪ੍ਰੀਤ-ਤਾਰ' ਨਾਲ ਗੁਰੂ ਵਿਚ ਪ੍ਰੋਤਾ ਪਿਆ ਸੀ, ਗੁਰੂ ਦੀ ਮੋਹਣੀ ਮੂਰਤ ਅੱਖਾਂ ਅਗੇ ਆ ਖੜੋਤੀ। ਜੋਗਾ ਸਿੰਘ ਨੂ ਡਰ ਆ ਗਿਆ ਕਿ ਗੁਰੂ ਕੀ ਆਖੇਗਾ ਤੇ ਮੈਂ ਕੀ ਮੂੰਹ ਲੈ ਕੇ ਪਿਆਰੇ ਕੋਲ ਜਾਵਾਂਗਾ?ਜੋਗਾ ਸਿੰਘ ਦੀਆਂ ਅੱਖਾਂ ਅਗੇ 'ਪਵਿੱਤ੍ਰਤਾ

ਦਾ ਆਦਰਸ਼' ਜਿਸ ਨੂੰ ਉਸ ਨੇ ਗੁਰੂ ਰੂਪ ਵਿਚ ਡਿੱਠਾ ਤੇ ਪਿਆਰ ਦੇ ਨਾਤੇ ਨਾਲ ਆਪਣਾ ਕੀਤਾ ਸੀ, ਆ ਰਿਆ। ਉਧਰੋਂ ਦਾਸ ਰਖਜਕ ਬਿਰਦ ਵਾਲੇ ਗੁਰੂ ਜੀ ਨੂੰ ਖਿੱਚ ਪਈ ਤੇ ਦਾਸ ਦਾ ਗਿਰਾਉ ਥੰਮ੍ਹਣ ਲਈ ਪਰਤੱਖ ਹੋ ਦਿੱਸੇ। ਇਸ ਮਿਹਰ ਨਾਲ ਉਸਨੇ ਝਟ ਆਪਣੀ ਉਸ ਰੁਚੀ ਤੇ ਜਿੱਤ ਪਾ ਲਈ, ਜਿਸ ਤੇ ਰਿਖੀ ਨਹੀਂ ਸੀ ਪਾ ਸਕਿਆ। ਰਿਖੀ ਦੀਆਂ ਅੱਖਾਂ ਅਗੇ ਕੋਈ 'ਆਦਰਸ਼ਕ ਜੋਤੀ' ਕੋਈ 'ਪਵਿੱਤ੍ਰਤਾ ਦਾ ਕਮਾਲ' ਨਹੀਂ ਸੀ, ਜਿਸ ਨਾਲ ਉਹ 'ਪ੍ਰੀਤ-ਤਾਰ' ਵਿਚ ਪੋਤਾ ਪਿਆ ਹੁੰਦਾ ਅਰ ਜੋ ਔਕੜ ਵੇਲੇ ਦਿਲੀ ਪ੍ਰੀਤ ਦੇ ਕਾਰਨ ਉਸ ਦੇ ਸਾਹਮਣੇ ਆ ਖਲੋਂਦਾ ਤੇ ਉਸ ਨੂੰ ਹੌਜ਼ ਲੈਂਦਾ–

'ਕਬੀਰ ਨਿਗੁਸਾਏਂ ਬਹ ਗਏ
ਥਾਂਘੀ ਨਾਹੀ ਕੋਇ ।।' [ਕਬੀਰ ਜੀ

ਜੀਓ ਜੀ ! ਗੁਰਸਿੱਖ 'ਪ੍ਰੀਤ-ਤਾਰ' ਨਾਲ ਪੋਤੇ ਪਏ ਹਨ, ਗੁਰਸਿੱਖ ਖਸਮ ਵਾਲੇ ਹਨ। ਓਹ ਜਗਤ ਨੂੰ ਕਿਸੇ ਉਪਾਧੀ ਨਾਲ, ਕਿਸੇ ਗ਼ਲਤੀ ਨਾਲ, ਕਿਸੇ ਇਤਫਾਕ ਨਾਲ ਬਣਿਆ ਸਮਝ ਕੇ ਇਸ ਨੂੰ ਤੋੜਨ ਦੇ ਅਭਯਾਸ ਵਿਚ ਨਹੀਂ, ਪਰ ਉਹ ਆਪਣੇ ਸਿਰ ਪਰ ਕਰਤਾਰ ਰਚਨਹਾਰ ਨੂੰ ਵੇਖਦੇ ਹਨ, ਓਹ 'ਕਰਤਾ ਪੁਰਖ' ਨੂੰ ਜਾਣਦੇ ਹਨ ਤੇ ਉਸ ਦੀ ਯਾਦ ਵਿਚ ਵਸਦੇ ਹਨ,ਉਨ੍ਹਾਂ ਦੀਆਂ ਅਖਾਂ ਦੇ ਅਗੇ ਅਣ-ਹੋਂਦ ਦੇ ਅਰਥਾਂਵਾਲੀ ਸ਼ੂਨ ਨਹੀਂ ਵਸਦੀ।ਉਹ ਕਿਸੇ ਆਪਣੇ ਮਨ ਦੇ ਵਹਿਮੀ ਖ਼ੁਦਾ ਦੇ 'ਖਿਆਲ ਪ੍ਰਸਤ' ਬੰਦੇ ਨਹੀਂ। ਉਨ੍ਹਾਂ ਦੀਆਂ ਅੱਖਾਂ ਦੇ ਅੱਗੇ ਹੁਕਮ ਮੰਨਣ, ਰਜ਼ਾ ਪੁਰ ਟੁਰਨ, ਸਾਂਈਂ ਨੂੰ ਯਾਦ ਰੱਖਣ ਤੇ ਹਰ ਤਰ੍ਹਾਂ ਪਵਿਤ੍ਰ ਜੀਵਨ ਬਸਰ ਕਰਨ ਵਾਲੇ ਗ੍ਰਿਹਸਤ–ਮੰਨਿਆਸੀ ਗੁਰੂ ਗੋਬਿੰਦ ਸਿੰਘ ਦਾ ਆਦਰਸ਼ (Ideal) ਤੇ ਸੱਚਾ ਨਮੂਨਾ ਮੌਜੂਦ ਹੈ। ਢੋਕੇ ਤੇ ਵਿੱਥ ਪਰ ਖੜੇ ਉਸਤਾਦ ਦੀ ਸ਼ਕਲ ਵਿਚ ਨਹੀਂ, ਪਰ ਪਿਤਾ ਤੋਂ ਪਿਆਰੇ, 'ਪ੍ਰੀਤ-ਤਾਰ' ਵਿਚ ਪੋਤੇ, ਜ਼ਾਤੀ ਰਿਸ਼ਤੇ ਵਾਲੇ ਨਿਕਟ ਖਲੋ* ਗੁਰੂ ਦਾ ਆਦਰਸ਼ ਮੌਜੂਦ ਹੈ। ਸਿੱਖ ਦੇ ਦਿਲ ਵਿਚ ਜੇ ਗੁਰੂ ਨਾਲ ਪ੍ਰੀਤ ਨਾ ਹੋਵੇ,ਜੇ ਉਸ ਦਾ ਤੇ ਗੁਰੂ ਦਾ ਜ਼ਾਤੀ ਸੰਬੰਧ ਨਾ ਹੋਵੇ ਤਾਂ ਲੋੜ ਵੇਲੇ ਆਦਰਸ਼ ਉਸ ਦੇ ਨੈਣਾਂ ਅਗੇ ਕੀਕੂੰ ਆਵੇਗਾ ? ਰਿਖੀ ਨੂੰ ਔਕੜ ਵੇਲੇ ਆਪਣੀ ਨੇਕੀ ਦਾ ਹੀ ਆਸਰਾ ਸੀ, ਆਪਣੇ ਖਿਆਲਾਂ ਦੀ ਬੁਲੰਦੀ ਤਕ ਉਸ ਦਾ ਤਾਣ ਸੀ, ਜਦੋਂ ਅਜ਼ਮਾਇਸ਼ ਤਾਣ ਤੋਂ ਭਾਰੀ ਤੇ ਵਡੇਰੀ ਆ ਗਈ, ਹਾਰ ਗਏ। ਜੋਗਾ ਸਿੰਘ ਦਾ ਬੀ ਇਹੋ ਹਾਲ ਹੋਇਆ। ਅਜ਼ਮਾਇਸ਼ (ਪ੍ਰਤਾਵਾ) ਉਸ ਦੀ ਤਾਕਤ ਤੋਂ ਭਾਰੂ ਸੀ, ਪਰ ਉਸ ਦਾ ਮਨ ਆਪਣੇ ਆਦਰਸ਼ ਨਾਲ ਪੋਤਾ ਪਿਆ ਸੀ। ਇਹ ਇਕ ਅਧਯਾਤਮਕ ਅਸੂਲ ਹੈ ਕਿ ਜਿਸ ਨਾਲ ਦਿਲੀ ਪ੍ਰੀਤ ਹੋਊ, ਉਹ ਔਕੜ ਵੇਲੇ ਯਾ ਕਿਸੇ ਗ਼ੈਰ ਮਾਮੂਲੀ ਵਲਵਲੇ ਦੇ ਪੈਦਾ ਹੋਇਆਂ ਜ਼ਰੂਰੀ ਯਾਦ ਆਵੇਗਾ। ਇਹ ਬੀ ਵੈਸਾ ਹੀ ਅਸੂਲ ਹੈ ਕਿ ਜਿਸ ਨਾਲ ਤੁਹਾਡੀ ਲਗਾਤਾਰ ਪ੍ਰੀਤ ਹੈ ਉਸ ਨੂੰ ਤੁਹਾਡੀ ਖਿੱਚ ਜ਼ਰੂਰ ਪਵੇਗੀ।

'ਆਖ ਗੁਆਲ !
ਅਸਾਂ ਮਨੋਂ ਨਾ ਵਿਸਾਰਿਆ,
ਤੁਸੀਂ ਕਿਵੇਂ ਨ ਯਾਦ ਕਰੇਸੋ।'

ਸੋ ਜੇ ਇਹ 'ਪ੍ਰੀਤ-ਤਾਰ' ਜੋਗਾ ਸਿੰਘ ਦੇ ਅੰਦਰ ਨਾ ਹੁੰਦੀ ਤਾਂ ਨਾਂ ਉਸ ਅੰਧੇਰੀ ਝੁੱਲੀ ਵੇਲੇ 'ਗੁਰ-ਮੂਰਤ' ਅੱਖਾਂ ਅਗੇ ਆਉਂਦੀ,ਨਾ ਗੁਰੂ ਨੂੰ ਉਸ ਦੀ ਖਿਚ ਪੈਂਦੀ ਤੇ ਨਾ ਉਸ ਦੀ ਅੰਦਰਲੀ ਰੋਕ ਸ਼ਕਤੀ ਦੁਬਾਲਾ ਹੋ ਜਾਂਦੀ ਤੇ ਨਾਂ ਉਸ ਦਾ ਬਚਾਉ ਹੁੰਦਾ।

ਇਹ ਅਸੂਲ ਗੁਰਸਿੱਖੀ ਦਾ ਡੂੰਘਾ ਦਿਲ ਦੇ ਕੇ ਸਮਝਣ ਵਾਲਾ ਹੈ। ਸਾਡੇ ਵਿਚ ਪੱਛਮੀ ਵਿਦਯਾ ਦੀ ਹਨੇਰੀ ਝੁੱਲ ਪਈ ਹੈ ਜਿਕੂੰ ਪਛਮ ਇਸੇ ਹਨੇਰੀ ਹੇਠ ਨਾਸਤਕਤਾ ਵਲ ਟੁਰ ਪਿਆ ਸੀ, ਉਸੇ ਤਰ੍ਹਾਂ ਅਸੀਂ ਟੁਰ ਪਏ ਹਾਂ। ਜਿਕੂੰ ਉਹ ਸੌ ਡੂਢ ਸੌ ਸਾਲ ਤੋਂ ਟੱਕਰਾਂ ਖਾਕੇ ਕਿਸੇ ਹੋਰ ਠੀਕੇ ਨਾਲ ਕੁਛ ਪਰਤੇ ਸਨ,ਇਸੇ ਤਰ੍ਹਾਂ ਅਸੀਂ ਪਰਤਾਂਗੇ, ਪਰ ਕਿਆ ਚੰਗਾ ਹੋਵੇ ਕਿ ਠੁਹਕਰਾਂ ਨਾ ਖਾਈਏ ਤੇ ਹੁਣੇ ਹੀ ਟਿਕਾਣੇ ਸਿਰ ਰਹੀਏ. ਗੀਸਾਂ ਨਾ ਕਰੀਏ, ਗੁਣ ਵਿਹਾਝੀਏ ਤੇ ਆਪਣੇ ਗੁਣ ਨਾ ਗੁਆਈਏ। ਗੁਰੂ ਨਾਲ ਸਾਡਾ ਨੇਹੁ ਨਿਰਾ ਸਿੱਖਜਾ ਸੁਣਨ ਦਾ ਨਹੀਂ ਜਿੱਕੂੰ ਸਾਨੂੰ ਪੱਛਮੀ ਰੌਸ਼ਨੀ ਵਿਚ ਚੁੰਧਿਆਏ 'ਖ਼ਿਆਲ ਪ੍ਰਸਤ' ਲੋਕ ਦੱਸਦੇ ਹਨ,ਸਗੋਂ ਸਾਡਾ ਰਿਸ਼ਤਾ ਗੁਰੂਗੋਬਿੰਦ ਸਿੰਘ ਨਾਲ ਨਿਜ ਦਾ ਰਿਸ਼ਤਾ ਹੈ, ਸਾਕਾਦਾਰੀ ਹੈ, ਅਰ ਉਹ ਪਿਤਾ ਪੁੱਤਰ ਤੋਂ ਉਚੇਰੀ ਤੇ ਵਡੇਰੀ ਤੇ

* ਸਰਬ ਦਲਾ ਦੀਨੋ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ ।।
[ਸਾਰੰਗ ਮ: ੫

ਮੇਰੀ ਤੇ ਪਿਆਰੀ ਰਿਸ਼ਤੇਦਾਰੀ ਹੈ, ਜਿਸ ਦਾ ਨਾਮ ਧਰਨ ਨੂੰ ਜ਼ੁਬਾਨ ਕਾਸਰ ਤੇ ਬੋਲੀ ਆਰੀ ਹੈ। ਪ੍ਰੀਤ ਤਾਰ ਦਾ ਮਜ਼ਹਬ ਸਾਡਾ ਤਿਹਰਫਾ ਹੈ:–

(੧) ਅਸਾਂ ਜਗਤ ਨੂੰ ਕਰਤਾਰ ਦਾ ਜਾਣ ਕੇ ਕਰਤਾਰ ਨੂੰ ਪਿਆਰ ਕਰਨਾ ਹੈ। ਪਿਆਰ ਦਾ ਵਿਦਤ ਸਰੂਪ ਹੈ ਪ੍ਰੀਤਮ ਨੂੰ ਯਾਦ ਰੱਖਣਾ। ਸੋ ਜਗਤ ਵਿਚ ਰਹਿ ਕੇ ਅਸਾਂ ਕਰਤਾਰ ਨੂੰ ਨਹੀਂ ਭੁੱਲਣਾ। ਇਹੋ ਹੀ ਸਾਡਾ ਰਾਗ (ਪ੍ਰੇਮ) ਹੈ ਤੇ ਇਹੋ ਹੀ ਸਾਡਾ ਵੈਰਾਗ ਹੈ। ਹਾਂ, ਕਰਤਾਰ ਨੂੰ ਯਾਦ ਰੱਖਣ ਵਿਚ ਅਸੀਂ ਉਸ ਨਾਲ 'ਰਾਗ' ਰੱਖਦੇ ਹਾਂ ਤੇ ਜਗਤ ਨਾਲ ਸਾਡਾ ਸੁਤੇ ਵੈਰਾਗ ਹੁੰਦਾ ਜਾਂਦਾ ਹੈ। ਹਾਂ, ਅਸਾਂ ਉਸਨੂੰ ਨਿਜ ਦਾ ਸੱਜਣ ਤੇ ਅਪਣੇ ਅੰਗ ਸੰਗ ਸਮਝਣਾ ਹੈ* ।

(੨) ਕਰਤਾਰ ਨੂੰ ਯਾਦ ਰੱਖਦੇ ਹੋਏ ਜਗਤ ਦੀ ਵਰਤੋਂ ਵਿਚ ਦੁੱਖਾਂ ਸੁੱਖਾਂ, ਖਖੇੜਾਂ ਬਖੇੜਾਂ ਵਿਚ ਅਸਾਂ 'ਹੁਕਮ ਪਛਾਣਨਾ' ਹੈ, ਅਸਾਂ ਕੁੜ੍ਹਨਾਂ ਨਹੀਂ, ਘਾਬਰਨਾ ਨਹੀਂ, ਅਸਾਂ ਖੁਸ਼ ਸ਼ਾਂਤ ਹੁਕਮ ਵਿਚ ਖੇਡਣਾ ਹੈ। ਇਹੋ ਸਾਡਾ ਤਪ ਹੈ, ਇਹੋ ਸਾਡੀ ਤਤਿੱਖਜਾ ਹੈ।'

(੩) ਅਸੀਂ 'ਪ੍ਰੀਤ-ਤਾਰ' ਬਿਨ ਆਪਣੇ ਮਨੁੱਖੀ ਅਮਲੀ ਵਰਤਾਰੇ ਲਈ ਕਿਸੇ ਸ਼ੁਨਤਾ ਦਾ, ਕਿਸੇ ਖਿਆਲੀ ਮਨਫੀਅਤ ਦਾ ਆਸਰਾ ਨਹੀਂ ਲੈਣਾ। ਅਸਾਂ ਆਪਣੇ ਗੁਰੂ ਨੂੰ,ਜਿਸ ਨੇ ਮਨੁੱਖ ਹੋ ਕੇ ਮਨੁੱਖਾਂ ਵਿਚ ਵਿਚਰ ਕੇ ਉੱਚੇ ਸੁੱਚੇ ਨਮੂਨੇ ਸਾਨੂੰ ਦਿਖਾਏ ਤੇ ਸਿਖਾਏ, 'ਪ੍ਰੀਤ-ਤਾਰ' ਵਿਚ ਆਪਣੇ ਨਾਲ ਪ੍ਰੋਈ ਰੱਖਣਾ ਹੈ। ਜੇ ਸਾਡਾ ਆਦਰਸ਼ ਗੁਰੂ ਹੋਵੇਗਾ ਤਾਂ ਅਸੀਂ ਨੀਵੇਂ ਖਯਾਲੀ ਨਹੀਂ ਹੋਵਾਂਗੇ;ਜੇ ਸਾਡੀ ਗੁਰੂ ਨਾਲ ਪ੍ਰੀਤ ਹੋਵੇਗੀ ਤਾਂ ਉਹ ਅੰਗ ਸੰਗ ਰਹੇਗਾ; ਜੇ ਸਾਡੇ ਅੰਦਰ ਪ੍ਰੀਤ-ਤਾਰ ਲਗੀ ਹੋਵੇਗੀ ਤਾਂ ਗੁਰੂ ਨੂੰ ਭੀ ਸਾਡੀ ਖਿੱਚ ਪਵੇਗੀ ਤੇ ਅੱਭੀ ਨਿਭੀ ਵੇਲੇ ਆਦਰਸ਼ ਦਾ ਚੇਤਾ ਤੇ ਗੁਰੂ ਵੱਲੋਂ ਸਾਡੀ ਲਗਾਤਾਰ ਖਿੱਚ ਨਾਲ ਆਈ ਵਡੇਰੀ ਤਾਕਤ ਦੀ ਮੱਦਦ ਸਾਨੂੰ ਬਿਜੈਮਾਨ ਦੱਖਿਆ ਕਰੂ। ਗੁਰੂ –ਕਲਗੀਆਂ ਵਾਲੇ ਗੁਰੂ ਨਾਨਕ–ਦੀ ਪ੍ਰੀਤ ਤਾਰ ਤੇ ਆਦਰਸ਼ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਦੇ ਦੱਸੇ ਹੁਕਮ ਮੁਜਬ ਅਸਾਂ ਅੰਕ ਇਕ ਵਾਲੇ ਅਮਲ ਵਿਚ ਟੁਰੇ ਰਹਿਣਾ ਹੈ। ਹਾਂ ਜੀ ਸਾਨੂੰ ਗੁਰੂ ਨੇ ਇਕ ਗੱਲ ਦੱਸੀ ਹੈ ਜੋ ਅਸਾਂ ਕਦੇ ਨਹੀਂ ਭੁੱਲਣੀ। ਉਹ ਹੈ:–

ਗੁਰਾਂ ਇਕ ਦੇਹ ਬੁਝਾਈ।। ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ।।

ਅਸਾਂ ਰਿਖੀ ਨੂੰ ਮਾੜਾ ਨਹੀਂ ਕਹਿਣਾ, ਪਰ ਉਹਨਾਂ ਦੇ ਤਜਰਬੇ ਤੋਂ ਸਿਖਜਾ ਲੈਣੀ ਹੈ, ਜੇ ਉਹਨਾਂ ਦਾ ਹਿਰਦਾ 'ਪ੍ਰੀਤ-ਤਾਰ' ਨਾਲ ਗੁਰੂ ਗੋਬਿੰਦ ਸਿੰਘ ਨਾਲ ਬੱਧਾ ਹੁੰਦਾ,ਉਹੋ ਜੋਗਾ ਸਿੰਘ ਹੋ ਜਾਂਦੇ! ਅਤੇ ਜੋਗਾ ਸਿੰਘ ਜੀ ਜੇ ਆਦਰਸ਼ਹੀਨ ਹੁੰਦੇ, ਆਪਣੇ ਆਦਰਸ਼ ਨਾਲ 'ਪ੍ਰੀਤ-ਤਾਰ' ਵਿਚ ਪਰੋਤੇ ਹੋਏ ਨਾ ਹੁੰਦੇ,ਨਿਸ਼ਚੇ ਸੀ ਕਿ ਕਦੇ ਨਾ ਬਚਦੇ, ਉਹ ਰਿਖੀ ਵਾਂਗੂ ਹੋ ਜਾਂਦੇ। ਸੋ ਸੱਜਣੋਂ! ਦੇਖਣਾਂ ਫੋਕੇ ਤੇ ਵਹਿਮੀ ਉਪਦੇਸ਼ਕਾਂ ਦੇ ਵਾਕ ਨਾ ਸੁਣਨੇ। ਗੁਰੂ ਗੋਬਿੰਦ ਸਿੰਘ ਨਾਲ ਸਿੱਖ ਦਾ ਸਾਕ ਨਿਜ ਦਾ ਜ਼ਾਤੀ ਸਾਕ ਹੈ, ਆਪਣਾ ਰਿਸ਼ਤਾ ਹੈ। ਅਸੀਂ 'ਪ੍ਰੀਤ-ਤਾਰ' ਨਾਲ ਉਸ ਨਾਲ ਪ੍ਰੋਤੇ ਹਾਂ,ਉਹ ਸਾਡਾ ਆਦਰਸ਼ ਹੈ। ਰੱਬੀ ਹੁਕਮ,ਰੱਬੀ ਰਜ਼ਾ,ਰੱਬੀ ਪਯਾਰ, ਰੱਬੀ ਪਵਿੱਤ੍ਰਤਾ, ਰੱਬੀ ਖੇੜੇ, ਜਮਾਲ, ਜਲਾਲ ਦਾ ਆਦਰਸ਼ ਅਸਾਂ ਉਨ੍ਹਾਂ ਤੋਂ ਸਿੱਖਣਾ ਹੈ, ਉਨ੍ਹਾਂ ਵਿਚ ਵੇਖਣਾ ਤੇ ਉਨ੍ਹਾਂ ਨਾਲ 'ਪ੍ਰੀਤ–ਤਾਰ' ਪ੍ਰੋਤੇ ਰਹਿਣਾ ਹੈ ਤੇ ਐਉਂ ਸਾਂਝੀਵਾਲ ਰਹਿਣਾ ਹੈ:–

ਪਿਤਾ ਹਮਾਰੇ ਪ੍ਰਗਟੇ ਮਾਝ ।।
ਪਿਤਾ ਪੂਤ ਰਲਿ ਕੀਨੀ ਸਾਂਝ ।।
ਕਹੁ ਨਾਨਕ ਜਉ ਪਿਤਾ ਪਤੀਨੈ ।।
ਪਿਤਾ ਪੂਤ ਏਕੈ ਰੰਗਿ ਲੀਨੈ ।।

ਅਸੀਂ ਫੇਰ ਇਕ ਵੇਰ ਉਪਰਲੇ ਆਦਰਸ਼ਾਂ ਨੂੰ ਦੁਹਰਾਉਂਦੇ ਹਾਂ:–

(੧) ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ।।

ਪੁਨਾ: 'ਆਪਿ ਸਤਿ ਕੀਆ ਸਭੁ ਸਤਿ ।।'

ਰਚਨਹਾਰ ਸੱਚ ਹੈ ਤੇ ਉਸ ਦੀ ਰਚਨਾਂ ਦਰੁਸਤ ਹੈ। ਗ਼ਲਤ ਨਹੀਂ, ਕੋਈ ਭੁੱਲ ਇਸ ਜਗਤ ਦਾ ਕਾਰਨ ਨਹੀਂ, ਸਗੋਂ:–

'ਤਿਸੁ ਪ੍ਰਭ ਤੇ ਸਗਲੀ ਉਤਪਤਿ' ਹੈ ਤੇ ਜਗਤ ਦੁਖ ਰੂਪ ਨਹੀਂ, ਸੱਚੇ ਦਾ ਘਰ ਹੈ, ਦੁਖ ਹੈ– ਸੱਚੇ ਨੂੰ ਭੁੱਲ ਜਾਣਾ, ਝੂਠ ਵਿਚ ਪੈ ਜਾਣਾ।

*ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਆੜਾ ਮੇਰਾ ਸਾਜਨੜਾ ।। [ਰਾਮਕਲੀ ਮ. ੫

ਝੂਠ ਦੁਖ ਹੈ, ਝੂਠ ਦੁਖ ਦਾ ਮੂਲ ਹੈ।

(੨) ਅਸਾਂ ਦੁਖ ਦੀ ਨਿਵਿਰਤੀ ਸੰਸਾਰ ਤੋਂ ਭੱਜ ਜਾਣ ਵਿਚ ਨਹੀਂ ਵੇਖਣੀ, ਉਦਾਸੀ, ਗ਼ਮੀ, ਢਹਿ ਢੇਰੀ ਮਨ ਦੀ ਦਸ਼ਾ ਵਿਚ ਨਹੀਂ ਤੱਕਣੀ, ਦੁਖ ਦੀ ਨਿਵਿਰਤੀ ਕਰਤਾਰ ਨੂੰ ਯਾਦ ਰੱਖਣ ਵਿਚ ਹੈ।

'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥'

(੩) ਸਾਈਂ ਯਾਦ ਰੱਖ ਕੇ ਅਸਾਂ ਹੁਕਮ ਵਿਚ ਟੁਰਨਾ ਹੈ:—

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥' 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥'

ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥

(੪) ਤੇ ਹੁਕਮ ਮੰਨਣ ਵਿਚ ਔਕੜਾਂ ਵੇਲੇ ਆਦਰਸ਼ ਆਪਣੇ ਕਲਗ਼ੀਧਰ ਜੀ ਦਾ ਰੱਖਣਾ ਹੈ ਤੇ ਉਨ੍ਹਾਂ ਨਾਲ 'ਪ੍ਰੀਤ-ਤਾਰ' ਨਾਲ ਪ੍ਰੋਤੇ ਨਿਜ ਦਾ ਰਿਸ਼ਤਾ ਕਾਇਮ ਰੱਖਣਾ ਹੈ—

ਫੁਨਿ ਗੁਰੂ ਜਲ ਬਿਮਲ ਅਥਾਹ ਮਜਨ ਕਰਹੁ ॥ਸ੍ਵੈ:

ਹਾਂ ਜੀ, ਗੁਰੂ ਨਾਨਕ ਗੋਬਿੰਦ ਸਿੰਘ ਸਾਡਾ ਸਦਾ ਜਾਗਦਾ ਗੁਰੂ ਟੁਰ ਨਹੀਂ ਗਿਆ, ਸਦਾ ਸਾਡੇ ਨਾਲ ਹੈ, ਘੋਖ ਕੇ ਪੜ੍ਹੋ:—

'ਸਿਰ ਊਪਰਿ ਠਾਢਾ ਗੁਰੁ ਸੂਰਾ ॥
ਨਾਨਕ ਤਾਕੈ ਕਾਰਜ ਪੂਰਾ ॥'

(੫) ਇਹ ਕੁਛ ਕਰਦੇ ਹੋਏ ਅਸਾਂ ਭਾਈਚਾਰੇ ਵਿਚ ਰਹਿਣਾ ਹੈ, ਪਰ ਸਤਿਸੰਗ ਵਿਚ ਵੱਸਣਾ ਹੈ ਤੇ ਸਦਾ ਮੰਗਣਾ ਹੈ:—

'ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥
ਸਰਬ ਸੂਖ ਨਾਨਕ ਪਰਗਾਸ ॥'

—o—

ਸੂਚਨਾ—ਹੇਠ ਲਿਖੀ ਬਾਤ ਚੀਤ ਸ੍ਰੀ ਕਲਗ਼ੀਧਰ ਜੀ ਦੇ ਆਦਰਸ਼ਾਂ ਨੂੰ ਕੁਛ ਸਮਝਣ ਦੇ ਯਤਨ ਵਿਚ ਲਿਖੀ ਗਈ ਸੀ:—

੯੮. ਕਲਗ਼ੀਆਂ ਵਾਲੇ ਦੇ ਆਦਰਸ਼ !

ਪ੍ਰੀਤਮ ਆਦਰਸ਼* !!

ਇਕ ਸੂਫੀ ਫਕੀਰ ਰੇਲ ਵਿਚ ਸਫਰ ਕਰ ਰਹੇ ਸਨ। ਇਕ ਵੱਡੇ ਸਟੇਸ਼ਨ ਤੇ ਗੱਡੀ ਜੁ ਠਹਿਰੀ ਤਾਂ ਇਕ ਚਿੱਟੇ ਬਸਤਰਾਂ ਵਾਲੇ ਗੰਭੀਰ ਸੱਜਣ, ਜੋ ਸਿੰਘ ਮਲੂਮ ਹੁੰਦੇ ਹਨ, ਉਸ ਕਮਰੇ ਵਿਚ ਆ ਚੜ੍ਹੇ। ਸ਼ਕਲ ਸੂਰਤ ਨੂਰਾਨੀ ਵੇਖਕੇ ਸੂਫੀ ਜੀ ਨੇ ਸਿੰਘ ਹੁਰਾਂ ਨੂੰ ਬੜੇ ਆਦਰ ਨਾਲ ਆਪਣੇ ਸਾਮ੍ਹਣੇ ਬਾਰੀ ਦੇ ਲਾਗ ਬਿਠਾ ਲਿਆ, ਸੁਖਸਾਂਦ ਪੁੱਛੀ ਤੇ ਚੰਗਾ ਸਤਿਕਾਰ ਦਿੱਤਾ। ਇੰਨੇ ਨੂੰ ਇਕ ਦੋ ਹੋਰ ਮੁਸਾਫਰ ਆ ਬੈਠੇ ਤੇ ਰੇਲ ਟੁਰ ਪਈ। ਇਸ ਤੋਂ ਅੱਗੇ ਜੋ ਸਟੇਸ਼ਨ ਆਇਆ ਸੋ ਜੰਕਸ਼ਨ ਸੀ ਤੇ ਰੇਲ ਨੇ ਏਥੇ ਕੋਈ ਘੰਟਾ ਖੜੋਨਾ ਸੀ, ਕਿਉਂ ਕਿ ਸਾਹਮਣਿਓਂ ਆਉਣ ਵਾਲੀ ਗੱਡੀ ਦੇਰੀ ਨਾਲ ਆ ਰਹੀ ਸੀ, ਇਸ ਕਰਕੇ ਇਸ ਨੂੰ ਹੋਰ ਬੀ ਅਟਕਣਾ ਪੈ ਗਿਆ।

ਇਸ ਵੇਲੇ ਤੱਕ ਸੂਫੀ ਤੇ ਸਿੰਘ ਜੀ ਦੀਆਂ ਕੁਛ ਕੁਛ ਗੱਲਾਂ ਬਾਤਾਂ ਛਿੜ ਪਈਆਂ ਸਨ। ਦੋਵੇਂ ਧਿਰਾਂ ਵਿਦਵਾਨ ਸਨ ਤੇ ਮਹਾਂ ਪੁਰਖਾਂ ਦੇ ਸਤਿਕਾਰ ਕਰਨ ਵਾਲੀਆਂ ਸਨ, ਇਸ ਕਰਕੇ ਆਪੋ ਵਿਚ ਚੰਗੇ ਪਿਆਰ ਨਾਲ ਖਿਆਲਾਂ ਦਾ ਵਟਾਂਦਰਾ ਹੋਣ ਲੱਗ ਪਿਆ ਏਥੋਂ ਤਾਈਂ ਕਿ ਕੇਸਾਂ ਦੇ ਬਾਰੇ ਗੱਲ ਛਿੜ ਪਈ। ਤਦ ਸੂਫੀ ਜੀ ਨੇ ਕਿਹਾ ਕਿ ਅਸੀਂ ਲੋਕ ਆਪ ਦੇ ਸਿਰ ਤੇ ਕੇਸ ਵੇਖ ਕੇ ਖੁਸ਼ ਹੁੰਦੇ ਹਾਂ, ਸਾਡੇ ਮਜ਼੍ਹਬ ਵਿਚ ਕੇਸ ਚੰਗੇ ਮੰਨੇ ਹਨ, ਕੇਸ ਰਖਣੇ 'ਸੁੱਨਤ' ਹੈ, ਅਰਥਾਤ ਕੇਸ ਰੱਖਣੇ ਭਲਿਆਈ ਦਾ ਕੰਮ ਹੈ। ਸਾਡੇ ਹਜ਼ਰਤ ਮੁਹੰਮਦ ਸਾਹਿਬ ਆਪ ਕੇਸਾਂ ਵਾਲੇ ਸਨ ਅਰ ਸਾਰੇ ਰੱਬੀ ਪਹੁੰਚ ਵਾਲੇ ਫਕੀਰ ਲਗਪਗ ਕੇਸਾਂ ਵਾਲੇ ਹੁੰਦੇ ਹਨ, ਤੇ ਦੁਨੀਆਂ ਦੇ ਹਰ ਰੂਹਾਨੀ ਤਾਕਤ ਵਾਲੇ ਨੇ ਕੇਸ ਰੱਖੇ ਹਨ।

ਸਿੰਘ ਜੀ ਨੇ ਦੱਸਿਆ ਕਿ ਏਹ ਦਿਮਾਗ਼ ਦੇ ਉੱਤੇ ਆਤਮਕ ਤਾਕਤ ਅਰ ਸ੍ਰੀਰਕ ਅੰਦਰਲੀਆਂ ਦਾਮਨਿਕ ਸ਼ਕਤੀਆਂ ਦੀ ਰਖਜਾ ਕਰਦੇ ਹਨ। ਸਿਰ

*ਇਹ ਪ੍ਰਸੰਗ ਟ੍ਰੈਕਟ ਦੀ ਸੁਰਤ ਵਿਚ ਸੰ: ਗੁ: ਨਾ: ੪੪੭ (੧੯੧੬ ਈ:) ਦੇ ਗੁਰਪੁਰਬ ਸਪਤਮੀ ਸਮੇਂ ਪ੍ਰਕਾਸ਼ਤ ਹੋਇਆ ਸੀ।

ਇਨ੍ਹਾਂ ਤਾਕਤਾਂ ਦਾ ਜਨਕ ਹੈ। ਰਸੀਏ ਤੇ ਅਭਯਾਸੀ ਇਨ੍ਹਾਂ ਭੇਤਾਂ ਨੂੰ ਜਾਣਦੇ ਹਨ।

ਏਥੋਂ ਗੱਲ ਟੁਰਦੀ ਟੁਰਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਿਕਰ ਸ਼ੁਰੂ ਹੋ ਪਏ। ਸੂਫੀ ਜੀ ਬੋਲੇ:—

ਸਿੰਘ ਜੀ! ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਸਾਹਿਬ ਕਮ਼ਾਲ' ਸਨ, ਇਸ ਵਿਚ ਕਲਾਮ (ਸੰਸਾ) ਨਹੀਂ। ਅਸੀਂ ਲੋਕ ਬਜ਼ੁਰਗਾਂ ਦੀ ਇੱਜ਼ਤ ਕਰਨ ਵਾਲੇ ਹਾਂ, ਨਿੰਦਾ ਕਰਨ ਵਾਲੇ ਨਹੀਂ, ਪਰ ਮੈਂ ਬੜੇ ਅਦਬ ਨਾਲ ਪੁੱਛਦਾ ਹਾਂ ਕਿ ਉਨ੍ਹਾਂ ਨੇ ਰਬ ਪਿਆਰੇ ਤੇ ਰੱਬ ਦੇ ਘੱਲੇ ਹੋਏ ਹੋਕੇ ਸ਼ਸਤ੍ਰ ਕਿਉਂ ਫੜੇ?

ਸਿੰਘ—ਸਾਈਂ ਵਾਲਿਓ! ਤੁਸੀਂ ਇਹ ਸੰਸਾ ਕਰਦੇ ਚੰਗੇ ਨਹੀਂ ਲਗਦੇ, ਕਿਉਂਕਿ ਆਪ ਦੇ ਬਜ਼ੁਰਗ ਮੁਹੰਮਦ ਸਾਹਿਬ ਜੀ ਨੇ ਸ਼ਸਤ੍ਰ ਫੜੇ, ਜੰਗ ਕੀਤੇ। ਉਨ੍ਹਾਂ ਨੂੰ ਜਿਵੇਂ ਆਪ ਸ਼ਸਤ੍ਰਧਾਰੀ ਵੇਖਕੇ 'ਰਸੂਲ ਅੱਲਾ' ਮੰਨਣੋਂ ਸੰਸੇ ਵਿਚ ਨਹੀਂ ਪੈਂਦੇ, ਇਸੀ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਲੂ-ਹੀਅਤ (ਈਸ਼੍ਵਰੀਯ ਸੱਤਾ) ਨੂੰ ਬੀ ਸ਼ਸਤ੍ਰਾਂ ਨਾਲ ਜਿਉਂ ਕੀ ਤਿਉਂ ਤੁੱਕੋ।

ਇਸੇ ਪ੍ਰਕਾਰ ਜੇ ਤੁਸੀਂ ਹਿੰਦੂ ਸੱਜਣਾਂ ਵਲ ਆਓ ਤਾਂ ਉਨ੍ਹਾਂ ਦੇ ਦੋਵੇਂ ਮਹਾਨ ਅਵਤਾਰ 'ਰਾਮ' ਤੇ 'ਕ੍ਰਿਸ਼ਨ' ਜੀ ਸ਼ਸਤ੍ਰਧਾਰੀ ਸਨ, ਅਤੇ ਗੀਤਾ ਵਿਚ ਕ੍ਰਿਸ਼ਨ ਦੇਵ ਨੇ ਅਰਜਨ ਨੂੰ—ਜੋ ਧਰਮ ਭਾਵ ਵਿਚ ਆ ਕੇ ਸ਼ਸਤ੍ਰਾਂ ਤੋਂ ਕਾਇਰ ਹੋ ਰਿਹਾ ਸੀ—ਸ਼ਸਤ੍ਰ ਫੜਨੇ 'ਧਰਮ ਵਿਰੁੱਧ ਨਹੀਂ ਹਨ' ਸਿੱਧ ਕਰ ਦਿਤਾ ਸੀ। ਇਸੀ ਤਰ੍ਹਾਂ ਉਹਨਾਂ ਦੇ ਦੇਵਤੇ ਵਿਸ਼ਨੂੰ ਜੀ 'ਗਦਾ ਤੇ ਚੱਕ੍ਰ ਧਾਰੀ' ਹਨ, ਸ਼ਿਵ ਜੀ 'ਤ੍ਰਿਸ਼ੂਲ ਧਾਰੀ' ਹਨ, ਤੇ ਵੇਦਕ ਰਿਸ਼ੀਆਂ ਦੇ ਸਮੇਂ ਕੁਲ ਦਾ ਵਡਾ ਸ਼ਸਤ੍ਰਧਾਰੀ ਹੀ ਆਗੂ ਤੇ ਪੂਹਤ ਹੋਇਆ ਕਰਦਾ ਸੀ।

ਜੇ ਈਸਾ ਜੀ ਵੱਲ ਆਓ ਤਾਂ ਜਦੋਂ ਸਿਪਾਹੀ ਉਨ੍ਹਾਂ ਨੂੰ ਫੜਨ ਚੱਲੇ ਹਨ ਤੇ ਉਨ੍ਹਾਂ ਨੂੰ ਪਤਾ ਲੱਗਾ ਹੈ ਤਾਂ ਉਨ੍ਹਾਂ ਨੇ ਅਪਣੇ ਚੇਲਿਆਂ ਨੂੰ ਪੁਛਿਆ ਹੈ ਕਿ ਕਿਸੇ ਪਾਸ ਤਲਵਾਰ ਹੈ? ਤੇ ਉਸ ਵੇਲੇ ਇਸ ਪ੍ਰਕਾਰ ਕੁਛ ਆਖਿਆ ਹੈ ਕਿ:—

'ਜਿਸ ਦੇ ਪਾਸ ਨਾ ਹੋਵੇ ਆਪਣੇ ਕਪੜੇ
ਵੇਚਕੇ ਤਲਵਾਰ ਖਰੀਦੇ* ॥'

*ਲੂਕਾ, ਬਾਬ ੨੨ ਆਇਤ ੩੬।

ਬੁੱਧ ਜੀ ਆਖਦੇ ਹਨ:—ਨਿਆਂ ਵਾਸਤੇ, ਜ਼ੁਲਮ ਰੋਕਣ ਵਾਸਤੇ ਦੰਡ ਦੇਣਾ ਪਾਪ ਨਹੀਂ। ਸੋ ਸੱਜਣ ਜੀ! ਹਿੰਦੂ, ਮੁਸਲਮਾਨ ਤੇ ਈਸਾਈ ਤਾਂ ਆਪਣੇ ਵਡਿਆਂ ਵਲ ਵੇਖ ਕੇ ਹੀ ਸ੍ਰੀ ਗੁਰੂ ਜੀ ਦੇ ਸ਼ਸਤ੍ਰਧਾਰੀ ਹੋਣ ਪਰ ਕਿੰਤੂ ਨਹੀਂ ਕਰ ਸਕਦੇ।

ਗਲ ਬਾਤ ਹੁਣ ਸੁਆਦਲੀ ਹੁੰਦੀ ਜਾਂਦੀ ਸੀ। ਇਕ ਨਵੇਂ ਪੜ੍ਹੇ ਬਾਬੂ ਜੀ ਪਾਸ ਬੈਠੇ ਸਨ, ਸੁਣਕੇ ਆਖਣ ਲੱਗੇ ਕਿ ਮੈਂ ਇਨ੍ਹਾਂ ਮਜ਼ਬਾਂ ਦੀ ਕੈਦ ਤੋਂ ਬਾਹਰ ਹੋਕੇ ਪੁਛਦਾ ਹਾਂ ਕਿ ਉਨ੍ਹਾਂ ਨੇ ਦਇਆ ਬ੍ਰਿਤੀ ਦੇ ਨਾਲ ਸ਼ਸਤ੍ਰ ਕਿਉਂ ਫੜੇ?

ਸਿੰਘ—ਸੱਜਣ ਜੀ! ਮੈਂ ਵਿਦਯਾ ਵਿਚ ਨਿਮਾਣਾ ਹਾਂ ਤੇ ਚਰਚਾ ਦੀ ਮੈਨੂੰ ਜਾਚ ਨਹੀਂ, ਜੇ ਆਪ ਨੂੰ ਹਾਰ ਜਿੱਤ ਦਾ ਸੰਕਲਪ ਹੈ ਤਾਂ ਮੈਂ ਹਾਰਿਆ, ਜੋ ਆਪ ਅਸਲੀਅਤ—ਸੱਚ—ਨੂੰ ਅਪਣੇ ਆਤਮਾਂ ਦੇ ਸੁਖ ਲਈ ਮਲੂਮ ਕਰਨਾ ਚਾਹੁੰਦੇ ਹੋ ਤਾਂ ਜੋ ਮੇਰੇ ਆਤਮਾ ਵਿਚ 'ਸੁਖ' ਹੈ ਉਸ ਦਾ ਕੁਛ ਵਿਸਥਾਰ ਕਰ ਸੁਣਾਉਂਦਾ ਹਾਂ।

ਬਾਬੂ—ਸਿੰਘ ਜੀ! ਮੈਂ ਕਲਗੀਧਰ ਜੀ ਦਾ ਮੱਦਾਹ [ਮਹਿੰਮਾ ਕਰਨ ਵਾਲਾ] ਹਾਂ, ਪਰ ਕਿਸੇ ਹੋਰ ਨੁਕਤੇ ਤੋਂ। ਉਨ੍ਹਾਂ ਨੇ ਸਾਡੇ ਦੇਸ਼ ਦੀ, ਧਰਮ ਦੀ, ਸਾਡੀ ਬਹੂ-ਬੇਟੀਆਂ ਦੀ ਰੱਖਜਾ ਕੀਤੀ, ਉਹਨਾਂ ਨੇ ਸਰਵੰਸ ਵਾਰਿਆ, ਆਪਾ ਵਾਰਿਆ, ਸਾਨੂੰ ਸੁਖ ਦਿਤਾ, ਉਨ੍ਹਾਂ ਦੀ ਨਜ਼ੀਰ ਜਗਤ ਵਿਚ ਓਹ ਆਪ ਹਨ, ਪਰ ਮੇਰਾ ਨੁਕਤਾ ਖਿਆਲ ਹੋਰ ਹੈ। ਮੈਂ ਅਪਣੇ ਨਿਰਣੇ ਕਰਨ ਲਈ ਤੇ ਸੱਚ ਦੀ ਪ੍ਰਾਪਤੀ ਲਈ ਪੁੱਛਦਾ ਹਾਂ ਕਿ 'ਪੈਗ਼ੰਬਰਾਂ, ਅਵਤਾਰਾਂ' ਤੋਂ ਵਧੀਕ ਧਰਮੀ ਹੋਕੇ ਉਨ੍ਹਾਂ ਨੇ ਧਰਮ ਦੇ ਨਾਲ ਤਲਵਾਰ ਕੀਕੂੰ ਠੀਕ ਜਾਤੀ?

ਸਿੰਘ—ਆਪ ਨੂੰ ਪਤਾ ਹੈ ਕਿ ਹਿੰਦੁਸਤਾਨ ਦੇ ਸਾਰੇ ਧਰਮਾਂ ਦਾ ਇਹ ਨਿਚੋੜ ਹੈ ਕਿ ਧਰਮ ਦੀ ਪ੍ਰਾਪਤੀ ਵਾਸਤੇ ਘਰ ਬਾਰ ਛੱਡ ਕੇ ਜੰਗਲ ਵਿਚ ਏਕਾਂਤ ਹੋਕੇ ਅਭਯਾਸ ਕਰਨਾ ਹੀ ਰਸਤਾ ਹੈ। ਚਾਹੇ ਜਦੋਂ ਵੈਰਾਗ ਹੋ ਜਾਏ ਟੁਰ ਪਵੇ ਤੇ ਚਾਹੇ ਉਮਰਾ ਦੇ ਪਿਛਲੇ ਪਹਿਰੇ। ਬੁੱਧ, ਜੈਨ, ਸੰਨਯਾਸ, ਵੈਸ਼ਨਵ, ਸ਼ੈਵ, ਹਰ ਮਤ ਦਾ ਰਤਾ ਰਤਾ ਫਰਕ ਹੈ, ਪਰ ਲਗ ਪਗ ਹਰੇਕ ਵਿਚ ਤਯਾਗ ਦਾ ਉਪਦੇਸ਼ ਹੈ।

ਪਰੰਤੂ ਗੁਰੂ ਜੀ ਨੇ ਗ੍ਰਿਹਸਤ ਵਿਚ ਰਹਿਣਾ ਤੇ

ਫੇਰ ਮੁਕਤੀ ਨੂੰ ਪ੍ਰਾਪਤ ਕਰ ਲੈਣਾ ਸਿਖਾਇਆ। ਹੁਣ ਗ੍ਰਿਹਸਤੀ ਇਕ ਕਮਾਮ ਤਾਂ ਨਹੀਂ ਨਾ ਕਰਦਾ, ਜ਼ਿਮੀਂਦਾਰ, ਵਪਾਰੀ, ਕਾਰੀਗਰ, ਨੌਕਰ ਸੱਭੇ ਗ੍ਰਿਹਸਤੀ ਹਨ। ਏਹ ਸਾਰੇ ਤਾਂ ਗ੍ਰਿਹਸਤ ਵਿਚ ਮੁਕਤ ਹੋ ਸਕਦੇ ਹਨ, ਪਰ ਸਿਪਾਹੀ ਵੀ ਤਾਂ ਗ੍ਰਿਹਸਤੀ ਹੈ, ਜੇ ਸਿਪਾਹੀ ਗੁਰ ਨਾਨਕ ਦੇ ਤ੍ਰੀਕੇ ਵਿਚ ਰੱਬ ਨੂੰ ਨਹੀਂ ਪਾ ਸਕਦਾ ਤਾਂ ਧਰਮ ਦਾ ਤ੍ਰੀਕਾ ਅਧੂਰਾ ਰਹਿ ਗਿਆ। ਇਸ ਕਰਕੇ ਗੁਰੂ ਜੀ ਨੇ ਸਿਪਾਹੀ ਹੋਕੇ ਬੀ ਰੱਬੀ ਰੰਗ ਵਿਚ ਰਹਿਣਾ ਦੱਸ ਦਿੱਤਾ। ਤੁਸੀ ਵੇਖ ਲਓ ਸਿਖਾਂ ਵਿਚ ਛੀਂਬੇ, ਜੁਲਾਹੇ, ਮੋਚੀ, ਤਰਖਾਣ, ਲੁਹਾਰ, ਰਾਜ, ਮਿਸਤ੍ਰੀ, ਕਿਰਤੀ, ਮਜ਼ਦੂਰ, ਕਾਰੀਗਰ, ਵਪਾਰੀ, ਨੌਕਰ, ਸਿਪਾਹੀ, ਰਾਜ, ਹਰ ਤਬਕੇ, ਹਰ ਪੇਸ਼ੇ ਅਰ ਕਮਾਮ ਦੇ ਲੋਕ ਹਨ, ਤੇ ਦੋ ਢਾਈ ਸੌ ਬਰਸ ਕੁੱਲ ਗੁਰੂ ਗੋਬਿੰਦ ਸਿੰਘ ਜੀ ਨੂੰ ਬੀਤਿਆ ਹੈ, ਤੇ ਉਨ੍ਹਾਂ ਦੀ ਉੱਮਤ ਵਿਚ ਸਾਰੇ ਕਮਾਮਾਂ ਦੇ ਲੋਕ ਹਨ, ਜਿਸ ਕਰ ਕੇ ਇਸ ਨਿੱਕੀ ਜਿਹੀ ਗੋਣਤੀ ਨੂੰ ਲੋਕ ਕੌਮ ਤਸਲੀਮ ਕਰਦੇ ਹਨ, ਤੇ ਇਹ ਸਾਰੇ ਕਿਰਤ ਕਰਦੇ ਹਨ, ਗ੍ਰਿਹਸਤੀ ਹਨ ਤੇ ਫੇਰ ਮੁਕਤੀ ਦਾ ਮਾਰਗ ਇਨ੍ਹਾਂ ਦਾ ਮੁੱਖ ਪ੍ਰਯੋਜਨ ਹੈ।

ਬਾਬੂ—ਪਰ ਜੇ ਉਹ ਸ਼ਸਤ੍ਰ ਨਾ ਫੜਦੇ ਤਾਂ ਕੀ ਹਰਜ ਸੀ ?

ਸਿੰਘ—ਇਹ ਆਪ ਮੰਨਦੇ ਹੋ, ਕਿ ਸਮੇਂ ਦੀ ਲੋੜ ਸੀ, ਦੇਸ਼ ਬਿਪਤਾ ਵਿਚ ਸੀ, ਔਰੰਗਜ਼ੇਬ ਤੇ ਉਸ ਦੇ ਹਾਕਮਾਂ ਨੇ ਧਰਮ ਦੀ ਆਜ਼ਾਦੀ ਵਿਚ ਦਖਲ ਦਿਤਾ ਸੀ; ਮੰਦਰ ਢਾਹੁਣੇ, ਮੱਲੋ ਮੱਲੀ ਧਰਮ ਬਦਲਨੇ, ਇਹ ਵਤੀਰਾ ਰਾਜ ਨੇ ਧਾਰ ਲਿਆ ਸੀ। ਧਰਮ ਦੀ ਆਜ਼ਾਦੀ ਇਨਸਾਨ ਦਾ ਹੱਕ ਹੈ। ਇਸ ਨੂੰ ਬਚਾਉਣ ਲਈ, ਅਤੇ ਮਜ਼ਲੂਮਾਂ ਦੀ ਰਖਜਾ ਲਈ ਸ਼ਸਤ੍ਰ ਫੜੇ। ਪਰਜਾ ਦੁਖੀ ਸੀ, ਨਿੱਕੇ ਹਾਕਮ ਤੇ ਅਜਾਰੇਦਾਰ ਪਰਜਾ ਨੂੰ ਦੁੱਖ ਦੇਂਦੇ ਸਨ; ਉਨ੍ਹਾਂ ਦੀ ਰਖਜਾ ਕਰਨੀ ਸੀ, ਇਸ ਲਈ ਧਰਮ ਜੁੱਧ ਕੀਤਾ, ਅਪਣੇ ਲੋਭ ਲਾਲਚ, ਰਾਜ ਭਾਗ ਪਿੱਛੇ ਨਹੀਂ। ਸੋ ਉਨ੍ਹਾਂ ਦਾ ਸ਼ਸਤ੍ਰ ਫੜਨਾ ਇਖ਼ਲਾਕੀ ਤੇ ਧਾਰਮਿਕ ਆਜ਼ਾਦੀ ਨੂੰ ਕਾਇਮ ਰੱਖਣ ਤੇ ਪਰਜਾ ਨੂੰ ਸੁਖੀ ਕਰਨ ਵਾਸਤੇ ਸੀ, ਨਾਕਿ ਅਪਣੇ ਲਈ ਕੁਛ ਪ੍ਰਾਪਤ ਕਰਨ ਵਾਸਤੇ ਸੀ।

ਇਕ ਨੁੱਕਰੇ ਇਕ ਹੋਰ ਪਤਲੇ ਜਿਹੇ ਦੋ ਟੁਕੇ ਸ਼ੀਸ਼ੇ ਦੀ ਐਨਕ ਵਾਲੇ ਪੱਛਮੀ ਵਿਦਜਾ ਦੇ ਪਾਠੀ ਸੱਜਣ ਬੈਠੇ ਸਨ। ਆਖਣ ਲਗੇ—'ਚੁਪ ਕਰ ਰਹਿੰਦੇ, ਸਾਰੇ ਲੋਕੀਂ ਝੱਲਦੇ ਜਾਂਦੇ, ਜ਼ਾਲਮ ਆਪੇ ਚੁਪ ਕਰ ਜਾਂਦਾ ਅੰਤ ਜ਼ੁਲਮ ਆਪ ਡੁੱਬਦਾ ਹੈ, ਸਹਿਣ ਵਾਲਾ ਅਸੂਲ ਤੇ ਖੜਾ ਰਹੇ, ਜਾਨ ਦੇ ਦੇਵੇ, ਪਰ ਅੱਗੋਂ ਹੱਥ ਨਾ ਚੁੱਕੇ।'

ਸਿੰਘ—ਤੁਹਾਡਾ ਮਤਲਬ ਹੈ ਕਿ ਅਸੂਲ ਤੇ ਕੁਰਬਾਨ ਹੁੰਦਾ ਜਾਵੇ, ਕਾਇਰ ਹੋਕੇ ਤਨ ਰਖਜਾ ਦੀ ਖਾਤਰ ਅਸੂਲ ਨਾ ਛੱਡੇ ਪਰ ਮੁਕਾਬਲਾ ਬੀ ਨਾ ਕਰੇ।

ਐਨਕ ਵਾਲਾ—ਜੀ ਹਾਂ।

ਸਿੰਘ ਜੀ—ਠੀਕ ਹੈ ਤੇ ਬਹੁ ਠੀਕ ਹੈ, ਇਹ ਤ੍ਰੀਕਾ ਰੱਦਣ ਵਾਲਾ ਨਹੀਂ, ਸਤਿਕਾਰ ਯੋਗ ਹੈ। ਪਰ ਕੀ ਤੁਸੀਂ ਮੰਨਦੇ ਹੋ ਕਿ ਸਾਨੂੰ ਦਰਦਵੰਦਾਂ ਦੁਖੀਆਂ ਦੀ ਰਖਜਾ ਕਰਨੀ ਚਾਹੀਏ ?

ਐਨਕ ਵਾਲਾ—ਜੀ ਹਾਂ।

ਸਿੰਘ ਜੀ—ਇਕ ਗ਼ਰੀਬ ਆਦਮੀ ਨੂੰ ਤਲਵਾਰ ਵਾਲਾ ਸਤਾ ਰਿਹਾ ਹੈ ਕਿ ਮੇਰਾ ਦੀਨ ਕਬੂਲ ਕਰ, ਉਹ ਕਹਿੰਦਾ ਹੈ ਮਰ ਜਾਸਾਂ, ਪਰ ਮੰਨਸਾਂ ਨਹੀਂ। ਇਕ ਹੋਰ ਸ਼ੇਰ ਦਿਲ ਕੋਲੋਂ ਲੰਘਦਾ ਹੈ, ਉਹ ਤਲਵਾਰਵਾਲੇਨੂੰ ਕਹਿੰਦਾ ਹੈਭਈ ਤੇਰਾ ਕੋਈ ਹੱਕ ਨਹੀਂ ਕਿ ਜਬਰਨ ਦੀਨ ਮਨਵਾਵੇਂ, ਇਹ ਰੱਬੀ ਸੁਤੰਤ੍ਰਤਾ ਹੈ, ਤੂੰ ਜ਼ੁਲਮ ਨਾ ਕਰ। ਅਗੋਂ ਉਹ ਆਖਦਾ ਹੈ, ਮੈਂ ਕਰਸਾਂ। ਫੇਰ ਸ਼ੇਰ ਦਿਲ ਆਖਦਾ ਹੈ, ਮੈਂ ਇਹ ਅੰਨਜਾਇ ਨਹੀਂ ਹੋਣ ਦੇਣਾ। ਇਸ ਵੇਲੇ ਜੇ ਸ਼ੇਰ ਦਿਲ ਚੁੱਪ ਕਰ ਰਹੇ ਤਾਂ ਜ਼ਾਲਮ ਦੋਹਾਂ ਨੂੰ ਮਾਰੇਗਾ, ਜੇ ਜ਼ਾਲਮ ਦੇ ਉਸ ਹਥ ਨੂੰ—ਜੋ ਗ਼ਰੀਬਾਂ ਨੂੰ ਮਾਰਨ ਲੱਗਾ ਹੈ—ਸ਼ੇਰ ਦਿਲ ਫੜ ਲਏ ਤਾਂ ਜ਼ਾਲਮ ਇਸ ਨੂੰ ਮਾਰੇਗਾ। ਹੁਣ ਸ਼ੇਰ ਦਿਲ ਅਗੋਂ ਮੁਕਾਬਲਾ ਨਾ ਕਰੇ ਤਾਂ ਆਪ ਬੀ ਮਰੇਗਾ ਤੇ ਜਿਸ ਦੀ ਰਾਖੀ ਕਰਨ ਲਗਾ ਸੀ ਉਹ ਬੀ ਮਰੇਗਾ, ਤਾਂ ਉਸ ਦੀ ਰਖਜਾ ਕਰਨ ਦੀ ਨੇਕੀ ਦਾ ਉੱਦਮ ਕਿਸੇ ਕੰਮ ਨਾ ਆਇਆ ਤੇ ਜੇ ਅਗੋਂ ਮੁਕਾਬਲਾ ਕਰਦਾ ਹੈ ਤਾਂ ਉਹ ਜ਼ਾਲਮ ਦੇ ਜ਼ੁਲਮ ਨੂੰ ਰੋਕ ਬੀ ਸਕੇਗਾ ਤੇ ਦੀਨ ਰਖਜਾ ਬੀ ਕਰ ਸਕੇਗਾ। ਸੋ ਸ਼ੇਰ ਦਿਲ ਦਾ ਇਹ ਜਤਨ ਸੁਤੇ ਸਿਧ ਹੋ ਪੈਂਦਾ ਹੈ ਅਰ ਇਹ

ਅਵਸ਼ਕ ਜਤਨ ਹੈ, ਜੋ ਜੰਗ ਦੀ ਸ਼ਕਲ ਧਾਰਦਾ ਹੈ।

ਮੋਟੀ ਮਸਾਲ ਲੈ ਲਓ:—ਜੇ ਬਘਿਆੜ ਭੇਡਾਂ ਦੇ ਅੱਯੜ ਵਿਚ ਆ ਵੜੇ ਤਾਂ ਕੀ ਅਯਾਲੀ ਦੀ ਚੁੱਪ ਸਹਿਨਸ਼ੀਲਤਾ ਉਸ ਵੇਲੇ ਕੰਮ ਆਵੇਗੀ। ਕੀ ਅਯਾਲੀ ਦਾ ਧਰਮ ਅੱਯੜ ਦੀ ਰਖਯਾ ਕਰਨਾ ਤੇ ਬਘਿਆੜ ਨਾਲ ਲੜਨਾ ਨਹੀਂ ਹੈ?

ਇਸ ਪ੍ਰਕਾਰ ਦਾ ਜੰਗ ਜਦਲ ਸੀ ਜੋ ਗੁਰੂ ਜੀ ਨੂੰ ਕਰਨਾ ਪਿਆ। ਸਪਸ਼ਟ ਹੈ ਕਿ ਉਹ ਕਿਸੇ ਦੀ ਜ਼ਰ, ਜੋਰੂ, ਜ਼ਮੀਨ ਦੇ ਲੋਭ ਕਰਕੇ ਜੰਗ ਕਰਨ ਨਹੀਂ ਗਏ, ਉਨ੍ਹਾਂ ਦੇ ਵੱਡੇ ਗੁਰੂ ਅਰਜਨ ਦੇਵ ਜੀ ਨੇ ਚੁੱਪ ਕਰਕੇ ਸੀਸ ਦਿੱਤਾ, ਉਨ੍ਹਾਂ ਦੇ ਪਿਤਾ ਜੀ ਨੇ 'ਸੀ' ਨਾ ਕਰਕੇ ਸੀਸ ਦਿੱਤਾ, ਪਰ ਜ਼ਾਲਮ ਨੇ ਦੇਸ਼ ਵਿਚ ਮਜ਼ਬੀ ਆਜ਼ਾਦੀ ਨਾ ਦਿੱਤੀ, ਸਗੋਂ ਮੱਲੋ ਮੱਲੀ ਦੀਨ ਵਧਾਉਣਾ ਸ਼ੁਰੂ ਕਰ ਦਿਤਾ। ਉਧਰ ਦੇਸ਼ ਦੇਸ਼ ਤੋਂ ਸੰਤਾਂ ਤੇ ਕੌਮਾਂ ਦੇ ਆਗੂ ਤੇ ਕਵੀ ਤੇ ਵਿਦਵਾਨ ਸ਼ਰਨ ਆਉਣ ਲਗੇ ਕਿ ਰਖਯਾ ਕਰੋ। ਆਪ ਰਖਯਾ ਲਈ ਉਠੇ, ਉਸੇ ਰਖਯਾ ਵਿਚ ਇਹ ਜੰਗ ਹੋਇਆ। ਸੋ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਨੂੰ ਢਾਲ ਕਹਿਣਾ ਚਾਹੀਏ, ਕਿਉਂਕਿ ਇਹ ਜੰਗ ਜ਼ਰੂਰੀ ਨਤੀਜਾ ਸੀ ਉਨ੍ਹਾਂ ਦੇ ਉਸ ਪੈਗੰਬਰੀ ਫਰਜ਼ ਦਾ, ਜਿਸ ਦਾ ਨਾਮ ਹੈ—'ਦੀਨ ਰਖਯਾ' 'ਮਜ਼ਲੂਮਾਂ ਦੀ ਮਦਦ'। ਇਸ ਵੇਲੇ ਇਸ ਰੂਹਾਨੀ ਫਰਜ਼ ਦਾ ਪਹਿਲੂ ਇਸ ਸੂਰਤ ਵਿਚ ਆ ਰਿਹਾ ਸੀ ਕਿ ਉਸ ਦਾ ਦਾਰੂ ਸਤਿਗੁਰੂ ਦੇ ਤੇਜ ਦਾ ਪ੍ਰਕਾਸ਼ ਸੀ। ਜੰਗ ਹੋ ਪੈਣਾ ਤਾਂ ਸਮੇਂ ਦੀ ਲੋੜ ਦੀ ਇਕ ਗਲ ਹੈ।ਅਸਲ ਵਿਚ ਇਸ ਦੇਸ਼ ਦੇ ਲੋਕਾਂ ਵਿਚ ਭੈ ਨਾ ਮੰਨਣ ਦੀ ਨਿਰਭੈਤਾ ਦ੍ਰਿੜਾ ਕੇ ਇਨਸਾਨ ਨੂੰ ਸ੍ਵੈ ਸਤਿਕਾਰ ਤੇ ਸ੍ਵੈ ਰਖਯਾ ਦੀ ਸੱਤਯਾ ਵਾਲਾ ਬਣਾ ਦੇਣਾ ਇਹ ਗੁਰੂ ਜੀ ਦਾ ਯਤਨ ਸੀ, ਤਾਕਿ ਇਨਸਾਨ ਰੂਹਾਨੀ, ਇਖਲਾਕੀ ਤੇ ਜਿਸਮਾਨੀ ਤਾਕਤਾਂ ਨਾਲ ਹਰ ਪਹਿਲੂ ਤੋਂ ਮੁਕੰਮਲ ਹੋਵੇ।

ਸੂਫੀ—ਬਹੁਤ ਖ਼ੂਬ।

ਬਾਬੂ—ਸਿੰਘ ਜੀ! ਮੈਨੂੰ ਸਮਝ ਨਹੀਂ ਆਉਂਦੀ ਕਿ ਦਇਆ, ਉਪਕਾਰ, ਪਰਾਇਆ ਭਲਾ ਕਰਨ ਵਾਲੇ ਤੇ ਮਿਹਰ ਦੇ ਚਸ਼ਮੇ ਅਵਤਾਰਾਂ ਵਿਚ ਤਲਵਾਰ ਫੜਕੇ ਮਾਰਨਾ, ਵੱਢਣਾ ਕੁਦਇਆ ਦੇ ਗੁਣ ਕੀਕੂੰ ਆ ਜਾਂਦੇ ਹਨ?

ਸਿੰਘ ਜੀ—ਸੱਜਣ ਜੀ! ਅਸੀਂ ਮੂਰਤ ਦਾ ਇਕ ਪਾਸਾ ਤੱਕ ਰਹੇ ਹਾਂ। ਮੇਰੀ ਜਾਚੇ ਤੁਹਾਨੂੰ ਬੁਲਬੁਲ ਦੀ ਆਵਾਜ਼ ਚੰਗੀ ਲਗਦੀ ਹੈ, ਪਰ ਉਕਾਬ ਦੀ ਸੱਦ ਬਦਸੂਰਤ ਦਿੱਸਦੀ ਹੈ। ਤੋਤੇ ਦੀ ਮੂਰਤ ਤੁਸਾਂ ਨੂੰ ਖੂਬਸੂਰਤੀ ਲਗਦੀ ਹੈ, ਪਰ ਚਿੱਤ੍ਰੇ ਦੀ ਮੂਰਤ ਬਦਸੂਰਤੀ। ਮਾਫ ਕਰਨਾ ਆਪ ਦਾ ਖਿਆਲ ਯਥਾਰਥ ਨਹੀਂ। ਜੀਕੂੰ ਗਵੱਯੇ ਦੀ ਸੁਰ ਸੁਹਣੀ ਹੈ, ਇਕੁਰ ਹੀ ਬਿਜਲੀਦੀ ਕੜਕ ਸੁੰਦਰ ਹੈ, ਪਰ ਅਸੀਂ ਅਜੇ ਉੱਨੇ ਉੱਚੇ ਨਹੀਂ ਹੋਏ ਕਿ ਉਸ ਸੁੰਦਰਤਾ ਦਾ ਰਸ ਲੈ ਸਕੀਏ। ਗੁੱਯੇ ਦਾ ਗੌਣ ਸੁਣਨ ਲਗੇ ਸਾਨੂੰ ਡਰ ਨਹੀਂ ਆਉਂਦਾ, ਸੋ ਇਸ ਦੇ ਸੁਆਦ ਨੂੰ ਅਸੀਂ ਮਾਣ ਸਕਦੇ ਹਾਂ, ਪਰ ਬਿਜਲੀ ਦੀ ਕੜਕ ਵੇਲੇ ਸਾਨੂੰ ਸੁਆਦ ਨਹੀਂ ਆਉਂਦਾ ਕਿਉਂਕਿ ਪਹਿਲਾਂ ਸਾਨੂੰ ਭੈ ਪੈ ਜਾਂਦਾ ਹੈ ਕਿ 'ਮਤਾਂ ਸਾਨੂੰ ਮਾਰ ਨਾ ਲਵੇ', ਉਹ ਭੈ ਬਿਜਲੀ ਦੀ ਸੁੰਦਰਤਾ ਦਾ ਸੁਆਦ ਨਹੀਂ ਲੈਣ ਦੇਂਦਾ। ਜੇ ਬਿਜਲੀ ਦੀ ਕੜਕ ਵੇਲੇ ਮਨ ਨਿਰਭੈ ਹੋਵੇ, ਤਦ ਤੁਹਾਨੂੰ ਉਸਦੇ ਚਮਕਾਰੇ ਤੇ ਕੜਕ ਵਿਚ ਬੀ ਸੁਆਦ ਆਵੇ। ਚੰਦ੍ਰਮਾਂ ਸੁਹਣਾ ਹੈ ਸਾਰੇ ਕਹਿੰਦੇ ਹਨ, ਸੂਰਜ ਉਸ ਤੋਂ ਵਧੀਕ ਸੁਹਣਾ ਹੈ ਪਰ ਕੋਈ ਆਖਦਾ ਨਹੀਂ। ਚੰਦ ਦਾ ਸੁਹਜ ਮਿੱਠਾ ਹੈ, ਸੂਰਜ ਦਾ ਸੁਹਜ ਤੇਜ ਵਾਲਾ ਹੈ। ਅਸੀਂ ਆਪਣੇ ਭਾਈਚਾਰੇ, ਸ਼ਹਿਰਾਂ ਪਿੰਡਾਂ ਵਿਚ ਬੰਦਰਹਿੰਦੇ ਹਾਂ, ਡਰ, ਭੈ, ਲੋਕਾਂ ਦੇ ਦਬਾਉ ਕਰਕੇ ਨਿਤਾਣੇ ਹੋ ਰਹੇ ਹਾਂ, ਸਾਡੇ ਮਨ ਨਿਰਾ ਮਿੱਠੇ ਸੁਹਜ ਨੂੰ ਨਿਤਾਣੀ ਜਿਹੀ ਹਾਲਤ ਵਿਚ ਪਿਆਰ ਕਰਦੇ ਹਨ, ਤੇਜ ਵਾਲੇ ਸੁਹਜ ਤੋਂ ਡਰਦੇ ਹਨ, ਡਰ ਕਰਕੇ ਉਸ ਨੂੰ ਕੋਝਾ ਕਹਿੰਦੇ ਹਨ। ਇਹ ਨਹੀਂ ਕਹਿੰਦੇ ਕਿ ਅਸੀਂ ਭੈ ਵਿਚ ਹਾਂ। ਹਾਂ, ਸਾਡੇ ਮਨ ਤੇਜ ਵਾਲੇ ਸੁਹਜ ਦਾ ਕਦਰ ਨਹੀਂ ਪਾ ਸਕਦੇ, ਸਗੋਂ ਇਸ ਸੁਹਣੀ ਸ਼ੈ ਨੂੰ ਕਹਿੰਦੇ ਹਨ ਕੋਝੀ ਹੈ।

ਤੁਸੀਂ ਦਾਨੇ ਹੋ ਵਿਚਾਰ ਲਓ:—ਖੂਬਸੂਰਤੀ (ਸੁੰਦਰਤਾ) ਦੋ ਪ੍ਰਕਾਰ ਦੀ ਹੈ—ਇਕ ਮਿੱਠੀ, ਦੂਜੀ ਤੇਜ ਵਾਲੀ। ਇਨ੍ਹਾਂ ਦੋਹਾਂ ਨੂੰ 'ਜਮਾਲ' ਤੇ 'ਜਲਾਲ' ਬੀ ਆਖ ਸਕੀਦਾ ਹੈ। ਰੱਬ ਦੇ ਘੱਲੇ ਮਹਾਂ ਪੁਰਖਾਂ ਵਿਚ ਜਮਾਲ (ਮਿੱਠੀ ਸੁੰਦਰਤਾ) ਅਤਿ ਦਰਜੇ ਦੀ ਵਸਦੀ ਹੈ, ਪਰ ਉਨ੍ਹਾਂ ਦਾ ਅੰਤ੍ਰਾਤਮਾ ਵਾਹਿਗੁਰੂ ਨਾਲ ਲਗਾਤਾਰ ਜੁੜਿਆ ਹੋਣ ਕਰਕੇ ਉਨ੍ਹਾਂ ਵਿਚ

ਰੱਬੀ ਤੇਜ (ਜਲਾਲ) ਬੀ ਅਪਾਰ ਹੁੰਦਾ ਹੈ। ਮਿਠੀ ਸੁੰਦਰਤਾ ਤਾਂ ਉਨ੍ਹਾਂ ਦਾ ਪਿਆਰ, ਤਰਸ, ਮਿੱਠਤ, ਕੁਰਬਾਨੀ, ਸੂਰਤ ਸੀਰਤ, ਮੇਲ ਜੋਲ, ਮਿਹਰ, ਕਿਰਪਾ ਤੋਂ ਸਦਾ ਪਈ ਦਿੱਸਦੀ ਹੈ, ਪਰ ਤੇਜ ਹਰ ਵੇਲੇ ਨਹੀਂ ਦਿੱਸਦਾ। ਉਨ੍ਹਾਂ ਦਾ ਆਪਣੇ ਅੰਦਰ ਦਾ ਟਿਕਾਉ ਸਦਾ ਅਡੋਲ ਤੇਜ ਵਾਲਾ ਹੁੰਦਾ ਹੈ। ਕਦੇ ਗਲ ਵਿਚ, ਕਦੇ ਚਰਚਾ ਵਿਚ, ਕਦੇ ਦੂਸਰਿਆਂ ਦੇ ਪਾਪ ਦਰੋਧ ਕਰਨ ਵਿਚ ਇਹ ਤੇਜਪ੍ਰਕਾਸ਼ਪਾਉਂਦਾ ਹੈ। ਕਦੇ 'ਬਦੀ ਦੇ ਅਸੂਲ' ਨੂੰ ਜੇ ਸੰਸਾਰ ਵਿਚ ਫੈਲ ਗਿਆ ਹੁੰਦਾ ਹੈ ਤੇ ਨੇਕੀ ਨੂੰ ਦਬ ਲੈਣ ਵਿਚ ਪ੍ਰਬਲ ਹੋ ਜਾਂਦਾ ਹੈ, ਤਦੋਂ ਇਹ ਤੇਜ਼ ਸ਼ਸਤ੍ਰਾਂ ਦੀ ਦਮਕ ਵਿਚ ਆ ਦਿੱਸਦਾ ਹੈ, ਮਿਠਾਸ ਤੇ ਤੇਜ ਦੋਵੇਂ ਅੱਲਾ ਵਾਲਿਆਂ ਦੀ 'ਜਮਾਲੀ' ਤੇ 'ਜਲਾਲੀ' ਖ਼ੂਬਸੂਰਤੀ ਹਨ।

ਸੂਫੀ—ਸੁਬਹਾਨ ਅੱਲਾ ! ਜਿਹੀ ਸੂਰਤ ਨੂਰਾਨੀ ਤਿਹੀ ਸੀਰਤ ਰੂਹਾਨੀ, ਤੇਰੀ ਰਮਜ਼ ਸ਼ਨਾਸੀ ਖ਼ੂਬ ਜਲਾਲ ਵਾਲੀ ਹੈ।

ਸਿੰਘ—ਮੈਂ ਤਾਬਿਆਦਾਰ ਹਾਂ ! ਇਹ ਤਾਂ ਰੱਬੀ ਸੱਚ ਹਨ, ਮੇਰਾ ਇਸ ਵਿਚ ਕੀ ਹੈ ?

ਐਨਕਾਂ ਵਾਲਾ—ਸਿੰਘ ਜੀ ! ਆਪਦੀ ਗੁਫਤਗੂ ਕਾਬਲੇ ਕਦਰ ਹੈ, ਤੇ ਮੇਰਾ ਸੰਸਾ ਫੇਰ ਸਾਰਾ ਦੂਰ ਹੋ ਗਿਆ ਹੈ, ਪਰ ਕਿਆ ਆਪ ਚੰਗਾ ਸਮਝਦੇ ਹੋ ਕਿ ਸੰਸਾਰ ਵਿਚ ਜੰਗ ਜਦਲ ਸਦਾ ਰਹਿਣੇ ਚਾਹੀਦੇ ਹਨ ?

ਸਿੰਘ ਜੀ—ਨਹੀਂ, ਮੇਰਾ ਮਜ਼ਬ ਤਾਂ ਇਹ ਹੈ ਕਿ ਇਸ ਜਗਤ ਵਿਚ ਮਨੁੱਖ ਮਨੁੱਖ ਦੇ ਵਿਚਕਾਰ ਪ੍ਰੇਮ ਦਾ ਰਾਜ ਚਾਹੀਦਾ ਹੈ। ਸਾਡਾ ਤਾਂ ਦੀਨ ਹੀ ਪ੍ਰੇਮ ਹੈ, ਪਰ ਮਨੁੱਖ 'ਹੁਕਮ' ਤੋਂ ਬੇਪਰਵਾਹੀ ਕਰਕੇ ਖ਼ੁਦੀ ਵਿਚ ਪੈਂਦਾ ਹੈ। ਸੁਲ੍ਹਾ, ਸ਼ਾਂਤੀ, ਆਰਾਮ ਦੇ ਸਮੇਂ ਢਿੱਲਾ, ਸੁਸਤ, ਅਯਾਸ਼ ਹੋ ਜਾਂਦਾ ਹੈ, ਦੂਸਰਿਆਂ ਦੇ ਹੱਕ ਚਲਾਕੀਆਂ ਨਾਲ ਮਾਰਦਾ ਤੇ ਭੋਗਾਂ ਵਿਚ ਡੁਬਦਾ ਸੁਸਤ ਹੋ ਜਾਂਦਾ ਹੈ। ਇਨ੍ਹਾਂ ਪਾਪਾ ਤੇ ਜ਼ੁਲਮਾਂ ਤੇ ਸੁਸਤੀਆਂ ਦਾ ਫੇਰ ਕੋਈ ਕੁਦਰਤੀ ਇਲਾਜ ਹੁੰਦਾ ਹੈ ਜੋ ਕਦੇ ਜੰਗ ਦੀ ਸੂਰਤ ਵਿਚ ਉਠਦਾ ਹੈ। ਸੋ ਮੁਸੀਬਤ ਆਈ ਤੇ ਕਈ ਵੇਰ ਉਹ ਅੱਯਾਸ਼ ਤੇ ਸੁਸਤ ਆਦਮੀ ਬਹਾਦਰ, ਉੱਦਮੀ, ਮਰਦਊ-ਪਨੇ ਵਾਲਾ ਸਚਾ ਤੇ ਨੇਕ ਹੋ ਜਾਂਦਾ ਹੈ। ਜੇ ਆਦਮੀ ਸੁਖ ਵੇਲੇ 'ਮਰਦ' ਤੇ 'ਨੇਕ' ਰਹੇ ਤੇ 'ਸੰਸਾਰ ਦੇ ਕੇਂਦਰ' ਨਾਲ ਜੁੜਿਆ ਰਹੇ ਤਾਂ ਜੰਗ ਦੀ ਲੋੜ ਨਾ ਪਵੇ। ਹਾਂ, ਆਦਮੀ ਨਿਆਂ ਤੇ ਸੱਚ ਤੇ ਖੜੋ ਜਾਵੇ, ਆਪਣੇ ਹੱਕ ਦੇ ਨਾਲ ਆਪਣੇ ਫਰਜ਼ ਅਰਥਾਤ ਦੂਏ ਦੇ ਹੱਕਨੂੰਬੀਪਛਾਣੇ ਤਾਂ ਜੰਗ ਦੀ ਕਦੇ ਲੋੜ ਨਾ ਪਵੇ। ਪਰ ਜਦੋਂ ਇਨਸਾਨ ਇਹ ਅਸੂਲ ਛਡੇ ਤਾਂ ਹਠ ਤੇ ਆਕੜ, ਖ਼ੁਦਗਰਜ਼ੀ ਤੇ ਲਾਲਚ ਵਧਦੇ ਹਨ ਜਿਨ੍ਹਾਂ ਤੋਂ ਜੰਗ ਪੈਦਾ ਹੋ ਪੈਂਦਾ ਹੈ, ਏਹ ਜੰਗ ਪਾਪ ਰੂਪ ਹਨ। ਪਰ ਕਦੇ ਇਕ ਧਿਰ ਜੰਗ ਕਰਦੀ ਦੂਸਰੀ ਸਹਾਰਦੀ ਹੈ। ਇਹ ਸਹਾਰਦੀ ਸਹਾਰਦੀ ਨਿਤਾਣੀ ਹੋ ਕੇ ਇਨਸਾਨੀਅਤ ਤੋਂ ਗਿਰਨ ਲਗ ਜਾਂਦੀ ਹੈ। ਜੇ ਕੋਈ ਅਪਣੇ ਸੁਖ ਵਾਰਕੇ ਇਸਨੂੰ ਜੀਊਂਦਿਆਂ ਕਰੇ ਤੇ ਸ੍ਵੈ ਸਤਿਕਾਰ ਤੇ ਸ੍ਵੈ ਰੱਖਿਆ ਦੇ ਜੋਗ ਬਣਾ ਦੇਵੇ ਤਾਂ ਜ਼ਾਲਮ ਨਾਲ ਜੰਗ ਹੋ ਪੈਂਦਾ ਹੈ, ਇਹ ਜੰਗ ਬੇਵਸਾ ਗਲੇ ਪੈਂਦਾ ਹੈ। ਇਹ ਜੰਗ ਜਗਤ ਸੁਧਾਰ ਲਈ ਹੁੰਦਾ ਹੈ। ਅਸੀਂ ਸੰਸਾਰ ਵਿਚ ਸੁਖ ਚਾਹੁੰਦੇ ਹਾਂ, ਸਗੋਂ ਅਸੀਂ ਤਾਂ ਆਪਣੇ ਸਾਰੇ ਸੁਖ ਦੂਸਰਿਆਂ ਤੋਂ ਵਾਰ ਦੇਂਦੇ ਹਾਂ, ਪਰ ਸਾਡਾ ਅਸੂਲ ਹੈ ਕਿ ਪਹਿਲਾਂ ਆਪ ਵਾਹਿਗੁਰੂ ਨਾਲ ਲਗਾਤਾਰ ਜੁੜੇ ਰਹਿਣਾ ਅੰਦਰਲਾ ਰੁਖ ਬੰਨ੍ਹਕੇ। ਇਹੋ ਆਪਾ ਵਾਰਨ ਦਾ ਅਸੂਲ ਹੀ ਸਾਨੂੰ ਏਥੇ ਤਾਈਂ ਲੈ ਜਾਂਦਾ ਹੈ ਕਿ ਅਸੀਂ ਦੂਸਰਿਆਂ ਨੂੰ ਸੁਖ ਦੇਣ ਵਾਸਤੇ, ਦੁਖ ਦੇਣ ਵਾਲਿਆਂ ਨਾਲ ਪਿਆਰ, ਸਮਝੌਤੀ ਤੋਂ ਜਦੋਂ ਗਲ ਲੰਘ ਜਾਵੇ ਤਦੋਂ ਮਜਬੂਰ ਹੋਕੇ ਤਲਵਾਰਤੱਕ ਪੁੱਜ ਆਪਣੀਆਂ ਜਾਨਾਂ ਤੇ ਖੇਡ ਜਾਂਦੇ ਹਾਂ। ਤੁਸਾਨੂੰ ਪਤਾ ਹੈ ਹੁਸ਼ਯਾਰ ਪੁਰ ਦੇ ਜਾਬਰ ਖਾਨ ਪਠਾਣ ਸਰਦਾਰ ਨੇ ਇਕ ਬ੍ਰਾਹਮਨ ਦੀ ਸਜ ਵਿਆਹੀ ਵਹੁਟੀ ਖੋਹ ਲਈ ਸੀ। ਜੋ ਗੁਰੂ ਜੀ ਦੇ ਵਡੇ ਬੇਟੇ ਨੇ ਸਿਖ ਦਸਤਾ ਨਾਲ ਲਿਜਾਕੇ ਛੁਡਾਈ ਤੇ ਬ੍ਰਾਹਮਣਨੂੰ ਵਾਪਸ ਦਿਵਾਈ ਸੀ। ਫੇਰ ਬੜਾ ਪ੍ਰਸਿਧ ਵਾਕਿਆ ਹੋਇਆ ਹੈ ਕਿ ਜਦੋਂ ਪਠਾਣ ਬਾਦਸ਼ਾਹ ੨੧ ਸੌ ਗ਼ਰੀਬ ਹਿੰਦੂ ਇਸਤ੍ਰੀਆਂ ਫੜਕੇ ਕਾਬਲ ਨੂੰ ਲਈ ਜਾਂਦਾ ਸੀ, ਤਦੋਂ ਪੰਜਾਬ ਦੇ ਕਿਸੇ ਮਜ਼ਬ ਨੇ, ਕਿਸੇ ਕੌਮ ਨੇ ਕਿਸੇ ਇਖ਼ਲਾਕੀ ਫਿਰਕੇ ਨੇ ਕੁਛ ਨਹੀਂ ਸੀ ਕੀਤਾ। ਤੁਸੀਂ ਦੱਸੋ ਕਿਸੇ ਧਰਮ ਦੀ ਆਨ ਵਾਲੇ ਆਦਮੀ ਲਈ, ਕਿਸੇ ਰੱਬ ਦੇ ਪਿਆਰੇ ਲਈ, ਕਿਸੇ ਐਸੇ ਆਦਮੀ ਲਈ ਜਿਸਦੀਆਂ ਰਗਾਂ ਵਿਚ ਇਲਾ-

ਹੀ ਪ੍ਰੇਮ ਸੀ, ਇਹ ਮੁਮਕਿਨ ਸੀ ਕਿ ਉਹ ੨੧੦੦ ਰੱਬ ਦੇਨਿਤਾਣੇ ਬੰਦੇਉਨ੍ਹਾਂ ਦੇ ਘਰਾਂਘਾਟਾਂ ਪਤੀਆਂ ਤੇ ਪਿਤਾ ਭਰਾਵਾਂ ਤੋਂ ਵਿਛੜੇ ਜਾਕੇ ਕੈਦਵਿੱਚ ਪਾਏ ਜਾਕੇ, ਡੰਗਰਾਂ ਵਾਂਜੁੱਪਦੇਸ ਵਿੱਚ ਹਕੀ ਦੇਲਿਜਾਏ ਜਾਂਦੇ ਦੇਖਦਾ ਤੇ ਚੁੱਪ ਕਰਕੇ ਬੈਠਾ ਰਹਿੰਦਾ, ਤੇ ਆਖਦਾ ਕਿ ਤਲਵਾਰ ਫੜਨਾ ਰਾਖਸ਼ਾਂ ਦਾ ਕੰਮ ਹੈ ਤੇ ਜੰਗਕਰਨਾ ਭਗਤਾਂਦਾ ਕੰਮ ਨਹੀਂ,ਤੇਲੜਨਾ ਇਖ਼ਲਾਕ ਵਿਰੁੱਧ ਤੇ ਦੁਖ ਕਿਸੇ ਨੂੰ ਨਾ ਦੇਣ ਦੇ ਅਸੂਲ ਨੂੰ ਵੱਟਾ ਲਾਉਂਦਾ ਹੈ ? ਸੱਜਣੋਂ ! ਦੱਸੋ ਇਸ ਵੇਲੇ ਕਿਆ ਇਹ ਧਰਮ 'ਧਰਮ' ਸੀ ? ਕਿ ਜ਼ੁਲਮ ਨੂੰ ਦੇਖੋ ਤੇ ਆਪਣੀ ਸਾਰੰਗੀ ਦੀ ਸੁਰ ਵਿਚ ਮਸਤ ਪਏ ਰਹੋ ਤੇ ਕਹਿ ਛੱਡੋ ਕਿ ਧਰਮ ਮੰਦਿਰ ਵਿਚ ਬੈਠੇਲੋਕਾਂ ਦਾ ਕੰਮ ਤਲਵਾਰ ਫੜਨਾ ਨਹੀਂ? ਸੱਜਣੋਂ ! ਮੇਰਾ ਧਰਮ ਇਹ ਸਿਖਾਲਦਾ ਹੈ ਕਿ ਇਸ ਜ਼ੁਲਮ ਨੂੰ ਦੇਖਣਾ ਤੇ ਕਹਿਣਾ ਕਿ 'ਜਾਣ ਦਿਓ ਝੱਲਣਾ ਹੀ ਚੰਗਾ ਹੈ, ਅਸੀਂ ਅਹਿੰਸਾ ਦੇ ਧਰਮ ਵਿਚ ਰਹੀਏ, ਓਹ ਤਾਂ ਜ਼ਾਲਮ ਹੋਏ ਅਸੀਂ ਬੀ ਲਹੂ ਹੱਥ ਰੰਗੀਏ?' ਠੀਕ ਨਹੀਂ । ਮੇਰਾ ਧਰਮ ਦੱਸਦਾ ਹੈ ਕਿ ਇਹ ਕੁਛ ਕਹਿਣਾ ਧਾਰਮਿਕ ਕਾਇਰਤਾ ਹੈ, ਧਰਮ ਭਾਵ ਦੀ ਮੌਤ ਹੈ। ਸੋਸੱਜਣੋਂ! ਮੇਰੇ ਉਸ ਵੇਲੇ ਦੇ ਭਰਾਵਾਂ ਨੇ ਗੁਰਮਤਾ ਕੀਤਾ ਤੇ ਸ਼ਸਤ੍ਰਾਂ ਵਾਲੇ ਫਕੀਰ ਟੁਰ ਪਏ, ਦੂਰ ਪਿਛੇ ਪਿਛੇ ਰਹਿੰਦੇ ਅਟਕ ਪਹੁੰਚੇ । ਜਦੋਂ ਜਰਵਾਣੇ ਪਾਰ ਹੋ ਰਹੇ ਸਨ ਤੇ ਏਹ ਕੈਦੀ ਪਿੱਛੇਸਨ,ਤਦ ਜਾ ਹਮਲਾ ਕੀਤਾ ਤੇ ਛੋਟੀ ਜਿਹੀ ਲੜਾਈ ਤੇ ਕਟਾਵਢ ਵਿਚ ਖੋਭ ਕੇ ੨੧੦੦ ਗ਼ਰੀਬ ਤ੍ਰੀਮਤਾਂ ਛੁਡਾਕੇ ਅਪਣੇ ਨਾਲ ਲੈਕੇ ਬਾਰ ਵਿਚ ਆ ਗਏ । ਹੁਣ ਜੇ ਇਹ ਜ਼ਾਲਮ ਹੁੰਦੇ, ਜਰਵਾਣੇ ਜਾਂ ਲੋਭੀ ਹੁੰਦੇ ਤਾਂ ਇਹ ਇਸਤ੍ਰੀਆਂ ਘਰੀਂ ਪਾ ਲੈਂਦੇ, ਪਰ ਨਹੀਂ, ਇਨ੍ਹਾਂ ਨੇ ਹਰੇਕ ਦਾ ਘਰ ਪੁੱਛ ਕੇ ਆਪ ਨਾਲ ਹੋ ਹੋ ਕੇ ਸਭੋ ਘਰ ਘਰੀ ਅਮਨ ਅਮਾਨ ਨਾਲ ਪਹੁੰਚਾਈਆਂ।

ਇਸ ਵੇਲੇ ਸਾਰਿਆਂ ਦੀ ਮਾਂ ਅੱਖਾਂ ਵਿਚ ਪਾਣੀ ਉਤਰ ਆਇਆ ਸੀ । ਸੂਫੀ ਜੀ ਬੀ ਰੋ ਰਹੇ ਸਨ, ਪਰ ਸਿੰਘ ਜੀ ਨੇ ਉਨ੍ਹਾਂ ਨੂੰ ਧਿਰਾਂ ਸਾਈਂ ਜੀ ! ਖ਼ਫ਼ਾ ਨਹੀਂ ਹੋਣਾ, ਮੈਂ ਇਤਿਹਾਸਿਕ ਜ਼ਿਕਰ ਕੀਤਾ ਹੈ, ਚੂੰਕਿ ਓਹ ਲੋਕ ਮੁਸਲਮਾਨ ਸਨ, ਆਪ ਨੇ ਰੰਜ ਨਹੀਂ ਹੋਣਾ ।

ਸੂਫੀ—ਵਾਹ ਸਿੰਘ ਜੀ ! ਇਹ ਕੀ ਕਿਹਾ ਨੇ ? ਆਪ ਸਿੱਖ ਹੋ, ਸਿੱਖ ਫ਼ਕੀਰ ਹੁੰਦਾ ਹੈ । ਮੈਂ ਸਿਖ ਦੇ ਸੀਨੇ ਨੂੰ ਸਦਾ ਕੀਨੇ ਤੋਂ ਸਾਫ 'ਫਕੀਰ-ਸੀਨਾ' ਸਮਝ ਰਖਿਆ ਹੈ, ਮੇਰੀ ਉਨ੍ਹਾਂ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਜਿਨ੍ਹਾਂ ਖ਼ਲਕ ਖ਼ੁਦਾ ਨੂੰ ਸਤਾਇਆ ਹੈ, ਚਾਹੇ ਕੋਈ ਹੋਣ ।

ਐਨਕ ਵਾਲਾ—ਸਿੰਘ ਜੀ ! ਆਪ ਨੇ ਉਦਾਸ ਨਾ ਹੋਣਾ ਜੇ ਮੈਂ ਆਪ ਤੋਂ ਹੋਰ ਪੁੱਛੀ ਚੱਲਾਂ ਤਾਂ, ਮੇਰੇ ਬਹੁਤ ਸਾਰੇ ਭਰਮ ਨਵਿਰਤ ਹੋ ਰਹੇ ਹਨ । ਜੇ ਆਪ ਦੀ ਕੌਮ ਨੂੰ ਉਸ ਸਮੇਂ ਦਾ ਰਾਜ ਵਿਦ੍ਰੋਹੀ ਫਿਰਕਾ ਕਿਹਾ ਜਾਵੇ ਤਾਂ ਆਪ ਪਾਸ ਕੀ ਜੁਵਾਬਹੈ?

ਸਿੰਘ ਜੀ—ਜੇ ਉਸ ਵੇਲੇ ਦੇ ਰਾਜਾ ਦਾ ਰਾਜ ਨਾਸ਼ ਕਰਨਾ ਸਾਡਾ ਧਰਮ ਸੀ,ਯਾ ਕੋਈ ਪੁਲੀਟੀਕਲ (ਰਾਜਸੀ) ਭੁੱਖ ਕਾਰਨ ਸੀ, ਜਿਸ ਕਰਕੇ ਅਸੀਂ ਲੜੇ, ਤਾਂ ਗੱਲ ਵੱਖਰੀ ਹੈ, ਸਾਡੇ ਤਾਂ ਮੰਗ ਵਕਤ ਦੇ ਰਾਜਾ ਪਾਸੋਂ ਇਹ ਸੀ ਕਿ ਤੁਸੀਂ ਪਰਜਾ ਨੂੰ ਮਜ਼ਹਬੀ ਆਜ਼ਾਦੀ ਦਿਓ,ਤੇ ਜ਼ਾਲਮਾਂ ਨੂੰਹਾਕਮ ਨਾ ਬਣਾਓ।ਜਦੋਂ ਕਸ਼ਮੀਰ ਵਿਚ ਜਬਰਨ ਮੁਸਲਮਾਨ ਕੀਤੇ ਜਾਣ ਲੱਗੇ ਹਨ ਤੇ ਉਥੋਂ ਦੇ ਲੋਕ ਸ਼੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਏ ਹਨ, ਤਦੋਂ ਸਤਿਗੁਰ ਨੇ ਸਮਝਾਇਆ ਕਿ ਮਜ਼ਹਬੀ ਅਜ਼ਾਦੀ ਵਿਚ ਦਖਲ ਨਾ ਦਿਓ । ਉਧਰੋਂ ਹਾਕਮ ਕਸ਼ਮੀਰ ਨੇਉਸਨੂੰਲਿਖਿਆ ਕਿ ਏਹ ਲੋਕ ਆਖਦੇਹਨ ਕਿ ਜੇ ਸਾਡਾ ਗੁਰੂ ਮੁਸਲਮਾਨ ਹੋਵੇ ਤਾਂ ਅਸੀਂ ਬੀ ਹੋ ਜਾਂਦੇ ਹਾਂ, ਤਾਂ ਉਧਰੋਂ ਆਪ ਦਿੱਲੀਨੂੰ ਸੱਦੇਗਏ*। ਗੱਲ ਕੀ ਦਿੱਲੀ ਜਾਕੇ ਨਾਵੇਂ ਗੁਰਾਂ ਨੇ ਇਹੋ ਗੱਲ ਸਮਝਾਈ ਹੈ, ਤੇ ਉਸਨੇ ਉਨ੍ਹਾਂ ਦੇ ਹੀ ਮੁਸਲਮਾਨ ਹੋਣ ਲਈ ਜ਼ੋਰ ਦਿੱਤਾ ਹੈ, ਤੇ ਇਸੇ ਨਾਫੁਰਮਾਨੀ ਵਿਚ ਜ਼ਾਲਮਾਂ ਨੇ ਉਨ੍ਹਾਂ ਨੂੰ ਕਤਲ ਕਰ ਦਿਤਾ ਹੈ । ਕੋਈ ਮੁਅੱਰਖ ਜੀ ਲਿਖਦੇ ਹਨ ਕਿ ਜਿਸ ਦਿਨ ਨਾਵੇਂ ਗੁਰੂ ਜੀ ਕਤਲ ਹੋਏ ਦਿੱਲੀ ਵਿਚ ਸਖਤ ਭੁਚਾਲ ਆਇਆ,ਹਨੇਰਾ ਦਿਨ ਨੂੰ ਐਨਾ ਛਾਇਆ ਕਿ ਤਾਰੇ ਨਜ਼ਰ ਆ ਗਏ ।

ਨਾਵੇਂ ਗੁਰੂ ਜੀ ਪੁਲੀਟੀਕਲ ਮਿਸ਼ਨ ਲੈ ਕੇ

*ਗੁਰੂ ਜੀ ਦੇ ਅਨੰਦ ਪੁਰੋਂ ਆਪ ਦਿੱਲੀ ਨੂੰ ਜਾਣ ਦੇ ਇਰਾਦੇ ਨਾਲ ਟੁਰ ਪੈਣ ਤੋਂ ਮਗਰੋਂ ਦਿੱਲੀ ਤੋਂ ਆਪ ਨੂੰ ਸੱਦ ਘਲਿਆ ਗਿਆ ਸੀ।

ਨਹੀਂ ਗਏ ਸਨ; ਉਨ੍ਹਾਂ ਦਾ ਕੰਮ ਸੀ ਜ਼ਾਲਮ ਨੂੰ ਜ਼ੁਲਮ ਤੋਂ ਹੋੜਨਾ। ਦਸਵੇਂ ਸਤਿਗੁਰਾਂ ਨੇ ਜਦ ਇਹ ਡਿੱਠਾ ਕਿ ਸਮਝੌਤੀ ਦਾ ਫਲ ਰਖਜਾ ਕਰਨ ਵਾਲੇ ਦੀ ਸ਼ਹਾਦਤ ਹੋਇਆ ਹੈ, ਦੀਨ ਰਖਜਾ ਦਾ ਦੂਸਰਾ ਪਹਿਲੂ ਸਿਰੇ ਚੜ੍ਹਿਆ, ਜੋ ਮੈਂ ਪਹਿਲੇ ਬਿਨੈ ਕਰ ਆਇਆ ਹਾਂ। ਤੁਸੀਂ ਦੱਸੋ ਕਿ ਅਟਕ ਤੋਂ ਜਾਕੇ ਹਿੰਦੂ ਕੈਦੀ ਇਸਤ੍ਰੀਆਂ ਨੂੰ ਮੋੜ ਲਿਆਉਣਾ ਇਹ ਬਿਨਾਂ ਉਸ ਤਾਕਤ ਦੇ ਹੋ ਸਕਦਾ ਸੀ ਜੋ ਫਕੀਰ ਸਿਖਾਂ ਵਿਚ ਗੁਰੂ ਜੀ ਨੇ ਭਰੀ ? ਗੁਰੂ ਸਾਹਿਬਾਂ ਦੇ ਵਕਤ ਤੋਂ ਅਸੀਂ ਅਰਦਾਸ ਕਰਦੇ ਹਾਂ 'ਰਾਜਾ ਰਾਜ ਕਰੇ ਪਰਜਾ ਸੁਖੀ ਵੱਸੇ', ਹਰ ਸਿੱਖ ਹਰ ਰੋਜ਼ ਅਪਣੀ ਅਰਦਾਸ ਵਿਚ ਇਹ ਫਿਕਰਾ ਬੋਲਦਾ ਹੈ, ਅਰ ਗੁਰਾਂ ਦੇ ਸਮੇਂ ਤੋਂ ਅੱਜ ਤੀਕ ਬੋਲਦਾ ਹੈ। ਦੱਸੋ ਕੋਈ ਰਾਜ ਵਿਦ੍ਰੋਹੀ ਇਹ ਕਹਿ ਸਕਦਾ ਹੈ ? ਇਸ ਅਰਦਾਸ ਦਾ ਆਦਰਸ਼ ਇਹ ਹੈ ਕਿ ਅਸਾਂ ਸਰਬੱਤ ਦਾ ਭਲਾ ਕਰਨਾ ਹੈ। ਰਾਜਾ ਧਰਮ ਦਾ ਰਾਜ ਕਰੇ ਜਿਸ ਨਾਲ ਪਰਜਾ ਸੁਖੀ ਰਹੇ, ਸਾਨੂੰ ਫਿਰ ਕਿਸੇ ਧਰਮੀ ਰਾਜ ਨਾਲ ਦ੍ਰੋਹ ਕਰਨ ਦਾ ਕੋਈ ਪ੍ਰੋਜਨ ਨਹੀਂ, ਅਸੀਂ ਤਾਂ ਪਰਜਾ ਨੂੰ ਸੁਖੀ ਦੇਖਣਾ ਚਾਹੁੰਦੇ ਹਾਂ ਤੇ ਰਾਜਾ ਨੂੰ ਬੇਲਾਗ ਧਰਮੀ ਦੇਖਣਾ ਚਾਹੁੰਦੇ ਹਾਂ। ਦੇਸ਼ ਤੇ ਕੌਮ ਦੀ ਸੁਤੰਤ੍ਰਤਾ, ਹੱਕ ਤੇ ਨਿਆਂ ਵਿਚ ਵਾਸਾ ਏਹ ਗਲਾਂ ਅਸੀਂ ਚਾਹੁੰਦੇ ਹਾਂ।

ਇਕ ਕਥਾ ਮੈਂ ਗੁਰੂ ਜੀ ਦੇ ਅਪਣੇ ਵਕਤ ਦੀ ਸੁਣਾਉਂਦਾ ਹਾਂ। ਇਕ ਜੰਗ ਵਿਚ ਇਕ ਮੁਸਲਮਾਨ ਅਮੀਰ ਦਾ ਡੋਲਾ ਘੇਰੇ ਵਿਚ ਆ ਗਿਆ, ਇਕ ਦਸਤਾ ਫੌਜ ਦਾ ਇਸ ਡੋਲੇ ਨੂੰ ਗੁਰੂ ਜੀ ਪਾਸ ਲੈ ਆਇਆ। ਪਹਿਲੀ ਗੱਲ ਜੋ ਸਤਿਗੁਰਾਂ ਨੇ ਕੀਤੀ, ਉਹ ਇਹ ਪੁੱਛ ਸੀ ਕਿ ਡੋਲੇ ਵਿਚ ਬੈਠੀ ਅਬਲਾ ਨੂੰ ਕਿਸੇ ਸਤਾਇਆ ਤਾਂ ਨਹੀਂ ? ਜਵਾਬ ਮਿਲਿਆ ਕਿ ਕਿਸੇ ਸਤਰ ਚੁੱਕ ਕੇ ਦੇਖਣ ਦੀ ਬੀ ਪਰਵਾਹ ਨਹੀਂ ਕੀਤੀ। ਉਸ ਵੇਲੇ ਸਤਿਗੁਰਾਂ ਨੇ ਆਪਣੀ ਚੋਲੀ ਭੇਜਕੇ ਘਰ ਬਾਰ ਦਾ ਪਤਾ ਲੈ ਕੇ ਬਾਇੱਜ਼ਤ ਉਸ ਡੋਲੇ ਨੂੰ ਉਹਨਾਂ ਦੇ ਘਰ ਪਹੁੰਚਾ ਦਿਤਾ। ਤੁਸੀਂ ਦੱਸੋ ਜੇ ਗੁਰੂ ਜੀ ਵਿਚ ਪੂਰਨ ਧਰਮ ਨਾ ਹੁੰਦਾ ਤਾਂ ਇਹ ਸਲੂਕ ਕਰਦੇ ? ਜੇ ਕੀਨੇ ਵਾਲੇ ਹੁੰਦੇ ਤਾਂ ਬਦਲ ਲੈਣ ਦਾ ਸਮਾਂ ਸੀ। ਪਰ ਦੂਜੇ ਧਿਰ ਵਲ ਤੱਕੋ, ਗੁਰੂ ਜੀ ਦੇ ਮਾਸੂਮ ਬੱਚੇ ਜਦ ਉਨ੍ਹਾਂਦੇ ਹਥ ਆਏ ਤਾਂ ਕਈ ਦੁਖ ਦੇਕੇ ਮਾਰੇ ਗਏ। ਉਨ੍ਹਾਂ ਵਲੋਂ ਉਹ ਸਲੂਕ ਨਾ ਹੋਇਆ ਜੋ ਗੁਰੂ ਜੀ ਵਲੋਂ ਉਨ੍ਹਾਂ ਨਾਲ ਹੋਇਆ ਸੀ ! ਫਿਰ ਦੇਖੋ ਉਸ ਸਮੇਂ ਅੰਬਾਲੇ ਜ਼ਿਲੇ ਵਿਚ ਬੁੱਧੂ ਸ਼ਾਹ ਫਕੀਰ ਹੋਇਆ ਹੈ, ਉਸਦੇ ਹਜ਼ਾਰਾਂ ਚੇਲੇ ਸਨ। ਜੇ ਗੁਰੂ ਜੀ ਦੇ ਜੁੱਧ ਧਰਮ ਸੁਤੰਤ੍ਰਤਾ ਤੇ ਗ਼ਰੀਬ ਰਖਜਾ ਲਈ ਨਾ ਹੁੰਦੇ ਤਾਂ ਇਹ ਮੁਸਲਮਾਨ ਫਕੀਰ ਕਦੇ ਉਨ੍ਹਾਂ ਦਾ ਸਹਾਈ ਹੁੰਦਾ ?

ਫਿਰ ਮੈਂ ਆਪ ਨੂੰ ਸੁਣਾਉਂਦਾ ਹਾਂ ਕਿ ਇਕ ਮੁਸਲਮਾਨ ਮੁਅੱਰਖ 'ਕਾਜ਼ੀ ਨੂਰ ਮੁਹੰਮਦ ਬਲੋਚ' ਆਪਣੇ ਜੰਗ ਨਾਮੇ ਵਿਚ ਸਿਖਾਂ ਦੇ ਚਾਲ ਚਲਣ ਬਾਬਤ ਕੀ ਆਖਦਾ ਹੈ:—

''ਸਿਖ ਨਮਰਦ (ਕਾਇਰ) ਨੂੰ ਕਦੇ ਨਹੀਂ ਮਾਰਦੇ ਤੇ ਨਾਂ ਹੀ ਭੱਜੇ ਜਾਂਦੇ ਨੂੰ ਘੇਰਦੇ ਹਨ। ਇਸਤ੍ਰੀ ਭਾਵੇਂ ਸੁਆਣੀ ਹੋਵੇ ਤੇ ਭਾਵੇਂ ਲੌਂਡੀ, ਉਸਦੇ ਧਨ ਤੇ ਗਹਿਣੇ ਨੂੰ ਵੀ ਨਹੀਂ ਲੁੱਟਦੇ। ਏਹ'''ਪਰ ਤ੍ਰਿਯ ਗਾਮੀ ਨਹੀਂ ਹੁੰਦੇ ਤੇ ਨਾ ਹੀ ਚੋਰੀ ਕਰਨਾ ਇਨ੍ਹਾਂ'''ਦਾ ਕੰਮ ਹੈ। ਇਹ ਚੋਰ ਤੇ ਵਿਭਚਾਰੀ ਨੂੰ ਮਿੱਤ੍ਰ ਹੀ ਨਹੀਂ ਬਣਾਉਂਦੇ*''।

ਇਹ ਸਾਰੀਆਂ ਗਲਾਂ ਕਾਫੀ ਹਨ ਇਹ ਗੱਲ ਦੱਸਣ ਲਈ ਕਿ ਗੁਰੂ ਜੀ ਨੇ 'ਤ੍ਰਿਸ਼ਨਾ ਦੀ ਭੁੱਖ' ਲਈ ਸ਼ਸਤ੍ਰ ਨਹੀਂ ਫੜੇ ਕਿ ਦੂਸਰਿਆਂ ਤੇ ਅਪਣੇ ਨਫਸ ਲਈ ਧੱਕਾ ਕਰਨ, ਪਰ ਗ਼ਰੀਬਾਂ ਅਨਾਥਾਂ ਦੁਖੀਆਂ ਦੇ ਸੁਖ ਲਈ, ਪਰਜਾ ਦੇ ਧਰਮ ਦੀ ਸੁਤੰਤ੍ਰਤਾ ਕਾਇਮ ਰੱਖਣ ਲਈ, ਉਨ੍ਹਾਂ ਨੇ ਉਨ੍ਹਾਂ ਮਜ਼ਲੂਮਾਂ ਦੀ ਖਾਤਰ—ਜੋ ਧਰਮ ਨਾ ਦੇਣ ਦੀ ਹਾਲਤ ਵਿਚ ਕਤਲ ਹੁੰਦੇ ਸਨ—ਤਲਵਾਰ ਫੜੀ।

ਸਤਿਗੁਰ ਜੀ ਨੂੰ ਸੁਖ, ਆਰਾਮ, ਸ਼ਾਹੀ ਠਾਠ ਵਾਂਙੂ ਪ੍ਰਾਪਤ ਸੀ, ਦੀਨਾਂ ਦੀ ਰਖਜਾ ਦੇ ਧਾਰਮਕ ਫਰਜ਼ ਨੇ ਉਨ੍ਹਾਂ ਨੂੰ ਦਿਨ ਰਾਤ ਖੇਦਾਂ ਤੇ ਕਸ਼ਟਾਂ ਦੇ

---

*ਕਿ ਨਾ ਕੁਸ਼ੰਦ ਨਾਮਰਦ ਰਾ ਹੇਚ ਗਾਹ।
ਰੁਤੇਸ਼ੰਦਹ ਰਾ ਹਮ ਨ ਗੀਰੰਦ ਰਾਹ।
ਸ਼ਰੇ ਸ਼ੇਵਰੇ ਸ਼ਨ ਬਤਾਰਾਜ ਨੀਜ਼।
ਨ ਗੀਰੰਦ ਗਰ ਪੁੰਹ ਹਸਤ ਵਰ ਕਨੀਜ਼।
ਸ਼ਨਾਹ ਹਮ ਨ ਬਾਸ਼ਦ ਮਿਯਾਨੇ ਸਫਾਂ।
ਨ ਦੁਸ਼ਦੀ ਬਵੰਦ ਕਾਰੇ ਆਂ ਬਦਰਕਾਂ।
ਕਿ ਜ਼ਾਨੀ ਓ ਸਾਰਕ ਨ ਦਾਨੰਦ ਦੋਸਤ।

ਮੂੰਹ ਆਂਦਾ, ਦੋ ਪੁੱਤ੍ਰ ਨੀਹਾਂ ਹੇਠ ਚਿਣੇ ਤੇ ਮਾਰੇ ਗਏ; ਉਨ੍ਹਾਂ ਦੇ ਦੇਖਦੇ ਦੇ ਅੱਖੀਆਂ ਅਗੇ ਬੋਟੀ ਬੋਟੀ ਹੋ ਉੱਡੇ। ਮਾਤਾ ਕੈਦ ਵਿਚ ਸ਼ਹੀਦ ਹੋਈ, ਵਤਨੋਂ ਬੇ-ਵਤਨ ਘਰੋਂ ਬਾਹਰ ਦਰਬਦਰ ਖਾਨਾਬਦੋਸ਼ੀ, ਮਿੱਤ੍ਰ ਪਿਆਰੇ ਅੱਖਾਂ ਦੇ ਸਾਹਮਣੇ ਲੜ ਲੜ ਮਰੇ। ਉਹ ਉਹ ਵਕਤ ਆਏ ਕਿ ਅੱਕ ਦੀਆਂ ਕਰੂੰਬਲੀਆਂ ਖਾ ਕੇ ਲਹੂ ਦੇ ਰੋਜ਼ ਨੂੰ ਸਹਾਰੇ ਦੇਣੇ ਪਏ। ਇਹ ਸਾਰਾ ਕੁਛ ਕੁਰਬਾਨੀ ਸੀ। ਉਸ ਮਰਦ ਦੀਆਂ ਰਗਾਂ ਵਿਚ ਸੱਚਾ ਇਲਾਹੀ ਪ੍ਰੇਮ ਸੀ, ਉਹ ਉਸ ਖ਼ਾਲਕ ਦੀ ਖ਼ਲਕਤ ਦੇ ਦੁਖ ਦੂਰ ਕਰਨ ਨੂੰ ਦੁਖਾਂ ਦੇ ਮੂੰਹ ਆਇਆ ਅਰ ਭਰ ਜੁਵਾਨੀ ਵਿਚ ਆਪ ਸ਼ਹੀਦ ਹੋ ਗਿਆ। ਤੁਸੀਂ ਦੱਸੋ, ਇਨਸਾਫ ਕਰੋ ਕਿ ਉਸ ਦੀ ਕੁਰਬਾਨੀ ਸੱਚਾ ਧਰਮ ਨਹੀਂ ਤਾਂ ਕੀ ਹੈ? ਜੇ ਇਹ ਰੂਹਾਨੀਅਤ ਨਹੀਂ ਤਾਂ ਕਿਆ ਰੂਹਾਨੀਅਤ ਬਿਛ ਹੋਕੇ ਧਰਤੀ ਤੇ ਗੱਡੇ ਜਾਣ ਦਾ ਨਾਮ ਹੈ? ਜਾਂ ਸ਼ਿਲਾ ਹੋਕੇ ਕਿਸੇ ਦਰਯਾ ਦੇ ਕੰਢੇ ਜੁੱਗਾਂ ਦੀ ਅਚੱਲਤਾ ਹਾਸਲ ਕਰਨ ਦਾ ਨਾਮ ਹੈ?

ਮੈਂ ਕਹਿ ਸਕਦਾ ਹਾਂ ਕਿ ਪਹਾੜੀ ਰਾਜੇ ਖਾਸ ਕਰ ਭੀਮ ਚੰਦ, ਗੁਰੂ ਜੀ ਨੂੰ 'ਅਨੰਦਪੁਰ ਦਾ ਰਾਣਾ' ਆਪਣੀ ਮਾਤਹਤੀ ਵਿਚ ਮਨਜ਼ੂਰ ਕਰਨ ਨੂੰ ਤਿਆਰ ਸੀ। ਹਾਂ ਜੀ, ਔਰੰਗਜ਼ੇਬ ਦਾ ਇਕ ਸ਼ਾਹਜ਼ਾਦਾ ਗਿਆ ਸੀ ਲੜਨ ਗੁਰਾਂ ਨਾਲ, ਪਰ ਉਸ ਨੇ ਗੁਰੂ ਦੋਹੀਆਂ ਨੂੰ ਮਾਰਿਆ ਸੀ ਤੇ ਸਤਿਗੁਰ ਦਾ ਪੱਖ ਕੀਤਾ ਸੀ, ਇਲਾਕੇ ਦੇ ਰਾਜਸੀ ਅਖਤਿਆਰ ਬਾਜ਼ ਗੁਜ਼ਾਰ ਰਈਸ ਦੀ ਸ਼ਕਲ ਵਿਚ ਉਸ ਤੋਂ ਉਸ ਵੇਲੇ ਮਿਲਦੇ ਸਨ। ਜੇ ਰਾਜ ਦੀ ਭੁੱਖ ਹੁੰਦੀ ਤਾਂ ਮੰਨ ਲੈਂਦੇ, ਪੈਰ ਜਮਾ ਲੈਂਦੇ, ਹੌਲੇ ਹੌਲੇ ਪਏ ਵਧਦੇ।

ਇਸ ਵੇਲੇ ਸਾਰੇ ਮੂਰਤਾਂ ਵਾਙੂ ਅਚੱਲ ਸੁਣ ਰਹੇ ਸਨ ਅਰ ਸਭਨਾਂ ਦੇ ਅੰਦਰ ਖੂਨ ਜੋਸ਼ ਮਾਰ ਰਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਨਾ ਕੇਵਲ ਸਿੱਖਾਂ ਦਾ ਗੁਰੂ ਹੈ, ਬਲਕਿ ਸਾਡੇ ਸਾਰੇ ਪੰਜਾਬੀਆਂ ਦਾ ਫਖਰ ਤੇ ਉੱਚੇ ਮੰਡਲਾਂ ਦਾ ਚਮਕਦਾ ਸਿਤਾਰਾ ਹੈ, ਅਰ ਹਰ ਪੰਜਾਬੀ ਨੂੰ ਉਨ੍ਹਾਂ ਨੂੰ ਆਪਣਾ ਸਿਰਤਾਜ ਸਮਝਣਾ ਚਾਹੀਏ। ਇਸ ਵੇਲੇ ਐਨਕ ਵਾਲੇ ਨੇ ਪੁੱਛਿਆ, ਸਿੰਘ ਜੀ ਕਿਆ ਐਸੇ ਵਾਕਯਾਤ ਬੀ ਹਨ ਜਿਨ੍ਹਾਂ ਤੋਂ ਮਾਲੂਮ ਹੋਵੇ ਕਿ ਐਸੇ ਜੰਗ ਜਦਲ ਦੇ ਸਾਮਾਨਾਂ ਵਿਚ ਗੁਰੂ ਜੀ ਨੂੰ ਆਪਣੇ ਪੈਗੰਬਰੀ ਕੰਮ ਦਾ ਖਿਆਲ ਰਹਿੰਦਾ ਸੀ?

ਸਿੰਘ ਜੀ—ਮੈਂ ਕੇਵਲ ਇਕ ਵਾਕਿਆ ਜੋ ਮੈਂ ਸੁਣਿਆ ਹੈ, ਆਪ ਨੂੰ ਸੁਣਾ ਦੇਂਦਾ ਹਾਂ। ਨਤੀਜਾ ਆਪ ਨੇ ਕੱਢ ਲੈਣਾ:—

ਇਕ ਵੇਰ ਕਿਲ੍ਹੇ ਨੂੰ ਘੇਰਾ ਪਿਆ ਸੀ, ਅਨੇਕਾਂ ਕਸ਼ਟ ਵਾਪਰ ਰਹੇ ਸਨ, ਗੱਲ ਲੰਮੀ ਹੈ, ਖੈਰ! ਇਕ ਰਾਤ ਆਈ, ਕਿ ਗੁਰੂ ਜੀ ਦੇ ਪਿਆਰੇ ਤੇ ਪੁੱਤ੍ਰਾਂ ਤੇ ਪਰਵਾਰ ਸਮੇਤ ਕਿਲ੍ਹੇ ਤੋਂ ਨਿਕਲ ਖੜੇ ਹੋਏ। ਆਪ ਕਈ ਮੀਲ ਉਨ੍ਹਾਂ ਤੋਂ ਪਰੇ ਚਲੇ ਗਏ।

ਆਸਾ ਦੀ ਵਾਰ ਦਾ ਵੇਲਾ ਸੀ। ਸਤਿਗੁਰ ਨੇ ਕਿਹਾ: 'ਭਜਨ ਪਹਿਲੇ ਹੈ, ਭਈ ਖਾਲਸਾ ਜੀ! ਦੀਵਾਨ ਲਾ ਦਿਓ, ਜਾਨ ਜਾਏ, ਪਰ ਬੰਦਗੀ ਦਾ ਵੇਲਾ ਨਾ ਜਾਏ।' ਉੱਥੇ ਹੀ ਦੀਵਾਨ ਲਗ ਗਿਆ। ਦੁਸ਼ਮਨ ਅਹਦ ਤੋੜਕੇ ਮਗਰੇ ਆ ਰਹੇ ਸੇ, ਆ ਪਏ। ਇਸ ਵੇਲੇ ਦੇ ਖੇਦ ਦਾ ਅੰਦਾਜ਼ਾ ਲਾ ਲਓ, ਕਿੰਨੀ ਕੁ ਕਟਾ ਵੱਢ ਤੇ ਮੁਸ਼ਕਲ ਦਾ ਸਾਹਮਣਾ ਪਿਆ ਹੋਊ। ਹੁਣ ਤੁਸੀਂ ਆਪਣੇ (ਰਾਜਨੀਤੀ) ਪੁਲੀਟੀਕਲ ਅਰਥਾਂ ਵਲ ਨਾ ਜਾਣਾ ਕਿ ਇੱਥੇ ਕੀਰਤਨ ਦਾ ਕਿਹੜਾ ਵੇਲਾ ਸੀ, ਨੱਸ ਕਿਉਂ ਨਾ ਗਏ, ਦੂਏ ਦਿਨ ਬੰਦਗੀ ਕਰ ਲੈਂਦੇ? ਮੈਂ ਕਹਾਂਗਾ ਕਿ ਇਹੋ ਵਾਕਿਆ ਪੂਰੇ ਤੌਰ ਪਰ ਸਾਬਤ ਕਰਦਾ ਹੈ ਕਿ ਗੁਰੂ ਜੀ ਨੂੰ ਆਪਣਾ ਵਾਹਿਗੁਰੂ ਤੇ ਬੰਦਗੀ ਦਾ ਕੰਮ ਮੁੱਖ ਕੰਮ ਸੀ, ਓਹ ਪੈਗੰਬਰ ਸੇ ਪੂਰੇ, ਰੱਬੀ ਪਿਆਰ ਮੁੱਖ ਕੰਮ ਸੀ, ਅਤੇ ਉਨ੍ਹਾਂ ਦੇ ਜੰਗ, ਉਨ੍ਹਾਂ ਦੇ ਫਰਜ਼ ਪੈਗੰਬਰੀ ਦਾ ਇਕ ਹਿੱਸਾ ਸਨ, ਅਰ ਬੰਦਗੀ ਦਾ ਇਕ ਨਾਗਾ, ਓਹ ਜਾਨਾਂ ਪਰ ਖੇਡਦੇ ਸਨ, ਪਰ ਨਹੀਂ ਸਨ ਪਾਉਂਦੇ। ਸਾਫ ਹੈ ਕਿ ਉਨ੍ਹਾਂ ਦਾ ਉਪਦੇਸ਼ ਆਪਣੇ ਲਈ ਰਾਜ ਦੀ ਭੁੱਖ ਤੇ ਤ੍ਰਿਸ਼ਨਾ ਨਹੀਂ ਸੀ, ਬਾਕੀ ਜੇ ਉਨ੍ਹਾਂ ਦਾ ਸਾਰਾ ਜੀਵਨ ਪੜ੍ਹੋ ਤਾਂ ਦੇਖੋਗੇ ਕਿ ਹਰ ਰੋਜ਼ ਮੁੱਖ ਕੰਮ ਹੀ ਮੁਰਦੇ ਲੋਕਾਂ ਵਿਚ ਰੂਹਾਨੀ ਜੀਵਨ ਫੂਕਣਦਾ ਸੀ। ਉਹ ਕਰਦੇ ਹੀ ਆਪਣਾ ਇਲਾਹੀ ਪ੍ਰੇਮ ਦਾ ਕੰਮ ਸਨ, ਜੰਗ ਤਾਂ ਕਦੇ ਕਦੇ ਦੇ ਕੰਮ ਸਨ ਜੋ ਗਲੇ ਆ ਪੈਂਦੇ ਸਨ, ਆਪ ਤਾਂ ਸਤਿਗੁਰ ਚੜ੍ਹਕੇ ਕਿਸੇ ਤੇ ਕਦੇ ਨਹੀਂ ਗਏ। ਤੁਸੀਂ ਗੁਰੂ ਜੀਵਨ ਮੁਤਾਲਿਆ ਕਰੋ, ਉਨ੍ਹਾਂ ਨੇ ਆਪ ਪਹਿਲ ਕਦੇ ਨਹੀਂ ਕੀਤੀ, ਅਪਣੇ ਤ ਹੋਏ ਹਮਲਿਆਂ ਦੇ ਬਚਾਉ ਕੀਤੇ ਹਨ। ਜੰਗ ਫਤ

ਹੋਣ ਤੇ ਜੇ ਸਿਖਾਂ ਹਾਰੇ ਸ਼ਤਰੂ ਦਾ ਪਿਛਾ ਕੀਤਾ ਹੈ ਤਾਂ ਉਨ੍ਹਾਂ ਨੂੰ ਵਰਜ ਲਿਆ ਹੈ।

ਅੌਨਕ ਵਾਲਾ—ਬਹੁਤ ਖ਼ੂਬ, ਸਿੰਘ ਜੀ! ਇਹ ਵਾਕਿਆ ਤਾਂ ਪੂਰੇ ਤੌਰ ਤੇ ਫੈਸਲਾ ਕਰਦਾ ਹੈ ਕਿ ਧਾਰਮਕ ਪਹਿਲੂ ਗੁਰੂ ਗੋਬਿੰਦ ਸਿੰਘ ਜੀ ਵਿਚ ਪੱਖ ਪਹਿਲੂ ਉਨ੍ਹਾਂ ਦੇ ਜੀਵਨ ਦਾ ਸੀ। ਪ੍ਰੰਤੂ ਕੀ ਆਪ ਕ੍ਰਿਪਾ ਕਰਕੇ ਮੈਨੂੰ ਇਹ ਸਮਝਾਓਗੇ ਕਿ ਜੰਗ ਕਰਨ ਵਾਲੇ ਦੀ ਇਤੀ ਤਾਮਸੀ ਇਤੀ ਨਹੀਂ ਹੋ ਜਾਂਦੀ? ਜਿਸਦਾ ਮਨ ਰੋਹ, ਕ੍ਰੋਧ ਤਾਮਸ ਵਿਚ ਰਹੇ ਉਹਦਾ ਮਨ ਧਰਮ ਵਿਚਾਰ ਵਿਚ ਜਾਂ ਜਿਸ ਤਨ੍ਹਾਂ ਆਪ ਨੇ ਕਿਹਾ ਹੈ ਅੰਦਰਲੇ ਦੇ ਸੁਖ ਵਿਚ ਯਾ ਸ਼ਾਂਤੀ ਵਿਚ ਕੀਕੂੰ ਰਹਿ ਸਕਦਾ ਹੈ?

ਸੂਫੀ—ਬਹੁਤ ਅੱਛਾ ਸਵਾਲ ਹੈ, ਮੁਇੱਸੇ ਦੀ ਹੱਲ ਹੀ ਏਥੇ ਹੈ।

ਸਿੰਘ—ਇਹ ਗੱਲ ਰਤਾ ਅਲੂਣੀ ਜਿਹੀ ਹੋ ਜਾਏਗੀ, ਪਰ ਜਿਸ ਤਰ੍ਹਾਂ ਮੈਨੂੰ ਜਾਚ ਹੈ, ਬੇਨਤੀ ਕਰ ਦੇਂਦਾ ਹਾਂ:—

ਲੋਭ, ਗੁੱਸਾ, ਨਫਰਤ, ਪਿਆਰ ਏਹੋ ਜਿਹੇ ਸਾਰੇ ਵਲਵਲੇ ਆਦਮੀ ਦੇ ਅੰਦਰ ਉੱਠਦੇ ਹਨ, ਇਨ੍ਹਾਂ ਦੇ ਦੋ ਹਿੱਸੇ ਹੁੰਦੇ ਹਨ—ਇਕ ਤਾਂ ਅੰਦਰਮੁਲ ਅੰਸ਼ ਹੁੰਦੀ ਹੈ, ਇਕ ਉਸ ਤੋਂ ਭਾਵ ਪੈਦਾ ਹੋ ਜਾਂਦੇ ਹਨ।ਅੰਦਰਲੀਮੂਲਅੰਸ਼ਨੂੰ 'ਸਥਾਈ' ਤੇਉਸਤੋਂ ਪੈਦਾ ਹੋਏ ਭਾਵਾਂ ਨੂੰ 'ਸੰਚਾਰੀ' ਕਹਿੰਦੇ ਹਨ। ਜਿਹਾਕੁ ਜਦ ਕਿਸੇ ਗ਼ਜ਼ਬ ਦੀ ਹਾਲਤ ਹੁੰਦੀ ਹੈ ਤਾਂ ਪਹਿਲਾਂ ਓਸਦੇ ਅੰਦਰ ਕ੍ਰੋਧ ਦੀ ਅੰਸ਼ ਉਠਦੀ ਹੈ, ਇਹ 'ਕ੍ਰੋਧ' ਸਥਾਈ ਭਾਵ ਹੈ ਤੇ ਫੇਰ ਅੱਖਾਂ ਲਾਲ, ਸ਼ਰੀਰ ਦਾ ਕੰਬਣਾ,ਜੋਸ਼ ਆਦਿਕ ਅਸਰ ਹੁੰਦੇ ਹਨ, ਏਹ ਸੰਚਾਰੀ ਭਾਵ ਹਨ। ਸਾਡੇ ਦਾਨਿਆਂ ਨੇ ਇਨ੍ਹਾਂ ਸਾਰੇ ਵਲਵਲਿਆਂ ਨੂੰ ਰਸ ਆਖਿਆ ਹੈ ਤੇ ਨੌਂ ਰਸ ਗਿਣੇ ਹਨ ਜੋ ਏਹ ਹਨ:—

੧. ਸ਼ਿੰਗਾਰ (ਇਸ਼ਕ), ੨. ਹਾਸ੍ਯ, ੩. ਕਰੁਣਾ (ਸ਼ੋਕ), ੪. ਬੀਰ (ਬਹਾਦਰੀ), ੫. ਰੌਦ੍ (ਕ੍ਰੋਧ), ੬. ਭਯਾਨਕ (ਭੈ), ੭. ਬੀਭਤਸ (ਨਫਰਤ), ੮. ਅਦ੍ਭੁਤ, ੯. ਸ਼ਾਂਤਿ*।

ਇਨ੍ਹਾਂ ਵਿਚੋਂ ਸ੍ਰੀ ਗੁਰੂ ਜੀ ਨੇ ਸ਼ਾਂਤਿ ਰਸ ਦੀ ਰਾਖੀ ਲਈ ਸਿੱਖਾਂ ਨੂੰ ਬੀਰਰਸ ਸਿਖਾਇਆ ਹੈ, ਰੌਦ੍ ਰਸ ਨਹੀਂ ਸਿਖਾਇਆ।

ਬੀਰ ਰਸ ਤਦ ਚੜ੍ਹਦਾ ਹੈ, ਜਦ ਅੰਦਰ ਸਥਾਈ 'ਉਤਸਾਹ' ਹੁੰਦਾ ਹੈ। ਬੀਰ ਰਸ ਦਾ 'ਸਥਾਈ' ਗੁੱਸਾ ਨਹੀਂ ਹੋਇਆ ਕਰਦਾ। ਜਦੋਂ ਅੰਦਰਲਾ ਵਲਵਲਾ ਉਤਸਾਹ ਦਾ ਹੋਵੇਗਾ ਤਾਂ ਬਿਰਤੀ ਤਮੋਗੁਣੀ ਨਹੀਂ ਹੁੰਦੀ। ਉਤਸਾਹ ਜਾਂ ਰਜੋਗੁਣ ਵਿਚ ਹੁੰਦਾ ਹੈ ਜਾਂ ਸਤੋ ਗੁਣ ਵਿਚ। ਭਜਨ ਬੰਦਗੀ ਕਰਨ ਵਾਲੇ ਇਕ 'ਖੁਸ਼ ਹਾਲਤ' ਵਿਚ ਹੁੰਦੇ ਹਨ। ਖੁਸ਼ੀ ਇਕ ਬੰਦਗੀ ਦਾ ਫਲ ਹੈ। 'ਨਾਨਕ ਭਗਤਾਂ ਸਦਾ ਵਿਗਾਸ', ਇਸੇ ਤਰ੍ਹਾਂ ਬੀਰ ਮਰਦ ਦੇ ਅੰਦਰ ਉਤਸਾਹ ਰਹਿੰਦਾ ਹੈ। ਸੋ ਤੁਸੀਂ ਦੇਖ ਸਕਦੇ ਹੋ ਕਿ ਬੀਰਤਾ ਦਾ ਸਥਾਈ ਭਾਵ ਤੇ ਬੰਦਗੀ ਵਾਲੇ ਦਾ ਸਤੋਗੁਣੀ ਉਤਸਾਹ ਦੋਵੇਂ 'ਖੁਸ਼ੀ' ਹਨ। ਜੋ ਗੁਰੂ ਜੀ ਬਦਲਾ ਲੈਣਾ, ਡਾਹ, ਕੀਨਾ, ਤ੍ਰਿਸ਼ਨਾ ਸਿਖਾਲਦੇ ਤਾਂ ਸਿੱਖਾਂ ਦੇ ਦਿਲ ਤਾਮਸੀ ਹੋ ਜਾਂਦੇ, ਕਿਉਂਕਿ ਵੈਰ, ਕੀਨੇ, ਡਾਹ ਤ੍ਰਿਸ਼ਨਾ ਨਾਲ ਅੰਦਰ ਤਮੋਗੁਣ ਹੋ ਜਾਂਦਾ ਹੈ, ਪਰ ਉਨ੍ਹਾਂ ਨੇ ਸਿਖਾਇਆ ਹੈ ਬੀਰ ਰਸ। ਬੀਰ ਰਸ ਨਾਲ ਸੁਰਤ 'ਉਤਸਾਹ' ਵਿਚ ਰਹਿੰਦੀ ਹੈ, ਇਸ ਕਰਕੇ ਬੰਦਗੀ ਕਰਨ ਵਾਲੇ ਮਨ ਬੀਰ ਰਸ ਵਿਚ ਜਾ ਸਕਦੇ ਹਨ। ਉਤਸਾਹ ਵੇਲੇ ਭਜਨ ਸਿਮਰਨ ਬਹੁਤ ਸੁਆਦਲਾ ਹੁੰਦਾ ਹੈ, ਤੇ ਭਜਨ ਹੈ ਹੀ ਉਸ ਸਿਮਰਨ ਦਾ ਨਾਮ, ਜਿਸ ਨਾਲ ਮਨ ਕੌਲਫੁਲ ਵਾਂਙੂ ਟਹਿਕਿਆਰਹੇ*।

ਮੈਨੂੰ ਪਤਾ ਨਹੀਂ ਕਿ ਮੈਂ ਆਪਣਾ ਅਰਥ ਸਾਫ ਦਸ ਸਕਿਆ ਹਾਂ ਕਿ ਨਹੀਂ?

ਸੂਫੀ—ਬਹੁਤ ਖ਼ੂਬ! 'ਮਜ਼ਬੂਬ' ਹੋਣ ਤੋਂ ਪਹਿਲੀ ਹਾਲਤ ਐਸੀ ਹੋਣੀ ਚਾਹੀਏ।

ਅੌਨਕ ਵਾਲਾ—ਮੈਂ ਫਕੀਰੀ ਖਿਆਲਾਤ ਤੋਂ ਨਾਵਾਕਫ ਹਾਂ, ਜ਼ਰਾ ਕੁਛ ਵਧੇਰੇ ਸਮਝਣਾ ਚਾਹੁੰਦਾ ਹਾਂ।

ਬਾਬੂ (ਅੌਨਕ ਵਾਲੇ ਨੂੰ)—ਸਿੰਘ ਸਾਹਿਬ ਇਸ ਵੇਲੇ ਆਪ ਨੂੰ ਸਾਈਕਾਲੋਜੀਕਲ (ਮਾਨਸਕ) ਤੀਕੇ ਨਾਲ ਆਪਣਾ ਭਾਵ ਸਮਝਾ ਰਹੇ ਹਨ, ਤੇ ਆਪਣੇ ਜਾਣੇ ਹੋਏ ਤੀਕੇ ਨਾਲ ਗਲ ਨੂੰ ਬਿਆਨ ਕਰ ਰਹੇ ਹਨ।ਦਿਲਵਿਚਜੋ ਵਲਵਲੇ (Emotions)

*ਬਾਂ ਦਾਨੇ 'ਵਾਤਸੱਲ' ਨੂੰ ਵੀ ਇਕ ਹੋਰ ਰਸ ਗਿਣਦੇ ਸਨ।

*ਸੋਜ ਖ਼ਯਾਲੀ ਬਿਗਸੈ ਜੀਉ ॥ ਸੋ ਸਿਮਰਨੁ ਤੂ ਅਨਦਿਨੁ ਪੀਉ ॥ [ਰਾਮ: ਬਾ: ਕਬੀਰ

ਪੈਦਾ ਹੁੰਦੇ ਹਨ ਉਨ੍ਹਾਂ ਦੇ ਭਾਵ ਦੋ ਕਿਸਮ ਦੇ ਹੁੰਦੇ ਹਨ–ਇਕ ਤਾਂ ਮੂਲ ਕਾਰਣ ਹੁੰਦੇ ਹਨ ਤੇ ਦੂਸਰੇ ਉਸ ਵੇਲੇ ਉਸ ਤੋਂ ਪੈਦਾ ਹੋ ਜਾਂਦੇ ਹਨ।

ਦਿਲ ਉਤੇ ਜੋ ਪ੍ਰਬਲ ਕਿਸਮ ਦੇ ਵਲਵਲੇ ਹੁੰਦੇ ਹਨ, ਜਿਨ੍ਹਾਂ ਦੇ ਆਵੇਸ਼ ਵਿਚ ਆਦਮੀ ਤਰ੍ਹਾਂ ਤਰ੍ਹਾਂ ਦੇ ਕੰਮ ਕਰਦਾ ਹੈ, ਉਨ੍ਹਾਂ ਨੂੰ 'ਰਸ' ਕਹਿੰਦੇ ਹਨ, ਅਰ ਹਿੰਦੀ ਦਾਨਿਆਂ ਨੇ ਐਸੇ ਰਸ ਨੌਂ ਗਿਣੇ ਹਨ, ਉਨ੍ਹਾਂ ਵਿਚੋਂ ਇਕ ਸ਼ਿੰਗਾਰ ਰਸ ਹੈ। ਇਸਦੀ ਸਥਾਈ (ਮੂਲ ਕਾਰਣ) ਪ੍ਰੀਤ ਹੈ, ਤੇ ਸੰਚਾਰੀ ਭਾਵ ਅਨੇਕਾਂ ਹਨ, ਮਸਲਨ–ਹੱਸ ਪੈਣਾ ਆਦਿ।

ਸਿੰਘ ਜੀ–ਇਨ੍ਹਾਂ ਰਸਾਂ ਵਿਚ ਇਕ ਬੀਰ ਰਸ ਹੈ, ਇਸ ਦੀ ਸਥਾਈ 'ਉਤਸ਼ਾਹ' ਹੈ। ਕ੍ਰੋਧ ਇਸ ਦੀ ਸਥਾਈ ਨਹੀਂ ਹੈ*।

ਬੀਰ ਉਹ ਆਦਮੀ ਹੈ, ਜੋ ਦਾਨ ਕਰਦਾ ਹੈ, ਦਇਆ ਪਾਲਦਾ ਹੈ ਤੇ ਦੁਹਾਂ ਲੋੜਾਂ ਲਈ ਆਵੱਸ਼ਕ ਲੋੜ ਪੈਣ ਤੇ ਜੁੱਧ ਬੀ ਕਰਦਾ ਹੈ। ਉਸਦੇ ਅੰਦਰ ਮੂਲ ਕਾਰਣ, ਕੀਨਾ, ਡਾਹ,ਸਾੜਾ, ਕ੍ਰੋਝਣਾ, ਨਫਰਤ ਕਰਨਾ, ਏਹ ਨਹੀਂ ਹੁੰਦੇ, ਪਰ ਉਸ ਨੂੰ ਦਿੱਸਦਾ ਹੈ ਕਿ ਮੈਂ ਨੇਕੀ ਦਾ ਕੰਮ ਕਰਦਾ ਹਾਂ, ਮੇਰੇ ਅੰਦਰ ਚਾਉ ਹੈ ਨੇਕੀ ਲਈ। ਸੋ ਉਹ ਤਾਂ ਚਾਉ ਵਿਚ ਦਇਆ, ਦਾਨ ਤੇ ਜੁੱਧ ਕਰਦਾ ਹੈ। ਜੁੱਧ ਕਰਨ ਵਿਚ ਉਹ ਦੂਸਰੇ ਦੇ ਭਲੇ ਲਈ ਆਪਾ ਵਾਰਦਾ ਹੈ। ਆਪਾ ਵਾਰਨ ਦਾ ਚਾਉ ਉਸ ਦੇ ਅੰਦਰ ਹੁੰਦਾ ਹੈ। ਉਹ ਚਾਉ ਵਿਚ ਜਾਨ ਨੂੰ ਕੁਛ ਚੀਜ਼ ਨਹੀਂ ਸਮਝਦਾ,ਨਾ ਦੂਸਰੇ ਦੀ ਜਾਨ ਨੂੰ ਉਹ ਵੈਰ ਨਾਲ ਮਾਰਦਾ ਹੈ, ਪਰ ਧਰਮ ਦੀ ਪ੍ਰਚਣਤਾ ਵਿਚ ਚਾਉ ਵਿਚ ਜੋ ਹੁੰਦਾ ਹੈ ਸੋ ਹੁੰਦਾ ਹੈ। ਜੋ ਨਿਰੋਲ ਪਰਸੁਆਰਥ ਲਈ ਜੁੱਧ ਕਰਦਾ ਹੈ ਉਸ ਦਾ ਜੁੱਧ 'ਤ੍ਰਿਸ਼ਨਾਂ' (Assertion) ਨਹੀਂ, ਪਰ 'ਕੁਰਬਾਨੀ' (denial) ਹੈ। ਉਹ ਦੂਸਰੇ ਦੇ ਸੁਖ ਲਈ ਜਾਨ ਤਕ ਵਾਰਨ ਨੂੰ ਜਦ ਟੁਰ ਪੈਂਦਾ ਹੈ ਤਦ ਉਸ ਦੇ ਅੰਦਰ ਕੁਰਬਾਨੀ ਵਾਲਾ ਉਤਸ਼ਾਹ ਹੁੰਦਾ ਹੈ। ਗੁਰੂ ਕੇ ਸਿੱਖ ਸ਼ਾਂਤਿ ਰਸ ਵਾਲੇ ਸਨ,ਜਿਸਦਾ ਮੂਲ ਕਾਰਨ ਅੰਦਰ ਵਸਦਾ ਵੈਰਾਗ ਸੀ। ਵੈਰਾਗ ਦਾ ਅਰਥ ਸਿੱਖ ਇਹ ਕਰਦੇ ਹਨ ਕਿ ਰਹਿਣਾ ਜਗਤ ਵਿਚ, ਪਰ ਇਸ ਵਿਚ ਖੱਚਤ ਨਾ ਹੋਣਾ। ਸੋ ਸ਼ਾਂਤਿ ਰਸ ਵਾਲੇ ਸਿੱਖ ਤ੍ਰਿਸ਼ਨਾ ਵਲੋਂ ਅੰਦਰ ਵੈਰਾਗ ਰਖਦੇ ਹਨ ਤੇ ਵਾਹਿਗੁਰੂ ਨਾਲ ਰਾਗ (ਪ੍ਰੀਤ) ਰਖਦੇ ਹਨ। ਵਾਹਿਗੁਰੂ ਦੀ ਪ੍ਰੀਤ ਕਰਕੇ ਅੰਦਰ ਇਕ ਉਤਸ਼ਾਹ ਰਹਿੰਦਾ ਹੈ ਜੋ ਸਭੇ ਗੁਣੀ ਹੁੰਦਾ ਹੈ, ਇਹ ਚੰਗੀ ਤਰ੍ਹਾਂ ਸਮਝ ਲੈਣਾ। ਹਰ ਵੇਲੇ ਉਦਾਸ, ਰੋਣੀ ਸੂਰਤ ਤੇ ਢੱਠੇ ਮਨ ਵਾਲੇ ਨੂੰ ਸਿਖ ਸ਼ਾਂਤ-ਰਸੀਆ ਨਹੀਂ ਜਾਣਦੇ। ਜਿਨ੍ਹਾਂ ਦੇ ਅੰਦਰ ਜਗਤ ਨਾਲ ਪਕੜ ਨਹੀਂ, ਪਕੜ ਰੱਬ ਨਾਲ ਹੈ ਤੇ ਰੱਬ ਦੇ ਪਿਆਰ ਵਿਚ ਖਿੜੇ ਰਹਿੰਦੇ ਹਨ, ਓਹ ਸ਼ਾਂਤ ਰਸੀਏ ਹਨ। ਹੁਣ ਤੁਸੀਂ ਸਮਝ ਲਓ ਐਸਿਆਂ ਦਾ ਬੀਰ ਰਸ ਵਿਚ ਆ ਜਾਣਾ ਉਨ੍ਹਾਂ ਦੇ ਅੰਦਰ ਕੋਈ ਭੈੜੀ ਤਬਦੀਲੀ ਨਹੀਂ ਕਰ ਸਕਦਾ। ਦੂਸਰੇ ਓਹ ਹੁਕਮ ਦੇ ਕਾਇਲ ਹਨ।ਜਦੋਂ ਓਹੀ ਸ਼ਾਂਤਿ ਰਸ ਵਿਚ ਹੁੰਦਿਆਂ ਦੀਨ ਦਖਜਾ ਖਾਤਰ ਬੀਰ ਰਸ ਦੇ ਉਤਸ਼ਾਹ ਵਿਚ ਜਾਂਦੇ ਹਨ ਤਾਂ ਰੱਬ ਦਾ ਹੁਕਮ ਸਮਝਦੇ ਹਨ। ਮਰਨਾ, ਦੁੱਖ ਪਾਉਣਾ ਉਨ੍ਹਾਂਨੂੰ ਹੈਰਾਨ ਨਹੀਂ ਕਰਦਾ, ਅੰਦਰੋਂ ਉਤਸ਼ਾਹ ਤੋਂ ਨਹੀਂ ਡੋਗਦਾ। ਇਹ ਗੱਲਾਂ ਆਪ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਆਦਿ ਸਿੱਖ ਸ਼ਹੀਦਾਂ ਦੇ ਹਾਲਾਤ ਤੋਂ ਸਮਝ ਸਕਦੇ ਹੋ। ਮੇਰੇ ਖਿਆਲ ਵਿਚ ਹੁਣ ਮੈਂ ਸਪਸ਼ਟ ਕਰ ਦਿਤਾ ਹੈ ਕਿ ਕੀਕੂੰ ਸ਼ਾਂਤਿ ਰਸ ਵਾਲੇ 'ਕੇਵਲ ਉਪਕਾਰ ਖਾਤਰ ਬੀਰ ਰਸ ਵਿਚ ਆਕੇ' ਅਪਣੇ ਬੰਦਗੀ ਦੇ ਖੇੜੇ ਵਿਚੋਂ ਡਿੱਗ ਕੇ ਤਾਮਸੀ ਯਾ ਤਮੋਗੁਣ ਦੇ ਅਧੀਨ ਨਹੀਂ ਹੋ ਜਾਂਦੇ। ਜੇ ਹੋ ਜਾਣ 'ਤਾਂ ਗੁਰੂ ਆਦਰਸ਼ ਤੋਂ ਦੂਰ ਜਾ ਪਏ।

ਅਪਣੇ ਮੂੰਹੋਂ ਅਪਣੀ ਮਹਿੰਮਾ ਨਹੀਂ ਫਬਦੀ, ਪਰ ਅਜੇ ਬੀ ਸਿੱਖਾਂ ਵਿਚ ਨਮੂਨੇ ਹਨ। ਮੇਰੇ ਦੇਖਦੇ ਇਕ ਭਜਨ ਵਾਲੇ ਸਿੰਘ ਜੀ ਦੇ ਹੱਥ ਤੇ ਨਿੰਮ ਦਾ ਦਰਖਤ ਆ ਪਿਆ। ਹੱਥ ਹੇਠਾਂ ਦੱਬਿਆ ਪਿਆ ਹੈ ਮਾਸ ਹੱਡੀਆਂ ਚਿਥੜ ਗਈਆਂ ਹਨ ਤੇ ਆਪ ਖਿੜੇ ਮੱਥੇ ਕਹਿ ਰਹੇ ਹਨ, 'ਸਿੰਘ ਜੀ ! ਜ਼ਰਾ ਇਹ ਮੁੱਢ ਚਾ ਦੇਣਾ, ਮੇਰਾ ਹੱਥ ਹੇਠਾਂ ਅਨੰਦ ਖੇੜ ਰਿਹਾ ਹੈ।' ਤੇ ਜਦੋਂ ਆਪ ਦਾ ਜ਼ਖਮ ਡਾਕਟਰ ਮੱਲੋ ਮੱਲੀ ਆ ਕੇ ਬੰਨ੍ਹਣ ਸੀਉਣ ਲੱਗਾ ਤਾਂ ਕਲੋਰੋਫਾਰਮ ਸੁੰਘਣੋਂ ਯਾ ਲੇਟਣੋਂ ਆਪ ਨੇ ਨਾਂਹ

*ਬੀਰ ਰਸ ਵਿਚ ਜੋ ਕ੍ਰੋਧ ਕਦੇ ਆ ਜਾਂਦਾ ਹੈ ਉਹ 'ਸੰਚਾਰੀ' ਹੁੰਦਾ ਹੈ, 'ਸਥਾਈ' ਨਹੀਂ ਹੁੰਦਾ। ਹਾਂ, ਰੌਦ੍ਰ ਰਸ ਦਾ ਸਥਾਈ ਕ੍ਰੋਧ ਹੈ।

ਕੀਤੀ, ਉਸੇਤਰ੍ਹਾਂ ਖਿੜੇਮੱਥੇ ਸਭ ਕੁਛਕਰਵਾਲਿਆ।

ਸੂਫੀ–ਠੀਕ ਹੈ! ਮੈਂ ਇਕ ਨਾਮ ਵਾਲੇ ਫੌਜੀ ਸਿੰਘ ਦੇ ਪੱਟ ਦੀ ਹੱਡੀ ਦਾ ਔਪ੍ਰੇਸ਼ਨ ਡਿੱਠਾ ਸੀ, ਆਪ ਬੀ ਖਿੜੇ ਮੱਥੇ ਕਰਵਾ ਗਏ ਸਨ।

ਇਸ ਵੇਲੇ ਇਕ ਝੁੱਕਲ ਮਾਰਕੇ ਲੰਟਿਆ ਪਿਆ ਆਦਮੀ ਉੱਠ ਬੈਠਾ, ਇਸ ਦੇ ਕਪੜੇ ਭਗਵੇ ਸਨ, ਰੰਗ ਪਿੱਲਾ ਭੂਕ ਸੀ ਤੇ ਅੱਖਾਂ ਕੁਛ ਥੱਲੇ ਲੱਥੀਆਂ ਹੋਈਆਂ ਸਨ, ਆਖਣ ਲੱਗਾ:–

ਸਿੰਘ ਜੀ! ਅਨੰਦ ਤਾਂ ਬਹੁਤ ਆਇਆ ਔਰ ਮੇਰੇ ਵੀ ਕੁਛ ਭਰਮ ਨਵਿਰਤ ਹੋ ਗਏ, ਪਰ ਇਹ ਤਾਂ ਦੱਸੋ, ਮਨ ਇਕ ਖਿਨ ਵਿਚ ਬ੍ਰਹਮਾਕਾਰ ਔਰ ਸੰਸਾਰਾਕਾਰ ਕਿਸ ਤਰ੍ਹਾਂ ਰਹਿ ਸਕਦਾ ਹੈ?

ਸਿੰਘ ਜੀ–'ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ॥'

ਸਾਰੇ ਹੱਸ ਪਏ ਤੇ

ਸੂਫੀ ਜੀ–ਬਹੁਤ ਠੀਕ।

ਸਾਧੂ–ਮੈਂ ਨਹੀਂ ਸਮਝਿਆ ਜੇ! ਮੈਂ ਹੁੱਜਤਾਂ ਨਹੀਂ ਕਰ ਰਿਹਾ। ਸਿੰਘ ਜੀ! ਹੈ ਤਾਂ ਸ਼ਰਮ ਦੀ ਗੱਲ ਕਿ ਮੇਰੇ ਕੱਪੜੇ ਭਗਵੇ ਹਨ ਤੇ ਮੈਂ ਗ੍ਰਿਹਸਤੀਆਂ ਤੋਂ ਪੁੱਛਦਾ ਹਾਂ, ਪਰ ਮੈਂ ਉਮਰ ਦਾ ਚੋਰ ਹਿੱਸਾ ਗਾਲਿਆ ਹੈ ਤੇ ਮੈਂ ਸੁਖੀ ਨਹੀਂ, ਆਪ ਦੇ ਬਚਨ ਬਹੁਤ ਸੁਖਦਾਈ ਲੱਗੇ ਹਨ, ਇਸ ਕਰਕੇ ਚਾਹੁੰਦਾ ਹਾਂ ਕਿ ਜੇ ਸੰਸਾ ਸਾਰਾ ਹਟ ਜਾਏ ਤਾਂ ਜਨਮ ਬਿਰਥਾ ਨਾ ਜਾਏ।

ਸਿੰਘ ਜੀ–ਸੂਰੇ ਸਤਿਗੁਰੂ ਦੀ ਸ਼ਰਨ ਲਓ, ਲੱਗਿਆਂ ਹੋਇਆਂ ਦੀ ਸੰਗਤ ਕਰੋ, ਅਣਲੱਗਿਆਂ ਦੀ ਸੁਹਬਤ ਛੱਡੋ।..... (ਸੋਚਕੇ)

ਗੱਲ ਸੰਤ ਜੀ ਇਹ ਹੈ, ਕਿ ਤੁਹਾਡੇ ਸਾਡੇ ਖਿਆਲਾਂ ਵਿਚ ਇਕ ਮੁੱਢ ਦਾ ਫਰਕ ਹੈ। ਤੁਹਾਡੀ ਵਿਦਯਾ ਇਹ ਸਿਖਾਉਂਦੀ ਹੈ ਕਿ ਚੇਤਨ ਤੇ ਜੜ੍ਹ ਯਾ ਰੂਹ ਤੇ ਮਾਦਾ ਕਿਸੇ ਇਤਫ਼ਾਕ ਨਾਲਯਾਸੁਤੇ ਹੀ ਕੱਠੇ ਹੋ ਗਏ ਹਨ। ਇਨ੍ਹਾਂ ਦੇ ਮੇਲ ਤੋਂ ਸੰਸਾਰ ਹੈ, ਤੇ ਸੰਸਾਰ ਦੁੱਖ ਰੂਪ ਹੈ। ਇਸ ਦੁੱਖ ਤੋਂ ਛੁਟਕਾਰਾ ਤਾਂ ਹੈ ਜੇ ਏਹ ਜੜ੍ਹ ਚੇਤਨ ਅੱਡ ਅੱਡ ਹੋ ਜਾਣ। ਚਾਹੋ ਇਹ ਦੋਇ ਸਤ ਹਨ, ਚਾਹੋ ਜੜ ਭਰਮ ਮਾਤ੍ਰ ਹੈ, ਗੱਲ ਓਥੇ ਹੀ ਰਹਿੰਦੀ ਹੈ! ਇਸ ਲਈ ਜਗਤ ਤੋਂ ਉਪ੍ਰਾਮਤਾ, ਪਰੇ ਰਹਿਣਾ ਆਦਿਕ ਭਾਵ ਤੁਸੀਂ ਧਾਰਦੇ ਹੋ, ਜੋ ਬਹੁਤੀ ਵੇਰ ਲੁੱਘੀ ਉਦਾਸੀ ਬਣਕੇ ਵੱਝ ਜਾਂਦੇ ਹਨ।ਇਸ ਕਰਕੇ ਤੁਸੀਂ ਹਠ ਤਪ ਕਰਦੇ ਉਦਾਸ ਤੇ ਦਿਲਗੀਰੀ ਵਿਚ ਫਸ ਜਾਂਦੇ ਹੋ।

ਅਸੀਂ ਸਮਝਦੇ ਹਾਂ ਕਿ ਸੰਸਾਰ ਕਿਸੇ ਰਚਨਹਾਰ ਨੇ ਰਚਿਆ ਹੈ ਅਰ ਉਹ ਪਿਆਰ ਕਰਨ ਵਾਲਾ ਹੈ। ਸੰਸਾਰ ਵਿਚ ਦੁੱਖ ਜ਼ਰੂਰ ਹੈ,ਏਥੇ ਅਸੀਂ ਤੁਸਾਂ ਨਾਲ ਸਮਤੀ ਰੱਖਦੇਹਾਂ, ਪਰ ਦੁੱਖ ਰਚਨਹਾਰ ਨੇ ਨਹੀਂ ਬਣਾਇਆ,ਦੁੱਖ ਇਸ ਕਰਕੇ ਹੈਕਿ ਅਸੀਂ ਅਪਣੇ ਕਰਤਾਰ ਤੋਂ ਵਿਛੁੜ ਰਹੇ ਤੇ ਭੁੱਲੀ ਪੈ ਗਏ ਵਾਂਙੂ ਹਾਂ*। ਜੀਕੂੰ ਮੇਲੇ ਤੇ ਮਾਤਾ ਦੇ ਨਾਲ ਗਿਆਂ ਬਾਲ ਮਾਂ ਤੋਂ ਵਿੱਛੁੜ ਕੇ ਦੁੱਖ ਪਾਉਂਦਾ ਹੈ। ਮਾਂ ਤੇ ਮੇਲਾ ਦੁੱਖ ਰੂਪ ਨਹੀਂ ਸਨ, ਦੁੱਖ ਮਾਂ ਤੋਂ ਵਿੱਛੁੜਨਾ ਸੀ। ਸੰਸਾਰ ਦੁਖੀ ਇਸ ਲਈ ਹੈ ਕਿ ਕਰਤਾਰ ਤੋਂ ਵਿੱਛੁੜ ਗਿਆ ਹੈ। ਜੇ ਅਸੀਂ ਵਾਹਿਗੁਰੂ ਨਾਲਲੱਗੇ ਰਹੀਏ,ਅੰਦਰ ਦੀ ਲਗਨ ਕਰਤਾਪੁਰਖ ਵਲ ਰਹੇ ਤੇ ਦਿੱਸਦਾ ਜਗਤ ਉਸ ਦਾ ਅਖਾੜਾ, ਮੇਲਾ, ਖੇਲ ਵੇਖੀਏ, ਫੇਰ ਦੁੱਖ ਨਹੀਂ। ਅਸੀਂ ਸਮਝਦੇ ਹਾਂ ਕਿ ਮੇਲੇ ਦੇ ਵਿਚ ਫਿਰਨਾ, ਪਰ ਮਾਂ ਦੀ ਉਂਗਲ ਨਾ ਛੱਡਣੀ ਇਸ ਵਿਚ ਮੇਲਾ ਸੁਖ ਰੂਪ ਹੈ, ਪਰ ਮਾਂ ਦੀ ਉਂਗਲ ਛੱਡਕੇ ਭੁੱਲੀ ਪੈਕੇ ਮੇਲੇ ਵਿਚ ਰੁੱਝ ਜਾਣਾ ਤੇ ਰੁਲ ਜਾਣਾ ਇਹ ਦੁੱਖ ਰੂਪ ਹੈ ਤੇ ਸਾਰੇ ਦੁੱਖਾਂ ਦਾ ਮੂਲ ਕਾਰਣ ਹੈ। ਸੋ ਅਸੀਂ ਦੁੱਖ ਦੀ ਨਵਿਰਤੀ ਇਸ ਵਿਚ ਸਮਝਦੇ ਹਾਂ ਕਿ ਕਿਵੇਂ ਮਾਂ ਦੀ ਉਂਗਲ ਫੇਰ ਲੱਭ ਪਵੇ ਤੇ ਉਹ ਸਾਨੂੰ ਆਪਣੇ ਸਤਿਸੰਗ ਵਿਚੋਂ ਲੱਭ ਪੈਂਦੀ ਹੈ, ਕਿਉਂਕਿ ਜਿਨ੍ਹਾਂ ਮਾਂ ਦੀ ਉਂਗਲ ਫੜੀ ਹੋਈ ਹੈ ਓਹ ਸਾਨੂੰ ਬੀ ਫੜਾ ਦੇਂਦੇ ਹਨ ਤੇ ਆਖਦੇ ਹਨ ਅੰਦਰਲੇ ਦੀ ਲਗਨ ਹਰਦਮ ਉਸ ਦੀ ਯਾਦ ਵਿਚ ਰੱਖੋ। ਮਨ ਦਾ ਝੁਕਾਉ, (ਮਨ ਦਾ ਰੁਖ, ਮਨ ਦੀ ਲਗਨ, ਮਨ ਦਾ ਲਗਾਉ) ਵਾਹਿਗੁਰੂ ਨਾਲ ਰਖੋ। ਇਹ ਮਾਂ ਦੀ ਉਂਗਲ ਫੜਨੀ ਹੈ, ਬਾਹਰਲਾ ਜਗਤ ਮੇਲਾ ਹੈ, ਜਿਸਦੀ ਸੈਰ ਤਮਾਸ਼ੇ ਲਈ ਤੇ ਜਿਸਤੋਂ ਕੁਛ ਸਿੱਖਣ ਕੁਛ ਖੱਟਣ ਲਈ ਅਸੀਂ ਆਏ ਹਾਂ।ਮੇਲੇ ਵਿਚ ਅਪਣਾ ਰਹਿਣਾ

*ਦੁਖ ਦੇ ਵਿਸ਼ਯ ਤੇ ਹੋਰ ਵਿਸਥਾਰ ਸਮਝਣ ਲਈ ਵੇਖੋ ਵੈਦਗੀ ਸਮੀਰ ਵਾਲਾ ਪ੍ਰਸੰਗ ਇਸੇ ਪੁਸਤਕ ਦਾ।

ਅਸੀਂ ਅਟੱਲ ਨਹੀਂ ਸਮਝਦੇ। ਬਾਹਰ ਜੋ ਸਾਡਾ ਵਰਤਾਰਾ ਹੈ ਉਹ ਹੈ ਪ੍ਰੇਮ, ਸੋ ਅਸੀਂ ਰਹਿੰਦੇ ਹਾਂ 'ਯਾਦ ਵਿਚ, 'ਧਯਾਨ' ਵਿਚ' 'ਖਿੱਚ' ਵਿਚ ਤੇ ਇਸ ਕਰਕੇ ਰਹਿੰਦੇ ਹਾਂ ਖਿਲੇ ਕੌਲ ਫੁਲ ਵਾਂਙੂ ਖਿੜੇ ਤੇ ਖੁਸ਼ ਪਰ ਸ਼ਾਂਤੀ, ਠੰਢ, ਰਸ ਵਿਚ ਟਿਕੇ ਹੋਏ।ਬਾਹਰ ਲੋਕਾਂ ਨਾਲ ਅਸੀਂ ਵਰਤਦੇ ਹਾਂ 'ਸਰਬੱਤ ਕਾ ਭਲਾ'। ਜਦੋਂ ਲੋੜ ਆ ਪੈਂਦੀ ਹੈ ਕਿ ਅਸੀਂ ਔਰੰਗਜ਼ੇਬ ਨੂੰ ਮਜ਼ਬੀ ਆਜ਼ਾਦੀ ਲਈ ਸਮਝਾਈਏ, ਤਾਂ ਮਾਂ ਦੀ ਉਂਗਲ ਫੜੇ ਹੋਏ ਵਾਂਙੂ ਜਾਕੇ ਮੱਤ ਦੇਂਦੇ ਹਾਂ। ਉਹ ਸਾਡਾ ਸੀਸ ਉਤਾਰਦਾ ਹੈ, ਅਸੀਂ ਉਸ ਵੇਲੇ ਬੀ ਮਾਂ ਦੀ ਉਂਗਲ ਫੜੀ ਮਾਂ ਦੇ ਪਿਆਰ ਵਿਚ ਹਸਦੇ ਹਾਂ ਤੇ ਜਲਾਦ ਨੂੰ ਮਖੌਲ ਕਰਦੇ ਹਾਂ। ਸੀਸ ਉੱਡ ਜਾਂਦਾ ਹੈ, ਪਰ ਅਸੂਲ (ਸਿਰਰ) ਕਾਇਮ ਰਹਿੰਦਾ ਹੈ। ਜੇ ਸਾਨੂੰ ਹੁਕਮ ਆਉਂਦਾ ਹੈ ਕਿ ਜ਼ਾਲਮ ਦਾ ਪਿੱਛਾ ਕਰੋ,ਤਾਂ ਅਸੀਂ ਅਟਕ ਤੇ ਜਾ ਕੇ ਕਈ ਸੀਸ ਭੇਟਾ ਕਰਕੇ ੨੧ ਸੌ ਅਬਲਾਛੁਡਾ ਲਿਆਉਂਦੇ ਹਾਂ,ਘਰੋ ਘਰੀ ਪੁਚਾਉਂਦੇ ਹਾਂ,ਪਰ ਖੁਸ਼ ਇਸਗਲ ਵਿਚ ਹਾਂਕਿ ਅਸੀਂ ਆਪਣੀ ਮਾਂ ਦੀ ਉਂਗਲ ਫੜੀ ਹੋਣ ਦੇ ਰੰਗ ਵਿਚ ਹਾਂ। ਏਹ ਸਭ ਕੰਮ ਕਰਨੇ ਤੇ ਸੇਵਾ ਉਪਕਾਰ ਕਰਨੇ,ਸਾਡੀਆਂ ਖੇਡਾਂ ਹਨ। ਅਸੀਂ ਸੀਸ ਦੇਣਾ, ਮਰ ਜਾਣਾ, ਜੰਗ ਕਰਨਾ, ਯਾ ਭਲਾ ਕਰਨਾ—ਜਮਾਲ ਵਿਚ ਕਿ ਜਲਾਲ ਵਿਚ—ਸਦਾ ਇਹ ਸਮਝਦੇ ਹਾਂ ਕਿ ਹੁਕਮ ਦੀ ਕਾਰ ਕਮਾ ਰਹੇ ਹਾਂ। ਇਹ ਨਾਂ ਦਿਲਗੀਰੀ ਦਾ ਥਾਂ ਹੈ ਨਾ ਦਿਲ ਦੀ ਖੁਸ਼ੀ ਦਾ। ਨਾ ਹੱਸਣ ਦਾ ਥਾਂ ਹੈ ਨਾ ਰੋਣਦਾ।ਸਾਡੇ ਹੱਥਮਾਂ ਦੀਉਂਗਲ ਫੜੀ ਹੋਈ ਹੈ, ਇਸ ਕਰਕੇ ਅਸੀਂ ਪੱਕੇ ਤੇ ਸੱਚੇ ਟਿਕਾਣੇ ਹਾਂ, ਇਹ ਟਿਕਾਣਾ ਖੁਸ਼ੀ ਦਾ ਹੈ। ਉਂਗਲ ਫੜੀ ਮੇਲੇ ਵਿਚ ਟੁਰਦੇ ਹਾਂ ਤਾਂ ਸਭ ਰੰਗ 'ਮਾਂ ਦੀ ਉਂਗਲ ਫੜੀ ਦੇ ਨਾਜ਼, ਫ਼ਖ਼ਰ ਤੇ ਭਰੋਸੇ ਵਿਚ' ਹੁਕਮ ਜਾਣਕੇ ਮਾਣਦੇ ਹਾਂ।

ਤੁਸੀਂ ਦਿਲਗੀਰ ਹੋ, ਤੁਸਾਂ ਆਪ ਜੜ੍ਹ ਚੇਤਨ ਨੂੰ ਤੋੜਨਾ, ਵੱਖ ਵੱਖ ਕਰਨਾ ਹੈ। ਰੱਬ ਤੁਸਾਡਾ ਯਾ ਤਾਂ ਹੈ ਨਹੀਂ, ਜੇ ਹੈ ਤਾਂ ਕਰਤਾਰ ਨਹੀਂ, ਜੇ ਕਿਸੇ ਸੂਰਤ ਵਿਚ ਕਰਤਾ ਹੈ ਤਾਂ ਉਹ ਤੁਸਾਂ ਲਈ ਕਰਤਾ ਪੁਰਖ ਨਹੀਂ। ਜੇ ਤੁਸੀਂ ਕਿਸੇ ਸ਼ਕਲ ਵਿਚ ਉਸਦਾ ਹੋਣਾ ਕਹਿੰਦੇ ਹੋ ਤਾਂ ਫੇਰ ਆਖ ਦੇਂਦੇ ਹੋ ਅਸੀਂ ਆਪ ਹੀ ਓਹੋ ਹਾਂ। ਤੁਸੀਂ ਕਦੇ ਪ੍ਰੇਮ ਤੇ ਉਮਾਹ ਵਿਚ ਆ ਕੇ ਨਹੀਂ ਗਾਵੋ:—

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ ॥ ੧ ॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥
ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ ॥
ਤੁਝ ਬਿਨੁ ਦੂਜਾ ਅਵਰੁ ਨ ਕੋਈ
ਸਭੁ ਤੇਰਾ ਖੇਲੁ ਅਖਾੜਾ ਜੀਉ ॥ ੨ ॥

ਸੋ ਤੁਸਾਂ ਲਈ ਇਹ ਸਮਝਣਾ ਕਠਨ ਹੈ ਕਿ ਇਕੋ ਵਕ਼ਤ 'ਰੱਬ ਯਾਦ' ਤੇ 'ਖੜਗ ਹੱਥ' ਕੀਕੂੰ ਨਿਭ ਸਕਦੇ ਹਨ? ਮਾਫ ਕਰਨਾ ਮੈਂ ਰਤਾ ਪੰਚਮ ਸੁਰ ਵਿਚ ਗੱਲਾਂ ਕਰਦਾ ਰਿਹਾ ਹਾਂ। ਇਹ ਹੰਕਾਰ ਵਿਚ ਨਹੀਂ, ਪਰ'ਮਾਂ ਦੀ ਉਂਗਲ' ਫੜੀ ਦੀ ਗੱਲ ਕਰਦਿਆਂ ਮੇਰੇ ਅੰਦਰ ਮਾਂ ਦੇ ਪਿਆਰ ਦਾ ਨਖ਼ਰਾ ਵਧ ਗਿਆ ਸੀ ਕਿ ਧੰਨ ਗੁਰੂ ਨਾਨਕ ਕਲਗੀਆਂ ਵਾਲਾ ਗੁਰੂ ਗੋਬਿੰਦ ਸਿੰਘ, ਜਿਸਨੇ ਸਾਨੂੰ ਦਿਲਗੀਰੀ ਤੋਂ ਕੱਢ ਕੇ ਖੇੜੇ ਵਿਚ ਲੈ ਆਂਦਾ! ਸੋ ਸੰਤ ਜੀ! ਮੈਂ ਕਹੇ ਬਿਨ ਰਹਿ ਨਹੀਂ ਸਕਦਾ ਕਿ ਜੇ ਆਪ ਅਪਣੇ ਨੁਕਤਾ ਖਿਆਲ ਨੂੰ ਬਦਲੋ ਤੇ ਮੇਰੇ ਨੁਕਤਾ ਖਿਆਲ ਵਿਚ ਆਓ ਤਾਂ ਤੁਸੀਂ ਖੁਸ਼ ਰਹਿ ਸਕਦੇ ਹੋ ਅਰ ਮਾਂ ਦੀ ਉਂਗਲ ਫੜੀ ਰੱਖਕੇ ਮਾਂ ਦੇ ਨਾਲ ਨਾਲ ਮੇਲੇ ਦੇ ਸਾਰੇ ਰੰਗ ਦੇਖ ਮਾਣ ਸਕਦੇ ਹੋ, ਤੇ ਮਾਂ ਦੀ ਛਾਂ ਹੇਠ ਅਲੇਪ ਰਹਿਕੇ ਮਾਂ ਨਾਲ ਆਏ, ਮਾਂ ਨਾਲ ਰਹੇ ਤੇ ਮਾਂ ਨਾਲ ਹੀ ਘਰਾਂ ਨੂੰ ਏਸ ਮੇਲੇ ਤੋਂ ਚਲੇ ਗਏ ਦੀ ਸੱਚੀ ਅਲੇ-ਪਤਾ ਪ੍ਰਾਪਤ ਕਰ ਸਕਦੇ ਹੋ, ਸੋ ਐਉਂ ਅਪਰਸ ਬੀ ਰਹਿ ਸਕਦੇ ਹੋ।

ਐਨਕ ਵਾਲਾ—ਸਿੰਘ ਜੀ! ਮੇਰਾ ਲੂੰ ਲੂੰ ਆਪ ਤੋਂ ਸਦਕੇ ਹੈ। ਮੈਂ ਅੱਜ 'ਸ਼ਾਪਨ-ਹਜ਼ੂਰ' ਦੀ 'ਸਨਿ-ਆਸ' ਦੀ ਬੀਉ੍ਰੀ ਕਲਿਆਨ ਦੀ ਪ੍ਰਾਪਤੀ ਵਾਸਤੇ ਪੜ੍ਹਕੇ ਬੜਾ ਦਿਲਗੀਰ ਸਾਂ। ਆਪ ਨੇ ਬੜੇ ਸੌਖੇ ਤ੍ਰੀਕੇ ਨਾਲ ਗੁਰੂ ਗੋਬਿੰਦ ਸਿੰਘ ਦਾ ਆਦਰਸ਼ (Ideal) ਸਮਝਾਇਆ ਹੈ। ਮੈਂ ਗੁਰੂ ਦੇ ਨਾਮ ਤੋਂ ਸਦਕੇ ਹੋਣ ਵਾਲਾ ਸਾਂ, ਪਰ ਮੈਨੂੰ ਪਤਾ ਨਹੀਂ ਸੀ ਲਗਦਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਆਦ-

ਰਸ਼ (Ideal) ਕੀਹ ਸੀ ? ਮੈਂ ਉਨ੍ਹਾਂ ਨੂੰ ਸਾਂਖ, ਯੋਗ ਵੇਦਾਂਤ ਦੇ ਨੁਕਤੇ ਤੋਂ, ਫੇਰ ਕੈਂਟ ਦੇ ਨੁਕਤੇ ਤੋਂ, ਫੇਰ ਦੁਨੀਆਂ ਦੇ ਜੋਧੇ ਸਿਕੰਦਰ ਨਿਪੋਲੀਅਨ ਦੇ ਨਕਤੇ ਤੋਂ ਤੱਕਦਾ ਸਾਂ ਤੇ ਸਮਝਣ ਵਿਚ ਨਾ-ਕਾਮਯਾਬ ਹੁੰਦਾ ਸਾਂ, ਪਰ ਅੱਜ ਮੈਨੂੰ ਉਸ ਆਦਰਸ਼ (Ideal) ਦੀ ਸਮਝ ਆ ਗਈ ਹੈ ਕਿ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਹੈ।

ਸਿੰਘ ਜੀ—ਗੱਲ ਲੰਮੀ ਤੇ ਅਲ੍ਹਣੇ ਪਾਸੇ ਚਲੀ ਜਾਂਦੀ ਹੈ। ਤੁਸਾਂ ਨੇ 'ਕੈਂਟ' ਆਦਿ ਪੜ੍ਹੇ ਹਨ। ਤੁਸਾਨੂੰ ਅਸਥੈਟਿਕਸ (ਰਸ) ਦੀ ਸਮਝ ਆਈ ਹੋਊ, ਤੁਸਾਂ ਟ੍ਰੈਂਸਡੈਂਟਲ ਹਾਲਤ ਕੁਛ ਸਮਝੀ ਹੋਊ ਤੇ ਨਾਲ ਸੰਨਜਾਸ ਦੀ ਅਵੱਸ਼ਜਕਤਾ ਪੜ੍ਹੀ ਹੋਊ ਪਰ ਤੁਸੀਂ ਸੁਖੀ ਨਹੀਂ ਹੋਏ।

ਪਰ ਸ਼ਤਿਤੁਰ ਦੀ ਇਸ ਸਾਦਗੀ ਨੂੰ ਸਮਝੋ ਤੇ ਈਮਾਨ ਲਿਆਓ ਅਕਾਲ ਪੁਰਖ ਤੇ; ਈਮਾਨ ਲਿਆਓ ਕਿ ਉਹ ਕਰਤਾ ਪੁਰਖ ਹੈ, ਅਰ ਅਲੇਪ ਕਰਤਾ ਪੁਰਖ ਹੈ; ਈਮਾਨ ਲਿਆਓ ਕਿ ਉਹ ਪ੍ਰੇਮ ਹੈ, ਈਮਾਨ ਲਿਆਓ ਕਿ ਅੰਦਰਲੇ ਦੇ ਅੰਦਰ ਹੈ ਤੇ ਬਾਹਰਦੇ ਹਰ ਰਗਰੇਸ਼ੇ ਵਿਚ ਹੈ; ਈਮਾਨ ਲਿਆਓ ਕਿ ਅੰਦਰੋਂ ਉਸ ਦੀ ਠਾਹਰ, ਟੇਕ ਅਸਾਂ ਨਹੀਂ ਛੱਡਣੀ। ਹਰਦਮ, ਹਰ ਛਿਨ ਅੰਦਰੋਂ ਉਸ ਨੂੰ ਯਾਦ ਨਾਲ, ਧਿਆਨ ਨਾਲ, ਪਿਆਰ ਨਾਲ ਫੜੀ ਰੱਖਣਾ ਹੈ। ਗੱਲ ਕੀਹ, ਮਨ ਦਾ ਲਗਾਉ* ਹਰ ਵੇਲੇ ਵਾਹਿ-ਗੁਰੂ ਮੁਖੀ ਕਰੀ ਰੱਖੋ। ਹਾਂ, ਮਨ ਦਾ ਲਗਾਉ ਸਦਾ ਬ੍ਰਹਮੰਡ ਦੇ ਕੇਂਦਰ ਵਲ ਮੁਖੀਆ ਰੱਖੋ। ਇਉਂ ਅੰਦਰਲੇ ਦਾ ਰੰਗ ਜਮਾ ਕੇ ਸੰਸਾਰ ਵਿਚ ਵਿਚਰੋ ਫੇਰ ਦੇਖੋ ਕਿ ਤੁਸੀਂ ਜੀਉਂਦੇ ਹੀ ਰਸ ਵਿਚ, ਵਿਸ-ਮਾਦ ਵਿਚ, ਖੇੜੇ ਵਿਚ ਆਉਂਦੇ ਹੋ ਕਿ ਨਹੀਂ। ਪਰ ਬਾਬਾ ! ਇਹ ਰੰਗ ਦਮਬਦਮ ਸਾਈਂ ਨੂੰ ਯਾਦ ਕੀਤਿਆਂ ਜੰਮਦਾ ਹੈ। ਅਤੇ ਇਹ 'ਯਾਦ' ਯਾਦ ਕਰਨ-ਹਾਰਿਆਂ ਦਾ ਸਤਿਸੰਗ ਕੀਤਿਆਂ ਪੱਕਦੀ ਹੈ। ਭੁੱਲੇ ਹੋਇਆਂ ਦਾ ਸੰਗ ਕੁਸੰਗ ਹੈ, ਭੁੱਲੇ ਹੋਏ ਲੋਗ 'ਲਗਾ-ਤਾਰ ਅੰਦਰਲੇ ਦੇ ਅਨੰਤ ਵਲ ਲਗਾਉ ਨੂੰ' ਤੋੜ ਦੇ ਹਨ, ਪਰ ਹਾਂ, ਇਨ੍ਹਾਂ ਦਾ ਕੁਸੰਗ ਅਸਰ ਨਹੀਂ ਕਰੇਗਾ, ਜੇ ਤੁਸੀਂ ਮਾਂ ਦੀ ਉਂਗਲ ਫੜੀ ਰੱਖੀ ਤਾਂ।

ਸਾਧੂ—ਬਹੁਤ ਠੀਕ ਹੈ, ਪਰ ਮੈਨੂੰ ਸੰਸੇ ਫੁਰਦੇ ਹਨ, ਜੋ ਕਰਤਾ ਪੁਰਖ ਹੋਇਗਾ ਉਹ ਕਰਤਾਰ ਹੋਣ ਵਿਚ ਵਿਕਾਰੀ ਹੋ ਜਾਊ। ਇਹੋ ਜਿਹੇ ਦਲੀਲੀ ਸੰਸੇ ਸਾਰੇ ਜਾਣਦੇ ਹੀ ਹੋ ਤੇ ਇਸ਼ਾਰੇ ਨਾਲ ਉੱਤਰ ਕਹਿ ਚੁੱਕੇ ਹੋ।

ਸਿੰਘ—ਇੱਕੋ ਉੱਤਰ ਹੈ, ਬਾਬਾ ! ਰੱਬ ਹੈ ਬੇਹੱਦ, ਹਦ ਬੰਨੇ ਤੋਂ ਪਾਰ, ਕੋਈ ਦੇਸ਼ ਥਾਂ ਵਿੱਚ ਉਸ ਨੂੰ ਨਹੀਂ ਬੰਨ੍ਹਦੀ ਹੈ, 'ਉਹ ਪੂਰਨ ਬ੍ਰਹਮ ਹੈ'। ਨਾ ਉਹ ਸਮੇਂ ਵਕਤ ਕਾਲ ਦੀ ਕੈਦ ਵਿਚ ਹੈ, 'ਉਹ ਪਾਰ-ਬ੍ਰਹਮ ਹੈ'। ਨਾ ਉਹ ਕਿਸੇ ਸਬੱਬ ਦੀ ਕੈਦ ਵਿਚ ਹੈ, ਉਹ 'ਪਰੇਬ੍ਰਹਮ ਹੈ'। ਜੋ 'ਦਲੀਲਾਂ' ਜੋ ਅੱਖਰ ਤੁਸੀਂ ਕਹਿੰਦੇ ਹੋ ਏਹ ਸਭ ਦੇਸ਼ ਕਾਲ ਵਿਚ ਕੀਤੇ ਹੋਏ ਅੱਖਰ ਹਨ, ਜਿਸ ਨੇ ਇਹ ਅੱਖਰ ਲਿਖੇ ਹਨ, ਏਹ ਅੱਖਰ ਉਸਦੇ ਸਿਰਤੇ ਹਾਵੀ ਨਹੀਂ ਹੋ ਸਕਦੇ। ਤੁਸੀਂ ਉਸ ਆਪ ਸੁਤੰਤ੍ਰ ਦੇ ਫਿਰ ਏਹ ਅੱਖਰ ਹਾਵੀ ਕਰਦੇ ਹੋ, ਤੁਹਾਡੀ ਭੁੱਲ (ਮਾਫ ਕਰਨਾ) ਇਹੋ ਹੈ ਕਿ ਆਪ ਤਾਂ 'ਦੇਸ਼ ਕਾਲ ਨਮਿੱਤ' ਤੋਂ ਬਿਨਾ ਸੋਚ ਕੁਛ ਨਹੀਂ ਸਕਦੇ ਤੇ ਇਸ ਕੈਦਣ ਬੁੱਧੀ ਨਾਲ ਪੈਮਾਨੇ ਪਰਬ੍ਰਹਮ ਨੂੰ ਸੋਚਣ ਦੇ ਬਣਾਉਂਦੇ ਹੋ? ਹੱਦ ਵਿਚ ਪਏ ਹੱਦ ਦਾ ਮਿਣਤੀ ਕਰਦੇ ਹੋ। ਈਮਾਨ ਲਿਆਓ ਕਿ ਉਹ ਜੋ ਬੇਅੰਤ ਹੈ, ਜਿਸ ਨੂੰ ਤੁਸੀਂ ਸਾਰੇ ਬੇਅੰਤ ਮੰਨਦੇ ਹੋ, ਉਸ ਦੇ ਰਚਨ ਦੇ ਤ੍ਰੀਕੇ, ਉਸ ਦੇ ਪਿਆਰ ਕਰਨ ਦੇ ਤ੍ਰੀਕੇ, ਉਸਦੇ ਸਾਰੇ ਕੰਮ ਬੇਅੰਤਤਾਈ ਦੇ ਕੰਮ ਹਨ, ਜੋ ਬੁੱਧੀ ਸਾਡੀ ਸਮਝ ਦੀ ਗੰਮਤਾ ਨਹੀਂ* । ਅਨੰਤ ਜਿਸ ਦਾ ਵਜੂਦ ਹੈ, ਉਸ ਦੇ ਕਰਨੇ ਬੀ ਅਨੰਤ ਹਨਾਂ, ਉਸ ਦੀ ਸ਼ਰਨ ਲਓ ਤਾਂ ਸੁਖ ਹੈ।

ਸੂਫੀ—ਵਾਹ ਸਿੰਘ ਜੀ ! ਕੈਸਾ ਈਮਾਨ ਹੈ। ਯਕੀਨੀ ਯਕੀਨ ਆਪਦਾ ਡਿੱਠਾ ਹੈ।

ਐਨਕ ਵਾਲਾ—ਮੈਂ ਖ਼ੁਦਗਰਜ਼ ਹਾਂ, ਸਿੰਘ ਜੀ ! ਮੈਨੂੰ ਗੁਰੂ ਗੋਬਿੰਦ ਸਿੰਘ ਦੇ ਆਦਰਸ਼ ਨੇ ਨਵੀਂ ਜਾਨ ਪਾ ਦਿੱਤੀ ਹੈ। ਅੱਜ ਮੈਨੂੰ ਫਿਲਾਸਫੀ ਦੀ ਬੀ ਸਮਝ ਆ ਗਈ ਹੈ। ਸਾਡੀ ਬੁੱਧੀ ਸਾਂਖ‡ ਅਰ ਕੈਂਟ ਦੁਹਾਂ ਆਦਿ ਅੰਤ ਫਿਲਾਸਫਰਾਂ ਦੇ ਕਹੇ

*Attitude of mind.

*ਅਪਨੇ ਕਰਤਬ ਜਾਨੈ ਆਪਿ ।। [ਸੁਖਮਨੀ
†ਸਚੇ ਤੇਰੇ ਕਰਣੇ ਸਰਬ ਵੀਚਾਰ ।। [ਆਸਾ ਮ: ੧
‡'ਬੁਧੀ' ਪ੍ਰਧਾਨ ਦੀ ਸ਼ੈ ਹੈ, ਪੁਰਖ ਦੀ ਸ਼ੈ ਨਹੀਂ'।

ਮੁਜਬ ਦੇਸ਼ ਕਾਲ ਨਮਿੱਤ ਵਾਲੀ ਹੈ* ਤੇ ਉਹ ਦੇਸ਼ ਕਾਲ ਨਮਿੱਤ ਤੋਂ ਬਾਹਰ ਹੈ, ਪਹੁੰਚ ਹੀ ਕਿੱਥੇ ? ਹਾਂ, ਵਿਸਮਾਦ ਵੇਲੇ ਅਸੀਂ ਸ਼ਰਨ ਦਾ ਸੁਖ ਮਾਣਦੇ ਹਾਂ। ਸੋ ਇਹ ਵਿਸਮਾਦ ਦਾ ਰੰਗ ਵੇਖਕੇ ਫੇਰ ਈਮਾਨ ਲਿਆਈਏ, ਅਰ ਇਹ ਈਮਾਨ ਲਿਆਈਏ ਕਿ ਉਸ ਦੇ ਕੰਮ ਯਾ ਅਕੰਮ, ਉਸਦੇ ਰੰਗ ਯਾ ਅਰੰਗ, ਉਸਦਾ ਰਚਨਾ ਕਿ ਮੇਟਣਾ, ਉਸ ਦਾ ਪਾਲਨਾ ਕਿ ਪ੍ਰੇਮ, ਸਾਡੇ ਵਰਗੀ ਨਹੀਂ ਜੋ ਓਸ ਨੂੰ ਵਿਕਾਰ ਆਦਿ ਕਹਿ ਸਕੀਏ। ਓਥੇ ਤਾਂ ਸਾਡੀ ਗਿਮਤਾ ਹੀ ਨਹੀਂ, ਉਹ ਅਗੰਮ ਹੈ। ਇਹੋ ਹੈ ਨਾ ਆਪਦਾ ਭਾਵ ?

ਸਿੰਘ—ਜੀ ਹਾਂ, ਦੇਖੋ ਗੁਰੂ ਜੀ ਦਾ ਫੁਰਮਾਣ ਹੈ—

ਸਚਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੋ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥ [ਜਪੁਜੀ ਸਾਹਿਬ

'ਉਸਦਾ' ਤੇ ਉਸ ਦੇ 'ਕਰਨਿਆਂ' ਦਾ ਕਥਨ ਅਕੱਥ ਹੈ। ਜਿਸਨੂੰ ਅਸੀਂ ਸਮਝ ਨਹੀਂ ਸਕਦੇ, ਜੋ ਬੇਅੰਤ ਤੇ ਅਮਿੱਤ ਹੈ, ਉਸਦੇ ਕਰਨਿਆਂ ਨੂੰ ਆਪਣੇ ਕਰਨਿਆਂ ਨਾਲ ਕਿਉਂ ਟੀਕਾ ਕਰਦੇ ਹਾਂ ? ਤੇ ਜੋ ਉਸਦੇ ਕਰਨਿਆਂ ਦੀ ਮਿੱਤ ਅਸੀਂ ਲਾਉਂਦੇ ਹਾਂ ਤਾਂ ਅਸੀਂ ਭੁੱਲ ਕਰਦੇ ਹਾਂ।

'ਹਰਿ ਬਿਅੰਤ ਹਉ ਮਿਤਿ ਕਰਿ ਵਰਨਉ
ਕਿਆ ਜਾਨਾ ਹੋਇ ਕੈਸੋ ਰੇ ॥

ਇਸ ਲਈ ਮਿੱਤਾਂ ਦੇ ਵਰਣਨ ਨਾ ਕਰੋ, ਇਹ ਸਭ ਭੁੱਲ ਹੋਏਗੀ।ਆਪਣੇ ਆਪਨੂੰ 'ਸੋਚ ਦੇ ਮੰਡਲ' ਤੋਂ ਉੱਚਾ ਕਰਕੇ 'ਰਸ ਤੇ ਵਿਸਮਾਦ' ਦੇ ਮੰਡਲ ਵਿਚ ਉੱਠੋ, ਜਿਥੇ ਤੁਹਾਡਾ ਮਨ ਮਰੇ, ਨਾਲ ਧਾਤ (ਮਾਇਆ) ਮਰੇ, ਤੇ ਆਤਮਾ ਤੁਸਾਡਾ ਉਸ ਅਨੰਤ ਨਾਲ ਛੁਹ ਪਾਵੇ ਤੇ ਇਉਂ ਕਰਦਿਆਂ ਸਮਾਂ ਆ ਜਾਵੇ ਕਿ ਉਹ ਅਨੰਤ ਤੁਹਾਨੂੰ ਆਪਣੇ ਅਨੰਤ ਵਿਚ ਖਿੱਚ ਲਵੇ। ਦੇਸ਼ ਕਾਲ ਨਮਿਤ ਨਾਲ ਜੋ ਵਰਣਨ ਹੁੰਦਾ ਹੈ, ਉਹ ਥੋ ਪੂਰਾ ਨਹੀਂ ਹੁੰਦਾ। ਕਾਲ ਕੋਈ ਵਸਤੂ ਨਹੀਂ ਫੇਰ ਕਾਲ ਹੈ, ਐਉਂ ਹੈ ਤੇ ਨਹੀਂ ਦੇ ਅਜਬ ਨਕਸ਼ੇ ਹਨ। ਦੇਸ਼ (ਵਿੱਥ)* ਹੈ, ਪਰ ਅਨੇਕ ਰੰਗ ਹਨ ਇਸਦੇ, ਖੰਡ ਮੰਡਲ ਬ੍ਰਹਮੰਡ ਲੋਕ ਤੇ ਅਕਾਸ਼ ਅਨੇਕ ਦਰਜਿਆਂ ਦੇ ਇਕ ਦੂਸਰੇ ਦੇ ਅੰਤਰਗਤ, ਪਰ ਸਾਡੇ ਇਸ ਗਿਆਨ ਤੋਂ ਪਰੇ, ਪਰ ਸਾਡੇ ਕੋਲਵਾਰ ਹੀ ਹਨ। ਏਅੰਤ ਹੈ ਆਪ; ਬੇਅੰਤ ਹੈ ਰਚਨਾਂ ਤੇ ਕੁਦਰਤ। ਸੋ ਬੇਅੰਤ ਦੀ 'ਸਿਫਤ ਸਲਾਹ' ਵਿਚ ਵੱਸੋ। ਅਗੰਮ ਵਿਸਮਾਦ ਹੈ, ਵਿਸਮਾਦ ਦਾ ਸਾਧਨ ਸਿਫਤ ਸਲਾਹ ਹੈ, ਸਿਫਤ ਸਲਾਹ ਦਾ ਸਾਧਨ ਕੀਰਤਨ ਤੇ ਉਸਦਾ ਸਿਮਰਨ ਹੈ।

ਅਨਕ ਵਾਲਾ—ਮੇਰੀ ਤਸੱਲੀ ਆਪ ਨੇ ਖੂਬ ਕੀਤੀ ਹੈ !

ਬਾਣੂ—ਸਿੰਘ ਜੀ ! ਪਰ ਮੈਂ ਅਜੇ ਕੁਛ ਮੋਟੀਆਂ ਮੋਟੀਆਂ ਗੱਲਾਂ ਕਰਨੀਆਂ ਹਨ।

ਆਪ ਕ੍ਰਿਪਾ ਕਰਕੇ ਇਹ ਦੱਸੋ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਦਾ ਉੱਦੇਸ਼ ਇਹ ਸੀ ਕਿ ਮੁਸਲਮਾਨ ਮਾਰ ਦਿੱਤੇ ਜਾਣ ?

ਸਿੰਘ ਜੀ—ਨਹੀਂ, ਵੈਰ ਤਾਂ ਉਨ੍ਹਾਂ ਦਾ ਕੰਮ ਹੀ ਨਹੀਂ ਸੀ, ਓਹ ਤਾਂ ਪ੍ਰੇਮ ਮੂਰਤ ਸਨ। ਉਨ੍ਹਾਂ ਨੇ 'ਧਰਮ ਦੀ ਸੁਤੰਤ੍ਰਤਾ' ਲਈ ਉਸ ਨਾਲ ਜੰਗ ਰਚਾਇਆ ਜੋ ਇਸਦਾ ਵੈਰੀ ਸੀ ਤੇ ਪਰਜਾ ਪਰ ਧੱਕਾ ਕਰਦਾ ਸੀ, ਇਹ ਇਤਫਾਕ ਦੀ ਗੱਲ ਹੈ ਕਿ ਉਹ ਮੁਸਲਮਾਨ ਸੀ। ਮਹਾਨ ਪੁਰਖ ਹਮੇਸ਼ਾਂ ਬਦੀ ਨਾਲ ਲੜਿਆ ਕਰਦੇ ਹਨ, ਬਦਾਂ ਨਾਲ ਉਨ੍ਹਾਂ ਦੇ ਅੰਦਰ ਕੀਨਾਂ ਨਹੀਂ ਹੁੰਦਾ, ਸੋ ਜਿੱਥੇ ਬਦੀ ਹੁੰਦੀ ਹੈ, ਉੱਥੇ ਉਨ੍ਹਾਂ ਦੇ ਤੀਰ ਵਜਦੇ ਹਨ। ਮੈਂ ਇਕ ਦੋ ਵਾਰਤਾ ਸੁਣਾਉਂਦਾ ਹਾਂ, ਜਿਸ ਤੋਂ ਸਾਫ ਹੋ ਜਾਏਗਾ ਕਿ ਉਨ੍ਹਾਂ ਦੇ ਜੁੱਧ 'ਧਰਮ' ਲਈ ਸਨ, ਜਹਾਦ ਵਾਂਙ ਕਿਸੇ ਕੌਮ ਦੇ ਬਰਖਿਲਾਫ ਬਹੈਸੀਅਤ ਕੌਮੀ ਜੁੱਧ ਨਹੀਂ ਸਨ। ਇਕ ਵੇਰ ਯੁੱਧ-ਮਚੇ ਵਿਚ ਗੁਰੂ ਜੀ ਪਾਸ ਸ਼ਿਕਾਇਤ ਆਈ ਕਿ ਭਾਈ ਕਨ੍ਹੱਯਾ ਮੈਦਾਨ ਜੰਗ ਵਿਚ ਮੁਸਲਮਾਨਾਂ ਨੂੰ ਬੀ ਪਾਣੀ ਪਿਲਾਉਂਦਾ ਫਿਰਦਾ ਹੈ, ਉਸਨੂੰ ਤਾੜਨਾ ਚਾਹੀਏ। ਗੁਰੂ ਜੀ ਹੱਸ ਪਏ, ਬੁਲਾਇਆ ਤੇ ਪੁੱਛਿਆ। ਭਾਈ ਕਨ੍ਹੱਯੇ ਨੇ ਜਵਾਬ ਦਿੱਤਾ ਕਿ ਹਜ਼ੂਰ ! ਆਪ ਦੀ

*ਸਾਡੇ ਮਨ ਦੀ apriory (ਮੂਲ ਉਪਾਧੀ) ਦੇਸ਼ ਕਾਲ ਨਮਿੱਤ ਹੈ, ਅਰਥਾਤ ਮਨ ਦ੍ਰਿਸ਼ਟਮਾਨ ਦੇ ਹਿੱਸੇ ਦੀ ਚੀਜ਼ ਹੈ।

*Space.

ਆਗਜਾ ਹੈ ਕਿ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥' ਅਰਥਾਤ ਮੈਂ ਜ਼ਖਮੀਆਂ ਦੀ, ਦੁਖੀਆਂ ਦੀ ਮੈਦਾਨ ਜੰਗ ਵਿਚ ਸੇਵਾ ਕਰਾਂ। ਸੋ ਜੋ ਦੁਖੀ ਮੇਰੀ ਸੇਵਾ ਦਾ ਲੋੜਵੰਦ ਹੁੰਦਾ ਹੈ,ਮੈਂ ਸੇਵਾ ਕਰਦਾ ਹਾਂ। ਮੈਂ, ਸੱਚੇ ਪਾਤਸ਼ਾਹ ! ਕੇਵਲ ਆਪਨੂੰ ਪਾਣੀ ਪਿਲਾ ਰਿਹਾ ਹਾਂ, ਆਪ ਦੇ ਬਖਸ਼ੇ ਨੈਣਾਂ ਨਾਲ ਨਾ ਹਿੰਦੂ ਦਿਸਦਾ ਹੈ ਨਾ ਮੁਸਲਮਾਨ, ਤੁਸੀਂ ਹੀ ਸਾਰੇ ਖੇਲਦੇ ਦਿਸਦੇ ਹੋ।

ਸੂਫੀ–ਸੁਬਹਾਨ ਅੱਲਾ, ਕਮਾਲ ਹੈ !

ਸਿੰਘ ਜੀ–ਗੁਰੂ ਜੀ ਨੇ ਕਨ੍ਹੱਯੇ ਨੂੰ ਗਲ ਲਾਇਆ, ਭਾਈ ਦਾ ਖ਼ਿਤਾਬ ਦਿਤਾ ਤੇ ਆਖਿਆ ਸ਼ ਬਾਸ਼ ! ਇਸੀ ਤਰ੍ਹਾਂ ਕਰੋ। ਇਹ ਭਾਈ ਕਨ੍ਹੱਯਾ ਜੰਗ ਵਿਚ ਜ਼ਖਮੀਆਂ ਦੀ ਸੇਵਾ ਕਰਨ ਦੇ ਕੰਮ ਪੂਰ ਜੱਥੇਦਾਰ ਸੀ*। ਸੋ ਇਸਦੀ ਸੰਪ੍ਰਦਾ ਟੁਰੀ, ਜ਼ਖਮੀਆਂ ਦੀ ਇਹ ਸੇਵਾ ਕਰਦੇ ਰਹੇ, ਤਦ ਤੋਂ ਉਨ੍ਹਾਂ ਵਿਚ ਸੇਵਾ ਕਰਨੀ, ਜ਼ਖਮ ਬੰਨ੍ਹਣੇ, ਮਲ੍ਹਮਾਂ ਤਿਆਰ ਕਰਨੀਆਂ, ਤਪਾਂ ਲਈ ਗੋਲੀਆਂ ਰੱਖਣੀਆਂ ਤੇ ਸਤ ਗਲੋਆਂਾਂ ਕੱਢਣੀਆਂ, ਸੇਵਾ ਦੇ ਕੰਮ ਜਾਰੀ ਹੋਏ ਤੇ ਟੁਰ ਪਏ। ਇਹ ਸਭ ਸੇਵਾ ਪ੍ਰੇਮ ਸੇਵਾ ਸੀ, ਇਹ ਸਿੱਖ ਸਾਧੂ ਆਪਣਾ ਪੇਟ ਭਰਨ ਲਈ ਮੁੰਜ ਕੁੱਟ ਕੇ ਨਿਰਬਾਹ ਕਰ ਲੈਂਦੇ ਸਨ।ਅੱਜ ਤੱਕ ਇਹ ਸੰਪ੍ਰਦਾ ਟੁਰਦੀ ਹੈ; ਜਿਸਨੂੰ "ਸੇਵਾ ਪੰਥੀ" ਕਹਿੰਦੇ ਹਨ। ਇਨ੍ਹਾਂ ਵਿਚ ਐਸੇ ਐਸੇ ਸੇਵਕ ਹੋਏ ਹਨ ਕਿ ਆਪ ਨੂੰ ਦੁਨੀਆਂ ਦੇ ਸਾਰੇ ਵੱਡੇ ਵੱਡੇ ਸੇਵਕ ਭੁੱਲ ਜਾਣ।

ਫਿਰ ਮੈਂ ਆਪ ਨੂੰ ਦੱਸ ਆਇਆ ਹਾਂ ਕਿ ਬੁੱਧੂ ਸ਼ਾਹ ਸਦੀਵ ਗੁਰੂ ਜੀ ਦੀ ਸੇਵਾ ਕਰਦਾ ਰਿਹਾ ਹੈ, ਇਹ ਮੁਸਲਮਾਨ ਵਡਕਾ ਸੀ। ਇਕ ਹੋਰ ਘਟਨਾ ਹੈ, ਜਿਸਤੋਂ ਪਹਿਲੇਂ ਮੈਂ ਇਕ ਪ੍ਰਸ਼ਨ ਕਰਦਾ ਹਾਂ ਕਿ ਤੁਸੀਂ ਮੰਨਦੇ ਹੋ ਕਿ ਕੋਈ ਆਦਮੀ ਦੂਸਰੇ ਦੇ ਦਿਲਾਂ ਦੇ ਖਿਆਲ ਵਾਚ ਸਕਦਾ ਹੈ?

ਬਾਬੂ–ਨਹੀਂ।

ਐਨਕ ਵਾਲਾ–ਕਿਉਂ ਨਹੀਂ, ਕਿਆ ਆਪ ਨੇ ਥਾਟ ਰੀਡਿੰਗ (ਦੂਜੇ ਦੇ ਖਿਆਲ ਵਾਚ ਲੈਣੇ) ਤੇ ਟੈਲੀ ਪੈਥੀ (ਦਿਲਾਂ ਤੋਂ ਦਿਲਾਂ ਨਾਲ ਗੱਲਾਂ ਦੀ) ਸਾਇਨਸ (ਵਿਦਯਾ) ਪੜ੍ਹੀ ਨਹੀਂ ? ਅੱਜ ਕੱਲ ਯੂਰਪ ਅਮ੍ਰੀਕਾ ਵਿਚ ਇਹ ਗੱਲ ਸਿੱਧ ਹੋ ਗਈ ਹੈ ਤੇ ਸਭ ਪੰਡਤ ਮੰਨਦੇ ਹਨ।

ਸਿੰਘ ਜੀ–ਧਿਆਨ ਕਰੀਓ ਜੀ! ਜੋ ਗੱਲ ਸਾਡੇ ਦੇਸ਼ ਵਿਚ ਅਨੋਖੀ ਹੋਵੇ, ਉਹ ਸਾਡੇ ਸੱਜਣ ਇਸ ਤਰ੍ਹਾਂ ਨਾਲ ਤੱਕਦੇ ਹਨ ਜਿਵੇਂ ਝੂਠ ਹੈ, ਪਰ ਜਦੋਂ ਵਲੈਤਾਂ ਵਾਲੇ ਓਹੋ ਗੱਲ ਮੰਨ ਲੈਣ ਤਾਂ ਸਾਡੇ ਦੇਸ਼ ਦੇ ਬੀ ਆਖਦੇ ਹਨ ਹੁਣ ਠੀਕ ਹੈ। ਹੁਣ ਤਾਂ ਤੁਸੀਂ ਮੰਨਦੇ ਹੋ ਕਿ ਖਿਆਲ ਵਾਚੇ ਜਾ ਸਕਦੇ ਹਨ ? (ਸਾਰੇ ਹੱਸ ਪਏ)।

ਸਿੰਘ ਜੀ–ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਰੰਮ ਵਾਚ ਲਿਆ ਕਰਦੇ ਸਨ। ਇਕ ਦਿਨ ਮੈਦਾਨ ਜੰਗ ਵਿਚ ਇਕ ਮੁਸਲਮਾਨ ਜਰਨੈਲ ਆਪਣੀ ਫੌਜ ਵਿਚ ਖੜਾ ਸੋਚ ਰਿਹਾ ਸੀ ਕਿ ਗੁਰੂ ਜੀ ਹਨ ਤਾਂ ਫਕੀਰ, ਫੇਰ ਲੜ ਕਿਉਂ ਰਹੇ ਹਨ ? ਇਹ ਖਿਆਲ ਵਾਚ ਕੇ ਗੁ੍ ਜੀ ਘੋੜੇ ਨੂੰ ਅੱਡੀ ਲਾ ਉਸਦੇ ਕੋਲ ਜਾ ਪੁੱਜੇ ਤੇ ਆਖਣ ਲੱਗੇ 'ਮੀਟ ਅੱਖਾਂ ਤੇ ਦੇਖ'। ਉਸ ਨੇ ਕੀ ਡਿੱਠਾ ਕਿ ਦੁਵੱਲੀ ਕਈ ਲੋਕ ਮੋਏ ਪਏ ਹਨ। ਜਦ ਅੱਖ ਖੁੱਲ੍ਹੀ ਤਾਂ ਗੁਰੂ ਜੀ ਨੇ ਕਿਹਾ, "ਮੈਂ ਮਾਰਨ ਵਿਚ ਨਹੀਂ।

'ਜੀਆ ਮਾਰਿ ਜੀਵਾਲੇ ਸੋਈ
ਅਵਰੁ ਨ ਕੋਈ ਰਖੈ ॥'

ਮੈਨੂੰ ਹੁਕਮ ਹੈ ਕਿ ਦੁਖੀਆਂ ਦੀ ਰਖਜਾ ਕਰਾਂ। ਬੱਸ ਕਿਸੇ ਨਾਲ ਮੇਰਾ ਵੈਰ ਨਹੀਂ ਹੈ। ਮੈਂ ਕਿਸੇ ਨੂੰ ਮਾਰ ਨਹੀਂ ਰਿਹਾ।"

ਇਹ ਤੱਕ ਕੇ ਉਹ ਜਰਨੈਲ ਮੱਥਾ ਟੇਕ ਕੇ ਕਹਿਣ ਲੱਗਾ "ਮੇਰਾ ਚਿੱਤ ਉਦਾਸ ਹੈ, ਦੱਸੋ ਮੈਂ ਕੀ ਕਰਾਂ ?" ਸਤਿਗੁਰੂ ਨੇ ਕਿਹਾ: "ਤੇਰਾ ਅੰਦਰ ਅਜੇ ਸਾਧਨਾ ਚਾਹੁੰਦਾ ਹੈ, ਜਾਹ ਨਾਮ ਜਪ, ਕਹੁ ਵਾਹਿਗੁਰੂ।" ਉਹ ਜਰਨੈਲ ਉਸੇ ਵੇਲੇ ਭਜਨ ਕਰਨ ਲਈ ਮੈਦਾਨ ਛੱਡ ਕੇ ਟੁਰ ਗਿਆ*। ਇਸ ਤੋਂ ਬੀ ਗੁਰੂ ਜੀ ਦੀ ਨਿਰਪੱਖਤਾ ਸਾਫ ਸਿੱਧ ਹੈ।

ਇਹ ਦੱਸਦਿਆਂ ਕਿ ਇਕ ਲੋੜ ਦੇ ਸਮੇਂ ਗਨੀ ਖਾਂ, ਨਬੀ ਖਾਂ ਨਾਮੇ ਦੋ ਪਠਾਣਾਂ ਨੇ ਗੁਰੂ ਜੀ ਦੀ

*ਜਿਵੇਂ ਅੱਜ ਕੱਲ ਰੈਡਕ੍ਰਾਸ(Red Cross) ਸੁਸਾਇਟੀ ਹੈ।

†ਹਣ ਤਕ ਅੱਡਣਸ਼ਾਹੀਆਂ ਯਾ ਸੇਵਾ ਪੰਥੀਆਂ ਦੀਆਂ ਧਰਮਸ਼ਾਲਾ ਵਿਚ ਮਲ੍ਹਮ ਤੇ ਸਤ ਗਿਲੇ ਹੁਣ ਬੀ ਬਣਦਾ ਹੈ।

*ਸੈਦ ਖਾਨ ਇਸ ਦਾ ਨਾਮ ਸੀ, ਇਸ ਦੇ ਹਾਲ ਲਈ ਦੇਖੋ ਇਸੇ ਪੋਥੀ ਦਾ ਸਫਾ ੬੨।

ਆਰਜਾਵਿਚਸੇਵਾਕੀਤੀਸੀ। ਫੇਰ ਦੇਖੋ ਗੁਰੂ ਜੀ ਪਾਸ ਕਈ ਮੁਸਲਮਾਨ ਵਿਦਵਾਨ ਸ਼ਰਨ ਰਹਿੰਦੇ ਸਨ। ਅਨੇਕਾਂ ਮੁਸਲਮਾਨ ਸਿੱਖ ਸਨ। ਜੰਗ ਉਨ੍ਹਾਂ ਦੇ ਅੰਨਜਾਯ ਕਰਨ ਵਾਲੇ ਮੁਸਲਮਾਨਾਂ ਨਾਲ ਸਨ, ਸੰਗਤਾਂ ਨੂੰ ਲੁੱਟਣ ਵਾਲੇ ਤੇ ਫਕੀਰਾਂ ਨੂੰ ਸਤਾਉਣ ਵਾਲੇ ਹਿੰਦੂਆਂ ਨਾਲ ਬੀ ਸਨ।

ਬਾਬੂ—ਬਹੁਤ ਖ਼ੂਬ! ਮੇਰਾ ਇਹ ਸੰਸਾ ਨਵਿਰਤ ਹੋ ਗਿਆ ਕਿ ਗੁਰੂ ਸਾਹਿਬ ਸਮਦਰਸੀ ਸਨ? ਕ੍ਰਿਪਾ ਕਰਕੇ ਇਹ ਦੱਸੋ ਕਿ ਗੁਰੂ ਜੀ ਨੇ ਤ੍ਰੈ ਵਿਆਹ ਕਿਉਂ ਕਰਾਏ ਸਨ?

ਸਿੰਘ ਜੀ—ਲੰਮੀਆਂ ਵਿਥਿਆਂ ਛੇੜੀਆਂ ਨੇ, ਪਰ ਖ਼ੈਰ! ਮੈਂ ਸੰਖੇਪ ਕਰ ਦੱਸਦਾ ਹਾਂ:—ਪਹਿਲੀ ਗਲ ਤਾਂ ਇਹ ਹੈ ਕਿ ਜਿਸ ਨੂੰ ਤੁਸੀਂ ਇਤਿਹਾਸ ਕਹਿੰਦੇ ਹੋ ਉਹ ਤਾਂ ਗੁਰੂ ਸਾਹਿਬਾਂ ਦਾ ਪੂਰਾ ਪੂਰਾ ਉਸ ਸਮੇਂ ਕਿਸੇ ਪੂਰਬੀ ਪੱਛਮੀ ਨੇ ਲਿਖਿਆ ਨਹੀਂ। ਕੋਈ ਟੁੱਟੇ ਫੁੱਟੇ ਫਿਕਰੇ ਕਿਸੇ ਕਿਸੇ ਮੁਸਲ-ਮਾਨ ਮੁਅੱਰਖ ਨੇ ਲਿਖੇ ਹਨ, ਜਿਨ੍ਹਾਂ ਵਿਚ ਵੈਰ ਦੀ ਅੰਸ਼ ਮੌਜੂਦ ਹੈ, ਉਨ੍ਹਾਂ ਵਿਚੋਂ ਕਿਸੇ ਨੇ ਤ੍ਰੈ ਵਿਆਹ ਨਹੀਂ ਲਿਖੇ, ਤੇ ਜਿੱਥੇ ਤ੍ਰੈ ਵਿਆਹ ਲਿਖੇ ਹਨ, ਓਸ ਨੂੰ ਤੁਸੀਂ ਅਪਣੇ ਖਿਆਲੇ ਇਤਿਹਾਸ ਦਾ ਦਰਜਾ ਨਹੀਂ ਦੇਂਦੇ, ਫੇਰ ਤੁਸੀਂ 'ਤ੍ਰੈ ਵਿਆਹਾਂ ਦੀ ਗੱਲ' ਅਮਰ ਵਾਕਿਆ ਯਾ ਇਤਿਹਾਸਕ ਮੱਚ ਦੀ ਸ਼ਕਲ ਵਿਚ ਕਿਸ ਤਰ੍ਹਾਂ ਪੇਸ਼ ਕਰਦੇ ਹੋ?

ਬਾਬੂ—ਇਹ ਇਤਰਾਜ਼ ਬਿਲਕੁਲ ਠੀਕ ਹੈ, ਪਰ ਮੇਰੀ ਅਰਜ਼ ਇਹ ਹੈ ਕਿ ਮੇਰੇ ਅੰਦਰ ਸੰਸਾ ਹੈ, ਇਹ ਦੂਰ ਕਰ ਦਿਓ।

ਸਿੰਘ ਜੀ—ਗੁਰੂ ਜੀ ਦੇ ਵਿਆਹਾਂ ਬਾਬਤ ਜੋ ਰਵਾਇਤਾਂ ਦੇ ਹਾਲ ਹਨ, ਮੈਂ ਸੁਣਾ ਦੇਂਦਾ ਹਾਂ, ਨਤੀਜਾ ਆਪ ਕੱਢ ਲੈਣਾ।

ਗੁਰੂ ਜੀ ਦਾ ਪਹਿਲਾ ਵਿਆਹ ਜੀਤੋ ਜੀ ਨਾਲ ਹੋਇਆ, ਪਰ ਇਕ ਰਵਾਇਤ ਹੈ ਕਿ 'ਜੀਤੋ' ਪੇਕਾ ਨਾਮ ਸੀ ਤੇ ਸਹੁਰਾ ਨਾਮ 'ਸੁੰਦਰੀ' ਸੀ। ਜੇ ਇਹ ਰਵਾਯਤ ਸੱਚੀ ਹੋਵੇ ਤਾਂ ਦੂਸਰਾ ਵਿਆਹ ਗ਼ਲਤ ਹੋਇਆ। ਮੈਕਾਲਫ ਬੀ ਲਿਖਦਾ ਹੈ ਕਿ ਉਸ ਨੂੰ ਇਹ ਖ਼ਬਰ ਮਿਲੀ ਕਿ ਸੁੰਦਰੀ ਜੀ ਗੁਰੂ ਜੀ ਦੀ ਦੂਸਰੀ ਵਹੁਟੀ ਨਹੀਂ ਸੀ ਸਗੋਂ ਜੀਤੋ ਜੀ ਦੀ ਹੀ ਸਾਹੁਵਰੀ ਅੱਲ 'ਸੁੰਦਰੀ' ਸੀ। ਇਕ ਹੋਰ ਰਵਾ-ਇਤ ਇਹ ਹੈ ਕਿ ਜੀਤੋ ਜੀ ਅਨੰਦ ਪੁਰ ਵਿਚ ਚੜ੍ਹ ਗਏ ਸਨ, ਤਦੋਂ ਦੂਸਰੀ ਸ਼ਾਦੀ ਸੁੰਦਰੀ ਜੀ ਨਾਲ ਹੋਈ। ਇਸ ਮਾਈ ਨੇ ਜੀਤੋ ਜੀ ਦੇ ਚਾਰੇ ਬੇਟੇ ਪਾਲੇ, ਜਿਨ੍ਹਾਂ ਵਿਚੋਂ ਅਜੀਤ ਸਿੰਘ ਨਾਲ ਇਨ੍ਹਾਂ ਦਾ ਅਤਿ ਮੋਹ ਹੋਇਆ। ਜੇ ਇਹ ਰਵਾਇਤ ਠੀਕ ਹੈ ਤਾਂ ਆਪ ਦੇ ਖਿਆਲ ਮੂਜਬ ਇਤਰਾਜ਼ ਨਾ ਰਿਹਾ। ਹਰ ਹਾਲ ਇਹ ਤਾਂ ਸਪਸ਼ਟ ਹੈ ਕਿ ਇਹ ਮਾਮਲਾ ਅਜੇ ਖੋਜ ਤਲਬ ਹੈ। ਇਸ ਹਾਲਤ ਵਿਚ ਰਾਇ ਜ਼ਨੀ ਦੀ ਲੋੜ ਨਹੀਂ। ਹੁਣ ਆਓ ਤੀਸਰੇ ਵਿਆਹ ਵੱਲ, ਜਦੋਂ ਗੁਰੂ ਜੀ ਦਿਨ ਰਾਤ ਪਰਚਾਰ ਤੇ ਜੰਗ ਦੇ ਸਾਮਾਨਾਂ ਵਿਚ ਰੁੱਝ ਗਏ ਤਦ ਆਖਦੇ ਹਨ ਕਿ ਜਿੱਕੂੰ ਬ੍ਰਹਮਚਾਰੀ ਹੁੰਦੇ ਹਨ, ਹੋ ਗਏ। ਤਦੋਂ ਇਕ ਸਿੱਖ ਆਪਣੀ ਕਾਕੀ ਦਾ ਡੋਲਾ ਲੈ ਆਇਆ* ਕਿ ਅਸਾਂ ਇਸ ਦੇ ਬਚਪਨ ਤੋਂ ਇਸਦੀ ਸਤਿਗੁਰ ਨਾਲ ਕੁੜਮਾਈ ਕਰ ਰੱਖੀ ਹੈ, ਹੁਣ ਵਿਆਹ ਹੋ ਜਾਵੇ। ਸਤਿਗੁਰ ਨੇ ਇਨਕਾਰ ਕੀਤਾ, ਸਿੱਖ ਨੇ ਕਿਹਾ, ਮੈਂ ਪ੍ਰਣ ਕਰ ਚੁੱਕਾ ਹਾਂ, ਲੋਕੀਂ ਇਸ ਨੂੰ ਮਾਤਾ ਸੱਦਦੇ ਹਨ, ਆਪ ਦੇ ਦਰ ਹੀ ਇਸਦੀ ਢੋਈ ਹੈ, ਸਾਰੀ ਉੱਮਤ ਵਿਚੋਂ ਕਿਸੇ ਨੇ ਇਸ ਨਾਲ ਵਿਆਹ ਨਹੀਂ ਕਰਨਾ। ਗੁਰੂ ਜੀ ਕਹਿਣ ਲੱਗੇ, ਬਈ! ਜੇ ਇਸੀ ਤਰ੍ਹਾਂ ਕੁਆਰੀ ਰਹਿਣਾ ਚਾਹੇ, ਅਰ ਪਰਮੇਸ਼ੁਰ ਦਾ ਭਜਨ ਕਰਕੇ ਪਰਮ ਪਦ ਪਾਉਣਾ ਚਾਹੇ ਤਾਂ ਛੋੜ ਜਾਓ। ਸੋ ਜਿਸ ਗ੍ਰੰਥ ਦੇ ਆਧਾਰ ਤੇ ਤੁਸੀਂ ਕਹੋ, ਕਿ ਇਹ ਗੁਰੂ ਜੀ ਦਾ ਵਿਵਾਹ ਹੈ, ਉੱਥੇ ਹੀ ਲਿਖਿਆ ਹੈ ਕਿ ਇਹ ਬੀਬੀ ਭਜਨ ਬੰਦਗੀ ਕਰਨ ਵਾਲੀ ਯੋਗੀ ਹੋਈ, ਅਰ ਸਤਿਗੁਰਾਂ ਨਾਲ ਕੇਵਲ ਉਨ੍ਹਾਂ ਦਾ ਪਵਿੱਤ੍ਰ ਆਤਮਕ ਸੁਖ ਲੈਣ ਦਾ ਸੰਬੰਧ ਰਿਹਾ, ਸ੍ਰੀਰਕ ਭਾਵਨਾ ਕਦੇ ਨਹੀਂ ਹੋਈ। ਨਾਲੇ ਇਹ ਗੱਲ ਸੁਣ ਲਵੋ ਕਿ ਸਿਖ ਲੋਕ ਉਨ੍ਹਾਂ ਨੂੰ ਕੌਮੀ ਮਾਤਾ ਸਮਝਦੇ ਹਨ, ਕੌਮ ਖਾਲਸਾ ਗੁਰੂ ਗੋਬਿੰਦ ਸਿੰਘ ਜੀ ਦੀ ਨਾਦੀ ਔਲਾਦ ਕਹੀ ਜਾਂਦੀ ਹੈ, ਤੇ ਉਹ ਆਤਮ ਪਿਤਾ ਤੇ ਸਾਹਿਬ ਦੇਵਾਂ ਆਤਮ ਮਾਤਾ ਕਹੇ ਜਾਂਦੇ

*ਭਾਈ ਮਨੀ ਸਿੰਘ ਦੇ ਗੁਰਬਿਲਾਸ ਮੁਜਬ ਇਹ ਵਾਕਿਆ ਆਪ ਜੀ ਨੂੰ ਦੱਖਣ ਜਾਂਦਿਆਂ ਆਗਰੇ ਤੋਂ ਵਿਦਾ ਹੋ ਜਾਣ ਮਗਰੋਂ ਦਾ ਹੈ। ਇਹੋ ਥਹੁ ਗੁਰਸੋਭਾ ਤੋਂ ਪੈਂਦਾ ਹੈ। ਪਰ ਸੂ: ਪ੍ਰ: ਆਦਿਕਾਂ ਨੇ ਪਹਿਲੋਂ ਦਾ ਲਿਖਿਆ ਹੈ।

ਹਨ। ਇਸਤੋਂ ਬੀ ਸਾਬਤ ਹੋ ਗਿਆ ਕਿ ਉਹ ਸਾਰੀ ਉਮਰ ਕੰਵਾਰੇ, ਦੇਵੀ ਰੂਪ ਭਜਨ ਦੀ ਮੂਰਤ, ਉੱਚੇ ਫਕੀਰ ਤੇ ਸੱਚੇ ਰੱਬ ਨਾਲ ਜੁੜੇ ਜੋਗੀ ਰਹੇ। ਦਿੱਲੀ ਵਿਚ ਜਿੱਥੇ ਸਮਾਧਾਂ ਹਨ, ਸੁੰਦਰੀ ਤੇ ਸਾਹਿਬ ਦੇਵਾਂ ਦੀਆਂ ਦੋ ਹੀ ਸਮਾਧਾਂ ਹਨ।

ਬਾਬੂ—ਮੈਨੂੰ ਇਨ੍ਹਾਂ ਹਾਲਤਾਂ ਦਾ ਪਤਾ ਨਹੀਂ ਸੀ, ਹੁਣ ਤਾਂ ਮੇਰੀ ਜਾਚੇ ਤੂੰ ਵਿਆਹਾਂ ਦਾ ਇਤਰਾਜ਼ ਕਰਨਾ ਅਪਣੇ ਆਪ ਨੂੰ ਮੂਰਖ ਬਨਾਉਣਾ ਹੈ।

ਸਿੰਘ—ਇਹ ਤਾਂ ਮੈਂ ਆਪ ਨੂੰ ਦੱਸਿਆ ਹੈ ਸੱਚ, ਜੋ ਮੈਨੂੰ ਪਤਾ ਹੈ, ਪਰ ਇਹ ਇਖ਼ਲਾਕੀ ਗੱਲਾਂ, ਜਿਨ੍ਹਾਂ ਨਾਲ ਨੀਵੇਂ ਲੋਕ ਵਡਿਆਂ ਦੀ ਪੜਚੋਲ ਕਰਦੇ ਹਨ, ਪੈਮਾਨੇ ਹਨ ਮਿਣਤੀ ਦੇ, ਜਿਵੇਂ ਕੋਈ ਪਰਬਤਾਂ ਨੂੰ ਟੋਪਿਆਂ ਨਾਲ ਮਿਣੇ। ਆਤਮ ਜੀਵਨ ਬਹੁਤ ਉੱਚੀ ਸ਼ੈ ਹੈ। ਜੀਵਨ ਹੋਰ ਸ਼ੈ ਹੈ, ਹਿਸਾਬ ਕਿਤਾਬ ਤੇ ਮੁਰਦਾ ਹਿਸਾਬ ਕਿਤਾਬ ਹੋਰ ਗੱਲਾਂ ਹਨ। ਤੁਸੀਂ ਮੈਨੂੰ ਜਨਮ ਦੇ ਹਿੰਦੂ, ਮਜ਼ਹਬ ਦੇ ਬ੍ਰਹਮੁ ਤੇ ਝੁਕਾਉ ਦੇ ਈਸਾ ਵਲ ਝੁਕੇ ਜਾਪਦੇ ਹੋ, ਠੀਕ ਹੈ ?

ਬਾਬੂ—ਜੀ ਹਾਂ।

ਸਿੰਘ—ਮੈਂ ਨਿੰਦਕ ਨਹੀਂ, ਮੈਂ ਆਪ ਨੂੰ ਸਲਾਹ ਦਿਆਂਗਾ ਕਿ ਮਹਾਂ ਪੁਰਖਾਂ ਤੇ ਸਾਡੇ ਵਿਚਕਾਰ ਸਦੀਆਂ ਦੇ ਫਾਸਲੇ ਹਨ, ਉਨ੍ਹਾਂ ਦੇ ਹਾਲਾਤ ਸੁਣਕੇ ਇਕ ਦਮ ਫੈਸਲੇ ਤੇ ਇਤਰਾਜ਼ ਕਰਨੇ ਠੀਕ ਨਹੀਂ।

ਅੱਜ ਕੋਈ ਮਾਜਰਾ ਹੋ ਜਾਂਦਾ ਹੈ, ਕੱਲ ਮੁਕੱਦਮਾ ਸ਼ੁਰੂ ਹੋ ਜਾਂਦਾ ਹੈ ਤੇ ਅਦਾਲਤ ਨੂੰ ਸੱਚ ਝੂਠ ਨਿਰਨੇ ਕਰਨ ਵਾਸਤੇ ਹਜ਼ਾਰਾਂ ਜਿਹਨਤਾਂ ਕਰਨੀਆਂ ਪੈਂਦੀਆਂ ਹਨ, ਤਾਂ ਕਿਤੇ ਸੱਚ ਲੱਭਦਾ ਹੈ, ਕਈ ਵੇਰੀ ਨਹੀਂ ਲਭਦਾ, ਸ਼ੁਬ੍ਹਾ ਰਹਿ ਜਾਂਦਾ ਹੈ ਤੇ ਕਈ ਵੇਰ ਅਦਾਲਤ ਝੂਠ ਨੂੰ ਸੱਚ ਮੰਨਕੇ ਬੇਗੁਨਾਹਾਂ ਨੂੰ ਡੰਨ ਦੇ ਬੈਠਦੀਹੈ।ਜਦ ਹੁਣ ਦੇ ਵਰਤ ਰਹੇ ਹਾਲਾਤ ਦੀ ਛਾਣ ਬੀਨ ਐਨੀ ਕਠਨ ਹੈ, ਤਦ ਸਦੀਆਂ ਗੁਜ਼ਰੇ ਸਮੇਂ ਦੇ ਹਾਲਾਤ ਵਿਚਾਰਨ ਵੇਲੇ ਸਾਨੂੰ ਕਿੰਨੀ ਇਹਤਿਆਤ ਦੀ ਲੋੜ ਹੈ? ਅਜਕਲ ਦੀਆਂ ਅਦਾਲਤਾਂ ਸ਼ੁਬ੍ਹਾ ਪੈ ਜਾਏ ਤਾਂ ਫੈਸਲਾ ਬਰਖਿਲਾਫ ਨਹੀਂ ਕਰਦੀਆਂ, ਤਦ ਪੁਰਾਣੇ ਹਾਲਾਤ ਪਰ ਜੋ ਸ਼ੁਬ੍ਹੇ ਵਾਲੇ ਹੋਣ, ਕਤਈ ਫੈਸਲੇ ਦੇਕੇ ਆਪ ਮਹਾਂ ਪੁਰਖਾਂ ਨਾਲ ਅੰਨਜਾਜ ਕਰ ਬੈਠੇਗੇ। ਮਸਲਨ ਲਓ ਬ੍ਰਹਮੁਸਮਾਜ ਦੇ ਵੱਡੇ ਰਾਜਾਰਾਮ ਮੋਹਨਰਾਇ ਆਪ ਦੇ ਚਾਰ ਵਿਆਹ ਸਨ। ਹੁਣ ਦੱਸੋ ਕਿਉਂ ਹੋਏ ? ਕਿਸ ਤਰ੍ਹਾਂ ਹੋਏ ? ਕਿਆ ਆਪ ਨਿਰਨਾ ਕਰ ਸਕਦੇ ਹੋ ? (ਮੇਰੀ ਜੀਭ ਸੜੇ) ਮੈਂ ਨਹੀਂ ਆਖਦਾ ਕਿ ਰਾਜਾ ਸਾਹਿਬ ਕਿਤਨੇ ਵਿਸ਼ਈ ਸਨ ਕਿ ਉਨ੍ਹਾਂ ਨੇ ਕਾਮ ਅਧੀਨ ਹੋਕੇ ਵਿਆਹ ਕੀਤੇ ਸਨ। ਜੇ ਇਹ ਨਿਰਣੇ ਨਾ ਹੋ ਸਕੇ ਤਾਂ ਆਪ ਉਨ੍ਹਾਂ ਨੂੰ ਕਾਮੀ ਹੋਣ ਦਾ ਦੋਸ਼ ਕੀਕੂੰ ਦੇ ਸਕੋਗੇ? ਇਸੀ ਤਰ੍ਹਾਂ ਲਓ ਈਸਾ ਜੀ ਸੰਨਿਆਸੀ ਸਨ, ਪਰ 'ਮੇਰੀ ਮੇਰਡਲਿਨੀ' ਨਾਮੇ ਇਕ ਸੁੰਦਰ ਇਸਤ੍ਰੀ ਨੇ ਉਹਨਾਂ ਦੇ ਪੈਰ ਚੁੰਮੇ, ਅਤਰ ਨਾਲ ਧੋਤੇ, ਅਤਿ ਪਿਆਰ ਕੀਤਾ ਤੇ ਈਸਾ ਜੀ ਨੇ ਮਿਹਰ ਕੀਤੀ, ਤੇ ਇਹ ਬੀ ਕਹਿੰਦੇ ਹਨ ਕਿ 'ਮੇਰੀ' ਪਹਿਲੇ ਮਾੜੇ ਚਾਲ ਚਲਨ ਦੀ ਤ੍ਰੀਮਤ ਸੀ। ਈਸਾ ਜੀ ਸੰਨਿਆਸੀ ਸਨ, ਜੈਸੇ ਗ੍ਰਿਹਸਤੀ ਲਈ ਆਪ ਦੇ ਵਿਆਹ ਬੁਰੇ ਸਮਝਦੇ ਹੋ, ਇਸੀ ਤਰ੍ਹਾਂ ਸੰਨਿਆਸੀ ਦਾ ਕਿਸੇ ਇਸਤ੍ਰੀ ਨਾਲ ਗੱਲ ਕਰਨਾ ਬੀ ਠੀਕ ਨਹੀਂ, ਈਸਾ ਨੇ ਉਸ ਇਸਤ੍ਰੀ ਪਰ ਆਤਮ ਕ੍ਰਿਪਾ 'ਕੀਤੀ' ਕਹਿੰਦੇ ਹਨ।ਪਰ ਕੀ ਅੱਜ ਆਪ ਇਸ ਵਾਕਿਆ ਨੂੰ ਪੜ੍ਹਕੇ ਈਸਾ ਜੀ ਪਰ ਕੋਈ ਸ਼ੁਬ੍ਹਾ ਕਰਕੇ ਕਹਿ ਸਕੋਗੇ ਕਿ ਤੁਸੀਂ ਨਿਸਚੇ ਪੂਰਬਕ ਸੱਚਾ ਫੈਸਲਾ ਕਰ ਰਹੇ ਹੋ ? ਘੱਟ ਤੋਂ ਘੱਟ ਮੈਂ ਇਸ ਵਾਕਿਆ ਨੂੰ ਪਵਿਤ੍ਰਤਾ ਦੀ ਨਜ਼ਰ ਨਾਲ ਦੇਖਦਾ ਹਾਂ ਅਰ ਉਸ ਨੂੰ ਈਸਾ ਜੀ ਦੀ ਆਤਮ ਮਿਹਰ ਦੀ ਪਾਤ੍ਰ ਸਮਝਦਾ ਹਾਂ। ਇਸੀ ਤਰ੍ਹਾਂ ਕ੍ਰਿਸ਼ਨ ਜੀ ਪਰ ੧੬ ਹਜ਼ਾਰ ਗੋਪੀ ਦੇ ਪਤੀ ਹੋਣ ਦਾ ਮਾਜਰਾ ਕਿਹਾ ਜਾਂਦਾ ਹੈ, ਤੇ ਇਵੇਂ ਹੀ ਰਾਮ ਜੀਦੇ ਭੀਲਣੀ ਪਰ ਆਤਮ ਕ੍ਰਿਪਾ ਕਰਨ ਨੂੰ ਮਾੜੇ ਅਰਥਾਂ ਵਿਚ ਬਿਆਨ ਕਰਨ ਦੀ ਮੂੰਹ ਫਟਤਾ ਅਖਤਿਆਰ ਕੀਤੀ ਜਾ ਸਕਦੀ ਹੈ। ਇਵੇਂ ਮੁਹੰਮਦ ਸਾਹਿਬ ਪਰ ਚਾਰ ਸ਼ਾਦੀਆਂ ਕਰਨ ਦਾ ਦੋਸ਼ ਦਿੱਤਾ ਜਾ ਸਕਦਾ ਹੈ ਤੇ ਇਸੇ ਤਰ੍ਹਾਂ ਹੋਰ। ਮੇਰਾ ਮਤਲਬ ਇਹ ਹੈਕਿ ਸਦੀਆਂ ਦੀਆਂ ਵਿੱਥਾਂ ਤੇਹੋਚੁਕੇ ਮਹਾਂ ਪੁਰਖਾਂ ਦੇ ਗੁਣਗ੍ਰਾਹੀ ਹੋਣਾ ਠੀਕ ਹੈ, ਵਿਤੰਡਾ ਵਾਦ ਛੋਡ਼ਕੇ ਜੋ ਰਸਮ ਈਸਾਈਆਂ ਨੇ ਆਂਦੀ, ਬ੍ਰਹਮੁਆਂਨੇ ਸਿੱਖੀ ਤੇ ਆਰਯਾਸਮਾਜੀਆਂ ਨੇ ਭਾਂਬੜ ਮਚਾਏ ਅਖਤਿਆਰ ਨਹੀਂ ਕਰਨੀ ਚਾਹੀਦੀ। ਕੇਵਲ ਨਿੰਦਾ ਨਿੰਦਾ ਹੀ ਲੱਭਣਨਾਲ ਅਸੀਂ ਇਨ-

ਸਾਫ ਨਹੀਂ ਕਰਦੇ, ਅੰਨਜਾਯ ਕਰਦੇ ਹਾਂ, ਤੇ ਮੇਰੀ ਜਾਚੇ ਜੋ ਅੰਨਜਾਯ ਕਰਦਾ ਹੈ ਉਹ ਆਦਮੀ ਨਹੀਂ, ਆਦਮੀ ਦੀ ਜਾਨਵਰਾਂ ਪਰ ਸਰਦਾਰੀ ਨਜਾਯ ਕਰ ਸਕਣ ਵਿਚ ਹੈ। ਨਾਲੇ ਨਿੰਦਾ ਦਾ ਭਾਵ ਅੰਦਰ ਵਾੜਕੇ ਆਪਣਾ ਮਨ ਭੀ ਨਿਰਮਲ ਨਹੀਂ ਰਹਿੰਦਾ।

ਦੂਸਰੀ ਗੱਲ ਅਸਲ ਭੇਤ ਦੀ ਇਹ ਹੈ ਕਿ ਮਹਾਂ ਪੁਰਖਾਂ ਵਿਚ ਇਕ ਕਣੀ ਹੁੰਦੀ ਹੈ। ਓਹ ਸੋਚ ਦੇ ਦਾਇਰੇ ਤੋਂ ਉੱਪਰ ਰਸ ਤੇ ਵਿਸਮਾਦ ਵਿਚ ਉੱਠਦੇ ਹਨ, ਤੁਹਾਡੀ ਪੱਛਮੀ ਬੋਲੀ ਵਿਚ ਸ਼ਾਇਦ ਐਉਂ ਕਿਹਾ ਜਾਏ ਕਿ ਉਹ ਅਸਥੈਟਿਕ ਤੇ 'ਟ੍ਰੈਂਸਡੈਂਟਲ' ਹਾਲਤਾਂ ਵਿਚ ਜਾਂਦੇ ਹਨ। ਇਸ ਕਰਕੇ ਉਨ੍ਹਾਂ ਦੀ ਤਬੀਅਤ ਅਸਲੀ ਸੱਚ—ਨਿਰਪੇਖਕ ਸੱਚ—(Absolute truth) ਵਿਚ ਲੱਗੀ ਹੁੰਦੀ ਹੈ, ਅਸੀਂ ਵੱਸਦੇ ਹਾਂ ਸਾਪੇਖਕ (Comparative truth) ਵਿਚ। ਅਸੀਂ ਕੇਵਲ ਸੋਚਾਂ ਤੇ ਸਹਸ-ਸਿਆਣਪਾਂ ਵਿਚ ਹਾਂ, ਜੋ ਫੈਸਲੇ ਅਸੀਂ ਕਰਦੇ ਹਾਂ ਉਹ ਸਾਪੇਖਕ ਸੱਚ (Comparative truth) ਤੱਕ ਜਾ ਸਕਦੇ ਹਨ, ਇਸ ਤੋਂ ਅੱਗੇ ਅਸੀਂ ਫੈਸਲਾ ਨਹੀਂ ਕਰ ਸਕਦੇ। ਜਦ ਤਕ ਅਸੀਂ ਸਿਫਤ ਸਲਾਹ ਨਾਲ ਅਸ਼ਚਰਜ ਤੇ ਉਸਤੋਂ ਉੱਠਕੇ 'ਵਿਸਮਾਦ' ਦੇ ਰੰਗ ਵਿਚ ਆਪ ਨਹੀਂ ਜਾਂਦੇ, ਆਤਮ ਰਸੀਆਂ ਦੀ ਅਵਸਥਾ ਨੂੰ ਅਨੁਭਵ ਨਹੀਂ ਕਰ ਸਕਦੇ, ਸੋ ਅਪਣੇ ਫੈਸਲਿਆਂ ਕਰਨ ਵਿਚ ਗ਼ਲਤੀ ਕਰਦੇ ਹਾਂ। ਤੁਸਾਡੇ ਵੱਡੇ ਸ੍ਰੀ ਕੇਸ਼ਬ ਚੰਦ੍ਰ ਸੇਨ ਪਹਿਲੇ ਅਸਾਂ ਵਾਂਗੂੰ ਹੀ ਇਖ਼-ਲਾਕੀ ਮਿਣਤੀਆਂ ਕਰਦੇ ਸਨ। ਉਹ ਠੀਕ ਸਨ, ਪਰ ਸਾਪੇਖਕ ਸੱਚ ਤੱਕ, ਜਿੱਥੇ ਤਕ ਸੱਚ ਦੇ ਮੁਕਾ-ਬਲੇ ਤੇ ਝੂਠ ਤੇ ਝੂਠ ਦੇ ਮੁਕਾਬਲੇ ਤੇ ਸੱਚ ਪ੍ਰਕਾਸ਼ਤ ਹੁੰਦੇ ਹਨ। ਇਕ ਦਿਨ ਉਹ ਸਾਧੂ ਰਾਮਾ ਕ੍ਰਿਸ਼ਨਾ ਨੂੰ ਮਿਲਨ ਵਾਸਤੇ ਗਏ, ਜਾਕੇ ਇਤ੍ਰਾਜ਼ ਕੀਤਾ ਕਿ ਆਪ ਪੱਥਰ ਪੂਜਦੇ ਹੋ। ਰਾਮਾ ਕ੍ਰਿਸ਼ਨਾ ਪੱਥਰ ਪੂਜ ਨਹੀਂ ਸੀ; ਚਾਹੇ ਉਠਿਆ ਦੇਵੀ ਉਪਾਸਨਾਂ ਤੋਂ ਹੀ ਸੀ, ਰਾਮਾ ਕ੍ਰਿਸ਼ਨਾ ਅਸਲ ਵਿਚ ਅਗੰਮ ਦਾ ਧਿਆਨੀ ਹੋ ਚੁੱਕਾ ਸੀ। ਪਰ ਉਸ ਭਗਤ ਦੇ ਨੈਣੀ ਨੀਰ ਆ ਗਿਆ, ਕੰਬਿਆ ਤੇ ਕਿਸੇ ਵਿਸਮਾਦ ਵਿਚ ਜਾਕੇ ਬੋਲ ਉਠਿਆ, ਕਿਆ ਮੇਰਾ ਧਿਆਨ ਇਹ ਪੱਥਰ ਹੈ? ਹੈਂ? ਪੱਥਰ ਹੈ? ਹੈਂ?

ਆਖਦੇ ਹਨ ਕਿ ਕੇਸ਼ਬ ਜੀ ਨੂੰ ਇਸਵੇਲੇ ਆਪ ਵਿਸਮਾਦ ਦਾ ਝੂਟਾ ਆਇਆ। ਫੇਰ ਆਪ ਉਸ ਦਿਨ ਤੋਂ ਬਾਦ ਚੁੱਪ ਹੋ ਗਏ। ਮੇਰੀ ਜਾਚੇ ਉਨ੍ਹਾਂ ਨੂੰ ਉਸ ਵੇਲੇ ਊਰਧ ਵਿਸਮਾਦ (ਟ੍ਰੈਂਸਡੈਂਟਲ) ਹਾਲਤ ਦਾ ਝਲਕਾ ਵੱਜਾ, ਇਸ ਨੇ ਸਾਰਾ ਸਾਪੇਖਕ ਮੰਡਲ ਭੁਲਾਕੇ ਅਰਥਾਤ ਉਸਤੋਂ ਉੱਚਾ ਕਰਕੇ ਅਗੰਮ ਦੇ ਧਿਆਨ ਮਗਨ ਕਰ ਦਿੱਤਾ, ਤੇ ਬਹੁ ਪਿਆ ਕਿ ਪੂਰੀ ਮਹਾਂਪੁਰਖਤਾ ਤਾਂ ਇਸ ਅਸਚਰਜ ਤੇ ਇਸਤੋਂ ਅੱਗੇ ਵਿਸਮਾਦ ਤੇ ਉਸਤੋਂ ਅਗੇਰੇ ਜਾਕੇਆਉਂਦੀਹੈ।ਇਸ ਡੂੰਘੀ ਤੇ ਅਦਬ ਵਾਲੀ ਵਿਚਾਰ ਪਰ ਜੋ ਇਨਸਾਨੀ ਜ਼ਿੰਦਗੀ ਦਾ ਅਸਲੀ ਭੇਤ ਤੇ ਅਸਲੀ ਮਿਅ਼ਰਾਜ (ਆਦਰਸ਼)ਹੈ, ਮੈਂ ਆਪਨੂੰ ਅਰਜ਼ ਕਰਦਾਹਾਂਕਿਮਹਾਂ ਪੁਰਖਾਂਲਈ ਸੀਨੇ ਵਿਚ ਸਤਿਕਾਰ ਲੋੜੀਦਾਹੈ, ਅਰ ਉਨ੍ਹਾਂ ਦੇਫੈਸਲੇ ਕਰਨ ਲਈ ਜੱਜ(ਨਿਆਇ ਕਰਤਾ) ਬਣਨ ਤੋਂ ਪਹਿਲਾਂ ਰਸ ਤੇ ਵਿਸਮਾਦ ਦਾ ਇਮ-ਤਿਹਾਨ ਆਪ ਪਾਸ ਕਰਨਾ ਚਾਹੀਦਾ ਹੈ। ਹਾਂ, ਮਨ ਦੇ ਇਲਾਹੀ ਰੰਗ, ਰੱਬੀ ਝੁਕਾਉ, ਵਿਸਮਾਦ ਦੇ ਝਲਕੇ ਤੇ ਅਨੰਤ ਵਿਚ ਲਯਤਾ ਦੇ ਹੁਲਾਰੇ ਦੀ ਕਸਵੱਟੀ ਅਪਣੇ ਪਾਸ ਲੋੜੀਦੀ ਹੈ।

ਐਨਕ ਵਾਲਾ—ਬਹੁਤ ਖੂਬ, ਸਿੰਘ ਜੀ! ਮੇਰੀ ਬੀ ਇਹੋ ਰਾਇ ਹੈ। ਹਿੰਦੁਸਤਾਨ ਵਿਚ ਤੇ ਖਾਸ ਕਰ ਪੰਜਾਬ ਵਿਚ ਇਹ ਬੇਅਦਬੀ ਟੂਰ ਪਈ ਹੈ ਕਿ ਨਵਾਕਫ ਤੋਂ ਨਵਾਕਫ ਲੋਕ ਉੱਠਕੇ ਕ੍ਰਿਸ਼ਨ ਅਰ ਰਾਮ ਨੂੰ ਮਖ਼ੌਲ ਕਰਦੇ ਹਨ। ਹੋਰ ਸਾਰੇ ਵਡੇ ਵਡੇ ਮਹਾਂਪੁਰਖਾਂ ਪਰ ਹਰਫਜ਼ਨੀ ਕਰਦੇਹਨ*, ਇਹ ਦੇਸ਼ ਦੇ ਅਭਾਗ ਹਨ, ਕੌਮੀ ਤਬਾਹੀ ਦੇ ਨਿਸ਼ਾਨ ਹਨ। ਮੇਰੀ ਜਾਚੇ ਅੰਗ੍ਰੇਜ਼ੀ ਪੜ੍ਹੇ ਨੂੰ 'ਕਾਰਲਾਈਲ ਦੀ ਹੀਰੋਵਰਸ਼ਿਪ' ਪੜ੍ਹਨੀ ਚਾਹੀਏ। ਏਹੋ ਔਗਣ ਯੂਰਪ ਵਿਚ ਨਿੰਦਾ ਕਰਨ ਦਾ ਪੈ ਗਿਆ ਸੀ, ਪਰ ਉਸ ਮਹਾਤਮਾਂ ਨੇ ਲੈਕਚਰ ਦੇਕੇ (ਜੋ ਉਸ ਕਿਤਾਬ ਵਿਚ ਹਨ) ਦੱਸ ਦਿੱਤਾ ਕਿ ਮਹਾਂਪੁਰਖਾਂ ਦੇ ਜੀਵਨ ਦੇ ਆਕਾਸ਼ ਨੂੰ ਆਪਣੀਆਂ ਗਿੱਠਾਂ ਤੇ ਚੱਪਿਆਂ ਨਾਲ ਮਿਣਨਾ ਆਪਣੀ ਨਿਊਨਤਾ ਪ੍ਰਗਟ ਕਰਨਾ ਹੈ।

*ਇਹ ਸਮਾ ਪੰਜਾਬ ਵਿਚ ਬੀਤ ਚੁਕਾ ਹੈ ਜਦੋਂ ਆਰਯਾ ਸਮਾਜ ਦੇ ਮੰਦਰਾਂ ਵਿਚ ਤੇ ਉਪਦੇਸ਼ਕਾਂ ਤੋਂ ਨਿੰਦਾ ਹੀ ਨਿੰਦਾ ਦਾ ਪ੍ਰਚਾਰ ਹੁੰਦਾ ਸੀ ਤੇ ਈਸਾਈ ਉਪਦੇਸ਼ਕ ਬੀ ਇਹੋ ਕੁਛ ਕਰਦੇ ਸਨ ਤੇ ਅਗੋਂ ਉਤਰ ਬੀ ਇਵੇਂ ਹੀ ਮਿਲਦੇ ਸਨ।

ਬਾਬੂ–ਸਿੰਘ ਜੀ ! ਮਾਫ ਕਰਨਾ, ਮੈਂ ਹਰਗਿਜ਼ ਨਿੰਦਕ ਨਹੀਂ, ਮੇਰਾ ਮਤ ਸਭਨਾਂ ਦੀ ਇੱਜ਼ਤ ਕਰਨਾ ਹੈ; ਮੈਂ ਚਾਹੁੰਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਮੇਰਾ ਆਦਰਸ਼ ਹੋਵੇ, ਪਰ ਜਦ ਮੈਂ ਪਿਆਰ ਕਰਨ ਲਗਦਾ ਹਾਂ ਤਾਂ ਸੰਸੇ ਪੈਂਦੇ ਹਨ, ਇਸ ਕਰਕੇ ਮੇਰਾ ਝੁਕਾਉ ਈਸਾ ਵੱਲ ਹੈ, ਪਰ ਓਥੇ ਬੀ ਮੈਨੂੰ ਫੇਰ ਸੰਸਾ ਆ ਜਾਂਦਾ ਹੈ! ਤੁਸੀਂ ਉਪਕਾਰ ਕਰ ਰਹੇ ਹੋ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨੇੜੇ ਨੇੜੇ ਲਿਆ ਰਹੇ ਹੋ।

ਸਿੰਘ ਜੀ–ਮੈਂ ਜਾਣਦਾ ਹਾਂ ਕਿ ਤੁਸੀਂ ਨਿੰਦਕ ਨਹੀਂ, ਪਰ ਤੁਸਾਂ ਵਿਚ ਇਕ ਕਸਰ ਹੈ, ਮਾਫ ਰੱਖਣਾ, ਸਤਿਸੰਗ ਹੋ ਰਿਹਾ ਹੈ ਤੇ ਏਥੇ ਸੱਚ ਨਾ ਕਹਿਣਾ ਪਾਪ ਹੈ, ਚਾਹੇ ਉਹ ਸੱਚ ਕੌੜਾ ਹੀ ਹੋਵੇ। ਆਪ ਵਿਚ ਇਹ ਇਕ ਕਮੀ ਬਾਕੀ ਹੈ ਕਿ ਆਪ ਇਖ਼ਲਾਕ ਦਾ ਇਕ ਪੈਮਾਨਾ ਆਪਣੇ ਮਨ ਨਾਲ ਬਣਾਉਂਦੇ ਹੋ, ਮਨ ਨਾਲ ਮਹਾਂ ਪੁਰਖਾਂ ਨੂੰ ਛੋਟਾ ਵੱਡਾ ਕਰਦੇ ਹੋ। ਵਾਹਿਗੁਰੂ ਦੀ ਰਚਨਾ ਸ਼ਕਤੀ, ਗੁਣ, ਸੀਰਤ, ਤੁਸੀਂ ਨਿਰੇ ਅਪਣੇ ਮਨ ਦੇ ਪੈਮਾਨੇ ਨਾਲ ਮਾਪਦੇ ਹੋ, ਜਿਥੇ ਇਹ ਮਨ ਨਾ ਮੰਨਿਆਂ ਓਥੇ ਝੂਠ। ਮੈਂ ਆਖਦਾ ਹਾਂ ਸਾਰੇ ਧਰਮਾਂ ਦੀ ਡੂੰਘੀ ਮੁਤਾਲਜਾ ਤੇ ਉਪਨਿਸ਼ਦ ਦੇ ਪਹਿਲੇ ਰਿਖੀ ਤੋਂ ਲੈ ਕਪਿਲ, ਪਲਾਤੂਸ, ਸ਼ੰਕਰ ਤੋਂ ਹੁੰਦੇ ਕੈਂਟ ਤਕ ਸਾਰੇ ਫਿਲਾਸਫਰਾਂ ਨੇ ਫੈਸਲਾ ਕੀਤਾ ਹੈ ਕਿ ਸਾਡਾ ਮਨ ਨਿਰਪੇਖਕ (Absolute) ਸੱਚ ਨੂੰ ਅਨੁਭਵ ਨਹੀਂ ਕਰ ਸਕਦਾ, ਕਿਉਂਕਿ ਇਹ ਮਨ ਅੰਤ ਵਾਲਾ (finite) ਹੈ ਤੇ ਉਹ ਨਿਰਪੇਖਕ ਸਚ (infinite) ਅਨੰਤ ਹੈ। ਫਿਲਾਸਫਰਾਂ ਦੀ ਬੋਲੀ ਵਿਚ ਇਉਂ ਕਹਿੰਦੇ ਹਨ ਕਿ ਓਹ ਪਾਰਬ੍ਰਹਮ 'ਦੇਸ਼ ਕਾਲ, ਨਮਿੱਤ' ਤੋਂ ਪਾਰ ਹੈ ਤੇ ਸਾਡਾ ਮਨ 'ਦੇਸ਼ ਕਾਲ ਨਮਿੱਤ' ਤੋਂ ਬਿਨਾ ਕੁਛ ਵੀਚਾਰ ਹੀ ਨਹੀਂ ਸਕਦਾ। ਜੋ ਕੁਛ ਸਾਡੀ ਸਮਝ ਵਿਚ ਯਾ ਅਕਲ ਵਿਚ ਆਉਂਦਾ ਹੈ ਉਹ ਜ਼ਰੂਰ 'ਦੇਸ਼, ਕਾਲ, ਨਮਿੱਤ' ਵਾਲਾ ਹੁੰਦਾ ਹੈ। ਇਸੇ ਗੱਲ ਨੂੰ ਭਗਤ ਲੋਕ ਐਉਂ ਆਖਦੇ ਹਨ ਕਿ:–

'ਕਰਤੇ ਕੀ ਮਿਤਿ ਨ ਜਾਨੈ ਕੀਆ ।।'

ਮੋਟੀ ਬੋਲੀ ਵਿਚ ਐਉਂ ਕਹਾਂਗੇ ਕਿ ਟਿੰਡਾਂ ਨੂੰ ਘੁਮਿਆਰ ਦੀ ਕੀ ਸਾਰ ਹੋ ਸਕਦੀ ਹੈ? ਜੇ ਟਿੰਡਾਂ ਸੋਚਣ ਬਹਿ ਜਾਣ ਤਾਂ ਕੀ ਸੋਚਣਗੀਆਂ ਕਿ ਘੁਮਿਆਰ ਇਕ ਵਡਾ ਸਾਰਾ ਮਟ ਹੈ। ਕਈ ਕਹਿਣਗੀਆਂ ਸਾਨੂੰ ਓਨ ਨਹੀਂ ਬਣਾਇਆ। ਉਹ ਜੇ ਬਣਾਏਗਾ ਤਾਂ ਭਾਂਡਾ ਨਹੀਂ ਰਹੇਗਾ, ਆਪ ਭੱਜ ਜਾਏਗਾ। ਪਰ ਉਨ੍ਹਾਂ ਨੂੰ ਕੀ ਪਤਾ ਕਿ ਘੁਮਿਆਰ ਦੇ ਸਰੀਰ ਦੀ ਬਣਤਰ ਹੋਰ ਤਰ੍ਹਾਂ ਦੀ ਹੈ, ਤੇ ਵਜੂਦ ਹੋਰਵੇਂ ਤੇ ਦਿਮਾਗ ਹੋਰਵੇਂ ਹੈ।

ਏਸੇ ਤਰ੍ਹਾਂ ਤੁਸੀਂ ਆਪਣੇ ਮਨ ਨਾਲ–ਜੋ ਅਨੰਤ ਦੀ ਸੋਝੀ ਪਾ ਨਹੀਂ ਸਕਦਾ–'ਅਨੰਤ' ਦੀ ਗਿਣਤੀ ਕਰਦੇ ਹੋ। ਸਾਰੀ ਸੂਰਤ, ਮੂਰਤ ਆਪਣੇ ਮਨ ਨਾਲ ਬਣਾਉਂਦੇ ਹੋ, ਜਿਥੇ ਮਨ ਮੰਨ ਗਿਆ, ਓਥੇ ਤੁਸੀਂ ਮੰਨ ਗਏ। ਇਸ ਤੋਂ ਅਗੇ ਉਠਦੇ ਨਹੀਂ। ਪਰ ਭਗਤਾਂ ਦੀ ਬੋਲੀ ਵਿਚ ਇਸ ਕਰਮ ਨੂੰ ਮਨਮੁਖਤਾ ਕਹਿੰਦੇ ਹਨ, ਅਰਥਾਤ ਆਪਣੇ ਮਨ ਨੂੰ ਅਪਣਾ ਗੁਰੂ ਬਣਾ ਲੈਣਾ। ਸੋ ਇਸ ਤਰ੍ਹਾਂ ਦੇ ਰਚੇ ਰਬ ਰਸੂਲ ਮਹਾਂ ਪੁਰਖ ਅਸਲੀ ਰਬ ਰਸੂਲ ਮਹਾਂ ਪੁਰਖ ਨਹੀਂ, ਪਰ ਜੀਵਾਂ ਦੇ ਆਪਣੇ ਖਿਆਲੀ ਪੁਤਲੇ ਹਨ।

ਬਾਬੂ (ਹੈਰਾਨ ਹੋਕੇ)–ਫੇਰ ਕਰੀਏ ਕੀ?

ਸਿੰਘ–ਭੈ, ਅਦਬ ਵਿਚ ਇਸ ਮਨ ਨੂੰ ਰਖੋ ਤੇ ਉਹ ਸਾਧਨ ਕਰੋ, ਉਹ ਸੰਜਮ ਕਰੋ ਜਿਸ ਨਾਲ ਤੁਹਾਨੂੰ ਇਕ ਵਾਰੀ ਰਸ, ਅਸਚਰਜ ਤੇ ਵਿਸਮਾਦ ਦਾ ਝਲਕਾ ਵੱਜੇ, ਫੇਰ ਤੁਸੀਂ ਆਪ ਕਾਇਲ ਹੋ ਜਾਓਗੇ ਕਿ ਮਨ ਬਾਣੀ ਤੋਂ ਪਰੇ ਕੋਈ ਹੋਰ ਹਾਲਤ ਬੀ ਵਾਕਫ ਹੁੰਦੀ ਹੈ ਉਹ ਹਾਲਤ ਅਨੰਤ (Infinity) ਦਾ ਕ੍ਰਿਸ਼ਮਾ ਹੈ।

ਫੇਰ ਤੁਸੀਂ ਆਪਣੇ ਆਤਮਾ ਨੂੰ ਉੱਚਾ ਕਰੋ, ਮਨ ਦੀ ਵਿਚਾਰ ਦਾ ਮੰਡਲ ਖੁਲ੍ਹੇਰਾ ਤੇ ਵਡੇਰਾ ਕਰੋ, ਜਿਉਂ ਜਿਉਂ ਮਨ ਇਕਾਗਰ ਕਰੋਗੇ ਤਿਉਂ ਤਿਉਂ ਆਤਮਾਂ ਨੂੰ ਵਧੀਕ ਤੋਂ ਵਧੀਕ ਰਸ ਪਏਗਾ। ਅੰਤ ਤੁਸਾਨੂੰ ਅਨੁਭਵ (Realization) ਹੋ ਜਾਏਗਾ ਕਿ 'ਨਿਰਪੇਖਕ ਸੱਚ' (Absolute truth) 'ਦੰਦਾਂ ਤੋਂ ਪਰੇ ਦੇ 'ਸੱਚ' ਦੀ ਸ਼ਰਨ ਪਾਪਤ ਹੋਣਾ ਕੀ ਹੈ?

ਬਾਬੂ–ਜੇ ਮਨ ਤੇ ਅਕਲ ਨਾ ਵਰਤੀਏ ਤਾਂ ਮੂਰਖ ਹੋ ਜਾਈਦਾ ਹੈ?

ਸਿੰਘ ਜੀ–ਮੇਰਾ ਇਹ ਮਤਲਬ ਨਹੀਂ, ਕਿ ਮੂਰਖ ਹੋ ਜਾਓ। ਮਨ ਬਿਨਾਂ ਅਸੀਂ ਮਰ ਜਾਵਾਂਗੇ,

ਤੇ ਬੁੱਧੀ ਬਿਨਾਂ ਰੁਤ ਜਾਵਾਂਗੇ। ਮੇਰਾ ਮਤਲਬ ਤਾਂ ਇਹ ਹੈ ਕਿ ਇਹ ਨਾ ਸਮਝੋ ਕਿ ਮਨਬੁੱਧੀ ਆਖਰੀ ਪੈਮਾਨਾ ਤੇ ਸੰਪੂਰਨ ਪੈਮਾਨਾ ਹੈ, ਜਿਨ੍ਹਾਂ ਨਾਲ ਅਸਾਂ ਜ਼ਿੰਦਗੀ ਦੇ ਮਰਮਾਂ ਤੇ ਡੂੰਘਾਈਆਂ ਨੂੰ ਮਿਣਨਾ ਹੈ, ਇਹ ਪੈਮਾਨੇ ਕੀਮਤੀ ਹਨ, ਜੋ ਸਾਨੂੰ ਪਸ਼ੂਪੁਣੇ ਤੋਂ ਉੱਚਾ ਲੈ ਆਏ ਤੇ ਅਸਾਂ ਇਨਸਾਫ, ਰਹਿਮ ਤੇ ਭਲਾਈ ਸਿੱਖ ਲਈ। ਇਹ ਪੈਮਾਨਾ ਕੀਮਤੀ ਹੈ,ਜਿਸ ਨੇ ਸਰਬ ਵਿਦਜਾ ਖੋਜ ਲਈਆਂ ਹਨ ਪਰ ਹੁਣ ਤੁਸੀਂ ਮੰਨੋ ਕਿ ਅੱਗੇ ਕੁਛ ਹੋਰ ਹੈ, ਉਸ ਦੇ ਮੁਤਲਾਸ਼ੀ ਬਣੋ ਤੇ ਮਹਾਂ ਪੁਰਖਾਂ ਨੇ ਜੋ ਗਿਆਨ ਦਿੱਤਾ ਹੈ, ਉਸ ਨੂੰ ਰਹਿਬਰ ਬਣਾਓ। ਜਦੋਂ ਉਨ੍ਹਾਂ ਦੀ ਦਿਤੀ ਰੌਸ਼ਨੀ ਵਿਚ ਤੁਰਦੇ ਤੁਸੀਂ ਅਨੁਭਵ (Realization) ਵਿਚ ਆਓਗੇ ਤਦੋਂ ਰਾਇ ਦੇਣੀ ਕਿ ਫਲਾਣੀ ਗੱਲ ਇਸ ਤਰ੍ਹਾਂ ਹੈ। ਮਹਾਂ ਪੁਰਖਾਂ ਨੇ ਅਨੁਭਵ ਪਾਇਆ ਸੀ, ਓਹ ਅਨੰਤ ਵਿਚ ਗਏ ਸਨ, ਉਨ੍ਹਾਂ ਨੂੰ ਅਨੰਤ ਦੀ ਲਿਵ ਪ੍ਰਾਪਤ ਹੋਈ ਸੀ। ਇਸ ਕਰਕੇ ਜੋ ਗਯਾਨ ਓਹ ਦੇਂਦੇ ਹਨ, ਉਹ ਉਸ ਗਯਾਨ ਤੋਂ ਉੱਚਾ ਹੈ, ਜੋ ਨਿਰਾ ਮਨ ਦੇ ਖਿਆਲਾਂ ਤੋਂ ਇਖ਼ਲਾਕੀ ਪੈਮਾਨੇ ਤਿਆਰ ਕਰਨ ਵਾਲੇ ਦੇਂਦੇ ਹਨ। ਸਾਡੀ ਬੋਲੀ ਵਿਚ ਉਨ੍ਹਾਂ ਆਦਮੀਆਂ ਨੂੰ—ਜੋ ਗੁਰੂ ਨਾਨਕ ਦੇਵ ਜੀ ਦੇ ਅਨੁਭਵੀ ਗਿਆਨ ਦੀ ਰੌਸ਼ਨੀ ਵਿਚ ਅਪਣੇ ਮਨ ਬੁੱਧ ਦਾ ਮੰਡਲ ਉੱਚਾ ਕਰਦੇ ਹਨ ਤੇ ਆਪ ਨੂੰ ਅਨੁਭਵ ਤਕ ਲੈ ਜਾਣ ਦਾ ਜਤਨ ਕਰਦੇ ਹਨ—'ਗੁਰਮੁਖ' ਆਖਦੇ ਹਨ। ਅਰਥਾਤ ਉਹ ਜੋ ਮਹਾਂ ਪੁਰਖਾਂ ਦੀ ਰੌਸ਼ਨੀ ਵਿਚ ਅਨੁਭਵ ਨਗਰ ਦਾ ਸਫਰ ਕਰ ਰਹੇ ਹਨ, ਜਿਨ੍ਹਾਂ ਨੇ ਆਪਣੇ ਮਨ ਨੂੰ ਮੁੱਖਤਾ ਅਰਥਾਤ ਰਹਿਬਰੀ, ਅਗੁਵਾਨੀ ਨਹੀਂ ਦਿੱਤੀ, ਪਰ ਗੁਰੂ ਦੇ ਗਯਾਨ ਨੂੰ ਆਪਣਾ ਰਹਿਬਰ ਬਣਾਇਆ ਹੈ, ਤੇ ਮਨ ਨੂੰ ਉਸ ਰੌਸ਼ਨੀ ਵਿਚ ਟੋਰ ਕੇ ਸੱਚ ਦੀ ਭਾਲ ਅਰੰਭੀ ਹੋਈ ਹੈ ਯਾ ਪਾ ਲਈ ਹੈ। ਕਾਰਨ ਓਹੋ ਜੋ ਮੈਂ ਦੱਸਿਆ ਹੈ ਕਿ ਇਕੱਲਾ ਸਾਡਾ ਮਨ 'ਅੰਤ' ਵਿਚ ਹੈ,ਇਸ ਨੂੰ ਉਨ੍ਹਾਂ ਦੀ ਸਿਖਜਾ, ਮੱਤ, ਗਯਾਨ, ਮਦਦ ਤੇ ਅਸੀਸ ਦੀ ਲੋੜ ਹੈ, ਜਿਨ੍ਹਾਂ ਨੇ 'ਅਨੰਤ' ਵਿਚ ਟੁੱਬੀ ਲਾਈ ਹੈ ਤੇ ਉਸਦੀ 'ਰਸ ਅਨੁਭਵਤਾ' ਪਾਈ ਹੈ ਤਾਂ ਜੋ ਅਸੀਂ ਆਪ ਅਨੁਭਵ ਤਕ ਉਠ ਸਕੀਏ।

ਬਾਬੂ—ਇਹ ਤਾਂ ਤੁਸਾਂ ਨੇ ਮੇਰਾ ਉਹ ਸੰਸਾ ਦੂਰ ਕਰ ਦਿੱਤਾ ਹੈ ਜੋ ਮੈਨੂੰ ਸਿੱਖਾਂ ਤੋਂ ਸਦਾ ਦੂਰ ਰੱਖਿਆ ਕਰਦਾ ਸੀ। ਮੈਂ ਸਿੱਖਾਂ ਨੂੰ 'ਆਦਮ ਪ੍ਰਸਤ' ਸਮਝ ਕੇ ਵਿੱਥ ਤੇ ਰਹਿੰਦਾ ਸੀ। ਤੁਸਾਡੇ ਗੁਣਾਂ ਦੀ ਕਦਰ ਤਾਂ ਮੈਨੂੰ ਸੀ, ਪਰ ਮੈਂ ਜਾਣਦਾ ਸਾਂ (ਮਾਫ ਕਰਨਾ) ਕਿ ਤੁਸੀਂ ਅਨਪੜ੍ਹ ਮੂਰਖ ਹੋ, ਜੋ ਆਦਮੀ ਗੁਰੂਆਂ ਦੀ ਪੂਜਾ ਵਿਚ ਢੱਠੇ ਪਏ ਹੋ। ਮੈਨੂੰ ਨਹੀਂ ਸੀ ਪਤਾ ਕਿ ਤੁਸਾਡੀਆਂ ਖੱਦਰ ਦੀਆਂ ਪੱਗਾਂ ਹੇਠ ਇਸ ਤਰ੍ਹਾਂ ਦੀ ਰੌਸ਼ਨ ਦਿਮਾਗ਼ੀ ਹੈ। ਹੁਣ ਤਾਂ ਸਾਫ ਹੋ ਗਿਆ ਕਿ ਤੁਸੀਂ ਆਦਮ ਪ੍ਰਸਤ ਨਹੀਂ, ਤੁਸੀਂ ਤਾਂ ਅਨੰਤ (Infinite) ਤੇ (Absolute) ਪਾਰਬ੍ਰਹਮ ਦੇ ਉਪਾਸਕ ਹੋ।

ਇਹ ਸੁਣਦੇ ਹੀ ਸਿੰਘ ਜੀ ਦਾ ਰੰਗ ਬਦਲਿਆ, ਚਿਹਰਾ ਲਾਲੀ ਵਿਚ ਆ ਗਿਆ ਤੇ ਇਲਾਹੀ ਨਾਦ ਵਿਚ ਇਹ ਸ਼ਬਦ ਗਾਵੇਂ ਕਿ ਸਾਰੇ ਮੂਰਤ ਵਾਂਗ ਅਚੱਲ ਹੋ ਗਏ ਤੇ ਬੇਨਤੀ ਦੀ ਤਸਵੀਰ ਬਣ ਗਏ:—

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥
॥੧॥ਰਹਾਉ॥ ਪ੍ਰਾਨ ਨਾਥ ਅਨਾਥ ਸਖੇ ਦੀਨ
ਦਰਦ ਨਿਵਾਰ ॥ ੧ ॥ ਹੇ ਸਮਰਥ ਅਗਮ
ਪੂਰਨ ਮੋਹਿ ਮਇਆ ਧਾਰਿ ॥ ੨ ॥ ਅੰਧ ਕੂਪ
ਮਹਾਂ ਭਇਆਨ ਨਾਨਕ ਪਾਰਿ ਉਤਾਰ ॥ ੩ ॥
[ਮਲਾਰ ਮਃ ੫

ਸਾਰਿਆਂ ਨੂੰ ਸਰੂਰ ਆ ਗਿਆ, ਕੁਛ ਚਿਰ ਝੂਮ ਕੇ ਅੱਖਾਂ ਖੁੱਲ੍ਹੀਆਂ, ਵਾਹ ਵਾਹ ਦੀ ਗੁੰਜਾਰ ਹੋਈ, ਸਭ ਤੋਂ ਮਗਰੋਂ ਸਿੰਘ ਜੀ ਦੇ ਲਾਲ ਹੋਏ ਨੇਤ੍ਰ ਖੁੱਲੇ ਤੇ ਬੋਲੇ:—

'ਆਦਮ ਪ੍ਰਸਤ' ਸੱਜਣਾਂ!ਅਸੀਂ 'ਆਦਮ ਪ੍ਰਸਤ' ਜ਼ਰੂਰ ਹਾਂ, ਪਰ ਅਸੀਂ ਸ਼ੁਕਰ ਹੈ 'ਮਨਮੁਖ' ਨਹੀਂ।

ਬਾਬੂ ਜੀ! ਔਨਕਾਂ ਵਾਲੇ ਜੀ! ਸੰਤ ਜੀ! ਤੁਸੀਂ ਸਾਰੇ ਰੱਬ ਦੇ ਮੁਤਲਾਸ਼ੀ ਦੀਹਦੇ ਹੋ, ਸਚੋ ਸਚ ਦੱਸਣਾ ਕਦੇ ਉਹ ਰੱਬ ਡਿਠਾ ਜੇ, ਕਦੇ ਉਸ ਦਾ ਝਲਕਾ ਵਜਾ ਜੇ, ਜਿਸਦੇ ਤੁਸੀਂ ਮੁਤਲਾਸ਼ੀ ਹੋ? ਤੁਹਾਡੇ ਹਿਰਦੇ ਇਕ ਸ਼ੂਨ ਦੇ ਖਿਆਲ ਨੂੰ ਰੱਬ ਕਹਿਕੇ ਉਪਾਸਨਾ ਦੇ ਵਹਿਮ ਵਿਚ ਰਹਿੰਦੇ ਹਨ, ਤੁਹਾਡੇ ਅੰਦਰ ਉਹ 'ਅਕਾਲ ਮੂਰਤੀ ਮਨ' ਨਹੀਂ ਹੈ, ਜੋ 'ਅਕਾਲ ਮੂਰਤਿ' ਦੀ ਸ਼ਰਨ ਦੀ ਟੇਕ ਲੈਂਦਾ

ਹੈ। ਤੁਸੀਂ ਅਨੰਤ ਦੇ ਖਿਆਲ ਨੂੰ 'ਸ਼ੂਨ' ਦੇ ਵਹਿਮ ਵਿਚ ਖ਼ੁਦਾ ਕਹਿ ਰਹੇ ਹੋ। ਉਹ 'ਅਜੋਨੀ' ਤੁਸਾਡੇ ਅੰਦਰ 'ਅਕਾਲ ਮੂਰਤ' ਹੋਕੇ ਨਹੀਂ ਆਇਆ। ਸੰਗ ਨਹੀਂ ਕਰਨੀ, ਸੱਚ ਦਾ ਇਕਰਾਰ ਕਰਨਾ ਸੱਚ ਹੈ।

ਸਾਰੇ–ਸੱਚ ਇਹੋ ਹੈ।

ਸਿੰਘ–ਅਸੀਂ ਮੂਰਖ ਹਾਂ, ਮਿੱਧੇ ਹਾਂ, ਅਨਪੜ੍ਹ ਹਾਂ, ਆਦਮ ਪ੍ਰਸਤ ਹਾਂ, ਪਰ ਸਾਡੇ ਅੰਦਰ ਭੀ ਹੈ ਕਿ ਅਸੀਂ (finite) ਅੰਤ ਵਾਲੇ ਹਾਂ, ਅਸੀਂ ਇਕਰਾਰ ਕਰਦੇ ਹਾਂ ਕਿ (Infinite) 'ਅਨੰਤ' ਨੂੰ ਅਪਣੇ ਮਨ ਦਾ ਵਿਸ਼ਾ ਅਸੀਂ ਨਹੀਂ ਬਣਾ ਸਕਦੇ, ਅਸੀਂ ਇਕਰਾਰ ਕਰਦੇ ਹਾਂ ਕਿ ਸਾਡਾ ਰੱਬ ਸਾਡੇ ਮਨ ਬਾਣੀ ਤੋਂ ਅਵਿਸ਼ੇ (ਪਰੇ) ਹੈ। ਅਸੀਂ ਇਕਰਾਰ ਕਰਦੇ ਹਾਂ ਕਿ ਸਾਨੂੰ ਐਸੇ ਆਦਮੀ ਦੀ ਲੋੜ ਹੈ ਜੋ ਮਨ ਬੁੱਧੀ ਤੋਂ ਉੱਚਾ ਹੋਕੇ, 'ਸੁਧਿ'* ਵਿਚ ਗਿਆ ਹੈ ਤੇ ਉਸਤੋਂ ਉਚੇਰਾ ਬੀ। ਜਿਸਦਾ ਆਪਣਾ ਆਪ ਰਸ ਤੇ ਵਿਸਮਾਦ ਦੀ ਹਾਲਤ ਵਿਚ ਗਿਆ ਹੈ, ਜਿਸ ਨੇ ਮਨ ਬਾਣੀ ਤੋਂ ਉੱਠਕੇ ਅਨੰਤ (Infinite) ਵਿਚ ਲਿਵ ਲਾਕੇ ਲੀਨਤਾ ਪਾਈ ਹੈ, ਜਿਸਨੇ ਅਨੰਤ (Infinite) ਨੂੰ ਆਤਮਾ ਦੀ ਸ਼ਰਨ ਜਾ ਕੇ ਅਨੁਭਵ ਕੀਤਾ ਹੈ, ਉਸ ਅਗੰਮੀ ਮਰਦ ਦੇ ਗਿਆਨ ਦੀ –ਉਸਦੇ ਹਿਰਦੇ ਦੀ–ਸਾਨੂੰ ਲੋੜ ਹੈ।ਉਸਦੇ ਹਿਰਦੇ ਵਿਚੋਂ ਅਪਣੇ ਹਿਰਦੇ ਪਰ ਰੱਬੀ ਅਕਸ (ਪ੍ਰਭਾਵ) ਲੈਣ ਦੀ 'ਮਨੁੱਖ-ਪੂਜਾ' ਦੀ ਸਾਨੂੰ ਲੋੜ ਹੈ।'ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ।।'

ਉਸਦੀ ਅਨੁਭਵੀ ਰੌਸ਼ਨੀ ਦੀ ਸਾਨੂੰ ਲੋੜ ਹੈ ਕਿ ਸਾਡਾ ਮਨ ਤੇ ਬੁੱਧ ਅਪਣੀ (Infinite) ਦੀ ਤਲਾਸ਼ ਦੇ ਸਫਰ ਵਿਚ ਡੱਕੋ ਡੋਲੇ ਨਾ ਖਾਵੇ ਅਰ ਉਸ ਰੌਸ਼ਨੀ ਦੀ ਮਦਦ ਨਾਲ ਅਨੰਤ ਦੀ 'ਅਨੁਭਵਤਾ' ਪ੍ਰਾਪਤ ਕਰੇ।

ਅਸੀਂ ਮੰਨਦੇਹਾਂ ਕਿ ਅਨੁਭਵ ਵਾਲਾ ਆਦਮੀ, ਅਕਲਮੰਦ ਪੰਡਤ ਦਾਨੇ ਆਦਮੀ ਨਾਲੋਂ ਕੋਈ ਵੱਖਰਾਪਨ ਤੇ ਕੋਈ ਨਿਆਰੀ ਵਿਸ਼ੇਸ਼ਤਾ ਰਖਦਾ ਹੈ। ਉਸ ਨੂੰ ਅਨੰਤ ਦੀ 'ਰਸ-ਗੰਮਤਾ' ਹੈ, ਦਾਨੇ ਨੂੰ ਕੇਵਲ 'ਅੰਤ' ਦੀਆਂ ਗੱਲਾਂ ਦੀ ਸੋਝੀ ਹੈ। ਪਹਿਲੇ ਅਸੀਂ ਸੰਸਾਰ ਦੇ ਸਾਰੇ ਮਹਾਂ ਪੁਰਖਾਂ ਦਾ ਸਤਿਕਾਰ ਕਰਦੇ ਹਾਂ, ਪਰ ਅਪਣੇ ਸਤਿਗੁਰਾਂ ਨੂੰ ਉਨ੍ਹਾਂ ਤੋਂ ਉੱਚਾ ਇਲਾਹੀ ਦਰਜਾ ਦੇ ਕੇ ਬੜਾ ਡੂੰਘਾ (Profound) ਸਤਿਕਾਰ ਪੇਸ਼ ਕਰਦੇ ਹਾਂ, ਹਾਂ ਜੀ, ਇਹ ਸਾਡੀ–ਮੈਂ ਫੇਰ ਆਖਦਾ ਹਾਂ–'ਆਦਮ-ਪ੍ਰਸਤੀ' ਹੈ। ਇਸ 'ਆਦਮ-ਪ੍ਰਸਤੀ' ਦਾ ਚਾਨਣਾ ਸਾਨੂੰ ਅਨੰਤ ਵਿਚ ਲਿਜਾਏਗਾ, ਪੰਡਤ ਦਾ ਚਾਨਣਾ ਸਾਨੂੰ ਨੇਕੀ ਤੇ ਵਿਦਜਾ ਵਲ ਲਿਜਾ ਸਕਦਾ ਹੈ,ਪਰ(finite)ਹੱਦ ਬੰਨੇ ਦੀ ਕੈਦ ਵਿਚ ਹੀ ਰਖੇਗਾ। ਸੋ ਅਸੀਂ 'ਪਹਿਲੇ ਮਰਦ' ਲਈ ਅਪਣੇ ਦਿਲ ਵਿਚ ਅਨੰਤ ਸਤਿਕਾਰ ਦੀ ਨਜ਼ਰ ਰਖਦੇ ਹਾਂ, ਉਸਨੂੰ ਗੁਰੂ, ਗੁਰੂ* ਨਾਨਕ, ਗੁਰੂ ਗੋਬਿੰਦ ਸਿੰਘ ਆਖਦੇ ਤੇ ਪਿਆਰ ਕਰਦੇ ਹਾਂ, ਉਸਦੇ ਵਜੂਦ ਨਾਲਤੇਸ਼ਖਸੀ ਤਅੱਲਕ(personal connection) ਨਾਲ ਆਪਣਾ ਪਿਆਰਾ ਪਿਤਾ ਸਮਝਕੇ ਉਸਦੀ ਰੌਸ਼ਨੀ ਵਿਚ ਉਠਦੇ ਹਾਂ। ਇਹ ਸਾਡੀ 'ਆਦਮ-ਪ੍ਰਸਤੀ' ਹੈ।

ਅਸੀਂ ਆਪਣੇ ਮਨ ਦੇ ਸਿਖ ਨਹੀਂ, ਪਰ ਉਸ ਗੁਰੂ ਦੇ ਸਿੱਖ ਹਾਂ, ਜਿਸਨੇ ਸਾਨੂੰ ਵਾਹਿਗੁਰੂ ਦਾ ਸੱਚਾ ਗਿਆਨ ਦੱਸਿਆ ਤੇ ਵਿਸਮਾਦ ਤੇ ਅਨੰਤ ਦੇ ਅਨੁਭਵੀ ਜੀਵਨ ਦੀ ਸੋਝੀ ਪਾਈ ਹੈ। ਉਸ ਗੁਰੂ ਦਾ ਸਤਿਕਾਰ ਪਿਆਰ, ਜ਼ਾਤੀ ਰਿਸ਼ਤੇ ਦਾ ਪਿਆਰ ਸਾਡੀ 'ਆਦਮ-ਪ੍ਰਸਤੀ' ਹੈ, ਅਰ ਅਸੀਂ ਫ਼ਖਰ ਨਾਲ ਇਸਦੇ ਇਕਰਾਰੀ ਹਾਂ। ਮਨ ਸਾਡੇ ਪਾਸ ਹੈ ਪਰ ਇਸ ਪਰ ਅਸੀਂ ਮੱਤ ਦਾ ਕੁੰਡਾ ਰਖਦੇ ਹਾਂ, ਮੱਤ ਨੂੰ ਸਾਈਂ ਦੀ ਰਾਖੀ ਵਿਚ ਰਖਦੇ 'ਸੁਧਿ' ਦੇ ਦਰਜੇ ਤੇ ਲੈ ਜਾਂਦੇ ਹਾਂ। ਐਉਂ ਅਸੀਂ ਪ੍ਰਬੁਧ ਹੋਕੇ 'ਆਦਮ–ਪ੍ਰਸਤ' ਹਾਂ।

ਸੂਫੀ–ਮਰਹਬਾ! ਇਸ ਆਦਮ ਪ੍ਰਸਤੀ ਦੇ, ਇਹ ਅਸਲ ਖ਼ੁਦਾ ਪ੍ਰਸਤੀ ਹੈ। ਮੈਂ ਹੈਰਾਨ ਹਾਂ ਕਿ ਕਾਲਜਾਂ ਵਿਚ ਸੰਸਾਰੀ ਵਿਦਜਾ ਪਾਉਣ ਲਈ ਸਾਡੇ ਨੌਜਵਾਨਾਂ ਨੂੰ ਹੋ ਚੁਕੇ ਦਾਨਿਆਂ ਦੇ ਗਿਆਨ ਦੀ ਲੋੜ ਤਾਂ ਹੈ ਪਰ ਸੱਚੀ ਵਿਦਜਾ ਵਾਲੇ ਪਾਸ ਗੁਰੂ ਨਾਨਕ ਵਰਗੇ ਮਹਾਂ ਪੁਰਖ ਦੇ ਤਜਰਬਾਤ ਦੀ

*ਤ੍ਰਿਬੇ ਘੜੀਐ ਸੁਰਾ ਸਿਧਾ ਕੀ 'ਸੁਧਿ'। intution ਦੇ ਫਿਲਸਫੇ ਦਾ ਖਿਆਲ 'ਸੁਧਿ' ਦੇ ਨੇੜੇ ਢੁਕਦਾ ਜਾਪਦਾ ਹੈ।

*ਗੁਰੂ ਸਾਡੇ ਵਿਚ ਨਿਰਾ ਉਸਤਾਦ ਦਾ ਨਾਮ ਨਹੀਂ, ਪਰ ਆਦਮੀ ਤੋਂ ਦੇਵਤਾ ਬਣਾ ਦੇਣ ਵਾਲੇ ਦਾ ਜੋ ਸਾਨੂੰ ਅੰਤ ਵਿਚ ਲੈ ਜਾਂਦਾ ਹੈ। ਦੇਖੋ ਆਸਾ ਦੀ ਵਾਰ।

ਲੋੜ ਸਾਨੂੰ ਨਹੀਂ ਤੇ ਉਨ੍ਹਾਂ ਦੇ ਵਜੂਦ ਲਈ ਕਿਸੇ ਸਤਿਕਾਰ ਤੇ ਪਿਆਰ ਦੀ ਲੋੜ ਨਹੀਂ ! ਸੰਸਾਰ ਦੀ ਇਹ ਸਮਝ ਅਸਚਰਜ ਹੈ ! ਅਸਚਰਜ ਹੈ !

ਸਾਧੂ–ਸੱਚ ਕਿਹਾ ਜੇ, ਮੈਂ ਸਾਂਖ ਯੋਗ, ਵੇਦਾਂਤ ਦਾ ਪੰਡਤ ਹਾਂ, ਸਨਾਤਨ ਤੇ ਆਰਯਾ ਸਾਰੇ ਮਤ ਤੱਕ ਕੇ ਹਨ, ਸਾਡੇ ਯੋਗ ਦਰਸ਼ਨ ਵਿਚ 'ਬੀਤਰਾਗ ਨੂੰ ਵਿਸ਼ਯ ਕਰਨ ਵਾਲਾ ਚਿਤ ਬਨਾਓ' ਲਿਖਿਆ ਹੈ* । ਓਥੇ ਸਾਨੂੰ ਆਦਮ ਪ੍ਰਸਤੀ ਯਾਦ ਨਹੀਂ, ਇੱਥੇ ਅਮਲੀ ਜੀਵਨ ਵਾਲੇ ਫਕੀਰ ਸਿੱਖਾਂ ਨੂੰ ਅਸੀਂ ਸਮਝਦੇ ਨਹੀਂ ਰਹੇ । ਪਰ ਅੱਜ ਸਾਨੂੰ ਸਾਫ ਹੋ ਗਿਆ ਹੈ ਕਿ ਸਿਖ ਅਸਲ ਮੁਆਹਦ, ਖ਼ੁਦਾ ਪ੍ਰਸਤ ਤੇ ਅਮਲੀ ਖ਼ੁਦਾ ਪ੍ਰਸਤ ਹਨ । ਇਨ੍ਹਾਂ ਦਾ ਗੁਰੂ ਸਾਹਿਬਾਂ ਦੀ ਇੱਜ਼ਤ ਕਰਨਾ, ਪਿਆਰ ਕਰਨਾ, ਅਕਲੀ, ਅਮਲੀ, ਦਲੀਲੀ ਅਰ ਮੰਤਕ ਨਾਲ ਸਿਧ ਅਮਲ ਹੈ, ਬਲਕੇ ਰੂਹ ਦੀ ਕੁਦਰਤੀ ਭੁੱਖ ਦਾ ਇਹੋ ਇਕ ਦਾਰੂ ਹੈ ।

ਸੂਫੀ–ਇਕ ਮੈਂ ਅਰਜ਼ ਕਰਨੀ ਹੈ, ਖਫ਼ਾ ਨਹੀਂ ਹੋਣਾ । ਮੈਂ ਸਿੱਖਾਂ ਨੂੰ ਅਹਿਲੇ-ਕਿਤਾਬ ਸਮਝਦਾ ਹਾਂ, ਅਰ ਗੁਰੂ ਸਾਹਿਬਾਂ ਨੂੰ ਅੱਲਾ ਦੇ ਰਸੂਲ ਮੰਨਦਾ ਹਾਂ, 'ਉੱਮਤ ਦੇ ਰਸੂਲ ਨਾਲ ਪਿਆਰ' ਦਾ ਮੈਂ ਜਾਣੂੰ ਹਾਂ । ਭਗਤਾਂ ਦੇ ਰਾਮ ਕ੍ਰਿਸ਼ਨ ਦੇ ਪਿਆਰ ਦਾ ਮੈਂ ਵਾਕਫ ਹਾਂ ਤੇ ਈਸਾਈਆਂ ਦੀ ਈਸਾ ਭਗਤੀ ਨੂੰ ਬੀ ਜਾਣਦਾ ਹਾਂ । ਪਰ ਜਿਸ ਅਹਸਨ (ਨੇਕ) ਤ੍ਰੀਕੇ ਨਾਲ ਸਿੰਘ ਜੀ ਨੇ ਆਪਣੀ ਆਪਣੇ ਪੈਗੰਬਰਾਂ ਨਾਲ ਪ੍ਰੀਤ ਦੇ ਮਰਮ ਬਿਆਨ ਕੀਤੇ ਹਨ ਉਹ ਅਕਲ ਤੇ ਦਲੀਲ ਨਾਲ ਬੀ ਸਾਬਤ ਕਰ ਦਿਤੇ ਹਨ । ਕੀ ਆਪ ਸਭ ਸਾਹਿਬ ਮੇਰੇ ਨਾਲ ਇਤਫ਼ਾਕ ਕਰਦੇ ਹੋ ?

ਸਾਰੇ–ਬੇਸ਼ਕ ।

ਸੂਫੀ–ਮੈਂ ਆਪ ਦੀ ਤਵੱਜੋ ਇਕ ਪੀੜ੍ਹੀ ਹੇਠ ਲਾਠੀ ਫੇਰਨ ਵਾਲੀ ਪੰਜਾਬੀ ਮਿਸਾਲ ਮੁਜਬ ਦਿਵਾਉਣੀ ਹੈ ਕਿ ਬਿੱਲੀ ਤਾਂ ਉੱਥੇ ਲੁਕੀ ਬੈਠੀ ਜੇ, ਤੁਸੀਂ ਵਿਹੜੇ ਵਿਚ ਮੋਟੇ ਔਂਵੇਂ ਮਾਰਦੇ ਰਹੋ ਜੇ ।

ਉਹ ਇਹ ਹੈ ਕਿ ਕੌਣ ਆਦਮ ਪ੍ਰਸਤ ਨਹੀਂ, ਕੋਈ ਹੈ ਇਨਸਾਨ ਜਿਸ ਦੇ ਦਿਲ ਦਾ ਆਸਰਾ ਕੋਈ ਦੂਸਰਾ ਇਨਸਾਨ ਨਹੀਂ ਹੈ ? ਸ਼ਰਮ ਦੀ ਗੱਲ ਨਹੀਂ, ਮਨ ਆਸਰੇ ਬਿਨਾਂ ਕੁਦੇ ਰਹਿ ਹੀ ਨਹੀਂ ਸਕਦਾ, ਕਿਸੇ ਦੇ ਮਨ ਦਾ ਆਸਰਾ ਵਹੁਟੀ ਹੈ, ਕਿਸੇ ਦਾ ਪੁੱਤ ਹੈ, ਕਿਸੇ ਦਾ ਮਿੱਤ ਹੈ, ਕਿਸੇ ਦੀ ਕੋਈ ਸਹੇਲੀ ਹੈ ਤੇ ਕਿਸੇ ਦਾ ਕੋਈ ਹੈ । ਗਲ ਕੀ, ਮਾਨੁਖ ਦੇ ਅੰਦਰ ਮਾਨੁੱਖ ਦੀ ਟੇਕ ਹੈ । ਇਸ ਤੋਂ ਜੋ ਆਪਣੇ ਆਪ ਨੂੰ ਮੱਖਣਿਆਂ ਕਰਦਾ ਹੈ ਅਕਸਰ ਸ਼ੁਦਾਈ ਹੋ ਜਾਂਦਾ ਹੈ । ਇਹ ਗੱਲ ਸਟ ਪਾਉਣ ਵਾਲੀ ਨਹੀਂ, ਛੁੱਘੀ ਸੋਚ ਵਾਲੀ ਹੈ ।

ਹੁਣ ਵੀਚਾਰ ਕਰੋ ਜਿਨ੍ਹਾਂ ਨੇ ਦਿਲਾਂ ਦੀ ਟੇਕ ਤੀਮੀਆਂ ਤੋਂ, ਪੁੱਤਾਂ ਤੋਂ, ਯਾਰਾਂ ਤੋਂ ਚੁੱਕ ਕੇ ਉਸ ਆਦਮੀ ਪਰ ਲਾਈ ਹੈ ਜਿਸ ਨੂੰ ਅਸੀਂ ਰਸੂਲ, ਅੱਲਾ ਆਖਦੇ ਹਾਂ ਤੇ ਮੇਰੀ ਜਾਚੇ ਸਿੱਖ 'ਗੁਰੂ' ਆਖਦੇ ਹਨ, ਉਨ੍ਹਾਂ ਨੇ ਮਨ ਉੱਚਾ ਕੀਤਾ ਹੈ ਕਿ ਨੀਵਾਂ ? ਜੋ ਲੋਕ ਮਾਤਾ, ਪਿਤਾ, ਭੈਣ, ਭਰਾ, ਪੁੱਤਰ, ਇਸਤ੍ਰੀ ਦੀ ਟੇਕ ਧਾਰਕੇ ਵਿਚਰ ਰਹੇ ਹਨ ਉਹਨਾਂ ਨੂੰ ਕੀ ਹੱਕ ਹੈ ਕਿ ਪਹਿਲੇ ਆਪਣੇ ਅੰਦਰ ਵਸਦੀ 'ਆਦਮ ਪ੍ਰਸਤੀ' ਨੂੰ ਦੂਰ ਨਾ ਕਰਨ ਤੇ ਉਨ੍ਹਾਂ ਲੋਕਾਂ ਪਰ ਇਤਰਾਜ਼ ਕਰਨ ਜਿਨ੍ਹਾਂ ਨੇ ਸੰਸਾਰ ਤੋਂ ਨਜ਼ਰ ਉੱਚੀ ਕਰਕੇ ਪਰਮੇਸ਼ੁਰ ਵਲ ਲਾਈ ਹੈ ਤੇ ਵਾਹਿਗੁਰੂ ਦੇ ਹੁਕਮ ਵਾਲੇ ਜੀਵਨ ਪਰ ਟੁਰਨ ਲਈ ਇਕ ਮੁਕੰਮਲ ਅਰਸ਼ੋਂ ਆਏ ਰਸੂਲ ਦੇ ਉੱਚੇ ਜੀਵਨ ਨੂੰ ਅਪਣਾ ਆਦਰਸ਼ ਬਣਾਇਆ ਹੈ, ਤੇ ਦਿਲ ਦੀ ਟੇਕ, ਅੰਦਰਲੇ ਦਾ ਆਸਰਾ, ਪਿਆਰ ਦਾ ਕੇਂਦਰ ਉਸ ਨੂੰ ਬਣਾਇਆ ਹੈ ? ਹਾਂ ਉਸ ਨੂੰ, ਜਿਸ ਨੂੰ 'ਸਭ ਤੋਂ ਵਡਾ ਸਤਿਗੁਰ ਨਾਨਕ' ਓਹ ਮੰਨਣ ਦਾ ਫ਼ਖਰ ਰਖਦੇ ਹਨ ।

ਐਨਕ ਵਾਲਾ–ਬਹੁਤ ਖ਼ੂਬ ! ਇਹ ਤਾਂ ਇਕ ਦਿਮਾਗੀ ਅਸੂਲ ਹੈ ਕਿ ਹਰ ਇਨਸਾਨ ਦੀ ਟੇਕ ਦੂਏ ਇਨਸਾਨ ਪਰ ਹੈ । ਮੇਰੀ ਸਮਝ ਵਿਚ ਤਾਂ ਜਿਨ੍ਹਾਂ ਦੀ ਪ੍ਰੀਤ ਦਾ ਕੇਂਦਰ ਮਿੱਤ੍ਰਾਂ, ਸਾਕਾਂ, ਵਿਕਾਰੀ ਸੰਬੰਧਾਂ ਤੋਂ ਉੱਠਕੇ ਰਸੂਲ, ਅਵਤਾਰ ਯਾ ਗੁਰੂ ਹੋ ਗਿਆ ਹੈ, ਉਨ੍ਹਾਂ ਨੇ ਸਾਡੇ ਸ਼ਾਸਤ੍ਰਾਂ ਮੁਜਬ ਮੋਹ ਮਾਇਆ ਨੂੰ ਜਿੱਤ ਲਿਆ ਹੈ, ਤੇ ਉੱਚੇ ਇਨਸਾਨ ਹਨ । ਉਹਨਾਂ ਦੇ ਦਿਲ ਦੁਨੀਆਂ ਤੋਂ ਉੱਚੇ ਹਨ, ਵਾਹਿਗੁਰੂ ਦੇ ਨੇੜੇ ਜਾ ਰਹੇ ਹਨ । ਉਨ੍ਹਾਂ ਦਾ ਅਸੂਲ

*ਵੀਤਰਾਗ ਵਿਸ਼ਯੰ ਵਾ ਚਿਤ੍ਤੰ । ੧ । ੩੭ ॥ ਅਰਥਾਤ–ਯਾ ਵੀਤਰਾਗ ਪੁਰਖ ਨੂੰ ਵਿਸ਼ਯ ਕਰਨ ਵਾਲਾ ਚਿਤ (ਮਨ ਨੂੰ ਇਸ-ਥਿਤ ਕਰ ਲੈਂਦਾ ਹੈ) ।

ਉਹ ਗਿਆਨ ਹੈ ਜੋ ਵਾਹਿਗੁਰੂ ਤੋਂ ਅਨੁਭਵ ਕਰਕੇ ਗੁਰੂ ਸਾਹਿਬਾਂ ਨੇ ਦਿੱਤਾ। ਉਸ ਗਿਆਨ ਦੇ ਅਮਲੀ ਜੀਵਨ ਬਸਰ ਕਰਨ ਲਈ ਉਨ੍ਹਾਂ ਦਾ ਆਦਰਸ਼ ਗੁਰੂ ਜੀਵਨ ਹੈ ਤੇ ਮਨ ਦੀ ਟੇਕ ਗੁਰੂ ਹੈ ਤੇ ਵਲਵਲਿਆਂ ਦਾ ਪਿਆਰ ਕੇਂਦਰ ਤੇ ਮਦਦ ਦਾਤਾ 'ਗੁਰੂ' ਹੈ।

ਸਿੰਘ ਜੀ—ਇਨਸਾਨ ਵਿਚ ਗੁਰੂ ਸਾਹਿਬਾਂ ਨੇ 'ਅਨੰਤ ਲਈ' 'ਜ਼ਿੰਦਗੀ ਦੇ ਗੁੱਝੇ ਮਰਮਾਂ ਲਈ', 'ਮਹਾਂ ਪੁਰਖਾਂ ਲਈ', 'ਸੁੰਦਰਤਾ ਲਈ' ਤੇ 'ਚੰਗਿਆਈ' ਲਈ, ਇਕਰਾਰ ਤੇ ਸਤਿਕਾਰ (worship) ਮਾਦਾ ਪਾਇਆ ਸੀ, ਪਰ ਬਦਕਿਸਮਤੀ ਨਾਲ ਈਸਾਈ ਸਾਹਿਬਾਨ ਨੇ ਆਕੇ ਅਪਣੇ 'ਅਸਮਤੁਲ ਅੰਬੀਆ' ਯਾਨੇ 'ਪੈਗੰਬਰ ਬੇਗੁਨਾਹ ਚਾਹੀਏ' ਦਾ ਮਸਲਾ ਐਸੇ ਈਰਖਾ ਵਾਲੇ ਰੰਗ ਵਿਚ ਸੁਣਾਇਆ ਤੇ ਇਸਦੇ ਸਿਲਸਿਲੇ ਵਿਚ ਕ੍ਰਿਸ਼ਨ ਆਦਿਕ ਅਵਤਾਰਾਂ ਦੇ ਜੀਵਨ ਪਰ ਹਮਲੇ ਕੀਤੇ ਜਿਸਤੇ ਹਿੰਦੂਆਂ (ਆਰਯਾਂ) ਨੇ ਸਲਾਮਤੀ ਇਸ ਗਲ ਵਿਚ ਸਮਝੀ ਕਿ ਅਸੀਂ ਬੀ ਰਾਮ ਕ੍ਰਿਸ਼ਨ ਦੀ ਤਾਂ ਨਿੰਦਾ ਕਰੀਏ ਤੇ ਆਪਣੀ ਟੇਕ ਹੋਰ ਪਰੇ ਲੈ ਜਾਈਏ, ਸੋ ਇਨਕਾਰ ਦਾ ਮਾਦਾ ਪੰਜਾਬ ਵਿਚ ਟੁਰਿਆ। ਸਿੱਖਾਂ ਬੀ ਇਨਕਾਰ ਰੀਸੋ ਰੀਸੀ ਸਿਖ ਲਿਆ। ਇਹ ਤਾਂ ਮੈਂ ਬੀ ਮੰਨਦਾ ਹਾਂ ਕਿ ਇਤਨੇ ਇਨਕਾਰ ਦੀ ਲੋੜ ਸੀ, ਕਿ ਜੋ ਗਲਾਂ ਅਕਲ ਤੋਂ ਨੀਵੀਆਂ ਤੇ ਭੈੜੀਆਂ ਵਹਿਮੀ ਲੱਗ ਗਈਆਂ ਸਨ, ਕੱਟ ਦਿਤੀਆਂ ਜਾਂਦੀਆਂ; ਪਰ ਇਹ ਇਨਕਾਰ ਇੰਨਾਂ ਵਧਿਆ ਹੈ ਕਿ ਪੰਜਾਬ ਵਿਚ ਸਿਵਾ ਪਰਸਪਰ ਖਾਨਾ ਜੰਗੀਆਂ ਦੇ ਤੇ ਹਰ ਚੰਗੀ ਗਲ ਤੋਂ—ਜੋ ਅਕਲ ਤੋਂ ਰਤਾ ਬੀ ਉਚੇਰੀ ਹੋਵੇ, ਯਾਂ ਜਿਸ ਦੀ ਸਾਨੂੰ ਆਪ ਹੀ ਸਮਝ ਨਾ ਹੋਵੇ—ਅਸੀਂ ਇਨਕਾਰ ਵਿਚ ਸਲਾਮਤੀ ਵੇਖਦੇ ਹਾਂ। ਇਸ ਸੁਖ ਰਹਿਣੀ ਰਵਸ਼ ਨੇ ਖੋਜ, ਤਲਾਸ਼, ਮੁਤਾਲਿਆ, ਸਾਧਨ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਉਪਰੋਂ ਸਾਇੰਸ ਦੀ ਮੁਤਾਲਿਆ ਨੇ ਦਿੱਸ ਰਹੇ ਪਦਾਰਥਾਂ ਦੀ ਖੋਜ ਤੇ ਅਸੂਲ ਦੱਸਕੇ ਨੌਜਾਨਾਂ ਨੂੰ ਇਸ ਭੁਲੇਖੇ ਵਿਚ ਪਾਇਆ ਹੈ ਕਿ ਬਸ ਕੁਦਰਤ ਏਥੇ ਬੱਸ ਹੈ। ਇਹ ਪਤਾ ਨਹੀਂ ਲੋਂਦੇ ਕਿ ਜੀਕੂੰ ਦ੍ਰਿਸ਼ਟਮਾਨ ਹੈ ਇਸ ਤਰ੍ਹਾਂ ਦ੍ਰਿਸ਼ਟਾ ਬੀ ਹੈ। ਜੀਕੂੰ ਉਸ ਦੀ ਵਿਦਯਾ ਹੈ, ਇਸਦੀ ਬੀ ਹੈ। ਅਸੀਂ ਮਾਦਾ (matter) ਦੇ ਭੇਦਾਂ ਨੂੰ ਤਾਂ ਕੁਛ ਖੋਜਿਆ ਹੈ, ਪਰ ਰੂਹ ਤੇ ਜ਼ਿੰਦਗੀ ਦੀ ਸਾਇੰਸ ਅਸਾਂ ਨਹੀਂ ਖੋਜੀ। ਹਾਂ ਜੀ, ਇਹ ਜੋ ਅੰਦਰ ਸਾਡੇ ਅੰਦਰਲਾ ਬੈਠਾ ਹੈ,ਇਸ ਦੇ ਬੀ ਕੋਈ ਮਰਮ ਹਨ, ਇਸ ਦੀ ਬੀ ਕੋਈ ਵਿਦਯਾ ਹੋਣੀ ਚਾਹੀਏ, ਉਸ ਫਿਤਰਤ ਦੀ ਬੀ ਖੋਜ ਚਾਹੀਏ ਜੋ ਸਾਰਿਆਂ ਪਦਾਰਥਾਂ ਦੀਆਂ ਡੂੰਘਾਈਆਂ ਖੋਜ ਕੇ ਲਿਆ ਰਹੀ ਹੈ। ਜ਼ਿੰਦਗੀ ਦੇ ਗਹਿਰੇ ਤੇ ਗੁੱਝੇ (deep ਤੇ profound) ਭੇਤਾਂ ਵਲ ਕੋਈ ਮੁਤਾਲਿਆ ਅਰ ਖੋਜ ਨਹੀਂ ਹੈ, ਇਸ ਕਰਕੇ ਪੰਜਾਬ ਦਾ ਅੱਜ ਕੱਲ ਦਾ ਮਜ਼ੱਬ ਇਨਕਾਰ ਰੁਖੀਆ ਹੈ, ਯਾ ਇਸ ਦੇ ਹਰ ਮਜ਼ੱਬ ਵਿਚ 'ਇਨਕਾਰ' ਪ੍ਰਧਾਨ ਹੈ, ਇਕਰਾਰ ਨਹੀਂ ਰਿਹਾ ਯਾ ਉੱਡ ਰਿਹਾ ਹੈ। ਜੀਕੂੰ ਇਕਰਾਰ ਦੇ ਉਦਾਲੇ ਵਹਿਣ ਤੇ ਭਰਮ ਲੱਗ ਕੇ ਇਸ ਦੀ ਚਮਕ ਮੈਲੀ ਕਰਿਆ ਕਰਦੇ ਹਨ, ਉੱਕਰ ਹੀ 'ਇਨਕਾਰ' ਅੰਤ ਨਾਸਤਕਤਾ ਤੇ ਜਾਕੇ ਮੁੱਕਿਆ ਕਰਦਾ ਹੈ, ਤੇ ਨਾਸਤਕਤਾ ਯਾ ਪੂਰਨ ਇਨਕਾਰ ਜ਼ਿੰਦਗੀ ਦੀ ਖੂਬਸੂਰਤੀ ਨੂੰ ਕਤਲ ਕਰਦਾ ਹੈ, ਉੱਚੇ ਵਲਵਲੇ ਤੇ ਉੱਚੇ ਅਹਿਸਾਸ ਇਨਸਾਨ ਦੇ ਘਟ ਜਾਂਦੇ ਹਨ। ਜਿਕੂੰ ਹਰਨਾਖਸ਼ ਪੰਡਤ ਸੀ, ਪਰ ਇਨਕਾਰ ਦਾ ਪੰਡਤ ਸੀ, ਉਸ ਦੀ ਨਾਸਤਕਤਾ ਉਸ ਦਾ ਅੰਤ ਅਰ ਉਸ ਵੇਲੇ ਦੀ ਸੱਭਯਤਾ (Civilization) ਦੀ ਤਬਾਹੀ ਸੀ। ਹੁਣ ਇਸ ਵੇਲੇ ਪੱਛਮ ਵਿਚ ਜੋ ਜ਼ਿੰਦਗੀ ਦੇ ਮਰਮਾਂ ਤੋਂ ਮੂੰਹ ਮੋੜ ਨਿਰੀ ਮਾਦੀ (Material) ਤੁੱਕੀ ਕੀਤੀ ਗਈ ਹੈ, ਉਸ ਦਾ ਫਲ ਯੂਰਪ ਦੀ ਪਰਸਪਰ ਈਰਖਾ, ਬੇਚੈਨੀ ਤੇ ਭਿਆਨਕ ਜੰਗ ਹੋ ਰਿਹਾ ਹੈ*।

ਐਨਕ ਵਾਲਾ—ਠੀਕ ਹੈ ਪੰਜਾਬ ਵਿਚ 'ਇਨਕਾਰ' ਦੇ ਮਾਦੇ ਨੇ ਬੜੀ ਭਿਆਨਕ ਸ਼ਕਲ ਅਖਤਿਆਰ ਕੀਤੀ ਹੈ।

ਸਿੰਘ ਜੀ! ਆਪ ਪਾਸੋਂ ਅੱਜ ਜੀਵਨ ਮਰਮਾਂ ਦੇ ਸਤਿਕਾਰਯੋਗ ਇਸ਼ਾਰੇ ਸੁਣ ਕੇ ਮੈਨੂੰ ਆਪਣੀ ਫਿਲਾਸਫੀ ਦੀ ਮੁਤਾਲਿਆ ਸਾਰੀ ਲਾਭਦਾਇਕ ਹੋ ਗਈ ਹੈ। ਮੇਰੀ ਜਾਚੇ ਗੁਰੂ ਸਾਹਿਬਾਂ ਦੇ ਜੀਵਨ ਦੀ ਮੁਤਾਲਿਆ ਫਿਲਾਸਫੀ ਵਿਚ ਜੋ ਕੁਛ ਸੁੰਦਰ

*ਪਹਿਲਾ ਜੰਗ ਜੋ ੧੯੧੯ ਦੇ ਲਗਪਗ ਮੁੱਕਾ ਸੀ। ਪਿਛੋਂ ਫੇਰ (੧੯੪੨) ਵਿਚ ਉਸ ਤੋਂ ਮਹਾਂ ਭਿਆਨਕ ਜੰਗ ਹੋਇਆ।

ਹੈ ਉਸ ਦਾ ਅਮਲੀ ਦਰਸ਼ਨ ਹੈ ਤੇ ਖਿਆਲ ਮੰਡਲ ਵਿਚ ਉਸ ਤੋਂ ਬੀ ਉਚੇਰਾ ਰੰਗ ਹੈ।

ਸਾਧੂ—ਠੀਕ ਹੈ, ਮੇਰੇ ਖਿਆਲ ਉਚੇ ਹੋ ਰਹੇ ਹਨ, ਪਰ ਮੈਂ ਸੰਨਿਆਸੀ ਹਾਂ । ਦੱਸੋ, ਮਾਇਆ ਫੇਰ ਧਾਰਾਂ ਤਾਂ ਮੈਨੂੰ ਤੋਂ ਗਿਆ, ਜੇ ਇਸ ਤਰ੍ਹਾਂ ਰਹਾਂ ਤਾਂ ਕਿਵੇਂ ਰਹਾਂ ?

ਸਿੰਘ ਜੀ—ਇਕ ਵੇਰ ਸੰਨਿਆਸੀਆਂ ਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਆਪ ਅਵਤਾਰ ਹੋ, ਵਰਣਾਸ਼੍ਰਮ ਦੀ ਮਿਰਯਾਦਾ ਕਾਇਮ ਰੱਖੋ, ਆਪ ਨ ਗ੍ਰਿਹਸਤੀਆਂ ਨੂੰ ਸਾਰੇ ਅਧਿਕਾਰ ਦੇ ਦਿਤੇ ਹਨ, ਸੰਨਿਆਸ ਮੇਟ ਦਿੱਤਾ ਹੈ। ਰੋਡਾ ਜਲਾਲੀ ਇਕ ਫਕੀਰ ਬੀ ਇਹੋ ਰੌਲ ਕਰ ਰਿਹਾ ਸੀ। ਸਤਿਗੁਰ ਨੇ ਉਸ ਵੇਲੇ ਸੰਨਿਆਸੀਆਂ ਦੀਆਂ ਚਿੱਪੀਆਂ ਉਤੋਂ ਲਾਥ ਉਤਰਵਾਈ ਤਾਂ ਮੋਹਰਾਂ ਨਿਕਲੀਆਂ ਤੇ ਰੋਡੇ ਜਲਾਲੀ ਦੀ ਟੋਪੀ ਵਿਚੋਂ ਮੋਹਰਾਂ ਕਢਵਾਈਆਂ ਤੇ ਆਖਿਆ: ਸੰਨਿਆਸੀਆਂ ਫਕੀਰਾਂ ਪਾਸ ਇਹ ਮਾਇਆ ਕਿਉਂ ਹੈ ? ਓਹ ਬੋਲੇ ਨਿਰਬਾਹ ਵਾਸਤੇ। ਸਤਿਗੁਰ ਬੋਲੇ: ਮੇਰੇ ਬਣਾਏ 'ਅਨੰਤ' ਵਿਚ ਲੋ ਰੱਖਣ ਵਾਲੇ ਗ੍ਰਿਹਸਤੀਆਂ ਕੋਲ ਮਾਇਆ ਬੀ ਨਿਰਬਾਹ ਵਾਸਤੇ ਹੈ. ਫਰਕ ਏਨਾ ਹੈ ਕਿ ਕਿਸੇ ਨੇ ਚਿੱਪੀਆਂ ਤੇ ਥੱਪ ਲਈ, ਕਿਸੇ ਟੋਪੀ ਵਿਚ ਟਾਂਕ ਲਈ ਤੇ ਕਿਸੇ ਜੇਬ ਵਿਚ ਰੱਖ ਲਈ। ਸੰਨਿਆਸ ਦਿਲ ਦਾ ਹੈ। ਅਸਲ ਸੰਨਿਆਸ ਇਹ ਹੈ ਕਿ ਵਾਹਿਗੁਰੂ ਨਾਲ ਪਿਆਰ ਹੋਵੇ। ਜੇ ਦੁਨੀਆਂ ਤੋਂ ਵਿਰਕਤ ਹੋ ਗਿਆ ਤੇ ਕਰਤਾ ਪੁਰਖ ਅਕਾਲ ਮੂਰਤ 'ਅਨੰਤ' ਨਾਲ ਜੁੜਿਆ ਨਾਂ, ਤਦ ਸੰਨਿਆਸ ਨਹੀਂ, ਦਿਲਗੀਰੀ ਹੈ। ਜੇ ਅੰਦਰ ਲਗਾਤਾਰੀ ਲੋ ਕਰਤਾ ਪੁਰਖ ਨਾਲ ਹੈ, ਤਾਂ ਫੇਰ ਗ੍ਰਿਹਸਤ ਉੱਚੇ ਤੋਂ ਉੱਚਾ ਸੰਨਿਆਸ ਹੈ।

ਇਕ ਹੋਰ ਆਦਮੀ ਇਸੇ ਕਮਰੇ ਵਿਚ ਸੀ, ਜੋ ਹੁਣ ਤਕ ਚੁੱਪ ਚਾਪ ਪੂਰੇ ਧਿਆਨ ਨਾਲ ਸੁਣਦਾ ਰਿਹਾ ਸੀ। ਆਪ ਦਾ ਲਿਬਾਸ ਸਾਰਾ ਵਲੈਤੀ ਸੀ, ਕੇਵਲ ਪੱਗ ਦੇਸੀ ਸੀ। ਆਪ ਬੋਲ ਪਏ:—

ਸਿੰਘ ਜੀ ! ਮੈਂ ਆਪ ਦੇ ਜਵਾਬਾਤ ਅਰ ਖਿਆਲਾਤ ਸੁਣੇ ਹਨ ਤੇ ਖੁਸ਼ ਹੋਇਆ ਹਾਂ। ਗੁਰੂ ਗੋਬਿੰਦ ਸਿੰਘ ਜੀ ਦਾ ਮੈਂ ਬੜਾ ਹੀ ਸਤਿਕਾਰ ਕਰਦਾ ਹਾਂ, ਪਰ ਮੇਰਾ ਖਿਆਲ ਹੋਰ ਹੈ, ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਨੂੰ ਮਜ਼ਹਬ ਨੇ ਡਬੋਇਆ ਹੈ। ਸਾਡੇ ਵਡਿਆਂ ਨੂੰ ਲੋੜਾਂ ਘੱਟ ਸਨ, ਕਣਕ ਤੇ ਦੁੱਧ ਸ਼ੱਕਰ ਏਥੇ ਆਮ ਹੋ ਪੈਂਦੀ ਹੈ। ਕਪੜੇ ਦੀ, ਰੁੱਤਾਂ ਗਰਮ ਹੋਣ ਕਰਕੇ ਲੋੜ ਹੀ ਘੱਟ ਹੈ। ਜ਼ਿੰਦਗੀ ਦੀਆਂ ਜ਼ਰੂਰੀਆਤ ਘੱਟ ਹੋਣ ਕਰਕੇ ਸਾਡੇ ਵਡਿਆਂ ਨੂੰ ਉੱਦਮ ਤੇ ਪ੍ਰਯਤਨ ਦੀ ਘੱਟ ਲੋੜ ਪੈਂਦੀ ਰਹੀ ਹੈ, ਉਤੋਂ ਅੱਤ ਗਰਮੀ ਨੇ ਉਨ੍ਹਾਂ ਦੇ ਐਸਾਬ (nerves)* ਢਿੱਲੇ ਕਰ ਦਿਤੇ ਤੇ ਪੱਠੇ ਨਰਮ ਪੈ ਗਏ, ਸੋ ਸੁਖ ਰਹਿਣੇ ਹੋ ਗਏ ਅਤੇ ਆਪਣੇ ਖਿਆਲਾਂ ਨੂੰ 'ਜ਼ਿੰਦਗੀ ਕੀ ਹੈ ?' ਦੇ ਪਿਟਣਿਆਂ ਵਿਚ ਪਾ ਕੇ ਉਮਰਾ ਤੇ ਸਦੀਆਂ ਲੰਘਾ ਗਏ। ਵੈਰਾਗ ਤੇ ਤਿਆਗ ਦੇ ਉਪਦੇਸ਼ਾਂ ਨੂੰ ਕਮਜ਼ੋਰ ਕਰ ਦਿਤਾ । ਸਾਰੀਆਂ ਗਲਾਂ ਦਾ ਫਲ ਕਾਇਰਤਾ ਤੇ ਕਮਜ਼ੋਰੀ ਹੋਕੇ ਦੇਸ਼, ਕੌਮ ਅਪਾਹਜ ਹੋ ਗਏ।

ਇਸਤਰ੍ਹਾਂ ਦੀ ਮੁਰਦਿਹਾਨ ਤੋਂ ਚੁੱਕ ਕੇ ਜ਼ਿੰਦਗੀ ਦੀਆਂ ਦਰਪੇਸ਼ ਮੁਸ਼ਕਲਾਂ ਵਿਚ ਮਰਦ ਬਣਾ ਕੇ ਖੜਾ ਕਰਨ ਤੇ ਜੱਦੋ ਜਹਦ (ਯਤਨ) ਕਰਕੇ ਫਤਹ ਕਰਨ ਦੀ ਆਸ਼ਾ ਦੇ ਮਜ਼ਬੂਤ ਕਮਰ ਬੰਦ ਸਾਨੂੰ ਬਨ੍ਹਾਣ ਵਾਲਾ ਸ਼ੇਰ ਮਰਦ ਗੁਰੂ ਗੋਬਿੰਦ ਸਿੰਘ ਹੈ। ਮੇਰੇ ਅੰਦਰ ਉਨ੍ਹਾਂ ਦਾ ਐਡਮੀਰੇਸ਼ਨ (ਮਹਿਮਾ) ਇਹ ਹੈ ਕਿ ਉਹਨਾਂ ਨੇ ਸਾਨੂੰ ਮਜ਼ਹਬ ਦੇ ਗੋਰਖਧੰਦੇ ਵਿਚੋਂ ਕੱਢਿਆ, ਸੁਪਨ ਅਵਸਥਾ ਤੋਂ ਬਾਹਰ ਆਂਦਾ। ਜੋ ਕਲੇਸ਼ ਸਾਡੇ ਉਦਾਲੇ ਸਨ, ਉਨ੍ਹਾਂ ਲਈ ਤਾਣ ਭਰਿਆ; ਜੋ ਮੁਰਦਾਪਨ ਸਾਡੇ ਅੰਦਰ ਸੀ, ਉਸਨੂੰ ਦੂਰ ਕੀਤਾ। ਸਾਨੂੰ ਜੁਆਨ, ਤਕੜੇ, ਭਲੇ ਮਾਣਸ, ਪਰ ਮਿਹਨਤ ਕਰਨ ਵਾਲੇ, ਮੁਸ਼ਕਲਾਂ ਦੇ ਅੱਗੇ ਜਵਾਂ ਮਰਦੀ ਨਾਲ ਉਹਨਾਂ ਨੂੰ ਹੱਲ ਕਰ ਲੈਣ ਵਾਲੇ ਜੀਉਂਦੇ ਜਾਗਦੇ ਮਰਦ ਤੇ ਪੰਡਤ ਬਣਾ ਦਿਖਾਇਆ। ਅਗਲੇ ਸੁਰਗਾਂ ਦੇ ਨਸ਼ੇ ਵਿਚ ਹਡ ਰਖ ਹੋਣ ਦੀ ਥਾਂ ਉਨ ਆਪਣੇ ਉਦਾਲੇ ਸੁਰਗ ਬਣਾ ਲੈਣ ਦਾ ਵੱਲ ਸਿਖਾਇਆ। ਉਹਨਾਂ ਨੇ ਜੋ ਸਿੰਘ ਪੈਦਾ ਕੀਤੇ ਇਹ ਕੋਈ ਰਾਵਲਾਂ ਦਾ ਟੋਲਾ ਨਹੀਂ, ਪਰ ਜੋ ਉਨ੍ਹਾਂ ਦੀ ਅਵਾਜ਼ ਨਾਲ ਮਰਦਾਊ-ਪੁਣੇ ਤੇ ਇਨਸਾਨੀਅਤਾਂ ਦੇ ਜਜ਼ਬਿਆਂ ਵਿਚ ਆਕੇ ਸਚ ਮੁੱਚ ਦੇ ਆਦਮੀ ਬਣ ਕੇ ਖੜੇ ਹੋ ਗਏ ਕਿ

*ਸਨਾਯੂ ।

†Manliness ਤੇ Humantariau.

ਇਨ੍ਹਾਂ ਹੱਥਾਂ ਨਾਲ ਅਸਾਂ ਸੁਖ ਪਾਉਣਾ ਤੇ ਸੁਖ ਦੇਣਾ ਹੈ, ਉਹਨਾਂ ਦਾ ਨਾਮ ਸਿੰਘ ਸੀ। ਪੱਛਮ ਦੇ ਲੋਕ ਦਿੱਸਣ ਵਾਲੇ ਸੰਸਾਰ ਵਿਚ ਤ੍ਰੱਕੀਆਂ ਕਰਕੇ ਅਨੇਕ ਸਾਇੰਸਾਂ ਦੇ ਗਿਆਤਾ ਤੇ ਸਾਇੰਸ ਦੀ ਤੁਫੈਲ ਰੇਲ, ਤਾਰ, ਜਹਾਜ਼, ਡਾਕ, ਹਰ ਤਰ੍ਹਾਂ ਦੇ ਸੁਖਾਂ ਵਾਲੇ ਪੰਡਤ ਹੋ ਗਏ ਤੇ ਅਸੀਂ ਸੁਰਗ ਸੁਰਗ ਕਰਦੇ ਸਭ ਵਿਦਯਾ ਭੁਲਾ ਕੇ ਵਹਿਮ ਤੇ ਭਰਮ ਦੇ ਨਰਕ ਵਿਚ ਪੈ ਗਏ ਸਾਂ। ਗੁਰੂ ਗੋਬਿੰਦ ਸਿੰਘ ਮਰਦ ਨੇ ਸਾਨੂੰ ਨਰਕ ਤੋਂ ਕੱਢਿਆ ਅਰ ਅਸਲੀ ਸੁਰਗ ਦਾ ਰਾਹ ਦੱਸਿਆ। ਮੈਂ ਐਉਂ ਗੁਰੂ ਜੀ ਨੂੰ ਮੁਕਤੀ ਦਾਤਾ ਸਮਝ ਕੇ ਉਨ੍ਹਾਂ ਦੀ ਮਹਿਮਾਂ ਕਰਦਾ (admirer) ਹਾਂ, ਤੁਸੀਂ ਹੁਣ ਹੋਰ ਹੋਰ ਆਦਰਸ਼ ਦੱਸੋ ਹਨ, ਜਿਨ੍ਹਾਂ ਨੂੰ ਮੈਂ ਬੜੇ ਸਤਿਕਾਰ ਨਾਲ ਸੁਣਿਆਂ ਹੈ, ਪਰ ਮੈਨੂੰ ਡਰ ਪੈਂਦਾ ਹੈ ਕਿ ਕਿਆ ਆਪ ਦੇ ਖਿਆਲਾਤ ਵਿਚ ਕੁਛ ਮੁਸ਼ਕ ਉਸੇ ਪੁਰਾਣੀ 'ਸ੍ਵਪਨ-ਧਰਤੀ' ਦੀ ਤਾਂ ਨਹੀਂ ਹੈ?

ਸਿੰਘ ਜੀ—ਜੇ ਆਪ ਆਗਜ਼ਾ ਦਿਓ ਤਾਂ ਆਪ ਦਾ ਖਿਆਲ ਮੈਂ ਅਪਣੇ ਲਫ਼ਜ਼ਾਂ ਵਿਚ ਦੱਸਾਂ ਤੇ ਫੇਰ 'ਗੁਰੂ-ਆਦਰਸ਼' ਸੁਣਾਵਾਂ?

ਨਵੇਂ ਬੋਲੇ ਸੱਜਣ—ਬਹੁਤ ਹੱਛਾ।

ਸਿੰਘ ਜੀ—ਤੁਹਾਡਾ ਮਤਲਬ ਇਹ ਹੈ ਕਿ 'ਹਿੰਦ ਨੂੰ ਮਜ਼ਹਬ ਨੇ ਡਬੋਇਆ' ਪਰ ਮੈਂ ਆਖਦਾ ਹਾਂ ਕਿ ਮਜ਼ਹਬ ਨੇ ਨਹੀਂ ਪਰ ਇਸ ਦੇ ਗ਼ਲਤ ਵਰਤਾਉ ਨੇ, ਜਿਸ ਤਰ੍ਹਾਂ ਕਿ ਸਾਇੰਸ ਦੇ ਗ਼ਲਤ ਵਰਤਾਉ ਨੇ ਦੁਨੀਆਂ ਵਿਚ ਦੁਖ ਤੇ ਪੀੜਾ ਵਧਾਈ ਹੈ। ਜੇ ਆਪ ਦੇ ਮਤਲਬ ਨੂੰ ਮੈਂ ਹੋਰ ਸਪਸ਼ਟ ਕਰਕੇ ਦੱਸਾਂ ਤਾਂ ਇਹ ਹੈ ਕਿ ਆਪ ਚਾਹੁੰਦੇ ਹੋ ਕਿ ਅਸੀਂ ਕੇਵਲ ਤੇ ਨਿਰੀ 'ਮਾਦੀ ਤ੍ਰੱਕੀ' ਕਰੀਏ ਪਰ ਅੰਦਰਲੇ ਦੀ ਖੋਜ ਪੜਤਾਲ ਤੇ ਤ੍ਰੱਕੀ ਨਾ ਕਰੀਏ। ਠੀਕ ਹੈ?

ਨਵੇਂ ਬੋਲੇ ਸੱਜਣ—ਜੀ ਹਾਂ।

ਸਿੰਘ ਜੀ—ਤੁਹਾਨੂੰ ਭੈ ਇਹ ਪੈ ਰਿਹਾ ਹੈ ਕਿ ਅੰਦਰਲੇ ਵੱਲ ਰੁਖ਼ ਕੀਤਿਆਂ ਇਨਸਾਨ ਅਪਣੀ ਬਾਹਰਲੀ ਹਾਲਤ ਵਿਗਾੜ ਲੈਂਦਾ ਹੈ ਤੇ ਮੁਰਦਾ ਹੋ ਜਾਂਦਾ ਹੈ।

ਨਵੇਂ ਬੋਲੇ ਸੱਜਣ—ਠੀਕ ਹੈ।

ਸਿੰਘ ਜੀ—ਗੁਰੂ ਗੋਬਿੰਦ ਸਿੰਘ ਜੀ ਦਾ ਆਪਦੇ ਇਸ ਖਿਆਲ ਨਾਲ ਇਤਫਾਕ ਨਹੀਂ। ਉਨ੍ਹਾਂ ਦਾ ਆਦਰਸ਼ ਇਹ ਹੈ ਕਿ ਆਦਮੀ ਦੀ ਫਿਤਰਤ (Nature) ਦੇ ਦੋ ਪਹਿਲੂ ਹਨ ਇਕ 'ਦ੍ਰਿਸ਼ਟਾ' ਤੇ ਦੂਜਾ 'ਦ੍ਰਿਸ਼ਟਮਾਨ'। ਜੇ ਦੁਹਾਂ ਵਿਚ ਨਿਪੁਨਤਾ ਹੈ ਤਾਂ ਤ੍ਰੱਕੀ ਹੈ, ਨਹੀਂ ਤਾਂ ਇਕਵਾਸੀ ਗੱਲ ਹੈ। ਆਓ ਦੇਖੋ:—

ਹਿੰਦ ਨੇ ਅੰਦਰਲੇ ਵਲ ਖਿਆਲ ਦਿਤਾ ਤਾਂ ਬਾਹਰਲੀ ਹਾਲਤ ਹੱਡੀ ਨਾ ਰਹੀ, ਤੇ ਪੱਛਮ ਨੇ ਬਾਹਰਲੀ ਹਾਲਤ ਵਲ ਸਾਰਾ ਜ਼ੋਰ ਲਾਇਆ ਤਾਂ ਅੰਦਰਲੀ ਹਾਲਤ ਵਿਗੜ ਰਹੀ ਹੈ। ਮੇਰੇ ਕਹਿਣ ਦੀ ਲੋੜ ਨਹੀਂ, ਤੁਸੀਂ ਜਾਣਦੇ ਹੋ ਕਿ 'ਸੁਖ' ਜਿਸ ਨੂੰ ਕਹਿੰਦੇ ਹਨ ਉਹ ਪੱਛਮ ਵਿਚ ਬੀ ਨਹੀਂ ਓਥੇ ਵੀ ਅਸ਼ਾਂਤੀ ਤੇ ਘਬਰਾ ਪ੍ਰਧਾਨ ਹੈ। ਮੈਨੂੰ ਅਮ੍ਰੀਕਾ ਤੇ ਯੂਰਪ ਦੇ ਕਈ ਦਾਨੇ ਪ੍ਰੋਫੈਸਰਾਂ ਨੂੰ ਮਿਲਣ ਦਾ ਸਮਾ ਬਣਿਆ ਹੈ ਤੇ ਉਹ ਬੀ ਇਹੋ ਗਲ ਕਹਿੰਦੇ ਹਨ। ਤੇ ਯੂਰਪੀ ਜੰਗਾਂ ਜੁੱਧਾਂ ਨੂੰ ਆਪ ਤੱਕ ਲਓ।

ਸੋ ਤਜਰਬੇ ਨੇ ਦੱਸਿਆ ਹੈ ਕਿ ਦੋਵੇਂ ਹਾਲਤਾਂ ਇਕਵਾਸੀਆਂ ਹਨ। ਤ੍ਰੱਕੀ ਇਸ ਗੱਲ ਦਾ ਨਾਮ ਹੈ ਕਿ ਆਪਨੂੰ ਦ੍ਰਿਸ਼ਟਮਾਨ ਦੇ ਪਦਾਰਥਾਂ (Objects) ਦੀ ਵਿਦਯਾ ਬੀ ਆਉਂਦੀ ਹੋਵੇ ਤੇ ਆਪਨੂੰ ਦ੍ਰਿਸ਼ਟਾ ਦੀ ਵਿਦਯਾ ਬੀ ਆਉਂਦੀ ਹੋਵੇ। ਜੀਵਨ ਦਾ ਹਦ ਸੌ ਵਰ੍ਹੇ ਅਸਾਂ ਦ੍ਰਿਸ਼ਟਮਾਨ ਵਿਚ ਕੱਟਣਾ ਹੈ ਤੇ ਮਗਰੋਂ ਸਾਡੇ ਦ੍ਰਿਸ਼ਟਮਾਨ ਦੇ ਹਿੱਸੇ ਨੇ ਮਿੱਟੀ ਸੁਆਹ ਹੋ ਜਾਣਾ ਹੈ ਤੇ ਦ੍ਰਿਸ਼ਟਾ ਦੇ ਹਿੱਸੇ ਨੇ ਮਰਕੇ ਬਾਕੀ ਰਹਿਣਾ ਹੈ। ਇਹ ਗਲ ਬੀ ਹੁਣ ਪੱਛਮ ਦੀਆਂ ਕਈ ਰੂਹਾਨੀ ਸੁਸੈਟੀਆਂ ਦੇ ਵੱਡੇ ਵੱਡੇ ਸਾਇੰਸ ਵੇਤਾ (ਜੈਸੇ ਆਲੀਵਰ ਲਾਜ) ਤਸਲੀਮ ਕਰਦੇ ਹਨ। ਸੋ ਜੇ ਅਸੀਂ ਦ੍ਰਿਸ਼ਟਮਾਨ ਦੇ ਸੌ ਵਰ੍ਹੇ ਲਈ ਵਿਦਯਾ ਦੀ ਖੋਜ ਕਰਦੇ ਹਾਂ ਤਾਂ (ਚਾਹੇ ਤੁਸੀਂ ਆਸਤਕ ਹੋਵੋ ਚਾਹੇ ਨਾਸਤਕ) ਇਹ ਜ਼ਰੂਰੀ ਹੈ ਕਿ ਅੰਦਰ ਵਸਦੇ ਉਸ ਆਪਣੇ ਹਿੱਸੇ ਦੀ—ਜੋ ਸਾਰੀਆਂ ਵਿਦਯਾ ਖੋਜਦਾ ਹੈ, ਜੋ ਦਲੀਲ ਕਰਦਾ ਤੇ ਚੇਤਨ ਹੈ—ਖੋਜ ਕਰੀਏ ਅਰ ਇਸਦੇ ਬੀ ਮਰਮ ਲੱਭੀਏ ਕਿ ਆਇਆ ਇਹ ਸਾਡਾ ਆਪਣਾ ਆਪ ਕੀ ਹੈ? ਜੇ ਅਕਾਸ਼ਾਂ ਦੀਆਂ ਡੂੰਘਾਈਆਂ ਵਿਚ ਤਾਰਿਆਂ ਤੇ ਨਛਤ੍ਰਾਂ, ਸੁਰਗ-ਪਥਾਂ* ਤੇ ਨੇਬੂਲਿਆਂ

*Milky way.

(ਪੁੰਧ ਤਾਰਿਆਂ) ਦੀਆਂ ਖੋਜਾਂ ਕਰ ਰਹੇ ਹੋ, ਤਦ ਕੀ ਤੁਸਾਡੀ ਆਪਣੀ ਅੰਦਰਲੀ ਫਿਤਰਤ ਦਾ ਤੁਸਾਡੇ ਪਰ ਕੋਈ ਹੱਕ ਨਹੀਂ ਕਿ ਤੁਸੀਂ ਇਸਨੂੰ ਬੀ ਜਾਣੋਂ ਕਿ ਇਹ ਕੀ ਭੇਤ ਵਾਲੀ ਤਾਕਤ ਅੰਦਰ ਕੰਮ ਕਰ ਰਹੀ ਹੈ, ਜਿਸ ਨੇ ਸਾਰੀਆਂ ਵਿਦਯਾ (ਸਾਇੰਸਾਂ) ਲੱਭ ਆਂਦੀਆਂ ਹਨ ?

ਦੂਸਰਾ ਇਸ ਵਿਦਯਾ ਦਾ ਇਕ ਮੁਇੰਮਾ ਜੋ ਗੁਰੂ ਜੀ ਨੇ ਖੁਹਲਿਆ ਹੈ, ਉਹ ਜੇ ਆਪ ਸਮਝ ਲਓ ਤਾਂ ਆਪ ਨੂੰ ਤਸੱਲੀ ਹੋ ਜਾਏਗੀ। ਉਹ ਦੱਸਦੇ ਹਨ ਕਿ ਅੰਦਰ ਉਦਾਸੀ, ਗ਼ਮ, ਗਿਰਾਉ, ਢੱਠੇ ਰਹਿਣਾ, ਇਹ ਅੰਦਰਲੇ ਦੀ ਤੁੱਕੀ ਨਹੀਂ। ਇਹ ਆਲਸ ਤੇ ਦ੍ਰਿੱਦਰ ਹੈ, ਇਹ ਤਮੋਗੁਣ ਹੈ, ਯਾਨੇ ਮਨ ਦੀਆਂ ਦਸ਼ਾਂ ਵਿਚੋਂ ਸਭ ਤੋਂ ਨੀਵੀਂ ਦਸ਼ਾ ਹੈ। ਉਹ ਦੱਸਦੇ ਹਨ ਕਿ ਜੇ ਅੰਦਰਲੇ ਵਿਚ ਜਾਗ ਪੈਦਾ ਹੋਵੇਗੀ, ਤਾਂ ਉਹ ਉੱਚਾ ਉੱਠੇਗਾ, ਉਸ ਵਿਚ ਬਲ ਭਰੇਗਾ, ਹੋਰ ਉੱਚਾ ਹੋਕੇ ਉਹ ਦ੍ਰਿਸ਼ਟਮਾਨ ਤੋਂ ਆਪਣੇ ਆਪ ਨੂੰ ਉੱਚਾ ਤੇ ਵੱਖਰਾ ਅਨੁਭਵ ਕਰੇਗਾ ਤੇ ਉਸ ਦੀ ਦਸ਼ਾ ਹਰ ਵਕਤ ਖੁਸ਼ੀ ਦੀ ਹੋਵੇਗੀ, ਉਤਸਾਹ ਦੀ ਹੋਵੇਗੀ, ਤਾਕਤ ਦੀ ਹੋਵੇਗੀ, ਅਰਥਾਤ ਉਹ ਚੜ੍ਹਦੀਆਂ ਕਲਾਂ ਵਿਚ ਰਹੇਗਾ। ਮੈਂ ਆਪ ਨੂੰ ਦੱਸਦਾ ਹਾਂ ਕਿ ਉੱਨਤ ਹਿਰਦੇ ਦੀ ਇਹ ਦਸ਼ਾ ਦੱਸਣ ਲਈ ਉਨ੍ਹਾਂ ਨੇ ਲਫ਼ਜ਼ 'ਚੜ੍ਹਦੀਆਂ ਕਲਾਂ' ਆਪ ਬਣਾਇਆ ਸੀ, ਜਿਸ ਦਾ ਅਰਥ ਕੁਛ ਅਰਸੇ ਤੋਂ ਆਮ ਸਿੱਖ ਬੀ ਭੁੱਲ ਰਹੇ ਸਨ। ਜਿਸ ਆਦਮੀ ਦੇ ਦ੍ਰਿਸ਼ਟਾ ਹਿੱਸੇ (Subjective Nature) ਨੂੰ ਜਾਗ ਆਈ ਹੈ, ਉਹ ਵਧੀਕ ਦਾਨਾ ਤੇ ਵਧੀਕ ਤਕੜਾ ਹੋ ਜਾਂਦਾ ਹੈ, ਵਧੀਕ ਮਜ਼ਬੂਤ ਤੇ ਆਨੰਦ ਰਹਿੰਦਾ ਹੈ। ਸੋ ਗੁਰੂ ਸਾਹਿਬਾਂ ਦੇ ਦੱਸੇ ਮਜ਼ਹਬ ਨੇ ਸਾਨੂੰ ਇਕ ਮਜ਼ਬੂਤ ਵਜੂਦ ਵਾਲੇ ਬਨਾਉਣਾ ਹੈ, ਅਹਿੱਲ ਆਚਰਣ (Character) ਵਾਲੇ ਬਨਾਉਣਾ ਹੈ ਅਤੇ ਇਕ ਸ਼ਖਸੀਅਤ ਬਨਾਉਣਾ ਹੈ ਜੋ ਹਰ ਪਹਿਲੂ ਤੋਂ ਉੱਨਤ ਹੋਵੇ, ਤਦ ਉਹ ਬਾਹਰਲੇ ਜੀਵਨ ਵਿਚ ਸਾਨੂੰ ਮੁਰਦਾ ਕਿਸ ਤਰ੍ਹਾਂ ਕਰੇਗਾ ? ਬਾਹਰਲਾ ਜੀਵਨ ਸਾਡਾ ਅੰਦਰਲੇ ਦੇ ਰੁਖ, ਝੁਕਾਉ (Attitude) ਤੋਂ ਬਣਦਾ ਹੈ। ਇਹ ਪੱਕਾ ਅਸੂਲ ਹੈ ਜਿਸ ਦਾ ਦਿਲ ਡਰ ਵਾਲਾ ਹੈ ਉਹ ਖੜਾਕ ਹੋਏ ਤੇ ਉੱਠ ਭੱਜੇਗਾ, ਜਿਸਦੇ ਅੰਦਰ ਪਿਆਰ ਹੈ ਉਸ ਦੀ ਵਰਤੋਂ ਹਮਦਰਦੀ ਦੀ ਹੋਵੇਗੀ। ਜਿਸ ਦਾ ਦਿਲ ਉੱਚਾ ਹੈ ਉਹ ਦਰਿੱਦਰੀ ਨਹੀਂ ਹੋਵੇਗਾ।

ਸੋ ਜੋ ਮੁਗਾਲਤਾ (ਭੁਲੇਵਾਂ) ਤੁਸੀਂ ਖਾਧਾ ਹੈ ਇਹ ਹੈ ਕਿ ਸਾਡੇ ਅੰਦਰਲੇ ਦਾ ਜਾਗ੍ਰਣ ਸਾਡੇ ਅੰਦਰ ਗ਼ਮ, ਉਦਾਸੀ, ਦਲਿੱਦਰ ਤੇ ਕੁੱਝਣਾ ਪੈਦਾ ਕਰੇਗਾ। ਸਾਡੇ ਆਦਰਸ਼ ਮੁਜਬ ਉਹ ਧਰਮ ਧਰਮ ਹੀ ਨਹੀਂ, ਉਹ ਦ੍ਰਿਸ਼ਟਾ ਜੀ ਦੀ ਵਿਦਯਾ, ਵਿਦਯਾ ਨਹੀਂ ਹੈ ਜਿਸਦੇ ਆਇਆਂ ਅੰਦਰਲੇ ਵਿਚ ਅਭੈਤਾ, ਤਾਕਤ, ਉਤਸਾਹ, ਪਿਆਰ, ਖੁਸ਼ੀ, ਟਹਿਕਾਉ ਤੇ ਕੌਲ ਫੁੱਲ ਵਰਗਾ ਖੇੜਾ ਨਹੀਂ ਆਵੇਗਾ। ਤੁਸੀਂ ਆਪ ਹੀ ਸੋਚ ਵੇਖੋ ਕਿ ਜਦ ਅੰਦਰਲੇ ਵਿਚ ਉਤਸਾਹ, ਬਲ, ਅਭੈਤਾ, ਇਕਾਗ੍ਰਤਾ, ਪਿਆਰ ਹੋਵੇਗਾ, ਤਦੋਂ ਉਸ ਆਦਮੀ ਦਾ ਜੀਵਨ ਤੇ ਵਰਤਾਉ ਦਰਿੱਦਰ, ਮੁਰਦਾਪਨ ਕਾਇਰਤਾ ਤੇ ਢਿੱਲਾਪਣ ਦੇ ਹੋਣਗੇ, ਯਾ ਸਾਹਸ ਵਾਲੇ, ਉੱਦਮ ਵਾਲੇ, ਹੋਸ਼ ਵਾਲੇ ਤੇ ਸੁਖਦਾਈ ?

ਨਵੇਂ ਬੋਲੇ ਸੱਜਣ—ਠੀਕ ਹੈ, ਇਹ ਤਾਂ ਸਪਸ਼ਟ ਹੈ।

ਸਿੰਘ ਜੀ—ਫਿਰ ਆਪ ਹੀ ਦੱਸੋ ਕਿ ਜਦ ਗੁਰੂ ਜੀ ਨੇ ਮਜ਼ਹਬ ਦਾ ਆਦਰਸ਼ ਇਹ ਦੱਸਿਆ ਹੈ ਕਿ ਇਹ ਇਕ ਖੇੜਾ ਹੈ, ਖੁਸ਼ੀ* ਹੈ, ਰਸ ਹੈ, ਤਾਕਤ ਹੈ, ਬਲ ਹੈ, ਹਾਵੀ ਆਚਰਣ ਹੈ, ਫਿਰ ਸ਼ਾਂਤਮਯ ਤੇ ਸੁਆਦੀਕ ਹੈ, ਤਦ ਆਪਦਾ ਇਤਰਾਜ਼ ਆਪੇ ਹੱਲ ਹੋ ਗਿਆ। ਦੂਸਰੇ ਇਹ ਗੱਲਾਂ ਸਤਿਗੁਰ ਨੇ ਜ਼ੁਬਾਨੀ ਹੀ ਨਹੀਂ ਕੀਤੀਆਂ, ਕਰਕੇ ਦੱਸੀਆਂ ਹਨ।

ਗੁਰੂ ਨਾਨਕ ਦੇਵ ਕਿਸੇ ਕੰਦਰਾ ਵਿਚ ਲੰਮੇ ਪੈਕੇ, ਮੈਲੀਆਂ ਲੀਰਾਂ ਵਿਚ ਸੌਂ ਕੇ ਦਿਨ ਨਹੀਂ ਗੁਜ਼ਾਰ ਗਏ। ਕੁੱਲ ਉਸ ਵੇਲੇ ਦੇ ਜਾਣੇ ਸੰਸਾਰ ਵਿਚ ਫਿਰੇ ਤੇ ਘਰ ਘਰ ਇਹ ਨਾਦ ਸੁਣਾਇਆ ਕਿ ਇਨਸਾਫ ਤੇ ਟੇਕ ਧਰਕੇ, ਆਪਣੇ ਅਸਲੇ ਨੂੰ ਪਛਾਣਕੇ, ਅੰਦਰਲੇ ਨੂੰ ਵਾਹਿਗੁਰੂ ਪ੍ਰੇਮ ਵਿਚ ਪਾਕੇ ਇਕ ਦਜਾਨਤਦਾਰੀ ਦਾ ਉੱਚਾ, ਸੁੱਚਾ ਸੁਹਣਾ ਤੇ ਬਲਵਾਨ ਜੀਵਨ ਬਸਰ ਕਰੋ ਤੇ ਸਰਬੱਤ ਨੂੰ ਪਿਆਰ ਕਰੋ। ਆਪ ਜਿਸ ਜਿਸ ਨੂੰ ਮਿਲੇ ਸਭ ਪਰ ਫਤਹ ਪਾਈ। ਸਫਰ ਓਦੋਂ ਦੇ ਕਿੰਨੇ ਕਠਨ ਸਨ, ਪਰ ਉਨ੍ਹਾਂ ਨੇ ਕਿਤਨੇ ਲੰਮੇ ਲੰਮੇ ਸਫਰ ਕੀਤੇ?

*ਨਾਨਕ ਭਗਤਾ ਸਦਾ ਵਿਗਾਸੁ ॥ [ਜਪੁਜੀ

ਦੂਸਰੇ ਸਤਿਗੁਰੂ ਜੀ ਓਸੇ ਤਰ੍ਹਾਂ ਰਸ ਨਿਮਰਾਨ ਤੇ ਸਾਹਸ ਵਾਲੇ ਸਨ, ਤੀਸਰੇ ਸਤਿਗੁਰ ਸੱਤਰ ਵਰ੍ਹੇ ਦੀ ਉਮਰ ਤੋਂ ੧੦੫* ਵਰ੍ਹੇ ਦੀ ਵਡੇਰੀ ਉਮਰ ਵਿਚ ਕਿਤਨਾ ਸਾਹਸ ਉੱਦਮ ਤੇ ਉੱਚੇ ਪਰਉਪਕਾਰ ਦਾ ਜੀਵਨ ਬਸਰ ਕਰਦੇ ਰਹੇ ਹਨ। ਇਸੀ ਤਰ੍ਹਾਂ ਸਾਰੇ ਸਤਿਗੁਰ ਹੋਏ ਹਨ।

ਦਸਵੇਂ ਜਾਮੇ ਅਮਲੀ ਲੋੜ ਲਈ ਆਪ ਨੇ, ਤੁਸਾਂ ਨੂੰ ਪਤਾ ਹੈ, ਜੋ ਕੁਛ ਕੀਤਾ। ਅਮਲੀ ਤੌਰ ਤੇ ਜੋ ਸਿਖ ਬਣੇ ਉਨ੍ਹਾਂ ਦੇ ਜੀਵਨ ਪੜ੍ਹ ਲਵੋ, ਬਚਿਤ੍ਰ ਸਿੰਘ, ਉਦੇ ਸਿੰਘ, ਸੰਤ ਸਿੰਘ, ਸੰਗਤ ਸਿੰਘ, ਚਾਲੀ ਮੁਕਤੇ, ਪੰਜੇ ਪਜਾਰੇ, ਚਾਰ ਅਪਣੇ ਪੁੱਤ੍ਰ, ਮਨੀ ਸਿੰਘ ਤਾਰੂ ਸਿੰਘ ਹੋਰ ਮੈਂ ਕਿੰਨੇ ਕੁ ਗਿਣਾਂ? ਕਿਸ ਆਤਮ ਅਰੂੜਤਾ ਦੇ ਬੰਦੇ ਪੈਦਾ ਕੀਤੇ ਜੋ ਦ੍ਰਿਸ਼ਟਾ ਵਿਚ ਬੀ ਉੱਨਤ ਸਨ ਤੇ ਦ੍ਰਿਸ਼ਟਮਾਨ ਵਿਚ ਬੀ ਆਪਣੇ ਸਮੇਂ ਦਾ ਉੱਤਮ ਤੋਂ ਉੱਤਮ ਕੰਮ ਕਰ ਗਏ ਹਨ।

ਸੋ ਸੱਜਣ ਜੀ ! ਅੰਦਰਲੇ ਦੀ ਵਿਦਯਾ ਨੂੰ ਭੁਲਾ ਦੇਣਾ ਠੀਕ ਨਹੀਂ, ਅੰਦਰਲੇ ਨੂੰ ਰਸਦੇਸ਼ ਲਿਜਾਣਾ, ਖੇੜੇ ਵਿਚ ਰੱਖਣਾ, ਜੋ ਵਾਹਿਗੁਰੂ ਦੁਖੀਏ ਹੋਇਆਂ ਹੁੰਦਾ ਹੈ, ਜ਼ਰੂਰੀ ਹੈ, ਤੇ ਅੰਦਰਲਾ ਜਦ ਸੁਖੀ ਤੇ ਨਿਜ ਟਿਕਾਣੇ, ਅਪਣੀ ਟੇਕ ਤੇ ਹੋਵੇਗਾ ਤਾਂ ਉਸ ਦੀ ਦ੍ਰਿਸ਼ਟੀ ਦਰੁਸਤ ਹੋਵੇਗੀ, ਅਰ ਉਸੇ ਦੀ ਰੌਸ਼ਨੀ ਵਿਚ ਬਾਹਰਲਾ ਜੀਵਨ ਠੀਕ ਸੁਖਦਾਈ ਬਣਾ ਸਕਾਂਗੇ।

ਨਵੇ ਆਏ–(ਬੈਂਕਸ) ਧੰਨਵਾਦ ਹੈ ! ਪਰ ਮਜ਼ਹਬਾਂ ਵਾਲੇ ਪਰਸਪਰ ਲੜਦੇ ਕਿਉਂ ਹਨ ?

ਸਿੰਘ ਜੀ–ਇਹ ਉਨ੍ਹਾਂ ਦੀ ਭੁੱਲ ਤੇ ਤੰਗ ਦਿਲੀ ਹੈ। ਗੁਰੂ ਜੀ ਤਾਂ ਸਿਖਾਲਦੇ ਹਨ ਕਿ ਨਾਮ ਜਪੋ, ਭਾਵ ਅੰਦਰੋਂ ਦ੍ਰਿਸ਼ਟਾ ਵਾਹਿਗੁਰੂ ਨਾਲ ਲਗੇ ਰਹੋ ਤੇ ਮਨ ਨੂੰ ਚੜ੍ਹਦੀਆਂ ਕਲਾਂ ਵਿਚ ਰਖੋ ਤੇ ਸਰਬੱਤ ਦਾ ਭਲਾ ਕਰੋ, ਇਹ ਸਾਡੀ ਰੋਜ਼ ਦੀ ਅਰਦਾਸ ਹੈ– ਨਾਨਕ, ਨਾਮ, ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਕਾ ਭਲਾ।

ਨਵੇਂ ਆਏ–ਠੀਕ ਹੈ, ਜਿਸ ਮਜ਼ਹਬ ਦੇ ਇਹ ਆਦਰਸ਼ ਤੇ ਅਸੂਲ ਹਨ, ਉਹ ਬੇਸ਼ਕ ਸੁਖਦਾਈ ਵਸਤੂ ਹੈ।

ਐਨਕਵਾਲਾ–ਜੋ ਕੁਛ ਆਪ ਨੇ ਦੱਸਿਆ ਹੈ, ਇਹ ਅਸਲ ਸੰਨਜਾਸ ਹੈ ਜੋ ਦੀਨ ਦੁਨੀ ਦੇ ਸੁਖ ਦੇਂਦਾ ਹੈ। ਮੇਰਾ ਆਦਰਸ਼ ਹੁਣ ਗੁਰੂ ਜੀ ਹੋਣ।

ਸਿੰਘ ਜੀ–ਮੈਂ ਇਕ ਗੱਲ ਹੋਰ ਕਹਿਣੀ ਹੈ:– ਮਹਾਂ ਪੁਰਖ ਬਿਨਾ ਸੰਸਾਰ ਸੁੰਞਾ ਹੈ, ਮਹਾਂ ਪੁਰਖ ਵਿਚ ਇਕ ਬੜੀ ਉੱਚੀ ਅਰੰਮ ਦੀ ਕਲਾ ਹੁੰਦੀ ਹੈ ਜੋ ਆਮ ਇਨਸਾਨਾਂ ਵਿਚ ਨਹੀਂ ਹੁੰਦੀ। ਤੁਸੀਂ ਪੱਛਮੀ ਵਿਦਯਾ ਪੜ੍ਹੇ ਹੋ, ਐਸੇ ਆਦਮੀਆਂ ਨੂੰ, ਜੋ ਅਲੌਕਿਕ ਕਵਿਤਾ, ਯਾ ਅਜੀਬ ਚਿੱਤ੍ਰ ਸੰਗੀਤ ਬਣਾ ਲੈਂਦੇ ਹਨ ਯਾ ਦਿਲ ਵਿੰਨ੍ਹਵੇਂ ਯਾ ਸਾਇੰਸ ਦੇ ਮਰਮ ਖੋਜ ਕੱਢਦੇ ਹਨ, ਯਾ ਦੇਸ਼, ਰਾਜ ਆਦਿਕ ਪ੍ਰਬੰਧਾਂ ਵਿਚ ਗ਼ੈਰ ਮਾਮੂਲੀ ਕਾਬਲੀਅਤ ਦਿਖਾਲਦੇ ਹਨ, ਉਨ੍ਹਾਂ ਨੂੰ ਜੀਨੀਅਸ(Genius) ਆਖਦੇ ਹਨ। ਦੱਸੋ ਹਰੇਕ ਆਦਮੀ 'ਜੀਨੀਅਸ' ਹੁੰਦਾ ਹੈ ?

ਸਭ ਨੇ ਕਿਹਾ–ਨਹੀਂ, ਕੋਈ ਵਿਰਲਾ, ਕਦੇ।

ਸਿੰਘ ਜੀ–ਫਿਰ ਮਹਾਂ ਪੁਰਖਾਂ ਦੇ ਕਲਾਵਾਨ ਹੋਣ ਤੋਂ ਇਨਕਾਰ ਕਰਨਾ ਕੀ ਅਰਥ ਰੱਖਦਾ ਹੈ ?

ਮਹਾਂ ਪੁਰਖ ਇਕ ਅਰੰਮ ਦੀ ਕਲਾ ਨਾਲ ਕਲਾਧਾਰੀ ਹੁੰਦਾ ਹੈ। ਉਸ ਵਿਚ ਕੋਈ ਅਕਹਿ ਤਾਕਤ ਹੈ। ਸਾਡੇ ਸਾਮਾਨ ਲੱਕੜ ਕਾਠ ਹਨ, ਪਰ ਕਲਾਵਾਨ ਇਕ ਬਲਦੀ ਬਿਜਲੀ ਹੈ। ਸਾਡੇ ਵਿਚ ਇਕ ਮੁਰਦਿਹਾਨ ਹੈ, ਉਸ ਵਿਚ ਇਕ ਅਮਰੀ ਜੀਵਨ ਹੈ। ਉਹ ਮਾਮੂਲੀ ਇਨਸਾਨ ਨਹੀਂ, ਉਹ ਕੋਈ ਤਾਕਤ ਹੈ, ਬਲ ਹੈ ਸਮਰੱਥਾ ਹੈ, ਖ਼ੂਬਸੂਰਤੀ ਹੈ, ਤੇਜ ਹੈ, ਪ੍ਰਤਾਪ ਹੈ, ਅਥੁਕਤਾ, ਹੈ, ਨਿਰਭੈਤਾ ਹੈ।

ਉਹ ਕਦੇ ਕਦੇ ਆਉਂਦਾ ਹੈ, ਸੰਸਾਰ ਵਿਚ ਜਦ ਕੋਈ ਬਦੀ ਗ਼ਾਲਬ ਆਉਂਦੀ ਹੈ ਤਾਂ ਫੇਰਾ ਮਾਰਦਾ ਹੈ ਅਰ ਅਪਣੀ ਅਰਨੀ ਨਾਲ ਉਸ ਬਦੀ ਨੂੰ ਦਗਧ ਕਰਕੇ ਇਨਸਾਨੀ ਖਿਆਲ ਨੂੰ ਪਲਟਾ ਦੇ ਜਾਂਦਾ ਹੈ। ਮੇਰੀ ਅਕਲ, ਤਜਰਬੇ ਵਿਸ਼ਵਾਸ਼ ਵਿਚ ਇਹ ਆਇਆ ਹੈ ਕਿ ਗੁਰ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਕਲਾਵਾਨਾਂ, ਕਲਾਧਾਰੀਆਂ, ਮਹਾਂ ਪੁਰਖਾਂ ਸਭ ਵੱਡਿਆਂ ਤੋਂ ਉੱਚੇ ਦਰਜੇ ਤੇ ਹਨ। ਮੈਂ ਮਹਾਂ ਪੁਰਖਾਂ ਦਾ ਉਨ੍ਹਾਂ ਨੂੰ ਸਰਦਾਰ ਮੰਨਦਾ ਤੇ ਪਿਆਰ ਕਰਦਾ ਹਾਂ, ਬਲਕਿ ਮੈਂ ਤਾਂ ਉਨ੍ਹਾਂ ਦਾ ਐਉਂ ਜ਼ਿਕਰ ਕਰਨਾ–ਜਿਸ ਤਰ੍ਹਾਂ ਕਰਦਾ ਹਾਂ– ਅਪਣੇ ਲਈ ਗੁਸਤਾਖੀ ਸਮਝਦਾ ਹਾਂ। ਉਹ ਬਹੁਤ

*ਭਗਤ ਪਗ ੭੧ ਵਰ੍ਹੇ ਦੀ ਆਯੁ ਵਿਚ ਸੇਵਾ ਵਿਚ ਆਏ, ੧੨ ਵਰ੍ਹੇ ਸੇਵਾ ਤੇ ੨੨ ਵਰ੍ਹੇ ਗੁਰਿਆਈ ਕੀਤੀ।

ਉਚੇ ਤੇ ਵੱਡੇ 'ਗੁਰ ਨਾਨਕ ਦੇਵ ਗੋਬਿੰਦ ਰੂਪ' ਹਨ। ਜੀਕੂੰ ਇਕ ਲੋਹੇ ਦਾ ਗੋਲਾ ਅੱਗ ਵਿਚ ਪਿਆ ਅੱਗ ਰੂਪ ਹੁੰਦਾ ਹੈ, ਇਕੁਰ ਅਮਰੀ, ਅਨੰਤ, ਵਾਹਿ-ਗੁਰੂ ਦੀ ਅਲੂਹੀਅਤ ਨਾਲ ਉਹ ਰੱਬੀ ਜਲਾਲ ਨਾਲ ਸਰਸ਼ਾਰ, ਜਮਾਲ ਤੇ ਜਲਾਲ ਰੂਪ ਇਲਾਹੀ ਜਲਵਾ ਹਨ। ਮੇਰਾ ਈਮਾਨ ਇਹ ਹੈ।

ਸਾਰੇ—ਬੇਸ਼ੱਕ, ਅੱਜ ਸਾਨੂੰ ਬੀ ਉਨ੍ਹਾਂ ਦੇ ਆਦਰਸ਼ ਐਸੇ ਹੀ ਪਿਆਰੇ ਲੱਗੇ ਹਨ ਅਰ ਸਾਡੇ ਦਿਲਾਂ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਨਿਵਾਸ ਪਾ ਗਿਆ ਹੈ ਅਰ ਸਾਨੂੰ ਬੀ ਆਪ ਵਾਂਗੂ ਪਿਆਰੇ ਤੇ ਮਿੱਠੇ ਲੱਗੇ ਹਨ। ਉਹ ਆਪ ਦੇ ਹੀ ਨਹੀਂ, ਸਰਬ ਕਾਲੀ, ਸਰਬ ਦੇਸ਼ੀ, ਸਾਡੇ ਸਭਨਾਂ ਦੇ ਆਪਣੇ ਹਨ।

—o—

੯੯. ਅੱਖੀਂ ਦੇਖਣ ਵਾਲੇ ਪ੍ਰੇਮੀਆਂ ਦੇ ਸੁਨੇਹੇ*।

ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੋਹਨ ਮੂਰਤੀ ਸੰਸਾਰ ਵਿਚ ਹਰ ਅੱਖ ਨੂੰ ਭਾਈ। ਪੁਰਾਤਨ ਨਵੀਨ ਜਿਸ ਇਤਿਹਾਸਕਾਰ ਨੇ ਉਨ੍ਹਾਂ ਦਾ ਜ਼ਿਕਰ ਕੀਤਾ, ਕਿਸੇ ਨਾ ਕਿਸੇ ਖ਼ੂਬੀ ਦੀ ਮਹਿਮਾ ਕੀਤੀ। ਜਿਸ ਨੁਕਤੇ ਤੋਂ ਜਿਸ ਨੇ ਡਿੱਠਾ ਮਜਬੂਰ ਹੋਇਆ ਕਿ ਮਹਿੰਮਾਂ ਕਰੇ। ਹਿੰਦੂ, ਸਿੱਖ, ਮੁਸਲਮਾਨ, ਅੰਗ੍ਰੇਜ਼ ਸਾਰੇ ਇਤਿਹਾਸਕਾਰਾਂ ਨੇ ਜਸ ਗਾਵਿਆਂ। ਸਿੱਖਾਂ ਦੇ ਲਿਖਣ ਨੂੰ ਜੇ ਇਤਿ-ਹਾਸਕ ਨੁਕਤੇ ਦੇ ਰੁੱਖਾਪਨ ਤੋਂ ਵਧੀਕ ਸ਼ਰਧਾ ਤੇ ਪ੍ਰੇਮ ਭੀ ਕਾਰਨ ਸਮਝਿਆ ਜਾਵੇ ਤਾਂ ਲਾ: ਦੌਲਤ ਰਾਇ ਵਰਗੇ ਆਰਯਾਂ ਦਾ ਸ਼੍ਰੀ ਗੁਰੂ ਜੀ ਨੂੰ ਰਾਮ, ਕ੍ਰਿਸ਼ਨ, ਪੈਗ਼ੰਬਰਾਂ ਤੋਂ ਵਡਾ ਕਹਿਣਾ ਤੇ ਇਹ ਲਿਖਣਾ "ਸਾਰੀ ਕੌਮੇਂ ਅਪਣੇ ਬਹਾਦਰੋਂ ਔਰ ਸ਼ਹੀਦੋਂ ਪਰ ਜਿਸ ਕਦਰ ਫ਼ਖ਼ਰ ਕਰੇਂ ਜ਼ੇਬਾ, ਲੇਕਨ ਜੋ ਫ਼ਖ਼ਰ ਹਿੰਦੂਓਂ ਕੋ ਗੁਰੂ ਗੋਬਿੰਦ ਸਿੰਘ ਕਾ ਹੈ ਉਸਕਾ ਮੁਕਾਬਲਾ ਰੂਏ ਆਲਮ ਮੇਂ, ਸ਼ਸ਼ਦਰ ਜਹਾਨ ਮੇਂ ਔਰ ਕੋਈ ਕੌਮ ਨਹੀਂ ਕਰ ਸਕਤੀ" ਤੇ ਫੇਰ ਕਹਿਣਾ ਕਿ 'ਸੰਸਾਰ ਨੂੰ ਫਖਰ ਹੋ ਸਕਦਾ ਹੈ ਤਾਂ ਗੁਰੂ ਦਸਮੇਂ ਪਾਤਸ਼ਾਹ ਜੀ ਦਾ' ਦੱਸਦਾ ਹੈ ਕਿ ਕੈਸਾ ਸ਼ਬਰਦਸਤ ਵਜੂਦ ਗੁਰੂ ਜੀ ਦਾ ਹੈ ਜੋ ਅਨ-ਉਪਾਸਕਾਂ ਤੋਂ ਬੀ ਮਹਿਮਾਂ ਕਰਵਾਉਂਦਾ ਹੈ। ਲਾਲਾ ਸ਼ਿਵਬ੍ਰਤ ਲਾਲ ਰਾਧਾ ਸੁਆਮੀ ਗੀਤ ਗਾਉਂਦਾ ਹੈ। ਗ੍ਰਿਫਿਨ ਲਿਖਦਾ ਹੈ ਕਿ:—"ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਬਰ ਤਿਆਰ ਸਜਿਆ ਸਜਾਯਾ ਖਾਲਸਾ ਆਪਣੇ ਦਿਮਾਗ਼ ਤੋਂ ਇਸ ਤਰ੍ਹਾਂ ਪੈਦਾ ਕਰਕੇ ਰੱਖ ਦਿਤਾ ਜਿਸ ਤਰ੍ਹਾਂ ਬ੍ਰਹਸਪਤ ਨੇ ਦੇਵੀ ਮੈਨਿਰਵਾ ਪੈਦਾ ਕੀਤੀ ਸੀ"। ਕਨਿੰਘਮ ਦਾ ਉਨ੍ਹਾਂ ਦੇ ਕੰਮ ਦੀ ਸ਼ਲਾਘਾ, ਅਰ ਜ਼ਿੰਦਗੀ ਤੋਂ ਬਾਦ ਕੰਮ ਸਿਰੇ ਚੜ੍ਹਨ ਵਿਚ ਉਨ੍ਹਾਂ ਦੀ ਦਾਨਾਈ ਅਰ ਕੰਮ ਕਰਨ ਦੀ ਸੁੰਦਰਤਾ ਦੀ ਸ਼ਲਾਘਾ ਕਰਨਾ ਦੱਸਦਾ ਹੈ ਕਿ ਇਤਿਹਾਸ ਸਾਰਾ ਉਹਨਾਂ ਦੀ ਮਹਿੰਮਾਂ ਕਰਦਾ ਹੈ। ਪਰ ਅੱਜ ਅਸੀਂ ਮਗਰੋਂ ਹੋਏ ਇਤਿਹਾਸਕਾਰਾਂ ਦੀ ਉਗਾਹੀ ਨਹੀਂ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਕੋਈ ਐਸਾ ਪ੍ਰੇਮੀ ਮਿਲੇ ਜਿਸ ਨੇ ਗੁਰੂ ਜੀ ਨੂੰ ਡਿੱਠਾ ਹੋਵੇ, ਪਿਆਰ ਕੀਤਾ ਹੋਵੇ, ਪਾਸ ਰਿਹਾ ਹੋਵੇ, ਫੇਰ ਵਿਦਵਾਨ ਹੋਵੇ, ਵਿਵੇਕ ਵਾਲਾ ਹੋਵੇ, ਸੰਸਾਰਕ ਵਿਭੂਤੀ ਵਾਲਾ ਹੋਵੇ ਅਤੇ ਜਿਸ ਨੇ ਗੁਰੂ ਜੀ ਦੇ ਗੁਣਾਂ ਤੇ ਆਸ਼ਿਕ ਹੋਕੇ ਕੋਈ ਕੁਰਬਾਨੀ ਕੀਤੀ ਹੋਵੇ, ਉਹ ਅਪਣੀ ਜ਼ੁਬਾਨ ਨਾਲ ਸਾਨੂੰ ਗੁਰੂ ਜੀ ਦੀ ਆਤਮਿਕ ਸੁੰਦਰਤਾ ਸੁਣਾਵੇ। ਉਹ ਆਖੇ: ਇਹ ਮੈਂ ਅੱਖੀਂ ਡਿੱਠਾ ਹੈ, ਮੇਰੇ ਔਉਂ ਹੱਡ ਬੀਤੀ ਹੈ, ਮੈਂ ਇਹ ਅਸਰ ਅਜ਼ਮਾਇਆ ਹੈ। ਜਦ ਅਸੀਂ ਇਹ ਅਭਿਲਾਖਾ ਕਰਦੇ ਹਾਂ ਤਾਂ ਸਾਡੇ ਸਾਹਮਣੇ ਇਕ ਸੁੰਦਰ ਮੂਰਤੀ ਆ ਖੜੋਂਦੀ ਹੈ। ਗਜ਼ਨੀ ਦਾ ਜਨਮ ਹੈ, ਲੰਮੀ ਸੁੰਦਰ ਡੀਲ ਹੈ, ਅੱਖਾਂ ਵਿਚ ਨਿਮਕੀ ਤੇ ਦਨਾਈ ਭਰੀ ਹੈ, ਦੋਵੇਂ ਨੈਣ ਪਿਆਲੇ ਸੁੱਚੇ ਮਦ ਨਾਲ ਸਰਸ਼ਾਰ ਹਨ, ਵਿਦਜ਼ਾ ਤੇ ਪ੍ਰਤਾਪ ਮਗਰ ਮਗਰ ਆ ਰਹੇ ਹਨ। ਜੇ ਤਾਂ ਆਪ ਦੀ ਕਲਮ ਦਾ ਕੋਈ ਜੀਵਨ ਚਰਿਤ੍ਰ ਲੱਭ ਜਾਂਦਾ ਤਾਂ ਹੋਰ ਵੀ ਸੁਖ ਦਾ ਕੰਮ ਸੀ, ਪਰ

*ਇਹ ਲੇਖ ੧੧ ਪੋਹ ਸੰ: ਕ: ਨਾ: ਸਾ: ੪੪੫ (੨੫ ਦਸੰਬਰ ੧੯੧੩) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਤ ਹੋਇਆ ਸੀ।

ਦੁਣ ਜੋ ਕੁਛ ਸੁਨੇਹਾ ਉਹ ਦੇਂਦੇ ਹਨ ਸਾਨੂੰ ਸੋਈ ਬੜਾ ਸੁਖਦਾਈ ਹੈ।

੯. ਭਾਈ ਨੰਦ ਲਾਲ ਜੀ।

ਆਪ ਕਹੋਗੇ ਇਤਿਹਾਸ ਦੀ ਉਗਾਹੀ ਸਾਡੇ ਪਾਸ ਕਾਫੀ ਹੈ ਕਿ ਸ਼੍ਰੀ ਗੁਰੂ ਜੀ ਦੇ ਆਤਮ ਦੁਣ ਸਾਡੇ ਵਿਚ ਨਿਵਾਸ ਕਰਨ ਤੇ ਸਾਡਾ ਸਤਿਕਾਰ ਮੱਲੋ ਮੱਲੀ ਉਹਨਾਂ ਲਈ ਉਛਾਲੇ ਲਵੇ, ਪਰ ਜਿਸ ਸੱਜਣ ਤੋਂ ਸਤਿਗੁਰੂ ਦੀਆਂ ਗੱਲਾਂ ਅੱਜ ਅਸੀਂ ਸੁਣਨਾ ਲੋਚਦੇ ਹਾਂ, ਉਸ ਦੀ ਉਗਾਹੀ ਸਾਰੇ ਇਤਿਹਾਸਾਂ ਤੋਂ ਜ਼ਬਰਦਸਤ ਹੈ, ਕਿਉਂਕਿ ਉਹ ਅੱਖੀਂ ਡਿੱਠੀ ਤੇ ਹੱਡੀਂ ਬੀਤੀ ਦੱਸਦਾ ਹੈ। ਉਹ ਪਿਆਰਾ ਨਾਮ ਭਾਈ ਨੰਦ ਲਾਲ ਜੀ ਦਾ ਹੈ। ਆਪ ਫਾਰਸੀ ਜ਼ੁਬਾਨ ਦੇ ਪੰਡਤ, ਅਰਥੀ ਦੇ ਵਿਦਵਾਨ ਸੇ,ਦਾਨਾਈ ਤੇ ਦੂਰੰਦੇਸ਼ੀ, ਮਾਮਲੇ ਦੇ ਸਮਝਣ ਤੇ ਵਿਵੇਕ ਕਰਨ ਵਿਚ ਇੰਨੇ ਪ੍ਰਬੀਨ ਸੇ ਕਿ ਬਹਾਦਰਸ਼ਾਹ ਸ਼ਾਹਜ਼ਾਦੇ ਦੇ ਮੀਰ-ਮੁਨਸ਼ੀ (ਸਕੱਤ੍ਰ) ਬਣੇ, ਅਰ ਇਸ ਅਹੁਦੇ ਤੇ ਹੋਣਾ ਦੱਸਦਾ ਹੈ ਕਿ ਉਹਨਾਂ ਦਾ ਐਸ਼ਰਜ ਭੀ ਕਿਤਨਾ ਸੀ। ਐਸ਼ਰਜ ਅਰ ਦਾਨਾਈ, ਲਿਆਕਤ, ਪ੍ਰਬੀਨਤਾ, ਵਾਲੇ ਹੋਕੇ ਹਿੰਦੁਸਤਾਨ ਦੇ ਵੱਡੇ ਵੱਡੇ ਫਕੀਰਾਂ, ਕਾਮਲਾਂ ਤੇ ਸਾਧੂਆਂ ਦੇ ਜਾਣੂੰ ਹੋ ਕੇ ਉਨ੍ਹਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਮੰਨਿਆ।ਬਾਲਪਣੇ ਦੀ ਅੱਲ੍ਹੜ ਉਮਰਾ ਵਿਚ ਨਹੀਂ, ਜੁਆਨੀ ਦੇ ਜੋਸ਼ ਵਿਚ ਨਹੀਂ, ਪਰ ਪੱਕੀ ਉਮਰਾ ਵਿਚ ਤਜਰਬੇ ਤੇ ਵਿਦਯਾ ਵਿਚ ਪ੍ਰਬੀਨ ਹੁੰਦੇ ਹੋਏ। ਇਸ ਤਰ੍ਹਾਂ ਦੇ ਲਾਇਕ, ਖੋਜੀ, ਵਿਦਵਾਨ, ਕਵੀ, ਰੰਬਕਾਰ ਸ਼ਾਹੀ ਪੜਤਲੇ ਵਾਲੇ ਪਤ ਅਬਰੋ ਵਾਲੇ ਦਾ ਉਹਨਾਂ ਨੂੰ ਕਾਮਲ ਮੰਨਣਾ, ਗੁਰੂ ਚੁਣਨਾ ਤੇ ਸੰਸਾਰ ਤੋਂ ਨਾਤਾ ਤੋੜ ਕੇ ਲਗ ਪਗ ਸਾਰੀ ਉਮਰ ਉਹਨਾਂ ਦੇ ਚਰਨਾਂ ਵਿਚ ਬਿਤਾਉਣਾ ਦਸਦਾ ਹੈ ਕਿ ਗੁਰੂ ਜੀ ਫੌਜੀ ਜਰਨੈਲ, ਰਾਜਸੀ ਮਹਾਂ ਪੁਰਖ, ਜੋਧਾ, ਕਵੀ, ਵਿਦਵਾਨ, ਪੰਡਤ ਹੁੰਦੇ ਹੋਏ ਕਾਮਲ ਫਕੀਰ, ਪੂਰੇ ਗੁਰੂ-ਪੂਰ ਅਵਤਾਰ-ਸੇ। ਭਾਈ ਨੰਦ ਲਾਲ ਦਾ ਸਿੱਖ ਹੋਣਾ ਇਕ ਆਮ ਆਦਮੀ ਦਾ ਸਿਖ ਹੋਣਾ ਨਹੀਂ, ਭਾਈ ਨੰਦ ਲਾਲ ਦੀ ਕੁਰਬਾਨੀ ਇਕ ਆਮ ਦਾਨ ਨਹੀਂ, ਭਾਈ ਨੰਦ ਲਾਲ ਦਾ ਪ੍ਰੇਮ ਆਮ ਮੋਹ ਨਹੀਂ, ਉਹਨਾਂ ਦੀ ਸਿੱਖੀ ਇਕ ਕਾਮਲ ਉਗਾਹੀ ਹੈ ਜੋ ਇਤਿਹਾਸਕ ਝੋਕੇ ਤੇ ਪੱਥਰ ਲੀਕ ਵਾਂਗ ਦਿਲਾਂ ਪਰ ਸਿੱਕਾ ਬਿਠਾਉਂਦੀ ਹੈ ਕਿ ਗੁਰੂ ਸਾਹਿਬ ਜੀ ਕਮਾਲ ਦਰਜੇ ਦੇ ਮਹਾਂ ਪੁਰਖ ਸੇ। ਦੇਖੋ ਭਾਈ ਨੰਦ ਲਾਲ ਜੀ ਉਹਨਾਂ ਦੇ ਮੁਰਸ਼ਦਾਨਾ ਕਮਾਲ ਪਰ ਕੀ ਆਖਦੇ ਹਨ:-

ਜ਼ਹੇ ਸਾਹਿਬ ਦਿਲੇ, ਰੌਸ਼ਨ ਜ਼ਮੀਰੇ, ਆਰਫ਼ੇ ਕਾਮਿਲ, ਕਿ ਬਰ ਦਰਗਾਹਿ ਹੱਕ ਪੇਸ਼ਾਨੀਏ ਓ ਸੂਦਹ ਮੇ ਬਾਸ਼ਦ ॥

ਅਰਥਾਤ-ਧੰਨ ਹੈ ਉਹ ਦਿਲ ਦਾ ਮਾਲਿਕ* ਦਿੱਬ ਦ੍ਰਿਸ਼ਟੀ ਵਾਲਾ ਪੂਰਨ ਗਿਆਨੀ ਕਿ ਜਿਸ ਦਾ ਮਸਤਕ ਪਰਮੇਸ਼ੁਰ ਦੀ ਦਰਗਾਹ ਤੇ ਸਦਾ ਟਿਕਿਆ ਰਹਿੰਦਾ ਹੈ।

ਇਹ ਪ੍ਰੀਤਮ ਜੀ ਨੂੰ ਅੱਖੀਂ ਦੇਖਣ ਵਾਲੇ ਪ੍ਰੇਮੀ ਜੀ ਦਾ ਅੱਜ ਸਾਨੂੰ ਸੁਨੇਹਾ ਹੈ ਕਿ ਜਿਸ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੋਂ ਤੁਸੀਂ ਅਜ ਸਦਕੇ ਹੁੰਦੇ ਹੋ, ਮੈਂ ਅੱਖੀਂ ਡਿੱਠੀ ਸਾਖੀ ਭਰਦਾ ਹਾਂ ਕਿ ਉਹ ਪੂਰਨ ਬ੍ਰਹਮ-ਵੇਤਾ ਹਨ, ਉਹ ਪੂਰਨ ਦਿੱਬ ਦ੍ਰਿਸ਼ਟ ਹਨ ਅਰ ਵਾਹਿਗੁਰੂ ਪ੍ਰੇਮ ਵਿਚ ਨਿਰੰਤਰ ਮਗਨ ਹਨ। ਮੈਂ ਉਹਨਾਂ ਨਾਲ ਕੀਕੂੰ ਵਰਤਦਾ ਹਾਂ ਕਿ:-

ਬਕੁਰਬਾਨੇ ਸਰੇ ਕੂਯਸ਼ ਬਗਿਰਦੋ ਦਮ ਮਜ਼ਨ ਗੋਯਾ ! ਇਸ਼ਾਰਤ ਹਾਇ ਚਸ਼ਮੇ ਓ ਮਰਾ ਫਰਮੂਦਹ ਮੇ ਬਾਸ਼ਦ ॥

ਉਸ ਸਤਿਗੁਰੂ ਦੇ ਕੂਚੇ ਦੇ ਉਦਾਲੇ ਮੈਂ ਸਦਕੇ ਹੁੰਦਾ ਹਾਂ ਤਾਂ ਦਮ ਨਹੀਂ ਮਾਰਦਾ, (ਪ੍ਰੇਮੀ ਹੋ ਝੱਕਦਾ ਹਾਂ ਤਾਂ) ਸਤਿਗੁਰ ਦੇ ਨੈਣਾਂ ਦੇ ਇਸ਼ਾਰਿਆਂ ਨਾਲ (ਤਾਰਨ ਹਾਰ) ਉਪਦੇਸ਼ ਪ੍ਰਾਪਤ ਹੁੰਦਾ ਹੈ। ਅਤੇ-

ਜ਼ਿ ਫੈਜ਼ੇ ਮੁਰਸ਼ਿਦੇ ਕਾਮਿਲ ਮਰਾ ਮਾਲੂਮ ਸ਼ੁਦ ਆਖ਼ਰ, ਕਿ ਦਾਯਮ ਮਰਦਮੇ ਦੁਨੀਆ ਬ.ਗਮ ਆਲੂਦਹਾ ਮੇ ਬਾਸ਼ਦ ॥

ਮੈਨੂੰ ਪੂਰਨ ਸਤਿਗੁਰ ਦੀ ਮਿਹਰ ਨਾਲ ਅੰਤ ਇਹ ਪਤਾ ਲਗ ਗਿਆ ਕਿ ਦੁਨੀਆਂਦਾਰ ਆਦਮੀ ਦਾ ਦਿਲ ਸਦਾ ਗ਼ਮ ਨਾਲ ਰੰਦਾ ਰਹਿੰਦਾ ਹੈ ਤੇ ਮੈਨੂੰ ਸਤਿਗੁਰ ਤੋਂ ਇਹ ਅਵਸਥਾ ਮਿਲੀ ਹੈ:-

*ਨਾਮ ਵਿਚ ਦੱਤੇ ਨੂੰ ਭਾਈ ਜੀ ਨੇ 'ਸਾਹਿਬ ਦਿਲ' ਕਿਹਾ ਹੈ।

ਬਹਰ ਸੂਏ ਕਿ ਮੇ ਬੀਨਮ ਬਚਸ਼ਮਮ ਮਾਸਿਵਾ ਨਾਜਦ, ਹਮੇਸ਼ਹ ਨਕਸ਼ੇ ਓ ਦਰ ਦੀਦਹੇ ਮਾ ਬੂਦਹ ਮੇ ਬਾਸ਼ਦ !

ਮੇਰੀਆ ਅੱਖੀਆਂ ਵਿਚ ਜਿਧਰ ਤੱਕਾਂ ਸਿਵਾਏ ਉਸਦੇ ਨਕਸ਼ ਦੇ ਹੋਰਕੋਈ ਦੀਦਾਰ ਨਹੀਂ ਵੱਸਦਾ।

੨. ਅਦੁਤੀ ਗੁਰੂ–ਭਾਈ ਜੀ ਗੁਰੂ ਜੀ ਨੂੰ ਕਾਮਲ ਮੁਰਸ਼ਿਦ, ਬ੍ਰਹਮ ਵੇਤਾ, ਦਿੱਬਦ੍ਰਿਸ਼ਟ ਮੰਨਦੇ ਹੋਏ ਆਮ ਮੁਰਸ਼ਿਦਾਂ ਦੀ ਬਰਾਬਰੀ ਤੇ ਨਹੀਂ ਦੇਖਦੇ. ਉਹਨਾਂ ਦੇ ਤਜਰਬੇ ਨੇ ਉਹਨਾਂ ਨੂੰ ਦੱਸ ਦਿੱਤਾ ਸੀ ਕਿ ਆਪ ਸਭ ਤੋਂ ਉੱਚੇ ਹਨ, ਇਹਨਾਂ ਦੀ ਕੀਮਤ ਕੂਤ ਦਾ ਹੋਰ ਕੋਈ ਬ੍ਰਹਮਵੇਤਾ ਅਰ ਮੁਰਸ਼ਿਦ ਨਹੀਂ ਹੈ। ਯਥਾ:–

ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ-ਸਾਰਿ ਮਾ। ਹਰ ਦੋ ਆਲਮ ਕੀਮਤੇ ਯਕ ਤਾਰੇ ਮੂਏ ਯਾਰਿ ਮਾ।

ਦੀਨ ਤੇ ਦੁਨੀਆਂ ਦੋਵੇਂ ਮੇਰੇ ਸੁੰਦਰ ਪ੍ਰੀਤਮ (ਸਤਿਗੁਰ ਗੋਬਿੰਦ ਸਿੰਘ) ਜੀ ਦੇ ਚਰਨਾਂ ਵਿਚ ਹਨ, ਮੇਰੇ ਸਤਿਗੁਰ ਦੇ ਇਕ ਰੋਮ ਦੀ ਕੀਮਤ ਦੋ ਜਹਾਨ ਨਹੀਂ ਤੁਲ ਸਕਦੇ।

ਫਿਰ ਆਖਦੇ ਹਨ ਕਿ ਪਰਮੇਸ਼ੁਰ ਪ੍ਰਾਪਤੀ ਲਈ ਉਪਦੇਸ਼, ਸਿੱਖਿਆ, ਸਾਧਨ ਆਦਿ ਪਿੱਟਣਿਆਂ ਨਾਲ ਸਿਰੇ ਚਾੜ੍ਹਨ ਦੀ ਏਸ ਮੁਰਸ਼ਿਦ ਨੂੰ ਹੋਰਨਾਂ ਵਾਂਗੂ ਲੋੜ ਨਹੀਂ ਹੈ, ਇਹ ਅਦੁਤੀ ਮੁਰਸ਼ਿਦ ਹੈ। ਏਥੇ ਤਾਂ:–

ਆਈਨਹਏ ਖ਼ੁਦਾਨੁਮਾ ਹਸਤ ਰੂਏ ਤੋ । ਦੀਦਾਰੇ ਹਕ ਜ਼ਿ ਆਈਨਹੇ ਰੂਏ ਤੋ ਮੇ ਕੁਨੰਦ।

ਹੇ ਕਲਗੀਆਂ ਵਾਲੇ ! ਤੇਰਾ ਚਿਹਰਾ ਰੱਬ ਨੂੰ ਪਰਤੱਖ ਪ੍ਰਗਟ ਕਰਨੇ ਵਾਲਾ ਹੈ। ਹਾਂ, ਤੇਰੇ ਚਿਹਰੇ ਦੇ ਸ਼ੀਸ਼ੇ ਤੋਂ (ਆਰਫ ਲੋਕ) ਰੱਬ ਦਾ ਦਰਸ਼ਨ (ਮੁਤੇ ਸਿਧ) ਪ੍ਰਾਪਤ ਕਰਦੇ ਹਨ। ਜਿਹਾ ਹੀ ਖੁਦਾ ਦਿਖਾਵਣ ਵਾਲਾ ਹੈ।

ਆਪਣੇ ਗੁਰੂ ਨੂੰ 'ਸ਼ਾਹ' ਕਹਿਕੇ ਸੱਦਦੇ ਹਨ, ਜਿਸ ਤੋਂ ਭਾਵ ਹੈ ਕਿ ਹੋਰ ਸਭ ਪੀਰ ਮੁਰਸ਼ਿਦ ਉਸ ਦੀ ਰਈਅਤ ਹਨ:–

ਮਾ ਬਪਾਏ ਸ਼ਾਹ ਸਰ ਅਫਗੰਦਹ ਏਮ। ਅਜ਼ ਦੁਆਲਮ ਦਸਤ ਰਾ ਅਫਸ਼ਾਂਦਹ ਏਮ।

ਅਸਾਂ 'ਸ਼ਾਹ' (ਗੁਰੂ) ਦੇ ਚਰਨੀਂ ਸੀਸ ਨਿਵਾਇਆ ਹੈ, (ਤਦ ਤੋਂ) ਦੋ ਜਹਾਨਾਂ ਤੋਂ ਹੱਥ ਧੋਇਆ ਹੈ।

੩. ਗੁਰੂ ਜੀ ਦੀ ਪ੍ਰੇਰਨਾ ਸ਼ਕਤੀ–ਸਤਿਗੁਰੂ ਜੀ ਦੇ ਪ੍ਰਭਾਵ ਤੇ ਪ੍ਰੇਰਨ ਸ਼ਕਤੀ ਤੇ ਪੂਰ ਅਸਰ ਜਜ਼ਬੇ ਬਾਬਤ ਭਾਈ ਜੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਪਣੀ ਦੌੜ ਬੀਤੀ ਦੱਸਦੇ ਹਨ:–

ਮਾਰਾ ਬਯਕ ਇਸ਼ਾਰਹਏ ਅਬਰੂ ਸ਼ਹੀਦ ਕਰਦ । ਅਕਨੂੰ ਇਲਾਜ ਨੇਸਤ ਕਿ ਤੀਰ ਅਜ਼ ਕਮਾਂ ਰੁਜ਼ਸ਼ਤ ।

ਕਲਗੀਆਂ ਵਾਲੇ ਨੇ ਅੱਖ ਦੇ ਇਕ ਇਸ਼ਾਰੇ ਨਾਲ ਮੈਨੂੰ ਸ਼ਹੀਦ ਕਰ ਲੀਤਾ, ਹੁਣ ਜੋ ਤੀਰ ਕਮਾਨੋਂ ਛੁਟ ਚੁੱਕਾ ਉਸ ਦਾ ਕੀ ਚਾਰਾ ਹੈ?

੪. ਗੁਰੂ ਜੀ ਦਾ ਉਪਦੇਸ਼–ਭਾਈ ਨੰਦ ਲਾਲ ਜੀ ਦੱਸਦੇ ਹਨ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੀਹ ਸਿਖਜਾ ਦੇਂਦੇ ਸਨ ਤੇ ਉਹ ਸਿਖਜਾ ਮਨ ਨੂੰ ਕੀਹ ਪਲਟਾ ਦੇਂਦੀ ਹੈ:–

ਮੁਰਸ਼ਿਦੇ ਕਾਮਲੇ ਮਾ ਬੰਦਗੀਅਤ ਫੁਰਮਾਯਦ। ਐ ਜ਼ਹੇ ਕਾਲ ਮੁਬਾਰਕ ਕਿ ਕੁਨਦ ਸਾਹਬੇਹਾਲ।

ਮੇਰੇ ਪੂਰਨ ਸਤਿਗੁਰੂ ਜੀ ਭਜਨ ਕਰਨ ਦਾ ਹੁਕਮ ਦੇਂਦੇ ਹਨ, (ਉਹ ਹੁਕਮ ਐਸਾ) ਮੁਬਾਰਕ ਮਹਾਂ ਵਾਕ ਹੈ ਕਿ ਸੁਣਦੇ ਸਾਰ ਉਨਮਨੀ ਅਵੱਸਥਾ ਵਿਚ ਲੈ ਜਾਂਦਾ ਹੈ।

੫. ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀਆਂ ਕਲਾਂ ਵਾਲੇ ਸਤਿਗੁਰੂ ਹਨ:–

ਨਮੇਂ ਗੁੰਜਦ ਬਚਸ਼ਮੇ ਗ਼ੈਰ ਸ਼ਾਹੇ ਖ਼ੁਦ ਪਸੰਦੇ ਮਨ । ਬਚਸ਼ਮਮ ਖੁਸ਼ ਨਿਸ਼ਸਤ ਆਂ ਕ਼ਾਮਤੇ ਬਖ਼ਤੇ ਬੁਲੰਦੇ ਮਨ ।

ਗ਼ੈਰ ਦੀਆਂ ਅੱਖਾਂ ਵਿਚ ਮੇਰੇ ਪੂਰਨ ਚੜ੍ਹਦੀਆਂ ਕਲਾਂ ਵਾਲੇ ਪਾਤਸ਼ਾਹ ਨਹੀਂ ਸਮਾਉਂਦੇ, ਉਹ ਉੱਚੀ ਡੀਲ ਤੇ ਉੱਚੇ ਬਖਤ ਵਾਲੇ (ਮੇਰੇ ਪਾਤਸ਼ਾਹ) ਮੇਰੀਆਂ ਖੁਸ਼ ਅੱਖਾਂ ਵਿਚ ਆ ਬਿਰਾਜੇ ਹਨ। ਕਿਸੇ ਗ਼ੈਰ ਦੀਆਂ ਅੱਖਾਂ ਵਿਚ ਨਾ ਸਮਾ ਸਕਣ ਦੇ ਅਰਥ ਹਨ ਕੋਈ ਉਹਨਾਂ ਨੂੰ ਆਪਣਾ ਨਿਸ਼ਾਨਾ ਨਹੀਂ ਬਣਾ ਸਕਦਾ, ਕੋਈ ਉਹਨਾਂ ਨੂੰ ਝੁਕਾ ਨਹੀਂ ਸਕਦਾ। ਜਿਸ ਨੂੰ ਕਵੀ ਜੀ ਨੇ ਏਥੇ 'ਖ਼ੁਦ ਪਸੰਦੀ' ਕਿਹਾ ਹੈ, ਉਹ ਏਕਾਕ੍ਰਤਾ ਦਾ ਸਭ ਤੋਂ ਉੱਚਾ ਦਰਜਾ ਹੈ, ਜਿੱਥੇ ਆਪਣੇ ਆਪ ਵਿਚ ਆਪਾ ਸਾਖਾ

ਹੋ ਖਲੋਂਦਾ ਹੈ, ਖਸ਼ੀ, ਰਸ ਤੇ ਉੱਚਾ ਪਨ ਕਮਾਲ ਦਰਜੇ ਦਾ ਹੁੰਦਾ ਹੈ। ਇਸ ਦਰਜੇ ਦਾ ਮਹਾਂ ਪੁਰਖ ਕੇਵਲ ਪ੍ਰੇਮ ਦੇ ਵੱਸ ਹੁੰਦਾ ਹੈ।

੬. ਪ੍ਰੇਮੀ ਨੂੰ ਪ੍ਰੇਮ ਕਰਨੇ ਵਾਲਾ—

ਆਸ਼ੁਫਤਹਏ ਆਂਨੇਮ ਕਿ ਓ ਸ਼ੈਫਤਹ ਏ ਮਾਸਤ।
ਮਾ ਸ਼ਾਹ ਨ ਦਾਨੇਮ ਗਦਾ ਰਾ ਨ ਸ਼ਨਾਸੇਮ।

ਅਸੀਂ ਜਿਸ ਪ੍ਰੀਤਮ ਦੇ ਪ੍ਰੇਮੀ ਹਾਂ, ਉਹ ਸਾਡਾ ਬੀ ਆਸ਼ਿਕ ਹੈ, ਹੋਰ ਅਸੀਂ (ਪਦਾਰਥਾਂ ਵਾਲੇ) ਪਾਤਸ਼ਾਹਾਂ ਨੂੰ (ਤੇ ਸਿੱਧੀਆਂ ਵਾਲੇ) ਫਕੀਰਾਂ ਨੂੰ ਨਹੀਂ ਪਛਾਣਦੇ ਕਿ ਕੌਣ ਹਨ ? ਭਾਵ ਇਹ ਹੈ ਕਿ ਅਸੀਂ ਜਿਸ ਗੁਰੂ ਨੂੰ ਪ੍ਰੇਮ ਕਰਦੇ ਹਾਂ, ਉਹ ਐਸਾ ਪ੍ਰੇਮ ਪੁੰਜ ਹੈ ਕਿ ਸਾਨੂੰ ਬੀ ਪ੍ਰੇਮ ਕਰਦਾ ਹੈ।

ਜੇ ਵਾਹਿਗੁਰੂ ਗੁਰੂ ਪ੍ਰੇਮ ਨਾ ਕਰਨ ਤਾਂ ਕੋਈ ਭਗਤ ਪ੍ਰੇਮ ਕਰ ਹੀ ਕੀਹ ਸਕਦਾ ਹੈ।

੭. ਸਤਿਗੁਰ ਦਾ ਮਾਰਗ ਸੁਖੈਨ ਮਾਰਗ ਹੈ। ਈਰਾਨ ਦੇ 'ਹਾਫਜ਼' ਜੀ ਆਪਣੇ ਪਰਮੇਸ਼ੁਰ ਪ੍ਰਾਪਤੀ ਦੇ ਰਸਤੇ ਨੂੰ ਅਤੀ ਕਠਨ ਦੱਸਦੇ ਹਨ, ਜਿਸ ਦਾ ਅਰਥ ਇਹ ਹੈ:—

ਮੰਜ਼ਲ ਯਾਰ ਪਿਆਰੇ ਅੰਦਰ,
ਸੁਖ ਆਰਾਮ ਨਾ ਕਾਈ।
ਇਸ ਘੜਿਆਲ ਤਿਆਰੀ ਵਾਲੇ
ਹਰਦਮ ਟਨ ਟਨ ਲਾਈ।

ਭਾਈ ਜੀ ਉਹਨਾਂ ਦੇ ਹੀ ਲਫਜ਼ਾਂ ਵਿਚ ਅਰ ਓਸੇ ਤਰ੍ਹਾਂ ਦੀ ਗਜ਼ਲ ਵਿਚ ਦੱਸਦੇ ਹਨ ਕਿ ਮੇਰੇ ਸਤਿਗੁਰ ਦਾ ਰਸਤਾ ਬੜਾ ਸੌਖਾ ਹੈ:—

ਮਰਾ ਦਰ ਮੰਜ਼ਲੇ ਜਾਨਾਂ
ਹਮਹ ਐਸ਼ੇ ਹਮਹ ਸ਼ਾਦੀ।
ਜਰਸ ਬੇਹੂਦਹ ਮੇ ਨਾਲਦ
ਕੁਜਾ ਬੰਦੇਮ ਮਹਿਮਲਹਾ।

ਅਰਥਾਤ—

ਮੰਜ਼ਲ ਯਾਰ ਪਜ਼ਾਰੇ ਅੰਦਰ,
ਖੁਸ਼ੀਆਂ ਤੇ ਸ਼ਦਿਆਨੇ ਹਨ।
ਕਿਉਂ ਪਿੱਟਣ ਘੜਿਆਲ,
ਅਸਾਡੇ ਪ੍ਰੀਤਮ ਗੋਦ ਟਿਕਾਣੇ ਹਨ।

੮. ਗੁਰੂ ਜੀ ਦਾ ਰਸਤਾ ਦੱਸਦੇ ਹਨ—

ਰਹ ਰਸਾਨੇ ਰਾਹਿ ਹਕ ਆਮਦ ਅਦਬ।
ਹਮ ਬਦਿਲ ਯਾਦੇ ਖ਼ੁਦਾ ਓ ਹਮ ਬਲਬ।

ਰੱਬ ਦੇ ਰਸਤੇ ਪੁਚਾਉਣ ਵਾਲੇ ਦਾ ਅਦਬ ਦਿਲ ਵਿਚ ਰੱਬ ਦੀ ਯਾਦ ਤੇ ਜੀਭ ਪਰ ਸਿਮਰਨ, ਇਹ ਕਲਗੀਆਂ ਵਾਲੇ ਦਾ ਸੱਤ ਮਾਰਗ ਹੈ। ਅੱਜ ਕਲ ਕਈ ਲੋਕ ਪਹਿਲੋਂ ਤੋਂ ਹੀ ਅੰਤਰ ਮੁਖ ਜਾਪਾਂ ਨਾਲ ਅੱਖੇ ਹੋਏ ਦੇਖੇ ਹਨ, ਕਿਉਂਕਿ ਉਹ ਮਨ ਦੀ ਮੈਲ ਲੱਥੇ ਬਿਨਾਂ ਹੀ ਜੀਭ ਦਾ ਸਿਮਰਨ ਛੋੜ ਦੇਂਦੇ ਹਨ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਉਂਦੇ ਹਨ:—

"ਬਰਨ ਸਹਿਤ ਜੋ ਜਾਪੈ ਨਾਮ ॥
ਸੋ ਜੋਗੀ ਕੇਵਲ ਨਿਹਕਾਮੁ ॥"

੯. ਗੁਰੂ ਜੀ ਦਾ ਰੂਪ ਬੜਾ ਸੁੰਦਰ ਤੇ ਤੇਜਵਾਨ ਸੀ:

ਬਾ ਦੀਦਹ ਖ਼ਾਬਨਾਕ ਦੂੰ ਬੇਰੂੰ ਬਰਾਮਦੀ।
ਸ਼ਰਮਿੰਦਹ ਗਸ਼ਤ ਅਜ਼ ਰੁਖੇ ਤੋ ਆਫਤਾਬੇ ਸੁਬਹ।

ਨੀਂਦ ਅਲਸਾਏ ਨੈਣਾਂ ਨਾਲ (ਹੇ ਸਤਿਗੁਰ !) ਜਦ ਤੁਸੀਂ ਬਾਹਰ ਨਿਕਲੇ ਤਾਂ ਤੁਸਾਡੇ ਚਿਹਰੇ ਨੂੰ ਦੇਖ ਕੇ ਸਵੇਰ ਦਾ ਸਰਜ ਸ਼ਰਮਿੰਦਾ ਹੋ ਗਿਆ।

ਹੋਲੇਮਹੱਲੇ ਦੇ ਬਿਆਨ ਵਿਚ ਗੁਰੂ ਜੀ ਦਾ ਕੌਤਕ ਤੇ ਮਨਮੋਹਨ ਅਸਰ ਬਿਆਨ ਕਰਦੇ ਹਨ:—

ਗੁਲਾਲ ਅਫ਼ਸ਼ਾਨੀਏ ਦਸਤੇ ਮੁਬਾਰਕ,
ਜ਼ਮੀਨੋ ਆਸਮਾਂ ਰਾ ਸੁਰਖ਼ਰੂ* ਕਰਦ।
ਦੁਆਲਮ ਗ਼ਸ਼ਤ ਰੰਗੀਂ ਅਜ਼ ਤੁਫੈਲਸ਼,
ਚੁਸ਼ਾਹਮ ਜਾਮਾਹਏ ਰੰਗੀਂ ਦਰਗੁਲੂਕਰਦ।
ਕਸੇ ਕੋ ਦੀਦ ਦੀਦਾਰੇ ਮੁਕੱਦਸ,
ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ।
ਸ਼ਵਦ ਕੁਰਬਾਨ ਖ਼ਾਕੇ ਸਾਧ ਸੰਗਤ,
ਦਿਲੇ ਗੋਯਾ ਹਮੀਂ ਰਾ ਆਰਜ਼ੂ ਕਰਦ।

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਮੁਬਾਰਕ ਹਸਤ ਕਮਲਾਂ ਤੋਂ ਗੁਲਾਲ ਦੇ ਛਿੜਕਾਉ ਨੇ ਜ਼ਮੀਨ ਅਸਮਾਨ ਨੂੰ ਲਾਲ ਗੁਲਾਲ* ਕਰ ਦਿੱਤਾ। ਜਦ ਮੇਰੇ ਸੱਚੇ ਪਾਤਸ਼ਾਹ ਨੇ ਰੰਗ ਛਿੜਕੇ ਕੱਪੜੇ ਪਹਿਨੇ ਤਾਂ ਉਸਦੀ ਤੁਫੈਲ ਦੇ ਜਹਾਨਾਂ ਨੂੰ ਰੰਗ ਚੜ੍ਹ ਗਿਆ, ਇਸ ਪਵਿੱਤ੍ਰ ਦੀਦਾਰ ਨੂੰ ਜਿਸ ਨੇ ਡਿੱਠਾ ਉਸ ਨੇ ਉਮਰਾ ਦੀ ਮੁਰਾਦ ਪਾ ਲਈ। ਮੇਰਾ ਦਿਲ ਤਰਸਦਾ ਹੈ ਕਿ ਐਸੀ ਸਾਧ ਸੰਗਤ ਦੀ ਧੂੜ ਤੋਂ ਸਦਕੇ ਹੋ ਜਾਵਾਂ।

੧੦. ਗੁਰੂ ਗੋਬਿੰਦ ਸਿੰਘ ਜੀ ਨੂੰ ਭਾਈ ਜੀ ਨੇ

*ਸੁਰਖ਼ਰੂ=ਲਾਲ ਗੁਲਾਲ ਤੇ ਦੂਜੇ ਅਰਥ ਹਨ-ਮੂੰਹ ਉਜਲੇ।

ਪਰਖਕੇ ਗੁਰੂ ਬਣਾਇਆ ਸੀ:–

ਮਾ ਕਿ ਦੀਦੇਮ ਸਰੇ ਕੂਏ ਤੋ ਐ ਮਹਿਰਮੇ ਰਾਜ਼। ਅਜ਼ ਹਮਹ ਕੂਏ ਵਿਗੰਦਹ ਏਮ ਸਰੇ ਖ਼ੁਦ ਬਨਿਆਜ਼।

ਹੇ ਭੇਤ ਦੇ ਮਹਿਰਮਾਂ! ਜਦ ਅਸਾਂ ਤੇਰੇ ਕੂਚੇ ਦਾ ਰਸਤਾ ਲੱਭਿਆ ਤਾਂ ਹੋਰ ਸਾਰੇ ਰਸਤਿਆਂ ਤੋਂ ਮੂੰਹ ਮੋੜ ਕੇ ਨਿੰਮ੍ਰਤਾ ਤੇ ਸ਼ਰਧਾ ਨਾਲ ਅਪਣੇ ਸਿਰ ਨੂੰ ਤੇਰੇ ਦਰਵਾਜ਼ੇ ਤੇ ਸੁੱਟਿਆ। ਭਾਵੇਹ ਕਿ ਸਾਰਿਆਂ ਨੂੰ ਤੱਕਿਆ, ਤਦ ਤੋਂ ਹੋਰ ਸਾਰੇ ਦਰ ਛੋੜਕੇ ਤੇਰਾ ਦਰ ਮੱਲਿਆ ਹੈ।

੧੧. ਗੁਰੂ ਜੀ ਦੇ ਦਰਸ਼ਨ ਵੈਰਾਗ ਤੇ ਪ੍ਰੇਮ ਪੈਦਾ ਕਰਦੇ ਹਨ:–

ਹਰ ਗਹ ਨਜ਼ਰ ਬਜਾਨਬੇ ਦਿਲਦਾਰ ਮੇ ਕੁਨਮ। ਦਰਿਯਾਇ ਹਰ ਦੁਚਸ਼ਮ ਗਹੁਰ ਬਾਰ ਮੇ ਕੁਨਮ।

ਜਦੋਂ ਭੀ ਅਸੀਂ ਪ੍ਰੀਤਮ ਜੀ ਵਲ ਨਜ਼ਰ ਭਰਕੇ ਤੱਕਦੇ ਹਾਂ, ਸਾਡੀਆਂ ਦੁਹਾਂ ਅੱਖੀਆਂ ਦੇ ਦਰਯਾ ਮੋਤੀਆਂ ਵਾਂਗੂ ਵੱਸ ਪੈਂਦੇ ਹਨ।

੧੨. ਗੁਰੂ ਗੋਬਿੰਦ ਸਿੰਘ ਜੀ ਦੀ ਤਕਰੀਰ ਦਾ ਅਸਰ:–

ਤਮਾਮੀ ਮੁਰਦਹਾ ਰਾ ਅਜ਼ ਤਬੱਸਮ ਜ਼ਿੰਦਹ ਮੇ ਸਾਜ਼ਦ। ਚੁ ਰੇਜ਼ਦ ਆਬੇ ਹੈਵਾਂ ਅਜ਼ ਦਹਾਂ ਆਂ ਗੁੰਚਾ ਖੰਦੇ ਮਨ।

ਫੂਲ ਕਲੀ ਵਰਗੇ ਹਸਮੁਖੇ ਚਿਹਰੇ ਵਾਲਾ ਮੇਰਾ ਪ੍ਰੀਤਮ ਜਦੋਂ ਮੁਸਕ੍ਰਾਕੇ ਆਪਣੇ ਮੁਖੜੇ ਤੋਂ ਅੰਮ੍ਰਤ ਵਰਖਾ ਕਰਦਾ ਹੈ, ਸਾਰੇ ਮੁਰਦਿਆਂ ਨੂੰ ਜੀਉਂਦਾ ਕਰ ਦੇਂਦਾ ਹੈ।

੧੩. ਗੁਰੂ ਜੀ ਦਾ ਧਿਆਨ:–

ਮਨਮ ਯਕ ਮੁਸ਼ਤਿ ਗਿਲ ਰੌਯਾ ਦਰੂਨਮ ਨੂਰਿ ਓ ਲਾਮਅ। ਬਗਿਰਦਮ ਦਾਯਮਾ ਗਰਦਦ ਦਿਲੇ ਪੁਰ ਹੋਸ਼ਮੰਦੇ ਮਨ।

ਮੈਂ ਇਕ ਮਿੱਟੀ ਦੀ ਮੂੰਠ ਹਾਂ, ਮੇਰੇ ਅੰਦਰ ਉਸ ਦਾ ਨੂਰ ਜਗਮਗ ਕਰ ਰਿਹਾ ਹੈ, ਉਸ ਨੂਰ ਦੇ ਦੁਆਲੇ ਮੇਰਾ ਹੋਸ਼ ਵਾਲਾ ਦਿਲ ਪ੍ਰਕ੍ਰਮਾ ਕਰ ਰਿਹਾ ਹੈ। ਸਰੀਰ ਤਾਂ ਮਿੱਟੀ ਹੈ, ਅੰਦਰ ਇਕ ਕੇਂਦ੍ਰ ਹੈ, ਜਿੱਥੇ ਕਲਗੀਆਂ ਵਾਲਾ ਬੈਠਾ ਹੈ ਤੇ ਮੇਰਾ ਦਿਲ ਸ਼ੁਦਾਈ ਹੋਕੇ ਨਹੀਂ, ਪਰ ਦਾਨੀ ਫਕੀਰਾਂ ਵਿਚ ਵਸਦਾ ਉਸ ਕੇਂਦ੍ਰ ਦੀ ਪ੍ਰਕ੍ਰਮਾ ਕਰ ਰਿਹਾ ਹੈ। ਇਹ ਭਾਈ ਜੀ ਸਤਿਗੁਰ ਦੇ ਧਯਾਨ ਤੇ ਅਪਣੇ ਪ੍ਰੇਮ ਦਾ ਨਕਸ਼ਾ ਦੱਸਦੇ ਹਨ।

੧੪. ਗੁਰੂ ਗੋਬਿੰਦ ਸਿੰਘ ਜੀ ਨੇ ਮਸਤੀ ਨਹੀਂ ਸਿਖਾਈ–ਸਿੱਖ ਧਰਮ ਦੀ ਧਾਰਨਾ ਦਾ ਸਰੂਪ ਭਾਈ ਜੀ ਦੱਸਦੇ ਹਨ:–

ਦਰ ਮਜ਼ਹਬੇ ਮਾ ਗ਼ੈਰ ਪਰਸਤੀ ਨ ਕੁਨੰਦ। ਸਰ ਤਾ ਬਕਦਮ ਬਹੋਸ਼ ਮਸਤੀ ਨ ਕੁਨੰਦ। ਗਾਫਲ ਨ ਸ਼ਵੰਦ ਯਕਦਮ ਅਜ਼ ਯਾਦੇ ਖ਼ੁਦਾ। ਦੀਗਰ ਸਖ਼ੁਨ ਅਜ਼ ਇਲੰਦੂ ਪ੍ਰਸਤੀ ਨ ਕੁਨੰਦ।

ਸਾਡੇ ਮਜ਼ਹਬ (ਮਤ ਵਿਚ ਸਿਵਾ ਸਾਈਂ ਦੇ) ਗ਼ੈਰ ਦੀ ਪੂਜਾ ਨਹੀਂ ਕਰਦੇ, ਸਿਰ ਤੋਂ ਲੈਕੇ ਪੈਰਾਂ ਤਕ ਹੋਸ਼ ਵਿਚ ਰਹਿੰਦੇ ਹਨ, ਮਸਤੀ ਨਹੀਂ ਕਰਦੇ, ਪਰਮੇਸ਼ੁਰ ਦੇ ਸਿਮਰਨ ਤੋਂ ਇਕ ਦਮ ਗ਼ਾਫ਼ਲ ਨਹੀਂ ਹੁੰਦੇ, ਹੋਰ ਗੱਲਾਂ ਉਚਾਣ ਨਿਵਾਣ ਦੀਆਂ ਨਹੀਂ ਮਾਰਦੇ।

੧੫. ਗੁਰੂ ਜੀ ਦੇ ਸਤਿਸੰਗ ਵਿਚ ਜੋ ਵਕਤ ਲੰਘਿਆ ਉਸਨੂੰ ਆਪ ਸਫਲ ਸਮਝਦੇ ਹਨ–

ਮਨ ਅਜ਼ ਜੁਵਾਂ ਕਿ ਪੀਰ ਸ਼ੁਦਮ ਦਰ ਕਿਨਾਰਿ ਉਮਰ। ਐ ਬਾ ਤੋ ਖ਼ੁਦ ਗੁਜ਼ਸ਼ਤ ਮਰਾ ਦਰ ਕਿਨਾਰਿ ਉਮਰ। ਚਮਹਾਏ ਮਾਂਦਹ ਰਾ ਚੁ ਚੁਨੀਂ ਮੁਗਤਨਿਮ ਸ਼ੁਮਾਰ, ਆਖਰ ਖਿਜ਼ਾਂ ਬਿਆਰੁਦ ਈਂ ਨੌ ਬਹਾਰਿ ਉਮਰ। ਹਾਂ ਮੁਗਤਨਮ ਸ਼ੁਮਾਰ ਦਮੇ ਰਾ ਬਜ਼ਿਕਰਿ ਹਕ਼, ਚੂੰ ਬਾਦ ਮੇਰਵਦ ਜ਼ਿ ਨਜ਼ਰ ਦਰ ਸ਼ੁਮਾਰਿ ਉਮਰ। ਬਾਸ਼ਦ ਰਵਾਂ ਚੁ ਕਾਫਲਾਏ ਮੌਜ ਪੈ ਬਪੈ, ਆਬੇ ਬਨੋਸ਼ ਯਕ ਨਫਸ ਅਜ਼ ਜੂਏਬਾਰਿ ਉਮਰ। ਸਦ ਕਾਰ ਕਰਦਹਈ ਕਿ ਨਿਆਯਦ ਬਕਾਰਿ ਤੋ, ਗੋਯਾ ਬਕੁਨ ਕਿ ਬਾਜ਼ ਬਿਆਇਅਦ ਬਕਾਰ ਉਮਰ। [ਗਜ਼ਲ ੩੭

ਇਸ ਦਾ ਪੰਜਾਬੀ ਅਨੁਵਾਦ:–

ਕੁੱਛੜ ਉਮਰਾ ਦੇ ਮੈਂ ਚੜ੍ਹਿਆਂ,
ਬੁੱਢਾ ਹੋਯਾ ਭੋਗ ਜੁਵਾਨੀ।
ਔਪਰ ਉਮਰ ਜੁ ਤੈਂ ਸੰਗ ਬੀਤੀ,
ਖੁਸ਼ ਗੁਜ਼ਰੀ ਉਹ ਰਸ ਰੰਗ ਵਾਨੀ।
ਬਾਕੀ ਨੇ ਦਮ ਰਹਿੰਦੇ ਤੇਰੇ,
ਜਾਨ ਗ਼ਨੀਮਤ ਲੈ ਸਫਲਾ,
ਆਨ ਖਿਜ਼ਾਂ ਪਕੜੇਗੀ ਆਖਰ,

ਉਮਰ ਏਹਾ ਜੁ ਖਿੜੀ ਖਿੜਾਨੀ।
ਯਾਦ ਪ੍ਰਭੂ ਵਿਚ ਦਮ ਸਫਲਾ ਲੈ,
ਹਰਦਮ ਜਾਣ ਗ਼ਨੀਮਤ ਤੂੰ,
ਉਮਰਾ ਦੀ ਗਿਣਤੀ, ਤੂੰ ਤੱਕ ਲੈ,
ਵਾਂਙ ਹਵਾ ਦੇ ਜਾਇ ਉਡਾਨੀ।
ਵਾਂਗ ਕਾਫਲੇ ਵਿਚ ਦਰਿਯਾ ਦੇ
ਲਹਿਰਾਂ ਚਲਦੀਆਂ ਪੈ ਦਰਪੈ,
ਤਿਵੇਂ ਉਮਰ ਦੀ ਵਗਦੀ ਨਦੀਓਂ
ਦਮ ਦਮ ਘੁੱਟ ਭਰ ਭੀ ਲੈ ਪਾਨੀ।
ਰੋਯਾ ਕੀਤੇ ਕਈ ਕੰਮ ਤੂੰ
ਕਿਸੇ ਕੰਮ ਜੋ ਹੁਣ ਨਾ ਆਣ,
ਹੁਣ ਕਰ ਧੰਮ, ਕੰਮ ਜੋ ਆਵਣ
ਬਾਕੀ ਉਮਰ ਹੋਇ ਸਫਲਾਨੀ।

੧੬. ਹੋਰ ਉਚਾਰ ਗੁਰੂ ਜੀ ਦੀ ਰੂਹਾਨੀਅਤ ਬਾਬਤ ਭਾਈ ਨੰਦ ਲਾਲ ਜੀ ਦੇ ਲਈ ਦੇਖੋ ਇਸ ਪੋਥੀ ਦਾ ਪਿਛੇ ਆ ਚੁਕਾ ਪ੍ਰਸੰਗ 'ਭਾਈ ਨੰਦ ਲਾਲ ਨਿਸਤਾਰਾ।'

੨. ਚੰਦ ਕਵੀ*।

ਚੰਦ ਨਾਮੇ ਇਕ ਕਵੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹੋਏ ਹਨ। ਆਪ ਲਾਹੌਰ ਦੇ ਨਿਵਾਸੀ ਸਨ ਤੇ ਇਸ ਤੋਂ ਵੱਧ ਹੋਰ ਪਤਾ ਅਜੇ ਨਹੀਂ ਚਲਦਾ ਕਿ ਆਪ ਦਾ ਜੀਵਨ ਕੀ ਸੀ? ਪਰ ਆਪ ਦੀਆਂ ਦੋ ਅਮੋਲਕ ਸੁਗਾਤਾਂ ਸਾਡੇ ਤਕ ਪਹੁੰਚੀਆਂ ਹਨ, ਜਿਨ੍ਹਾਂ ਤੋਂ ਉਹ ਉਗਾਹੀ ਦਿੰਦੀ ਹੁੰਦੀ ਹੈ ਜੋ ਭਾਈ ਨੰਦ ਲਾਲ ਜੀ ਨੇ ਭਰੀ ਹੈ ਕਿ ਸਾਰੇ ਗੁਰੂ ਸਾਹਿਬ ਇਕ ਰੂਪ ਹਨ। ਆਪ ਦੀ ਸੁਗਾਤ ਦੇ ਛੰਦ ਏਹ ਹੈਨ:-

੧. ਕਲ ਮੈ ਭਇਓ ਏਕ ਮਰਦ ਨਾਨਕ ਹੈ ਨਾਮ ਜਾਂਕੋ ਤਾਂਤੇ ਭਏ ਨੌ ਏਕ ਜੋਤੀ ਸੁਹਾਇਓ ਹੈ। ਫੇਰ ਗੁਰ ਗੋਬਿੰਦ ਸਿੰਘ ਕਲਗੀ ਅਵਤਾਰ ਹੋਏ ਖੜਗ ਧਾਰੀ ਹੋਇ ਮਹਲ ਦਸਵਾਂ ਕਹਾਇਓ ਹੈ। ਤੇਈਅਨ ਮੈਂ ਆਏ ਬੀਚ ਪੈਂਠੇ ਸਮਾਏ ਗੁਰ ਦੁਨੀਆਂ ਬਸਾਇ ਜਾਇ ਪਾਉਂਟਾ ਬਸਾਇਓ ਹੈ। ਸਤਿਗੁਰ ਬਚਨ ਸਾਰ ਮਰਦ ਗੁਰ ਕਾ ਬਿਚਾਰ ਗੋਬਿੰਦ ਸਿੰਘ ਕ੍ਰਿਪਾ ਤੇ ਦਾਸ ਚੰਦ ਕਹਿ ਸੁਨਾਇਓ ਹੈ।

੨. ਛਪੈ॥

ਗੁਰ ਨਾਨਕ (ਗੁਰੂ) ਅੰਗਦ (ਗੁਰੂ) ਅਮਰਦਾਸ ਰਾਮਦਾਸ ਗੁਰੂ ਅਰਜਨ ਧਾਰਿਓ। ਗੁਰੂ ਹਰਿਗੋਬਿੰਦ ਹਰਿਰਾਇ ਗੁਰੂ ਹਰਿ ਕ੍ਰਿਸ਼ਨ ਬਿਚਾਰਿਓ। ਗੁਰ ਤੇਗ ਬਹਾਦਰ ਭਇਓ ਨਾਮ ਜਿਨ ਇਕ ਮਨ ਲੀਨੋ। ਸ਼ਬਦ ਗੁਰੂ ਉਪਦੇਸ਼ ਦਾਨ ਮੰਗਤ ਕਉ ਦੀਨੋ। ਕਲਾਧਾਰ ਗੁਰ ਗੋਬਿੰਦ ਸਿੰਘ ਭਏ ਪ੍ਰਗਟ ਭਈ ਕਲ ਮੈ ਸਿੱਖੀ। ਜੈਕਾਰ ਭਇਓ ਤ੍ਰੈਲੋਕ ਮੋਂ ਜੋ ਬਿਰਦ ਪੈਜ ਸਤਿਗੁਰ ਰੱਖੀ॥*

੩. ਭਾਈ ਨਨੂਆਂ ਜੀ†।

ਲਾਹੌਰ ਵਿਚ ਸਤਿਗੁਰ ਦੇ ਘਰ ਦੇ ਪ੍ਰੇਮ ਵਿਚ ਲਗੇ ਇਕ ਗਦਾ ਨਰਾਇਣੀ ਜੀ ਫਕੀਰ ਹੋਏ ਹਨ। ਨਾਵੇਂ ਸਤਿਗੁਰਾਂ ਦੀ ਬਖਸ਼ਿਸ਼ ਇਹਨਾਂ ਪਰ ਸੀ। ਏਹ ਜਨਮ ਦੇ ਮੁਸਲਮਾਨ ਸੇ ਤੇ ਇਨ੍ਹਾਂ ਹੀ ਦਿਨਾਂ ਵਿਚ ਨਨੂਆਂ ਜੀ ਇਕ ਸਿਖ ਨਾਵੇਂ ਗੁਰਾਂ ਦੇ ਦੁਆਰੇ ਸੇਵਾ ਕਰਦੇ ਸੇ। ਇਕ ਦਿਨ ਸਤਿਗੁਰ ਜੀ ਨੇ ਇਨ੍ਹਾਂ ਨੂੰ ਕਿਹਾ ਕਿ ਲਾਹੌਰ ਜਾਓ ਤੇ ਕੁਝ ਦਿਨ ਮਸਤਾਨੇ ਸਾਈਂ ਲੋਕ ਸਾਡੇ ਪ੍ਰੇਮੀ ਗਦਾ ਨਰਾਇਣੀ ਪਾਸ ਰਹੋ। ਹੁਕਮ ਮੰਨ ਕੇ ਨਨੂਆ ਜੀ ਚਲੇ ਗਏ। ਗਦਾ ਨਰਾਇਣੀ ਜੀ ਨੇ ਨਨੂਆਂ ਜੀ ਨੂੰ ਆਉਂਦਿਆਂ ਹੀ ਕਿਹਾ, ਆ ਬਈ ਵਪਾਰੀਆ! ਸਾਡੇ ਸ਼ਾਹਾਂ ਦੀ ਹੁੰਡੀ ਰੁਮਾਸ਼ਤਿਆਂ ਪਾਸ ਲੈਕੇ ਆਯਾ ਹੈਂ? ਚੰਗਾ, ਸਤਿਗੁਰਾਂ ਦੀ ਮਿਹਰ ਨਾਲ ਸਤਿਗੁਰ ਆਪ ਹੀ ਹੁੰਡੀ ਸਕਾਰਨਗੇ। ਸੋ ਨਨੂਆਂ ਜੀ ਇਨ੍ਹਾਂ ਦੇ ਸਤਿਸੰਗ ਵਿਚ ਲਗਪਏ। ਅੰਤ ਇਨ੍ਹਾਂ ਦੇ ਸਤਿਸੰਗ ਵਿਚੋਂ ਦਾਤ ਲੈਕੇ ਨਨੂਆਂ ਜੀ ਆਪਣੇ ਦੇਸ਼ ਜਾ ਰਹੇ। ਇਨ੍ਹਾਂ ਦੀ ਜਦ ਕੀਰਤੀ ਫੈਲੀ ਤਾਂ ਭਾਈ ਕਨ੍ਹੱਯਾ‡ ਨਾਮੇ ਇਕ

*ਇਹ ਲੇਖ ੧੪ ਪੋਹ ਸੰਃ ਗੁਃ ਨਾਃ ਸਾਃ ੪੪੯ (੨੯ ਦਸੰਬਰ ੧੯੧੬) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

*ਇਹ ਦੋ ਛੰਦ ਕਈ ਭੱਟਾਂ ਦੇ ਯਾਦ ਹਨ ਤੇ ਅਜੇ ਤੱਕ ਸਿਹਰਾ ਬੰਦੀ ਵੇਲੇ ਪੜ੍ਹਦੇ ਹਨ। †ਇਹ ਪ੍ਰਸੰਗ ੩ ਪੋਹ ਸੰਃ ਗੁਃ ਨਾਃ ਸਾਃ ੪੪੬ (੧੭ ਦਸੰਬਰ ੧੯੧੪) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

‡ਸੇਵਾ ਪੰਥੀ ਸੰਪ੍ਰਦਾ ਦੇ ਵਡਕੇ ਜੀ।

ਰੱਬ ਦੇ ਖੋਜੀ ਇਨ੍ਹਾਂ ਪਾਸ ਪੁੱਜੇ। ਆਪ ਨੇ ਨਨੂਆਂ ਜੀ ਦੀ ਬਹੁਤ ਸੇਵਾ ਕੀਤੀ ਤੇ ਆਪ ਦਾ ਆਪ ਨਾਲ ਪਿਆਰ ਅਤਿ ਦਾ ਪੈ ਗਿਆ। ਇਕ ਦਿਨ ਕਨ੍ਹੱਯਾ ਜੀ ਨੇ ਬੇਨਤੀ ਕੀਤੀ ਕਿ ਕੋਈ ਬਾਣੀ ਰਚੋ। ਉਨ੍ਹਾਂ ਆਖਿਆ, ਸਾਨੂੰ ਹੁਕਮ ਨਹੀਂ ਹੈ, ਪਰ ਹੁਕਮ ਆ ਜਾਵੇ ਤਾਂ ਰਚੀਏ। ਬੇਨਤੀ ਕੀਤੀ, ਹੁਕਮ ਪੁੱਛ ਆਵਾਂ ? ਆਪ ਨੇ ਕਿਹਾ, ਹੱਛਾ। ਇਹ ਸੁਣਕੇ ਕਨ੍ਹੱਯਾ ਜੀ ਗਦਾ ਨਰਾਇਣੀ ਜੀ ਪਾਸ ਲਦੌਰ ਗਏ, ਪਰ ਪੁੱਛਣ ਦਾ ਹੌਸਲਾ ਨਾ ਪਿਆ ਕਿ ਮਤਾਂ ਨਾਂਹ ਕਰ ਦੇਣ। ਇਸ ਲਈ ਅਪਣੇ ਪ੍ਰੇਮ ਵਿਚ ਰੱਤੇ ਮੁੜ ਆਏ ਤੇ ਆ ਕੇ ਕਹਿ ਦਿੱਤਾ "ਆਗਯਾ ਹੈ"। ਤਦ ਤੋਂ ਭਾਈ ਨਨੂਆ ਜੀ ਨੇ ਸਤਿਗੁਰ ਦੇ ਪ੍ਰੇਮ, ਆਸ ਉਪਦੇਸ਼ ਅਰ ਸੁਖ ਤ੍ਰੰਗਾਂ ਵਿਚ ਗਯਾਨ ਦੇ ਕਈ ਇਕ ਛੰਦ ਰਚੇ। ਇਕ ਦਿਨ ਖੂਹ ਤੇ ਨਹਾ ਰਹੇ ਸੇ ਕਿ ਕੋਈ 'ਘੜੀਐ ਸਬਦੁ ਸਚੀ ਟਕਸਾਲ' ਪਾਠ ਕਰ ਰਿਹਾ ਸੀ। ਆਪ ਦਾ ਧਿਆਨ ਅਰਥ ਵਲ ਜੁ ਲੱਗਾ, ਅਨੋਖੀ ਸੋਚ ਫੁਰੀ ਕਿ ਸ਼ਬਦ ਦੀ ਟਕਸਾਲ ਅਰਥਾਤ ਵਾਹਿਗੁਰੂ ਸੰਬੰਧੀ ਬਾਣੀ ਰਚਨ ਦਾ ਹਿਰਦਾ ਐਸਾ ਹੋਵੇ ਜੈਸਾ 'ਜਤਪਹਾਰਾ' ਦੀ ਪੌੜੀ ਵਿਚ ਕਿਹਾ ਹੈ, ਤੇ ਮੇਰਾ ਹਿਰਦਾ ਐਸਾ ਨਹੀਂ, ਐਸਾ ਹਿਰਦਾ ਕੇਵਲ ਸਤਿਗੁਰ ਜੀ ਦਾ ਹੈ ਤੇ ਸਤਿਗੁਰ ਜੀ ਨੇ ਆਪ ਬਾਣੀ ਰਚੀ ਹੈ, ਤਾਂਤੇ ਮੈਂ ਬਾਣੀ ਰਚਨ ਵਿਚ ਬੇਅਦਬੀ ਕੀਤੀ ਹੈ। ਇਹ ਸੋਚਕੇ ਬੜਾ ਵੈਰਾਗ ਲੱਗਾ, ਵਿਰਾਗੇ ਹੋਏ ਲਹੌਰ ਪਹੁੰਚੇ ਤੇ ਜਾ ਗਦਾ ਨਰਾਇਣੀ ਜੀ ਨੂੰ ਦੱਸਿਆ ਕਿ ਮੈਂ ਚਾਹੇ ਆਪ ਦੀ ਆਗਯਾ ਮੰਗਾ ਲਈ ਸੀ, ਪਰ ਫੇਰ ਬੀ ਮੈਂ ਜਪੁਜੀ ਦੀ ਇਸ ਪੌੜੀ ਮੂਜਬ ਭੁੱਲ ਕੀਤੀ ਹੈ, ਮੈਨੂੰ ਬਖਸ਼ੋ। ਉਹ ਹੱਸ ਪਏ ਤੇ ਆਖਣ ਲਗੇ, ਭਈ ਅਸਾਂ ਤਾਂ ਬਾਣੀ ਰਚਨ ਦੀ ਆਗਯਾ ਨਹੀਂ ਘੱਲੀ, ਬਾਣੀ ਤਾਂ ਧੁਰ ਦੀ ਬਾਣੀ ਦਾ ਜਾਣੂ ਸਾਡਾ ਸਾਹਿਬ ਰਚਦਾ ਹੈ, ਪਰ ਤੂੰ ਕਨ੍ਹੱਯਾ ਜੀ ਤੇ ਖਫਾ ਨਹੀਂ ਹੋਣਾ, ਉਸ ਨੂੰ ਤੇਰੇ ਨਾਲ ਅਧਿਕ ਪ੍ਰੇਮ ਸੀ, ਇਸ ਕਰਕੇ ਉਸ ਨੇ 'ਆਗਯਾ ਹੈ' ਦਾ ਵਾਕ ਜਾ ਕਿਹਾ। ਉਸ ਪਰ ਰੰਜ ਨਹੀਂ ਕਰਨਾ, ਉਸ ਤੋਂ ਜੋ ਕੁਛ ਹੋਇਆ ਹੈ ਮੋਹ ਦੀ ਪ੍ਰਬਲਤਾ ਵਿਚ ਹੋਇਆ ਹੈ। ਉਹ ਬੜਾ ਚੰਗਾ ਫਕੀਰ ਹੋਵੇਗਾ, ਅਨੇਕਾਂ ਨੂੰ ਤਾਰੇਗਾ। ਤੁਸਾਂ ਹੁਣ ਅੱਗੋਂ ਤੋਂ ਰਚਨਾ ਨਹੀਂ ਕਰਨੀ, ਪਿਛਲੀ ਦਾ ਸ਼ੋਕ ਨਹੀਂ ਧਾਰਨਾ। ਭਾਈ ਨਨੂਆਂ ਜੀ ਦੀ ਬਾਣੀ ਵਿਸ਼ੇਸ਼ ਕਰਕੇ ਕਲਗੀਧਰ ਜੀ ਦੇ ਪ੍ਰੇਮ ਵਾਲੀ ਯਾ ਗਯਾਨਮਈ ਹੈ, ਅਰ ਕਿਤੋਂ ਕਿਤੋਂ ਟਾਵੀਂ ਟਾਵੀਂ ਹੁਣ ਤਕ ਲੱਭਦੀ ਬੀ ਹੈ। ਸਤਿਗੁਰ ਦੇ ਦਰਸ਼ਨਾਂ ਦੇ ਕਰਨਹਾਰੇ ਭਾਈ ਜੀ ਦੇ ਮੁੱਖ ਥੀਂ ਉਚਰੀ ਸਤਿਗੁਰ ਮਹਿਮਾ ਦੀ ਵੰਨਗੀ ਮਾਤ੍ਰ ਨਨੂਆਂ ਜੀ ਦੀ ਰਚਨਾ ਸਾਧ ਸੰਗਤ ਦੇ ਪੇਸ਼ ਕਰਦੇ ਹਾਂ। ਇਹੋ ਜੇਹੀਆਂ ਵਸਤਾਂ ਅਮੋਲਕ ਖਜ਼ਾਨੇ ਹਨ ਤੇ ਗੁਰ ਘਰ ਦੀ ਇਤਿਹਾਸਿਕ ਗੌਰਵਤਾ ਦੀਆਂ ਸੱਚੀਆਂ ਸਾਖੀਆਂ ਹਨ।

ਰਾਗ ਕਿਦਾਰਾ

ਅਸਾਂ ਸਾਹਿਬ ਦਰਸ ਦਿਖਾਇਆ।
ਖੁੱਲ੍ਹੀ ਬੰਦੀਂ ਡੁੱਲ੍ਹਦੇ ਨੈਣੀਂ
ਹੱਸਦਾ ਹੱਸਦਾ ਆਇਆ।
ਪਜਾਰ ਆਪਣਾ ਭਰ ਭਰ ਬੁੱਕੀਂ
ਮਨ ਤਨ ਸਾਡੇ ਪਾਇਆ।
ਨਨੂਏ ਨੂੰ ਹੋਰ ਚਿੱਤ ਨ ਕਾਈ
ਧਾ ਸਿਰ ਚਰਨਾਂ ਤੇ ਲਾਇਆ ॥੧॥
ਲੋਇਨ ਨਿਪਟ ਲਾਲਚੀ ਮੇਰੇ।
ਭੁੱਖੇ ਧਾਵੇਂ ਤਿਪਤ ਨ ਪਾਵੇਂ
ਸਦਾ ਰਹੇਂ ਗੁਰ ਮੂਰਤ ਘੇਰੇ।
ਜੋੜੇ ਹਾਥ ਅਨਾਥ ਨਾਥ ਪਹਿ
ਅਪਨੇ ਠਾਕੁਰ ਕੇਰੇ ਚੇਰੇ।
ਹੇਰ ਹੇਰ ਨਨੂਆ ਹੈਰਾਨਾ
ਗੁਰ ਮੂਰਤ ਵਿਚ ਹਰਿ ਜੀ ਹੇਰੇ ॥੨॥

—o—

ਸੂਚਨਾ—ਬਾਕੀ ਅੱਖੀਂ ਦੇਖਣ ਵਾਲੇ ਸਮਕਾਲੀ ਵਿਦਵਾਨਾਂ ਦੇ ਪ੍ਰਸੰਗ ਅਗਲੇ ਧਿਆ (ਸਫਾ ੪੪੨) ਵਿਚ ਹਨ। ਪਿਛੇ ਸਫੇ ੨੦੪ ਪਰ ਉਨ੍ਹਾਂ ਕਵੀਆਂ ਦੀ ਰਚਨਾ ਆ ਚੁਕੀ ਹੈ ਜੋ ਲੱਖੀ ਜੰਗਲ ਵਿਚ ਆ ਜੁੜੇ ਸਨ, ਉਨ੍ਹਾਂ ਦੇ ਨਾਮ ਸਨ:- ਬਿਹਾਰੀ, ਅੱਡਾ, ਲਾਲ, ਨੰਦ ਲਾਲ ਤੇ ਤੂੰ ਚਾਰ ਹੋਰ।

੧੦੦. ਵਿਦਯਾ ਦਰਬਾਰ*।

੧.

ਜਦੋਂ ਕਿਸੇ ਪੜ੍ਹੇ ਲਿਖੇ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਣਾਂ ਬਾਬਤ ਕੁਛ ਪੁੱਛੀਏ ਤਾਂ ਉਹ ਸਭ ਤੋਂ ਵਿਸ਼ੇਸ਼ ਗੁਣ ਉਨ੍ਹਾਂ ਦੇ ਬੀਰ ਰਸੀ ਕਮਾਲ ਦਾ ਦੱਸਦਾ ਹੈ ਅਤੇ ਉਨ੍ਹਾਂ ਨੂੰ ਇਕ ਪ੍ਰਬੀਨ ਤੇ ਪੂਰਨ ਸੈਨਾਪਤ ਯਾ ਅਜ ਕਲ ਦੀ ਬੋਲੀ ਵਿਚ ਸ਼ੋਮਣੀ ਜਰਨੈਲ ਵਰਣਨ ਕਰਦਾ ਹੈ। ਇਸ ਵਿਚ ਸ਼ੱਕ ਬੀ ਕੋਈ ਨਹੀਂ। ਹਿੰਦ ਦੇਸ਼ ਦੀ ਪਰਜਾ ਅਫ਼ਬਾਤ ਇਸ ਦੇਸ਼ ਦੀ ਆਪਣੀ ਹਿੰਦੀ ਪਰਜਾ ਸੱਤ ਅੱਠ ਸਦੀਆਂ ਦੇ ਜ਼ੁਲਮ ਨਾਲ ਪੀੜਤ ਹੋ ਹੋ ਨਿਤਾਣੀ ਹੋ ਚੁਕੀ ਸੀ ਤੇ ਉਸਦੇ ਮਨ ਵਿਚ ਬੀਰਤਾ ਦੇ ਥਾਂ ਸ੍ਰੋਹੀਣਤਾ ਨੇ ਮੱਲ ਲਈ ਹੋਈ ਸੀ। ਪਛਮੋਤ੍ਰੀ ਹਮਲਾਆਵਰਾਂ ਦਾ ਰੁਅਬ ਐਸਾ ਛਾ ਚੁਕਾ ਸੀ ਕਿ ਉਹਨਾਂ ਲਈ ਇਨ੍ਹਾਂ ਦੇ ਜੂਲੇ ਹੇਠੋਂ ਨਿਕਲ ਕੇ ਕਦੇ ਸੁਤੰਤਰ ਹੋ ਸਕਣਾ ਅਸੰਭਵ ਦੀ ਪਦਵੀ ਲੈ ਚੁੱਕਾ ਸੀ। ਜਦੋਂ ਗੁਰੂ ਜੀ ਨੇ ਇਸ ਅਨਿਆਈ ਹਾਕਮਾਂ ਦੇ ਪ੍ਰਬੰਧ ਹੇਠ ਦੁਖੀ ਪਰਜਾ ਨੂੰ ਸੁਤੰਤ੍ਰਤਾ ਦਾ ਖਿਆਲ ਦੇਣਾ ਤਾਂ ਉਨ੍ਹਾਂ ਨੇ ਕੰਬ ਕੇ ਆਖਣਾ ਮਹਾਰਾਜ! ਅਸੀਂ ਦਾਲ ਭਾਜੀ ਖਾਣ ਵਾਲੇ ਕਦੇ ਟਾਕਰਾ ਕਰ ਸਕਦੇ ਹਾਂ ਉਨ੍ਹਾਂ ਦੁੰਬੇ ਖਾਣਿਆਂ ਦਾ, ਜਿਨ੍ਹਾਂ ਵਿਚ ਬਲਪ੍ਰਾਕ੍ਰਮ ਅਤਿਹੈਤੇ ਡੀਲ ਹੀ ਜਿਨ੍ਹਾਂ ਦੀ ਭੀਹਾਵਲੀ ਹੈ। ਉਸ ਦਰਦ ਦਵਾਣੀ, ਸ੍ਰੋਸਤਿਕਾਰ ਸ੍ਰੋਭਰੋਸਾ ਗੁਆਕੇ ਸ੍ਰੋਹੀਣਤਾ ਦੇ ਨਿਸਚੇ ਵਿਚ ਪੱਕੀ ਹੋ ਚੁਕੀ ਪਰਜਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨੋਂ ਇਕ ਕਰਨਾਅ ਫੂਕ ਕੇ ਇਕ ਨਵੀਂ ਜਿੰਦ ਲਾ ਦਿਤੀ। ਹਾਂ ਉਸ ਵੇਲੇ ਔਰੰਗ਼ਜ਼ੇਬ ਜੈਸੇ ਕਾਮਯਾਬ ਤੇ ਬਲੀ ਪਾਤਸ਼ਾਹ ਦੇ ਟਾਕਰੇ ਦਾ ਖਿਆਲ ਵੀਚਾਰਿਆ ਤੇ ਦੂਸਰਿਆਂ ਨੂੰ ਦਿੱਤਾ, ਜੋ ਜਾਦੂ ਦੀ ਤਰ੍ਹਾਂ ਅਪਣਾ ਅਸਰ ਕਰ ਗਿਆ। ਪੱਛਮੋਤ੍ਰੀ ਹਮਲਾ ਆਵਰਾਂ ਦਾ ਨਾਉਂ ਸੁਣਕੇ ਕੰਬਣ ਵਾਲਿਆਂ ਨੇ ਸਾਹਸ ਧਾਰਿਆ ਤੇ ਆਖਿਆ: ਹਾਂ, ਆਪ ਦੇ ਬਲ ਆਸਰੇ ਇਨ੍ਹਾਂ ਦੇ ਟਾਕਰੇ ਤੇ ਕਾਮਯਾਬ ਹੋਵਾਂਗੇ। ਅੰਮ੍ਰਤ ਨਾਲ ਜੀ ਉਠੇ ਇਨ੍ਹਾਂ ਨਵੇਂ ਜਾਗੇ ਹਿੰਦੀਆਂ ਨੇ ਥੋੜ੍ਹੇ ਹੀ ਬਰਸਾਂ ਵਿਚ ਪਹਾੜੀ ਰਾਜਿਆਂ ਤੇ ਸਰਹਿੰਦ ਦੀਆਂ ਫੌਜਾਂ ਵਲੋਂ ਹੋਏ ਹਮਲਿਆਂ ਦੇ ਜੁਵਾਬ ਵਿਚ ਕਈ ਟਾਕਰੇ ਕਰਕੇ ਫਤਹਯਾਬੀਆਂ ਲਈਆਂ। ਇੱਥੋਂ ਤਾਈਂ ਗੁਰੂ ਜੀ ਨੇ ਏਹ ਲੋਕ ਸਰੀਰ ਦੇ ਬਲੀ ਤੇ ਮਨ ਦੇ ਅਜਿੱਤ ਸੂਰਮੇ ਬਣਾ ਦਿੱਤੇ ਕਿ ਸਾਰੇ ਰਾਜਿਆਂ, ਲਾਹੌਰ ਸਰਹਿੰਦ ਦੀਆਂ ਫੌਜਾਂ ਤੇ ਦਿੱਲੀ ਦੀ ਕੁਮਕ ਨੇ ਸੱਤ ਅੱਠ ਮਹੀਨੇ ਜੰਗ ਕਰਕੇ ਇਨ੍ਹਾਂ ਉਤੇ ਕਾਮਯਾਬੀ ਪ੍ਰਾਪਤ ਨਾ ਕੀਤੀ ਤੇ ਅੰਤ ਫਰੇਬ ਅਰ ਛਲ ਨਾਲ ਆਪਣੀਆਂ ਸਹੁੰਵਾਂ ਸੁਗੰਦਾਂ ਤੋੜ ਕੇ—ਮਾਨੋਂ ਅਪਣੀ ਇਖ਼ਲਾਕੀ ਹਾਰ ਖਾਕੇ—ਗੁਰੂ ਜੀ ਤੋਂ ਅਨੰਦਪੁਰ ਛੁਡਵਾਇਆ ਤੇ ਚਮਕੌਰ ਦੇ ਟਿਕਾਣੇ ਗੁਰੂ ਜੀ ਨੂੰ—ਜੋ ਉਸ ਵੇਲੇ ੪੦ ਕੁ ਸਿਖਾਂ ਨਾਲ ਸਨ—ਘੇਰ ਲਿਆ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਜਾਗ੍ਰਤ ਵਿਚ ਆਂਦੇ ਇਨ੍ਹਾਂ ੪੦ ਥੱਕੇ ਟੁੱਟੇ ਭੁੱਖੇ ਪਰ ਅਜਿੱਤ ਸੂਰਮਿਆਂ ਨੇ ਅਣਗਿਣਤਾਂ ਦੇ ਘੇਰੇ ਵਿਚ ਆਕੇ ਬੀ ਸ਼ਸਤ੍ਰ ਨਾ ਸੁੱਟੇ, ਇਕ ਇਕ ਦੋ ਦੋ ਕਰਕੇ ਲੜੇ ਤੇ ਐਨਾ ਵਧਾਇਆ ਆਪਣਾ ਜੰਗ ਕਰਨ ਦਾ ਰੌ ਕਿ ਚਾਰ ਪਹਿਰ ਕਸਮ ਤੋੜ ਹਮਲਾਆਵਰਾਂ ਨੂੰ ਵਖਤ ਪਾਈ ਰੱਖਿਆ। ਸ਼ਾਮਾ ਹੋ ਆਈਆਂ ਤਾਂ ਅਜੇ ਪੰਜ ਚਾਰ ਜੀਉਂਦੇ ਸਨ, ਪਰ ਗੜ੍ਹੀ ਆਕੀ ਸੀ ਤੇ ਬੇਸ਼ੁਮਾਰ ਦਲ ਤੋਂ ਟੁੱਟ ਨਹੀਂ ਸੀ ਸਕੀ। ਏਹ ਪੈਂਤੀ ਛੱਤੀ ਸੂਰਮੇ ਭਾਵੇਂ ਸ਼ਹੀਦ ਹੋ ਗਏ, ਪਰ ਹਮਲਾ ਆਵਰਾਂ ਦੇ ਵੱਡੇ ਵੱਡੇ ਸਰਦਾਰ ਤੇ ਅਣਗਿਣਤ ਸੂਰਮੇ ਮਾਰੇ ਗਏ। ਫੇਰ ਭੀ ਗੁਰੂ ਜੀ ਅਤੇ ਦੋ ਤ੍ਰੈ ਸਿਖ ਰਾਤ ਪਈ ਤੇ ਸਹੀ ਸਲਾਮਤ ਨਿਕਲ ਗਏ। ਅਨੇਕ ਖਖੇੜ ਬਖੇੜ

*ਇਹ ਪ੍ਰਸੰਗ ਸੰ: ਗੁ: ਨਾ: ੪੭੨ ਪੋਹ ਦੀ ੨੧ ਸੰਮਤ ੧੯੯੭ ਬਿ: (੪ ਜਨਵਰੀ ੧੯੪੧) ਨੂੰ ਦਰਪਣ ਸਪਤਮੀ ਪਰ ਖਾਲਸਾ ਸਮਾਚਾਰ ਅੰਮ੍ਰਿਤਸਰ ਵਿਚ ਪ੍ਰਕਾਸ਼ਿਆ ਸੀ।

ਸਹਾਰਦੇ ਗੁਰੂ ਜੀ ਅੰਤ ਮਾਲਵੇ ਜਾ ਅੱਪੜੇ। ਚਾਹੋ ਪਹੁੰਚਦੇ ਸਾਰ ਆਪ ਨੇ ਜੰਗ ਦਾ ਸਾਮਾਨ ਕੀਤਾ, ਪਰ ਇਹ ਸ਼ਾਹੀ ਸੈਨਾ ਦੇ ਟਾਕਰੇ ਤੇ ਅਤਿ ਥੋੜ੍ਹਾ ਸੀ। ਇਸ ਹੋ ਚੁਕੀ ਬੇ-ਸਰੋ ਸਾਮਾਨੀ ਵਿਚ ਸੂਬਾ ਸਰਹਿੰਦ ਫੇਰ ਮੁਕਤਸਰ ਵਾਲੇ ਟਿਕਾਣੇ ਗੁਰੂ ਜੀ ਪਰ ਜਾ ਪਿਆ। ਫਿਰ ਭੀ ਨਵੀਂ ਬੀਰਰਸੀ ਜਾਗ੍ਰਤ ਵਿਚ ਆਏ ਏਹ ਗੋਣਤੀ ਵਿਚ ਮੁੱਠੀ ਭਰ ਸੂਰਮੇ ਸਿੰਘ, ਬਿਨਾਂ ਕਿਲ੍ਹੇ ਕੋਟ ਦੇ, ਖੁੱਲ੍ਹੇ ਮੈਦਾਨ ਵਿਚ ਜੰਗ ਕਰਦੇ ਸਾਰਾ ਦਿਨ ਲੜਦੇ ਤੇ ਜ਼ਾਲਮ ਦੇ ਵਾਰਾਂ ਨੂੰ ਰੋਕਦੇ ਚੰਗੇ ਤੋਂ ਚੰਗੇ ਸੂਰਮਿਆਂ ਨੂੰ ਮਾਰਦੇ ਰਹੇ, ਪਰ ਅੰਤ ਸ਼ਹੀਦ ਹੋ ਗਏ ਤੇ ਸੂਬੇ ਨੂੰ ਆਪਣਾ ਸਾ ਮੂੰਹ ਲੈਕੇ ਸਰਹਿੰਦ ਵਾਪਸ ਹੋਣਾ ਪਿਆ। ਐਸੀ ਅਜਿੱਤ ਸੂਰਮਗਤੀ ਨਾ ਕੇਵਲ ਸਰੀਰਾਂ ਵਿਚ, ਸਗੋਂ, ਮਨ ਵਿਚ ਤੇ ਮਨ ਦੇ ਨਿਸਚੇ ਵਿਚ ਭਰ ਦੇਣੀ ਇਕ ਉਹ ਕਮਾਲ ਹੈ, ਜਿਸ ਦੀ ਨਜ਼ੀਰ ਨਹੀਂ ਮਿਲਦੀ। ਅੱਜ ਅਸੀਂ ਪੂਰਾ ਅੰਦਾਜ਼ਾ ਨਹੀਂ ਲਾ ਸਕਦੇ, ਕਿਉਂਕਿ ਓਹ ਲੋਕ, ਜਿਨ੍ਹਾਂ ਵਿਚੋਂ ਇਹ ਬੀਰਰਸੀ ਠਾਠ ਬਣਾਇਆ ਗਿਆ ਸੀ, ਹੁਣ ਜੀਉਂਦੇ ਨਹੀਂ, ਜਿਨ੍ਹਾਂ ਨੂੰ ਦੇਖ ਕੇ ਰਾਇ ਬਣਾਈ ਜਾ ਸਕਦੀ ਕਿ ਹੈਂ ਇਨ੍ਹਾਂ ਹੀਣੇ ਦਬੇਲ ਤੇ ਮਰ ਮਿਟੇ ਲੋਕਾਂ ਵਿਚੋਂ ਅਝੁੱਕ ਤੇ ਅਜਿੱਤ ਸੂਰਮੇ ਪੈਦਾ ਕਰ ਦਿੱਤੇ ਗਏ ਸਨ!

ਪਰੰਤੂ ਗੁਰੂ ਸਾਹਿਬ ਜੀ ਨਿਰੇ ਇਸ ਮਹਾਨ ਗੁਣ ਦੇ—ਪਰਤੰਤ੍ਰ ਪਰਜਾ ਨੂੰ ਦਲੇਰ ਤੇ ਸੁਤੰਤ੍ਰ ਬਣਾ ਦੇਣ ਦੇ ਹੀ—ਮਾਲਕ ਨਹੀਂ ਸਨ, ਇਸ ਤੋਂ ਛੁੱਟ ਆਪ ਰੂਹਾਨੀਅਤ ਦੇ ਮਾਲਕ ਸਨ, ਪੂਰੇ ਗੁਰੂ ਸਨ, ਧਰਮ ਦੇ ਆਗੂ ਸਨ, ਆਪ ਦਾ ਆਪਣਾ ਫੁਟਮਾਨ ਹੈ:—

ਹਮ ਇਹੁ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥

ਇਹ ਆਪ ਦਾ ਮੁੱਖ ਕੰਮ ਸੀ ਜਿਸਨੂੰ ਆਪ ਨੇ ਪੂਰੀ ਤਰ੍ਹਾਂ ਸਿਰੇ ਚਾੜ੍ਹਿਆ। ਹਾਂ, ਬੀਰ ਰਸੀ ਸਾਮਾਨ ਦੇ ਨਾਲ ਸ਼ਾਂਤਿ ਰਸੀ ਸਾਮਾਨ—ਜਿਸ ਦੇ ਆਪ ਮਹਾਨ ਆਚਾਰਯ ਸੋ—ਪੂਰੀ ਤਰ੍ਹਾਂ ਨਿਭਾਇਆ। ਅਸਲ ਵਿਚ ਸ਼ਾਂਤਿ ਰਸ ਦੀ ਕਾਯਮੀ ਤੇ ਸੁਤੰਤ੍ਰਤਾ ਲਈ ਹੀ ਤਾਂ ਗੁਰੂ ਜੀ ਨੇ ਬੀਰ ਰਸ ਦਾ ਕਮਾਲ ਸਿਖਾਇਆ ਸੀ ਕਿ ਨਿਰੇ ਸ਼ਾਂਤਿ ਮਈ ਲੋਕਾਂ ਨੂੰ ਹੀਣੇ ਸਮਝ ਕੇ ਮੂਰਖ ਤੇ ਜ਼ਾਲਮ ਤਬਾਹ ਕਰਦੇ ਹਨ ਤੇ ਜਗਤ ਦੀ ਆਤਮ ਉੱਨਤੀ ਨੂੰ ਰੋਕਦੇ ਹਨ, ਉਨ੍ਹਾਂ ਦੀ ਮੂੰਹ ਜ਼ੋਰ ਤਅੱਦੀ ਨੂੰ ਉਨ੍ਹਾਂ ਦੇ ਤਰੀਕੇ ਨਾਲ ਰੋਕ ਪਾਈ ਜਾਵੇ। ਸੋ ਆਪ ਨੇ ਇਸ ਰਖਜਾਦੇ ਕੰਮ ਨੂੰ ਕਰਦੇ ਹੋਏ ਆਪਣੇ ਅਸਲੀ —ਗੁਰਿਆਈ ਦੇ—ਫਰਜ਼ਾਂ ਨੂੰ ਪਹਿਲੇ ਗੁਰੂ ਸਾਹਿਬਾਂ ਵਾਂਗ ਪੂਰੀ ਤਰ੍ਹਾਂ ਨਿਭਾਇਆ। ਆਪ ਵਿਚ ਹੋਰ ਬੀ ਅਨੇਕਾਂ ਗੁਣ ਸਨ, ਜਿਨ੍ਹਾਂ ਵਿਚੋਂ ਵਿਦਜਾ ਦਾ ਗੁਣ ਵਿਸ਼ੇਸ਼ ਸੀ। ਆਪ ਦੀਆਂ ਤਬਾਹੀ ਤੋਂ ਬਚ ਰਹੀਆਂ ਕੁਛ ਰਚਨਾਂ ਜੋ ਹਨ ਉਨ੍ਹਾਂ ਨੂੰ ਪੜ੍ਹ ਪੜ੍ਹਕੇ ਤਸੱਲੀ ਹੋ ਜਾਂਦੀ ਹੈ ਕਿ ਆਪ ਮਹਾਨ ਕਵੀ ਸੋ। ਵਿਦਜਾ ਵਿਚ ਪੂਰੀ ਗੰਮਤਾ ਸੀ। ਸ਼ੌਕ ਇਤਨਾ ਸੀ ਵਿਦਜਾ ਦਾ ਕਿ ਉਸ ਵੇਲੇ ਦੇ ਪ੍ਰਸਿੱਧ ਗ੍ਰੰਥਾਂ ਦੇ ਸੰਸਕ੍ਰਿਤ ਆਦਿ ਭਾਸ਼ਾ ਤੋਂ ਤਰਜੁਮੇ ਕਰਵਾਏ, ਨਵੀਨ ਗ੍ਰੰਥ ਰਚੇ ਤੇ ਰਚਵਾਏ। ਗੁਣੀਆ,ਂ ਵਿਦਵਾਨਾਂ, ਕਵੀਆਂ ਦੀ ਕਦਰਦਾਨੀ ਕੀਤੀ, ਐਤਨੀ ਕਿ ਅੱਜ ਕੱਲ ਉਸਦੀ ਨਜ਼ੀਰ ਨਹੀਂ ਦਿਸਦੀ। ਮਹਾਂ ਭਾਰਥ ਦੇ ਇਕ ਇਕ ਪਰਬ ਦੇ ਟੀਕੇ ਲਈ ਸਠ ਸਠ ਹਜ਼ਾਰ ਰੁਪੱਯਾ ਉਲਥਾਕਾਰਾਂ ਨੂੰ ਦਿਤਾ। ਸੋ ਨਾ ਕੇਵਲ ਆਪ ਕਵੀ ਤੇ ਦ੍ਰਿਸ਼ਟਾ ਤੇ ਦ੍ਰਿਸ਼ਟਮਾਨ ਦੋਹਾਂ ਵਿਦਜਾ ਵਿਚ ਪ੍ਰਬੀਨ ਸੋ, ਸਗੋਂ ਆਪ ਵਿਦਜਾ ਤੇ ਵਿਦਜਾਵਾਨਾਂ ਦੇ ਬੀ ਭਾਰੇ ਸਰਪ੍ਰਸਤ ਸੋ। ਹਿੰਦੁਸਤਾਨ ਭਰ ਤੋਂ, ਜ਼ੁਲਮ ਤੋਂ ਪੀੜਤ ਹੋਏ ਗੁਣੀ ਆਕੇ ਆਪਦੀ ਸ਼ਰਣ ਲੈਂਦੇ ਸੋ।ਆਪਣੇ ਦਾਨ, ਮਾਨ ਸਨਮਾਨ ਦੀ ਪ੍ਰਾਪਤੀ ਲਈ ਬੀ ਕਈ ਵਿਦਵਾਨ ਆਪ ਪਾਸ ਪਹੁੰਚਦੇ ਸੋ। ਫਿਰ ਕਈ ਵਿਦਜਾ ਪਾ ਕੇ, ਪਰ ਅਸ਼ਾਂਤਿ ਰਹੇ ਵਿਦਵਾਨ ਕਲਿਆਨ ਦਾਨ ਦੀ ਖ਼ਾਤਰ ਬੀ ਚਰਨਾਂ ਨੂੰ ਪ੍ਰਾਪਤ ਹੁੰਦੇ ਸੋ। ਸਭਨਾਂ ਦੀ ਲੋੜ ਆਪ ਪੂਰੀ ਕਰਦੇ ਸੋ। ਇਉਂ ਆਪ ਦੇ ਪਾਸ ਗੁਣੀਆਂ ਤੇ ਵਿਦਵਾਨਾਂ ਦਾ ਇਕ ਚੋਖਾ ਸੰਘਟਨ ਹੋ ਗਿਆ ਸੀ। ਸੋ ਨਾ ਕੇਵਲ ਆਪਦੇ ਦੁਆਰੇ ਕਥਾ ਕੀਰਤਨ, ਧਰਮ ਉਪਦੇਸ਼ ਤੇ ਜੋਆਦਾਨ ਦਾ ਪ੍ਰਵਾਹ ਚਲਦਾ ਸੀ, ਨਾ ਕੇਵਲ ਫੌਜੀ ਕਵਾਇਦਾਂ, ਬੀਰ ਰਸੀ ਅਭਿਆਸਾਂ ਦੇ ਕਾਰਨਾਮੇ ਹੋ ਰਹੇ ਸਨ, ਨਾ ਕੇਵਲ ਸ਼ਸਤਰਾਂ ਦੀ ਘਾੜਤ ਤੇ ਠਕਾਠਕ ਝਨਕਾਰ ਲੱਗੀ ਰਹਿੰਦੀ ਸੀ ਪਰ ਵਿਦਜਾ ਦੀ ਰੌਣਕ ਬੀ ਪੂਰੇ ਜੋਬਨਾਂ ਤੇ ਹੁੰਦੀ

ਸੀ। ਆਪ ਪਰਜਾ ਨੂੰ ਨਾ ਕੇਵਲ ਧਰਮੀ ਤੇ ਸੂਰਬੀਰ ਬਣਾ ਰਹੇ ਸੇ, ਪਰ ਇਨ੍ਹਾਂ ਗੁਣਾਂ ਨੂੰ ਵਿਦਯਾ ਨਾਲ ਭੀ ਭੂਸ਼ਿਤ ਕਰ ਰਹੇ ਸੇ। ਨਵੀਆਂ ਰਚਨਾਂ ਨਵੇਂ ਕਾਵਜ ਰਚੇ ਜਾਂਦੇ ਸੇ, ਸੰਸਕ੍ਰਿਤ ਫਾਰਸੀ ਆਦਿ ਤੋਂ ਚੰਗੇ ਚੰਗੇ ਪੁਸਤਕਾਂ ਦੇ ਤਰਜਮੇ ਕਰਵਾਏ ਜਾਂਦੇ ਸੇ। ਵਿਦਯਾ ਦੇ ਦੀਵਾਨ ਲਗਦੇ ਤੇ ਕਵੀਆਂ ਦੇ ਸੰਮੇਲਨ ਹੁੰਦੇ ਸੇ। ਇਨ੍ਹਾਂ ਸਮਾਗਮਾਂ ਵਿਚ ਵਿਦਵਾਨ ਆਪਣੇ ਜੌਹਰ ਦਿਖਾਲਦੇ ਸੇ ਅਤੇ ਇਨ੍ਹਾਂ ਦਰਬਾਰਾਂ ਵਿਚ ਗੁਰੂ ਕੇ ਸੂਰਮੇ, ਆਈਆਂ ਸੰਗਤਾਂ ਤੇ ਓਥੇ ਰਹਿਣ ਵਾਲੇ ਸਿਖ ਸਾਰੇ ਸ਼ਾਮਲ ਹੋਕੇ ਵਿਦਯਾ ਦੇ ਗੁਣਾਂ ਦਾ ਲਾਭ ਲੈਂਦੇ ਸਨ,ਤਾਂਕਿ ਸਿਪਾਹੀ ਤੇ ਸਾਧਾਰਣ ਸਿਖ ਬੀ ਨਾਮ ਦੇ ਨਾਲ ਵਿਦਯਾ ਦੇ ਗੁਣ ਪ੍ਰਾਪਤ ਕਰਕੇ ਤੇ ਉੱਚੇ ਹੋ ਕੇ ਸੁਖ ਪਾਉਣ ਤੇ ਸੁਖ ਦੇਣ। ਇਸ ਵਿਦਯਾ ਦਰਬਾਰ ਦਾ ਅਨੰਦਪੁਰ ਵਿਚ ਹੋਣਾ ਕਵੀ ਸੈਨਾਪਤ, ਜੋ ਇਸ ਮਾਲਾ ਦਾ ਇਕ ਮੋਤੀ ਸੀ, ਇਕ ਪਦ –ਸਭਾ–ਵਿਚ ਪਤਾ ਦੇਂਦਾ ਹੈ:–

ਗੁਰ ਗੋਬਿੰਦ ਕੀ'ਸਭਾ'ਮਹਿ ਲੇਖਕ ਪਰਮ ਸੁਜਾਨ।

ਅਸਲ ਵਿਚ ਸੰਸਕ੍ਰਿਤ ਵਿਦਯਾ ਵਿਚ ਲੁਕੇ ਦਬੇ ਪਏ ਇਲਮੀ ਖ਼ਜ਼ਾਨੇ ਆਪ ਹਿੰਦੀ ਵਿਚ ਤਰਜਮੇ ਕਰਵਾਕੇ ਸਰਬ ਸਾਧਾਰਣ ਦੀ ਪਹੁੰਚ ਗੋਚਰਾ ਬਨਵਾ ਰਹੇ ਸਨ, ਆਪ ਦਾ ਆਸ਼ਾ ਇਹ ਸੀ ਕਿ ਵਿਦਯਾ ਆਮ ਹੋ ਜਾਏ ਤਾਂ ਲੋਕੀ ਉੱਚ ਖਿਆਲੇ ਹੋ ਜਾਣ। ਨਾ ਕੇਵਲ ਸੰਸਕ੍ਰਿਤ ਸਗੋਂ ਅਰਬੀ ਫਾਰਸੀ ਦੀ ਵਿਦਯਾ ਬੀ ਹਿੰਦੀ ਵਿਚ ਕਰਵਾਉਣ ਦੇ ਆਪ ਨੇ ਆਹਰ ਕੀਤੇ ਸਨ। ਹਿੰਦ ਦੇ ਵਿਦਯਕ ਇਤਿਹਾਸ ਵਿਚ ਇਕ ਆਪ ਦਾ ਚਲਾਇਆ ਨਵੀਨ ਦੌਰ ਸੀ। ਸ਼ੋਕ ਹੈ ਕਿ ਆਪਦੇ ਤਿਆਰ ਕਰਵਾਏ ਤੇ ਕੀਤੇ ਸਾਰੇ ਗ੍ਰੰਥ ਨਹੀਂ ਮਿਲਦੇ, ਓਹ ਆਖ਼ਰੀ ਜੰਗ ਵਿਚ ਬਹੁਤੇ ਤਬਾਹ ਹੋ ਗਏ, ਇਸ ਕਰਕੇ ਇਸ ਵਿਸ਼ੇ ਤੇ ਪੂਰਾ ਚਾਨਣਾ ਪਾਇਆ ਜਾ ਸਕਣਾ ਇਸ ਵੇਲੇ ਕਠਨ ਹੈ, ਪਰ ਜੋ ਕੁਛ ਸਾਮਾਨ ਮਿਲਦੇ ਹਨ ਉਨ੍ਹਾਂ ਦੇ ਆਧਾਰ ਤੇ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਗੁਰੂ ਕੇ ਦਰਬਾਰ ਵਿਚ ਵਿਦਵਾਨਾਂ ਦੀ ਕਿਤਨੀ ਕਦਰ ਹੁੰਦੀ ਸੀ ਤੇ ਓਹ ਵਿਦਵਾਨ ਆਪ ਗੁਰੂ ਜੀ ਦੀ ਉਸ ਵਿਦਯਾ ਦੀ ਸਰਪ੍ਰਸਤੀ ਬਾਬਤ ਕੀਹ ਕੁਝ ਕਹਿੰਦੇ ਲਿਖਦੇ ਸੇ, ਜਿਸ ਦਾ ਕੋਈ ਕੋਈ ਪੁਰਜ਼ਾ ਮਾਤ੍ਰ ਕਿਤੋਂ ਕਿਤੋਂ ਲੱਭ ਪੈਂਦਾ ਹੈ। ਅਨੰਦ ਪੁਰ ਵਿਚ ਰਹਿੰਦਿਆਂ ਜੋ ਵਿਦਯਕ ਸਾਮਾਨ ਤਿਆਰ ਹੋਏ ਓਹ ਚੰਗੇ ਬਰੀਕ ਲਿਖੇ ਜਾਣ ਪਰ ਵੀ ਤੋਲ ਵਿਚ ਨੌਂ ਮਣ ਸਨ। ਇਸ ਰਚਨਾਂ ਨੂੰ 'ਵਿਦਯਾ ਸਾਗਰ' 'ਵਿਦਯਾਧਰ' ਆਦਿ ਨਾਮਾਂ ਨਾਲ ਪੁਕਾਰਿਆ ਜਾਂਦਾ—

ਨਾਮ ਰੂਪ ਕੋ ਵਿਦਯਾ ਸਾਗਰ।
ਚਾਖਨ ਕੀਨੋ ਸ੍ਰੀ ਪ੍ਰਭੁ ਨਾਗਰ।

[ਰੁਤ ੩, ਅੰਸੁ ੫੧

ਜਦੋਂ ਅਨੰਦਪੁਰ ਦੇ ਜੰਗ ਬਾਦ ਹਮਲਾ ਆਵਰਾਂ ਦੀਆਂ ਸੌਹਾਂ ਸੁਗੰਧਾਂ ਮੁਜਬ ਗੁਰੂ ਜੀ ਅਨੰਦਪੁਰੋਂ ਨਿਕਲੇ ਤਾਂ ਉਨ੍ਹਾਂ ਨੇ ਕੀਤੇ ਅਹਿਦ ਤੋੜਕੇ ਗੁਰੂ ਜੀ ਪਰ ਹਮਲਾ ਕਰ ਦਿੱਤਾ। ਗੁਰੂ ਜੀ ਉਸ ਵੇਲੇ ਇਸ ਹਮਲੇ ਲਈ ਅਗੋਂ ਹਮਲਾ ਕਰਨ ਨੂੰ ਤਿਆਰ ਨਹੀਂ ਸੇ, ਪਰ ਫਿਰ ਭੀ ਅਪਣੇ ਬਚਾਉ ਵਿਚ ਉਹ ਸੂਰਮਗਤੀ ਦਿਖਾਈ ਕਿ ਹੱਦ ਮੁਕਾ ਦਿੱਤੀ। ਇਸ ਘਮਸਾਣ ਵਿਚ ਪਰਵਾਰ ਕਿਸੇ ਪਾਸੇ, ਆਪ ਕਿਸੇ ਪਾਸੇ ਤੇ ਸਿੱਖ ਕਿਸੇ ਪਾਸੇ ਚਲੇ ਗਏ। ਮਾਲ ਅਸਬਾਬ ਜੋ ਕੁਛ ਨਾਲ ਸੀ ਤਬਾਹ ਹੋ ਗਿਆ। ਅਨੰਦ ਪੁਰ ਵਿਚ ਜੋ ਕੁਛ ਸੀ ਉਹ ਸੁਖਨ ਹਾਰੇ ਵੈਰੀਆਂ ਨੇ ਤਬਾਹ ਕੀਤਾ। ਇਸ ਘਮਸਾਣ ਵਿਚ ਇਨ੍ਹਾਂ ਨੇ ਅਪਣੀ ਮੂੰਹ ਜ਼ੋਰੀ ਵਿਚ ਵਿਦਯਾ ਦਾ ਬੀ ਲਿਹਾਜ਼ ਨਾ ਕੀਤਾ।ਅਨੰਦਪੁਰ ਦੇ ਅੰਦਰ ਕਿ ਬਾਹਰ ਜੋ ਕੁਛ ਹੱਥ ਚੜ੍ਹਿਆ ਗ੍ਰੰਥਾਂ ਸਮੇਤ ਵਿਸਰਜਨ ਕਰ ਦਿੱਤਾ। ਇਉਂ ਗੁਰੂ ਜੀ ਨੇ ਜੋ ਪੁਸਤਕਾਂ ਦਾ ਸੰਚਯ ਬੀ ਦੂਰ ਦੂਰ ਤੋਂ ਖੋਜ ਕੇ ਕੱਠਾ ਕੀਤਾ ਸੀ, ਕੁਛ ਤਬਾਹ ਤੇ ਕੁਛ ਵਿਕੋਲਿਤਰਾ ਹੋ ਗਿਆ। ਅਜ ਕਲ ਯੂਰਪ ਦੇ ਸਭਯ ਕਹਿਲਾਉਣ ਵਾਲੇ ਹਮਲਾਆਵਰ ਬੀ ਪੁਸਤਕਾਲਯ (ਲਾਇਬ੍ਰੇਰੀਆਂ), ਧਰਮ ਮੰਦਰ ਤੇ ਸਾਇੰਸ ਸ਼ਾਲਾ ਤਬਾਹ ਕਰਨੋਂ ਜ਼ਰਾ ਸੰਕੋਚ ਨਹੀਂ ਕਰਦੇ*

*ਮਹਾਰਾਜਾ ਰਣਜੀਤ ਸਿੰਘ ਦੀ ਇਹ ਤਾਰੀਫ ਹੈ ਕਿ ਉਸ ਨੇ ਪਿਸ਼ਾਵਰ ਤੇ ਹਮਲਾ ਕਰਨ ਵੇਲੇ ਸੈਨਾਪਤ ਨੂੰ ਆਖ ਦਿਤਾ ਸੀ ਕਿ 'ਚਮਕਣੀ' ਵਿਚ ਪੁਸਤਕਾਲਯ ਹਨ, ਤੁਸਾਂ ਨੂੰ ਪੂਰੀ ਇਹਤਿਆਤ ਕਰਨੀ ਹੋਵੇਗੀ ਕਿ ਕੋਈ ਪੁਸਤਕ ਸ਼ਾਇਆ ਨਾ ਹੋਣੀ ਚਾਹੀਦੀ ਹੈ। ਇਹ ਵਿਦਯਾ ਪ੍ਰਸਤੀ ਦਾ ਗੁਣ ਹਮਲੇ ਵੇਲੇ ਯਾਦ ਰਖਣਾ ਤੇ ਵਰਤਣਾ ਇਸ ਸਿੱਖ ਮਹਾਰਾਜੇ ਦਾ ਗੁਣ ਸੀ ਤੇ ਦੱਸਦਾ ਸੀ ਕਿ ਵਿਦਯਾ ਦੀ ਕਿੰਨੀ ਕਦਰ ਸਿੱਖਾਂ ਵਿਚ ਹੈਸੀ। [ਮ: ਰਣਜੀਤ ਸਿੰਘ, ਕ੍ਰਿਤ, ਸੀ: ਰਾ: ਕੋਹਲੀ, ਸਫਾ ੩੮੭

ਤੇ ਉਸ ਵੇਲੇ ਦੇ ਜਰਵਾਣੇ ਤੇ ਅਨਪੜ੍ਹ ਸਿਪਾਹੀਆਂ ਨੂੰ ਤਾਂ ਗ੍ਰੰਥਾਂ ਦੀ ਕਦਰ ਹੀ ਕੀਹ ਸੀ। ਉਨ੍ਹਾਂ ਲੋਕਾਂ ਦੇ ਹਥੋਂ ਇਹ ਨੌਮਣੀ ਸੰਚਯ ਬੀ ਜਿਸ ਨੂੰ 'ਵਿਦਜਾਸਾਗਰ' ਯਾ 'ਵਿਦਜਾਧਰ'* ਆਖਿਆ ਜਾਂਦਾ ਸੀ, ਉਹ ਕਹਿਰ ਕਹਾਰਾਂ ਦੀ ਰਾਤ ਵਿਸਰ-ਜਨ ਹੋ ਗਿਆ; ਦੇਖੋ ਗ੍ਰੰ: ਪ੍ਰ:।

ਤਿਨ ਕਵਿਯਨ ਬਾਣੀ ਰਚੀ ਲਿਖ ਕਾਗਦ ਤੁਲਵਾਇ। ਨੌ ਮਣ ਹੋਏ ਤੋਲ ਮਹਿ ਸੁਖਮ ਲਿਖਤ ਲਿਖਾਇ। 'ਬਿਦਜਾਧਰ'* ਤਿਸ ਗ੍ਰੰਥ ਕੋ ਨਾਮ ਧਰ੍ਯੋ ਕਰਿ ਪ੍ਰੀਤ। ਨਾਨਾ ਵਿਧਿ ਕਵਿਤਾ ਰਚੀ ਰਖਿ ਰਖਿ ਨੌ ਰਸ ਰੀਤ। ਮਚ੍ਯੋ ਜੰਗ ਤੁਰ ਸੰਗ ਬਡ ਰਹ੍ਯੋ ਗ੍ਰੰਥ ਮੋ ਬੀਚ। ਨਿਕਸੇ ਆਨੰਦਪੁਰ ਤਜ੍ਯੋ ਲੂਟ੍ਯੋ ਪੁਨ ਮਿਲ ਨੀਚ। ਪ੍ਰਿਥਕ ਪ੍ਰਿਥਕ ਪੜੇ ਹੁਤੇ ਲੂਟ੍ਯੋ ਸੁ ਗ੍ਰੰਥ ਬਿਚੇਰ। ਇਕ ਥਲ ਰਹ੍ਯੋ ਨ ਇਮ ਗ੍ਰਯੋ ਜਿਸ ਤੇ ਮਿਲ੍ਯੋ ਨ ਫੇਰ।੫। [ਭੁਤ ਪ, ਅੰਸੁ ਪਦ

ਇਹ ਸੰਚਯ ਕੁਛ ਤਾਂ ਪਾੜਿਆ, ਰੌਂਦਿਆ ਮਲੀਆਮੇਟ ਹੋਇਆ, ਕੁਛ ਦੇ ਪੜੇ ਉਡਅਡ ਕਿਸੇ ਦੇ ਹੱਥ ਆਏ, ਕੋਈ ਹਿੱਸਾ ਸਲਾਮਤ ਕਿਤੇ ਜਾ ਪਿਆ ਤੇ ਫੌਜਾਂ ਟੁਰ ਜਾਣ ਮਗਰੋਂ ਹੱਥ ਆਇਆ। ਕਿਸੇ ਸ਼ੈ ਦਾ ਪਹਿਲਾ ਖਰੜਾ ਉਤਾਰਾ ਕਿਸੇ ਰਚਣਹਾਰੇ ਦੇ ਘਰ ਤੋਂ ਲੱਝਾ। ਐਉਂ ਸਿੱਖਾਂ ਨੇ ਸਮੇਂ ਬਾਦ ਕੁਛ ਕੁਛ ਲੱਭ ਕੱਠਾ ਕਰਕੇ ਉਸ ਵੇਲੇ ਦੀ ਵੀਚਾਰ ਅਨੁਸਾਰ ਇਕ ਥਾਂ ਕਰ ਲਿਆ। ਪਰ ਫਿਰ ਬੀ ਕਈ ਚੀਜ਼ਾਂ ਬਾਹਰ ਸਨ। ਕਿਸੇ ਕਿਸੇ ਕਵੀ ਦੀ ਕੋਈ ਚੀਜ਼ ਪਟਿਆਲੇ ਪੁਸਤਕਾਲਯ ਵਿਚ ਹੈ। ਕੁਛ ਪੜੇ ਕਵੀ ਸੰਤੋਖ ਸਿੰਘ ਜੀ ਨੂੰ ਆਨੰਦ ਪੁਰੋਂ ਮਿਲੇ ਸੇ ਜੋ ਉਨ੍ਹਾਂਨੇ ਅਪਣੇ ਤੁਰ ਪ੍ਰ: ਸੁ: ਗ੍ਰੰਥ ਵਿਚ ਦਿਤੇ ਹਨ। ਕੁਛ ਕਿਸੇ ਦੇ ਲਿਖੇ ਬਾਵਾ ਸੁਮੇਰ ਸਿੰਘ ਜੀ ਨੂੰ ਮਿਲੇ ਸੇ। ਕੋਈ ਕੋਈ ਸ਼ੈ ਅਜੇ ਪਤਾ ਨਹੀਂ ਹੋਰਥੇ ਬੀ ਹੋਵੇ। ਮਸਲਨ ਸਾਨੂੰ ਇਕ ਆਪ ਦਾ ਵਿਖਮ ਪਦ ਮਿਲਿਆ ਹੈ, ਜਿਸ ਪਰ ਲਿਖਿਆ ਹੈ– 'ਵਿਖਮ ਪਦ ਪਾਤਸ਼ਾਹੀ ੨੦ ਇਸ ਦਾ ਪਾਠ ਇਸ ਪ੍ਰਕਾਰ ਹੈ:–

ਹਰਿ ਕੇ ਨੈਨਾ ਜਲ ਠਏ ॥ ਦਿਪਤ ਜੋਤ ਦਿਨ ਮਨ ਦੁਤਿ ਮੁਖ ਤੇ ਕਬੂ ਨ ਮੂੰਦ ਭਏ ॥੧॥ ਰਹਾਉ ॥ ਤਿਨ ਕੋ ਦੇਖ ਜਨਨ ਦ੍ਰਿਗ ਪੁਤਰੀ ਲਾਲੀ ਰੰਗ ਰੰਗਏ। ਜਨੁ ਪਰਾਗ ਕਵਲਿਨ ਕੀ ਊਪਰ ਭ੍ਰਮਰ ਕੋਟ ਭਰਮਏ ॥

ਇਸ ਤਰ੍ਹਾਂ ਖੋਜ ਦੀ ਲੋੜ ਹੈ, ਜੋ ਕੁਛ ਲੱਭੇ, ਤਦ ਨਿਸਚੇ ਕਰਨੇ ਦੀ ਲੋੜ ਹੈ ਕਿ ਠੀਕ ਉਸੇ ਸੰਚਯ ਦਾ ਕੋਈ ਹਿੱਸਾ ਹੈ? ਗੁਰੂ ਕਾ ਹੈ ਕਿ ਉਨ੍ਹਾਂ ਦੇ ਦਰਬਾਰੀ ਕਵੀਆਂ ਦਾ ਹੈ। ਅਗਲੇ ਸੰਚਯ ਵਿਚੋਂ ਹੈ ਕਿ ਹੋਰ ਕਿਸੇ ਦਾ ਹੈ ਤੇ ਕਿਸੇ ਨੇ ਨਾਮ ਲਿਖ ਦਿੱਤਾ ਹੈ?

੨.

ਆਪ ਜੀ ਦੀ ਵਿਦਜਾ ਦੀ ਵਿਸ਼ਾਲ ਕਦਰ-ਦਾਨੀ ਕੇਵਲ ਉਨ੍ਹਾਂ ਦੇ ਉਸ ਦਾਨ ਸਨਮਾਨ ਤੋਂ ਹੀ ਨਹੀਂ ਅੰਦਾਜ਼ਾ ਹੁੰਦੀ ਜੋ ਉਨ੍ਹਾਂ ਦੇ ਦਰਬਾਰ ਵਿਚ ਆਏ ਵਿਦਵਾਨਾਂ ਨੂੰ ਪ੍ਰਾਪਤ ਹੁੰਦਾ ਸੀ, ਸਗੋਂ ਇਸ ਗਲ ਤੋਂ ਬੀ ਕਿ ਉਨ੍ਹਾਂ ਦੀ ਜਿੰਦ ਦੀ ਓਹ ਕਿਤਨੀ ਭਲਿਆਈ ਤੱਕਦੇ ਸਨ। ਇਹ ਗਲ ਇਕੋ ਵਾਕਿਆ ਤੋਂ ਪਤਾ ਲਗ ਜਾਂਦੀ ਹੈ, ਜਦੋਂ ਆਨੰਦਪੁਰ ਦਾ ਵੱਡਾ ਜੰਗ ਛਿੜਨ ਵਾਲਾ ਸੀ ਉਸ ਤੋਂ ਪਹਿਲਾਂ ਗੁਰੂ ਜੀ ਨੇ ਆਪਣੇ ਦਰਬਾਰ ਦੇ ਸਾਰੇ ਕਵੀ ਕੋਵਿਦ* ਇਕੱਠੇ ਕਰਕੇ ਉਨ੍ਹਾ ਨੂੰ ਖੁੱਲੇ ਦਾਨ ਦੇ ਕੇ ਨਿਹਾਲ ਕੀਤਾ, ਰੁਪੱਯੇ, ਬਸਤਰ, ਘੋੜੇ, ਗਲ ਕੀਹ ਹਾਥੀਆਂ ਤੱਕ ਦਿੱਤੇ ਤੇ ਆਗਯਾ ਕੀਤੀ ਕਿ ਆਪ ਹੁਣ ਜਿੱਥੇ ਜਿੱਥੇ ਸੁਖ ਹੋਵੇ ਜਾ ਟਿਕੋ, ਇਥੇ ਭਿਆਨਕ ਜੁੱਧ ਛਿੜਨੇ ਵਾਲਾ ਹੈ, ਆਪ ਦੀਆਂ ਜ਼ਿੰਦਗੀਆਂ ਕੀਮਤੀ ਹਨ; ਉਸ ਭਿਆਨਕ ਸਮੇਂ ਤੋਂ ਪਹਿਲਾਂ ਸੁਖ ਸਬੀਲੇ ਦੇ ਸਮੇਂ ਹੀ ਆਪ ਔਥੋਂ ਟੁਰ ਜਾਓ ਤਾਂ ਠੀਕ ਹੈ। ਇਸ ਤਰ੍ਹਾਂ ਪਿਆਰ ਕਰਕੇ ਵਿਦਾ ਕਰ ਦਿੱਤੇ। ਹੰਸ ਰਾਮ ਦਾ ਇਕ ਛੰਦ ਹੈ ਜਿਸ ਤੋਂ ਜਾਪਦਾ ਹੈ ਕਿ ਉਸ ਵੇਲੇ ਵਿਦਾ ਹੋਕੇ ਜਾ ਰਹੇ ਕਵੀ ਸਮਾਜ ਵਲੋਂ ਉਸ ਵਿਚ ਗੁਰੂ ਕੇ ਦਾਨ ਦਾ ਯਸ਼ ਵਰਣਨ ਹੈ:–

ਦੁੰਦਭੀ ਧੁੰਕਾਰੇ ਬਾਜੇ ਮਾਨੋ ਜਲਧਰ ਗਾਜੇ,
ਰਾਜਤ ਨਿਸ਼ਾਨ ਭਯ ਭਾਨੁ ਛਿਪੇ ਜਾਤ ਹੈਂ।
ਹਾਥਿਨਿ ਕੇ ਹਲਕਾ ਹਜ਼ਾਰਨਿ, ਰਨੇ ਕੋ ਹਯ,

*ਲਿਖਾਰੀ ਦੀ ਕਲਮ ਉਕਾਈ ਜਾਪਦੀ ਹੈ, ਪਾਠ 'ਵਿਦਜਾਸਰ' ਚਾਹੀਦਾ ਸੀ।

*ਕੋ ਵਿਦ=ਵਿਦਵਾਨ, ਪੰਡਿਤ। †ਗੁ: ਬਿ: ਬਾ ਸੁ: ਸਿੰਘ।

ਜਟਤਿ ਜ਼ਵਾਹਰ ਜੋ ਜਗਮਗ ਗਾਤ ਹੈਂ।
ਕੋਰ ਸਾਜੇ ਜੋਰ ਕਰਨਾਲਨ ਕੋ ਸ਼ੋਰ ਸੁਨੇ,
ਮੰਕਤਿ ਸੁਰੇਸ਼ ਔ ਨਰੇਸ਼ ਬਿਲਖਾਤ ਹੈਂ।
'ਹੰਸਰਾਮ' ਕਹਿਤ ਬਿਰਾਜੇ ਜਿਨ ਭਾਜੇ
ਗੁਰਗੋਬਿੰਦ ਕੋ ਮਾਂਗੇ ਕਵਿਰਾਜ ਚਲੇ ਜਾਤਹੈਂ।

ਇਸ ਵਾਕਿਆ ਤੋਂ ਬਹੁ ਪੈ ਗਿਆ ਕਿ ਵਿਦਵਾਨਾਂ ਦੇ ਜੀਵਨਾਂ ਨੂੰ ਆਪ ਕਿਤਨਾ ਕੀਮਤੀ ਸਮਝਦੇ ਸਨ ਤੇ ਉਸ ਨੂੰ ਸੁਰੱਖਜਤ ਕਰਦੇ ਸਨ। ਅੱਗੇ ਅਸੀਂ ਹੁਣ ਕਵੀਆਂ ਦੇ ਛੰਦ ਤੇ ਉਨ੍ਹਾਂ ਪਰ ਟੀਕੇ ਟਿਪਣੀਆਂ ਦੇਂਦੇਹਾਂ।ਜਿਨ੍ਹਾਂ ਦੀਵੰਡ ਇਉਂਹੈ:

ਪਹਿਲੇ ਓਹ ਛੰਦ ਹਨ ਜਿਨ੍ਹਾਂ ਵਿਚ ਕਵੀਆਂ ਨੇ ਅਪਣੀ ਛਾਪ (ਕਵਿਤਾ ਦਾ ਨਾਮ) ਦਿੱਤੀ ਹੈ, ਯਾ ਉਨ੍ਹਾਂ ਦੀਆਂ ਰਚੀਆਂ ਪੁਸਤਕਾਂ ਵਿਚੋਂ ਲਏ ਗਏਹਨ।ਦੂਜੇ ਓਹ ਛੰਦ ਹੋਣਗੇ ਜੋਹਨ ਤਾਂਗੁਰੂ ਜੀਦੇ ਹਜ਼ੂਰੀ ਕਵੀਆਂਦੇ, ਪਰ ਉਨ੍ਹਾਂਵਿਚ ਉਨ੍ਹਾਂ ਨੇਆਪਣੀ ਛਾਪ ਨਹੀਂ ਦਿੱਤੀ,ਉਵ ਉਹ ਆਏ ਹਜ਼ੂਰੀ ਕਵੀਆਂ ਦੇ ਛੰਦਾਂ ਦੇ ਵਿਚ ਵਿਚ ਯਾ ਨਾਲ ਨਾਲ ਹਨ।

ਓਹ ਛੰਦ ਜੋ ਆਨੰਦਪੁਰ ਦੇ ਜੁੱਧ ਚਮਕੌਰ ਦੇ ਘੇਰੇ ਤੇ ਮੁਕਤਸਰ ਦੇ ਹਮਲੇ ਤੋਂ ਮਗਰੋਂ ਲੱਖੀ ਜੰਗ ਵਿਚ ਉਚਾਰ ਹੋਏ, ਏਥੇ ਪਹੁੰਚ ਕੇ ਮੁੜ ਵਿਦਯਾ ਦਰਬਾਰ ਲਗਾ ਹੈ ਤੇ ਓਥੇ ਕੋਈ ਕੋਈ ਕਵੀ ਕੋਵਿਦ ਪਹੁੰਚੇ ਹਨ ਤੇ ਕਾਵਜ ਸ਼ਾਰਦਾ ਨੇ ਤਲਵਾਰ ਮਗਰੋਂ ਏਥੇ ਕੋਮਲਤਾ ਦੀ ਵੀਣਾ ਵਜਾਈ ਹੈ, ਪਿਛੇ ਪ੍ਰਸੰਗ 'ਇਬ੍ਰਾਹੀਮ–ਅਜਮੇਰ ਸਿੰਘ' ਵਿਚ ਆ ਚੁਕੇ ਹਨ।

੪. ਕਵੀ ਸੈਨਾਪਤ*।

ਆਪ ਦਾ ਨਾਮ ਪਰ ਕਵੀਆਂ ਵਿਚ ਹੈ। ਆਪ ਗੁਰੂ ਸਾਹਿਬ ਜੀ ਦੇ ਸਨਮਾਨਿਤ ਦਰਬਾਰੀ ਕਵੀ ਸਨ। ਆਪ ਖ਼ੁਦ ਲਿਖਦੇ ਹਨ:–

ਗੁਰ ਗੋਬਿੰਦ ਕੀ ਸਭਾ ਮਹਿ ਲੇਖਕ ਪਰਮ ਸੁਜਾਨ।
ਚਾਣਾਕੈ ਭਾਸ਼ਾ ਕਰੀ ਕਵਿ 'ਸੈਨਾਪਤਿ' ਨਾਮ।

ਇਸ ਦੋਹੇ ਤੋਂ ਖਿਆਲ ਕੀਤਾ ਜਾਂਦਾ ਹੈਕਿ ਇਸ ਦਾ ਨਾਮ ਸੈਨਾਪਤਿ ਸੀ ਤੇ ਇਹ ਸਹਜਧਾਰੀ ਸੀ, ਪਰ ਸੈਨਾਪਤ ਨਾਮ ਆਪ ਦਾ 'ਕਵਿ ਨਾਮ' ਅਰਥਾਤ ਛਾਪ ਸੀ ਆਪ ਦੀ, ਨਾਮ ਨਹੀਂ ਸੀ।

ਗੁਰਸ਼ੋਭਾ ਗ੍ਰੰਥ ਪੜ੍ਹਨ ਤੋਂ ਸਹੀ ਹੁੰਦਾ ਹੈ ਕਿ ਇਸ ਦਾ ਲੇਖਕ ਸੈਨਾਪਤਿ ਗੁਰੂ ਸਾਹਿਬ ਤੇ ਪੂਰਨ ਭਰੋਸਾ ਰਖਣੇ ਵਾਲਾ, ਸਿਦਕੀ ਤੇ ਰਹਿਤ ਮਿਯਾਦਾ ਖਾਲਸੇ ਦੇ ਆਦਰਸ਼ ਦਾ ਪੂਰਣ ਪ੍ਰੇਮੀ ਸੀ, ਤੇ ਸਿੰਘ ਸੀ,ਇਸ ਲਈ ਆਪਦਾ ਸਿੰਘ ਨਾਮ ਲੱਭਣੇ ਲਈ ਖੋਜ ਪੜਤਾਲ ਦੀ ਲੋੜ ਹੈ। ਆਪ ਦੇ ਇਸ ਪ੍ਰਕਾਰ ਦੇ ਲੇਖਾਂ ਤੋਂ ਜਿਸਦੀ ਵੰਨਗੀ ਇਕ ਕਬਿੱਤ ਅਗੇ ਦਿੰਦੇ ਹਾਂ, ਦੱਸ ਰਹੀ ਹੈ ਕਿ ਆਪ ਖਾਲਸਾ ਆਦਰਸ਼ ਦੀ ਕਮਾਈ ਵਾਲੇ ਸਨ:–ਕਬਿੱਤ–

ਬਚਨ ਕੀਓ ਕਰਨਹਾਰ, ਸੰਤਨ ਕੀਓ ਬਿਚਾਰ,
ਸੁਪਨੇ ਸੰਸਾਰ ਜਾਨ ਕਾਹੇ ਲਪਟਾਈਐ।
ਬਿਖਜਨ ਮੋਂ ਤਜਿਸਨੇਹ,ਸਤਿਗੁਰ ਕੀ ਸਿੱਖ ਲੇਹਿ,
ਬਿਨਸੈ ਛਿਨ ਮਾਹਿ ਦੇਹਿ, ਜਮਪੁਰਿ ਨ ਜਾਈਐ।
ਸੀਸ ਨ ਮੁੰਡਾਵ ਮੀਤ, ਹੁੱਕਾ ਤਜਿ ਭਲੀ ਰੀਤਿ,
ਮਨ ਮੈਂ ਕਰ ਪ੍ਰੇਮ ਪ੍ਰੀਤ ਸੰਗਤ ਮੋਂ ਜਾਈਐ।
ਜੀਵਨ ਦਿਨਚਾਰਿ ਸਮਝ ਦੇਖ ਬੂਝਿ ਮਨ ਬਿਚਾਰ,
ਵਾਹਿਗੁਰੂ ਗੁਰੂ ਜੀ ਕਾ ਖਾਲਸਾ ਕਮਾਈਐ ॥੧॥

ਇਨ੍ਹਾਂ ਦੀ ਰਚਨਾਂ ਦਾ ਇਕ ਗ੍ਰੰਥ ਮਿਲਦਾ ਹੈ ਜਿਸ ਦਾ ਨਾਮ ਹੈ 'ਗੁਰ ਸ਼ੋਭਾ'। ਇਸ ਵਿਚ ਆਪ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕੁਛ ਜੀਵਨ ਸਮਾਚਾਰ ਲਿਖੇ ਹਨ, ਜਿਨ੍ਹਾਂ ਵਿਚ ਬਹੁਤ ਸਾਰਾ ਲਾਭਦਾਇਕ ਤੇ ਕੀਮਤੀ ਇਤਿਹਾਸਿਕ ਮਸਾਲਾ ਮਿਲਦਾ ਹੈ। ਆਪ ਨੇ ਦੱਸਿਆ ਹੈ ਕਿ ਦੱਖਣ ਦੇ ਹਾਲਾਤ ਮੈਂ ਸਜਣਾਂ ਤੋਂ ਸ਼ਰਵਣ ਕਰਕੇ ਲਿਖੇ ਹਨ। ਇਸੇ ਗ੍ਰੰਥ ਵਿਚ ਅਕਸਮਾਤ ਆਪ ਨੇ ਅਪਣੀ ਸ੍ਵੈ ਜੀਵਨੀ ਸੰਬੰਧੀ ਬੀ ਕੁਝ ਛੰਦ ਦਿੱਤੇ ਹਨ,ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਆਪ ਗੁਰੂ ਸਾਹਿਬ ਜੀ ਪਰ ਪੂਰਨ ਭਰੋਸਾ ਤੇ ਸਿਦਕ ਰੱਖਣ ਵਾਲੇ ਸਨ, ਪਰਮਾਰਥਿਕ ਲਰਨ ਬੀ ਜਾਪਦੀ ਹੈ ਤੇ ਖਾਲਸੇ ਦੀ ਰਹਿਤ ਮਿਯਾਦਾ ਆਦਿ ਦੇ ਧਾਰਨੀ ਬੀ ਪ੍ਰਤੀਤ ਦਿੰਦੇ ਹਨ। ਯਥਾ–

ਚੌਪਈ ॥ ਤ੍ਰਪ੍ਰਸਾਦਿ ਗੁਰੂ ਉਪਦੇਸੇ।
ਜਨਮ ਜਨਮ ਕੇ ਮਿਟੇ ਅੰਦੇਸੇ।
ਤਬ ਇਹ ਕੀਟ ਪਤਿਤ* ਮਨ ਆਯੋ।
ਭਈ ਕ੍ਰਿਪਾ ਗੁਰ ਮਾਰਗ ਪਾਯੋਂ ।੮।

*ਇਹ ਲੇਖ ਇਸੇ ਸੰਚਯ ਲਈ ਦੂਸਰੀ ਐਡੀਸ਼ਨ ਦੇ ਪ੍ਰਕਾਸ਼ਤ ਹੋਣ ਸਮੇਂ ਲਿਖਿਆ ਗਿਆ ਸੀ।

*ਨੀਵਾਂ ਕੀੜਾ ਭਾਵ ਕਵੀ ਆਪਣੀ ਬਾਬਤ ਲਿਖ ਰਿਹਾ ਹੈ
†ਭਾਵ ਹੈ ਕਿ ਸਿਖੀ ਮਾਰਗ ਵਿਚ ਗੁਰੂ ਜੀ ਨੇ ਮੈਨੂੰ ਟੋਰਿਆ।

ਦੋਹਰਾ–
ਓਟ ਤਿਹਾਰੀ ਧਰਤ ਹੌਂ ਜਾਨਤ ਅਵਰ ਨ ਕੋਇ।
ਮਨ ਬਚਕ੍ਰਮ ਕਰ ਭਾਵਨੀ ਸਿੰਮ੍ਰਤ ਹੌਂ ਇਮ ਤੋਇ।

ਸਵੈਯਾ–
ਕਾਹੂੰ ਕੋ ਮਾਤ ਪਿਤਾ ਸੁਤ ਹੈਂ* ਅਰ,
ਕਾਹੂੰ ਕੋ ਭ੍ਰਾਤ ਮਹਾਂ ਬਲਕਾਰੀ।
ਕਾਹੂੰ ਕੋ ਮੀਤ ਸਖਾ, ਹਿਤੁ, ਸਾਜਨ,
ਕਾਹੂੰ ਕੋ ਨੇਹ ਬਿਰਾਜਤ ਨਾਰੀ।
ਕਾਹੂੰ ਕੋ ਧਾਮ ਮਹਾਂ ਨਿਧਾਂ ਰਾਜਤ,
ਆਪਸ ਮੋਂ ਕਰ ਹੈਂ ਹਿਤ ਭਾਰੀ।
ਹੋਹੁ ਦਿਆਲ ਦਯਾ ਕਰਕੈ ਪ੍ਰਭੁ,
ਗੋਬਿੰਦ ਜੀ ਮੁਹਿ ਟੇਕ ਤੁਹਾਰੀ‡ ॥ ੪ ॥

ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਅਵਤਾਰ ਮੰਨਦੇ ਸੋ, ਯਥਾ–

ਦੋਹਰਾ–
ਨਿਰੰਕਾਰ ਆਕਾਰ ਕਰ ਮਨਸਾ ਮਨਿ ਬੀਚਾਰ।
ਮੁਕਤ ਕਰਨ ਸੰਸਾਰ ਕੋ ਪ੍ਰਗਟ ਭਯੋ ਕਰਤਾਰ।
ਕਰਨ ਕਰਾਵਨ ਹਾਰ ਪ੍ਰਭ ਸਮਰਥ ਸਿੰਘ ਗੋਬਿੰਦ।
ਕਲਾ ਧਾਰ ਪਰਗਟ ਭਯੋ ਚਹੁ ਦਿਸ਼ੈਂ ਭਯੋ ਅਨੰਦ।

ਮ੍ਰਿਯਾ–ਜੁਗਤਿ ਕੈ ਜੋਗ ਕੈ ਭਾਵਨੀ ਭੋਗ ਲੈ
ਭੇਖ ਅਲੇਖ ਨਹਿੰ ਹਾਥ ਅਹੁਰੇ। ਜਾਇ ਕਰਵਤ ਲੈ ਹੈਵਰੇ ਗਰਤ ਜੈਹੈ ਮੀਚ ਅਮੀਚ ਕੈ ਲੋਤ ਭਹੁਰੇ। ਮੋਨ ਗਹਿ ਜੀਵ ਮੈਂ ਬਸਤ੍ਰ ਤਜਿ ਸੀਵ ਮੈਂ ਦਿਸ਼ਟ ਅਕਾਸ਼ ਕਰੁ ਨਾਂਹਿ ਲਹੁਰੇ। ਟੇਰ ਹੈ ਸੰਤ ਬੇਅੰਤ ਮਹਿਮਾਂ ਮਹਾਂ ਨਾਮ ਗੋਬਿੰਦ ਗੋਬਿੰਦ ਕਹੁ ਰੇ।

ਕੋਟਿ ਉਪਾਵ ਬੀਚਾਰ ਕੇਹੂ ਕਰੋ ਪਾਰ ਜਿਹ ਤੇ ਪਰੋ ਬਾਤ ਅਹੁ ਰੇ। ਅਨਿਕ ਤੀਰਥ ਕਰੋ ਜਾਇ ਕਾਸ਼ੀ ਮਰਉ ਚਰ੍ਹੈ ਕੇਦਾਰ ਨਹਿੰ ਪਾਪ ਪਹੁ ਰੇ। ਅਨਿਕ ਤਪ ਸਾਧ ਅਗਾਧ ਜਾਨਿਓ ਨਹੀ ਹੋਤ ਹੈ ਔਰ ਕੀ ਔਰ ਅਹੁਰੇ। ਟੇਰ ਹੈ ਸੰਤ ਬੇਅੰਤ ਮਹਿਮਾਂ ਮਹਾਂ ਨਾਮ ਗੋਬਿੰਦ ਗੋਬਿੰਦ ਕਹੁ ਰੇ।

ਇਨ੍ਹਾਂ ਦੀ ਕਵਿਤਾ ਵਿਚੋਂ ਖਾਲਸਾ ਸਜਣ ਦਾ ਹਾਲ, ਖਾਲਸੇ ਦੇ ਗੁਣ ਅਤੇ ਕੇਸ ਕ੍ਰਿਪਾਨ ਆਦਿ ਰਹਿਤ ਮਿਰਯਾਦਾ ਦਾ ਗੁਰੂ ਸਾਹਿਬ ਦਾ ਆਪ ਕਾਇਮ ਕਰਨਾ ਤੇ ਟੋਰਨਾ ਅਖੀਂ ਡਿੱਠਾ ਢੁੱਸਿਆ ਹੈ। ਆਪ ਦੀ ਕਵਿਤਾ ਦੇ ਨਮੂਨੇ ਏਹ ਹਨ:–

{ਖਾਲਸਾ ਪ੍ਰਗਟਾਇਆ}

ਛਪਯ–ਨਿਰਮਲ ਕਰਿ ਸੰਸਾਰ, ਜਗਤ ਮੈਂ ਬਚਨ ਸੁਨਾਏ। ਕੀਓ ਖਾਲਸਾ ਪ੍ਰਗਟਿ, ਸੁਨਤ ਦੁਰਜਨ ਡਰਪਾਏ। ਮੁਨਿ ਜਨ ਕਰਤ ਬਿਚਾਰ, ਚਾਰ ਅਚਰਜ ਸੁਨਿ ਭਾਈ। ਗੁਪਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ। ਮਾਨਹਿ ਸੁ ਸੰਤ ਇਹ ਮੰਤ੍ਰ* ਕੋ ਜਨਮ ਜੀਤ ਮੁਕਤਾ ਭਯੋ। ਕਵਿ ਤਾਸ ਰੇਨ ਤਿਹ ਸਿਖ ਕੀ, ਜੁ ਸਤਿਗੁਰ ਕੀ ਸ਼ਰਨੀ ਅਯੋ।

ਦੋਹਰਾ–
ਸੋ ਸਮਰਥ ਕਾਰਨ ਕਰਨਤਿਹ ਸਮਾਨ ਨਹੀ ਕੋਇ।
ਤਾਂਕੀ ਸੇਵਾ ਸੋ ਕਰੇ ਜਿਸਹਿ ਪਰਾਪਤਿ ਹੋਇ।
ਸਰਬ ਆਨੰਦ ਗੋਬਿੰਦ ਕੇ ਜਾਪ ਤੇ,
ਜਪੋ ਨਿਤ ਨਿਤ ਕੈ ਪ੍ਰੀਤਿਾਂ, ਮੀਤਾ!
ਸਰਬ ਕੋ ਤੰਤ‡ ਯਹਿ ਮੰਤ ਗੁਰਦੇਵ ਕਾ–
ਏਕ ਮਨ ਜੀਤ ਸੰਸਾਰ ਜੀਤਾ।
ਸਰਬ ਜੰਜਾਰ ਬੇਕਾਰ§ ਛਿਨ ਮੈਂ ਤਜੇ,
ਸਰਬ ਗੁਰਦੇਵ ਸਨ ਗਜਾਨ ਗੀਤਾ।
ਭਯੋ ਜੈਕਾਰ ਤ੍ਰੈਲੋਕ ਚੌਦੇ ਭਵਨ,
ਸਤਿਗੁਰੂ ਖਾਲਸਾ ਖਾਸ ਕੀਤਾ।

{ਅੰਮ੍ਰਿਤ ਮ੍ਰਿਯਾਦਾ ਕਾਯਮ ਕੀਤੀ}

ਦੋਹਰਾ–
ਖਾਂਡੇ ਕੀ ਪਾਹੁਲ ਦਈ ਕਰਨਹਾਰ ਪ੍ਰਭ ਸੋਇ।
ਕੀਓ ਦਸੋਦਿਸ਼ ਖਾਲਸਾ ਤਾ ਬਿਨ ਅਵਰ ਨ ਕੋਇ।
ਪਉੜੀ ॥ ਦੇ ਖਾਂਡੇ ਕੀ ਪਾਹੁਲ ਤੇਜ ਬਢਾਇਆ।
ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ।

{ਖਾਲਸੇ ਦੀ ਰਹਿਤ}

ਕੀਏ ਜਦਿ ਬਚਨ ਸਤਿਗੁਰੂ ਕਾਰਨ ਕਰਨ–
'ਸਰਬ ਸੰਗਤਿ ਆਦਿ ਅੰਤ ਮੇਰਾ ਖਾਲਸਾ।
'ਮਾਨੇਗਾ ਹੁਕਮੁ ਸੋ ਤੋ ਹੋਵੈਗਾ ਸਿੱਖ ਸਹੀ,
ਨ ਮਾਨੈਗਾ ਹੁਕਮ ਸੋ ਤੋ ਹੋਵੈਗਾ ਬਿਹਾਲਸਾ।
'ਪਾਂਚ ਕੀ ਕੁਸੰਗਤ ਤਜਿ, ਸੰਗਤਿ ਸੋਂ ਪ੍ਰੀਤ ਕਰ,
ਦਯਾ ਔਰ ਧਰਮ ਧਾਰ ਤਜਾਗੀ ਸਭ ਲਾਲਸਾ।

*ਕਿਸੇ ਦੇ ਮਾਤਾ, ਪਿਤਾ ਤੇ ਪੁੱਤ੍ਰ ਹਨ (ਤੇ ਉਸਨੂੰ ਉਨ੍ਹਾਂ ਦਾ ਆਸਰਾ ਹੈ)। †ਭਾਵ ਬੜਾ ਧਨ ਦੌਲਤ।
‡ਕਵੀ ਕਹਿੰਦਾ ਹੈ ਕਿ ਮੈਨੂੰ ਕੇਵਲ ਤੇਰੀ ਹੀ ਟੇਕ ਹੈ।

*ਮੰਤ੍ਰ, ਸਲਾਹ। †ਪ੍ਰੀਤ ਕਰਕੇ ਨਿਤ ਨਿਤ ਜਪੋ।
‡ਤਤ ਰੂਪ, ਸਾਰ ਰੂਪ। §ਜੰਜਾਲ ਅਤੇ ਵਿਕਾਰ।

ਹੁੱਕਾ ਨਹੀਂ ਪੀਵੇ, ਸੀਸ ਦਾੜੀ ਨ ਮੁੰਡਾਵੈ, ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ ।੩੦।

ਪਉੜੀ ।।

ਬਚਨ ਕੀਓ ਕਰਤਾਰ ਖੁਰ* ਨਹੀਂ ਲਾਈਐ ।
ਮਨ ਅੰਤਰ ਕਰਿ ਪ੍ਰੀਤਿ ਬਚਨਿ ਕਮਾਈਐ ।
ਮਾਤ ਪਿਤਾ ਮਰ ਜਾਇ ਨ ਭਦਰਾਂ† ਕਰਾਈਐ ।
[ਖਾਲਸਾ ਉਹ ਜੋ ਨਾਮ ਜਪੈ]
ਦੋਹਰਾ–ਜਿਨ ਜਨ ਉਪਜਤ ਨਾਮ ਧੁਨਿ ਤਿਨ ਜਨ ਨਿਰਮਲ ਰੀਤਿ । ਭਜਿ ਗੋਬਿੰਦ ਭਏ ਖਾਲਸਾ ਜਿਨ ਅੰਤਰਿ ਪਰਤੀਤਿ ।

ਪਉੜੀ–

ਜਹਿੰ ਦੂਤਨ ਕੋ ਤ੍ਰਾਸ ਪਰਤ ਜਮ ਜਾਰਸਾ ।
ਸਾਚਾ ਨਾਮ ਪੁਨੀਤ ਓਟ ਭਈ ਢਾਲਸਾ ।
ਬਿਨਸੇ ਸਕਲ ਕਲੇਸ਼ ਗਯੋ ਜੰਜਾਲਸਾ ।
ਚੂਕਿਓ ਆਵਨ ਜਾਨ ਮਿਟੀ ਸਭ ਲਾਲਸਾ ।
ਖਾਲਸ ਜਪਿ ਗੋਬਿੰਦ ਭਯੋ ਹੈ ਖਾਲਸਾ ।
[ਖਾਲਸੇ ਦੇ ਹੋਰ ਲੱਛਣ]
ਜਾਕੇ ਹਿਰਦੇ ਭਰਮ ਨ ਹੋਈ ।
ਭਰਮ ਭੇਖ ਤੇ ਰਹੇ ਨਿਆਰਾ ।
ਸੋ ਖਾਲਸ ਸਤਿਗੁਰੂ ਹਮਾਰਾ ।
[ਗੁਰੂ ਜੀ ਆਪ ਕੇਸਾਧਾਰੀ ਸਨ]
ਆਨੰਦ ਰੂਪ । ਸੁੰਦਰ ਸਰੂਪ ।
ਐਸੇ ਨਿਹਾਰ । ਗੁਰੂ ਕੇਸ ਧਾਰ ।

ਪੁਨਾ–

ਬਚਨ ਗੁਰਦੇਵ ਕੇ ਗਜਾਨ ਐਸੇ ਕੀਓ,
ਮੁਕਤਿ ਕੀ ਯੁਕਤਿ ਐਸੇ ਬਿਚਾਰੀ ।
ਰਚੇ ਕਰਤਾਰ ਯੋਂ ਰਚੀ ਆਕਾਰ ਤੇ
ਜਪੈਗੀ ਜਾਪ ਸਭ ਸ੍ਰਿਸ਼ਟਿ ਸਾਰੀ ।
ਤੱਤ੍ਰ ਕੋ ਧਾਰਿਕੈ ਜੀਤ ਬੋਲੀ ਫਤੇ
ਮਾਰਿ ਦੂਤਨ ਕੀਓ ਭਸਮ ਛਾਰੀ ।
ਭਯੋ ਜੈਕਾਰ ਤ੍ਰੈਲੋਕ ਚੌਦੈ ਭਵਨ
ਅਚਲ ਪਰਤਾਪ ਗੁਰ ਕੇਸ ਧਾਰੀ ।
[ਆਨੰਦਪੁਰ ਦੇ ਜੰਗ ਵਿਚ ਅੱਖੀਂ ਡਿਠੇ ਹਾਲ]
ਲਗੇ ਮੋਰਚੇ ਤੁਰਕ ਕੇ ਊਪਰਿ ਚਢੀ ਕਮਾਨ ।
ਇਤ ਸਨਮੁਖ ਭਯੋ ਖਾਲਸਾ ਹੋਤ ਬੀਰ ਸੰਗ੍ਰਾਮ ।

ਸ੍ਰੈ:–ਤੋਪ ਛੂਟੈ ਗਰਜੈ ਘਨ* ਜਯੋਂ,
ਲਰਜ਼ੈਂ ਹੀਅਰਾ, ਸੁ ਮਹਾਂ ਭਯ ਮਾਂਹੀ ।
ਐਸੇ ਮਨੋਜਤ‡ ਚਲੇ ਭੁਵਚਾਲ,
ਹਲੈ ਬਸੁਧਾ§ ਸਮ ਤਾਸ ਕੀ ਆਹੀ ।
ਦਾਮਨਿA ਜਿਉਂ ਚਮਕੇ ਤਿਹ ਠਉਰ
ਸੁ ਲਾਗਤ ਜਾ ਮਗ ਹੀ ਸੁ ਤਹਾਂਹੀ ।
ਮਿਤB ਮਨੋ ਬਰਖੈਂ ਘਨ ਤੇ,
ਤਹਾਂ ਗੋਲਾ ਚਲੈਂ ਸਮਤਾ ਸੁ ਅਸਾਹੀC ।
[ਅਨੰਦ ਪੁਰੋਂ ਤੋਪ ਦਾ ਚੱਲਣਾ]
ਤੋਪ ਛੂਟੈ ਗਰਜੈ ਘਨ ਜਯੋਂ
ਲਰਜ਼ੈ ਹਿਯਰਾ ਮਾਨੋ ਬਿੱਜ ਕੜੱਕੈ ।
ਠਉਰ ਰਹੈ ਜਿਹਕੈ ਉਰ ਲਾਗਤ
ਹੋਤ ਹੈ ਛਾਤੀ ਕੈ ਪਾਟ ਪੜੱਕੈ ।
ਯਾ ਬਿਧਿ ਸੋਂ ਤਹਿਂ ਗੋਲਾ ਚਲੈ
ਟਿਕ ਹੈ ਨਹੀਂ ਸੂਰਾ ਤਾਹੀ ਕੇ ਧੱਕੈ ।
ਰਾਜਨ ਕੇ ਅਵਸਾਨD ਗਏ ਜਬ
ਆਨੰਦ ਕੋਟ ਤੇ ਤੋਪ ਛੁੜੱਕੈ ।
[ਬਾਬਾ ਅਜੀਤ ਸਿੰਘ ਜੀ ਦਾ ਜੰਗ]
ਤਾਂ ਦਿਨ ਗਡਯੋ ਰਣ ਖੰਭ ਸਿੰਘ ਰਣਜੀਤE ਧਰਤ ਪਰ । ਧਰਤ ਲਰਜ਼, ਉਠੀ ਧੂਰ, ਭਾਨ ਛਿਪ ਗਯੋ ਆਪ ਘਰ । ਪਵਨ ਮੰਦ ਹੁਇ ਰਹੀ ਰੈਣ ਭਈ ਦਿਵਸ ਛੁਪਾਨੋ । ਲਰਜ਼ੇ ਸਕਲ ਅਕਾਸ਼ ਤੋਪ ਛੂਟੀ ਪਰਮਾਨੋ । ਬਜਯੋ ਨਿਸ਼ਾਨ ਤਿਹੁੰ ਲੋਕ ਮੈਂ ਸੁਨ ਦੇਵਨ ਮਨ ਯੋਂ ਭਯੋ । ਚੜ੍ਹਿ ਚੜ੍ਹਿ ਬਿਬਾਨ ਦੇਖਨ ਚਲੇ ਸੁ ਸ਼ੰਕਰF ਸਮੇਤ, ਨਹੀ ਕੋ ਰਹਯੋG ।
[ਏਹ ਜੀ ਨੇ ਜਗਤ ਉਧਾਰਨੇ ਵਾਸਤੇ ਸਾਰਾ ਕੁਛ ਕੀਤਾ ਸੀ]
ਸ੍ਰੈ:–ਕਲ ਮੈਂ ਕਲਿ ਧਾਰਿ ਅਕਾਰ ਕੋਓ
ਕਰ ਆਪਨ ਦੂਤ ਸੰਘਾਰਨ ਹੈH ।
ਦਮਕੀ ਦਿਸ਼ ਚਾਰ ਹੂੰ ਜੋਤ ਮਹਾਂ
ਜਗ ਪਾਪ ਸਮੂਹ ਬਿਡਾਰਨ ਕੋI ।

*ਕੁਰ=ਉਸਤਰਾ ।
†ਭਦਰ=ਭੱਦਣ=ਸਿਰ ਦੇ ਵਾਲ ਦੂਰ ਕਰਨ । ਖਾਸ ਕਰ ਮਾਤਾ ਪਿਤਾ ਦੇ ਮਰਨੇ ਪਰ ਜੋ ਹਿੰਦੂ ਸਿਰ ਮੂੰਹ ਮੁਨਾਉਂਦੇ ਹਨ ।

*ਬੱਦਲ । †ਕੰਬਦਾ ਹੈ । ‡ਸੁੰਦਰ । §ਪ੍ਰਿਥਵੀ । Aਬਿਜਲੀ । Bਓਲੇ, ਗੜੇ । Cਉਸ ਦੀ ਉਪਮਾ ਐਸੀ ਹੈ । Dਹੋਸ਼ । Eਅਰਥਾਤ, ਬਾਬਾ ਅਜੀਤ ਸਿੰਘ ਜੀ । ਗਾਲਬਨ ਇਹ ਸਮੁੱਲਾ ਭਾਉ ਵਾਲੇ ਜੰਗ ਦਾ ਹਾਲ ਹੈ ਜਿਸ ਵਿਚ ਸਾਹਿਬ ਅਜੀਤ ਸਿੰਘ (=ਰਣਜੀਤ ਸਿੰਘ ਜੀ) ਲੜੇ ਸਨ । Fਸ਼ਿਵ ਜੀ ਸਣੇ । Gਭਾਵ ਸਾਰੇ ਦੇਵਤੇ ਦੇਖਣ ਆਏ ਸੁਰ ਪੁਰ ਵਿਚ ਕੋਈ ਨਾ ਰਿਹਾ । Hਕਲਜੁਗ ਵਿਚ ਦੁਸ਼ਟਾਂ ਨੂੰ ਨਾਸ਼ ਕਰਨ ਹਿਤ ਆਪ ਨੇ ਸੁਹਣਾ ਰੂਪ ਧਾਰਨ ਕੀਤਾ । Iਦੂਰ ਕਰਨ ਨੂੰ ।

ਕਰਿ ਖਾਲਸA ਜਾਪ ਦਏ ਹਰਿ ਨੇ
ਹਥਿਆਰ ਅਪਾਰ ਜੁਝਾਰਨ ਕੋ ।
ਗੁਰ ਗੋਬਿੰਦ ਸਿੰਘ ਕੀਓ ਇਤਨਾ
ਭਵ ਸਾਗਰ ਪਾਰ ਉਤਾਰਨ ਕੋ ।

[ਸ਼ਤਿਗੁਰੂ ਜੀ ਦੇ ਘੋੜੇ ਦੀ ਉਪਮਾ]

ਤੁਰਕੀ ਅਸੁ ਅੱਛ ਸੁਪੱਛਿ ਬਛੋB,
ਤਿਹ ਊਪਰਿ ਪਾਖਰC ਆਨ ਧਰੀ ।
ਛਬਿ ਸੋਹਤ ਜ਼ੀਨ ਜਰਾਇਨD ਕੀ,
ਸਭ ਸਾਜ਼ ਸਮੇਤ ਅਨੂਪ ਖਰੀ ।
ਗਜ ਮੋਤਿਨ ਕੇ ਗੁਲਬੰਦਨ ਕੋE
ਕਲਗੀ ਸਿਰ ਸ਼ੋਭ ਜਰਾਵ ਜਰੀ ।
ਬਰਨੋ ਛਬਿ, ਯੌ ਜਲ ਚਾਲ ਚਲੈ,
ਛਿਪ ਹੈ ਤਿਹ ਦੇਖਤ ਹੂਰ ਪਰੀ ।

[ਦੂਸਰੇ ਕਵੀਆਂ ਦੀ ਖਜਾਲ ਪੁਰਤੀ ਵਿਚ ਗੁਰੂ ਜੀ ਦਾ ਰੋਅਬ]

ਸਵੈਯਾ—ਡੰਕਨ ਘੋਰ ਸੁ ਘੋਰ ਭਈ,
ਸੁਨਿਕੈ ਪੁਰੀਆਂ ਸਭ ਹੀ ਲਰਜ਼ੀF ।
ਲਰਜ਼ੇ ਸਭ ਭਾਨ ਭਿਆਨ ਭਏ,
ਕਿਹ ਕਾਰਨ ਕਾਜ ਚੜ੍ਹਯੋ ਹਰਿ ਜੀG ।
ਲੋਕ ਅਲੋਕ ਸਭੈ ਲਰਜ਼ੇ,
ਸ਼ਿਵਜੀ ਕੈਲਾਸ਼ ਪਤਿ ਯੌ ਡਰ ਜੀH ।
ਸੁਨ ਸ਼ੇਸ਼ ਮਹੇਸ਼ ਸੁਰੇਸ਼ ਬਡੇ,
ਲਰਜ਼ੇ ਸਿੰਘ ਗੋਬਿੰਦ ਕੇ ਡਰ ਜੀ ।

[ਮੈਨਾਪਤ ਜੀ ਪੰਜਾਬੀ ਸਨ, ਜੈਸਾ ਕਿ ਉਨ੍ਹਾਂ ਦੀ ਪੰਜਾਬੀ ਕਵਿਤਾ ਤੋਂ ਅਨੁਮਾਨ ਹੁੰਦਾ ਹੈ । ਨਮੂਨਾ ਏਹ ਹੈ—]

ਪਉੜੀ ॥

ਸਭ ਤੇਰੀ ਤੂੰ ਸਭਸਦਾ ਕੋ ਕਿੱਧਰ ਜਾਵੈ ।
ਪੁਤ ਕਪੁੱਤੀ ਜੇ ਕਰੇ ਪਿਉ ਮੁਖਹੁੰ ਨ ਪਾਵੈ ।
ਭਾਵੈਂ ਕੇਤਾ ਭਰਮਣਾ ਜੇ ਸ਼ਰਣੀ ਆਵੈ ।
ਅਉਗਣ ਮੇਟੇ ਗੁਣ ਕਰੇ ਭੀ ਮਾਂਹਿ ਸਮਾਵੈ ।
ਜੀ, ਗੋਬਿੰਦਸਿੰਘ ਦਿਆਲਹੈ ਸਤਿਸੰਗ ਮਿਲਾਵੈ।

Aਖਾਲਸਾ ਸਜਾਕੇ। Bਤੁਰਕੀ ਘੋੜਾ ਜੋ ਸ਼ੋਸ਼ਟ ਵਡੇ ਪੱਛੀ ਵਰਗਾ ਦਿਖਾਈ ਦਿੰਦਾ ਹੈ। Cਪਾਖਰ=ਲੋਹੇ ਦੀਆਂ ਕੜੀਆਂ ਦਾ ਝੁੱਲ ਜੋ ਜਗ ਵਿਚ ਰਖਯਾ ਲਈ ਘੋੜੇ ਤੇ ਪਾਇਆ ਜਾਂਦਾ ਹੈ। Dਜੜਾਊਆਂ ਨਾਲ ਜੜਤ ਕਾਠੀ । Eਗਜ ਮੋਤੀਆਂ ਦੇ ਗਲੁਬੰਦ ਬਣੇ ਹਨ । Fਕੰਬ ਗਈਆਂ । Gਗੁਰੂ ਗੋਬਿੰਦ ਸਿੰਘ ਜੀ । Hਕੈਲਾਸ਼ ਪਤ ਸ਼ਿਵ ਜੀ ਵਿਓਂ ਡਰਿਆ ।

੫. ਆਸਾ ਸਿੰਘ (ਮੁਤਸੱਦੀ)*।

ਸ੍ਰੀ ਗੁਰੂ ਜੀ ਦੇ ਦਰਬਾਰ ਦਾ ਇਕ ਮੁਸੱਦੀ ਹੁੰਦਾ ਸੀ, ਇਸ ਦਾ ਨਾਮ ਸੀ ਆਸਾ ਸਿੰਘ । ਬੜਾ ਗੁਰੂ ਕਾ ਪ੍ਰੇਮੀ ਤੇ ਨੇਕਚਲਨ ਦਿਆਨਤਦਾਰ ਆਦਮੀ ਸੀ । ਵਿਦਵਾਨ ਤੇ ਕਵੀ ਵੀ ਸੀ । ਪਰਾਈ ਪੀੜਾ ਨਾਲ ਪੀੜਤ ਹੋਕੇ ਦੁੱਖ ਜਾਣ ਦਾ ਗੁਣ ਵਿਸ਼ੇਸ਼ ਰਖਦਾ ਸੀ । ਇਕ ਦਿਨ ਇਕ ਦੁਖੀ ਲਾਚਾਰ ਆਦਮੀ, ਜਿਸ ਦੀ ਕਾਕੀ ਦਾ ਵਿਆਹ ਸੀ, ਆਪ ਪਾਸ ਆਇਆ ਤੇ ਦੁੱਖ ਰੋਕੇ ਮਦਦ ਮੰਗੀ । ਕੇਵਲ ਮੱਦਦ ਹੀ ਨਾ ਮੰਗੀ ਗੁਰੂ ਕਾ ਵਾਸਤਾ ਬੀ ਪਾ ਦਿੱਤਾ । ਆਪ ਪਸੀਜ ਗਏ ਪੰਜ ਸੌ ਦਾ ਟੋਂਬੂ ਲਿਖ ਦਿਤਾ, ਜਿਸ ਜਗਾ ਦਾ ਉਹ ਦੁਖੀ ਪੁਰਖ ਰਹਿਣੇ ਵਾਲਾ ਸੀ ਓਥੋਂ ਦੇ ਇਕ ਸਿਖ ਵਪਾਰੀ ਦੇ ਨਾਮ ਤੇ । ਗੁਰੂ ਕਾ ਟੋਂਬੂ ਲੈਕੇ ਉਸ ਸਿੱਖ ਨੇ ਰੁਪਏ ਦੇ ਦਿਤੇ, ਗ਼ਰੀਬ ਦਾ ਕਾਰਜ ਹੋਗਿਆ। ਕੁਛ ਸਮੇਂ ਮਗਰੋਂ ਇਹ ਵਪਾਰੀ ਸਿੱਖ ਅਨੰਦਪੁਰ ਸਾਹਿਬ ਆਇਆ ਤੇ ਸਾਹਿਬਾਂ ਦੀ ਹਜ਼ੂਰੀ ਵਿਚ ਗੁਣ ਗਾਉਣ ਲਗਾ ਕਿ ਪਾਤਸ਼ਾਹ ! ਆਪ ਨੇ ਜੋ ਅਮਕੇ ਲੋੜਵੰਦ ਨੂੰ ਪੰਜ ਸੌ ਦਾਨ ਕੀਤਾ ਤੇ ਮੇਰੇ ਵਲ ਟੋਂਬੂ ਘੱਲਿਆ ਸੀ, ਉਸ ਦਾ ਕਾਰਜ ਰਾਸ ਹੋ ਗਿਆ ਤੇ ਆਪ ਦਾ ਬੜਾ ਸੁਜਸ ਹੋਇਆ ਕਿ ਆਪ 'ਇਨਸਾਨੀ ਪੀੜਾ ਹਰਨ' ਵਿਚ ਗੁਰੂ ਨਾਨਕ ਦੇਵ ਹੀ ਹੋ ।

ਗੁਰੂ ਜੀ ਸੁਣਕੇ ਮੁਸਕ੍ਰਾਏ ਤੇ ਕਹਿਣ ਲਗੇ: ਭਾਈ ਅਸਾਂ ਤਾਂ ਕਿਸੇ ਨੂੰ ਟੋਂਬੂ ਨਹੀਂ ਦਿੱਤਾ। ਸਿੱਖ ਨੇ ਕਿਹਾ ਆਪ ਦੀ ਮੁਹਰ ਟੋਂਬੂ ਉਤੇ ਲੱਗੀ ਹੋਈ ਸੀ । ਦਾਤਾ ਜੀ ਫੁਰਮਾਉਣ ਲੱਗੇ: ਸਾਡੀ ਮੁਹਰ ਆਸਾ ਸਿੰਘ ਪਰਮ ਇਤਬਾਰੀ ਦੇ ਹੱਥ ਹੈ, ਹੋ ਨਹੀਂ ਸਕਦਾ ਕਿ ਬਿਨਾਂ ਪੁੱਛੇ ਉਹ ਟੋਂਬੂ ਲਿਖੇ ਤੇ ਮੁਹਰ ਲਾਵੇ । ਕਿਵੇਂ ਉਸ ਨੇ ਆਪੇ ਟੋਂਬੂ ਲਿਖ ਕੇ ਦੇ ਦਿੱਤਾ ਤੇ ਖੋਟ ਕੀਤਾ ? ਇਹ ਗਲ ਕਿਸੇ ਨੇ ਆਸਾ ਸਿੰਘ ਨੂੰ ਪੁਚਾ ਦਿੱਤੀ । ਆਸਾ ਸਿੰਘ ਜਾਣਦਾ ਸੀ ਕਿ ਚਾਹੇ ਮੈਂ ਨੇਕੀ ਕੀਤੀ ਹੈ, ਪਰ ਮੇਰੇ ਫਰਜ਼ ਮਨ ਸਬੀ ਵਿਚ ਇਹ ਈਮਾਨਦਾਰੀ ਦਾ ਕੰਮ ਨਹੀਂ।

---

*ਅਰਬੀ, ਭਸੁਦੀਅ=ਅੱਗੇ ਆਉਣਾ, ਪੇਸ਼ ਹੋਣਾ । ਮੁਭਸੁੱਦੀ= ਪੇਸ਼ਕਾਰ ।

ਮੈਂ ਕੇਵਲ ਮੁਸੱਦੀ ਹਾਂ ਮੈਨੂੰ ਪੁੱਛ ਲੈਣਾ ਚਾਹੀਦਾ ਸੀ। ਹੁਣ ਮੇਰੇ ਪਾਸ ਕੋਈ ਉਜ਼ਰ ਆਪਣੀ ਸਫਾਈ ਦਾ ਨਹੀਂ, ਮੈਂ ਕਿੰਵ ਕਰਾਂ? ਸੋਚ ਸਾਚ ਕੇ ਭੇ ਨੇ ਭੱਜਣਾ ਹੀ ਠੀਕ ਰਸਤਾ ਦੱਸਿਆ। ਸੋ ਕੰਮ ਸਾਰਾ ਆਪਣੇ ਮਾਤਹਿਤ ਮੁਸੱਦੀ ਦੇ ਹਥ ਛੱਡ ਕੇ ਘਰ ਜਾ ਛੁਪਿਆ ਤੇ ਮੁਨਸ਼ੀਖਾਨੇ ਆਉਣਾ ਬੰਦ ਕਰ ਦਿੱਤਾ। ਘਰ ਬੈਠਾ ਸੋਚੇ, ਪਰਉਪਕਾਰ ਚੰਗਾ ਹੈ ਪਰ ਮਾੜਾ ਵੀ ਕੇਡਾਕੁ ਹੈ। ਮੈਂ ਜੇ ਨਾ ਦੂਵਦਾ ਤਾਂ ਕਿਉਂ ਦਿਆਨਤਦਾਰ ਹੁੰਦੇ ਹੋਏ ਖੁਨਾਮੀਆ ਹੋ ਜਾਂਦਾ। ਇਹ ਦੂਵਣਾ ਗੁਰਸਿਖੀ ਦਾ ਗੁਣ ਹੈ, ਪਰ ਮੇਰੇ ਨਾਲ ਕੀਹ ਵਰਤੀ! """ਦੂਵਣਾ ਦੋ ਪ੍ਰਕਾਰਦਾ ਹੋਣਾ ਹੈ–ਇਕ ਤਾਂ ਵਾਹਿਗੁਰੂ ਜੀ ਦੇ ਪ੍ਰੇਮ ਵਿਚ ਦੂਵਣਾ, ਦੂਜੇ ਪਰ ਪੀੜਾ ਪੁਰ ਦੂਵਣਾ, ਪਰ ਪਰਾਈ ਪੀੜਾ ਤੇ ਦੂਵਣਾ ਫਿਰ ਦੋ ਪ੍ਰਕਾਰ ਦਾ ਸਹੀ ਹੁੰਦਾ ਹੈ, ਇਕ ਤਾਂ ਅਕਲਮੰਦੀ ਨਾਲ ਤੇ ਇਕ ਮਨ ਤੇ ਸ਼ਰੀਰ ਦੀ ਕਮਜ਼ੋਰੀ ਨਾਲ ਰੁੜ੍ਹ ਪਿਆਂ। ਮੈਂ ਜਿਸ ਨੂੰ ਆਪਣਾ ਗੁਣ ਜਾਣਿਆ ਸੀ, ਉਹ ਮੇਰੇ ਮਨ ਦੀ ਕਮਜ਼ੋਰੀ ਦਾ ਰੋੜ੍ਹ ਸੀ, ਜਿਸਨੂੰ ਲੋਕੋਕਤੀ ਐਉਂ ਦੱਸਦੀ ਹੈ–'ਜਿਸ ਲਾਈ ਗੱਲੀਂ, ਓਸੇ ਨਾਲ ਉਠ ਚਲੀ।' ਐਸੇ ਆਦਮੀਆਂ ਨੂੰ ਲਾਈ ਲਗ ਕਹਿੰਦੇ ਹੋਣਗੇ, ਕਿਉਂਕਿ ਜੇ ਮੇਰੇ ਵਿਚ ਦੂਵਣਤਾ ਉਹ ਹੁੰਦੀ ਜੋ ਗੁਰੂ ਜੀ ਨੇ ਫੁਰਮਾਈ ਹੈ:

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥
ਹਰਿ ਦਰਗਹ ਕਹੁ ਕੈਸੇ ਗਵੈ॥ [ਸੁਖ:

ਤਦ ਮੈਨੂੰ ਦੁੱਖ ਨਾ ਹੁੰਦਾ। ਮੈਨੂੰ ਦੁੱਖ ਹੋਇਆ ਹੈ ਤਾਂ ਤੇ ਮੇਰੀ ਦੂਵਣਤਾ ਮੇਰੇ ਮਨ ਦੀ ਕਮਜ਼ੋਰੀ ਸੀ, ਜਿਸ ਨੇ ਦਿਆਨਤਦਾਰੀ ਦੇ ਇਖ਼ਲਾਕੀ ਗੁਣ ਨੂੰ ਗੁਵਾ ਲਿਆ। ਪਰ ਹਾਇ ਇਹ ਸੋਚਾਂ ਮੈਨੂੰ ਤਦੋਂ ਕਿਉਂ ਨਾ ਫੁਰੀਆਂ। ਮੇਰੀ ਮਨ-ਕਮਜ਼ੋਰੀ ਨੇ ਮੇਰੀ ਅਕਲ ਦੇ ਤੋਲ ਨੂੰ ਉਸ ਵੇਲੇ ਝਿਲਮਿਲਾ ਕਰ ਦਿੱਤਾ ਸੀ। ਫਿਰ ਸੋਚੇ, ਮੈਂ ਕੋਈ ਆਪ ਤਾਂ ਨਹੀਂ ਖਾ ਗਿਆ, ਮੈਂ ਭਾਵੇਂ ਭੁੱਲ ਕੇ ਕੁਛ ਦਿੱਤਾ ਪਰੰਤੂ ਦਿੱਤਾ ਤਾਂ ਪਰਉਪਕਾਰ ਵਿਚ ਹੈ। ਇਸ ਹਿਸਾਬ ਮੈਂ ਅਪਾਧੀ ਨਹੀਂ, ਪਰ ਦੂਸਰੇ ਹਿਸਾਬ ਅਨ-ਆਗਜਾਕਾਰੀ ਤੇ ਦੋਸ਼ੀ ਹਾਂ। ਇਸ ਤਰ੍ਹਾਂ ਦੇ ਲਹਾ ਚੜ੍ਹਾ ਲੱਗੇ ਰਹੇ। ਅੰਤ ਕੁਛ ਦਿਨ ਸੋਚ ਸਾਚ ਕੇ ਹੌਸਲਾ ਪਰਤਿਆ ਤੇ ਵੀਚਾਰ ਕੀਤੀ ਕਿ ਇਹੋ ਗੱਲ ਗੁਰੂ ਜੀ ਨੂੰ ਲਿਖ ਕੇ ਕਿਉਂ ਨਾ ਘੱਲਾਂ ਤੇ ਘੱਲਾਂ ਕਵਿਤਾ ਵਿਚ। ਇਕ ਤਾਂ ਆਪ ਬਖਸ਼ਿੰਦ ਹਨ, ਦੂਜੇ ਮੇਰੀ ਕਮਜ਼ੋਰੀ ਦੇਖ ਲੈਣਗੇ ਤੇ ਮੇਰੇ ਬਦਦਿਆਨਤੀ ਵਾਲੇ ਪੱਖ ਵਿਚ ਨਿਰ ਅਪਾਧਤਾ ਤੱਕ ਲੈਣਗੇ, ਤੀਸਰੇ ਵਿਦਜਾ ਤੇ ਵਿਦਵਾਨਾਂ ਦੇ ਦਾਤਾ ਹਨ, ਹੋ ਸਕਦਾ ਹੈ ਮੇਰੀ ਟੁੱਟੀ ਫੁੱਟੀ ਕਵਿਤਾ ਤੇ ਰੀਝ ਪੈਣ। ਇਉਂ ਵਿਚਾਰਕੇ ਉਸ ਨੇ ਇਹ ਕਵਿਤਾ ਲਿਖਕੇ ਸ੍ਰੀ ਹਜ਼ੂਰ ਦੇ ਚਰਨਾਂ ਵਿਚ ਘੱਲੀ–

ਕਲਮੋ ਬਾਚ॥ ਦੋਹਰਾ॥
ਮੁਖ ਕਾਰਾ ਮੇਰੇ ਕਰੈ ਕਰਤ ਨ ਪਰਉਪਕਾਰ॥
ਤਾਹੂ ਕੋ ਮਨ ਕਰਤ ਨਿਜਕਾਰੇ ਬਦਨਨਿਹਾਰ॥੬੭॥
ਫਟ ਛਾਤੀ ਦੋਟੁਕਭਈ ਰੁਦਨ ਕਰਤ ਲਿਖ ਜਾਤ॥
ਪਰਸ੍ਵਾਰਥਉਪਕਾਰ ਬਿਨਮੁਝੈ ਨ ਸੁਪਨੇਸ਼ਾਂਤ॥੬੮॥
ਚੌਪਈ॥ ਯੌ ਲਿਖਨੀ ਬਚ ਹੈ ਬਰ ਰਰਾ॥
ਸੋ ਪਕਰਾਈ ਗੁਰ ਮੁਰ ਕਰਾ॥
ਯੌ ਉਪਕਾਰ ਨਾਥ ਨਾ ਕਰੋਂ॥
ਤੱਦਪਿ ਤੁਮ ਤੇ ਬਹੁ ਬਿਧਿ ਡਰੋਂ॥੬੯॥
ਯੌ ਸਿਖ ਤੁਮਰੀ ਦਈ ਦੁਹਾਈ॥
ਤੇ ਮਮ ਟੋਂਬੂ ਦਯੋ ਕਰਾਈ॥
ਭੂਲਨ ਮੱਧ ਸਦਾ ਇਹ ਜੰਤੂ॥
ਸਤਿਗੁਰ ਹੈ ਬਖਸ਼ੰਦ ਬਿਅੰਤ॥ ੭੦॥
ਮੇਰੀ ਖਤਾ ਓਰ ਨਹੀਂ ਜਾਨਹੁ॥
ਅਪਨੋ ਲੀਜੈ ਬਿਰਦ ਪਛਾਨਹੁ॥
ਸਰਬ ਲੱਛ ਜਗ ਮੈਂ ਇਹ ਤੋਰੀ॥
ਖਾਵਤ ਭੁੰਚ ਜੀਵ ਕਰਿ ਜੋਰੀ*॥ ੭੧॥
[ਰੁ: ਬਿ: ਸੁ: ਸਿੰ:

ਇਹ ਕਵਿਤਾ ਪੜ੍ਹ ਕੇ ਸਤਿਗੁਰੂ ਜੀ ਦੱਸ ਪਏ ਤੇ ਬੋਲੇ: ਸਿੱਖ ਨੇ ਬਦਨੀਯਤੀ ਨਾਲ ਪਹੇਮਾਨਗੀ

*ਇਸ ਕਵਿਤਾ ਦਾ ਇਕ ਪਾਠਾਂਤਰ ਹੈ ਜੋ ਭਾਈ ਸੰਤੋਖ ਸਿੰਘ ਜੀ ਨੇ ਐਉਂ ਲਿਖਿਆ ਹੈ– ਕਲਮੋ ਵਾਚ॥
ਦੋਹਰਾ–ਮੁਖ ਕਾਰਾ ਮੇਰੇ ਕਰੈਂ, ਕਰਤ ਨ ਪਰਉਪਕਾਰ॥
ਤਿਸਕੇ ਮੈਂ ਫਿਰ ਕਰਉਂਗੀ, ਪਲਟਾ ਇਹੁ ਦਰਬਾਰਿ॥
ਫਟ ਛਾਤੀ ਦੋ ਟੁਕ ਭਈ, ਰੁਦਨ ਕਰਤ ਲਿਖ ਜਾਤਿ॥
ਪਰਸ੍ਵਾਰਥ ਉਪਕਾਰ ਬਿਨ, ਮੋਹਿ ਨ ਉਪਜਤ ਸ਼ਾਂਤਿ॥
ਚੌ:–ਐਸੇ ਕਲਮ ਕਹਤਿ ਸਭਿ ਸਾਥ। ਸੋ ਪਕਰਾਈ ਗੁਰ ਮੁਰਿ ਹਾਥਿ। ਗੁਰ ਕੀ ਆਨ ਜਥਹਿ ਸਿਖ ਕੀਨੀ। ਸਹੀ ਨ ਮੈਂ, ਚਿਠੀ ਲਿਖ ਦੀਨੀ। ਸਰਬ ਲੱਛਮੀ ਜਗ ਤੁਮਾਰੀ। ਭੁੰਚਤ ਹੈ ਇਹ ਸਿਸ਼ਟੀ ਸਾਰੀ। ਛਿਮਹੁ ਗੁਰੂ ਅਪਰਾਧ ਹਮਾਰਾ। ਸਦ ਬਖਸ਼ਿੰਦ ਹੈ ਬਿਰਦ ਤੁਹਾਰਾ।

ਨਹੀਂ ਕੀਤੀ, ਗੁਰੂ ਦੀ ਆਨ ਸੁਣ ਕੇ ਦ੍ਰਵ ਗਿਆ ਹੈ।'''ਵਿਦਵਾਨ ਹੈ, ਕਵੀ ਹੈ, ਗੁਣੀ ਹੈ, ਜਾਓ ਲੈ ਆਓ। ਸੋ ਆਸਾ ਸਿੰਘ ਨੇ ਆ ਚਰਨ ਪਰਸੇ ਤੇ ਹੰਝੂਆਂ ਦੇ ਮਾਨੋਂ ਗੁਲਾਬ-ਛਿਣਕਾਉ ਨਾਲ ਤੋਲ ਪਏ ਕਮਲ ਵਾਙੂ ਮੋਤੀ ਮੋਤੀ ਕਰ ਦਿੱਤੇ। ਤਦ 'ਵਿਦਜਾ ਅਧਿਪਤੀ' ਜੀ ਨੇ ਸਿਰ ਤੇ ਹੱਥ ਦੇਕੇ ਉਚਿਆਇਆ ਤੇ ਫੁਰਮਾਇਆ—ਆਸਾ ਸਿੰਘ ਨੂੰ ਪੱਗ ਬੰਨ੍ਹਾਓ, ਸਿਰੋਪਾਉ ਵਜੋਂ। ਲੈ ਬਈ ਪਰਉਪਕਾਰ ਲਈ ਚੱਲਣ ਵਾਲੀ ਕਲਮ ਦੇ ਕਲਮਕਸ਼ ! ਪਰ ਅਸੋਚਵਾਨ।'''ਦਿਓ ਬਈ ਉਹੋ ਕਲਮ ਇਸਦੇ ਹੱਥ, ਪਰ ਕਲਮ ਦਿਮਾਗ਼ ਨਾਲ ਇਕਸੁਰ ਹੋਕੇ ਟੁਰੇ, ਨਿਰੇ ਹੱਥਾਂ ਨਾਲ ਚਲਾਈ ਕਲਮ ਚੀਚ ਗਲੋਲੇ ਵਾਹੁੰਦੀ ਹੈ। ਆਸਾ ਸਿੰਘ ! ਪਰਉਪਕਾਰ ਦੇ ਚਰਨ ਦਾਨਾਈ ਦੇ ਹਨ।

ਚਿੜੀਆ ਪਰ ਉਪਕਾਰਦੀ, 'ਦਰਦ'
'ਉਦਾਰਤਾ' ਖੰਭ। ਦਾਨਾਈ ਦੇ ਪੈਰ ਪਰ,
ਪ੍ਰਭੂ ਟੇਕ ਅਵਿਲੰਬ* ।

੬. ਹੰਸ ਰਾਮ।

ਇਹ ਕਵੀ ਗੁਰੂ ਕੇ ਦਰਬਾਰ ਦਾ ਇਕ ਪ੍ਰਬਲ ਕਵੀ ਹੋਇਆ ਹੈ। ਇਸ ਦੀ ਇਕ ਰਚਨਾ—ਮਹਾਂ ਭਾਰਤ ਦੇ ਕਰਣ ਪਰਬ ਦਾ ਭਾਸ਼ਾਵਿਚ ਅਨੁਵਾਦ—ਹੈ†। ਇਸ ਵਿਚ ਲਿਖੇ ਕਵੀ ਦੇ ਆਪਣੇ ਲੇਖ ਤੋਂ ਅੰਦਾਜ਼ਾ ਲਗਦਾ ਹੈ ਕਿ ਸ੍ਰੀ ਗੁਰੂ ਜੀ ਵਿਦਜਾ ਦੀ ਸਰਪ੍ਰਸਤੀ ਕਿੱਡੀ ਉਦਾਰਤਾ ਨਾਲ ਕਰਦੇ ਹੁੰਦੇ ਸਨ। ਹੋਰ ਨਿਤ ਦਾਨ ਤੋਂ ਛੁੱਟ ਹੰਸਰਾਮ ਨੂੰ ਗੁਰੂ ਜੀ ਨੇ ਸੱਠ ਹਜ਼ਾਰ ਰੁਪੱਯਾ ਦਿੱਤਾ ਸੀ। ਦੇਖੋ ਇਕ ਇਕ ਪਰਬ ਤਰਜੁਮੇ ਲਈ ਇਤਨੀ ਇਤਨੀ ਭਾਰੀ ਰਕਮ ਦਾਨ ਦੇ ਕੇ ਵਿਦਵਾਨ ਰਖ ਲੈਣੇ ਕਿਤਨੀ ਭਾਰੀ ਵਿਦਜਾ ਦੀ ਕਦਰਦਾਨੀ ਹੈ। ਜਿਸਦੀ ਸਾਖ ਕਵੀ ਆਪ ਐਉਂ ਭਰਦਾ ਹੈ—

ਪ੍ਰਿਥਮ ਕ੍ਰਿਪਾ ਕਰਿ ਰਾਖ ਕਰਿ ਗੁਰ ਗੋਬਿੰਦ
ਉਦਾਰ। ਟਕਾ‡ ਕਰੇ ਬਖਸ਼ੀਸ਼ ਤਬ ਮੋਕੋ
ਸਾਠ ਹਜ਼ਾਰ। ਤਾਂ ਕੋ ਆਯਸੁ* ਪਾਇਕੈ
ਕਰਣ ਪਰਬ ਮੈਂ ਕੀਨ। ਭਾਖਾ ਅਰਥ ਵਚਿਤ੍ਰ
ਕਰ ਸੁਨੇ ਸੁਕਵਿ ਪਰਬੀਨ।

[ਕਰਣ ਪਰਬ ਦਾ ਉਲਥਾ ਅਰੰਭ]

ਸੰਬਤ ਸਤ੍ਰਾਂ ਸੈ ਬਰਸ ਬਾਵਨ ਬੀਤਨਹਾਰਾਂ। ਮਾਰਗ ਵਦਿ ਤਿਥਿ ਦੂਜ ਕੋ ਤਾਂ ਦਿਨ ਮੰਗਲਵਾਰ‡। ਹੰਸਰਾਮ ਤਾਂ ਦਿਨ ਕਰਜੋ 'ਕਰਨ ਪਰਬ§' ਆਰੰਭ।

[ਗੁਰੂ ਜੀ ਤੇ ਅਨੰਦ ਪੁਰ ਦਾ ਵਰਣਨ]

ਕੌਨ ਬਡੋ ਯਾ ਜਗਤ ਮੈਂ ਕੋ ਦਾਤਾ ਕੋ ਸੂਰ ?
ਕਾਂਕੇ ਰਣ ਅਰੁ ਦਾਨ ਮੈ ਮੁਖ ਪਰ ਬਰਸਤ ਨੂਰ ?
ਰਚਜੋ ਬ੍ਰਹਮ ਕਰ ਆਪਨੇ ਦੀਨੋ ਭੂ ਕੋ ਭਾਰ,
ਸੋ ਤੋ ਗੁਰੂ ਗੋਬਿੰਦ ਹੈ ਨਾਨਕ ਕੋ ਔਤਾਰ।
ਐਸੇ ਕਾਹੂੰ ਕੇ ਨਹੀਂ ਸੁਰ ਸੁਰਪਤਿ ਕੇ ਭੌਨ,
ਈਸ਼ ਮੁਨੀਸ਼ ਦਿਲੀਸ਼ ਏ ਨਰ ਨਰੇਸ਼ ਕੇ ਕੌਨ ?
ਚਾਰ ਬਰਨ ਚਾਰੋਂ ਜਹਾਂ ਆਸ਼੍ਰਮ ਕਰਤ ਅਨੰਦA,
ਤਾਂ ਕੋ ਨਾਮ ਅਨੰਦ ਪੁਰ ਹੈ ਅਨੰਦ ਕੋ ਕੰਦ।

[ਅਸੀਸ]

ਕਬਿੱਤ—ਕਾਯਮ ਕੁਬੇਰ ਸਾਤ ਸਾਯਰB ਸੁਮੇਰ ਜੌ ਲੌ, ਕੀਰਤਿ ਕਰਨ ਕੀ ਕਰਨ ਅਵਗਾਹਬੀC। ਜੌ ਲੌ ਪੌਣ ਪੰਨਗ ਪ੍ਰਬਲ ਪੁਹਮੀ ਕੋ ਭਾਰD, ਪਾਰਥ ਕੋ ਜੌ ਲੌ ਪੁਰਖਾਰਥ ਸਰਾਹਬੀE। ਜੌ ਲੌ ਸ਼ਿਵ ਸਲਿਤਾF ਸੁ ਕਵਿ 'ਹੰਸਰਾਮ' ਕਹੈ ਜੌ ਲੌ ਰਾਮ ਰਾਵਨ ਕੋ ਰਾਮਾਯਨ ਚਾਹ ਬੀ। ਜੌ ਲੌ ਧ੍ਰੁਵ ਧਰਨਿ ਤਰੁਨG ਤੇਜ ਰਾਜੈ ਜਗ ਤੌ ਲੌ ਸ੍ਰੀ ਗੁਬਿੰਦ ਸਿੰਘ ਤੇਰੋ ਸੀਸ ਸਾਹਿਬੀ।

[ਮੁਕਤੀ ਦਾਤਾ]

ਕਵੀ ਹੰਸ ਰਾਮ ਜੀ ਗੁਰੂ 'ਗੋਬਿੰਦ ਸਿੰਘ' ਜੀ

---

*ਪਰਉਪਕਾਰ ਦੇ ਪੰਛੀ ਦੇ ਖੰਭ ਹਮਦਰਦੀ ਤੇ ਉਦਾਰਤਾ (ਸਖੀਪਨਾ) ਹੈਨ, ਪਰੰਤੂ ਪੈਰ ਇਸ ਪੰਛੀ ਦੇ ਦਾਨਾਈ ਦੇ ਹਨ ਤੇ ਹੀਏ ਦਾ ਭਾਵ—ਵਾਹਿਗੁਰੂ ਜੀ ਦੀ ਟੇਕ ਹੈ। †ਇਹ—ਕਰਣ ਪਰਬ—ਦਾ ਅਨੁਵਾਦ ਹਸਰਾਮ ਦਾ ਕੀਤਾ ਹੋਯਾ ਹੁਣ ਪਟਿਆਲੇ ਦੀ ਲਾਇਬ੍ਰੇਰੀ ਵਿਚ ਹੈ। ਨੰਬਰ—੧-੧੦ ਵਾਂ ਹੈ। ‡ਰੁਪਏ।

*ਆਗਜਾ। †੧੭੫੨। ‡ਮੱਘਰ ਵਦੀ ਦੂਜ ਮੰਗਲਵਾਰ। §ਮਹਾਂ ਭਾਰਥ ਦਾ ਇਕ ਧਿਆਯ।

Aਆਨੰਦ ਪੁਰ ਥੋਹਾਂ ਵਰਣਾਂ ਤੇ ਚੌਹਾਂ ਹੀ ਆਸ਼੍ਰਮਾਂ ਦੇ ਲੋਗ ਗੁਰੂ ਜੀ ਨੇ ਵਸਾਏ, ਏਹ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਅਮਲੀ ਵਰਤਾਉ ਦੀ ਅੱਖੀਂ ਡਿੱਠੀ ਉਗਾਹੀ ਹੈ।

Bਸੱਤ ਸਮੁੰਦਰ। Cਜਦ ਤਕ (ਦਾਨੀ) ਕਰਨ ਦੀ ਕੀਰਤੀ ਨੂੰ ਕੰਨ ਗ੍ਰਹਿਣ ਕਰਦੇ ਰਹਿਣਗੇ। Dਭਾਵ, ਜਦ ਤਕ ਧਰਤੀ ਦੇ ਭਾਰ ਨੂੰ ਸ਼ੇਸ਼ਨਾਗ ਚੁੱਕਣ ਨੂੰ ਪ੍ਰਬਲ ਹੈ ਤੇ ਵਾਯੂ ਚੁੱਕਣ ਨੂੰ ਧਰਤੀ ਪ੍ਰਬਲ ਹੈ। Eਅਰਜੁਨ ਦੇ ਪੁਰਖਾਰਥ ਦੀ ਮਹਿਮਾ ਦੀ ਸਲਾਹੁਤਾ ਜਦ ਤਕ ਰਹੇਗੀ। Fਗੰਗਾ ਜਦ ਤਕ ਵਹੇਗੀ। Gਸੂਰਜ।

ਦੇ 'ਮੁਕਤੀ ਦਾਤਾ' ਹੋਣ ਬਾਬਤ ਆਪਣੇ ਕਬਿਤਾਂ ਵਿਚ ਸੁੰਦਰ ਵਰਣਨ ਕਰਦੇ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਸ ਮਹਾਂ ਬਲੀ ਨੇ ਅਪਣੇ ਬੀਰਰਸੀ ਠਾਠ ਵਿਚ ਸ਼ਾਂਤਿ ਰਸ ਦੇ ਕੰਮ ਨੂੰ ਇਸ ਖੂਬੀ ਨਾਲ ਕੀਤਾ ਸੀ ਕਿ ਹੰਸ ਰਾਮ ਵਰਗੇ ਵਿਦਵਾਨ ਨੇ ਉਨ੍ਹਾਂ ਨੂੰ ਪ੍ਰਤੱਖ ਦਰਸ਼ਨ ਕਰਦੇ ਹੋਏ 'ਅਵਤਾਰ ਸ਼ਿਰੋਮਣਿ' ਤੇ 'ਮੁਕਤੀ ਦਾਤਾ' ਮੰਨਿਆ, ਯਥਾ:—

ਅਵਧ ਅਨਾਏ ਕਹਾਂ, ਤਿਲਕ ਬਨਾਏ ਕਹਾਂ,
ਦ੍ਵਾਰਕਾ ਛਪਾਏ ਕਹਾਂ ਤਨ ਤਾਈਯਤਿ ਹੈ।
ਕੋਵਿਦ ਕਹਾਏ ਕਹਾਂ, ਬੇਨੀ ਕੇ ਮੁੰਡਾਏ ਕਹਾਂ
ਕਾਸੀ ਕੇ ਬਸਾਏ ਕਹਾਂ ਲਾਹਾ ਲਖੀਯਤ ਹੈ।
ਮੋਹਨ ਮਨਾਏ ਕਹਾਂ, ਭੂਪਤਿ ਰਿਝਾਏ ਕਹਾਂ
ਕਹਾਂ 'ਹੰਸਰਾਮ' ਜੋ ਧਰਾ ਮੈਂ ਧਾਈਯਤ ਹੈ।
ਚਾਰ ਹੂੰ ਬਰਨ ਤਾਂਕੇ ਹਰਨ ਕਲੇਸ਼ ਗੁਰ
ਗੋਬਿੰਦ ਕੇ ਚਰਨ ਮੁਕਤਿ ਪਾਈਯਤ ਹੈ*।

ਅਰਥ—੧. ਅਜੁੱਧਿਆ ਜਾਕੇ (ਸਰਜੂ ਨਦੀ ਵਿਚ) ਨ੍ਹਾਉਣ ਦੀ ਕੀ ਲੋੜ ਹੈ, ਮੱਥੇ (ਵਰਣਾਸ਼੍ਰਮੀ) ਤਿਲਕ ਲਾਉਣ ਦੀ ਕੀ ਲੋੜ ਹੈ, ਦ੍ਵਾਰਕਾ ਜਾਕੇ (ਤੱਤੇ) ਛਾਪੇ ਲੁਆਉਣ ਦੀ ਕੀ ਲੋੜ ਹੈ: ਤੇ ਕਾਹਨੂੰ ਐਵੇਂ ਤਨ ਤਪਾਈਦਾ ਹੈ (ਭਾਵ ਪੰਚ ਅਗਨੀਆਂ ਸੇਵੀਦੀਆਂ ਹਨ)। ੨. ਪੰਡਿਤ ਕਹਾਉਣ ਦਾ ਕੀ ਲਾਭ, ਬੋਦੀ ਮਨਾਉਣ (ਸੰਨਯਾਸੀ ਬਣਨ) ਦਾ ਕੀ ਲਾਭ,ਕਾਸ਼ੀ ਜਾਕੇ ਵੱਸਣ ਦਾ ਕੀ ਲਾਭ ਲਖੀਦਾ ਭਾਵ ਪਾਈਦਾ ਹੈ। ੩. ਮੋਹਨ (ਕ੍ਰਿਸ਼ਨ) ਨੂੰ ਮਨਾਉਣ ਦਾ, ਰਾਜੇ ਨੂੰ ਖੁਸ਼ ਕਰਨ ਦਾ, ਧਰਤੀ ਤੇ ਭਟਕਦੇ ਫਿਰਨ ਦਾ ਹੇ ਹੰਸਰਾਮ ਕੀ ਲਾਭ ਹੈ? ੪.ਜਦ ਕਿ ਚਹੁੰ ਵਰਨਾਂ ਦੇ ਕਲੇਸ਼ ਨੂੰ ਦੂਰ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਮੌਜੂਦ ਹਨ,ਜਿਨ੍ਹਾਂ ਤੋਂ ਕਿ ਮੁਕਤੀ ਪ੍ਰਾਪਤ ਹੁੰਦੀ ਹੈ।

[ਮਹਾਂ ਦਾਨੀ ਤੇ ਧਰ ਪੀੜਾ ਹਰਨ ਕਰਤਾਰ]

ਚਾਰੋਂ ਚੱਕ ਸੇਵੈਂ ਗੁਰੂ ਗੋਬਿੰਦ ਤਿਹਾਰੇ ਪਾਇ,
ਮੇਰੇ ਜਾਨੈ ਆਜ ਤੁਹੀ ਦੂਜੋ ਕਰਤਾਰ ਹੈਂ।
ਪਬਲ ਪ੍ਰਚੰਡ ਖੰਡ ਖੰਡ ਮਹਿ ਮੰਡਲ ਮੈਂ,
ਸਾਚੋ ਪਾਤਸ਼ਾਹ ਜਾਂਕੋ ਸਾਚੋ ਸਿਰ ਭਾਰ ਹੈ।
ਕਾਮਨਾ ਕੇ ਦਾਨ ਬਾਨ ਜਾਂਕੀ 'ਹੰਸਰਾਮ' ਕਹੈ,
ਪਰਮ ਧਰਮ ਦੇਖੇ ਬਿਬਿਧ ਬਿਚਾਰ ਹੈ।
ਪਰਮ ਉਦਾਰ ਪਰ ਪੀਰ ਕੋ ਹਰਨਹਾਰ,
ਕੌਨ ਜਾਨੈ ਕੌਨੈ ਭਾਂਤ ਲੀਨੋ ਅਵਤਾਰ ਹੈ।

੧. ਚਹੁੰ ਚੱਕਾਂ ਵਿਚ ਹੇ ਗੁਰੂ ਗੋਬਿੰਦ ਸਿੰਘ ਜੀ ਆਪ ਦੇ ਚਰਨ ਸੇਵੇ ਜਾ ਰਹੇ ਹਨ, ਮੇਰੀ ਸਮਝ ਵਿਚ ਤਾਂ ਤੂੰ ਅੱਜ ਦਾ ਦੂਜਾ ਕਰਤਾਰ ਹੈਂ। ੨.ਧਰਤੀ ਦੇ ਖੰਡਾਂ ਵਿਚ (ਦੁਸ਼ਟਾਂ ਨੂੰ ਦਲਨ ਦਾ ਆਪ ਦਾ) ਤੇਜ ਮਹਾਂ ਪ੍ਰਜ੍ਵਲਤ ਹੈ। ਸਚਾ ਪਾਤਸ਼ਾਹ ਤੇ ਜਿਸ ਨੇ ਸੱਚਾ ਬਿਰਦ ਸਿਰ ਤੇ ਲਿਆ ਹੋਇਆ ਹੈ। ੩. (ਲੋੜਵੰਦਾਂ ਦੀਆਂ) ਮੁਰਾਦਾਂ ਪੂਰਨ ਕਰ ਦੇਣਾ ਜਿਨ੍ਹਾਂ ਦਾ ਸੁਭਾਵ ਹੀ ਹੈ, (ਜਿਨ੍ਹਾਂ ਦੇ ਦੇਖੇ=) ਦਰਸ਼ਨ ਕਰਨ ਨਾਲ ਪੂਰਨ ਧਰਮ ਤੇ ਦੈਵੀ ਵਿਚਾਰ ਪ੍ਰਾਪਤ ਹੁੰਦਾ ਹੈ। ੪. ਬਹੁਤ ਵੱਡੇ ਦਾਤੇ ਹਨ, ਪਰਾਈ ਪੀੜਾ ਹਰਨ ਵਾਲੇ ਹਨ, ਕੀਕੂੰ ਜਾਣੀਏ ਕਿਉਂ (ਇਸ ਧਰਤੀ ਪਰ ਆਪ ਨੇ) ਅਵਤਾਰ ਲਿਆ ਹੈ!

[ਦੁਰੂ ਦਲ ਦੀ ਵਡ੍ਹਾਈ]

ਛਪਯ—ਡੁੱਲਤਿ ਅਪਰ ਨਰੇਸ਼ ਪ੍ਰਤਿ ਹੱਬਹਿ ਜਿਮ ਹੱਲੈ। ਸੂਖਤ ਸਾਇਰ ਸਲਲ, ਸੰਕ ਧੂਅ ਧਾਮ ਨ ਚੱਲੈ। ਖਲਕ ਖੈਲ ਖਲਭਲਤਿ ਭੈਲ ਭਰਹਿ ਤਿਲੋਕ ਮਹਿ। ਪਲਕ ਪੇਲ ਰਹ ਲੇਤ ਹੇਤ ਹੁੰਕਤਿ ਸੁ ਜੰਗ ਮਹਿੰ। ਕਹਿ ਹੰਸ ਰਾਮ ਸਤਿ ਸਿਮਰਕੈ ਸਕੁਚ ਰਹਿਤ ਦਿਗ-ਪਾਲ ਤਬਿ। ਧਸਮਸਤ ਧਰਨ ਦਲ ਭਾਰ ਤੇ ਸੋ ਬਿਰਚਰਾਇਂ ਗੋਬਿੰਦ ਜਬਿ।

੧. ਡੋਲਦੇ ਹਨ ਹੋਰ ਰਾਜੇ ਜਿਵੇਂ ਹੱਬ ਫੜਿਆ ਪੱਤਾ (ਹਵਾ ਨਾਲ) ਹਿੱਲਦਾ ਹੈ। ੨. ਸਮੁੰਦਰ ਦਾ ਪਾਣੀ ਸੁੱਕਦਾ ਹੈ ਤੇ ਧ੍ਰੂ ਸੰਕਮਾਨ ਹੋ ਜਾਂਦਾ ਹੈ ਕਿ ਮਤਾਂ ਮੇਰਾ ਧਾਮ ਚਲਾਇਮਾਨ ਨਾ ਹੋ ਜਾਏ। ੩. ਸਮੂਹ ਖ਼ਲਕਤ ਵਿਚ ਖੜਬੜਾਟ ਪੈਂਦੀ ਹੈ (ਤੇ ਉਹ ਉੱਠ ਭਜਦੀ ਹੈ ਅਰ ਤ੍ਰਿਲੋਕੀ ਤੇ ਭੈ ਛਾ ਜਾਂਦਾ ਹੈ। (ਭੈਲ=ਭੈ ਮਿਯੁਕਤ ਹੋਣਾ]। ੪. ਕਿਲ੍ਹਾ ਲੈਣ ਵਾਸਤੇ ਜੰਗ ਵਿਚ ਜਦ ਹੰਗੂਰਾ ਮਾਰਦੇ ਹਨ ਤਦ ਪਲ ਵਿਚ ਕਿਲ੍ਹਾ ਮਾਰ ਲੈਂਦੇ ਹਨ।੫.ਹੰਸਰਾਮ ਕਹਿੰਦਾ ਹੈ ਤਦੋਂ (ਗੁਰੂ ਜੀ ਦੀ) ਸਤਜਾ ਨੂੰ ਯਾਦ

*ਇਸੇ ਤਰ੍ਹਾਂ ਦਾ ਛੰਦ ਇਸੇ ਖਿਆਲ ਪੂਰਤੀ ਦਾ ਇਕ ਹੋਰ ਹੈ ਜਿਸ ਲਈ ਦੇਖੋ ਬੇਛਾਪ ਧਿਆਯ—ਛੰਦਦੀ ਪਹਿਲੀ ਸਤਰ ਇਹ ਹੈ—
ਕੋਨ ਬਨਾਰਸੀ ਬਾਸ ਕਰੈ ਜਹਿਂ ਬਾਸਕ ਨਾਗ ਹੀਏ ਮੈ ਲਸੈ।

ਕਰਕੇ* ਹੀ ਦਿਗਪਾਲ ਡਰੇ ਰਹਿੰਦੇ ਹਨ। ੬.ਜਦ ਗੁਰੂ ਜੀ ਦਲਾਂ ਨੂੰ ਨਾਲ ਲੈਕੇ ਫਿਰਦੇ ਹਨ ਤਦ ਭਾਰ ਨਾਲ ਧਰਤੀ ਧਸਕਦੀ ਹੈ।

ਦੁੰਦਭੀ ਧੁੰਕਾਰੇ ਬਾਜੇ ਮਾਨੋ ਜਲਧਰ ਗਾਜੇ,
ਰਾਜਤ ਨਿਸ਼ਾਨ ਭਯ ਭਾਨੁ ਛਿਪੇ ਜਾਤ ਹੈਂ।
ਹਾਥਿਨਿ ਕੇ ਹਲਕਾ ਹਜ਼ਾਰਨਿ, ਚਾਨੇ ਕੋ ਹਯ,
ਝਟਤਿ ਜਵਾਹਰ ਜੇ ਜਗਮਗ ਗਾਤ ਹੈਂ।
ਕੋਰ ਸਾਜੇ ਜੋਰ ਕਰ ਨਾਲਨ ਕੋ ਸ਼ੋਰ ਸੁਨੇ,
ਸੰਕਤਿ ਸੁਰੇਸ਼ ਔ ਨਰੇਸ਼ ਬਿਲਖਾਤ ਹੈਂ।
'ਹੰਸਰਾਮ' ਕਹਿਤ, ਬਿਰਾਜੇ ਜਿਨ ਭਾਜੇ
ਗੁਰਗੋਬਿੰਦ ਕੋ ਮਾਂਗੇ ਕਵਿਰਾਜ ਚਲੇ ਜਾਤ ਹੈਂ।

੧. ਦੁੰਦਭੀ ਧੁੰਕਾਰਦੀ ਤੇ ਵੱਜਦੀ ਹੈ (ਐਸੀ ਕਿ) ਮਾਨੋ ਬੱਦਲ ਗੱਜਦੇ ਹਨ, ਝੰਡਿਆਂ ਦੇ ਫਹਿਰਾਉਣ ਨਾਲ ਡਰ ਖਾਕੇ ਸੂਰਜ ਹੁਰੀਂ ਛੁਪੇ ਜਾ ਰਹੇ ਹਨ। ੨. ਹਾਥੀਆਂ ਦੇ ਨਗ ਹਜ਼ਾਰਾਂ ਹਨ ਤੇ ਘੋੜਿਆਂ ਨੂੰ ਗਿਣੇ ਹੀ ਕੌਣ? ਜਿਨ੍ਹਾਂ ਦੇ ਸਰੀਰ ਜੜਾਊ ਗਹਿਣਿਆਂ ਨਾਲ ਜਗਮਗ ਜਗ ਮਗ ਕਰ ਰਹੇ ਹਨ। [ਅ:, ਹੁਲਕਰ=ਨਗ। ਅਦਦੁ]। ੩. (ਇਨ੍ਹਾਂ ਦੀਆਂ) ਕਤਾਰਾਂ ਜੁੜਕੇ (ਜਦੋਂ ਦਲਦੀਆਂ ਹਨ ਤਾਂ ਉਨ੍ਹਾਂ ਦੀਆਂ) ਨਾਅਲਾਂ ਦਾ ਸ਼ੋਰ ਸੁਣਕੇ (ਪ੍ਰਿਥਵੀ ਦੇ) ਰਾਜੇ ਘਾਬਰਦੇ ਹਨ ਤੇ (ਸੁਰਗਾਂ ਦਾ) ਇੰਦਰ ਡਰਦਾ ਹੈ। ੪. ਹੰਸਰਾਮ ਕਹਿੰਦਾ ਹੈ ਕਿ (ਹੇ ਸੁਰੇਸ਼ੋ ਨਰੇਸ਼ੋ) ਟਿਕੇ ਰਹੋ ਨੱਸੋ ਨਾ (ਇਹ ਫੌਜ ਨਹੀਂ ਚੜ੍ਹਕੇ ਆਈ ਇਹ ਤਾਂ) ਗੁਰੂ ਗੋਬਿੰਦ ਸਿੰਘ ਜੀ ਤੋਂ ਦਾਨ ਲੈਕੇ ਕਵੀਰਾਜ (ਘੋੜੇ ਤੇ ਹਾਥੀਆਂ ਤੇ ਚੜ੍ਹੇ) ਜਾ ਰਹੇ ਹਨ‡।

[ਗੁਰੂ ਦਰਬਾਰ ਦਾ ਜਲਾਲ]

ਜਿਨ ਕੋ ਪ੍ਰਤਾਪ ਪਰਿ ਪੂਰਨ ਪੁਰਖ ਪਰਿ,
ਸੋਊ ਤੇਰੇ ਚਰਨ ਕੋ ਕਰਤ ਬਖਾਨ ਹੈਂ।
ਜਿਨ੍ਹੈ ਚਾਹ ਚੱਕ੍ਰਵੈ ਚਕਿਤ ਹੋਤ 'ਹੰਸਰਾਮ'
ਤੇਊ ਤੇਰੇ ਚਾਹਿਬੇ ਕੋ ਧਾਰਤ ਧਿਆਨ ਹੈਂ।
ਜਿਨ ਕੋ ਬਿਜਯ ਪਾਰਾਵਾਰ ਪਾਰ ਦੇਖੀਯਤਿ,
ਪ੍ਰਬਲ ਪ੍ਰਚੰਡ ਸੁਨੇ ਜ਼ਾਹਰ ਜਹਾਨ ਹੈਂ।
ਜਿਨ ਕੋ ਨ ਦਰਬਾਰ ਪਾਯਤ ਮਹੀਨਿਕ ਲੌ,
ਤੇਊ ਤੇਰੇ ਦਰਬਾਰ ਦੇਖੇ ਦਰਬਾਨ ਹੈਂ।

੧. ਜਿਨ੍ਹਾਂ ਦਾ ਪ੍ਰਤਾਪ ਪ੍ਰਿਥਵੀ ਉਤੇ (ਭਰਪੂਰ ਹੈ=) ਫੈਲ ਰਿਹਾ ਹੈ, ਓਹ ਤੇਰੇ ਚਰਨਾਂ (ਦਾ ਯਸ਼) ਵਰਣਨ ਕਰਦੇ ਹਨ। ੨. ਜਿਨ੍ਹਾਂ (ਰਿਖੀਆਂ ਮੁਨੀਆਂ ਸਿੱਧਾਂ) ਨੂੰ ਚੱਕ੍ਰਵਰਤੀ ਰਾਜੇ ਦੇਖ ਕੇ ਚੱਕ੍ਰਿਤ ਹੁੰਦੇ ਹਨ, ਓਹ ਆਪ ਦੇ ਦਰਸ਼ਨਾਂ ਲਈ ਧਿਆਨ ਧਾਰਦੇ ਹਨ। ੩. ਜਿਨ੍ਹਾਂ (ਰਾਜਿਆਂ) ਦੀ ਫਤਹ ਸਮੁੰਦਰੋਂ* ਪਾਰ ਦੇਖੀਦੀ ਹੈ ਤੇ ਜਿਨ੍ਹਾਂ ਦਾ ਪ੍ਰਬਲ ਤੇਜ ਜਗਤ ਵਿਚ ਪ੍ਰਗਟ ਸੁਣੀਦਾ ਹੈ, ੪. (ਅਤੇ) ਜਿਨ੍ਹਾਂ (ਰਾਜਿਆਂ) ਦੇ ਦਰਬਾਰ ਵਿਚ ਮਹੀਨਿਆਂ ਤੱਕ (ਜਾਣਾ ਨਹੀਂ) ਪਾ ਸਕੀਦਾ ਓਹ ਰਾਜੇ ਤੇਰੇ ਦਰਵਾਜੇ ਤੇ ਦਰਬਾਨ ਤੱਕੀਦੇ ਹਨ, (ਅਥਵਾ ਦਰਵਾਜ਼ੇ ਤੇ ਉਡੀਕਦੇ ਦੇਖੀਦੇ ਹਨ)।

[ਸਰਬ ਗੁਣ ਸੰਪੰਨਤਾ]

ਕਰਨ ਸੋ ਦਾਤਾ ਹੋ, ਬਿਧਾਤਾ ਮਹੀ ਮੰਡਲ ਕੋ,
ਬੈਰੀ ਕੋ ਬਿਹੰਡਨਿ ਪ੍ਰਚੰਡ ਭੂਅ ਭਾਰ ਕੋ।
ਪੁਰਖ ਪੁਰਾਨ ਸੋ ਪੁਰਾਨਨ ਮੈਂ ਗਾਈਯਤਿ
ਸਾਚੇ ਗੁਰ ਗੋਬਿੰਦ ਅਧਾਰ ਨਿਰਾਧਾਰ ਕੋ।
ਜੌਨ ਤੇਰੀ ਕੀਰਤਿ ਜਗਾਤੇ ਜੰਬੂ ਦੀਪ ਕੈ ਕੈ,
ਪਸਰੇ ਉਜਾਰੋ ਪਰਸਤ ਪਾਰਾਵਾਰ ਕੋ।
ਗੁਨ ਕੋ ਬੰਸ ਚਲਿ ਆਈ 'ਹੰਸਰਾਮ' ਸਦਾ
ਗੁਨੀ ਸੋਂ ਉਦਾਰ, ਤੋਰਾਦਾਰ ਤਰਵਾਰ ਕੋ।

੧. 'ਕਰਨ' ਵਰਗੇ ਦਾਤੇ ਹੋ, ਪ੍ਰਿਥਵੀ ਮੰਡਲ ਦੇ ਰਚਨਹਾਰ ਹੋ, ਵੈਰੀ ਦੇ ਨਾਸ਼ ਕਰਨ ਨੂੰ (ਅਤੇ) ਧਰਤੀ ਦੇ ਭਾਰ ਉਤਾਰਨ ਨੂੰ ਮਹਾਂ ਤੇਜੱਸ੍ਵੀ ਹੋ, (ਅ) ਪ੍ਰਿਥਵੀ ਤੇ ਭਾਰ ਰੂਪ ਜੋ ਵੈਰੀ ਹਨ ਉਨ੍ਹਾਂ ਦੇ ਨਾਸ਼ ਕਰਤਾ ਹੋ। ੨. ਪੁਰਾਣਾਂ ਵਿਚ ਤੁਸੀਂ ਪੁਰਾਤਨ ਪੁਰਖਾਂ ਕਰਕੇ ਗਾਇਨ ਕੀਤੇ ਗਏ ਹੋ, ਹੇ ਸੱਚੇ ਗੁਰੂ ਗੋਬਿੰਦ ਸਿੰਘ ਜੀ ਆਪ ਨਿਆਸਰਿਆਂ ਦੇ ਆਸਰਾ ਹੋ। ੩. ਜੰਬੂ (ਦੀਪ) ਵਿਚ ਆਪ ਦੀ ਜਿਸ ਕੀਰਤੀ

*ਸਤਿ=ਸਤ੍ਯ। (ਅ) ਹੰਸਰਾਮ ਸਚ ਕਹਿੰਦਾ ਹੈ। (ਏ) ਸਤਿ-ਸਤਿਗੁਰ ਦਾ ਸੰਖੇਪ।

†(ਅ) 'ਕਰਨਾਲਨ' ਪਾਠ ਕਰਕੇ ਬੰਦੂਕ ਅਰਥ ਭੀ ਲਗਦਾ ਹੈ, ਪਰ ਅਗਲੀ ਤੁਕ ਓਸ ਨੂੰ ਖੰਡਦੀ ਹੈ। (ਏ) ਕਰਨਾਇਨਰਸਿੰਘਾ ਅਰਥ ਭੀ ਲਾਉਂਦੇ ਹਨ। ‡ਜਾਪਦਾ ਹੈ ਕਿ ਜਦੋਂ ਸ੍ਰੀ ਗੁਰੂ ਜੀ ਨੇ ਜੰਗ ਸ਼ੁਰੂ ਹਣ ਤੋਂ ਪਹਿਲਾਂ ਕਵੀਆਂ ਤੇ ਵਿਦਵਾਨਾਂ ਨੂੰ ਦਾਨ ਸਨਮਾਨ ਘੋੜੇ ਹਾਥੀ ਦੇਕੇ ਟੋਰਿਆ ਹੈ ਤਦੋਂ ਦੀ ਕਵਿ ਸਤਿਕਾਰ ਵਿਚ ਦਿੱਤੀ ਫੌਜੀ ਵਿਦੇਗੀ ਦਾ ਇਸ ਛੰਦ ਵਿਚ ਅਲੰਕਾਰਕ ਨਰਸ਼ਾ ਹੈ।

*ਪਾਰਾਵਾਰ=ਸਮੁੰਦਰ।

†ਪੁਰਾਤਨ ਪੁਰਖ ਯਾ ਪੁਰਾਣ ਪੁਰਖ=ਅਨਾਦੀ ਪਰਮਾਤਮਾ।

ਨੂੰ ਅਸੀਂ ਦੀ ਤੇ ਬਣਾ ਬਣਾਕੇ ਜਰਾ ਰਹੇ ਹਾਂ, (ਉਹ ਆਪ ਦੀ ਕੀਰਤੀ) ਚਾਂਦਨੀ ਹੋਕੇ ਸੱਤਾਂ ਸਮੁੰਦਰਾਂ ਤੋਂ ਪਾਰ ਆਪਣਾ ਉਜਾਲਾ ਪਸਾਰ ਰਹੀ ਹੈ! ੪. ਗੁਰੂ ਸਾਹਿਬਾਂ ਦੇ ਬੰਸ ਵਿਚ (ਇਹ ਗੱਲ) ਚਲੀ ਆਈ ਹੈ ਕਿ ਗੁਣੀਆਂ ਨਾਲ ਸਦਾ ਉਦਾਰ ਰਹੇ ਹਨ ਤੇ ਤਲਵਾਰ (ਖਿੱਚਣ ਵਾਲੇ ਨੂੰ) ਤੋੜੇਦਾਰ ਹੋਕੇ ਟੱਕਰਦੇ ਰਹੇ ਹਨ, (ਭਾਵ ਪ੍ਰਬਲ ਪੈਕੇ ਜ਼ੋਰ ਕਰਦੇ ਰਹੇ ਹਨ)।

ਛਪਯ–ਕਮਠ ਪੀਠ ਕਸਮਸਤ, ਅਸਤ ਰਜ ਭਾਨ ਛਾਇ ਭੁਅ। ਕੋਲ ਕੱਛ ਕਲਮਲਤ, ਹਲਤ ਪੰਨਗ ਪੰਗ ਹੁਅ। ਤੁਟਤ ਪੱਬ ਜਰ ਪਗ ਚਲਤ ਹੁਟਤ ਦਿੱਗਜ ਬਿਤ ਤਾਨਜੋ। ਲੁੱਟਿ ਕੁੱਟਿ ਪਰਿਪੂਰ ਛੁੱਟ ਬਨ ਬਨ ਬਿਲਖਾਨਜੋ। ਕਹਿ 'ਹੰਸਰਾਮ' ਹਰਖੰਤ ਹਰਿ, ਧਰਧਰ ਧੁਅ ਲੰਕੇਸ਼ ਸਬ। ਘਰ ਘਰਨ ਦੁੱਖ ਦੱਬਜੋ ਧੈਰਨਿ ਸੁ ਚਢਤਿ ਸਿੰਘ ਗੋਬਿੰਦ ਜਬ।

੧. ਕਛੂ ਦੀ ਪਿੱਠ ਦਰੜੀ ਗਈ ਹੈ, ਧ੍ਰੁਵ ਦੇ ਛਾ ਜਾਣ ਨਾਲ ਸੂਰਜ ਡੁੱਬ ਗਿਆ ਮਾਨੋਂ। ੨. ਸੂਰ, ਕੱਛੂ ਘਬਰਾਂਦੇ ਹਨ, ਸ਼ੇਸ਼ਨਾਗ ਪਤੰਗ ਵਾਙੂ ਕੰਬ ਰਿਹਾ ਹੈ*। ੩ ਪਹਾੜਾਂ ਦੀਆਂ ਜੜ੍ਹਾਂ ਤ੍ਰੁਟਦੀਆਂ ਹਨ ਜਦ(ਫੌਜ) ਦੇ ਪੈਰ(ਕਵਾਇਦ) ਬੇਝਵੇਂ ਤੁਰਦੇ ਹਨ ਤੇ ਦਿਸ਼ਾਪਾਲ ਹਾਥੀ (ਇਸ ਜਤਨ ਵਿਚ ਕਿ ਨਾ ਹਿੱਲੀਏ) ਸਾਰਾ ਜ਼ੋਰ ਲਾ ਕੇ ਭੀ ਥੱਕ ਰਹੇ ਹਨ। ੪. (ਜ਼ਿਮੀਂ ਦੇ ਲੋਕਾਂ ਦੇ) ਪੂਰਾਂ ਦੇ ਪੂਰ (ਡਰ ਕੇ ਕਿ ਮਤਾਂ ਲੁੱਟ ਕੁੱਟ ਪੈ ਜਾਵੇ) ਘਬਰਾ ਕੇ ਬਨਾਂ ਬਨਾਂ ਵਿਚ ਦੌੜਦੇ ਹਨ। ੫. ਧ੍ਰੁਅ ਤੇ (ਲੰਕੇਸ਼=) ਵਿਭੀਖਣ ਬੀ ਥਰ ਥਰ ਕਰਦੇ ਹਨ (ਕਿ ਮਤੇ ਸਾਡੇ ਅਟੱਲ ਰਾਜ ਨਾ ਖੁੱਸ ਜਾਣ ਪਰ) ਵਿਸ਼ਨੂੰ ਜੀ ਪ੍ਰਸੰਨ ਹੁੰਦੇ ਹਨ(ਕਿ ਗੁਰੂ ਜੀ ਨੇ ਤਾਂ ਕੇਵਲ ਦੁਸ਼ਟਾਂ, ਪਰਜਾ ਦੋਖੀਆਂ ਤੇ ਜ਼ਾਲਮਾਂ ਨੂੰ ਸੋਧਣਾ ਹੈ ਇਹ ਐਵੇਂ ਪਏ ਡਰਦੇ ਹਨ, ਕਿਉਂਕਿ) ਗੁਰੂ ਗੋਬਿੰਦ ਸਿੰਘ ਜਦ ਚੜ੍ਹਾਈ ਕਰਦੇ ਹਨ ਤਾਂ ਧਰਤੀ ਉਤੇ ਘਰ ਘਰ ਵਿਚ ਜੋ ਦੁੱਖ ਹੈ ਉਹ ਦੱਬੀਂਦਾ ਹੈ (ਭਾਵ ਨਾਸ਼ ਹੁੰਦਾ ਹੈ)।

*ਸੂਰ, ਕੱਛੂ, ਸ਼ੇਸ਼ਨਾਗ ਤੇ ਧਰਤੀ ਦੇ ਰੇਨਾਂ ਇਸ ਦਾ ਭਾਰ ਵੀ ਥੰਨੇ ਮੰਨੇ ਹਨ।

ਕਰਾਚੋਲੀ ਕੋ ਕਬਿੱਤ–

ਸੂਰਨ ਕੀ ਪਤਿ ਅਤਿ ਜਾਨਤਿ ਜਹਾਨ ਜਾਂਕੋ
ਤਾਂਕੋ ਫਲ ਦੇਤ ਸਦਾ ਅਰਿ ਪਰ ਜੀਤ ਹੈ।
ਪੂਰ ਜੋ ਹਰੀ ਕੋ ਹਿਏ ਕਾਮਨਾ ਥਮਤ ਜਾਂਤੇ
'ਹੰਸਰਾਮ' ਕਹੈ ਸਦਾ ਪਾਨਿਪ* ਸੋਂ ਪ੍ਰੀਤ ਹੈ।
ਜੋਗਿਨ ਕੀ ਜੀਵਨ ਸਜੀਵਨ ਹੈ ਭੂਤਨ ਕੀ
ਮੂਤਨਾਂ ਸੁ ਹੀਨ ਨਿਤ ਬਾਢਤ ਪੁਨੀਤ ਹੈ।
ਪ੍ਰਬਲ ਪ੍ਰਤਾਪੀ ਪਾਤਸਾਹ ਗੁਰੂ ਗੋਬਿੰਦ ਸਿੰਘ
ਤੇਰੀ ਕਰਾਚੋਲੀ‡ ਕਾਮਤਰੁ ਕੀ ਸੀ ਰੀਤ ਹੈ।੧੩

੪. ਹੇ ਗੁਰੂ ਗੋਬਿੰਦ ਸਿੰਘ ਜੀ! (ਤੁਸੀਂ) ਬੜੇ ਪ੍ਰਤਾਪੀ ਪਾਤਸ਼ਾਹ ਹੋ, ਤੁਹਾਡੀ ਤਲਵਾਰ (ਕਾਤਲ ਸ਼ੈ ਨਹੀਂ ਇਹ) ਕਲਪ ਬ੍ਰਿਛ ਦੀ ਰੀਤੀ ਰੱਖਦੀ ਹੈ। (ਕਿਵੇਂ? ਉੱਤਰ ਹੈ:–) ੧. ਸਾਰਾ ਜਹਾਨ ਇਸ ਨੂੰ ਜਾਣਦਾ ਹੈ ਕਿ ਇਹ ਸੂਰਮਿਆਂ ਦੀ ਅਤਿ ਦੀ ਅਬਰੋ ਹੈ, ਉਨ੍ਹਾਂ ਨੂੰ ਇਹ ਦੁਸ਼ਟਾਂ ਪਰ ਫਤੇ ਦਾ ਫਲ ਦੇਂਦੀ ਹੈ। ੨. (ਪਰਾਏ ਸੁਖ ਨੂੰ) ਹਰਿ ਲੈਣ ਵਾਲਿਆਂ ਦੇ ਹਿਰਦਿਆਂ ਦੀਆਂ ਜੋ (ਲੁੱਟ, ਕੁੱਟ, ਮਾਰ, ਜ਼ੁਲਮ ਦੀਆਂ) ਕਾਮਨਾਂ ਭਰ ਰਹੀਆਂ ਹਨ ਓਹ (ਇਸ ਤੇਰੀ ਤਲਵਾਰ ਦੇ ਭੈ ਨਾਲ) ਥੰਮ੍ਹ ਜਾਂਦੀਆਂ ਹਨ ਤੇ ਸ਼ਰਨਾਗਤਾਂ ਨਾਲ ਇਸ ਦੀ ਸਦਾ ਪ੍ਰੀਤ ਹੈ (ਭਾਵ ਉਨ੍ਹਾਂ ਨੂੰ ਪ੍ਰਤਿਪਾਲਦੀ ਹੈ)। ੩. ਜੋਗਣੀਆਂ ਦਾ ਇਹ ਜੀਵਨ ਹੈ ਤੇ ਭੂਤਾਂ ਦਾ ਭੀ ਸੁਹਣਾ ਜੀਵਨ ਭਾਵ ਭੋਜਨ ਦਾਤੀ ਹੈ (ਪਰ) ਪਵਿੱਤ੍ਰਤਾ ਰਹਿਤ (ਮਨੁੱਖਾਂ ਨੂੰ) ਹੀਨਤਾ ਦੇਣ ਵਾਲੀ ਅਤੇ ਪੁਨੀਤਾਂ ਨੂੰ ਵਾਧਾ ਦੇਣ ਵਾਲੀ ਹੈ।

੭. ਚੰਦਨ।

ਇਕ ਦਿਨ ਸ੍ਰੀ ਕਲਗੀਧਰ ਜੀ ਵਿਦਵਾਨਾਂ ਦੀ ਸਭਾ ਲਾਈ ਬੈਠੇ ਸਨ, ਬੜੇ ਬੜੇ ਵਿਦਵਾਨ ਤੇ ਕਵੀ ਦੁਆਲੇ ਬੈਠੇ ਸਨ, ਸੁਹਣੇ ਸੁਹਣੇ ਵਿਦਜਾ ਦੇ ਦਾਰਸ਼ਨਿਕ ਤੇ ਕਾਵਜ ਦੇ ਕਟਾਖਜ ਚਲ ਰਹੇ ਸਨ ਕਿ ਇਕ ਕਵੀ ਦੀ ਆਉਂਦਣ ਹੋਈ। ਇਸ ਦਾ ਨਾਮ 'ਚੰਦਨ' ਸੀ। ਇਹ ਜ਼ਾਤ ਦਾ ਬ੍ਰਾਹਮਣ ਸੀ। ਜਦ ਇਸਦੀ ਭੇਟ ਹੋ ਚੁਕੀ ਤਾਂ ਸ੍ਰੀ ਗੁਰੂ ਜੀ ਨੇ ਪੁੱਛਿਆ ਕਵੀ ਜੀਓ ਕੀਕੁਣ ਆਉਂਦਣ ਹੋਈ?

*ਪਾਨਿਪ = ਸ਼ੇਭਾ। (ਅ) ਸ਼ਰਨਾਗਤ = ਪ੍ਰਤਿਪਾਲ।
†ਮੂਤਨ = ਪਵਿਤ੍ਰਤਾ ਰਹਿਤ ਭਾਵ ਅਪਵਿੱਤ੍ਰ।
‡ਕਰਾਚੋਲ = ਫਾਰਸੀ, ਕ਼ਰਾਚੁਰ = ਤਲਵਾਰ।

ਕਹਿਣ ਲੱਗਾ ਆਪ ਦਾ ਯਸ਼ ਬਹੁਤ ਸੁਣਿਆ ਹੈ, ਆਪਦੇ ਗੁਣਾਂ ਦੀ ਦੇਸ਼ ਵਿਚ ਘਰ ਘਰ ਕੀਰਤੀ ਹੋ ਰਹੀ ਹੈ। ਆਪ ਨੇ ਹਿੰਦੂ ਧਰਮ ਦੀ ਲਾਜ ਰੱਖ ਦਿਖਾਈ ਹੈ। ਆਪ ਨੇ ਪ੍ਰਜਾ ਦੀ ਪਾਲਨਾ ਤੇ ਰਖਜਾ ਕੀਤੀ ਹੈ, ਧੰਨ ਹੋ। ਫਿਰ ਆਪ ਦੀ ਕੀਰਤੀ ਵਿਦਜਾ ਦੀ ਕਦਰਦਾਨੀ ਦੀ ਹੋ ਰਹੀ ਹੈ। ਆਪ ਦੇ ਦਰਬਾਰ ਦੇ ਕਵੀਆਂ ਤੇ ਵਿਦ੍ਵਾਨਾਂ ਦੀ ਬੀ ਅਤਿ ਮਹਿਮਾ ਹੋ ਰਹੀ ਹੈ। ਮੈਂ ਭੀ ਆਇਆ ਹਾਂ ਕਿ ਦੇਖਾਂ ਆਪ ਦੇ ਕਵੀ ਕੋਵਿਦ ਮੇਰੇ ਇਕ ਸ੍ਲੋਕ ਨੂੰ ਸਮਝਦੇ ਹਨ ਕਿ ਨਹੀਂ। ਜੇ ਮੇਰੀ ਯੋਗਤਾ ਦੀ ਬੀ ਸ਼੍ਰੀ ਜੀ ਨੂੰ ਯੋਗਤਾ ਭਾਸ ਜਾਵੇ ਤਾਂ ਮੈਂ ਬੀ ਸੇਵਾ ਵਿਚ ਟਿਕ ਜਾਵਾਂ। ਤਦ ਗੁਰੂ ਜੀ ਉਸ ਦੀ ਗੁਣ ਗਰਬਿਤ ਅਵਸਥਾ ਤੇ ਮੁਸਕ੍ਰਾਏ, ਪਰ ਬੋਲੇ, ਸੁਣਾਓ ਕਵਿ ਜੀ ਅਪਣੀ ਰਚਨਾ। ਫਿਰ ਉਸ ਨੇ ਸ੍ਲੋਕ ਪੜ੍ਹਿਆ—

ਨਵ ਸਾਤ ਤਿਯੇ, ਨਵ ਸਾਤ ਕਿਯੇ,
ਨਵ ਸਾਤਿ ਪਿਯੇ ਨਵਸਾਤ ਪਿਯਾਏ।
ਨਵ ਸਾਤ ਰਚੇ, ਨਵ ਸਾਤ ਬਦੇ,
ਨਵਸਾਤ ਪਿਯਾ ਪਹਿ ਦਾਯਕ ਪਾਏ।
ਜੀਤ ਕਲਾ ਨਵਸਾਤਨ ਕੀ,
ਨਵਸਾਤਨ ਕੇ ਮੁਖ ਅੰਚਰ ਛਾਏ।
ਮਾਨਹੁ ਮੇਘ ਕੇ ਮੰਡਲ ਮੈਂ ਕਵਿ
'ਚੰਦਨ' ਚੰਦ ਕਲੇਵਰ ਛਾਏ ॥ ੧ ॥

ਸੁਣਕੇ ਗੁਰੂ ਜੀ ਫੇਰ ਮੁਸਕ੍ਰਾਏ ਤੇ ਬੋਲੇ—

ਇਸ ਜੈਸਨਿ ਕੇ ਅਰਥ ਬਿਚਾਰਨ।
ਹਮਰੇ ਘਾਹੀ ਕਰੈਂ ਉਚਾਰਨ।

ਚੰਦਨ ਕਵੀ ਅਚਰਜ ਰਹਿ ਗਿਆ ਕਿ ਮੇਰਾ ਐਡਾ ਪ੍ਰਾਕ੍ਰੱਲਭ ਸ੍ਲੋਕ ਤੇ ਐਸੇ ਸ੍ਲੋਕ ਇਥੋਂ ਦੇ ਘਾਹੀ ਸਮਝ ਸਕਦੇ ਹਨ! ਫਿਰ ਬੋਲਿਆ, ਪਾਤਸ਼ਾਹ! ਕੋਈ ਘਾਹੀ ਬੁਲਾਓ ਤਾਂ ਜੋ ਇਸਦੇ ਅਰਥ ਕਰੇ। ਤਦ ਚੋਬਦਾਰ ਨੂੰ ਹੁਕਮ ਹੋਇਆ—ਧੰਨਾ ਸਿੰਘ ਨੂੰ ਬੁਲਾ ਲਿਆਓ। ਥੋੜ੍ਹੀ ਦੇਰ ਬਾਦ ਹੱਥ ਵਿਚ ਰੰਬਾ ਤੇ ਮੋਢੇ ਤੇ ਜਾਲੀ ਸੁੱਟੀ ਧੰਨਾ ਸਿੰਘ ਆ ਗਿਆ। ਸਤਿਗੁਰਾਂ ਨੇ ਆਗਜਾ ਕੀਤੀ, ਭਾਈ ਧੰਨਾ ਸਿੰਘ! ਇਸ ਕਵੀਸ਼ੁਰ ਜੀ ਦਾ ਸ੍ਲੋਕ ਸੁਣੋ ਤੇ ਇਸ ਦਾ ਅਰਥ ਜੋ ਸਮਝੋ ਸੁਣਾ ਦਿਓ। ਤਦ ਕਵੀ ਨੇ ਸ੍ਲੋਕ ਪੜ੍ਹਿਆ। ਧੰਨਾ ਸਿੰਘ ਨੇ ਇਕ ਦੋ ਵਾਰ ਸੁਣਿਆ ਤੇ ਕਿਹਾ, ਪਾਤਸ਼ਾਹ ਇਸ ਵਿਚ ਕੋਈ ਉਚਾ ਵਲਵਲਾ, ਕੋਈ ਕਾਵ੍ਯ ਦਾ ਡੂੰਘਾ ਖਿਆਲ ਤਾਂ ਨਹੀਂ ਹੈ ਇਹ ਤਾਂ ਸੋਲਾਂ ਪਦ ਦੀ ਰੇਣਤੀ ਹੈ ਉਸ ਦੇ ਕਈ ਪ੍ਰਕਾਰ ਵਿਚ ਕਈ ਚੀਜ਼ਾਂ ਤੇ ਘਟਣ ਦੀ। ਜੋ ਇਉਂ ਹੈ—

ਨਵ ਸਾਤ, ਨੌਂ ਤੇ ਸਤ ਹੋਏ ਸੋਲਾਂ, ੧੬ ਬਰਸਾਂ ਦੀ ਇਕ ਇਸਤ੍ਰੀ ਨੇ ੧੬ ਸ਼ਿੰਗਾਰ ਕੀਤੇ, ਪਤੀ ਉਸ ਦਾ ਬੀ ੧੬ ਬਰਸਾਂ ਦਾ ਸੀ ਜੋ ਪ੍ਰਦੇਸ ਸੀ ਉਹ ੧੬ ਮਹੀਨਿਆਂ ਪਿਛੋਂ ਘਰ ਆਯਾ ਸੀ*। ਸੋਲਾਂ ਘਰਾਂ ਵਾਲੀ ਖੇਲ (=ਚੌਪੜ) ਦੀ ਬਾਜ਼ੀ ਲਾਈ ਗਈ, (ਨਵਸਾਤ ਬਦੇ=) ੧੬ ਦਾਉ ਪਾਉਣ ਦੀ ਸ਼ਰਤ ਲਾਈ ਗਈ। ਸੋ ੧੬ਵਾਂ ਦਾਉ ਪਤੀ ਦਾ (ਜਿੱਤ ਵਾਲਾ) ਪੈ ਗਿਆ (ਫੇਰ) ਚੌਪਟ ਦੀ ਬਾਜ਼ੀ (ਪਤੀ ਨੇ) ਜਿੱਤ ਲਈ। ੧੬ ਕਲਾਂ ਵਾਲੇ ਚੰਦ ਦੇ ਮੁਖ ਵਾਲੀ ਇਸਤ੍ਰੀ ਨੇ ਹਾਰ ਖਾ ਕੇ ਮੂੰਹ ਲੁਕਾ ਲਿਆ, (ਉਸ ਪੱਲੇ ਵਿਚ ਮੂੰਹ ਢਪਿਆ ਗਿਆ ਪਰ ਫੇਰ ਭਾਸਦਾ ਬੀ ਰਿਹਾ, ਜਿਵੇਂ ਬੱਦਲ ਦੇ ਮੰਡਲ ਵਿਚ 'ਚੰਦ' ਛਾਯਾ ਵਿਚ ਆ ਜਾਂਦਾ ਹੈ।

੮. ਧੰਨਾ ਸਿੰਘ!

ਇਹ ਅਰਥ ਸੁਣ ਕੇ ਚੰਦਨ ਸ਼ਰਮਿੰਦਾ ਹੋਗਿਆ ਪਰ ਆਪਾ ਸੰਭਲਕੇ ਬੋਲਿਆ, ਸਾਹਿਬ ਜੀਓ, ਆਪ ਨਿਰੇ ਪੰਡਿਤ, ਨਿਰੇ ਵਿਦਜਾਧਰ, ਨਿਰੇ ਕਵੀ ਨਹੀਂ ਹੋ ਨਾ, ਆਪ ਅਵਤਾਰ ਤੇ ਸਾਹਿਬ ਕਰਾਮਾਤ ਹੋ, ਜੋ ਚਾਹੋ ਸੋ ਕਰ ਸਕਦੇ ਹੋ। ਸੁਣਿਆ ਸੀ ਆਪ ਦੇ ਵਡੇਰੇ ਗੁਰੂ ਹਰਕ੍ਰਿਸ਼ਨ ਜੀ ਨੇ ਝੀਵਰ ਤੋਂ ਪੰਡਤ ਨੂੰ ਸ਼ਾਸਤ੍ਰਾਰਥ ਵਿਚ ਹਰਾ ਦਿੱਤਾ ਸੀ, ਅਜ ਘਾਹੀ ਨੇ ਮੇਰਾ ਸ੍ਲੋਕ ਸਮਝ ਲਿਆ ਤਾਂ ਆਪ ਦੀ ਬਰਕਤ ਹੈ। ਤਦ ਗੁਰੂ ਜੀ ਬੋਲੇ, ਧੰਨਾ ਸਿੰਘ ਤੂੰ ਕੋਈ ਆਪਣੀ ਸ਼ਾਬਦੀ ਸੁੰਦਰਤਾ ਦੀ ਰਚਨਾ ਸੁਣਾ ਜੋ ਕਵੀ ਜੀ ਨੂੰ ਸਮਝ ਪਵੇ ਕਿ ਤੁਸੀਂ ਬੀ ਕਵਿਤਾ ਕਰ ਸਕਦੇ ਹੋ ਤਾਂ ਧੰਨਾ ਸਿੰਘ ਬੋਲਿਆ—

ਮੀਨ ਮਰੇ ਜਲ ਕੇ ਪਰਸੇ ਕਬਹੂੰ ਨ ਮਰੇ ਪਰ ਪਾਵਕ ਪਾਏ। ਹਾਥੀ ਮਰੇ ਮਦ ਕੇ ਪਰਸੇ ਕਬਹੂੰ ਨ ਮਰੇ ਤਨ ਤਾਪ ਕੇ ਆਏ। ਭੀਖ ਮਰੇ ਪਿਯ ਕੇ ਪਰਸੇ ਕਬਹੂੰ ਨ ਮਰੇ ਪਰਦੇਸ ਸਿਧਾਏ।

*ਐਉਂ ਬੀ ਲਾਉਂਦੇ ਹਨ—੧੬ ਭਰ੍ਹਾਂ ਦੇ ਖਾਣੇ ਪੁਲਾਏ।

ਗੂੜ ਮੈਂ ਬਾਤ ਕਹੀ ਦਿਜਰਾਜ* ! ਇਚਾਰ ਸਕੇ ਨ ਬਿਨਾ ਚਿਤ ਲਾਏ । ਕਉਲ ਮਰੇ ਰਵਿ ਕੋਂ ਪਰਸੇ ਕਬਹੂੰਨ ਮਰੇ ਸਸਿ ਕੀ ਛਬਿ‡ ਪਾਏ । ਮਿਤ੍ਰ ਮਰੇ ਮਿਤ ਕੇ ਮਿਲਬੇ ਕਬਹੂੰ ਨ ਮਰੇ ਜਬ ਦੂਰ ਸਿਧਾਏ । ਸਿੰਘ ਮਰੇ ਜਬ ਮਾਸ ਮਿਲੇ ਕਬਹੂੰ ਨ ਮਰੇ ਜਬ ਹਾਥ ਨ ਆਏ** । ਗੂੜ੍ਹ ਮੈਂ ਬਾਤ ਕਹੀ ਦਿਜਰਾਜ ! ਬਿਚਾਰ ਸਕੇ ਨ ਬਿਨਾ ਚਿਤ ਲਾਏ ।

ਇਹ ਸੁਣ ਕੇ ਚੰਦਨ ਜੀ ਨੂੰ ਅਰਥ ਦੀ ਸੁਗੰਧੀ ਨਾ ਆਈ, ਤਦ ਬੋਲਿਆ, ਪਾਤਸ਼ਾਹ ਵਿਦਜਾ ਦੇ ਜਲ ਉੱਪਰ ਅਭਿਮਾਨ ਦਾ ਬੂਰ ਬੀ ਛਾ ਜਾਂਦਾ ਹੈ। ਮੇਰੇ ਤਾਂ ਵਿਦਜਾ ਅਭਿਮਾਨ ਦੇ ਨਾਲ ਜਾਤੀ ਅਭਿਮਾਨ ਬੀ ਰਲ ਗਿਆ, ਖਿਮਾਂ ਕਰੋ ਤੇ ਇਹ ਦੂਰ ਕਰੋ। ਗੁਰੂ ਜੀ ਉਸਦੀ 'ਸ੍ਰੀ ਅਵਗੁਣ ਲੱਖਤਾ' ਤੇ ਪ੍ਰਸੰਨ ਹੋ ਗਏ ਤੇ ਉਸਦਾ ਰੋਜ਼ੀਨਾ ਲਾ ਕੇ ਕਵੀ ਸਮੁਦਾਇ ਵਿਚ ਰੱਖ ਲਿਆ ।

ਅਰਥ—ਉਪਰਲੇ ਦੋਹਾਂ ਸ੍ਰੋਜਾਂ ਦੇ ਅਰਥ ਦੀ ਕੁੰਜੀ ਇਹ ਹੈ,ਹਰ ਤੁਕ ਦਾ ਪਾਠ ਐਉਂ ਕਰਨਾ ਹੈ–

ਮੀਨ ਮਰੇ ਜਲ ਕੇ ਪਰਸੇ ਕਬਹੂੰ ਨ,
ਮਰੇ ਪਰ ਪਾਵਕ ਪਾਏ ।

ਮੱਛੀ ਕਦੀ ਨਹੀਂ ਮਰਦੀ ਜਲ ਦੇ ਸਪਰਸ਼ ਨਾਲ, ਪਰ ਅਗਨੀ ਦੇ ਸਪਰਸ਼ ਨਾਲ ਮਰ ਜਾਂਦੀ ਹੈ††। ਇਸੇਤਰ੍ਹਾਂ ਸਾਰੀਆਂ ਤੁਕਾਂ ਦੇ ਅਰਥ ਲਗ ਜਾਂਦੇ ਹਨ।

੯. ਅੰਮ੍ਰਿਤ ਰਾਇ ।

ਇਹ ਕਵੀ ਪੰਜਾਬੀ ਸੀ, ਲਾਹੌਰ ਦਾ ਰਹਿਣ ਵਾਲਾ ਸੀ, ਪਰ ਇਸ ਦੀ ਬ੍ਰਿਜ ਭਾਸ਼ਾ ਦੀ ਰਚਨਾ ਕਮਾਲ ਦੀ ਹੈ। ਇਸ ਦੇ ਪਿਤਾ ਦਾ ਨਾਮ ਛੈਲ ਰਾਇ ਸੀ। ਇਸ ਨੇ ਮਹਾਂ ਭਾਰਤ ਦੇ ਸਭਾ ਪਰਬ ਦਾ ਤਰਜਮਾ ਭਾਖਾ ਵਿਚ ਗੁਰੂ ਜੀ ਦੇ ਹੁਕਮ ਨਾਲ ਕੀਤਾ ਤੇ ਦਾਨ ਮਾਨ ਨਾਲ ਸਨਮਾਨਿਆ ਗਿਆ ਸੀ*। ਇਹ ਪਰਬ ਪਟਿਆਲਾ ਲਾਇਬ੍ਰੇਰੀ ਵਿਚ ਹੈ†। ਇਸ ਦੀ ਰਚਨਾ ਦੇ ਇਕ ਛੰਦ ਦੀ ਇਕ ਸਤਰ ਟੱਪਾ ਬਣਕੇ ਅੱਜ ਤਕ ਜ਼ੁਬਾਨਾਂ ਤੇ ਚੜ੍ਹੀ ਹੋਈ ਹੈ, 'ਪਾਈਏ ਕਰੋਰ ਤਉ ਨ ਜਾਈਏ ਲਾਹੌਰ ਤੇ‡'। ਜਿਵੇਂ ਜ਼ੌਕ ਕਵੀ ਨੇ ਕਿਹਾ ਸੀ, 'ਆਜ ਕਲ ਗਰਚਿਹ ਦੱਕਨ ਮੇਂ ਹੈ ਬੜੀ ਕਦਰੇ ਸਖ਼ੁਨ, ਕੌਨ ਜਾਏ ਜ਼ੌਕ ਪਰ ਦਿੱਲੀ ਕੀ ਗਲੀਆਂ ਛੋੜ ਕਰ' । ਤਿਵੇਂ ਦਾ ਇਹ ਅਹਿਸਾਸ ਅੰਮ੍ਰਿਤਰਾਇ ਦਾ ਹੈ ਪਰ ਹੈ ਉਸ ਤੋਂ ਮੁਹਰੇ ਦਾ। ਅੰਮ੍ਰਿਤ ਰਾਇ ਜੀ ਆਮ ਕਵੀਆਂਦੀਤਰ੍ਹਾਂਅਮੀਰਾਂ ਦੇ ਦੁਆਰੇ ਨਹੀਂ ਜਾਇਆ

*ਗੁ: ਪ੍ਰ: ਸੂ: ਵਿਚ ਲਿਖਿਆ ਹੈ ਕਿ ਅੰਮ੍ਰਿਤ ਰਾਇ ਨੇ 'ਕਰਣ' ਪਰਬ ਭਾਖਾ ਕੀਤਾ, ਪਰ ਇਸ ਨੇ 'ਸਭਾ ਪਰਬ' ਦਾ ਅਨੁਵਾਦ ਕੀਤਾ ਸੀ। ਇਹ ਗਲ ਇਸ ਦੇ ਪੁਸਤਕ ਤੋਂ ਅਤੇ ਹੁਰ ਬਿ: ਬਾ: ਮ: ਸਿੰਘ ਤੋਂ ਸਹੀ ਹੋ ਜਾਂਦੀ ਹੈ। ਯਥਾ—
ਸਭਾ ਪਰਬ ਤਾਂਤੇ ਬਨਵਾਯੋ। ਸ਼੍ਰਵਣ ਜੋਗ ਕਵਿਤਾ ਮਨ ਭਾਯੋ।
ਸਾਠ ਸਹਸ੍ਰ ਰਪੱਯਾ ਦੀਨਾ । ਸਿਰੋਪਾਉ ਪਸ਼ਮੰਬਰ ਭੀਨਾ ।
[ਸਫਾ ੧੧੧
ਇਹ ਬੀ ਓਥੇ ਹੀ ਲਿਖਿਆ ਹੈ ਕਿ ਪਹਿਲੋਂ ਇਸ ਨੇ 'ਹਿ ਰਸ' ਦੇ ਵਿਸ਼ੇ ਤੇ ਇਕ ਚਮਤਕਾਰੀ ਗ੍ਰੰਥ ਲਿਖਿਆ ਸੀ।

†ਪਟਿਆਲਾ ਲਾਇਬ੍ਰੇਰੀ ਦੇ ਨੰ: ੧–੫ ਵਿਚ ਹੈ।

‡ਅੰਮ੍ਰਿਤ ਰਾਇ ਨੇ ਚਿਤ੍ਰ ਬਿਲਾਸ ਨਾਮੇ ਗ੍ਰੰਥ ਲਿਖਿਆ ਸੀ, ਉਸ ਵਿਚ ਇਹ ਛੰਦ ਲਿਖਿਆ ਹੈ–

ਬਾਚਤ ਪੁਰਾਨ ਕਹੂੰ ਨਾਚਤ ਕਿਰਤਕਾਰੀ
ਗਾਵਤ ਹੈਂ ਗੀਤ ਕਹੂੰ ਮੀਠੀ ਧੁਨਿ ਮੋਰ ਤੇ।
ਟੇਕ ਕਹਾਨੀ ਕੇਲ ਜਹਾਂ ਤਹਾਂ ਹਾਸੀ ਖੇਲ
ਸਾਧਨ ਸੋਂ ਮੇਲ, ਡਰ ਹੈ ਨ ਠਗ ਚੋਰ ਤੇ।
ਲੈਨੇ ਲੈਨੇ ਰੂਪ ਸਭ ਭਪ ਭੇਖ ਦੇਖੀਅਤ
'ਅੰਮ੍ਰਿਤ' ਸਹਜ ਸੁਖ ਸਾਂਝ ਔਰ ਭੋਰ ਤੇ।
ਰਤਿਪਤਿ ਭੋਗ ਤਹਾਂ ਰੋਗ ਨਾ ਬਿਯੋਗ ਸੋਗ,
ਪਾਈਏ ਕਰੋਰ ਤੌ ਨ ਜਾਈਏ ਲਹੌਰ ਤੇ।੧੩।
[ਔਰਾਵਤੀ ਨਦੀ ਵਰਨਨ। ਕਬਿੱਤ]
ਰੰਗਾ ਜੁ ਕੇ ਸਗ ਕੀ ਤੁਰਗਨੀ ਤਰੰਗ ਅੰਗ,
ਕੈ ਪਾਪ ਭਗ ਵਾਸੇ ਨੈਕ ਜੁ ਅਨਾਈਏ।
ਮੱਛ ਕਛ ਤਤਕਾਲ ਭੇਰਨ ਮੈਂ ਭਸੇ ਬਜਾਲ,
ਮਗਲ ਕਰਾਲ ਹੋਤ ਕਹਾਂ ਲੌ ਸੁਨਾਈਏ।
ਭੀਰ ਤਰੁ ਲਲਿਤ ਬ ਲਤ ਬੇਲ ਫੂਲ ਫਲ,
ਚੱਕ੍ਰਵਾਕ ਸਾਰਸ ਮਰਾਲ ਮਨ ਭਾਈਏ।
ਪਾਪੀ ਜਾਤ ਤਰ ਅਰ ਤੁਰਤ ਹੀ ਜਾਤ ਤਰ,
ਐਸੀ ਔਰਾਵਤੀ ਲੰਕ ਲੰਕਨ ਮੈਂ ਗਾਈਏ।੧੪।
[ਲਿਖਤੀ ਨੁਸਖਾ 'ਚਿਤ੍ਰਬਿਲਾਸ'। ਸੰਦਰਭ ਸ੍ਰੀਮਾਨ ਡਾ: ਵਰਨਮਸਿੰਘ ਜੀ।

ਜਿਸ ਵਿਦਵਾਨ ਨੂੰ ਲਾਹੌਰ ਇਤਨਾ ਪਿਆਰਾ ਸੀ ਕਿ ਕਿਸੇ ਰਾਜੇ ਦਾ ਦਾਨ ਸਨਮਾਨ ਉਸਨੂੰ ਲਾਹੌਰ ਤੋਂ ਨਹੀਂ ਸੀ ਕੱਢ ਸਕਦਾ, ਉਸ ਪਰ ਗੁਰੂ ਗੋਬਿੰਦ ਸਿੰਘ ਜੀ ਦੀ ਅਦੁਤੀ ਬਖਸ਼ੀਅਤ ਉਹ ਪ੍ਰਭਾਵ ਪਾਉਂਦੀ ਹੈ ਕਿ ਲਾਹੌਰ ਛੱਡ ਕੇ ਉਹ ਅਨੰਦਪੁਰ ਜਾਂਦਾ ਹੈ ਤੇ ਗੁਰੂ ਜੀ ਦੇ ਯਸ ਕਰਦਾ ਰੱਜਦਾ ਨਹੀਂ ।

*ਹੇ ਚੰਦਨ ਕਵੀ । †ਸੂਰਜ ਦੀ ਧੁੱਪ । ‡ਭਾਵ ਚੰਦ ਦੀ ਚਾਂਦਨੀ ।
**ਮਾਸ ਹੱਥ ਨ ਆਵੇ।
††ਇਸ ਰਚਨਾ ਵਿਚ ਅਲੰਕਾਰ ਹੈ–ਵਿਰੋਧਾਭਾਸ ।

ਕਰਦੇ ਸੋ। ਆਪ ਦੀ ਸ੍ਰੇਸਤਿਕਾਰ ਦੀ 'ਮਨ-ਪ੍ਰਤੀਤੀ' ਕਮਾਲ ਦੀ ਸੀ। ਪਰ ਗੁਰੂ ਜੀ ਦੀ 'ਦੀਨ ਰਖ਼ਜਾ ਤੇ ਆਤਮ ਤੱਤ ਦਰਸਤਾ' ਦੀਆਂ ਖੂਬੀਆਂ ਦੇ ਕਮਾਲ ਸੁਣ ਸੁਣ ਕੇ ਆਪ ਨੂੰ ਦਰਸ਼ਨ-ਪ੍ਰੇਮ ਉਮਗ ਪਿਆ ਤੇ ਜਾ ਹਾਜ਼ਰ ਹੋਏ। ਦੇਖੇ ਸੁਣੇ ਦਾ ਫਰਕ ਹੁੰਦਾ ਹੈ, ਜੋ ਕੁਛ ਇਸ ਨੇ ਜਾ ਕੇ ਉੱਥੇ ਡਿੱਠਾ ਉਸਨੇ ਹੋਰ ਮੋਹਿਤ ਕਰ ਲਿਆ ਤੇ ਇਸ ਨੇ ਗੁਰੂ ਯਸ਼ ਗਾਏ। ਇਸਦੇ ਬੇਪਰਵਾਹ ਤੇ ਕਮਾਲ ਦੇ ਸ੍ਰੇਸਤਿਕਾਰੀ ਹੁੰਦਿਆਂ ਹੋਇਆਂ ਇਸਦੇ ਰਚੇ ਗੁਰੂ ਗੀਤ ਗਾਯਨ ਦੇ ਛੰਦ ਇਤਿਹਾਸਕ ਨੁਕਤੇ ਤੋਂ ਬੀ ਵੱਡੇ ਕੀਮਤੀ ਹਨ। ਇਸਦੀ ਕਵਿਤਾ ਦੇ ਨਮੂਨੇ ਏਹ ਹਨ*:–

[ਉਦਾਰਤਾ]

ਜਾਹੀਂ ਓਰ ਜਾਊਂ, ਅਤਿ ਆਦਰ ਤਹਾਂ ਤੇ ਪਾਊਂ,
ਤੇਰੇ ਗੁਨ ਗਨ ਕਉ ਅਗਾਊ ਗਨੈ ਸ਼ੇਸ਼ ਜੂ।
ਹੀਰ ਚੀਰ ਮੁਕਤਾ ਜੋ ਦੇਤਿ ਦਿਨਪ੍ਰਤਿ ਦਾਨ,
ਤਿਨੈ ਦੇਖ ਦੇਖ ਅਭਿਲਾਖਤ ਧਨੇਸ਼ ਜੂ।
ਗੁਨਨ ਮੈਂ ਗੁਨੀ ਕਵਿ ਅੰਮ੍ਰਿਤ ਪਛੈਯਾ ਮੇਰੋਂ,
ਜਬ ਇਨੈ ਹੋਰੇ ਪਜਾਰ ਕੀਜੈ ਅਮਰੇਸ਼ ਜੂ।
ਸ੍ਰੀ ਗੁਰੂ ਗੋਬਿੰਦ ਸਿੰਘ ਛੀਰਨਿਧ ਪਾਰ ਭਈ,
ਕੀਰਤ ਤਿਹਾਰੀ ਤੁਮੈਂ ਕਹਿਕੇ ਸੰਦੇਸ਼ ਜੂ।

੧. ਜਿਸ ਤਰਫ ਮੈਂ ਜਾਂਦਾ ਹਾਂ, ਓਥੇਂ ਹੀ ਆਦਰ ਪਾਂਵਦਾ ਹਾਂ, ਤੇਰੇ ਸਾਰੇ ਗੁਣਾਂ ਨੂੰ ਤਾਂ ਸ਼ੇਸ਼ਨਾਗ ਪਹਿਲੇ ਤੋਂ ਹੀ ਗਿਣ ਰਿਹਾ ਹੈ, (ਉਸਦੀ ਹਜ਼ਾਰ ਜੀਭ ਹੈ ਤੇ ਮੇਰੀ ਇਕ ਹੈ, ਉਹ ਆਦਿ ਤੋਂ ਆਪਦੀ ਕੀਰਤ ਕਰ ਰਿਹਾ ਹੈ ਤੇ ਮੈਂ ਅੱਜ ਕਰਨ ਲੱਗਾ ਹਾਂ)। ੨. ਹੀਰੇ, ਬਸਤ੍ਰ, ਮੋਤੀ ਜਿਹੜੇ ਆਪ ਹਰ ਰੋਜ਼ ਦਾਨ ਦਿੰਦੇ ਹੋ ਤਿਨ੍ਹਾਂ ਨੂੰ ਵੇਖ ਵੇਖ ਕੁਬੇਰ ਵੀ ਚਾਹੁੰਦਾ ਹੈ (ਕਿ ਮੈਨੂੰਵੀ ਇਹੋ ਜਿਹਾ ਦਾਨ ਮਿਲੇ)। ੩. ਹੇ ਅਮਰਾਂ (ਦੇਵਤਿਆਂ) ਦੇ ਈਸ਼ੂਰ ਜੀ! ਆਪ ਗੁਣੀਆਂ ਤੋਂ ਵੱਡੇ ਗੁਣੀ ਹੋ ਤੇ ਅੰਮ੍ਰਿਤ ਕਵੀ ਨੂੰ (ਜਦ ਇਹ ਦੇਖੇਗੇ ਕਿ) ਮੇਰੇ (ਗੁਣਾਂ ਦਾ) ਪੜ੍ਹਨ ਵਾਲਾ (=ਉਚਾਰਣ ਵਾਲਾ) ਹੈ ਤਾਂ ਪਿਆਰ ਕਰੇਗੇ। ੪. ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਆਪ ਦੀ ਕੀਰਤੀ ਖੀਰ ਸਮੁੰਦਰੋਂ ਭੀ ਪਾਰ ਨਿਕਲ ਗਈ ਹੈ (ਕੇਵਲ ਇਤਨਾ) ਸੰਦੇਸਾ ਕਹਿ ਕੇ ਆਪ ਜੀ ਨੂੰ ਸੁਨਾਉਣ ਲਈ ਮੈਂ ਆਇਆ ਹਾਂ। (ਭਾਵ–ਮੈਂ ਆਦਰ ਪਾਏ ਬਿਨਾਂ ਕਿਤੇ ਨਹੀਂ ਜਾਂਦਾ, ਤੇਰੇ ਗੁਣ ਗਾਯਨ ਕਰਨ ਲਈ ਇਥੇ ਆਪ ਆਇਆ ਹਾਂ। ਮੇਰੇ ਗੁਣ ਗਾਯਨ ਦੀ ਆਪ ਨੂੰ ਲੋੜ ਨਹੀਂ ਜਿਨ੍ਹਾਂ ਦੇ ਗੁਣ ਕਿ ਸ਼ੇਸ਼ਨਾਗ ਆਪ ਗਾ ਰਿਹਾ ਹੈ। ਮੈਂ ਤਾਂ ਇਤਨਾ ਸੰਦੇਸਾ ਦੇਣ ਆਯਾ ਹਾਂ ਕਿ ਆਪ ਦਾਂ ਕੀਰਤੀ ਸੱਤਾਂ ਸਮੁੰਦਰਾਂ ਤੋਂ ਭੀ ਪਾਰ ਨਿਕਲ ਗਈ ਹੈ)।

[ਗੁਰੂ ਜੀ ਦੇ ਅਨੇਕ ਗੁਣਾਂ ਦਾ ਵਰਣਨ]

ਪ੍ਰਿਯਾ ਪ੍ਰੇਮ ਸੋ ਸ਼ਿੰਗਾਰੀ, ਹਾਸਜ ਮੋਂ ਵਿਨੋਦ ਭਾਰੀ,
ਦੀਨਨ ਪੈ ਕਰੁਣਾ ਅਨੁਸਾਰੀ ਸੁਖ ਦੀਨੋ ਹੈ।
ਕੀਨੋ ਅਰਿ ਰੁੰਡ ਮੁੰਡ, ਰੁਦ੍ ਰਸ ਭਰਯੋ, ਝੁੰਡ,
ਫੈਜਨ ਸੁਧਾਰਨ ਮੋਂ ਬੀਰ ਰਸ ਕੀਨੋ ਹੈ।
ਡੰਕ ਸੁਨ ਲੰਕ ਭਯਭੀਤ, ਸ਼ਤ੍ਰੁ ਬਾਮ ਨਿੰਦਾ,
ਵਿਕ੍ਰਮ ਪ੍ਰਬਲ ਅਦਭੁਤ ਰਸੋ ਲੀਨੋ ਹੈ।
ਬ੍ਰਹਮ ਗਜਾਨ ਸਮ ਰਸ 'ਅੰਮ੍ਰਿਤ' ਵਿਰਾਜੈ ਸਦਾ,
ਸ੍ਰੀ ਗੁਰੂ ਗੋਬਿੰਦ ਰਾਇ ਨਵੇ ਰਸ ਭੀਨੋ ਹੈ।

ਅਰਥ–ਕਾਵਜ ਗ੍ਰੰਥਾਂ ਵਿਚ ਕਵੀਆਂ ਨੇ ਨੌਂ ਰਸ ਮੰਨੇ ਹਨ। ਯਥਾ -

ਪ੍ਰਿਥਮ ਸ਼ਿੰਗਾਰ,ਸੁਹਾਸਜਰਸ, ਕਰਨਾ,ਰੌਦ੍,ਸੁਵੀਰ।
ਭਯ, ਬੀਭਤਸ, ਬਖਾਨਿਯੇ ਅਦਭੁਤ, ਸ਼ਾਂਤ ਸੁਧੀਰ।

ਨਵਾਂ ਰਸਾਂ ਦੇ ਵਰਣਨ ਵਿਚ ਪ੍ਰਾਗੱਲਭ ਲੇਖਕ ਹੋਣ ਕਰਕੇ ਇਸ ਨੇ ਗੁਰੂ ਜੀ ਵਿਚ ਨਵਾਂ ਹੀ ਰਸਾਂ ਦੀ ਪੂਰਨਤਾ ਦਿਖਲਾਈ ਹੈ:–੧. ਪਿਆਰੇ (ਵਾਹਿ ਗੁਰੂ ਜੀ) ਦੇ ਪ੍ਰੇਮ ਦਾ ਜੋ ਸ਼ਿੰਗਾਰ (ਧਾਰਨ ਕੀਤਾ ਹੈ, ਇਹੋ ਸ਼ਿੰਗਾਰ ਰਸ ਹੈ), ਜੋ ਭਾਰੀ ਕੌਤਕ ਕਰਦੇ ਹੋ (ਜੋ ਕੌਤਕ ਸਿਖਜਾ ਦਾਇਕ ਹੁੰਦੇ ਹੋਏ ਬੀ ਹਸਾਉਂਦੇ ਹਨ) ਉਹ ਹਾਸ ਰਸ ਹੈ*। ਗਰੀਬਾਂ ਤੇ ਮੇਹਰ ਕਰਕੇ ਜੋ ਸੁਖ ਦੇ ਰਹੇ ਹੋ, ਇਹ ਕਰੁਨਾ ਰਸ ਹੈ। ੨. ਵੈਰੀਆਂ ਦੇ ਝੁੰਡਾਂ ਨੂੰ (ਮੈਦਾਨੇ ਜੰਗ ਵਿਚ) ਜੋ

*ਸੂ: ਪ੍ਰ: ਵਿਚ ਲਿਖਿਆ ਹੈ ਕਿ ਦਰਬਾਰ ਵਿਚ ਪਹਿਲੀ ਹਾਜ਼ਰੀ ਸਮੇਂ ਇਹ ਅਗਲਾ ਛੰਦ ਸੁਣਾਯਾ ਸੀ। ਪਰੰਤੂ ਇਸ ਦਾ ਭਾਵ ਐਉਂ ਬੀ ਜਾਪਦਾ ਹੈ ਕਿ ਅਨੰਦ ਪੁਰ ਵਿਚ ਆ ਕੇ ਆਪਣਾ ਆਦਰ, ਗੁਰੂ ਕੇ ਦਾਨ ਸਨਮਾਨ ਆਦਿ ਨੂੰ ਤੱਕ ਕੇ ਕਵੀ ਕਹਿ ਰਿਹਾ ਹੈ।

†ਪੁਰਾਤਨ ਲਿਖਤੀ ਤੇ ਮੰਨੇ ਹੋਏ ਗੁ: ਪ੍ਰ: ਵਿਚ ਪਾਠ 'ਮੋਰੇ' ਹੈ।

*ਇਕ ਗਧੇ ਪੁਰ ਸ਼ੇਰ ਦੀ ਖੱਲ ਪਹਿਨਾ ਕੇ ਜੋ ਕੌਤਕ ਕੀਤਾ ਸੀ ਉਹ ਸਿਖਜਾ ਦੇ ਨਾਲ ਹਾਸ ਰਸ ਦਾ ਸੀ, ਵੇਖੋ ਸੂਰਜ ਪ੍ਰਕਾਸ਼ ਰਿਤ ਰਵਾਲਸਰ ਪਰ ਪੱਗਾਂ ਦਾ ਕੌਤਕ।

ਤਹਿ ਤੇਗ ਕੀਤਾ ਹੈ ਇਹੋ ਰੌਦ੍ਰ ਰਸ (ਆਪ ਜੀ ਵਿਚ) ਭਰ ਰਿਹਾ ਹੈ ਤੇ ਫੌਜਾਂ ਦੇ ਤਿਆਰ ਬਰ ਤਿਆਰ ਕਰਨ ਵਿਚ ਆਪ ਬੀਰ ਰਸੀਏ ਹੋ। ੩. (ਆਪ ਦੇ 'ਰਣਜੀਤ ਨਗਾਰੇ' ਦੀਆਂ) ਚੋਟਾਂ ਨੂੰ ਸੁਣਕੇ ਲੰਕਾ ਵਾਲੇ ਭਯਭੀਤ ਹੋ ਰਹੇ ਹਨ ਇਹ ਆਪ ਜੀ ਵਿਚ ਭਿਆਨਕ ਰਸ ਹੈ। (ਸ਼ਤਰੂਆਂ ਦੀਆਂ) ਇਸਤ੍ਰੀਆਂ (ਜੋ ਅਪਣੇ ਪਿਆਰਿਆਂ ਦੇ ਵਿਜੋਗਵਿਚ ਵਿਆਕੁਲ ਹੋ)ਅਨੁਚਿਤ ਬੋਲ ਰਹੀਆਂ ਹਨ (ਇਹ ਬੀਭਤਸ ਰਸ ਹੈ), (ਮਹਾਂ ਕਾਇਰਾਂ ਤੇ ਨਿਰਬਲਾਂ ਨੂੰ) ਬੜੇ ਬਲਵਾਨ ਬਣਾ ਰਹੇ ਹੋ,(ਇਹ) ਅਦਭੁਤ ਰਸ ਹੈ। ੪. ਅੰਮ੍ਰਿਤ ਕਵੀ ਜੀ ਕਹਿੰਦੇ ਹਨ,ਆਪਜੀ ਦੇ ਅੰਦਰ ਜੋ ਸਦਾ ਬ੍ਰਹਮ ਦਾ ਗਯਾਨ ਵਿਰਾਜ ਰਿਹਾ ਹੈ ਇਹੋ ਸ਼ਾਂਤਿ ਰਸ ਹੈ, ਇਉਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਨਵੇਂ ਹੀ ਰਸ ਭਰਪੂਰ ਹਨ*।

ਗੁਰੂ ਜੀ ਦੇ ਦਾਨ ਤੋਂ ਹੈਰਾਨ ਹੋਕੇ ਅੰਮ੍ਰਿਤ ਰਾਇ ਨੇ ਇਸ ਵਿਸ਼ੇ ਵਿਚ ਭੀ ਆਪ ਨੂੰ ਸ਼ਿਰੋਮਣ ਦਾਨੀ ਤੇ ਯਸ਼ ਦੇ ਯੋਗ ਵਰਣਨ ਕੀਤਾ ਹੈ:—

ਪ੍ਰਿਥਮੈ ਹੈ ਜਾਯੋ ਪ੍ਰਿਥੁ, ਬੇਨ ਨ੍ਰਿਪ ਲੈ ਖਿਲਾਯੋ,
ਚੂਮ ਚੂਮ ਮੁਖ ਦੈ ਦਧੀਚਿ ਸੁਖ ਦੀਨੋ ਹੈ।
ਬਲਿਰਾਜ ਮਨ ਭਾਯੋ, ਹਰਿਚੰਦ ਲੈ ਲਡਾਯੋ,
ਚਲਨ ਸਿਖਾਯੋ ਕਲ ਕਰਣ ਪ੍ਰਬੀਨੋ ਹੈ।
ਵਿਕ੍ਰਮ ਪਢਾਯੋ, ਭੋਜ ਭੋਜਨ ਕਰਾਯੋ, ਜਗ-
ਦੇਵ ਪਹਿਰਾਯੋ ਜਗ ਅਭਿਲਾਖ ਲੀਨੋ ਹੈ।
ਸ੍ਰੀ ਗੁਰੂ ਗੋਬਿੰਦਰਾਇ'ਅੰਮ੍ਰਿਤ'ਸੁਦ੍ਰਿਸ਼ਟਿ ਹੀ ਤੇ,
ਤੈਂ ਤੋ ਪ੍ਰਤਿਪਾਲ ਛਿਤਿਪਾਲ ਜਸ ਕੀਨੋ ਹੈ।

ਕਵੀ ਜੀ ਯਸ਼ ਨੂੰ ਇਕ ਬਾਲਕ ਦੇ ਅਲੰਕਾਰ ਵਿਚ ਵਰਣਨ ਕਰਦੇ ਹਨ:—੧. ਪਹਿਲਾਂ ਪ੍ਰਿਥੂ ਰਾਜੇ ਨੇ ਯਸ਼ ਨੂੰ ਜਨਮ ਦਿੱਤਾ,ਬੇਨੁ ਰਾਜੇ ਨੇ (ਇਸ ਨੂੰ) ਖਿਡਾਇਆ; ਦਧੀਚੀ ਜੀ ਨੇ (ਇਸਦਾ)ਮੁੱਖੜਾ ਚੁੰਮ ਚੁੰਮ ਕੇ ਇਸ ਨੂੰ ਸੁੱਖ ਦਿੱਤਾ। ੨. ਬਲੀ ਰਾਜੇ ਨੇ ਇਸ ਨੂੰ ਪਿਆਰ ਕੀਤਾ, ਹਰੀ ਚੰਦ (ਰਾਜੇ ਨੇ ਇਸ ਨੂੰ) ਲਾਡ ਕਰਾਏ, ਪ੍ਰਬੀਨ (ਮਹਾਰਾਜੇ) ਕਰਨ ਜੀ ਨੇ ਇਸ ਨੂੰ ਸੋਹਣੀ ਚਾਲ ਸਿਖਾਈ।੩. (ਮਹਾਂ-ਰਾਜਾ) ਵਿਕ੍ਰਮਾ ਦਿੱਤ ਜੀ ਨੇ ਇਸ ਨੂੰ ਪੜ੍ਹਾਇਆ, (ਮਹਾਰਾਜਾ) ਭੋਜ ਜੀ ਨੇ ਇਸ ਨੂੰ ਭੋਜਨ ਛਕਾ ਕੇ (ਪੁਸ਼ਟ ਕੀਤਾ), ਜਗਦੇਵ ਜੀ ਨੇ ਵਸਤ੍ਰ ਪਹਿਨਾ ਕੇ ਇਸ ਤੋਂ ਜਗਤ ਦੀਆਂ ਇਛਾਂ ਪੂਰਨ ਕੀਤੀਆਂ*। ੪. 'ਅੰਮ੍ਰਿਤ' ਕਵੀ ਕਹਿੰਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਆਪ ਜੀ ਨੇ ਤਾਂ (ਅੰਮ੍ਰਿਤ) ਦ੍ਰਿਸ਼ਟੀ ਤੱਕ ਕੇ ਯਸ਼ ਨੂੰ ਐਸਾ ਪਾਲਨ ਕੀਤਾ ਹੈ ਕਿ ਜਗਤ ਦਾ ਪਾਤਸ਼ਾਹ ਹੀ ਬਣਾ ਦਿੱਤਾ ਹੈ। (ਭਾਵ ਸਭ ਤੋਂ ਵਧੀਕ ਯਸ਼ ਆਪ ਦੇ ਹਿੱਸੇ ਆਇਆ ਹੈ)।

੧੦. ਮੰਗਲ।

ਇਸ ਕਵੀ ਨੂੰ ਗੁਰੂ ਜੀ ਨੇ ਆਪ ਬੁਲਾਇਆ ਸੀ ਤੇ ਮਹਾਂਭਾਰਤ ਦਾ ਇਕ ਪਰਬ ਉਲਥਾ ਕਰਨੇ ਲਈ ਦਿੱਤਾ ਸੀ, ਜਿਸਦਾ ਨਾਮ ਹੈ 'ਸਲਜ ਪਰਬ'। ਜਿਸ ਬਾਬਤ ਉਹ ਆਪ ਐਉਂ ਲਿਖਦਾ ਹੈ:—

ਗੁਰ ਗੋਬਿੰਦ ਮਨ ਹਰਖ ਹ੍ਵੈ ਮੰਗਲ ਲਿਯੋ ਬੁਲਾਇ। ਸਲਜ ਪਰਬ ਆਗ੍ਯਾ ਕਰੀ ਲੀਜੈ ਤੁਰਤ ਬਨਾਇ। ਸੰਬਤ ਸਤ੍ਰਹ ਸੈ ਬਰਖ ਤ੍ਰੇਪਨ ਬੀਤਨ ਹਾਰ। ਮਾਧਵ ਰਿਤੁ ਬਿਤਿ ਤ੍ਰੈਦਸੀ ਤਾਂ ਦਿਨ ਮੰਗਲਵਾਰ। ਸਲਜ ਪਰਬ ਭਾਸ਼ਾ ਭਯੋ ਗੁਰ ਗੋਬਿੰਦ ਕੇ ਰਾਜ। ਅਰਬ ਖਰਬ ਬਹੁ ਦਰਬ ਦੈ ਕਰਿ ਕਵਿ ਜਨ ਕੋ ਕਾਜ। ਜੌ ਲੌ ਧਰਨ ਅਕਾਸ਼ ਗਿਰਿ ਚੰਦ ਸੂਰ ਸੁਰ ਇੰਦ। ਤੌਲੌ ਚਿਰਜੀਵੋ ਜਗਤ ਸਾਹਿਬ ਗੁਰ ਗੋਬਿੰਦ।

ਇਸ ਤੋਂ ਪਤਾ ਲੱਗਾ ਕਿ ਇਸਨੂੰ ਭੀ ਇਕ ਪਰਬ ਦੇ ਅਨੁਵਾਦ ਲਈ ਕੋਈ ਭਾਰੀ ਰਕਮ ਮਿਲੀ ਹੈ। ਹੰਸ ਰਾਮ ਨੇ ੬੦ ਹਜ਼ਾਰ ਰੁਪੱਯਾ ਮਿਲਿਆ ਲਿਖਿਆ ਹੈ। ਇਸਦੇ ਅਰਬ ਖਰਬ ਕਹਿਣ ਤੋਂ ਅਨੁਮਾਨ ਹੁੰਦਾ ਹੈ ਕਿ ਇਤਨੀ ਯਾ ਇਸਤੋਂ ਵਧੀਕ ਰਕਮ ਮੰਗਲ ਨੂੰ ਬੀ ਮਿਲੀ ਹੈ ਤੇ ਯਾਇਤਨੀ ਮਿਲੀ ਹੈ ਕਿ ਜਿਤਨੀਦੀ ਉਸਨੂੰ ਆਸ ਨਹੀਂ ਸੀ। ਲੈ ਕੇ ਗਦਗਦ ਹੋਗਿਆ ਹੈ ਤੇ ਉਸਨੂੰ ਅਰਬ ਖਰਬ ਕਹਿ ਕੇ ਚਿੱਤ ਦਾ ਅਹਿਲਾਦ ਪ੍ਰਗਟ ਕਰ ਰਿਹਾ ਹੈ। ਇਹ ਸ਼ਲਜ ਪਰਬ ਦਾ ਅਨੁਵਾਦ ਭੀ ਪਟਿਆਲਾ ਲਾਇਬਰੇਰੀ ਵਿਚ ਹੈ। [ਦੇਖੋ ਲਾਇਬਰੇਰੀ ਦਾ ਨੰ:੧ ਦਾ ਅੰਕ੧੧, ਸੰ: ੧੯੮੬]

*ਰਸ ਪਦ ਦਾ ਅਰਥ ਜਲ ਭੀ ਹੈ, ਇਸ ਲਈ 'ਭੀਨੋ' ਪਦ ਵਰਤਿਆ ਹੈ। ਭੀਨੋ=ਭਿੱਜੇ ਹੋਏ। 'ਭੀਨੋ' ਦਾ ਦੂਸਰਾ ਅਰਥ ਹੈ 'ਸਮਾ ਜਾਣਾ' ਭਰਪੂਰ ਹੋਣਾ।

*ਯਾ ਜਦ ਵਸਤਾਂ ਨਾਲ ਯਸ਼ ਰੂਪੀ ਬਾਲਕਾ ਸਜ ਫਬ ਗਿਆ ਤਾਂ ਜਿਸਨੂੰ ਇੱਛਾ ਹੋਈ ਉਸੇ ਨੇ ਜਗਤ ਵਿਚ ਇਸਨੂੰ ਲੈ ਲਿਆ।

ਇਸ ਕਵੀ ਜੀ ਦੀ ਕਵਿਤਾ ਦੇ ਹੋਰ ਨਮੂਨੇ ਏਹ ਹਨ:–

[ਪਾਮਰੀ]

ਪਾਮਰੀ ਤੋਂ ਭਾਵ ਕਸ਼ਮੀਰੀ ਦੁਸ਼ਾਲੇ ਦਾ ਹੈ। ਇਕ ਕਬਿੱਤ ਵਿਚ ਇਹ ਕਵੀ ਜੀ ਗੁਰੂ ਜੀ ਦੇ ਅਧਿਕਾਰੀ ਕਵੀ ਕੋਵਿਦਾਂ ਨੂੰ ਦੁਸ਼ਾਲੇ ਬਖਸ਼ਣ ਦਾ ਜ਼ਿਕਰ ਐਉਂ ਕਰਦੇ ਹਨ, ਮਾਨੋਂ ਸਿਆਲੇ ਦੀ ਸੀਤ ਵਿਚ ਮਿਲ ਰਹੇ ਦੁਸ਼ਾਲਿਆਂ ਦਾ ਨਜ਼ਾਰਾਂ ਅੱਖਾਂ ਅੱਗੇ ਆ ਜਾਂਦਾ ਹੈ।

ਊਪਰ ਨਰੇਸ਼ ਹੂੰ ਕੀ, ਹੋਹਿੰ ਸ਼ੁਭ ਬੇਸ਼ ਹੂੰ ਕੀ,
ਕਾਸ਼ਮੀਰ ਦੇਸ਼ ਹੂੰ ਕੀ ਭਰੀ ਆਨ ਧਾਮਰੀ।
ਬੁਨੀ ਕਾਰੀਗਰ ਭਾਰੀ, ਕਰੀ ਖੂਬ ਗੁਲਕਾਰੀ,
ਪਹਿਰੇਂ ਭਿਖਾਰੀ ਮੋਲ ਪਾਵੈਂ ਲਾਖ ਦਾਮਰੀ।
ਸੀਤ ਹੂੰ ਕੋ ਜੀਤ ਲੇਤ, ਐਸੀ ਸ਼ੋਭਾ ਦੇਹਿਦੇਤਿ,
ਮੰਗਲ ਸੁ ਕਵਿ ਜਯੋਂ ਕਨ੍ਹੁੱਯਾ ਜੀਕੋ ਕਾਮਰੀ।
ਸ਼ਜਾਮ, ਸੇਤ, ਪੀਰੀ, ਲਾਲ, ਜ਼ਰਦ, ਸਬਜ਼ ਰੰਗ
ਗੁਰੂ ਜੀ ਗੁਬਿੰਦ ਐਸੀ ਦੇਤਿ ਮੌਜ ਪਾਮਰੀ*।

੧. ਕਸ਼ਮੀਰ ਦੇਸ਼ ਦੀਆਂ (ਬਣੀਆਂ ਹੋਈਆਂ) ਰਾਜਿਆਂ ਦੇ ਊਪਰ ਲੈਣ ਵਾਲੀਆਂ ਜੋ ਪਹਿਨੀਆਂ ਹੋਈਆਂ (ਉਨ੍ਹਾਂ ਉਤੇ ਭੀ) ਚੰਗੀਆਂ ਲਗਦੀਆਂ ਹਨ, (ਓਹ ਪਾਮਰੀਆਂ) ਘਰ ਵਿਚ (ਮੰਗਾਕੇ) ਭਰ ਰੱਖੀਆਂ ਹਨ। ੨. ਭਾਰੀ ਕਾਰੀਗਰਾਂ ਦੀਆਂ ਬੁਣੀਆਂ ਹੋਈਆਂ, (ਊਪਰ) ਚੰਗੇ ਫੁੱਲਾਂ ਦੀ ਕਾਢ ਕੱਢੀ ਹੋਈ, ਲੱਖਾਂ ਰੁਪਏ ਜਿਨ੍ਹਾਂ ਦਾ ਮੁੱਲ ਪਵੇ, (ਮੇਰੇ ਵਰਗੇ) ਭਿਖਾਰੀ ਪਹਿਨ ਰਹੇ ਹਨ। ੩. ਠੰਢ ਨੂੰ ਜਿੱਤ ਲੈਂਦੀਆਂ ਹਨ ਤੇ ਦੇਹੀ ਨੂੰ ਐਸੀ ਸ਼ੋਭਾ ਦਿੰਦੀਆਂ ਹਨ ਜਿਵੇਂ ਕਨ੍ਹੁੱਯਾ ਜੀ ਦੀ ਕੰਬਲੀ। ੪. ਕਾਲੀ, ਚਿੱਟੀ, ਪੀਲੀ, ਲਾਲ, ਖੱਟੀ, ਸਾਵੇ ਰੰਗ ਦੀ, ਗੁਰੂਜੀ ਐਸੀਆਂ ਪਾਮਰੀਆਂ ਬਖਸ਼ਦੇ ਹਨ।

[ਗੁਰੂ ਜੀ ਦੇ ਦਾਨ ਦਾ ਵਰਣਨ]

ਜਾਚੇ ਧ੍ਰੂ ਪਾਯੋ ਹੈ ਅਮਰ ਪਦ ਸੁਰਲੋਕ,
ਨਾਮਾ ਜੂਕੇ ਜਾਚੇ ਦੀਓ ਦੇਹੁਰਾ ਫਿਰਾਇ ਜੀ।
ਬਿਪਦਾ ਮੈਂ ਲੰਕਾ ਦੀਨੀ ਜਾਚੇ ਤੇ ਬਿਭੀਖਨਕੋ,
'ਮੰਗਲ' ਸੁ ਕਬਿ ਜਾਚੈਂ ਮੰਗਲ ਸੁਨਾਇ ਜੀ।
ਦ੍ਰੌਪਦੀ ਨਗਨ ਹੋਤ ਜਾਚਯੋ ਸਭਾ ਮਾਂਹਿ ਠਾਂਢੇ
ਅੰਬਰ ਲੌ ਅੰਬਰ ਮਹੀ ਪੈ ਰਹੇ ਛਾਇ ਜੀ।
ਐਸੋ ਦਾਨ ਦੈਬੋ ਕੌਨ ਕੋਊ ਸਤਿਗੁਰੂ ਬਿਨਾ
ਔਰ ਕਉ ਨ ਜਾਚੀਏ ਬਿਨਾ ਗੁਬਿੰਦ ਰਾਇ ਜੀ।

੧. (ਆਪ ਤੋਂ) ਧ੍ਰੂ ਨੇ ਮੰਗ ਕੇ ਸੁਰ ਲੋਕ ਵਿਚ ਅਮਰ ਪਦਵੀ ਪਾਈ ਤੇ ਨਾਮ ਦੇਵ ਦੇ ਜਾਚਣ ਨਾਲ (ਓਸਦਾ) ਦੇਹੁਰਾ ਫਿਰਾ ਦਿੱਤਾ। ੩. ਦ੍ਰੌਪਤੀ ਨੇ ਸਭਾ ਵਿਚਖੜੇਤੇ ਨੰਗੇ ਹੁੰਦਿਆਂ ਕੱਪੜਾ ਮੰਗਿਆ ਤਾਂ ਅਕਾਸ਼ ਤਕ (ਆਪ ਦੇ ਬਖਸ਼ੇ) ਕੱਪੜੇ ਪ੍ਰਿਥਵੀ ਤੇ ਛਾ ਗਏ। ੨. ਬਿਭੀਖਨ ਬਿਪਦਾ ਫਸੇ ਨੂੰ ਮੰਗਣ ਤੇ (ਆਪ ਨੇ) ਲੰਕਾ ਦਿੱਤੀ, ਪਰ ਮੰਗਲ ਕਵੀ ਇਹ ਜਾਚਦਾ ਹੈ ਕਿ ਮੈਂ ਸਦਾ ਆਪਨੂੰ ਮੰਗਲ ਸੁਣਾਉਂਦਾ ਰਹਾਂ। ੪. ਸਤਿਗੁਰੂ ਜੀ ਤੋਂ ਬਿਨਾਂ ਐਸਾ ਦਾਨ ਕੌਣ ਕੋਈ ਦੇ ਸਕਦਾ ਹੈ ਸੋ ਬਿਨਾਂ ਗੁਰੂ ਗੋਬਿੰਦਸਿੰਘ ਜੀ ਤੋਂ ਹੋਰ ਨੂੰ ਨਾ ਮੰਗੀਏ।

ਭਾਵੈਂ ਜਾਇ ਤੀਰਥ ਭੂਮਤਿ ਸੇਤੁਬੰਦ ਹੂੰ ਲੌ*,
ਭਾਵੈਂ ਜਾਇ ਕੰਦਰਾ ਮੈਂ ਕੰਦ ਮੂਲ ਖਾਈਏ।
ਭਾਵੈਂ ਦੇਹਿ ਦ੍ਵਾਰਕਾ ਦਗਧ ਕਰੇ ਛਾਪੇ ਲਾਇਤਾਂ,
ਭਾਵੈਂ ਕਾਂਸ਼ੀ ਮਾਹਿ ਜਾਇ ਜੁੱਗ ਲੌ ਵਸਾਈਏ।
ਭਾਵੈਂ ਪੂਜੈ ਦੇਹੁਰੇ ਦਿਵਾਲੇ ਸਭ ਜੱਗ ਹੂੰ ਕੇ,
ਭਾਵੈਂ ਖਟ ਦਰਸ਼ਨ ਕੇ ਭੇਖ ਮੈਂ ਫਿਰਾਈਏ।
ਜੌ ਤੂੰ ਚਾਹੇ ਮਨਸਾ ਕੋ 'ਮੰਗਲ' ਤੁਰਤ ਫਲ,
ਗੋਬਿੰਦ ਗੁਰੂ ਕੀ ਏਕ ਮੌਜ ਹੂੰਮੈਂ ਪਾਈਏ‡।੧੭

[ਮੰਗਲ ਕਵੀ ਕਿਸੇ ਹੋਰ ਮਿੱਤ੍ਰ ਕਵੀ ਨੂੰ ਅਨੰਦਪੁਰ ਸੱਦਦਾ ਹੈ]

ਪੂਰਨ ਪੁਰਖ ਅਵਤਾਰ ਆਨ ਲੀਨ ਆਪ,
ਜਾਂਕੇ ਦਰਬਾਰ ਮਨ ਚਿਤਵੇ ਸੋ ਪਾਈਏ।
ਘਟਿ ਘਟਿ ਬਾਸੀ, ਅਬਿਨਾਸੀਨਾਮ ਜਾਂ ਕੋ ਜਗ,
ਕਰਤਾ ਕਰਨਹਾਰ ਸੋਈ ਦਿਖਰਾਈਏ§।
ਨੌਮੋ ਗੁਰ ਨੰਦ, ਜਗ ਬੰਦ, ਤੇਗ ਤਯਾਗ ਪੂਰੇ¶,

*ਹਿੰ, ਪਾਮਰੀ = ਦੁਪੱਟਾ। ਸੰਸ: 'ਪ੍ਰਾਵਰ' = ਉਪਰਲਾ ਕੱਪੜਾ ਯਾ ਚੋਗਾ। ਇਸ ਕਬਿੱਤ ਵਿਚ ਜੋ ਵਿਆਖਿਆ ਆਈ ਹੈ, ਉਸ ਤੋਂ ਸਪਸ਼ਟ ਹੈ ਕਿ ਇਹ ਕਸ਼ਮੀਰੀ ਦੁਸ਼ਾਲੇ ਸਨ, ਕਸ਼ਮੀਰ ਦੇ ਜੁਲਾਹੇ ਵਾਰ ਉਣੀ ਹੋਈ ਗੁਲਕਾਰੀ ਦੇ ਬੜੇ ਕੀਮਤੀ ਹੁੰਦੇ ਹਨ। ਫਿਰ ਇਸ ਛੰਦ ਵਿਚ ਪਾਮਰੀ ਨੂੰ ਉਪਮਾ ਕੰਬਲੀ ਨਾਲ ਦਿੱਤੀ ਹੈ, ਇਸ ਵਾਸਤੇ 'ਉਤੇ ਲੈਣ ਦਾ ਕੱਪੜਾ' = ਦੁਸ਼ਾਲਾ ਹੀ ਠੀਕ ਅਰਥ ਭਾਵ ਹੈ।

*ਤੀਰਥਾਂ ਤੇ ਫਿਰਦੇ ਸੇਤੁਬੰਦ ਤਕ ਚਾਹੇ ਚਲੇ ਜਾਓ। (ਹਿੰਦ ਦੇ ਦੱਖਣ ਦੇ ਅੰਤ ਪਰ ਸੇਤੁਬੰਦ ਰਾਮੇਸ਼ੁਰ ਚੋਥਾ ਧਾਮ ਹੈ।

†ਛਾਪੇ ਲੁਆ ਕੇ ਦੇਹ ਨੂੰ ਸਾੜੇ। ‡ਹੇ ਮੰਗਲ ਕਵੀ! ਜੇ ਤੂੰ ਭਾਵਨੀ ਦਾ ਤੁਰਤ ਫਲ ਚਾਹੁੰਦਾ ਹੈਂ ਤਾਂ ਓਹ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਬਖਸ਼ਿਸ਼ ਵਿਚੋਂ ਮਿਲ ਸਕਦਾ ਹੈ, (ਹੋਰ ਕਿਤੇ ਨਹੀਂ)। §ਬ੍ਰਹਮਾ ਦਾ ਰਚਣਹਾਰ ਭਾਵ ਪਰ ਜਗਤ ਉਸੇ ਨੂੰ ਦੇਖੀਦਾ ਹੈ। ¶ਜੋ ਨੌਵੇਂ ਗੁਰਾਂ ਦਾ ਸਪੁੱਤ੍ਰ ਹੈ ਤੇ ਜਗਤ ਦੇ ਬੰਦਨ ਕਰਨੇ ਜੋਗ ਤੇਗ (ਵਾਹੁਣ ਤੇ ਮਾਯਾ) ਤਿਆਗਣ ਵਿਚ ਪੂਰਾ ਹੈ।

ਮੰਗਲ ਸੁ ਕਬਿ ਕਹਿ ਮੰਗਲ ਸੁਬਾਈਏ* ।
ਆਨੰਦ ਕੋ ਦਾਤਾ ਗੁਰ ਸਾਹਿਬ ਗੋਬਿੰਦ ਰਾਇ,
ਚਾਹੈ ਜੌ ਆਨੰਦ ਤੋ ਅਨੰਦਪੁਰ ਆਈਏ†।੧੪।

[ਤੈਖਲਾ ਦੱਸਕੇ ਦਾਨ ਦੀ ਉਪਮਾ]

ਮੰਗਲ ਕਵੀ ਪੰਜਾਬੀ ਵਿਚ ਵੀ ਸੋਹਣੀ ਕਵਿਤਾ ਕਰਦਾ ਹੁੰਦਾ ਸੀ। ਉਸਦਾ ਇਕ ਕਬਿੱਤ ਅਨੋਖਾ ਹੈ ਇਸ ਵਿਚ ਗੁਰੂ ਜੀ ਦੇ ਦਾਨ ਦੀ ਬਾਹੁਲਤਾ ਨੂੰ ਇਸ ਤੈਖਲੇ ਵਿਚ ਦਰਸਾਉਂਦਾ ਹੈ ਕਿ ਬਲ ਰਾਜੇ ਕੋਲ ਇਕ ਮੰਗਤਾ ਆਇਆ ਸੀ ਤੇ ਉਹ ਛਲਿਆ ਗਿਆ ਸੀ ਤੇਰੇ ਕੋਲ ਅਮੁੱਕ ਲੈਣ ਵਾਲੇ ਆਂਵਦੇ ਹਨ ਵੇਖੀਂ ਕੋਈ ਉਸਤਰ੍ਹਾਂਦਾ ਛਲ ਨਾ ਕਰਜਾਵੇ:-

ਸਮੁੰਦਰ ਦੇ ਵਾਰ ਪਾਰ, ਵਿਚ ਮਹੀ ਮੰਡਲ ਦੇ
ਜੈਂਦਾ‡ ਜਸ ਦੇਸ਼ ਦੇਸ਼ ਸੱਭੇ ਲੋਕ ਗਾਵਦੇ।
ਸੋਂਵਦੇ ਭਿਖਾਰੀ ਸੋਈ ਹੋਂਦੇ ਨੀ ਹਜ਼ਾਰੀ, ਹੁਣ,
ਵਾਰੀ ਵਾਰੀ ਪਢਿਕੇ ਕਬਿੱਤ ਨੀ ਸੁਨਾਂਵਦੇ।
ਚਾਰੋਂ ਹੀ ਬਰਨ ਖਟ ਦਰਸ਼ਨ ਜੈਂਦੇ ਦ੍ਵਾਰ
'ਮੰਗਲ ਸੁਕਬਿ' ਮਨ ਇੱਛਾ ਫਲ ਪਾਂਵਦੇ।
ਵੇਖੀਂ ਬਲ ਵਾਂਙੂ ਕੋਈ ਛਲੀ ਗੁਰੂ ਗੋਬਿੰਦ ਜੀ
ਇਕ ਲੈ ਲੈ ਜਾਂਦੇ ਇਕ ਲੇਵਣੇ ਨੂੰ ਆਂਵਦੇ(]।

੧੧. ਸੁੰਦਰ।

ਇਸ ਦਾ ਨਾਮ ਗੁਰੂ ਕੇ ਕਵੀਆਂ ਵਿਚ ਆਯਾ ਹੈ, ਪਰ ਇਹ ਸ਼ਾਹਜਹਾਂ ਦੇ ਦਰਬਾਰੀ ਕਵੀ ਸੁੰਦਰ ਤੋਂ ਜੋ 'ਸੁੰਦਰ ਸ਼ਿੰਗਾਰ' ਨਾਮੇ ਗ੍ਰੰਥ ਦਾ ਕਰਤਾ ਹੈ ਵੱਖਰਾ ਹੈ। ਇਸ ਦੀ ਛਾਪ ਦੇ ਦੋ ਛੰਦ ਮਿਲਦੇ ਹਨ, ਜੋ ਏਹ ਹਨ:-

ਸਾਧਨ ਕੋ ਸਿੱਧ ਸ਼ਰਣਾਗਤ, ਸਮਰ ਸਿੰਧੁ,
ਸੁਧਾਧਰ 'ਸੁੰਦਰ' ਸਰਸ ਪਦ ਪਾਯੋ ਹੈ।
ਕੁਲ ਕੋ ਕਲਸ, ਕਵਿ ਕਾਮਨਾ ਕੋ ਕਾਮ ਤਰੁ,
ਕੋਪ ਕੀਏ ਕਾਲ, ਕਵੀਯਨ ਗੁਨ ਗਾਯੋ ਹੈ।
ਦੇਵਨ ਮੈਂ, ਦਾਨਵ ਮੈਂ, ਮਾਨਵ, ਮੁਨਿਨਿ ਹੂੰ ਮੈਂ,
ਜਾਂਕੋ ਜਸ ਜ਼ਾਹਰ ਜਹਾਨ ਚਲਿ ਆਯੋ ਹੈ।
ਤੇਗ ਸਾਚੋ, ਦੇਗ ਸਾਚੋ, ਸੂਰਮਾ ਸ਼ਰਨ ਸਾਚੋ,
ਸਾਚੋ ਪਾਤਿਸਾਹੁ ਗੁਰੂ ਗੋਬਿੰਦ ਕਹਾਯੋ ਹੈ।੩੦।

੧. ਸ਼ਰਣਾਗਤ ਸਾਧਕਾਂ ਦੀ ਆਪ ਸਿਧਿ ਹੋ (ਸਿੱਧਿ ਦਾਤਾ ਹੋ), ਜੁੱਧ ਦੇ ਸਮੁੰਦਰ ਹੋ, ਮੁੰਦਰ (ਕਹਿੰਦਾ ਹੈ ਆਪ ਨੇ) ਚੰਦ੍ਰਮਾਂ ਤੋਂ ਉੱਚੀ ਪਦਵੀ ਪਾਈ ਹੈ, ਭਾਵ ਆਪਦੀ ਸੁੰਦਰਤਾ ਨਿਸ਼ਕਲੰਕ ਹੈ। ੨. ੩. ਕੁਲ ਦੇ ਸ਼ਿਰੋਮਣੀ, ਕਵੀਆਂ ਦੀ ਇੱਛਾ ਪੂਰਨ ਲਈ ਕਲਪ ਬ੍ਰਿਛ ਹੋ, ਕੋਪ ਕੀਤਿਆਂ ਕਾਲ ਰੂਪ ਹੋ, ਐਸੇ ਕਵੀਆਂ ਨੇ (ਆਪ ਦੇ) ਗੁਣ ਗਾਏ ਹਨ। ਦੇਵਤਿਆਂ ਵਿਚ, ਦਾਨਵਾਂ ਵਿਚ, ਮਾਨਵਾਂ ਮੁਨੀਆਂ ਵਿਚ ਜਿਨ੍ਹਾਂ ਦਾ ਜਸ (ਭਾਵ ਆਪ ਦਾ ਜਸ) ਜਹਾਨ ਵਿਚ ਜ਼ਾਹਰ ਚਲਿਆ ਆ ਰਿਹਾ ਹੈ। ੪. (ਆਪ ਦੀ) ਤੇਗ ਸੱਚੀ ਹੈ, ਦੇਗ ਸੱਚੀ ਹੈ, ਸੂਰਮਿਆਂ ਦੇ ਸੱਚੇ ਸ਼ਰਣ ਪਾਲ ਹੋ (ਏਸੇ ਲਈ) ਹੇ ਗੁਰੂ ਗੋਬਿੰਦ ਸਿੰਘ ਜੀਓ ਆਪ ਸੱਚੇ ਪਾਤਸ਼ਾਹ ਸਦਵਾਂਦੇ ਹੋ।

ਬੇਦਨ ਮਹਿੰ ਸ਼ਾਮ ਸੁਨੇ, ਸਿੰਧੁ ਮਿਰਜਾਦਾ ਮੇਰੁ
ਮੰਡਲ ਮਹੀਂ ਮੈਂ, ਰੁਰਿਆਈ ਰੁਨ ਗਾਏ ਹੋ।
ਸ਼ਰਮ ਕੇ ਸਾਗਰ, ਸਪੂਤਨ ਕੇ ਸਿਰਮੌਰ,
ਸੁੰਦਰ ਸੁਧਾਸਰ ਸੇ 'ਸੁੰਦਰ' ਰਨਾਏ ਹੋ।
ਰਚਨਮੈਂ ਦਾਨ ਬਾਨਿ ਬਾਨੀ ਹਰੀਚੰਦ ਕੀ ਸੀ,
ਬਿਦਤ ਬਿਨਜ ਬਡੇ ਬੰਸ ਚਲਿ ਆਏ ਹੋ।
ਤੇਜ ਕੋ ਤਰਨਿ ਤਰਵਾਰ ਕੋ ਪਰਸਰਾਮ,
ਰੁਰਨਿ ਮਹਿੰ ਐਸੇ ਰੁਰੂਗੋਬਿੰਦ ਕਹਾਏ ਹੋ।੩੧।

੧. ਵੇਦਾਂ ਵਿਚ ਸ਼ਾਮ, ਮਿਰਯਾਦਾ ਵਿਚ ਸਮੁੰਦਰ, ਪ੍ਰਿਥਵੀ ਦੇ ਮੰਡਲ ਵਿਚ ਸੁਮੇਰੁ (ਅਸਾਂ ਸ਼ਿਰੋਮਣੀ ਸੁਣੇ ਹਨ, ਪਰ ਤੁਸੀਂ ਇਨ੍ਹਾਂ) ਗੁਣਾਂ ਵਿਚ (ਇਨ੍ਹਾਂ ਤੋਂ ਭੀ) ਅਧਿਕ ਗੁਣਾਂ ਵਾਲੇ ਗਾਏ ਗਏ ਹੋ। (ਭਾਵ ਗਯਾਨ, ਮਿਯਾਦਾ ਪ੍ਰਕ੍ਰੇਤਮਤਾ ਤੇ ਅਚੱਲ ਉੱਚਤਾ ਵਿਚ ਤੁਸੀਂ ਇਨ੍ਹਾਂ ਤੋਂ ਭੀ ਅਧਿਕ ਹੋ)। (ਅ) ਵੇਦਾਂ ਵਿਚੋਂ ਸ਼ਾਮ (ਵਡਾ) ਸੁਣਿਆਂ ਹੈ, ਉਸ ਨੇ ਆਪ ਦੀ ਗੁਰਿਆਈ ਦੇ ਰਜ਼ਾਨ ਦੇ ਗੁਣ ਗਾਏ ਹਨ, ਸਮੁੰਦਰ ਨੇ ਆਪ ਦੀ ਗੁਰਿਆਈ ਵਿਚ ਮਿਰਯਾਦਾ ਦੀ ਅਵਧੀ ਵੇਖ ਕੇ ਗੁਣ ਗਾਏ ਹਨ। ੨. ਸ਼ਰਮ ਦੇ ਸਮੁੰਦਰ ਹੋ, ਸਪੂਤਾਂ ਵਿਚੋਂ ਸ਼ਿਰੋਮਣੀ ਹੋ ਤੇ (ਸੁੰਦਰ ਕਹਿੰਦਾ ਹੈ) ਸੁਹਣੇ ਚੰਦ ਤੋਂ ਭੀ ਸੁਹਣੇ ਗਿਣੇ ਗਏ ਹੋ। [ਸੁੰਦਰ ਸ਼ਲੋਕ ਹੈ, ਕਵੀ ਦੀ ਛਾਪ ਭੀ ਤੇ

---

*ਮੰਗਲ ਕਵੀ ਕਹਿੰਦਾ ਹੈ ਮੰਗਲ ਤਾਂ ਏਸੇ ਥਾਂ ਹੈ।

†ਉਹ ਹੈ ਆਨੰਦ ਦਾ ਦਾਤਾ ਸਾਹਿਬ ਗੁਰੂ ਗੋਬਿੰਦ ਸਿੰਘ, ਜੇ ਤੂੰ ਅਨੰਦ ਲੋਚਦਾ ਹੈਂ ਤਾਂ ਅਨੰਦਪੁਰ ਆ ਜਾ।

‡ਜਿਸ (ਗੁਰੂ ਗੋਬਿੰਦ ਸਿੰਘ ਜੀ) ਦਾ। §ਭਿਖਾਰੀ ਹਜ਼ਾਰਾਂ ਵਾਲੇ ਹੋ ਜਾਂਦੇ ਹਨ। (]ਹੇ ਗੁਰ ਗੋਬਿੰਦ ਸਿੰਘ! ਵੇਖੀਂ ਮਤਾਂ ਕੋਈ (ਦਾਨ ਜਹਾਨੋਂ) ਬਲ ਵਾਂਗੂ ਤੁਹਾਨੂੰ ਛਲ ਨਾ ਜਾਵੇ, (ਕਿਉਂਕਿ ਉਥੇ ਤਾਂ ਯਾਚਕ ਇਕ ਆਇਆ ਸੀ ਤੇ ਏਥੇ) ਇਕ ਲੈ ਲੈ ਜਾਂਦੇ ਹਨ ਇਕ ਲੈਣ ਨੂੰ ਹੋਰ ਆ ਰਹੇ ਹਨ।

ਸੋਹਣਾ ਬੀ] । ੩. ਬਾਣੀ ਰਚਣ ਵਿਚ (ਬਾਣੀ=) ਸਾਰਦਾ ਹੋ ਤੇ ਦਾਨ ਹਰੀ ਚੰਦ ਵਾਂਙੂ (ਦੇਂਦੇ ਹੋ), ਵਡੇ ਵੰਸ (ਭਾਵ ਗੁਰੂ ਪ੍ਰਣਾਲੀ) ਵਿਚੋਂ ਚਲੇ ਆਏ ਹੋ (ਫਿਰ ਆਪ ਦੀ) ਨਿੰਮ੍ਰਤਾ ਵਿਦਿਤ ਹੈ । (ਅ) ਰਚਨਾ (ਰਚਨ ਵਿਚ ਬਾਣੀ=) ਸ਼ਾਰਦਾ ਤੁੱਲ ਹੋ, ਬਾਣਾਂ (ਵਿਚ ਰਾਮ ਹੋ), ਦਾਨ ਵਿਚ ਹਰੀ ਚੰਦ ਹੋ । ੪. ਤੇਜ ਦੇ ਸੂਰਜ ਹੋ, ਪਰਸਰਾਮ (ਜਿਵੇਂ ਕੁਹਾੜੇ ਫੜਨ ਵਿਚ ਤਿਵੇਂ ਆਪ) ਤਲਵਾਰ (ਫੜਨ ਵਿਚ ਸਿੱਧ, ਹੋ, ਗੁਰੂ ਸਾਹਿਬਾਂ ਵਿਚੋਂ ਐਸੇ (ਸਰਬ ਗੁਣ ਸੰਪੰਨ) ਗੁਰੂ ਗੋਬਿੰਦ ਸਿੰਘ ਜੀ ਸੱਦੇ ਜਾਂਦੇ ਹਨ ।

੧੨. ਆਲਮ ।

ਹਿੰਦੀ ਕੋਸ਼ ਦੀ ਪ੍ਰਸਤਾਵਨਾ ਵਾਲੇ ਲਿਖਦੇ ਹਨ ਕਿ ਇਹ ਬ੍ਰਾਹਮਣ* ਸੀ ਤੇ ਫੇਰ ਇਕ ਰੰਗਰੇਜਣ 'ਸ਼ੇਖ' ਨਾਮੀ ਦੇ ਪ੍ਰੇਮ ਵਿਚ ਮੁਸਲਮਾਨ ਹੋ ਗਿਆ ਸੀ । ਇਸਨੇ ਜੋਧ ਕਵੀ ਦੀ ਸੰਸਕ੍ਰਿਤ ਪੁਸਤਕ ਦਾ(ਜੋ ੬੬੧ ਹਿਜਰੀਵਿਚ ਜੋਧ ਕਵੀਨੇ ਲਿਖੀ ਸੀ) ਹਿੰਦੀ ਵਿਚ ਅਨੁਵਾਦ ਕੀਤਾ,ਜਿਸ ਦਾ ਨਾਉਂ 'ਮਾਧਵਾਨਲ ਕਾਮ ਕੰਦਲਾ' ਹੈ । 'ਸ਼ਿਵ ਸਿੰਹ ਸਰੋਜ' ਵਿਚ ਲਿਖਿਆ ਹੈ ਕਿ ਇਹ ਸ਼ਹਿਜ਼ਾਦੇ ਮੁਅੱਜ਼ਮ ਪਾਸ 'ਬਹੁਤ ਦਿਨੋਂ ਤਕ ਰਹੇ' । ਮਗਰੋਂ ਜਾਪਦਾ ਹੈ ਕਿ ਇਹ ਗੁਰੂ ਜੀ ਪਾਸ ਰਿਹਾ । ਕਾਮ ਕੰਦਲਾ ਦੇ ਤਰਜਮੇ ਦਾ ਸੰਮਤ ਹਿੰਦੀ ਲਿਪੀ ਲਿਖੇ ਕਾਮਕੰਦਲਾ ਦੇ ਨੁਸਖੇ ਵਿਚ ਇਃ ੧੭੭੪ ਦਿੱਤਾ ਹੈ । ਸ੍ਰੀ ਪ੍ਰ: ਵਿਚ ਕਵੀਆਂ ਦੇ ਕਵਿੱਤਾਂ ਵਿਚ ਇਕ ਕਬਿੱਤ ਇਨ੍ਹਾਂ ਦਾ ਆਇਆ ਹੈ,ਬਾਬਾ ਸੁਮੇਰ ਸਿੰਘ ਜੀ ਨੇ ਬੀ ਇਹੋ ਕਬਿੱਤ ਦਿੱਤਾ ਹੈ ਤੇ ਆਲਮ ਕਵੀ ਦਾ ਰਚਿਤ ਦੱਸਿਆ ਹੈ:–

ਸ਼ੋਭਾ ਹੂੰ ਕੇ ਸਾਗਰ, ਨਵਲ ਨੇਹ ਨਾਗਰ ਹੈਂ,
ਬਲ ਭੀਮ ਸਮ, ਸ਼ੀਲ ਕਹਾਂ ਲੌ ਗਿਨਾਈਏ ।
ਭੂਮ ਕੇ ਬਿਭੂਖਨ, ਜੁ ਦੂਖਨ ਕੇ ਦੂਖਨ
ਸਮੂਹ ਸੁਖ ਹੂੰਕੇ ਮੁਖ ਦੇਖੇ ਤੇ ਅਘਾਈਏ ।
ਹਿੰਮਤ ਨਿਧਾਨ, ਆਨ ਦਾਨ ਕੇ ਬਖਾਨੇ? ਜਾਨੇ
'ਆਲਮ' ਤਮਾਮ ਜਾਮ ਆਠੋਂ ਗੁਨ ਗਾਈਏ ।
ਪ੍ਰਬਲ ਪ੍ਰਤਾਪੀ ਪਾਤਿਸ਼ਾਹ ਗੁਰੂ ਗੋਬਿੰਦ ਜੀ !
ਭੋਜ ਕੀ ਸੀ ਮੌਜ ਤੇਰੇ ਰੋਜ਼ ਰੋਜ਼ ਪਾਈਏ ।

*'ਸ਼ਿਵ ਸਿੰ: ਸ਼ਰੋਜ' ਵਾਲੇ ਇਨ੍ਹਾਂ ਨੂੰ ਸਨਾਢ ਬ੍ਰਾਹਮਣ ਲਿਖਦੇ ਹਨ।

੧. ਸ਼ੋਭਾ ਦੇ ਸਮੁੰਦਰ ਹੋ, ਨਿਤ ਨਵੇਂ ਪ੍ਰੇਮ ਵਾਲੇ ਦਾਨੇ ਯਾ ਛਬੀਲੇ ਹੋ(ਭਾਵ ਭਰਾਤਾਂ ਨਾਲ ਆਪ ਦਾ ਪ੍ਰੇਮ ਬੁੱਢਾ ਨਹੀਂ ਹੁੰਦਾ),ਭੀਮ ਜਿਹਾ ਬਲ ਹੈ ਤੇ ਸ਼ੀਲ ਸੁਭਾਵ ਦੀ ਸ਼ੇਸ਼ਟਤਾ ਦੀ ਗਿਣਤੀ ਹੀ ਨਹੀਂ ਹੈ । ੨. ਪ੍ਰਿਥਵੀ ਦਾ ਸ਼ਿੰਗਾਰ ਹੋ, ਦੋਖੀਆਂ ਨੂੰ ਨਾਸ਼ ਕਰਦੇ ਹੋ, ਸਾਰੇ ਸੁਖਾਂ ਦੇ ਦਾਤੇ ਹੋ, ਦੇਖ ਕੇ ਤ੍ਰਿਪਤ ਹੋਈਦਾ ਹੈ । [ਸੂਚਨਾ–ਜਾਪਦਾ ਹੈ ਕਿ ਦਰੁਸਤ ਪਾਠ ਐਉਂ ਸੀ: 'ਸਮੂਹ ਸੁਖ ਹੂੰ ਕੇ ਸੁਖ ਦੇਖੇ ਤੇ ਅਘਾਈਏ' । ਲਿਖਾਰੀ ਦੀ ਕਲਮ ਉਕਾਈ ਨੇ ਪਾਠ 'ਸੁਖ' ਦਾ ਮੁਖ ਕਰ ਦਿੱਤਾ ਹੈ] । ੩. ਹਿੰਮਤ ਦੇ ਖਜ਼ਾਨੇ ਹੋ, ਆਪ ਦੇ ਦਾਨਾਂ ਨੂੰ ਕੌਣ ਵਰਣਨ ਕਰੇ? ਉਸ ਨੂੰ ਤਾਂ ਸਾਰਾ ਜਹਾਨ ਹੀ ਜਾਣਦਾ ਹੈ, (ਆਲਮ ਕਹਿੰਦਾ ਹੈ) ਅੱਠੇ ਪਹਿਰ ਆਪ ਦਾ ਗੁਣ ਗਾਈਦਾ ਹੈ । ('ਆਲਮ' ਪਦ ਸ਼ਲੋਕ ਹੈ–ਜਹਾਨ ਅਰਬ ਬੀ ਹੈ ਤੇ ਕਵੀ ਦੀ ਛਾਪ ਭੀ ਹੈ) । ੪. ਮਹਾਂ ਬਲਵਾਨ ਪ੍ਰਤਾਪੀ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀਓ ! (ਰਾਜੇ) ਭੋਜ ਵਰਗੀ ਬਖਸ਼ਿਸ਼ (ਜੋ ਭੋਜ ਤੋਂ ਤਾਂ ਕਦੀ ਕਦੀ ਆਉਂਦੀ ਸੀ) ਤੁਸਾਂ ਦੇ ਹਰ ਰੋਜ਼ ਪਾਈਦੀ ਹੈ ।

ਸੂਚਨਾ–ਇਸ ਛੰਦ ਵਿਚ ਆਲਮ ਜੋ ਸ਼ਹਿਜ਼ਾਦੇ ਪਾਸ ਰਹਿ ਚੁੱਕਾ ਸੀ ਗੁਰੂ ਜੀ ਦੀ ਬਖਸ਼ਸ਼ ਨੂੰ ਉਸ ਤੋਂ ਵਧੀਕ ਦੇਖਕੇ ਉਨ੍ਹਾਂ ਨੂੰ ਪਾਤਸ਼ਾਹ ਤੇ ਉਨ੍ਹਾਂ ਦੀ ਬਖਸ਼ਸ਼ ਨੂੰ ਰਾਜੇ ਭੋਜ ਤੋਂ ਵੱਡੀ ਦੱਸ ਰਿਹਾ ਹੈ ।

੧੩. ਸਾਰਦਾ ।

ਇਸ ਨਾਮ ਦਾ ਕੋਈ ਕਵੀ ਯਾ ਕਵੀ ਇਸਤ੍ਰੀ ਦਾ ਨਾਮ ਹੁਣ ਤਕ ਦੇ ਮਿਲੇ ਗ੍ਰੰਥ ਦੁਆਰੇ ਆਏ ਕਵੀਆਂ ਦੀ ਕਿਸੇ ਗਿਣਤੀ ਵਿਚ ਨਹੀਂ ਆਇਆ ਪਰ ਦੋ ਛੰਦ ਗੁ: ਪ੍ਰ: ਸ੍ਰੀ: ਵਿਚ ਐਸੇ ਮਿਲਦੇ ਹਨ ਜਿਨ੍ਹਾਂ ਵਿਚ ਪਾਠ ਆਉਂਦਾ ਹੈ, 'ਸ਼ਾਰਦਾ ਕਹਿਤ ਹੈਂ' । ਉਂਞ ਦੋਹਾਂ ਵਿਚ ਇਸ ਦਾ ਅਰਥ–ਦੁਰਸ੍ਵਤੀ ਇਉਂ ਕਹਿੰਦੀ ਹੈ–ਬੀ ਲੱਗ ਜਾਂਦਾ ਹੈ,ਪਰ ਵਿਸ਼ੇਸ਼ ਸੰਭਾਵਨਾ ਹੁੰਦੀ ਹੈ ਕਿ 'ਸ਼ਾਰਦਾ' ਕਵਿ ਛਾਪ ਹੈ । ਦੂਸਰੇ ਛੰਦ ਤੋਂ ਐਉਂ ਟਪਕਦਾ ਹੈ ਕਿ ਮੰਗਲ ਕਵ ਦੇ ਖਿਆਲ ਦੀ ਹੀ ਪੂਰਤੀ ਸ਼ਾਰਦਾ ਵਲੋਂ ਹੋ ਰਹੀ ਹੈ । ਛੰਦ ਏਹ ਹਨ:–

ਦਿਸ਼ ਦਿਸ਼ ਦੇਸ਼ ਦੇਸ਼ ਏਸ਼ ਦਿਗਪਾਲ ਕੋਤ,

ਆਜ ਕਰੇ ਕਾਲ ਕੋਤੇ ਗੁਨਹ ਗਹਤਿ ਹੈਂ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਸਾਚੇ ਸੁਨੀਅਤਿ,
ਤੇਰੇ ਸਿਰ ਭਾਰ ਭੂ ਕੋ ਸ਼ਾਰਦਾ ਕਹਿਤ ਹੈ।
ਓਜਨ ਕੇ ਸੂਰ ਮਹਾਂ ਮੌਜਨ ਸੋਂ ਘੋਰ ਮਾਰ,
ਔਰ ਨ ਬਿਚਾਰ ਕੀਜੈ ਦਾਰਿਦ ਦਹਿਤ ਹੈਂ।
ਹਰ ਮਾਂਗੇ ਬਰ ਦੇਤਿ ਮਾਂਗ ਗੁਰ ਗੋਬਿੰਦ ਕੋ,
ਕਰਤਾਰ ਮਾਂਗੇ ਕਰਤਾਰ ਦੇ ਰਹਤ ਹੈਂ।

੧. ਦਿਸ਼ਾ ਦਿਸ਼ਾ ਦੇ ਸ੍ਵਾਮੀ ਦਿਗਪਾਲ ਤੇ ਦੇਸ਼ ਦੇਸ਼ ਦੇ ਰਾਜੇ (ਅਜ=) ਦੇ ਸਮੇਂ ਕਿੰਨੇ ਹੀ (ਆਪ ਦੇ ਗੁਣਾਂ ਨੂੰ ਗ੍ਰਹਣ ਕਰਦੇ ਹਨ, ਕਿੰਨੇ (ਕਲ=) ਅੱਗੇ ਨੂੰ ਗ੍ਰਹਣ ਕਰਨਗੇ। ੨. ਆਪ ਪ੍ਰਬਲ ਪ੍ਰਤਾਪ ਵਾਲੇ ਤੇ ਸੱਚੇ ਪਾਤਸ਼ਾਹ ਸੁਣੀਂਦੇ ਹੈ, ਸ਼ਾਰਦਾ ਕਹਿੰਦਾ ਹੈ ਕਿ ਆਪ ਦੇ ਸਿਰ ਤੇ ਹੀ ਪ੍ਰਿਥਵੀ ਦਾ ਭਾਰ (ਭਾਵ ਆਪ ਦੇ ਆਸ਼੍ਰਯ ਹੈ)। ੩. (ਉਮੰਗ ਤੇ ਉਤਸ਼ਾਹ ਦੇ) ਮਹਾਂ ਸੂਰਮੇ ਹੋ, ਬਖਸ਼ਿਸ਼ਾਂ ਨਾਲ ਘੋਰ ਕੇ ਮਾਰ ਦਿੰਦੇ ਹੋ, (ਮੇਰੇ ਮਨ!) ਹੋਰ ਵਿਚਾਰਾਂ ਵਿਚ ਨਾ ਪੈ, (ਉਹ ਤਾਂ ਐਉਂ ਕਰਨ ਵਿਚ) ਦਰਿਦ੍ਰ (ਗਰੀਬੀ) ਦਾ ਨਾਸ਼ ਕਰ ਰਹੇ ਹਨ। [ਓਜ=ਉਤਸਾਹ, ਉਮੰਗ, ਜੋਸ਼। ਬਲ]। ਭਾਵ ਦਾਨ ਦੇਣ ਵੇਲੇ ਕਿਸੇ ਦੇ ਅਧਿਕਾਰ ਆਦਿ ਦੀ ਵੀਚਾਰ ਨਹੀਂ ਕਰਦੇ,ਉਸਦਾ ਦਰਿੱਦਰ ਦੂਰ ਕਰ ਦੇਂਦੇ ਹਨ)। ੪. ਹਰੀ ਤੋਂ ਕੁਛ ਮੰਗੀਏ ਤਾਂ ਉਹ ਵਰ ਦੇ ਦੇਂਦੇ ਹਨ (ਪਰ ਮੇਰੇ ਮਨ ਤੂੰ)ਗੁਰੂ ਗੋਬਿੰਦ(ਸਿੰਘ)ਜੀ ਤੋਂ ਮੰਗ (ਜੋ)ਮੰਗਿਆਂਹੱਥਾਂ(ਦੇ ਦਾਨ) ਨਾਲ ਤਾਰ ਦਿੰਦੇ ਹਨ (ਤੇ ਨਾਲ) ਕਰਤਾਰ* ਭੀ ਦੇ ਦੇਂਦੇ ਹਨ, (ਭਾਵ ਵਾਹਿਗੁਰੂ ਪ੍ਰਾਪਤ ਭੀ ਕਰਾ ਦਿੰਦੇ ਹਨ)।

[ਗੁਰੂ ਜੀ ਦੀ ਛੜੀ]

ਇਹ ਛੰਦ ਮੰਗਲ ਦੇ ਛੜੀ ਪਰ ਕਹੇ ਛੰਦ ਦੇ ਖਿਆਲ ਨੂੰ ਦੂਸਰੇ ਖਿਆਲ ਵਿਚ ਅਦਾ ਕੀਤਾ ਗਿਆ ਹੈ। ਮੰਗਲ ਨੇ ਗੁਰੂ ਜੀ ਨੂੰ ਵਿਸ਼ਨੂੰ ਤੇ ਛੜੀ ਨੂੰ ਵਿਸ਼ਨੂੰ ਦੀ ਗਦਾ ਤੋਂ ਰੂਪਧਾਰੀ ਹੋਇਆ ਦੱਸਿਆ ਹੈ ਤੇ ਸ਼ਾਰਦਾ ਨੇ ਗੁਰੂ ਜੀ ਨੂੰ ਕ੍ਰਿਸ਼ਨ ਤੇ ਛੜੀ ਨੂੰ ਬੰਸਰੀ ਰੂਪਧਾਰੀ ਹੋਈ ਦੱਸਿਆ ਹੈ। ਛੰਦ ਇਉਂ ਹੈ–

ਕੁੰਜ ਕੁੰਜ ਗਲਿਨਿ ਬਜਾਈ ਬਨ ਬਾਂਸਰੀ ਜੀ,
ਉਨਹੀ ਕੇ ਸੰਗ ਸੋਈ, 'ਸ਼ਾਰਦਾ' ਕਹਤਿ ਹੈ।
ਜਮਨਾ ਕੇ ਤਟ ਬੰਸੀ ਬਟ ਕੇ ਨਿਕਟ ਸੋਈ,
ਤਟ ਸਤੁਦ੍ਰਵ ਆਨ ਸਾਹਿਬੀ ਕਰਤ ਹੈ।
ਦੇਖੋ ਭੂਪ ਭੂਪਨਿ ਕੇ, ਭੂਮ ਕੇ ਭਗਤ ਲੋਗੋ!
ਭਾਗ ਯਾ ਛਰੀ ਕੇ ਮੋ ਸੋਂ ਕਹਿਬੇ ਬਨਤ ਹੈਂ।
ਕਾਨ੍ਹ ਹੈ ਕੈ ਔਤਰਜੇ ਤੌ ਮੁੱਖ ਹੀ ਰਹਤ ਲਾਗੀ,
ਗੋਬਿੰਦ ਹੈ ਔਤਰਜੇ ਤੋ ਹਾਥ ਹੀ ਰਹਤ ਹੈ।

੧. ਬ੍ਰਿੰਦਾਬਨ ਦੀ ਕੁੰਜ ਕੁੰਜ ਤੇ ਗਲੀ ਗਲੀ ਵਿਚ ਬਾਂਸਰੀ ਬਜਾਈ ਸੀ। ਸ਼ਾਰਦਾ ਕਵੀ ਕਹਿੰਦਾ ਹੈ ਕਿ ਉਹੋ (ਬਾਂਸਰੀ) ਹੀ ਹੁਣ ਉਨ੍ਹਾਂ ਦੇ ਨਾਲ ਹੈ (ਛੜੀ ਦੇ ਰੂਪ ਵਿਚ)। ੨. ਜਮੁਨਾਂ ਦੇ ਕਿਨਾਰੇ ਜੋ ਬੰਸੀ ਬਟ ਦੇ ਨੇੜੇ (ਬੰਸੀ ਬਜਾਉਂਦਾ ਸੀ*) ਉਹੋ ਸਤਲੁਜ ਦੇ ਕਿਨਾਰੇ ਆ ਕੇ ਹੁਣ ਸਾਹਿਬੀ ਕਰ ਰਿਹਾ ਹੈ। ੩. ਹੇ (ਸਿੰਘਾਸਣ ਤੇ ਵਿਰਾਜੇ) ਰਾਜਿਆਂ ਦੇ ਰਾਜੇ (ਗੁਰੂ ਜੀ !)ਤੇ ਹੇ ਪ੍ਰਿਥਵੀ (ਤੇ ਬੈਠੇ) ਭਗਤ ਜਨੋ (ਸਾਧ ਸੰਗਤ ਜੀ!) ਦੇਖੋ ਇਸ ਛੜੀ ਦੇ ਭਾਗ ਮੈਨੂੰ ਕਹਿਣੇ ਹੀ ਬਣੇ ਹਨ। ੪.ਕਿ ਜਦੋਂ ਕਾਨ੍ਹ ਹੋਕੇ ਅਵਤਰੇ ਸਨ ਤਾਂ ਮੁੱਖ ਨਾਲ ਹੀ ਲਗੀ ਰਹਿਦੀ ਸੀ, ਗੁਰੂ ਗੋਬਿੰਦ ਸਿੰਘ ਜੀ ਹੋਕੇ ਜਦ ਅਵਤਰੇ ਹਨ ਤਾਂ ਹੱਥ ਵਿਚ ਹੀ ਰਹਿੰਦੀ ਹੈ।

੧੪. ਸੁਦਾਮਾ।

ਇਸ ਨਾਮ ਦਾ ਇਕ ਬ੍ਰਹਮਣ ਸ੍ਰੀ ਕ੍ਰਿਸ਼ਨ ਜੀ ਦੇ ਸਮੇਂ ਹੋਯਾ ਹੈ ਜੋ ਉਨ੍ਹਾਂ ਦੇ ਨਾਲ ਇਕੱਠਾ ਪੜ੍ਹਦਾ ਰਿਹਾ ਸੀ। ਇਹ ਅਤਿ ਨਿਰਧਨ ਸੀ। ਇਕ ਵੇਰ ਇਹ ਥੋੜੇ ਚਾਵਲ ਭੇਟਾ ਲੈਕੇ ਕ੍ਰਿਸ਼ਨ ਜੀ ਨੂੰ ਦ੍ਵਾਰਕਾ ਜਾ ਮਿਲਿਆ। ਸ੍ਰੀ ਜੀ ਉਸ ਨੂੰ ਅੱਤ ਪਿਆਰ ਤੇ ਸਤਿਕਾਰ ਨਾਲ ਮਿਲੇ ਤੇ ਉਸ ਦਾ ਦਰਿਦ੍ਰ ਦੂਰ ਕੀਤਾ। ਇਸ ਦੀ ਦਿਹ ਵਿਥਯਾ ਭਾਈ ਗੁਰਦਾਸ ਜੀ ਨੇ ਬੀ ਲਿਖੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬੀ ਇਸ ਨਾਮ ਦਾ ਇਕ ਬ੍ਰਹਮਣ ਹੋਯਾ ਹੈ ਜੋ ਬੁੰਦੇਲ ਖੰਡ ਦਾ ਰਹਿਣੇ ਵਾਲਾ ਸੀ। ਇਹ ਚੰਗਾ ਕਵੀ ਬੀ ਸੀ, ਪਰ ਗ਼ਰੀਬ ਸੀ, ਇਹ ਸੁਣਕੇ ਕਿ ਗੁਰੂ ਗੋਬਿੰਦ ਸਿੰਘ ਜੀ ਕਵੀਆਂ ਨੂੰ ਸਨਮਾਨਦੇ ਹਨ ਇਹ ਅਪਣਾ ਦਰਿਦਰ ਦੂਰ

*[ਕਰਤਾਰ=ਹੱਥਾ ਨਾਲ ਤਾਰਨਾ। ਕਰਤਾਰ=ਈਸ਼ੁਰ।] ਕਰਤਾਰ ਪਦ ਦੇ ਏਥੇ ਹੋਰ ਬੀ ਦੋ ਤੇ ਅਰਥ ਲਗਦੇ ਹਨ, ਦੇਖੋ ਸੰਪਾਦਿਤ ਸੁਰਜ ਪ੍ਰਕਾਸ਼ ਸਫਾ ੫੭੧੬।

*ਬੰਸੀ ਬਟ, ਉਹ ਬੋਹੜ ਜਿਸ ਹੇਠ ਕ੍ਰਿਸ਼ਨ ਜੀ ਬੰਸੀ ਵਜਾਉਂਦੇ ਸਨ।

ਕਰਨ ਹਿਤ ਆਨੰਦਪੁਰ ਗਿਆ ਤੇ ਗੁਰੂ ਕੇ ਹਜ਼ੂਰ ਦੁਆਪਰ ਦੇ ਸੁਦਾਮੇ ਦੀ ਅਪਣੇ ਨਾਲ ਸਮਾਨਤਾ ਲੈਕੇ ਗੁਰੂ ਜੀ ਨੂੰ ਮਿਲਿਆ ਤੇ ਦਾਨ ਪਾਕੇ ਸੁਖੀ ਹੋਇਆ, ਉਸਦੀ ਰਚਨਾ ਦਾ ਇਕ ਕਬਿਤ ਹੈ–

ਏਕ ਸੰਗ ਪਢੇ ਅਵੰਤਕਾ ਸੰਦੀਪਨ ਕੇ,
ਸੋਈਸੁਧ ਆਈ ਤੋਬੁਲਾਇ ਦੂਝੀ ਬਾਮਾਂਮੈਂ:–
ਪੁਰੀ ਫਲ ਹੋਤ ਤੈ ਅਸੀਸ ਦੇਤੇ ਨਾਥ ਜੀ ਕੋ,
ਤੰਦੁਲ ਲੇ,ਦੀਜੈ,ਬਾਂਧ ਲੀਜੈ ਫਟੇ ਜਾਮਾ ਮੈਂ।
ਦੀਨ ਦੁਆਰ ਸੁਨਿਕੈ ਦਯਾਲ ਦਰਬਾਰ ਮਿਲੇ
ਏਤੋ ਕੁਛ ਦੀਨੋ ਪਾਈ ਅਰਨਤ ਸਾਮਾਂ ਮੈਂ।
ਪ੍ਰੀਤਿ ਕਰਿ ਜਾਨੇ ਗੁਰ ਗੋਬਿੰਦ ਕੈ ਮਾਨੇ,
ਤਾਂਤੇ ਵਹੈ ਤੂੰ ਗੋਬਿੰਦ ਵਹੈ ਬਾਮਨ ਸੁਦਾਮਾਂ ਮੈਂ।

੧ ਅਵੰਤਕਾ ਪੁਰੀ ਵਿਚ ਸੰਦੀਪਨ (ਉਸਤਾਦ ਪਾਸੋਂ) ਇਕੱਠੇ ਪੜ੍ਹੇ ਸੀ (ਕ੍ਰਿਸ਼ਨ ਤੇ ਸੁਦਾਮਾ), ਇਹ ਗੱਲ ਚੇਤੇ ਆਈ ਤਾਂ ਮੈਂ (ਅਪਣੀ) ਇਸਤ੍ਰੀ ਨੂੰ ਬੁਲਾ ਕੇ ਪੁੱਛਿਆ। ੨ ਜੇ (ਘਰ ਵਿਚ) ਸੁਪਾਰੀ ਹੁੰਦੀ ਤਾਂ ਮੈਂ ਜਾ ਕੇ ਨਾਥ (ਭਾਵ ਗੁਰੂ ਗੋਬਿੰਦ ਸਿੰਘ ਜੀ) ਨੂੰ (ਭੇਟਾ ਧਰਕੇ) ਅਸੀਸ ਦੇਂਦਾ। (ਇਸਤ੍ਰੀ ਨੇ ਕਿਹਾ) ਚਾਵਲ ਹੀ ਲਿਜਾ (ਕੇ ਭੇਟਾ) ਦੇ ਵਿਓ ਤੇ ਏਨੂ ਲਿਜਾਓ ਪਾਟੇ ਟੱਲੇ ਵਿਚ*। ੩ (ਨਾਥ ਜੀ ਮੇਰੇ ਵਰਗਾ) ਗਰੀਬ ਦੁਆਰੇ ਆਇਆ ਸੁਣ ਕੇ ਦਰਬਾਰ ਵਿਚ ਦਿਆਲੂ ਹੋਕੇ ਮਿਲੇ ਤੇ ਇੰਨਾਂ ਕੁਝ ਦਿੱਤਾ ਕਿ ਮੈਂ ਅਣਗਿਣਤ ਸਮਿੱਗ੍ਰੀ ਪਾ ਲਈ। [ਸਾਮਾਂ=ਸਾਮਾਨ, ਸਮੱਗ੍ਰੀ]। ੪ ਪ੍ਰੀਤ ਕਰਕੇ (ਮੈਂ ਤੁਸਾਨੂੰ)ਜਾਣ ਲਿਆ ਹੈ ਤੈ(ਪਰਖ) ਮੰਨ (=ਨਿਸ਼ਚੇ ਕਰ)ਲਿਆ ਹੈ ਕਿ ਤੂੰ ਹੈ ਗੁਰੂ ਗੋਬਿੰਦਸਿੰਘ ਜੀ ਉਹੋ ਗੋਬਿੰਦ ਹੈਂ ਤੇ(ਮੈਂ) ਉਹੀ ਸੁਦਾਮਾ (ਬ੍ਰਹਮਣ ਹਾਂ†)।

੧੫. ਸੈਣਾ।

ਇਹ ਗੁਰੂ ਕੇ ਦਰਬਾਰ ਦਾ ਇਕ ਲਿਖਾਰੀ ਸੀ। ਇਸਤੋਂ ਕੁਛ ਖ਼ਤਾ ਹੋ ਗਈ, ਮਾਫੀ ਮੰਗ ਲੈਣ ਦੀ ਥਾਂ ਨੱਸ ਗਿਆ ਤੇ ਘਰ ਜਾ ਕੇ ਖੇਤੀ ਬਾੜੀ ਵਿਚ ਲਗ ਗਿਆ। ਅੱਖਰ ਇਹ ਬੜ੍ਹਤ ਸੁਹਣੇ ਲਿਖਿਆ ਕਰਦਾ ਸੀ ਜਿਸ ਕਰਕੇ ਗੁਰੂ ਜੀ ਇਸ ਨੂੰ ਯਾਦ ਕਰਦੇ ਹੁੰਦੇ ਸੇ। ਇਸਦੀ ਗੁਰੂ ਜੀ ਕਦਰ ਭੀ ਕਰਦੇ ਸੇ, ਕਦੇ ਕਦੇ ਇਹ ਕੁਛ ਕਵਿਤਾ ਬੀ ਕਰ ਲੈਂਦਾ ਸੀ। ਕੁਛ ਚਿਰ ਘਰ ਰਹਿਕੇ 'ਗੁਰੂ ਮਿਹਰਾਂ' ਨੂੰ ਯਾਦ ਕਰਕੇ ਇਸ ਨੇ ਕੁਛ ਕਵਿਤਾ ਲਿਖ ਘੱਲੀ ਜਿਸ ਦਾ ਇਹ ਰੂਪ ਮਿਲਦਾ ਹੈ–

ਜਬ ਕ ਪ੍ਰਭੂ ਤੇ ਬੀਛੁਰੇ, ਕੀਯੋ ਕ੍ਰਿਖਿ* ਕੋ ਛਾਟ।
ਬ੍ਰਿਖਭਨਾਂ ਸੰਗਤਿ ਹਮ ਕਰੀ ਭਏ ਜਾਟ ਕੇ ਜਾਟ।
ਅਬ ਕਾ ਮੁਖ ਪ੍ਰਭੂ ਕਉ ਦਿਖਰਾਊਂ।
ਸਿਮਰ ਨਾਮ ਨਿਤ ਆਨੰਦ ਪਾਊਂ।
ਗੁਰ ਗਤਿ ਅਗਮ ਜਾਣ ਨਹਿੰ ਜਾਈ।
ਨਾਰਦਾਦਿ ਕੀ ਮਤਿ ਭਰਮਾਈ‡।

ਇਹ ਪੜ੍ਹਕੇ ਸਤਿਗੁਰਾਂ ਨੇ ਮਾਫ ਕਰ ਦਿੱਤਾ ਤੇ ਬੁਲਾ ਲਿਆ ਤੇ ਫੇਰ ਉਸਨੂੰ ਲਿਖਤ ਦੀ ਸੇਵਾ ਤੇ ਲਾ ਲਿਆ।

੧੬. ਕੁਵਰੇਸ਼।

ਓੜਛਾ ਦੇ ਰਾਜੇ ਇੰਦ੍ਰਜੀਤ ਪਾਸ ਇਕ ਬ੍ਰਹਮਣ ਕਵੀ ਸੀ, ਜਿਸਦਾ ਨਾਮ ਕੇਸ਼ੂਦਾਸ ਸੀ। ਇਸ ਰਾਜਾ ਨੇ ਕਵੀ ਨੂੰ ੨੧ ਪਿੰਡ ਇਨਾਮ ਦਿੱਤੇ ਸਨ। ਇਸ ਸ਼ਿਰੋਮਣੀ ਕਵੀ ਨੇ 'ਕਵਿ ਪ੍ਰਿਯਾ' 'ਰਸਿਕ ਪ੍ਰਿਯਾ' ਦੋ ਗ੍ਰੰਥ ਲਿਖੇ ਹਨ ਜੋ ਬ੍ਰਿਜ ਭਾਸ਼ਾ ਵਿਚ ਕਾਵ੍ਯ ਵਿਦ੍ਯਾ ਦੇ ਉੱਚੇ ਪਾਏ ਦੇ ਗ੍ਰੰਥ ਮੰਨੇ,ਪੜ੍ਹੇ ਪੜ੍ਹਾਏ ਤੇ ਸ਼ਤਿਕਾਰੇ ਜਾਂਦੇ ਹਨ। 'ਰਾਮਚੰਦ ਚੰਦ੍ਰਿਕਾ' ਭੀ ਇਕ ਅਲੰਕਿਤ ਰਚਨਾ ਇਸੇ ਮਹਾਨ ਕਵੀ ਦੀ ਹੈ। ਹੋਰ ਛੋਟੇ ਗ੍ਰੰਥ ਬੀ ਕੁਛ ਹੈਨ ਜੈਸੇ– ਬੀਰ ਸਿੰਘ ਦੇਵ ਚਰਿਤ, ਵਿਗ੍ਯਾਨ ਗੀਤਾ। ਇਸ ਦੇ ਜਨਮ ਦਾ ਸੰਮਤ 'ਸ਼ਿਵਸਿੰਘਸਰੋਜ' ਨੇ੧੬੨੪ਤੇ ਹਿੰਦੀ ਕੋਸ਼ ਨੇ ੧੬੧੨ ਦਿੱਤਾ ਹੈ, ਚਲਾਣਾ ੧੬੭੪ ਵਿਚ ਬੁੰਦੇਲ ਖੰਡ ਵਿਚ ਹੋਇਆ§। ਕਵੀ ਸੰਤੋਖ ਸਿੰਘ ਜੀ ਇਸ ਮਹਾਨ ਕਵੀ ਦੇ ਪੁੱਤਰ ਦਾ ਨਾਮ

*(ਅ) (ਇਸਤ੍ਰੀ ਨੇ ਕਿਹਾ:–) ਤੇਵਲ ਲੈ। (ਮੈਂ ਕਿਹਾ–) ਦੀਜੈ ਬਾਂਧ। (ਇਸਤ੍ਰੀ ਨੇ ਕਿਹਾ:–) ਲੀਜੈ ਫਟੇ ਜਾਮਾ ਮੈਂ (ਭਾਵ ਹੋਰ ਕਪੜਾ ਨਹੀਂ ਘਰ ਵਿਚ)।

†(ਅ) ਹੈ ਗੁਰੂ ਗੋਬਿੰਦ ਸਿੰਘ ਜੀ। (ਆਪ ਨੇ ਜੋ) ਪ੍ਰੀਤ ਕਰਕੇ (ਮੈਨੂੰ) ਮਾਣ ਦਿਤਾ ਹੈ, ਉਸ ਤੋਂ (ਮੈਂ) ਜਾਣ ਲਿਆ ਹੈ ਕਿ (ਓਹੋ) ਤੂੰ ਗੋਬਿੰਦ (ਕ੍ਰਿਸ਼ਨ) ਹੈਂ ਤੇ ਓਹੀ ਮੈਂ ਸੁਦਾਮਾ ਹਾਂ।

*ਖੇਤੀ। †ਏਲਾਂ ਦੀ। ‡ਇਹ ਚੋਪਈ ਦੋਹਿਰੇ ਦੇ ਨਾਲ ਬਾਬਾ ਪ੍ਰੇਮ ਸਿੰਘ ਜੀ ਨੇ ਦਿੱਤੀ ਹੈ, ਸਫਾ ੨੬੭।

§ਅਕਬਰ ਨੇ ਰਾਜਾ ਇੰਦਰਜੀਤ ਪਰ ਕਿਸੇ ਗਲੋਂ ਇਕ ਕਰੋੜ ਰੁਪੱਯਾ ਜੁਰਮਾਨਾ ਕੀਤਾ, ਕੇਸ਼ਵ ਦਾਸ ਨੇ ਚੋਰੀ ਚੋਰੀ ਜਾਕੇ ਬੀਰ ਬਲ ਨੂੰ ਅਪਣੀ ਕਵਿਤਾ ਨਾਲ ਰਿਝਾਯਾ ਤੇ ਉਸਦੀ ਸਿਫਾਰਸ਼ ਨਾਲ ਕਰੋੜ ਦਾ ਜੁਰਮਾਨਾ ਮਾਫ ਕਰਵਾਇਆ। [ਸ਼ਿਵ ਸਿੰ: ਸਰੋਜ

ਕੁਵਰੇਸ਼ ਲਿਖਦੇ ਹਨ* । ਇਹ ਭੀ ਕਵੀ ਤੇ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ । ਔਰੰਗਜ਼ੇਬ ਨੇ ਇਸ ਨੂੰ ਮੁਸਲਮਾਨ ਬਨਾਉਣਾ ਚਾਹਿਆ । ਜਦ ਕੁਵਰੇਸ਼ ਨੂੰ ਪਤਾ ਲੱਗਾ ਤਾਂ ਚੁਪਾਤਾ ਉਠ ਟੁਰਿਆ । ਭੇਸ ਵਟਾ ਕੇ ਲੁਕ ਛੁਪ ਕੇ ਅਨੰਦਪੁਰ ਪਹੁੰਚਾ ਤੇ ਗੁਰੂ ਚਰਨਾਂ ਵਿਚ ਹਾਜ਼ਰ ਹੋਕੇ ਐਉਂ ਬਿਨੈ ਕੀਤੀ—

'ਸੁਨਾ ਨਿਥਾਂਵਨ ਕੋ ਤੁਮ ਥਾਨ । ਸਦਾ ਨਿਮਾਨਨ ਕੋ ਬਡ ਮਾਨ । ਅਹੋ ਨਿਤਾਨਨ ਕੋ ਤੁਮ ਤ੍ਰਾਨ । ਅਸ ਸੋਭਾ ਕੋ ਕਥੈ ਜਹਾਨ । ਤੁਰਕ ਤੇਜ ਤੇ ਬਿਨ ਬਲ ਹਿੰਦੂ । ਧਰਮ ਬਿਨਾਸਤ ਮੇਲਤ ਬ੍ਰਿੰਦੂ । ਮਹਾਂ ਤ੍ਰਾਸ ਤੇ ਮੈਂ ਚਲਿ ਆਯੋ । ਚਹਿਤ ਆਪਨੋ ਧਰਮ ਬਚਾਯੋ ।'

ਸ੍ਰੀ ਸਤਿਗੁਰ ਜੀ ਦਾਹਮਣ ਵਿਦਵਾਨ ਦੀ ਦੁਖੀਦਸ਼ਾ ਤੇ ਪਸੀਜੇ ਤੇ ਪੰਜਰੁਪੈ ਰੋਜ਼ ਦਾ ਰੁਜ਼ੀਨਾ ਲਾ ਕੇ ਆਪਣੇ ਕਵੀ ਸਮਾਜ ਵਿਚ ਰੱਖ ਲਿਆ† । ਇਸ ਨੇ ਗੁਰੂ ਆਰਜਾ ਵਿਚ ਮਹਾਂਭਾਰਥ ਦੇ 'ਦੋਣ ਪਰਬ' ਦਾ ਹਿੰਦੀ ਅਨੁਵਾਦ ਕੀਤਾ‡, ਜਿਸ ਬਾਬਤ ਉਹ ਆਪ ਐਉਂ ਲਿਖਦਾ ਹੈ:—

ਸੰਬਤ ਸਤ੍ਰਹ ਸੈ ਅਧਿਕ ਬਾਵਨ ਬੀਤੇ ਔਰ§,
ਤਾਸੈ ਕਵਿ ਕੁਵਰੇਸ਼ ਯਹ ਕਿਯੋ ਗ੍ਰੰਥ ਕੋ ਭੌਰ[A] ।
ਵਾਹੁਜ[B] ਬੇਦੀ ਕੁਲ ਭਯੋ ਨਾਨਕ ਗੁਰੂ ਅਨੂਪ,
ਜਿਨ ਮੋਂ ਪੂਰੋ ਪਾਈਏ ਪਾਰਬ੍ਰਹਮ ਕੋ ਰੂਪ ।
ਨਾਨਕ ਸਿੱਖ ਕੀਏ ਤਿਹੁਨਕੁਲ ਅੰਗਦਸ਼ੁਭਨਾਮ,
ਭਕਿਤ ਸਰੋਰੁਹ ਕੋ ਭਯੋ ਜੋ ਰਵਿ ਆਠੇ ਜਾਮ[C] ।
ਅੰਗਦ ਨਿਜ ਗੁਰੁਤਾ ਦਈ ਭੱਲੋ ਭਲੇ ਵਿਚਾਰ,
ਅਮਰਦਾਸ ਕੋ ਨਿਜਸਕਲ ਦੀਨੋ ਜਗਤਉਧਾਰ।
ਅਮਰਦਾਸ ਅਪਣੇਸਕਲ ਗੁਰਤਾ ਪ੍ਰਭੁਤਾ ਗ਼ਜ਼ਾਨ[D]
ਰਾਮਦਾਸ ਕੋ ਸਭ ਦਿਯੋ ਜੋ ਸੋਢੀ ਸੁਲਤਾਨ ।
ਅਰਜੁਨ ਬ੍ਰਿਕ੍ਰਮ ਨਾਮ ਹੈ ਅਰਜੁਨ ਜਗ ਪੁਰਹੂਤ,
ਜਿਨਜਗ ਜਸਅਰਜੁਨ ਕਿਯੋ ਰਾਮਦਾਸ ਕੋ ਪੂਤ[E] ।

ਅਰਜੁਨ ਸ਼ੂਨੁ* ਉਦਾਰ ਮਤਿ ਹਰਿ ਗੋਬਿੰਦ ਨਰਿੰਦ
ਜਿਨ ਹਰਿਲੋ ਮਾਰੇ ਨਿਖਿਲ ਬੈਰੀ ਪ੍ਰਬਲਕਰਿੰਦਾਂ।
ਛੋਡਜੋ ਜਬ ਗੁਰੁਦਿੱਤ ਜੂ ਜਗ ਮਾਯਾ ਵਿਸਤਾਰ‡,
ਤਿਨ ਕੋ ਮੁਤ ਹਰਿਰਾਯ ਕੋ ਦੀਨੋ ਗੁਰੁਤਾ ਭਾਰ ।
ਭਏਸੂਨੁ[A] ਹਰਿਰਾਇਕੋਗੁਰਅਤ੍ਰਿਸਨ[B] ਹਰਿਕ੍ਰਿਸ਼ਨ
ਤਜਯੋਜਬੈ ਤਿਨਹੂੰ ਜਗਤ ਤਬਹਿ ਕਰੀ ਯਹ ਪ੍ਰਸ਼ਨ ।
ਗੁਰੁਤਾ ਪ੍ਰਭੁਤਾ ਕੋ ਉਚਿਤ[C] ? ਤੇਗ ਬਹਾਦਰ ਏਕ।
ਨਾਰਾਯਨ ਜਾਂ ਪਾਰ ਕਿਯੋ ਭਕਤਿ ਸੁਧਾ ਕੋ ਸੋਕ[D] ,
ਨਿਜ ਜਨ ਕੈਰਵ[E] ਸੁਖ ਕਰਨ ਤੇਗ ਬਹਾਦਰ ਚੰਦ।
ਜਿਨ ਭਵ ਪਾਰਾਵਾਰ[F] ਕੋ ਦੂਰ ਕਿਯੋ ਦੁਖ ਦੰਦ ,
ਗੁਰ ਗੋਬਿੰਦ ਨਰਿੰਦ ਹੈ ਤੇਗ ਬਹਾਦਰ ਨੰਦ[G] ।
ਜਿਨ ਤੇ ਜੀਵਤ ਹੈਂ ਸਕਲ ਭੂਤਲ ਕਵਿ ਬੁਧ ਬ੍ਰਿੰਦ,
ਨਦੀ ਸਤੁੱਦ੍ਰ ਤੀਰ ਤਹਿੰ ਸ਼ੁਭ ਅਨੰਦਪੁਰ ਨਾਮ।
ਗੁਰ ਗੋਬਿੰਦ ਨਰਿੰਦ ਕੋ ਰਾਜਤ ਸੁਭਗ ਸੁਧਾਮ ,
ਗੰਗਾ ਜਮਨਾ ਬੀਚ ਮੋਂ ਬਰੀ ਗ੍ਰਾਮ ਕੋ ਨਾਮ।
ਤਹਾਂ ਸੁ ਕਵਿ ਕੁਵਰੇਸ਼ ਕੋ ਬਾਸ ਕਰੈ ਕੋ ਧਾਮ[H] ,

੧੭. ਰੌਸ਼ਨ ਸਿੰਘ ।

ਕਵੀ ਕਵਿਤਾ ਕਰਦੇ ਹਨ । ਕਵਿਤਾ ਬੀ ਧਨ ਵਾਙੂ ਇਕ ਧਨ ਹੈ ਤੇ ਇਸ ਦੀ ਬੀ ਚੋਰੀ ਹੁੰਦੀ ਹੈ। ਕਵਿਤਾ ਦੀ ਚੋਰੀ ਵਾਲੇ ਨੂੰ ਚੋਰ ਕਵੀ ਆਖਦੇ ਹਨ। ਕਈ ਤਾਂ ਖਜਾਲ ਚੁਰਾਉਂਦੇ ਹਨ, ਦੂਸਰੇ ਕਵੀ ਦੇ ਖਿਆਲ ਲੈਕੇ ਕੁਝ ਛੰਦ ਬਦਲਕੇ ਕੁਛ ਭੰਨ ਤੋੜ ਕਰਕੇ ਆਪਣੇ ਕਰ ਦੱਸਦੇ ਹਨ,ਕਈ ਰਚੀ ਰਚਾਈ ਵਿਚ ਅਪਣੇ ਨਾਮ ਦੀ ਛਾਪ ਦੇਕੇ ਸਮੂਲਚਾ ਧਾੜਾ ਮਾਰਦੇ ਹਨ, ਕਈ ਅਦਲਾ ਬਦਲੀ ਕਰਕੇ ਦੁਇ ਤਰ੍ਹਾਂ ਛਾਪਾ ਮਾਰ ਲੈਂਦੇ ਹਨ । ਜਿੱਥੇ ਐਤਨੇ ਕਵੀ ਕੱਠੇ ਹੋਏ, ਓਥੇ ਕਿਸੇ ਐਸੇ ਕਵੀ ਦਾ ਹੋਣਾ ਬੀ ਅਚਰਜ ਨਹੀਂ ਸੀ । ਐਸੇ ਇਕ ਸੱਜਣ ਦਾ ਨਾਮ ਗੁਰਬਿਲਾਸ(ਬਾ:ਸੁਮੇ:ਸਿੰ:)ਵਿਚ ਆਇਆ ਹੈ। ਪਰ ਇਸ ਦੀ ਇਸ ਵਾਦੀ ਨੂੰ ਦੂਰ ਕਰਨ ਲਈ 'ਹਾਸ

*ਸੋਹ ਇਉਂ ਬੀ ਪਈ ਸੀ ਕਿ ਕਵਰੇਸ਼ ਪੋਤਾ ਸੀ ।
†ਬਾਬਾ ਸੁਮੇਰ ਸਿੰਘ ਜੀ ਪ੩੦) ਮਹੀਨਾ ਲਿਖਦੇ ਹਨ।
‡ਇਹ ਗ੍ਰੰਥ ਪਟਿਆਲਾ ਲਾਇਬਰੇਰੀ ਵਿਖੇ ਹੈ, ਨੰਬਰ ੧–੯ ।
§੧੭੫੨ ਸੰਮਤ ਬਿ: । A ਭੌਰ, ਰੂਪ । B ਖੱਤ੍ਰੀ । C ਭਗਤੀ ਰੂਪੀ ਕਵਲ ਨੂੰ ਜੋ ਅੱਠੇ ਪਹਿਰ ਸੂਰਜ ਵਤਹੋਏ[ਸਰੋਰੁਹ = ਕਵਲ]
D ਗੁਰਿਆਈ, ਵਡਿਆਈ ਤੇ ਗਜ਼ਾਨ । E ਗੁਰੂ ਰਾਮ ਦਾਸ ਦੇ ਪੁਤ ਜਿਨ੍ਹਾਂ ਦਾ ਬਲ ਵਾਲਾ ਨਾਮ ਹੈ 'ਅਰਜਨ' (ਸੁਰਲੋਕ ਦੇ) ਇੰਦਰ ਵਾਙੂ ਜੋ ਜਜ਼ਬ ਦੇ ਦਿਦਰ ਹਨ, ਜਿਨ੍ਹਾਂ ਨੇ ਉਜਲ ਜਸ ਜਗਤ ਵਿਚ ਲੀਤਾ ।

*ਗੁਰੂ ਅਰਜਨ ਦੇਵ ਜੀ ਦੇ ਸਪੁਤ੍ਰ । †ਜਿਸ ਨੇ ਧੱਕਾ ਕਰਨ ਵਾਲੇ (ਇਨਸਾਨ ਦੇ ਇਨਸਾਨੀ) ਵੈਰੀਆਂ ਤੋਂ ਲੈਕੇ (ਪਸ਼ੂ ਵੈਰੀ) ਪਬਲ ਸ਼ੇਰਾਂ ਤਕ ਸਭ ਨੂੰ ਮਾਰਿਆ । ‡ਭਾਵ ਸਰੀਰ ਤਿਆਗ ਗਏ । A ਸਪੁਤ੍ਰ । B ਤ੍ਰਿਲੋਕਨਾ ਤੋਂ ਰਹਿਤ । C ਯੋਗ, ਲਾਇਕ । D ਭਗਤੀ ਰੂਪੀ ਅੰਮ੍ਰਤ (ਜਿਨ੍ਹਾਂ ਨੇ) ਸਿੰਚਨ ਕੀਤਾ ਹੈ । E ਕਵੀਆਂ, ਕੁਮਦਨੀਆਂ । F ਸੰਸਾਰ ਸਾਗਰ ਦੇ । G ਗੁਰੂ ਤੇਗ ਬਹਾਦਰ ਜੀ ਦੇ ਸਪੁਤ੍ਰ । H ਭਾਵ ਕਵੀ ਦਾ ਘਰ ਬਰੀ ਪਿੰਡ ਵਿਚ ਹੈ ।

ਬਿਲਾਸ ਦੇ ਪਾਤਸ਼ਾਹ' ਤੇ ਫੇਰ 'ਪਰਦੇ ਢਕ' ਗੁਰੂ ਜੀ ਨੇ ਇਕ ਕੌਤਕ ਕੀਤਾ।

ਗੁਰੂ ਜੀ ਪਾਸ ੩੬ ਲਿਖਾਰੀ ਸਨ। ਉਨ੍ਹਾਂ ਵਿਚੋਂ ੪ ਬਹੁਤ ਸਿਆਣੇ ਤੇ ਵਿਦਵਾਨ ਸਨ। ਉਨ੍ਹਾਂ ਵਿਚੋਂ ਇਕ ਦਾ ਨਾਉਂ ਰੌਸ਼ਨ ਸਿੰਘ ਸੀ। ਇਕਦਿਨ ਗੁਰੂ ਜੀ ਨੇ ਕੁਛ ਸ਼ੈਖਾਂ ਦੀ ਰਚਨਾ ਰਚੀ ਤੇ ਰੌਸ਼ਨ ਸਿੰਘ ਨੂੰ ਉਤਾਰਾ ਕਰਨ ਲਈ ਦਿੱਤੀ ਤੇ ਆਪ ਉਸ ਦਫਤਰ ਵਿਚੋਂ ਜਿੱਥੇ ਲਿਖਾਰੀ ਆਪ ਦੀ ਉਚਾਰ ਹੁੰਦੀ ਰਚਨਾ ਲਿਖਦੇ ਹੁੰਦੇ ਸੇ ਬਾਹਰ ਚਲੇ ਗਏ। ਰੌਸ਼ਨ ਸਿੰਘ ਇਕੱਲਾ ਸੀ ਉਸ ਨੇ ਕੁਛ ਸ਼ੈਖ ਅਪਣੇ ਪੱਟ ਤੇ ਲਿਖ ਲਏ ਕਿ ਘਰ ਜਾਕੇ ਉਤਾਰਾ ਕਰਕੇ ਅਪਣੀ ਛਾਪ ਵਿਚ ਪਾ ਕੇ ਲਿਖ ਲਵਾਂਗੇ। ਇਸ ਨੇ ਜਾਤਾ ਕਿ ਗੁਰੂ ਜੀ ਭੁੱਲ ਜਾਣਗੇ, ਯਾਦ ਨਹੀਂ ਰਹਿਣ ਲਗਾ। ਗੁਰੂ ਜੀ ਇਸ ਵੇਲੇ ਬਾਹਰ ਸਮਾਗਮ ਵਿਚ ਜਾ ਬੈਠੇ ਸਨ। ਥੋੜੇ ਚਿਰ ਵਿਚ ਹੀ ਆਪ ਜੀ ਨੇ ਖਜ਼ਾਨਚੀ ਨੂੰ ਸੱਦਿਆ ਤੇ ਕਿਹਾ ਕਿ ਜਾਓ ਰੌਸ਼ਨ ਸਿੰਘ ਨੂੰ ਸਾਬਣ ਦਹੀਂ ਦੇਕੇ ਆਪ ਨਾਲ ਹੋਕੇਕੇਸਾਂ ਸਣੇ ਇਸ਼ਨਾਨ ਕਰਾ ਦਿਓਤੇ ਨਵੇਂ ਕੱਪੜੇ ਪੁਆਕੇ ਘਰ ਜਾਣ ਦੀ ਛੁੱਟੀ ਦੇ ਦਿਓ। ਜਦ ਐਸਾ ਕੀਤਾ ਗਿਆ ਤਾਂ ਸਾਰੇ ਅੱਖਰ ਪੱਟ ਤੇ ਲਿਖੇ ਹੋਏ ਮਿਟ ਗਏ। ਰੌਸ਼ਨ ਸਿੰਘ ਸਿਰ ਧੁਨਦਾ ਤੇ ਪਛੁਤਾਂਦਾ ਨ੍ਹਾ ਧੋਕੇ, ਚੋਰੀ ਦੇ ਨਿਸ਼ਾਨਾਂ ਤੋਂ ਬੀ ਧੋਤਾ ਜਾਕੇ ਘਰ ਗਿਆ। ਕੁਛ ਦਿਨ ਪਾਕੇ ਗੁਰੂ ਜੀ ਨੇ ਇਕ ਦਿਨ ਇਕੱਲੇ ਨੂੰ ਹੱਸ ਕੇ ਕਿਹਾ 'ਸੁਣਾ ਬਈ ਰੌਸ਼ਨ ਸਿੰਘ! ਰੌਸ਼ਨੀ ਕਿ ਰੁਸ਼ਨਾਈ*? ਚਾਨਣਾ ਕਿ ਸ਼ਾਹੀ?' ਸ਼ਰਮਿੰਦਾ ਹੋਕੇ ਚਰਨੀ ਪੈ ਗਿਆ, 'ਪਾਤਸ਼ਾਹ! ਤੇਰੀ ਅੰਤਰਯਾਮਤਾ ਦੇ ਸਦਕੇ ਤੇ ਵਧੀਕ ਸਦਕੇ ਤੇਰੀ ਪੜਦੇ ਕੱਜ ਗ਼ੀਬ ਨਿਵਾਜਤਾ ਦੇ, ਮੈਂ ਤਾਂ ਚਾਨਣੇ ਤੋਂ ਸਿਆਹੀ ਬਣਨ ਦੀ ਕਰਤੂਤ ਕੀਤੀ ਸੀ ਪਰ ਹੇ ਦਾਤਾ ਤੂੰ ਧੋ ਦਿਤੀ ਸਿਆਹੀ, ਉੱਜਲ ਕਰ ਦਿੱਤਾ ਸਰੀਰ ਬੀ ਤੇ ਮਨ ਬੀ। ਨਾਲ ਮੇਰਾ ਪਰਦਾ ਬੀ ਬਣਿਆ ਰਿਹਾ, ਜਿਸ ਆਪ ਦੇ ਪਰਦੇ ਢਕ ਬਿਰਦ ਦੇ ਸਦਕੇ ਮੇਰਾ ਜਨਮ ਸੰਵਰ ਗਿਆ। ਮਿਹਰ ਕਰ ਹੁਣ ਕਦੇ ਪਹੇਮਾਨਗੀ ਨਾ ਹੋਵੇ। ਭੋਜੀ ਇਹ ਮਿਹਰ ਕੇਡੀ ਹੈ ਕਿ ਪੜਦੇ ਬੀ ਢਕੇ ਤੇ ਫੇਰ ਹਜ਼ੂਰੀ ਵਿਚੋਂ ਧੱਕੇ ਬੀ ਨਹੀਂ ਦਿਤੇ, ਮੇਰੇ ਕੰਮ ਤੇ ਲਾਈ ਰਖਿਆ ਮੈਨੂੰ। ਪੈਜ ਰੱਖ ਲਈ।'

ਇਸ ਲੇਖਕ ਨੇ ਕਵਿਤਾ ਬੀ ਕੀਤੀ ਸੀ, ਲਿਖਾਰੀ ਤੇ ਕਵੀ ਦੁਇ ਸੀ, ਪਰ ਸ਼ੋਕ ਹੈ ਕਿ ਇਸ ਦੀ ਕਵਿਤਾ ਅਜੇ ਮਿਲੀ ਨਹੀਂ।

*ਰੁਸ਼ਨਾਈ ਨਾਮ ਸਜਾਹੀ ਦਾ ਵੀ ਹੈ।

੧੮. ਹੀਰ ਕਵਿ।

ਇਹ ਚੰਗਾ ਚਮਤਕਾਰੀ ਕਵੀ ਹੋਇਆ ਹੈ। ਇਸ ਦੀ ਰਚਨਾ ਤੋਂ ਪਤਾ ਲਗਦਾ ਹੈ ਕਿ ਇਹ ਖਾਲਸਾ ਸਜਣ ਤੋਂ ਬਾਦ ਅਨੰਦਪੁਰ ਹਾਜ਼ਰ ਸੀ ਤੇ ਇਸ ਨੇ ਕਈ ਜੁੱਧ ਗੁਰੂ ਸਾਹਿਬਾਂ ਦੇ ਦੇਖੇ ਸਨ ਤੇ ਅਪਣੇ ਦੇਖੇ ਸਮਿਆਂ ਨੂੰ ਅਲੰਕਾਰੀ ਰਚਨਾ ਵਿਚ ਰਚਦਾ ਰਿਹਾ ਹੈ। ਗੁਰੂ ਚਰਨਾਂ ਵਿਚ ਹਾਜ਼ਰ ਹੋਣ ਦੀ ਇਸਦੀ ਕਥਾ ਮਨੋਹਰ ਹੈ। ਗੁਰੂ ਕਾ ਦਰਬਾਰ ਲਗ ਰਿਹਾ ਸੀ, ਸਾਰੇ ਕਵਿ ਹਾਜ਼ਰ ਸਨ ਤੇ ਬੀਰਰਸੀ ਕਵਿਤਾ ਤੇ ਛੰਦ ਕਹੇ ਜਾ ਰਹੇ ਸਨ ਤਦ ਹੀਰ ਕਵਿ ਭੀ ਹਾਜ਼ਰ ਆ ਹੋਇਆ। ਉਸਨੂੰ ਪਤਾ ਲਗ ਗਿਆ ਸੀ ਕਿ ਬੀਰ ਰਸੀ ਕਵਿਤਾ ਤੇ ਆਪ ਬਹੁਤ ਪ੍ਰਸੰਨ ਹੁੰਦੇ ਹਨ। ਸੋ ਉਹ ਉਠ ਕੇ ਹੱਥਾਂ ਬਾਹਾਂ ਅੱਖਾਂ ਆਦਿ ਨਾਲ ਐਉਂ ਨਾਟ ਕਰਨ ਲਗ ਗਿਆ ਜਿਵੇਂ ਕਿਸੇ ਵੈਰੀ ਨਾਲ ਘੁਲ ਰਿਹਾ ਹੈ ਤੇ ਉਸ ਨੂੰ ਪ੍ਰਾਜੈ ਕਰਨ ਦੇ ਜਤਨ ਵਿਚ ਹੈ। ਸਾਰੀ ਸਭਾ ਹੱਸ ਪਈ ਤੇ ਗੁਰੂ ਜੀ ਨੇ ਕਿਹਾ ਕਵੀਸ਼ਰ ਜੀ ਕੀਹ ਕਰ ਰਹੇ ਹੋ? ਹੀਰ ਮਹਾਰਾਜ ਵਲ ਹਥ ਜੋੜਕੇ

ਬੋਲਿਓ—ਏਕ ਬੀਰ ਬਲਵਾਨ।
ਦੇਤ ਪਢਨ ਨਹਿ ਕ੍ਰਿਪਾ ਨਿਧਾਨ!
ਤਾ ਸਨ ਲਰ ਲਰ ਕਬਿਤ ਸੁਝੈ ਹੌਂ।
ਮਹਾਰਾਜ ਸੁਖ ਖਾਨ ਰਿਝੈ ਹੌਂ।

ਤਦ ਹੁਕਮ ਹੋਇਆ ਉਹ ਕਬਿੱਤ ਸੁਣਾਓ, ਤਦ ਹੀਰ ਨੇ ਉਸੇ ਤਰ੍ਹਾਂ ਨਾਟ ਕਰ ਕਰ ਕੇ ਦੋ ਕਬਿੱਤ ਸੁਣਾਏ, ਉਹ ਕਬਿੱਤ ਏਹ ਹੈਨ:—

ਹੀਰ ਗੁਰੂ ਜੀ ਵਲ ਮੁਖਾਤਬ ਹੋਕੇ ਫਰਿਯਾਦੀ ਵਾਙੂ ਬੋਲਿਆ—

ਪਾਸ ਠਾਢੋ ਝਗਰਤ, ਝੁਕਤ ਦਰੇਰੈ ਮੋਹਿ,
ਬਾਤ ਨ ਕਹਨ ਪਾਊਂ ਮਹਾਂ ਬਲੀ ਬੀਰ ਸੋਂ।
ਐਸੋ ਅਰਿ ਬਿਕਟ ਨਿਕਟ ਬਸੈ ਨਿਸਦਿਨ,
ਨਿਪਟ ਨਿਸੰਕ ਸਠ ਘੋਰੈ ਫੇਰ ਭੀਰ ਸੋਂ।

ਅਪਣੇ ਖਯਾਲੀ ਵੈਰੀ ਵਲ ਮੁਖ ਕਰਕੇ—

'ਦਾਰਿਦ ਕਪੂਤ'! ਤੇਰੋ ਮਰਨ ਬਨਜੋ ਹੈ ਆਜ,

ਕਰਕੈ ਸਲਾਮ ਵਿਦਾ ਹੂਜੈ ਕਵਿ 'ਹੀਰ' ਸੋਂ।
ਨਾਜ਼ੁਰ ਗੋਬਿੰਦ ਸਿੰਘ ਵਿਕਲ ਕਰੈਂਗੇ ਤੋਹਿ,
ਟੂਕ ਟੂਕ ਹੈ ਹੈਂ ਗਾਢੇ ਦਾਨਨ ਕੇ ਤੀਰ ਸੋਂ।

੧. (ਹੇ ਗੁਰੂ ਜੀ! ਇਸ ਵੇਲੇ ਬੀ 'ਦਰਿਦ'*) ਮੇਰੇ ਪਾਸ ਖੜਾ ਹੈ, ਝਗੜਦਾ ਹੈ, ਝੁਕ ਝੁਕ ਕੇ ਦਰੇੜਾਂ ਦੇਂਦਾ ਹੈ ਮੈਨੂੰ, ਐਨਾ ਕਿ ਮਹਾਂ ਬਲੀ ਬੀਰ (ਸ਼੍ਰੀ ਹਜ਼ੂਰ ਨਾਲ) ਗਲ ਬੀ ਨਹੀਂ ਕਰਨ ਦੇਂਦਾ। ੨. (ਉਵ) ਐਸਾ ਕਰੜਾ ਵੈਰੀ ਨਿਸਦਿਨ ਮੇਰੇ ਪਾਸ ਵਸਦਾ ਹੈ, ਇਹ ਦੁਸ਼ਟ ਬੜਾ ਬੇਸ਼ਰਮ ਹੈ, (ਦੇਖੋ ਹੁਣ) ਫੇਰ (ਮੈਨੂੰ) ਡਰਾ ਡਰਾਕੇ ਘੇਰ ਰਿਹਾ ਹੈ। ੩. ਹੇ ਕਪੁਤਰ ਦਰਿਦ! ਅਜ ਤੇਰਾ ਮਰਨ ਆ ਬਣਿਆ ਹੈ, (ਚੰਗੀ ਗੱਲ ਹੈ ਕਿ) ਸਲਾਮ ਕਰਕੇ ਹੀਰ ਕਵੀ ਪਾਸੋਂ ਵਿਦਾ ਹੋ ਜਾਹ। ੪. ਨਹੀਂ ਤਾਂ ਗੁਰੂ ਗੋਬਿੰਦ ਸਿੰਘ ਜੀ (ਤੈਨੂੰ) ਤੈਨੂੰ ਵਜਾਕੁਲ ਕਰ ਦੇਣਗੇ, (ਖਬਰਦਾਰ ਰਹੁ) ਤੂੰ ਉਨ੍ਹਾਂ ਦੇ ਭਾਰੀ ਦਾਨ ਦੇ ਤੀਰਾਂ ਨਾਲ ਟੁਕੜੇ ਟੁਕੜੇ ਹੋ ਜਾਏਂਗਾ।

ਫੇਰ ਗੁਰੂ ਜੀ ਵਲ ਬਿਨੈ ਦੇ ਰੰਗ ਵਿਚ–

ਜੈਸੇ ਪ੍ਰਹਲਾਦ ਸੁਰਪਤਿ ਕੀਨੋ ਪਤਿ ਦੈ ਕੈ,
ਯਾਹੂ ਪਤਿਕਾਜੈ ਨੈਕ ਚਿਤ ਦੈ ਸਮਾਰੀਏ।
ਜੈਸੇ ਬਲ ਬਾਧਜੋ ਧਰ ਬਾਵਨ ਸਰੂਪ 'ਹੀਰ',
ਟੂਕ ਟੂਕ ਕਰੋ ਚਾਢ ਆਂਖਿਨ ਪਛਾਰੀਏ।
ਛਾਡਤ ਨ ਸੰਗ ਜੁਰਜੋ ਰਹੈ ਆਠੋ ਜਾਮ ਮੇਰੇ,
ਤੇਰੇ ਦਾਨ ਨਾਮ ਤੇ ਪਰੇਤ ਮੇਰੇ ਝਾਰੀਏ।
ਏਕੈ ਗੁਰੂ ਗੋਬਿੰਦ, ਗਰੁਰ ਜਾਂਕੋ ਬਾਹਨ ਹੈਂ†,
ਜੈਸੇ ਮੁਰ ਮਾਰਜੋ ਤੈਸੇ ਮੇਰੋ ਅਰਿ ਮਾਰੀਏ।

੧. ਜਿਸਤਰ੍ਹਾਂ ਆਪ ਨੇ (ਜੋ ਕਦੇ ਨਰ ਸਿੰਘ ਅਵਤਾਰ ਸੋ) ਪ੍ਰਹਿਲਾਦ ਨੂੰ ਇੱਜ਼ਤ ਦੇਕੇ ਦੈਵਤਿਆਂ ਦਾ ਰਾਜਾ ਬਣਾ ਦਿਤਾ ਸੀ, ਇਸ ਪਤਿ (ਦੇਣ) ਦੇ ਕੰਮ ਨੂੰ ਚੰਗੀ ਤਰ੍ਹਾਂ ਚਿੱਤ ਦੇ ਕੇ ਯਾਦ ਕਰੋ। ੨. ਜਿਸ ਤਰ੍ਹਾਂ ਤੁਸਾਂ ਬਾਵਨ ਰੂਪ ਧਾਰਕੇ ਬਲ ਦੈਂਤ ਨੂੰ ਬੰਨ੍ਹ ਲਿਆ ਸੀ ਉਸ ਤਰ੍ਹਾਂ (ਇਸ ਮੇਰੇ ਦੈਂਤ ਦਰਿਦ੍ਰ ਨੂੰ) ਅੱਖਾਂ ਚੜ੍ਹਾਕੇ ਹੀ ਪਛਾੜ ਕੇ ਟੋਟੇ ਟੋਟੇ ਕਰ ਸਿੱਟੋ। [ਇਸ ਟੁਕ ਵਿਚ ਲੱਛਣਾਂ ਦੁਆਰਾ ਬਾਵਨ ਸਰੂਪ ਤੋਂ ਭਾਵ ਇਹ ਹੈ ਕਿ ਜਿਵੇਂ ਬਲ ਨੂੰ ਦਮਨ ਕਰਨ ਵੇਲੇ ਵੈਰਾਟ ਰੂਪ ਧਾਰਕੇ ਦੋ ਕਦਮਾਂ ਵਿਚ ਧਰਤੀ ਤੇ ਅਕਾਸ਼ ਮਿਣ ਲਿਆ ਤੇ ਤੀਜਾ ਕਦਮ ਚੁੱਕ ਕੇ ਬਲ ਦਾ ਸਰੀਰ ਲੈ ਲਿਆ ਸੀ, ਓਥੇ ਤਾਂ ਬ੍ਰਾਹਮਨ ਨੂੰ ਦਲਨ ਵੇਲੇ ਲੱਤ ਚਾੜ੍ਹਨੀ ਪਈ ਸੀ, ਏਥੇ ਅੱਖਾਂ ਹੀ ਚਾੜ੍ਹਕੇ ਦੈਂਤ ਨੂੰ ਮਾਰ ਦਿਓ]। ੩. ਮੇਰਾ ਇਹ ਸੰਗ ਨਹੀਂ ਛੱਡਦਾ, ਅੱਠੇ ਪਹਿਰ ਮੇਰੇ ਨਾਲ ਜੁੜਿਆ ਰਹਿੰਦਾ ਹੈ, ਆਪਣੇ ਦਾਨ ਰੂਪੀ ਮੰਤ੍ਰ (ਝਾੜੇ) ਨਾਲ ਮੇਰੇ (ਮਗਰ ਪਏ ਇਸ) ਪ੍ਰੇਤ ਨੂੰ ਝਾੜ ਦਿਓ। ੪. ਗੁਰੂ ਗੋਬਿੰਦ ਸਿੰਘ ਤੇ ਵਿਸ਼ਨੂੰ ਇਕੋ ਹੀ ਹੋ ਜਿਸ ਤਰ੍ਹਾਂ (ਵਿਸ਼ਨੂੰ ਰੂਪ ਵਿਚ) ਮੁਰ ਨਾਮੇ ਰਾਖਸ਼ ਨੂੰ ਮਾਰਿਆ ਸੀ, ਉਸ ਤਰ੍ਹਾਂ ਮੇਰੇ ਵੈਰੀ ਦਰਿੱਦ੍ ਨੂੰ ਬੀ ਮਾਰ ਦਿਓ।

ਇਨ੍ਹਾਂ ਕਬਿੱਤਾਂ ਨੂੰ ਸੁਣਕੇ ਗੁਰੂ ਜੀ ਸਮੇਤ ਸਾਰੀ ਸਭਾ ਅਤਿ ਪ੍ਰਸੰਨ ਹੋਈ। ਗੁਰੂ ਜੀ ਵਲੋਂ ਉਸ ਵੇਲੇ ਉਸਨੂੰ ਬਹੁਤ ਦਾਨ ਤੇ ਸਨਮਾਨ ਮਿਲਿਆ ਤੇ ਕਵੀਆਂ ਵਿਚ ਰੁਜ਼ੀਨਾ ਲਾਕੇ ਰੱਖ ਲੀਤਾ ਗਿਆ। ਯਥਾ:–ਸੁਨ ਸਾਚੇ ਸਤਿਗੁਰ ਅਬਿਨਾਸ਼ੀ।

ਦੀਨੋ ਧਨ ਅਨਗਨ ਰੁਨ ਰਾਸੀ।
ਕਵਿ ਜਨ ਮੱਧ ਰੋਜ਼ ਕਰ ਦੀਓ।
ਦਾਰਿਦਦੁਰਦ ਦਮਨ ਸੁਖਕੀਓ।[ਬਾ: ਸੁ: ਸਿੰ:

ਹੀਰ ਦੀ ਕਵਿਤਾ ਜਿੰਨੀਕੁ ਲੱਭ ਚੁਕੀ ਹੈ ਉਸ ਤੋਂ ਅਨੁਮਾਨ ਹੁੰਦਾ ਹੈ ਕਿ ਇਹ ਜੁੱਧਾਂ ਜੰਗਾਂ ਦੇ ਘੋਰ ਸੰਗ੍ਰਾਮਾਂ ਵੇਲੇ ਆਇਆ ਹੈ। ਇਸਨੇ ਅਪਣੇ ਦੇਖੇ ਸੰਗ੍ਰਾਮਾਂ ਦੇ ਅਪਣੇ ਕਾਵਜ ਵਿਚ ਕਈ ਅਲੰਕਾਰ ਵਰਤ ਕੇ ਬੀਰ ਤੇ ਰੌਦ੍ ਰਸ ਦੇ ਨਕਸ਼ੇ ਬੱਧੇ ਹਨ। ਤਰਜ਼ ਕੁਛ ਉਸੇ ਤਰ੍ਹਾਂ ਦੀ ਹੈ ਜਿਵੇਂ ਕਵੀ ਭੂਸ਼ਣ ਦੀ ਸ਼ਿਵਾ ਬਾਵਨੀ ਵਿਚ ਹੈ। ਇਸਦੇ ਇਨ੍ਹਾਂ ਛੰਦਾਂ ਦੀ ਸੁਰਖੀ ਹੈ–'ਅਤੰਕ ਸਮਰ ਬੀਰ ਕੇ ਕਬਿੱਤ' ਅਰਥਾਤ ਭਯਾਨਕ ਜੰਗਾਂ ਦੀ ਬੀਰਤਾ ਦੇ ਕਬਿੱਤ। ਇਹ ਕਵੀ ਆਪ ਚੰਗੀ ਬੀਰਰਸੀ ਤਬੀਅਤ ਦਾ ਜਾਪਦਾ ਹੈ ਤੇ ਅਪਣੇ ਵਰਣਨ ਵਿਚ ਕਮਾਲ ਕਰ ਜਾਂਦਾ ਹੈ। ਹੋ ਸਕਦਾ ਹੈ ਇਹ ਸਿੰਘ ਹੋਵੇ ਤੇ ਇਸਨੇ ਅਨੰਦਪੁਰ ਠਹਿਰਕੇ ਅਖੀਰਲੇ ਜੰਗ ਦੇ ਬੀ ਕਈ ਨਜ਼ਾਰੇ ਤੱਕੇ ਹੋਣ। ਕਵਿਤਾ ਦੇ ਨਮੂਨੇ ਏਹ ਹਨ:–

[ਨਗਾਰਿਆਂ ਦੀ ਚੋਟ]

ਕਲ ਨਹਿੰ ਪਰਤ ਬਿਕਲ ਦੇਸ ਬੰਗਸ ਕੋ,

*ਕੰਗਾਲਪਣਾ।

†ਗਰੁਰ ਜਾਂਕੋ ਬਾਹਨ ਹੈ, ਇਸ ਸਾਰੇ ਵਾਕ ਦਾ ਅਰਥ ਹੈ: ਵਿਸ਼ਨੂੰ। 'ਗਰੁੜ ਗਾਮੀ' ਵਿਸ਼ਨੂੰ ਦਾ ਨਾਮ ਹੈ।

ਪਲਕ ਨ ਲਾਗੈ ਪਲ ਰੂਮ ਸ਼ਾਮ* ਸ਼ਾਮਨੀ।
ਗੋਲਕੰਡ ਕੰਪਤਿ ਨਗਾਰਨਿ ਕੀ ਧੁਨਿ ਸੁਨਿ,
ਬੀਜਾਪੁਰ ਬੰਦਰ ਬਸਤ ਬਨ ਜਾਮਨੀ।
ਆਸਮਾਨ ਦਹਲ, ਹਹਲ ਗਿਰਜੋਲੰਕ 'ਹੀਰ'!
ਦਰੀ ਮੈਂ ਦਬਤ ਫਿਰੈ ਦਸਨ ਜਿਉਂ ਦਾਮਨੀ।
ਤੇਰੇ ਡਰ ਗੋਬਿੰਦ ਮ੍ਰਿਗਿੰਦ ਗੁਰੂ ਅਰਿਨਿ ਕੀ,
ਟੋਲਾ ਟੋਲ ਜਾਇ ਸੋ ਖਟੋਲਾ ਮਾਂਗੈਂ ਭਾਮਿਨੀ।

੧.੨.(ਹੇ ਗੁਰੂ ਜੀ! ਤੇਰੇ)ਨਗਾਰਿਆਂ ਦੀ ਧੁਨੀ ਸੁਣ ਕੇ (ਬੌਗਸ=) ਕੁਰਮ ਤੇ ਕੋਹਾਟ (ਦੇ ਪਠਾਣ ਲੋਕ) ਵਾਕੁਲ ਹੈਨ, ਚੈਨ ਨਹੀਂ ਨੈ ਪੈਂਦਾ? ਰੂਮ ਸ਼ਾਮ* ਦੇ ਸ਼ਾਮੀਆਂ (ਲੋਕਾਂ) ਦੀ ਪਲ ਭਰ ਅੱਖ ਨਹੀਂ ਲੱਗਦੀ। ਗੋਲਕੰਡਾ† ਕੰਬਦਾ ਹੈ ਤੇ ਬੀਜਾਪੁਰ ਅਤੇ ਬੰਦਰਗਾਹਾਂ (ਬੰਬਈ, ਰਤਨਾਗਿਰੀ ਆਦਿ ਦੇ ਵਸਨੀਕ) ਲੋਕ ਐਉਂ ਰਹਿੰਦੇ ਹਨ ਜਿਵੇਂ ਰਾਤ ਨੂੰ ਬਨ ਵਿਚ ਰਹੀਦਾ ਹੈ (ਭਾਵ ਡਰਦੇ ਰਹਿੰਦੇ ਹਨ)। ੩. ਆਸਮਾਨ ਦਹਲਦਾ ਹੈ, ਲੰਕਾ ਡਰ ਖਾ ਕੇ ਡਿਗਦੀ ਹੈ, ਹੇ ਹੀਰ! ਬਿਜਲੀ ਐਉਂ ਦਬਕਦੀ ਫਿਰਦੀ ਹੈ ਜਿਵੇਂ ਦੰਦਾਂ ਦੀ ਦੁਤੀ ਮੂੰਹ ਰੂਪੀ ਕੰਦਰਾ ਵਿਚ ਛਿਪਦੀ ਹੈ। ੪. ਹੇ ਗੁਰੂ ਗੋਬਿੰਦ ਸਿੰਘ ਜੀ ਤੇਰਾ ਦਬਦਬਾ ਐਸਾ ਛਾਇਆ ਹੈ (ਕਿ ਦੂਰ ਦੂਰ ਦੇਸ਼ ਦੇ ਤੇਰੇ ਵੈਰੀਆਂ ਦੀਆਂ) ਇਸਤ੍ਰੀਆਂ ਦੀਆਂ ਟੋਲੀਆਂ (ਭੱਜਦੀਆਂ ਥੱਕ ਟੁੱਟ ਕੇ ਹੁਣ) ਮੰਜੇ ਮੰਗਦੀਆਂ ਫਿਰਦੀਆਂ ਹਨ।

[ਫੇਜਾ ਦੀ ਭਿਆਰੀ ਤੇਂ ਭੈ]

ਭਭਰਜੋ ਭਭੀਖਨ ਭਵਨ ਤਜਿ ਭਟਕਤ
ਦਹੇ ਪੈਰ ਲੰਕ ਕੀ ਨਿਸ਼ਾਨਨ ਕੇ ਬਾਜੇ ਤੇ।
ਪਾਪਰ ਸੇ ਫੂਟਤ ਧਰਾਧਰ ਸੁ ਚੂਰ ਹੋਤ,
ਸਿੰਧੁ ਅਕੁਲਾਤ ਗਜਰਾਜਨ ਕੇ ਗਾਜ ਤੇ।
ਬਰਨਤ 'ਹੀਰ' ਗੁਰੂ ਗੋਬਿੰਦ ਤਿਹਾਰੇ ਤ੍ਰਾਸ
ਦਬਤ ਫਿਰਤਿ ਅਰਿ ਕੰਦਰਾਂਨ ਭਾਜੇ ਤੇ।
ਚੂਰ ਹੋਤ ਕਮਠ, ਦਰਾਰੇ ਦਾਢ ਅਟਕਤ,
ਫਟੇ ਫਨ ਸਹਸ ਪ੍ਰਬਲ ਦਲ ਸਾਜੇ ਤੇ।

*ਸ਼ਾਮ ਦੇਸ=ਸਿਰੀਆ, ਜਿਸ ਦਾ ਪ੍ਰਸਿਧ ਨਗਰ ਦਮਿਸ਼ਕ ਹੈ। ਨੂਹ ਦੇ ਪੁੱਤ 'ਸ਼ਾਮ' ਦੇ ਨਾਮ ਤੇ ਦੇਸ਼ ਦਾ ਨਾਮ ਹੈ।

†ਗੋਲ ਕੰਡਾ, ਦਖਣ ਵਿਚ ਮੁਸਲਿਮ ਸਲਤਨਤ ਦੀ ਰਾਜ ਧਾਨੀ ਸੀ, ਹੁਣ ਨਿਜ਼ਾਮ ਹੈਦਰਾਬਾਦ ਦੇ ਰਾਜ ਵਿਚ ਹੈ। ਮੁਸਲਮਾਨੀ ਰਾਜ ਬਾਹਮਣੀ ਦੇ ਟੁੱਟਣ ਤੇ ਤੈ ਮੁਸਲਿਮ ਰਾਜਧਾਨੀਆਂ ਬਣੀਆਂ ਸਨ, ਗੋਲਕੰਡਾ, ਬੀਜਾਪੁਰ, ਤੇ ਅਹਿਮਦ ਨਗਰ।

੧. (ਗੁਰੂ ਜੀ ਦੇ) ਨਗਾਰਿਆਂ ਦੇ ਵੱਜ ਪਿਆਂ ਬਭੀਖਨ ਭੈ ਖਾਕੇ ਘਰ ਛੱਡ ਦੌੜਦਾ ਭੱਜਦਾ ਲੰਕਾ ਦੇ ਦਰਵਾਜ਼ੇ ਤੇ ਡਿੱਗ ਪੈਂਦਾ ਹੈ। ੨. (ਗੁਰੂ ਜੀ ਦੇ) ਹਾਥੀਆਂ ਦੇ ਗੱਜਣ ਨਾਲ ਪਹਾੜ ਪਾਪੜ ਵਾਂਙੂ ਫੁਟਦੇ ਤੇ ਚੂਰ ਹੁੰਦੇ ਹਨ ਤੇ ਸਮੁੰਦਰ ਤੂਫਾਨ ਵਿਚ ਆ ਜਾਂਦੇ ਹਨ। ੩. ਵਰਣਨ ਕਰਦਾ ਹੈ ਹੀਰ ਹੇ ਗੁਰੂ ਗਬਿੰਦ ਸਿੰਘ! ਆਪ ਦੇ ਭੈ ਕਰਕੇ ਵੈਰੀ ਨੱਠੇ ਹੋਏ ਕੰਦਰਾਂ ਵਿਚ ਲੁਕਦੇ ਫਿਰਦੇ ਹਨ। ੪. ਜਦੋਂ ਤੁਸੀਂ ਬਲੀ ਫੌਜਾਂ ਨੂੰ ਤਯਾਰ ਬਰ ਤਯਾਰ ਕਰਦੇ ਹੋ ਤਾਂ (ਧਰਤੀ ਹੇਠਲਾ) ਕਛੂ (ਭੈ ਨਾਲ) ਚੂਰ ਹੁੰਦਾ ਹੈ, (ਕੰਬਦੇ ਸੂਰ ਦੀ) ਹੁਡ ਦਰਾੜਾਂ ਵਿਚ ਫਸਦੀ ਹੈ ਤੇ ਸ਼ੇਸ਼ਨਾਗ ਦੇ ਫਨ ਫਟਦੇ ਹਨ।

[ਰਣ ਭੂਮੀ]

ਤੇਰੇ ਮਾਰੇ ਖਲ ਦਲ ਘੂੰਮਤ ਘੁਸਤਿ ਮਹਿ,
ਛਾਤੀ ਛੇਰ ਜੋਰ ਸੋ ਸਹੇਂ ਬਨ ਕੀ ਚਭਕੈਂ*।
ਕਹੂੰ ਲੋਥ ਚੋਂਚ ਸੇ ਸਮੇਟ ਡਾਰੇ ਗੀਧ ਗਨ,
ਖੇਲਤ ਧਿਡਾਨੋ ਧਿੰਗਜ ਮੁਖ ਕੀ ਹਭਕੈਂ†।
ਸ੍ਰੀ ਗੋਬਿੰਦ ਸਿੰਘ ਰਨ ਭੂਮ ਕੋ ਮਚੋਯਾ 'ਹੀਰ',
ਲੋਹੂ ਕੀ ਲਲਕ ਘਾਟ ਘਾਟਨ‡ ਕੀ ਡਭਕੈਂ।
ਭੋਰੈਂ§ ਫਿਰੈਭੂਤ ਲੈ, ਭਭੀਖ ਨਾਚੈ ਦ੍ਵਾਰਪਾਰ(),
ਭਭਕ ਭਭਕ ਬੋਲੈਂ ਘਾਇਨ ਕੀ ਭਭਕੈਂ।

੩. ਹੇ 'ਹੀਰ' ਸ੍ਰੀ ਗੁਰੂ ਗਬਿੰਦ ਸਿੰਘ ਜੀ ਮਚੀ ਰਣਭੂਮੀ ਵਿਚ (ਜਦ) ਆਉਂਦੇ ਹਨ ਭਾਵ ਜਦੋਂ ਜੁੱਧ ਵਿਚ ਰੁੱਝਦੇ ਹਨ ਤਾਂ ਤਲਵਾਰਾਂ ਦੀਆਂ ਧਾਰਾਂ ਲਹੂ ਦੇ ਲਾਲਚ ਵਿਚ ਗਰਦਨਾਂ ਤੇ ਐਉਂ ਪੈਂਦੀਆਂ ਹਨ ਜਿਵੇਂ (ਲੋਕੀ) ਨਦੀ ਦੇ ਘਾਟਾਂ ਤੇ ਡੁਬਕੀਆਂ ਲੈਂਦੇ ਹਨ। ੧. ਤੇਰੇ (ਡਰ ਦੇ) ਮਾਰੇ ਹੋਏ ਦੁਸ਼ਟਾਂ ਦੇ ਦਲ ਛਾਤੀ ਦਾ ਜ਼ੋਰ ਛਡਕੇ (ਨੱਠ ਜਾਂਦੇ) ਜੰਗਲਾਂ ਵਿਚ ਘੂੰਮਦੇ ਧਰਤੀ ਵਿਚ ਧਸਦੇ, (ਖੁੜੱਲਾਂ ਵਿਚ ਲੁਕਦੇ) ਬਨ (ਦਿਆਂ ਕੰਡਿਆਂ) ਦੀਆਂ ਚੋਭਾਂ ਸਹਾਰਦੇ ਹਨ। ੨. (ਪਈਆਂ) ਲੋਥਾਂ ਨੂੰ ਗਿਰਝਾਂ ਦੇ

*ਚੋਭ ਯਾ ਡੰਗ ਸਹਿਣਾ ਭਾਵ ਦੁਖ ਸਹੋਰਨਾਂ। †ਮੂੰਹ ਅੱਡ ਕੇ ਖਾਣ ਲਈ ਪੈਣਾ। ‡ਘਾਟ=ਤਲਵਾਰ ਦੀ ਧਾਰ ਦੀ ਅਣੀ। ਘਾਟਨ=ਘਾਟਿਕਾ=ਗਰਦਨ ਦਾ ਪਿਛਲਾ ਡਾਗ। ਇਹ ਪਦ ਸ਼ਲੇਖ ਹੈ। ਦੂਸਰਾ ਅਰਥ ਹੈ ਨਦੀ ਦਾ ਘਾਟ।

§ਭੈਰਾਨਾਥ=ਸ਼ਿਵ। ਸ਼ਿਵ ਜੀ ਦਾ ਪ੍ਰਸਿੱਧ ਨਾਮ 'ਭੂਤਨਾਥ' ਹੈ।

()ਦੁਆਰਪਾਲ=ਭੈਰੂ ਬਾਸਤ੍ਰ ਅਨੁਸਾਰ ਕਾਲੀ ਦੁਰਗਾ ਦੇ ਚਾਰ ਦੁਆਰਪਾਲ ਹਨ—ਗਨੇਸ਼, ਖੇਤ੍ਰਪਾਲ, ਵਟੁਕ ਤੇ ਜੋਗਨੀ।

ਸਮੂਹ ਚੁਝਾਂ ਨਾਲ ਸਮੇਟ ਲੈਂਦੇ ਹਨ (ਭਾਵ ਖਾ ਜਾਂਦੇ ਹਨ ਤੇ) ਫੇਰ ਮੂੰਹ ਨੂੰ ਐਵੇਂ ਖੁਹਲ ਖੁਹਲ ਕੇ (ਖਾਣ ਨੂੰ) ਤਾਂਘਦੀਆਂ ਧਿੰਗਾਜ਼ੋਰੀ ਕਰਦੀਆਂ ਖੋਲਦੀਆਂ ਹਨ। ੪. ਭੂਤਾਂ ਨੂੰ ਨਾਲ ਲੈ ਕੇ ਸ਼ਿਵ ਫਿਰ ਰਿਹਾ ਹੈ, ਦੁਆਰਪਾਲ ਭਿਆਨਕ ਨਾਚ ਨੱਚ ਰਹੇ ਹਨ ਤੇ ਜ਼ਖਮੀਆਂ ਦੇ ਜ਼ਖਮਾਂ ਤੋਂ ਲਹੂ ਨਿਕਲਣ ਦੀਆਂ ਆਵਾਜ਼ਾਂ ਭਭਕ ਭਭਕ ਕਰਕੇ ਆ ਰਹੀਆਂ ਹਨ।

[ਦੁਸ਼ਟ ਮਾਰਕੇ ਨਿਕਲੀ ਤਲਵਾਰ ਦਾ ਰੁਪਕ]

ਨਾਹਰ ਸਮਾਨ ਝੁਕਿ ਝਰਿ ਪਰੇ ਗੁਬਿੰਦ ਸਿੰਘ
ਖਗ ਗਹਿ ਖੰਡ ਕੀਨੀ ਖਲਨ ਕੀ ਖੱਪਰੀ।
ਹਨੇ ਘਨੇ ਘੋਰ ਘਮਸਾਨ ਕੋ ਘਮੰਡ ਕੀਨੇ
ਘਾਇਨ ਘੁਮਤਿ, ਘਾਇਲਨ ਕੀ ਧਰਾਧਰੀ।
ਰੁਧ੍ਰ ਕੇ ਕੁੰਡ ਤੇ ਨਿਕਸ ਕਾਲੀ ਕੁਲ ਠਾਢੀ
ਉਪਮਾ ਬਢੀ ਹੈ 'ਹੀਰ' ਅਭਿਮਤਿ ਤੇ ਖਰੀ।
ਦਲ ਦਸਮਾਥ ਰਘੁਨਾਥ ਕੋ ਮਨਾਇ ਮਨ
ਮਾਨੋ ਸੀਅ ਸੋਂਚ ਦੈ ਹੁਤਾਸਨ ਤੇ ਨਿੱਸਰੀ।੧੧।

੧. (ਅਪਨੇ ਉਤੇ ਆ ਪਏ ਹਮਲਾ ਆਵਰ) ਦੁਸ਼ਟਾਂ ਉਤੇ ਸ਼ੇਰ ਵਾਂਙੂ ਝੁਕਕੇ ਤੇ ਝਪਟਕੇ ਪਏ ਗੁਰੂਗੋਬਿੰਦ ਸਿੰਘ ਜੀ ਨੇ ਹੱਥ ਫੜੀ ਤਲਵਾਰ ਨਾਲ ਉਨ੍ਹਾਂ ਦੀਆਂ ਖੋਪਰੀਆਂ ਫੋੜੀਆਂ। ੨. ਪੂਰਨ ਸ੍ਰੈ ਭਰੋਸੇ ਨਾਲ ਘੋਰ ਯੁੱਧ ਕਰਕੇ ਘੋਰ ਘੋਰ ਕੇ ਘਣੇ (ਦੁਸ਼ਟ ਤਾਂ) ਮਾਰ ਦਿਤੇ (ਤੇ ਧਰਾਧਰੀ=) ਢੇਰਾਂ ਦੇ ਢੇਰ ਜ਼ਖਮੀਆਂ ਦੇ ਲਗ ਗਏ, (ਫੇਰ ਬੀ ਤਲਵਾਰ ਥਕ ਕੇ) ਚੋਟ ਕਰਨੋ ਪਿਛੇ ਨਹੀਂ ਮੁੜਦੀ। ੩ ਹੁਣ ਮਾਨੋਂ) ਲਹੂ ਦੇ ਕੁੰਡ ਤੋਂ ਤਲਵਾਰ ਨਿਕਲਕੇ ਖੜੋ ਗਈ ਹੈ,ਜਿਸ ਦੀ ਖਰੀ ਖਰੀ ਉਪਮਾ ਹੀਰ (ਕਵੀ) ਦੀ ਸਰਬ ਓਰ ਤੋਂ ਵਿਚਾਰੀ ਮਤ ਤੋਂ ਐਉਂ ਬਣੀ ਹੈ, ੪. (ਕਿ ਮਾਨੋ) ਸੀਤਾ ਰਾਮ ਨੂੰ ਮਨ ਵਿਚ ਮਨਾਕੇ ਰਾਵਣ ਨੂੰ ਮਾਰ ਕੇ, ਸਹੁੰ ਦੇਕੇ ਅੱਗ ਤੋਂ ਨਿਕਲੀ ਹੈ।

ਇਸ ਛੰਦ ਵਿਚ ਕਵਿਤਾ ਦੀ ਨਫਾਸਤ ਦਾ ਕਮਾਲ ਤੇ ਪਦਾਂ ਦੇ ਸੰਮੇਲਨ ਵਿਚ ਹੈ,ਗੁਰੂ ਗੋਬਿੰਦ ਸਿੰਘ ਜੀ ਨੂੰ(ਘਮੰਡ=) ਪੂਰਨ ਵਿਸ਼ਵਾਸ਼ ਹੈ ਅਪਣੀ ਤਲਵਾਰ ਦੇ ਕਮਾਲ ਉਤੇ, ਕਵੀ ਨੂੰ 'ਸਰਬ ਓਰ ਤੋਂ ਵਿਚਾਰੀ ਮਤੀ' ਤੋਂ ਖਰੀ ਉਪਮਾ ਲਿਆਉਣ ਦੀ ਪੂਰੀ ਤਸੱਲੀ ਹੈ, ਤੇ ਉਧਰ ਸੀਤਾ ਨੂੰ ਅਪਣੇ ਸਤ ਦਾ ਸ੍ਰੈਭਰੋਸਾ ਇਤਨਾ ਹੈ ਕਿ ਅੱਗ ਦੇ ਪਰਤਾਵੇ ਵਿਚੋਂ ਜੀਉਂਦੀ ਨਿਕਲਦੀ ਹੈ, ਕਵੀ ਨੇ ਤੂੰ ਸ੍ਰੈ-ਭਰੋਸੇ ਇਕੱਤ੍ਰ ਕੀਤੇ ਹਨ।

[ਗੁਰੂ ਦਲ, ਗੁਰੂ ਕ੍ਰਿਪਾਨ, ਗੁਰੂ ਗਾਂਸੀ=ਤੀਰ ਦੀ ਮੁਖੀ]

ਪਾਰਥ ਕੇ ਬਾਨ ਕੈ ਕ੍ਰਿਪਾਨ ਸਿੰਘ ਗੋਬਿੰਦ ਕੋ
ਸਿੰਘ ਨ ਬਚਤ ਬਨ, ਮਾਰੇ ਝਾਰ ਝਾਰ ਕੈ।
ਕੇਤੇ ਭਟ ਸੁਭਟ ਭਜਾਏ 'ਹੀਰ' ਕਈ ਓਰ
ਕਈ ਬੇਰ ਕਾਲੀ ਸ਼ੋਨ ਪੀਵਤ ਅਹਾਰ ਕੈ।
ਤੇਰੇ ਦਲ ਚਲਤ ਦਲਤ ਦਲ ਅਰਿਨਿ ਕੇ
ਕੋਹੂੰ ਨ ਸੰਭਾਰੇ ਤਨ ਹਾਂਕਤ ਪਹਾਰ ਕੈ।
ਗਾਂਸੀ ਕੇ ਲਗੇ ਤੇ ਪੀਲਵਾਨ ਗਿਰਜੇ ਪੀਲ ਹੂੰ ਤੇ
ਮਾਨੋ ਗਿਰਜੇ ਬਾਦਰ ਪਹਾਰ ਫਾਂਧ ਮਾਰਕੈ।੨੦

੧. ਅਰਜਨ ਦੇ ਤੀਰ ਤੋਂ ਯਾ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਤੋਂ (ਕੋਈ) ਸ਼ੇਰ ਨਹੀਂ ਬਚਿਆ, ਝਾੜ ਝਾੜ ਕੇ ਬਨ ਦੇ (ਸਾਰੇ ਸ਼ੇਰ) ਮਾਰ ਦਿੱਤੇ। ੨.ਕਿੰਨੇ ਹੀ(ਵੈਰੀ ਦੇ) ਸੂਰਮੇ ਤੇ ਮਹਾਂ ਸੂਰਮੇ ਕਈ ਪਾਸੀਂ ਭਜਾ ਦਿੱਤੇ ਤੇ ਕਈ ਵਾਰ ਕਾਲੀ ਨੇ ਲਹੂ ਪੀਣ ਦਾ ਭੋਜਨ ਕੀਤਾ। ੩. ਤੇਰੇ ਦਲ ਜਦ ਚਲਦੇ ਹਨ ਤਦ ਵੈਰੀਆਂ ਦੇ ਦਲ ਨੂੰ ਐਉਂ ਦਲਦੇ ਹਨ ਕਿ ਮਾਨੋ ਪਹਾੜ ਧੱਕੇ ਜਾ ਰਹੇ ਹਨ ਤੇ ਕਿਸੇ ਕੋਲੋਂ ਬੀ ਅਪਣੇ ਤਨ ਦੀ ਸੰਭਾਲ ਨਹੀਂ ਹੋ ਸਕਦੀ। ੪. ਤੇਰੇ ਚਲਾਏ ਤੀਰ ਦੀ ਮੁਖੀ ਲੱਗਣ ਨਾਲ ਹਾਥੀ ਤੋਂ ਮਹਾਵਤ ਐਉਂ ਡਿਗਦਾ ਹੈ ਮਾਨੋਂ ਬੱਦਲ ਪਹਾੜ ਤੋਂ ਛਾਲ ਮਾਰਕੇ ਡਿੱਗਦਾ ਹੈ।

[ਗੁਰੂ ਜੀ ਦੀ ਤੀਰਦਾਜ਼ੀ ਦਾ ਕਮਾਲ]

ਕਸ ਤਰਕਸ* ਧਰਕਸਾਂ ਬਰਕਸ‡ ਧਰ,
ਐਸੋ ਸਰ§ ਕਸ ਹਿਤ ਚਿਤ ਬਿਤ ਗਾਢੋ ਹੈ।
ਕੀਨੇ ਘਮਸਾਨ ਰੰਗ ਭੂਮ ਕੇ ਮੈਦਾਨ 'ਹੀਰ',
ਬਾਜਤ ਨਿਸ਼ਾਨ ਲੈ ਹਥਯਾਰ ਹਥ ਬਾਢੋ ਹੈ।
ਸ਼੍ਰੀ ਗੁਬਿੰਦ ਸਿੰਘ ਕੀ ਕਮਾਨ ਤੇ ਚਲੈਹੈਂ ਤੀਰ,
ਉਰਵਾਰ ਹੋਤ ਪਾਰਾਵਾਰ ਪਾਰ ਠਾਢੋ ਹੈ।
ਬਖਤਰ(| ਬੇਹ, ਬਖਤਰੀ ਬੇਹ, ਬਾਂਕੇ|| ਬੇਹ,
ਬਾਨਨ ਸੋ ਬੇਹ ਕੈ ਬਰਾ ਸੋ ਬੇਹ ਕਾਢੇ ਹੈ।

੧. (ਇਕ ਪਾਸੇ**)ਭੱਥਾ ਲਾਕੇ, ਉਸਦੇ ਉਲਟ ਪਾਸੇ†† ਕਮਾਨ ਲਾਕੇ(ਗੁਰੂ ਜੀ ਆਪ ਚੜ੍ਹਦੇ ਹਨ

*ਭੱਥਾ। †'ਧਨੁਰ ਕਸ' ਦਾ ਸੰਖੇਪ ਹੈ-ਧਨੁਖ ਕੱਸ ਕੇ।
‡ਬਰ ਅਕਸ। §ਤੀਰ। (|ਸੰਜੋਅ। ਬਾਂਕਾ ਘੋੜਾ।
**ਸੱਜੇ। ††ਖੱਬੇ।

ਤੇ) ਐਸੇ ਤੀਰ ਕੱਸ ਕੱਸ ਕੇ ਚਿਤ ਤੇ ਸਰੀਰ ਦੇ ਹਿਤ ਨਾਲ ਚੜ੍ਹਾਉਂਦੇ ਹਨ ਕਿ ੨. ਜਦੋਂ ਨਗਾਰੇ ਵੱਜ ਰਹੇ ਹੁੰਦੇ ਹਨ ਤੇ ਹਥ ਹਥਯਾਰ ਲੈਕੇ ਫੌਜਾਂ ਵਧ ਕੇ ਰੰਗਭੂਮੀ ਦੇ ਮੈਦਾਨ ਵਿਚ ਘੋਰ ਯੁੱਧ ਕਰ-ਦੀਆਂ ਹੁੰਦੀਆਂ ਹਨ ਤਦੋਂ ੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਤੋਂ ਜੋ ਤੀਰ ਚਲਦੇ ਹਨ(ਓਹ) ਉਰਲਿਆਂ ਤੇ ਉਨ੍ਹਾਂ ਤੋਂ ਪਰਲਿਆਂ ਵਿਚੋਂ ਪਾਰ ਹੋਕੇ ਜਾ ਗਡੀਂਦੇ ਹਨ (ਧਰਤੀ ਵਿਚ)। ੪. (ਏਹ ਤੀਰ)ਸੰਜੋਅ ਨੂੰ ਵਿੰਨ੍ਹਦੇ ਹਨ, ਫੇਰ ਸੰਜੋਅ ਪਹਿ-ਨਣ ਵਾਲੇ ਨੂੰ ਵਿੰਨਦੇ ਹਨ ਫੇਰ ਘੋੜੇ ਨੂੰ ਜਾ ਵਿੰਨ੍ਹਦੇ ਹਨ (ਜਿਵੇਂ ਕੜਾਹੀ ਵਿਚੋਂ ਵੜੇ ਤਲਨ ਵਾਲਾ ਤੱਕੁਲੇ ਨਾਲ ਇਕ ਦੋ ਤਿੰਨ) ਵੜੇ (ਇੱਕੋ ਵੇਰ ਅਸਾਨੀ ਨਾਲ ਵਿੰਨ੍ਹ ਵਿੰਨ੍ਹ ਕੇ) ਕੱਢ ਲੈਂਦਾ ਹੈ ਤਿਵੇਂ (ਗੁਰੂ ਜੀ) ਬਾਣਾਂ ਨਾਲ ਬਕਤਰ, ਬਕਤਰੀ ਤੇ ਘੋੜਾ (ਸੁਖੱਲਾ ਹੀ) ਵਿੰਨ੍ਹ ਦੇਂਦੇ ਹਨ।

[ਕੁਰੂ ਜੀ ਦੀ ਅਝੱਵੀਂ ਵਜਕਤੀ ਹੈ]

ਕਮਠ ਸੋਂ ਸੇਸ ਮੁਰੈ, ਬੈਲ ਸੋਂ ਮਹੇਸ਼ ਮੁਰੈ,
ਸ਼ੰਭੁ ਸੋਂ ਗਨੇਸ਼ ਮੁਰੈ, ਮੁਰੈ ਤੀ ਅਨੰਗ ਤੈ।
ਮੁਰ ਚੱਲੈ ਸਰਿਤਾ, ਮਤੰਗਨ ਕੈ ਮਦ ਮੁਰੈ
ਭੀਮ ਮੁਰੈ ਭਾਰਥ, ਪਾਰਥ ਮੁਰੈ ਸੰਗ ਤੈ।
ਗੋਬਿੰਦ ਮੁਰੈ ਨ*, ਪਰਸਰਾਮ ਸੋਂ ਸਮੱਥ ਮੁਰੈ
ਸੀਅ ਸਤ ਮੁਰੈ, ਰੂਪ ਮੁਰਤ ਅਨੰਗ ਤੈ।
ਭੂਪ ਮੁਰੈ ਲੰਕ ਕੋ, ਅਤੰਕ ਹਨੂਮਾਨ 'ਹੀਰ'
ਮੇਰੁ ਮੁਰੈ, ਮਸਕ ਮੁਰੈ, ਮੁਰੈ ਨ ਗੁਰੂ ਜੰਗ ਤੈ।

੧ ਸ਼ੇਸ਼ਨਾਗ ਕਛੂ ਤੋਂ ਪਰੇ ਹਟੇ ਤਾਂ ਹਟ ਸਕਦਾ ਹੈ. ਸ਼ਿਵ ਜੀ (ਅਪਣੇ ਵਾਹਨ) ਬੈਲ ਦੀ ਸਵਾਰੀ ਛੱਡ ਸਕਦਾ ਹੈ. ਗਨੇਸ਼ ਸ਼ਿਵ ਜੀ ਨੂੰ ਛੱਡ ਸਕਦਾ ਹੈ, ਕਾਮਦੇਵ ਨੂੰ (ਉਸ ਦੀ) ਇਸਤ੍ਰੀ (=ਰਤੀ) ਛੱਡ ਸਕਦੀ ਹੈ। ੨. ਨਦੀ (ਪਿਛੇ) ਮੁੜ ਕੇ (ਜਿਧਰੋਂ ਆਈ ਸੀ ਉਧਰ ਨੂੰ) ਜਾ ਸਕਦੀ ਹੈ,ਹਾਥੀਆਂ ਦਾ ਮਦ ਉਤਰ ਸਕਦਾ ਹੈ. ਭੀਮ ਮਹਾਂ ਭਾਰਥ ਦੇ ਜੁੱਧ ਤੋਂ ਟਲ ਸਕਦਾ ਹੈ,ਅਰਜੁਨ (ਸ੍ਰੀ ਕ੍ਰਿਸ਼ਨ ਦੇ) ਸੰਗ ਨੂੰ ਛੱਡ ਸਕਦਾ ਹੈ। ੩. ਕ੍ਰਿਸ਼ਨ ਮੁਰ (ਰਾਖਸ਼) ਨੂੰ ਨਾ ਮਾਰੇ ਤਾਂ ਨਾ ਮਾਰੇ, ਪਰਸਰਾਮ ਵਰਗਾ ਸਮਰਥ (ਬਲੀ ਖੱਤ੍ਰੀ ਕੁਲ ਨਾਸ਼ ਕਰਨੇ) ਮੁੜ ਸਕਦਾ ਹੈ. ਸੀਤਾ (ਅਪਣੇ ਸਤ ਤੋਂ) ਮੁੜ ਸਕਦੀ ਹੈ,ਰੂਪ ਕਾਮ ਤੋਂ ਮੁੜ ਸਕਦਾ ਹੈ। ੪. ਲੰਕਾ ਦਾ ਰਾਜਾ (ਬਿਭੀ-ਖਣ ਅਪਣੇ ਅਟਲ ਰਾਜ ਤੋਂ) ਟਲ ਸਕਦਾ ਹੈ ਤੇ ਹਨੂਮਾਨ ਭੀ ਖਾ ਸਕਦਾ ਹੈ, ਸੁਮੇਰ ਟਲ ਸਕਦਾ ਹੈ, ਮੱਛਰ (ਡੰਗ ਮਾਰਨੋਂ) ਹਟ ਸਕਦਾ ਹੈ, ਪਰ ਗੁਰੂ ਗੋਬਿੰਦ ਸਿੰਘ ਜੀ (ਫਤੇ ਪ੍ਰਾਪਤ ਕੀਤੇ ਬਿਨਾ) ਜੰਗ ਤੋਂ ਨਹੀਂ ਮੁੜ ਸਕਦੇ।

[ਦਲਾਂ ਦੇ ਚਾਲੇ ਪੈਣ ਦਾ ਡਰ ਮਾਤ੍]

ਅਚਲ, ਚਲਤ ਚਾਲ ਪਾਲਸੇ, ਹਲਤ ਹਾਲ,
ਧਰ ਰਨ ਮਸਤ ਮਲ ਗਯੋ ਦੇਸ਼ ਹਰਿ ਕੋ
ਅਹਿ ਫਨ ਫਟਤ, ਘਟਤ ਸਿੰਧ ਪਲਕ ਮੈਂ,
ਦ੍ਵਾਰ ਭਯੋ ਗਰਦ ਬਭੀਖਨ ਕੋ ਘਰ ਕੋ
ਐਲ ਪਰੀ ਬਲਖ, ਫਿਰੰਗ ਦੇਸ਼ ਖੈਲ ਭੈਲ,
ਗੈਲ ਕੋਊ ਪਾਵੈ ਨਾਹਿ ਬਲ ਛੂਟਯੋ ਕਰ ਕੋ
ਸ੍ਰੀ ਗੁਬਿੰਦ ਸਿੰਘ ਗੁਰ ਦਲ ਕੋ ਚਲਤ 'ਹੀਰ',
ਪਤਿਨ ਸੰਭਾਰੇ ਨਾਹਿ ਐਸੇ ਹਾਲ ਡਰ ਕੋ।੨੭

੧ ਜਦੋਂ (ਗੁਰੂ ਦਾ ਦਲ) ਕਤਾਰਾਂ ਬੰਨ੍ਹ ਕੇ ਚਲ ਪੈਂਦਾ ਹੈ ਤਾਂ ਪਹਾੜ ਝੱਟ ਹਿੱਲ ਪੈਂਦੇ ਹਨ, ਰਣ ਦੀ ਧਰਤੀ (ਪੈਰਾਂ ਹੇਠ) ਮਲੀ ਦਲੀ ਜਾ (ਮਲ=) ਧੂੜ(ਬਣ ਕੇ)ਹਰੀ ਦੇ ਦੇਸ਼ (ਆਕਾਸ਼) ਜਾ ਅੱਪੜਦੀ ਹੈ। ੨. ਸ਼ੇਸ਼ਨਾਗ ਦੇ ਫਨ ਫਟਦੇ ਹਨ, ਸਮੁੰਦਰ ਪਲ ਵਿਚ ਘਟ ਜਾਂਦਾ ਹੈ (ਮਿੱਟੀ ਪੈ ਜਾਣ ਨਾਲ) ਤੇ ਭਬੀਖਨ ਦੇ ਘਰ ਦਾ ਦਰਵਾਜਾ ਗਰਦ ਹੋ ਜਾਂਦਾ ਹੈ (ਭਾਵ ਮਿੱਟੀ ਨਾਲ ਭਰ ਜਾਂਦਾ ਹੈ ਯਾ ਮਿੱਟੀ ਹੋਕੇ ਡਿੱਗ ਪੈਂਦਾ ਹੈ)। ੩. ਬਲਖ ਵਿਚ ਰੌਲਾ ਪੈ ਜਾਂਦਾ ਹੈ. ਫਿਰੰਗ ਦੇਸ਼ ਵਿਚ ਖਿਲਬਿਲੀ ਮੱਚ ਜਾਂਦੀ ਹੈ. (ਘਾਬਰਿਆਂ ਨੂੰ) ਰਾਹ ਕੋਈ ਲੱਭਦਾ ਨਹੀਂ, ਤੇ ਹੱਥਾਂ ਦਾ ਬਲ ਨਾਸ਼ ਹੋ ਜਾਂਦਾ ਹੈ (ਭਾਵ ਘਾਬਰ ਵਿਚ ਹੱਥ ਪੈਰ ਸੁਠੇ ਹੁੰਦੇ ਜਾਂਦੇ ਹਨ)। ੪. ਹੇ ਹੀਰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਲ ਦੇ ਤੁਰ ਪਿਆਂ ਐਸਾ ਹਾਲ ਡਰ (ਮਾਤ੍) ਨਾਲ ਹੀ ਹੋ ਜਾਂਦਾ ਹੈ ਕਿ ਇਸਤ੍ਰੀਆਂ ਪਤੀਆਂ ਨੂੰ ਸੰਭਾਲਦੀਆਂ ਹਾਰ ਦੂਰ ਉਂਦੀਆਂ ਫਿਰਦੀਆਂ ਹਨ। (ਕਿਉਂਕਿ ਮਰਦ ਤਾਂ ਡਰਦੇ ਮਾਰੇ ਬੇਸੁਧ ਹੋ ਜਾਂਦੇ ਹਨ ਤਦ ਨਾਰੀਆਂ ਹੀ ਫਿਰ ਉਨ੍ਹਾਂ ਨੂੰ ਸੰਭਾਲਦੀਆਂ ਹਨ, ਕਿਉਂਕਿ ਨਾਰੀਆਂ ਨੂੰ ਪਤਾ ਹੈ ਕਿ ਗੁਰੂ ਦਲ ਨਾਰੀਆਂ ਨੂੰ ਨਹੀਂ ਛੇੜਦਾ, ਇਸ ਲਈ ਉਹ ਹੋਸ਼ ਵਿਚ ਰਹਿੰਦੀਆਂ ਹਨ.) (ਗੁਰੂ ਦਲ ਦੇ ਉਚੇ ਇਖ-

*ਮੁਰੈ ਨ=ਮੁਰ ਨੂੰ ਨਾ (ਮਾਰੇ ਤਾਂ ਨਾ ਮਾਰੇ)।

ਲਾੜ ਦੀ ਕੋਮੀ ਅੱਛੀ ਉਗਾਹੀ ਹੈ।)

[ਹਾਥੀਆਂ ਨੂੰ ਮਾਰ]

ਫੇਰਤ ਪਹਾਰਨ ਚੁਵਤ ਮਦ ਧਾਰਨ ਜੋ
ਗਢਨ ਉਦਾਰਨ ਲਖੇ ਤੇ ਬੜੀ ਗਤ ਕੋ*।
ਧੂਹਿ ਭਰੇ ਧੂਸਰੇ ਧਰਨਿ ਧਸਕਤਿ ਪਗ
ਕੱਜਲ ਸੇ ਕਾਰੇ ਵੇ ਦਤਾਰੇ†ਮਹਾਗਤਿਕੇ‡।
ਗਾਜੇ ਰਨ ਸਾਜੇ[A] ਗਜ ਐਸੇ ਪੀਲ ਵਾਨ ਬਨੇ[B]
ਬਰਨਤ 'ਹੀਰ' ਮਹਾਂਬੀਰ ਰਤਿਪਤ ਕੇ।
ਮਹਾਂ ਅੰਗ ਭਾਰੇ ਤੇ ਬਿਦਾਰੇ ਸ੍ਰੀ ਗੁਬਿੰਦ ਸਿੰਘ
ਡੀਲਨ ਡਰਾਰੇ ਹਨੇ ਹਿੰਦਵਾਨ ਪਤਿ ਕੇ।

੧. (ਐਸੇ ਹਾਥੀ ਜੋ ਟੱਕਰ ਮਾਰਕੇ) ਪਹਾੜਾਂ ਨੂੰ ਫੋੜ ਦੇਂਦੇ ਸਨ (ਜਿਨ੍ਹਾਂ ਦੇ ਮੱਥੇ ਤੋਂ) ਮਦ ਧਾਰਾਂ ਬੰਨ੍ਹ ਕੇ ਚੋਂਦਾ ਸੀ, ਦੇਖਣ ਨੂੰ ਕਿਲ੍ਹਿਆਂ ਵਰਗੇ ਤੇ ਬੜੀ ਚਾਲ ਵਾਲੇ ਸਨ। ੨.(ਜਿਨ੍ਹਾਂ ਦੇ)ਪੈਰ(ਤੁਰਨ ਵੇਲੇ) ਧਰਤੀ ਵਿਚ ਧਸਦੇ ਜਾਂਦੇ ਸਨ, ਤੇ ਮਿੱਟੀ ਦੇ ਭਰੇ ਹੋਏ ਜੋ ਧੂਸਰੇ ਦਿੱਸ ਪੈਂਦੇ ਸਨ,ਓਹ ਵਡੇ ਹਾਥੀ ਜੋ ਕੱਜਲ ਵਰਗੇ ਕਾਲੇ ਰੂਪ ਦੇ ਸਨ। ੩.ਹੀਰ ਵਰਣਨ ਕਰਦਾ ਹੈ ਕਿ (ਐਸੇ) ਰਣ ਵਿਚ ਗੱਜਣ ਵਾਲੇ, ਮਹਾਂਬੀਰ ਕਾਮਦੇਵ ਰੂਪੀ ਪੀਲਵਾਨ ਨੇ ਜੋ ਸਜਾਏ ਫਬਾਏ ਹੋਏ ਸਨ। ੪.(ਹਾਂ,ਪਹਾੜੀ)ਹਿੰਦੂ ਰਾਜਿਆਂ ਦੇ ਓਹ ਹਾਥੀ ਜਿਨ੍ਹਾਂ ਦੇ ਅੰਗ ਬੜੇ ਹੀ ਭਾਰੇ ਸਨ, ਜਿਨ੍ਹਾਂ ਦੇ ਡੀਲ ਡੌਲ ਭਯਾਨਕ ਸਨ, ਓਹ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਾਜੈ ਕਰ ਦਿੱਤੇ ਹਨ।

[ਦਲ ਦੀ ਚੜ੍ਹਾਈ]

ਛਪਯ-ਉਡਤ ਗਰਦ, ਡਰ ਭਾਨ ਮਾਨ, ਸੁਰਪਤ
ਨ ਗਹਤ ਮਨ। ਨੀਰ ਛੀਰ ਭਏ ਇੱਕ, ਕਰਕ
ਟੂੱਟਤ ਉਪਬਨ ਬਨ। ਮਥਨ ਕਹਤ ਫਿਰ
ਸਿੰਧ ਬਿੰਧ ਦਹਲਤ ਚਲਤ ਡਰ। ਸਿਮਿਟ
ਸਕੁਚ ਰਹਜੋ ਨਾਗ ਕਮਠ ਕੋ ਚਭਕ ਬਿਕਟਭਰ।
ਭਨ 'ਹੀਰ' ਚਢਤ ਹਿੰਦਵਾਨ ਹਦ
ਦਿਗਪਾਲ ਕੰਪ ਧਰਨੀ ਹਲਤ।
ਗੋਬਿੰਦ ਸਿੰਘ ਦਲ ਚਢਤ ਜਬ
ਅਤਲ ਬਿਤਲ ਸੁਤਲ ਤਲਤ।

੧. ਗਰਦ ਉਡਦੀ ਹੈ, ਸੂਰਜ ਡਰ ਮੰਨਦਾ ਹੈ, ਇੰਦਰ ਦਾ ਮਨ ਬੀ ਨਹੀਂ ਠਹਿਰਦਾ। ੨. ਦੁਧ ਪਾਣੀ ਇਕ ਹੋ ਜਾਂਦੇ ਹਨ (ਭਾਵ ਸੱਤਾਂ ਸਮੁੰਦਰਾਂ ਵਿਚ ਹਲਚਲੀ ਮਚਦੀ ਹੈ ਤੇ ਪਾਣੀ ਤੇ ਦੁੱਧ ਦੇ ਸਮੁੰਦਰ ਰਲ ਮਿਲ ਜਾਂਦੇ ਹਨ) ਬਾਗ ਤੇ ਬਨ ਕੜਕ ਕੜਕ ਕਰਕੇ ਟੁੱਟਦੇ ਹਨ। ੩. ਬਿੰਧਯਾਚਲ ਪਹਾੜ ਕਹਿੰਦਾ ਹੈ ਕਿ ਭਾਵੇਂ ਫੇਰ ਸਮੁੰਦਰ ਰਿੜਕਨ ਲਗੇ ਹਨ (ਇਸ ਕਰਕੇ) ਡਰਦਾ ਹੈ ਕਿ ਮੈਨੂੰ (ਹੀ ਕਿਤੇ ਮਧਾਣੀ ਬਣਾਕੇ) ਨਾ ਚਲਾ ਦੇਣ। ੪. ਸ਼ੇਸ਼ ਨਾਗ (ਡਰ ਨਾਲ) ਗੁੱਛਾ ਮੁੱਛਾ ਹੋ ਰਿਹਾ ਹੈ ਤੇ ਕੱਛ ਨੂੰ ਬਿਕਟ ਚੀਸਾਂ ਪੈ ਰਹੀਆਂ ਹਨ (ਕਿ ਜੇ ਸਮੁੰਦਰ ਮੁੜ ਰਿੜਕਿਆ ਤਾਂ ਸ਼ੇਸ਼ਨਾਗ ਦਾ ਫੇਰ ਨੇਤ੍ਰਾ ਬਣੇਗਾ ਤੇ ਮੈਂ ਕਛੂ ਮਧਾਣੀ ਦਾ ਜੁੱਟ ਬਣਾਂਗਾ)। ੫. ਕਹਿੰਦਾ ਹੈ ਹੀਰ ਹਿੰਦੂਆਂ ਦੀ ਅਵਧੀ(ਗੁਰੂ ਜੀ) ਜਦ ਚੜ੍ਹਦੇ ਹਨ ਤਾਂ ਧਰਤੀ ਹਿੱਲਦੀ ਹੈ ਤੇ ਦਿਸ਼ਾ ਪਾਲ(ਦਿੱਗਜ)ਕੰਬਦੇ ਹਨ। ੬ ਗੁਰੂ ਗੋਬਿੰਦ ਸਿੰਘ ਦਾ ਦਲ ਜਦ ਚੜ੍ਹਦਾ ਹੈ ਤਦ ਅਤਲ ਬਿਤਲ ਤੇ ਸੁਤਲ (ਨਾਮੇ ਪਤਾਲ ਤਲਤ=) ਹੇਠ ਉਪਰ ਹੋ ਜਾਂਦੇ ਹਨ।

[ਪਹਲ ਵੈਰੀ ਪਰ ਗੁਰੂ ਜੀ ਦੀ ਪਹਲਤਾ]

ਏਤੀ ਅਨੀ ਬਨੀ ਜੋ ਗਨੀ ਨ ਜਾਤ ਕਾਹੂ ਬਿਧਿ,
ਮਨੀ ਨ ਰਹਤ 'ਹੀਰ' ਤੀਰ ਬੂੰਦੈ ਝਰੀ ਹੈਂ।
ਤਹਾਂ ਗੁਰੂ ਗੋਬਿੰਦ ਤਮਕ* ਮਾਰੇ ਅਰੀ ਤਬ,
ਤੂਟ ਤੂਟ ਜਾਤ ਬਖਤਰਨਾਂ ਕੀ ਕਰੀ ਹੈਂ।
ਗੀਧ ਚੋਚੈਂ ਲੋਥਨ ਕਰਾਲ, ਉਡੈਂ ਖੋਪਰੀ ਲੈ
ਲਾਲ ਜੋਗਨੀ ਜਮਾਤ ਬਿਖ‡ ਸਾਥ ਭਰੀ ਹੈਂ।
ਐਸੀ ਲਾਗੀ ਬਰਛੀ ਗਇੰਦਨ ਕੇ ਸੀਸ ਪਰ,
ਮਾਨੋ ਕਾਹੂ ਭੂਧਰ[A] ਮਸਾਲੈਂ ਬਾਲ ਧਰੀ ਹੈਂ।

੧ (ਵੈਰੀਆਂ ਦੀ) ਫੌਜ ਏਨੀ (ਕੱਠੀ ਹੋਕੇ) ਡਟ ਰਹੀ ਸੀ ਜੋ ਕਿਸੇ ਤਰ੍ਹਾਂ ਗਿਣੀ ਨਹੀਂ ਸੀ ਜਾਂਦੀ. ਹੇ ਹੀਰ ! ਮੰਨਣ ਵਿਚ ਨਹੀਂ ਆਉਂਦਾ, (ਪਰ ਸਚਮੁਚ ਉਨ੍ਹਾਂ ਦੇ) ਤੀਰਾਂ ਦੀ ਬੁਛਾੜ (ਐਉਂ ਆਉਂਦੀ ਸੀ ਜਿਵੇਂ ਮੀਂਹ ਦੀਆਂ)ਬੂੰਦਾਂ। ੨.ਤਦ ਓਥੇ ਗੁਰੂ ਗੋਬਿੰਦ ਸਿੰਘ ਜੀ ਨੇ ਰੋਹ ਵਿਚ ਆਕੇ ਵੈਰੀਆਂ ਤੇ (ਐਸੇ ਤੀਰ) ਮਾਰੇ ਕਿ (ਵੈਰੀਆਂ ਦੀਆਂ)

*ਸ਼ਰੀਰ ਦੇ। †ਦਤਾਰੇ=ਹਾਥੀ। ‡ਰੂਪ ਵਾਲੇ।
Aਸਜਾਏ। Bਫਬਾਏ।

*ਰੋਹ ਨਾਲ। †ਸੰਜੋਆਂ।
‡ਵਿਖ=ਜ਼ਹਿਰ। (ਅ) ਪਾਣੀ। (ਏ) ਵਿਖਾ ਨਾਮੇ ਬਿਰਛ ਦਾ ਰਸ ਜੋ ਲਾਲ ਹੁੰਦਾ ਹੈ ਤੇ ਲਾਲ ਰੰਗ ਚਾੜ੍ਹ ਦੇਂਦਾ ਹੈ।
Aਪਹਾੜਾਂ ਉਤੇ।

ਸੰਚੇਆਂ ਦੀਆਂ ਕੜੀਆਂ ਟੁੱਟ ਟੁੱਟ ਗਈਆਂ। ੩. (ਐਸੀ ਮਾਰ ਹੋਈ ਕਿ) ਭਿਆਨਕ ਰਿੱਧਾਂ ਉਡੀਆਂ, ਆ ਕੇ ਲੋਥਾਂ ਨੂੰ ਚੁਝਾਂ ਨਾਲ (ਖਾਣ ਲੱਗੀਆਂ, ਅਤੇ) ਜੋਰਨੀਆਂ ਦੀ ਜਮਾਤ ਨੇ ਖੋਪਰੀਆਂ ਲੈ ਲੈ ਲਾਲ ਜ਼ਹਿਰ (ਲਹੂ) ਨਾਲ ਭਰ ਲਈਆਂ। (ਅਥਵਾ—ਲਾਲ ਪਾਣੀ ਨਾਲ। ਬਿਖ ਦਾ ਅਰਥ ਪਾਣੀ ਬੀ ਹੈ)।੪ ਹਾਥੀਆਂ ਦੇ ਸਿਰਾਂ ਤੇ ਬਰਛੀਆਂ ਵੱਜੀਆਂ ਐਉਂ (ਦਿਸਦੀਆਂ) ਹਨ ਕਿ ਮਾਨੋ ਕਿਸੇ ਨੇ ਪਹਾੜਾਂ ਤੇ ਮਸਾਲਾਂ ਬਾਲ ਕੇ ਧਰੀਆਂ ਹਨ।

[ਗੁਰੂ ਜੀ ਦਾ ਹਾਥੀ ਦੀ ਸੁੰਡ ਕਟਣ ਦਾ ਕਮਾਲ]

ਸ੍ਰੀ ਗੁਰ ਗੋਬਿੰਦ ਸਿੰਘ ਬਲੀ
ਕਰ ਖੱਗ ਗਹੇ ਅਰਿ ਕੇ ਪਰ ਧਾਯੋ।
ਰੰਭਕ* ਸੁੰਡ ਅਨੇਕ ਗਿਰੇ ਰਣ,
ਧੂੰਮ ਕਰੀ ਧਰ ਧੀਂਗ ਨਚਾਯੋ।
ਐਸੋ ਦਯੋ ਧਰ ਕੁੰਭਾਂ ਕੇ ਛੋਰ,
ਸੁ ਬੀਰ ਲਖੇ ਜਸ 'ਹੀਰ' ਜੂ ਗਾਯੋ।
ਸੁੰਡ ਬਿਨਾ ਗਜਰਾਜ ਚਲਯੋ ਭਜਿ,
ਸੁੰਡ ਮਨੋ ਘਰ ਹੀ ਧਰਿ ਆਯੋ।

੧. ਮਹਾਂ ਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥ ਵਿਚ ਤਲਵਾਰ ਪਕੜਕੇ ਵੈਰੀ ਪਰ ਜਾ ਪਏ, ੨. (ਉਨ੍ਹਾਂ ਦੀ ਤਲਵਾਰ ਦੀ ਮਾਰ ਨਾਲ) ਅਨੇਕਾਂ (ਹਾਥੀਆਂ ਦੇ) ਸੁੰਡ ਭਾਰੀ ਸ਼ਬਦ ਕਰਕੇ (ਕੱਟਕੇ, ਡਿਗ ਪਏ, (ਜਿਨ੍ਹਾਂ ਦੇ ਕੱਟਣੇ ਕਰਕੇ) ਹਾਥੀਆਂ ਨੇ ਧੂਮ ਮਚਾ ਦਿੱਤੀ ਤੇ ਧਰਤੀ ਤੇ ਜ਼ੋਰੋ ਜ਼ੋਰੀ ਨੱਚਪਏ। ੩. (ਸੁੰਡ ਕਟੀਣ ਵੇਲੇ) ਸੂਰਮਿਆਂ ਨੇ (ਤਲਵਾਰ ਦਾ ਕਮਾਲ) ਡਿੱਠਾ (ਕਿ ਗੁਰੂ ਜੀ ਨੇ ਹਾਥੀ ਦੇ ਮੱਥੇ ਦੇ) ਕੁੰਭ ਦੇ ਲਾਗ (ਤਲਵਾਰ ਦਾ ਵਾਰ) ਐਸਾ ਮਾਰਿਆ ਕਿ (ਉਸਨੂੰ) ਕੱਟ ਦਿੱਤਾ, (ਇਸ ਸੂਰਮਗਤੀ ਦਾ) ਜਸ ਹੀਰ ਨੇ ਗਾਇਆ ਕਿ ੪. ਵੱਡਾ ਹਾਥੀ ਸੁੰਡ ਕਟਵਾ ਕੇ ਐਉਂ ਭੱਜ ਚਲਿਆ ਕਿ ਮਾਨੋਂ ਸੁੰਡ ਘਰ ਰੱਖ ਕੇ ਹੀ ਆਇਆ ਸੀ।

੧੬. ਟਹਿਕਣ।

ਇਸ ਕਵੀ ਦਾ ਨਾਮ ਪੜ ਕਵੀਆਂ ਦੀ ਫਹਿਰਿਸਤ ਵਿਚ ਹੈ, ਪਰ ਅਜੇ ਤਕ ਇਸ ਦੀ ਗੁਰੂ ਦਰਬਾਰ ਆਕੇ ਕੀਤੀ ਰਚਨਾ ਦੀ ਕੋਈ ਵੰਨਗੀ ਨਹੀਂ ਲੱਭੀ। ਜਦੋਂ ਗੁਰੂ ਦਰਬਾਰ ਆਇਆ ਤਾਂ ਵਡੇਰੀ ਉਮਰ ਦਾ ਜਾਪਦਾ ਹੈ। ਇਹ ਪਹਿਲੀ ਉਮਰੇ ਸਿਪਾਹੀ ਰਿਹਾ ਹੈ। ਤਦੋਂ ਇਸਨੇ 'ਅਸ੍ਵਮੇਧ ਭਾਖਾ ਗ੍ਰੰਥ' ਲਿਖਿਆ ਹੈ। ਜਿਸ ਬਾਬਤ ਉਹ ਲਿਖਦਾ ਹੈ—

ਕਛੁਕ ਉਕਤਿ ਬਲਬੁਧਿ ਕਛੁਕ ਪਰ ਕ੍ਰਿਤA
ਹਰ ਲੀਨੀ। ਬੀਨ ਬੀਨ ਅੱਛਰ ਪ੍ਰਬੀਨB
ਪੋਥੀ ਸ਼ੁਭ ਕੀਨੀ।

ਇਸ ਗ੍ਰੰਥ ਦੇ ਆਦਿ ਅੰਤ ਇਸ ਨੇ ਆਪਣਾ ਨਾਮ ਠਾਮ ਦਾ ਪਤਾ ਦਿੱਤਾ ਹੈ ਜੋ ਉਸਦੀ ਕਵਿਤਾ ਦੇ ਨਮੂਨੇ ਵਜੋਂ ਉਸਦੇ ਅਪਣੇ ਛੰਦਾਂ ਵਿਚ ਹੇਠਾਂ ਦੇਂਦੇ ਹਾਂ:—

ਬਰਨੋ ਕਥਾ ਸੁਧਾ ਰਸ ਸਾਨੀC।
ਕਹੋਂ ਜਥਾਮਤD ਉਕਤ ਕਹਾਨੀ।
ਪ੍ਰਥਮੇ ਸੁਰ ਭਾਖਾE ਸੁਨਿ ਲੀਨੀ।
ਦੋਹਾ ਸਰਸ ਚਉਪਈ ਕੀਨ।
ਕਹੂੰ ਕਬਿਤ ਮੋਟਨਾ ਕੀ ਗਤਿ।
ਟਹਕਨ ਬਰਨਨ ਕੀਓ ਅਲਪਮਤਿF।

ਦੋ:—ਸੰਬਤਸਰ ਦਸ ਸਪਤ ਸ਼ਤ, ਅਧਿਕ ਬਰਖ ਖਟ ਬੀਸG। ਥਿਤ ਤ੍ਰਯੋਦਸ਼ੀ ਅਖਾਢਿ ਬਦਿ ਬੁਧਿ ਬਾਸੁਰ ਸ਼ੁਭਦੀਸH।

'ਟਹਿਕਣ' ਕਵੀ 'ਜ਼ਲਾਲ ਪੁਰ' ਬਾਸੀ।
ਛਤ੍ਰਿ ਧਰਮ 'ਨੰਦ ਲਾਲ' ਉਪਾਸੀ।
ਪਿਤਾ 'ਰੰਗੀਲਦਾਸ' ਜਿਹ ਨਾਮਾ।
ਗਜਾਤI 'ਚੋਪਰਾ' ਕੁਲ ਅਭਿਰਾਮਾ।
ਸਮੈ ਪਾਇ ਕਰਿ ਭਯੋ ਸਿਪਾਹੀ।
'ਹੈ ਕ੍ਰਿਤ ਭਾਖਾ'J ਕਹੀ ਤਹਾਂ ਹੀ।
ਪ੍ਰਥਮ ਸਹਸਕ੍ਰਿਤ ਸ੍ਰੁਤਿK ਸੁਨਿ ਲੀਨੀ।
ਤਾਂ ਪਾਛੇ ਭਾਖਾ ਬੈਰ ਕੀਨੀ। ਅਪਜਾਯ ੭੩

੩.

ਇਹ ਦਰਬਾਰ ਆਪਣੇ ਪੂਰੇ ਰੰਗ ਰੂਪ ਵਿਚ ਨਹੀਂ ਲਿਖਿਆ ਜਾ ਸਕਦਾ, ਕਿਉਂਕਿ ਜਿਸ ਵਿਦਯਾ

*ਰੰਭਕ=ਰੰਭ ਕਰਦਾ, ਭਾਰੀ ਸ਼ਬਦ ਕਰਕੇ। ਰੰਭਾ=ਕੇਲੇ ਵਾਙੂ।
†ਹਾਥੀ ਦੇ ਮਥੇ ਤੇ ਵਧਿਆ ਹੋਇਆ ਘੜੇ ਵਰਗਾ ਥਾਉਂ।

A ਪਰਾਈ ਰਚਨਾ। B ਚਤੁਰਤਾ ਨਾਲ। C ਅੰਮ੍ਰਿਤ ਰਸ ਨਾਲ ਮਿਲੀ। D (ਅਪਣੀ) ਬੁੱਧੀ ਅਨੁਸਾਰ। E ਸੰਸਕ੍ਰਿਤ। F ਤੁੱਛ ਬੁੱਧੀ ਅਨੁਸਾਰ। G ਬਿਕ੍ਰਮੀ ਸੰਮਤ ੧੭੨੬। H ਤਿਥ ਹਾਥ ਵਦੀ ਤ੍ਰੈਦਸ਼ੀ, ਬੁਧਵਾਰ ਦਾ ਸ਼ੁਭ ਦਿਨ। I ਜਾਤਾ J 'ਅਸ੍ਵਮੇਧ ਭਾਖਾ'। K ਕਹੀ।

ਦੇ ਸਰਪ੍ਰਸਤ ਦੇ ਤਸਨੀਫ ਕਰਵਾਏ, ਤਰਜੁਮਾ ਕਰਵਾਏ, ਖੁਦ ਰਚੇ ਤੇ ਰਚਵਾਏ ਗ੍ਰੰਥਾਂ ਦਾ ਤੋਲ ੯ ਮਣ ਸੀ, ਜਿਸ ਨੂੰ ਲਿਖਣ ਵਾਸਤੇ ੩੬ ਦੇ ਕਰੀਬ ਲਿਖਾਰੀ ਮੁਲਾਜ਼ਮ ਸਨ, ਜਿਸਦੀ ਤਿਆਰੀ ਵਿਚ ਘਟ ਤੋਂ ਘਟ ੫੨ ਤਾਂ ਕਵੀ ਸਮਝੇ ਜਾਂਦੇ ਹਨ, ਹੋਰ ਆਲਮ ਫਾਜ਼ਲ ਪੰਡਤ ਵਿਦਵਾਨ ਆਉਂਦੇ ਜਾਂਦੇ ਕੰਮ ਕਰਦੇ ਰਹਿੰਦੇ ਸੀ, ਉਹ ਸਾਰਾ ਤਬਾਹ ਹੋ ਗਿਆ, ਜੋ ਕੁਛ ਵਿਕੋਲਿਤ੍ਰਾ ਹਥ ਆਇਆ ਤੇ ਸਾਡਿਆਂ ਬਜ਼ੁਰਗਾਂ ਸਾਂਭਿਆ ਉਹ ਇਤਨਾ ਥੋੜਾ ਹੈ ਕਿ ਜਿਵੇਂ ਖਜ਼ਾਨੇ ਗੁਆਚੇ ਵਿਚੋਂ ਕੁਛ ਸੈਂਕੜੇ ਲੱਭ ਪੈਣ। ਫਿਰ ਭੀ ਉਹ ਐਸਾ ਹੈ ਜਿਸ ਤੋਂ ਥੋੜਾ ਜਿਹਾ ਅੰਦਾਜ਼ਾ ਲਗ ਸਕਦਾ ਹੈ ਕਿ ਕੈਸੇ ਕੈਸੇ ਗੁਣੀ ਤੇ ਪ੍ਰਬੀਨ ਪੁਰਖ ਉਥੇ ਕਠੇ ਹੋਏ ਸੇ, ਅਰ ਉਨ੍ਹਾਂ ਨੂੰ ਕਿਤਨਾ ਅਮਿਤ ਧਨ ਦੇ ਕੇ ਗੁਰੂ ਜੀ ਵਿਦਯਾ ਦੇ ਸਾਮਾਨ ਰਚਵਾ ਤੇ ਤਰਜਮੇ ਕਰਵਾ ਰਹੇ ਸੇ। ਇਸੇ ਘਾਲ ਨੂੰ ਮੁੱਖ ਰੱਖਕੇ ਪਿਛੇ ਅੰਕ ੨ ਵਿਚ ਦਰਬਾਰੀ ਵਿਦਵਾਨਾਂ ਦੇ ਮਿਲੇ ਹਾਲਾਤ, ਵਿਦਯਵਾਨਾਂ ਦੀ ਸਰਪ੍ਰਸਤੀ ਤੇ ਕਦਰ-ਦਾਨੀਬਾਬਤ ਦਿੱਤੀਆਂ ਉਗਾਹੀਆਂ ਆਦਿਸਾਮਾਨ ਚੂੰਡ, ਲੱਭ ਇਕਤ੍ਰ ਕਰ ਕੇ ਦੇ ਦਿੱਤੇ ਹਨ। ਉਸ ਵਿਚ ਉਹ ਛੰਦ ਬੀ ਦਿਤੇ ਗਏ ਹਨ ਜਿਹੜੇ ਕਿ ਕਵੀਆਂ ਦੀ ਆਪਣੀ ਰਚਨਾ ਦੇ ਹਨ ਤੇ ਵਿਚ ਉਨ੍ਹਾਂ ਦੀ ਛਾਪ ਹੈ, ਯਾ ਉਨ੍ਹਾਂ ਦੀਆਂ ਰਚੀਆਂ ਪੁਸਤਕਾਂ ਵਿਚੋਂ ਹਨ, ਯਾ ਉਨ੍ਹਾਂ ਛੰਦਾਂ ਬਾਬਤ ਇਤਿਹਾਸ ਵਿਚ ਉਨ੍ਹਾਂ ਦੇ ਆਪਣੇ ਰਚੇ ਹੋਣ ਦੀ ਉਗਾਹੀ ਮਿਲੀ ਹੈ। ਹੁਣ ਅੰਕ ੩ ਵਿਚ ਉਹ ਛੰਦ ਦੇਂਦੇਹਾਂ, ਕਿ ਜੋ ਹੈਨ ਤਾਂ ਦਰਬਾਰੀ ਕਵੀਆਂ ਦੇ, ਜੋ ਹਜ਼ੂਰੀ ਵਿਚ ਹਾਜ਼ਰ ਹੋਏ ਸਨ, ਪਰ ਉਨ੍ਹਾਂ ਵਿਚ ਛਾਪ (ਕਵੀ ਦਾ ਨਾਮ) ਨਹੀਂ ਹੈ। ਕਿੰਤੂ ਨਾਲ ਨਾਲ ਟੂਕਾਂ ਵਿਚ ਜਿੱਥੇ ਬਣ ਪਿਆ ਅਸੀਂ ਦੱਸੀਂ ਜਾਵਾਂਗੇ ਕਿ ਇਹ ਛੰਦ ਫਲਾਣੇ ਦੇ ਹਨ ਯਾ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਤਾਂ ਜੋ ਪਾਠਕਾਂ ਨੂੰ ਜਿੰਨਾਂ ਸਾਮਾਨ ਕਿ ਦਸਤਯਾਬ ਹੋ ਚੁਕਾ ਹੈ ਉਸ ਸਾਰੇ ਦੇ ਦਰਸ਼ਨ ਹੋ ਜਾਣ।

ਹੰਸ ਰਾਮ।

[ਸ਼ਿਵ, ਰਾਮ, ਪਜਾਪਤਿ ਤੋਂ ਗੁਰੂ ਜੀ ਦੀ ਵਿਸ਼ੇਸ਼ਤਾ]

ਕੌਨ ਬਨਾਰਸੀ ਬਾਸ ਕਰੈ ਜਹਿੰ ਬਾਸਕ ਨਾਗ ਹੀਯੇ ਮੈਂ ਲਸੈ। ਔਧ ਕੋ ਔਸਰ ਨਾਥ ਭਇਓ ਰਘੁਨਾਥ ਕੇ ਪਾਇਨ ਪਾਪ ਨਸੈ। ਕਰ ਮੁੰਡਨ ਕੌਨ ਸਿਤਾਸਿਤ ਮੇਂ ਜਹਿੰ ਦੇਖਿਕੈ ਲੋਕਰੁ ਦੇਵ ਹਸੈਂ। ਇਮ ਤੇਗ ਬਹਾਦਰ ਨੰਦ ਜਗੇ, ਕਿਨ ਗੋਬਿੰਦ ਰਾਇ ਗੁਰੂ ਦਰਸੈਂ*।

੧. ਬਨਾਰਸ ਜਾਕੇ ਕੌਣ ਵੱਸੇ ਜਿੱਥੇ ਕਿ ਸ਼ਿਵ ਜੀ (ਹੋਏ ਦੱਸੀਦੇ ਹਨ) ਜਿਨ੍ਹਾਂ ਦੀ ਛਾਤੀ ਤੇਬਾਸ਼ਕ ਨਾਗ ਲਸ ਲਸ ਕਰਦਾ ਸੀ ੨. (ਅਪਣੇ) ਸਮੇਂ ਅਵਧ ਦੇ ਨਾਥ (ਰਾਮ ਜੀ) ਹੋਏ, (ਪਰ ਹੁਣ) ਰਘੁਨਾਥ (ਦੀ ਮੂਰਤੀ) ਦੇ ਪੈਰੀਂ ਪਿਆਂ ਪਾਪ ਨਹੀਂ ਦੂਰ ਹੁੰਦੇ। ੩. ਪ੍ਰਯਾਗ† ਵਿਚ ਜਾ ਕੇ ਸਿਰ ਮੁਨਾਉਣ (ਦਾ ਕੀ ਲਾਭ ਹੈ) ਜਿਸ (ਮੁੰਨੇ ਸਿਰ) ਨੂੰ ਦੇਖ ਕੇ ਲੋਕ ਤੇ ਦੇਵਤੇ ਮਖ਼ੌਲ ਕਰਦੇ ਹਨ। ੪. ਇਥੇ (ਆਨੰਦ ਪੁਰ ਵਿਚ ਕਿ ਜਿਥੇ) ਗੁਰੂ ਤੇਗ ਬਹਾਦਰ ਜੀ ਦੇ ਸਪੁਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਜ ਰਹੇ ਹਨ, (ਆ ਕੇ) ਕਿਉਂ ਨਹੀਂ ਉਨ੍ਹਾਂ ਦੇ ਦਰਸ਼ਨ ਕਰਦਾ, (ਭਾਵੇਹ ਕਿ ਉਨ੍ਹਾਂ ਤੋਂ ਵਿਸ਼ੇਸ਼ ਪ੍ਰਤੱਖ ਮੁਕਤੀ ਦਾਤਾ ਦਾ ਦਰਸ਼ਨ ਕਰ,।

[ਗੁਰੂ ਕੀਰਤੀ ਦਾ ਵਿਸਥਾਰ]

ਜਹਾਂ ਦਿਨਕਰ ਕੋ ਪ੍ਰਤਾਪ ਦਿਨ ਮਾਨ ਨਾਹੀ,
ਜਹਾਂ ਨ ਦਿਲੇਸ਼ ਕੋ ਪ੍ਰਤਾਪ ਛਾਈਯਤ ਹੈ।
ਜਹਾਂ ਨ ਕਲਾਨਿਧ ਕੀ ਕਲਾ ਕੀ ਕਿਰਨ ਏਕ,
ਜਹਾਂ ਮ੍ਰਿਗਰਾਜਨ ਕੇ ਥਰ ਧਾਈਯਤ ਹੈਂ।
ਜਹਾਂ ਸੁਰਪਤਿਕੀ ਨ ਗਤਿ, ਰਤਿਪਤਿਕੀ ਨਮਤਿ,
ਕਹਾਂ ਪੌਲਪਤਿ ਹੂੰ ਮੈਂ ਪਾਈਯਤ ਹੈ।
ਜਹਾਂ ਸ਼੍ਰੁਤ ਸਿੰਮ੍ਰਤ ਸੁਨੀ ਨ ਮ੍ਰੌਨ ਸੁਪਨੇ ਹੂੰ,
ਤਹਾਂ ਗੁਰੂ ਗੋਬਿੰਦ ਕੋ ਜਸ ਗਾਈਯਤ ਹੈ।

੧. ਜਿਥੇ ਸੂਰਜ ਦੇ ਪ੍ਰਤਾਪ ਕਰਕੇ ਦਿਨ ਵਾਰ ਦਾ ਹਿਸਾਬ ਨਹੀਂ ਹੈ, ਜਿਥੇ ਦਿੱਲੀ ਦੇ ਈਸ਼ (ਔਰੋਗਜ਼ੇਬ) ਦਾ ਰਾਜ ਨਹੀਂ ਹੈ, ੨. ਜਿਥੇ ਚੰਦ੍ਰਮਾ

---

*ਸੂ: ਪੂ: ਵਿਚ ਇਹ ਛੰਦ ਹੰਸ ਰਾਮ ਦੇ ਕਬਿਤਾਂ ਵਿਚਾਲੇ ਆਯਾ ਹੈ, ਪਰ ਏਛਾਪ ਹੋਣ ਕਰਕੇ ਇਹ ਬੀ ਸੰਭਾਵਨਾ ਹੋ ਸਕਦੀ ਹੈ ਕਿ ਹੰਸ ਰਾਮ ਦੇ ਪਿਛੇ ਆਏ ਛੰਦ-'ਅਵਧ ਅਨਾਏ ਕਹਾਂ' ਵਾਲੇ ਖਜ਼ਾਲ ਪਰ ਕਿਸੇ ਦੂਸਰੇ ਨੇ ਅਪਣਾ ਛੰਦ ਆਪਣੀ ਸਮਸਜ਼ਾ ਪੂਰਤੀ ਦੀ ਤਰ੍ਹਾਂ ਦਾ ਲਿਖਿਆ ਹੋਏ। ਪਰੰਤੂ ਬਾਬਾ ਸੁਮੇਰ ਸਿੰਘ ਜੀ ਨੇ ਇਸ ਨੂੰ ਤੇ ਅਗਲੇ ਨੂੰ ਹੰਸ ਰਾਮ ਦੀ ਸਰਖੀ ਹੇਠ ਹੀ ਲਿਖਿਆ ਹੈ, ਸੋ ਉਸੇ ਦਾ ਸਮਝਣਾ ਠੀਕ ਹੈ।

†ਮਤਸ਼ਜ਼ ਪੁਰਾਣ ਅਨੁਸਾਰ-ਪ੍ਰਯਾਗ ਪ੍ਰਜਾਪਤਿ ਅਰਥਾਤ ਬ੍ਰਹਮਾ ਜੀ ਦਾ ਛੇਤਰ ਹੈ।

ਦੀ ਕਲਾ ਦੀ ਇਕ ਕਿਰਨ ਭੀ ਨਹੀਂ ਅੱਪੜਦੀ, ਜਿਥੇ ਸ਼ੇਰਾਂ ਦੇ ਝੁੰਡ ਹੀ ਦੌੜੇ ਫਿਰਦੇ ਹਨ। ੩.ਜਿਥੇ ਇੰਦਰ ਦੀ ਪਹੁੰਚ ਨਹੀਂ, ਕਾਮਦੇਵ ਦੀ ਬੁੱਧੀ ਜਿਥੇ ਨਹੀਂ ਅੱਪੜਦੀ, ਸ਼ਿਵ ਜੀ (ਦੀ ਮਤੀ ਭੀ ਜਿਥੇ) ਨਹੀਂ ਪਹੁੰਚਦੀ, ੪. ਜਿਥੇ ਕਦੇ ਵੇਦ ਤੇ ਸਿੰਮ੍ਰਤੀਆਂ ਦੀ ਅਵਾਜ਼ ਸੁਪਨੇ ਵਿਚ ਸੁਣੀ ਨਹੀਂ ਗਈ ਓਥੇ ਗੁਰੂ ਗੋਬਿੰਦਸਿੰਘ ਜੀ ਦਾ ਜਸ ਗਾਂਵਿਆਂ ਜਾ ਰਿਹਾ ਹੈ। (ਭਾਵ—ਸੁੰਨ ਮੰਡਲ ਵਿਚ, ਲੋਕ ਤੇ ਪ੍ਰਲੋਕ ਵਿਚ, ਧਰਤੀ ਤੇ ਹਿੰਦੁਸਤਾਨ ਤੋਂ ਦੂਰ ਦੂਰ, ਗੁਰੂ ਗੋਬਿੰਦ ਸਿੰਘ ਜੀ ਦਾ ਜਸ ਹੋ ਰਿਹਾ ਹੈ)।

[ਨਗਾਰਾ ਵੱਜਣ ਦਾ ਟੋਲ]

ਕਬਿਤ—

ਬਾਜਤਿ ਨਿਸ਼ਾਨ ਕੋ ਦਿਸ਼ਾਨ ਭੂਪ ਭਹਿਰਤਿ,
ਹਾਲਾ ਡੋਲ ਪਰਤਿ ਕੁਬੇਰ ਹੂੰ ਕੇ ਘਰ ਮੈਂ।
ਹੋਤ ਹੈ ਅਤੰਕ ਸ਼ੰਕ ਲੰਕ ਹੂੰ ਮੈਂ ਮਾਨੀਯਤਿ,
ਰੰਕ ਹੈ ਬਿਭੀਖਨ ਮੋ ਡੋਲਤ ਡਹਰ ਮੈਂ।
ਭੂ ਮੈਂ ਗੁਰ ਗੋਬਿੰਦ ਸੋਂ ਭੂਪਤਿ ਕਹਤਿ ਨਾਂਢੇ,
ਭੂ ਮੈਂ ਹਮੈਂ ਰਾਖ ਜੋ ਤੁਹਾਰੇ ਆਵੈ ਧਰ ਮੈਂ।
ਅਰਿਨਿਕੀਰਾਨੀ ਬਿਲਲਾਨੀਚਹੈਂ ਪਾਨੀਤੇ ਵੈ,
ਮੋਤਿਨਿ ਕੀ ਮਾਲ ਲੈ ਨਿਚੋਵਤੀ ਅਧਰ ਮੈਂ*।

੧. ਨਗਾਰੇ ਦੇ ਵਜਦਿਆਂ ਦਿਸ਼ਾ ਦੇ ਰਾਜੇ ਡਰਦੇ ਹਨ ਤੇ ਕੁਬੇਰ ਦੇ ਘਰ ਵਿਚ ਤਾਂ ਹਲਚਲੀ ਮਚ ਜਾਂਦੀ ਹੈ। ੨. (ਐਸਾ) ਹੁੰਦਾ ਹੈ ਡਰ ਕਿ ਲੰਕਾ ਦੇ ਵਿਚ ਬੀ ਭੈ ਮੰਨਿਆ ਜਾਂਦਾ ਹੈ ਤੇ ਬਿਭੀਖਨ ਕਾਇਰ ਹੋਕੇ ਜੰਗਲਾਂ ਵਿਚ ਫਿਰਦਾ ਹੈ ਡੋਲਦਾ। ੩. ਪ੍ਰਿਥਵੀ ਤੇ ਖੜੇ ਰਾਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਹਿ ਰਹੇ ਹਨ:—ਜ਼ਿਮੀ ਤੇ ਸਾਨੂੰ ਰੱਖ ਲੈ (ਕਿਉਂਕਿ) ਤੁਹਾਡੀ (ਸ਼ਰਨ ਜੋ) ਆਵੇ (ਉਸ ਨੂੰ ਰੱਖਣਾ ਤੁਹਾਡਾ, ਧਰਮ ਹੈ। (ਅ) ਜੋ ਅਸੀਂ ਤੁਹਾਡੀ (ਧਰ—ਮੈਂ) ਸ਼ਰਨ ਵਿਚ ਆਏ ਹਾਂ। ੪. ਵੈਰੀਆਂ ਦੀਆਂ ਰਾਣੀਆਂ (ਭੈ ਨਾਲ) ਵਿਲਪ-ਦੀਆਂ ਦੇ (ਹੋਠ ਸੁਕਦੇ ਹਨ ਤਾਂ) ਪਾਣੀ ਮੰਗਦੀਆਂ ਹਨ, (ਪਾਣੀ ਘਬਰਾ ਵਿਚ ਲੱਭਦਾ ਨਹੀਂ ਤਾਂ) ਮੋਤੀਆਂ ਦੀ ਮਾਲਾ ਹੋਠਾਂ ਤੇ ਨਿਚੋੜਦੀਆਂ ਹਨ।

{ਚੰਦ ਤੇ ਗੁਰੂ ਜੀ ਦਾ ਮੁਕਾਬਲਾ ਤੇ ਗੁਰੂ ਵਿਸ਼ੇਸ਼ਤਾ}

ਪੁਨਜਾਈ ਹੂੰ ਸਰਸਾਤ ਦੂਜ ਜਾਤ ਅਵਦਾਤ,
ਕਲਾਕਰ ਨਾਮ ਭ੍ਰਾਂਤ ਅੰਮ੍ਰਿਤ ਬਨਾਏ ਹੈਂ।
ਗੂਹਿ ਗੂਹਿ ਬਾਸੀ ਤਮ ਨਾਸੀ ਸ੍ਰੀ ਪ੍ਰਕਾਸੀ,
ਅਬਿਨਾਸੀ ਪਦਪਾਇ ਲੋਕਾਲੋਕਨਮੇਂ ਗਾਏਹੈਂ।
ਦੋਊ ਪਰਮਾਨੰਦ ਸੋਂ ਕੀਰਤ ਕੇ ਉਜਿਯਾਰੇ,
ਪੂਜਿ ਪੂਜਿ ਉਮਾਪਤਿ ਭਲੇ ਲੈ ਚਢਾਏ ਹੈਂ।
ਸਸਿ ਬੇਖੀ ਭਯੋ ਇੰਦ ਸੁਨਿਓ ਗੁਰੂ ਗੋਬਿੰਦ,
ਕੁਹੂ ਕੇ ਅਨਿੰਦ ਸਸਿ ਨਿੰਦਿਤ ਕਹਾਏ ਹੈਂ*।

{ਇਸ ਛਦ ਦੇ ਅਰਥ ਉਖੇਰੇ ਹਨ ਪਰ ਸ਼ਲੋਖ ਦੀ ਸਹਾਇਤਾ ਨਾਲ ਸਾਰੇ ਪਦ ਪਦਾਰਥ ਲੱਗ ਜਾਂਦੇ ਹਨ}।

੧. (ਚੰਦ) ਪੁੰਨਜਾਂ ਤਕ ਹੀ ਵਧਦਾ ਹੈ (ਫੇਰ ਘਟ ਘਟ ਕੇ) ਦੂਜ ਤੱਕ ਜਾਂਦਾ ਹੈ, (ਪਰ ਗੁਰੂਗੋਬਿੰਦ ਸਿੰਘ ਜੀ) ਪੂਰਨ ਹੋਕੇ ਬੀ ਦੂਜ ਦੇ ਚੰਦ ਵਾਙੂ ਵਧਦੇ ਜਾਂਦੇ ਹਨ, (ਇਹ ਗਲ) ਪ੍ਰਗਟ ਹੈ†। (ਚੰਦ ਦਾ ਨਾਮ ਹੈ) ਕਲਾ ਵਾਲਾ (ਪਰ ਉਹ ਕਲਾ ੧੬ ਹਨ ਤੇ ਗੁਰੂ ਜੀ ਦਾ ਨਾਮ ਬੀ) ਕਲਾਕਰ ਹੈ, (ਪਰ ਉਹ ਹੈ ਕਲਾ+ ਆਕਰ=ਕਲਾ ਦੀ ਖਾਣ, ਅਨੰਤ ਕਲਾ ਹਨ ਜਿਸ ਵਿਚ)। (ਚੰਦ) ਅੰਮ੍ਰਿਤ ਬਣਾਉਂਦਾ ਹੈ (ਪਰ ਉਹ ਔਖਧੀਆਂ ਵਿਚ ਪੈਕੇ ਸਰੀਰ ਨੂੰ ਸੁਖ ਦੇਂਦਾ ਹੈ, ਮਨ ਦੀ) ਭ੍ਰਾਂਤੀ (ਦੂਰ ਨਹੀਂ ਹੁੰਦੀ, ਗੁਰੂ ਜੀ ਬੀ) ਅੰਮ੍ਰਿਤ ਬਣਾਉਂਦੇ ਹਨ (ਪਰ ਉਹ ਮਨ ਦੀ ਅਗਯਾਨ) ਭ੍ਰਾਂਤੀ ਨੂੰ (ਦੂਰ ਕਰਦਾ ਹੈ)।

੨. (ਚੰਦ) ਘਰ ਘਰ ਵਿਚ ਛਾਏ ਹਨੇਰੇ ਮਾਤ੍ਰ ਨੂੰ ਸੁਹਣੇ ਪ੍ਰਕਾਸ਼ ਨਾਲ ਦੂਰ ਕਰਦਾ ਹੈ ਤੇ ਲੋਕਾ-ਲੋਕਪਰਬਤ ਦੇ ਦੁਆਲੇ ਘੁੰਮਦਾ ਦੱਸੀਦਾ ਹੈ (ਪਰ ਗੁਰੂ ਜੀ) ਹਿਰਦੇ ਹਿਰਦੇ ਵਿਚ ਵੱਸ ਰਹੇ ਹਨੇਰੇ ਨੂੰ ਸੁਹਣੇ ਪ੍ਰਕਾਸ਼ ਨਾਲ ਦੂਰ ਕਰਦੇ ਹਨ ਜਿਸ ਕਰਕੇ ਅਬਿਨਾਸ਼ੀ ਪਦ ਪਾਕੇ (ਪਾਉਣਵਾਲੇ) ਲੋਕਅਲੋਕ (ਲੋਕ ਪ੍ਰਲੋਕ) ਵਿਚ ਗੁਣ ਗਾਉਂਦੇ ਹਨ।

---

*ਇਹ ਛੰਦ ਸ੍ਰੂ: ਪ੍ਰ: ਵਿਚ ਹੰਸ ਰਾਮ ਦੇ ਛੰਦਾਂ ਦੇ ਵਿਚਾਲੇ ਹੈ। ਬਾਬਾ ਸੁਮੇਰ ਸਿੰਘ ਜੀ ਨੇ ਇਹ ਹੰਸਰਾਮ ਛਾਪ ਵਾਲੇ ਦੇ ਬਾਦ ਅਖੀਰਲਾ ਛਦ ਦਿਤਾ ਹੈ। ਇਸ ਮੂਜਬ ਇਹ ਬੀ ਹੰਸਰਾਮ ਦਾ ਹੀ ਮੰਨਣਾ ਚਾਹੀਏ। ਚਾਲ ਢਾਲ ਬੀ ਓਸੇ ਵਰਗੀ ਹੈ।

*ਇਹ ਅਤੇ ਅਗਲਾ ਛੰਦ ਸੂਰਜ ਪ੍ਰਕਾਸ਼ ਵਿਚ ਨਹੀਂ ਹੈ। ਇਨ੍ਹਾਂ ਵਿਚ ਛਾਪ ਨਹੀਂ ਹੈ, ਪਰ ਬਾਬਾ ਸੁਮੇਰ ਸਿੰਘ ਜੀ ਨੇ ਇਨ੍ਹਾਂ ਨੂੰ ਹੰਸ ਰਾਮ ਦਿਆਂ ਛੰਦਾਂ ਵਿਚ ਲਿਖਿਆ ਹੈ ਸੋ ਉਸੇ ਦੀ ਮੰਨਣੇ ਠੀਕ ਹਨ।

†(ਅ) (ਇਹ ਗਲ) ਪ੍ਰਗਟ ਹੈ (ਕਿ ਚੰਦ) ਦੂਜ ਨੂੰ (ਜਾਤ=) ਜਨਮ ਲੈਕੇ ਪੁੰਨਜਾਂ ਤਕ ਹੀ ਵਧਦਾ ਹੈ, (ਪਰ ਗੁਰੂ ਗੋਬਿੰਦ ਸਿੰਘ ਜੀ) ਪੂਰਨ ਹੋਕੇ ਬੀ ਦੂਜ ਦੇ ਚੰਦ ਵਾਙੂ ਵਧਦੇ ਹਨ।

੩. ਦੋਵੇਂ ਪਰਮ ਆਨੰਦ ਦੇ ਦਾਤੇ ਹਨ, ਇਕ (ਭਾਵ ਚੰਦ) ਚਾਨਣਾ ਦੇਕੇ (ਅਤੇ ਦੂਜੇ ਭਾਵ) ਗੁਰੂ ਜੀ (ਅਪਣੀ) ਕੀਰਤੀ ਦੇ ਚਾਨਣੇ ਕਰਕੇ,(ਫਿਰ ਦੇਖ ਪੂਜ=) ਲੋਕਾਂ ਤੋਂ ਪੂਜਿਆ ਗਿਆ (ਚੰਦ) ਸ਼ਿਵ ਨੇ (ਮੱਥੇ ਤੇ) ਚੜ੍ਹਾ ਲਿਆ ਹੈ(ਪਰ ਪੂਜ ਭਾਵ)ਗੁਰੂ ਜੀ ਦਾ ਪੂਜਨ ਕਰਦਾ ਹੈ ਸ਼ਿਵ (ਭਾਵ, ਸ਼ਿਵ ਜਦ ਗੁਰੂ ਜੀ ਦਾ ਪੂਜਨ ਕਰਦਾ ਮੱਥਾ ਟੇਕਦਾ ਹੈ ਤਾਂ ਉਨ੍ਹਾਂ ਦੇ ਮੱਥੇ ਵਿਰਾਜਿਆ ਚੰਦ ਭੀ ਨਮਸਕਾਰ ਵਿਚ ਪੈ ਜਾਂਦਾ ਹੈ)।

੪. ਸੁਨੋ ਹੋ ਲੋਕੋ ਚੰਦ ਤੇ ਗੁਰੂ ਗੋਬਿੰਦ ਸਿੰਘ ਦੋਵੇਂ ਚੰਦ੍ਰਮਾਂ ਸਰੂਪ ਹਨ (ਪਰ ਚੰਦ੍ਰਮਾਂ ਤਾਂ ਕੁਹੂ=) ਮਸਜਾ ਨੂੰ (ਲੋਪ ਹੁੰਦਾ ਹੈ ਤੇ ਗੁਰੂ ਜੀ ਦਰਬਾਰ ਵਿਚ ਦਰਸ਼ਨ ਖੁੱਲੇ ਦਿੰਦੇ ਹਨ। ਉਹ ਉਸ ਦਿਨ ਚਾਨਣਾ ਨਾ ਦੇਣ ਕਰਕੇ ਚਾਨਣੇ ਦੇ ਲੋੜਵੰਦਾਂ ਤੋਂ) ਨਿੰਦਿਆ ਜਾਂਦਾ ਹੈ, (ਪਰ ਏਹ) ਦਰਸ਼ਨ ਕਰਨ ਹਾਰਿਆਂ ਤੋਂ (ਅਨਿੰਦ=) ਸਲਾਹੇ ਜਾਂਦੇ ਹਨ।

ਗੁਨਨ ਮੈਂ ਗੁਨੀ* ਕਹੈਂ, ਰਜਾਨ ਨਿਧਿ ਮੁਨੀਂ† ਕਹੈਂ,
ਦਾਤਾ ਸਭ ਦੁਨੀ ਕਹੈ ਦਾਹਿਦ ਨਸਾਈਏ।
ਏਕ ਕਹੈਂ ਦੱਛਨ‡ ਕੇ ਲੱਛਨ ਪ੍ਰਤੱਛ ਯਾ ਮੈਂ,
ਏਕ ਕਹੈਂ ਛਬਿ ਕੇ ਬਿਤਾਨ ਛਿਤ ਛਾਈਏ।
ਏਕ ਬੀਰ ਭਾਰੀ ਕਹੈਂ, ਏਕ ਉਪਕਾਰੀ ਕਹੈਂ,
ਏਕ ਧਰਮਧਾਰੀ ਕਹੈਂ, ਲੋਕਾਲੋਕ§ ਗਾਈਏ।
ਲਾਜ ਕੇ ਜਹਾਜ ਗੁਰੂ ਗੋਬਿੰਦ ਬਿਰਾਜੈਂ ਆਜ,
ਜਗ ਕੇ ਸਮਾਜ[] ਸਭ ਰਾਉਰੇ ਮੈਂ ਪਾਈਏ।

ਇਹ ਛੰਦ ਉੱਲੇਖ ਅਲੰਕਾਰ ਦਾ ਉੱਤਮ ਨਮੂਨਾ ਹੈ। ਇਕ ਵਸਤੂ ਦਾ ਦੇਖਣ ਵਾਲਿਆਂ ਦੇ ਭਾਵਨਾ ਭੇਦ ਕਰਕੇ ਅਨੇਕ ਪ੍ਰਕਾਰ ਦਾ ਵਰਣਨ ਕਰਨਾ ਉੱਲੇਖ ਅਲੰਕਾਰ ਕਹਾਉਂਦਾ ਹੈ। ਅਰਥ ਐਉਂ ਹੈ:—

੧. ਗੁਣੀਆਂ (ਦੀ ਸ੍ਰਿਸ਼ਟੀ ਵਿਚ (ਗੁਰੂ ਗੋਬਿੰਦ ਸਿੰਘ ਜੀ ਦੀ ਵਜਕਤੀ)ਗੁਣਾਂ ਵਿਚ ਪ੍ਰਬੀਨ ਕਹੀ ਜਾਂਦੀ ਹੈ,ਮੁਨੀ (ਉਸਨੂੰ) ਰਜਾਨ ਦਾ ਖ਼ਜ਼ਾਨਾ ਸਮਝਦੇ ਹਨ, ਸਾਧਾਰਨ ਦੁਨੀਆਂ ਦੇ ਲੋਕ (ਉਸ ਨੂੰ) ਦਾਤਾ ਸਮਝਦੇ ਹਨ (ਕਿਉਂਕਿ ਉਹ ਹਰ ਕਿਸੇ ਦਾ) ਦਰਿਦ੍ਰ ਦੂਰ ਕਰਦੇ ਹਨ।੨. ਇਕ ਕਹਿੰਦੇ ਹਨ ਇਨ੍ਹਾਂ ਵਿਚ ਨਿਸ਼ਾਨਾਂ ਵਾਲੇ ਪੂਰੇ ਲੱਛਣ ਪ੍ਰਤੱਖ ਹਨ, ਇਕ ਕਹਿੰਦੇ ਹਨ ਇਹ ਮੁੰਦਰਤਾ ਦੇ (ਮਾਨੋ) ਚੰਦੋਏ ਧਰਤੀ ਉਤੇ ਤਣੇ (ਖੜੋਤੇ) ਹਨ। ੩. ਇਕ ਕਹਿੰਦੇ ਹਨ ਬੜੇ ਬਹਾਦਰ ਹਨ, ਇਕ ਉਪਕਾਰੀ ਕਹਿੰਦੇ ਹਨ, ਇਕ (ਆਪ ਨੂੰ) ਧਰਮਧਾਰੀ ਕਹਿੰਦੇ ਹਨ,ਲੋਕ ਪਲੋਕ ਵਿਚ(ਹਰ ਕੋਈ ਆਪਣੀ ਭਾਵਨਾ ਅਨੁਸਾਰ ਉਨ੍ਹਾਂ ਦਾ ਯਸ਼) ਗਾ ਰਿਹਾ ਹੈ।(ਜਿਨ ਕੀ ਰਹੀ ਭਾਵਨਾ ਜੈਸੀ। ਪ੍ਰਭੁ ਮੂਰਤ ਦੇਖੀ ਤਿਨ ਤੈਸੀ)। ੪.(ਪਰ ਕਵਿ ਕਹਿੰਦਾ ਹੈ ਕਿ ਹੇ)ਗੁਰੂ ਗੋਬਿੰਦ ਸਿੰਘ ਜੀ (ਮੈਨੂੰ) ਆਪ ਜੀ ਦੀ (ਵਜਕਤੀ) ਜੋ ਜਗਤ ਦੇ ਸਮੂਹ ਗੁਣਾਂ ਦਾ ਸੰਪੰਨ ਹੈ, ਬਿਰਦ ਪਾਲਕ ਜਹਾਜ਼ ਵਾਕਣ ਸ਼ੋਭਾ ਪਾਉਂਦੀ ਨਜ਼ਰ ਆ ਰਹੀ ਹੈ।

—o—

ਇਸ ਤੋਂ ਅਗਲੇ ਤ੍ਰੈ ਛੰਦ ਸੂਰਜ ਪ੍ਰਕਾਸ਼ ਵਿਚ ਕਵੀ ਮੰਤੋਖ ਸਿੰਘ ਦੇ ਛਾਪ ਵਾਲੇ ਤੋਂ ਬਾਦ ਆਉਣ ਕਰਕੇ ਸੰਭਾਵਨਾ ਹੋ ਸਕਦੀ ਹੈ ਕਿ ਉਨ੍ਹਾਂ ਦੇ ਹੋਣ, ਪਰ ਇਹ ਉਨ੍ਹਾਂ ਦੇ ਨਹੀਂ। ਬਾ: ਸੁਮੇਰ ਸਿੰ: ਜੀ ਨੇ ਹਜ਼ੂਰੀ ਕਵੀਆਂ ਦੇ ਮੰਨੇ ਹਨ।ਪਹਿਲੇ ਨੂੰ ਤਾਂ ਕਵੀ ਦਾ ਨਾਮ ਦਿੱਤ ਬਿਨਾਂ ਦਾਨ ਕਬਿੱਤ ਦੇ ਸਿਰਲੇਖ ਹੇਠ ਦਿਤਾ ਹੈ ਤੇ ਅਗਲੇ ਦੋ ਹੰਸ ਰਾਮ ਦੇ ਛੰਦਾਂ ਦੀ ਵਿਚਕਾਰੋ ਦਿੱਤੇ ਹਨ ਤੇ ਦੋਹਾਂ ਨੂੰ 'ਅਤੰਕ ਸਮਰ ਬੀਰ ਕੇ ਕਬਿੱਤ' ਦੀ ਸੁਰਖੀ ਦੇ ਹੇਠ ਲਿਖਿਆ ਹੈ—

[ਘੋੜਿਆਂ ਦਾ ਦਾਨ]

ਅਰਬ ਅਰਾਕਵੇ ਦੈ ਨਾਬ ਦੈ ਰਕਾਬ ਵਾਰੇ,
ਬਾਰੇ ਬਡੇ ਡੀਲ ਪੀਲ ਸੈਨਕ ਹੈਂ ਕੂਤ ਕੇ।
ਚਪਲਾ ਸੇ ਚਪਲ, ਚਲਾਕ ਚਹੂੰ ਪਾਇ ਪੂਰੇ,
ਪੌਨ ਗੌਨ, ਪਲ ਕੌ ਸਕੈ ਨ ਦਿਨ ਦੂਤ ਕੇ।
ਮਨ ਕੋ ਹਰਨ, ਮਨ ਮੀਨ ਕੇ ਦਰਨ, ਜਿਨੈ
ਚਾਹਨ ਕੀ ਚਾਹ ਪਾਤਸ਼ਾਹਨ ਕੇ ਪੂਤਿ ਕੇ।
ਬਖਸ਼ੇ ਤਿਹਾਰੇ ਗੁਰੂ ਗੋਬਿੰਦ ਜੀ ਐਸੇ ਹਯ
ਬਿਰਥ ਹੈਂ, ਨ ਜਾਇ ਪਾਇ ਗਏ ਪੁਰਹੂਤ ਕੇ।

---

*ਗੁਣੀ=ਕਲਾ ਕੌਸਲ ਵਾਲਾ, ਕੋਮਲ ਉਨਰਾਂ ਦਾ ਪ੍ਰਬੀਨ।
†ਮੁਨੀ=ਉਹ ਮਹਾਤਮਾਂ ਜੋ ਧਰਮ ਤੇ ਈਸ਼ੁਰ ਰਜਾਨ ਵਿਚ ਸੰਪੂਰਨ ਹੋਵੇ ਤੇ ਹਰਤਰ੍ਹਾਂ ਸਤਿਕਾਰ ਯੋਗ ਹੋਵੇ। ‡ਦੱਛਣ=ਦਕਛ=ਨਿਪੁਨਤਾ ਦੇ ਕਮਾਲ ਵਾਲਾ। ਜੋ ਥੋੜੇ ਚਿਰ ਵਿਚ ਸੁਤੇ ਹੀ ਥੋੜ੍ਹੀ ਤੋਂ ਥੋੜ੍ਹੀ ਵੇਰਵੇ ਹੱਲ ਕਰਦਾ ਹੋਇਆ ਅਪਣੇ ਕਾਰਜ ਜਾਂ ਉਨਰ ਨੂੰ ਸਿਰੇ ਚਾੜ੍ਹ ਲਵੇ (Genius)। §ਲੋਕਾਲੋਕ=ਲੋਕ ਪ੍ਰਲੋਕ। []ਸਮਾਜ=ਸਮੂਹ, ਭਾਵ ਗੁਣਾ ਦੇ ਸਮੂਹ।

੧. (ਹੇ ਨਾਥ) ਇਰਾਕ ਅਰਬ* ਦੇ ਦੋ ਅਸਵਾਰੀ ਵਾਲੇ ਘੋੜੇ, ਦੋਵੇਂ ਨਾਯਾਬ. (ਬਾਰੇ=ਉਮਰ ਦੇ ਕੁਮਾਰ ਭਾਵ) ਚੜ੍ਹਦੀ ਜੁਵਾਨੀ ਵਾਲੇ, ਵਡੀ ਡੀਲ ਵਾਲੇ (ਐਸੇ ਕਿ) ਮਾਨੋ ਹਾਥੀਆਂ ਦੇ ਸਰਦਾਰ ਹਨ ਕੁੱਵਤ ਵਿਚ। ੨. ਬਿਜਲੀ ਵਾਂਗ ਚੰਚਲ ਹਨ, ਚਹੁੰ ਪੈਰਾਂ ਤੋਂ ਪੂਰੇ ਚਲਾਕ ਹਨ, ਚਾਲ ਵਿਚ ਪੌਣ (ਵਰਗੇ ਹਨ;) ਸੂਰਜਾਂ ਦੇ ਘੋੜੇ ਇਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦੇ। ੩. ਮਨ ਦੇ ਹਰਣ ਵਾਲੇ(ਭਾਵ ਸੁਹਣੇ) ਹਨ, ਮੱਛੀ ਦੇ ਮਨ ਨੂੰ ਦਲਨ ਵਾਲੇ (ਭਾਵ ਚੰਚਲਤਾ ਤੋਂ ਹੈ), ਜਿਨ੍ਹਾਂ ਦੇ (ਚਾਹਨ=) ਦੇਖਣ ਦੀ ਚਾਹ ਪਾਤਸ਼ਾਹਾਂ ਦੇ ਪੁੱਤ੍ਰਾਂ ਨੂੰ ਬੀ ਹੈ। ੪. ਹੇ ਗੁਰੂ ਗੋਬਿੰਦ ਸਿੰਘ ਜੀ ਤੁਹਾਡੇ ਬਖਸ਼ੇ ਹੋਏ ਘੋੜੇ ਐਸੇ ਅਸਵਾਰੀ ਦੇ ਘੋੜੇ ਹਨ ਕਿ ਇੰਦਰ ਕੋਲ ਗਿਆਂ ਬੀ ਨਹੀਂ ਲੱਭ ਸਕਦੇ‡।

[ਗੁਰੂ ਜੀ ਦੇ ਇਕ ਯੁੱਧ ਦਾ ਦਰਸ਼ਨ]

ਪਾਰਥ ਸਮਾਨ ਮਹਾਂਭਾਰਥ ਮਚਾਯੋ ਤਹਾਂ,
ਖਾਯੋ ਮਾਂਸਹਾਰਨੀ ਅਹਾਰ ਜੇਤੋ ਖਾਇਗੋ।
ਮੰਦਰ ਸੋ ਮੋਕਲ ਗਇੰਦਨ ਕੀ ਗਰਜਨਿ,
ਧੌਂਸਾ ਕੀ ਧੁੰਕਾਰ ਧਰਾਧੀਸ਼ ਅਕੁਲਾਇਗੋ।
ਐਸੇ ਕੀਨੇ ਸਮਰ ਅਮਰ ਲੋਕ ਸੁਨਿਯਤ,
ਤੇਰੋ ਹੀ ਬਖਾਨ ਖਾਨ ਪਾਨ ਸੋ ਭੁਲਾਇਗੋ।
ਮਾਰਕੈ ਮਦਾਨ ਅਰਿ ਡਾਰੇ ਗੁਰ ਗੋਬਿੰਦ ਕੇ,
ਕਾਲ ਕਲਾ ਫੇਰ ਕੋਊ ਕਾਲਹਿ ਸੁਹਾਇਗੋ।

੧. ਓਥੇ (ਗੁਰੂ ਜੀ ਨੇ) ਅਤਜਣ ਵਾਙ ਐਸਾ ਜੁੱਧ ਕੀਤਾ ਕਿ ਮਾਸਾਹਾਰੀ ਪੰਛੀਆਂ ਇੱਲ ਆਦਿਕਾਂ ਨੇ ਰੱਜ ਰੱਜ ਕੇ ਮਾਸ ਖਾਧਾ ਮੁਰਦਿਆਂ ਦਾ। ੨. ਮੰਦ੍ਰਾਚਲ ਵਰਗੇ ਖੁੱਲੇ ਛੁੱਟੇ ਹੋਏ ਹਾਥੀਆਂ ਦੀ ਗਰਜ ਤੇ ਧੌਂਸਿਆਂ ਦੀ ਧੁੰਕਾਰ ਸੁਣਕੇ ਰਾਜੇ ਘਬਰਾ ਗਏ। (ਅ) ਮੰਦਰਾਂ ਤੋਂ ਨਿਕਲਕੇ ਹਾਥੀਆਂ ਦੀ ਗਰਜ"। ੩. ਐਸਾ ਜੁੱਧ ਕੀਤਾ ਕਿ ਜਦ ਸੁਰਗ ਲੋਕ ਵਿਚ ਸੁਣਿਆਂ ਗਿਆ ਤਾਂ ਦੇਵਤੇ ਆਪ ਦੇ ਹੀ ਜ਼ਿਕਰ ਵਿਚ ਲਗ ਗਏ, ਖਾਣ ਪੀਣ ਤਕ ਭੁੱਲ ਗਿਓ ਨੇ। ੪. ਸ੍ਰੀ ਗੁਰੂ ਗੋਬਿੰਦ ਜੀ ਦੇ ਮਦਾਨ ਵਿਚ ਮਾਰ ਕੇ ਸੁੱਟੇ ਹੋਏ ਵੈਰੀ (ਐਸੇ ਹੁਣ ਮਰੇ ਹਨ ਕਿ) ਕਾਲ ਹੀ ਆਪਣਾ ਚੱਕਰ (ਫੇਰਕੇ) ਕੋਈ ਸਮਾਂ ਬੀਤਣੇ ਪਰ ਮੁੜ ਸੁਰਜੀਤ ਕਰ ਸਕੇ ਤਾਂ ਕਰ ਸਕੇ।

ਮਹਾਂ ਬਾਹੁ ਬੀਰ ਗੁਰ ਗੋਬਿੰਦ ਤਿਹਾਰੇ ਤ੍ਰਾਸ,
ਬੈਰਨਿ ਕੀ ਸੈਨਾ ਬਨ ਬਨ ਬਿਚਰਤਿ ਹੈ।
ਗਹਿ ਕਰਵਾਰ ਕਾਢਿ ਕਾਟਿ ਕੈ ਦੂਜਨ ਦਲ,
ਫੇਰਿ ਜੁਰੇ ਜੋਗਨ ਜਮਾਤ ਬਿਹਰਤਿ ਹੈ।
ਸੈਹਥਿਨਿ ਹਨੇ ਰਿਪੁ ਹਾਥਨ ਕੇ ਘਾਇਨ ਤੇ,
ਰੁਧੂ ਧਾਰ ਐਸੀ ਬਹੀ ਆਸ ਨ ਧਰਤਿ ਹੈ।
ਆਗ ਲਗੇ ਧੂਮ ਭਏ ਘਰਨਿ ਅਕਾਰ ਸਮ,
ਮਾਨਹੁ ਝਰੋਖਨਿ ਝਰੱਪਨਿ ਕਰਤ ਹੈਂ।

੧. ਹੇ ਮਹਾਂਬਾਹੂ* ਸ੍ਰੀ ਗੁਰੂ ਗੋਬਿੰਦ ਸਿੰਘ ਜੀਓ ਵੈਰੀਆਂ ਦੀ ਸੈਨਾ ਆਪ ਦੇ ਡਰ ਤੋਂ ਬਨ ਬਨ ਵਿਚ ਫਿਰ ਰਹੀ ਹੈ (ਭਾਵ ਛੁਪੀ ਫਿਰਦੀ ਹੈ)। ੨. (ਮਿਆਨ ਤੋਂ) ਤਲਵਾਰ ਫੜ ਕੇ ਕੱਢੀ ਤੇ ਦੁਰਜਨਾਂ ਦੇ ਦਲਾਂ ਨੂੰ ਕੱਟ ਲਿਆ (ਜਿਨ੍ਹਾਂ ਦੇ ਸਿਰਾਂ ਨੂੰ ਲਈ) ਸ਼ਿਵਾ ਤੇ ਜੋਗਣੀਆਂ ਦੀ ਜਮਾਤ ਜੁੜਕੇ ਮਦਾਨ ਵਿਚ ਫਿਰ ਰਹੀ ਹੈ। ੩.(ਆਪਦੇ ਸੂਰਮਿਆਂ ਦੇ) ਹੱਥਾਂ ਤੋਂ ਸੈਹਥੀ (ਬਰਛੀ) ਨਾਲ ਮਾਰੇ ਗਏ ਦੁਸ਼ਮਨਾਂ ਦੇ ਘਾਵਾਂ ਤੋਂ ਐਸੀ ਲਹੂ ਧਾਰਾ ਵਹੀ ਕਿ ਬਚਨ ਦੀ ਆਸ ਚੁੱਕ ਗਈ। ੪. (ਜੈਸੇ ਕਿ) ਅੱਗ ਲਗਿਆਂ ਧੂਆਂ ਘਰਾਂ ਦੇ ਆਕਾਰ ਦਾ ਹੋ ਜਾਂਦਾ (ਘਰਾਂ ਵਿਚ ਭਰ ਜਾਂਦਾ ਹੈ) ਤਾਂ ਝਰੋਖਿਆਂ ਵਿਚੋਂ ਝੜਪ ਝੜਪ ਕਰ ਕੇ (ਅੱਗ ਦੀ ਲਾਟ ਨਿਕਲਦੀ ਹੈ (ਐਉਂ ਲਹੂ ਧਾਰਾ ਚਲ ਰਹੀ ਹੈ, ਤਦ ਫਿਰ ਕੀ ਆਸ ਬਚਣ ਦੀ ਹੋ ਸਕਦੀ ਹੈ)।

[ਅਵਿਤਾਰੜਾ]

ਸ੍ਰੀ ਮਤਿ ਅਨੁਸਾਰ ਕਵੀ ਇਸ ਛੰਦ ਵਿਚ ਸ੍ਰੀ ਗੁਰੂ ਜੀ ਨੂੰ ਹਰੀ ਦਾ ਅਵਤਾਰ ਮੰਨਦਾ ਤੇ ਗੁਣਾਂ ਸੰਯੁਕਤ ਵਰਣਨ ਕਰਦਾ ਹੈ:—

ਸਤਿਜੁਗ ਪ੍ਰਬਲ ਪ੍ਰਗਟ ਪਰਸਰਾਮ ਹ੍ਵੈ ਕੈ,

*ਅਰਬ ਅਰਾਕ=ਇਰਾਕ ਅਰਬ। ਘੋੜਿਆਂ ਲਈ ਪ੍ਰਸਿੱਧ ਦੇਸ਼। ਫਾ:, ਨਾਬ=ਨਾਯਾਬ, ਦੁਰਲਭ। (ਅ) ਸੁੰਦਰ, ਸੁੱਚ। ਰਕਾਬ=ਅਸੁਵਾਰੀ ਦਾ ਘੋੜਾ।

†ਦਿਨ ਦੂਤ=ਦਿਨ ਦਾ ਦੂਤ ਭਾਵ ਸੂਰਜ। (ਅ) ਦਿਨ ਦੂਤ=ਅਰੁਣ, ਸੂਰਜ ਦਾ ਰਥਵਾਹੀ।

‡ਹਯ ਵਿਰੱਥ=ਵਿ+ਰਥ+ਹਯ=ਓਹ ਘੋੜੇ ਜੋ ਰਥ ਵਿਚ ਨਾ ਲਗੇ ਹੋਣ, ਖਾਸ ਸੁਵਾਰੀ ਦੇ ਘੋੜੇ। (ਅ) ਹੇ ਗੁਰੂ ਜੀ ਤੁਹਾਡੇ ਬਖਸ਼ੇ ਘੋੜੇ ਐਸੇ ਹਨ ਕਿ ਜਿਨ੍ਹਾਂ ਨੇ, ਪਾ ਲਏ ਸੋ ਬਿਰਥਾ ਨਹੀਂ ਗਏ, ਇੰਦਰ ਹੋ ਗਏ।

*ਲੰਮੀਆਂ ਬਾਹਾਂ ਵਾਲਾ, ਆਜਾਨੁ ਬਾਹੁ, ਬਲਵਾਨ।

†ਜੋਗਿ=ਭਾਵ ਸ਼ਿਵ।

ਛੇਕ ਛਾਡੇ ਛੱਤ੍ਰੀ ਕਰ ਕਾਹੂੰ ਅੱਤ੍ਰ ਨਾ ਧਰਯੋ* ।
ਤ੍ਰੇਤੈ ਰਘੁਨਾਥ ਹ੍ਵੈ ਕੇ ਰਾਵਨ ਸਨਾਥ ਕੀਨੋ,
ਗੀਧਨ ਖੁਵਾਯੋ ਮਾਸ ਲੰਕਪਤਿ ਜੌ ਲਰਯੋ† ।
ਦ੍ਵਾਪਰ ਕਨ੍ਹਾਈ ਬਨਿ‡ ਬਾਂਸਰੀ ਬਜਾਈ ਸੁਨਿ,
ਸੁਰ ਨਰ ਮੁਨਿ ਕਾਹੂੰ ਧੀਰ ਨ ਤਬੈ ਕਰਯੋ[A] ।
ਕਲਿਜੁਗ ਤਾਰਿਬੇ ਕੋ, ਸਾਧਨ ਕੇ ਪਾਰਬੇ ਕੋ,
ਸੁੰਦਰ ਸਰੂਪ ਗੁਰੂ ਗੋਬਿੰਦ ਹ੍ਵੈ ਅਵਤਰਯੋ[B] ।

[ਅਦੁਤੀ ਚਾਤਾ]

ਜੌਨੈ ਦੇਸ਼ ਜੱਯਤਿ ਨਰੇਸ਼ਨਿ ਕੇ ਪਾਸ ਤਹਾਂ,
ਠੌਰ ਠੌਰ ਤੁਮਰੋ ਹੀ ਜਸ ਗਾਈਯਤਿ ਹੈ ।
ਪਾਇ ਗਏ ਤੇਰੇ ਪਾਇਗਹੇ ਪਾਈਯਤਿ, ਕਹੂੰ
ਔਰ ਜਾਇ ਗਰਜ਼ਾਇ ਗਰੋ ਪਾਈਯਤਿ ਹੈ ।
ਐਸੇ ਗੁਰ ਗੋਬਿੰਦ ਕੀ ਸੁਕਬਿ ਸ਼ਰੱਨ ਤਾਂਕੋ
ਪੂਰਨ ਪ੍ਰਤਾਪ ਜਾਂਕੋ ਜੱਗ ਛਾਈਯਤਿ ਹੈ ।
ਰਾਜੀ ਹੂਜੀਯਤਿ ਗਾਜੀਯਤ ਜਾਂਕੇ ਦਰਬਾਰ,
ਘਰ ਬਾਜੀ ਬਾਂਧ ਬਾਜੀ ਲੈਨ ਆਈਯਤ ਹੈ[C] ।

੧. ਜਿਸ ਜਿਸ ਦੇਸ਼ ਦੇ ਰਾਜਿਆਂ ਦੇ ਕੋਲ ਜਾਂਦੇ ਹਾਂ ਓਥੇ ਹਰ ਥਾਵੇਂ ਆਪ ਦਾ ਜਸ ਹੀ ਗਾਇਆ ਜਾਂਦਾ ਹੈ । ੨. (ਜਦ) ਤੇਰੇ ਚਰਨ ਪਕੜ ਲਈਦੇ ਹਨ, ਤਾਂ ਮਰਤਬਾ ਪਾ ਲਈਦਾ ਹੈ, ਕਿਤੇ ਹੋਰ ਥੇ ਜਾ ਕੇ ਗਰਜ਼ਮੰਦ ਹੋਈਏ ਤਾਂ ਗਿਰਾਉ ਪਾਈਦਾ ਹੈ[D] । ੩. ਹੇ ਕਵਿ ! ਐਸੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਤੱਕੋ ਜਿਸ ਦਾ ਪੂਰਨ ਪ੍ਰਤਾਪ ਜਗਤ ਤੇ ਛਾ ਰਿਹਾ ਹੈ । ੪. ਜਿਸ ਦੇ ਦਰਬਾਰ ਵਿਚ ਜਦ ਗੱਜੀਦਾ ਹੈ (ਭਾਵ ਕਵਿਤਾ ਕਹੀਦੀ ਹੈ ਤਾਂ ਦਾਨ ਸਨਮਾਨ ਐਨਾ ਮਿਲਦਾ ਹੈ ਕਿ) ਰਾਜ਼ੀ ਹੋ ਜਾਈਦਾ ਹੈ, (ਇਕ) ਘੋੜਾ (ਦਾਨ ਮਿਲਿਆ) ਘਰ ਬੰਨ੍ਹ ਕੇ (ਇਕ ਹੋਰ) ਘੋੜਾ ਲੈਣ ਫੇਰ ਆ ਜਾਈਦਾ ਹੈ ।

[ਜਸਵਾਰੀਆਂ ਦੇ ਹਾਥੀ ਦਾ ਝਾਕਾ]

ਸ੍ਵੈਯਾ—ਸ੍ਰੀ ਗੁਰ ਗੋਬਿੰਦ ਖੱਗ ਗਹਯੋ, ਅਰਿ
ਫੌਜਨ ਕੇ ਇਭ ਸੈਲ ਬਿਭੈਲਹਿ ।
ਸਾਂਗ ਸੰਭਾਰਿ ਦਈ ਗਜ ਸੀਸ,
ਅਸੀਸ ਦਈ ਹਰਿ ਘੂਮਤਿ ਗੈਲਹਿ ।
ਘਾਇਨ ਤੇ ਭਭਕੈ ਨਿਜ ਸ਼੍ਰੌਨ
ਫੁਹਾਰਨ ਲੌ ਉਪਮਾ ਛਬਿ ਫੈਲਹਿ ।
ਦੋ ਭੁਜ ਹੇਲ ਮਨੋ ਹਨੁਮਾਨ
ਹਿਲਾਵਤਿ ਜਾਨਿ ਸੰਜੀਵਨਿ ਸੈਲਹਿ ।

੧. (ਬਚਿੱਤ੍ਰ ਸਿੰਘ ਦੇ ਪੁਰੋਏ ਹਾਥੀ ਦਾ ਰੂਪਕ ਹੈ: (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਤਲਵਾਰ ਪਕੜੀ ਤਾਂ ਵੈਰੀ ਪਹਾੜੀਆਂ ਨੇ ਫੌਜਾਂ (ਦੇ ਅੱਗੇ) ਹਾਥੀ ਪ੍ਰੇਰਿਆ* । ੨. (ਜਦੋਂ ਬਚਿੱਤ੍ਰ ਸਿੰਘ ਨੇ) ਸਾਂਗ ਸੰਭਾਲੀ ਤੇ ਹਾਥੀ ਦੇ ਸਿਰ ਵਿਚ ਖੋਭ ਦਿੱਤੀ ਤਾਂ ਹਾਥੀ ਨੇ (ਸਿਰ ਨਿਵਾਇਆ ਮਾਨੋ) ਅਸੀਸ ਦਿੱਤੀ ਤੇ ਪਿਛਲੇ ਪਾਸੇ ਮੁੜ ਪਿਆ† । ੩. (ਹਾਥੀ ਦੇ) ਆਪਣੇ ਘਾਵਾਂ ਤੋਂ ਲਹੂ ਐਉਂ ਫੁਟਿਆ ਕਿ ਫੁਹਾਰਿਆਂ ਦੀ ਉਪਮਾ ਦੀ ਸੁੰਦਰਤਾ ਫੈਲੀ । ੪. (ਸਾਂਗ ਕੱਢਣ ਵੇਲੇ ਦੀ ਉਪਮਾ:—) ਮਾਨੋ ਹਨੂਮਾਨ ਆਪਣੀਆਂ ਦੋ ਬਾਹਵਾਂ ਨਾਲ ਘੁਮਾ ਕੇ ਸੰਜੀਵਨੀ ਬੂਟੀ ਦੇ ਪਰਬਤ ਨੂੰ ਹਿਲਾ ਰਿਹਾ ਹੈ (ਭਾਵ ਬਚਿੱਤ੍ਰ ਸਿੰਘ ਹਨੂਮਾਨ ਹੈ, ਹਾਥੀ ਪਰਬਤ ਹੈ, ਲਹੂ ਦਾ ਫੁਹਾਰਾ ਸੰਜੀਵਨੀ ਬੂਟੀ ਹੈ ।)

[ਜੰਗ ਦੇ ਬਾਦ ਦਾ ਝਾਕਾ]

ਮਹਾਂਬਾਹੁ ਬਿਰਚ ਬਨੈਤਿ ਗੁਰੂ ਗੋਬਿੰਦ ਜੀ
ਅਰਿ ਗਜ ਮਾਰਿ ਡਾਰੇ ਮਾਨੋ ਦਰਖਤ ਹੈ ।
ਭੈਰੋਂ ਔ ਬਿਤਾਲ ਭੂਤ ਕਰਤ ਬਿਹਾਰ ਤਹਾਂ
ਹਾਰ ਕਰਿਬੇ ਕੋ ਮੁਖੀਪੰਚ ਪਰਖਤਿ ਹੈ ।

---

*ਮੁਕਾਬਲੇ ਤੇ ਕੋਈ ਹੱਥ ਵਿਚ ਸ਼ਸਤ੍ਰ ਫੜਕੇ ਨਾ ਆਇਆ । †ਲੰਕਾਪਤੀ (ਰਾਵਨ) ਨਾਂ ਲੜਿਆ ਤਾਂ ਉਸ ਦੇ (ਲਸ਼ਕਰ ਦਾ) ਮਾਸ ਗਿੱਧਾਂ ਨੂੰ ਖੁਵਾਇਆ । ‡ਕ੍ਰਿਸ਼ਨ ਬਣਕੇ । Aਕਿਸੇ ਨੇ ਬੀ ਧੀਰਜ ਨਾ ਕੀਤਾ, ਭਾਵ ਸਾਰੇ ਮੋਹਿਤ ਹੋ ਗਏ ।

Bਇਹ ਛੰਦ ਹਸਰਾਮ ਦੇ ਛਾਪ ਵਾਲੇ ਛੰਦਾਂ ਦੇ ਬਾਦ ਲਿਖਿਆ ਮਿਲਦਾ ਹੈ, ਹੋ ਸਕਦਾ ਹੈ ਉਸੇ ਦਾ ਹੋਵੇ, ਪਰ ਜੇ ਅਖੀਰਲੇ ਬੰਦ ਦੇ ਪਦ 'ਸੁੰਦਰ' ਨੂੰ ਸਲੇਖ ਸਮਝੀਏ ਤਾਂ ਇਹ ਸੁੰਦਰ ਕਵੀ ਦਾ ਬੀ ਸਹੀ ਹੁੰਦਾ ਹੈ, ਜਿਸ ਦੇ ਦੋ ਛੰਦ ਪਿਛ ਦੇ ਆਏ ਹਾਂ ।

Cਜੇ ਸ਼ਾਰਦਾ ਨੂੰ ਕਵਿਛਾਪ ਮੰਨੀਏ ਤਾਂ ਇਹ ਛੰਦ ਸੂ: ਪ੍ਰ: ਮੂਜਬ ਉਸ ਦੇ ਛਾਪ ਵਾਲੇ ਦੇ ਮਗਰੋਂ ਹਣ ਕਰਕ ਉਸ ਦਾ ਸੰਭਾਵਿਤ ਹੋ ਸਕਦਾ ਹੈ । ਪਰ ਬਾ: ਸੁ: ਸਿੰ: ਮੂਜਬ ਇਹ ਹਸਰਾਮ ਦੇ ਛਾਪ ਵਾਲੇ ਛੰਦਾਂ ਦੇ ਬਾਦ ਆਏ ਬੇ ਛਾਪਾਂ ਵਿਚੋਂ ਹੈ, ਸੋ ਹਾਲੇ ਸੰਭਾਵਨਾ ਇਸ ਦੇ ਹੰਸਰਾਮ ਦਾ ਹੀ ਹੋਣ ਦੀ ਹੈ । ਇਸ ਤੋਂ ਅਗਲੇ ਦੋ ਛੰਦ ਸੂ: ਪ੍ਰ: ਵਿਚ ਇਸ ਦੇ ਨਾਲ ਹੀ ਆਏ ਹਨ, ਇਸ ਕਰਕੇ ਹਾਲੇ ਉਨ੍ਹਾਂ ਨੂੰ ਬੀ ਹੰਸਰਾਮ ਵਾਲਿਆਂ ਵਿਚ ਹੀ ਥਾਂ ਦੇਂਦੇ ਹਾਂ ।

D[ਫਾ:, ਪਾਏਗਾਹ=ਦਰਜਾ, ਮੁਰਾਤਬਾ । ਗਰਜ਼ਾਇ=ਗ਼ਰਜ਼ਮੰਦ ਹੋਈ ਏ । ਅ:, ਗ਼ਰਜ਼=ਲੋੜ] ।

*(ਅ) ਇਭਸੈਲ=ਪਹਾੜੀਆ ਨੇ ਹਾਥੀ ਟੋਰਿਆ, [ਸੰਸ:, ਇਭ=ਹਾਥੀ] । †ਹਰਿ=ਹਾਥੀ । ਘੂਮਤਿ ਗੈਲਹਿ=ਰਸਤਾ ਮੋੜ (ਗਿਆ)] ।

ਲਹੂ ਕੀਚ ਭਰੇ ਗਜ ਮੋਤੀ ਲੈ ਗਗਨ ਗੀਧ,
ਗਰਜੇ ਅਗਨ ਦੇਖੇ ਹਰ ਹਰਖਤ ਹੈ।
ਧੋਖੇ ਨ ਭਖਤਿ, ਛੁਟ ਧਰਨ ਲਖਤਿ ਮਨੋ,
ਬਿਥਰੇ ਹੈ ਬਾਦਰ ਨਖਤ ਬਰਖਤ ਹੈ।

੧. ਆਜਾਨ ਬਾਹੁ ਦੂਰੂ ਗੋਬਿੰਦ ਸਿੰਘ ਜੀ ਸਨੱਧਬੱਧ ਹੋਕੇ ਜਦ (ਜੁੱਧ ਵਿਚ ਵਿਚਰੇ ਹਨ ਤਾਂ) ਦੁਸ਼ਮਨ ਐਉਂ ਮਾਰੇ ਗਏ ਜਿਵੇਂ ਹਾਥੀ ਨੇ ਬ੍ਰਿੱਛ ਤੋੜੇ ਹਨ*। ੨. ਭੈਰੋਂ ਤੇ ਭੂਤ ਬੈਤਾਲ ਓਥੇ ਫਿਰਦੇ ਹਨ, ਸ਼ਿਵਜੀ ਹਾਰ ਪ੍ਰੋਣ ਲਈ (ਕੱਟੇ ਪਏ ਸਿਰਾਂ ਨੂੰ ਪਰਖਦੇ ਹਨ। ੩. ਲਹੂ ਦੇ ਚਿਕੜ ਦੇ ਭਰੇ ਗਜਮੋਤੀ ਗਿੱਧਾਂ ਲੈਕੇ ਅਕਾਸ਼ ਵਿਚ ਜਦ ਉਡਦੀਆਂ (ਉਨ੍ਹਾਂ ਮੋਤੀਆਂ ਨੂੰ) ਅਗਨ ਰੂਪ ਦੇਖ ਕੇ ਗਜਦੀਆਂ ਹਨ ਤਾਂ ਸ਼ਿਵਜੀ(ਇਹ ਦੇਖ ਕੇ) ਖੁਸ਼ ਹੁੰਦੇ ਹਨ। ੪. (ਗਿਰਝਾਂ ਗਜ ਮੋਤੀਆਂ ਨੂੰ ਅੱਗ ਦੇ ਭੁਲੇਖੇ) ਖਾਂਦੀਆਂ ਨਹੀਂ, (ਸੋ ਉਹ) ਛੁਟ ਕੇ ਧਰਤੀ ਵਲ ਡਿਗਦੇ ਹਨ,ਬਿਥਰੇ ਹੋਏ (ਡਿਗਦੇ) ਮੋਤੀ ਐਉਂ ਲਖੀਦੇ ਹਨ ਕਿ ਮਾਨੋਂ ਬੱਦਲਾਂ ਤੋਂ ਤਾਰੇ ਬਰਸ ਰਹੇ ਹਨਾਂ।

ਮੰਗਲ

ਅਨੰਦ ਦਾ ਵਾਜਾ ਨਿਤ ਵਜਦਾ ਅਨੰਦ ਪੁਰ,
ਸੁਣਿ ਸੁਣਿ ਸੁਧ ਭੁੱਲਦੀ ਏ ਨਰ ਨਾਹ ਦੀ‡।
ਭੈ ਭਯਾ ਭਭੀਸ਼ਣੇ ਨੂੰ ਲੰਕਾ ਗੜ੍ਹ ਵੱਸਣੇ ਦਾ,
ਫੇਰ ਅਸਵਾਰੀ ਆਂਵਦੀ ਏ ਮਹਾਂ ਬਾਹੁ ਦੀ§।

ਬਲਛਡ ਬਲ* ਜਾਇ ਛਪਿਆ ਪਤਾਲ ਵਿਚ,
ਫਤੇ ਦੀ ਨਿਸ਼ਾਨੀ ਜੈਂਦੇਦ੍ਵਾਰ ਦਰਗਾਹ ਦੀਂ।
ਸਵਣ ਨ ਦੇਂਦੀ ਸੁਖ ਦੁੱਜਨਾ ਨੂੰ ਰਾਤ ਦਿਨ,
ਨੌਬਤ‡ ਗੋਬਿੰਦ ਸਿੰਘ ਗੁਰੂ ਪਾਤਸ਼ਾਹ ਦੀ§।

[ਅਦੁਭੀ ਦਾਤਾ]

ਦਿੱਜਨ ਕੇ ਦਲ, ਜੋਗੀ ਜੰਗਮ ਜਮਾਤ ਦ੍ਵਾਰ,
ਬੰਦੀਜਨ ਕਿੱਤ ਕਹੈਂ, ਜਗਤ ਮੈਂ ਜਾਹਿ ਕੀ।
ਸ਼ੋਭਾ ਸ਼ੁਭ ਲੇਤਿ ਦੇਤਿ ਲੱਛਨ ਕੇ ਲੱਛ ਰੋਜ,
ਦੇਖਿ ਦੇਖਿ ਸੁਧਿ ਭੂਲ ਜਾਤਿ ਸੁਰ ਨਾਹ ਕੀ।
ਗੋਬਿੰਦ ਗੁਰੂ ਕੋ ਦਾਨ ਮਾਲਮ ਜਹਾਨ ਭਯੋ,
ਭਿੱਛਕ ਕੀਏ ਹੈਂ ਭੂਪ,ਪਰਵਾਹ ਨ ਕਾਹਿ ਕੀ।
ਬਲਿ,ਬੈਨ, ਬਿੱਕ੍ਰਮ ਨ ਭੋਜ ਹੂੰ ਮੈਂ ਮੌਜ ਐਸੀ,
ਜਾਂਕੀ ਏਕ ਮੌਜ ਨਵਰੋਜ ਪਾਤਸ਼ਾਹ ਕੀ[]।

੧.੨. (ਜਿਸਦੇ) ਦ੍ਵਾਰੇ ਤੇ ਬ੍ਰਹਮਣਾਂ ਦੇ ਦਲ, ਜੋਗੀ ਜੰਗਮਾਂ ਦੀਆਂ ਜਮਾਤਾਂ ਤੇ ਕਿਤਨੇ ਹੀ ਯਸ਼ ਗਾਇਣ ਵਾਲੇ ਹਨ। ਜਗਤ ਵਿਚ ਜਿਸਦੀ ਸ਼ੁਭ ਸ਼ੋਭਾ (ਹੋ ਰਹੀ ਹੈ ਕਿ) ਖੁਸ਼ੀ ਨਾਲ ਦਿੰਦੇ ਹਨ(ਗੁਰੂ ਜੀ ਤੇ) ਲੈਂਦੇ ਹਨ (ਯਾਚਕ) ਲੱਖਾਂ ਦੇ ਲੱਖ ਕਿ ਵੇਖ ਵੇਖ ਕੇ ਇੰਦਰ ਦੀ ਹੋਸ਼ ਭੁੱਲ ਜਾਂਦੀ ਹੈ। ੩. ਗੁਰੂ ਗੋਬਿੰਦ ਸਿੰਘ ਜੀ ਦਾ ਦਾਨ ਜਹਾਨ ਨੂੰ ਮਲੂਮ ਹੋ ਗਿਆ ਹੈ ਜਿਸਨੇ ਮੰਗਤੇ ਜੋ ਸਨ ਉਹ ਰਾਜੇ ਕਰ ਦਿਤੇਹਨ ਤੇ ਕਿਸੇ ਚੀਜ਼ ਦੀ ਪਰਵਾਹਨਹੀਂ ਰਹਿਣ ਦਿੱਤੀ। ੪. (ਪਿਛਲੇ ਸਮੇਂ) ਬਲਿ, ਬੈਨ ਵਿਕ੍ਰਮ ਤੇ ਭੋਜ (ਆਦਿ) ਰਾਜਿਆਂਵਿਚ ਉਹ ਬਖਸ਼ਿਸ਼ਨਹੀਂ

---

*(ਅ) ਵੈਰੀ ਤੇ ਹਾਥੀ ਇਛਾਂ ਵਾਙੂ ਕੱਟੇ।

†ਦੂਸਰੇ ਅਰਥ–ਲਹੂ ਚਿੱਕੜ ਭਰੇ ਗਜ ਮੋਤੀ ਅਣਗਿਣਤ ਗਿਰਝਾਂ ਲੈਕੇ ਘੁਰ ਘੁਰ ਕਰਦੀਆਂ ਆਕਾਸ਼ ਚੜ੍ਹਦੀਆਂ ਹਨ, ਸ਼ਿਵਜੀ ਦੇਖਕੇ ਹੱਸਦੇ ਹਨ, ਰੱਜੀਆਂ ਹੋਈਆ (ਗਿਰਝਾਂ) ਮੋਤੀਆਂ ਨੂੰ ਖਾਂਦੀਆਂ ਨਹੀਂ, ਧਰਤੀ ਤੇ ਸਿੱਟ ਦੇਂਦੀਆਂ ਹਨ, (ਗਿਰਝਾਂ) ਅਕਾਸ਼ ਤੇ ਉਡਦੀਆਂ ਐਉਂ ਦਿਖਾਈ ਦੇਂਦੀਆਂ ਹਨ ਕਿ ਮਾਨੋ ਖਿਲਰੇ ਹੋਏ ਬੱਦਲ ਹਨ (ਤੇ ਮੋਤੀ ਉਨ੍ਹਾਂ ਤੋਂ ਡਿਗ ਕੇ ਐਉਂ ਲਗਦੇ ਹਨ ਕਿ ਮਾਨੋ) ਤਾਰੇ ਬਰਸ ਰਹੇ ਹਨ। [ਗਜ ਮੋਤੀ= ਉਹ ਮੋਤੀ ਜੋ ਹਾਥੀ ਦੇ ਮੱਥੇ ਵਿਚੋਂ ਨਿਕਲਦਾ ਮੰਨਿਆ ਜਾਂਦਾ ਹੈ। ਅਗਨ=ਅੱਗ ਵਿਚੋਂ, ਅਥਵਾ ਅਣਗਿਣਤ। ਹਰ=ਸ਼ਿਵ। ਧੋਖੇ=ਭੁਲੇਖੇ, ਅਥਵਾ ਰੱਜੀਆਂ ਹੋਈਆਂ]।

‡ਰਾਜਿਆਂ ਦੀ ਹੋਸ਼ ਭੁਲ ਜਾਂਦੀ ਹੈ। §ਭਭੀਖਣ ਨੂੰ ਲੰਕਾ ਗੜ੍ਹ ਵੱਸਣ ਦਾ ਭੈ ਪੈ ਰਿਹਾ ਹੈ ਕਿ ਮਹਾਂ ਬਾਹੁ ਜੀ ਦੀ ਅਸਵਾਰੀ ਫੇਰ ਆ ਰਹੀ ਹੈ, ਭਾਵ ਕਿ ਅੱਗੇ ਰਾਵਣ ਨੂੰ ਕੱਢਕ ਮੈਨੂੰ ਦੇ ਗਏ ਸਨ, ਹੁਣ ਮਤਾਂ ਮੈਨੂੰ ਕਢਕੇ ਕਿਸੇ ਹੋਰ ਨੂੰ ਦੇਣ ਨਾ ਆ ਰਹੇ ਹੋਣ। [ਮਹਾਬਾਹੁ=ਲੰਮੀਆਂ ਬਾਹਾਂ ਵਾਲੇ ਭਾਵ ਆਜਾਨੁ ਬਾਹੁ]।

*ਬਲ ਰਾਜਾ ਬਲ ਛਡ ਕੇ। †ਦਰਗਾਹ ਦੀ ਮਿਲੀ ਫਤਹ ਦੀ ਨਿਸ਼ਾਨੀ ਜਿਸ (ਗੁਰ ਜੀ ਦੇ) ਦਰ ਤੇ ਹੈ। ‡ਸ਼ਾਇਦ ਕਵੀ ਦਾ ਭਾਵ ਰਣਜੀਤ ਨਗਾਰੇ ਤੋਂ ਹੈ [ਅਰਬੀ, ਨੌਬਤ=ਨਗਾਰਾ।]

§ਨੋਟ: ਪ੍ਰ: ਪ੍ਰ ਵਿਚ ਇਸ ਛਦ ਤੋਂ ਅਗਲੇ ਛਦ ਵਿਚ ਮੰਗਲ ਦਾ ਨਾਮ ਆਇਆ ਹੈ। ਇਹ ਵੀ ਛੰਦ ਮੰਗਲ ਦਾ ਹੀ ਹੈ। ਮੰਗਲ ਪੰਜਾਬੀ ਦਾ ਚੰਗਾ ਕਵੀ ਹੋਇਆ ਹੈ, ਇਹ ਚਾਲ ਤੇ ਬੰਦਬ ਉਸੇ ਦੀ ਸਹੀ ਪਈ ਹੁੰਦੀ ਹੈ। (ਇਹ ਛੰਦ ਸ: ਪ: ਤੇ ਬਾ: ਸ: ਸਿੰਘ ਜੀ ਦੇਹਾ ਵਿਚ ਮੰਗਲ ਦੇ ਛਾਪ ਵਾਲੇ ਦੇ ਨਾਲ ਦਿੱਤਾ ਹੈ। ਇਸ ਵਿਚ ਪਹਿਲੇ ਛੰਦ ਦਾ ਮਜਮੂਨ ਹੀ ਜਾਰੀ ਹੈ। ਜਿਸ ਦੀ ਪਹਿਲੀ ਸਤਰ ਹੈ–'ਪ੍ਰਥਮ ਪੁਰਖ ਅਵਤਾਰ ਆਨ ਲੀਨ-ਆਪ'। ਉਸ ਵਿਚ ਕਿਸੇ ਮਿੱਤਰ ਨੂੰ ਅਨੰਦਪੁਰ ਸੱਦਿਆ ਹੈ ਤ ਇਸ ਛੰਦ ਵਿਚ ਦੱਸਿਆ ਹੈ ਕਿ ਇਥੇ ਪਾਤਸ਼ਾਹਾਂ ਦੇ ਨੇਰ੍ਹ ਦੀ ਬਖਸ਼ਸ਼ ਰੋਜ਼ ਹੁੰਦੀ ਹੈ, ਸੋ ਇਹ ਮੰਗਲ ਦਾ ਹੀ ਸਮਝਣਾ ਠੀਕ ਹੈ। ਚਾਲ ਬੰਦਬ ਭੀ ਉਸੇ ਦੀ ਸਹੀ ਹੁੰਦੀ ਹੈ। ਉਪਰਲੇ ਪੰਜਾਬੀ ਦੇ ਛੰਦ ਦੇ ਤੁਕਾਂਤ 'ਨਾਹ ਦੀ' 'ਬਾਹ ਦੀ' ਦੇ ਮੁਲਵੇਂ ਤੁਕਾਂਤ ਇਸ ਵਿਚ ਥੀ ਆਏ ਹਨ, 'ਨਾਹ ਕੀ' 'ਜਾਹਿ ਕੀ'।

ਹੈਸੀ, (ਜੋ ਗੁਰੂ ਜੀ ਵਿਚ ਹੈ ਤੇ ਅਜਕਲ ਦੇ) ਪਾਤਸ਼ਾਹਾਂ ਦੇ ਨੌਰੋਜ਼ ਐਸੀ ਬਖਸ਼ਿਸ਼(ਗੁਰੂ ਜੀ ਦੀ ਇਕ ਨੌਜ਼ ਦੀ) ਬਖਸ਼ਿਸ਼ ਦੇ ਸਮਾਨ ਹੁੰਦੀ ਹੈ*।

[ਗੁਰੂ ਜੀ ਦੀ ਪਾਤਸ਼ਾਹੀ ਸੱਚੀ ਪਾਤਸ਼ਾਹੀ ਹੈ ਭਾਵ ਅਵਤਾਰ ਹਨ]

ਰਾਵਣ ਤੇ ਛੀਨ ਦਈ ਬਖਸ਼ ਬਿਭੀਖਣ ਕੋ,
ਬਾਵਨ ਹ੍ਵੈ ਬਾਂਧਯੋ ਬਲਿ† ਜਬਿ ਤੁਮ ਚਾਹੀ ਹੈ।
ਕਬਿ ਚਾਰਮੁੱਖ ਰਚਯੋ ਖੰਭ ਬੀਚ ਨਰਸਿੰਘ
ਪ੍ਰਹਲਾਦ ਜੂ ਕੀ ਪੈਜ ਪੂਰਨ ਨਿਬਾਹੀ ਹੈ‡।
ਗੁਰੂ ਜੀ ਗੋਬਿੰਦ ਰਾਇ ਚਾਹੇ ਤੁਮ ਸੋਈ ਕਰੋ,
ਬੂਝਿ ਦੇਖੋ ਬੇਦ ਇਸ ਬਾਤ ਕੋ ਉਗਾਹੀ ਹੈ§।
ਔਰ ਪਾਤਸ਼ਾਹੀ ਸਭ ਲੋਗਨਿ ਕੋ ਪਾਤਸ਼ਾਹ,
ਪਾਤਸ਼ਾਹੋਂ ਪਰ ਸਾਚੀ ਤੇਰੀ ਪਾਤਸ਼ਾਹੀ ਹੈ[]।

[ਗੁਰੂ ਜੀ ਦੀ ਛੜੀ]

ਅਸੁਰ ਬਿਦਾਰਿਬੇ ਕੋ, ਦੁਰਪਤਿ ਪਾਰਬੇ ਕੋ,
ਭਗਤ ਉਧਾਰਿਬੇ ਕੋ ਮੁਕਤਿ ਕੀ ਜਰੀ ਹੈ।
ਅਰਿ ਦਲ ਭੰਜਿਬੇ ਕੋ, ਗਾਢੇ ਗੜ ਗੰਜਬੇ ਕੋ,
ਸਭਿ ਸੁਖ ਸੰਜਿਬੇ ਕੋ ਮਹਾਂ ਸੁਖ ਭਰੀ ਹੈ।
ਕਰਤ ਕਲੋਲ ਗੁਰ ਗੋਬਿੰਦ ਕੇ ਕਰ ਮਾਂਹਿ,
ਚੱਕ੍ਰ ਸਾਥ ਹ੍ਵੈ ਤੇ ਮਾਰਿਬੇ ਕੀ ਬਿਧਿ ਪਰੀ ਹੈ।
ਫਤੇ ਕੀ ਨਿਸ਼ਾਨੀ ਯਹ ਪੂਰਬ ਜਨਮ ਹ੍ਵੈ ਕੀ,
ਤਬ ਹੁਤੀ ਗਦਾ ਅਬ ਸਜਾਮ ਰੰਗ ਛਰੀ ਹੈ*।

੧. ਦੈਤਾਂ ਨੂੰ ਮਾਰਨ ਨੂੰ, ਇੰਦਰ ਨੂੰ ਪਾਲਣ ਨੂੰ, ਭਗਤਾਂ ਦੇ ਤਾਰਨ ਨੂੰ ਇਹ ਮੁਕਤੀ ਦੀ ਜੜ੍ਹੀ (ਬੂਟੀ) ਹੈ। ੨. ਵੈਰੀ ਦਲ ਦੇ ਭੰਨਣ ਨੂੰ, ਪੱਕੇ ਕਿਲ੍ਹੇ ਤੋੜਨ ਨੂੰ, ਸਾਰੇ ਸੁਖ ਕੱਠੇ ਕਰਨ ਨੂੰ ਇਹ ਮਹਾਨ ਸੁਖਾਂ ਦੀ ਪੰਡ ਹੈ। ੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਕਲੋਲ ਕਰ ਰਹੀ (ਇਹ ਛੜੀ) ਚਕ੍ਰ ਨਾਲ ਰਹੀ ਹੋਣ ਕਰਕੇ (ਦੋਹੀਆਂ ਨੂੰ) ਮਾਰਨ ਦੀ ਰੀਤੀ ਵਿਚ (ਬੀ) ਪੈ ਗਈ ਹੋਈ ਹੈ, (ਚੱਕ੍ਰ ਵਿਚ ਇਸ਼ਾਰਾ ਸੁਦਰਸ਼ਨ ਚੱਕ੍ਰ ਵਲ ਹੈ ਕਿ ਉਸ ਚੱਕ੍ਰ ਦੇ ਨਾਲ ਗਦਾ ਦੀ ਸ਼ਕਲ ਵਿਚ ਇਹ ਛੜੀ ਵਿਸ਼ਨੂੰ ਦੇ ਹੱਥਾਂ ਵਿਚ ਰਹੀ ਹੈ, ਗੁਰੂ ਜੀ ਨੂੰ ਕਵੀ ਇਥੇ ਵਿਸ਼ਨੂੰ ਰੂਪ ਵਰਣਨ ਕਰ ਰਿਹਾ ਹੈ)। ੪. ਪਹਿਲੇ ਜਨਮ ਵਿਚ ਇਹ (ਵਿਸ਼ਨੂੰ ਦੀ) ਗਦਾ ਹੁੰਦੀ ਸੀ ਤੇ ਹੁਣ ਕਾਲੇ ਰੰਗ ਦੀ ਸੋਟੀ ਹੈ, ਸੋ ਇਹ ਅਪਣੇ ਪਹਿਲੇ ਜਨਮ (ਗਦਾ ਹੋਣ) ਤੋਂ (ਹੀ) ਫਤਹ ਦੀ ਨਿਸ਼ਾਨੀ ਹੈ।

ਹੀਰ

[ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ]

ਜਾਪਦਾ ਹੈ ਕਿ ਹੀਰ ਕਵੀ ਅੰਮ੍ਰਿਤ ਛਕਣ ਦੇ ਬਾਦ ਤੇ ਖਾਲਸੇ ਦੇ ਮੂਰਤਿਮਾਨ ਹੋ ਜਾਣ ਦੇ ਮਗਰੋਂ ਆਨੰਦ ਪੁਰ ਵਿਚ ਹੀ ਸੀ। ਇਕ ਕਬਿੱਤ ਵਿਚ ਇਹ ਸਿੰਘ ਦਾ ਰੂਪ ਬੰਨ੍ਹਦਾ ਹੈ, ਜਿਸ ਵਿਚ ਸਿੰਘ ਦੀ ਬੀਰਤਾ ਤੇ ਤਿਆਰ ਬਰ ਤਿਆਰ ਦਰਸ਼ਨ ਅਤੇ ਆਪਣੀ ਅੱਖੀਂ ਡਿੱਠਾ ਦਰਸ਼ਨ ਕਰਵਾਉਂਦਾ ਹੈ।

ਚਢਤ ਹੀ ਬਾਜੀ ਚਢਜੋ ਗਾਢੇ ਗਢ ਚਾਹਿਬੇਂ ਕਉ,
ਦਾਹਿਬੇ ਕਉ ਦੁੱਖ ਰੀਝੈ ਬਰ ਜਜੋਂ ਭਵਾਨੀ ਕੋ।
ਆਵਤ ਹੀ ਦਾਢੀ ਛਾਤੀ ਦਾਢੀ ਛਿਤਪਾਲਨ ਕੀ,
ਰਜ ਕੇ ਕਰੱਯਾ ਉਨ ਹੀ ਕੀ ਰਧਜਾਨੀ ਕੋ।
ਮਹਾਂ ਬਾਹੂ ਗੁਰੂ ਜੀ ਗੋਬਿੰਦ ਸਿੰਘ ਪਾਰਥ ਜਜੋਂ,
ਭਾਰਥ ਕੋ ਜੀਤ ਲੇਤ ਬਸੁਧਾ ਬਿਰਾਨੀ ਕੋ।
ਪਾਗ ਹ੍ਵੈ ਕੇ ਬਾਂਧਿਬੇ ਕਛੂਕ ਦਿਨ ਪੀਛੇ ਸੀਖਜ,

---

*ਨੌਰੋਜ਼=ਸਾਲ ਦਾ ਨਵਾਂ ਦਿਨ, ਜੋ ਈਰਾਨੀ ਹਿਸਾਬ ਮੁਜਬ ੨੨ ਮਾਰਚ ਤੇ ਢੁਕਦਾ ਹੈ। ਪਾਤਸ਼ਾਹ ਦਾ ਨੌਰੋਜ਼=ਪਾਤਸ਼ਾਹ ਦੀ ਵਰ੍ਹੇ ਗੰਢ ਯਾ ਗਦੀ ਨਸ਼ੀਨੀ ਦੇ ਜਸ਼ਨ ਦਾ ਦਿਨ। ਭਾਵ ਇਹ ਹੈ ਕਿ ਪਾਤਸ਼ਾਹ ਦੀ ਬਖਸ਼ਸ਼ ਵਰ੍ਹੇ ਮਗਰੋਂ ਨੌਰੋਜ਼ ਨੂੰ ਜਿੰਨੀ ਹੁੰਦੀ ਹੈ ਉਨੀ ਏਥੇ ਰੋਜ਼ ਹੁੰਦੀ ਹੈ। (ਅ) ਨਵੀਂ ਤੋਂ ਨਵੀਂ ਤੇ ਰੋਜ਼ ਰੋਜ਼ ਬਖਸ਼ਿਸ਼ ਮਿਲਦੀ ਹੈ। ਇਹ ਅਰਥ ਭੀ ਕਰਦੇ ਹਨ।

†ਬਾਵਨ ਅਵਤਾਰ ਹੋਕੇ ਬੱਧਾ ਬਲ ਰਾਜਾ ਨੂੰ। ‡ਬ੍ਰਹਮਾ ਨੇ ਥੰਮ੍ਹ ਵਿਚ ਨਰਸਿੰਘ ਕਦੋਂ ਰਚਿਆ ਸੀ ? (ਪਰ ਤੁਸਾਂ ਨਰਸਿੰਘ ਰੂਪ ਧਾਰਕੇ) ਪ੍ਰਹਲਾਦ ਦੀ ਪੂਰਨ ਪੈਜ ਨਿਬਾਹੀ ਸੀ, (ਪ੍ਰਹਲਾਦ ਦੇ ਪਿਉ ਨੇ ਵਰ ਲਿਆ ਹੋਇਆ ਸੀ ਕਿ ਬ੍ਰਹਮਾ ਦੇ ਰਚਿਆਂ ਵਿਚੋਂ ਮੈਂ ਕਿਸੇ ਦੇ ਹੱਥੋਂ ਨ ਮਰਾਂ, ਸੋ ਨਰਸਿੰਘ ਉਸ ਦੀ ਰਚਨਾ ਤੋਂ ਬਾਹਰ ਸੀ)। §ਵੇਦ ਇਸ ਗਲ ਦੀ ਉਗਾਹੀ ਹੈ ਕਿ ਜੋ ਤੁਸੀਂ ਚਾਹੋ ਕਰ ਸਕਦੇ ਹੋ।

[]ਇਹ ਛੰਦ ਭੀ ਮੰਗਲ ਦੇ ਛਾਪ ਵਾਲੇ ਛੰਦਾਂ ਨ ਲ ਹੀ ਦੋਹੀਂ ਥਾਈਂ ਆਇਆ ਹੈ, ਚਾਲ ਭੀ ਉਹੀ ਹੈ, ਤਾਂਡੇ ਉਸੇ ਦਾ ਸਮਝਣਾ ਠੀਕ ਹੋਸੀ, ਪਿਛਲੇ ਛੰਦ ਵਿਚ ਭੀ ਪਾਤਸ਼ਾਹਾਂ ਨਾਲ ਮੁਕਾਬਲਾ ਹੈ, ਇਸ ਵਿਚ ਭੀ ਉਹ ਖ਼ਿਆਲ ਪਾਤਸ਼ਾਹੀ ਦੀ ਵਿਸ਼ੇਸ਼ਤਾ ਦਰਸਾਉਣ ਦਾ ਖ਼ਿਆਲ ਸਚੀ ਪਾਤਸ਼ਾਹੀ ਸਿਧ ਕਰਨ ਵਿਚ ਆਇਆ ਹੈ, ਇਹ ਭੀ ਨਿਸ਼ਾਨੀ ਉਸੇ ਦੇ ਹਣ ਦੀ ਹੈ।

*ਸ: ਪ: ਵਿਚ ਇਹ ਛਦ ਮੰਗਲ ਦੇ ਅਖੀਰ ਵਿਚ ਹੈ, ਜਿਸ ਤੇ ਸੰਭਾਵਨਾ ਹੁੰਦੀ ਹੈ ਕਿ ਇਹ ਮੰਗਲ ਦਾ ਹੈ ਤੇ ਇਸੇ 'ਛੜੀ' ਪਰ ਦੂਸਰਾ ਛੰਦ ਹਾਰਦਾ ਦਾ ਹੈ ਜੋ ਪਿਛੇ ਆ ਚੁਕਾ ਹੈ। ਜੇ ਹਾਰਦਾ ਦਾ ਅਰਥ ਸਰਸ੍ਵਤੀ ਲਿਆ ਜਾਏ ਤਾਂ ਦੁਇ ਫਿਰ ਮੰਗਲ ਦੇ ਸੰਭਾਵਿਤ ਹੋਣਗੇ। †ਪਾਠਾਂਤ੍ਰ—ਚਾਹਿਬੇ।

ਪਹਿਲੇ ਹੀ ਸੁ ਸੀਖਜੋ ਸਿੰਘ ਬਾਂਧਬੇ ਕ੍ਰਿਪਾਨੀਕੋ*

੧. ਘੋੜੇ ਤੇ ਚੜ੍ਹਦਿਆਂ ਹੀ (ਸਿੰਘ) ਤਕੜੇ ਕਿਲ੍ਹੇ ਦੇ (ਫਤਹ) ਕਰਨ ਦੀ ਚਾਹ ਕਰਦਾ ਹੈ, (ਜਗਤ ਦੇ) ਦੁਖਾਂ ਨੂੰ ਸਾੜਨ ਲਈ ਉਹ ਐਉਂ ਰੀਝਦਾ ਹੈ ਜਿਵੇਂ ਸ਼ਿਵ,ਭਵ ਦੁਨੀਆਂ ਦੇ ਦੁਖ ਦੂਰ ਕਰਨ ਨੂੰ ਉਹ ਕਲਜਾਣ ਸਰੂਪ ਹੈ। [ਭਵਾਨੀ ਕੋ ਬਰ= ਪਾਰਬਤੀ ਦਾ ਪਤੀ=ਸ਼ਿਵਜੀ। ਸ਼ਿਵ=ਕਲਜਾਣ ਸਰੂਪ]। ੨. ਦਾੜ੍ਹੀ ਆਉਂਦਿਆਂ ਹੀ ਰਾਜਿਆਂ ਦੀ ਛਾਤੀ ਸਾੜਦਾ ਹੈ ਤੇ ਉਨ੍ਹਾਂ ਦੀ ਰਾਜਧਾਨੀ ਨੂੰ (ਰਜ=) ਧੂੜ ਕਰਦਾ ਹੈ। ੩. ਲੰਮੀਆਂ ਭੁਜਾਂ ਵਾਲੇ ਗੁਰੂ ਗੋਬਿੰਦ ਸਿੰਘ ਜੀ (ਦੇ ਸਿੰਘ) ਵੈਰੀਆਂ ਦੀ ਧਰਤੀ ਐਉਂ ਜਿੱਤ ਲੈਂਦੇ ਹਨ ਜਿਵੇਂ ਅਰਜਨ ਨੇ ਭਾਰਥ ਜਿੱਤਿਆ ਸੀ। ੪ ਪੱਗ ਬੰਨ੍ਹਣੀ ਤਾਂ ਸਿੰਘ (ਬੱਚਾ) ਕੁਛ ਦਿਨ ਮਗਰੋਂ ਸਿਖਦਾ ਹੈ ਪਰ ਕ੍ਰਿਪਾਨ ਬੰਨ੍ਹਣੀ ਪਹਿਲੇ ਸਿਖਦਾ ਹੈ।

[ਵੈਰੀਆਂ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਰੋਅਬ]

ਇਨ੍ਹਾਂ ਕਬਿੱਤਾਂ ਵਿਚ ਗੁਰੂ ਜੀ ਦੇ ਰੋਅਬ ਦਾ ਜੋ ਅਸਰ ਉਨ੍ਹਾਂ ਸ਼ੱਤਰੂਆਂ ਪਰ ਪਿਆ ਹੈ, ਉਸ ਦਾ ਨਕਸ਼ਾ ਬੱਧਾ ਹੈ—

ਤੇ ਸੋਂ ਬੈਰ ਬਾਂਧ ਬੈਰੀ ਧੀਰ ਨ ਧਰਤਿ ਕਹੂੰ,
ਧੌਂਸਾ ਕੀ ਧੁੰਕਾਰ ਧਰਾਧਰ ਧਸਕੱਤ ਹੈਂ।
ਦਲ ਕੇ ਚਲਤ, ਮਹਿ ਹਾਲਤ, ਹਲਤ ਕੋਲ,
ਕੂਰਮ ਕਹੱਲ, ਫਨੀ ਫਨ ਨ ਸਕਤ ਹੈ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਜੀ,
ਤੇਰੇ ਭਜ ਭੀਤ ਭਾਰੀ ਭੂਪ ਸਸਕੱਤ ਹੈਂ।
ਹੋਤ ਭੂਮਚਾਲ ਦਿਗਪਾਲ ਪਾਇਮਾਲ ਦੇਤਿ,
ਹਲਕੇ ਹਹੱਲ ਹਾਥੀ ਮਾਥੇ ਮਸਕੱਤ ਹੈਂ।

ਮਹਾਂ ਬਾਹੁ ਬੀਰ ਗੁਰੂ ਗੋਬਿੰਦ! ਤਿਹਾਰੇ ਰੋਸ
ਬੈਰਿਨਿ ਕੀ ਬਧੂ ਬਨ ਬਨ ਬਿਲਖਾਨੀ ਹੈਂ।
ਕਰੈ ਨ ਗਵਨ ਭੂਲ ਭਵਨ ਕੇ ਭੀਤਰ ਤੇ,
ਚਢਤੀ ਪਹਾਰ ਨਿਰਾਧਾਰ ਅਕੁਲਾਨੀ ਹੈਂ।
ਸੁੰਦਰ ਸਰੋਜ ਮੁਖੀ ਦੁਖੀ ਭਈ ਭੂੱਖ ਪਯਾਸ,
ਪਤਿਨਿ ਸੋਂ ਖੀਝੈਂ ਕਹੈਂ ਮੋਤਨ ਮੈਂ ਪਾਨੀ ਹੈ।
ਚੰਦ ਸੀ ਚਕੋਰ ਜਾਨੈਂ, ਬਿੰਬ ਸੇ ਸੁਆਕੋ ਮਾਨੈ,
ਕੋਕਲ ਸੀ ਕਾਕ ਨਾਗ ਮੋਰਨ ਕੀ ਮਾਨੀ ਹੈ।

੧. ਤੇਰੇ ਨਾਲ ਵੈਰ ਬੰਨ੍ਹਕੇ ਵੈਰੀ ਧੀਰਜ ਛੱਡ ਬੈਠਦੇ ਹਨ ਤੇ ਧੌਂਸੇ ਦੀ ਧੁੰਕਾਰ ਨਾਲ ਪਹਾੜ ਕੰਬਦੇ ਹਨ। ੨. ਫੌਜ ਦੇ ਟੁਰਦਿਆਂ ਪ੍ਰਿਥਵੀ ਹਿਲਦੀ ਹੈ, ਹਿੱਲਦਾ ਹੈ ਸੁਰ ਤੇ ਕੱਛ ਨੂੰ ਘਬਰਾ ਪੈਂਦਾ ਜਾਂਦਾ ਹੈ, ਸ਼ੇਸ਼ਨਾਗ ਦੇ ਫਨਾਂ ਵਿਚ ਸ਼ਕਤੀ ਨਹੀਂ ਰਹਿੰਦੀ। [ਕਹੱਲ=ਕਾਹਲ, ਘਬਰਾ। ਸੁਰ ਕੱਛੂ ਤੋਂ ਮੁਰਾਦ ਧਰਤੀ ਹੇਠਲੇ ਸੁਰ ਕੱਛੂ ਦੀ ਹੈ।] ੩. ਹੇ ਗੁਰੂ ਗੋਬਿੰਦ ਸਿੰਘ ਜੀ! ਤੁਹਾਡੇ ਡਰ ਨਾਲ ਬੜੇ ਬੜੇ ਭਾਰੇ ਰਾਜੇ ਸਹਿਕਦੇ ਹਨ। ੪. ਭੁਚਾਲ ਆਉਂਦਾ ਹੈ, ਦਿਗਪਾਲ (ਹਾਥੀ) ਦੁਖੀ ਹੁੰਦੇ ਹਨ, (ਆਪਣੇਆਪਣੇ ਹੁਲਕਿਆਂ ਵਿਚ ਭਾਵ) ਦਿਸ਼ਾ ਵਿਚ ਓਹ (ਦਿਗਪਾਲ) ਹਾਥੀ ਡਰੇ ਹੋਏ (ਆਪ ਅਗੇ) ਮੱਥੇ ਰਗੜਦੇ ਹਨ। (ਅ) ਹਾਥੀਆਂ ਦੇ ਹੁਲਕੇ (ਸਮੁਦਾਇ) ਡਰ ਕੇ ਮੱਥੇ ਧਰਤੀ ਤੇ ਰਗੜਦੇ ਹਨ। [ਫਾ:, ਪਾਮਾਲ =ਦੁਖੀ, ਮੁਸੀਬਤ ਜ਼ਦਹ]। ੫. ਹੇ ਆਜਾਨ ਬਾਹੁ ਗੁਰੂ ਗੋਬਿੰਦ ਸਿੰਘ ਜੀ! ਤੁਹਾਡੇ ਰੋਸ ਨਾਲ ਵੈਰੀਆਂ ਦੀਆਂ ਇਸਤ੍ਰੀਆਂ ਬਨ ਵਨ ਵਿਚ ਦੁਖੀ ਹਨ। ੬. (ਜਿਨ੍ਹਾਂ ਨੇ ਕਦੇ) ਭੁੱਲਕੇ ਘਰ ਅੰਦਰੋਂ ਬਾਹਰ ਨਹੀਂ ਜਾਣਾ ਕੀਤਾ ਸੀ ਓਹ ਹੁਣ ਇਕੱਲਿਆਂ ਪਹਾੜ ਤੇ ਚੜ੍ਹਦੀਆਂ ਬਿਆਕੁਲ ਹੋ ਰਹੀਆਂ ਹਨ। ੭. ਕਵਲ (ਵਰਗੇ) ਮੁਖ (ਵਾਲੀਆਂ ਇਸਤ੍ਰੀਆਂ) ਭੁੱਖ ਤੇ ਪਿਆਸ ਨਾਲ ਦੁਖੀ ਹੋਈਆਂ (ਆਪਣੇ) ਪਤੀਆਂ ਨਾਲ ਖਿਝਦੀਆਂ ਤੇ ਮੋਤੀਆਂ ਦੀ ਆਬ ਨੂੰ ਪਾਣੀ ਸਮਝਦੀਆਂ ਹਨ। [ਜੌਹਰੀ ਰਤਨਾਂ ਦੀ ਆਬ ਨੂੰ ਪਾਣੀ ਭੀ ਆਖਦੇ ਹਨ]। ੮. ਚਕੋਰ (ਉਨ੍ਹਾਂ ਦੇ ਮੁਖੜੇ ਨੂੰ) ਚੰਦ ਸਮਝਦਾ ਹੈ ਤੇ ਤੋਤਾ ਹੋਠਾਂ ਨੂੰ ਕੁੰਦਰੂ ਫਲ ਤੇ ਕਾਂ (ਉਨ੍ਹਾਂ ਦੀ ਆਵਾਜ਼ ਤੋਂ ਉਨ੍ਹਾਂ ਨੂੰ) ਕੋਇਲ ਤੇ ਮੋਰ (ਉਨ੍ਹਾਂ ਦੀ ਗੁਤ) ਨੂੰ ਨਾਗਨੀ ਸਮਝ ਰਹੇ ਹਨ।

---

*ਸ: ਪ: ਨੇ ਹੀਰ ਦਾ ਨਾਮ ਦੇਕੇ ਕੋਈ ਛੰਦ ਨਹੀਂ ਦਿਤਾ, ਪਰ ਇਹ ਛੰਦ ਦਿਤਾ ਹੈ ਜੋ ਮੰਗਲ ਦੇ ਦੋ ਛੰਦਾਂ ਤੋਂ ਬਾਦਲੇ ਛੰਦ ਤੋਂ ਮਗਰੋਂ ਆਇਆ ਹੈ। ਬਾ: ਸੁ: ਸਿੰਘ ਜੀ ਨੇ 'ਹੀਰ' ਦੀ ਸੁਰਖੀ ਦੇ ਕੇ ਜੋ ਛਦ 'ਹੀਰ' ਛਾਪ ਵਾਲੇ ਦਿਤੇ ਹਨ, ਉਨ੍ਹਾਂ ਵਿਚ ਇਹ ਛੰਦ ਭੀ ਦਿਤਾ ਹੈ, ਸੋ ਇਹ ਹੀਰ ਕਵੀ ਦਾ ਹੀ ਸਮਝਣਾ ਚਾਹੀਏ। ਚਾਲ ਛੰਦਸ਼ ਭੀ ਉਸੇ ਦੀ ਸਹੀ ਪਈ ਹੁੰਦੀ ਹੈ।

†ਗੁ: ਪ੍ਰ: ਗ੍ਰੰ: ਵਿਚ ਅਗਲਿਆਂ ਚਹੁੰ ਛੰਦਾਂ ਵਿਚੋਂ ਪਹਿਲੇ ਦੋ ਛੰਦ ਮੰਗਲ ਦੇ ਬਾਦ ਹਨ ਤੇ ਅਗਲੇ ਦੋ ਸੁੰਦਰ ਦੇ ਬਾਦ ਹਨ, ਪਰ ਸੁਰਖੀ ਨਹੀਂ ਦਿੱਤੀ ਹੋਈ। ਬਾ: ਸੁ: ਸਿੰਘ ਜੀ ਨੇ ਏਹ ਚਾਰੇ 'ਹੀਰ' ਦੀ ਸੁਰਖੀ ਹੇਠ ਦਿੱਤੇ ਹਨ, ਰੰਗ ਢੰਗ ਭੀ ਹੀਰ ਦਾ ਹੀ ਹੈ। ਇਹ ਛੰਦ ਕਿਸੇ ਖਜ਼ਾਲ ਯਾ ਤਰਜ਼-ਸਮਸਜਾ-ਪਰ ਕਿਹਾ ਹੋਇਆ ਜਾਪਦਾ ਹੈ।

[ਗੁ: ਜੀ ਦਾ ਤਲਵਾਰ ਫੜਨਾ]

ਸ੍ਰੈਜਾ—ਗੌਰਿ ਦੁਰਾਵਤਿ ਗੋਦ ਗਨੇਸ਼ਹਿ
ਅੰਗ ਬਿਭੂਤ ਮਹੇਸ਼ ਮਲੈ ਨਿਤ ।
ਸ਼ੋਰ ਪਰੇ ਦਿਗਪਾਲਨ ਕੇ,
ਭੂਵਪਾਲਨ ਕੇ ਮਨ ਮਾਂਹਿ ਨਹੀਂ ਬਿਤ ।
ਦ੍ਵਾਰਿ ਮੁੰਦੇ ਪੁਰਿ ਸ਼ੱਤ੍ਰੂਨ ਕੇ, ਗੁਰ
ਗੋਬਿੰਦ ਖਯਾਲ ਹੀ ਖੱਗ ਗਹੇ ਇਤ ।
ਹਾਥੀ ਨ ਸਾਥੀ ਸੰਭਾਰ ਸਕੈ ਕੋਊ
ਚਾਲ ਪਰੇ ਚਤੁਰੰਗ ਚਮੂੰ ਚਿਤ ।

੧.ਪਾਰਬਤੀ ਗੋਦ ਵਿਚ ਗਣੇਸ਼ ਨੂੰ ਲੁਕਾਉਂਦੀ ਹੈ ਤੇ ਸ਼ਿਵ ਸਦਾ ਅੰਗਾਂ ਨੂੰ ਸੁਆਹ ਮਲਦਾ ਹੈ। ੨.ਸ਼ੋਰ ਪੈ ਗਿਆ ਹੈ ਦਿਸ਼ਾਪਾਲਾਂ ਵਿਚ ਤੇ ਪ੍ਰਿਥਵੀ ਪਤੀ ਰਾਜਿਆਂ ਦੇ ਤਾਂ ਮਨ ਹੀ ਡੋਲ ਰਹੇ ਹਨ। ੩. ਸ਼ੱਤਰੂ ਸ਼ਹਿਰਾਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਹਨ ਜਦੋਂ ਇਧਰ ਗੁਰੂ ਗੋਬਿੰਦ ਸਿੰਘ ਜੀ ਤਲਵਾਰ ।ਕਫ਼ਨ ਦਾ ਖਿਆਲ ਹੀ ਕਰਦੇ ਹਨ ।੪.ਸ਼ਤਰੂਆਂ ਦੀ ਚਤੁਰੰਗਨੀ ਸੈਨਾਂ ਦੇ ਚਿਤਾਂ ਵਿਚ ਹਲਚਲ ਪੈ ਜਾਂਦੀ ਹੈ, ਫਿਰ ਹਾਥੀ (ਰਥ ਘੋੜੇ ਤੇ) ਸਾਥੀ ਕਿਸੇ ਨੂੰ ਕੋਈ ਸੰਭਾਲ ਨਹੀਂ ਸਕਦਾ । (ਅ)(ਹਾਥੀਆਂ ਦੇ ਸਾਥੀ ਭਾਵ) ਮਹਾਵਤ ਹਾਥੀ ਨਹੀਂ ਸੰਭਾਲ ਸਕਦੇ, ਕੋਊ(ਕੋਈ ਬੀ, ਭਾਵ ਸਵਾਰ ਘੋੜਿਆਂ ਨੂੰ, ਰਥਵਾਨ ਰਥਾਂ ਨੂੰ, ਰਲਕੀ ਸਭ) ਚਤੁਰੰਗਨੀ ਸੈਨਾ ਚਾਲੇ ਪੈ ਜਾਂਦੀ ਹੈ, (ਭਾਵ ਉਠ ਭੱਜਦੀ ਹੈ) । (ਏ) (ਫਿਰ ਜਦ ਗੁਰੂ ਜੀ) ਹਾਥੀ (ਤੇ ਸ੍ਵਾਰ ਹੋ ਜਾਣ ਤਦ ਤਾਂ ਦੇਖਦੇ ਸਾਰ) ਚਤੁਰੰਗਨੀ ਸੈਨਾ ਹੀ ਵੈਰੀ ਦੀ ਉਠ ਭਜਦੀ ਹੈ, ਕੋਈ ਆਪਣੇ ਸਾਥੀ ਨੂੰ ਭੀ ਨਹੀਂ ਸੰਭਾਲ ਸਕਦਾ ।

[ਗੁਰੂ ਜੀ ਦੇ ਸਨਮੁਖ ਹੋਣ ਤੇ]

ਛਪਯ-ਬਨ ਟੁਟਤਿ, ਗਿਰ ਫਟਤਿ, ਛੁਟਤਿ
ਧੀਰਜ ਸੁਧਰਨ ਤਨ ।ਦਿੱਗਜ ਦਿਗ ਕਲਮਲਤ
ਹਲਤ ਤਲ ਸ਼ੇਖ ਨਾਗ ਮਨ । ਉਡਿਯ ਰੇਨ
ਹਯ ਖੁਰਨਿ ਸੂਰ ਬਰ ਕਹੁੰ ਲੁੱਕ ਗਿਯ। ਬਿਭੀ-
ਛਨ ਭਹਰਤਿ ਮੂੰਦਿ ਗੜ ਦ੍ਵਾਰ ਦੁਰਤਿ ਭਯ ।
ਕਰ ਗਹਿ ਕ੍ਰਿਪਾਣ ਗੋਬਿੰਦ ਗੁਰ
ਜਬਿ ਸਲੋਹ ਪੱਖਰੋ ਸਜਤਿ ।
ਕਲਮਲਤ ਹਰਤਿ ਪੁਰ ਚੱਕ੍ਰਵੈ
ਸੁਘਰਨ ਛਾਡ ਘਰ ਤੇ ਭਜਤਿ ।

੧. ਜੰਗਲਾਂ ਦੇ ਬ੍ਰਿੱਛ ਟੁੱਟਦੇ ਹਨ, ਪਹਾੜ ਫਟਦੇ ਹਨ ਤੇ ਧਰਤੀ ਦੇ ਦੇਹ ਧਾਰੀਆਂ ਦੇ ਧੀਰਜ ਛੁਟ ਜਾਂਦੇ ਹਨ । ੨ ਦਿਗਪਾਲ ਹਾਥੀ ਕਲਮਲਾ ਜਾਂਦੇ ਹਨ, (ਪ੍ਰਿਥਵੀ ਦੇ) ਹੇਠ (ਪਤਾਲ ਵਿਚ ਸ਼ੇਸ਼ਨਾਗ ਦਾ ਮਨ ਹਿੱਲ ਜਾਂਦਾ ਹੈ । ੩. ਘੋੜਿਆਂ ਦੇ ਖੁਰਾਂ ਨਾਲ ਐਸੀ ਮਿੱਟੀ ਉਡਦੀ ਹੈ ਕਿ ਸ੍ਰੇਸ਼ਟ ਸੂਰਜ ਹੁਰੀਂ ਬੀ (ਮਾਨੋ) ਕਿਤੇ ਲੁਕ ਗਏ(ਜਾਪਦੇ ਹਨ) । ੪.ਬਿਭੀਖਨ ਭੈਭੀਤ ਹੋਕੇ (ਲੰਕਾ) ਗੜ੍ਹ ਦਾ ਦੁਆਰ ਬੰਦ ਕਰ ਲੈਂਦਾ ਹੈ ਤੇ ਭੈ ਨਾਲ ਲੁਕ ਜਾਂਦਾ ਹੈ । ੫. ਹੱਥ ਵਿਚ ਤਲਵਾਰ ਫੜਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਸ਼ਸਤ੍ਰ ਧਾਰੀ ਹੋ ਕੇ (ਘੋੜੇ ਦੀ) ਕਾਠੀ ਤੇ (ਆਕੇ) ਸਜਦੇ ਹਨ । ੬. ਚਕ੍ਰਵਰਤੀ (ਇਹ ਸਮਝ ਕੇ ਕਿ ਸਾਡੇ) ਸ਼ਹਿਰ ਹੁਣੇ ਹਰਦੇ ਹਨ, ਘਾਬਰ ਕੇ ਵਹੁਟੀਆਂ ਨੂੰ ਭੀ ਛੱਡਕੇ ਘਰਾਂ ਤੋਂ ਉਠ ਭੱਜਦੇ ਹਨ । (ਅ) ਕਲਮਲਤ ਹਲਤ=ਘਬਰਾ ਕੇ ਤੇ ਸਾਵੇ ਪੀਲੇ ਹੋਕੇ" ।

[ਤਲਵਾਰ ਫੜਦਿਆਂ ਖੁਸ਼ੀ ਤੇ ਗਮੀ]

ਹੁਰਨ ਕੋ ਨਰ ਸੂਰ ਮਿਲੇ ਬਰ,
ਚੌਸਠ ਜੋਗਨ ਸੈਨ ਅਘਾਈ ।
ਦੇਤਿ ਅਸੀਸ ਸਭੈ ਮਿਲਿ ਜੰਬੁਕ,
ਗੀਧਨ ਤੇ ਰਣ ਭੂਮਿ ਸੁਹਾਈ ।
ਛਾਡਿ ਸੁਹਾਗ ਲੀਏ ਬਿਧਵਾ ਇਕ
ਬੈਰਨ ਕੀ ਤਿਯ ਕੋ ਦੁਖਤਾਈ ।
ਖੱਗ ਗਹੇ ਗੁਰ ਗੋਬਿੰਦ ਕੇ ਕਰ,
ਨਾਰਦ ਕੇ ਘਰ ਹੋਤ ਬਧਾਈ* ।

੪. (ਜਰਵਾਣਿਆਂ ਦੇ ਟਾਕਰੇ ਤੇ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਤਲਵਾਰ ਫੜਦਿਆਂ ਨਾਰਦ ਦੇ ਘਰ ਵਧਾਈ ਹੁੰਦੀ ਹੈ । (ਨਾਰਦ ਦੀ ਵਹੁਟੀ ਦਾ ਨਾਉਂ ਕਲਹ ਹੈ ਤੇ ਉਹ ਲੜਾਈ ਸੁਣ ਕੇ ਖੁਸ਼ ਹੁੰਦੀ ਹੈ)।੧.ਹੁਰਾਂ ਨੂੰ ਸੂਰਮੇ ਵਰ ਮਿਲਣਗੇ ਚੌਸਠ ਜੋਗਣੀਆਂ ਦੀ ਸੈਨਾ ਰੱਜ ਜਾਏਗੀ । ੨. (ਦੂਜੇ ਪਾਸੇ) ਸਾਰੇ ਗਿੱਦੜ ਮਿਲ ਕੇ ਅਸੀਸਾਂ ਦਿੰਦੇ ਹਨ, ਗਿੱਧਾਂ ਨਾਲ ਰਣ ਭੂਮ ਸੁਹਾ ਜਾਂਦੀ ਹੈ।

*ਸ: ਪ: ਵਿਚ ਇਹ ਤੇ ਇਸਤੋਂ ਅਗਲਾ ਛਦ ਦੁਇ ਸੁੰਦਰ ਤੋਂ ਅਗਲੇ ਹਨ ਤੇ ਫੇਰ ਕਵੀ ਸੰਤੋਖ ਸਿੰਘ ਜੀ ਆਪਣਾ ਛੰਦ ਦੇ ਕੇ ਅੱਸੂ ਪੂਰਾ ਕਰਦੇ ਹਨ, ਪਰ ਬਾ: ਸੁ: ਸਿੰਘ ਦੁਹਾ ਛੰਦਾ ਨੂੰ ਹੀਰ ਦਾ ਲਿਖਦੇ ਹਨ ਤੇ ਚਾਲ ਦੁਹਾ ਦੀ ਹੀਰ ਵਾਲੀ ਹੀ ਹੈ ।

੩. (ਹਾਂ, ਜ਼ਰਵਾਣੇ) ਵੈਰੀਆਂ ਦੀਆਂ ਇਸਤ੍ਰੀਆਂ ਨੂੰ ਦੁੱਖ ਹੁੰਦਾ ਹੈ ਕਿ ਜਿਨ੍ਹਾਂ ਹੈ ਸੁਹਾਗ ਛੱਡ ਕੇ ਵਿਧਵਾ ਪਨ ਲੈਣਾ ਪੈਂਦਾ ਹੈ।

ਆਵਤ ਨ ਤੀਰ ਤੀਰ, ਮਾਨ ਨ ਕਮਾਨ ਕਰੇ,
ਰੋਲਨ ਕੀ ਦੂੰਦ ਦੂੰਦ ਬੂੰਦ ਮਨੋ ਬਾਰ ਹੈ।
ਛੀਨ ਬਰਛੀਨ ਲੇਖ, ਸੈਹਥੀ ਹੈ ਕੋ ਟਿਕ,
ਕਟਾਰਨ ਕੋ ਬੀਰ ਅਤਿ ਬੈਠੀ ਬਰਦਾਰ ਹੈ।
ਛੁਰੀ ਨ ਛੁਹਤਿ, ਗੁਰਜਨ ਹੂੰ ਕੀ ਗੁਰਜ ਨ
ਬਰ ਤਬਰਨਿ ਕੋ ਨਿਵਾਰਤਿ ਨਿਹਾਰ ਹੈ।
ਸੈਨਾ ਅਰਿ ਘਾ ਕੀਏ, ਕਹਾਂ ਕਹੂੰ ਸੂਹਾ ਕੀ,
ਗੁਰੂ ਗੋਬਿੰਦ ਕੇ ਕਰ ਐਸੀ ਬਾਂਕੀ ਤਰਵਾਰ ਹੈ।

੧. (ਤਲਵਾਰ ਐਸੀ ਹੈ ਕਿ) ਤੀਰ (ਇਸਦੇ) ਨੇੜੇ ਨਹੀਂ ਆਉਂਦੇ, ਕਮਾਨ ਮਾਨ ਨਹੀਂ ਕਰਦੀ ਜੰਗ ਵਿਚ ਗੋਲੀਆਂ ਦੀ ਬੁਛਾੜ ਮਾਨੋਂ ਪਾਣੀ ਦੀਆਂ ਬੂੰਦਾਂ ਹਨ। [ਗੁੰਦ=ਇਕੱਠ, ਭਾਵ ਬੁਛਾੜ। (ਅ) ਗੂੰਜ। ਦੂੰਦ=ਦੁੰਦ=ਜੰਗ]। ੨. ਬਰਛੀਆਂ ਨੂੰ ਛੀਨ ਕਰ ਦੇਂਦੀ ਹੈ, ਅਥਵਾ ਖੋਹ ਲੈਂਦੀ ਹੈ ਸੈਹਥੀ ਨੂੰ ਕੀ ਟਿਕਾਉ (ਹੋ ਸਕਦਾ ਹੈ)? ਵੱਡੇ ਬੀਰਾਂ ਦੀਆਂ ਕਟਾਰਾਂ ਨੂੰ ਪਰੇ ਸੱਟਣ ਲਈ (ਤਿਆਰ) ਬੈਠੀ ਹੈ। [ਬਰਦਾਰ=ਪਰੇ ਸਿੱਟਣ ਵਾਲੀ, ਝੱਪਣ ਵਾਲੀ]। ੩. ਛੁਰੀ (ਨੇੜੇ) ਨਹੀਂ ਛੁਹੰਦੀ, ਗੁਰਜਾਂ ਦੀ ਭੀ (ਗੁਰੱਜ+ਨ) ਵਡਿਆਈ ਨਹੀਂ ਰਹਿੰਦੀ, ਚੰਗੇ ਕੁਹਾੜਿਆਂ ਨੂੰ ਪਰੇ ਸੁਟਦੀ ਦੇਖੀਦੀ ਹੈ। [ਫਾ:, ਤਬਰ=ਕੁਹਾੜਾ]। ੪ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਐਸੀ ਬਾਂਕੀ ਤਲਵਾਰ ਹੈ ਕਿ ਜਿਸ ਨੇ ਵੈਰੀ ਦੀ ਸੈਨਾ ਘਾ ਕੇ ਸਫਾਈ ਕਰ ਦਿੱਤੀ (ਉਸ ਦੀ ਉਪਮਾਂ ਮੈਂ ਕੀ ਕਰਾਂ।) [ਸੂਹਾ=ਬੁਹਾਰੀ ਦੇ ਦਿੱਤੀ, ਸਫਾਈ ਕਰ ਦਿੱਤੀ]।

[ਗੁਰੂ ਜੀ ਅੱਗੇ ਹੰਕਾਰ ਦੀ ਪੇਸ਼ ਨਹੀਂ ਜਾਂਦੀ]

ਸ਼ਾਹਨ ਕੇ ਸੋਚ ਸ਼ਾਹਜ਼ਾਦਨ ਕੇ ਰੋਜ ਹੋਤ,
ਖੇਲਿਬੇ ਕੋ ਖੋਜ ਗੋ ਸ਼ਿਕਾਰਨ* ਸਜਤ ਹੈਂ।
ਬਜਾਕੁਲ ਬਿਹੰਗ ਬਿਲਲਾਤ ਫਿਰੈਂ ਅੰਗਭੰਗ
ਅੰਗ ਭੰਗ ਕੈ ਕੈ ਜਲ ਥਲ ਤੇ ਭਜਤ ਹੈਂ।
ਬੇਸ਼ ਬਾਹੁ ਬੇਸਰਾਂ† ਸੁਨੇ ਤੇ ਗੁਰੂ ਗੋਬਿੰਦ ਸਿੰਘ
ਜਾਕੇ ਗੁਨ ਉਰ ਗੁਨਿਬੇ* ਕੋ ਉਪਜਤ ਹੈਂ।
ਕਾਹੇ ਮਗਰੂਰ ਖਗਾ† ਪੂਛਤ ਸ਼ਹੂਰ‡ ਗਯੋ,
ਰ ਰੂਰ§ ਰ ਰੂਰ ਗਯੋ ਕਾਹੇ ਨ ਤਜਤ ਹੈਂ**।

੧. ਪਾਤਸ਼ਾਹਾਂ ਦੇ ਸ਼ਾਹਜ਼ਾਦਿਆਂ ਵਿਚ ਰੋਜ਼ ਸੋਚ ਹੁੰਦੀ ਸੀ, (ਕਿ ਸ਼ਿਕਾਰ) ਖੇਡਿਆ ਜਾਵੇ, (ਪਰ ਸ਼ਿਕਾਰ ਮਿਲਦਾ ਨਹੀਂ ਸੀ, ਛੇਕੜ ਉਨ੍ਹਾਂ ਨੇ ਸੋਚਿਆ ਕਿ) ਸ਼ਿਕਰਾ ਸ਼ਿਕਾਰ ਖੋਜ ਲਏਗਾ (ਸੋ ਉਸ ਨੂੰ ਤਿਆਰ ਕਰਕੇ ਛੱਡਿਆ)। ੨.੩. (ਸ਼ਿਕਾਰ ਦੀ ਭਾਲ ਵਿਚ ਉਡੇ ਤੇ ਹੰਕਾਰ ਭਰੇ ਸ਼ਿਕਰੇ ਨੂੰ ਕਵੀ ਆਖਦਾ ਹੈ) ਗੁਰੂ ਗੋਬਿੰਦ ਸਿੰਘ ਜੀ ਦੇ ਗੁਣ (ਤਾਂ ਭਾਈ) ਹੰਕਾਰ ਰਹਿਤ ਹਿਰਦੇ ਵਿਚ ਉਪਜਦੇ ਹਨ, (ਤੈਨੂੰ ਪਤਾ ਨਹੀਂ? ਕਿ ਉਸ ਗੁਰੂ ਦੇ) ਵਧੀਆ ਬਾਜ਼ੂਆਂ ਵਾਲੇ ਬੇਸਰੇ ਦਾ (ਨਾਉਂ) ਸੁਣਨ ਤੇ ਹੀ ਪੰਛੀ ਅੰਗ ਭੰਗ ਹੋ ਵਜਾਕੁਲ ਹੋ ਹੋ ਰੋਂਦੇ ਤੇ ਅੰਗ ਭੰਗ ਹੋਏ ਭੀ ਜਲਾਂ ਥਲਾਂ ਵਿਚ ਭੱਜੇ ਜਾਂਦੇ ਹਨ। ੪. ਹੇ ਹੰਕਾਰੇ ਹੋਏ (ਸ਼ਿਕਰੇ) ਪੰਛੀ (ਤੂੰ ਸ਼ਿਕਾਰ ਦੀ) ਪੁੱਛ (ਭਾਲ ਕੀ ਕਰ ਰਿਹਾ ਹੈਂ, ਕੀ ਤੇਰੀ) ਮਤਿ ਮਾਰੀ ਗਈ ਹੈ? (ਜਿੱਥੇ ਪੰਛੀਆਂ ਦੇ ਰਾਜਾ) ਗਰੁੜ ਨੇ ਹੰਕਾਰ ਛੱਡ ਦਿਤਾ ਹੈ, ਓਥੇ ਤੂੰ ਕਿਉਂ ਨਹੀਂ ਹੰਕਾਰ ਛੱਡ ਦੇਂਦਾ।

[ਗੁਰੂ ਜੀ ਦਾ ਸ਼ੱਬਰੂ ਪਰ ਕੋਪ, ਧੌਂਸੇ ਦੀ ਸੱਟ ਤੇ ਕਵਾਇਦ-ਦਾਨ ਫੌਜ ਦਾ ਹੱਲਾ]

ਮਹਾਂ ਬਾਹੂF ਬੀਰ ਗੁਰੂ ਗੋਬਿੰਦ ਤਿਹਾਰੇ ਰੋਸ,
ਸ਼ੇਸ਼ ਸੁਰ ਪੁਰਿ ਹੂੰ ਧਰਾ ਮੈ ਧੀਰ ਕੋ ਧਰੈ।
ਲੰਕਪਤਿ ਸੰਕੈ, ਔ ਪਲੰਕG ਹੂੰ ਮੈਂ ਖੈਲਭੈਲ,
ਝੰਕH ਝਾਰ ਖੰਡ ਹੈI ਅਤੰਕ ਨਾਗ ਹੀ ਧਰੈ।

*ਸਿਕਾਰਨ=ਛਿਕਰਾਨ=ਛਿਕਰੇ ਨੂੰ। ਛਿਕਰਾ ਇਕ ਛਿਕਾਰੀ ਪੰਛੀ ਦਾ ਨਾਮ ਹੈ। †ਬੇਸਰਾ=ਇਕ ਹੋਰ ਸ਼ਿਕਾਰੀ ਪੰਛੀ ਦਾ ਨਾਮ ਹੈ। ਬੇਸ਼=ਵਧੀਆ। ਬਾਹੂ=ਬਾਜ਼। ਪੰਛੀ ਦੇ 'ਖੰਭਾਂ ਦੇ ਪਰਬੰਧ' ਨੂੰ ਬਾਜ਼ੂ ਕਹਿ ਲੈਂਦੇ ਹਨ।

*ਉਰ=ਹਿਰਦਾ। ਗੁਨਬੇ=ਬੇਗੁਨ। ਤਿੰਨਾਂ ਗੁਣਾਂ ਤੋਂ ਰਹਿਤ ਭਾਵ ਹੰਕਾਰ ਰਹਿਤ। †ਮਗਰੂਰ ਖਗ=ਹੇ ਹਕਾਰੀ ਪੰਛੀ, ਭਾਵ ਹੇ ਹੰਕਾਰੀ ਸ਼ਿਕਰੇ। ‡ਸ਼ਹੂਰ = ਅ:, ਸ਼ਊਰ= ਅਕਲ, ਹੋਸ਼। §ਗਰੂਰ ਗਰੜ, ਹਿੰਦੂ ਮਥਮਾਨਕਾ ਨੇ ਗਰੁੜ ਸਾਰੇ ਪੰਛੀਆਂ ਦਾ ਰਾਜਾ ਤੇ ਵਿਸ਼ਨੂੰ ਦਾ ਵਾਹਨ ਮੰਨਿਆ ਹੈ।

**ਇਹ ਅਤ ਅਗਲਾ ਛੰਦ ਗੁ: ਪ੍ਰ: ਸੂ: ਵਿਚ ਨਹੀਂ ਹਨ ਪਰ ਬਾਬਾ ਜੀ ਨੇ 'ਹੀਰ ਕੋ' ਸੁਰਖੀ ਹਠ ਦਿਤੇ ਹਨ ਸੋ ਹੀਰ ਦੇ ਹਨ।

Fਸੇਸ:, ਮਹਾਂ ਬਾਹੂ=ਵਡਿਆਂ ਬਾਹਾਂ ਵਾਲਾ। ਆਜਾਨ ਬਾਹੂ ਤਾਂ ਭੀ ਮੁਰਾਦ ਹੁੰਦੀ ਹੈ। ਵਿਸ਼ਨੂੰ ਦਾ ਇਕ ਨਾਮ। (ਅ) ਬਲਵਾਨ ਆਦਿ। Gਪਲੰਕ=ਪਲਕੜ=ਜੰਬੂ ਦੀਪ ਤੋਂ ਅਗਲਾ ਦੀਪ। (ਅ) ਪਲੰਕ=ਪਲਕ=ਆਸਮਾਨ। ਭਾਵ ਆਸਮਾਨ ਜਿਚ ਖਿਲਬਲੀ ਮੱਚ ਜਾਂਦੀ ਹੈ। Hਝੰਕ=ਝੀਕਣਾ ਤੋਂ, ਦੁਖ ਰੋਣਾ, ਦੁਖ ਰੋਣੀ ਕਰਨੀ। Iਝਾਰ - ਸਾਰੇ, ਭਾਵ ਹੈ ਸੱਤਾਂ ਦੀਪਾਂ ਦੇ ਸਾਰੇ ਖੰਡ (੭×੯=੬੩)। ਖੰਡ=ਹਰੇਕ ਦੀਪ ਦੇ ਜਿਸੇ ਜੋ ਨੌਂ ਨੌਂ ਹਨ।

ਧੌਂਸਾ ਕੀ ਧੁੰਕਾਰ ਤੇ ਪੁਕਾਰ ਪਰੈ ਅਲਕਾ*ਮੈਂ,
ਦਲ ਕੇ ਦਲੇਲਾਂ† ਹੇਲਾ ਪਾਰਾਵਾਰ ਧਾਹਰੈ।
ਸਸਕੈ ਸੁਮੇਰ ਭਾਰ, ਮਸਕੈ ਕਮਠ ਪੀਠ,
ਕਸਕੈ ਕਰੇਜਾ ਅਰ ਰਾਤ ਦਿਨ ਜੀ ਡਰੈ।

੧. ਹੇ ਮਹਾਂ ਬਾਹੂ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਆਪ ਨੂੰ ਰੁੱਸਾ ਆਉਣ ਤੇ ਸ਼ੇਸ਼ਨਾਗ (ਪਤਾਲ ਵਿਚ ਤੇ ਇੰਦਰ ਆਦਿ ਦੇਵਤੇ) ਇੰਦਰ ਪੁਰੀ ਵਿਚ (ਧੀਰਜ ਛੱਡ ਬੈਠਦੇ ਹਨ ਸੋ) ਧਰਤੀ ਉਤੇ ਧੀਰਜ ਕਿਸਦਾ ਰਹਿ ਜਾਏ। ੨. ਲੰਕਾ ਦਾ ਪਤੀ ਭੈ ਖਾਂਦਾ ਹੈ ਤੇ ਪਲਕਸ਼ ਦੀਪ ਵਿਚ ਖਿਲਬਲੀ ਮਚ ਜਾਂਦੀ ਹੈ, ਸਾਰੇ ਖੰਡ ਦੁਖ ਰੋਣੀਆਂ ਰੋਂਦੇ ਹਨ, ਸ਼ੇਸ਼ ਨਾਗ ਹਿਰਦੇ ਵਿਚ ਡਰਦਾ ਹੈ। ੩. (ਆਪ ਦੇ) ਧੌਂਸੇ ਦੀ ਆਵਾਜ਼ ਨਾਲ ਕੁਬੇਰ ਦੀ ਪੁਰੀ ਵਿਚ ਪੁਕਾਰ ਪੈ ਜਾਂਦੀ ਹੈ, (ਆਪਦੀ) ਫੌਜ ਦੇ ਕਵਾਇਦ ਨਾਲ ਹੱਲੇ ਕਰਨ ਤੇ ਸਮੁੰਦਰ ਢਾਹਾਂ ਮਾਰਦਾ ਹੈ। ੪. (ਫੌਜੀ ਹੱਲੇ ਦੇ) ਭਾਰ ਨਾਲ ਸੁਮੇਰ ਪਰਬਤ ਸਸਕਦਾ ਹੈ, (ਧਰਤੀ ਹੇਠਲੇ) ਕੱਛੂ ਦੀ ਪਿੱਠ ਮਲੀ ਜਾਂਦੀ ਹੈ, ਕਲੇਜਾ ਪੀੜ ਕਰਦਾ ਹੈ ਤੇ ਦਿਨ ਰਾਤ ਜੀ ਡਰਦਾ ਰਹਿੰਦਾ ਹੈ।

ਰਲੇ ਮਿਲੇ

ਹੁਣ ਉਹ ਛੰਦ ਦੇਂਦੇ ਹਾਂ ਜੋ ਹੈਨ ਤਾਂ ਦਰਬਾਰੀ ਕਵੀਆਂ ਦੇ, ਪਰ ਹੈਨ ਬੇਛਾਪ ਤੇ ਹੁਣ ਤਕ ਦੀ ਕੀਤੀ ਖੋਜ ਨਾਲ ਕੋਈ ਸੰਭਾਵਨਾ ਉਨ੍ਹਾਂ ਦੇ ਕਰਤਿਆਂ ਬਾਬਤ ਨਹੀਂ ਹੋ ਸਕੀ।

ਅਗਲੇ ਦੋਇ ਛੰਦ ਬੇਛਾਪ ਹਨ। ਦੋਹਾਂ ਨੂੰ ਬਾਬਾ ਸੁ: ਸਿੰਘ ਹੀਰ ਦੇ ਛੰਦਾਂ ਦੇ ਮਗਰੋਂ ਪਰ 'ਸ਼ਿਕਾਰ' ਦੀ ਵੱਖਰੀ ਸੁਰਖੀ ਹੇਠ ਲਿਖਦੇ ਹਨ।

ਬੇਸਰੇ ਦੀ ਤਾਰੀਫ ਵਿਚ ਇਕ ਛੰਦ ਹੀਰ ਦਿਆਂ ਵਿਚ ਪਿਛੇ ਆ ਚੁਕਾ ਹੈ:-'ਸਾਹਨ ਕੇ ਸੋਚ...' ਵਾਲਾ (ਪੰਨਾ ੪੯੧ ਪਰ) ਤੇ ਇਕ ਛੰਦ ਇਹ ਅਗੇ ਆਉਂਦਾ ਹੈ,ਦੋਵੇਂ ਛੰਦ ਚੰਗੇ ਹਨ,ਪਰ ਬਹੁਤ ਵਧੀਆ ਨਹੀਂ। ਹਾਂ, ਤੀਸਰਾ ਛੰਦ—ਗਰੁਰ ਗਰੂਰ ਤਜਯੋ—ਇਨ੍ਹਾਂ ਦੋਹਾਂ ਛੰਦਾਂ ਤੋਂ ਬੇਸ਼ ਹੈ।

ਬੇਸ਼ ਬੇਸਰਾ ਹੈ ਗੁਰੂ ਗੋਬਿੰਦ ਕੀ ਸਰਕਾਰ,
ਜਾਂਕੀ ਦਹਸ਼ਤ ਗਿਰੇ ਕੋਹਨ ਕੇ ਘਰ ਹੈਂ।
ਜਾਂਕੀ ਦਹਸ਼ਤ ਬਰ ਬਾਜਨ ਬਰ ਨ ਧਰੈਂ,
ਜਾਂਕੀ ਦਹਸ਼ਤ ਛੁਟੇ ਬਹਰੀ ਕੇ ਬਰ ਹੈਂ।
ਜਾਂਕੀ ਦਹਸ਼ਤ ਚਾਰਾ ਚੁਗਤ ਨ ਚਕ੍ਰਵਾਕ,
ਜਾਂਕੀ ਦਹਸ਼ਤ ਸ਼ਾਰਦੂਲ ਨੂਰਤ ਰਹੈਂ।
ਸਗਰੇ ਜਹਾਨ ਕੇ ਬਿਹੰਗ ਜਿਨ ਭੰਗ ਕੀਨੇ,
ਕੋਪ ਸੁਨਿ ਆਵਤ ਕੁਲੰਗ ਪਾਇ ਤਰ ਹੈਂ।

੧.ਗੁਰੂਗੋਬਿੰਦਸਿੰਘ ਜੀ ਦੀ ਸਰਕਾਰ ਦਾ ਬੇਸਰਾ* ਬਹੁਤ ਵਧੀਆ ਹੈ, ਜਿਸ ਦੇ ਭੈ ਨਾਲ ਕੂਹੀਆਂ ਦੇ ਘਰ ਡਿੱਗ ਪਏ ਹਨ।੨. ਜਿਸ ਦੇ ਡਰ ਕਰਕੇ ਸ਼ੂਸ਼ਟ ਬਾਜ਼ ਭੀ ਬਲ ਨਹੀਂ ਧਾਰਦੇ ਤੇ ਬਹਿਰੀਆਂ ਦੇ ਬਲ ਛੁੱਟ ਗਏ ਹਨ। ੩. ਜਿਸਦੇ ਡਰ ਕਰਕੇ ਚਕਵੇ ਚੋਗਾ ਨਹੀਂ ਚੁਗਦੇ ਤੇ ਸ਼ੇਰਾਂ ਦੀ ਸੁਰਤ ਰਹਿ ਗਈ ਹੈ। ੪. ਸਾਰੇ ਜਹਾਨ ਦੇ ਪੰਛੀ ਜਿਸ ਨੇ ਨਾਸ਼ ਕਰ ਦਿੱਤੇ ਹਨ,(ਜਿਸਦਾ) ਰੁੱਸਾ ਸੁਣ ਕੇ ਕੁਲੰਗ‡ (ਪੰਛੀ) ਆਪੇ ਪੈਰਾਂ ਹੇਠ ਆ ਜਾਂਦੇ ਹਨ।

[ਬੇਸਰੇ ਦੀ ਪ੍ਰਾਕੱਲਭਤਾ,ਸ਼ਿਕਾਰ ਵੇਰਵਾ ਤੇ ਘੋੜਿਆਂ ਦਾ ਦਾਨ]

ਗਰੁਰ ਰ ਰੂਰ ਤਜਯੋ ਬਾਜ਼ ਸਭ ਬਾਜ਼ ਆਏ,
ਜ਼ੋਰਾਵਰ ਜੁੱਰਾ ਜਾਨ ਜ਼ੋਰ ਆਨ ਹੈਂ ਭਏ।
ਹਾਥ ਗੁਰੂ ਗੋਬਿੰਦ ਕੇ ਬੇਸਰਾ ਸਿਧਾਯੋ ਨਾਨੋਂ,
ਛੂਟਯੋ ਲਖ ਲਾਖਨ ਬਿਹੰਗ ਲੀਨ ਹੈ ਗਏ।
ਚਰਨ ਚਪੇਟ, ਚਿੰਚ ਚੋਭਤੇ ਚਿਮਿਟਿ ਚਪਿ,
ਮਾਰਯੋ ਕੁਲਮੁਰਗ, ਕਲੇਲ ਜੀਅ ਮੈਂ ਭਏ।
ਤਾਂਹੀ ਖਿਨ ਤੀਖੇ ਤੇਜ਼ ਤਰਲ ਤੁਰੰਗ ਕੇਤੇ,
ਮੌਜ ਸੋਂ ਮੰਗਾਇ ਮੋਲ ਮਹਾਂ ਬਾਹੁ ਤੈਂ ਦਏ।

੧. ਰ ਰੂੜ ਨੇ ਗ਼ਰੂਰ ਛੱਡ ਦਿੱਤਾ ਹੈ, ਬਾਜ਼ ਪਿੱਛੇ ਹਟ ਗਏ ਹਨ, ਜੁਰਰੇ (ਬੇਸਰੇ ਨੂੰ) ਜ਼ੋਰਾਵਰ ਜਾਣਕੇ ਤਾਬੇਦਾਰ ਹੋ ਗਏ ਹਨ। ੨. ਗੁਰੂ ਗੋਬਿੰਦ ਸਿੰਘ ਜੀ ਦੇ ਹਥੋਂ ਛੋਟਾ ਬੇਸਰਾ ਉਡਿਆ ਜਿਸ ਨੂੰ ਛੁਟਿਆ

*ਕੁਬੇਰ ਦੀ ਪੁਰੀ। †ਦਲੇਲ=ਕਵਾਇਦ ਕਰਨਾ, ਖਾਸ ਤਰੀਕੇ ਅਨੁਸਾਰ ਟੁਰਨਾ, ਅਗੇ ਪਿਛੇ ਹੋਣਾ। ਦਲ+ਏਲ=ਜੋ ਕੰਮ ਕਿ ਫੌਜ ਕਰੇ ਭਾਵ ਕਵਾਇਦ। ਇਸ ਪਦ ਨੂੰ ਅੰਗ੍ਰੇਜ਼ੀ ਪਦ ਡ੍ਰਿੱਲ ਤੋਂ' ਬਣਿਆ ਭੀ ਖਿਆਲ ਕੀਤਾ ਜਾਂਦਾ ਹੈ। ਅੱਜ ਕਲ ਇਸ ਦੇ ਅਰਥ 'ਇਕ ਫੌਜੀ ਦੰਡ' ਦੇ ਹਨ, ਜਿਵੇਂ ਫ਼ਲਾਣੇ ਦੀ ਦਲੇਲ ਬੋਲੀ ਹੈ।

*ਬੇਸ਼=ਵਧੀਆ।ਬੇਸਰਾ=ਬਾਜ਼ ਦੀ ਤਰ੍ਹਾਂ ਦਾ ਇਕ ਸ਼ਿਕਾਰੀ ਪੰਛੀ। ਬਾਬੀਨ ਤੇ ਸ਼ਿਕਰੇ ਤੇ ਜਹਿਆ ਦੇ ਕਲਾ ਪੰਛੀ 'ਬੇਸਰਾ' ਯਾ 'ਕੁਲ ਚਸ਼ਮ' ਕਹੀਦਾ ਹੈ। ਕੁਹੀ=ਇਕ ਸ਼ਿਕਾਰੀ ਪੰਛੀ। †(ਅ) ਸ਼ਾਰਦੂਲ ਸੁਰ ਤਰ ਹੈਂ=ਸ਼ੇਰਾਂ ਦੀ ਸੁਰਤ (ਤਰ=)ਨੀਵੀਂ ਪੈ ਜਾਂਦੀ ਹੈ। ‡ਫ਼ਾ: ਕੁਲੰਗ=ਸਾਰਸ ਵਰਗਾ ਜਲ ਕਿਨਾਰੇ ਰਹਿਣ ਵਾਲਾ ਪੰਛੀ ਜਿਸਦਾ ਸਿਰ ਲਾਲ ਹੁੰਦਾ ਹੈ।

ਦੇਖ ਕੇ ਲੱਖਾਂ ਹੀ ਪੰਛੀ ਗੁੰਮ ਹੋ ਗਏ। ੩. (ਇਸਨੇ ਕੁਲਮੁਰਗ* ਉਤੇ ਪੈਕੇ ਪਹਿਲਾਂ) ਪੈਰਾਂ ਦੀ ਚਪੇਟ ਮਾਰੀ (ਫੇਰ) ਚੁੰਝ ਦੀ ਚੋਭ ਦਿੱਤੀ, (ਫਿਰ) ਗੁੱਸੇ ਵਿਚ ਆਕੇ ਚੰਬੜਕੇ ਮਾਰ ਲਿਆ, ਦੇਖਕੇ (ਗੁਰੂਜੀ) ਮਨ ਵਿਚ ਪ੍ਰਸੰਨ ਹੋਏ। ੪. ਓਸੇ ਸਮੇਂ ਛਤੀ ਨਾਲ ਕਿੰਨੇ ਹੀ ਚੰਚਲ ਤੇ ਤ੍ਰਿੱਖੇ ਘੋੜੇ ਮੁੱਲ ਮੰਗਵਾਏ ਤੇ ਹੇ ਮਹਾਂ ਬਾਹੂ (ਗੁਰੂ ਗੋਬਿੰਦ ਸਿੰਘ ! ਤੂੰ) ਖੁਸ਼ੀ ਨਾਲ ਬਖਸ਼ੀਸ਼ ਕੀਤੇ।

[ਗੁਰੂ ਜੀ ਕਵੀਆਂ ਨੂੰ ਅਤਿ ਕੀਮਤੀ ਘੋੜੇ ਦਾਨ ਦਿੰਦੇ ਸਨ]

ਸੁੰਦਰ ਅਨੰਗ, ਕਿਧੋਂ ਚਪਲ ਕੁਰੰਗ ਸਮ,
ਰਹੁਰ ਕੇ ਸੰਗ ਚਲਿ ਆਗੇ ਹੀ ਕੋ ਚੇਤ ਹੈਂ।
ਪਵਨ ਕੋ ਪਾਛੇ ਕਰਿ, ਮਨ ਕੋ ਗਵਨ ਹਰਿ
ਦੌਰ ਮੈਂ ਪਲਕ ਮਾਂਹਿ ਫਾਂਧ ਜਾਂਹਿ ਸੇਤ ਹੈਂ।
ਰਵਿ ਰਥ ਚਢਤ ਉਤਰ ਜਾਤ ਯਾਹੀ ਲੀਏ,
ਮੇਰੇ ਏਕ ਏ ਅਨੇਕ ਸਾਜ਼ਨ ਸਮੇਤ ਹੈਂ।
ਐਸੇ ਬਾਜੀ ਦੇਖੀਐ ਨ ਕਹੂੰ ਤੀਨ ਭਵਨ ਮੈਂ,
ਜੈਸੇ ਗੁਰੂ ਗੋਬਿੰਦ ਜੀ ਕਵਿਨਿ ਕੋ ਦੇਤ ਹੈਂ।

੧. ਕਾਮ ਵਰਗੇ ਸੁਹਣੇ, ਹਰਨ ਵਰਗੇ ਚੰਚਲ (ਆਪ ਦੇ ਘੋੜੇ ਹਨ), ਰਰੁੜ (ਜੋ ਆਪ ਜੀ ਦੇ ਘੋੜਿਆਂ) ਨਾਲ ਚੱਲੇ (ਤਾਂ ਘੋੜਿਆਂ ਨੂੰ) ਅੱਗੇ ਜਾਂਦੇ ਹੀ ਵੇਖੇਗਾ। ੨. (ਏਹ ਘੋੜੇ) ਪੌਣ ਨੂੰ ਪਿੱਛੇ ਸੱਟ ਕੇ ਮਨ ਦੀ ਗਤੀ ਨੂੰ ਹਰਾਉਂਦੇ ਹਨ, ਦੌੜ ਵਿਚ ਪੁਲ ਨੂੰ ਪਲ ਵਿਚ ਟੱਪ ਜਾਂਦੇ ਹਨ। ੩. ਸੂਰਜ (ਆਪਣੇ ਘੋੜਿਆਂ ਦੇ) ਰਥ ਤੇ (ਦਿਨੇ) ਚੜ੍ਹ ਕੇ (ਰਾਤੀਂ) ਉਤਰ ਜਾਂਦਾ ਹੈ ਕਿ ਮੇਰੇ ਪਾਸ ਤਾਂ (ਐਸੇ ਘੋੜਿਆਂ ਵਾਲਾ ਰਥ) ਇਕੋ ਹੈ, ਪਰ ਗੁਰੂ ਜੀ ਪਾਸ ਐਸੇ (ਰਥ) ਸਾਜ਼ਾਂ ਸਮੇਤ ਅਨੇਕਾਂ ਹਨ। ੪. ਤਿੰਨਾਂ ਲੋਕਾਂ ਵਿਚ ਐਸੇ ਘੋੜੇ ਕਿਤੇ ਨਹੀਂ ਦੇਖੀਦੇ ਜੈਸੇ ਘੋੜੇ ਕਿ ਗੁਰੂ ਜੀ ਕਵੀਆਂ ਨੂੰ ਦਿੰਦੇ ਹਨ।

[ਸ਼ਿਕਾਰ ਚੜ੍ਹਨ ਦਾ ਦਬਦਬਾ]

ਸੈਲਹਿੰ ਦਬਤ, ਐਲ ਪਰਤਿ ਅਲੰਕ ਪਰ,
ਖੇਲਭੇਲ ਖਲਕ ਖਲਨ ਘਰਬਾਰ ਹੈਂ।
ਕਾਨਨ ਕੁਰੰਕ, ਬਾਂਚੇ ਮਦ ਕੇ ਮਤੰਗ ਕਹੂੰ
ਬਾਘਨ, ਬਿਹੰਗ, ਬ੍ਰਿਕ ਬਾਨਰ ਕਹਾਂ ਰਹੈਂ।
ਝਾਂਖ, ਰੋਝ, ਰੀਛ, ਘਰ ਝਾਖਰ, ਬਰਾਹਨ ਕੇ,
ਦਾਹਨ ਦਰਨ ਦੇਵਿਬਾਹਨ ਸੁ ਮਾਰ ਹੈਂ।
ਪਰਨ ਪੁਕਾਰ ਅਰਿ ਛੋਡੇ ਘਰ ਬਾਰ ਭਾਜ,
ਸੋ ਤੋ ਗੁਰੂ ਗੋਬਿੰਦ ਕੀ ਸਹਜ ਸ਼ਿਕਾਰ ਹੈ*।

੧. (ਜਦ ਸ਼ਿਕਾਰ ਚੜ੍ਹਦੇ ਹਨ ਤਾਂ) ਪਹਾੜ ਦੱਬਦੇ ਹਨ, ਰੌਲਾ ਆਕਾਸ਼ ਵਿਚ ਪੈਂਦਾ ਹੈ; ਖਲਕਤਾਂ (ਵਿਚ) ਤੇ ਖਲਾਂ (ਦੁਸ਼ਟਾਂ ਦੇ) ਘਰ ਬਾਰਾਂ ਵਿਚ ਹਲਚਲ ਮਚ ਜਾਂਦੀ ਹੈ। ੨. ਜੰਗਲ ਵਿਚ ਹਰਨ ਤੇ ਮਦਮੱਤੇ ਹਾਥੀ, ਸ਼ੇਰ, ਪੰਛੀ, ਬਘਿਆੜ ਤੇ ਬਾਂਦਰ ਬਚ ਕੇ ਕਿੱਥੇ ਰਹਿਣ। ੩. ਝਾਂਖ, ਰੋਝ, ਰਿੱਛ; ਬਾਰਾਂ ਸਿੰਙੀ ਤੇ ਸੂਰਾਂ ਨੂੰ (ਉਨ੍ਹਾਂ ਦੇ) ਘਰ (ਘੁਰਿਆਂ) ਵਿਚ ਤੇ ਸ਼ੇਰਾਂ ਨੂੰ ਕੰਦ੍ਰਾਂ ਵਿਚੋਂ ਦਾਹੁੰਦੇ ਤੇ ਮਾਰਦੇ ਹਨਾਂ। ੪. ਸ਼ਿਕਾਰ ਦੀ ਐਉਂ ਪੁਕਾਰ ਪੈਣ ਤੇ ਵੈਰੀ ਘਰ ਬਾਰ ਛੱਡ ਕੇ ਭੱਜ ਉਠਦੇ ਹਨ; ਇਹ ਗੁਰੂ ਜੀ ਦੇ ਸਹਿਜੇ ਭਾਣੇ ਦੇ ਸ਼ਿਕਾਰ (ਦਾ ਰੋਅਬ ਹੈ। (ਅ) ਪੁਕਾਰ ਪੈ ਜਾਣ ਨਾਲ ਤੋਂ ਮਤਲਬ 'ਦੁਹਾਈ ਏ ਰਖ ਲੈਂ' ਦੀ ਅਵਾਜ਼ ਦੇਣ ਲਗ ਪੈਂਦੇ ਹਨ।

[ਚਤੁਰੰਗਨੀ ਸੈਨਾ ਦੀ ਚੜ੍ਹਾਈ]

ਸ੍ਰੈਯਾ—ਸਾਜ ਸ਼ਿੰਗਾਰ ਚਢੇ ਗੁਰ ਗੋਬਿੰਦ,
ਪਬਜਨ ਸ਼੍ਰਿੰਗ ਪਿਸਾਨ ਭਏ ਨਿਤ।
ਲੰਕ ਅਤੰਕ ਪੁਕਾਰ ਪਰੀ, ਪੁਰਿ
ਸ਼ੰਕ ਬਿਭੀਖਨ ਰੰਕ ਭਯੋ ਤਿਤ।
ਟੂਟਿ ਫਨੀ ਫਨ, ਹੂਟਿਗੇ ਦਿੱਗਜ,
ਧੀਰਜ ਧੌਲ ਕੀ ਜਾਇ ਰਹੀ ਕਿਤ।
ਕੱਛਪ ਕੋਲ ਬਿਹਾਲ ਭਏ ਸਭਿ,
ਚਾਲ ਪਰੇ ਚਤੁਰੰਗ ਚਮੂੰਚਿਤ।

੧. ਸ਼ਿੰਗਾਰ ਸਾਜਕੇ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੇ ਹਨ ਤਾਂ ਪਹਾੜਾਂ ਦੀਆਂ ਚੋਟੀਆਂ ਨਿਤ ਪਿਸਦੀਆਂ ਹਨ। ੨. ਭੈ ਦੀ ਪੁਕਾਰ ਲੰਕਾ ਵਿਚ ਪੈ ਗਈ, (ਲੰਕਾ) ਪੁਰ ਤੇ ਬਿਭੀਖਨ ਸ਼ੰਕਾਮਾਨ ਹੋਕੇ (ਦਿਲੋਂ) ਰੰਕ ਹੋ ਗਿਆ, (ਭਾਵ ਕਾਇਰ ਹੋ

*ਫਾ: ਕੁਲਮੁਰਗ = ਸਿੱਧ ਦੀ ਇਕ ਕਿਸਮ, ਜਿਸਦਾ ਸਿਰ ਲਾਲ ਤੇ ਟੰਜ ਜਿਹਾ ਹੁੰਦਾ ਹੈ, ਘੋਗੜ।

*ਇਹ ਤੇ ਅਗਲਾ ਛੰਦ ਦੋਵੇਂ ਸ਼ਿਕਾਰ ਦੇ ਸਿਰਨਾਮੇ ਹੇਠ ਆਏ ਹਨ ਤੇ ਪ੍ਰਾਪਤ ਬ੍ਰਹੀਆਂ ਤੋਂ ਸੰਭਾਵਿਤ ਨਹੀਂ ਹੁੰਦੇ ਕਿ ਕਿਸਦੇ ਹਨ। †'ਦਾਹਨ ਤੋਂ ਮੁਰਾਦ ਬੰਦੂਕ ਨਾਲ ਮਾਰਨ ਤੇ 'ਮਾਰ' ਤੋਂ ਮੁਰਾਦ ਜ਼ੋਰ ਤਲਵਾਰ ਨਾਲ ਮਾਰਨ ਦੀ ਹੈ। (ਅ) ਦਾਹਨ ਦਰਨ = (ਸੂਰਾਂ ਦੀਆਂ) ਦਾਹੜਾਂ ਦਲਦੇ ਹਨ। ਦੇਵਿ ਬਾਹਨ = ਦੇਵੀ ਦੀ ਅਸਵਾਰੀ, ਭਾਵ ਸ਼ੇਰ। ਝਾਂਖ = ਚੀਤਲਮ੍ਰਿਗ। ਰੋਝ = ਨੀਲਗਾਇ। ਝਾਂਖਰ = ਬਾਰਾ ਸਿੰਙਾ।

ਗਿਆ)। ੩. ਸ਼ੇਸ਼ਨਾਗ ਦੇ ਫਨ ਟੁੱਟ ਗਏ, ਦਿਗਪਾਲ (ਹਾਥੀ) ਥੱਕ ਗਏ ਤੇ ਧੌਲ ਦਾ ਧੀਰਜ ਕਿਤੇ ਚਲਾ ਗਿਆ। ੪. (ਧਰਤੀ ਹੇਠਲੇ) ਕੱਛੂ ਤੇ ਸੂਰ ਘਬਰਾ ਗਏ (ਗੁਰੂ ਜੀ ਦੀ) ਚਤੁਰੰਗਨੀ ਸੈਨਾਂ ਨੂੰ ਚਾਲੇ ਪਿਆਂ ਵੇਖਕੇ।

[ਖੜਗ ਦਾ ਰੋਅਬ ਤੇ ਖੜਗਧਾਰੀ ਹੋਣ ਦਾ ਜਸ]

ਸ਼ੀਲ ਰਸ ਸਾਇਰ, ਰਜੀਲੋ ਰਣ ਰੰਗਧੀਰ,
ਜੰਗ ਜੁਰੇ ਜੈਤਵਾਰ ਕਰਨੀ ਕੁਬੇਰ ਕੀ।
ਕਹੈ ਕਬਿ ਕੌਨ, ਤੇਜ ਤਰਨ ਲੌ ਤਪੈ ਤੁਅੰਗ,
ਪਾਰਾਵਾਰ ਲਗਿ ਫੈਲੀ ਜੀਤ ਸ਼ਮਸ਼ੇਰ ਕੀ
ਕਰ ਰਣ ਰੋਸ, ਖਲ ਖੰਡਨਿ ਕਟਕ ਕੂਟ,
ਦੁੱਜਨ ਦਰੇਰ ਜਗ ਜੀਤ ਜ਼ਿਮੀ ਜ਼ੇਰ ਕੀ।
ਤੇਗ ਤ੍ਰਾਸ ਸਾਚੇ ਗੁਰ ਗੋਬਿੰਦ ਜੂ ਤੇਰੋ ਜਸ
ਜਗਰ ਮਗਰ ਭਏ, ਸ਼ੋਭਾ ਗਈ ਮੇਰੁ ਕੀ*।

੧. ਸ਼ਾਂਤਿਰਸ ਦੇ (ਆਪ) ਸਮੁੰਦਰ ਹੋ, ਬੀਰ ਰਸਾਂ ਵਿਚ ਰਣ ਦੇ (ਸਾਰੇ) ਰੰਗਾਂ ਵਿਚ ਧੀਰ ਹੋ (ਇੰਨੇ ਕਿ) ਜੰਗ ਆ ਪਏ ਤੇ (ਸਦਾ) ਜਿੱਤਣ ਵਾਲੇ ਹੋ ਤੇ ਕੁਬੇਰ ਤੁੱਲ ਆਪਦੀ ਕਰਨੀ ਹੈ (ਭਾਵ ਦਾਨ ਬੀਰ ਭੀ ਹੋ ਤੇ ਜੁੱਧ ਬੀਰ ਭੀ)। ੨. ਕਿਹੜਾ ਕਵੀ (ਆਪ ਦੇ ਤੇਜ ਦਾ ਵਰਣਨ ਕਰੇ ਜੋ ਉਪਰ‡ ਨੂੰ ਸੂਰਜ ਤੀਕ ਤਪ ਰਿਹਾ ਹੈ (ਤੇ ਹੇਠਾਂ) ਸਮੁੰਦਰ ਤਕ (ਆਪ ਦੀ) ਸ੍ਰੀ ਸਾਹਿਬ ਦੀ ਫਤਹ (ਦੀ ਕੀਰਤੀ) ਫੈਲ ਰਹੀ ਹੈ। ੩. ਜੁੱਧ ਮਚੇ ਵਿਚ ਰੁੱਸੇ ਵਿਚ ਆ ਕੇ ਖਲਾਂ ਤੇ ਕੂਟਾਂ (ਭਾਵ ਛਲੀਏ ਪਹਾੜੀਆਂ) ਦੇ ਲਸ਼ਕਰਾਂ ਨੂੰ ਖੰਡ ਸੁਟਿਆ, ਦੁਰਜਨਾਂ (ਭਾਵ ਤੁਰਕਾਂ ਨੂੰ) ਦਰੇੜ ਕੇ ਜਗਤ ਨੂੰ ਜਿੱਤ ਜ਼ਿਮੀ ਤਾਬੇ ਕੀਤੀ ਹੈ। ੪. ਹੇ ਸੱਚੇ ਗੁਰੂ ਗੋਬਿੰਦ ਸਿੰਘ ਤੇਰੀ ਤੇਗ ਦਾ ਡਰ ਤੇ ਤੇਰਾ ਜਸ (ਦੋਵੇਂ ਐਨੇ) ਜਗਮਗਾ† ਉਠੇ ਹਨ ਕਿ ਹੁਣ ਸੁਮੇਰ ਦੀ ਸ਼ੋਭਾ ਕੋਈ ਨਹੀਂ ਰਹੀ।

[ਬਿਕਾਰ ਚੜ੍ਹਨ ਦਾ ਰੋਅਬ]

ਉਦਧਿ ਸਿਮਟਿ ਜਾਇ ਉਚੇ ਨ ਲਹਿਰ ਉਠੈ,
ਭੈ ਤੇ ਬਿਭੀਖਨ ਦੇਤ ਲੰਕਾ ਕੇ ਕਿਵਾਰ ਕੇ।
ਮੇਰੁ ਸੁਕਚਾਨੋ ਦੇਖਿ, ਮਘਵਾ ਭੁਲਾਨੋ ਗਜ,
ਬਲ ਛਾਡ ਬਲ ਜਾਇ ਦੁਰਜੋ ਹੈ ਪਤਾਰ ਕੋ।
ਮਹੀ ਪਰ ਜੇਤੇ ਸੁ ਮਹੀਪਤ ਬਸਤ ਨਾਥ,
ਪਰਤ ਭਾਰਨੇ ਨ ਸੰਭਾਰ ਨਰ ਨਾਰਿ ਕੋ।
ਗੁਰੂ ਸ੍ਰੀ ਗੁਬਿੰਦ ਸਿੰਘ ਬਾਂਧਿ ਕਰਵਾਰ ਹੂੰ ਕੋ,
ਪਾਇਰੈ ਦੈ ਪਾਇ ਜਬ ਚਢਤ ਸ਼ਿਕਾਰ ਕੋ*।

੪. ਜਦੋਂ ਗੁਰੂ ਗੋਬਿੰਦ ਸਿੰਘ ਜੀ ਤਲਵਾਰ ਬੰਨ੍ਹ ਕੇ (ਤਿਆਰ ਬਰਤਿਆਰ ਹੋਕੇ) ਰਕਾਬ ਵਿਚ ਪੈਰ ਦੇ ਕੇ ਸ਼ਿਕਾਰ ਨੂੰ ਚੜ੍ਹਦੇ ਹਨ ਤਦ ੧. ਸਮੁੰਦਰ ਸਿਮਿਟ ਜਾਂਦਾ ਹੈ, ਇਸਦੀ (ਫੇਰ ਕੋਈ) ਲਹਿਰ ਉਚੀ ਨਹੀਂ ਉਠਦੀ, ਭੈ ਖਾ ਕੇ ਬਿਭੀਖਨ ਲੰਕਾ ਦੇ ਤਖਤੇ ਬੰਦ ਕਰ ਲੈਂਦਾ ਹੈ। ੨. ਦੇਖਕੇ ਸੁਮੇਰ ਸੰਕੁਚ ਜਾਂਦਾ ਹੈ, ਇੰਦਰ (ਆਪਣੇ ਸੁਵਰਗ ਦੇ ਐਰਾਵਤ) ਹਾਥੀ ਨੂੰ ਭੁੱਲ ਜਾਂਦਾ ਹੈ, ਬਲ ਆਪਣੀ ਸੱਤਜਾ ਛਡ ਕੇ ਪਤਾਲ ਵਿਚ ਜਾ ਲੁਕਦਾ ਹੈ। ੩. ਧਰਤੀ ਉਤੇ ਜਿੰਨੇ ਪ੍ਰਿਥਵੀਪਤ ਤੇ ਇਸਦੇ ਮਾਲਕ ਹੈਨ ਸਭ ਨੂੰ ਨੱਸਣ ਦਾ ਪੈ ਜਾਂਦੀ ਹੈ (ਆਮ) ਆਦਮੀਆਂ ਤੇ ਇਸਤ੍ਰੀਆਂ ਨੂੰ ਤਾਂ ਹੋਸ਼ ਹੀ ਨਹੀਂ ਰਹਿੰਦੀ।

—o—

ਹੋਰ ਛੰਦ

ਕਵੀ ਸੰਤੋਖ ਸਿੰਘ ਜੀ ਨੇ ਕਵੀਆਂ ਦੇ ਜਿਹੜੇ ਛੰਦ ਰੁ: ਪ੍ਰ: ਸ੍ਰ: ਵਿਚ ਦਿੱਤੇ ਹਨ, ਉਨਾਂ ਵਿਚ ਆਪਣੇ ਭੀ ਕੁਛ ਦਿੱਤੇ ਹਨ, ਜਿਨ੍ਹਾਂ ਵਿਚ ਛਾਪ ਹੈ ਉਹ ਤਾਂ ਸਾਫ ਉਹਨਾਂ ਦੇ ਹੋਏ, ਪਰ ਬੇਛਾਪ ਵੇਲੇ ਗਲ ਸੋਚਨੀਯ ਹੋ ਜਾਂਦੀ ਹੈ। ਜਿਹਾਕੁ ਇਹ ਛੰਦ ਸ੍ਰ: ਪ੍ਰ: ਵਿਚ ਦਜ਼ੂਰੀ ਕਵੀਆਂ ਦੇ ਛੰਦਾਂ ਵਿਚ ਆਇਆ ਹੈ:—

ਰਾਮ ਛਤ੍ਰਬੰਧ ਪਰ, ਰਾਮ ਦਸਕੰਧ ਪਰ,
ਰਾਮ ਜਰਾਸਿੰਧ ਪਰ ਤੈ ਜਸੋਂ ਨਰ ਸਿੰਘ ਚੈਂ।
ਰੁਦ੍ਰ ਜਿਮ ਮਾਰ ਪਰ, ਬੰਨਤੇਯ ਮਾਰ ਪਰ,
ਪੈਨ ਦੀਪਮਾਰ ਪਰਿ, ਮਾਰ ਪਰ ਸਿੰਘ ਹੈ।
ਸੂਰ ਤਮ ਬ੍ਰਿੰਦ ਪਰ, ਸੂਰ ਰਣ ਦੰਦ ਪਰ,
ਸੂਰ ਦਿਤੀ ਨੰਦ ਪਰ, ਦੂਜੇ ਨਰ ਸਿੰਘ ਹੈ।

*ਇਹ ਛੰਦ ਸ੍ਰ: ਪ੍ਰ: ਵਿਚ ਨਹੀਂ, ਬਾ: ਸ੍ਰ: ਸਿੰਘ ਨੇ ਸ਼ਿਕਾਰ ਬਰਨਨ ਦੀ ਸੁਰਖੀ ਵਿਚ ਦਿਤਾ ਹੈ, ਨਾਮ ਨਹੀਂ ਦਿੱਤਾ।

*ਇਹ ਛੰਦ ਸ੍ਰ: ਪ੍ਰ: ਪ੍ਰਕਾਸ਼ ਵਿਚ ਆਲਮ ਦੇ ਬਾਦ ਹੈ ਤੇ ਹੰਸਰਾਮ ਦੇ ਛੰਦ ਦੇ ਪਹਿਲੇ ਹੈ। ਪਰ ਬਾ: ਸ੍ਰ: ਸਿੰ: ਜੀ ਨੇ ਮੰਗਲ ਦੇ ਬਾਦ ਦਿਤਾ ਹੈ। ਸੋ ਨਿਰਣੇ ਯੋਗ ਬਾਤ ਹੈ ਕਿ ਮੰਗਲ ਦਾ ਹੈ, ਆਲਮ ਦਾ ਹੈ ਯਾ ਕਿਸੇ ਹੋਰ ਦਾ ਹੈ, ਜਿਸ ਦਾ ਕਿ ਨਾਮ ਨਹੀਂ ਆਇਆ। †ਅ:, ਰਜੀਲ = ਮਰਦਾਨਗੀ, ਮੁਰਾਦ ਹੈ ਬੀਰ ਰਸ ਤੋਂ। ‡ਤੁਅੰਗ = ਤੁੰਗ = ਉੱਚਾ (ਅ) ਤੁਅੰਗ = ਤਵ। ਤੁੰ = ਤੁਸਾਡਾ। §ਜਗਰ ਮਗਰ = ਜਗਮਗ, ਰੋਸ਼ਨ।

ਕਾਲ ਸਰਬੰਸ ਪਰ, ਦਾਵਾ ਬਨਬੰਸ ਪਰ,
ਤਜੋਂ ਮਲੇਛ ਵੰਸ਼ ਪਰ ਸ੍ਰੀ ਗੁਬਿੰਦ ਸਿੰਘ ਹੈ।

੧. (ਜਿਵੇਂ) ਪਰਸਰਾਮ ਛਤ੍ਰੀਆਂ ਦੇ ਬੰਨ੍ਹਣ (ਜਾਂ ਮਾਰਨ) ਪਰ, ਰਾਮ ਜਿਵੇਂ ਰਾਵਣ ਉਤੇ, ਬਲਰਾਮ ਜਿਵੇਂ ਜਰਾਸੰਧ ਉਤੇ, ਜਿਵੇਂ ਤਿੰਨੇ ਨਰਾਂ ਵਿਚ ਸਿੰਘ ਹਨ (ਭਾਵ ਨਰ ਸ਼ਿਰੋਮਣ ਹਨ।) ੨. ਜਿਵੇਂ ਸ਼ਿਵਜੀ ਕਾਮ ਉਤੇ, ਗਰੜ ਸੱਪਾਂ ਉਪਰ, ਹਵਾ ਜਿਵੇਂ ਦੀਪ ਮਾਲਾ ਪਰ* ਤੇ ਸ਼ੇਰ ਜਿਵੇਂ ਸ਼ਿਕਾਰ ਪਰ। ੩. ਸੂਰਜ ਸਾਰੇ ਹਨੇਰੇ ਉਤੇ, ਦੁਰਮਾ ਦੁੰਦਾਂ ਯੁੱਧ ਪਰ, ਸੂਰ (=ਵਰਾਹ ਅਵਤਾਰ) ਹਰਨਕਸ਼ਜਪ ਪਰ, ਦੂਜੇ (ਅਰਥਾਤ ਹਰਨਕਸ਼ਜਪ ਦੇ ਦੂਜੇ ਭਰਾ ਅਰਥਾਤ ਹਰਨਾਕਸ਼ ਪਰ ਜਿਵੇਂ) ਨਰਸਿੰਘ ਸੀ। ੪. ਕਾਲ ਜਿਵੇਂ ਸਭਨਾਂ ਪਰ, ਦਾਵਾ ਅਰਨੀ ਬਾਂਸਾਂ ਦੇ ਬਨ ਪਰ, ਤਿਵੇਂ ਮਲੇਛਾਂ ਦੇ ਬੰਸ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਹਾਵੀ) ਹਨ।

ਬਾਬਾ ਸੁਮੇਰ ਸਿੰਘ ਜੀ ਨੇ ਇਸ ਛੰਦ ਨੂੰ ਹੀਰ ਦਾ ਸਮਝਿਆ ਹੈ, ਪਰ ਕਵੀ ਸੰਤੋਖ ਸਿੰਘ ਜੀ ਨੇ ਇਹੋ ਛੰਦ ਆਪਣੀ ਉਲਥਾ ਕੀਤੀ ਬਾਲਮੀਕੀ (ਰਾਮਾਯਣ ਦੇ ਮੰਗਲਾਂ ਵਿਚ ਦੇ ਬਾਣੀਂ (ਸੁੰਦਰ ਕਾਂਡ ਸਰਗ ੧ ਅੰਕ ੬ ਤੇ ਉਤਰ ਕਾਂਡ ਸਰਗ ੧੨੧ ਅੰਕ ੪੬ ਵਿਚ) ਦਿੱਤਾ ਹੈ, ਜਿਸ ਤੋਂ ਨਿਸ-ਚਿਤ ਹੋ ਗਿਆ ਕਿ ਇਹ ਛੰਦ ਕਵੀ ਜੀ ਦਾ ਆਪਣਾ ਹੈ ਤੇ ਹਜ਼ੂਰੀ ਕਵੀਆਂ ਵਿਚੋਂ ਕਿਸੇ ਦਾ ਨਹੀਂ। ਉਂਜ ਇਹ ਛੰਦ 'ਸੇਵਾ ਜੀ' ਦੇ ਦਰਬਾਰੀ ਕਵੀ 'ਭੂਸ਼ਣ' ਦੇ ਛੰਦ ਦੀ ਇਕ ਪ੍ਰਕਾਰ ਦੀ ਸਮਸਯਾ ਪੂਰਤੀ ਹੈ ਜੋ ਇਸ ਪ੍ਰਕਾਰ ਹੈ:—

ਇੰਦਰ ਜਿਮ ਜੰਭ ਪਰ, ਬਾੜਵ ਸੁਅੰਭ ਪਰ,
ਰਾਵਨ ਸਦੰਭ ਪਰ ਰਘੁਕੁਲ ਰਾਜ ਹੈ।
ਪੌਨ ਬਾਰਿ ਬਾਹ ਪਰ, ਸੰਭੂ ਰਤਿਨਾਹ ਪਰ,
ਜ੍ਯੋਂ ਸਹੰਸ ਬਾਹੁ ਪਰ, ਰਾਮ ਦ੍ਵਿਜਰਾਜ ਹੈ।
ਦਾਵਾ ਦ੍ਰੁਮ ਦੰਡ ਪਰ, ਚੀਤਾ ਮ੍ਰਿਗ ਝੁੰਡ ਪਰ,
'ਭੂਖਨ' ਵਿਤੁੰਡ ਪਰ ਜੈਸੇ ਮ੍ਰਿਗਰਾਜ ਹੈ।
ਤੇਜ ਤਮ ਅੰਸ ਪਰ, ਕਾਨ੍ਹ ਜਿਮ ਕੰਸ ਪਰ,
ਤਯੋਂ ਮਲੇਛ ਵੰਸ਼ ਪਰ ਸ਼ੇਰ ਸ਼ਿਵਰਾਜ ਹੈ।

*(ਅ) ਦੀਵੇ ਦੀ ਲਾਟ ਪਰ।

†ਦੁੰਦ = ਦੋ ਪੁਰਖਾਂ ਦਾ ਪਰਸਪਰ ਯੁੱਧ। (ਅ) ਇਕ ਤੋਂ ਵੱਧ ਵੈਰੀਆਂ ਦੇ ਮੁਕਾਬਲੇ ਤੇ ਇਕੱਲਾ ਜੂਝ ਜਾਣਾ। (ਏ) ਭਜਾਨਕ ਜੁੱਧ।

੨

ਪਿੱਛੇ ਪੰਨਾ ੪੫੭ ਪਰ ਅਸੀਂ ਕਵੀ ਅੰਮ੍ਰਿਤ ਰਾਇ ਦੇ ਓਹ ਛੰਦ ਜੋ ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਪ੍ਰਾਪਤ ਹੋਕੇ ਕਹੇ ਸਨ ਦੇ ਆਏ ਹਾਂ ਤੇ ਉਨ੍ਹਾਂ ਦੀ ਇਕ ਪ੍ਰਸਿਧ ਸਤਰ—'ਪਾਈਏ ਕਰੋਰ ਤੈ ਨ ਜਾਈਏ ਲਹੌਰ ਤੇ' ਜੋ ਲੋਕੋਕਤੀ ਬਣ ਚੁਕੀ ਹੈ—ਭੀ ਪੂਰੇ ਛੰਦ ਸਮੇਤ (ਪੰਨਾ ੪੫੬ ਪਰ) ਦੇ ਆਏ ਹਾਂ। ਇਥੇ ਅਸੀਂ ਆਪ ਦੇ ਰਚੇ 'ਚਿਤ੍ਰ ਬਿਲਾਸ*' ਗ੍ਰੰਥ ਵਿਚੋਂ ਤਿਥਿ ਸੰਮਤ ਆਦਿ ਦੇ ਛੰਦ ਦੇਂਦੇ ਹਾਂ ਜਿਨ੍ਹਾਂ ਤੋਂ ਉਨ੍ਹਾਂ ਦਾ ਆਪਣਾ ਲਿਖਿਆ ਪਤਾ ਉਹਨਾਂ ਦਾ ਸਮਾਂ ਤੇ ਲਾਹੌਰ ਨਾਲ ਉਨ੍ਹਾਂ ਦਾ ਪ੍ਰੇਮ ਪ੍ਰਗਟ ਹੋ ਜਾਂਦਾ ਹੈ—

ਬੈਠੇ ਹੈਂ ਬਹੁ ਮਿਤ੍ਰ ਮਿਲ ਕਵਿ ਅੰਮ੍ਰਿਤ ਕੇ ਧਾਮ। ਤਿਨ ਸਭਹਿਨ ਮਿਲ ਯੌਂ ਕਹਜੋ ਰਚਹੁ ਗ੍ਰੰਥ ਅਭਿਰਾਮ। ੫।

ਕੁੰਡਲੀਆ—ਪੰਡਤ ਬਡੇ ਲਹੌਰ ਮਹਿੰ ਅੰਤ ਗੁਨਨ ਕੋ ਨਾਂਹਿ। ਕਛੁ ਐਸੀ ਬਿਧਿ ਕੀਜੀਏ ਜਜੋਂ ਸਭ ਮੋਹੇ ਜਾਂਹਿ। ਜਜੋਂ ਸਭ ਮੋਹੇ ਜਾਂਹਿ ਗ੍ਰੰਥ ਰਚੀਐ ਅਤਿ ਰੁਚਿ ਕਰ। ਆਗੇ ਭਯੋ ਨ ਹੋਇ ਔਰ ਭਾਖਾ ਮੈਂ ਸਰਬਰ। ਹੋ ਤੁਮ ਚਤੁਰ ਸੁਜਾਨ ਸਕਲ ਬਿਦ੍ਯਾ ਗੁਨ ਮੰਡਤ। ਕੀਜੈ ਵਹੈ ਉਪਾਇ ਜਾਂਹਿ ਰੀਝੈਂ ਸੁਨ ਪੰਡਤ। ੬।

ਦੋਹਰਾ—ਤਿਨਕੀ ਆਗ੍ਯਾ ਤੇ ਭਯੋ ਕਵਿ ਕੇ ਚਿੱਤ ਹੁਲਾਸ। ਚਤੁਰਦਾਸ ਛਤ੍ਰੀ ਬਹਲ ਬਰਨਜੋ ਚਿੱਤ੍ਰ ਬਿਲਾਸ। ੭। ਸੰਮਤ ਸਤ੍ਰਹ ਸੈ ਅਧਿਕ ਬੀਤੇ ਅਧਿਕ ਛਤੀਸ। ਕਾਤਿਕ ਸੁਦਿ ਨਵਮੀ ਸਤਿਥ ਬਾਰ ਚਾਰੁ ਦਿਨ ਈਸ। ੮।

ਸੋਰਠਾ—ਚੌਗਤਾ ਕੋ ਰਾਜ ਰਾਜਤ ਦੇਸਨ ਦੇਸ਼ ਮੈਂ। ਹੈਂ ਤਿਨਕੇ ਸਿਰਤਾਜ ਅਵਰੰਗ ਸ਼ਾਹ ਮਹਾਂਬਲੀ।

ਦੋਹਰਾ—ਤਿਨਕੇ ਸ਼ਹਿਰ ਬਡੇ ਬਡੇ ਅਪਨੀ ਅਪਨੀ ਠੌਰ। ਤਿਨ ਸਭ ਮੈਂ ਸਭ ਬਿਧ ਅਧਿਕ ਨਾਗਰ ਨਗਰ ਲਹੌਰ। ੧੦।

*'ਚਿਤ੍ਰ ਬਿਲਾਸ' ਦੀ ਲਿਖਤੀ ਨੁਸਖੇ ਵਿਚੋਂ ਜੋ ਨੁਸਖਾ ਕਿ ਸ੍ਰੀ ਮਾਨ ਸਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਦੇ ਸੰਚਯ ਵਿਚ ਹੈ।

[ਲਹੌਰ ਉਸਤਤ ।। ਕਬਿੱਤ ।।]

ਅਤਿ ਹੀ ਉਤੰਗ ਦੁਰਗ ਜਾਹਿ ਦੇਖ ਲਾਜੈ ਸੁਰਗ,
ਰਾਜੈਂ ਰਾਜ ਮੰਦਰ ਜੋ ਮੰਦਰ ਸਮਾਨ ਹੈਂ।
ਛੱਜਾ ਛਾਤ ਛਾਤਰੀ ਕਨਕ ਕੇ ਕਲਸ ਲਸੈਂ,
ਜਗਮਗ ਜਗਮਗ ਮਾਨੋ ਭੂਰ ਭਾਨ ਹੈਂ।
ਮਨਿਨਿ ਕੇ ਚੌਕਨ ਕੀ ਚਮਕ ਨ ਕਹੀ ਪਰਤ,
ਬੈਰਾਗਿਰ ਨਾਗਰ ਹੈਂ ਮਹਾਂ ਦਾਨ ਦਾਨ ਹੈ।
ਸਾਤੋਂ ਦੀਪ ਨਉਖੰਡ ਸ਼ੁਭ ਮੰਡ ਮੰਡਨ ਹੈ,
ਲਵਪੁਰ ਨਗਰ ਸੇ ਨਗਰ ਨ ਆਨ ਹੈ।੧੭।

ਪੁਨਃ—ਕਬਿੱਤ ।।

ਊਚੀ ਊਚੀ ਅਟਾ ਮਿਲ ਘਟਾ ਸੰਗ ਬਾਤੈਂ ਕਰੈਂ,
ਤਿਨ ਮੈਂ ਪਤਾਕਾ ਰੰਗ ਰੰਗ ਅਵਰੋਹੀਏ।
ਉਡ ਨ ਪਹੁਚੈ ਪੱਛ, ਜਤਨ ਕਰਤ ਲੱਛ,
ਲੱਛ ਲੱਛ ਭਾਵ ਉਮਰਾ ਨ ਆਨ ਟੋਹੀਏ।
ਚੌਪਖਾ ਅਟਾਰੀ ਬੰਕ ਦ੍ਵਾਰੀ ਔ ਤਿਵਾਰੀ ਭਾਰੀ,
ਦੇਖ ਚਿੱਤਸਾਰੀ ਚਿਤ ਕੌਨ ਕੋ ਨ ਮੋਹੀਏ।
ਲਵਪੁਰ ਨਗਰ ਮੈਂ ਬਰਰ ਬਜਾਰ ਐਸੇ,
ਜੈਸੇ ਲੋਕਾਲੋਕਨ ਕੇ ਪੁੰਨ ਫਲ ਜੋਹੀਏ।

---

੧੦੧. ਕੀਰਤ ਮੂਰਤੀ*।

ਦਰਸ਼ਨ ਨੈਣਾਂ ਨਾਲ ਹੁੰਦੇ ਹਨ ਤੇ ਮਨ ਦੀ ਧਯਾਨ ਸ਼ਕਤੀ ਵਿਚ ਟਿਕਦੇ ਹਨ। ਪਰ ਕੰਨਾਂ ਦੁਆਰਾ ਸੁਣ ਸੁਣ ਕੇ ਹਿਰਦੇ ਵਿਚ ਗੁਣਾਂ ਦੀ ਤਸਵੀਰ ਖਿਚਦੀ ਹੈ। ਸ੍ਰੀ ਗੁਰੂ ਜੀ ਦੇ ਸਰੀਰ ਦੇ ਦਰਸ਼ਨ ਅਜ ਨਹੀਂ ਹੋ ਰਹੇ ਪਰ ਉਨ੍ਹਾਂ ਦੇ ਗੁਣਾਂ ਦੀ ਮੂਰਤੀ ਐਉਂ ਅਸੀਂ ਮਨ ਦੇ ਨੈਣਾਂ ਨਾਲ ਵੇਖ ਸਕਦੇ ਹਾਂ।

ਗੁਰੂ (Guru)—ਸੰਸਾਰ ਦਾ ਰਚਨਹਾਰ ਹੀ 'ਗੁਰੂ' ਹੈ। ਸੰਸਾਰ ਦਾ ਰਚਨਹਾਰ, ਉਸ ਰਚਨਾਂ ਵਿਚ ਬੁੱਧੀ ਦਾ ਸਿਰਜਣਹਾਰ ਅਰ ਬੁੱਧੀ ਵਿਚ ਸੁਤੇ ਸਿਧਜਾ ਅਰ ਉਸ ਬੁੱਧੀ ਵਿਚ ਵਿਸ਼ੇਸ਼ ਸਿੱਖਜਾ ਸਿੱਖਣ ਦਾ ਮਾਦਾ ਪੈਦਾ ਕਰਨ ਵਾਲਾ ਹੈ। ਜੇ ਪਰਮੇਸ਼ੁਰ ਬੁੱਧੀ ਨਾਂ ਦੇਵੇ ਜਾਂ ਬੁੱਧੀ ਵਿਚ ਸਿੱਖਣ ਦਾ ਮਾਦਾ ਹੀ ਨਾ ਪਾਵੇ, ਯਾ ਪਾ ਕੇ ਕੁਛ ਵਿਘਨ ਕਰ ਦੇਵੇ ਤਦ ਸਿੱਖਜਾ ਦੇਣ ਵਾਲੇ ਕੁਛ ਨਹੀਂ ਸਿਖਾ ਸਕਦੇ। ਇਸ ਲਈ ਆਦਿ ਗੁਰੂ ਅਕਾਲ ਪੁਰਖ ਹੈ ਜੋ ਬੁੱਧੀ ਪ੍ਰਦਾਨ ਕਰਦਾ ਹੈ।

ਵਾਹਿਗੁਰੂ ਟਿਕੇ ਮਨਾਂ ਨੂੰ ਅਨੁਭਵ ਦੁਆਰਾ ਸਿੱਖਿਆ ਦੇਂਦਾ ਹੈ, ਵਾਹਿਗੁਰੂ ਜਗਿਆਸੂਆਂ ਨੂੰ ਆਪਣੇ ਸੁਸਿੱਖਜਤ ਪਿਆਰਿਆਂ ਦੇ ਰਸਤੇ ਸਿੱਖਿਆ ਦੇਂਦਾ ਹੈ, ਵਾਹਿਗੁਰੂ ਦੁਨੀਆਂ ਨੂੰ ਅਵਤਾਰਾਂ ਅਰਥਾਤ ਪੈਗ਼ੰਬਰਾਂ ਅਤੇ ਸੁਧਾਰ ਕਰਤਿਆਂ ਦੁਆਰਾ ਸਿੱਖਿਆ ਦੇਂਦਾ ਹੈ। ਸੁਧਾਰ ਕਰਤੇ ਤੇ ਅਵਤਾਰਾਂ ਦੀ ਸਿੱਖਿਆ ਉਥੋਂ ਤਾਈਂ ਲਿਜਾਂਦੀ ਹੈ ਕਿ ਜਿੱਥੇ ਜਾਕੇ ਅੰਤਹਕਰਣ ਸ਼ੁੱਧ ਹੋਕੇ ਵਾਹਿਗੁਰੂ ਦੇ ਅਨੁਭਵ ਤੋਂ ਸਿੱਧੀ ਸਿਖਜਾ ਲੈਣ ਦਾ ਅਧਿਕਾਰੀ ਹੋ ਜਾਂਦਾ ਹੈ। ਤਾਂ ਤੇ ਗੁਰੂ ਅਵਸਥਾ ਆਦਿ ਰੂਪ ਕਰਕੇ ਅਕਾਲ ਪੁਰਖ ਵਿਚ ਹੀ ਪੂਰਨ ਹੈ। ਫਿਰ ਵਾਹਿਗੁਰੂ ਦੀ ਬਖਸ਼ੀ ਅਵਤਾਰਾਂ ਤੇ ਸੁਧਾਰ ਕਰਤਿਆਂ ਨੂੰ ਸ਼ਕਤੀ ਹੁੰਦੀ ਹੈ ਜਿਸ ਨਾਲ ਉਹ ਜੀਵਾਂ ਨੂੰ ਸਿੱਖਿਆ ਦੇਕੇ ਉੱਨਤ ਕਰਦੇ ਹਨ। ਪਰ ਅਵਤਾਰ ਤੇ ਸੁਧਾਰ ਕਰਤੇ ਆਪ ਬੀ 'ਗੁਰੂ' ਦੇ ਮੁਥਾਜ ਹੋਏ ਅਰ ਉਨ੍ਹਾਂ ਨੇ ਗੁਰੂ ਤੋਂ ਸਿੱਖਜਾ ਪਾ ਕੇ ਉਪਦੇਸ਼ ਕੀਤਾ। ਕਿੰਤੂ 'ਗੁਰੂ' ਪਦ ਜੋ ਸਤਿਗੁਰ ਨਾਨਕ ਨੂੰ ਮਿਲਿਆ, ਇਹ ਅਵਤਾਰ-ਸ਼ਿਰੋਮਣ ਇਸ ਕਰਕੇ ਹੈ ਕਿ ਇਨ੍ਹਾਂ ਨੂੰ ਗੁਰੂ ਦੀ ਲੋੜ ਨਹੀਂ ਪਈ, ਅਕਾਲ ਪੁਰਖ ਨੇ ਆਪ ਗੁਰੂ ਹੋਕੇ ਸਿੱਧਾ ਅਨੁਭਵ ਦੁਆਰਾ ਇਨ੍ਹਾਂ ਨੂੰ ਸੁਸਿੱਖਜਤ ਕਰਕੇ ਭੇਜਿਆ, ਇਸੇ ਕਰਕੇ ਗੁਰੂ ਨਾਨਕ ਜੀ ਨੇ ਕਿਹਾ:—

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ
ਗੁਰ ਮਿਲਿਆ ਸੋਈ ਜੀਉ ।। [ਸੋਰਠ ਮਃ ੧

ਪੁਨਃ 'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ।'

ਵੇਈਂ ਵਿਚ ਪ੍ਰਵੇਸ਼, ਸੋਦਰ ਤੇ ਆਰਤੀ ਦਾ ਉਚਾਰ ਦੱਸਦੇ ਹਨ ਕਿ ਵਾਹਿਗੁਰੂ ਆਪ ਦਾ ਗੁਰੂ

*ਇਹ ਲੇਖ ੧੬ ਪਹ ਸੰ: ਨਾ: ਬਾ: ੪੪੦ (੨੩ ਦਸੰਬਰ ੧੯੦੮) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਹੈ। ਆਪ ਵਾਹਿਗੁਰੂ ਜੀ ਦੀ ਕੀਮਤ ਕੂਤ ਫਿਲਸਫੇ ਤੇ ਮਜ਼ਹਬ ਦੇ ਹਿਸਾਬਾਂ ਤੋਂ ਲੰਘ ਕੇ ਅਮੋਲਕਤਾ ਵਿਚ ਦੇਖਦੇ ਸਨ, ਇਸ ਕਰਕੇ ਅਸਚਰਜ ਅਦਭੁਤ, ਵਿਸਮਾਦ ਦੇ ਰੰਗ ਰੰਗੇ ਰਹਿੰਦੇ ਸਨ ਤੇ ਸਿਫਤ ਸਲਾਹ ਨੂੰ ਰਾਹ ਦੱਸਦੇ ਸਨ। ਇਸ ਕਰਕੇ ਅਪਣੇ ਰੱਬ ਦਾ ਨਾਉਂ ਵਾਹਿਗੁਰੂ ਦੱਸਦੇ ਸਨ 'ਵਾਹਿ ਨਾਮ ਅਚਰਜ ਕੋ ਹੋਈ ॥ ਅਚਰਜ ਤੇ ਪਰ ਉਕਤਿ ਨ ਕੋਈ' ॥ ਇਸੇ ਕਰਕੇ ਉਨ੍ਹਾਂ ਨੇ ਅਕਾਲ ਪੁਰਖ ਦਾ ਨਾਮ 'ਵਾਹਿਗੁਰੂ' ਰੱਖਿਆ । ਇਸੀ ਤਰ੍ਹਾਂ ਦਸਮੇ ਜਾਮੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗੁਰੂ ਦਾ ਪਤਾ ਆਪ ਦੱਸਿਆ:—

"ਆਦਿ ਅੰਤ ਏਕੈ ਅਵਤਾਰਾ ॥
ਸੋਈ ਗੁਰੂ ਸਮਝੀਅਹੁ ਹਮਾਰਾ"

ਫਿਰ ਗੁਰੂ ਪਦ ਵਿਚ ਵਾਹਿਗੁਰੂ ਦੀ ਅਤਜੰਤ ਸਮੀਪਤਾ ਯਾ ਅਭੇਦਤਾ ਪਰ ਵਾਹਿਗੁਰੂ ਦਾ ਵਾਕ ਆਪ ਫੁਰਮਾਉਂਦੇ ਹਨ:—

"ਮੈਂ ਅਪਨਾ ਸੁਤ ਤੋਹਿ ਨਿਵਾਜਾ,
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥"

ਇਨ੍ਹਾਂ ਅਰ ਹੋਰ ਵਾਕਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਸਾਹਿਬਾਨ ਜੀ ਸਿੱਧੇ ਅਕਾਲ ਪੁਰਖ ਦੇ ਸਿੱਖ ਸੇ ਅਰ ਉਸ ਦੇ ਥਾਪੇ ਹੋਏ ਸੰਸਾਰ ਦੇ ਗੁਰੂ ਸੇ,ਇਸ ਕਰਕੇ ਅਵਿਤਾਰ ਸ਼ਿਰੋਮਣ ਸੇ। ਹੁਣ ਉਨ੍ਹਾਂ ਦੇ ਗੁਰੂ ਪਦ ਦਾ ਕਰਤੱਵ ਵੇਖੀਏ। ਗੁਰੂ ਉਹ ਹੈ ਜੋ ਜੀਵ ਨੂੰ ਸੁਧਾਰ ਕੇ, ਸਾਧ ਕੇ, ਵਾਹਿਗੁਰੂ ਦਾ ਸ਼ਬਦ ਪ੍ਰਦਾਨ ਕਰਕੇ ਸਿਰਜਣਹਾਰ ਨਾਲ ਮਿਲਾ ਦੇਵੇ। ਇਹ ਕਰਤੱਵ ਨਵੇਂ ਗੁਰੂ ਸਾਹਿਬਾਨ ਜੀ ਕਰਦੇ ਆਏ ਅਰ ਦਸਵੇਂ ਗੁਰੂ ਜੀ ਨੇ ਬੀ ਕੀਤੇ । ਬਾਲਪਣੇ ਵਿਚ ਹੀ ਗੱਦੀ ਤੇ ਬਿਰਾਜਕੇ ਉਪਦੇਸ਼ ਸ਼ੁਰੂ ਕੀਤਾ। ਭਾਈ ਨੰਦ ਲਾਲ ਵਰਗੇ ਅਰਬੀ ਫਾਰਸੀ ਦੇ ਆਲਮ, ਅਭਿਆਸੀ ਸੂਫੀ ਮਤ ਦੇ ਜਾਣੂੰ, ਸਾਰੇ ਜਹਾਨ ਦੇ ਸੁਧਾਰ ਕਰਤਿਆਂ ਨੂੰ ਵੇਖ ਕੇ, ਅਵਤਾਰਾਂ ਦੇ ਮਤਾਂ ਨੂੰ ਖੋਜਕੇ,ਪੈਗੰਬਰਾਂ ਦੇ ਪੁਸਤਕ ਪੜਤਾਲ ਕੇ ਸ਼ਾਂਤ ਨਾ ਹੋਏ, ਠੰਢ ਜੇ ਪਈ ਤਦ ਪੂਰੇ ਸਤਿ-ਗੁਰੂ ਸ੍ਰੀ ਕਲਗੀਧਰ ਜੀ ਨੇ ਪਾਈ।ਉਹ ਸਾਈਂ ਦੇ ਅਗੰਮ ਦਾ ਦਰਵਾਜ਼ਾ ਇਨ੍ਹਾਂ ਨੇ ਖੋਲ੍ਹਿਆ। ਸਾਹਿਬ ਰਾਮ ਕੌਰ ਵਰਗੇ ਪੰਡਤ ਇਸ ਦਰੋਂ ਆ ਕੇ ਠਰੇ। ਭਾਈ ਨਨੂਆ, ਭਾਈ ਕਨ੍ਹੱਯਾ ਆਦਿਕ ਬ੍ਰਹਮ ਗਿਆਨੀ ਏਥੇ ਆ ਕੇ ਅੰਤਰ ਰਜਾਨ ਪਾਕੇ ਠੰਢੇ ਹੋਏ । ਭਾਈ ਚੰਦ ਵਰਗੇ ਸ਼ਾਇਰ ਨੇ ਅੱਖੀਂ ਵੇਖ ਕੇ ਮਹਿਮਾ ਕੀਤੀ। ਕਵੀ ਸੈਨਾਪਤ ਤੇ ਹੋਰ ਅਨੇਕ ਵਿਦ੍ਵਾਨਾਂ, ਕਵੀਆਂ ਤੇ ਗੁਣੀਆਂ ਨੇ ਅੱਖੀਂ ਵੇਖ ਕੇ ਜਸ ਗਾਵੇਂ। ਗੁਰੂ ਜੀ ਐਸੇ ਪ੍ਰਿਅ ਗੁਰੂ ਸੇ ਕਿ ਸਿੱਖ ਜਾਨਾਂ ਦੇਂਦੇ ਤੇ ਸੀਸ ਭੇਟ ਕਰਦੇ ਸੇ। ਇਕੇਰਾਂ ਡੱਲੇ ਨੇ ਆਪਣੀ ਫੌਜ ਦੇ ਪਿਆਰ ਦੀ ਮਹਿਮਾ ਕਹੀ। ਗੁਰੂ ਨੇ ਕਿਹਾ: ਜਾਹ ਕੋਈ ਆਦਮੀ ਲਿਆ, ਜਿਸ ਨੂੰ ਅਸੀਂ ਆਪਣੀ ਨਵੀਂ ਬੰਦੂਕ ਦਾ ਨਿਸ਼ਾਨਾ ਬਣਾਈਏ। ਡੱਲੇ ਦੀ ਸਾਰੀ ਫੌਜ ਖਿਸਕ ਗਈ, ਪਰ ਗੁਰਾਂ ਦੇ ਦੋ ਸਿੱਖ ਸੁਣਦੇ ਸਾਰ ਹੀ ਦੌੜੇ ਆਏ।ਦੋਵੇਂ ਕਹਿਣ ਕਿ ਮੈਨੂੰ ਮਾਰੋ। ਇਸ ਤੋਂ ਸਾਫ ਪ੍ਰਗਟ ਹੈ ਕਿ 'ਗੁਰੂ-ਸ਼ਕਤੀ' ਨੇ ਸਿੱਖਾਂ ਨੂੰ ਕਿੱਥੋਂ ਤਕ ਖਿੱਚ ਲਿਆ ਹੋਇਆ ਸੀ। ਇਹ ਕੋਈ ਮਾਮੂਲੀ ਗਲ ਨਹੀਂ ਸੀ। ਗੁਰੂ ਦੇ ਸ਼ਬਦ ਦੀ ਦਾਤ ਨੇ ਸਿੱਖਾਂ ਨੂੰ ਸ਼ਬਦ ਵਿਚ ਪੂਰੇ ਕੇ ਗੁਰੂ ਦੇ ਚਰਨਾਂ ਵਿਚ ਲੀਨ ਕਰ ਰਖਿਆ ਹੋਇਆ ਸੀ। ਸ੍ਰੀ ਗੁਰੂ ਜੀ ਨੇ ਸਿੱਖਾਂ ਨੂੰ ਅੰਮ੍ਰਤ ਛਕਾਇਆ, ਮੰਤ੍ਰ ਦਿੱਤਾ, ਗੋਇਆ ਗੁਰੂ ਪੁਣੇ ਦਾ ਅਧਿਕਾਰ ਜੋ ਵਾਹਿਗੁਰੂ ਵਲੋਂ ਆਪ ਨੂੰ ਪ੍ਰਾਪਤ ਸੀ, ਪੂਰਾ ਵਰਤਿਆ । ਫਿਰ ਸੰਗਤ ਵਿਚ ਜੋ ਵਾਹਿਗੁਰੂ ਦਾ ਅਸਲ ਰੂਪ ਆਪ ਵਸਾ-ਇਆ ਸਾਨੇ ਉਸ ਰੂਪ ਨੂੰ ਦੇਖਦੇ ਸਨ, ਉਸ ਨੂੰ ਵੱਡਾ ਸਮਝਦੇ ਸਨ, ਇਸ ਲਈ ਪੰਜਾਂ ਦੀ ਸੰਗਤ ਬਣਾ ਕੇ ਆਪ ਅੰਮ੍ਰਤ ਛਕ ਕੇ ਅਮਲੀ ਤੌਰ ਤੇ ਸੰਗਤ ਦੀ ਵਡਿਆਈ ਦਿਖਾ ਦਿੱਤੀ । ਆਪ ਇਕੱਲਿਆਂ ਅੰਮ੍ਰਿਤ ਛਕਾ ਕੇ ਦਿਖਾ ਦਿੱਤਾ ਕਿ ਮੈਂ ਇਕੱਲਾ ਪੂਰਨ ਗੁਰੂ ਹਾਂ। ਫਿਰ ਆਪ ਛਕ ਕੇ ਦਿਖਾ ਦਿੱਤਾ ਹੈ—

ਇਕ ਸਿੱਖ ਦੋਇ ਸਾਧ ਸੰਗ, ਪੰਜੀਂ

ਪਰਮੇਸਰ ਦਾ ਅਸੂਲ ਪਰਪੱਕ ਅਸੂਲ ਹੈ। ਹਾਂ,ਪੰਜਾਂ ਵਿਚ ਪਰਮੇਸ਼ਰ ਦਾ ਰੂਪ ਵੇਖਕੇ ਗੁਰੂਸਿੱਖੀ ਵਾਲਾ ਨਾਤਾ ਕਰਦਾ ਹੈ। ਗੁਰੂ ਜੀ ਨੇ ਗੁਰੂ ਪਦ ਵਿਚ ਨਾਮ ਦਾ ਉਹ ਛੱਟਾ ਦਿੱਤਾ ਜੋ ਪਹਿਲੇ ਗੁਰੂ ਜੀ ਦੇਂਦੇ ਰਹੇ ਸੇ। ਬਾਣੀ ਕਈ ਪ੍ਰਕਾਰ ਦੀ ਰਚੀ ਪਰ ਉਹ ਸ਼ਾਂਤਮਈ ਬੀ ਰਖੀ, ਜੈਸੇ ਕਿ ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਵਿਚ ਰਲੀ ਪਛਾਣੀ

ਨਹੀਂ ਜਾ ਸਕਦੀ। ਉਸ ਬਾਣੀ ਵਿਚ ਕੇਵਲ ਇਕ ਵਾਹਿਗੁਰੂ ਦਾ ਪਿਆਰ ਦ੍ਰਿੜ੍ਹ ਕਰਾਇਆ। ਅਵਤਾਰਾਂ ਵਿਚ ਬੀ ਲੋਸ਼ ਅਵਿਦਯਾ ਰਹਿ ਜਾਂਦੀ ਹੈ, ਪਰ ਸ੍ਰੀ ਗੁਰੂ ਜੀ ਗੁਰੂ ਸੇ, ਉਨ੍ਹਾਂ ਨੇ ਮੈਂ ਮੈਂ ਨਹੀਂ ਕੀਤੀ, ਡੰਕੇ ਦੀ ਚੋਟ ਲੋਕਾਂ ਨੂੰ ਸੱਚਾ ਸਾਧਨ ਦੱਸਿਆ।

ਸਾਚ ਕਹਉਂ ਸਨ ਲੇਹੁ ਸਭੈ ਜਿਨ ਪ੍ਰੇਮ ਕੀਓ
ਤਿਨਹੀ ਪ੍ਰਭ ਪਾਇਓ ॥'

ਆਪਣੀ ਅਤੀਤਾ ਕਹਿਕੇ ਦਿਖਾ ਦਿੱਤੀ:—

'ਜੋ ਹਮ ਕੋ ਪਰਮੇਸਰ ਉਚਰ ਹੈ॥ਤੇ ਨਰ ਨਰਕ ਕੁੰਡ ਮੈਂ ਪਰ ਹੈ॥ 'ਮੈਂ ਹੂੰ ਪਰਮ ਪੁਰਖ ਕੋ ਦਾਸਾ॥ ਦੇਖਨ ਆਇਓ ਜਗਤ ਤਮਾਸਾ ॥'

ਪੁਨਾ—'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ'। ਐਸੇ ਵਾਕ ਉਨ੍ਹਾਂ ਦੀ ਹਉਮੈਂ ਅਤੀਤਤਾ ਦੇ ਸੂਚਕ ਹਨ।

ਸੋ ਪਹਿਲਾ ਦਰਸ਼ਨ ਹੈ ਉਨ੍ਹਾਂ ਦਾ 'ਗੁਰੂ'। ਪੂਰਨ ਗੁਰੂ। ਗੁਰੂ ਮੁਰਸ਼ਿਦ ਤੇ ਉਸਤਾਦ ਦੇ ਨਿਰੇ ਅਰਥਾਂ ਵਿਚ ਨਾ, ਪਰ ਪੈਗ਼ੰਬਰਾਂ ਅਵਿਤਾਰਾਂ ਤੋਂ ਸ਼ਿਰੋਮਣ ਪੂਰਨ ਰੁਰੱਤ ਦੀ ਪਦਵੀ ਦੇ ਭਾਵ ਵਾਲਾ ਪਦ 'ਗੁਰੂ'। ਯਾਦ ਰਹੇ ਕਿ ਜਿਤਨੇ ਅਵਤਾਰ ਤੇ ਪੈਗ਼ੰਬਰ ਆਏ ਉਹ ਗੁਰ ਜੋਤੀ ਦੇ ਤਾਬਿਆ ਆਏ। ਅੰਤ ਕਲਿਜੁਗ ਵਿਚ ਜੋਤੀ ਅਵਤਰਣ ਹੋਈ ਉਸ ਦਾ ਨਾਮ ਗੁਰ ਨਾਨਕ ਹੋਇਆ, ਜੋ ਦਸਾਂ ਜਾਮਿਆਂ ਵਿਚ ਪ੍ਰਕਾਸ਼ ਦੇਂਦੀ ਰਹੀ। (ਵਿਸ਼ੇਸ਼ ਲਈ ਦੇਖੋ ਜਪੁਜੀ ਦੇ ਟੀਕੇ ਦੀ ਉਥਾਨਕਾ ਕ੍ਰਿਤ ਸ਼ੰਕਰ ਦਿਆਲ ਜੀ ਫੈਜ਼ਾਬਾਦੀ।

ਅਵਤਾਰ (Prophet) ਦੂਸਰਾ ਦਰਸ਼ਨ ਸਤਿਗੁਰਾਂ ਦੇ ਅਵਤਾਰ ਹੋਣ ਦਾ ਹੈ। ਜੇ ਤਾਂ ਇਹ ਕਿਹਾ ਜਾਵੇ ਕਿ ਪਰਮੇਸ਼ਰ ਮਨੁਖ ਜੂਨ ਵਿਚ ਪੈਕੇ ਗੁਰੂ ਗੋਬਿੰਦ ਸਿੰਘ ਬਣ ਗਿਆ, ਤਦ ਉਨ੍ਹਾਂ ਦੇ ਵਾਕ ਦੇ ਵਿਰੁੱਧ ਹੈ ਪਰ:—

''ਗੁਰ ਨਾਨਕ ਦੇਵ ਗੋਬਿੰਦ ਰੂਪ।'

ਦੇ ਵਾਕ ਅਨੁਸਾਰ ਗੁਰੂ ਸਾਹਿਬ ਅਵਤਾਰ ਸਨ।

ਭਾਈ ਗੁਰਦਾਸ ਦੂਜਾ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ, ਬੜਾ ਕਵੀ ਤੇ ਪੰਡਿਤ ਸੀ, ਉਸ ਨੇ ਗੁਰੂ ਗੋਬਿੰਦ ਸਿੰਘ ਜੀ ਬਾਬਤ ਕਿਹਾ ਹੈ:—

''ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ (ਸਿੰਘ) ਸੂਰਾ॥

ਅਵਤਾਰ ਦਾ ਅਰਥ ਇਹ ਕਿ ਜੋ ਵਾਹਿਗੁਰੂ ਦਾ ਪਿਆਰਾ ਸੱਚ ਖੰਡ ਤੋਂ ਮਾਤ ਲੋਕ ਵਿਚ ਅਵਤਰੇ। ਐਸੇ ਆਵਨ ਵਾਲੇ ਦਾ ਪ੍ਰਯੋਜਨ ਸੰਸਾਰ ਦੀ ਕਲਜਾਣ ਹੁੰਦਾ ਹੈ। ਯਾ ਖਾਸ ਬਿਪਤਾ ਜਗਤ ਵਿਚ ਹੁੰਦੀਆਂ ਹਨ, ਯਾ ਖਾਸ ਧਰਮ ਦੀ ਗਿਲਾਨੀ ਪੈਦਾ ਹੋ ਜਾਂਦੀ ਹੈ, ਉਸਦੇ ਦੂਰ ਕਰਨ ਲਈ ਕੋਈ ਪੂਰਨ ਪੁਰਸ਼ ਪ੍ਰਗਟ ਹੁੰਦਾ ਹੈ, ਉਸਦਾ ਪ੍ਰਯੋਜਨ ਉਸ ਵਕਤ ਦੇ ਦੁਖ ਨੂੰ ਦੂਰ ਕਰਨਾ ਖਾਸ ਕਰਕੇ ਹੁੰਦਾ ਹੈ। ਇਹ ਜੋਤ ਜੋ ਗੁਰੂ ਕਹਿਲਾਈ ਅਵਤਾਰਾਂ ਤੋਂ ਵਾਧਾ ਇਹ ਰੱਖਦੀ ਸੀ ਕਿ ਇਹ ਸੰਸਾਰ ਦਾ ਪਰਮ ਹਨੇਰਾ ਦੂਰ ਕਰਨ ਲਈ ਆਈਸੀ। ਕੇਵਲ ਉਸ ਸਮੇਂ ਦੀ ਖਾਸ ਮੁਸ਼ਕਲ ਦੂਰ ਕਰਨਾ ਹੀ ਪ੍ਰਯੋਜਨ ਨਹੀਂ ਸੀ, ਪਰ ਮਨੁੱਖ ਮਾਤ੍ਰ ਨੂੰ ਸਦਾ ਲਈ ਵਿਸ਼ੇਸ਼ ਗਯਾਨ ਦੇ ਰਹਿਰੇ ਭੇਤ ਦੱਸਣੇ ਸਨ। ਸੋ ਇਸ ਵਿਸ਼ੇਸ਼ ਕਾਰਜ ਕਰਕੇ ਗੁਰੂ ਸੇ, ਪਰ ਜੋ ਸਾਧਾਰਨ ਅਵਤਾਰ ਯਾ ਰਸੂਲ ਦਾ ਧਰਮ ਹੈ ਕਿ ਸਮੇਂ ਦੀ ਖਾਸ ਔਕੜ ਨੂੰ ਦੂਰ ਕਰੇ, ਅਧਰਮ ਨੂੰ ਵਿਧ੍ਵੰਸ ਕਰੇ, ਇਹ ਉਨ੍ਹਾਂ ਦੇ ਅਵਤਾਰ ਦੇ ਅਧਿਕਾਰ ਦਾ ਕੰਮ ਨਹੀਂ। ਇਸ ਵੇਲੇ ਬਿਦੇਸ਼ੀ ਜ਼ਾਲਮਾਂ ਨੇ ਰਾਜ ਪਾਕੇ ਪਰਜਾ ਉਤੇ ਅਤਯਾਚਾਰ ਚੁੱਕਿਆ ਹੋਇਆ ਸੀ, ਅਰ ਦੁਖੀ ਪਰਜਾ ਹਾਵੇ ਭਰ ਰਹੀ ਸੀ। ਧਰਮ ਦੇ ਆਗੂ ਅਵਿਦਯਾ, ਲਾਲਚ ਅਰ ਧੱਕੇ ਨਾਲ ਜ਼ਾਲਮ ਹੋ ਰਹੇ ਸਨ। ਇਨ੍ਹਾਂ ਤੋਂ ਪਰਜਾ ਦੀ ਰਖਯਾ ਕਰਾਉਣ ਲਈ ਅਵਤਾਰ ਦੀ ਲੋੜ ਸੀ। ਇਸ ਲਈ ਸ਼੍ਰੀ ਗੁਰੂ ਜੀ ਨੇ ਅਵਤਾਰ ਧਾਰਿਆ ਅਰ ਇਸੇ ਖਿਆਲ ਪਰ ਉਨ੍ਹਾਂ ਨੂੰ ਆਮ ਤੌਰ ਤੇ ਅਵਤਾਰ ਕਿਹਾ ਜਾਂਦਾ ਹੈ। ਸ਼੍ਰੀ ਗੁਰੂ ਜੀ ਨੇ ਆਪਣੇ ਵਕਤ ਵਿਚ ਉਹ ਸਾਮਾਨ ਪੈਦਾ ਕੀਤਾ ਕਿ ਜਿਸ ਕਰਕੇ ਸਮੇਂ ਦਾ ਕਲੇਸ਼ ਪੂਰੀ ਤਰ੍ਹਾਂ ਨਵਿਰਤ ਹੋਵੇ। ਜ਼ੁਲਮ, ਪਾਪ, ਅੰਧੇਰ ਦਾ ਨਾਸ਼ ਕੀਤਾ। ਇਸ ਕਾਰਜ ਦੇ ਕਰਨ ਵਿਚ ਸ਼੍ਰੀ ਗੁਰੂ ਜੀ ਨੇ ਦੋ ਤਰ੍ਹਾਂ ਨਾਲ ਕਾਰਜ ਕਰਨਾ ਸੀ, ਇਸ ਕਰਕੇ ਉਨ੍ਹਾਂ ਦੇ ਦੋ ਹੋਰ ਪਦ ਪੈਦਾ ਹੋਏ, ਇਕ 'ਸੁਧਾਰ ਕਰਤਾ', ਦੂਸਰੇ 'ਜੋਧਾ'।

ਸੁਧਾਰ ਕਰਤਾ (Reformer)—ਜੈਸੇ ਪੂਰਨ ਗੁਰੂ ਸੇ, ਵੈਸੇ ਹੀ ਸ਼੍ਰੀ ਗੁਰੂ ਜੀ ਪੂਰਨ ਸੁਧਾਰ ਕਰਤਾ

ਸੋ। ਸੁਧਾਰ ਕਰਤਾ ਉਸ ਨੂੰ ਕਹਿੰਦੇ ਹਨ, ਜੋ ਆਪਣੇ ਸਮੇਂ ਆਪਣੇ ਇਰਦ ਗਿਰਦ ਦੇ ਲੋਕਾਂ ਵਿਚੋਂ ਪ੍ਰਚਲਤ ਕੁਰੀਤੀਆਂ ਦੂਰ ਕਰੇ ਅਰ ਸੁਰੀਤੀਆਂ ਨੂੰ ਫੈਲਾ ਦੇਵੇ। ਕਿਉਂਕਿ ਸ਼੍ਰੀ ਗੁਰੂ ਜੀ ਗੁਰੂ ਸੇ, ਅਵਤਾਰ ਸੇ; ਐਸਾ ਹੋਣ ਕਰਕੇ ਨਿਰੋਲ ਪ੍ਰੇਮ ਦਾਤੇ ਸੇ। ਸੋ ਆਪ ਐਸਾ ਤ੍ਰੀਕਾ ਅਖਤਿਆਰ ਕਰਕੇ ਸੁਧਾਰ ਕਰਤਾ ਬਣੇ ਕਿ ਧੱਕੇ ਨਾਲ ਕਿਸੇ ਨੂੰ ਨਹੀਂ ਸੁਧਾਰਿਆ। ਆਪ ਨੇ ਪ੍ਰੇਮ ਉਪਦੇਸ਼ ਨਾਲ ਜਗਤ ਦੇ ਹਨੇਰੇ ਨੂੰ ਸਾਫ ਕੀਤਾ ਹੈ। ਜਿਹਾਕੁ, ਬੁਤ ਪ੍ਰਸਤੀ ਦੇ ਹਟਾਉਣ ਵਾਲੇ ਮੱਲੋ ਮੱਲੀ ਬੁਤ ਤੋੜਦੇ ਤੇ ਧਰਮ ਖੀਨ ਕਰਦੇ ਰਹੇ, ਗੁਰੂ ਜੀ ਬੁੱਤ ਪ੍ਰਸਤੀ ਚੰਗੀ ਨਹੀਂ ਸੇ ਆਖਦੇ, ਪਰ ਆਪ ਨੇ ਹੱਥਾਂ ਨਾਲ ਪੱਥਰਾਂ ਦੇ ਬੁੱਤ ਕਦੇ ਨਹੀਂ ਤੋੜੇ; ਅਪਣੀ ਉਪਦੇਸ਼ ਸ਼ਕਤੀ ਨਾਲ ਆਪ ਨੇ ਬੁੱਤ ਪ੍ਰਸਤਾਂ ਦੇ ਦਿਲਾਂ ਤੋਂ ਬੁੱਤ ਕੱਢ ਦਿੱਤੇ ਤੇ ਓਹਨਾਂ ਨੇ ਫੇਰ ਪੱਥਰਾਂ ਦੇ ਬੁੱਤ ਆਪੇ ਛੋੜ ਦਿੱਤੇ। ਜਿਨ੍ਹਾਂ ਨੇ ਬੁੱਤ ਹਥੌੜੇ ਨਾਲ ਤੋੜੇ ਓਹ ਕਾਮਜਾਬ ਨਾ ਹੋਏ, ਕਿਉਂਕਿ ਦਿਲਾਂ ਵਿਚ ਬੁਤਖਾਨੇ ਰੱਖਣ ਵਾਲਿਆਂ ਨੇ ਫੇਰ ਬੁਤ ਘੜ ਲਏ ਤੇ ਬੁਤਖਾਨੇ ਬਣਾ ਲਏ, ਪਰ ਗੁਰੂ ਜੀ ਦੇ ਦਿਲ ਮੰਦਰਾਂ ਤੋਂ ਤੇੜੇ ਬੁੱਤ ਤੇ ਉਹਨਾਂ ਦੀ ਥਾਂ ਵਸਾਏ ਸ਼ਬਦ ਦੇ ਰੰਗ ਐਸੇ ਜੰਮੇ ਕਿ ਫੇਰ ਓਹ ਦਿਲ ਨਿਰੰਕਾਰ ਦੇ ਮੰਦਰ ਬਣੇ। ਐਉਂ ਆਪ ਬੁਤ ਸ਼ਿਕਨ ਸੇ ਓਹ ਦਿਲਾਂ ਤੋਂ ਅਨੀਤੀਆਂ, ਕੁਰੀਤੀਆਂ ਕੱਢਦੇ ਸੇ, ਪਰ ਪ੍ਰੇਮ, ਅਪਣੀ ਵਾਕ ਸੱਤਾ ਅਤੇ ਰੂਹ ਦੀ ਸ਼ਕਤੀ ਨਾਲ। ਉਨ੍ਹਾਂ ਦੇ ਉਪਦੇਸ਼ ਵਿਚ ਐਸੀ ਸ਼ਕਤੀ ਸੀ ਕਿ ਜੀਵਨ ਨੂੰ ਪਲਟਾ ਦੇਂਦੀ ਸੀ, ਉਨ੍ਹਾਂ ਦੇ ਦਰਸ਼ਨ ਵਿਚ ਉਹ ਖਿੱਚ ਸੀ ਕਿ ਜੀਵ ਉਨ੍ਹਾਂ ਦਾ ਪ੍ਰੇਮੀ ਹੋਕੇ ਉਨ੍ਹਾਂ ਦੇ ਵਾਕਾਂ ਤੋਂ ਬਾਹਰ ਤੁਰਨ ਦਾ ਅਪ੍ਰੇਮ ਨਹੀਂ ਕਰ ਸਕਦਾ ਸੀ। ਸਿੱਖਾਂ ਵਿਚ ਇੰਨਾ ਪ੍ਰੇਮ ਸੀ ਕਿ ਉਨ੍ਹਾਂ ਵਿਚ ਤਾਬ ਨਹੀਂ ਸੀ ਕਿ ਆਖਾ ਨਾ ਮੰਨਦੇ। ਇਹ ਉਨ੍ਹਾਂ ਦੇ ਪ੍ਰੇਮ ਅਰ ਉਪਦੇਸ਼ ਦਾ ਪ੍ਰਭਾਵ ਸੀ। ਇਸੇ ਕਰਕੇ ਉਨ੍ਹਾਂ ਦਾ ਸੁਧਾਰ ਗਹਿਰਾ ਅਸਰ ਵਾਲਾ ਅਰ ਪੱਕੀ ਤਾਸੀਰ ਵਾਲਾ ਹੁੰਦਾ ਸੀ। ਆਪਣੇ ਵਕਤ ਵਿਚ ਸੁਧਰੇ ਹੋਏ ਲੋਕਾਂ ਦੀ ਗਿਣਤੀ ਗੁਰੂ ਸਾਹਿਬ ਨੇ ਆਂਧੇ ਕ੍ਰੋੜ ਤੋਂ ਵਧੀਕ ਕਰ ਦਿੱਤੀ ਸੀ। ਅਰ ਆਮ ਲੋਕ ਜੋ ਤਾਸੀਰ ਪਾ ਗਏ, ਅਨੇਕ ਸਨ। ਅੱਜ ਤੱਕ ਉਨ੍ਹਾਂ ਦੇ ਸੁਧਾਰ ਦਾ ਆਮ ਅਸਰ ਪੰਜਾਬ ਵਿਚ ਹੈ। ਚੌਂਕੇ ਦੀ ਛੂਤ, ਜ਼ਾਤ ਨਾ ਹੋਣੀ, ਜ਼ਾਤਾਂ ਦੇ ਮਿਲਵਰਤਣ, ਵਿਧਵਾ ਦੇ ਵਿਵਾਹ ਦੀ ਖੁੱਲ੍ਹ, ਹਿੰਦੂ ਮੁਸਲਮਾਨ ਦਾ ਇੱਕੋ ਪਰਮੇਸ਼ੁਰ ਦਾ ਨਾਂ ਲੈਣਾ, ਦਇਆ ਦਾਨ, ਸਫਾ ਦਿਲੀ ਪੰਜਾਬ ਵਿਚ ਗੁਰੂ ਸਾਹਿਬਾਂ ਦੀ ਮਿਹਨਤ ਦਾ ਫਲ ਹਨ। ਹੁਣ ਤਕ ਵਲੈਤ ਹੋ ਆਏ ਬੰਗਾਲੀ ਨੂੰ ਬੰਗਾਲੀ ਛੋਕ ਦੇਂਦੇ ਹਨ, ਪਰ ਪੰਜਾਬੀ ਕੁਛ ਵਿਚਾਰ ਨਹੀਂ ਕਰਦੇ। ਤ੍ਰੀਮਤਾਂ ਦੀ ਅਧੋਗਤੀ, ਵਿਧਵਾ ਨਾਲ ਜ਼ੁਲਮ, ਪੰਜਾਬ ਵਿਚ ਓਹ ਨਹੀਂ ਹਨ, ਜੋ ਬੰਗਾਲੇ ਵਿਚ ਹਨ। ਸਤੀ ਦੀ ਰਸਮ ਰੋਕਣੀ, ਧੀ ਮਾਰਨੀ ਬੰਦ ਕਰਨੀ, ਧੀ ਵੇਚਣੀ ਮਨ੍ਹਾਂ ਕਰਨੀ, ਏਹ ਸਾਰੇ ਖਿਆਲ ਪੰਜਾਬ ਵਿਚ ਗੁਰੂ ਸਾਹਿਬਾਂ ਨੇ ਫੈਲਾਏ। ਇਸ ਪ੍ਰਕਾਰ ਧਾਰਮਿਕ, ਭਾਈਚਾਰਕ, ਵਿਦਯਕ ਸੁਧਾਰ ਗੁਰੂ ਜੀ ਨੇ ਐਸੇ ਉੱਚੇ ਕੀਤੇ ਕਿ ਜਿਸ ਦੀ ਨਜ਼ੀਰ ਨਹੀਂ ਮਿਲ ਸਕਦੀ।

ਜੋਧਾ (General)—ਗੁਰੂ ਗੋਤ੍ਰ ਪਹਿਲੇ ਉਪਦੇਸ਼ ਨਾਲ ਲੋਕਾਂ ਨੂੰ ਪਾਪ ਤੋਂ ਕੱਢਕੇ ਵਾਹਿਗੁਰੂ ਨਾਲ ਮੇਲਦੇ ਰਹੇ, ਪਰ ਦੂਸਰਾ ਅਧਿਕਾਰ ਅਵਤਾਰ ਹੋਣ ਦੀ ਹੈਸੀਅਤ ਵਿਚ ਉਸ ਖਾਸ ਵਕਤ ਦੇ ਸੰਕਟ ਨਿਵਿਰਤ ਕਰਨ ਦਾ ਸੀ, ਜਿਸ ਦੇ ਦੋ ਸਾਧਨ ਸਨ, ਸੁਧਾਰ ਤੇ ਜੰਗ, ਸੋ ਵੀ ਗੁਰੂ ਜੀ ਕਰਦੇ ਰਹੇ। ਪਹਿਲੇ ਜ਼ਾਲਮ ਮਜ਼ਲੂਮ ਦੋਹਾਂ ਨੂੰ ਸਮਝਾਇਆ ਸਿਖਾਇਆ, ਪਰ ਜਦ ਡਿੱਠਾ ਕਿ—

'ਦੁਹੂੰ ਪੰਥ ਮੈਂ ਕਪਟ ਵਿਦਯਾ ਚਲਾਨੀ'

ਤਦ ਜ਼ਰੂਰ ਹੋਇਆ ਕਿ:—

'ਬਹੁਰ ਤੀਸਰਾ ਪੰਥ ਕੀਜੈ ਪ੍ਰਧਾਨੀ'॥

ਜੋ ਲੋਕ ਸੁਧਰ ਚੁਕੇ ਸੇ, ਉਨ੍ਹਾਂ ਨੂੰ ਪ੍ਰਧਾਨ ਬਣਾ ਕੇ ਇਨਸਾਫ ਦੇ ਪਦ ਪਰ ਲਿਆਉਣ ਦੀ ਲੋੜ ਸੀ। ਇਸ ਕਾਰਜ ਲਈ ਪਹਿਲਾ ਤਾਂ ਦੁਵੱਲੀ ਉਪਦੇਸ਼ ਕੀਤੇ, ਪਰ ਜਦ ਲਾਲਚ ਆਂਟਿਆਂ ਨੂੰ ਜ਼ੁਲਮ ਤੋਂ ਟਲਦਿਆਂ ਨਾਂ ਡਿੱਠਾ ਤਦ ਹੋਰ ਰਸਤਾ ਫੜਿਆ। ਹਾਂ, ਜਦ ਸਾਫ ਦਿੱਸ ਗਿਆ ਸੀ ਕਿ ਪਰਜਾ ਦੀ ਸਦੀਆਂ ਦੀ ਖਿਮਾਂ ਨੇ ਹਾਕਮਾਂ ਵਿਚ ਜ਼ੁਲਮ ਨੂੰ ਘਟਾਇਆ ਨਹੀਂ, ਤਦ ਕੇਵਲ ਉਪਦੇਸ਼ ਤੋਂ ਛੁਟ ਏਸ ਗੱਲ ਦੀ ਬੀ ਲੋੜ ਸੀ ਕਿ ਸਮੇਂ ਸਿਆ ਕਰਾਉਣ ਵਾਲਾ ਮਜ਼ਲੂਮ ਦੀ ਥਾਂ

ਆਪਣੀ ਜਾਨ ਪਰ ਖੇਡ ਜਾਣ ਤਕ ਦੀ ਕੁਰਬਾਨੀ ਲਈ ਤਿਆਰ ਹੋਵੇ। ਇਸ ਲਈ ਸਤਿਗੁਰਾਂ ਨੂੰ ਕੁਰਬਾਨੀ ਕਰਨੀ ਤੇ ਸਿਖਲਾਉਣੀ ਪਈ। ਪਹਿਲੇ ਵਾਂਙੂ ਸ਼ਾਂਤ ਰਹਿਕੇ ਕੁਰਬਾਨ ਹੋਣ ਵਾਲਾ ਜੰਤ੍ਰ ਤਾਂ ਵਰਤੀਜਿਆ ਜਾ ਚੁਕਾ ਸੀ*, ਪਰ ਉਹ ਕਾਰਗਰ ਨਹੀਂ ਸੀ ਹੋਇਆ, ਤੇ ਆਪਣੇ ਰਾਜ ਭਾਗ ਲਈ ਲੜਨਾ ਕੁਰਬਾਨੀ ਨਹੀਂ ਸੀ, ਇਸ ਕਰਕੇ ਦੁਖੀ ਦੀਨ ਦੀ ਰਖਜਾ ਕਰਨੀ ਅਰ ਉਸ ਪਰਹਿਤ ਵਿਚ ਜਾਨ ਦੇ ਦੇਣੀ, ਏਸ ਕੁਰਬਾਨੀ ਦੀ ਲੋੜ ਆ ਪਈ ਸੀ।ਇਹੋ ਸਤਿਗੁਰਾਂ ਨੇ ਕੀਤੀ ਤੇ ਸਿਖਾਈ। ਪਰ ਰਖਜਾ ਵਿਚ ਮੁਕਾਬਲੇ ਦੀ ਲੋੜ ਹੁੰਦੀ ਹੈ, ਇਸ ਲਈ ਸੀਸ ਦੇਣ ਤੋਂ ਪਹਿਲੇ ਸਾਮ੍ਹਣਾ ਕਰਨ ਦੀ ਜਾਚ ਦੱਸਣੀ ਜ਼ਰੂਰੀ ਸੀ, ਉਹ ਜਾਚ ਰਣ ਵਿਦਜਾ ਯਾ ਜੁੱਧ ਦੀ ਜਾਚ ਸੀ, ਇਸ ਵਿਚ ਇਕ ਭਾਰੇ ਜੋਧੇ ਦੀ ਲੋੜ ਸੀ। ਉਹ ਜੋਧਾ ਗੁਰੂ ਜੀ ਆਪ ਬਣੇ। ਉਹ ਜਿਸਨੂੰ ਆਪ ਗੁਰੂ ਵੇਖ ਆਏ ਹੋ, ਅਵਤਾਰ ਵੇਖ ਆਏ ਹੋ, ਸੁਧਾਰ ਕਰਤਾ ਤੇ ਉਪਦੇਸ਼ਕ ਵੇਖ ਆਏ ਹੋ, ਹੁਣ ਜੋਧਾ ਕਰਕੇ ਵੇਖੋ! ਆਪ ਨੇ ਤਲਵਾਰ ਧਾਰੀ, ਸਿੱਖਾਂ ਦੀ ਕਾਇਆਂ ਪਲਟੀ, ਉਨ੍ਹਾਂ ਵਿਚ ਬੀਰ ਰਸ ਭਰਿਆ। ਜੁੱਧ ਵਿਦਜਾ ਦੀ ਉਹ ਪ੍ਰਬੀਨਤਾ ਗੁਰੂ ਜੀ ਵਿਚ ਸੀ ਕਿ ਸਦੀਆਂ ਦੀ ਪੈਰਾਂ ਹੇਠਾਂ ਰੁਲਦੀ ਨਿਤਾਣੀ ਪਰਜਾ ਅੱਖ ਝਮਕਣ ਵਿਚ ਬੀਰ ਬਾਂਕੁਰੀ ਤੇ ਜੋਧਾ ਕਰ ਦਿੱਤੀ। ਇਕ ਅੰਗ੍ਰੇਜ਼ ਜੋ ਸਿੱਖਾਂ ਦਾ ਇਤਿਹਾਸ ਜ਼ਰਾ ਮਖੌਲਾਂ ਨਾਲ ਲਿਖਦਾ ਹੈ ਗੁਰੂ ਜੀ ਦੀ ਮਹਿੰਮਾ ਕਰਨੋਂ ਰੁਕ ਨਹੀਂ ਸਕਦਾ। ਉਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਜਰਨੈਲੀ ਯਾ ਜੁੱਧ ਵਿਦਜਾ ਵਿਚ ਉਹ ਲਿਆਕਤ ਸੀ ਕਿ ਆਪ ਨੇ ਆਪਣੇ ਦਿਮਾਗ਼ ਵਿਚੋਂ ਝੱਟ ਪੱਟ ਤਿਆਰ ਬਰ-ਤਿਆਰ ਖਾਲਸਾ ਐਉਂ ਉਤਪਤ ਕਰ ਦਿੱਤਾ ਕਿ ਜਿਕੂੰ ਜੁਪੀਟਰ ਦੇਵਤਾ ਨੇ ਆਪਣੇ ਸਿਰ ਵਿਚੋਂ (ਨੌ-ਜਵਾਨ) ਦੇਵੀ ਮਿਨਰਵਾ ਪੈਦਾ ਕੀਤੀ ਸੀ। ਭਾਵ ਇਹ ਕਿ ਬੀਰ ਰਸ ਦੀ ਰੂਹ ਫੂਕ ਕੇ ਇਕ ਦਮ ਇਕ ਜੋਧਾ ਕੌਮ ਬਣਾ ਲਈ। ਇਹ ਮੰਤ੍ਰ ਕੋਈ ਹੋਰ ਨਹੀਂ ਸੀ ਜਾਣਦਾ। ਗੁਰੂ ਜੀ ਦੀ ਜੰਗੀ ਲਿਆਕਤ, ਜੋਧਾ ਹੋਣ ਦੀ ਪ੍ਰਬੀਨਤਾ ਕਿਧਰੇ ਲੁਕੀ ਹੋਈ ਨਹੀਂ। ਜਿਕੂੰ ਗੁਰੂ ਹੋਕੇ ਰੂਹਾਂ ਨੂੰ ਵਾਹਿਗੁਰੂ ਵਿਚ ਮਿਲਾਇਆ, ਜਿਕੂੰ ਅਵਤਾਰ ਹੋਕੇ ਸੰਕਟ ਹਰੇ, ਜਿਕੂੰ ਸੁਧਾਰ ਕਰਤਾ ਹੋ ਕੇ ਸੁਧਾਚਾਰ ਅਰ ਸੁਰੀਤਿ ਫੈਲਾਈ ਉਸੇ ਤਰ੍ਹਾਂ ਜੋਧਾ ਹੋਕੇ ਇਕ ਐਸੀ ਕੌਮ ਪੈਦਾ ਕੀਤੀ ਕਿ ਜਿਸ ਦੀ ਬੀਰਤਾ ਦੀ ਕੀਰਤੀ ਇੰਸ ਵੇਲੇ ਤਕ ਸਾਰੇ ਸੰਸਾਰ ਵਿਚ ਪਸਰ ਰਹੀ ਹੈ। ਗੁਰੂ ਜੀ ਦਾ ਇਕ ਫਕੀਰੀ ਦੀ ਹਾਲਤ ਵਿਚ ਮੁਗ਼ਲੀਆ ਸਲਤਨਤ ਦੇ ਟਾਕਰੇ ਦੀ ਕੌਮ ਤੇ ਸਾਮਾਨ ਪੈਦਾ ਕਰਨਾ ਅਰ ਉਨ੍ਹਾਂ ਦੇ ਰਾਜ ਵਿਚ ਰਹਿਕੇ ਕਰਨਾ ਅਰ ਉਨ੍ਹਾਂ ਨੂੰ ਸ਼ਿਕਸਤਾਂ ਦੇਕੇ ਉਨ੍ਹਾਂ ਦੇ ਰਾਜ ਵਿਚ ਨਿਰਭੈ ਵੱਸਣਾ ਦੱਸਦਾ ਹੈ ਕਿ ਐਸਾ ਜੋਧਾ ਸੰਸਾਰ ਨੇ ਕਦੇ ਪੈਦਾ ਨਹੀਂ ਕੀਤਾ। ਤੁਸੀਂ ਜਾਣਦੇ ਹੋ ਕਿ ਆਰਯਾ ਸ਼ਿਖਾਂ ਨਾਲ ਖੁਣਸਦੇ ਹਨ, ਪਰ ਇਕ ਦੌਲਤ ਰਾਮ ਆਰੀਯਾ ਨੇ ਗੁਰੂ ਜੀ ਦਾ ਜੀਵਨ ਲਿਖਿਆ ਹੈ, ਉਸਨੇ ਰਾਮਚੰਦ੍ਰ, ਕ੍ਰਿਸ਼ਨ, ਮੁਹੰਮਦ, ਈਸਾ ਸਭ ਤੋਂ ਗੁਰੂ ਜੀ ਨੂੰ ਵੱਡਾ ਲਿਖਿਆ ਹੈ. ਬਲਕੇ ਇਥੋਂ ਤਕ ਕਿਹਾ ਹੈ ਕਿ ਹਿੰਦੂ ਜਾਤੀ ਇਸ ਕਰਕੇ ਬਜ਼ੁਰਗ ਹੈ ਕਿ ਉਸ ਵਿਚ ਗੁਰੂ ਗੋਬਿੰਦਸਿੰਘ ਜੀ ਹੋਏ,ਜਿਨ੍ਹਾਂ ਦੀ ਨਜ਼ੀਰ ਕੋਈ ਕੌਮ ਪੇਸ਼ ਨਹੀਂ ਕਰ ਸਕਦੀ।

ਹੁਣ ਜੋਧਾ ਹੋਣ ਵਿਚ ਕਈ ਆਖਦੇ ਹਨ ਕਿ ਗੁਰੂ ਜੀ ਆਪ ਕਾਮਯਾਬ ਕਿਉਂ ਨਾ ਹੋਏ? ਇਕ ਅੰਗ੍ਰੇਜ਼ ਇਤਿਹਾਸਕਾਰ* ਲਿਖਦਾ ਹੈ ਕਿ ਇਹ ਇਤਰਾਜ਼ ਗ਼ਲਤ ਹੈ। ਗੁਰੂ ਜੀ ਨੇ ਜੋ ਵਿਉਂਤ ਸੋਚੀ, ਜਿਸਦੀ ਨੀਂਹ ਲਾਈ, ਉਹ ਗ਼ਲਤੀ ਤੋਂ ਰਹਿਤ ਸੀ, ਉਹ ਠੀਕ ਸਿਰੇ ਚੜ੍ਹੀ, ਪਰ ਅਪਣੇ ਠੀਕ ਵਕਤ ਸਿਰ ਫਲ ਲਿਆਈ।

ਉਨ੍ਹਾਂ ਦਾ ਮਤਲਬ ਮੁਲਕਗੀਰੀ ਨਹੀਂ ਸੀ, ਉਹ ਦੀਨਾਂ ਦੀ ਰਖਜਾ ਕਰਨੀ ਚਾਹੁੰਦੇ ਸੇ। ਇਸ ਲਈ ਦੀਨਾਂ ਦੇ ਗਿਰਦ ਆਪਣੀ ਪਿਆਰੀ ਕੌਮ ਦੀ ਅਟੁੱਟ ਵਾੜ ਦੇਣੀ ਚਾਹੁੰਦੇ ਸੇ, ਸੋ ਦਿੱਤੀ ਗਈ ਅਰ ਜ਼ੁਲਮ ਰਾਜ ਦਾ ਗਿਰਾਉ ਹੋ ਗਿਆ, ਅਰ ਉਨ੍ਹਾਂ ਦੀ ਕੁਰਬਾਨੀ ਵਾਲੇ ਬੀਜਾਂ ਦੇ ਹੱਥੋਂ ਦੁਖੀ ਪਰਜਾ ਨੂੰ ਸੁਤੰਤ੍ਰਤਾ ਨਸੀਬ ਹੋਈ।

ਜੋਧਾ ਹੋਣ ਦਾ ਕੰਮ ਗੁਰੂ ਜੀ ਦੇ ਵਾਸਤੇ ਬਹੁਤ

*ਪੰਜਵੇਂ ਨਾਵੇਂ ਸਤਿਗੁਰਾਂ ਦੇ ਸਾਕ।

*ਕਨਿੰਘੰਮ।

ਨਾਜ਼ਕ ਸੀ। ਆਪ ਗੁਰੂ ਸੇ, ਅਵਤਾਰ ਸੇ, ਸੁਧਾਰ ਕਰਤਾ ਸੇ, ਆਪ ਪਾਸੋਂ ਪ੍ਰੇਮ ਦੇ ਵਿਰੁੱਧ, ਧਰਮ ਦੇ ਵਿਰੁੱਧ ਅਰ ਸਦਾਚਾਰ ਦੇ ਵਿਰੁੱਧ ਕੋਈ ਕੰਮ ਹੋਣਾ ਭਾਵੇਂ ਜ਼ਰਨੈਲੀ ਹੈਸੀਅਤ ਨੂੰ ਵਧਾ ਦੇਂਦਾ, ਪਰ ਗੁਰੂ-ਅਵਤਾਰ ਤੇ ਸੁਧਾਰਕ ਦੋਣ ਦੀ ਪਦਵੀ ਨੂੰ ਨੀਵਾਂ ਕਰ ਦਿੰਦਾ, ਇਸ ਕਰਕੇ ਆਪਦੀ ਬੀਰਤਾ ਦੀ ਨਦੀ ਪ੍ਰੇਮ, ਧਰਮ ਤੇ ਸਦਾਚਾਰ ਦੀਆਂ ਹੱਦਾਂ ਦੇ ਅੰਦਰ ਅੰਦਰ ਵਗਦੀ ਰਹੀ। ਨਿਰਾ ਲੜਨਾ ਹੀ ਖੂਬੀ ਨਹੀਂ ਦੱਸਿਆ, ਪਰ ਦੀਨਾਂ ਦੀ ਰਖਜਾ ਵਿਚ ਜੰਗ ਕਰਦੇ ਮਰ ਜਾਣਾ ਬੀਰਤਾ ਦੱਸੀ। ਜੁੱਧ ਨੂੰ ਜੁੱਧ ਦੀ ਖ਼ਾਤਰ ਕਰਨਾ ਨਹੀਂ ਦੱਸਿਆ ਪਰ ਜਦ ਹੋਰਨਾਂ ਵਸੀਲਿਆਂ ਨਾਲ ਕੁਝ ਨਾ ਬਣੇ ਤਾਂ ਤਲਵਾਰ ਫੜਨੀ ਹਲਾਲ ਦੱਸੀ*। ਦੀਨ, ਦੁਖੀਆਂ ਇਸਤ੍ਰੀਆਂ, ਬੱਚਿਆਂ, ਸ਼ਰਨਾਗਤਾਂ ਪਰ, ਚਾਹੇ ਵੈਰੀ ਹੋਣ ਤਲਵਾਰ ਚੁੱਕਣੀ ਹਰਾਮ ਕੀਤੀ। ਹਾਰੇ ਵੈਰੀ ਨੂੰ ਕੋਹਣਾ ਮਨ੍ਹਾਂ ਕੀਤਾ। ਕਦੇ ਧੱਕਾ ਨਹੀਂ ਕੀਤਾ, ਕਤਲਾਮ ਨਹੀਂ ਕੀਤੀ, ਕਦੇ ਦੁੱਖ ਨਹੀਂ ਦਿੱਤਾ, ਹਾਰੇ ਵੈਰੀ ਦੇ ਮਗਰ ਪੈਣੋਂ ਸਿੰਘਾਂ ਨੂੰ ਰੋਕਦੇ ਰਹੇ। ਇਸਤ੍ਰੀ ਬੱਚੇ ਵੈਰੀਆਂ ਦੇ ਜੇ ਹੱਥ ਆਏ ਤਾਂ ਇੱਜ਼ਤ ਨਾਲ, ਪਿਆਰ ਨਾਲ ਬਚਾਏ।

ਇਸ ਨਾਜ਼ਕ ਕੰਮ ਨੂੰ ਜਿਸ ਖ਼ੂਬੀ ਨਾਲ ਨਿਬਾਹਿਆ ਹੈ, ਕੋਈ ਧਰਮ ਦਾ ਆਗੂ ਕਦੇ ਨਹੀਂ ਨਿਬਾਹ ਸਕਿਆ।ਪ੍ਰੇਮ, ਧਰਮ, ਸਦਾਚਾਰ ਆਪਣਾ ਤੇ ਸਿਖਾਂ ਦਾ ਕਾਇਮ ਰਹੇ ਅਰ ਫੇਰ ਤਲਵਾਰ ਆਪਣੇ ਵੈਰੀ ਦੇ ਸਾਹਮਣੇ ਟੱਕਰ ਪਵੇ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਤਾਕਤ ਦਾ ਕੰਮ ਸੀ।

ਨੀਤੀ ਵੇਤਾ (Statesman)—ਅਗਲਾ ਦਰਸ਼ਨ ਗੁਰੂ ਜੀ ਦਾ ਅਸੀਂ ਨੀਤੀਵੇਤਾ ਦੀ ਹੈਸੀਅਤ ਵਿਚ ਕਰਦੇ ਹਾਂ। ਜੋ ਤਲਵਾਰ ਫੜਦਾ ਹੈ ਉਸ ਨੂੰ ਨੀਤੀ ਦੀ ਅਵੱਸ਼ਕਤਾ ਪੈਂਦੀ ਹੈ। ਜੇ ਗੁਰੂ ਜੀ ਨੀਤੀਵੇਤਾ ਨਾ ਹੁੰਦੇ ਤਦ ਤਲਵਾਰ ਫੜਕੇ ਕਾਮਯਾਬ ਨਾ ਹੁੰਦੇ। ਨੀਤੀ ਦੀ ਕਮੀ ਤਲਵਾਰ ਨੂੰ ਵੈਰੀ ਦੇ ਹੱਥ ਦੇਕੇ ਆਪਣਾ ਹੀ ਗਲਾ ਕਟਵਾ ਦੇਂਦੀ ਹੈ, ਸੋ ਉਹ ਪੂਰਨ ਲੋਕ ਜਿੱਕੂ ਹੋਰ ਗੱਲੇ ਪੂਰਨ ਸੇ ਇਸ ਵਿਚ ਬੀ ਪੂਰਨ ਸੇ। ਪਹਿਲੀ ਨੀਤੀ ਤਾਂ ਇਹ ਸੀ ਕਿ ਜੰਗ ਦਾ ਕੰਮ ਪ੍ਰੇਮ, ਧਰਮ, ਸਦਾਚਾਰ ਦੇ ਵਿਚ ਰੱਖਿਆ, ਇਹ ਸਭ ਤੋਂ ਕਠਨ ਨੀਤੀ ਸੀ। ਸਿੱਖਾਂ ਦਾ ਪਹਿਰ ਰਾਤ ਰਹਿੰਦੀ ਉੱਠਣਾ, ਭਜਨ ਕਰਨਾ, ਉਪਕਾਰ ਕਰਨਾ, ਵੈਰਾਗੀ ਤੇ ਵਿਵੇਕੀ ਰਹਿਣਾ, ਲੋੜ ਬਣੇ ਤਾਂ ਦੀਨਾਂ ਦੀ ਖ਼ਾਤਰ ਆਪਣੇ ਭੁਜ ਬਲ ਨਾਲ ਰਖਜਾ ਕਰਨੀ, ਰਖਜਾ ਵਿਚ ਜੰਗ ਦੀ ਸਾਰੀ ਅਕਲ ਵਰਤਣੀ, ਆ ਬਣੇ ਤਾਂ ਸਨਮੁਖ ਹੋਕੇ ਸੀਸ ਦੇਣਾ, ਅਰ ਸੀਸ ਦੇਂਦਿਆਂ ਰੰਚਕ ਦੁੱਖ ਨਾ ਮੰਨਣਾ, ਇਹ ਧਰਮ ਨੀਤੀ ਸੀ ਜੋ ਸਤਿਗੁਰ ਨੇ ਸਿਖਾਈ। ਦੂਸਰੇ ਵੈਰੀਆਂ ਨਾਲ ਰਖਜਾ ਦਾ ਵਰਤਾਉ ਸਿਖਾਇਆ, ਦਾਉ ਘਾਉ ਸਮਝਣੇ ਦੱਸੇ। ਆਪ ਖਬਰ ਵੈਰੀ ਦੀ ਪੂਰੀ ਰਖਦੇ ਸੇ, ਨਦੀ ਪਹਾੜਾਂ ਦਾ ਲਾਭ ਪੂਰਾ ਉਠਾਉਂਦੇ ਸੇ, ਅਨੰਦਪੁਰੀ ਦੀ ਕਿਲਾ ਬੰਦੀ ਐਸੀ ਸੀ ਕਿ ਦੁਸ਼ਮਨ ਦਾ ਯਕਬਯਕ ਗ਼ਾਲਬ ਆ ਜਾਣਾ ਕਠਨ ਕੰਮ ਸੀ। ਆਪਣੀ ਫੌਜ ਨੂੰ ਖਾਸ ਕਿਸਮ ਦੀ ਆਪਣੀ ਰਚੀ ਕਵਾਇਦ ਸਿਖਾਈ, ਜਿਸ ਕਰਕੇ ਉਹਨਾਂ ਦਾ ਭੁਜ ਬਲ ਬਹੁਤਾ ਹੀ ਲਾਭਦਾਇਕ ਹੋ ਗਿਆ। ਉਸ ਕਵਾਇਦ ਦੇ ਬੋਲੇ ''ਹਰਨ, ਛਹਿ, ਕੱਛ, ਅੜੰਗ'' ਆਦਿਕ ਅੱਜ ਤੱਕ ਸਿੱਖਾਂ ਦੇ ਯਾਦ ਹਨ। ਗੁਰੂ ਜੀ ਨੀਤੀ, ਦਾਨਾਈ, ਅਰ ਮੁਕੰਮਲ ਪ੍ਰਬੀਨਤਾ ਨੂੰ ਸਮਝਦੇ ਸਨ। ਅੱਜ ਕਲ ਦੇ ਸਮੇਂ ਵਾਂਗੂੰ ਕਪਟ ਤੇ ਫਰੇਬ ਦਾ ਨਾਮ ਨੀਤੀ ਨਹੀਂ ਰੱਖਦੇ ਸੇ, ਇਸੇ ਕਰਕੇ ਉਨ੍ਹਾਂ ਦੇ ਜੁੱਧ ਸਨਮੁਖ ਬੀਰਤਾ ਤੇ ਹਠ ਦੇ ਭਰੇ ਹੋਏ ਅਰ ਸਖਤ ਜ਼ੋਰਦਾਰ ਹੁੰਦੇ ਸੇ। ਉਨ੍ਹਾਂ ਦੀ ਨੀਤੀ ਸੱਚ ਪਰ ਸੀ ਅਰ ਸਚੀ ਦਾਨਾਈ ਪਰ ਸੀ। ਉੱਚੀ ਅਕਲ, ਦੂਰ ਦੀ ਸੋਝੀ, ਦਿਮਾਗੀ ਕਮਾਲ ਉਨ੍ਹਾਂ ਦੀ ਨੀਤੀ ਸੀ। ਝੂਠ ਉਨ੍ਹਾਂ ਦੀ ਨੀਤੀ ਵਿਚ ਕਦੇ ਨਹੀਂ ਸੀ।

ਰਾਜਾ (Ruler)—ਨੀਤੀ ਤੇ ਜੰਗ ਦੇ ਵਰਤਾਉ ਵਾਲੇ ਨੂੰ ਰਾਜ ਕਰਨਾ ਜ਼ਰੂਰੀ ਹੁੰਦਾ ਹੈ। ਗੁਰੂ ਜੀ ਨੇ ਕਿਸੇ ਇਲਾਕੇ ਤੇ ਕਬਜ਼ਾ ਨਹੀਂ ਕੀਤਾ, ਪਰ ਮਾਖੋਵਾਲ ਦਾ ਇਲਾਕਾ ਜਿੰਨਾ ਪਿਤਾ ਜੀ ਦੀ ਜ਼ਰਖਰੀਦ ਸੀ, ਉਸ ਦਾ ਪ੍ਰਬੰਧ ਨਿਆਉਂ ਨਾਲ ਕਰਦੇ ਸੇ। ਗੁਰੂ ਜੀ ਆਪਣੀ ਨਿੱਕੀ ਜਿਹੀ ਅਨੰਦ ਪੁਰੀ ਅਰ ਇਰਦ ਗਿਰਦ ਦੀ ਪਰਜਾ ਦਾ ਨਿਆਉਂ ਤੇ ਪਾਲਨ ਐਸਾ ਕਰਦੇ ਸੇ ਕਿ ਕੋਈ ਰਾਜਾ ਨਹੀਂ

*ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬਰਦਨ ਬਸ਼ਮ਼ਸ਼ੇਰ ਦਸਤ ॥

ਕਰ ਸਕਦਾ। ਇਹੋ ਕਾਰਨ ਸੀ ਕਿ ਦੂਸਰੇ ਰਾਜਿਆਂ ਦੀ ਪਰਜਾ ਇਨ੍ਹਾਂ ਦੇ ਇਲਾਕੇ ਵਿਚ ਆਕੇ ਵਸਦੀ ਸੀ। ਇਸੇ ਕਰਕੇ ਦੂਰ ਦੂਰ ਦੇ ਦੁਖੀ ਇਥੇ ਪਨਾਹ ਲੈਂਦੇ ਅਰ ਸੁਖ ਪਾਉਂਦੇ। ਬੜੇ ਬੜੇ ਕਵੀ ਪੰਡਤ ਸੂਫੀ ਫਕੀਰ ਸਤਾਏ ਹੋਏ ਇਥੇ ਆਕੇ ਟਿਕੇ ਤੇ ਰਹੇ। ਅਨੰਦ ਪੁਰ ਦੇ ਇਰਦਾ ਗਿਰਦ ਐਸਾ ਨੇਕ ਪ੍ਰਬੰਧ ਹੁੰਦਾ ਸੀ ਕਿ ਸੋਨਾ ਉਛਾਲਦੇ ਲੈ ਜਾਓ ਕੋਈ ਤੱਕ ਨਹੀਂ ਸਕਦਾ ਸੀ। ਰਵਾਲਸਰ ਦੇ ਮੇਲੇ ਪਰ ਗੁਰੂ ਜੀ ਦਾ ਅਰੋਗਤਾ ਦਾ ਪ੍ਰਬੰਧ ਐਸਾ ਅੱਛਾ ਸੀ ਕਿ ਲਖਾਂ ਦੀ ਭੀੜ ਦੇ ਹੋਇਆਂ ਬੀ ਬੀਮਾਰੀ ਨਹੀਂ ਪਈ, ਦੰਡ ਬੀ ਸਖਤ ਨਹੀਂ ਸੀ, ਸਫਾਈ ਦਾ ਬੰਦੋਬਸਤ ਪੂਰਾ ਸੀ। ਜੋ ਆਦਮੀ ਇਨ੍ਹਾਂ ਸਰਬ ਸੁਖਦਾਈ ਕਾਇਦਿਆਂ ਨੂੰ ਤੋੜਦਾ ਸੀ ਉਸ ਨੂੰ ਓਥੋਂ ਦੇ ਜਥੇਦਾਰ ਦੇ ਪੇਸ਼ ਹੋਕੇ ਹਲਕਾ ਜਿਹਾ ਦੰਡ ਮਿਲਦਾ ਸੀ। ਇਸ ਪ੍ਰਬੰਧ ਨੇ ਲੋਕਾਂ ਨੂੰ ਸੁਖੀ ਰੱਖਿਆ ਅਰ ਪ੍ਰੇਮ ਦੀ ਸਮਝੌਤੀ ਨੇ ਸੁਖੀ ਕਰ ਦਿੱਤਾ। ਫਿਰ ਇਕ ਗਲ ਆਪ ਦੀ ਖੁੱਲ ਦਿਲੀ ਦੀ ਇਹ ਹੈ ਕਿ ਅਨੰਦਪੁਰ ਵਸਦੇ ਹਰ ਪ੍ਰਾਣੀ ਨੂੰ ਅਪਣੇ ਧਰਮ ਦੀ ਪੂਰੀ ਪੂਰੀ ਖੁਲ੍ਹ ਦੇ ਰੱਖੀ ਸੀ।

ਪੰਡਤ (Scholar)—ਰਾਜਾ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਵਿਦਯਾ ਦੀ ਕਦਰ ਕਰੇ। ਵਿਦਯਾ ਦੀ ਕਦਰ ਓਹੋ ਠੀਕ ਕਰ ਸਕਦਾ ਹੈ ਜੋ ਆਪ ਪੰਡਤ ਹੋਵੇ। ਗੁਰੂ ਜੀ ਆਤਮ ਤਤਵੇਤਾ ਹੋਣ ਕਰਕੇ ਸੁਤੇ ਸਿੱਧ ਬ੍ਰਹਮ ਗਿਆਨੀ ਸੇ, ਅਰ ਸਰਬ ਵਿਦਯਾ ਦੇ ਮਾਲਕ ਸੇ। ਬ੍ਰਹਮ ਵਿਦਯਾ ਤਾਂ ਗੁਰੂ ਅਵਤਾਰ ਵਿਚ ਕੁਦਰਤੀ ਬਾਤ ਸੀ; ਸੰਸਾਰਕ ਵਿਦਯਾ ਵਿਚ ਵੀ ਗੁਰੂ ਜੀ ਪ੍ਰਬੀਨ ਸੇ। ਫਾਰਸੀ, ਸੰਸਕ੍ਰਿਤ, ਅਰਬੀ ਆਦਿ ਦੇ ਪੱਕੇ ਜਾਣੂੰ ਸੇ। ਇਸੇ ਵਿਦਯਾ ਦੀ ਕਦਰਦਾਨੀ ਪਿੱਛੇ ਇਨ੍ਹਾਂ ਦੇ ਦਰਬਾਰ ਵਿਚ ਬੜੇ ਬੜੇ ਕਵੀ ਤੇ ਪੰਡਤ ਆ ਜੁੜੇ। ਕਈ ਤਾਂ ਤੁਰਕਾਂ ਤੋਂ ਸਤ ਕੇ ਪਨਾਹ ਲੈਣ ਜਾ ਬੈਠੇ ਅਰ ਕਈ ਵੈਸੇ ਹੀ ਕਦਰਦਾਨ ਜਾਣਕੇ ਪਹੁੰਚੇ। ਵਿਦਯਾ ਦਾ ਚਰਚਾ ਬਹੁਤ ਹੋ ਗਿਆ। ਬੜੇ ਬੜੇ ਸੰਸਕ੍ਰਿਤ ਤੇ ਅਰਬੀ ਦੇ ਪੁਸਤਕ ਦੇਸੀ ਬੋਲੀ ਵਿਚ ਤਰਜਮਾ ਹੋ ਗਏ, ਪੁਸਤਕਾਲੇ ਪੁਸਤਕਾਂ ਨਾਲ ਭਰ ਗਏ। ਗੁਰੂ ਜੀ ਹਰ ਰੋਜ਼ ਖਾਸ ਵਕਤ ਵਿਦਵਾਨਾਂ ਦੀ ਸਭਾ ਨੂੰ ਦਿਆ ਕਰਦੇ ਸਨ। ਵਿਦਯਾ ਦੇ ਭੰਡਾਰ ਜੋ ਸੰਸਕ੍ਰਿਤ ਵਿਚ ਲੁਕੇ ਪਏ ਸੇ ਹਿੰਦੀ ਬੋਲੀ ਵਿਚ ਤਰਜਮੇ ਕਰਵਾਕੇ ਆਮ ਲੋਕਾਂ ਦੇ ਲਾਭ ਲਈ ਤਜਾਰ ਕਰਵਾ ਦਿਤੇ ਤੇ ਲੱਖਾਂ ਰੁਪੈ ਇਸ ਕਾਰਜ ਪੁਰ ਖਰਚ ਕੀਤੇ।

ਪੰਡਤ ਹੋਣ ਤੋਂ ਛੁਟ ਗੁਰੂ ਜੀ—

ਕਵੀ (Poet)—ਬੀ ਪੂਰੇ ਸੇ, ਆਪ ਦੀ ਕਵਿਤਾ ਜੋ ਸ਼ਾਂਤਿ ਰਸ ਦੀ ਹੈ, ਉਹ ਤਾਂ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਤੁੱਲਜ ਹੈ। ਜੋ ਬੀਰ ਰਸ ਦੀ ਹੈ ਉਹ ਕਿਸੇ ਹਿੰਦੀ ਕਵੀਸ਼ੁਰ ਤੋਂ ਸਿਰ ਕੱਢਣੋਂ ਨਹੀਂ ਅਟਕਦੀ। ਬਾਣੀ ਪੜ੍ਹਦਿਆਂ ਪੜ੍ਹਦਿਆਂ ਜੋਸ਼ ਆ ਜਾਂਦਾ ਅਰ ਹਥ ਕਥਣਿਆਂ ਪੁਰ ਜਾ ਟਿਕਦੇ ਹਨ। ਐਸੀ ਕੜਾਕੇਦਾਰ ਰਚਨਾ ਹੈ ਕਿ ਮੁਰਦੇ ਵਿਚ ਬਲ ਭਰ ਦੇਂਦੀ ਹੈ। ਆਪ ਦੀ ਰਚਨਾ ਅਲੰਕਾਰਾਂ, ਰੂਪਕਾਂ, ਬਜੰਜਨਾਂ, ਧੁਨੀਆਂ, ਲੱਛਨਾਂ ਨਾਲ ਐਸੀ ਪੂਰਤ ਹੈ ਕਿ ਜੇ ਕੇਵਲ ਰਚਨਾਂ ਹੀ ਲਈ ਜਾਏ ਤਦ ਬੀ ਆਪਣੇ ਸਮੇਂ ਦੇ ਬੜੇ ਵੱਡੇ ਮਹਾਂ ਪੁਰਖ ਹੋਏ ਹਨ। ਆਪ ਦੀ ਰਚਨਾਂ ਵਿਚ ਲਾਵੰਨਤਾ, ਹਸ, ਮਿਠਾਸ, ਚਟਪਟਾਪਨ ਭਰੇ ਪਏ ਹਨ। ਕਵਿਤਾ ਵਿਚ ਬੀ ਗੁਰੂ ਜੀ ਦੇ ਦਰਸ਼ਨ ਸਭ ਤੋਂ ਸ਼ਿਰੋਮਣੀ ਹਨ। ਪਦਾਂ ਪਰ ਖਾਸ ਹੁਕਮਹੈ।ਗੋਂਦ ਵਿਚ ਕ੍ਰਮ ਹੈ। ਵਜਾਖਜਾ ਵਿਚ ਖਾਸ ਜ਼ੋਰ ਤੇ ਸਫਾਈ ਹੈ। ਜੇ ਆਪ ਦਾ ਜੀ ਰੁਆਉਣ ਤੇ ਆਇਆ ਹੈ, ਤਦ ਕਰੁਣਾਰਸ ਨਾਲ ਨੱਕ ਭਰ ਹੀ ਲਿਆਉਂਦੇ ਹਨ। ਜੇ ਬੀਰਤਾ ਵਲ ਕਲਮ ਮੁੜੀ ਹੈ, ਤਦ ਤਲਵਾਰ ਖੁਹੀ ਰਈ। ਜੇ ਸ਼ਾਂਤੀ ਵੱਲ ਆਏ ਹਨ ਤਦ ਸਮਾਧਿ ਸਥਿਤ ਕਰ ਦਿੱਤਾ ਹੈ। ਜੇ ਰੂਪਕ ਬੱਧੇ ਹਨ ਤਦ ਕਾਲੀਦਾਸ ਭੁਲਾ ਦਿੱਤਾ ਹੈ। ਜੋ ਨੀਤੀ ਕਹੀ ਹੈ ਤਦ ਅਸਲ। ਜੋ ਰਤੀ ਭਾਵ ਦੇ ਕਟਾਖਜ ਕਹੇ ਹਨ ਤਾਂ ਪਿਆਰ ਦੀਆਂ ਨਹਿਰਾਂ ਵਗਾ ਦਿੱਤੀਆਂ ਹਨ। ਜੋ ਬਿਰਹਾ ਕਿਹਾ ਹੈ ਤਦ ਭੁੱਬਾਂ ਕਢਾ ਦਿੱਤੀਆਂ ਹਨ। ਕੈਸਾ ਅਸਚਰਜ ਹੈ ਕਿ ਜੋ ਮਹਾਂ ਪੁਰਖ ਅੱਠ ਪਹਿਰ ਸ਼ਬਦ ਵਿਚ ਜੁੜ ਰਿਹਾ ਹੈ, ਜੋ ਸੰਸਾਰ ਦੇ ਸੰਕਟ ਹਰ ਰਿਹਾ ਹੈ, ਜੋ ਸਦਾਚਾਰ ਸਿਖਾਲ ਰਿਹਾ ਹੈ, ਜੋ ਜ਼ਬਰਦਸਤ ਰਾਜੇ ਤੇ ਮੁਗਲ ਸਲਤਨਤ ਦਾ ਮੁਕਾਬਲਾ ਕਰ ਰਿਹਾ ਹੈ, ਜੋ ਨੀਤੀ ਦੇ ਪ੍ਰਬੰਧ ਵਿਚ ਮਗਨ ਹੈ, ਜੋ ਪੰਡਤਾਂ ਦਾ ਕਦਰਦਾਨ ਰੁਣੀਆਂ ਦੀ ਸਭਾ ਨੂੰ ਸ਼ੋਭਾ ਦੇ

ਰਿਹਾ ਹੈ, ਓਹ ਆਪ ਕਵਿਤਾ ਕਰਦਾ ਹੈ, ਕਵਿਤਾ ਲਈ ਸਮਾਂ ਕੱਢਦਾ ਹੈ, ਅਰ ਹਰ ਇਕ ਦੀ ਕਵਿਤਾ ਸੰਪੂਰਨ ਕਰਦਾ ਹੈ ਅਤੇ ਸੈਂਕੜੇ ਨਵੇਂ ਛੰਦਾਂ ਦਾ ਆਪ ਨੂੰ ਕਰਤਾ ਸਾਬਤ ਕਰਦਾ ਹੈ।

ਕਲਾ ਕੌਂਸਲ (Artist)–ਗੁਰੂ ਜੀ ਦੇ ਦਰਬਾਰ ਵਿਚ ਚਿੱਤ੍ਰਕਾਰੀ ਦੀ ਬੜੀ ਕਦਰ ਸੀ ਅਰ ਆਪ ਚਿੱਤ੍ਰਕਾਰੀ ਦੇ ਸ਼ੌਕੀਨ ਸੇ। ਰਸਾਂ ਦੀਆਂ ਮੂਰਤੀਆਂ, ਸਥਾਈ, ਸੰਚਾਰੀ ਭਾਵਾਂ ਦੇ ਦਰਸ਼ਨ, ਸਮੇਂ, ਭਾਵ, ਅਨੁਭਾਵਾਂ ਦੇ ਨਮੂਨੇ ਖਾਸ ਬਹਿਸ ਨਾਲ ਲਿਖੇ ਜਾਂਦੇ*।

ਇਸਤੋਂ ਛੁੱਟ ਬਨਸਪਤੀ ਵਿਦਯਾ ਦੀ ਖਾਸ ਵਾਕਫੀ, ਘੋੜਿਆਂ ਦੀ ਜਾਚ, ਪਛਾਣ ਅਰ ਅਨੇਕ ਹੁਨਰਾਂ ਵਿਚ ਖਾਸ ਮਲਕਾ ਸੀ। ਕਿਲੇ ਬਨਾਉਣ ਦੀ ਮਹਿਮਾਂ, ਖੰਡਰਾਂ ਦੇ ਦੇਖਿਆਂ ਸਮਝ ਪੈਂਦੀ ਹੈ। ਤੋਪਾਂ ਗੁਰੂ ਜੀ ਦੀਆਂ ਢਲੀਆਂ ਦਾ ਨਮੂਨਾ, ਜੋ ਦੋ ਨਿੱਕੀਆਂ ਜਿਹੀਆਂ ਲਾਹੌਰ ਅਜੈਬ ਘਰ ਵਿਚ ਪਈਆਂ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ। ਵਡੀਆਂ ਤੋਪਾਂ ਰਹਿਕਲੇ ਸਾਰਾ ਸਾਮਾਨ ਅਨੰਦ ਪੁਰ ਦੀ ਲੁੱਟ ਵਿਚ ਸਰਹਿੰਦ ਤੇ ਦਿੱਲੀ ਗਿਆ ਸੀ। ਗੁਰੂ ਜੀ ਉਸ ਸਮੇਂ ਦੀਆਂ ਬੰਦੂਕਾਂ ਤਲਵਾਰਾਂ ਤੇ ਤੀਰ ਕਮਾਨ ਆਪ ਬੀ ਬਣਵਾਉਂਦੇ ਸਨ।

ਰ·ਗ ਵਿਦਯਾ ਵਿਚ ਗੁਰੂ ਅਰਜਨ ਦੇਵ ਜੀ ਦੀ ਤਰ੍ਹਾਂ ਆਪ ਪ੍ਰਬੀਨ ਸੇ। ਆਦਿ ਸਤਿਗੁਰਾਂ ਨੇ ਰਬਾਬ ਰਚਿਆ ਸੀ, ਪੰਚਮ ਸਤਿਗੁਰਾਂ ਨੇ ਸਰੰਦਾ ਬਣਾਇਆ ਸੀ। ਜੋ ਸਾਜ਼ ਅਜ ਕਲ ਤਾਊਸ ਕਹਾਉਂਦਾ ਹੈ; ਇਸ ਦੀ ਪਹਿਲੀ ਬਣਤ ਜਿਸ ਦੀ ਇਹ ਨਕਲ ਹੈ, ਦਸਮ ਗੁਰੂ ਜੀ ਦੇ ਸਮੇਂ ਤੋਂ ਸ਼ੁਰੂ ਹੋਈ ਜਾਪਦੀ ਹੈ। ਅਚਰਜ ਨਹੀਂ ਕਿ ਆਪ ਦੀ ਵਿਉਂਤ ਕੁਛ ਵਿਚ ਹੋਵੇ। ਸਤਿਗੁਰ ਜੀ ਪ੍ਰਬੀਨ ਬੀਨਕਾਰ ਸੇ ਅਰ ਆਪਣੇ ਪਵਿੱਤ੍ਰ ਗਲੇ ਤੋਂ ਐਸਾ ਸੁਰੀਲਾ ਗਾਉਂਦੇ ਸੇ ਕਿ ਚਲਦੇ ਦਰਯਾ ਠਹਿਰਨ ਦੀ ਕਹਾਵਤ ਘਟਦੀ ਸੀ।

ਗ੍ਰਿਹਸਤੀ (House-Holder)–ਇਨ੍ਹਾਂ ਤੋਂ ਵੱਖਰੇ ਅਸੀਂ ਸ੍ਰੀ ਗੁਰੂ ਜੀ ਨੂੰ ਬਨਬਾਸੀ ਸਾਧੂ ਯਾ ਛੜੇ ਜਰਨੈਲ ਯਾ ਇਕ ਰਾਜਾ ਮਾਤ੍ਰ ਨਹੀਂ ਪਾ ਰਹੇ, ਸਗੋਂ ਉਨ੍ਹਾਂ ਨੂੰ ਇਕ ਗ੍ਰਿਹਸਤੀ ਵੀ ਵੇਖ ਰਹੇ ਹਾਂ। ਆਪ ਪਿਤਾ ਜੀ ਦੇ ਆਗਯਾਕਾਰ ਸਪੁੱਤ੍ਰ ਸੇ। ਮਾਤਾ ਦਾ ਸਾਰੀ ਉਮਰ ਸਨਮਾਨ ਰੱਖਿਆ। ਜੈਸੇ ਲਾਇਕ ਪੁੱਤਰ ਸੇ ਵੈਸੇ ਹੀ ਲਾਇਕ ਪਤੀ ਅਰ ਆਪਣੀ ਔਲਾਦ ਦੇ ਪਿਤਾ ਸੇ। ਇਸਤ੍ਰੀ ਨਾਲ ਸਲੂਕ ਪ੍ਰੇਮ ਤੇ ਕ੍ਰਿਪਾਲਤਾ ਦਾ ਸੀ, ਸਤਿਸੰਗ ਅਰ ਪਰਮਾਰਥ ਦੀ ਸਾਂਝ ਉਨ੍ਹਾਂ ਨਾਲ ਪੂਰੀ ਸੀ ਅਰ ਉਹ ਇਨ੍ਹਾਂ ਦੇ ਚਰਨਾਂ ਕਮਲਾਂ ਦੇ ਭ੍ਰਮਰ ਸੇ। ਔਲਾਦ ਨੇਕ ਆਗਯਾਕਾਰ ਅਰ ਪਿਤਾ ਦੇ ਜੌਹਰਾਂ ਨਾਲ ਚਮਤਕ੍ਰਿਤ ਸੀ। ਆਪ ਦਾ ਸਲੂਕ ਪ੍ਰੇਮ, ਕ੍ਰਿਪਾਲਤਾ ਤੇ ਸਿਖਯਾ ਦੇਣ ਵਾਲਾ ਸੀ। ਬੱਚਿਆਂ ਦਾ ਧਰਮ ਸਦਾਚਾਰ ਐਸਾ ਮਜ਼ਬੂਤ ਬਣਾਇਆ ਕਿ ਸੱਤ ਅਠ ਤੇ ਨੌਂ ਦਸ ਬਰਸ ਦੇ ਬੱਚਿਆਂ ਤਕ ਨੇ ਮੌਤ ਚੱਖੀ, ਪਰ ਧਰਮ ਨਹੀਂ ਦਿੱਤਾ। ਪੰਦਰਾਂ ਤੇ ਅਠਾਰਾਂ ਬਰਸ ਦੇ ਬੱਚਿਆਂ ਨੇ ਪੁਰਜ਼ਾ ਪੁਰਜ਼ਾ ਕੱਟਕੇ ਜਾਨਾਂ ਸਦਕੇ ਕੀਤੀਆਂ, ਪਰ ਪਿੱਠ ਨਹੀਂ ਦਿੱਤੀ। ਗ੍ਰਿਹਸਤ ਆਸ਼੍ਰਮ ਦੇ ਪੂਰਨ ਨਿਰਬਾਹ ਵਿਚ ਗੁਰੂ ਜੀ ਨੇ ਗੁਰਤਾ, ਅਵਤਾਰਤਾ, ਸੁਧਾਰ ਕਰਤੱਵਤਾ, ਜੋਧਾਪਨ, ਨੀਤੀ-ਵਿਦਵਤਾ, ਪੰਡਤਾਈ ਆਦਿ ਨੂੰ ਦਾਗ਼ ਨਹੀਂ ਆਉਣ ਦਿੱਤਾ। ਪਰਿਵਾਰ ਵਿਚ ਪ੍ਰੇਮ ਤੇ ਭਗਤੀ ਰੱਖੀ। ਜਦ ਵਿਯੋਗ ਹੋਇਆ, ਮਾਤਾ ਚੱਲ ਬਸੀ, ਔਲਾਦ ਸ਼ਹੀਦ ਹੋ ਗਈ, ਤਦ ਪੂਰਨ ਧੈਰਜ ਅਰ ਰਜ਼ਾ ਮੰਨਣ ਦੀ ਅਲੌਕਿਕ ਦਸ਼ਾ ਦਿਖਾਈ। ਜਦ ਕਿਸੇ ਕਿਹਾ 'ਆਪ ਦੇ ਲਾਇਕ ਪੁੱਤਰ ਮਰ ਗਏ', ਤਦ ਬੋਲੇ: "ਮੇਰੇ ਪੁੱਤਰ ਮੇਰੇ ਸਿੱਖ ਹਨ, ਜੋ ਚਾਰ ਦੇਕੇ ਮੈਂ ਲੱਖਾਂ ਦੀ ਗਿਣਤੀ ਵਿਚ ਲਏ ਹਨ; ਏਹ ਸਦਾ ਜੀਉਂਦੇ ਹਨ"। ਗ੍ਰਿਹਸਤੀ ਹੋਣਾ, ਪਰ ਗ੍ਰਿਹਸਤ ਦੇ ਬਾਣਾਂ ਦੀ ਚੋਭ ਨਾ ਖਾਣੀ, ਇਹ 'ਪਰਵਾਣ ਗ੍ਰਿਹਸਤ ਉਦਾਸ' ਸਤਿਗੁਰੂ ਨੇ ਵਰਤਕੇ ਦਿਖਾਇਆ।

ਦੇਸ਼ ਹਿਤੈਸ਼ੀ (Patriot)–ਗੁਰੂ ਜੀ ਦਾ ਦੇਸ਼ ਬ੍ਰਹਮੰਡ ਹੈ, ਪਰ ਜਦ ਇਸ ਧਰਤੀ ਤੇ ਆਏ ਤਾਂ ਭੂਮੰਡਲ ਦਾ ਸੁਧਾਰ ਪ੍ਰਯੋਜਨ ਸੀ। ਉਨ੍ਹਾਂ ਲਈ ਸਾਰੀਆਂ ਜ਼ਾਤੀਆਂ ਦਾ ਪ੍ਰੇਮ ਤੇ ਸਾਰੇ ਦੇਸ਼ਾਂ ਦਾ ਹਿਤ ਸੀ। ਪਰ ਤਦੋਂ ਹਿੰਦ ਵਧੇਰੇ ਕਸ਼ਟਾਤੁਰ ਤੇ ਪਰਤੰਤਰ ਸੀ, ਇਸ ਦਾ ਭਲਾ ਵਿਸ਼ੇਸ਼ ਲੋੜ ਰੱਖਦਾ

*ਅਨੰਦ ਪੁਰ ਦੀ ਲੁੱਟ ਵਿਚ ਲੁੱਟੀਆਂ ਮੂਰਤਾਂ ਪਹਾੜੀ ਰਾਜਿਆਂ ਦੇ ਘਰੀਂ ਗਈਆਂ ਅਰ ਉਹਨਾਂ ਦੇ ਖਜ਼ਾਨੇ ਸੁਹਣੇ ਬਣੇ।

ਸੀ ਆਪ ਦੇ ਹਿਤ ਦੀ। ਗੁਰੂ ਜੀ ਜਿਸ ਦੇਸ਼ ਵਿਚ ਹੋਏ, ਉਸ ਦੇ ਬੜੇ ਹਿਤੈਸ਼ੀ ਹੋਏ। ਕਿਸੇ ਦੇਸ਼ ਦਾ ਅਹਿਤ ਉਨ੍ਹਾਂ ਦਾ ਮਨਤੱਵ ਨਹੀਂ ਸੀ।ਹਰਦੇਸ਼ਸ੍ਵਦੇਸ਼ ਸੀ, ਪਰ ਆਪਣੇ ਦੁਖੀ ਦੇਸ਼ ਦਾ ਹਿਤ ਬੜਾ ਪਿਆਰਾ ਸੀ। ਦੁੱਖ ਪੀੜਤ ਪਰਜਾ ਨੂੰ ਆਪਣੇ ਆਪ ਤੇ ਭਰੋਸਾ ਕਰਨਾ ਅਰ ਆਪਣੇ ਆਚਰਨ ਨਾਲ ਬਲੀ ਹੋਣਾ, ਅਰ ਸੁਤੰਤਰਤਾ ਦੀ ਰੂਹ ਵਿਚ ਜੀਉਣਾ ਗੁਰੂ ਜੀ ਨੇ ਸਿਖਲਾਇਆ; ਦੇਸ਼ ਲਈ ਉਪਕਾਰ ਕਰਨਾ ਤੇ ਖੇਦ ਝੱਲਣੇ ਸਿਖਾਏ। ਵਿਦਜਾ ਦੇ ਹਿਤ ਨਾਲ ਦੇਸ਼ ਸੇਵਾ ਸਿਖਾਈ ਅਰ ਕਰਕੇ ਦਿਖਾਈ। ਅਸਲ ਵਿਚ ਗੁਰੂ ਜੀ ਤੋਂ ਪਹਿਲੋਂ 'ਦੇਸ਼ ਹਿਤ' ਦੇ ਖਿਆਲ ਨੂੰ ਹੀ ਲੋਕੀ ਪੂਰੀ ਤਰ੍ਹਾਂ ਨਹੀਂ ਸਮਝਦੇ ਸੇ।

ਧਨੁਖ ਧਾਰੀ (Archer)—ਗੁਰੂ ਜੀ ਦੇ ਜਰਨੈਲ ਹੋਣ ਦੇ ਦਰਸ਼ਨ ਵਿਚ ਜਿੱਥੇ ਖਾਲਸਾ ਵਰਗੀ ਜੋਧਾ ਕੌਮ ਦਾ ਰਚਨਾ, ਇਕ ਗਿਰੀ ਹੋਈ, ਆਪ ਨੂੰ ਨਿਕਾਰੀ ਜਾਣਨ ਵਾਲੀ ਕੌਮ ਵਿਚ ਸ੍ਵੈ ਸਤਿਕਾਰ, ਸ੍ਵੈ ਭਰੋਸਾ ਅਰ ਬਜ਼ੁਰਗੀ ਦਾ ਮਾਦਾ, ਕੁਰਬਾਨੀ ਦੀ ਰੂਹ ਫੂਕ ਕੇ ਭਰ ਦੇਣਾ; ਤੋਪ, ਬੰਦੂਕ, ਤਲਵਾਰ ਦੇ ਕਾਰਖਾਨੇ ਖੁਹਲਣੇ, ਘੋੜਸ਼ਾਲਾ ਰਚਨੀਆਂ, ਕਿਲ੍ਹੇਬੰਦੀਆਂ ਕਰਨੀਆਂ, ਪਿਆਦੇ, ਸੁਆਰ ਫੌਜਾਂ ਦਾ ਬੰਧਾਨ, ਆਪ ਬੰਦੂਕ ਤਲਵਾਰ ਦੇ ਕਰਤੱਵ ਵਿਚ ਪ੍ਰਬੀਨ ਹੋਣਾ ਕਥਨ ਹੋ ਚੁਕਾ ਹੈ, ਉੱਥੇ ਹੀ ਤੀਰ ਅੰਦਾਜ਼ੀ ਬੀ ਇਕ ਦਰਸ਼ਨ ਸੀ ਆਪਦਾ। ਇਸ ਦੇ ਵੱਖਰੇ ਵਰਣਨ ਦੀ ਕੀ ਲੋੜ ਸੀ ? ਪਰ ਕਿਉਂਕਿ ਇਸ ਧਨੁਖ ਵਿਦਜਾ ਦੀ ਸਮਾਪਤੀ ਗੁਰੂ ਸਾਹਿਬ ਪਰ ਹੋ ਗਈ, ਇਸ ਕਰਕੇ ਖਾਸ ਦਰਸ਼ਨ ਦੀ ਲੋੜ ਹੈ। ਤੀਰਾਂ ਦੀ ਕਾਰੀਗਰੀ ਨੇ ਅਰਜਨ ਦੇ ਨਾਮ ਨੂੰ ਕਾਇਮ ਰੱਖਿਆ ਹੈ, ਪਰ ਗੁਰੂ ਜੀ ਦੀ ਤੀਰ ਅੰਦਾਜ਼ੀ ਉਸ ਤੋਂ ਬੀ ਵਧੀਆ ਸੀ। ਅਨੰਦਪੁਰ ਦੇ ਕਿਲ੍ਹੇ ਤੇ ਬੈਠ ਕੇ ਘੇਰੇ ਘੱਤਣ ਵਾਲੇ ਮੁਸਲਮਾਨ ਜਰਨੈਲ ਦੇ ਪਲੰਘ ਵਿਚ ਤੀਰ ਮਾਰਨਾ ਗੁਰੂ ਜੀ ਦਾ ਹੀ ਭੁਜ ਬਲ ਕਰ ਸਕਦਾ ਸੀ। ਗੁਰੂ ਜੀ ਦੇ ਤੀਰ ਦੀ ਮੁਖੀ ਸੋਨੇ ਦੀ ਪਛਾਣ ਕੇ ਤੁਰਕ ਜਰਨੈਲ ਨੇ ਦੰਗ ਹੋ ਕੇ ਕਿਹਾ ਕਿ ਇੰਨੀ ਦੂਰੋਂ ਤੀਰ ਮਾਰ ਸਕਣਾ 'ਕਰਾਮਾਤ' ਹੈ। ਇਹ ਬਹਿਸ ਅਜੇ ਹੋ ਹੀ ਰਹੀ ਸੀ ਕਿ ਦੂਸਰੇ ਪਾਵੇ ਵਿਚ ਇਕ ਹੋਰ ਤੀਰ ਵੱਜਾ,ਜਿਸ ਦੇ ਨਾਲ ਇਕ ਖਤ ਬੱਧਾ ਹੋਇਆ ਸੀ। ਖਤ ਖੋਲ੍ਹਕੇ ਪੜ੍ਹਿਆ ਤਾਂ ਲਿਖਿਆ ਸੀ 'ਇਹ ਕਰਾਮਾਤ ਨਹੀਂ, ਪਰ ਕਮਾਲ ਹੈ', ਜਿਸ ਨੇ ਉਨ੍ਹਾਂ ਨੂੰ ਹੋਰ ਹੈਰਾਨ ਕਰ ਦਿੱਤਾ। ਗੁਰੂ ਜੀ ਦੇ ਤੀਰ ਬਹੁਤ ਤਿੱਖੇ ਤੇ ਨਿਸ਼ਾਨੇਤੇ ਬੈਠਦੇ ਸਨ।ਨਾਦੌਨ ਜੁੱਧ ਵਿਚ ਬੰਦੂਕ ਨਾਲ ਵੈਰੀ ਦਲ ਦਾ ਇਕ ਸੈਨਾਪਤ ਫੁੰਡ ਕੇ ਆਪ ਨੇ ਕਮਾਨ ਪਕੜੀ। ਆਪ ਲਿਖਦੇ ਹਨ ਕਿ ਚਾਰ ਤੀਰ ਮੈਂ ਸੱਜੇ ਹੱਥ ਨਾਲ ਚਲਾਏ ਤੇ ਤ੍ਰੈ ਖੱਬੇ ਨਾਲ। ਪਤਾ ਨਹੀਂ ਕਿਸ ਕਿਸ ਨੂੰ ਲੱਗੇ, ਪਰ ਵੈਰੀ ਦਲ ਨੂੰ ਭਾਂਜ ਪੈ ਗਈ। ਅਨੰਦਪੁਰ ਦੇ ਘੇਰੇ ਵਿਚ ਇਤਨਾ ਕਾਲ ਲੰਘ ਜਾਣਾ ਇਹ ਆਪ ਦੇ ਤੀਰਾਂ ਦੀ ਬਰਕਤ ਸੀ। ਚਾਲੀ ਪਿਆਰਿਆਂ ਨਾਲ ਚਮਕੌਰ ਦੀ ਕੱਚੀਗੜ੍ਹੀ ਵਿਚ ਬੈਠਕੇ ਹਜ਼ਾਰਾਂ ਫੌਜਾਂ ਨਾਲ ਟਾਕਰਾ ਕਰਨਾ ਅਰ ਸਾਰਾ ਦਿਨ ਗੜ੍ਹੀ ਸਰ ਨਾ ਹੋਣ ਦੇਣੀ, ਇਨ੍ਹਾਂ ਤੀਰਾਂ ਦੀ ਬਰਕਤ ਸੀ। ਮੁਕਤਸਰ ਪਰ ਚਾਲੀ ਮੁਕਤਿਆਂ ਨੇ ਦਲਾਂ ਦੇ ਮੂੰਹ ਮੋੜ ਦੇਣੇ, ਸ਼੍ਰੀ ਗੁਰੂ ਜੀ ਦੇ ਟਿੱਬੀ ਪਰ ਬੈਠਕੇ ਤੀਰਾਂ ਦੀ ਝੜਾਂਝ ਦਾ ਪ੍ਰਤਾਪ ਸੀ। ਭੰਗਾਣੀ ਦਾ ਉਹ ਰੁੱਖ ਕਿ ਜਿਸ ਹੇਠ ਬੀਰਾਸਨ ਹੋਕੇ ਤੀਰ ਵਰਸਾਏ ਸੇ, ਇਕ ਯਾਦਗਾਰ ਖੜੀ ਹੈ। ਆਪ ਦਾ ਕਮਾਲ ਧਨੁਖ ਵਿਦਜਾ ਵਿਚ ਅਤੁੱਟ ਸੀ। ਸਵਾ ਡੇਢ ਮਣ ਦੀ ਮਾਮੂਲੀ ਕਮਾਨ ਖਿੱਚਣੀ ਕੁਛ ਬਾਤ ਨਹੀਂ ਸਮਝਦੇ ਸਨ। ਇਸ ਵਿਦਜਾ ਦੀ ਸਮਾਪਤੀ ਆਪ ਦੇ ਮਗਰੋਂ ਐਸੀ ਹੋਈ ਕਿ ਫੇਰ ਕੋਈ ਨਾਮੀ ਤੀਰੰਦਾਜ਼ ਪੈਦਾ ਨਹੀਂ ਹੋਇਆ, ਜਿਸ ਨੂੰ ਧਨੁਖਧਾਰੀ ਕਿਹਾ ਜਾ ਸਕੇ। ਇਸ ਲਈ ਸਤਿਗੁਰਾਂ ਨੂੰ ਆਖਰੀ ਧਨੁਖਧਾਰੀ ਕਹਿਣਾ ਕੁਛ ਗ਼ਲਤ ਨਹੀਂ ਹੈ*।

ਕੌਮ ਕਰਤਾ (Nation builder)—ਗੁਰੂ ਜੀ ਇਸ ਫਨ ਵਿਚ ਬੀ ਕਮਾਲ ਕਰ ਗਏ ਹਨ, ਆਪ ਨੇ ਟੁੱਟੀ ਫੁੱਟੀ ਮਰ ਮਿਟੀ ਪਰਜਾ ਵਿਚ ਕੌਮੀਅਤ ਦੀ ਨੀਂਹ ਰੱਖੀ, ਅਰ ਕੌਮੀਅਤ ਦਾ ਮਾਦਾ ਭਰਕੇ ਲੋਕਾਂ ਨੂੰ ਕੌਮ ਬਣਨਾ ਸਿਖਾਲ ਦਿੱਤਾ। ਸਾਂਝਾ

*ਆਪਦੇ ਚਲਾਏ ਹੋਏ ਤੀਰ ਅਨੰਦ ਪੁਰ ਦੇ ਦਰਖਤਾਂ, ਕੰਧਾਂ ਅਰ ਦੂਰ ਦੂਰ ਥਾਵਾਂ ਤੋਂ ਮਿਲਦੇ ਹਨ, ਹਰ ਤੀਰ ਨਾਲੋਂ ਟੁਟ ਮੰਨਾ ਲਹਿੰਦਾ ਹੈ।

ਪਿਆਰ, ਸਾਂਝਾ ਭੁਜਬਲ, ਸਾਂਝੇ ਘਾਟੇ ਦੇ ਅੱਗੇ ਸਾਂਝਾ ਪ੍ਰਯਤਨ, ਸਾਂਝੇ ਲਾਭ ਪਰ ਆਪਣੇ ਹਕ ਤੇ ਦੂਸਰੇ ਦੇ ਫਰਜ਼ ਦਾ ਸਤਿਕਾਰ ਕਰਨਾ ਕੁੱਟ ਕੁੱਟਕੇ ਭਰ ਦਿੱਤਾ। ਪੰਚਾਇਤੀ ਪਿਆਰ ਅਰ ਪ੍ਰਬੰਧ, ਪੰਚਾਇਤੀ ਰਾਜ ਅਰ ਤੇਰਾ ਸਿਖਲਾ ਦਿੱਤਾ, ਅਰ ਆਪਣੇ ਚਲਾਣੇ ਤੋਂ ਪਹਿਲੇ ਆਪਣੀ ਰਚੀ ਕੌਮੀ-ਅਤ ਦੀ ਨੀਂਹ ਬਹੁਤ ਹੀ ਪੱਕੀ ਕਰ ਦਿਤੀ। ਧਾਰਮਿਕ ਅਰ ਪੰਥਕ, ਵਿਹਾਰਕ ਅਰ ਰਾਜਸੀ ਪ੍ਰਬੰਧ ਸਭ ਗੁਰਮਤ ਅਰਥਾਤ ਪੰਚਾਇਤ ਦੇ ਪਰਬੰਧ ਵਿਚ ਕਰਕੇ, ਜਥੇਬੰਦੀ ਦੀ ਆਅਲਾ ਬਿਨਾ ਬੰਨ੍ਹ ਦਿੱਤੀ, ਅਰ ਲੋਕਾਂ ਵਿਚ ਸਾਂਝੇ ਕੰਮਾਂ ਲਈ ਸਾਂਝਾ ਰਸ ਪੈਦਾ ਕਰਕੇ ਸਾਂਝੇ ਬਲ ਬੁੱਧਿਨਾਲ ਨਜਿੱਠਣਾ ਸਿਖਾ ਕੇ ਅੱਗੇ ਲਈ ਆਪਣੇ ਅਖਤਿਆਰ ਸਾਂਝੇ ਭਾਈਚਾਰੇ ਅਰਥਾਤ ਪੰਥ ਦੇ ਇਕੱਠ ਵਿਚ ਦੇ ਦਿੱਤੇ ਅਰ ਗ਼ਲਤੀ ਤੋਂ ਬਚਣ ਲਈ ਗੁਰਤਾ ਦੀ ਗੱਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਕੇ ਪੰਥ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਗੁਰੂ ਕਰ ਦਿਤਾ। ਉਨ੍ਹਾਂ ਨੇ ਜੋ ਜਿਸ ਗਲ ਦੀ ਬਿਨਾ ਬੱਧੀ, ਅੰਤ ਸਮੇਂ ਤਕ ਬਹੁਤ ਉੱਤਮ ਨਿਭੀ, ਚਾਹੇ ਹੁਣ ਅਸੀਂ ਲੋਭ ਲਾਲਚਾਂ ਨਾਲ ਆਪ ਉਸਨੂੰ ਵਿਗਾੜੀਏ। ਜਿਕੂੰ ਕੋਈ ਵਾਹਿਗੁਰੂ ਦੇ ਬਖਸ਼ੇ ਸਰੀਰ ਨੂੰ ਆਤਮਘਾਤ ਨਾਲ ਮਾਰ ਦੇਵੇ ਤਿਵੇਂ ਕੌਮ ਆਪ ਚਾਹੇ ਸ੍ਵੈ-ਘਾਤ ਕਰ ਲਵੇ ਪਰ ਉਨ੍ਹਾਂ ਦੇ ਕੌਮ ਕਰਤਾ ਹੋਣ ਵਿਚ ਕੋਈ ਕਸਰ ਨਹਾਂ, ਕੋਈ ਸੰਸਾ ਨਹੀਂ ਹੈ।

ਗੁਰੂ ਜੀ ਦੇ ਅਨੰਤ ਸਰੂਪ ਦਾ ਦਰਸ਼ਨ ਬਹੁਤ ਵੱਡਾ ਹੈ, ਏਥੇ ਹੁਣ ਥਾਂ ਘੱਟ ਹੈ ਇਸ ਕਰਕੇ ਅਸੀਂ ਹੁਣ ਉਨ੍ਹਾਂ ਦੇ ਸਰੂਪ ਦਾ ਇਕ ਹੋਰ ਝਾਕਾ ਲੈਕੇ ਸਮਾਪਤ ਕਰਕੇ ਆਪ ਤੋਂ ਪੁੱਛਦੇ ਹਾਂ ਕਿ ਜੇ ਤਾਂ ਆਪ ਨੂੰ ਆਪ ਦੀ ਕੀਰਤਿ ਮੂਰਤੀ ਦਾ ਦਰਸ਼ਨ ਹੋ ਗਿਆ ਹੈ ਤਦ ਵਾਹ ਵਾਹ, ਨਹੀਂ ਤਾਂ ਦਿਲ ਲਾਕੇ ਇਸ ਲੇਖ ਨੂੰ ਫੇਰ ਇਕ ਵੇਰ ਪੜ੍ਹ ਲੈਣਾ।

ਗੁਰਮੁਖ—ਗੁਰਮੁਖ ਦਾ ਅਰਥ ਕੀ ਹੈ? ਜੋ ਆਪਣੇ ਸ੍ਰਤਿਗੁਰੂ ਨਾਲ ਸਨਮੁਖ ਰਹੇ। ਸ੍ਰੀ ਗੁਰੂ ਜੀ ਜਦੋਂ ਸੰਸਾਰ ਵਿਚ ਆਏ ਸੇ, ਵਾਹਿਗੁਰੂ ਦੇ ਹੁਕਮ ਨਾਲ ਆਏ ਸੇ। ਪਰ ਉਨ੍ਹਾਂ ਦਾ ਪ੍ਰੇਮ ਵਾਹਿਗੁਰੂ ਨਾਲ ਐਸਾ ਸੀ ਕਿ ਉਨ੍ਹਾਂ ਦੀ ਸੁਰਤ ਪ੍ਰਭੂ ਚਰਨਾਂ ਵਿਚ ਪਰੋਤੀ ਰਹੀ, ਜੈਸਾ ਆਪ ਕਹਿੰਦੇ ਹਨ:—

''ਚੁਭੀ ਰਹੀ ਸੁਤ ਪ੍ਰਭ ਚਰਨਨ ਮਹਿ।''

ਗੁਰਮੁਖ ਦੀ ਨਿਸ਼ਾਨੀ ਇਹ ਹੈ ਕਿ:—

'ਜੈਸੇ ਜਲਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥'

ਇਸ ਕਰਕੇ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਨੂੰ ਕਈ ਵੇਰ ਗੁਰਮੁਖ ਕਿਹਾ ਹੈ। ਅਕਾਲ ਪੁਰਖ ਗੁਰੂ ਹੈ, ਪਰ ਆਪਣੇ ਨਿਰਗੁਣ ਸਰੂਪ ਵਿਚ। ਪਰ ਗੁਰੂ ਨਾਨਕ ਦੇਵ ਗੁਰੂ ਹੈ ਸਰਗੁਣ ਸਰੂਪ ਵਿਚ ਸ੍ਰੀਗੁਰੂ ਜੀ ਸਰਗੁਣ ਸਰੂਪ ਹੋਕੇ ਜਲ ਮਹਿ ਕਮਲ ਨਿਰਾਲਮ ਰਹਿੰਦੇ ਹਨ। ਦੇਖੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਈ ਕਿਤਨੇ ਬੋਝ ਸਨ। ਸੰਸਾਰ ਨੂੰ ਵਾਹਿਗੁਰੂ ਨਾਲ ਮੇਲਣਾ, ਸੰਸਾਰ ਦਾ ਉਸ ਵੇਲੇ ਦਾ ਸੰਕਟ ਹਰਨਾ, ਪਰਜਾ ਦੇ ਆਮ ਇਖ਼ਲਾਕ ਨੂੰ ਠੀਕ ਕਰਨਾ, ਬੀਰ ਰਸ ਸਿਖਾਉਣਾ; ਫੌਜਾਂ, ਕਿਲ੍ਹਿਆਂ ਦੇ ਪ੍ਰਬੰਧ ਕਰਨੇ, ਹਜ਼ਾਰਹਾ ਸੰਗਤਾਂ ਨੂੰ ਰੋਜ਼ ਮਿਲਨਾ ਤੇ ਸਭ ਨੂੰ ਆਤਮਕ ਮੰਡਲ ਵਿਚ ਸੰਤੁਸ਼ਟ ਕਰਨਾ, ਸ਼ਹਿਰ ਦਾ ਪ੍ਰਬੰਧ ਕਰਨਾ, ਦੁਸ਼-ਮਨਾਂ ਤੇ ਹਮਸਾਇਆਂ ਨਾਲ ਨਿਭਣਾ, ਪੁਸਤਕ ਰਚਣੇ ਤੇ ਟੀਕਾ ਕਰਵਾਉਣੇ, ਉਪਕਾਰ ਦੇ ਚਸ਼ਮੇ ਜਾਰੀ ਕਰਨੇ, ਗ੍ਰਿਹਸਤ ਦਾ ਪ੍ਰਬੰਧ ਕਰਨਾ ਤੇ ਫੇਰ ਅਟੱਕ ਰਹਿਣਾ। ਜੈਸੇ ਅਲੇਪ ਆਉਣਾ, ਵੈਸੇ ਅਲੇਪ ਰਹਿਣਾ ਤੇ ਵੈਸੇ ਅਲੇਪ ਤੁਰ ਜਾਣਾ। ਉਨ੍ਹਾਂ ਦੀ ਚਾਲੀ ਬਤਾਲੀ ਬਰਸ ਦੀ ਛੋਟੀ ਉਮਰਾ ਦੇ ਕੀਤੇ ਕੰਮਾਂ ਦਾ ਅੱਜ ਤਕ ਸੰਸਾਰ ਪਰ ਅਸਰ ਜਾਰੀ ਰਹਿਣਾ, ਇਹ ਉਨ੍ਹਾਂ ਦੇ ਗੁਰਮੁਖ ਜੀਵਨ ਦਾ ਨਜ਼ਾਰਾ ਹੈ।

ਗੁਰਮੁਖ ਕਲਿ ਵਿਚਿ ਪਰਗਟ ਹੋਆ।'

—o—

੧੦੨. ਉੱਚ ਜੀਵਨ*।

ਕੋਡੇ ਪਿਆਰ ਭਰੇ ਸਰੂਪ ਨੂੰ ਹਿਰਦੇ ਦੀਆਂ ਅੱਖਾਂ ਅਗੇ ਲਿਆਉਣ ਵਾਲਾ ਇਹ ਸ਼ਬਦ 'ਕਲਗੀਆਂ ਵਾਲਾ' ਹੋ ਰਿਹਾ ਹੈ। ਨਾਉਂ ਲਿਆ ਨਹੀਂ ਕਿ ਅੰਦਰਲੀਆਂ ਪਿਆਰ, ਸਤਿਕਾਰ ਤੇ ਸਿੱਕ ਦੀਆਂ ਸਾਰੀਆਂ ਤਰਬਾਂ ਵਲਵਲਾ ਖਾਕੇ ਹਿੱਲੀਆਂ ਨਹੀਂ। ਇਨ੍ਹਾਂ ਛੀਆਂ ਅੱਖਰਾਂ ਦੇ ਮਗਰ ਉਸ 'ਅ+ਖਰ' (ਨਾਸ਼ ਨਾ ਹੋਣੇ ਵਾਲੀ ਸਚਿਆਈ) ਦੀ ਯਾਦ ਲੁਕੀ ਖੜੀ ਹੈ, ਜਿਸ ਨੇ ਕਦੇ ਸਰੀਰ ਦੀ ਕਲਾ ਵਿਚ ਪ੍ਰਕਾਸ਼ ਪਾ ਕੇ ਸਰੀਰ ਧਾਰੀਆਂ ਨੂੰ ਦੱਸਿਆ ਸੀ ਕਿ ਅਪਣਾ ਰੁਖ਼ ਉਸ ਪਾਸੇ ਕਰੋ, ਕਿ ਜਿੱਧਰ ਤੱਕਿਆਂ ਸਾਰੀਆਂ ਤੱਕਾਂ ਮਿਟ ਜਾਣ। ਜਿਸ ਨੇ ਸੰਸਾਰ ਤੋਂ ਰੁੱਸ ਜਾਣ ਦੀ ਸਦੀਆਂ ਦੀ ਭੁੱਲ ਦੂਰ ਕਰਕੇ ਇਹ ਦਿਖਾਇਆ ਸੀ ਕਿ ਜਗਤ ਨਾਲ ਰੁੱਸ ਨਾ ਜਾਓ, ਕਿਉਂਕਿ ਰੁੱਸ ਜਾਣ ਨਾਲ ਤੁਸੀਂ ਸੰਸਾਰ ਦੇ ਬੰਧਨ ਤੋਂ ਛੁੱਟ ਨਹੀਂ ਸਕਦੇ, ਪਰ ਇਸ ਵਿਚੋਂ ਛੁਟਕਾਰਾ ਕਰਨ ਲਈ ਅੰਦਰਲੀ ਝਾਤੀ ਪਿਛਲੇ ਪਾਸੇ ਮਾਰੋ ਤੇ ਦੇਖੋ ਕਿ ਤੁਸੀਂ ਆਪ ਕੀ ਹੋ, ਤੇ ਕੀ ਬਣ ਰਹੇ ਹੋ। ਪਾਣੀ ਦੇ ਸਰੋਵਰ ਵਿਚ ਨਜ਼ਰ ਮਾਰੋ, ਚੰਦ ਦਾ ਝਲਕਾ ਪਾਣੀ ਵਿਚ ਪੈ ਰਿਹਾ ਹੈ, ਸਮੂਲਚਾ ਚੰਦ ਪਾਣੀ ਵਿਚ ਹੈ, ਚੰਦ ਦਾ ਸਾਰਾ ਪ੍ਰਕਾਸ਼ ਪਾਣੀ ਵਿਚ ਹੈ। ਜਿਸ ਨੇ ਕਦੇ ਉੱਪਰ ਨਹੀਂ ਤੱਕਿਆ, ਸਦਾ ਤਾਲ ਵੱਲ ਹੀ ਡਿੱਠਾ ਹੈ, ਉਸ ਨੂੰ ਚੰਦ ਸਦਾ ਹਿਲਦਾ, ਸਦਾ ਕੰਬਦਾ ਤੇ ਹੇਠਾਂ ਉਤਾਹਾਂ ਹੁੰਦਾ ਤਿਲਮਲਾਉਂਦਾ ਦਿੱਸੇਗਾ, ਪਰ ਜੇ ਕੋਈ ਉਸ ਦੀ ਧੌਣ ਫੜਕੇ ਉੱਪਰਲੇ ਪਾਸੇ ਕਰਕੇ ਥਰ ਥਰਾਉਂਦੇ ਚੰਦ ਦਾ ਪਿੱਛਾ ਦਿਖਾ ਦੇਵੇ ਤਾਂ ਅਕਾਸ਼ਾਂ ਵਿਚ ਪ੍ਰਕਾਸ਼ ਪੁੰਜ ਚੰਦ ਉਸਨੂੰ ਦਿੱਸੇਗਾ, ਅਰ ਸਾਰਾ ਘਬਰਾ, ਜੋ ਤਲਾ ਦੇ ਚੰਦ ਵਿਚ ਸੀ, ਮਿਟਾ ਦੇਵੇਗਾ।

ਉਸ ਕਲਗੀਆਂ ਵਾਲੇ ਨੇ ਸਰੀਰ ਸਰੋਵਰ ਵਿਚ ਥਰ ਥਰ ਕੰਬ ਰਹੇ ਤੇ ਹਿਲਦੀ ਜ਼ਿੰਦਗੀ-ਦੁੱਖ ਤੇ ਹਾਵੇ ਭਰਦੀ ਜ਼ਿੰਦਗੀ-ਦੇ ਝਲਕੇ ਨੂੰ ਹਉਮੈ ਕਰਕੇ ਦੱਸਿਆ ਤੇ ਦੇਖਣ ਵਾਲੇ ਦੀ ਨਜ਼ਰ ਪਰਤਾ ਕ ਪਿਛਲੇ ਪਾਸੇ ਝਾਤੀ ਪੁਆ ਕੇ ਅਡੋਲ ਜ਼ਿੰਦਗੀ ਦਿਖਾ ਕੇ ਅਭੈ ਕਰ ਦਿੱਤਾ, ਦੁੱਖ ਤੇ ਕਲੇਸ਼ ਦੇਖਦਿਆਂ ਹੀ ਬਿਲਾ ਰਿਆ। ਉਹ ਜੋ ਆਪ ਨਿਰਭੈ ਸੀ, ਜੋ ਆਪ ਸੰਸੇ ਤੋਂ ਪਾਰ ਸੀ, ਭੈ ਰੂਸੇ ਤੇ ਸੰਸੇ ਫਾਬਿਆਂ ਨੂੰ ਨਿਰਭੈ ਤੇ ਨਿਰਸੰਸੇ ਕਰਨੇ ਆਇਆ ਸੀ, ਸੋ ਕਰ ਦਿਖਾਇਆ।

ਇਹ ਧੌਣੋਂ ਫੜਕੇ ਡੋਲਦੀ ਜ਼ਿੰਦਗੀ ਤੋਂ ਅਡੋਲ ਜਿੰਦ ਦੇ ਬੇੜੇ ਚਾੜ੍ਹਨ ਦੇ ਸਾਰੇ ਭਾਵ ਦਾ ਨਾਉਂ ਉਸ ਮਾਲਕ ਨੇ 'ਪ੍ਰੇਮ' ਰੱਖਿਆ। ਸਾਡੀ ਨਜ਼ਰ ਦਿੱਸਣ ਵਾਲੇ ਨਾਲ ਪਿਆਰ ਕਰ ਰਹੀ ਸੀ, ਦਿੱਸਣ ਵਾਲਾ ਚੱਲਣਹਾਰ ਸੀ। ਚੱਲਣਹਾਰ ਹੋਣ ਕਰਕੇ (ਵਿਛੋੜੇ ਵੇਲੇ ਦੁਖ ਦੇਂਦਾ ਸੀ ਤੇ ਪ੍ਰਾਪਤੀ ਦੇ ਯਤਨ ਵਿਚ ਕਲੇਸ਼ ਪਾਉਂਦਾ ਸੀ ਤੇ ਇਉਂ) ਦੁਖ ਦਾਤਾ ਸੀ, ਸੋ ਇਸ ਦਿੱਸਣ ਵਾਲੇ ਤੋਂ ਚੁੱਕ ਕੇ ਸਾਨੂੰ ਗੁਰੂ ਜੀ ਨੇ ਦੇਖਣ ਵਾਲੇ ਵੱਲ ਪਾ ਦਿੱਤਾ। ਆਖਿਆ: ਇਸ ਦੇ ਪਿਆਰ ਵਿਚ ਰੁੜ੍ਹ ਨਾ ਜਾਓ, ਜੋ ਨਹੀਂ ਰਹਿਣਾ, ਉਸ ਨਾਲ ਪਿਆਰ ਪਾਓ ਜਿਸਨੇ ਰਹਿਣਾ ਹੈ। ਜਦ ਇਹ ਨੁਕਤਾ ਅੰਦਰੋਂ ਪਲਟਾ ਖਾ ਗਿਆ ਤਾਂ ਦੇਖੋ ਸਾਰੇ ਜੀਵਨ ਦਾ ਨਜ਼ਾਰਾ ਪਲਟਾ ਖਾ ਗਿਆ। ਬਨਾਂ ਵਿਚ ਜਾਕੇ ਬ੍ਰਿੱਛਾਂ ਵਾਂਗੂੰ ਜੜ੍ਹਤਾ ਅਖਤਿਆਰ ਕਰਨ ਦੀ ਲੋੜ ਨਾ ਰਹੀ, ਪਰ ਡੋਲਵੇਂ ਰੰਗਾਂ ਵਿਚ ਬੈਠਿਆਂ ਆਪਣੇ ਅਡੋਲ ਅਸਲੇ ਦੇ ਧਿਆਨ ਵਿਚ (ਪਿਆਰ ਵਿਚ) ਸਦਾ ਟਿਕੇ ਰਹਿਕੇ ਡੋਲਣਹਾਰ ਨੂੰ ਚੱਲਣਹਾਰ ਤੱਕਣ ਨਾਲ ਅਪਣਾ ਡੋਲਣਾ ਸਮਝ ਵਿਚ ਆ ਗਿਆ, ਤਾਂ ਡੋਲਣਹਾਰ ਨਾਲ ਦੁਸ਼ਮਣੀ ਨਾ ਪਿਆ, ਸਗੋਂ ਸੱਚੀ ਮੁਚੀ ਉਸ ਤੋਂ ਛੁੱਟੀ ਹੋ ਗਈ। ਪਰ ਸੰਸਾਰ ਵਿਚ ਬੈਠਿਆਂ ਹਜ਼ਾਰਹਾ ਸਾਡੇ ਵਰਗੇ ਉਸ ਡੋਲਣਹਾਰ ਦਰਸ਼ਨ ਵਿਚ ਡੋਲਕੇ ਦੁਖੀ ਹੋ ਰਹੇ ਹਨ। ਕਲਗੀਆਂ ਵਾਲੇ ਨੇ ਦੱਸਿਆ ਕਿ ਜਿੱਥੋਂ ਮੈਂ ਤੁਹਾਨੂੰ ਡੋਲਣੀ ਬੇੜੀ ਵਿਚੋਂ ਕੱਢਿਆ ਹੈ ਤੁਸੀਂ ਹੋਰਨਾਂ ਫਾਬਿਆਂ ਨੂੰ

---

*ਇਹ ਲੇਖ ਸੰ: ਗੁ: ਨਾ: ਸਾ: ੪੪੨ (੧੯੧੧ ਬੀ:) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ 'ਕਲਗੀਆਂ ਵਾਲਾ' ਦੇ ਨਾਮ ਹੇਠਾਂ ਪ੍ਰਕਾਸ਼ਤ ਹੋਇਆ ਸੀ।

ਕੱਢੋ। ਇਸ ਕੰਮ ਵਿਚ ਜੋ ਖੇਚਲ ਤੇ ਕੁਰਬਾਨੀ ਕਰਨ ਦੀ ਲੋੜ ਸੀ, ਸੋ ਹੁਣ ਅਸੀਂ ਸੁਖੈਨ ਹੀ ਕਰ ਸਕਾਂਗੇ, ਕਿਉਂਕਿ ਜੋ ਕੁਛ ਡੋਲਣਹਾਰ ਸਾਡੇ ਦੁਆਲੇ ਹੈ, ਜਿਸਦੇ ਵਿਚ ਅਸੀਂ ਬੈਠੇ ਹਾਂ ਉਹ ਸਾਡਾ ਨਹੀਂ ਹੈ।ਅਸੀਂ ਉਸਦੇ ਬਿਨਸਨਹਾਰ ਹੋਣ ਨੂੰ ਸਮਝ ਚੁਕੇ ਹਾਂ, ਇਸ ਕਰਕੇ ਉਸ ਤੋਂ ਵਿਛੜਦਿਆਂ ਦੁਖ ਨਹੀਂ ਹੋਊ।

ਐਉਂ ਉਸ ਕਲਗੀਆਂ ਵਾਲੇ ਨੇ ਸੰਸਾਰ ਨੂੰ ਭੁਲੇਵੇਂ ਤੋਂ ਕੱਢਕੇ ਅਸਲੇ ਤੇ ਪੱਕਿਆਂ ਕੀਤਾ ਤੇ ਅੱਗੋਂ ਸ਼ੁਣੀ ਤੋਰ ਦਿੱਤੀ ਕਿ ਇਹ ਕੰਮ ਸਦਾ ਹੁੰਦਾ ਹੀ ਰਹੇ। ਜੋ ਇਹ ਸਿਖਜਾ ਸਿਖ ਲਵੇ ਸੋ ਸਿੱਖ ਸਦਾਵੇ ਤੇ ਅੱਗੋਂ ਇਹ ਸਿਖਜਾ ਸਿਖਾਉਂਦਾ ਹੀ ਜਾਵੇ।ਸੋ ਕਲਗੀਆਂ ਵਾਲੇ ਦੀ ਸਿੱਖੀ ਪ੍ਰੇਮ ਦੇ ਤਰੀਕੇ ਨਾਲ ਅਸਲੇ ਨੂੰ ਪਛਾਨਣਾ ਤੇ ਹੋਰਨਾਂ ਨੂੰ ਇਸ ਪਛਾਣ ਵਿਚ ਮਦਦ ਕਰਨੀ ਹੈ।

ਦੇਖੋ ਇਹ ਸਿੱਖੀ ਦਾ ਕੀ ਨਮੂਨਾ ਨਿਕਲਿਆ: ਖੁਸ਼, ਆਨੰਦ, ਨਿਰਭੈ, ਆਪਣੇ ਆਪ ਵਿਚ ਸਮਝਦਾਰ, ਧਰਮ ਤੋਂ ਪਾਰ ਆਦਮੀ ਦਿੱਸਣ ਲਗ ਪਏ। ਓਹ ਆਦਮੀ ਫੇਰ ਸੰਸਾਰ ਵਿਚ ਬੈਠੇ ਕੀ ਕਰ ਰਹੇ ਹਨ ? ਕੋਈ ਅੰਦਰੋਂ ਆਪ ਲੱਗਾ ਹੋਇਆ ਹੋਕੇ ਕੀਰਤਨ ਸੁਣਾ ਕੇ ਚਿਤ ਪਿਆਰੇ ਵਲ ਲਾ ਰਿਹਾ ਹੈ, ਕੋਈ ਨਾਮ ਵਿਚ ਆਪ ਹੈ ਤੇ ਕਥਾ ਕਰਕੇ ਧਿਆਨ ਪਿਆਰੇ ਵਲ ਪੁਆ ਰਿਹਾ ਹੈ, ਕੋਈ ਦੁਖੀਆਂ ਦੀ ਬਾਹੁੜੀ ਕਰਕੇ ਪਿਆਰੇ ਦੇ ਪਿਆਰ ਦੀ ਵੰਨਗੀ ਦਿਖਾਉਂਦਾ ਅੰਦਰੋਂ ਨਾਮ ਤੇ ਟਿਕਿਆ ਦਿੱਸ ਰਿਹਾ ਹੈ, ਕੋਈ ਰੋਗੀ ਤੇ ਕਲੇਸ਼ਾਤੁਰ ਦੀ ਮਦਦ ਕਰਕੇ ਅਸਲੇ–ਨਾਮ–ਦਾ ਉਪਦੇਸ਼ ਕਰ ਰਿਹਾ ਹੈ।ਜਿਥੇ ਵੀਰਖਾ, ਡਾਹ, ਲੜਾਈ ਤੇ ਧੱਕਾ ਸੀ, ਓਥੇ ਸਿੰਘ ਪਿਆਰ ਦੀ ਫੁਹਾਰ ਦੇਕੇ ਇਨ੍ਹਾਂ ਕਸ਼ਟਾਂ ਫਾਬਿਆਂ ਨੂੰ ਛੁਡਾ ਰਿਹਾ ਹੈ। ਗੱਲ ਕੀ ਕਲਜੁਗ ਸਤਿਜੁਗ ਬਣ ਰਿਹਾ ਹੈ।

'ਬਿਨਸਨਹਾਰ ਨੂੰ ਸਥਿਰ ਸਮਝ ਕੇ ਸਭ ਕੁਛ ਕਰਨਾ' ਇਹ ਸਤਿਗੁਰੂ ਦੀ ਸਿਖਜਾ ਨਹੀਂ ਸੀ। ਪਰ ਜੇ ਸਾਡੀ ਬੁੱਧੀ ਅਜੇ ਇਹੋ ਹੈ ਤਾਂ ਅਸੀਂ ਉਸ ਸ਼ਾਹੀ ਸੜਕ ਤੇ ਨਹੀਂ ਟੁਰ ਰਹੇ, ਜੋ ਇਸ ਲੋਕ ਤੋਂ ਲੰਘਦੀ ਹੋਈ ਪਰਲੋਕ ਤੱਕ ਲੈ ਜਾਂਦੀ ਹੈ, ਜਿੱਥੇ ਪਹੁੰਚਕੇ ਦੁੱਖ ਨਹੀਂ ਪਾਈਦਾ ਤੇ ਜੋ ਹੁਕਮ ਅਨੁਸਾਰ ਓਥੋਂ ਪਰਤਕੇ ਫੇਰ ਏਥੇ ਆਈਦਾ ਹੈ ਤਾਂ ਆਕੇ ਦੁਖ ਸੁਖ ਨਾਲ ਸੰਤਾਪੀਦਾ ਨਹੀਂ ਤੇ ਭੁਲੇਵਿਆਂ ਵਿਚ ਅਸਲ ਦੇ ਟਪਲੇ ਖਾ ਕੇ ਨਹੀਂ ਰੁਲੀਦਾ। ਉਸ ਮਹਾਨ ਸੜਕ (ਪੰਥ) ਦੇ ਜੇ ਅਸੀਂ ਰਾਹੀ ਨਹੀਂ ਬਣੇ, ਜਾਂ ਅਸਾਂ ਉਸ ਮੁਸਾਫਰਤ ਨੂੰ ਅਖਤਿਆਰ ਨਹੀਂ ਕੀਤਾ ਜੋ ਧੁਰ ਦੇ ਨੁਕਤੇ ਤੇ ਪੁਚਾਉਂਦੀ ਹੈ, ਤਾਂ ਅਸਾਂ ਗੁਰੂ ਕੀ ਸਿਖਜਾ ਸਿਰ ਮੱਥੇ ਤੇ ਨਹੀਂ ਧਰੀ ਤੇ ਜੇ ਉਸ ਮਹਾਨ ਆਨੰਦ ਦਾਤੇ ਗੁਰੂ ਦੀ ਸਿਖਜਾ ਪਰ ਕੰਨ ਹੀ ਨਹੀਂ ਧਰੇ ਤਾਂ ਕਾਹਦੀ ਸਿੱਖੀ ਹੈ ?

'ਸਿਖੀ ਸਿਖਿਆ ਗੁਰ ਵੀਚਾਰਿ।'

ਗੁਰੂ ਦੀ ਸਿਖਿਆ ਨਹੀਂ ਮੰਨੀ ਤਾਂ ਕੀਹ ਸਿੱਖੀ? ਜੇ ਸਿੱਖੀ ਨਹੀਂ ਤਾਂ ਗੁਰੂ ਦੇ ਅਨੰਦ ਵਿਚ ਸਾਡਾ ਕਾਹਦਾ ਹਿੱਸਾ ਹੈ ? ਜੇ ਅਸੀਂ ਹਿੱਸੇਦਾਰ ਨਹੀਂ, ਸਾਂਝੀਵਾਲ ਨਹੀਂ, ਤਾਂ ਫੇਰ ਸਾਡਾ ਆਪਣੇ ਆਪ ਨੂੰ ਐਸਾ ਪ੍ਰਗਟ ਕਰਨਾ ਸਾਧਾਰਨ ਤੋਂ ਵਧੀਕ ਡੋਲਣੀ ਬੇੜੀ ਚਾੜ੍ਹਨਾ ਹੈ।

ਫਿਲਾਸਫੀਆਂ ਤੇ ਗਿਆਨ ਸੰਸਾਰ ਵਿਚ ਚਿਰੋਕਣੇ ਹਨ, ਕਿਆ ਕਲਗੀਆਂ ਵਾਲੇ ਦੇ ਆਗਮ ਵੇਲੇ ਹਿੰਦੁਸਤਾਨ ਵਿਚ ਉਪਨਿਸ਼ਦਾਂ ਤੇ ਛੀਏ ਦਰਸ਼ਨ ਨਹੀਂ ਸਨ ਹੈਗੇ ? ਕਿਆ ਇਨ੍ਹਾਂ ਦੇ ਪੰਡਿਤ ਸੰਨਿਆਸੀ ਤੇ ਸਿੱਧ ਅਖਵਾਉਣ ਵਾਲੇ ਜੋਗੀ ਜੰਗਮ ਤੇ ਸਨਜੋਸੀ ਨਹੀਂ ਸਨ ਹੈਗੇ ? ਸਭ ਕੁਛ ਸੀ ਪਰ 'ਜੀਵਨ' ਨਹੀਂ ਸੀ। ਗੱਲਾਂ ਤੇ ਕੱਥਾਂ ਤੇ ਦਿਮਾਗੀ ਦੌੜ ਰਹਿ ਗਈ ਸੀ, ਕਰਨੀ ਤੇ ਅਮਲ ਟੁਰ ਗਏ ਸਨ। ਗੁਰੂ ਸਾਹਿਬ ਫੋਕੀ ਦਿਮਾਗੀ ਆਤਸ਼ਬਾਜ਼ੀ ਲੈਕੇ ਨਹੀਂ ਆਏ ਸਨ, ਪਰ 'ਜੀਵਨ' ਦਾ ਅਖੋ 'ਚਾਨਣਾ' ਲੈਕੇ ਆਏ ਸਨ।ਉਨ੍ਹਾਂ ਨੇ ਮਸਲੇਬਾਜ਼ੀ ਨਹੀਂ ਸਿਖਾਈ ਪਰ ਮੁਰਦਾ ਸਰੀਰਾਂ ਵਿਚ 'ਆਤਮ ਜੀਵਨ' ਦੀ ਰੌ ਲਾ ਦਿਤੀ। ਜੀਵਨ ਤੋਂ ਸਾਡਾ ਮਤਲਬ ਮੁੱਢਦਾ (ਪਹਿਲੀ ਪਉੜੀ ਦਾ ਨਿਰਾ) ਇਖਲਾਕੀ ਜੀਵਨ ਨਹੀਂ, ਅਰਥਾਤ ਨਿਰਾ ਸ਼ੁਭ ਆਚਰਨ ਤੋਂ ਮਤਲਬ ਨਹੀਂ, ਇਹ ਜੀਵਨ ਤਾਂ ਉਸ ਜੀਵਨ ਦੇ ਪਹਿਲੇ ਡੰਡੇ ਹਨ। ਇਹ ਤਾਂ ਪੁੰਨਮਯ ਜੀਵਨ ਹੈ, ਜਿਸ ਨੇ ਪਾਪਮਯ ਜੀਵਨ ਕੱਟ ਸਿਟਣਾ ਹੈ, ਅਰ ਇਨ੍ਹਾਂ ਪੁੰਨ ਤੇ ਪਾਪਮਯ ਦੋਹਾਂ ਵਿਚ ਹਉਂ

ਦਾ ਆਸਰਾ ਹੁੰਦਾ ਹੈ। ਦੋਵੇਂ ਲੋਹਾ ਹਨ, ਇਕ ਲੋਹੇ ਦੀ ਬੇੜੀ ਹੈ ਜੋ ਸਾਨੂੰ ਬੰਨ੍ਹ ਰਹੀ ਹੈ, ਦੂਸਰਾ ਛੈਣੀ ਹੈ, ਜਿਸ ਨੇ ਬੇੜੀ ਕੱਟਣ ਵਿਚ ਸਹਾਇਤਾ ਕਰਨੀ ਹੈ। ਇਹ ਇਖ਼ਲਾਕੀ ਜੀਵਨ ਉਸ ਮਹਾਨ ਜੀਵਨ ਦਾ ਮੁੱਢ ਹੈ. ਇਹ ਉਸ ਜੀਵਨ ਦੇ ਪੈਰਾਂ ਹੇਠਲੀ ਨੀਂਹ ਹੈ। ਅਗੇ ਉੱਚ ਜੀਵਨ ਹੈ ਹੋਰ। ਸਾਡਾ ਮਤਲਬ ਆਤਮ ਜੀਵਨ ਤੋਂ ਹੈ,ਜਿੱਥੇ ਹਉਂ ਆਸਰਾ ਨਹੀਂ,ਪਰ ਹਉਂ ਤੋਂ ਆਤਮਾ ਛੁੱਟ ਗਿਆ ਹੈ, ਸੁਤੰਤਰ ਹੋ ਗਿਆ ਹੈ, ਅਰ ਸੁਤੰਤਰ ਹੋਕੇ ਅਪਣੇ ਆਪ ਵਿਚ ਆਨੰਦ ਹੈ ਤੇ ਆਨੰਦ ਸਰੂਪ ਵਾਹਿਗੁਰੂ ਨਾਲ ਸੰਜੋਗੀ ਯਾ ਉੱਜਲ ਪ੍ਰੇਮ ਵਿਚ ਪ੍ਰੇਮ ਸਰੂਪ ਹੋ ਰਿਹਾ ਹੈ। ਹਾਂ, ਜਿਥੇ ਰਸੀਆ ਰਸ ਭਰੇ ਹਾਲ ਵਿਚ ਰਸਰੂਪ ਹੋ ਰਿਹਾ ਹੈ ਉਹ ਜੀਵਨ 'ਸੱਚ' ਵਿਚ ਪਹੁੰਚਣਾ ਹੈ, ਉਹ ਮੂੰਹੋ ਬੋਲੇ ਜਾਣ ਵਾਲੇ ਸੱਚ ਤੋਂ (ਜੋ ਝੂਠ ਦੀ ਉਪੇਖਜਾ ਤੇ ਕਹੀਦਾ ਹੈ) ਬਹੁਤ ਉੱਚਾ ਸੱਚ ਹੈ ਜਿਸ ਦਾ ਵਰਣਨ ਐਉਂ ਕੀਤਾ ਹੈ:-

'ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜ।'

ਜਿਸ ਸੱਚ ਨੂੰ ਏਥੇ ਪਦ 'ਤੁਧੁ' ਪਰਗਟ ਕਰਦਾ ਹੈ, ਉਸ ਦਾ ਨਾਮ 'ਸੱਚ' ਹੈ, ਉਸ ਸੱਚ ਨੂੰ ਪ੍ਰਾਪਤਿ ਕਰਨਾ ਐਉਂ ਲਿਖਿਆ ਹੈ:-

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ੨ ॥

ਇਹ ਉਹ ਜੀਵਨ ਹੈ ਜੋ ਕਲਗੀਆਂ ਵਾਲੇ ਨੇ ਸਿਖਾਇਆ, ਸਿਖਾਇਆ ਨਹੀਂ ਜੋ ਲੋਕਾਂ ਵਿਚ ਭਰ ਦਿੱਤਾ ਅਰ ਜਿਸ ਦੇ ਸਦਾ ਭਰੇ ਜਾਣ ਦੇ ਕਾਰਖਾਨੇ ਨੂੰ ਜਾਰੀ ਰੱਖਣ ਲਈ ਪੰਥ ਬਣਾ ਦਿਤਾ।

---

੧੦੩. ਇਲਾਹੀ ਦਰਬਾਰ*।

ਸਦਕੇ, ਏਸ ਦਰਸ਼ਨ ਦੇ ਸਦਕੇ! ਅਤਿ ਤ੍ਰਿੱਖੀ ਪਰ ਮਿੱਠੀ ਤੇ ਅੱਖਾਂ ਵਿਚ ਸਮਾ ਜਾਣ ਵਾਲੀ ਚਾਨਣੀ ਹੈ। ਚਾਨਣੀ ਨਹੀਂ ਇਹ ਤਾਂ ਮਹਾਂਪ੍ਰਚੰਡ ਦਾ ਤੇਜ ਹੈ, ਪਰ ਇਸ ਤੇਜ ਵਿਚ ਨੈਣ ਨਹੀਂ ਚੁੰਧਿਆਉਂਦੇ, ਅੱਖਾਂ ਨਹੀਂ ਮਿਟਦੀਆਂ। ਚਾਨਣਾ ਪਿਆਰਾ ਹੈ ਤੇ ਸੁਆਦਲਾ ਹੈ, ਰਸ ਦੀ ਝਰਨਾਟ ਸ਼ਰੀਰ ਦੇ ਲੂੰਆਂ ਥਾਣੀ ਛੇੜਦਾ ਹੈ। ਚਾਨਣਾ ਹੈ ਕਿ ਸੁਆਦ ਹੈ, ਸੁਆਦ ਹੈ ਕਿ ਚਾਨਣਾ ਹੈ। ਕੌਣ ਵਿਤੋਕ ਕਰੇ? ਦੇਖੋ ਆਪਣਾ ਆਪ ਕੇਡਾ ਉੱਚਾ ਹੋ ਗਿਆ ਹੈ, ਚੁਬਾਰੇ ਬੈਠੇ ਜੀਕੂੰ ਗਲੀਆਂ ਦੀ ਮੁਸ਼ਕ ਤੋਂ ਉਚੇਰੇ ਹੋ ਜਾਂਦੇ ਹਨ। ਹਾਂ, ਆਪਣਾ ਆਪ ਉੱਚਾ ਹੋ ਗਿਆ ਹੈ,ਪਰ ਦੇਖੋ ਮੈਂ ਦੀ (ਬੰਨ੍ਹਣ ਵਾਲੀ ਮੈਂ ਦੀ) ਮੁਸ਼ਕ ਬੀ ਨਹੀਂ। ਵਾਹ ਦਰਸ਼ਨਾਂ ਤੇਰੇ ਸਦਕੇ! ਖੁਸ਼ੀ ਦੇ ਫੁਟੇ ਸ਼ਰੀਰ ਵਿਚ ਭਰ ਗਏ ਆਨੰਦ ਦੇ ਹੁਲਾਰਿਆਂ ਇਕ ਗ਼ਮਕਾਰ ਪੈਦਾ ਕਰ ਦਿਤੀ ਹੈ, ਆਪਣਾ ਆਪ ਜਾਮੇਂ ਵਿਚ ਨਹੀਂ ਸਮਾਉਂਦਾ। ਐਡੀ ਖੁਸ਼ੀ! ਪਰ ਤੱਕੋ, ਫੁੰਕਾਰੇ ਵਾਲੇ ਰਜੋਗੁਣ ਦਾ ਕਿਤੇ ਨਾਮ ਬੀ ਨਹੀਂ। ਇਹ ਚਾਨਣਾ ਕਿਸ ਤਰ੍ਹਾਂ ਦਾ ਹੈ? ਚਾਨਣਾ ਤਾਂ ਨਿਰਾ ਅੱਖਾਂ ਤੇ ਅਸਰ ਕਰਦਾ ਹੈ ਤੇ ਇਹ ਚਾਨਣਾ ਤਾਂ ਕਿਸੇ ਇੰਦ੍ਰੇ ਦਾ ਵਿਸ਼ਾ ਨਹੀਂ, ਇਹ ਤਾਂ ਸਾਰੇ ਅੰਦਰ ਬਾਹਰ ਦੀ ਕਾਇਆਂ ਪਲਟ ਰਿਹਾ ਹੈ—ਉੱਜਲਤਾ ਹੈ, ਉੱਜਲਤਾ ਦੇ ਰਿਹਾ ਹੈ।

ਹੈਂ! ਕੀ ਇਹ ਚਾਨਣਾ ਹੈ? ਉਹ ਹੋ!! ਓ ਮੈਂ।

---

*ਇਹ ਪ੍ਰਸੰਗ ੨੭ ਪੋਹ ਸੰ: ਗੁ: ਨਾ: ਸਾ: ੪੪੪ (੯ ਜਨਵਰੀ ੧੯੧੨) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਓ ਮੇਰੀ ਮੈਂ ! ਨੀਝ ਲਾਕੇ ਤੱਕ ! ਵਾਹਿਗੁਰੂ ! ਇਹ ਤਾਂ ਕੁਛ ਹੋਰ ਤਰ੍ਹਾਂ ਦਾ ਲਹਿਰਾਉ ਹੈ । ਚਾਨਣੇ ਦੀ ਇਕ ਇਕ ਕਿਰਨ ਇਕ ਇਕ ਦਿਵ ਰੂਪ ਜੀਵਨ ਹੈ, ਸਦਕੇ ਇਸ ਚਾਨਣੇ ਦੇ ! ਮੈਂ ਜਾਤਾ ਸੀ ਸੂਰਜ ਚੰਨ ਵਰਗਾ ਜ਼ਿੰਦ ਹੀਨ ਚਾਨਣਾ ਹੈ, ਪਰ ਏਸ ਚਾਨਣੇ ਦੀ ਤਾਂ ਇਕ ਰਿਸ਼ਮ ਇਸ ਦੀ ਨਿੱਕੀ ਤੋਂ ਨਿੱਕੀ ਲਾਸ ਦਿਵ ਸਰੂਪ ਜੀਵਨ ਹੈ । ਹੈਂ ! ਜਿਥੇ ਪਹਿਲਾਂ ਉਜਾੜ ਸੁੰਨ ਤੇ ਨਿਰਾ ਰਸ ਭਰਪੂਰ ਚਾਨਣ ਹੀ ਚਾਨਣ ਦਿੱਸਦਾ ਸੀ, ਓਥੇ ਤਾਂ ਰਿਸ਼ਮ ਰਿਸ਼ਮ ਜੀਵਨ ਭਰਪੂਰ ਹੈ । ਹਰ ਰਿਸ਼ਮ ਵਿਚ ਪਿਆਰਾ ਚਾਨਣ ਹੈ, ਮਸਤ ਕਰਨ ਵਾਲੀ ਸੁਗੰਧੀ ਹੈ, ਮਗਨ ਕਰਨੇ ਵਾਲਾ ਮਾਨੋਂ ਨਾਦ ਹੈ, ਮਿੱਠਾ ਲਗਣ ਵਾਲਾ ਸੁਆਦ ਹੈ, ਜਫੀਆਂ ਪਾਉਣ ਵਰਗਾ ਰਸ ਹੈ । ਇਹ ਚਾਨਣ ਹੈ ਕਿ ਕੋਈ ਰਸ ਭਰੀ ਅਵਸਥਾ ਹੈ ? ਕੋਈ ਆਪੇ ਵਿਚ ਮਗਨ 'ਇਕਸੁਰਤਾ' ਹੈ ।

ਵਾਹਿਗੁਰੂ ਜੀ ! ਤੱਕੋ ਤਾਂ ਸਹੀ, ਚਾਨਣ ਹੈ ਕਿ ਖਿੱਚ ਹੈ, ਕਿੱਦਾਂ ਧੂਹਦਾ ਹੈ । ਓਹੋ ! ਹੈਂ ! ਇਹ ਤਾਂ ਖਿੱਚੀ ਲਈ ਜਾਂਦਾ ਹੈ । ਖਿਚਦਾ ਹੈ, ਪਰ ਪੀੜ ਨਹੀਂ ਪਾਉਂਦਾ । ਖਿਚਦਾ ਹੈ ਕਿ ਦਬੇ ਖਜ਼ਾਨੇ ਪੁਟਾਉਣ ਵਾਂਗੂ ਆਨੰਦ ਦੇ ਨਾਪੇ ਖੋਲ੍ਹੀ ਜਾਂਦਾ ਹੈ । ਇਹ ਖਿੱਚ ਕੇਹੀ ਹੈ ? ਕਿਸੇ ਬਾਹੋਂ ਨਹੀਂ ਫੜਿਆ ਹੋਇਆ, ਪੱਲਾ ਫੜਕੇ ਨਹੀਂ ਧਰੂਹਿਆ ਹੋਇਆ, ਕੋਈ ਰੱਸੇ ਪਾਕੇ ਨਹੀਂ ਧੂੰਕਿਆ ਹੋਇਆ । ਹੈਂ ਜੀਓ ! ਨਹੀਂ ! ਇਹ ਤਾਂ ਕੋਈ ਅੰਦਰ ਹੀ ਅੰਦਰ, ਡੂੰਘੇ ਹੀ ਡੂੰਘੇ, ਥੱਲੇ ਹੀ ਥੱਲੇ, ਹੇਠਾਂ ਹੀ ਹੇਠਾਂ, ਅੰਦਰ ਦੀਆਂ ਡੂੰਘਾਣਾਂਵਿਚ ਕੋਈ ਐਸੀਕੁੰਡੀ ਲਾਈ ਹੈ ਕਿ ਧੂਕੀਂਦੇ ਜਾਓ ਤੇ ਪਤਾ ਕੁਛ ਨਾ ਲੱਗੇ।ਵਾਹ ਚਾਨਣੇ ! ਤੇਰੀਆਂ ਅਦਭੁਤ ਰਿਸ਼ਮਾਂ ! ਤੱਕੋ ਤਾਂ ਸਹੀ, ਹੈ ਧੂਹ, ਪਰ ਪੀੜ ਨਹੀਂ, ਚਸਕ ਨਹੀਂ ਪੈਂਦੀ, ਟੋਟੇ ਨਹੀਂ ਵੱਜਦੀ, ਘਬਰਾ ਨਹੀਂ ਪੈਂਦਾ, ਸਗੋਂ ਅਨੰਦ ਹੈ; ਠੰਢ ਹੈ, ਸੀਤਲਤਾ ਹੈ; ਸ਼ਾਂਤੀ ਹੈ, ਟਿਕਾਉ ਹੈ, ਅਡੋਲਤਾ ਹੈ । ਨਹੀਂ ਜੀ, ਚਸਕ ਤਾਂ ਪੈਂਦੀ ਹੈ, ਘਾਉ ਬੀ ਪੈਂਦਾ ਹੈ, ਘਾਉ ਰਿਸਦਾ ਬੀ ਹੈ, ਪਰ ਆਨੰਦ ਠੰਢ ਤੇ ਸ਼ਾਂਤੀ ਏਸੇ ਵਿਚੋਂ ਨਿਕਲੀ ਹੈ । ਧਰੂਹ ਕਾਹਦੀ ਹੈ ? ਇਹ ਤਾਂ ਮਾਰੂ ਥਲੇ ਵਿਚ ਸੜੀ ਧਰਤੀ ਦੇ ਅੰਦਰ ਡੂੰਘ ਹੀ ਡੂੰਘ ਨੂੰ ਕੋਈ ਕਲਾ ਧਸੀ ਜਾਂਦੀ ਹੈ ਤੇ ਵੇਖੋ ਠੰਢੀ ਠੰਢੀ, ਮਿੱਠੀ ਮਿੱਠੀ ਸ਼ਾਂਤੀ ਦਾ ਤੇ ਜਲ ਦਾ ਖੂਹ ਲਗਾ ਦੇਂਦੀ ਹੈ । ਇਹ ਧੂਹ ਕੇਹੀ ਹੈ ? ਓਹੋ ਪ੍ਰੇਮ ਤਾਂ ਇਹੋ ਹੈ, ਖਿੱਚ ਕੀ ਇਹ ਤਾਂ ਪੂਰਨ ਪ੍ਰੇਮ ਹੈ । ਚਾਨਣ ਹੈ ਕਿ ਪ੍ਰੇਮ ਹੈ, ਪ੍ਰੇਮ ਹੈ ਕਿ ਚਾਨਣਾ । ਵਾਹ ਚਾਨਣ ਤੇਰੇ ਰੰਗ ! ਅਜੇ ਹੋਰ ਨੀਝ ਲਾ, ਤੱਕ ! ਇਹ ਚਾਨਣਾ ਹੈ ਕਿ ਕੀਹ ਹੈ ? ਦੇਖ ਕੀ ਹੈ? ਹੈਂ!'ਹੁਕਮ' ਹੀ'ਹੁਕਮ' ਹੈ । ਵਾਹ ਹੁਕਮ ! ਕੈਸਾ ਪ੍ਰਬੰਧ ਹੈ ? ਕੈਸਾ ਕ੍ਰਮ ਹੈ? ਕੈਸਾ ਬੰਧਾਨ ਹੈ ? ਕੈਸਾ ਅਡੋਲ ਅਟੱਲ, ਪਰ ਚੁਪ ਹੈ ? ਚਾਨਣਾ ਹੈ ਕਿ ਵਾਲ ਵਾਲ ਹੁਕਮ ਪਰੋਤਾ ਹੈ । ਹੁਕਮ ਹੈ ਅਟੱਲ ਤੇ ਅਮਿੱਟ ! ਪਰ ਵਾਹ ਵਾਹ! ਸਖਤੀ ਨਹੀਂ, ਜ਼ੁਲਮ ਨਹੀਂ, ਭੁਲੇਖਾ ਨਹੀਂ, ਨਿਰਾ ਹੀ ਪਿਆਰ ਹੈ । ਪਿਆਰ ਹੈ ਕਿ ਹੁਕਮ ਹੈ, ਹੁਕਮ ਹੈ ਕਿ ਪਿਆਰ ਹੈ । ਤਿੱਲੇ ਦੀ ਤਾਰ ਵਿਚ ਰੇਸ਼ਮ ਤੇ ਕੰਦਲੇ ਦਾ ਫਰਕ ਤਾਂ ਕੁਛ ਹੁੰਦਾ ਹੈ, ਪਰ ਏਥੇ ਪ੍ਰੇਮ ਤੇ ਹੁਕਮ ਦੀ ਵਾਟ* ਵਿਚ ਕੱਖ ਫਰਕ ਨਹੀਂ ਦਿਸਦਾ । ਆਹ ਆਹ ! ਹੇ ਤ੍ਰਿੱਖੇ ਸੁਆਦ ਤਰਸ ਕਰ ! ਤੇਰੀ ਮਿਠਾਸ ਅਟੱਲ ਹੈ, ਪਰ ਤੇਰਾ ਰਸ ਅਸਹਿ ਹੈ । ਉਫ !

ਹੈਂ ! ਜੀ,ਹੁਣ ਚਾਨਣੇ ਵਿਚ ਕੀ ਪਿਆ ਦਿਸਦਾ ਹੈ ? ਹੁਕਮ ਵੇਗ ਵਿਚ ਪਿਆ ਆਉਂਦਾ ਹੈ ਤੇ ਪ੍ਰੇਮ ਨੂੰ ਪਿਆ ਆਖਦਾ ਹੈ, 'ਹਾਂ ਚੱਲ ਤੂੰ ਚੱਲ' ।

ਪ੍ਰੇਮ–ਤੈਥੋਂ ਵਿਛੁੜਨ ਤੇ ਜੀ ਨਹੀਂ ਕਰਦਾ ।

ਹੁਕਮ–ਮੈਂ ਤੇਰੇ ਵਿਚ ਇਵੇਂ ਅਭੇਦ ਰਹਿਸਾਂ ਜਿੱਦਾਂ ਏਥੇ ਹਾਂ ।

ਪ੍ਰੇਮ–ਮੈਂ ਹਨੇਰੇ ਵਿਚ ਕੀਕੂੰ ਜੀਸਾਂ ?

ਹੁਕਮ–ਤੂੰ ਹਨੇਰੇ ਦੇ ਮੰਡਲ ਵਿਚ ਜਾਸੇਂ, ਪਰ ਆਪ ਚਾਨਣਾ ਰਹਿਸੇਂ, ਤੂੰ ਨੀਂਦ ਦੇ ਖੰਡ ਵਿਚ ਵਸੇਂਗਾ, ਪਰ ਸਦਾ ਜਾਗਦਾ ਰਹੇਂਗਾ ।

ਪ੍ਰੇਮ–ਮੈਂ ਤੈਨੂੰ, ਹੇ ਮੈਥੋਂ ਕਦੇ ਨਾ ਵਿਛੁੜਨ ਵਾਲੇ ! ਕੀ ਕਰਕੇ ਸੰਮ੍ਹਾਲਾਂਗਾ ?

ਹੁਕਮ–ਤੂੰ ਉਥੇ, ਹਨੇਰੇ ਦੀ ਬੋਲੀ ਵਿਚ ਮੈਨੂੰ ਪਿਤਾ ਕਰਕੇ ਸਮਝੀਂ ਤੇ ਅਵਿਛੁੜਿਆ ਰਹੀਂ. ਮੈਂ ਤੈਨੂੰ ਉਸ ਬੋਲੀ ਵਿਚ 'ਪੁੱਤ' ਕਹਿਕੇ ਅੰਗ ਸੰਗ ਰੱਖਾਂਗਾ ।

ਪ੍ਰੇਮ–ਹਾਏ ਦਾਤੇ ! ਮੇਰਾ ਚਿਤ ਵਿਛੁੜਨ ਤੇ

*ਦੇ ਭਾਰਾਂ ਨੂੰ ਕੱਠੇ ਕਰਕੇ ਵੱਟਣ ਦੀ ਕ੍ਰਿਯਾ ।

ਨਹੀਂ ਕਰਦਾ।

ਹੁਕਮ—ਹਾਂ, ਮੇਰਾ ਬੀ ਨਹੀਂ ਕਰਦਾ, ਪਰ ਕੰਮ ਹੈ, ਮੇਰਾ ਬਿਰਦ* ਹੈ, ਹੁਣ ਹਨੇਰੇ ਲੋਕ ਦੀ ਪਰਜਾ ਸਿਖਜਾਹੀਨ ਹੋਕੇ ਅਸਿੱਖ ਪਦ ਵਿਚ ਵਿਆਕੁਲ ਹੋ ਗਈ ਹੈ। ਤੂੰ ਜਾਹ, ਪ੍ਰਤੱਖ ਸਿਖਾਵਣਹਾਰ ਹੋਕੇ ਬਿਰਦ ਪੂਰਾ ਕਰ।

ਪ੍ਰੇਮ (ਖੜੋਕੇ ਤੇ ਸੀਸ ਨਿਵਾਕੇ)—ਆਪ ਦੇ ਇਸ ਬਿਰਦ ਦੀ ਪਾਲਣਾ ਆਪ ਬਿਨਾਂ ਕੌਣ ਕਰਸੀ ?

ਹੁਕਮ—ਤੂੰ ਮੇਰਾ ਪੁੱਤ ਹੋਕੇ ਤੇ ਮੈਂ ਤੇਰੇ ਵਿਚ ਤੇਰਾ ਪਿਤਾ ਹੋਕੇ। ਜਾਹੁ ਬੇਟਾ ! ਕੁਮੱਤ ਤੋਂ ਕੱਢ ਕੇ ਮੱਤ ਦੇਹ, ਵਿਛੁੜੇ ਤੋਂ ਕੱਢ ਕੇ ਮੇਲ ਦੇਹੁ।

ਪ੍ਰੇਮ—ਮੇਰਾ ਅਜੇ ਵਿਛੋੜੇ ਤੋਂ ਜੀ ਡਰਦਾ ਹੈ।

ਹੁਕਮ—ਨਾ ਡਰ, ਤੇਰੀ ਸੁਰਤਿ ਮੇਰੇ ਵਿਚ ਚੁਭੀ ਰਹੇਗੀ, ਸੁਰਤਿ ਵਿਚ ਪ੍ਰੇਮ ਹੁਕਮ ਨਾਲ ਅਭੇਦ ਰਹੇਗਾ।

ਪ੍ਰੇਮ ਨੇ ਸੀਸ ਨਿਵਾਇਆ ਤੇ ਟੁਰੇ। ਟੁਰੇ ਕੀ, ਓਥੇ ਕੋਈ ਚੇਸ਼ਟਾ ਹੈ ਕਿ ਚਾਲ ਹੈ, ਕੋਈ ਟੁਰਦਾ ਹੈ ਕਿ ਅਟੁਰਦਾ ਹੈ, ਇਕੋ ਚਾਨਣਾ ਹੈ, ਦੂਈ ਦਾ ਨਾਮ ਨਹੀਂ, ਪਰ ਚਾਨਣ ਚੰਨ ਸੂਰ ਵਰਗਾ ਮੁਰਦਾ ਚਾਨਣ ਨਹੀਂ, ਹਰ ਕਿਰਨ ਇਕ ਰੂਹ ਲਾਸ ਇਕ ਜਿੰਦ ਹੈ; ਪਰ ਸਮੂਹ ਭੀ ਇਕੋ ਜਿੰਦ ਹੈ:—

''ਇਸੁ ਏਕੇ ਕਾ ਜਾਣੈ ਭੇਉ ॥
ਆਪੇ ਕਰਤਾ ਆਪੇ ਦੇਉ ॥''

ਹਾਂ ਜੀ, ਟੁਰੇ। ਹੁਕਮ, ਜਿਸ ਨੂੰ ਅਸੀਂ 'ਆਇਸ' ਆਖਦੇ ਹਾਂ, ਆਇਸ ਪਾ ਕੇ, 'ਪ੍ਰਭੂ ਦੀ ਆਇਸ' ਪਾਕੇ 'ਪ੍ਰੇਮ' ਜੀ ਟੁਰੇ। ਲਓ ਲੱਗੇ ਚਾਨਣ ਤੋਂ ਹੇਠਾਂ ਹੇਠਾਂ ਆਉਣ। ਚਾਨਣ ਘਟਦਾ ਗਿਆ, ਅਖੀਰ ਹਨੇਰ ਮੰਡਲ ਆ ਗਿਆ, ਪ੍ਰੇਮ ਨੇ ਇਸ ਵਿਚ ਚਰਨ ਪਾਏ। ਸਾਰੇ ਹਨੇਰਾ ਹੈ, ਪਰ ਇਸ ਦੇ ਅੰਦਰ ਓਹੋ ਚਾਨਣ ਹੈ, ਓਹੋ ਇਲਾਹੀ ਨੂਰ ਹੈ। ਦੇਖੋ ਹਨੇਰੇ ਵਿਚ ਵੜਦਿਆਂ ਪ੍ਰੇਮ ਦੀ ਸੂਰਤ ਬਣ ਗਈ, ਰੂਪਧਾਰੀ ਹੋ ਗਿਆ, ਸ਼ਕਲ ਤੇ ਸਰੀਰ ਸਜ ਗਿਆ, ਪਰ ਉਹ ਚਾਨਣ ਉਸੇ ਚਮਕ ਤੇ ਗਮਕਦਾ ਅੰਦਰ ਹੈ। ਇਸਦੇ ਹੁਣ ਬਣੇ ਵਜੂਦ ਦੇ ਅੰਦਰ ਭਰਪੂਰ ਹੈ, ਐਥੋਂ ਤਾਈਂ ਕਿ ਸੀਸ ਦੇ ਉਦਾਲੇ ਇਕ ਲਹਿਰਾਉਂਦੇ ਵੇਗ ਦਾ ਉਹੋ ਚਾਨਣਾ ਅੱਠ ਪਹਿਰ ਮਾਨੋਂ ਘੁੰਮਰ ਪਾਉਂਦਾ ਹੈ। ਹੁਣ ਵੇਖੋ ਪ੍ਰੇਮ ਰੂਪ ਧਾਰਦੇ ਹੀ ਹਨੇਰੇ ਵਾਲਿਆਂ ਨੂੰ ਦਿੱਸ ਪਿਆ ਹੈ, ਜਿੱਕੂੰ ਅੰਧਿਆਂ ਨੂੰ ਨਿੱਗਰ ਚੀਜ਼ ਟੋਹਿਆਂ ਦਿੱਸਦੀ ਹੈ, ਪਰ ਰੰਗ ਰੂਪ ਸੂਖਮ ਚੀਜ਼ਾਂ ਟੋਹਿਆਂ ਵੀ ਨਹੀਂ ਦਿਸਦੀਆਂ। ਹੈਂ ਜੀ; ਤੱਕੋ ਨਾਂ, ਇਹ ਕਿਹੋ ਜਿਹੇ ਲੋਕ ਹਨ ? ਜਦੋਂ ਪ੍ਰੇਮ ਨਿਰਾ ਚਾਨਣੇ ਮੰਡਲ ਵਿਚ ਚਾਨਣਾ ਸੀ ਤਾਂ ਇਨ੍ਹਾਂ ਦੇ ਨੇਤ੍ਰ ਦੇਖ ਨਾ ਸਕੇ, ਪਰ ਦੇਖੋ ਅਜ ਜੋ ਪ੍ਰੇਮ ਹਨੇਰੇ ਮੰਡਲੇ ਵਿਚ ਰੂਪ ਧਾਰੀ ਹੋ ਗਿਆ ਤਾਂ ਇਨ੍ਹਾਂ ਨੇ ਵੇਖ ਲਿਆ। ਹਾਂ, ਜੀ ਇਨ੍ਹਾਂ ਨੂੰ ਹਨੇਰੇ ਵਿਚ ਹੀ ਦਿਸਦਾ ਹੈ, ਚਾਨਣੇ ਨਾਲ ਇਨ੍ਹਾਂ ਦੇ ਨੇਤਰ ਨੂਟ ਹੋ ਜਾਂਦੇ ਹਨ। ਲਓ ਪ੍ਰਭੂ ਦੀ ਆਇਸ ਵਿਚ ਆਇਆ 'ਪ੍ਰੇਮ' ਹੁਣ ਰੂਪ ਧਾਰੀ ਹੋਕੇ, 'ਨਾਮ ਧਾਰੀ' ਬੀ ਹੋ ਗਿਆ। ਲੋਕੀਂ ਗੋਬਿੰਦ ਸਿੰਘ ਆਖਦੇ ਹਨ। ਸੱਚ ਹੈ 'ਹੁਕਮ' ਦਾ ਇਕ ਨਾਮ ਗੋਬਿੰਦ ਹੈ, ਗੋਬਿੰਦ ਦਾ ਅਰਥ ਹੈ ਸਿਰਜਣਹਾਰ ਤੇ ਪਾਲਣਹਾਰ ਤੇ ਹੁਣ ਸਿਖਾਵਣਹਾਰ ਹੋਕੇ ਆਇਆ ਹੈ, ਇਸ ਕਰਕੇ ਆਖੋ 'ਗੁਰ ਗੋਬਿੰਦ'। ਗੁਰ ਆਖਦੇ ਹਨ ਸਿਖਾਵਣਹਾਰੇ ਨੂੰ, ਤੇ ਨਾਲੇ ਹੁਕਮ ਦਾ ਘੱਲਿਆ ਆਇਆ ਹੈ, ਹੁਕਮ ਇਸਦੇ ਅੰਦਰ ਬੈਠਾ ਹੈ, ਹੁਕਮ ਦਾ ਕਰਾਰ ਸੀ ਕਿ ਮੈਂ ਤੇਰੇ ਨਾਲ ਰਹਿਸਾਂ। ਹਾਂ, ਭਾਈ ! ਤਾਂ ਤੁਸੀਂ ਏਸ ਨੂੰ 'ਗੁਰੂ ਗੋਬਿੰਦ ਸਿੰਘ' ਆਖੋ ਖਾਂ, ਕਿਉਂਕਿ ਸਿੰਘ ਦਾ ਭਾਵ ਹੈ: ਅਮਿਟ, ਅਟਲ, ਹੁਕਮ ਦੇ ਤੇਜ ਵਾਲਾ।

ਤਾਂ ਤੇ ਲਓ ਮਾਤ ਲੋਕੀਓ ! ਸੁਣੋ ਸੁਖ ਸੁਨੇਹੜਾ: ਓਹ ਜੋ ਸਾਡਾ ਮਾਲਿਕ ਪਾਲਿਕ ਹੈ, ਜੋ ਚਾਨਣੇ ਵਿਚ ਰਹਿੰਦਾ ਹੈ, ਸਾਨੂੰ ਅੰਧੇਰੂਆਂ ਨੂੰ ਦੀਹਦਾ ਨਹੀਂ ਜੇ, ਉਸਨੇ ਅਪਣੇ ਬਿਰਦ ਦੀ ਖ਼ਾਤਰ ਆਪਣੇ 'ਪ੍ਰੇਮ' ਨੂੰ ਸਾਡੇ ਵਰਗਾ ਰੂਪ ਦੇਕੇ ਸਾਡੇ ਵਰਗਾ ਅੱਖਰਾਂ ਵਾਲਾ ਨਾਮ ਦੇ ਕੇ ਸਾਡੇ ਵਿਚ ਘੱਲ ਦਿਤਾ ਜੇ, ਤੇ ਓਹ ਆਪੇ ਪਿਆ ਆਖਦਾ ਜੇ:—

'ਜਬ ਆਇਸ ਪ੍ਰਭ ਕੋ ਭਇਓ
ਜਨਮ ਧਰਾ ਜਗ ਆਇ ॥'

ਲਓ, ਭਾਵੇਂ ਹੁਕਮ ਨੂੰ ਖੇਚਲ ਹੋਵੇ ਤੇ ਭਾਵੇਂ ਪ੍ਰੇਮ ਦੇਹ ਧਾਰੀ ਹੋਕੇ ਖੇਦ ਪਿਆ ਪਾਵੇ ਤੇ ਭਾਵੇਂ

*ਰੱਬ ਸਿਰਜਣਹਾਰ ਹੈ, ਸਿਰਜਣਹਾਰ ਹੋਣ ਕਰਕੇ ਪਾਲਣਹਾਰ ਹੈ, ਸਿਰਜ ਕੇ ਤੇ ਪਾਲਕੇ ਫੇਰ ਸਿਖਾਵਣਹਾਰ ਅਰਥਾਤ ਗੁਰੂ ਭੀ ਹੈ।

ਅਸੀਂ ਘਤ ਆਏ ਨੂੰ ਖੇਚਲਾਂ ਪਏ ਪਾਈਏ, ਪਰ ਆਇਆ ਸਾਡੇ ਸੰਕਟ ਹਰਨ ਹੈ, ਆਇਆ ਧਰਮ ਚਲਾਵਣ ਹੈ, ਆਇਆ ਆਪਣੇ ਚੁਣਨ ਹੈ, ਆਇਆ ਓਪਰੇ ਅਪਣੇ ਕਰਨ ਹੈ, ਆਇਆ ਟੁੱਟੇ ਗਹਿਣਿਆਂ ਨੂੰ ਮੁੜ ਕੁਠਾਲੀ ਪਾਕੇ ਨਵੇਂ ਘੜਨ ਹੈ। ਹਾਂ ਜੀ, ਪ੍ਰੇਮ ਆਇਆ ਸਾਡੀ ਬਿਪਤ ਹਰਨ ਹੈ, ਸਾਨੂੰ ਵਿਛੁੜੇ ਮੇਲਣ ਹੈ। ਹਾਹੋ ਜੀ, ਇਸ ਨੇ ਸਾਨੂੰ ਓਸ ਚਾਨਣ ਦੇ ਸਾਂਝੀਵਾਲ ਬਨਾਉਣਾ ਹੈ, ਹਾਂ ਜੀ ਇਹ ਤਾਂ ਹਨੇਰਚੂਆਂ ਨੂੰ ਚੰਦ੍ਰਮਾਂ ਦੀਆਂ ਕਿਰਨਾਂ ਬਨਾਉਣ ਆਇਆ ਹੈ। ਹਾਂ, ਜੀਕੂੰ ਆਪ ਪੁੱਤ ਬਣਕੇ ਆਇਆ ਹੈ, ਸਾਨੂੰ ਗੋਦੀ ਲੈਕੇ ਪੁਤ ਬਨਾਉਣ ਆਇਆ ਹੈ; ਹਾਂ ਜੀ, ਹਲਾ ਜੀ, ਆਹੋ ਜੀ, ਸਾਨੂੰ ਪੁਤ ਬਨਾਉਣ ਆਇਆ ਹੈ। ਸਾਨੂੰ !!! ਸਾਨੂੰ ਅਧਮ ਕੀਟਾਂ ਨੂੰ ਆਪਣੇ (ਸ਼ਹਿਨਸ਼ਾਹ ਦੇ) ਸ਼ਾਹਜ਼ਾਦੇ ਬਨਾਉਣ ਆਇਆ ਹੈ। ਗੁਰੂ ਗੋਬਿੰਦ ਸਿੰਘ ਸ਼ਾਹ, ਸ਼ਹਿਨਸ਼ਾਹ ਤੇ ਜਿਨ੍ਹਾਂ ਨੂੰ ਗੋਦ ਲੈਂਦਾ ਹੈ, ਓਹ ਸ਼ਹਿਜ਼ਾਦੇ !!

ਤਾਂਤੇ ਆਓ ਮਿਤ੍ਰੋ ! ਆਓ ਹਨੇਰ ਮੰਡਲ ਦੇ ਸਹਿਚਾਰੀਓ ! ਆਓ ਮੰਗਲ ਗਾਵੀਏਂ ਤੇ ਆਖੀਏ:-

ਵਡਭਾਗ ਭਇਆ ਇਸ ਧਰਤੀ ਦਾ
ਗੁਰ ਗੋਬਿੰਦ ਸਿੰਘ ਜੀ ਆਏ ਹੈਂ।
ਸੁਖ ਦੇਵਣ ਨੂੰ ਹਾਂ ਆਏ ਦੈਂ,
ਗੁਰ ਕੁਲਗੀਆਂ ਵਾਲੇ ਆਏ ਹੈਂ।
ਸਿਖ ਕਲਗੀ, ਲਕ ਤਲਵਾਰ ਲਗੀ,
ਏ 'ਹੁਕਮੀ' ਨਿਸ਼ਾਨ ਸਜਾਏ ਹੈਂ।

ਮੂੰਹ ਅੰਮ੍ਰਿਤ ਬਚਨ ਅਲਾਂਦੇ ਹੈਂ
ਏ 'ਪ੍ਰੇਮ' ਪ੍ਰਕਾਸ਼ਾਂ ਪਾਏ ਹੈਂ।
ਏ ਸੱਦਣਗੇ ਮਿਠ ਬੋਲੇ ਹੋ,
ਪਾ ਡੋਰ ਪ੍ਰੇਮ ਦੀ ਖਿੱਚਣਗੇ,
ਸਿਮਰਨ ਦਾ ਸੰਖ ਵਜਾਵਣਗੇ,
ਇਉਂ ਮੁਰਦੇ ਲੈਣ ਜਿਵਾਏ ਹੈਂ।
ਜੋ ਸੜ ਉੱਠੇ ਹਨ ਮੁਰਦੇ ਜੀ
ਓਹ ਪਕੜ ਕੁਠਾਲੀ ਪਾਵਣਗੇ,
ਫਿਰ ਢਾਲਣਗੇ ਫਿਰ ਸਾਜਣਗੇ
ਦੇ ਨਵਾਂ ਜਨਮ ਜੀਉਲਾਏ ਹੈਂ।
੧. ਹੈ ਦੁਖੀਏ ਦਾ ਦੁਖ ਹਰਨਾ ਜੋ
ਏ ਇਕ ਪ੍ਰੇਮ ਦੀ ਵਨਗੀ ਹੈ,
੨. ਮੁਰਦੇ ਨੂੰ ਪਕੜ ਜਿਵਾਲਣ ਜੋ
ਏ ਰੰਗ 'ਪ੍ਰੇਮ' ਨੇ ਲਾਏ ਹੈਂ।
੩. ਗਏ ਤੁੱਕ ਜੁ ਹਨ ਮੁਰਦਾਰ ਪਏ
ਤੇ ਹੋਇ ਅਸਾਧ ਗਏ ਪਾਪੀ,
ਮੁੜ ਮਾਰ ਜਿਵਾਲੇ ਇਹਨਾਂ ਨੂੰ
ਤੇ ਨਵੇਂ ਰੂਪ ਰੰਗ ਲਾਏ ਹੈਂ।
੧. ਸੰਤਾਂ ਨੂੰ ਆਪ ਉਬਾਰਨ ਨੂੰ,
੨. ਭੁੱਲਿਆਂ ਨੂੰ ਰਸਤੇ ਪਾਵਨ ਨੂੰ
੩. ਦੁਸ਼ਟਾਂ ਨੂੰ ਮਾਰ ਪਛਾੜਨ ਨੂੰ
ਇਉਂ ਮਾਰ ਜਿਵਾਲਣ ਆਏ ਹੈਂ।
ਇਉਂ ਹੋ ਅਨੁਰਾਗ ਸਰੂਪ ਗੁਰੂ
ਅਜ ਆਏ ਜੀ ਅਜ ਆਏ ਹੈਂ,
ਖੁਸ਼ੀਆਂ ਤੇ ਮੰਗਲ ਗਾਉ ਸਭੇ
ਵਧ ਜਾਓ, ਸਭੇ, ਵਧਾਏ ਹੈਂ !

--o--

ਪੰਥਕ
ਢਾਡੀ ਜੱਥਾ
98150-03075

੧੦੪. ਅਝੱਵੀਂ ਵਜਕਤੀ*।

'ਨਿਟਸ਼ੇ' ਦਾ ਆਦਰਸ਼ ਜੋ ਉਸਨੇ ਆਪਣੇ 'ਆਦਰਸ਼ਕ ਆਦਮੀ' ਦਾ ਬੱਧਾ ਹੈ, ਜਿਸ ਨੂੰ ਉਸ ਨੇ ਜ਼ੁਰਤੁਸ਼ਤਰਾ ਕਰਕੇ ਲਿਖਿਆ ਹੈ, ਕੋਈ ਸੁਣੇ ਤਾਂ ਐਉਂ ਜਾਪਦਾ ਹੈ ਕਿ ਇਸ ਮਹਾਨ ਜ਼ੋਰਾਵਰ ਤੇ ਨਿਰਭੈ ਵਜਕਤੀ ਅੱਗੇ ਸਾਰੇ ਝੁਕਣਗੇ ਅਰ ਇਸ ਦਾ ਭੈ ਸਭ ਪਰ ਛਾਏਗਾ। ਇਸ ਦੀਆਂ 'ਸ਼ੂਰਿਕ ਚੜ੍ਹਦੀਆਂ ਕਲਾਂ' ਤੇ ਹੋਰ ਸਾਰੇ ਵਰਣਨ ਕੀਤੇ ਗੁਣਾਂ ਦੇ ਨਾਲ ਇਹ ਅਸਰ ਉਸਦਾ ਉਨ੍ਹਾਂ ਸਾਰਿਆਂ ਤੇ ਪਵੇਗਾ ਜੋ ਉਸਦੇ ਦੁਆਲੇ ਜਗਤ ਵਿਚ ਹੋਣਗੇ। ਜਿਨ੍ਹਾਂ ਦਿਲਾਂ ਤੇ ਭੈ ਕਿਸੇ ਦਾ ਛਾਏ ਉਹ ਦਿਲ

*ਇਹ ਲੇਖ ਸੰ: ਗੁ: ਨਾ: ਸਾ: ੪੬੭ (੧੫ ਜਨਵਰੀ ੧੯੩੨ ਈ:) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

ਕਦੇ ਉੱਚੇ ਤੇ ਖੇੜੇ ਵਾਲੇ ਨਹੀਂ ਹੋ ਸਕਦੇ, ਉਹ ਜੋ ਭੈ ਦੇ ਅਸਰ ਹੇਠ ਹੁੰਦੇ ਹਨ ਆਦਰਸ਼ਕ ਇਨਸਾਨ ਨਹੀਂ ਬਣ ਸਕਦੇ। ਉਨ੍ਹਾਂ ਨੇ ਮਹਾਨ ਪੁਰਖ ਤੇ ਜ਼ੁਰਤੁਸ਼ਤਰਾ ਕਿੱਥੋਂ ਬਣ ਸਕਣਾ ਹੋਇਆ। ਇਸ ਤਰ੍ਹਾਂ ਇਕ ਮਹਾਨ ਪੁਰਖ ਦਾ ਭੈ ਕਿਸੇ ਹੋਰ ਨੂੰ ਮਹਾਨ ਪੁਰਖ ਬਣਨੋਂ ਇਕ ਤਰ੍ਹਾਂ ਨਾਲ ਰੋਕ ਪਾਉਣ ਵਾਲਾ ਹੋ ਗਿਆ।

ਜੋ ਸ਼ੈ ਨੇਕੀ ਵਾਲੀ ਹੈ ਯਾ ਜੋ ਸ਼ੈ ਜਗਤ ਵਿਚ ਵਾਂਛਤ ਹੈ, ਉਹ ਵਧਣੀ ਚਾਹੀਦੀ ਹੈ। 'ਨੇਕੀ ਤੇ ਨੇਕੀ ਵਾਲਿਆਂ ਦਾ ਵਾਧਾ ਇਕੋ ਸਾਂਝਾ ਅਸੂਲ ਹੈ। ਯਾ ਇਉਂ ਕਹੋ ਕਿ ਜੋ ਸ਼ੈ ਅਪਣੇ ਆਪ ਵਿਚ ਭਲੀ ਹੈ ਉਹ ਭਲਿਆਈ ਦੇ ਵਾਧੇ ਦੀ ਯਾ ਆਪਣੇ ਵਾਧੇ ਦੀ ਪ੍ਰਤਿਬੰਧਕ ਨਹੀਂ ਹੋ ਸਕਦੀ। ਜੋ ਸ਼ੈ ਆਪਣੇ ਵਰਗਿਆਂ ਦੇ ਵਾਧੇ ਦੀ ਆਪ ਰੋਕ ਬਣੇ ਉਹ ਆਪਣੇ ਆਪ ਵਿਚ ਕੋਈ ਕਸਰ ਰੱਖਦੀ ਹੈ, ਮੁਕੰਮਲ ਨੇਕੀ ਹੋਣ ਤੋਂ। ਇਸ ਵੀਚਾਰ ਤੋਂ ਅਸੀਂ ਇਥੇ ਅੱਪੜੇ ਕਿ ਨਿਟਸ਼ੇ ਦੇ ਮਹਾਨ ਪੁਰਖ ਦੇ ਆਦਰਸ਼ ਬੰਨ੍ਹਣ ਵਿਚ ਕਸਰ ਹੈ।

ਇਸ ਆਦਮੀ ਤੋਂ ਸਦੀਆਂ ਪਹਿਲੇ ਜੋ ਗੁਰੂ ਸਾਹਿਬਾਂ ਨੇ ਮਹਾਂ ਪੁਰਖ ਦਾ ਆਦਰਸ਼ ਬੱਧਾ ਹੈ, ਉਹ ਇੱਥੇ ਵੀਚਾਰ ਹੇਠਰਾ ਹੈ। ਉਨ੍ਹਾਂ ਦੇ ਮਹਾਂ ਪੁਰਖ ਦੇ ਲੱਛਣਾਂ ਵਿਚ ਬੀ ਉਸ ਦਾ ਨਿਰਭੈ ਹੋਣਾ ਇਕ ਵੱਡਾ ਲੱਛਣ ਹੈ ਪਰ ਨਾਲ ਹੀ ਉਨ੍ਹਾਂ ਨੇ ਉਸ ਦਾ ਇਹ ਲੱਛਣ ਬੱਧਾ ਹੈ ਕਿ ਉਹ ਭੈ ਦਾਤਾ ਭੀ ਨਹੀਂ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥

ਜੋ ਭੈ ਨਹੀਂ ਮੰਨਦਾ, ਪਰ ਭੈ ਦੇਂਦਾ ਬੀ ਨਹੀਂ ਉਹ ਦੂਸਰੇ ਦਿਲਾਂ ਨੂੰ ਖਿੜਨੇ, ਉੱਚਾ ਹੋਣੇ, ਆਦਰਸ਼ਕ ਇਨਸਾਨ ਬਣਨੋਂ ਰੋਕ ਨਹੀਂ ਪਾਉਂਦਾ, ਅਰਥਾਤ ਉਹ ਆਪਣੇ ਵਰਗੀਆਂ ਹੋਰ ਵਜਕਤੀਆਂ ਦੇ ਵਾਧੇ ਦਾ ਪ੍ਰਤਿਬੰਧਕ ਨਹੀਂ ਹੈ, ਇਸ ਲਈ ਇਹ ਇਨਸਾਨ ਆਦਰਸ਼ਕ ਹੈ।

ਦਸਾਂ ਹੀ ਸਤਿਗੁਰਾਂ ਦਾ ਜੀਵਨ ਇਸ ਗਲ ਦਾ ਇਤਿਹਾਸ ਹੈ, ਕਿ ਉਨ੍ਹਾਂ ਨੇ ਕਦੀ ਬਦੀ ਨਾਲ ਵਟਾਂਦ੍ਰਾ ਜਾ ਸਾਲਸੀ ਨਹੀਂ ਕੀਤੀ। ਕਦੇ ਕਿਸੇ ਅੱਗੇ ਝੁਕੇ ਨਹੀਂ, ਪਰ ਕਦੇ ਕਿਸੇ ਦੇ ਹਿਰਦੇ ਵਿਚ ਆਸੁਰੀ ਭਾਵ ਆਪਣੇ ਪ੍ਰਭਾਵ ਨਾਲ ਨਹੀਂ ਉਪਜਣ ਦਿੱਤੇ। ਭੈ ਦੇਣਾ ਤੇ ਭੈ ਖਾਣਾਂ ਦੋਵੇਂ ਆਸੁਰੀ ਭਾਵ ਹਨ। ਦੋਹਾਂ ਨੂੰ ਆਪ ਨੇ ਦੂਰ ਰੱਖਿਆ। ਛੇਵੇਂ ਤੇ ਦਸਵੇਂ ਸਤਿਗੁਰਾਂ ਦਾ ਆਪਣੇ ਤੇ ਕਾਪਣੇ ਪੈਰੋਕਾਰਾਂ ਦੇ ਬੀਰ-ਰਸੀ ਜੀਵਨ ਦਾ ਕਾਰਨ ਬੀ ਪਰਜਾ ਦੇ ਭੈ ਦਾਤਿਆਂ ਤੋਂ ਅਤੇ ਉਨ੍ਹਾਂ ਦੇ ਭੈ ਤੋਂ ਮੁਕਤ ਕਰਕੇ ਉਨ੍ਹਾਂ ਦੀਆਂ ਸੁਰਤਾਂ ਨੂੰ ਉੱਚਿਆਂ ਕਰਨ ਤੇ ਖੇੜਨ ਤੋਂ ਸੀ। ਇਨਸਾਨ ਦਾ ਜਮਾਂਦਰੂ ਹਕ ਹੈ ਕਿ ਕੋਈ ਦੂਸਰਾ ਇਨਸਾਨ ਉਸਦੀ ਸੁਰਤ ਉਤੇ ਦਬਾ ਪਾਕੇ ਉਸਦੇ ਸਰੀਰ ਤੇ ਮਨ ਨੂੰ ਨਪਿੱਤ ਨਾ ਸੱਟੇ, ਕਿਉਂਕਿ ਮਨ ਦਾ ਖੇੜਾ ਤੇ ਮਨ ਦੀ ਨਿਰਭੈਤਾ ਹੀ ਮਨ ਨੂੰ ਆਪਣੀ ਸ਼ਖਸੀਅਤ ਦੀ ਤਰੱਕੀ ਦੀ ਸੜਕ ਤੇ ਅੱਗੇ ਵਧ ਵਧ ਕੇ ਕਦਮ ਧਰਨ ਦਾ ਮੌਕਾ ਦੇਂਦੀ ਹੈ, ਕਿ ਜਿਸ ਲਈ ਇਨਸਾਨ ਦਾ ਵਜੂਦ ਬਣਿਆਂ ਹੈ। ਪੂੰ ਤੂ ਇਹ ਖੇਡ ਆਸੁਰੀ ਸੰਪਦਾ ਦੇ ਆਸ਼ਿਤ ਨਾ ਹੋਵੇ।

ਕਿਸੇ ਨੂੰ ਭੈ ਦੇ ਘਰ ਵਿਚ ਲਿਜਾ ਕੇ ਉਸ ਦੇ ਮਨ ਆਤਮਾਂ ਨੂੰ ਤਬਾਹ ਕਰਕੇ ਆਪਣੇ ਲਈ ਆਸੁਰੀ ਅਸੂਲਾਂ ਦਾ ਰਾਜ ਕਾਇਮ ਕਰਨਾ ਸਤਿਗੁਰਾਂ ਦਾ ਅਸੂਲ ਨਹੀਂ ਸੀ। ਸਗੋਂ ਜੋ ਲੋਕ ਪ੍ਰਜਾ ਉੱਤੇ ਇਹ ਪ੍ਰਭਾਵ ਪਾ ਕੇ ਉਨ੍ਹਾਂ ਦੀ ਸਰੀਰਕ ਮਾਨਸਕ ਤੇ ਆਤਮਕ ਤਬਾਹੀ ਦਾ ਕਾਰਨ ਬਣ ਰਹੇ ਸਨ ਉਨ੍ਹਾਂ ਨੂੰ ਇਸ ਬਦੀ ਤੋਂ ਵਰਜਣਾ ਪ੍ਰਯੋਜਨ ਸੀ ਉਨ੍ਹਾਂ ਦੇ ਤਲਵਾਰ ਪਕੜਨ ਦਾ। ਪ੍ਰੇਮ ਨਾਲ ਸਮਝਾਉਣ ਦਾ ਅਤੇ ਮਾਨਸਿਕ ਤੇ ਆਤਮਕ ਉੱਚੇ ਖਿਆਲ ਦਰਸਾਕੇ ਉਨ੍ਹਾਂ ਨੂੰ ਪ੍ਰੇਰਨਾ ਨਾਲ ਦਰੁਸਤੀ ਤੇ ਲਿਆਉਣ ਦਾ ਕੰਮ ਦਸਾਂ ਹੀ ਸਤਿਗੁਰਾਂ ਨੇ ਕੀਤਾ ਹੈ ਤੇ ਕਰਦੇ ਰਹੇ ਹਨ। ਪਰ ਜਦ ਗੁਰੂ ਜੀ ਨੇ ਗ਼ਲਤ ਆਦਰਸ਼ ਨਾਲ ਬਣੇ ਹਾਕਮਾਂ ਨੂੰ ਪ੍ਰੇਮ ਨਾਲ ਮੋੜਾ ਖਾਂਦੇ ਨਾ ਡਿੱਠਾ ਤਾਂ ਉਨ੍ਹਾਂ ਦਾ ਇਲਾਜ ਉਨ੍ਹਾਂ ਦੇ ਆਪਣੇ ਤ੍ਰੋਕੇ ਨਾਲ ਹੀ ਕਰ ਦਿੱਤਾ। ਸੋ ਇਹ ਕਾਰਜ ਵੀ ਜਗਤ ਵਿਚ ਮਹਾਨ ਪੁਰਖਾਂ ਦੀ ਸ਼ਖਸੀਅਤ ਦੇ ਵਾਧੇ ਦਾ ਕਾਰਨ ਬਣਿਆਂ। ਦਿਲਾਂ ਤੇ ਪੈ ਰਹੇ ਭੈ ਨੂੰ ਦੂਰ ਕਰਕੇ ਦਿਲਾਂ ਨੂੰ ਆਪਣੀ ਤਰੱਕੀ ਕਰਨ ਦਾ ਮੌਕਾ ਪੈਦਾ ਕਰ ਦਿਤਾ। ਭੈ ਦਾਤਿਆਂ ਨੂੰ ਉਨ੍ਹਾਂ ਦੇ ਪੈਦਾ ਕੀਤੇ ਭੈ ਤੋਂ ਨਿਰਭੈ ਹੋਕੇ ਭੈ ਦੇਣੋ ਵਰਜ ਦਿੱਤਾ।

ਇਸ ਜੱਦੋ ਜਹਦ (ਪ੍ਰਯਤਨ) ਵਿਚ ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਨੂੰ ਆਪਣੇ ਜੀਵਨ ਵਿਚ ਉਹ ਉਹ ਮੌਕੇ ਆਉਂਦੇ ਰਹੇ ਕਿ ਜਿੱਥੇ ਜਾ ਕੇ ਉਹ ਆਪ ਭੋ ਖਾ ਜਾਣ, ਪਰ ਉਹ ਸਾਰੇ ਮੌਕੇ ਦੱਸਦੇ ਹਨ ਕਿ ਭੋ ਖਾਣਾ ਤਾਂ ਕਿਤੇ ਰਿਹਾ ਉਹ ਕਦੇ ਝਵੇਂ ਤਕ ਬੀ ਨਹੀਂ, ਹਾਂ ਉਨ੍ਹਾਂ ਨੇ ਕਦੇ ਦਿਲਝਵੀਂ ਨਹੀਂ ਖਾਧੀ। ਅਪਣੇ ਰੂਹਾਨੀ ਗੁਣਾਂ ਦੇ ਨਾਲ ਇਨਸਾਨੀ ਨੁਕਤੇ ਤੋਂ ਬੀ ਉਹ ਆਦਰਸ਼ਕ ਇਨਸਾਨ ਸਨ, ਅਰਥਾਤ ਅਸਲੀ ਮਹਾਨ ਪੁਰਖ ਸਨ।

ਇਥੇ ਸਮਾਂ ਨਹੀਂ ਕਿ ਵਿਸਥਾਰ ਨਾਲ ਉਨ੍ਹਾਂ ਦੇ ਸਾਰੇ ਗੁਣਾਂ ਤੇ ਲੱਛਣਾਂ ਦੀ ਵਿਚਾਰ ਹੋ ਸਕੇ ਯਾ ਜ਼ਾਲਮਾਂ ਦੇ ਉਨ੍ਹਾਂ ਦੇ ਭੈ ਦੇਣੋ ਅਸਮਰਥ ਕਰ ਦੇਣ ਦੇ ਪੱਖ ਤੇ ਸਵਿਸਥਾਰ ਕੁਛ ਲਿਖਿਆ ਜਾਵੇ, ਯਾ ਉਨ੍ਹਾਂ ਦੇ ਉਹ ਪਹਿਲੂ ਦਿਖਾਏ ਜਾਣ ਕਿ ਉਨ੍ਹਾਂ ਨੇ ਸਿਵਾ ਭੈ ਦਾਤਿਆਂ ਨੂੰ ਦਰੁਸਤ ਕਰਨ ਦੇ ਕਦੇ ਭੈ ਦੇਕੇ ਦੂਜੇ ਦੀ ਸੁਰਤ ਢਾਉਣ ਵਲ ਰੁਖ ਨਹੀਂ ਕੀਤਾ, ਪੰਤੂ ਇੱਥੇ ਅਸਾਂ ਅੱਜ ਉਨ੍ਹਾਂ ਦੇ ਆਪ ਸਦਾ ਅਝੱਵੇਂ ਰਹਿਣ ਦੀ ਦੁਰਲਭ ਖ਼ੂਬੀ ਦਾ ਚਾਨਣਾ ਪਾਉਣ ਦਾ ਯਤਨ ਕਰਨਾ ਹੈ, ਅਰਥਾਤ 'ਨਹਿ ਭੈ ਮਾਨਤ ਆਨਿ' ਦਾ ਅਸੂਲ ਵਰਤੋਂ ਵਿਚ ਆਇਆ ਦਰਸਾਉਣਾ ਹੈ।

ਬਚਪਨ ਵਿਚ ਹੀ ਆਪ ਪਰ ਜ਼ਿੰਮੇਂਵਾਰੀ ਦਾ ਬੋਝ ਪੈ ਗਿਆ ਸੀ ਤੇ ਉਸੇ ਵੇਲੇ ਆਪ ਨੇ ਬੀਰ ਰਸ ਨੂੰ ਸ਼ਾਂਤਿ ਰਸ ਦੇ ਨਾਲ ਸ਼ਾਮਲ ਕਰਨੇ ਦੀ ਸੋਚ ਲਈ ਸੀ, ਕਿ ਇਸ ਬਿਨਾਂ ਜ਼ਾਲਮਾਂ ਦਾ ਭੈ ਦਾਤਿਆਂ ਨੂੰ ਭੈ ਦੇਣ ਤੋਂ ਅਸਮਰਥ ਕਰਨਾ ਕਠਨ ਹੋਵੇਗਾ। ਅਜੇ ਚੜ੍ਹਦੀ ਜੁਵਾਨੀ ਹੀ ਸੀ ਕਿ ਜਿਸ ਰਿਆਸਤ ਵਿਚ ਆਪ ਦਾ ਟਿਕਾਣਾ ਸੀ, ਉਥੋਂ ਦੇ ਰਾਜਾ ਨੇ ਨਾਜਾਇਜ਼ ਰੋਅਬ ਪਾਕੇ ਉਨ੍ਹਾਂ ਨੂੰ ਆਪਣੇ ਭੈ ਹੇਠਾਂ ਲਿਆਉਣ ਦਾ ਜਤਨ ਕੀਤਾ ਤੇ ਧਮਕੀਆਂ ਦੇ ਕੇ ਨਾਜਾਇਜ਼ ਮੰਗਾਂ ਮੰਗ ਘੱਲੀਆਂ। ਆਪਣੇ ਪਾਸ ਜੋ ਸਾਮਾਨ ਜੰਗੀ ਗੁਰੂ ਜੀ ਕਰ ਰਹੇ ਸੇ, ਥੋੜ੍ਹਾ ਸੀ। ਰਾਜੇ ਦੇ ਭੈ ਦਾਤੇ ਸੰਦੇਸ਼ ਨੇ ਆਪਣੇ ਸਲਾਹਕਾਰਾਂ ਤੇ ਸੱਜਣਾਂ ਨੂੰ ਰਾਜੇ ਨਾਲ ਮੇਲ ਕਰਨ ਵਲ ਪ੍ਰੇਰਿਆ ਪਰ ਇਸ ਅਝੁੱਕ ਦਿਲ ਨੇ ਦਿਲਝੱਵੀਂ ਨਹੀਂ ਖਾਧੀ, ਰਾਜੇ ਨੂੰ ਸੰਦੇਸ਼ ਘੱਲਿਆ ਕਿ "ਆਨੰਦਪੁਰ ਸਾਡੇ ਪਿਤਾ ਨੇ ਕਈ ਵੇਰ ਉੱਜੜ ਚੁਕੇ ਇਕ ਥੇਹ ਤੇ ਬਸਾਇਆ ਹੈ, ਜਿਸ ਨੂੰ ਮਾਖੇ ਦੈਂਤ ਦਾ ਸਮਝਕੇ ਮਾਖੋਵਾਲ ਆਖਦੇ ਕੋਈ ਨੇੜੇ ਨਹੀਂ ਸੀ ਢੁੱਕਦੇ। ਫਿਰ ਉਹ ਧਰਤੀ ਮੁੱਲ ਦੇਕੇ ਖਰੀਦੀ ਤੇ ਕਿਸੇ ਕਰ ਹਾਲੇ ਦੇ ਦੇਣ ਦੀ ਸ਼ਰਤ ਕੋਈ ਉਸ ਵੇਲੇ ਪ੍ਰਵਾਨ ਨਹੀਂ ਸੀ ਕੀਤੀ। ਇਸ ਨਵੀਂ ਮੰਗ ਨੂੰ ਜੋ ਅਯੋਗ ਹੈ ਸਾਡਾ ਹਿਰਦਾ ਪ੍ਰਵਾਨ ਨਹੀਂ ਕਰਦਾ"। ਸਾਰੇ ਪ੍ਰਵਾਰ ਤੇ ਸਲਾਹਕਾਰਾਂ ਦੀ ਢਿੱਲੀ ਮਰਜ਼ੀ ਨੇ ਭੀ ਭੈ ਦੀ ਛੁਹ ਇਸ ਨੌਜਵਾਨ ਦਿਲ ਨੂੰ ਨਹੀਂ ਲਾਈ ਤੇ ਰਤਾ ਭਰ ਉਦਾਸੀ ਨਹੀਂ ਖਾਣ ਦਿੱਤੀ।

ਕੁਛ ਸਮੇਂ ਮਗਰੋਂ ਨਾਹਨ ਦਾ ਰਾਜਾ ਆਪ ਨੂੰ ਜਮਨਾ ਕਿਨਾਰੇ ਇਕ ਸੁੰਦਰ ਟਿਕਾਣੇ ਸਿਰਮੌਰ ਦੀ ਦੂਨ ਵਿਚ ਲੈ ਗਿਆ, ਜਿੱਥੇ ਆਪ ਨੇ ਪਾਉਂਟਾ ਰਚਿਆ ਤੇ ਉਥੇ ਆਪ ਨੇ ਧਰਮ ਪ੍ਰਚਾਰ ਤੇ ਹੋਰ ਉਪਕਾਰੀ ਕਾਰਜਾਂ ਦੇ ਨਾਲ ਬੀਰ ਰਸੀ ਸਾਮਾਨ ਬਹੁਤ ਵਧਾਏ। ਇੱਥੇ ਹੀ ਸਢੌਰੇ ਦੇ ਬੁੱਧੂ ਸ਼ਾਹ ਫਕੀਰ ਨੇ ੫੦੦ ਪਠਾਣ ਜੋ ਬੇਰੁਜ਼ਗਾਰ ਹੋ ਚੁਕੇ ਸੇ ਗੁਰੂ ਜੀ ਪਾਸ ਨੌਕਰ ਰਖਵਾਏ, ਉਨ੍ਹਾਂ ਦੇ ਕੌਲ ਇਕਰਾਰ ਲੈਕੇ ਤੇ ਜੋਧਾ ਕੌਮ ਦੇ ਆਦਮੀ ਹੋਣ ਕਰਕੇ ਉਨ੍ਹਾਂ ਦੇ ਕੌਲ ਕਰਾਰ ਤੇ ਇਤਬਾਰ ਕਰਕੇ ਗੁਰੂ ਜੀ ਨੇ ਇਨ੍ਹਾਂ ਨੂੰ ਅਪਣੇ ਦਲ ਵਿਚ ਸ਼ਾਮਲ ਕੀਤਾ। ਥੋੜੇ ਹੀ ਦਿਨਾਂ ਮਗਰੋਂ ਆਪ ਨੂੰ ਖ਼ਬਰ ਆਈ ਕਿ ਗੜ੍ਹਵਾਲ ਦਾ ਰਾਜਾ ਫਤਹ ਸ਼ਾਹ ਹੋਰ ਪਹਾੜੀ ਰਾਜਿਆਂ ਦੀ ਸੈਨਾ ਨਾਲ ਰਲਾਕੇ ਜੋ ਉਸਦੇ ਘਰ ਧੀ ਦੇ ਵਿਆਹ ਤੇ ਆਏ ਹੋਏ ਸਨ, ਗੁਰੂ ਜੀ ਤੇ ਹਮਲਾ ਕਰਨ ਆ ਰਿਹਾ ਹੈ। ਇਸ ਜੰਗ ਦਾ ਕਾਰਨ ਕੀਹ ਸੀ, ਲੱਭਣ ਦੀ ਬਹੁਤੀ ਲੋੜ ਨਹੀਂ ਕਿਉਂਕਿ ਰਾਜਾ ਕਹਿਲੂਰ ਦਾ ਜੋ ਗੁਰੂ ਜੀ ਨੂੰ ਦਬਾਉਣੇਂ ਨਾਕਾਮਯਾਬ ਹੋਇਆ ਉਥੇ ਸੀ ਤੇ ਜੁੱਧ ਵਿਚ ਸ਼ਾਮਲ ਸੀ, ਇਸ ਦੀ ਸ਼ਰਾਰਤ ਇਕ ਕਾਰਨ ਸੀ ਹਮਲੇ ਦਾ। ਗੁਰੂ ਜੀ ਨੇ ਕੋਈ ਮੌਕਾ ਜੰਗ ਦੇ ਹੋ ਪੈਣ ਦਾ ਨਹੀਂ ਦਿੱਤਾ ਸੀ? ਇਸ ਗੱਲ ਦੀ ਖੋਜ ਦੀ ਬਾਹਰੋਂ ਲੋੜ ਨਹੀਂ ਕਿਉਂਕਿ ਜੁੱਧ ਦੇ ਹਾਲ ਵਿਚ ਜੋ ਗੁਰੂ ਜੀ ਨੇ ਆਪ ਲਿਖਿਆ ਹੈ ਇਹ ਸਪਸ਼ਟ ਦੱਸਿਆ ਹੈ ਕਿ ਫਤਹ ਸ਼ਾਹ ਨੇ ਅਕਾਰਨ ਅਸਾਂ ਨਾਲ ਜੁੱਧ ਰਚਾਇਆ। ਯਥਾ:—

ਫਤੇ ਸ਼ਾਹਿ ਕੋਪਾ ਤਬਿ ਰਾਜਾ ।।
ਲੋਹ ਪਰਾ ਹਮ ਮੋਂ ਬਿਨ ਕਾਜਾ ।।੩।।

ਦੂਜਾਕਾਰਣ ਔਰੰਗਜ਼ੇਬ ਦਾ ਫਤੇਸ਼ਾਹ ਨੂੰ ਇਸ਼ਾਰਾ ਸੀ ਜੋ ਜੰਗਨਾਮਾ ਗੁਰੂ ਗੋਬਿੰਦ ਸਿੰਘ ਤੋਂ ਵਿਦਿਤ ਹੁੰਦਾ ਹੈ।ਜਦੋਂ ਇਸ ਹਮਲੇ ਦੀ ਖਬਰ ਆਈਤੇਆਪ ਦੇ ਦਲ ਵਿਚ ਪਸਰੀ ਤਾਂ ਪੰਜ ਸੌ ਨਵਾਂ ਪਠਾਣ ਸਿਪਾਹੀ, ਸਿਵਾਏ ਇਕ ਸਰਦਾਰ ਕਾਲੇ ਖਾਂ ਦੇ ਟੁਰਨ ਨੂੰ ਤਿਆਰ ਹੋ ਪਏ। ਸਾਰੇ ਪਿਆਰ ਦੀ ਪ੍ਰੇਰਨਾ ਤੇ ਇਖ਼ਲਾਕੀ ਉਪਦੇਸ਼ਾਂ ਨੂੰ ਸੁਣ ਸੁਣਾ ਕੇ ਜਦ ਪਠਾਣ ਆਪਣੇ ਇਰਾਦੇ ਤੇ ਪੱਕੇ ਰਹੇ ਤਾਂ ਗੁਰੂ ਜੀ ਨੇ ਦਿਲਝਵੀਂ ਨਹੀਂ ਖਾਧੀ ਕਿ ਸਿਰ ਤੇ ਜੰਗ ਆ ਪਿਆ ਹੈ ਤੇ ਐਨ ਵੇਲੇ ਸਿਰ ਪੰਜ ਸੌ ਸਿਪਾਹੀ ਬਾਗ਼ੀ ਹੋਕੇ ਟੁਰ ਪਿਆ ਹੈ, ਆਪ ਨੇ ਉਨ੍ਹਾਂ ਨੂੰ ਜਾਣ ਦੀ ਆਗਜਾ ਦਿੱਤੀ ਤੇ ਆਪ ਮੁਕਾਬਲੇ ਲਈ ਤਿਆਰੀ ਕਰਨ ਲਗ ਪਏ। ਜਮਨਾ ਕਿਨਾਰੇ ਰਟਨ ਕਰਕੇ ਤੇ ਦੁਸ਼ਮਨ ਦੇ ਦਾਉ ਪੇਚ ਤੇ ਚਾਲ ਦੇ ਰੁਖ ਸਹੀ ਕਰਕੇ ਭੰਗਾਣੀ ਵਾਲੇ ਟਿਕਾਣੇ ਜਾ ਮੋਰਚੇ ਲਾਏ। ਜਿਸ ਥਾਂ ਨੂੰ ਦੇਖ ਕੇ ਉਨ੍ਹਾਂ ਦੀ ਜੁੱਧ ਵਿਦਜਾ ਦੀ ਕਾਬਲੀਅਤ ਉਤੇ ਸਿਆਣੇ ਫੌਜੀ ਬੀ ਅਸ਼ ਅਸ਼ ਕਰ ਉਠਦੇ ਹਨ। ਇਸ ਵੇਲੇ ਆਪ ਨੂੰ ਪੱਕੇ ਤੌਰ ਤੇ ਖ਼ਬਰ ਆਈ ਕਿ ਸਾਰੇ ਪਠਾਣ ਜੋ ਸਾਥੋਂ ਵਿਦਾ ਹੋਏ ਹਨ ਦੁਸ਼ਮਨ ਦਲ ਨਾਲ ਜਾ ਰਲੇ ਹਨ। ਨਾ ਕੇਵਲ ਆਪਣੀ ਸੈਨਾ ਪੰਜ ਸੌ ਘਟੀ ਹੈ ਪਰ ਦੁਸ਼ਮਣ ਦੀ ਸੈਨਾ ਪੰਜ ਸੌ ਵਧ ਗਈ ਹੈ, ਅਰ ਘਰ ਦੇ ਭੇਤੀ ਦੁਸ਼ਮਣਾਂ ਨਾਲ ਜਾ ਰਲੇ ਹਨ। ਪਰ ਇਸ ਵੇਲੇ ਬੀ ਆਪ ਦੇ ਦਿਲ ਨੇ ਕਾਂਪ ਨਹੀਂ ਖਾਧੀ ਤੇ ਝਉਂਕੇ ਉਦਾਸ ਨਹੀਂ ਹੋ ਬੈਠੇ। ਹਮਲੇ ਦੇ ਮੁਕਾਬਲੇ ਤੇ ਝਟ ਖੜੇ ਹੋ ਗਏ ਤੇ ਮੈਦਾਨ ਜੰਗ ਵਿਚ ਆਪ ਗਏ, ਆਪ ਹੁਕਮ ਹੱਥ ਵਿਚ ਲਿਆ ਤੇ ਜੰਗ ਦੇ ਸਾਰੇ ਖ਼ਤਰਿਆਂ ਵਿਚ ਪਿੱਛੇ ਨਹੀਂ ਹਟੇ। ਜਦੋਂ ਇਕ ਤੀਰ ਆਪ ਨੂੰ ਚੁਭ ਕੇ ਲੰਘ ਗਿਆ ਹੈ ਤਾਂ ਵੀ ਦਿਲ ਹੌਲ ਦੇ ਘਰ ਨਹੀਂ ਗਿਆ, ਦੁਸ਼ਮਨ ਦਲ ਦੀ ਬਾਹੁੱਲਤਾ ਚੋਟੀ ਦੇ ਤੀਰ ਅੰਦਾਜ਼ਾਂ ਦੇ ਕਰਤੱਬ ਦੇਖਦੇ ਅਰ ਆਪ ਤੀਰ ਦਾ ਲੋਹਾ ਚੱਖਕੇ ਲਿਖਦੇ ਹਨ:-

ਜਬੈ ਬਾਣ ਲਾਗਿਓ ॥ ਤਬੈ ਰੋਸ ਜਾਗਿਓ ॥

ਇਸ ਰੋਸ ਜਾਗੇ ਤੇ ਫਿਰ ਆਪ ਦੇ ਤੀਰ ਚੱਲੇ, ਉਸ ਖੂਬੀ ਨਾਲ ਕਿ ਇਕ ਨਿਸ਼ਾਨਿਓਂ ਨਹੀਂ ਉੱਕਿਆ। ਉਹ ਟਿਕਾਣਾ ਜਿੱਥੇ ਬੀਰਾਸਨ ਹੋਕੇ, ਉਹ ਰੁੱਖ ਜਿਸ ਹੇਠ ਚਰਨ ਟਿਕਾਕੇ, ਤੀਰ ਛੋੜੇ ਸਨ ਅਜੇ ਮੌਜੂਦ ਹੈ। ਇਸ ਵੇਲੇ ਦੀ ਤੀਰਅੰਦਾਜ਼ੀ ਤੇ ਬਹਾਦਰੀ ਨੇ ਹਮਲਾ ਆਵਰਾਂ ਦੇ ਉਹ ਉਹ ਜੋਧੇ ਮਾਰੇ ਕਿ ਉਹ ਹਾਰ ਖਾਕੇ ਪਿੱਛੇ ਨੂੰ ਨੱਸ ਗਏ।

ਇਹ ਤੇ ਇਹੋ ਜਿਹੇ ਕਈ ਸਮੇਂ ਇਸ ਮਗਰੋਂ ਆਏ ਕਿ ਜਦੋਂ ਡਾਢੇ ਆੜੇ ਵਕਤਾਂ ਵਿਚ ਆਪਦੀ ਸੂਰਤ ਨੇ ਕੰਬਣੀ ਨਹੀਂ ਖਾਧੀ।ਚਾਹੇਜੰਗ ਦੇ ਸਾਮਾਨ ਤੇ ਫੌਜ ਥੋੜ੍ਹੀ ਸੀ ਚਾਹੇ ਮੁਸ਼ਕਲਾਂ ਅਤਿ ਆਈਆਂ ਪਰ ਕਿਸੇ ਮੌਕੇ ਤੇ ਆਪ ਨੇ ਦਿਲ ਝਵੀਂ ਨਹੀਂ ਖਾਧੀ। ਅੰਤ ਇਕ ਉਹ ਵੇਲਾ ਆਇਆ ਕਿ ਅਨੰਦਪੁਰ ਘੇਰੇ ਵਿਚ ਆ ਗਿਆ ਤੇ ਬਰਸ ਤੇ ਕੁਛ ਘਟ ਸਮਾਂ ਇਹ ਹਾਲ ਰਿਹਾ,ਬੜੇ ਬੜੇ ਹਮਲੇ ਹੋਏ ਜੋ ਪਸਪਾ ਕੀਤੇ ਅਰ ਇਨ੍ਹਾਂ ਜਤਨਾਂ ਵਿਚ ਆਪਣੇ ਚੋਣਵੇਂ ਸੂਰਮੇ ਤੇ ਆਪਾ-ਨੁਛਾਵਰੀਏ ਪਿਆਰੇ ਸ਼ਹੀਦ ਹੋ ਗਏ।ਹੁਣ ਅੰਦਰ ਰਸਦ ਮੁੱਕੀ, ਫਿਰ ਬੀ ਦੁਸ਼ਮਨਾਂ ਦਾ ਦਲ ਚੀਰ ਚੀਰ ਕੇ ਆਪਦੇ ਜਵਾਨ ਰਸਦਾਂ ਲੈ ਜਾਂਦੇ ਰਹੇ। ਜਦੋਂ ਸਭ ਨਾਕੇ ਬੰਦ ਹੋ ਗਏ ਤੇ ਫਾਕਾ ਕਸ਼ੀ ਤੇ ਨੌਬਤ ਪਹੁੰਚੀ ਤੇ ਸਾਰੇ ਸੱਜਣ ਘਬਰਾ ਗਏ ਤਦੋਂ ਵੀ ਇਸ ਦੈਵੀ ਸੂਰਮੇ ਦੇ ਦਿਲ ਨੇ ਦਿਲਝੱਵੀਂ ਨਹੀਂ ਖਾਧੀ। ਇਸ ਵੇਲੇ ਬੀ ਜਦ ਦੁਸ਼ਮਨਾਂ ਨੇ ਗੁਰੂ ਜੀ ਨੂੰ ਅਜਿੱਤ ਅਹੱਲ ਤੇ ਅਭੇ ਡਿੱਠਾ ਤੇ ਸਮਝ ਗਏ ਕਿ ਇਹ ਆਪਣੇ ਅਖੀਰਲੇ ਆਦਮੀ ਤੱਕ ਕਟਵਾਏਗਾ ਪਰ ਸਨਮੁਖ ਜੂਝੇਗਾ ਤੇ ਕਦੇ ਸੂਰਤ ਡੋਗਕੇ ਇੱਝਾ ਨਹੀਂ ਹੋਵੇਗਾ ਤਾਂ ਸੰਦੇਸ਼ਾ ਘੱਲਿਆ ਕਿ ਤੁਸੀਂ ਆਪਣਾ ਸਭ ਕੁਛ ਲੈ ਕੇ ਟੁਰ ਜਾਓ, ਕਿਲ੍ਹਾ ਖਾਲੀ ਕਰ ਜਾਓ ਤਾਂ ਅਸੀਂ ਕੁਛ ਨਹੀਂ ਕਹਾਂਗੇ, ਹੋਰ ਕੋਈ ਸ਼ਰਤ ਅਸੀਂ ਪੇਸ਼ ਨਹੀਂ ਕਰਦੇ,ਕੋਈ ਦੀਨ ਨਹੀਂ ਮਨਵਾਉਂਦੇ, ਕੇਵਲ ਕਿਲਾ ਛੋੜ ਜਾਓ ! ਉਸ ਵੇਲੇ ਬੀ ਗੁਰੂ ਜੀ ਦੇ ਹਿਰਦੇ ਨੇ ਨਾ ਕਾਂਪ ਖਾਧੀ ਨਾ ਧੋਖਾ। ਅਪਣੇ ਸਲਾਹ ਦੇਣ ਹਾਰੇ ਤੇ ਪਰਵਾਰ ਨੇ ਦੁਸ਼ਮਨ ਦੇ ਇਸ ਸੰਦੇਸੇ ਨੂੰ ਗ਼ਨੀਮਤ ਸਮਝਿਆ ਤੇ ਮੰਨ ਲੈਣ ਦੀ ਸਲਾਹ ਦਿੱਤੀ। ਪਰ ਆਪ ਨੇ ਦੱਸਿਆ ਕਿ ਇਹ ਧੋਖਾ ਹੈ, ਅਰ ਝੂਠ ਹੈ, ਭੇ ਨਾ ਖਾਓ, ਫਾਕੇ ਕੜਾਕੇ ਦੇਖਕੇ ਓਦਰੋ ਨਾ, ਡਟੇ ਰਹੋ ਅਰ ਸੂਰਤ ਨੂੰ ਅਭੇ ਰਖੋ; ਪਰੰਤੂ ਸਾਰੇ ਘਬਰਾ ਰਹੇ ਸਨ। ਅੰਤ ਸਭ ਨੇ ਮਾਤਾ ਜੀ ਨੂੰ ਇਸ ਪੱਖ ਤੇ ਕਰ ਲਿਆ ਤੇ

ਸਾਹਿਆਂ ਨੇ ਸਿਵਾ ਸਤਿਗੁਰੂ ਜੀ ਦੇ ਖਾਸ ਪਿਆਰਿਆਂ ਅਤੇ ਉਨ੍ਹਾਂ ਦੇ ਆਦਰਸ਼ ਦੇ ਨੇੜੇ ਅੱਪੜ ਚੁਕੇ ਸੂਰਮਿਆਂ ਦੇ ਗੁਰੂ ਜੀ ਨੂੰ ਇਸ ਗਲ ਦੇ ਮਨਾਉਣ ਤੇ ਮਜਬੂਰ ਕੀਤਾ। ਆਪ ਨੇ ਆਖਿਆ ਕਿ "ਇਕ ਅੱਠ ਦਿਨ ਦੇ ਹੋਰ ਦੁੱਖ ਸਹੋ ਜੰਗ ਦਾ ਰੰਗ ਹੋਰ ਪਹਿਲੂ ਲਏਗਾ" ਪਰ ਕਿਸੇ ਨੇ ਨਾ ਮੰਨਿਆਂ। ਆਪ ਨੇ ਦੱਸਿਆ ਕਿ "ਕਿਲੇ ਤੋਂ ਨਿਕਲਦੇ ਸਾਰ ਅਪਦਾ ਪਏਗੀ ਅਰ ਤਬਾਹੀ ਆ ਘੇਰੇਗੀ", ਪਰ ਕਿਸੇ ਨਾ ਮੰਨਿਆ। ਤਦੋਂ ਆਪ ਨੇ ਸਾਰੀ ਜਨਤਾ ਦੀ ਸੰਮਤੀ ਮੁਜਬ ਪਰ ਆਪ ਆਪਣੇ ਸੰਕਲਪ ਵਿਚ ਪੱਕੇ ਤੇ ਅਪਣੇ ਅਨੁਮਾਨ ਕੀਤੇ ਦ੍ਰਿੜ੍ਹ ਨਿਸ਼ਚੇ ਵਿਚ ਪੂਰੀ ਤਿਆਰੀ ਨਾਲ, ਜੋ ਉਸ ਵੇਲੇ ਦੇ ਸਾਮਾਨ ਦੀ ਥੁੜ ਵਿਚ ਹੋ ਸਕਦੀ ਸੀ, ਅੱਧੀ ਰਾਤ ਕੂਚ ਕੀਤੀ। ਦੁਸ਼ਮਨ ਦਲ ਆਪਣੇ ਦਿੱਤੇ ਇਕਰਾਰ, ਲਿਖੇ ਇਕਰਾਰ ਨਾਮੇ, ਸੈਨਾਪਤ, ਸੂਬੇਦਾਰ ਤੇ ਕਾਜ਼ੀ ਦੇ ਕੁਰਾਨ ਤੇ ਹੱਥ ਰਖਕੇ ਕੀਤੀਆਂ ਸੁਗੰਦਾਂ ਦੇ ਉਲਟ ਗੁਰੂ ਜੀ ਪਰ ਟੁੱਟ ਪਏ। ਆਪ ਡਟ ਖੜੋਤੇ ਅਰ ਉਸ ਹਨੇਰੇ ਠੰਢ ਤੇ ਕਸ਼ਟ ਦੇ ਵੇਲੇ ਵੀ ਘਬਰਾ ਨਹੀਂ ਖਾਧਾ, ਝਵੇਂ ਨਹੀਂ, ਸਾਰੀ ਸੂਰਮਗਤੀ ਦੇ ਅਸੂਲਾਂ ਮੁਜਬ ਅਪਣੇ ਬਚਾਉ ਦਾ ਟਾਕਰਾ ਕੀਤਾ, ਅਗੇ ਵਧਦੇ ਗਏ ਤੇ ਰੋਪੜ ਦੇ ਦੁੱਖ ਝੱਲਦੇ ਅੰਤ ਚਮਕੌਰ ਜਾ ਅੱਪੜੇ। ਇਹ ਰਾਤ ਭੱਜ ਦਾ ਟਾਕਰਾ ਤੇ ਘਮਸਾਣ ਇੰਨਾ ਕਰੜਾ ਸੀ ਕਿ ਲਗ ਪਗ ਚਾਲੀ ਸੂਰਮਿਆਂ ਦੇ ਸਿਵਾ ਸਭ ਕਟ ਮਰੇ। ਅੰਮ੍ਰਤ ਛਕਾ ਕੇ ਨਵੇਂ ਪੈਦਾ ਕੀਤੇ ਆਦਰਸ਼ਕ ਬੰਦੇ ਅਰ ਬੜੇ ਬੜੇ ਘਮਸਾਣਾਂ ਵਿਚ ਫਤਹ ਪਾਉਣ ਵਾਲੇ ਸੂਰਮੇ ਪੁਰਜ਼ਾ ਪੁਰਜ਼ਾ ਹੋਕੇ ਕਟ ਗਏ, ਉਦੇ ਸਿੰਘ ਵਰਗੇ ਅਜਿੱਤ ਸੂਰੇ ਬੀ ਟੁਕੜੇ ਟੁਕੜੇ ਹੋਕੇ ਆਪਾ ਵਾਰ ਗਏ।

ਚਮਕੌਰ ਪਹੁੰਚਕੇ ਆਪ ਨੇ ਅਪਣੇ ਨਾਲ ਕੇਵਲ ਚਾਲੀ ਸੂਰਮੇ ਵੇਖੇ, ਜਿਨ੍ਹਾਂ ਵਿਚ ਦੋ ਆਪਣੇ ਪੁੱਤ੍ਰਸਨ, ਫਿਰ ਡਿੱਠਾ ਕਿ ਦੋ ਛੋਟੇ ਬੱਚੇ ਨਾਲ ਨਹੀਂ ਅੱਪੜੇ। ਪਰਿਵਾਰ ਦਾ ਪ੍ਰਬੰਧ ਤਾਂ ਰੋਪੜ ਕੀਤਾ ਸੀ ਪਰ ਮਾਤਾ ਜੀ ਤੇ ਬਚਿਆਂ ਦਾ ਥਹੁ ਨਹੀਂ ਸੀ। ਸਭ ਕੁਛ ਲੁਟ ਗਿਆ, ਸਾਰੇ ਕਟ ਗਏ, ਚਾਲੀ ਕੇਵਲ ਰਹਿ ਗਏ ਹਨ ਤੇ ਪਿੱਛੇ ਦੁਸ਼ਮਨ ਪਿੱਛਾ ਕਰਦਾ ਆ ਰਿਹਾ ਹੈ, ਇਸ ਵੇਲੇ ਹਾਂ ਇਸ ਵੇਲੇ ਖਬਰ ਆਉਂਦੀ ਹੈ ਕਿ ਜਿੱਧਰ ਨੂੰ ਭੱਜੇ ਜਾ ਰਹੇ ਹੋ ਅਗੋਂ ਹੋਰ ਦਲ ਸਰਹਿੰਦ ਵਲੋਂ ਆ ਰਿਹਾ ਹੈ। ਇਹ ਵਕਤ ਹੈ ਜਿਸ ਦਾ ਅੰਦਾਜ਼ਾ ਉਹ ਲਾ ਸਕਦਾ ਹੈ ਕਿ ਜਿਸ ਨੇ ਕਦੇ ਐਸੀ ਅਸਮੰਜਸ, ਐਸੀ ਕਸ਼ਟਣੀ ਡਿੱਠੀ ਹੋਵੇ। ਪਰ ਦੇਖੋ ਇਸ ਮਹਾਨ ਕਸ਼ਟ ਤੇ ਮੁਸ਼ਕਲ ਦੇ ਵੇਲੇ ਬੀ ਆਪ ਨੇ ਦਿਲਝੱਵੀਂ ਨਹੀਂ ਖਾਧੀ।

'ਸੀਜ਼ਰ' ਵਰਗਾ ਸੂਰਮਾਂ ਅਪਣੇ ਕਤਲ ਕਰਨ ਵਾਲਿਆਂ ਨਾਲ ਕੁਛ ਚਿਰ ਤਰੱਦਦ ਕਰਦਾ ਹੈ, ਪਰ ਜਦ ਉਹਨਾਂ ਵਿਚ ਆਪਣੇ ਦਿਲੀ ਸੱਜਣ 'ਬ੍ਰੂਟਸ' ਨੂੰ ਤੱਕਦਾ ਹੈ ਤਾਂ ਔਸਾਨ ਖ਼ਤਾ ਹੋ ਜਾਂਦੇ ਹਨ ਤੇ ਦਿਲ ਝਉਂਕੇ ਆਪਾ ਛੱਡ ਕੇ ਕਤਲ ਹੋ ਜਾਂਦਾ ਹੈ। ਇਥੇ ਤੱਕੇ ਦੁਵੱਲੀ ਘੇਰੇ ਵਿਚੋਂ ਕੋਈ ਰਾਹ ਨਿਕਲ ਜਾਣ ਦਾ ਨਹੀਂ, ਨਾਂ ਹੌਸਲਾ ਟੁੱਟਦਾ ਹੈ ਨਾਂ ਦਿਲ ਆਪਾ ਛੱਡਦਾ ਹੈ ਨਾਂ ਸ਼ਰਨ ਮੰਨਦੇ ਹਨ। ਉਸ ਵੇਲੇ ਆਪ ਇਕ ਹਵੇਲੀ ਵਿਚ ਜੋ ਗੜ੍ਹੀ ਵਰਗੀ ਹੈ ਜਾ ਵੜਦੇ ਹਨ। ਆਪ ਜਾਣਦੇ ਹਨ ਕਿ ਇਹ ਪੱਕਾ ਕਿਲ੍ਹਾ ਕੋਟ ਨਹੀਂ, ਇਹ ਬੜਾ ਆਸਰਾ ਨਹੀਂ ਦੇ ਸਕਦੀ। ਫਿਰ ਉਸ ਹਵੇਲੀ ਵਾਲੇ ਇਕ ਪੱਤੀ ਦੇ ਮਾਲਕ ਦੇਣੇ ਨਾਂਹ ਕਰਦੇ ਹਨ। ਓਹ ਹਿੰਦੂ ਹਨ, ਮੁਗਲਾਂ ਤੋਂ ਦੁਖੀ ਹਨ, ਐਸਿਆਂ ਦੇ ਬਚਾਉ ਵਾਸਤੇ ਗੁਰੂ ਜੀ ਲੜ ਰਹੇ ਹਨ, ਪਰ ਦੇਖੋ ਕਿ ਜਿਨ੍ਹਾਂ ਦੀ ਖਾਤਰ ਆਪ ਆਪਾ-ਵਾਰ ਰਹੇ ਹਨ, ਉਹ ਆਪਦੇ ਅੱਗੇ ਰੋਕ ਹੋ ਖੜ੍ਹੋਂਦੇ ਹਨ, ਪਰ ਆਪ ਉਸ ਵੇਲੇ ਵੀ ਨਹੀਂ ਝਉਂਦੇ ਨਾ ਇਖਲਾਕੀ ਕਾਂਪ ਖਾਂਦੇ ਹਨ। ਮਾਲਕਾਂ ਨੂੰ ਮੁੱਲ ਦੇਕੇ ਹਵੇਲੀ ਵਿਚ ਜਾ ਵੜਦੇ ਹਨ ਤੇ ਉਸਨੂੰ ਕਿਲ੍ਹੇ ਸਾਮਾਨ ਬਾਪ ਕੇ ਰੋਕ ਪਰ ਖੜੇ ਹੋ ਜਾਂਦੇ ਹਨ। ਆਪ ਜਾਣਦੇ ਹਨ ਕਿ ਮੇਰੇ ਨਾਲ ਚਾਲੀ ਹਨ, ਕੇਵਲ ਚਾਲੀ ਤੇ ਉਹ ਬੀ ਭੁੱਖੇ ਹਨ, ਆਪ ਲਿਖਦੇ ਹਨ:—

ਗੁਰਸਨਾ ਚਿਕਾਰੇ ਕੁਨਦ ਚਿਹਲ ਨਰ।
ਕਿ ਦਹ ਲਕ ਬਰਾਇਦ ਬਰੋ ਬੇ ਖਬਰ।

ਇਹ ਜਾਣਕੇ ਵੀ ਡਟ ਗਏ, ਸਾਰਾ ਦਿਨ ਮੁਕਾਬਲਾ ਕੀਤਾ, ਜੰਗ ਵਿਦਯਾ ਦੀ ਪ੍ਰਬੀਨਤਾ ਤੇ ਅਜਿੱਤ ਬਹਾਦਰੀ ਅੱਜ ਖਤਮ ਹੋ ਗਈ। ਚਾਲੀ ਆਦਮੀ ਚਾਰ ਪਹਿਰ ਲੰਘਾ ਦੇਂਦੇ ਹਨ, ਦੁਸ਼ਮਨ ਦਲ ਵਿਚੋਂ ਹਮਲਾਆਵਰਾਂ ਦੇ ਬੇਸ਼ੁਮਾਰਾਂ ਨੂੰ ਮਾਰ

ਲੈਂਦੇ ਹਨ, ਪਰ ਵੈਰੀ ਨੂੰ ਗੜ੍ਹੀ ਦੇ ਨੇੜੇ ਨਹੀਂ ਫਟਕਣ ਦੇਂਦੇ। ਗੁਰੂ ਜੀ ਆਪ ਬੈਠੇ ਹਨ, ਇਕ ਅਟਾਰੀ ਵਿਚ ਤੇ ਤੀਰੰਦਾਜ਼ੀ ਦਾ ਕਮਾਲ ਹੋ ਰਿਹਾ ਹੈ। ਅੱਖਾਂ ਦੇ ਸਾਹਮਣੇ ਵੱਧ ਤੋਂ ਵੱਧ ਲੜਦੇ ਪਿਆਰੇ ਮਰਦੇ ਪੂਰਜ਼ਾ ਪੂਰਜ਼ਾ ਹੋਕੇ ਕੱਟੇ ਜਾ ਰਹੇ ਹਨ। ਦੋ ਪੁੱਤ੍ਰ ਬੀ ਅੱਖਾਂ ਦੇ ਸਾਹਮਣੇ ਲੜਦੇ ਮਰਦੇ ਮਾਰਦੇ ਸ਼ਹੀਦੀ ਪਾ ਚੁਕੇ ਹਨ, ਪਰ ਉਸੇ ਤਰ੍ਹਾਂ ਅਝੱਵੇਂ ਦਿਲ ਵਾਲੇ ਤੀਰਅੰਦਾਜ਼ੀ ਕਰ ਰਹੇ ਹਨ, ਰਤਾ ਕਾਂਪ ਨਹੀਂ ਖਾ ਰਹੇ। ਸੂਰਮੇ ਸੁਹਣੇ ਪੁੱਤ੍ਰਾਂ ਦੀਆਂ ਅੱਖਾਂ ਦੇ ਸਾਹਮਣੇ ਜਾਨਾਂ ਵਾਰੀਆਂ ਤੱਕ ਕੇ ਆਪ ਅਸੀਸਾਂ ਦੇ ਰਹੇ ਹਨ, ਕਸੀਸਾਂ ਵੱਟਕੇ ਅੱਥਰੂ ਨਹੀਂ ਕੇਰ ਰਹੇ। ਰਾਤ ਪੈ ਗਈ, ਕੇਵਲ ਪੰਜ ਸਾਥੀ ਬਚੇ ਹਨ, ਸਾਮਾਨ ਜੰਗ ਖ਼ਾਤਮੇ ਤੇ ਹੈ ਪਰ ਅਜੇ ਠੀਕ ਸੱਤ੍ਰ ਅਗੇ ਹਥਿਆਰ ਸੱਟਣੇ ਤਾਂ ਕਿਤੇ ਰਹੇ ਦਿਲ-ਝੱਵੇਂ ਤਕ ਆਪ ਨੇ ਨਹੀਂ ਖਾਧੀ। 'ਕੁੱਤ' ਦੇ ਮੈਦਾਨ ਵਿਚ ਤੁਰਕਾਂ ਦੇ ਘੇਰੇ ਵਿਚ ਆਏ ਅੰਗ੍ਰੇਜ਼ ਜਰਨੈਲ ਦੇ ਦਿਲ ਨੇ ਜਿਸ ਪਾਸ ਸਾਮਾਨ ਜੰਗ ਅਜੇ ਕਾਫੀ ਸੀ, ਕਈ ਹਜ਼ਾਰ ਸਿਪਾਹੀ ਬੀ ਸੀ ਆਪਣੀ ਹਾਲਤ ਨੂੰ ਪਛਾਣਕੇ ਝਵੀਂ ਖਾਧੀ ਤੇ ਆਪਣੇ ਆਪ ਨੂੰ ਸੈਨਾ ਸਾਮਾਨ ਸਮੇਤ ਦੁਸ਼ਮਨ ਦੇ ਹਵਾਲੇ ਕਰ ਦਿਤਾ। ਮਿਸਰੀ ਜਰਨੈਲ ਨੇ ਨਿਪੋਲੀਅਨ ਦੇ ਹਮਲੇ ਪਰ ਸੈਨਾ ਤੇ ਸਾਮਾਨ ਦੇ ਹੁੰਦਿਆਂ ਕਿਸੇ ਸੋਚ ਵਿਚ ਦਿਲਝਵੀਂ ਖਾਧੀ ਤੇ ਸ਼ਸਤ੍ਰ ਧਰ ਦਿੱਤੇ।

ਬੇਅਰ ਜਰਨੈਲ ਕਰੋਂਜੀ ਨੇ ਬਹੁਤੇਰਾ ਚਿਰ ਘੇਰੇ ਵਿਚ ਰਹਿਕੇ ਆਖ਼ਰ ਆਪਣੇ ਆਪ ਨੂੰ ਸੈਨਾ ਤੇ ਸਾਮਾਨ ਸਮੇਤ ਸ਼ੱਤਰੂ ਦੇ ਹਵਾਲੇ ਕਰ ਦਿਤਾ। ਨੈਪੋਲੀਅਨ ਜੈਸੇ ਕਦੇ ਨਾ ਹਾਰਨ ਵਾਲੇ ਜਰਨੈਲ ਨੇ ਵਾਟਰਲੂ ਦੇ ਮੈਦਾਨ ਵਿਚ ਜਦ ਆਪਣੇ ਪੱਖ ਦਾ ਭਵਿੱਖਤ ਸਮਾਪਤ ਹੁੰਦਾ ਡਿੱਠਾ ਤਾਂ ਸ਼ੱਤਰੂ ਦੀ ਹਵਾਲਗੀ ਝੱਲ ਲਈ ਤੇ ਬਾਕੀ ਉਮਰ ਨਜ਼ਰਬੰਦੀ ਵਿਚ ਗੁਜ਼ਾਰੀ। ਪਰ ਏਥੇ ਇਸ ਸੂਰਮੇ ਨੇ ਇਸ ਨਿਕੀ ਗੜ੍ਹੀ ਵਿਚ ਬਹੁਤ ਥੋੜੇ ਸਾਮਾਨ ਦੇ ਹੁੰਦਿਆਂ ਬੀ ਚਾਰ ਪਹਿਰ ਟਾਕਰਾ ਕੀਤਾ ਤੇ ਸਭ ਕੁਛ ਮੁੱਕ ਜਾਣ ਤੇ ਬੀ ਆਪਣੇ ਆਪ ਨੂੰ ਸ਼ੱਤਰੂ ਦੇ ਹਵਾਲੇ ਨਹੀਂ ਕੀਤਾ, ਸ਼ਰਨ ਨਹੀਂ ਮੰਗੀ, ਕਾਰਨ ਇਹੋ ਹੈ ਕਿ ਦਿਲ ਨੇ ਸੇਧ ਤੇ ਉੱਚ ਕਾਇਮ ਰੱਖੀ ਤੇ ਝਵੀਂ ਨਹੀਂ ਖਾਧੀ।

ਰਾਤ ਪਈ ਤੇ ਆਪਦੇ ਬਚ ਰਹੇ ਪੰਜ ਛੇ ਸਿਖਾਂ ਵਲੋਂ ਆਪਦੇ ਨਿਕਲਣ ਵਾਸਤੇ ਜ਼ੋਰ ਦਿਤਾ ਜਾਂਦਾ ਹੈ, ਪਰ ਆਪ ਅਗਲੇ ਦਿਨ ਸਾਥੀਆਂ ਸਣੇ ਸ਼ਹੀਦ ਹੋਣ ਲਈ ਤਿਆਰ ਹਨ ਤੇ ਕਾਂਪ ਨਹੀਂ ਖਾਂਦੇ। ਆਖਰ ਪੰਜਾਂ ਨੇ ਉਸ ਅਸੂਲ ਮੂਜਬ ਜੋ ਸਿਖਿਆ ਸਾਨੇ ਕਿ ਪੰਥ ਦਾ ਫੈਸਲਾ ਸਭ ਲਈ ਨਾਤਕ ਹੈ, ਗੁਰੂ ਜੀ ਨੂੰ ਆਪਣੇ ਫੈਸਲੇ ਨਾਲ ਨਿਕਲਣ ਤੇ ਮਜਬੂਰ ਕੀਤਾ। ਗੁਰੂ ਜੀ ਨਿਕਲੇ, ਪਰ ਸ਼ੱਤਰੂ ਦਲ ਵਿਚੋਂ ਨਿਕਲਣ ਵਾਸਤੇ ਜੁੱਧ ਵਿਦਯਾ ਦੀ ਪ੍ਰਬੀਨਤਾ ਤੇ ਅਝਵੇਂ ਦਿਲ ਦੀ ਅਜਿੱਤ ਸੂਰਮਗਤੀ ਦਾ ਕਰਤਬ ਫੇਰ ਕੀਤਾ। ਇਕ ਪਾਸੇ ਵੱਲ ਵਧਕੇ ਲਲਕਾਰ ਦਿਤੀ ਕਿ "ਸਿੱਖਾਂ ਦਾ ਗੁਰੂ ਨਿਕਲ ਗਿਆ ਜੇ" ਉਸ ਵਾਜ ਦੀ ਸੇਧ ਪਰ ਸ਼ੱਤਰੂ ਦਲ ਵਲੋਂ ਝੁਕਾਉ ਹੋ ਗਿਆ ਤੇ ਹਨੇਰੇ ਵਿਚ ਉਨ੍ਹਾਂ ਵਿਚ ਹਫਲਾ ਤਫਲੀ ਮਚ ਗਈ। ਦੂਸਰੀ ਸੇਧ ਜੋ ਆਪ ਨੇ ਮੰਗੀ ਸੀ ਉਧਰੋਂ ਨਿਕਲ ਤੁਰੇ। ਦੋ ਸਾਥੀ ਨਾਲ ਸਨ, ਸੋ ਬੀ ਇਸ ਫੁਰਤੀ ਵਿਚ ਵਿਛੜ ਗਏ। ਆਪ ਭੱਜੀ ਗਏ, ਪਰ ਤੱਕੇ ਕੁਛ ਕੋਹ ਲੰਘ ਜਾਣੇ ਪਰ ਅਗੋਂ ਦੋ ਦੋਹੀ ਮਿਲ ਗਏ। ਉਹਨਾਂ ਨੇ ਰੋਕਿਆ, ਰੌਲਾ ਪਾਇਆ ਪਰ ਆਪ ਨਾ ਡਰੇ, ਨਾ ਕੰਬੇ, ਉਨ੍ਹਾਂ ਨੂੰ ਜ਼ੋਰ ਕੀਤਾ, ਅਗੇ ਵਧੇ ਤੇ ਨਿਕਲ ਗਏ। ਪਹੁ ਫੁਟੇ ਮਾਛੀਵਾੜੇ ਅੱਪੜੇ। ੬੦ ਘੰਟੇ ਦੇ ਆਪ ਭੁੱਖੇ ਹਨ। ਇਕ ਰਾਤ ਤੇ ਇਕ ਦਿਨ ਦੇ ਘੋਰ ਸੰਗ੍ਰਾਮ ਵਿਚ ਰਹੇ ਹਨ ਤੇ ਪੰਜ ਛੇ ਘੰਟੇ ਤੋਂ ਦੌੜ ਰਹੇ ਹਨ। ਆਖਰ ਸ਼ਰੀਰ ਨੇ ਆਲਸ ਖਾਧਾ ਤੇ ਸੜਕ ਦੇ ਨੇੜੇ ਹੀ ਖੜੇ ਗਏ, ਬੈਠ ਗਏ ਤੇ ਲੇਟ ਗਏ। ਸਰੀਰ ਹਾਰ ਦੇ ਗਿਆ ਹੈ ਪਰ ਮਨ ਅਜਿੱਤ ਹੈ।ਇਸ ਵੇਲੇ ਵੀ ਆਪ ਨੇ ਦਿਲਝੱਵੀਂ ਨਹੀਂ ਖਾਧੀ, ਇਕ ਟਿੰਡ ਸਿਰਹਾਣੇ ਰੱਖੀ ਤੇ ਇਕ ਹੱਥ ਹੇਠਲੇ ਪਾਸੇ ਕਰਕੇ ਲੇਟ ਗਏ, ਦੂਸਰਾ ਹੱਥ ਜੋ ਉੱਪਰ ਨੂੰ ਹੈ ਧਨੁਖ ਹੱਥ ਵਿਚ ਲੈਕੇ ਟਿਕ ਗਿਆ। ਇਹ ਹਾਲਤ 'ਦਿਲ ਦੀ ਨਿਰਭੈ ਤਿਆਰੀ' ਦੱਸ ਰਹੀ ਹੈ ਕਿ ਜੇ ਕੋਈ ਲੋੜ ਪਵੇ ਤਾਂ ਦੇਰ ਨਾ ਲੱਗੇ ਸੋ ਇਵੇਂ ਹੀ ਹੋਈ। ਜਦੋਂ ਅਪਣੇ ਵਿੱਛੁੜੇ ਸਾਥੀ ਆ ਮਿਲੇ ਹਨ ਤੇ ਉਨ੍ਹਾਂ ਨੇ ਆਪ ਜੀ ਨੂੰ ਪਛਾਣਿਆਂ ਹੈ ਤਾਂ ਚਰਨ ਚਾਂਪਕੇ ਜਗਾਇਆ, ਜਾਗਦੇ

ਸਾਰ ਆਪ ਦੇ ਹੱਥ ਨੇ ਧਨੁਖ ਬਾਣ ਸੰਭਾਲਿਆ ਤੇ ਉਠੇ, ਉਠਦਿਆਂ ਡਿੱਠਾ ਕਿ ਸੱਜਣ ਜਗਾ ਰਹੇ ਹਨ। ਦਿਲ ਦੀ ਅਭੁਕਤਾ ਇਸ ਕਰੜੇ ਖ਼ੇਦ ਦੇ ਸਮੇਂ ਆਪਣੀ ਤਿਆਰੀ ਵਿਚ ਆਪ ਨੂੰ ਦਿਖਾ ਰਹੀ ਹੈ। ਹੋਰ ਸੂਰਮੇ ਇਸ ਵੇਲੇ ਕਿ ਜਦ ਇਤਨੇ ਕਸ਼ਟਾਂ ਦੇ ਨਾਲ ਸਰੀਰ ਬੀ ਹਾਰ ਦੇ ਚੁਕਾ ਹੈ ਦਿਲ ਢਾਹ ਬੈਠਣਗੇ ਤੇ ਨਿਰਾਸਤਾ ਘੇਰਾ ਪਾ ਲਵੇਗੀ ਪਰ ਨਹੀਂ, ਆਪ ਉਸੇ ਨਿਰਭੈਤਾ ਵਿਚ ਹਨ।

ਅਜ ਦਾ ਦਿਨ ਮਾਛੀਵਾੜੇ ਬਾਗ ਵਿਚ ਲੰਘਦਾ ਹੈ, ਰਾਤ ਗਿਰਾਂ ਵਿਚ ਇਕ ਪਿਆਰੇ ਦੇ ਘਰ ਆਸਰਾ ਮਿਲਦਾ ਹੈ, ਇਕ ਦੋ ਦਿਨ ਇਥੇ ਟਿਕਦੇ ਹਨ। ਪਾਤਸ਼ਾਹ ਨੂੰ ਪਰਮ ਨਿਰਭੈ ਖ਼ਤ ਲਿਖਦੇ ਹਨ ਜੋ ਖ਼ਤ ਕਿ ਅਭੁਕਤਾ ਦੀ ਜੀਉਂਦੀ ਤਸਵੀਰ ਹੈ*, ਫਿਰ ਇੱਥੋਂ ਬੀ ਨਿਕਲ ਜਾਂਦੇ ਹਨ। ਜਦੋਂ ਪਹਿਲਾਂ ਸਲਾਮਤੀ ਦਾ ਟਿਕਾਣਾ ਮਿਲਦਾ ਹੈ ਤਾਂ ਅਪਣਾ ਸੱਜਣ ਇਕ ਮਹੰਤ ਪਿਆਰ ਨਾਲ ਮਿਲਦਾ ਹੈ, ਸੇਵਾ ਕਰਦਾ ਹੈ, ਪਰ ਆਖਦਾ ਹੈ "ਰਾਤ ਨਾ ਰਹੋ, ਅੱਗੇ ਨਿਕਲ ਜਾਓ, ਵੈਰੀ ਆ ਗਿਆ ਤਾਂ ਮੈਂ ਤੇ ਮੇਰਾ ਡੇਰਾ ਤਬਾਹ ਹੋ ਜਾਣਗੇ"। ਸ਼ਿਬਲੀ ਮਿੱਤਰ ਦੇ ਫੁੱਲ ਮਾਰਨ ਤੇ ਮਨਸੂਰ ਰੋ ਪਿਆ। ਹਾਂ, ਜਿਸ ਨੇ ਸਾਰੇ ਸ਼ਹਿਰ ਦੀ ਪੱਥਰਾਂ ਦੀ ਮਾਰ ਸਹਾਰੀ ਸੀ ਮਿੱਤਰ ਦੇ ਫੁੱਲ ਮਾਰਨ ਨਾਲ ਰੋ ਪਿਆ। ਪਰ ਇਥੇ ਤੱਕੋ ਅਝਵੀਂ ਦਿਲ-ਮਜ਼ਬੂਤੀ! ਕਿ ਆਪਣੇ ਮਿੱਤਰ ਦਾ ਡੇਰਾ ਹੈ ਜਿਸ ਨੂੰ ਡੇਰੇ ਤੇ ਸੰਗਤਾਂ ਜੋਗਾ ਆਪ ਨੇ ਕੀਤਾ ਸੀ, ਇਕ ਰਾਤ ਦੀ ਸਿਰ ਲੁਕਾਉਣੀ ਨਹੀਂ ਦੇਂਦਾ। ਪਰ ਆਪ ਦਾ ਦਿਲ ਟੁੱਟਦਾ ਨਹੀਂ, ਮਿੱਤਰ ਦੀ ਫੁੱਲ ਮਾਰ ਖਾ ਕੇ ਦਿਲ ਰੋਂਦਾ ਨਹੀਂ, ਨਿਰਾਸ ਨਹੀਂ ਹੁੰਦਾ। ਉਥੋਂ ਆਪ ਉਸੇ ਰੰਗ ਉੱਠ ਟੁਰਦੇ ਹਨ। ਰਸਤੇ ਵਿਚ ਇਕ ਥਾਂ ਇਕ ਸਿਖ ਮਿਲਦਾ ਹੈ, ਉਸ ਨੂੰ ਆਖਦੇ ਹਨ ਆਪਣੀ ਘੋੜੀ ਦੇਹ, ਪਰ ਉਹ ਭਾਵਨਾ ਵਾਲਾ, ਪਿਆਰ ਵਾਲਾ ਸਿੱਖ ਸੌ ਦੇ ਸੌ ਦੀ ਬਾਦਰ ਇਕ ਘੋੜੀ ਉਸ ਪਾਤਸ਼ਾਹ ਨੂੰ ਦੇਣੋਂ ਨਾਂਹ ਕਰਦਾ ਹੈ। ਜਿਸਦੇ ਤਬੇਲੇ ਵਿਚ ਕਿਤਨੇ ਹੀ ਅਰਬੀ ਘੋੜੇ ਹੁੰਦੇ ਸਨ ਆਪਣੀ ਇਹ ਬੇਕਸੀ ਦੀ

*ਇਹ ਖ਼ਤ ਪਿਛੇ ੧੦੯ ਸਫੇ ਉਪਰ ਇਸੇ ਪੋਥੀ ਵਿਚ ਛਪਿਆ ਹੈ।

ਹਾਲਤ ਵੇਖਕੇ ਓਸ ਗੁਰੂ ਗੋਬਿੰਦ ਸਿੰਘ ਦਾ ਦਿਲ ਅਰਮਾਨ ਵਿਚ ਨਹੀਂ ਜਾਂਦਾ, ਮਨਸੂਰ ਵਾਲਾ ਹਾਹੁਕਾ ਨਹੀਂ ਲੈਂਦਾ, ਅਪਣੇ ਆਪ ਨੂੰ ਨਿਤਾਣਾ ਨੀਵਾਂ ਹੋ ਗਿਆ ਨਹੀਂ ਸਮਝਦਾ, ਉਹੋ ਉੱਚਾ ਠਾਠ, ਓਹੋ ਚੜ੍ਹਦੀਆਂ ਕਲਾਂ ਵਿਚ ਕਾਇਮ ਰਹਿੰਦਾ ਹੈ।

ਟੁਰੀ ਗਏ ਅੱਗੇ ਤੇ ਆਖਰ ਅੱਪੜੇ ਰਾਇ ਕੱਲੇ ਦੇ ਗਿਰਾਂ ਦੀਆਂ ਜੂਹਾਂ ਵਿਚ। ਆਪ ਗੁੱਜਰਾਂ ਤੋਂ ਦੁੱਧ ਮੰਗਦੇ ਹਨ, ਗੁੱਜਰ ਮਖੌਲ ਕਰਦੇ ਹਨ, ਕਹਿੰਦੇ ਹਨ, "ਅਸਾਂ ਦੇ ਡੰਗਰ ਲਵੇਰੇ ਨਹੀਂ; ਪਿਛੇ ਔਹ ਆ ਰਿਹਾ ਹੈ ਗੱਭਰੂ ਉਸ ਦੀ ਗਾਂ ਦੁੱਧ ਦੇਂਦੀ ਹੈ।" ਅਹਿੱਲਮਨਵਾਲੇ ਠਹਿਰਗਏ, ਜਦੋਂ ਉਹ ਮਾਹੀ ਆਇਆ ਤਾਂ ਆਪ ਨੇ ਦੁੱਧ ਮੰਗਿਆ। ਉਹ ਹੱਥ ਜੋੜਕੇ ਕਹਿਣ ਲੱਗਾ "ਦੁੱਧ ਸਦਕੇ ਨਾ ਕਰਾਂ, ਪਰ ਮੇਰੀ ਗਾਂ ਤਾਂ ਦੁੱਧ ਨਹੀਂ ਦੇਂਦੀ। ਆਪ ਨੂੰ ਜੋ ਓਹ ਗੁੱਜਰ ਮੇਰੀ ਗਾਂ ਲਵੇਰੀ ਦੱਸ ਗਏ ਹਨ ਮਸ਼ਕਰੀ ਕਰ ਗਏ ਹਨ।" ਆਪ ਹੱਸੇ ਤੇ ਕਹਿਣ ਲਗੇ "ਮਸ਼ਕਰੀਆਂ ਬੀ ਕਰਨ ਲਈ ਬਣੀਆਂ ਹਨ, ਤੂੰ ਲੈ ਲੋਟਾ ਤੇ ਚੋ ਗਾਂ, ਸਾਈਂ ਦੁੱਧ ਦੇਵੇਗਾ।।" ਇਕ ਛੇਕੇ ਛੇਕ ਲੋਟਾ ਸੀ, ਮਾਹੀ, ਨਿਸ਼ਚੇ ਵਾਲਾ ਮਾਹੀ, ਬਹਿ ਗਿਆ; ਦੁੱਧ ਚੋਵੇ, ਕੁਛ ਤੇ ਲੋਟੇ ਵਿਚ ਰਹਵੇ ਕੁਛ ਛੇਕਾਂ ਥਾਣੀਂ ਸਿੰਮੇ; ਆਖਰ ਭਰ ਗਿਆ ਲੋਟਾ। ਪਿਆਰ ਭਰੇ ਤੇ ਸ਼ਰਧਾ ਭਰੇ ਅੱਥਰੂਆਂ ਨਾਲ ਗੜਵਾ ਲੈਕੇ ਨਵਾਂ ਮਾਹੀ ਆਇਆ। ਆਪ ਨੇ ਦੁੱਧ ਲਿਆ; ਪੀਤਾ ਤੇ ਕਿਹਾ "ਬਿਸ਼ੰਭਰ ਹੈਂ! ਸਰਬੰ ਭਰ ਹੈਂ। ਧੰਨ ਪਰਵਰਦਗਾਰ!!! ਮਾਹੀ! ਲੈ ਇਹ ਲੋਟਾ ਤੂੰਹੋਂ ਰੱਖ ਤੂੰ ਰੱਜ ਖਾਏਂਗਾ*।"

ਫਿਰ ਰਾਇ ਕੱਲੇ ਨੂੰ ਖ਼ਬਰ ਹੋਈ ਕਿ ਗੁਰੂ ਜੀ ਉਸ ਦੇ ਲਾਗੇ ਆ ਗਏ ਹਨ। ਅਗੋਂ ਲੈਣ ਆਇਆ, ਬੜਾ ਪਿਆਰ ਕੀਤੋ ਸੁ, ਆਪਣੇ ਪਾਸ ਰਖਿਓ ਸੁ, ਸੇਵਾ ਕੀਤੀਓ ਸੁ। ਇਥੇ ਹੀ ਖ਼ਬਰ ਆਈ ਛੋਟੇ ਸਾਹਿਬਜ਼ਾਦਿਆਂ ਦੀ ਵਹਿਸ਼ੀਆਨਾ ਤਰੀਕੇ ਨਾਲ ਸ਼ਹੀਦ ਕੀਤੇ ਜਾਣ ਦੀ ਤੇ ਮਾਤਾ ਜੀ ਦੇ ਪ੍ਰਲੋਕ ਜਾਣ ਦੀ। ਹੁਣ ਵੀ ਝਵੀਂ ਨਹੀਂ ਖਾਧੀ।

*ਇਹ ਲੋਟਾ ਅਜੇ ਤੱਕ ਹੈ। ਲੋਕੀ ਦੇਖਣ ਜਾਂਦੇ ਹਨ। ਛੇਕੇ ਛੇਕ ਹੈ ਪਰ ਜਦ ਲੋਟਾ ਭਰ ਜਾਏ ਤਾਂ ਪਾਣੀ ਵਿਚੋਂ ਨਹੀਂ ਸਿੰਮਦਾ।

ਰਾਇ ਕੱਲੇ ਪੁੱਛਿਆ "ਸਾਹਿਬ ਜੀ ! ਓੜਕ ਹੋ ਗਈ, ਆਪ ਹੁਣ ਬੀ ਓਸੇ ਰੰਗ ਹੋ, ਹੁਣ ਕੀਹ ਕਰੋਗੇ ?" ਆਖਣ ਲਗੇ "ਜ਼ਾਲਮ ਰਾਜ ਨੂੰ ਅਕਲ ਦਿਆਂਗੇ ! ਸਹੁੰ ਤੋੜਕੇ ਇਹ ਸਾਕੇ ਵਰਤਾਕੇ ਮੁਗਲਾਂ ਨੇ ਆਪਣੀ ਜੜ੍ਹ ਤੇ ਆਪ ਕੁਹਾੜੀ ਧਰ ਲਈ ਹੈ। ਕੱਲਿਆ ! ਪਹਿਲਾਂ ਸਦਾਚਾਰੀ ਮੌਤ ਆਉਂਦੀ ਹੈ, ਰਾਜਸੀ ਮੌਤ ਮਗਰ ਮਗਰ ਟੁਰੀ ਆਉਂਦੀ ਹੈ।" ਰਾਇ ਕੱਲਾ ਕੰਬਿਆ। "ਪਾਤਸ਼ਾਹ ਮੈਂ ਬੀ ਉਸੇ ਕੌਮ ਮਜ਼ਹਬ ਦਾ ਹਾਂ, ਮੇਰੀਆਂ ਜੜ੍ਹਾਂ ਬਚਾ ਲਓ"। ਆਪ ਨੇ ਤਲਵਾਰ ਦਿੱਤੀ ਤੇ ਕਿਹਾ, "ਇਸਨੂੰ ਸੰਭਾਲ ਲਓ ਜਦ ਤਕ ਆਦਰ ਨਾਲ ਰਖੋਗੇ ਤੁਸਾਂ ਦੀ ਜੜ੍ਹ ਹਰੀ ਰਹੇਗੀ, ਰਾਜ ਰਹੇਗਾ।" ਫਿਰ ਕੱਲੇ ਕਿਹਾ "ਪਾਤਸ਼ਾਹ ਜਿਨ੍ਹਾਂ ਦੀ ਰਖਯਾ ਦਾ ਦਮ ਭਰ ਰਹੇ ਹੋ, ਜਿਨ੍ਹਾਂ ਪਿਛੇ ਆਹ ਅਕਹਿ ਤਸੀਹੇ ਭੋਗੇ ਨੂੰ, ਹਰ ਮੌਕੇ ਤੇ ਬੇ-ਈਮਾਨ ਤੇ ਅਕ੍ਰਿਤਘਣ ਸਾਬਤ ਹੋਏ ਹਨ, ਛੱਡੋ ਇਨ੍ਹਾਂ ਦਾ ਖਹਿੜਾ"। ਤਾਂ ਕਹਿਣ ਲਗੇ "ਜੋ ਕੀਤਾ ਹੈ ਠੀਕ ਹੈ ਤੇ ਉਹੋ ਕਰਨਾ ਹੈ, ਜਗਤ ਅਜਾਣ ਹੈ, ਦਬੇਲ ਹੈ, ਕਰੇ ਜੋ ਚਾਹੇ, ਅਸਾਂ ਆਪਣਾ ਇੰਦੀਆ ਹਰ ਹਾਲ ਪੂਰਾ ਕਰਨਾ ਹੈ" ਇਹ ਹੈ ਤਸਵੀਰ ਅਝਵੇਂ ਦਿਲ ਦੀ।

ਜਦੋਂ ਗੁਰੂ ਸਾਹਿਬ ਜੀ ਦੇ ਘਰੋਂ ਸ੍ਰੀ ਮਾਤਾ ਜੀ ਦਮਦਮੇ ਅੱਪੜਦੇ ਹਨ ਤੇ ਉਸਵੇਲੇ ਚਾਰੇ ਸਾਹਿਬ-ਜ਼ਾਦਿਆਂ ਦੇ ਸ਼ਹੀਦ ਹੋ ਜਾਣ ਪਰ ਨੈਣ ਭਰ ਭਰ ਛੁੱਲ੍ਹਦੇ ਹਨ, ਤਾਂ ਗੁਰੂ ਜੀ ਸਾਹਮਣੇ ਬੈਠੇ ਸਿਖਾਂ ਵਲ ਪਿਆਰ ਦੀ ਨਜ਼ਰ ਮਾਰਕੇ ਇਕ ਵਾਕ ਉਚਰਦੇ ਹਨ, ਜਿਸਨੂੰ ਕਿਸੇ ਕਵਿ ਨੇ ਐਉਂ ਦੱਸਿਆ ਹੈ:-

ਇਨ ਪੁੱਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ॥
ਚਾਰਗਏ ਤੋ ਕਯਾ ਭਯਾ ਏਹ ਜੀਵਤ ਲਾਖ ਹਜ਼ਾਰ॥

ਇਹ ਸਮਾਂ ਸੀ ਜਿਸ ਵਿਚ ਦਿਲ ਜ਼ਰੂਰ ਕਾਂਪ ਖਾਂਦਾ ਹੈ।ਮਾਂ ਦੇ ਵੈਰਾਗ ਦਾ ਉਹ ਨਕਸ਼ਾ ਜੋ ਇਕ ਪੁੱਤਰ ਦੇ ਵਿਯੋਗ ਤੋਂ ਪਿਆ ਹੋਵੇ ਕਿਸੇ ਤੋਂ ਨਹੀਂ ਛਿੱਠਾ ਜਾ ਸਕਦਾ। ਜਿਹੜੀ ਮਾਂ ਚਾਰ ਸੂਰਮੇ ਪੁੱਤਰਾਂ ਦੇ ਵਿਯੋਗ ਦੀ ਸੱਟ ਖਾਕੇ ਬਿਹਬਲ ਹੋ ਰਹੀ ਹੋਵੇ, ਉਸ ਨੂੰ ਦੇਖਕੇ ਕੌਣ ਅੱਥਰੂ ਠੱਲ੍ਹ ਸਕਦਾ ਹੈ ? ਫਿਰ ਪਿਤਾ ਕਿ ਜਿਸਦੀਆਂ ਚਹੁੰਆਂ ਦੇ ਚਲਾਣੇ ਨਾਲ ਆਪਣੀਆਂ ਆਂਦਰਾਂ ਕਲਵਲ ਹੋਣੀਆਂ ਚਾਹੀਏ ਪਰ ਤੱਕੋ ਅਝੱਵੇਂ ਦਿਲ ਵਾਲੇ ਗੁਰੂ ਦੀ ਦਿਲ-ਤਸਵੀਰ ਕਿ ਇਸ ਵੈਰਾਗਾਂ ਦੇ ਸਿਰ ਵੈਰਾਗ ਵਾਲੇ ਸਮੇਂ ਬੀ ਆਪ ਆਪਣੇ ਸਿਖਾਂ ਨੂੰ ਪੁੱਤਰ ਵੇਖ ਰਹੇ ਹਨ, ਅਪਣੇ ਆਦਰਸ਼ ਤੇ ਖੜੇ ਹਨ ਅਰ ਵਿਯੋਗੀ ਮਾਂ ਨੂੰ ਉਪਦੇਸ਼ ਦੇ ਰਹੇ ਹਨ ਕਿ "ਇਨ੍ਹਾਂ ਪੁੱਤ੍ਰਾਂ ਵਿਚ ਪੁੱਤ੍ਰ ਭਾਵਨਾ ਕਰਕੇ ਸੁਖੀ ਹੋ ਜਾਓ। ਪੁਤ੍ਰ ਅਰ ਸਰਬੰਸ ਦੇਕੇ ਇਹ ਪੰਥ ਸਾਜਿਆ ਹੈ ਜੋ ਜਗਤ ਦਾ ਉਧਾਰ ਕਰੇਗਾ, ਨਿਰਾ 'ਪੁਤ੍ਰ-ਮੋਹ' ਕੁਛ ਨਹੀਂ। ਪੁਤ੍ਰਾਂ ਦਾ ਸਫਲ ਜੀਵਨ ਪਿਤਾ ਤੇ ਮਾਤਾ ਲਈ ਅਸਲ 'ਪੁਤ੍ਰ-ਪ੍ਰੇਮ' ਦੀ ਟੇਕ ਹੈ।"

ਫਿਰ ਇਕ ਹੋਰ ਦਿਲ ਢਾ ਦੇਣ ਵਾਲਾ ਸਮਾਂ ਆਉਂਦਾ ਹੈ। ਮਾਝੇ ਤੋਂ ਇਕ ਵਹੀਰ ਸਤਿਗੁਰਾਂ ਪਾਸ ਜਾਂਦਾ ਹੈ, ਜਿਸ ਵੇਲੇ ਕਿ ਸੂਬਾ ਸਰਹਿੰਦ ਗੁਰੂ ਜੀ ਦੀ ਸੂਹ ਪਾਕੇ ਪੰਜ ਹਜ਼ਾਰ ਫੌਜ ਨਾਲ ਮਾਲਵੇ ਵੱਲ ਹਮਲਾ ਕਰਨ ਜਾ ਰਿਹਾ ਹੈ। ਵਹੀਰ ਸਿੱਖਾਂ ਦਾ ਹੈ, ਓਹ ਜਾਕੇ ਅਰਜ਼ ਕਰਦੇ ਹਨ ਕਿ "ਆਪ ਜੰਗ ਬੰਦ ਕਰ ਦਿਓ। ਸ਼ਾਂਤਿ ਵਿਚ ਹੋਕੇ ਗੁਰਿਆਈ ਦਾ ਕੰਮ ਕਰੋ। ਪਾਤਸ਼ਾਹ ਪਾਸ ਜਾਕੇ ਅਸੀਂ ਸੁਲਹ ਸਮੱਸਿਆ ਕਰਵਾ ਦਿੰਦੇ ਹਾਂ" ਉਨ੍ਹਾਂ ਦੇ ਵਿਚਾਰ ਸੁਣਕੇ ਆਪ ਆਖਦੇ ਹਨ "ਮੈਂ ਗੁਰੂ ਹਾਂ ਤੁਸੀਂ ਸਿਖ ਹੋ, ਮੇਰਾ ਕੰਮ ਸਿਖਯਾ ਦੇਣਾ ਹੈ, ਸਿਖਯਾ ਲੈਣਾ ਨਹੀਂ। ਜੇ ਕਹੋ ਪਾਤਸ਼ਾਹ ਪਾਸ ਤੁਸਾਡਾ ਕੁਛ ਰੋਅਬ ਹੈ ਤਾਂ ਗੁਰੂ ਅਰਜਨ ਦੇਵ ਜੀ ਦੇ ਸਾਕੇ ਵੇਲੇ ਤੁਸਾਡਾ ਰੋਅਬ ਕਿੱਥੇ ਸੀ ? ਜੇ ਕਹੋ ਮੈਂ ਅਪਣੇ ਸਿਰ ਪਏ ਖੇਦਾਂ ਤੋਂ ਘਬਰਾਕੇ ਹੁਣ ਬਹਾਨਾ ਭਾਲ੍ਹਦਾ ਹਾਂ ਕਿ ਕਿਸੇ ਖੂੰਜੇ ਬਹਿਕੇ ਦਿਨ-ਕਟੀ ਕਰ ਸਕਾਂ, ਤਾਂ ਤੁਸੀਂ ਭੁੱਲ ਤੇ ਹੋ,ਮੈਂ ਜੋ ਕੁਛ ਕਰ ਰਿਹਾ ਹਾਂ ਦਰੁਸਤ ਹੈ, ਮੈਂ ਇਹੋ ਕੁਛ ਕਰਨਾ ਹੈ। ਤੁਸੀਂ ਜੇ ਸਿੱਖ ਹੋ ਤਾਂ ਵਜ਼ੀਰ ਖਾਂ ਆ ਰਿਹਾ ਹੈ ਆਓ ਮੇਰੇ ਨਾਲ ਹੋਕੇ ਉਸ ਨਾਲ ਲੜੋ। ਘਰੋਂ ਤੁਸੀਂ ਸਾਮਾਨੇ ਜੰਗ ਲੈਕੇ ਟੁਰੇ ਹੋ, ਜੋਧੇ ਹੋ, ਆਓ ਨਿੱਤਰੋ।" ਉਨ੍ਹਾਂ ਕਿਹਾ "ਜੰਗ ਦੀ ਲੋੜ ਹੀ ਚੁਕਾ ਦੇਂਦੇ ਹਾਂ, ਸੁਲਹ ਕਰਾ ਦਿੰਦੇ ਹਾਂ।" ਫੁਰਮਾਉਣ ਲਗੇ "ਬਦੀ ਨਾਲ ਨੇਕੀ ਦੀ ਸੁਲਹ ਕੀ ਅਰਥ ਰਖਦੀ ਹੈ, ਆਓ ਜੇ ਸਿਖ ਹੋ ਤਾਂ ਬਦੀ ਨਾਲ ਜੰਗ ਕਰੋ। ਜੇ ਨਹੀਂ ਹੋ ਤਾਂ ਬੇਦਾਵਾ ਲਿਖ ਦਿਓ।"

ਉਸ ਵੇਲੇ ਸਾਰੇ ਸਿਖਾਂ ਲਿਖ ਦਿਤਾ ਕਿ "ਅਸੀਂ ਅੱਜ ਤੋਂ ਆਪ ਦੇ ਸਿਖ ਨਹੀਂ।" ਉੱਮਤ ਤੋਂ ਟੁੱਟਕੇ ਪੈਗ਼ੰਬਰ, ਸੈਨਾਂ ਤੋਂ ਬੇਦਾਵਾ ਲੈਕੇ ਸੈਨਾਪਤ ਕੌਣ ਹੈ ਜੋ ਦਿਲਝੱਵੀਂ ਨਹੀਂ ਖਾਂਦਾ। ਪਰ ਤੱਕੋ ਸੂਰਮਾ! ਨੈਣ ਉੱਚੇ ਚਾੜ੍ਹਕੇ ਮੁਸਕ੍ਰਾਉਂਦਾ, ਘੋੜੇ ਚੜ੍ਹਦਾ ਤੇ ਅਪਣੀ ਛੋਟੀ ਜੇਹੀ ਸੈਨਾ ਜੋ ਹੁਣ ਨਵੀਂ ਸਾਜੀ ਸਾਸੁ, ਨਾਲ ਲੈਕੇ ਅੱਗੇ ਟੁਰ ਪੈਂਦਾ ਹੈ। ਇਹ ਅਹਿੱਲ ਅਭੇਤਾ ਤੇ ਦ੍ਰਿੜ੍ਹਤਾ ਉਨ੍ਹਾਂ ਬੇਦਾਵੇ ਲਿਖਣ ਵਾਲਿਆਂ ਦੇ ਦਿਲ ਤੇ ਅਸਰ ਕਰਦੀ ਹੈ, ਅਰ ਇਕ ਉਨ੍ਹਾਂ ਵਿਚੋਂ ਆਖਦਾ ਹੈ:—"ਸਜਣੋ! ਇਸ ਗੁਰੂ ਜੈਸਾ ਮਹਾਨ ਚਿਤ ਕਿਥੋਂ ਲੱਭੇਗਾ? ਦੇਖੋ ਕਿਸ ਉੱਚੇ ਦਿਲ ਵਾਲਾ ਹੈ। ਕੈਸਾ ਅਭੈ, ਕੈਸਾ ਆਪਾ ਸਦਕੇ ਕਰਨ ਵਾਲਾ ਹੈ, ਸਾਡੇ ਪਿੱਛੇ ਚਾਰ ਪੁੱਤਰ, ਧਨ, ਧਾਮ, ਮਾਤਾ ਸਦਕੇ ਕਰ ਚੁਕਾ ਹੈ। ਹੈਫ ਹੈ ਸਾਡੇ! ਕਿ ਅਸੀਂ ਇਸ ਨਾਲੋਂ ਟੁੱਟੀਏ।" ਹਾਂ ਇਹ ਮਨੁੱਖ 'ਮਹਾਂ ਸਿੰਘ' ਕੁੱਦ ਕੇ ਪਰੇ ਹੋ ਖੜੋਤਾ, ਲੀਕ ਵਾਹ ਕੇ ਕਹਿਣ ਲਗਾ, "ਆਓ ਜਿਸ ਨੇ ਮਰਨਾ ਹੈ ਅੱਜ ਮੇਰੇ ਨਾਲ ਇਸ ਗੁਰੂ ਦੇ ਹੁਕਮ ਉੱਤੇ, ਇਹ ਲੀਕ ਟੱਪ ਕੇ ਮੇਰੇ ਪਾਸ ਆ ਜਾਓ। ਸ਼ਹੀਦ ਹੋਣਾ ਹੈ ਅੱਜ ਜਿਸਨੇ ਆ ਜਾਓ।" ਗੁਰੂ ਜੀ ਦੀ ਅਹਿੱਲ ਸੂਰਮਗਤੀ ਅਪਣੀ ਛੁਹ ਲਾ ਗਈ ਸੀ, ਸਾਰੇ ਦੇ ਸਾਰੇ ਲੀਕੋਂ ਪਾਰ ਆ ਗਏ। ਹਾਂ, ਇਕ ਤ੍ਰੀਮਤ ਸੀ ਭਾਗੋ, ਉਹ ਵੀ ਹੱਥ ਵਿਚ ਸਾਂਗ ਲੈਕੇ ਲੀਕੋਂ ਪਾਰ ਆ ਗਈ। ਇੰਨੇ ਨੂੰ ਹਮਲਾਆਵਰਾਂ ਦੇ ਢੋਲ ਸੁਣ ਪਏ। ਉੱਥੇ ਹੀ, ਜਿੱਥੇ ਉਸ ਵੇਲੇ ਖਿਦਰਾਣੇ ਦੀ ਸੁੱਕੀ ਢਾਬ ਸੀ ਤੇ ਮਲ੍ਹਿਆਂ ਦਾ ਘਣਾ ਜੰਗਲ ਸੀ, ਜਿੱਥੇ ਅੱਜ ਮੁਕਤਸਰ ਹੈ, ਸੂਰਮੇ ਡਟ ਗਏ, ਅਰ ਹਮਲਾਆਵਰਾਂ ਨਾਲ ਸਾਰਾ ਦਿਨ ਲੜਕੇ ਸਾਰੇ ਸ਼ਹੀਦ ਹੋ ਗਏ। ਲੌਢੇ ਪਹਿਰ ਵਜ਼ੀਰ ਖਾਂ ਨੇ ਆ ਕੇ ਡਿੱਠਾ ਕਿ ਮੇਰੇ ਤੋਂ ਕਿਤੇ ਘੱਟ ਸੈਨਾਂ ਨੇ ਮੇਰੀ ਸੈਨਾਂ ਦੇ ਆਹੂ ਲਾਹ ਘੱਤੇ ਹਨ ਤੇ ਸਾਰੇ ਕੀਕੂੰ ਸ਼ਹੀਦ ਹੋਏ ਪਏ ਹਨ। ਫਿਰ ਉਸ ਡਿੱਠਾ ਕਿ ਮੈਂ ਤਾਂ ਖਿਦਰਾਣੇ ਦੀ ਢਾਬ ਦਾ ਕਬਜ਼ਾ ਲੈਣ ਵਾਸਤੇ ਜੰਗ ਕੀਤਾ ਸੀ ਕਿ ਪਾਣੀ ਮਿਲ ਜਾਏਗਾ ਤੇ ਇਹ ਸੁੱਕੀ ਪਈ ਹੈ, ਅਗੇ ਪਤਾ ਲਗੋਸੁ ਕਿ ਪਾਣੀ ਵੀਹ ਪੰਝੀ ਕੋਹ ਤੇ ਹੈ ਤੇ ਪਿਛੇ ਪਰਤਾਂ ਤਾਂ ਨੇੜੇ ਹੈ. ਸੋ ਪੈਰ ਸਿਰ ਤੇ ਧਰ ਕੇ ਬਚੀ ਸੈਨਾ ਨਾਲ ਲੈਕੇ ਮੁੜ ਗਿਆ ਪਿੱਛੇ ਨੂੰ ਉਸੇ ਵੇਲੇ!

ਗੁਰੂ ਗੋਬਿੰਦ ਸਿੰਘ ਜੀ ਉੱਥੋਂ ਅੱਗੇ ਜਾਕੇ ਇਕ ਟਿੱਬੀ ਤੇ ਡਟੇ ਦੁਸ਼ਮਨ ਦਲ ਪਰ ਸਾਰਾ ਦਿਨ ਤੀਰ ਵਰਸਾਉਂਦੇ ਰਹੇ ਸੋ, ਹੁਣ ਹੇਠਾਂ ਉਤਰੇ, ਮਕਤੂਲਾਂ ਦੇ ਮੈਦਾਨ ਵਿਚ ਆਏ। ਸਭ ਮਰ ਚੁਕੇ ਸੇ, ਇਕ ਜੀਉਂਦਾ ਸੀ ਮਹਾਂ ਸਿੰਘ, ਆਖਰੀ ਦਮਾਂ ਤੇ ਸੀ, ਉਸ ਦਾ ਸਿਰ ਪੱਟਾਂ ਤੇ ਧਰਿਆ, ਮੂੰਹ ਅਪਣੇ ਰੁਮਾਲ ਨਾਲ ਪੂੰਝਿਆ, ਪਾਣੀ ਅਪਣੇ ਹੱਥਾਂ ਨਾਲ ਮੂੰਹ ਵਿਚ ਚੋਇਆ, ਉਸਦੇ ਨੈਣ ਖੁਲ੍ਹੇ, ਪਿਆਰੇ ਦੇ ਨੈਣ ਵੇਖੇ "ਸ਼ੁਕਰ" "ਸ਼ੁਕਰ" ਬਿਜ਼-ਕਦੇ ਬੁਲ੍ਹਾਂ ਨੇ ਕੀਤਾ। ਸਾਹਿਬ ਬੋਲੇ, ਹਾਂ, ਜੋ ਕਦੇ ਨਹੀਂ ਸਨ ਝਵੇਂ ਹੁਣ ਚਾਉ ਪਰ ਵੈਰਾਗੀ ਚਾਉ ਵਿਚ ਆਕੇ ਬੋਲੇ: "ਮਹਾਂ ਸਿੰਘ! ਕੁਝ ਮੰਗ?" ਸਦਾ ਲਈ ਬੰਦ ਹੋ ਜਾਣ ਵਾਲੇ ਲਬਾਂ ਨੇ ਆਖਿਆ "ਸਾਹਿਬ ਟੁੱਟੀ ਗੰਢ"। ਉਸ ਵੇਲੇ ਜੇਬ ਵਿਚੋਂ ਬੇਦਾਵੇ ਦਾ ਕਾਗਤ ਕੱਢਕੇ ਪੈਗ਼ੰਬਰ ਜੋਧਾ ਨੇ ਉਸ ਦੇ ਆਖਰੀ ਵੇਰ ਲਈ ਖੁੱਲੇ ਨੈਣਾਂ ਨੂੰ ਦਿਖਾ ਕੇ ਪਾੜ ਦਿਤਾ ਤੇ ਉਸਦਾ ਸਿਰ ਛਾਤੀ ਨਾਲ ਲਾਕੇ ਇਕ ਅੱਥਰੂ ਉਸਦੇ ਮੱਥੇ ਤੇ ਕੇਰ ਕੇ ਸਦਾ ਲਈ ਉਸ ਨੂੰ ਅਨੰਤ-ਪਿਆਰ ਦੀ ਗੋਦ ਵਿਚ ਟਿਕਾ ਦਿਤਾ; ਇਹ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਅਝਵੇਂ ਦਿਲ ਦੀ ਤਸਵੀਰ ਜੋ ਭੈ ਨਹੀਂ ਦੇਂਦਾ ਪਰ ਕਦੇ ਭੈ ਨਹੀਂ ਖਾਂਦਾ।

ਮਾਛੀ ਵਾੜੇ ਤੋਂ ਔਰੰਗਜ਼ੇਬ ਵਲ ਲਿਖੇ ਖਤ ਵਿਚ ਕੈਸੀ ਅਝਵੀਂ ਦਿਖਾਈ ਹੈ:—

ਮਨ ਅਕਨੂ ਬ ਅਫ਼ਜ਼ਾਲੇ ਪੁਰਸ਼ੇ ਅਕਾਲ।
ਕੁਨਮ ਆਬੇ ਆਹਨ ਚੁਨਾਂ ਬਰ ਸ਼ਿਕਾਲ*।

ਫੇਰ 'ਦੀਨੇ' ਨਗਰ ਪੁੱਜ ਕੇ ਆਪ ਜੀ ਨੇ ਜੋ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਹੈ ਉਸ ਵਿਚ ਕੈਸੀ ਅਝੱਵੀਂ ਦਿਖਾਈ ਹੈ। ਯਥਾ:—

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ।
ਕਿ ਮਾਰਾ ਨਿਗਾਹਸਤ ਯਜ਼ਦਾਂ ਸ਼ੁਕਰ।
ਕਿ ਓ ਰਾ ਗ਼ਰੂਰਸਤ ਬਰ ਮੁਲਕੋ ਮਾਲ।
ਵ ਮਾਰਾ ਪਨਾਹਸਤ ਯਜ਼ਦਾਂ ਅਕਾਲ†।

ਕੈਸਾ ਕਮਾਲ ਹੈ, ਕੈਸੀ ਸੱਚ ਪੂਰ ਟੇਕ ਹੈ। ਫਿਰ

*ਪਿਛੇ ਦੇਖੋ ਸਫਾ ੧੦੯ ਸਾਰਾ ਖਤ ਤੇ ਭਰਜੁਮਾ।
†ਪਿਛੇ ਦੇਖੋ ਸਫਾ ੧੮੪।

ਬਾਦਸ਼ਾਹ ਨੂੰ ਆਪ ਜੀ ਨੇ ਗਲਾਂ ਕਰਨ ਲਈ ਸੱਦ ਭੇਜਿਆ ਹੈ ਤੇ ਨਾਲ ਹੀ ਦੱਸਿਆ ਹੈ ਕਿ ਚਿੰਗਾਰੇ ਅੱਗ ਦੇ ਤੈਂ ਬੁਝਾਕੇ ਵਡਾ ਭਾਂਬੜ ਬਾਲ ਦਿੱਤਾ ਹੈ*। ਦੂਇ ਆਪ ਦੇ ਲਿਖੇ ਖਤ ਪੜ੍ਹਨ ਤੋਂ ਆਪ ਜੀ ਦੇ ਅੱਵਲੇਂ ਦਿਲ ਦਾ ਨਕਸ਼ਾ ਆਪ ਜੀ ਦੇ ਹੀ ਸ੍ਰੀ ਮੁਖਵਾਕਾਂ ਤੋਂ ਪ੍ਰਗਟ ਹੋ ਜਾਂਦਾ ਹੈ, ਤੇ ਨਾਲ ਹੀ ਸੱਚੀ ਗਲ ਮੰਨ ਲੈਣ ਤੇ ਦੁਸ਼ਮਨ ਦੇ ਬੀ ਗੁਣਾਂ ਨੂੰ ਗੁਣ ਕਹਿਣ ਦੀ ਇਨਸਾਫ-ਦਿਲੀ ਕਮਾਲ ਦੀ ਹੈ।

ਮਾਲਵੇ ਵਿਚ ਤਲਵੰਡੀ ਸਾਬੋ ਪਹੁੰਚਣ ਤੋਂ ਪਹਿਲਾਂ ਮਾਲਵੇ ਦੀ ਨਵੀਂ ਸੈਨਾਂ ਤਨਖਾਹ ਲਈ ਅੜ ਖਲੋਤੀ। ਇਨ੍ਹਾਂ ਤੋਂ ਆਪ ਨੇ ਪੁਛਿਆ ਸਿੱਖੀ ਕਿ ਤਨਖਾਹ ? ਉਨ੍ਹਾਂ ਕਿਹਾ ਤਨਖਾਹ। ਹੁਣ ਮਲ-ਵਈਆਂ ਵਲੋਂ ਦਿਲਝਵੀਂ ਦਾ ਸਮਾ ਆਯਾ ਹੈ। ਆਪ ਅਹਿੱਲ ਖੜੇ ਹਨ। ਤਨਖਾਹਾਂ ਚੁਕਾ ਕੇ ਉਨ੍ਹਾਂ ਦੇ ਜਥੇਦਾਰ (ਦਾਨਾਂ ਸਿੰਘ) ਨੂੰ ਕਹਿੰਦੇ ਹਨ ਤੈਨੂੰ ਕਿੰਨੀ ਤਨਖਾਹ ਦੇਈਏ। ਤਾਂ ਉਸਨੇ ਕਿਹਾ:ਸਿੱਖੀ। ਦੇ ਤੈਂ ਵੇਰੀ ਪੁੱਛ ਹੋਈ ਇਹੋ ਉੱਤਰ ਮਿਲਿਆ। ਤਾਂ ਅਹਿੱਲ ਸਤਿਗੁਰ ਹੱਸੇ ਤੇ ਕਹਿਣ ਲਗੇ ਮਾਝੇ ਦੀ ਮਹਾਂ ਸਿੰਘ ਨੇ ਤੇ ਮਾਲਵੇ ਦੀ ਦਾਨਾ ਸਿੰਘ ਨੇ ਰਖ ਲਈ ਹੈ। ਦੂਇ ਇਲਾਕੇ ਬਖਸ਼ੇ ਗਏ।

ਫਿਰ ਆਪ ਦਮਦਮੇ ਟਿਕੇ, ਬੈਰਾੜਾਂ ਦਾ ਸਰ-ਦਾਰ ਭੱਲਾ ਸਿਖ ਸੀ, ਨੌ ਮਹੀਨੇ ਉਸਦੇ ਪਾਸ ਰਹੇ ਫਿਰ ਆਪਣਾ ਖਾਨਦਾਨੀ ਸਿਖ ਰਾਮ ਸਿੰਘ ਮਿਲਿਆ। ਹੁਣ ਗੁਰੂ ਜੀ ਦੱਛਣ ਨੂੰ ਟੁਰੇ, ਆਪ ਦਾ ਸੰਕਲਪ ਜਾਪਦਾ ਹੈ ਕਿ ਦੱਖਣ ਜਾਕੇ ਜੇ ਸਿੱਧੀ ਤਰ੍ਹਾਂ ਔਰੰਗਜ਼ੇਬ ਇਨਸਾਫ ਤੇ ਆ ਜਾਵੇ ਤਾਂ ਵਾਹਵਾਹ, ਨਹੀਂ ਤਾਂ ਆਪਣੇ ਕੰਮ ਦਾ ਟਿਕਾਣਾ ਥਾਪ ਕੇ ਉੱਥੋਂ ਆਪਣੇ ਆਦਰਸ਼ ਦੇ ਪੂਰੇ ਕਰਨ ਦੇ ਕੰਮਾਂ ਨੂੰ ਨਵੇਂ ਸਿਰੇ ਛੇੜ ਦੇਈਏ। ਆਪਣੇ ਪਹਿਲੇ ਸਾਜੇ ਨਿਵਾਜੇ ਸਿਖਾਏ ਲਾਇਕ ਕੀਤੇ ਸੂਰਮੇ ਜੋਧੇ ਨੀਤੀ ਵੇਤਾ ਤੇ ਦਾਨੇ ਬਹੁਤੇ ਸ਼ਹੀਦ ਹੋ ਚੁਕੇ ਸੇ। ਆਪ ਚਾਹੁੰਦੇ ਸੇ ਕਿ ਚੰਗੇ ਚੰਗੇ ਸੂਰਮੇ ਤੇ ਆਪਾਵਾਰੂ ਪੁਰਾਣੇ ਮਿੱਤਰ ਜੇ ਬਰੇ ਬਚਾਏ ਮੁੜ ਇਕੱਠੇ ਆ ਹੋਏ ਹਨ, ਨਾਲ ਲੈ ਚੱਲੀਏ ਤੇ ਦਖਣ ਤੋਂ ਫੇਰ ਜਥੇ ਥਾਪ ਕੇ ਖਾਸ ਖਾਸ ਜਥੇਦਾਰਾਂ ਨਾਲ ਬਹਿ ਖਾਸ ਖਾਸ ਕਾਰਜ ਅਰੰਭੀਏ। ਇਹ ਅਨੁਮਾਨ ਆਪ ਦੇ ਉਸ ਸਮੇਂ ਦੇ ਕੰਮਾਂ ਤੋਂ ਹੁੰਦਾ ਹੈ। ਭੱਲਾ ਤੇ ਰਾਮ ਸਿੰਘ ਦੱਖਣ ਨੂੰ ਨਾਲ ਟੁਰੇ ਪਰ ਇਕ ਸਵੇਰੇ ਜਦ ਆਪ ਨੇ ਭੱਲੇ ਨੂੰ ਅਵਾਜ਼ ਦਿਤੀ ਤਾਂ ਇਕ ਬੇਨਵਾ ਫਕੀਰ ਨੇ ਹੱਸ ਕੇ ਟੱਪਾ ਬੋਲਿਆ:-''ਨਾ ਭੱਲਾ ਨ ਮੱਲਾ ਤੇ ਗੁਰੂ ਇਕ ਇਕੱਲਾ''। ਗੁਰੂ ਜੀ ਨੇ ਹੋਰ ਹੱਸਕੇ ਜੁਵਾਬ ਦਿੱਤਾ:-''ਗੁਰੂ ਨਾਲ ਅੱਲਾ, ਗੁਰੂ ਕਦੇ ਨ ਕੱਲਾ''

ਇਹ ਹੈ ਤਸਵੀਰ ਕਲਗੀਆਂ ਵਾਲੇ ਦੇ ਅਝਵੇਂ ਦਿਲ ਦੀ। ਡਾਢਾ ਪਿਆਰਾ ਮਿੱਤਰ ਭੱਲਾ ਜੋ ਨਿਤ ਕਹਿੰਦਾ ਹੁੰਦਾ ਸੀ ''ਮੇਰੀ ਸੈਨਾ ਤੇ ਧਨ ਧਾਮ ਆਪ ਦਾ ਹੈ ਜਿੱਥੇ ਮਰਜ਼ੀ ਹੈ ਲਓ''। ਜੋ ਅਪਣੇ ਲਈ ਇਕ ਪੀਹੜੀ ਦੀ ਥਾਂ ਗੁਰੂ ਚਰਨਾਂ ਵਿਚ ਮੰਗਦਾ ਹੁੰਦਾ ਸੀ, ਜੋ ਨੌ ਦਸ ਮਹੀਨੇ ਦੀ ਕਰਨੀ ਕਰਤੂਤ ਨਾਲ ਮਿਤਰ ਸਾਬਤ ਹੋ ਚੁਕਾ ਸੀ, ਉਹ ਰਾਤ ਨੂੰ ਚੋਰੀ ਨੱਸ ਜਾਂਦਾ ਹੈ। ਹੈ ਨਾ ਮਨਸੂਰ ਵਾਲੇ ਹਾਹੁਕੇ ਖਾਣ ਦਾ ਮੌਕਾ, ਪਰ ਹਾਹੁਕੇ ਖਾਣ ਦੀ ਥਾਂ ਅਵਾਜ਼ਾ ਉਠਦਾ ਹੈ-''ਗੁਰੂ ਨਾਲ ਅੱਲਾ, ਗੁਰੂ ਕਦੇ ਨ ਕੱਲਾ।''

ਕੈਸਾ ਅਝਵਾਂ ਹਿਰਦਾ ਹੈ। ਅਜੇ ਹੋਰ ਤੱਕੋ:- ਇਕ ਦਿਨ ਤੜਕ ਸਾਰ ਪੀਹੜੀਆਂ ਦਾ ਸੱਜਣ ਰਾਮ ਸਿੰਘ-ਜਿਸ ਦਾ ਪਿਉ ਦਾਦਾ ਪਿਛਲੇਰੇ ਸਤਵੇਂ ਗੁਰਾਂ ਦੇ ਸਮੇਂ ਤੋਂ ਸਿਦਕ ਵਾਲੇ ਤੇ ਜਾਨਾਂ ਨੁਛਾਵਰ ਕਰਨ ਵਾਲੇ ਸਿੱਖ ਸੇ ਉਹ ਬੀ ਚੋਰੀ ਨੱਸ ਗਿਆ। ਪਤਾ ਮਿਲਨ ਤੇ ਸਤਿਗੁਰਾਂ ਸਵਾਰ ਦੁੜਾਇਆ, ਰਾਮ ਸਿੰਘ ਨੇ ਸਵਾਰ ਨੂੰ ਕਿਹਾ ''ਗੁਰੂ ਜੀ ਨੂੰ ਕਹਿ ਦਿਓ ਮੇਰੇ ਤੇ ਖਿਮਾਂ ਕਰਨ ਮੈਂ ਨਹੀਂ ਦੱਖਣ ਨੂੰ ਨਾਲ ਜਾ ਸਕਦਾ''। ਫਿਰ ਗੁਰੂ ਜੀ ਨੇ ਦੁਬਾਰਾ ਸਵਾਰ ਘੱਲਿਆ ਕਿ ''ਇਕ ਵੇਰੀ ਆਕੇ ਸਾਡਾ ਬਚਨ ਸੁਣ ਜਾ ਫਿਰ ਬੇਸ਼ਕ ਮੁੜ ਜਾਈਂ'' ਪਰ ਰਾਮ ਸਿੰਘ ਫਿਰ ਭੀ ਨਾ ਮੁੜਿਆ। ਇਹ ਵੇਲਾ ਸੀ ਦਿਲ ਦੇ ਕਾਂਪ ਖਾ ਜਾਣ ਦਾ ਕਿ ਹੈਂ ਜਿਨ੍ਹਾਂ ਦੀ ਖਾਤਰ ਮੈਂ ਆਹ ਕੁਝ ਝੱਲ ਰਿਹਾ ਹਾਂ ਅਰ ਉਹ ਮਿਤਰ ਹਨ, ਕਈ ਆੜੇ ਵੇਲੇ ਸਿਦਕ ਤੇ ਪਿਆਰ ਨਿਬਾਹ ਚੁਕੇ ਹਨ, ਮੇਰੇ ਕੰਮ ਵਿਚ ਕੀ ਅਚਰਜ ਕਠਨਤਾ ਹੈ, ਕਿ ਉਹ ਇੰਨੇ ਅਧੀਰਜੀ ਹੁੰਦੇ ਹਨ,

*ਚੰਗਾੜਿਆਂ ਤੋਂ ਭਾਵ ਸ਼ਹੀਦ ਹੋ ਗਏ ਸਾਹਿਬਜ਼ਾਦਿਆਂ ਦਾ ਹੈ ਤੇ ਭਾਂਬੜ ਤੋਂ ਮੁਰਾਦ ਪ੍ਰਗਟ ਖਾਲਸਾ ਪੁਤਰਾਂ ਦੀ ਹੈ ਜੋ ਸਰਬ ਕਾਲ ਜੀਵੇਗਾ।

ਕਿ ਮੇਰੀ ਗਲ ਸੁਣਨ ਤਕ ਦੇ ਹੁਣ ਰਵਾਦਾਰ ਨਹੀਂ ਹੁੰਦੇ, ਮੈਂ ਕਿਉਂ ਆਰਾਮ ਨਾਲ ਲਾਂਭੇ ਹੋਕੇ ਦਿਨ ਨਾ ਗੁਜ਼ਾਰਾ ? ਪਰ ਨਹੀਂ ਇਹ ਭਾਵ ਨੇੜੇ ਨਹੀਂ ਫਟਕਦਾ । ਜਦ ਸੁਣਿਆਂ ਰਾਮ ਸਿੰਘ ਸਾਡੀ ਆਨ ਟੱਪ ਗਿਆ ਤਾਂ ਫੁਰਮਾਉਣ ਲਗੇ, "ਅਭਾਗਾ ਰਾਮ ਸਿੰਘ, ਉਚੇ ਕੰਮ ਵਿਚੋਂ ਅਪਣੀ ਸਾਂਝ ਤੋੜ ਗਿਆ, ਘਰਾਂ ਦੇ ਫਿਕਰ !!! ਚਿਤ ਤੰਗ ਕਰ ਲਿਓਸ, ਵਿਸ਼ਾਲ ਦਿਲ ਕਰਕੇ ਦੇਖਦਾ, ਘਰਾਂ ਨਾਲ ਤਾਂ ਟੱਕਰਾਂ ਮਾਰ ਮਾਰ ਮਰਦਿਆਂ ਮਰ ਰਹਿੰਦਾ ਹੈ ਬੰਦਾ, ਤਦੋਂ ਬਣੇਗਾ ਕੀਹ? ਓਹੋ ਨਿਕੇ ਜਿਹੇ ਆਪੇ ਦੀ ਦਿਨ ਕਟੀ ਦੇ ਫਿਕਰ ਵਿਚ ਗਿਆ ਅਭਾਗ ਰਾਮ ਸਿੰਘ, ਹਾਂ, ਦਿਲ ਨਿੱਕਾ ਕਰ ਗਿਆ" । ਦੇਖੋ ਇਸ ਸੁੱਚੇ ਤੇ ਉੱਚੇ ਦਿਲ ਨੂੰ ਅਪਣੀ ਬੇਬਸੀ ਦਾ ਖਿਆਲ ਤਕ ਨਹੀਂ ਗੁਜ਼ਰਦਾ ਕਿ ਮੈਂ ਕਿਥੇ ਅੱਪੜ ਗਿਆ ਹਾਂ, ਕਿ ਮਿਤ੍ਰ ਦੇ ਬਾਦ ਮਿਤ੍ਰ ਮੈਨੂੰ ਛਡੀ ਜਾਂਦਾ ਹੈ, ਮੈਂ ਹੁਣ ਕਿਨ੍ਹਾਂ ਨਾਲ ਕੰਮ ਕਰਾਂਗਾ ? ਅਪਣੇ ਇੰਦੀਏਵਿਚ ਅਹਿੱਲਹਨ, ਹਕਸ਼ਿਕਸਤ,ਹਰ ਡਰਾ ਦੇਣ ਵਾਲਾ ਵਾਕਿਆ, ਹਰ ਦਿਲ ਤੋੜ ਦੇਣ ਵਾਲੀ ਹੋਣੀ ਗੁਰੂ ਜੀ ਦੇ ਦਿਲ ਤੇ ਕੋਈ ਉਦਾਸੀ ਤੇ ਨਿਰਾਸਤਾ ਦਾ ਰੰਗ ਨਹੀਂ ਚਾੜ੍ਹਦੀ । ਆਪ ਚਲੇ ਗਏ । ਸਰਸੇ ਜਾਕੇ ਖ਼ਬਰ ਮਿਲੀ ਕਿ ਇਕ ਸਿਖ ਕੈਦ ਵਿਚ ਹੈ, ਨਬੀ ਖਾਂ ਹਾਕਮ ਨੂੰ ਅਪਣੀ ਕੰਨਜਾਂ ਨਾ ਦੇਣ ਦੇ ਅਪਰਾਧ ਵਿਚ । ਪਦੇਸ ਹੈ, ਸਿਖ ਨਾਲ ਥੋੜੇ ਹਨ, ਦੂਜੇ ਪਾਸੇ ਹਾਕਮ ਹੈ।ਖ਼ਬਰ ਸੁਣਦੇ ਸਾਰ ਕੁਛ ਸਿੰਘਾਂ ਨੂੰ ਨਾਲ ਲੈਕੇ ਕੈਦ ਖਾਨੇ ਅੱਪੜਦੇ ਹਨ, ਅਰ ਐਸੀ ਦਾਨਾਈ ਨਾਲ ਪੈਂਦੇ ਹਨ ਕਿ ਬਿਨਾਂ ਇਕ ਕਤਰਾ ਲਹੂ ਡੁਹਲੇ ਦੇ ਸਿਖ ਨੂੰ ਕੈਦ ਤੋਂ ਛੁਡਾਕੇ ਫਿਰ ਨਿਰਭੈ ਹੋਕੇ ਹਾਕਮ ਨੂੰ ਮਿਲ ਪੈਂਦੇ ਹਨ ਤੇ ਉਸ ਪਰ ਅਪਣੀ ਸ਼ਖਸੀਅਤ ਦਾ ਅਸਰ, ਬਹਾਦਰੀ ਦਾ ਰੋਅਬ ਤੇ ਆਪਣੇ ਉਪਦੇਸ਼ ਦਾ ਪ੍ਰਭਾਵ ਪਾਕੇ ਉਸਨੂੰ ਨੇਕੀ ਦੇ ਰਸਤੇ ਦਾ ਇਕ ਸੇਵਕ ਬਣਾਕੇ ਮੁੜਦੇ ਹਨ ।ਗੁਰੂ ਜੀ ਦੀ ਉਸ ਵੇਲੇ ਦੀ ਫੌਜੀ ਜਮੀਅਤ ਨੂੰ ਤੱਕੇ ਤਾਂ ਅਕਲ ਕੰਮ ਨਹੀਂ ਕਰਦੀ ਕਿ ਕਿਵੇਂ ਉਹਨਾਂ ਨੇ ਇਸ ਕੰਮ ਦਾ ਨਿਰਭੈ ਹੋਂਸਲਾ ਕਰ ਲੀਤਾ ।

ਕੁਛ ਚਿਰ ਮਗਰੋਂ ਔਰੰਗਜ਼ੇਬ ਮਰ ਗਿਆ ਤੇ ਪੁੱਤਾਂ ਵਿਚ ਜੰਗ ਛਿੜਿਆ, ਬਹਾਦਰਸ਼ਾਹ ਨੇ ਨੰਦ ਲਾਲ ਜੀ ਨੂੰ ਗੁਰੂ ਜੀ ਪਾਸ ਘੱਲਿਆ ਕਿ "ਮੇਰੇ ਹੱਕ ਵਿਚ ਦੁਆਇ ਖ਼ੈਰ ਕਰੋ।ਅਰ ਪੰਜਾਬ ਤੇ ਹੋਰ ਥਾਂ ਦੇ ਸਿਖਾਂ ਵਿਚ ਮੇਰੇ ਪੱਖ ਦੀ ਆਗਯਾ ਦਿਓ।" ਆਪ ਨੇ ਕਿਹਾ ਕਿ "ਇਨਸਾਫ ਦੀ ਸਹੁੰ ਚਾਏ,ਪੱਖ ਪਾਤ ਛਡੇ ਤੇ ਦੇਸ਼ੀ ਹਾਕਮਾਂ ਤੇ ਸੂਬੇਦਾਰਾਂ ਨੂੰ ਦੰਡ ਦੇਵੇ ਤਾਂ ਅਸੀਂ ਨਾਲ ਹਾਂ" । ਪਾਤਸ਼ਾਹ ਨੇ ਇਕਰਾਰ ਕੀਤਾ । ਸੋ ਆਪ ਫਿਰ ਦੱਖਣ ਜਾਂਦੇ ਮੁੜੇ ਤੇ ਦਿੱਲੀ ਆਏ । ਇਸ ਤੋਂ ਸਹੀ ਹੁੰਦਾ ਹੈ ਕਿ ਪਰਜਾ ਦਾ ਸੁਖ ਆਪ ਦਾ ਆਦਰਸ਼ ਸੀ । ਜੇ ਪਾਤਸ਼ਾਹ ਨੇ ਨਿਮਾਂ ਤੇ ਟੁਰਨਾ ਮੰਨ ਲਿਆ ਹੈ ਤਾਂ ਸਹਾਈ ਹੋ ਗਏ ਹਨ । ਜਦੋਂ ਬਹਾਦਰਸ਼ਾਹ ਫਤੇ ਪਾਕੇ ਗੱਦੀ ਬਹਿ ਗਿਆ ਤਾਂ ਆਪ ਆਗਰੇ ਸਨ । ਮੇਲ ਹੁੰਦਾ ਹੈ । ਪ੍ਰਯੋਜਨ ਇਹ ਜਾਪਦਾ ਹੈ ਕਿ ਜੋ ਪਾਤਸ਼ਾਹ ਨੇ ਇਕਰਾਰ ਕੀਤਾ ਸੀ ਉਹ ਪਾਲਦਾ ਹੈ ਕਿ ਨਹੀਂ, ਜੇ ਲੱਛਣ ਨਾ ਪਾਲਣ ਦੇ ਦਿੱਸਣ ਤਾਂ ਜੋ ਦਾਈਆ ਦੱਖਣ ਜਾਕੇ ਅਗਲੇ ਕੰਮ ਦਾ ਆਪ ਬੰਨ੍ਹ ਚੁਕੇ ਹਨ, ਸੋ ਪੂਰਾ ਕਰਨ । ਪਾਤਸ਼ਾਹ ਸਨਮਾਨ ਨਾਲ ਮਿਲਿਆ, ਖਿਲਅਤ ਪੇਸ਼ ਕੀਤਾ, ਆਪ ਨੇ ਖਿਲਅਤ ਨੌਕਰ ਨੂੰ ਦਿੱਤਾ ਕਿ ਚੁੱਕਕੇ ਲੈ ਚੱਲੇ, ਇਹ ਗਲ ਦਸਦੀ ਹੈ ਕਿ ਪਾਤਸ਼ਾਹ ਆਪ ਨੂੰ ਦੀਨ ਦਾ ਵਡਾ ਜਾਣਕੇ ਅਦਬ ਨਾਲ ਮਿਲਿਆ ਹੈ* । ਖ਼ੈਰ ਪਾਤਸ਼ਾਹ ਨੇ ਬੀ ਦੱਖਣ ਜਾਣਾ ਸੀ, ਆਪ ਬੀ ਦੱਖਣ ਜਾਂਦੇ ਮੁੜੇ ਸੀ ਸੋ ਟੁਰ ਪਏ । ਪਾਤਸ਼ਾਹ ਨਾਲ ਉਸਦੇ ਇਕਰਾਰ ਪੂਰੇ ਕਰਨ ਲਈ ਵਿਚਾਰਾਂ ਹੋ ਰਹੀਆਂ ਸਨ । ਆਪਦਾ ਪ੍ਰਯੋਜਨ ਨਾਲ ਟੁਰ ਪੈਣ ਦਾ ਇਹ ਜਾਪਦਾ ਹੈ ਕਿ ਇਸ ਸਫਰ ਵਿਚ ਪਾਤਸ਼ਾਹ ਦਾ ਪਤਾ ਬੀ ਲਗ ਜਾਏਗਾ, ਜੇ ਪਾਤਸ਼ਾਹ ਕੌਲ ਪੂਰਾ ਕਰਦਾ ਨਾ ਦਿੱਸਿਆ ਤਾਂ ਸਾਡਾ ਸਮਾਂ ਜ਼ਾਇਆ ਨਾ ਹੋਵੇ, ਅਸੀਂ ਬੀ ਦੱਖਣ ਪੁੱਜ ਜਾਵਾਂਗੇ । ਸੋਈ ਗਲ ਹੋਈ, ਰਸਤੇ ਵਿਚ ਆਪ ਨੂੰ

*ਇਸ ਖਿਲਅਤ ਵਿਚ ਇਕ ਕਲਗੀ ਸੀ ਤ ਇਕ ਧੁਖਧੁਖੀ (ਸਠ ਹਜ਼ਾਰ ਰਪੈ ਦੀ ਸੀ)।

ਕਲਗੀ ਅਉਰ ਧੁਗਧੁਗੀ ਆਨੀ । ਖਿਲਅਤ ਏਕ ਸਾਹ ਮਨ ਮਾਨੀ । ਸ਼ਾਹ ਪ੍ਰਭੂ ਕੇ ਭੇਟ ਚੜਾਈ । ਖੁਸ਼ੀ ਕਰੇ ਤੁਮ ਸੋ ਬਨਿ ਆਈ । ਤਾਂਹਿ ਸਮੇ ਪ੍ਰਭੂ ਨੇ ਫੁਰਮਾਯੋ । ਅੰਦਰ ਸ਼ਾਹ ਪੈ ਸਿੰਘ ਬੁਲਾਯੋ । ਬਸਤਰ ਜਾਂਹਿ ਪਾਸ ਉਠਵਾਏ । ਵਿਦਾ ਭਏ ਪ੍ਰਭੂ ਡੇਰੇ ਆਏ । [ਗੁਰਸੋਭਾ

ਉਸ ਸਮੇਂ ਖਿਲਅਤ ਦਾਸ ਤੋਂ ਚੁਕਵਾਕੇ ਲੈ ਜਾਣਾ ਕੇਵਲ ਧਾਰਮਕ ਉੱਚਤਾ ਵਾਲੇ ਹੀ ਕਰ ਸਕਦੇ ਸਨ ।

ਪੂਰੀ ਤਰ੍ਹਾਂ ਨਿਸ਼ਚੇ ਪੂਰਬਕ ਪਤਾ ਲੱਗ ਗਿਆ ਕਿ ਪਾਤਸ਼ਾਹ ਦਿਲ ਦਾ ਬਹੁੰ ਸੂਰਮਾਂ ਨਹੀਂ, ਤੇ ਆਪਣੇ ਰਾਜ ਦੀ ਵਿਸ਼ਾਲਤਾ ਵਿਚ ਘਬਰਾਉਂਦਾ ਹੈ ਕਿ ਮੈਂ ਬਦਮਾਸ਼ ਸੂਬਿਆਂ ਨੂੰ ਛੇੜ ਨਹੀਂ ਸਕਦਾ, ਐਸਾ ਨਾ ਹੋਵੇ ਕਿ ਰਾਜ ਗਰਦੀ ਕਰ ਦੇਣ।

ਪਾਤਸ਼ਾਹ ਦੇ ਇਕਰਾਰਾਂ ਦਾ ਅਖ਼ੀਰ ਨਾ ਪੂਰੇ ਹੋਣ ਦਾ ਰੂਪ ਤੱਕਕੇ ਫਿਰ ਮੌਕਿਆ ਆਇਆ ਹੈ ਦਿਲ ਦੇ ਟੁੱਟ ਤੇ ਨਿਰਾਸ ਹੋ ਜਾਣ ਦਾ, ਪਰ ਅਪਣੀਆਂ ਚੜ੍ਹਦੀਆਂ ਕਲਾਂ ਵਿਚ ਆਪ ਨਾਦੇੜ ਜਾਕੇ ਡੇਰਾ ਪਾ ਦਿੰਦੇ ਹਨ ਤੇ ਪਾਤਸ਼ਾਹ ਨਾਲ ਅੱਗੇ ਨਹੀਂ ਜਾਂਦੇ, ਇਥੇ ਅੱਡਾ ਜਮਾਕੇ ਹੁਣ ਕੰਮ ਅਰੰਭਦੇ ਹਨ। ਮਾਧੋ ਦਾਸ ਵੈਰਾਗੀ ਨੂੰ, ਜੋ ਨਾਟਕਾਂ ਚੇਟਕਾਂ ਵਿਚ ਪਰਚਿਆ ਹੋਯਾ ਸੀ ਸੁਧਾਰਦੇ ਹਨ ਤੇ ਸਿੱਖੀ ਮਾਰਗ ਵਿਚ ਲਿਆਕੇ ਉਸਨੂੰ ਸਿਖ ਬਣਾਕੇ ਅੰਮ੍ਰਿਤਛਕਾਕੇ* ਪੰਜ ਸਿੰਘ ਆਪਣੇ ਜਾਨ ਨਿਸਾਰ ਤੇ ਪੁਰਾਣੇ ਤਜਰਬੇਕਾਰ ਦੂਰੰਦੇਸ਼ ਸੂਰਬੀਰ ਉਸਦੀ ਸਲਾਹ ਗੀਰੀ ਦੀ ਸਭਾ ਥਾਪਕੇ ਪੰਜਾਬ ਵਲ ਟੋਰ ਦੇਂਦੇ ਹਨਾਂ। ਅਜੇ ਹੋਰ ਕੀਹ ਕੀਹ ਕਰਨਾ ਸੀ, ਸਾਈਂ ਜਾਣੇ, ਪਰ ਹੁਣ ਵਾਹਿਗੁਰੂ ਜੀ ਦਾ ਸੱਦਾ ਆ ਗਿਆ। ਹੁਣ ਆਖ਼ਰੀ ਸਮਾਂ ਆਇਆ, ਦਿਲ ਦੇ ਕਾਂਪ ਖਾਣ ਦਾ।

ਪਹਿਲਾਂ ਜ਼ਿੰਦਗੀ ਦਾ ਸਾਰਾ ਕੰਮ ਅਰਥਾਤ ਪੈਦਾ ਕੀਤੇ ਬੰਦੇ ਅਨੰਦਪੁਰ, ਰਸਤੇ ਵਿਚ, ਚਮਕੌਰ ਤੇ ਆਖ਼ਰ ਮੁਕਤਸਰ ਵਿਚ ਲਗ ਪਗ ਸ਼ਹੀਦ ਹੋ ਚੁਕੇ ਹਨ, ਪਰ ਆਪ ਨੇ ਉਦਾਸੀ ਨਹੀਂ ਖਾਧੀ, ਇਕ ਨਵਾਂ ਬੰਦਾ ਲੱਭ ਲਿਆ ਤੇ ਬੰਦਾ ਬਣਾ ਲਿਆ। ਨਵਾਂ ਬੰਦਾ ਪੈਦਾ ਕਰਕੇ ਕੰਮ ਕਰਨ ਲਈ ਘੱਲ ਦਿਤਾ ਹੈ। ਦੇਖੋ ਅਚਾਨਕ ਇਕ ਦੁੰਹੀ ਨੇ ਆਪ ਨੂੰ ਜ਼ਖਮ ਲਾ ਦਿਤਾ ਹੈ, ਕਿਸੇ ਛਿਪੇ ਰੁਸਤਮ ਦੀ ਚਾਲ ਕਾਰੀ ਪੈ ਗਈ ਹੈ, ਜ਼ਖਮ ਪੇਟ ਤੇ ਕਾਰੀਹੈ, ਚਲਾਣਾ ਸਹੀ ਦਿੱਸ ਰਿਹਾ ਹੈ। ਫਿਰ ਵੀ ਨਹੀਂ ਡੋਲੇ ਕਿ ਮੇਰਾ ਆਦਰਸ਼ ਮੇਰਾ ਉੱਦੇਸ਼ ਹੁਣ ਮਲੀਆਮੇਟ ਹੋ ਜਾਏਗਾ। ਫੇਰਨ ਪੰਜਾਂ ਸਿੰਘ ਨੂੰ ਆਪਣਾ ਰੂਪ ਕਹਿਕੇ ਆਪਣੀ ਸਾਜੀ ਜਥੇਬੰਦੀ ਦੇ ਮੁਹਰੇ ਲਾਕੇ ਕਹਿ ਦਿਤਾ ਕਿ ਗੁਰੂ ਗ੍ਰੰਥ ਪੰਥ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਗੁਰੂ ਹਨ—ਜੀਵਨ ਦੇ ਕਰਤਬਾਂ ਤੇ ਰੂਹਾਨੀ ਕਲਜਾਣ ਦੇ ਆਦਰਸ਼ਾਂ ਦਾ, ਜਿਸ ਦੀ ਰੋਸ਼ਨੀ ਵਿਚ ਟੁਰਨਾ ਹੈ ਪੰਥ ਨੇ ਜਿਸ ਪੰਥ ਨੂੰ ਗੁਰਿਆਈ ਦਿਤੀ ਹੈ ਤਾਬਿਆ ਗੁਰੂ ਗ੍ਰੰਥ ਦੇ, ਤਾਕਿ ਕੋਈ ਇਨਸਾਨ ਪੰਥ ਨੂੰ ਦਰੁਸਤ ਰਸਤੇ ਤੋਂ ਪਰੇ ਨਾ ਲੈ ਜਾ ਸਕੇ। ਜੀਵ ਚਾਹੇ ਕੋਈ ਕਿੰਨਾਂ ਵਡਾ ਹੋਵੇ, ਐਸ਼ੁਰਜ ਪਾਕੇ ਉਸ ਦੀ ਹਉਂ ਉਸ ਦੀ ਅਕਲ ਵਿਚ ਦਖਲ ਦੇਣ ਲਗ ਜਾਂਦੀ ਹੈ, ਇਸ ਕਰਕੇ ਇਕ ਦੀ ਥਾਂ ਪੰਥ ਗੁਰੂ ਥਾਪਿਆ। ਫਿਰ ਸੋਚਿਆ ਕਿ ਬਹੁਤੇ ਬੀ ਪੰਥ ਵਿਚ ਇਕ ਖਿਆਲ ਦਾ ਧੜਾ ਬੰਨ੍ਹ ਕੇ 'ਹਉਂ' ਵਿਚ ਘੁਸੇੜ ਸਕਦੇ ਹਨ। ਇਸ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਨੂੰ ਉਹਨਾਂ ਦੇ ਸਿਰ ਤੇ ਕੁੰਡਾ ਥਾਪਿਆ। ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਂ ਦਾ ਹਿਰਦਾ ਹਨ, ਉਹਨਾਂ ਦੇ ਆਦਰਸ਼ ਹਨ, ਉਹ ਆਦਰਸ਼ ਜੋ ਵਾਹਿਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਗਿਆਨ ਦਵਾਰਾ ਅਨੁਭਵ ਕਰਾਏ, ਇਹ ਅਗੋਂ ਨੂੰ ਗੁਰਿਆਈ ਤੇ ਜਥੇਬੰਦੀ ਦੇ ਰੁਕਨ ਥਾਪ ਕੇ ਆਪ ਨੇ ਨਿਸ਼ਚੇ ਕੀਤਾ ਕਿ ਮੇਰੇ ਚੋਲਾ ਛੋੜ ਜਾਣ ਨਾਲ ਮੇਰੇ ਸ਼ੁਰੂ ਕੀਤੇ ਪਰਮਾਰਥਿਕ ਤੇ ਆਰਥਿਕ ਕੰਮ ਸਮੇਂ ਸਮੇਂ ਸਿਰ ਸਿਰੇ ਚੜ੍ਹਨਗੇ ਅਰ ਐਸਾ ਹੀ ਹੋਇਆ। 'ਗੁਰੂ ਗ੍ਰੰਥ ਪੰਥ' ਗੁਰੂ ਥਾਪਿਆ, ਕਿਉਂਕਿ ਦੇਵ ਗੁਰੂ, ਯਾ ਅਵਤਾਰ ਗੁਰੂ ਦਾ ਸਿਲਸਿਲਾ ਹੁਣ ਬੰਦ ਸੀ ਹੁਕਮ ਵਿਚ, ਤੇ ਅੱਗੋਂ ਨੂੰ ਗੁਰਿਆਈ ਦਿਤੀ 'ਰਬੀ ਗਿਆਨ ਤੇ ਜਥੇਬੰਦੀ' ਨੂੰ। ਇਥੇ ਹੁਣ ਦੂਰ ਦਰਸ਼ਤਾ ਤੇ ਕੌਮ ਸਾਜਣ ਦੀ ਪ੍ਰਬੀਨਤਾ ਦਾ ਕਮਾਲ ਹੈ ਤੇ ਇਸਦੇ ਨਾਲ ਉਸ ਅਝਵਤਾਂ ਦਾ ਦਰਸ਼ਨ ਹੁੰਦਾ ਹੈ ਕਿ ਜੋ ਇਸ ਅੰਤਮ ਸਮੇਂ ਬੀ ਉਨ੍ਹਾਂ ਦਾ ਦਿਲ ਨਹੀਂ ਹਿਲਾ ਸਕੀ। ਆਪ ਨੇ ਪਹਿਲਾ ਜਥੇਦਾਰ ਬੰਦਾ ਸਿੰਘ (ਗੁਰਬਖਸ਼ ਸਿੰਘ) ਥਾਪਿਆ ਤੇ ਪੰਜਾਬ ਟੋਰਿਆ ਸੀ। ਦੂਜਾ ਜਥੇਦਾਰ ਸੰਤੋਖ ਸਿੰਘ ਦੱਖਣ ਵਿਚ ਹੋਇਆ। ਸੰਗਤ ਦੇ ਉਦਾਸ ਹੋਣ ਪਰ ਕਿ ਅਸੀਂ ਹੁਣ ਕੀ ਕਰਾਂਗੇ, ਗੁਰੂ ਜੀ ਨੇ ਫੁਰਮਾਇਆ ਕਿ ਪੰਥ ਮੈਂ ਅਕਾਲ ਪੁਰਖ ਦੀ ਗੋਦੀ ਪਾਇਆ ਹੈ, ਮੇਰਾ ਕੰਮ, ਉਸ ਦਾ ਹੁਕਮ ਸੀ, ਹੁਕਮ ਅਟੱਲ ਹੈ, ਟਲੇਗਾ ਨਹੀਂ, ਮੇਰਾ ਸਚਖੰਡ ਪਯਾਨ ਨਾ ਮੇਰੇ

*ਭੁਵਾ: ਖਾ: ਨੇ ਨਾਮ ਬੰਦਾ ਸਿੰਘ ਦਿਤਾ ਹੈ। ਗੁਰਬਖਸ਼ ਸਿੰਘ ਨਾਮ ਭੀ ਲਿਖਿਆ ਮਿਲਦਾ ਹੈ। ਦੇਖੋ ਇਸੇ ਗ੍ਰੰਥ ਦੇ ਪੰਨਾ ੩੪੯ ਦੀ ਟੂਕ।

†੨੫ ਸਿੰਘ ਨਾਲ ਹੋਰ ਭੀ ਟੋਰੇ ਦੱਸੀਦੇ ਹਨ।

ਲਈ ਨਾ ਤੁਸਾਂ ਲਈ ਕੋਈ ਨਿਰਾਸਤਾ ਹੈ।

ਗੁਰੂ ਜੀ ਨੇ ਅਪਣੇ ਕਾਰਜ ਦੀ ਵਿਉਂਤ ਠੀਕ ਅੰਦਾਜ਼ੇ ਨਾਲ ਵਿਉਂਤ ਕੇ ਧਰੀ ਸੀ, ਇਸ ਨੂੰ ਜਿਸ ਰਾਹੇ ਪਾਇਆ ਸੋ ਦਰੁਸਤ ਸੀ, ਉਹ ਉਨ੍ਹਾਂ ਦੇ ਅਪਣੇ ਜਗਤ ਵਿਚ ਹੁੰਦਿਆਂ ਦਰੁਸਤ ਰਸਤੇ ਤੁਰ ਪਿਆ ਸੀ ਤੇ ਮਗਰੋਂ ਅਪਣੇ ਵਕਤ ਤੇ ਐਨ ਉਹੋ ਫਲ ਲੈ ਆਇਆ ਜਿਸ ਫਲ ਵਾਸਤੇ ਕਿ ਆਪ ਨੇ ਉਹ ਬ੍ਰਿੱਛ ਲਾਇਆ ਸੀ। ਹਰ ਕੰਮ ਲਈ ਸਮਾਂ ਇਕ ਜ਼ਰੂਰੀ ਹਿੱਸਾ ਹੈ ਸੋ ਉਹ ਕੰਮ ਉਹ ਵਿਉਂਤ ਠੀਕ ਦਰੁਸਤੀ ਨਾਲ ਸਮੇਂ ਸਿਰ ਫਲੀ ਤੇ ਕਾਮਯਾਬ ਹੋਈ। ਇਹ ਕਹਿਣਾ ਕਿ ਪੰਜਾਂ ਸੌਂ ਬਰਸਾਂ ਵਿਚ ਉਹ ਕਿਉਂ ਨਾ ਸਿਰੇ ਚੜ੍ਹੀ, ਮਾਮਲੇ ਨੂੰ ਨਾ ਸਮਝ ਸਕਣਾ ਹੈ। ਕਨਿੰਘਮ ਨੇ ਭੀ ਗੁਰੂ ਜੀ ਦੀ ਇਸ ਗਲ ਪਰ ਚੰਗੀ ਰੌਸ਼ਨੀ ਪਾਈ ਹੈ ਕਿ ਉਨ੍ਹਾਂ ਦਾ ਪੈਦਾ ਕੀਤਾ ਕੰਮ, ਉਨ੍ਹਾਂ ਦੀ ਵਿਉਂਤ ਐਨ ਵਕਤ ਸਿਰ ਕਾਮਯਾਬ ਹੋਈ। ਐਉਂ ਉਨ੍ਹਾਂ ਦਾ ਉਪਦੇਸ਼ ਪੂਰਨ ਕਾਮਯਾਬ ਹੈ ਤੇ ਉਨ੍ਹਾਂ ਦੀ ਕੀਤੀ ਕਰਨੀ ਸਫਲ ਕਰਨੀ ਹੈ। ਇਹ ਹੈ ਇਕ ਮਾੜਾ ਜਿਹਾ ਜਤਨ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਦੇ ਉਸ ਜੌਹਰ ਦੇ ਵੇਖਣ ਦਾ ਜੋ ਇਨ੍ਹਾਂ ਗੁਰਵਾਕਾਂ ਵਿਚ ਅੰਕਤ ਹੈ:-

"ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨਿ ॥"

--o--

ਕੁਝ ਹੋਰ ਗੀਤ

੧.

ਜਯ ਹੋ ਕਲਗੀਆਂ ਵਾਲੇ ਤੈਨੂੰ !

ਟੇਕ-ਜਯ ਹੋ ਕਲਗਆਂ ਵਾਲੇ ਤੈਨੂੰ !
ਜਯ ਹੋ ਜਯ ਹੋ ਜਯ ਤੈਨੂੰ !
ਜਯ ਹੋ ਦਾਤਾ ਜਯ ਤੈਨੂੰ !
ਕਲਗੀਆਂ ਵਾਲੇ ਜਯ ਤੈਨੂੰ !

ਤਉਕ ਗ਼ੁਲਾਮੀ ਦੇ ਤੂੰ ਤੋੜੇ
'ਪਰਵਸ-ਬੇੜੀ ਤੋੜੀ ਤੂੰ,
ਗਈ ਬਹੋੜੀ ਸਦੀਆਂ ਸੰਦੀ,
ਮਿਟੀ ਆਨ ਮੁੜ ਮੋੜੀ ਤੂੰ। ੧।
ਜਯ ਹੋ ਕਲਗੀਆਂ ਵਾਲੇ ਤੈਨੂੰ...

'ਖੁੱਲ੍ਹ' ਗੁਆਚੀ ਗਈ ਗੁਆਤੀ
ਲੱਭ ਕੇ ਫੇਰ ਲਿਆਂਦੀ ਤੂੰ,
ਸ਼ਾਨ ਅਸਾਡੀ ਮਿੱਟੀ ਰੁਲ ਗਈ
ਕਰ ਉੱਜਲ ਮੁੜ ਆਂਦੀ ਤੂੰ। ੨।
ਜਯ ਹੋ ਕਲਗੀਆਂ ਵਾਲੇ ਤੈਨੂੰ...

ਰੁੱਠੀ ਦੇਵੀ ਸੁਤੰਤਰਤਾ ਦੀ
ਭਾਰਤ ਛੱਡ ਸਿਧਾਈ ਨੂੰ
ਆਤਮ-ਬਲ ਕਰਕੇ ਲੈ ਆਂਦਾ
ਪਰਗਟ ਕਰ ਦਿਖਲਾਈ ਤੂੰ। ੩।
ਜਯ ਹੋ ਕਲਗੀਆਂ ਵਾਲੇ ਤੈਨੂੰ...

ਦੇ ਆਦਰਸ਼ ਖਾਲਸੇ ਵਾਲਾ
ਰੂਪਵਾਨ ਕਰ ਦਿੱਤਾ ਤੂੰ
ਦੇਗ਼ ਤੇਗ਼ ਦਾ ਧਨੀ ਨਾਮ ਦਾ
'ਅਟਲ ਸਦਾ' ਵਰ ਦਿੱਤਾ ਤੂੰ। ੪।
ਜਯ ਹੋ ਕਲਗੀਆਂ ਵਾਲੇ ਤੈਨੂੰ...

ਅਪਣੇ ਵਾਰ, ਬਿਗਾਨੇ ਕੀਤੇ-
ਅਪਣੇ, ਗੋਦੀ ਪਾਏ ਤੂੰ
ਅਪਣਿਆਂ ਕੋਲੋਂ ਵੱਧ ਪਿਆਰੇ,
ਅਪਨਾਏ ਅਪਨਾਏ ਤੂੰ। ੫।
ਜਯ ਹੋ ਕਲਗੀਆਂ ਵਾਲੇ ਤੈਨੂੰ...

ਜਯਤਿ ਜਯਤਿ ਗੁਰ ਕਲਗੀਆਂ ਵਾਲੇ !
ਲੈ ਸਾਡੇ ਸ਼ੁਕਰਾਨੇ ਤੂੰ !
ਭੇਟ ਨਿਮਾਣੀ, ਪਿਤਾ ! ਕਬੂਲੇ
'ਬਚਿਆਂ-ਪ੍ਰੇਮ ਤਰਾਨੇ' ਤੂੰ। ੬।
ਜਯ ਹੋ ਕਲਗੀਆਂ ਵਾਲੇ ਤੈਨੂੰ...

ਸ਼ੁਕਰ ਸ਼ੁਕਰ ਸ਼ੁਕਰਾਨਾ ਤੇਰਾ,
ਸ਼ੁਕਰਾਂ ਦਾ ਬੀ ਸਾਈਂ ਤੂੰ
ਚਰਨ ਸ਼ਰਨ ਵਿਚ ਰੱਖ ਸਦਾ ਹੀ
ਅਪਣੇ ਰਾਹ ਤੁਰਾਈਂ ਤੂੰ। ੭।
ਜਯ ਹੋ ਕਲਗੀਆਂ ਵਾਲੇ ਤੈਨੂੰ...

--o--

੨.

ਪੰਜਾਂ ਪਯਾਰਿਆਂ ਦੀ ਅਰਜ਼ੋਈ ਤੇ ਕਲਗ਼ੀਧਰ ਜੀ ਦਾ ਉੱਤਰ

ਪੰਜ ਪਿਆਰੇ:–

ਪਿਲਾਦੇ, ਪਿਲਾਦੇ, ਪਿਲਾਦੇ ਪਯਾਰਿਆ !
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ !
ਲੱਗੀਆਂ ਚਿਰੋਕੀਆਂ ਪਿਆਸਾਂ ਦਾਤਿਆ !
ਪਿਲਾਦੇ ਪਿਲਾਦੇ ਪਿਲਾਦੇ ਪਯਾਰਿਆ ! ਸਾਨੂੰ...
ਤੁਰ ਕੇ ਮੌਤ ਘਾਟ ਤੋਂ ਆਏ,
ਧਰਕੇ ਸੀਸ ਤਲੀ ਤੇ ਲਯਾਏ,
ਸੀਸ ਲਿਆਏ ਵਾਹ ਵਾ ਵਾਹ
ਸੀਸ ਲਿਆਏ ਵਾਹ ਵਾ ਵਾਹ
ਪਿਲਾਦੇ, ਪਿਲਾਦੇ, ਪਿਲਾਦੇ ਪਯਾਰਿਆ !
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ !
ਸਾਡੇ ਪੱਲੇ ਰਾਸ ਨ ਕਾਈ,
ਕਰੀਂ ਕਬੂਲ ਇਹ ਭੇਟਾ ਸਾਈਂ !
ਭੇਟਾ ਸਾਈਂ ਵਾਹ ਵਾ ਵਾਹ.....
ਪਿਲਾਦੇ, ਪਿਲਾਦੇ, ਪਿਲਾਦੇ ਪਯਾਰਿਆ !
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ !
ਦੇਵੋ ਅੰਮ੍ਰਿਤ ਮੋਏ ਜਿਵਾਵੋ,
ਅਪਣੀ ਜੀਵਨ ਛੋਹ ਲਗਾਵੋ,
ਛੋਹ ਲਗਾਵੋ ਵਾਹ ਵਾ ਵਾਹ.....
ਪਿਲਾਦੇ, ਪਿਲਾਦੇ, ਪਿਲਾਦੇ ਪਯਾਰਿਆ !
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ !

ਕਲਗ਼ੀਆਂ ਵਾਲੇ ਦਾ ਉੱਤਰ:–

ਆਓ ਸਪੂਤੋ ਝੋਲੀ ਪਾਵਾਂ,
ਅੰਮ੍ਰਿਤ ਜਾਮ ਅਮੁੱਲ ਪਿਲਾਵਾਂ
ਅਮੁੱਲ ਪਿਲਾਵਾਂ ਵਾਹ ਵਾ ਵਾਹ.....
ਬਨਾਂ ਲਾਂ, ਬਨਾਂ ਲਾਂ, ਬਨਾਂ ਲਾਂ ਪਯਾਰਿਓ !
ਤੁਹਾਨੂੰ ਪੁਤ੍ਰਾਂ ਤੋਂ ਪਿਆਰੇ ਬਨਾ ਲਾਂ ਦੁਲਿਓ !
ਅਪਣੇ ਜਾਏ ਤੁਸਾਂ ਤੋਂ ਵਾਰਾਂ,
ਤੁਹਾਨੂੰ ਗੋਦੀ ਲੈ ਪ੍ਰਤਿਪਾਰਾਂ,
ਲੈ ਪ੍ਰਤਿਪਾਰਾਂ ਵਾਹ ਵਾ ਵਾਹ.....
ਬਨਾਂ ਲਾਂ, ਬਨਾਂ ਲਾਂ, ਬਨਾਂ ਲਾਂ ਪਯਾਰਿਓ !
ਤੁਹਾਨੂੰ ਪੁਤ੍ਰਾਂ ਤੋਂ ਪਿਆਰੇ ਬਨਾ ਲਾਂ ਦੁਲਿਓ !

—o—

੩.

ਸੰਗਤ ਦਾ ਸੰਦੇਸ਼

ਕ਼ੋਤ–[ਰਾਗ ਪਹਾੜੀ, ਤਾਲ ਯੱਕਾ]

ਰਾਹੀਆ ਜਾਂਦਿਆ ਪਿਆਰੇ ਦੇ ਦੇਸ਼ ਨੂੰ !
ਦੇਈਂ ਸੁਹਣੇ ਨੂੰ ਮੇਰਾ ਸੰਦੇਸ਼ ਤੂੰ,
ਪਈ ਜੱਫਰਾਂ ਨੂੰ ਨਿੱਤ ਜਾਲਦੀ
ਕਲਗ਼ੀ ਵਾਲੇ ਨੂੰ ਨਿੱਤ ਸੰਮ੍ਹਾਲਦੀ ।੧।
ਤੇਰੇ ਬਿਰਹੋਂ ਨੇ ਜੀਅੜਾ ਜਾਲਿਆ,
ਤੇਰੇ ਨਿੱਤ-ਵਿਛੋੜਿਆਂ ਖਾ ਲਿਆ,
ਜ਼ਿੰਦ ਗ਼ਮਾਂ ਦੇ ਵਿੱਚ ਪਈ ਗਾਲਦੀ
ਕਲਗ਼ੀ ਵਾਲੇ ਨੂੰ ਨਿੱਤ ਸੰਮ੍ਹਾਲਦੀ ।੨।
ਦਿਨੇ ਚੈਨ ਨਾ ਨੀਂਦਰਾਂ ਰਾਤ ਨੂੰ
ਰਹੇ ਲੁੱਛਣੀ ਸੰਝ ਪਰਭਾਤ ਨੂੰ,
ਘਾਲਾਂ ਦਰਸ਼ਨਾਂ ਵਾਸਤੇ ਘਾਲਦੀ
ਕਲਗ਼ੀ ਵਾਲੇ ਨੂੰ ਨਿੱਤ ਸੰਮ੍ਹਾਲਦੀ ।੩।
ਨਿੱਕੀ ਰਿਵੀਏ ! ਸੰਦੇਸੜਾ ਲੈ ਜਈਂ
ਕਲਗ਼ੀ ਵਾਲੇ ਦੇ ਚਰਨੀਂ ਅਪੜਾ ਦਈਂ,
ਸਹੀਏ ! ਖ਼ਬਰ ਦਈਂ ਮੇਰੇ ਹਾਲ ਦੀ
ਕਲਗ਼ੀ ਵਾਲੇ ਨੂੰ ਪਈਆਂ ਸੰਮ੍ਹਾਲਦੀ ।੪।
ਦਰਦਾਂ ਤੇਰੇ ਫ਼ਿਰਾਕਾਂ ਨੇ ਲਾਈਆਂ
ਤੇਰੇ ਦਰਸ਼ਨ ਹੀ ਹੈਨ ਦਵਾਈਆਂ
ਤਾਹੀਓਂ ਦਰਸ਼ਨਾਂ ਨੂੰ ਪਈ ਭਾਲਦੀ
ਕਲਗ਼ੀ ਵਾਲੇ ਨੂੰ ਨਿੱਤ ਸੰਮ੍ਹਾਲਦੀ ।੫।

—o—

੪.

ਪਯਾਰੇ ਦੇ ਅੰਕ ਸਮਾਵੇਂ

ਮੈਲਿਆਂ ਨੂੰ ਧੋਵੇ ਤੇ ਰੰਗ ਚੜ੍ਹਾਵੇ
ਤੇ ਰੰਗਿਆਂ ਦਾ ਮੁੱਲ ਪੁਆਵੇ,
ਮੁੱਲ ਪਿਆਂ ਨੂੰ ਜੋ ਹਾਜ਼ਰ ਹਜ਼ੂਰੀ
ਹਾਂ ਵਿੱਚ ਹਜ਼ੂਰੀ ਪੁਚਾਵੇ;
ਸ਼ਟਨ ਲਈ ਉਸ ਕਲਗ਼ੀਆਂ ਵਾਲੇ ਦੀ
ਆਪਾ ਚਾ ਭੇਟ ਚੜ੍ਹਾਵੀਂ,
ਜੋ ਫਰਸ਼ ਤੋਂ ਉੱਠੀਂ ਤੇ ਅਰਸ਼ ਤੇ ਜਾਵੇਂ
ਤੇ . ਪਯਾਰੇ ਦੇ ਅੰਕ ਸਮਾਵੇਂ ।

–ਇਤਿ–